ਸਿੱਖ ਤਵਾਰੀਖ਼ 'ਚ

ਅਕਾਲ ਤਖ਼ਤ ਸਾਹਿਬ

ਦਾ ਰੋਲ



ਸਿੱਖ ਤਵਾਰੀਖ਼ 'ਚ
ਅਕਾਲ ਤਖ਼ਤ ਸਾਹਿਬ
ਦਾ ਰੋਲ

ਤਤਕਰਾ

ਤਸਵੀਰਾਂ ਦਾ ਵੇਰਵਾ

(1) ਅਕਾਲ ਤਖ਼ਤ ਸਾਹਿਬ ਦੀ 1860 ਦੀ ਇਕ ਪੇਂਟਿੰਗ
(2) ਅਕਾਲ ਤਖ਼ਤ ਸਾਹਿਬ ਦੀ 1880 ਦੀ ਕੈਮਰਾ ਤਸਵੀਰ
(3) ਇੰਗਲੈਂਡ ਦੀਆਂ ਦੋ ਕੁੜੀਆਂ ਵੱਲੋਂ 1984 ਦੀਆਂ ਘਟਨਾਵਾਂ ਦੀ ਇਕ ਪੇਂਟਿੰਗ
(4) ਜੂਨ 1984 ਵਿਚ ਭਾਰਤੀ ਫ਼ੌਜ ਦੇ ਹਮਲੇ ਦੌਰਾਨ ਤਬਾਹ ਹੋਇਆ ਅਕਾਲ ਤਖ਼ਤ ਸਾਹਿਬ
(5) ਦਰਬਾਰ ਸਾਹਿਬ ਵਿਚ ਪਰਕਾਸ਼ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਲੱਗੀ ਗੋਲੀ (ਜੂਨ 1984)
(6) ਮਹਾਰਾਜਾ ਰਣਜੀਤ ਸਿੰਘ ਦੇਵੀ ਦੀ ਪੂਜਾ ਕਰਦਾ ਹੋਇਆ
(7) ਅਕਾਲੀ ਫੂਲਾ ਸਿੰਘ
(8) ਮਾਸਟਰ ਤਾਰਾ ਸਿੰਘ ਸੰਗਤਾਂ ਦੇ ਜੂਠੇ ਭਾਂਡੇ ਮਾਂਜਦੇ ਹੋਏ (ਨਵੰਬਰ 1961)
(9) ਮਾਸਟਰ ਤਾਰਾ ਸਿੰਘ ਸੰਗਤਾਂ ਦੀਆਂ ਜੁਤੀਆਂ ਪਾਲਿਸ਼ ਕਰਦੇ ਹੋਏ (ਨਵੰਬਰ 1961)
(10) ਸਾਧੂ ਸਿੰਘ ਭੌਰਾ ਨਿਰੰਕਾਰੀਆਂ ਦੇ ਖ਼ਿਲਾਫ਼ ਹੁਕਮਨਾਮਾ ਪੜ੍ਹਦੇ ਹੋਏ (10 ਜੂਨ 1978)
(11) ਜ਼ੈਲ ਸਿੰਘ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਸਪੈਸ਼ਲ ਮਾਈਕ ਫਿਟ ਕੀਤਾ ਗਿਆ (27 ਸਿਤੰਬਰ 1984)
(12) ਸੁਰਜੀਤ ਬਰਨਾਲਾ ਨੂੰ ਸਜ਼ਾ ਲਾਉਣ ਦਾ ਡਰਾਮਾ (5 ਦਿਸੰਬਰ 1988)
(13) ਬੂਟਾ ਸਿੰਘ ਨੂੰ ਸਜ਼ਾ ਲਾਉਣ ਦਾ ਡਰਾਮਾ (26 ਜਨਵਰੀ 1994)
(14) ਅਕਾਲ ਤਖ਼ਤ ਸਾਹਿਬ 'ਤੇ ਨਵੇਂ ਬਣੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸੰਗਤਾਂ ਦੇ ਜੂਠੇ ਭਾਂਡੇ ਮਾਂਜਦੇ ਹੋਏ (1 ਮਈ 1994)
(15) ਗੁਰਚਰਨ ਸਿੰਘ ਟੌਹੜਾ ਨਿਰੰਕਾਰੀ ਭਵਨ ਵਿਚ (15 ਫਰਵਰੀ 1998)
(16) ਪਰਕਾਸ਼ ਸਿੰਘ ਬਾਦਲ ਹਵਨ ਕਰਦਾ ਹੋਇਆ (2000)
(17) ਪਰਕਾਸ਼ ਸਿੰਘ ਬਾਦਲ ਹਿੰਦੂ ਮੁਕਟ ਲਾ ਕੇ (2000)
(18) ਸੁਰਿੰਦਰ ਕੌਰ ਬਾਦਲ ਭਨਿਆਰਾ ਦੇ ਪੈਰਾਂ ਵਿਚ (2000)
(19) ਗੁਰਦੇਵ ਸਿੰਘ ਬਾਦਲ ਭਨਿਆਰਾ ਦੇ ਪੈਰਾਂ ਵਿਚ (2000)
(20) ਸੁੱਚਾ ਸਿੰਘ ਲਗਾਹ ਤੇ ਸੇਵਾ ਸਿੰਘ ਸੇਖਵਾਂ ਰਾਮਾਇਣ ਦੇ 'ਪਾਠ' ਕਰਵਾਉਂਦੇ ਹੋਏ (ਨਵੰਬਰ 2000)
(21) ਦਰਬਾਰ ਸਾਹਿਬ ਕੰਪਲੈਕਸ ਵਿਚ ਖਾਲਸਾ ਪੰਚਾਇਤ ਦੇ ਵਰਕਰਾਂ ਦੇ ਵਾਲ ਪੁੱਟਦੇ ਹੋਏ ਬਾਦਲ ਦਲ ਦੇ ਵਰਕਰ (22 ਫਰਵਰੀ 2003)
(22) ਖਾਲਸਾ ਪੰਚਾਇਤ ਦੀ ਇਕ ਬੀਬੀ 'ਤੇ ਬਾਦਲ ਦਲ ਦੇ ਅੱਧੀ ਦਰਜਨ ਵਰਕਰਾਂ ਦਾ ਹਮਲਾ (22 ਫਰਵਰੀ 2003)
(23) ਸਾਧ ਧਨਵੰਤ ਸਿੰਘ ਦੀ ਗ੍ਰਿਫ਼ਤਾਰੀ (30 ਅਗਸਤ 2002)
(24) ਚੰਡੋਕ ਵੱਲੋਂ ਸਿੱਖਾਂ ਦੇ ਕਾਤਲ ਜਗਦੀਸ਼ ਟਾਈਟਲਰ ਨੂੰ 'ਕ੍ਰਿਪਾਨ' ਭੇਟ (ਜੂਨ 2004)
(25) ਚੰਡੋਕ ਦੀ ਚਿੱਠੀ ਦੋ ਹੱਥਾਂ ਨਾਲ ਵਸੂਲ ਕਰਦਾ ਵੇਦਾਂਤੀ (23 ਜੁਲਾਈ 2004)

ਸਿੱਖ ਤਵਾਰੀਖ਼ 'ਚ

ਅਕਾਲ ਤਖ਼ਤ ਸਾਹਿਬ

ਦਾ ਰੋਲ

ਡਾਕਟਰ ਹਰਜਿੰਦਰ ਸਿੰਘ ਦਿਲਗੀਰ

2005

SIKH TWĀRĪKH 'CH AKĀL TAKHT SĀHIB DĀ ROLE
[CONCEPT AND HISTORY]

by
Dr. Harjinder Singh Dilgeer
Ph.D., M.Phil., M.A. (Eng., Phil., Pbi.)
Adi Granth Acharya, D.G. Phil., LL.B.
hsdilgeer@yahoo.com

ISBN 2-930247-11-8

1st Edition 1980 (English) 1000 Copies
2nd Edition 1986 (Punjabi) 2000 Copies
3rd Edition 1995 (English) 1000 Copies
4th Edition 2000 (Punjabi) 1000 Copies
5th Edition 2005 (Punjabi) 1000 Copies

Published by :
SIKH UNIVERSITY PRESS
P.O. Box 36,
B-4300, Waremme
Belgium.
E-mail : sikhuniversitypress@yahoo.com

Printed at :
PRINTWELL
146, Indl. Focal Point,
Amritsar.

Distributors :
SINGH BROTHERS
Bazar Mai Sewan,
Amritsar - 143 006.

Price : Rs. 400-00 (Deluxe)

ਸ: ਸੁਰਜੀਤ ਸਿੰਘ ਛਦੌੜੀ

ਬੈਲਜੀਅਮ

ਦੇ ਨਾਂ

- ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥ *(ਵਾਰ ਮਾਝ ਕੀ ਮਹਲਾ ੧, ਸਫ਼ਾ 144))*
- ਸਚੀ ਕੀਮਤਿ ਪਾਇ ਤਖਤੁ ਰਚਾਇਆ॥ *(ਮਾਰੂ ਮਹਲਾ ੧, ਸਫ਼ਾ 1279)*
- ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

  (ਰਾਮਕਲੀ ਕੀ ਵਾਰ, ਸੱਤਾ ਤੇ ਬਲਵੰਡ, ਸਫ਼ਾ 966)
- ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ ਬੈਠਾ ਗੁਰ ਹਟੀਐ॥

  (ਰਾਮਕਲੀ ਕੀ ਵਾਰ, ਸੱਤਾ ਤੇ ਬਲਵੰਡ, ਸਫ਼ਾ 966)
- ਤਖਤਿ ਬੈਠਾ ਅਰਜਨ ਗੁਰੂ, ਸਤਿਗੁਰ ਕਾ ਖਿਵੈ ਚੰਦੋਆ॥

  (ਰਾਮਕਲੀ ਕੀ ਵਾਰ, ਸੱਤਾ ਤੇ ਬਲਵੰਡ, ਸਫ਼ਾ 968)
- ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥
  ਥਾਪਿ ਲਹਿਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ॥

  (ਭਾਈ ਗੁਰਦਾਸ ਜੀ, ਵਾਰ 1, ਪਉੜੀ 45)
- ਬੈਠਾ ਸੋਢੀ ਪਾਤਿਸਾਹੁ, ਰਾਮਦਾਸੁ ਸਤਿਗੁਰੂ ਕਹਾਵੈ॥

  (ਭਾਈ ਗੁਰਦਾਸ ਜੀ, ਵਾਰ 1, ਪਉੜੀ 47)
- ਸਾਧ ਸੰਗਤਿ ਸਚੁ ਖੰਡ ਥੇਹੁ ਵਸਾਇਆ॥
  ਸਚਾ ਤਖਤੁ ਬਣਾਇ ਸਲਾਮੁ ਕਰਾਇਆ॥

  (ਭਾਈ ਗੁਰਦਾਸ ਜੀ, ਵਾਰ 20, ਪਉੜੀ 9)
- ਅਕਾਲ ਪੁਰਖ ਕੀ ਸੂਰਤਿ ਏਹਾ।
  ਪ੍ਰਗਟ ਅਕਾਲ ਖ਼ਾਲਸਾ ਦੇਹੀ। *(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)*
- ਨਿਤਪ੍ਰਤਿ ਕਥਾ ਹੋਵੈ, ਗ੍ਰੰਥ ਮਹਾਰਾਜ ਜੂ ਕੀ।
  ਬੁੰਗੇ ਹੈ ਅਕਾਲ ਨਿਤ, ਲਗਦਾ ਦੀਵਾਨ ਜੀ। *(ਸ਼ਹੀਦ ਬਿਲਾਸ)*
- ਅਕਾਲ ਬੁੰਗੇ ਚੜ੍ਹਿ ਤਖਤੈ ਬਹਿ ਹੈਂ।
  ਲਾਇ ਦੀਵਾਨ ਗੁਰਮਤੇ ਮਤੇ ਹੈਂ। *(ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼)*
- ਸਰਬਤ ਖਾਲਸੈ ਹੋਇ ਅਦਾਲਤ ਅਸਿਖਣ ਗਾਰ ਸਿੰਘਣ ਪ੍ਰਤਿਪਾਲਤ।

  (ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼)

ਸਿੱਖ ਤਵਾਰੀਖ਼ 'ਚ
ਅਕਾਲ ਤਖ਼ਤ ਸਾਹਿਬ
ਦਾ ਰੋਲ



ਸ਼ੁਕਰੀਆ

ਅਕਾਲ ਤਖ਼ਤ ਸਾਹਿਬ ਦੀ ਇਸ ਪੰਜਵੀਂ ਐਡੀਸ਼ਨ ਦੀ ਤਿਆਰੀ ਦੌਰਾਨ ਡਾਕਟਰ ਦਰਸ਼ਨ ਸਿੰਘ (ਚੰਡੀਗੜ੍ਹ), ਸ: ਸੁਰਜੀਤ ਸਿੰਘ ਛਦੌੜੀ (ਬੈਲਜੀਅਮ), ਡਾ. ਜਸਬੀਰ ਸਿੰਘ ਸਰਨਾ (ਕਸ਼ਮੀਰ), ਗਿਆਨੀ ਕੇਸਰ ਸਿੰਘ (ਐਡਮੰਟਨ, ਕੈਨੇਡਾ), ਪ੍ਰੋ. ਭੁਪਿੰਦਰ ਸਿੰਘ (ਖੋਜੀ ਕਾਫ਼ਿਰ), ਸ: ਜੋਗਿੰਦਰ ਸਿੰਘ (ਵਿਨੀਪੈਗ, ਕੈਨੇਡਾ), ਡਾ. ਅਵਤਾਰ ਸਿੰਘ ਸੇਖੋਂ, (ਐਡਮੰਟਨ, ਕੈਨੇਡਾ), ਪ੍ਰਿੰਸੀਪਲ ਨਰਿੰਦਰ ਸਿੰਘ (ਜੰਮੂ), ਭਾਈ ਮਦਨ ਸਿੰਘ (ਬਰਮਿੰਘਮ, ਇੰਗਲੈਂਡ), ਸ: ਜਗੀਰ ਸਿੰਘ ਹਮਦਰਦ (ਇੰਗਲੈਂਡ), ਡਾ. ਉਜਾਗਰ ਸਿੰਘ ਧਾਲੀਵਾਲ, ਡਾ. ਗੁਰਬਚਨ ਸਿੰਘ ਬਚਨ, ਸ: ਗੁਰਬਚਨ ਸਿੰਘ ਕਲਸੀ (ਅੰਮ੍ਰਿਤਸਰ), ਸ: ਉਪਕਾਰ ਸਿੰਘ (ਫ਼ਰੀਦਾਬਾਦ), ਗਿਆਨੀ ਜਗਮੋਹਨ ਸਿੰਘ (ਲੁਧਿਆਣਾ), ਸ: ਮਹਿੰਦਰ ਸਿੰਘ ਜੋਸ਼ (ਮੋਹਾਲੀ), ਡਾ. ਸੰਤੋਖ ਸਿੰਘ ਤੇ ਸ: ਪ੍ਰੀਤਮ ਸਿੰਘ (ਭੋਪਾਲ), ਸ: ਖ਼ਜ਼ਾਨ ਸਿੰਘ ਤੇ ਸ: ਦਲਬੀਰ ਸਿੰਘ (ਕਲਕੱਤਾ), ਬੀਬੀ ਅਮਰਜੀਤ ਕੌਰ ਇਬਨ ਕਲਾਂ, ਸ: ਦਲਬੀਰ ਸਿੰਘ ਘੁਮਾਣ, ਸ: ਬਜਿੰਦਰਪਾਲ ਸਿੰਘ (ਇੰਡੀਅਨ ਐਕਸਪ੍ਰੈਸ), ਬਲਜੀਤ ਬੱਲੀ, ਬਲਵਿੰਦਰ ਜੰਮੂ ਨੇ ਪਿਆਰ ਤੇ ਮਿਲਵਰਤਣ ਦਾ ਜੋ ਇਜ਼ਹਾਰ ਕੀਤਾ, ਉਸ ਵਾਸਤੇ ਮੈਂ ਉਨ੍ਹਾਂ ਸਭ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ। ਪ੍ਰੋ: ਇੰਦਰ ਸਿੰਘ ਘੱਗਾ ਨੇ ਪੂਰੀ ਕਿਤਾਬ ਪੜ੍ਹ ਕੇ ਦੋ ਦਰਜਨ ਨੁਕਤੇ ਪੇਸ਼ ਕੀਤੇ, ਜਿਨ੍ਹਾਂ 'ਚੋਂ ਬਹੁਤੇ ਸਹੀ ਸਨ। ਸੋ, ਮੈਂ ਉਹ ਕਬੂਲ ਕੀਤੇ ਹਨ। ਉਨ੍ਹਾਂ ਦਾ ਬੇਹਦ ਮਸ਼ਕੂਰ ਹਾਂ।

ਕੁਝ ਸ਼ਖ਼ਸ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੇ ਨਾਂ ਕਿਤਾਬਾਂ ਵਿਚ ਲਿਖਣੋਂ ਰਹਿ ਜਾਂਦੇ ਹਨ, ਉਨ੍ਹਾਂ ਦਾ ਮੈਂ ਰੂਹ ਤੋਂ ਸ਼ੁਕਰਗੁਜ਼ਾਰ ਹਾਂ। ਇੰਞ ਹੀ ਆਪਣੇ ਪਿਆਰਿਆਂ ਦਾ ਮੈਂ ਸ਼ੁਕਰੀਆ ਨਹੀਂ ਕਰਨਾ ਚਾਹੁੰਦਾ, ਕਿਉਂਕਿ ਉਹ ਤਾਂ ਮੇਰੀ ਰੂਹ ਦਾ ਹਿੱਸਾ ਹੀ ਸਨ। ਭਲਾ ਕੋਈ ਆਪਣਾ ਵੀ ਸ਼ੁਕਰੀਆ ਅਦਾ ਕਰਦਾ ਏ!

ਸਿੰਘ ਬ੍ਰਦਰਜ਼ ਦੇ ਵੀਰ ਸ: ਗੁਰਸਾਗਰ ਸਿੰਘ ਦਾ ਵੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਇਸ ਕਿਤਾਬ ਦੀ ਛਪਾਈ ਥੋੜ੍ਹੇ ਚਿਰ ਵਿਚ ਪਰ ਪਿਆਰ ਨਾਲ ਕੀਤੀ।

ਹੱਥਲੀ ਕਿਤਾਬ ਵਿਚ ਮੈਂ ਅਕਾਲ ਤਖ਼ਤ ਸਾਹਿਬ, ਇਸ ਦੇ ਫ਼ਲਸਫ਼ੇ ਤੇ ਤਾਰੀਖ਼ ਬਾਰੇ ਹਰ ਨੁਕਤੇ ਨਾਲ ਇਨਸਾਫ਼ ਕਰਨ ਕੀ ਕੋਸ਼ਿਸ਼ ਕੀਤੀ ਹੈ। ਅਕਾਲ ਤਖ਼ਤ ਸਾਹਿਬ ਬਾਰੇ ਮੇਰੀ ਪਹਿਲੀ ਕਿਤਾਬ ਅੰਗਰੇਜ਼ੀ ਵਿਚ ਮਾਰਚ 1980 ਵਿਚ ਛਪੀ ਸੀ। 1986 ਵਿਚ ਨਾਰਵੇ ਤੋਂ ਇਸ ਦਾ ਪੰਜਾਬੀ ਐਡੀਸ਼ਨ ਛਪਿਆ ਸੀ। ਉਸ ਵਿਚ ਚੋਖਾ ਸੁਧਾਰ ਤੇ ਵਾਧਾ ਕੀਤਾ ਗਿਆ ਸੀ। ਤੀਜਾ ਐਡੀਸ਼ਨ 1995 ਵਿਚ ਅੰਗਰੇਜ਼ੀ ਵਿਚ ਛਪਿਆ ਸੀ। ਉਹ ਐਡੀਸ਼ਨ ਬਿਲਕੁਲ ਨਵੀਂ ਕਿਤਾਬ ਸੀ। ਉਹ ਤਵਾਰੀਖ਼ ਅਤੇ ਫ਼ਲਸਫ਼ੇ ਬਾਰੇ ਨਵੇਂ ਨੁਕਤਿਆਂ

ਨਾਲ ਭਰਪੂਰ ਸੀ। ਮਈ 2000 ਦਾ ਚੌਥਾ ਐਡੀਸ਼ਨ ਉਸ ਤੋਂ ਦੋਗਣੀ ਸਮਗਰੀ ਨਾਲ ਹਾਜ਼ਿਰ ਕੀਤਾ ਸੀ ਤੇ ਹੁਣ ਉਸ ਤੋਂ ਵੀ ਵਧੇਰੇ ਤ.ਫਸੀਲ ਨਾਲ ਪੰਜਵਾਂ ਐਡੀਸ਼ਨ ਪੇਸ਼ ਹੈ, ਯਾਨਿ ਇਸ ਵਿਚ ਪਹਿਲੀ ਐਡੀਸ਼ਨ ਤੋਂ ਕਈ ਗੁਣਾ ਵਧੇਰੇ ਸਮਗਰੀ ਅਤੇ ਚੋਖੀ ਵਧੇਰੇ ਤ.ਫਸੀਲ ਨਾਲ .ਫਲਸ.ਫਾ ਬਿਆਨ ਕੀਤਾ ਹੈ।

ਇਸ ਪੰਜਵੀਂ ਐਡੀਸ਼ਨ ਵਿਚ ਮਨਜੀਤ ਸਿੰਘ (ਪ੍ਰੋ:), (ਭਾਈ) ਰਣਜੀਤ ਸਿੰਘ ਦੇ ਅਹਿਦ ਦੇ ਸੰਬੰਧ ਵਿਚ ਬਹੁਤ ਸਾਰੀ ਨਵੀਂ ਸਮੱਗਰੀ ਸ਼ਾਮਿਲ ਕੀਤੀ ਗਈ ਹੈ। ਮੈਨੂੰ, ਪਹਿਲਾਂ, ਇਹ ਸਾਰਾ ਕੁਝ ਮਿਲ ਨਹੀਂ ਸੀ ਸਕਿਆ। ਦਰਅਸਲ, ਅਕਾਲ ਤਖ਼ਤ ਸਾਹਿਬ ਦੇ ਸਾਰੇ ਮੁਖ ਸੇਵਾਦਾਰ, ਆਪਣੀ ਕਾਰਗੁਜ਼ਾਰੀ ਦਾ ਸਾਰਾ ਰਿਕਾਰਡ, ਆਪਣੇ ਨਾਲ ਹੀ ਲੈ ਜਾਂਦੇ ਰਹੇ ਸਨ। 2003 ਵਿਚ ਸ: ਕੁਲਬੀਰ ਸਿੰਘ ਕੌੜਾ ਨੇ 'ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ' ਕਿਤਾਬ ਵਿਚ (ਭਾਈ) ਰਣਜੀਤ ਸਿੰਘ ਅਹਿਦ ਦਾ ਸਾਰਾ ਰਿਕਾਰਡ ਦੇ ਦਿੱਤਾ। ਇੰਞ ਹੀ ਮਨਜੀਤ ਸਿੰਘ ਦੇ ਜਾਰੀ ਕੀਤੇ ਐਲਾਨ/ਬਿਆਨ/ਖ਼ਤ, ਹੁਕਮ ਵੀ ਹੁਣ ਤਕਰੀਬਨ ਸਾਰੇ ਹੀ ਮਿਲ ਗਏ ਹਨ। ਇਹ ਸਭ ਇਸ ਕਿਤਾਬ ਵਿਚ ਦਰਜ ਹਨ। ਚੌਥੀ ਐਡੀਸ਼ਨ, ਜੋ ਅਪਰੈਲ 2000 ਵਿਚ ਤਿਆਰ ਹੋਈ ਸੀ, ਤੋਂ ਬਾਅਦ ਪਿਛਲੇ ਪੌਣੇ ਪੰਜ ਸਾਲਾਂ ਵਿਚ ਵੀ ਬੜੀ ਹੇਠਲੀ-ਉਤਲੀ ਆਈ ਹੈ। ਇਸ ਸਾਰੇ ਨੂੰ ਮੈਂ ਇਸ ਨਵੀਂ ਐਡੀਸ਼ਨ ਵਿਚ ਸਮੋਣ ਦੀ ਕੋਸ਼ਿਸ਼ ਕੀਤੀ ਹੈ।

ਇਹ ਕਿਤਾਬ ਕਿਸ ਦਰਜੇ ਤੇ ਪੱਧਰ ਦੀ ਹੈ, ਇਸ ਬਾਰੇ ਮੈਂ ਕੁਝ ਨਹੀਂ ਆਖਣਾ। ਮੈਨੂੰ ਤਾਂ ਆਪਣੀ ਹਰ ਕਿਤਾਬ ਵਧੀਆ ਲਗਣੀ ਹੀ ਹੈ, ਪਰ ਅਸਲ ਜੱਜ ਤਾਂ ਇਸ ਦੇ ਪਾਠਕ ਹਨ। ਇਹ ਆਖ ਕੇ ਮੈਂ ਇਹ ਕਿਤਾਬ ਆਪਣੇ ਸੂਝਵਾਨ ਪਾਠਕਾਂ ਸਾਹਵੇਂ ਪੇਸ਼ ਕਰਦਾ ਹਾਂ। ਮੈਨੂੰ ਉਨ੍ਹਾਂ ਦੀ ਅਦਾਲਤ 'ਚ ਖੜਾ ਹੋਣ ਵਿਚ ਮਾਣ ਮਹਿਸੂਸ ਹੁੰਦਾ ਹੈ।

ਇਸ ਦੀ ਚੌਥੀ ਐਡੀਸ਼ਨ ਆਪਣੀ ਭੈਣ ਦਵਿੰਦਰ ਕੌਰ ਨੂੰ ਸਮਰਪਿਤ ਸੀ। ਪੰਜਵੀਂ ਐਡੀਸ਼ਨ ਆਪਣੇ ਨਿੱਘੇ ਸੱਜਣ ਸ: ਸੁਰਜੀਤ ਸਿੰਘ ਛਦੌੜੀ (ਹੁਣ ਬੈਲਜੀਅਮ) ਦੀ ਦੋਸਤੀ ਨੂੰ ਸਮਰਪਿਤ ਹੈ।

ਮੋਹਾਲੀ - 160 062

(ਹਰਜਿੰਦਰ ਸਿੰਘ ਦਿਲਗੀਰ)
hsdilgeer@yahoo.com

ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ *(ਸਫ਼ਾ 856)*

ਅਕਾਲ ਤਖ਼ਤ ਦਾ ਮਾਅਨਾ ਹੈ: ਅਕਾਲ ਪੁਰਖ ਦਾ ਤਖ਼ਤ। ਦੂਜਾ ਮਾਅਨਾ ਇਹ ਵੀ ਹੋ ਸਕਦਾ ਹੈ: 'ਅ-ਕਾਲ' ਤਖ਼ਤ, ਯਾਨਿ 'ਸਦਾ ਕਾਇਮ ਰਹਿਣ ਵਾਲਾ ਤਖ਼ਤ'। ਦੋਵੇਂ ਮਾਅਨੇ ਇਕੋ ਗੱਲ ਹਨ। ਅਕਾਲ ਪੁਰਖ ਦਾ ਤਖ਼ਤ ਹੀ ਸਦਾ ਕਾਇਮ ਰਹਿਣ ਵਾਲਾ ਹੋ ਸਕਦਾ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਤਖ਼ਤ ਤਾਂ ਸਿਰਫ਼ ਵਾਹਿਗੁਰੂ ਦਾ ਹੀ ਹੈ। ਪਰ ਸਿੱਖ ਫ਼ਲਸਫ਼ੇ ਵਿਚ ਤਖ਼ਤ ਦਾ ਮਾਅਨਾ ਪੁਰਾਣੇ ਦੁਨਿਆਵੀ ਰਾਜਿਆਂ-ਮਹਾਂਰਾਜਿਆਂ ਦੇ ਤਖ਼ਤ ਨਹੀਂ। ਉਨ੍ਹਾਂ ਤਖ਼ਤਾਂ ਦਾ ਮਾਅਨਾ ਦੌਲਤ ਅਤੇ ਤਾਕਤ ਦੀ ਮਲਕੀਅਤ ਹੁੰਦਾ ਸੀ। ਦੂਜਾ, ਉਹ ਸੱਚਮੁੱਚ ਦੇ ਬੈਠਣ ਦੇ ਢਾਂਚੇ (ਕੁਰਸੀਆਂ, ਮੂੜ੍ਹੇ, ਸੋਫ਼ੇ ਕਿਸਮ ਦੇ) ਹੋਇਆ ਕਰਦੇ ਸਨ। ਅਜਿਹੇ ਢਾਂਚਿਆਂ ਵਿੱਚੋਂ ਤਖ਼ਤੇ-ਤਾਊਸ, ਮੁਹੰਮਦ ਸ਼ਾਹ ਰੰਗੀਲਾ ਦਾ ਤਖ਼ਤ, ਨਾਦਰ ਸ਼ਾਹ ਦਾ ਤਖ਼ਤ ਚਰਚਾ ਵਿਚ ਰਹੇ ਸਨ। ਮੁਹੰਮਦ ਸ਼ਾਹ ਰੰਗੀਲਾ ਦੇ ਤਖ਼ਤ ਦੀ ਸਿਲ, ਜਿਸ ਨੂੰ ਬਾਬਾ ਬਘੇਲ ਸਿੰਘ ਅਤੇ ਜੱਸਾ ਸਿੰਘ ਰਾਮਗੜ੍ਹੀਆ ਦਿੱਲੀ ਤੋਂ ਪੁੱਟ ਕੇ ਲਿਆਏ ਸਨ, ਅੱਜ ਵੀ ਬੁੰਗਾ ਰਾਮਗੜ੍ਹੀਆ (ਅੰਮ੍ਰਿਤਸਰ) ਵਿਚ ਪਈ ਹੋਈ ਹੈ। ਅਕਾਲ ਤਖ਼ਤ ਸਾਹਿਬ ਉਸ ਤਰ੍ਹਾਂ ਦਾ ਢਾਂਚਾ ਨਹੀਂ ਤੇ ਨਾ ਹੀ ਅਜੋਕੀ ਬਿਲਡਿੰਗ ਉਹੋ ਜਿਹਾ ਢਾਂਚਾ ਹੈ। ਅਕਾਲ ਤਖ਼ਤ ਸਾਹਿਬ ਦਾ ਮਾਅਨਾ ਤਾਂ 'ਵਾਹਿਗੁਰੂ ਦਾ ਦਰਬਾਰ' ਹੈ।

ਸਿੱਖ ਫ਼ਲਸਫ਼ੇ ਮੁਤਾਬਿਕ ਦੁਨਿਆਵੀ ਪਾਤਸ਼ਾਹ (ਰਾਜਾ, ਬਾਦਸ਼ਾਹ, ਮਹਾਰਾਜਾ, ਪ੍ਰੈਜ਼ੀਡੈਂਟ) ਛਿਣ-ਭੰਗਰ ਦਾ ਹੈ। ਕਿਸੇ ਦੀ ਮਿਆਦ ਪੰਜ ਸਾਲ ਹੈ ਤੇ ਕਿਸੇ ਦੀ ਦਸ ਸਾਲ ਅਤੇ ਕਿਸੇ ਦੀ ਹੱਦ ਉਸ ਸ਼ਖ਼ਸ ਦੇ ਸੁਆਸਾਂ ਤਕ ਹੈ। ਉਸ ਨੇ ਸਦਾ ਨਹੀਂ ਰਹਿਣਾ। ਉਸ ਦੀ 'ਪਾਤਸ਼ਾਹੀ' ਸਦੀਵੀ ਨਹੀਂ ਹੈ। ਜੋ ਸਦੀਵੀ ਨਹੀਂ ਤੇ ਵਕਤੀ ਹੈ, ਉਹ 'ਸੱਚ' ਵੀ ਨਹੀਂ। 'ਸੱਚ' ਤਾਂ ਸਦੀਵੀ ਹੈ। ਸੋ ਅਜਿਹੇ ਵਕਤੀ 'ਹਾਕਮ', 'ਨਾਜ਼ਮ', 'ਚੌਧਰੀ' ਵਗ਼ੈਰਾ ਸਿਰਫ਼ ਝੂਠੇ ਪਾਤਸ਼ਾਹ ਹਨ। ਸੱਚਾ ਪਾਤਸ਼ਾਹ ਤਾਂ ਸਿਰਫ਼ ਵਹਿਗੁਰੂ ਹੀ ਹੈ। ਦਸ ਗੁਰੂ ਸਾਹਿਬਾਨ ਨੂੰ ਵੀ 'ਪਾਤਸ਼ਾਹ' ਅਤੇ 'ਸੱਚਾ ਪਾਤਸ਼ਾਹ' ਆਖਿਆ ਜਾਂਦਾ ਹੈ, ਕਿਉਂਕਿ ਉਹ ਅਕਾਲ ਪੁਰਖ ਦਾ ਪੈਗ਼ਾਮ ਦੇਣ ਵਾਲੇ ਸਨ। ਸੱਚੇ ਪਾਤਸ਼ਾਹ ਦਾ ਪੈਗ਼ਾਮ ਸੱਚਾ ਹੈ, ਉਸ ਪੈਗ਼ਾਮ ਨੂੰ ਪਹੁੰਚਾਉਣ ਵਾਲਾ (ਹਰਕਾਰਾ) ਵੀ ਸੱਚਾ ਹੀ ਹੈ।

ਸੱਚਾ ਪਾਤਸ਼ਾਹ, ਵਾਹਿਗੁਰੂ, ਸਭ ਤਾਕਤਾਂ ਦਾ ਮਾਲਕ ਹੈ। ਉਸ ਦੀ ਤਾਕਤ ਦੀ ਹੱਦ ਮਿਥੀ ਨਹੀਂ ਜਾ ਸਕਦੀ। ਉਸ ਨੂੰ ਨਾ ਤਾਂ 'ਮੀਰੀ' ਤੇ ਨਾ ਹੀ 'ਪੀਰੀ' ਦੀ ਕੈਦ 'ਚ ਰੱਖਿਆ ਜਾ ਸਕਦਾ ਹੈ। ਉਹ 'ਮੀਰੀ' ਅਤੇ 'ਪੀਰੀ' ਨਹੀਂ ਬਲਕਿ 'ਮੀਰੀ-ਪੀਰੀ' ਦਾ

ਮਾਲਿਕ ਹੈ। ਉਸ ਦੇ ਮੁਕਾਬਲੇ 'ਤੇ ਮੁਕਾਮੀ (ਲੋਕਲ), ਵਕਤੀ, ਛਿਣ-ਭੰਗਰ ਦਾ ਬਾਦਸ਼ਾਹ ਸਿਰਫ਼ 'ਮੀਰੀ' ਦਾ ਹੈ। ਮੀਰੀ ਦੀ ਇਹ ਤਾਕਤ (ਸਿਆਸੀ ਤਾਕਤ) ਵੀ ਪੂਰੀ ਨਹੀਂ। ਬਹੁਤੀਆਂ ਹਾਲਤਾਂ ਵਿਚ ਤਾਂ ਇਹ ਤਾਕਤ, ਸਹੀ ਮਾਅਨਿਆਂ ਵਿਚ, ਤਾਂ ਤਾਕਤ ਵੀ ਨਹੀਂ ਹੁੰਦੀ। ਅੱਜ ਦੁਨੀਆਂ ਭਰ ਵਿਚ 'ਰਾਜਾ' ਦੀ ਜਮਾਤ (Institution) ਤਕਰੀਬਨ ਖ਼ਤਮ ਹੋ ਚੁੱਕੀ ਹੈ। ਇੰਗਲੈਂਡ ਅਤੇ ਕੁਝ ਹੋਰ ਛੋਟੇ-ਮੋਟੇ ਮੁਲਕਾਂ ਵਿਚ ਰਸਮੀ ਤੌਰ 'ਤੇ ਬਾਦਸ਼ਾਹ (ਜਾਂ ਰਾਣੀ) ਦੇ 'ਅਹੁਦੇ' ਅਜੇ ਕਾਇਮ ਹਨ, ਪਰ ਉਨ੍ਹਾਂ ਕੋਲ ਕੋਈ ਤਾਕਤ ਨਹੀਂ। ਉਨ੍ਹਾਂ ਨੂੰ ਦਿਖਾਵੇ ਵਜੋਂ (ਜਾਂ ਰਹਿਮ ਵਜੋਂ) ਜਾਂ ਪੰਜ ਸਾਲ ਮਗਰੋਂ ਪ੍ਰੈਜ਼ੀਡੈਂਟ ਦੀ ਚੋਣ ਦਾ ਖ਼ਰਚਾ ਅਤੇ ਵਕਤ ਬਚਾਉਣ ਖੁਣੋਂ ਜਾਂ ਹੋਰ ਨਿੱਕੇ-ਮੋਟੇ ਕਾਰਨਾਂ ਕਰ ਕੇ ਖ਼ਤਮ ਨਹੀਂ ਕੀਤਾ ਗਿਆ। ਪਰ, ਉਨ੍ਹਾਂ ਦਾ ਅਹੁਦਾ ਸਿਰਫ਼ ਦਿਖਾਵੇ ਵਾਲਾ, ਰਸਮੀ ਅਤੇ ਕਾਗ਼ਜ਼ੀ ਹੀ ਰਹਿ ਗਿਆ ਹੈ। ਇਨ੍ਹਾਂ ਮੁਲਕਾਂ ਵਿਚ ਅਸਲ ਤਾਕਤ ਵੱਡੇ ਵਜ਼ੀਰ (ਪ੍ਰਾਈਮ ਮਨਿਸਟਰ) ਜਾਂ ਕਿਸੇ ਫ਼ੌਜੀ ਹਾਕਮ (ਡਿਕੇਟਟਰ) ਕੋਲ ਹੈ। ਬਹੁਤੇ ਮੁਲਕਾਂ ਵਿਚ ਪ੍ਰਾਈਮ ਮਨਿਸਟਰ ਜਾਂ ਫ਼ੌਜੀ ਅਫ਼ਸਰ ਹੀ ਕਾਬਜ਼ ਹਨ। ਵਜ਼ਾਰਤਾਂ ਦੀ ਮਿਆਦ ਤਾਂ ਪੰਜ ਸਾਲ ਤੋਂ ਵਧ ਸ਼ਾਇਦ ਕਿਸੇ ਮੁਲਕ ਵਿਚ ਵੀ ਨਹੀਂ ਹੈ ਅਤੇ ਫ਼ੌਜੀ ਹਾਕਮ ਕੁਝ ਸਾਲ ਵਧੇਰੇ ਕੱਢ ਲੈਂਦੇ ਹਨ। ਵਜ਼ਾਰਤਾਂ ਜਾਂ ਫ਼ੌਜੀ ਹਾਕਮ ਦੀ 'ਤਾਕਤ' ਦਾ ਦਾਇਰਾ ਸਿਰਫ਼ ਇਕ ਮੁਲਕ ਹੀ ਹੁੰਦਾ ਹੈ। ਉਸ ਮੁਲਕ ਵਿਚ ਵੀ ਉਸ 'ਹਾਕਮ' ਦੀ ਤਾਕਤ ਆਮ ਤੌਰ ਤੇ 'ਜਬਰੀ' ਕਾਇਮ ਰਹਿੰਦੀ ਹੈ। ਸ਼ਾਇਦ ਹੀ ਕੋਈ ਹਾਕਮ ਅਜਿਹਾ ਹੋਏ ਜੋ ਪੁਲਿਸ, ਫ਼ੌਜ, ਅਸਲਾ ਅਤੇ ਅਦਾਲਤਾਂ ਨਾ ਹੋਣ ਦੀ ਸੂਰਤ ਵਿਚ ਲੋਕਾਂ ਵਿਚ ਮਕਬੂਲ ਹੋਵੇ। ਦੂਜੇ ਲਫ਼ਜ਼ਾਂ ਵਿਚ ਵਕਤੀ ਹਾਕਮ ਕਿਸੇ ਨਿੱਕੇ-ਜਿਹੇ ਇਲਾਕੇ ਵਿਚ ਵੀ 'ਤਾਕਤ' ਦੇ ਹਊਏ ਨਾਲ ਹੀ 'ਪਾਤਸ਼ਾਹ' ਹੈ। ਪਰ, ਅਕਾਲ ਪੁਰਖ ਦੀ 'ਪਾਤਸ਼ਾਹੀ' ਥੋਪੀ ਹੋਈ ਨਹੀਂ। ਇਹ ਵਕਤੀ ਨਹੀਂ। ਇਹ ਸਾਰੀ ਕਾਇਨਾਤ 'ਤੇ ਲਾਗੂ ਹੁੰਦੀ ਹੈ। ਅਕਾਲ ਤਖ਼ਤ ਸਾਹਿਬ ਅਜਿਹਾ ਮੁਕਾਮ ਹੈ ਕਿ ਇਸ ਨੂੰ ਕਬੂਲ ਕਰਨ ਵਾਲਾ ਹਰ ਸ਼ਖ਼ਸ 'ਬਿਨਾਂ ਕਿਸੇ ਕਿੰਤੂ ਦੇ' ਸਿਰ ਝੁਕਾ ਕੇ ਇਸ ਦੀ 'ਸਿਰਦਾਰੀ' ਨੂੰ ਮੰਨਦਾ ਹੈ।

ਕੁਝ ਲੇਖਕ ਅਕਾਲ ਤਖ਼ਤ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਬਣਾਏ ਜਾਣ ਦੀ ਗੱਲ ਕਰਦੇ ਹਨ। ਇਹ ਸਹੀ ਨਹੀਂ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦਾ ਥੜ੍ਹਾ ਬਣਾਇਆ ਸੀ, ਤਖ਼ਤ ਨਹੀਂ। ਤਖ਼ਤ ਤਾਂ ਅਕਾਲ ਪੁਰਖ ਦਾ ਹੈ ਤੇ ਉਸ ਨੇ ਹੀ ਬਣਾਇਆ ਸੀ; ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਇਸ ਨੂੰ ਪ੍ਰਗਟ ਕੀਤਾ ਸੀ। ਜਿੱਥੋਂ ਤਕ ਤਖ਼ਤ 'ਤੇ ਬੈਠਾ ਪਾਤਿਸ਼ਾਹ ਦੀ ਗੱਲ ਹੈ, ਉਹ ਵੀ ਛੇਵੇਂ ਪਾਤਿਸ਼ਾਹ ਵੇਲੇ ਸ਼ੁਰੂ ਨਹੀਂ ਹੋਈ ਸੀ। ਗੁਰੂ ਨਾਨਕ ਸਾਹਿਬ ਤੋਂ ਪੰਜਵੇਂ ਪਾਤਿਸ਼ਾਹ ਤਕ ਨੂੰ ਵੀ 'ਸੱਚਾ ਪਾਤਿਸ਼ਾਹ' ਕਿਹਾ ਜਾਂਦਾ ਸੀ। ਸਿੱਖ ਪੰਥ ਤਾਂ ਇਕ ਖ਼ੁਦਮੁਖ਼ਤਿਆਰ ਕੌਮ ਹੈ, ਜਿਸ ਦੀ ਨੀਂਹ ਗੁਰੂ ਨਾਨਕ ਪਾਤਿਸ਼ਾਹ ਨੇ ਰੱਖੀ ਸੀ। ਸੱਤਾ ਤੇ ਬਲਵੰਡ ਦੇ ਲਫ਼ਜ਼ ਹਨ :

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ *(ਸਫ਼ਾ 996)*

ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ 'ਸੱਚੇ ਤਖ਼ਤਾਂ' ਦੀ ਸਿਫ਼ਤਿ-ਸਾਲਾਹ ਹੁੰਦੀ ਸੀ, 'ਸੱਚ ਦੀ ਤਲਵਾਰ' ਨਾਲ ਇਨਸਾਫ਼ ਦੀ ਗੱਲ ਹੁੰਦੀ ਸੀ। ਗੁਰੂ ਨਾਨਕ ਸਾਹਿਬ

ਦੀ ਬਾਣੀ ਸਿੱਖ ਪੰਥ ਦੇ ਸਿਆਸੀ ਅਤੇ ਮਜ਼ਹਬੀ ਫ਼ਲਸਫ਼ੇ ਦਾ ਐਲਾਨਨਾਮਾ ਹੈ।[1] ਗੁਰੂ ਨਾਨਕ ਸਾਹਿਬ ਜ਼ਮੀਨ, ਦੌਲਤ, ਤਾਕਤ ਦੇ ਹਾਸਿਲ ਕਰਨ ਦੀ ਹਵਸ ਨੂੰ 'ਸਕਤਾ ਸ਼ੀਂਹ' ਦੀ ਸੋਚ ਕਰਾਰ ਦੇਂਦੇ ਹਨ; ਅਜਿਹੇ 'ਜਾਬਰ' ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਹਿੰਦੇ ਹਨ; ਇਸ ਨੂੰ 'ਕੂੜ' ਦਾ ਬੋਲਬਾਲਾ ਗਰਦਾਨਦੇ ਹਨ। ਗੁਰੂ ਅੰਗਦ ਸਾਹਿਬ ਦਾ ਸਿੱਖ ਕੌਮ ਨੂੰ ਇਕ ਜ਼ਬਾਨ ਅਤੇ ਲਿੱਪੀ ਵਿਚ ਪਰੋਣਾ ਇਕ ਕੌਮ ਦੇ ਸਿਆਸੀ ਸਫ਼ਰ ਦਾ ਹਿੱਸਾ ਸੀ। ਸ਼ੇਰਸ਼ਾਹ ਸੂਰ (ਸੂਰੀ) ਤੋਂ ਹਾਰੇ ਹਮਾਯੂੰ ਨੂੰ 'ਝੂਠਾ ਪਾਤਿਸ਼ਾਹ' (ਹਾਰਿਆ ਹੀ ਸਹੀ) ਆਖਣਾ ਤੀਜੀ ਪਾਤਿਸ਼ਾਹੀ ਦੇ ਅਹਿਦ ਦੀ ਗੱਲ ਹੈ। ਗੁਰੂ ਰਾਮਦਾਸ ਸਾਹਿਬ ਵਾਸਤੇ ਤਾਂ ਸਿੱਧੇ ਲਫ਼ਜ਼ਾਂ ਹਨ: "ਬੈਠਾ ਸੋਢੀ ਪਾਤਸ਼ਾਹ...॥" ਗੁਰੂ ਅਰਜਨ ਸਾਹਿਬ ਬਾਰੇ ਵੀ ਭੱਟਾਂ ਨੇ ਲਿਖਿਆ ਹੈ: "ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥" (ਸਫ਼ਾ 968)। ਇਹ ਸਾਰਾ ਭਾਵੇਂ ਕੁਝ ਦੁਨਿਆਵੀ ਤਖ਼ਤ ਦੀਆਂ ਗੱਲਾਂ ਜਾਪਦੀਆਂ ਹਨ, ਪਰ ਇਨ੍ਹਾਂ ਵਿਚ ਹਲਤ-ਪਲਤ, ਮੀਰੀ-ਪੀਰੀ, ਦੀਨ-ਦੁਨੀ ਦੀ ਪਾਤਿਸ਼ਾਹੀ ਅਤੇ ਅਕਾਲ ਪੁਰਖ ਦੇ ਤਖ਼ਤ ਦਾ ਫ਼ਲਸਫ਼ਾ ਪੇਸ਼ ਹੈ। ਗੁਰੂ ਸਾਹਿਬ ਅਕਾਲ ਪੁਰਖ ਦੇ ਤਖ਼ਤ 'ਤੇ ਬੈਠੇ 'ਸਰਬਰਾਹ' ਸਨ। ਤਖ਼ਤ ਅਕਾਲ ਪੁਰਖ ਦਾ ਸੀ ਤੇ ਇਸ ਦੇ ਸਰਬਰਾਹ/ਮੁਖ ਸੇਵਾਦਾਰ/ਛੌਣੀ ਬਰਦਾਰ ਗੁਰੂ ਸਾਹਿਬ ਸਨ। ਇਹ ਪੰਜਵੇਂ ਪਾਤਿਸ਼ਾਹ ਦਾ ਛੇਵੇਂ ਪਾਤਿਸ਼ਾਹ ਨੂੰ ਹੁਕਮ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰ ਦੇਣ। ਸੋ, ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ ਗੁਰੂ ਨਾਨਕ ਸਾਹਿਬ ਵੱਲੋਂ ਹੀ ਪੇਸ਼ ਕੀਤਾ ਗਿਆ ਸੀ, ਜਿਸ ਨੂੰ 1609 ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਲੋਕਾਈ ਵਾਸਤੇ ਅੰਮ੍ਰਿਤਸਰ ਦੀ ਧਰਤੀ 'ਤੇ ਪ੍ਰਗਟ ਕੀਤਾ ਸੀ।

ਛੇਵੇਂ ਪਾਤਸ਼ਾਹ ਨੇ ਇਸ ਤਖ਼ਤ ਨੂੰ ਪ੍ਰਗਟ ਕਰ ਕੇ ਗੁਰੂ ਨਾਨਕ ਸਾਹਿਬ ਦਾ ਪੈਗ਼ਾਮ ਹੀ ਪ੍ਰਗਟ ਕੀਤਾ ਸੀ। :

ਕਿਆ ਸੁਲਤਾਨੁ ਸਲਾਮ ਵਿਹੂਣਾ...॥ *(ਸਫ਼ਾ 354)*

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥ *(ਸਫ਼ਾ 992)*

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੈ॥ *(ਸਫ਼ਾ 1022)*

ਤਖਤਿ ਬਹੈ ਤਖਤੈ ਕੀ ਲਾਇਕ॥ *(ਸਫ਼ਾ 1039)*

ਤਖਤਿ ਸਲਾਮੁ ਹੋਵੈ ਦਿਨੁ ਰਾਤੀ॥ *(ਸਫ਼ਾ 1039)*

ਤਖਤਿ ਰਾਜਾ ਸੋ ਬਹੈ, ਜਿ ਤਖਤੈ ਲਾਇਕ ਹੋਈ॥ *(ਸਫ਼ਾ 1088)*

ਉਪਰਲੀਆਂ ਸਾਰੀਆਂ ਤੁਕਾਂ ਵਿਚ ਗੁਰੂ ਨਾਨਕ ਸਾਹਿਬ ਨੇ ਇਨਸਾਨ ਨੂੰ 'ਝੂਠਾ', 'ਥੋੜ੍ਹੇ ਜਿਹੇ ਇਲਾਕੇ ਦਾ', 'ਵਕਤੀ' ਪਾਤਸ਼ਾਹ ਭੁੱਲ ਕੇ 'ਸੱਚਾ' ਪਾਤਸ਼ਾਹ, ਸੱਚਾ ਅਦਲੀ (ਜੱਜ) ਯਾਨਿ ਵਾਹਿਗੁਰੂ, ਦਾ ਲੜ ਫੜਨ ਦਾ ਪੈਗ਼ਾਮ ਦਿੱਤਾ ਹੈ। ਛੇਵੇਂ ਜਾਮੇ ਵਿਚ ਗੁਰੂ ਨਾਨਕ ਸਾਹਿਬ ਨੇ ਇਸੇ ਪੈਗ਼ਾਮ ਦੀ ਤਰਜਮਾਨੀ ਕਰਦਿਆਂ ਅਕਾਲ ਤਖ਼ਤ ਸਾਹਿਬ ਪ੍ਰਗਟ ਕੀਤਾ ਸੀ। ਯਾਨਿ ਅਕਾਲ ਪੁਰਖ ਅਤੇ ਇਨਸਾਨ ਵਿਚ ਕੋਈ ਹੋਰ 'ਵਜੂਦ' ਜਾਂ

1. ਗੁਰੂ ਗ੍ਰੰਥ ਸਾਹਿਬ, ਸਫ਼ੇ 145, 350, 360, 417, 468-469, 663, 722, 951, 1288.

ਕੋਈ ਵਿੱਥ ਨਹੀਂ ਹੋਣੀ ਚਾਹੀਦੀ। ਇਨਸਾਨ ਤਾਂ ਸਿੱਧਾ ਵਾਹਿਗੁਰੂ ਦੀ ਖ਼ਲਕਤ, ਪਰਜਾ, ਰਿਆਇਆ ਹੈ। ਜਦੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ 1698 (ਕੁਝ ਸੋਮਿਆਂ ਮੁਤਾਬਿਕ 1699) ਵਿਚ ਖਾਲਸਾ ਪ੍ਰਗਟ ਕੀਤਾ ਸੀ ਤਾਂ ਉਨ੍ਹਾਂ ਨੇ ਵੀ ਗੁਰੂ ਨਾਨਕ ਸਾਹਿਬ ਦੇ ਪੈਗ਼ਾਮ (ਅਕਾਲ ਪੁਰਖ ਦੇ ਹੁਕਮਨਾਮੇ) ਅਤੇ ਅਕਾਲ ਤਖ਼ਤ ਸਾਹਿਬ ਦੀ ਤਰਜਮਾਨੀ ਹੀ ਕੀਤੀ ਸੀ। ਅਕਾਲ ਪੁਰਖ ਅਤੇ ਖਾਲਸਾ ਵਿਚਕਾਰ ਕਾਹਦੀ ਵਿੱਥ ? ਗੁਰੂ ਸਾਹਿਬ ਤਾਂ ਅਕਾਲ ਪੁਰਖ ਅਤੇ ਸਿੱਖ ਦੇ ਵਿਚਕਾਰ ਆਪ ਵੀ ਨਹੀਂ ਖੜੇ ਹੋਏ। ਖਾਲਸਾ ਤਾਂ 'ਅਕਾਲ ਪੁਰਖ ਦੀ ਫ਼ੌਜ' ਹੈ (ਦਸਵੇਂ ਨਾਨਕ ਦੀ ਵੀ ਨਹੀਂ) ਅਤੇ ਖਾਲਸਾ ਤਾਂ 'ਪ੍ਰਮਾਤਮਾ ਦੀ ਮੌਜ' ਵਿਚ 'ਪ੍ਰਗਟ' ਹੋਇਆ ਹੈ, ਇਸ ਨੂੰ ਦਸਵੇਂ ਨਾਨਕ ਨੇ 'ਸਿਰਜਿਆ' ਨਹੀਂ। **ਖਾਲਸੇ ਦੀ 'ਸਿਰਜਣਾ' ਦਾ ਝੰਬੇਲਾ ਤਾਂ 'ਮਨਮੱਤ' ਦੇ ਲਫ਼ਜ਼ ਹਨ।** ਮਹਾਰਾਜ ਤਾਂ ਆਪ ਇਸ ਨੂੰ 'ਪ੍ਰਗਟ' ਹੋਇਆ ਆਖਦੇ ਹਨ। ਅਜਿਹਾ ਹੈ ਫ਼ਲਸਫ਼ਾ ਅਕਾਲ ਤਖ਼ਤ ਸਾਹਿਬ ਦਾ!

2

ਅਕਾਲ ਤਖ਼ਤ ਸਾਹਿਬ ਕੋਈ ਗੱਦੀ ਨਹੀਂ। ਇਸ ਦਾ 'ਮੁੱਖ ਸੇਵਾਦਾਰ' 'ਪੋਪ' ਜਾਂ ਬਾਦਸ਼ਾਹ' ਦੋਵਾਂ ਵਿਚੋਂ ਕੁਝ ਵੀ ਨਹੀਂ। 'ਜਥੇਦਾਰ' ਲਫ਼ਜ਼ ਤਾਂ 1920 ਤੋਂ ਚੋਖਾ ਚਿਰ ਮਗਰੋਂ ਦਾ ਹੈ। 12 ਅਕਤੂਬਰ 1920 ਨੂੰ ਅਕਾਲ ਤਖ਼ਤ ਸੁੰਞਾ ਤੱਕ ਕੇ ਹਾਜ਼ਿਰ ਸੰਗਤਾਂ ਨੇ ਇਕ ਪੰਝੀ ਮੈਂਬਰੀ ਜਥਾ (ਸੇਵਾ-ਸੰਭਾਲ ਵਾਸਤੇ) ਤਾਇਨਾਤ ਕੀਤਾ ਸੀ ਅਤੇ ਭਾਈ ਤੇਜਾ ਸਿੰਘ ਭੁੱਚਰ (28 ਅਕਤੂਬਰ 1887—3 ਅਕਤੂਬਰ 1939) ਇਸ **ਜਥੇ ਦੇ 'ਜਥੇਦਾਰ'** ਥਾਪੇ ਗਏ ਸਨ। *ਉਹ ਸੇਵਾ-ਸੰਭਾਲ ਦੇ ਜਥੇ ਦੇ ਜਥੇਦਾਰ ਸਨ ਨਾ ਕਿ ਅਕਾਲ ਤਖ਼ਤ ਸਾਹਿਬ* ਦੇ। ਕਾਬਲੇ-ਜ਼ਿਕਰ ਗੱਲ ਹੈ ਕਿ ਜੋ 'ਸਰਬਤ ਖਾਲਸਾ ਇਕੱਠ' 15-16 ਨਵੰਬਰ 1920 ਨੂੰ, ਅਕਾਲ ਤਖ਼ਤ ਸਾਹਿਬ ਦੇ ਮੂਹਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਵਾਸਤੇ ਬੁਲਾਇਆ ਗਿਆ ਸੀ, ਉਸ ਚਿੱਠੀ ਥੱਲੇ ਡਾਕਟਰ ਗੁਰਬਖ਼ਸ਼ ਸਿੰਘ (ਜੋ 13 ਅਕਤੂਬਰ ਨੂੰ ਨਾਮਜ਼ਦ ਹੋਏ 9 ਮੈਂਬਰੀ ਸੇਵਾ-ਸੰਭਾਲ ਜਥੇ ਦੇ ਸਕੱਤਰ ਸਨ) ਦੇ ਦਸਤਖ਼ਤ ਸਨ। ਇਹ 'ਹੁਕਮਨਾਮਾ' ਕਿਸੇ ਅਖੌਤੀ-ਜਥੇਦਾਰ ਦੀ ਤਰਫ਼ੋਂ ਨਹੀਂ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ 1926 ਵਿਚ *ਮਹਾਨ ਕੋਸ਼* ਪੂਰਾ ਕੀਤਾ ਅਤੇ 1930 ਵਿਚ ਛਾਪਿਆ। ਇਸ *ਮਹਾਨ ਕੋਸ਼* ਵਿਚ 'ਜਥੇਦਾਰ' ਅਤੇ 'ਅਕਾਲ ਤਖ਼ਤ' ਦੀਆਂ ਐਂਟਰੀਜ਼ ਵਿਚ ਕਿਤੇ ਵੀ 'ਅਕਾਲ ਤਖ਼ਤ ਦਾ ਜਥੇਦਾਰ' ਦਾ ਜ਼ਿਕਰ ਨਹੀਂ। ਯਾਨਿ 1930 ਤਕ ਅਜਿਹਾ ਕੋਈ ਅਹੁਦਾ ਵਜੂਦ ਵਿਚ ਨਹੀਂ ਸੀ। ਉਂਞ ਭਾਈ ਰਤਨ ਸਿੰਘ ਭੰਗੂ (*ਪ੍ਰਾਚੀਨ ਪੰਥ ਪ੍ਰਕਾਸ਼*, 1841 ਤੇ ਇਕ ਸੋਮੇ ਮੁਤਾਬਿਕ 1809) ਭਾਈ ਮਨੀ ਸਿੰਘ ਜੀ ਵਾਸਤੇ 'ਪੁਜਾਰਨ ਸਿਓਂ ਵਡੋ ਪੁਜਾਰੀ' ਲਫ਼ਜ਼ ਵਰਤਦੇ ਹਨ। ਭਾਈ ਸਰੂਪ ਸਿੰਘ ਕੌਸ਼ਿਸ਼ (*ਗੁਰੂ ਕੀਆਂ ਸਾਖੀਆਂ*, 1790, ਦੀ 61ਵੀਂ ਸਾਖੀ ਵਿਚ) ਮੁਤਾਬਿਕ ਗੁਰੂ ਸਾਹਿਬ ਭਾਈ ਮਨੀ ਸਿੰਘ, ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ ਚੰਦਰਾ, ਭਾਈ ਦਾਨ ਸਿੰਘ, ਭਾਈ ਕੀਰਤ ਸਿੰਘ ਨੂੰ ਚੱਕ ਰਾਮਦਾਸਪੁਰ (ਅੰਮ੍ਰਿਤਸਰ) ਭੇਜਣ ਵੇਲੇ ਵੀ ਭਾਈ ਮਨੀ ਸਿੰਘ ਜੀ ਨੂੰ ਕੋਈ 'ਜਥੇਦਾਰ' ਨਹੀਂ ਬਣਾਉਂਦੇ। ਜੇ ਪੁਰਾਣੀਆਂ ਕਿਤਾਬਾਂ ਫਰੋਲੀਏ ਤਾਂ 'ਜਥੇਦਾਰ' ਲਫ਼ਜ਼ ਸਭ ਤੋਂ ਪਹਿਲਾਂ ਬਾਬਾ ਬੰਦਾ

ਸਿੰਘ ਬਹਾਦਰ ਵਾਸਤੇ ਫ਼ੌਜ ਦਾ (ਨਾ ਕਿ ਤਖ਼ਤ ਦਾ) ਜਥੇਦਾਰ ਵਜੋਂ ਵਰਤਿਆ ਗਿਆ ਹੈ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਜਦੋਂ ਅੰਮ੍ਰਿਤਸਰ ਤੋਂ (ਗਵਾਲੀਅਰ, ਦਿੱਲੀ, ਡਰੋਲੀ ਭਾਈ ਜਾਂ ਕਿਤੇ ਹੋਰ) ਗਏ ਤਾਂ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਅਤੇ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਆਖ ਗਏ। **ਭਲਕੇ ਕੋਈ ਇਹ ਯਭਲੀ ਮਾਰ ਦੇਵੇ ਕਿ ਛੇਵੇਂ ਨਾਨਕ ਭਾਈ ਗੁਰਦਾਸ ਜੀ ਨੂੰ 'ਜਥੇਦਾਰ' ਬਣਾ ਗਏ ਸਨ ਤਾਂ ਅਜਿਹੇ 'ਲੇਖਕ' ਨੂੰ ਮੁਬਾਰਿਕ।**

ਭਾਈ ਮਨੀ ਸਿੰਘ ਦੀ ਸ਼ਹਾਦਤ (24 ਜੂਨ 1734) ਤੋਂ ਮਗਰੋਂ ਵੀ ਜਿੰਨੇ ਸਰਬਤ ਖਾਲਸਾ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਏ, ਉਹ ਸਾਰੇ ਇਕੱਠ ਕਿਸੇ ਅਖੌਤੀ-ਜਥੇਦਾਰ ਜਾਂ ਪੁਜਾਰੀ ਨੇ ਨਹੀਂ ਬੁਲਾਏ ਸੀ। ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਚੋਖੀ ਦੇਰ ਤਕ ਬੁੱਢਾ ਦਲ (ਮਿਸਲ ਸ਼ਹੀਦਾਂ, ਖ਼ਾਸ ਕਰ ਕੇ) ਨੇ ਕੀਤੀ ਸੀ ਅਤੇ ਸਾਰੇ ਇਕੱਠ ਬੁੱਢਾ ਦਲ ਨੇ ਹੀ ਬੁਲਾਏ ਸਨ। ਹਾਂ, 1805 ਦਾ ਇਕੱਠ ਰਣਜੀਤ ਸਿੰਘ ਨੇ ਬੁਲਾਇਆ ਸੀ। (ਇਸ ਇਕੱਠ ਵਿਚ ਲਾਰਡ ਲੇਕ ਅਤੇ ਹੋਲਕਰ ਦੇ ਮਸਲੇ 'ਤੇ ਵਿਚਾਰ ਹੋਈ ਸੀ)। ਫਿਰ, ਸੰਨ 1805 ਤੋਂ ਮਗਰੋਂ ਰਣਜੀਤ ਸਿੰਘ ਨੇ ਸਰਬਤ ਖਾਲਸਾ ਇਕੱਠ ਬਿਲਕੁਲ ਹੀ ਬੰਦ ਕਰ ਦਿੱਤੇ। ਏਨਾ ਹੀ ਨਹੀਂ, ਅਕਾਲੀ ਫੂਲਾ ਸਿੰਘ ਸ਼ਹੀਦ (1761-14 ਅਕਤੂਬਰ 1823) ਨੇ ਵੀ ਕਦੇ 'ਜਥੇਦਾਰੀ' ਨਹੀਂ ਦਿਖਾਈ। ਬਾਬਾ ਪ੍ਰੇਮ ਸਿੰਘ ਹੋਤੀ (*ਜੀਵਨ ਬਿਰ੍ਤਾਂਤ ਅਕਾਲੀ ਫੂਲਾ ਸਿੰਘ*) ਵਿਚ ਵੀ ਸ਼ਹੀਦ ਅਕਾਲੀ ਫੂਲਾ ਸਿੰਘ ਵਾਸਤੇ 'ਜਥੇਦਾਰ' ਲਫ਼ਜ਼ ਨਹੀਂ ਵਰਤਦੇ। ਅੰਗਰੇਜ਼ਾਂ ਵੇਲੇ ਵੀ ਲਫ਼ਜ਼ 'ਸਰਬਰਾਹ' ਹੀ ਵਰਤਿਆ ਜਾਂਦਾ ਰਿਹਾ ਹੈ। ਜਥੇਦਾਰ ਤਾਂ 1920 ਵਿਚ ਵੀ ਪੂਰੀ ਤਰ੍ਹਾਂ ਸ਼ੁਰੂ ਨਹੀਂ ਹੋਇਆ ਸੀ। ਇਸ ਦੀ ਰਸਮੀ ਵਰਤੋਂ ਪਹਿਲੀ ਵਾਰ ਜੈਤੋ ਮੋਰਚੇ ਵੇਲੇ ਜਥਿਆਂ ਨੂੰ ਤੋਰਨ ਵੇਲੇ 'ਜਥੇ ਨੂੰ ਪੈਗ਼ਾਮ' ਦੇਣ ਵਾਸਤੇ ਸ਼ੁਰੂ ਹੋਈ ਸੀ।

3

ਸਿੱਖ ਫ਼ਲਸਫ਼ੇ ਵਿਚ 'ਪੁਜਾਰੀ ਕਲਾਸ' ਹੀ ਕੋਈ ਨਹੀਂ। 1698 ਵਿਚ ਜਦੋਂ ਭਾਈ ਮਨੀ ਸਿੰਘ ਜੀ ਨੂੰ 'ਚੱਕ ਰਾਮਦਾਸ' ਵਿਚ ਭੇਜਿਆ ਗਿਆ ਸੀ ਤਾਂ ਉਨ੍ਹਾਂ ਨੂੰ ਨਗਰ ਅਤੇ ਗੁਰਦੁਆਰੇ 'ਸੇਵਾ-ਸੰਭਾਲ' ਵਾਸਤੇ ਭੇਜਿਆ ਗਿਆ ਸੀ। ਪਹਿਲੋਂ 1604 ਵਿਚ ਜਦੋਂ ਬਾਬਾ ਬੁੱਢਾ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੇ 'ਗ੍ਰੰਥੀ' ਦੀ ਸੇਵਾ ਸੌਂਪੀ ਗਈ ਤਾਂ ਗੁਰੂ ਸਾਹਿਬ ਨੇ ਕੋਈ 'ਅਹੁਦਾ' ਜਾਂ 'ਨੌਕਰੀ' ਜਾਂ 'ਜਮਾਤ' ਜਾਂ 'ਤਾਕਤ' ਕਾਇਮ ਨਹੀਂ ਸੀ ਕੀਤੀ। ਹਰ ਇਕ ਸਿੱਖ ਆਪ ਖ਼ੁਦ ਗ੍ਰੰਥੀ ਹੈ। ਹਰ ਇਕ ਨੇ 'ਗ੍ਰੰਥ' ਪੜ੍ਹਨਾ ਹੈ। 'ਗ੍ਰੰਥੀ' ਕੋਈ ਵੱਖਰੀ ਜਮਾਤ ਨਹੀਂ ਹੈ। ਇਹ ਸਹੀ ਹੈ ਕਿ ਅੱਜ ਦੇ ਜ਼ਮਾਨੇ ਵਿਚ, ਤੇਜ਼ ਜ਼ਿੰਦਗੀ ਹੋਣ ਕਰ ਕੇ, ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ, ਇੰਤਜ਼ਾਮ, ਮਰਿਆਦਾ ਨਿਭਾਉਣ ਵਾਸਤੇ 'ਸੇਵਾਦਾਰ' ਦੀ ਜ਼ਰੂਰਤ ਹੈ। ਇਹ 'ਸੇਵਾਦਾਰ' ਕੋਈ 'ਅਹੁਦਾ' ਜਾਂ 'ਜਮਾਤ' ਨਹੀਂ ਬਲਕਿ ਸਿਰਫ਼ 'ਸੇਵਾ' ਹੈ। ਇੰਞ ਹੀ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਜਾਂ ਹੋਰ ਅਖੌਤੀ 'ਵੱਡੇ' (ਰੁਤਬੇ ਵਜੋਂ ਸਭ ਗੁਰਦੁਆਰੇ ਬਰਾਬਰ ਹਨ) ਗੁਰਦੁਆਰੇ ਦੇ 'ਸੇਵਾਦਾਰ' ਕੋਈ 'ਅਹੁਦਾ', 'ਹਸਤੀ', 'ਤਾਕਤ', 'ਹਊਆ', 'ਦਿਓ' ਨਹੀਂ ਹਨ। ਅਕਾਲ ਪੁਰਖ ਅਤੇ ਖਾਲਸਾ ਵਿਚ ਤਾਂ ਗੁਰੂ ਸਾਹਿਬ ਆਪ ਵੀ ਨਹੀਂ ਸੀ ਖੜੇ ਹੋਏ ਤੇ ਇਹ ਵਿਚਲੀ

'ਜਮਾਤ' ਅਤੇ 'ਅਹੁਦੇ' ਸਿੱਖ ਫ਼ਲਸਫ਼ੇ ਵਿਚ ਕਿੰਞ ਕਬੂਲ ਹੋ ਸਕਦੇ ਹਨ ? ਹਰਗਿਜ਼ ਨਹੀਂ ! ਅਜਿਹੇ ਅਹੁਦੇ, ਤਾਕਤ, ਜਮਾਤਾਂ, ਸਿੱਖ ਫ਼ਲਸਫ਼ੇ ਦੇ ਮੁੱਢਲੇ ਨੁਕਤਿਆਂ ਦੇ ਉਲਟ ਹਨ। ਭਾਵੇਂ ਕਿੱਥੋਂ ਜਾਂ ਕਦੋਂ ਜਾਂ ਕਿਵੇਂ ਸ਼ੁਰੂ ਹੋਈਆਂ, ਇਹ ਜਮਾਤਾਂ ਅਤੇ ਅਹੁਦੇ ਗੁਰਮਤਿ ਮੁਤਾਬਿਕ ਗ਼ਲਤ ਹਨ, ਬੇਮਾਅਨਾ ਹਨ ਅਤੇ ਰੱਦ ਕਰਨੇ ਬਣਦੇ ਹਨ।

ਅਕਾਲ ਤਖ਼ਤ ਸਾਹਿਬ, ਅਕਾਲ ਪੁਰਖ ਦਾ ਸਦੀਵੀ ਦਾ ਤਖ਼ਤ ਹੈ। ਇਸ ਦੀ ਤਾਕਤ ਨੂੰ ਕੋਈ ਵੀ ਸ਼ਖ਼ਸ, ਭਾਵੇਂ ਉਹ ਕਿੰਨਾ ਵੀ ਵੱਡਾ, ਮਹਾਨ, ਗੁਰਮੁਖ, ਰੂਹਾਨੀ, ਆਲਿਮ ਹੋਵੇ, ਵਰਤ ਨਹੀਂ ਸਕਦਾ। ਅਕਾਲ ਪੁਰਖ ਦੀ ਤਾਕਤ ਦੀ 'ਸਪੁਰਦਗੀ' (entrusting/succession) ਨਹੀਂ ਹੋ ਸਕਦੀ। ਕੈਥੋਲਿਕ (ਈਸਾਈਆਂ ਦਾ ਇਕ ਫ਼ਿਰਕਾ) ਪੋਪ ਵਿਚ ਅਜੇਹੀ ਤਾਕਤ ਮੰਨਦਾ ਹੈ। ਹਿੰਦੂਆਂ ਵਿਚ 'ਜਗਤਗੁਰੂ' ਸ਼ਾਇਦ ਅਜਿਹੇ ਹੋਣ, ਇਸਲਾਮ ਵਿਚ 'ਖ਼ਲੀਫ਼ਾ' ਜਾਂ 'ਖ਼ੁਮੀਨੀ' ਅਹੁਦਾ ਵੀ ਹੋ ਸਕਦਾ ਹੈ, ਬੋਧੀਆਂ ਵਿਚ 'ਲਾਮਾ' ਦਾ ਅਹੁਦਾ ਵੀ ਹੋ ਸਕਦਾ ਹੈ, ਪਰ **ਸਿੱਖ ਫ਼ਲਸਫ਼ੇ ਵਿਚ ਵਾਹਿਗੁਰੂ ਦੀ ਤਾਕਤ ਦੀ 'ਸਪੁਰਦਗੀ' ਨਹੀਂ ਹੈ।** ਏਸੇ ਕਰ ਕੇ 'ਜਥੇਦਾਰ ਅਕਾਲ ਤਖ਼ਤ ਸਾਹਿਬ' ਨਾਂ ਦਾ ਨਵਾਂ ਖੜਾ ਕੀਤਾ ਅਹੁਦਾ ('ਹਊਆ', 'ਤਾਜ', 'ਤਾਕਤ') ਸਿੱਖੀ ਅਸੂਲਾਂ ਦੇ ਮੁੱਢੋਂ ਹੀ ਉਲਟ ਹੈ।

ਸਿੱਖ ਫ਼ਲਸਫ਼ੇ ਵਿਚ ਇਕ ਸ਼ਖ਼ਸ ਦੇ ਹੱਥ ਤਾਂ ਤਾਕਤ ਕਦੇ ਵੀ ਨਹੀਂ ਸੌਂਪੀ ਗਈ। ਸੰਗਤ, ਗੁਰਮਤਾ, ਸਰਬਤ ਖਾਲਸਾ ਦੇ ਨੁਕਤਿਆਂ ਨੂੰ ਵੀਚਾਰੀਏ ਤਾਂ ਇਹ ਨਵਾਂ ਅਹੁਦਾ ਸਿੱਖ ਫ਼ਲਸਫ਼ੇ ਤੋਂ ਦੂਪਰਾ, ਓਪਰਾ, ਵੱਖਰਾ, ਉਲਟ ਜਾਪਦਾ ਹੈ।

4

ਹੁਣ ਸਵਾਲ ਇਹ ਆਉਂਦਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਹੈਸੀਅਤ, ਰੋਲ, ਸੇਵਾ, ਕਾਰਵਾਈ ਕੀ ਹੈ ? ਸਿੱਖ ਵਾਸਤੇ ਅਕਾਲ ਤਖ਼ਤ ਸਾਹਿਬ ਦੀ ਅਹਿਮੀਅਤ ਕੀ ਹੈ ? ਇਸ ਸਵਾਲ ਦੇ ਦੋ ਹਿੱਸੇ ਬਣਦੇ ਹਨ—ਸਿੱਖ ਫ਼ਲਸਫ਼ਾ ਅਤੇ ਅਮਲ। ਸਿੱਖ ਫ਼ਲਸਫ਼ੇ ਮੁਤਾਬਿਕ ਅਕਾਲ ਤਖ਼ਤ ਸਾਹਿਬ, ਅਕਾਲ ਪੁਰਖ ਅਤੇ ਸਿੱਖ ਵਿਚਕਾਰਾ ਰਿਸ਼ਤੇ ਵਾਲੀ 'ਹਸਤੀ' ਹੈ। ਖਾਲਸਾ ਅਕਾਲ ਪੁਰਖ ਦਾ ਹੈ ਯਾਨਿ ਕਿ ਖਾਲਸਾ ਅਕਾਲ ਪੁਰਖ ਦੀ ਸਲਤਨਤ ਦਾ ਖ਼ੁਦਮੁਖ਼ਤਿਆਰ ਸ਼ਹਿਰੀ ਹੈ। ਸਿੱਖ, ਸਿਰਫ਼ ਤੇ ਸਿਰਫ਼ ਵਾਹਿਗੁਰੂ ਦੀ ਰਿਆਇਆ ਹੈ। ਸਿੱਖ ਦੀ ਵਫ਼ਾਦਾਰੀ ਇਕ ਅਕਾਲ ਤੋਂ ਸਿਵਾ ਕਿਸੇ ਹੋਰ ਵਾਸਤੇ ਨਹੀਂ ਹੋ ਸਕਦੀ। ਸਿੱਖ ਦਾ ਤਾਜ, ਤਖ਼ਤ, ਪਾਤਸ਼ਾਹ, ਸਿਰਫ਼ ਅਤੇ ਸਿਰਫ਼ ਅਕਾਲ ਪੁਰਖ, ਕਰਤਾ ਪੁਰਖ, ਵਾਹਿਗੁਰੂ ਹੈ। ਇਸ ਵਿਚ ਕੋਈ ਭੁਲੇਖਾ ਅਤੇ ਗੁੰਝਲ ਨਹੀਂ ਪੈਦਾ ਹੁੰਦੀ ਕਿ ਜੇ ਸਿੱਖ ਕਿਸੇ ਮੁਲਕ ਵਿਚ ਰਹਿੰਦਾ ਹੈ ਅਤੇ ਉੱਥੋਂ ਦਾ 'ਸ਼ਹਿਰੀ' ਹੈ ਤਾਂ ਉਹ ਅਕਾਲ ਤਖ਼ਤ ਸਾਹਿਬ ਦਾ ਵਫ਼ਾਦਾਰ ਕਿੰਞ ਹੋ ਸਕਦਾ ਹੈ ? ਕੌਮਾਂਤਰੀ ਹਾਲਾਤ ਮੁਤਾਬਿਕ ਨਿਜ਼ਾਮ ਦੇ ਜ਼ਾਬਤੇ ਵਿਚ ਰਹਿਣਾ ਰੂਹ ਦੀ ਵਫ਼ਾਦਾਰੀ ਨਹੀਂ ਹੁੰਦੀ। ਮਿਸਾਲ ਵਜੋਂ, ਅਮਰੀਕਾ ਦਾ ਸ਼ਹਿਰੀ ਸਿੱਖ, ਅਮਰੀਕਾ ਦੇ ਸਿਆਸੀ ਕਾਨੂੰਨ ਦੇ ਜ਼ਾਬਤੇ ਦਾ ਪਾਬੰਦ ਹੈ। ਪਰ ਜੇ ਅਮਰੀਕੀ ਕਾਨੂੰਨ ਇਹ ਆਖੇ ਕਿ ਸਿੱਖ ਅਕਾਲ ਪੁਰਖ, ਅਕਾਲ ਤਖ਼ਤ ਸਾਹਿਬ ਜਾਂ ਸਿੱਖ ਧਰਮ ਦੇ ਮੁਕਾਬਲੇ ਵਿਚ ਅਮਰੀਕੀ ਵਫ਼ਾਦਾਰੀ ਨਿਭਾਏ ਤਾਂ ਸਿੱਖ ਇਸ ਨੂੰ ਰੱਦ ਕਰ ਦੇਵੇਗਾ। ਇਹ ਗੱਲ ਹਰ ਇਕ ਸਿੱਖ 'ਤੇ ਲਾਗੂ ਹੋਏਗੀ। ਉਹ ਕਿਤੇ ਵੀ ਬੈਠਾ ਹੋਏ, ਕਿਸੇ ਵੀ ਮੁਲਕ

ਦਾ ਸ਼ਹਿਰੀ ਹੋਏ, ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਨਾਲ ਟਕਰਾਅ ਦੀ ਸੂਰਤ ਵਿਚ ਉਸ ਸਿੱਖ ਦੀ ਵਫ਼ਾਦਾਰੀ ਅਕਾਲ ਤਖ਼ਤ ਸਾਹਿਬ ਨਾਲ ਹੋਵੇਗੀ। ਉਂਞ, ਇਹੋ ਜਿਹਾ ਟਕਰਾਅ ਨਾ-ਮੁਮਕਿਨ ਹੈ। ਇਹ ਉਦੋਂ ਹੀ ਪੈਦਾ ਹੋ ਸਕਦਾ ਹੈ, ਜਦੋਂ ਕੋਈ ਮੁਲਕ, ਸਰਕਾਰ, ਹਾਕਮ ਜਾਂ ਨਾਜ਼ਮ ਸਿੱਖ ਫ਼ਲਸਫ਼ੇ 'ਤੇ ਪਾਬੰਦੀ ਲਾਉਣੀ ਚਾਹੇ, ਇਸ ਨੂੰ ਕੰਟਰੋਲ ਕਰਨਾ ਚਾਹੇ ਜਾਂ ਇਸ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕਰਨਾ ਚਾਹੇ ਤਾਂ ਟਕਰਾਅ ਦਾ ਡਰ ਹੋ ਸਕਦਾ ਹੈ। ਅਜਿਹੀ ਹਾਲਤ ਦੇ ਪੈਦਾ ਹੋਣ ਦੀ ਉਮੀਦ ਸਿਰਫ਼ ਅਜੋਕੇ ਭਾਰਤ ਵਿਚ ਨਜ਼ਰ ਆਉਂਦੀ ਹੈ। ਭਾਰਤ 'ਚ ਧਰਮ ਤੇ ਸਿਆਸਤ ਬਾਰੇ ਕਾਨੂੰਨ, ਗੁਰਦੁਆਰਿਆਂ ਦੀਆਂ ਜਾਇਦਾਦਾਂ 'ਤੇ ਕੰਟਰੋਲ, ਗੁਰਦੁਆਰਾ ਇੰਤਜ਼ਾਮ 'ਚ ਦਖ਼ਲ, ਸਿੱਖਾਂ ਉੱਤੇ ਹਿੰਦੂ ਧਰਮ ਜਾਂ ਹਿੰਦੂ ਕਲਚਰ ਠੋਸਣਾ, ਅਕਾਲ ਤਖ਼ਤ ਸਾਹਿਬ, ਗੁਰੂ ਗ੍ਰੰਥ ਸਾਹਿਬ ਬਾਰੇ ਅਦਾਲਤਾਂ 'ਚ ਕੇਸ, ਪ੍ਰੈਸ ਅਤੇ ਗ਼ੈਰ-ਸਿੱਖ ਚੌਧਰੀਆਂ ਵਲੋਂ ਸਿੱਖ ਜਮਾਤਾਂ ਬਾਰੇ ਗ਼ਲਤ ਬਿਆਨ ਅਤੇ ਦਖ਼ਲ, ਇਹ ਸਭ ਸਿੱਖੀ 'ਤੇ ਸਿੱਧੇ ਅਤੇ ਅਸਿੱਧੇ ਹਮਲੇ ਹਨ। ਇਹੋ ਜਿਹੀ ਹਾਲਤ ਦੁਨੀਆਂ ਭਰ ਵਿਚ ਹੋਰ ਕਿਤੇ ਨਹੀਂ। ਦੁਨੀਆਂ ਭਰ ਵਿਚ ਸਿੱਖ ਜਮਾਤਾਂ, ਸਿੱਖ ਫ਼ਲਸਫ਼ੇ, ਸਿੱਖ ਅਦਾਰਿਆਂ ਅਤੇ ਗੁਰਦੁਆਰਿਆਂ ਬਾਰੇ ਕਿਤੇ ਵੀ ਕੋਈ ਸਿੱਧਾ ਸਰਕਾਰੀ ਦਖ਼ਲ ਨਹੀਂ। ਸੋ ਟਕਰਾਅ ਦਾ ਸਵਾਲ ਨਹੀਂ। ਟਕਰਾਅ ਤਾਂ ਉਦੋਂ ਹੀ ਆਉਂਦਾ ਹੈ, ਜਦੋਂ ਹਮਲਾ ਕੀਤਾ ਜਾਏ।

ਜਦੋਂ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ 'ਤੇ ਹਮਲਾ ਹੋਏਗਾ ਤਾਂ ਯਕੀਨਨ ਸਿੱਖ ਦੀ ਵਫ਼ਾਦਾਰੀ ਅਕਾਲ ਤਖ਼ਤ ਸਾਹਿਬ ਨਾਲ ਹੋਵੇਗੀ। ਜੇ ਸਿੱਖ ਅਕਾਲ ਤਖ਼ਤ ਸਾਹਿਬ ਦੇ ਮੁਕਾਬਲੇ ਕਿਸੇ ਹੋਰ ਤਾਕਤ ਜਾਂ ਧਿਰ ਨਾਲ ਖੜਾ ਹੋਏਗਾ ਤਾਂ ਉਸ ਦੀ ਇਹ ਹਰਕਤ ਪੰਥ ਨੂੰ 'ਬੇਦਾਵਾ' ਦੇਣ ਵਾਲੀ ਹੋਵੇਗੀ। ਇਸ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੀ 'ਵਫ਼ਾਦਾਰੀ' ਅਤੇ ਕਿਸੇ ਮੁਲਕ ਦਾ ਸ਼ਹਿਰੀ ਹੋਣ ਦੇ ਨਾਤੇ ਆਈਨ ਦੇ ਜ਼ਾਬਤੇ ਨੂੰ ਮੰਨਣ ਵਿਚ ਕੋਈ ਟਕਰਾਅ ਨਹੀਂ। ਯਾਨਿ ਜਦ ਤਕ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ 'ਤੇ ਹਮਲਾ ਨਹੀਂ ਹੁੰਦਾ, ਉਦੋਂ ਤਕ ਅਕਾਲ ਤਖ਼ਤ ਸਾਹਿਬ ਅਤੇ ਛਿਣ-ਭੰਗ ਦੇ, ਵਕਤੀ, ਹਾਕਮਾਂ ਵਿਚੋਂ ਇਕ ਚੁਣਨ ਦਾ ਮਸਲਾ ਹੀ ਨਹੀਂ ਉਠਦਾ। ਅਜਿਹੀ ਹਾਲਤ ਵਿਚ ਸਿੱਖ ਜਿਸ ਮੁਲਕ ਵਿਚ ਵੀ ਰਹਿੰਦਾ ਹੈ, ਉੱਥੋਂ ਦਾ ਸਭ ਤੋਂ ਵਧੀਆ ਸ਼ਹਿਰੀ ਹੈ।

5

ਅਕਾਲ ਤਖ਼ਤ ਸਾਹਿਬ ਦਾ ਸਿੱਖ ਦੇ 'ਰੋਜ਼ਨਾਮਚੇ' ਵਿਚ ਕੀ ਰੋਲ ਹੈ? ਅਕਾਲ ਪੁਰਖ ਦੇ ਜ਼ਾਬਤੇ ਵਿਚ ਰਹਿਣਾ ਸਿੱਖ ਦੇ ਅਸਲੇ ਵਿਚ ਸ਼ਾਮਿਲ ਹੈ। ਅਕਾਲ ਪੁਰਖ ਦੀ ਵਫ਼ਾਦਾਰੀ ਸਿੱਖ ਵਾਸਤੇ ਫ਼ਰਜ਼ ਹੈ। ਸਿੱਖ ਦਾ ਨੇਮ ਹੈ: ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ, ਸਰਬਤ ਦਾ ਭਲਾ ਮੰਗਣਾ, ਗਰੀਬ ਦੀ ਰਾਖੀ ਕਰਨਾ। ਸਿੱਖ ਦੇ ਮੂੰਹ ਵਿਚ ਹਰ ਵੇਲੇ ਗੁਰਬਾਣੀ ਤੇ ਸੀਨੇ ਵਿਚ 'ਧਰਮ ਯੁੱਧ' ਦਾ ਚਾਅ ਹੈ। ਸਵਾਲ ਹੈ ਕਿ ਧਰਮ ਯੁੱਧ ਕੀ ਹੈ? ਇਸ ਵਿਚ ਦੋ ਨੁਕਤੇ ਹਨ: 'ਧਰਮ' ਅਤੇ 'ਯੁੱਧ'। ਧਰਮ ਦਾ ਮਾਅਨਾ ਹੈ: ਹੱਕ, ਸੱਚ ਅਤੇ ਇਨਸਾਫ਼। ਸਿੱਖ ਦਾ ਧਰਮ ਹੈ ਕਿ ਉਹ ਇਨਸਾਫ਼ ਵਰਤਾਉਣ ਵਾਸਤੇ ਜੂਝੇ। ਧਰਮ ਯੁੱਧ ਦਾ ਮਾਅਨਾ ਸਿਰਫ਼ ਲੜਾਈ ਨਹੀਂ, ਬਲਕਿ 'ਜੱਦੋ-ਜਹਿਦ' ਵੀ ਹੈ। ਸਿੱਖ ਜੱਦੋ-ਜਹਿਦ ਦਾ ਵੀ ਆਪਣਾ ਇਕ ਜ਼ਾਬਤਾ ਹੈ। ਸਿੱਖ ਜੱਦੋ-ਜਹਿਦ ਵਿਚ

ਇਨਸਾਫ਼, ਕੁਰਬਾਨੀ, ਸੇਵਾ, ਸੱਚ, ਇਨਸਾਨੀਅਤ ਸ਼ਾਮਿਲ ਹੈ। ਧੱਕਾ, ਜ਼ਿਆਦਤੀ, ਬੇਰਹਿਮੀ, ਜ਼ੁਲਮ, ਹੈਂਕੜ, ਬੁਰਛਾ ਗਰਦੀ, ਬੇਇਨਸਾਫ਼ੀ, ਗੁਨਾਹ, ਤਸ਼ੱਦਦ ਇਸ ਦੇ ਮੁਖ਼ਾਲਿਫ਼ ਹਨ। (ਸਿੱਖ ਨੂੰ ਇਨਸਾਫ਼ ਕਾਇਮ ਕਰਨ ਵਾਸਤੇ ਸ਼ਸਤਰ ਚੁੱਕਣੇ ਪੈ ਸਕਦੇ ਹਨ; ਪਰ ਉਦੋਂ ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਅਤੇ ਇਸ ਸ਼ਸਤਰ ਦੀ ਵਰਤੋਂ ਵੇਲੇ ਵੀ ਤਸ਼ੱਦਦ ਦੀ ਸੋਚ ਸ਼ਾਮਿਲ ਨਾ ਹੋਵੇ, ਯਾਨਿ ਸ਼ਸਤਰ 'ਹਮਲੇ' ਵਾਸਤੇ ਨਹੀਂ ਬਲਕਿ ਇਨਸਾਫ਼ ਤੇ ਧਰਮ ਦੀ 'ਹਿਫ਼ਾਜ਼ਤ' ਵਾਸਤੇ ਹਨ।)

ਸਿੱਖ ਦੇ ਰੋਜ਼ਾਨਮਚੇ ਵਿਚ ਅਕਾਲ ਤਖ਼ਤ ਸਾਹਿਬ, ਅਕਾਲ ਪੁਰਖ ਦਾ 'ਦਰਸ਼ਨ' ਹੈ। ਇਸ ਨੂੰ ਸਿੱਖ ਨੇ ਅਕਾਲ ਪੁਰਖ ਦਾ ਵਜੂਦ ਮੰਨ ਕੇ ਟੁਰਨਾ ਹੈ। ਇੱਥੋਂ ਸਿੱਖ ਨੂੰ ਧਰਮ, ਇਨਸਾਫ਼, ਇਨਸਾਨੀਅਤ, ਸੱਚ, ਸਰਬਤ ਦਾ ਭਲਾ, ਜੂਝਣ, ਸੇਵਾ ਕਰਨ, ਯਾਨਿ ਸਿੱਖੀ ਦੇ ਦਰਸ਼ਨ ਹੋਣੇ ਹਨ ਅਤੇ ਅਕਾਲ ਤਖ਼ਤ ਸਾਹਿਬ ਨੇ ਸਿੱਖ ਨੂੰ ਅਕਾਲ ਪੁਰਖ ਦੀ ਹਿਫ਼ਾਜ਼ਤ, ਮਿਹਰ, ਕਰਮ, ਬਖ਼ਸ਼ਿਸ਼ ਦੇਣੀ ਹੈ।

ਸਿੱਖ ਦੀ ਰੋਜ਼ਾਨਾ ਜ਼ਿੰਦਗੀ ਵਿਚ ਅਕਾਲ ਤਖ਼ਤ ਸਾਹਿਬ ਕੋਈ ਦੁਨਿਆਵੀ ਬਾਦਸ਼ਾਹ, ਪ੍ਰੈਜ਼ੀਡੈਂਟ, ਪ੍ਰਾਈਮ ਮਨਿਸਟਰ ਦੀ ਸੀਟ ਨਹੀਂ। ਇਹ ਕੋਈ ਅਫ਼ਸਰ, ਹਾਕਮ, ਨਾਜ਼ਮ, ਹਊਆ, ਦਿਓ (Monster) ਨਹੀਂ ਹੈ। ਇੱਥੇ ਸਿੱਖ ਦੀ ਵਫ਼ਾਦਾਰੀ ਨੇ ਸਿਰ ਝੁਕਾਉਣਾ ਹੈ ਅਤੇ ਅਕਾਲ ਪੁਰਖ ਨੇ ਉਸ ਸਿੱਖ ਨੂੰ ਗਲਵਕੜੀ ਵਿਚ ਲੈਣਾ ਹੈ।

'ਸਰਬਤ ਖਾਲਸਾ' ਦੀ ਜਮਾਤ (Institution) ਅਤੇ ਅਕਾਲ ਤਖ਼ਤ ਸਾਹਿਬ ਵਿਚ ਕਮਾਲ ਦਾ ਰਾਬਤਾ ਅਤੇ ਰਿਸ਼ਤਾ ਹੈ। ਸਾਰੇ ਸਿੱਖਾਂ ਦੇ ਨੁਮਾਇੰਦੇ (ਜੋ ਅਕਾਲ ਤਖ਼ਤ ਸਾਹਿਬ ਦੇ ਵਫ਼ਾਦਾਰ ਪਹਿਲੋਂ ਹਨ ਤੇ ਦੁਨਿਆਵੀ ਤਖ਼ਤਾਂ ਦੇ ਮਗਰੋਂ। ਯਾਨਿ ਜੋ ਟਕਰਾਅ ਦੀ ਹਾਲਤ ਵਿਚ ਅਕਾਲ ਤਖ਼ਤ ਸਾਹਿਬ ਅੱਗੇ ਸਿਰ ਝੁਕਾਉਣ) ਮਿਲ ਕੇ ਸਰਬਤ ਖਾਲਸਾ ਬਣਦੇ ਹਨ। ਅਕਾਲ ਤਖ਼ਤ ਸਾਹਿਬ ਅੱਗੇ ਇਕੱਠੇ ਹੋਣ ਦਾ ਮਤਲਬ ਇਹ ਨਹੀਂ ਕਿ ਸਾਰੀਆਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ। ਸਿਰਫ਼ ਏਨੇ ਨਾਲ ਹੀ ਸਰਬਤ ਖਾਲਸਾ ਨਹੀਂ ਬਣ ਜਾਂਦਾ। ਸਰਬਤ ਖਾਲਸਾ ਦਾ ਮਾਅਨਾ ਹੈ ਕਿ ਜਦੋਂ ਅਜਿਹੀ ਬੈਠਕ ਵਿਚ ਸ਼ਾਮਿਲ ਹੋ ਜਾਈਏ ਤਾਂ ਜਥੇਬੰਦੀ ਦੀ ਨੁਮਾਇੰਦਗੀ ਖ਼ਤਮ ਹੋ ਜਾਂਦੀ ਹੈ। ਇਸ ਬੈਠਕ ਵਿਚ ਹਰ ਹਾਜ਼ਿਰ ਖਾਲਸਾ, ਸਿਰਫ਼ ਤੇ ਸਿਰਫ਼ ਖਾਲਸਾ ਪੰਥ ਦਾ ਹਿੱਸਾ ਹੈ। ਸਰਬਤ ਖਾਲਸਾ ਇਕੱਠ ਵਿਚ ਬੈਠਣ ਤੋਂ ਮਗਰੋਂ ਇਹ ਅਹਿਸਾਸ ਖ਼ਤਮ ਹੋਣਾ ਜ਼ਰੂਰੀ ਹੈ ਕਿ ਹਾਜ਼ਿਰ ਹੋਣ ਵਾਲਾ ਖਾਲਸਾ ਕਿਸੇ ਧੜੇ, ਪਾਰਟੀ, ਜਥਾ, ਗਰੁੱਪ ਨਾਲ ਰਿਸ਼ਤਾ ਰੱਖਦਾ ਹੈ। ਇੱਥੇ ਰਿਸ਼ਤਾ ਸਿਰਫ਼ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ, ਪੰਥ, ਕੌਮ ਨਾਲ ਰਹਿ ਜਾਂਦਾ ਹੈ। ਜੇ ਸਰਬਤ ਖਾਲਸਾ ਬੈਠਕ ਵਿਚ ਆ ਕੇ ਅਜਿਹਾ ਅਹਿਸਾਸ ਨਹੀਂ ਆਉਂਦਾ ਅਤੇ ਵੱਖਰਾ-ਪਣ ਜਾਂ ਧੜੇ ਨਾਲ ਵਫ਼ਾਦਾਰੀ ਦੀ ਸੋਚ ਕਾਇਮ ਰਹਿੰਦੀ ਹੈ ਤਾਂ ਯਕੀਨਨ ਇਹ ਇਕੱਠ ਸਰਬਤ ਖਾਲਸਾ ਇਕੱਠ ਨਾ ਹੋ ਕੇ 'ਆਲ ਪਾਰਟੀਜ਼ ਮੀਟਿੰਗ' ਹੋਵੇਗੀ।

ਅਕਾਲ ਤਖ਼ਤ ਸਾਹਿਬ ਦਾ 'ਹੁਕਮਨਾਮਾ' ਵੀ ਨਿੱਜੀ ਆਰਡਰ, ਬਿਆਨ, ਹੁਕਮ, ਫ਼ੈਸਲਾ ਨਹੀਂ ਹੁੰਦਾ। 'ਸਰਬਤ ਖਾਲਸਾ' ਦਾ 'ਗੁਰਮਤਾ' ਜਦੋਂ ਤਖ਼ਤ ਸਾਹਿਬ ਤੋਂ ਐਲਾਨਿਆ ਜਾਏ ਤਾਂ ਉਹ 'ਹੁਕਮਨਾਮਾ' ਬਣ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਦੀਆਂ ਹਿਦਾਇਤਾਂ, ਪੰਜ ਗ੍ਰੰਥੀਆਂ ਜਾਂ ਸਿੰਘਾਂ ਜਾਂ ਸਲਾਹਕਾਰ ਕਮੇਟੀਆਂ ਦੇ ਫ਼ੈਸਲੇ ਗੁਰਮਤੇ ਨਹੀਂ ਹਨ ਅਤੇ ਇਸੇ ਕਰ ਕੇ ਇਹ ਹੁਕਮਨਾਮੇ ਵੀ ਨਹੀਂ ਹਨ।

ਅਕਾਲ ਤਖ਼ਤ ਸਾਹਿਬ ਕੋਈ 'ਨਿੱਕੇ ਮੋਟੇ ਝਗੜਿਆਂ ਦੀ ਸਾਲਸੀ ਦੀ ਅਦਾਲਤ' (Court for petty disputes) ਨਹੀਂ ਹੈ। ਇਹ ਨਵਾਂ ਰੋਲ (ਜੋ 27 ਸਿਤੰਬਰ 1979 ਦੇ ਦਿਨ ਗੁਰਚਰਨ ਸਿੰਘ ਟੌਹੜਾ ਵੱਲੋਂ ਸਾਧੂ ਸਿੰਘ ਭੌਰਾ ਵੇਲੇ ਸ਼ੁਰੂ ਕੀਤਾ ਗਿਆ) ਸਿੱਖ ਤਵਾਰੀਖ਼ ਵਿਚ ਨਵੀਂ ਪਿਰਤ ਹੈ। ਸਿੱਖ ਪਾਰਟੀਆਂ ਵਿਚ ਏਕਤਾ ਤੇ ਸਾਂਝ ਦੀਆਂ ਗੱਲਾਂ ਪਹਿਲੋਂ ਵੀ ਹੁੰਦੀਆਂ ਰਹੀਆਂ ਹਨ। ਸੰਨ 1933 ਵਿਚ ਗੁਰਸੇਵਕ ਸਭਾ ਵੀ ਬਣੀ ਸੀ। ਫਿਰ 1935 ਵਿਚ ਬਾਬਾ ਵਿਸਾਖਾ ਸਿੰਘ ਦਦੇਹਰ ਤੇ ਬਾਬਾ ਸੋਹਨ ਸਿੰਘ ਭਕਨਾ ਨੇ ਵੀ ਅਕਾਲੀ ਧੜਿਆਂ ਵਿਚ ਏਕਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਤਰੀਕੇ ਸਮਝ ਆਉਣ ਵਾਲੇ ਸਨ, ਪਰ ਅਜੋਕੇ ਮਾਹੌਲ ਵਿਚ ਤਾਂ ਇਸ ਨੂੰ 'ਇੰਡਸਟਰੀਅਲ ਡਿਸਪਿਊਟਜ਼ ਆਰਬਿਟਰੇਟਰ' (Industrial disputes arbitrator) ਅਹੁਦੇ ਵਾਂਗ ਵਰਤਿਆ ਜਾਂਦਾ ਰਿਹਾ ਹੈ। ਸਿੱਖ ਸਿਆਸੀ ਪਾਰਟੀਆਂ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ 'ਨਿਸ਼ਾਨੇ ਵਾਸਤੇ ਸਾਂਝੀ ਜੱਦੋ-ਜਹਿਦ' ਬਾਰੇ, ਵਿਚਾਰਾਂ ਕਰ ਕੇ, ਗੁਰਮਤਾ ਕਰਨ ਦੀ ਗੱਲ ਤਾਂ ਸਮਝ ਪੈ ਸਕਦੀ ਹੈ, ਪਰ ਜੋ ਕੁਝ ਹੁਣ ਕੀਤਾ ਜਾਂਦਾ ਰਿਹਾ ਹੈ, ਉਹ ਬੇਸਮਝੀ ਦਾ ਇਜ਼ਹਾਰ ਕਰਨ ਵਾਲੀਆਂ ਕਾਰਵਾਈਆਂ ਹਨ। 'ਤਾਲੋਂ ਘੁੱਥੀ ਡੂੰਮਣੀ ਬੋਲੇ ਆਲ ਪਤਾਲ'।

ਕੋਈ ਅਕਾਲ ਤਖ਼ਤ ਸਾਹਿਬ ਨੂੰ ਸਿਰਫ਼ ਧਾਰਮਿਕ ਬਣਾਉਣ ਦੀ ਗੱਲ ਕਰਦਾ ਹੈ। ਕੋਈ ਸਿਰਫ਼ ਸਿਆਸੀ ਜਥੇਬੰਦੀਆਂ ਦਾ ਵਿਚੋਲਾ ਬਣਾਉਣਾ ਚਾਹੁੰਦਾ ਹੈ। ਕੋਈ ਅਕਾਲ ਤਖ਼ਤ ਸਾਹਿਬ ਦੇ ਵਜੂਦ, ਜਮਾਤ, ਹੈਸੀਅਤ ਬਾਰੇ ਲੇਖ, ਬਿਆਨ ਤੇ ਚਰਚਾ ਕਰਨ ਤੁਰ ਪਏ ਹਨ। ਇਹ ਸਾਰਾ ਕੁਝ ਬੇਸਮਝੀ ਜਾਂ ਸਾਜ਼ਿਸ਼ ਵਿਚੋਂ ਪੈਦਾ ਹੋ ਰਿਹਾ ਹੈ ਅਤੇ ਇਸ ਦੇ ਗੁਨਾਹਗਾਰ ਤਿੰਨ ਟੋਲਿਆਂ ਵਿਚੋਂ ਆਏ ਹਨ—ਕਾਮਰੇਡ ਅਤੇ ਫ਼ਿਰਕੂ ਹਿੰਦੂ (ਜਿਨ੍ਹਾਂ ਦਾ ਸਿੱਖੀ ਅਤੇ ਧਰਮ ਨਾਲ ਕੋਈ ਸਰੋਕਾਰ ਨਹੀਂ); ਮੌਕਾ ਪ੍ਰਸਤ ਲੀਡਰ (ਜੋ ਤਾਕਤ, ਅਹੁਦੇ, ਵਜ਼ੀਰੀਆਂ ਅਤੇ ਹੋਰ ਲਾਲਚ ਜਾਂ ਖ਼ੁਦਗਰਜ਼ੀ ਨਾਲ ਜੁੜੇ ਹੋਏ ਹਨ); ਅਤੇ ਕੁਝ ਪੁਜਾਰੀ ਲੋਕ (ਜੋ ਅਕਾਲ ਤਖ਼ਤ ਸਾਹਿਬ ਦਾ ਮਾਅਨਾ ਨਹੀਂ ਜਾਣਦੇ ਇਸ ਨੂੰ 'ਦਿਓ' ਵਰਗੀ ਤਾਕਤ ਬਣਾ ਕੇ ਹਊਏ ਵਾਂਗ ਪੇਸ਼ ਕਰ ਰਹੇ ਹਨ)। ਇਹ ਤਿੰਨੇ ਤਰ੍ਹਾਂ ਦੇ ਲੋਕ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕਰਨ ਦੀ ਕੋਸ਼ਿਸ਼ ਦੇ ਮੁਜਰਿਮ ਹਨ। ਅਕਾਲ ਤਖ਼ਤ ਸਾਹਿਬ ਦਾ ਰੋਲ ਸਮਝੇ ਬਿਨਾਂ ਕੀਤੀਆਂ ਕਾਰਵਾਈਆਂ ਵਿਚੋਂ ਇਹੀ ਕੁਝ ਨਿਕਲ ਸਕਦਾ ਹੈ।

6

ਇਸ ਹਾਲਤ ਵਿਚ ਸਭ ਤੋਂ ਅਜੀਬ ਰੋਲ ਸਿੱਖ ਵਿਦਵਾਨਾਂ ਦਾ ਹੈ। ਅਜਿਹਾ ਜਾਪਦਾ ਹੈ ਕਿ ਬਹੁਤੇ ਵਿਦਵਾਨ ਜਾਂ ਤਾਂ ਸੌਂ ਰਹੇ ਹਨ ਅਤੇ ਜਾਂ ਮਰਦਾਨਗੀ ਤੇ ਜੁਅਰਤ ਤੋਂ ਸੱਖਣੇ ਹਨ। ਇਨ੍ਹਾਂ ਕੋਲ ਏਨੀ ਜੁਅਰਤ ਨਹੀਂ ਕਿ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਰੋਕ ਸਕਣ। 'ਜਥੇਦਾਰ' ਦਾ ਅ-ਸਿੱਖ ਅਹੁਦਾ, ਅਕਾਲ ਤਖ਼ਤ ਸਾਹਿਬ ਤੋਂ ਗ਼ਲਤ ਬੰਦਿਆਂ ਨੂੰ ਸਿਰੋਪੇ ਅਤੇ ਅਖੌਤੀ-ਹੁਕਮਨਾਮੇ ਅਤੇ ਪੰਥ 'ਚੋਂ ਛੇਕਣਾ, ਅਜੀਬੋ-ਗ਼ਰੀਬ ਸਲਾਹਾਂ ਤੇ ਬਿਆਨ, ਫ਼ਲਸਫ਼ੇ ਨਾਲ ਜ਼ਿਆਦਤੀ ਨੂੰ ਰੋਕਣ ਦੀ ਬਜਾਇ ਕੁਝ ਵਿਦਵਾਨ ਛੋਟੇ-ਛੋਟੇ ਲਾਲਚ ਅਤੇ ਕਮਜ਼ੋਰੀਆਂ ਵੱਸ ਹੋ

ਕੇ, ਸਗੋਂ ਆਪ ਇਸ ਦਲਦਲ ਦਾ ਸ਼ਿਕਾਰ ਹੋ ਰਹੇ ਹਨ। ਇਹ 'ਵਿਦਵਾਨ' ਧੜਿਆਂ ਦਾ ਪੱਖ ਪੂਰ ਕੇ ਪੰਥ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

7

(ਇਕ ਨੁਕਤਾ 'ਸਿੰਘ ਸਾਹਿਬ' ਬਾਰੇ ਵੀ। **'ਸਿੰਘ ਸਾਹਿਬ'** ਸਿਰਫ਼ ਦਸਵੇਂ ਨਾਨਕ ਵਾਸਤੇ ਵਰਤਿਆ ਗਿਆ ਸੀ। ਇਸ ਦਾ ਮਾਅਨਾ ਹੈ: 'ਸਿੰਘਾਂ ਦਾ ਸਾਹਿਬ' (ਸਿੰਘਾਂ ਦਾ ਰਖਵਾਲਾ), ਮਹਾਰਾਜਾ ਰਣਜੀਤ ਸਿੰਘ ਨੇ ਇਹ ਲਫ਼ਜ਼ ਆਪਣੇ ਵਾਸਤੇ ਵਰਤ ਕੇ ਆਪਣੇ ਆਪ ਨੂੰ ਸਿੰਘਾਂ ਦਾ ਮੁਹਾਫ਼ਿਜ਼ ਆਖਿਆ ਸੀ, ਜੋ ਗ਼ਲਤ ਸੀ। ਰਣਜੀਤ ਸਿੰਘ ਸਿੰਘਾਂ ਦਾ ਰਖਵਾਲਾ ਨਹੀਂ ਸੀ, ਸਿੰਘ ਭਾਵੇਂ ਉਸਦੇ 'ਰਖਵਾਲੇ' ਜ਼ਰੂਰ ਸਨ। ਇਹ ਪਰਪਾਟੀ ਹੁਣ ਫੇਰ ਸ਼ੁਰੂ ਹੋਈ ਹੈ। ਇਹ ਦਸਮ ਪਾਤਸ਼ਾਹ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਹੈ। ਸਿੰਘਾਂ ਦਾ ਮੁਹਾਫ਼ਿਜ਼ ਵਾਹਿਗੁਰੂ ਆਪ ਹੈ ਨਾ ਕਿ ਕੋਈ ਗ੍ਰੰਥੀ ਜਾਂ ਪੁਜਾਰੀ। ਇਹ 'ਸਿੰਘ ਸਾਹਿਬੀ' ਦੀ ਵਰਤੋਂ ਵੀ ਗ਼ਲਤ ਤੇ ਅਸਿੱਖ ਕਾਰਵਾਈ ਹੈ। ਇਹ ਗ੍ਰੰਥੀਆਂ ਅਤੇ ਪੁਜਾਰੀਆਂ ਦੀ ਨਵੀਂ ਕਲਾਸ ਅਤੇ ਨਵੀਂ ਤਾਕਤ ਪੈਦਾ ਕਰਨ ਦੀ ਸਾਜ਼ਿਸ਼ ਹੈ।)

ਅਕਾਲ ਤਖ਼ਤ ਸਾਹਿਬ ਦਾ 'ਜਥੇਦਾਰ'

ਬੀਤੇ 20 ਸਾਲਾਂ ਵਿਚ ਸਿੱਖ ਤਾਰੀਖ਼ ਵਿਚ ਸਭ ਤੋਂ ਵਧੇਰੇ ਜ਼ਿਕਰ ਅਕਾਲ ਤਖ਼ਤ ਸਾਹਿਬ ਦੇ (ਅਖੌਤੀ) ਜਥੇਦਾਰ, ਉਸ ਦੀ ਨਾਮਜ਼ਦਗੀ ਤੇ ਬਰਤਰਫ਼ੀ, ਉਸ ਦੇ ਕੰਮ, ਹੱਕ ਤੇ ਫ਼ਰਜ਼ ਅਤੇ ਉਸ ਦੇ (ਅਖੌਤੀ) ਹੁਕਮਨਾਮਿਆਂ ਤੇ ਫ਼ੈਸਲਿਆਂ ਦਾ ਹੋਇਆ ਹੈ।

ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ। ਇਸ ਤਖ਼ਤ ਦੀ ਵਫ਼ਾਦਾਰੀ ਰੱਖਣ ਦਾ ਮਤਲਬ ਹੀ ਹਰ ਇਕ ਇਨਸਾਨ ਦੀ ਖ਼ੁਦਮੁਖ਼ਤਿਆਰ ਅਤੇ ਆਜ਼ਾਦ ਹਸਤੀ ਨੂੰ ਯਕੀਨੀ ਬਣਾਉਣਾ ਹੈ। ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਵਿਚ ਹੀ ਇਹ ਸ਼ਾਮਿਲ ਹੈ ਕਿ ਕੋਈ ਕਿਸੇ ਦਾ ਗ਼ੁਲਾਮ ਜਾਂ ਹਾਕਮ ਨਹੀਂ ਹੈ। ਹਰ ਇਨਸਾਨ ਅਕਾਲ ਪੁਰਖ ਦੀ ਰਿਆਇਆ ਹੈ। ਯਾਨਿ ਹਰ ਇਕ ਦਾ ਸਿੱਧਾ ਰਾਬਤਾ ਅਕਾਲ ਪੁਰਖ ਨਾਲ ਹੈ। ਉਂਞ ਵੀ ਅਕਾਲ ਪੁਰਖ ਦੀ ਕਿਸੇ ਚੀਜ਼ ਉੱਤੇ ਕੋਈ ਹਾਕਮ ਹੋ ਹੀ ਨਹੀਂ ਸਕਦਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਪ੍ਰਗਟ ਕੀਤਾ ਸੀ ਤਾਂ ਉਨ੍ਹਾਂ ਨੇ ਇਸ ਨੂੰ ਇਨ੍ਹਾਂ ਮਾਅਨਿਆਂ ਵਿਚ ਹੀ ਪ੍ਰਗਟ ਕੀਤਾ ਸੀ। ਜਦੋਂ ਦਸਵੇਂ ਪਾਤਿਸ਼ਾਹ ਨੇ ਖਾਲਸਾ ਪ੍ਰਗਟ ਕੀਤਾ ਤਾਂ ਉਸ ਦੀ ਬੁਨਿਆਦ ਵੀ ਇਹੋ ਸੀ ਕਿ ਖਾਲਸਾ ਅਕਾਲ ਪੁਰਖ ਦੀ ਫ਼ੌਜ ਹੈ, ਖਾਲਸਾ ਅਕਾਲ ਪੁਰਖ ਦਾ ਆਪਣਾ ਹੈ। ਖਾਲਸਾ ਅਕਾਲ ਪੁਰਖ ਦੇ ਤਖ਼ਤ ਸਾਹਿਬ ਦੀ ਵਫ਼ਾਦਾਰੀ ਹੇਠ, ਉਸ ਵਾਹਿਗੁਰੂ ਦੀ ਰਿਆਇਆ ਹੈ।

ਅਕਾਲ ਤਖ਼ਤ ਸਾਹਿਬ, ਛੇਵੇਂ ਨਾਨਕ ਨੇ, 1609 ਵਿਚ ਪ੍ਰਗਟ ਕੀਤਾ ਸੀ। ਉਹ 1612 ਤਕ ਤੇ ਫਿਰ 1620 ਤੋਂ 1634 ਤਕ ਬਹੁਤਾ ਸਮਾਂ ਅੰਮ੍ਰਿਤਸਰ ਰਹੇ ਸਨ ਤੇ ਇਸ ਦੌਰਾਨ ਉਹ ਤਖ਼ਤ ਸਾਹਿਬ ਦੀ ਕਾਰਵਾਈ ਏਥੋਂ ਚਲਾਂਦੇ ਰਹੇ। 1635 ਵਿਚ ਉਹ ਕੀਰਤਪੁਰ ਸਾਹਿਬ ਚਲੇ ਗਏ। ਇਸ ਮਗਰੋਂ ਛੇਵੇਂ, ਸਤਵੇਂ ਤੇ ਅਠਵੇਂ ਪਾਤਿਸ਼ਾਹ ਵਧੇਰੇ

ਕਰ ਕੇ ਕੀਰਤਪੁਰ ਸਾਹਿਬ ਰਹੇ। ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਸਾਹਿਬ ਗੁਰਗੱਦੀ ਸੰਭਾਲਣ ਮਗਰੋਂ ਬਕਾਲਾ (ਹੁਣ ਬਾਬਾ ਬਕਾਲਾ), ਚੱਕ ਨਾਨਕੀ ਅਤੇ ਪਟਨਾ ਵਿਚ ਰਹੇ। ਦਸਵੇਂ ਪਾਤਿਸ਼ਾਹ ਚੱਕ ਨਾਨਕੀ, ਪਾਉਂਟਾ ਸਾਹਿਬ, ਅਨੰਦਪੁਰ ਸਾਹਿਬ, ਤਲਵੰਡੀ ਸਾਬੋ ਅਤੇ ਨੰਦੇੜ ਵਿਚ ਰਹੇ। ਇਸ ਦੌਰਾਨ ਉਹ ਸਾਰੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇਨ੍ਹਾਂ ਥਾਵਾਂ ਤੋਂ ਚਲਾਉਂਦੇ ਰਹੇ।

ਗੁਰੂ ਸਾਹਿਬ ਮਗਰੋਂ ਪੰਥ ਦੀ ਸਿਆਸੀ ਅਗਵਾਈ ਸਰਬਤ ਖਾਲਸਾ ਕੋਲ ਆ ਗਈ। ਸਰਬਤ ਖਾਲਸਾ ਦੀ ਫ਼ੌਜ ਖਾਲਸਾ ਦਲ (ਜਾਂ ਦਲ ਖਾਲਸਾ) ਦੇ ਆਗੂ ਆਪਣਾ ਇਕ ਸਿਰਦਾਰ ਚੁਣਦੇ ਸਨ। ਪਹਿਲੋਂ ਬਾਬਾ ਬੰਦਾ ਸਿੰਘ, ਫੇਰ ਬਾਬਾ ਦਰਬਾਰਾ ਸਿੰਘ ਜੀ, ਫੇਰ ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸਾ ਫ਼ੌਜਾਂ ਦੇ ਜਥੇਦਾਰ ਰਹੇ। ਦਲ ਖਾਲਸਾ ਜਥੇਦਾਰ ਸਾਲ ਵਿਚ ਦੋ ਵਾਰ (ਮਾਰਚ-ਅਪਰੈਲ ਅਤੇ ਅਕਤੂਬਰ-ਨਵੰਬਰ) ਸਰਬਤ ਖਾਲਸਾ (ਮਿਸਲਾਂ ਤੇ ਜਥਿਆਂ) ਦੇ ਨੁਮਾਇੰਦਿਆਂ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ (ਜੇ ਮਜਬੂਰੀ ਹੋਵੇ ਤਾਂ ਕਿਸੇ ਹੋਰ ਥਾਂ 'ਤੇ ਵੀ) ਬੁਲਾਇਆ ਕਰਦਾ ਸੀ। ਇਸ ਇਕੱਠ ਵਿਚ ਪੰਥ ਦੇ ਕੌਮੀ ਮਸਲੇ ਵਿਚਾਰੇ ਜਾਇਆ ਕਰਦੇ ਸਨ। 1783 ਤੋਂ ਮਗਰੋਂ ਜਦੋਂ ਸਿੱਖ ਮਿਸਲਾਂ ਨੇ ਆਪੋ-ਆਪਣੀ ਰਾਖੀ ਵਾਲੇ ਇਲਾਕਿਆਂ ਵਿਚ ਆਪਣੀ ਹਕੂਮਤ ਕਾਇਮ ਕਰ ਲਈ ਤਾਂ ਇਹ ਸਰਬਤ ਖਾਲਸਾ ਇਕੱਠ ਹੋਣੇ ਬੰਦ ਹੋ ਗਏ। 1799 ਤੋਂ ਬਾਅਦ (ਮਹਾਰਾਜਾ) ਰਣਜੀਤ ਸਿੰਘ ਦਾ ਬੋਲਬਾਲਾ ਕਾਇਮ ਹੋ ਗਿਆ। ਉਹ ਆਪਣੇ ਆਪ ਨੂੰ ਮਿਸਲਾਂ 'ਚੋਂ ਅੱਵਲ ਸਮਝ ਕੇ, ਵਧੇਰੀ ਤਾਕਤ ਹੋਣ ਕਰ ਕੇ, ਆਪਣੇ ਆਪ ਨੂੰ ਸਾਰੇ ਪੰਜਾਬ ਦਾ 'ਸਿਰਦਾਰ' ਸਮਝਣ ਲਗ ਪਿਆ। 1805 ਵਿਚ ਲਾਰਡ ਲੇਕ ਅਤੇ ਹੋਲਕਰ ਦੇ ਝਗੜੇ ਬਾਰੇ ਇਕ ਸਰਬਤ ਖਾਲਸਾ ਇਕਠ ਬੁਲਾਉਣ ਮਗਰੋਂ ਉਸ ਨੇ ਅਜਿਹੇ ਇਕੱਠ ਬੰਦ ਕਰ ਦਿਤੇ ਸਨ, ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਉਸ ਨੂੰ ਸਰਬਤ ਖਾਲਸਾ ਦੇ ਨਾਂ 'ਤੇ ਸਲਾਹ ਦੇਵੇ। (ਇਸ ਤੋਂ ਬਾਅਦ 15 ਨਵੰਬਰ 1920 ਤਕ ਹੋਈ ਸਰਬਤ ਖਾਲਸਾ ਇਕੱਠ ਨਹੀਂ ਹੋਇਆ)।

ਅਠਾਰ੍ਹਵੀਂ ਸਦੀ ਵਿਚ ਸਰਬਤ ਖਾਲਸਾ ਇਕੱਠ ਪੰਥ ਦਾ ਮੁਖੀ ਜਥੇਦਾਰ ਬੁਲਾਇਆ ਕਰਦਾ ਸੀ। ਉਸ ਤੋਂ ਇਲਾਵਾ ਗੁਰਦੁਆਰਿਆਂ ਦੀ ਸੇਵਾ-ਸੰਭਾਲ (ਪ੍ਰਧਾਨਗੀ ਜਾਂ ਜਥੇਦਾਰੀ ਨਹੀਂ) 1734 ਤੋਂ ਹੀ ਬੁੱਢਾ ਦਲ ਕੋਲ ਸੀ। ਬੁੱਢਾ ਦਲ ਵਿਚੋਂ ਵੀ ਜ਼ਿਆਦਾਤਰ ਮਿਸਲ ਸ਼ਹੀਦਾਂ ਦੇ ਨੁਮਾਇੰਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਰਹੇ। ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਬਾਅਦ ਬਾਬਾ ਨੈਣਾ ਸਿੰਘ (ਜੋ ਅਕਾਲੀ ਅਖਵਾਉਂਦੇ ਸਨ), ਨਿਹੰਗ ਸਿੰਘਾਂ ਦੇ ਜਥੇਦਾਰ ਵਜੋਂ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਰਹੇ। ਬਾਬਾ ਨੈਣਾ ਸਿੰਘ ਤੋਂ ਬਾਅਦ ਇਹ ਸੇਵਾ-ਸੰਭਾਲ ਸ: ਫੂਲਾ ਸਿੰਘ ਅਕਾਲੀ ਨੇ ਨਿਭਾਈ ਸੀ। ਅਕਾਲੀ ਫੂਲਾ ਸਿੰਘ 1800 ਵਿਚ ਅੰਮ੍ਰਿਤਸਰ ਆ ਗਏ ਸਨ। ਏਥੇ ਆ ਕੇ ਉਨ੍ਹਾਂ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਵੀ ਸੰਭਾਲ ਲਈ ਸੀ।

ਸਿੱਖ ਤਵਾਰੀਖ਼ ਵਿਚ ਅਕਾਲੀ ਫੂਲਾ ਸਿੰਘ ਵਲੋਂ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ 'ਸਜ਼ਾ' ਲਾਉਣ ਦਾ ਜ਼ਿਕਰ ਆਉਂਦਾ ਹੈ। (ਵੇਖੋ ਚੈਪਟਰ : ਮਹਾਰਾਜਾ ਰਣਜੀਤ ਸਿੰਘ ਦਾ ਜ਼ਮਾਨਾ) ਪਰ ਅਕਾਲੀ ਫੂਲਾ ਸਿੰਘ ਨੇ ਰਣਜੀਤ ਸਿੰਘ ਨੂੰ ਇਹ ਤਨਖ਼ਾਹ ਬਤੌਰ 'ਜਥੇਦਾਰ ਅਕਾਲ ਤਖ਼ਤ ਸਾਹਿਬ' ਨਹੀਂ ਲਾਈ ਸੀ। ਅਕਾਲੀ ਫੂਲਾ

ਸਿੰਘ ਤਾਂ ਅਕਾਲ ਤਖ਼ਤ ਸਾਹਿਬ ਦੇ 'ਮੁਖ ਸੇਵਾਦਾਰ' ਸਨ। ਉਨ੍ਹਾਂ ਬਾਰੇ ਮਿਲਦੀ ਤਾਰੀਖ਼ੀ ਸਮੱਗਰੀ ਜਾਂ 1926 ਤੋਂ ਪਹਿਲਾਂ ਦੀ ਕਿਸੇ ਵੀ ਕਿਤਾਬ ਵਿਚ ਵੀ, ਇਹ ਜ਼ਿਕਰ ਨਹੀਂ ਮਿਲਦਾ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਅਖੌਤੀ 'ਜਥੇਦਾਰ' ਸਨ।

ਇੰਞ ਹੀ ਗੁਰ-ਬਿਲਾਸ ਪਾਤਸ਼ਾਹੀ ਛੇਵੀਂ (ਜੋ 1718 ਦੀ ਨਹੀਂ, ਬਲਕਿ ਉੱਨੀਵੀਂ ਸਦੀ ਦੇ ਪਹਿਲੇ ਅੱਧ ਦੀ ਕਿਤਾਬ ਹੈ) ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜਦੋਂ 31 ਦਿਸੰਬਰ 1612 ਦੇ ਦਿਨ ਦਿੱਲੀ ਵਲ ਚਲੇ ਤਾਂ ਉਹ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਬਾਬਾ ਬੁੱਢਾ ਜੀ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਭਾਈ ਗੁਰਦਾਸ ਜੀ ਨੂੰ ਸੌਂਪ ਗਏ। ਇਸ ਤੋਂ ਹੀ ਕਿਸੇ ਬੇਸਮਝ 'ਲੇਖਕ' ਨੇ ਇਹ 'ਖੋਜ' ਕੱਢ ਮਾਰੀ ਕਿ ਗੁਰੂ ਹਰਿਗੋਬਿੰਦ ਸਾਹਿਬ ਭਾਈ ਗੁਰਦਾਸ ਨੂੰ ਅਕਾਲ ਤਖ਼ਤ ਦਾ (ਪਹਿਲਾ) ਜਥੇਦਾਰ ਬਣਾ ਕੇ ਗਏ ਸਨ। ਇਸ ਬੇਥਵੀ ਗੱਲ ਨੂੰ ਕਈ ਲੇਖਕਾਂ ਤੇ ਆਗੂਆਂ ਨੇ 'ਖੋਜ' ਸਮਝ ਕੇ ਵਰਤਣਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੇ ਆਪਣੇ ਹੁੰਦਿਆਂ ਕਿਸੇ ਨੂੰ ਅਕਾਲ ਤਖ਼ਤ ਸਾਹਿਬ ਦੀ ਤਾਕਤ ਸੌਂਪੇ ਜਾਣ ਦੀ ਗੱਲ ਬੇਮਾਅਨਾ ਹੈ। ਅਕਾਲ ਤਖ਼ਤ ਸਾਹਿਬ ਕੋਈ ਸਿੱਲ, ਪੱਥਰ ਜਾਂ ਕੁਰਸੀ ਨਹੀਂ, ਜਿਸ ਤੋਂ ਦੂਰ ਜਾਣ ਵੇਲੇ ਇਕ ਚੌਕੀਦਾਰ, ਸਰਬਰਾਹ, ਪਹਿਰੇਦਾਰ ਬਿਠਾਉਣਾ ਪੈਂਦਾ ਸੀ। ਹਾਂ ਈਮਾਰਤ ਦੀ ਰਾਖੀ ਜਾਂ ਸੇਵਾ-ਸੰਭਾਲ ਵਾਸਤੇ 'ਸੇਵਾਦਾਰ' ਜ਼ਰੂਰ ਰੱਖਿਆ ਜਾ ਸਕਦਾ ਹੈ। ਗੁਰੂ ਸਾਹਿਬ ਤਾਂ ਆਪ ਅਕਾਲ ਪੁਰਖ ਦੇ ਤਖ਼ਤ ਦੇ ਸਰਬਰਾਹ ਸਨ। ਉਹ ਜਿੱਥੇ ਵੀ ਰਹੇ ਉੱਥੋਂ ਉਹ ਹੁਕਮਨਾਮੇ ਭੇਜਦੇ ਰਹੇ (ਗੁਰੂ ਸਾਹਿਬਾਨ ਦੇ ਕਈ ਥਾਂਵਾਂ ਤੋਂ ਜਾਰੀ ਹੋਏ ਹੁਕਮਨਾਮੇ ਮਿਲਦੇ ਹਨ)।

ਭਾਈ ਗੁਰਦਾਸ ਨੂੰ ਪਹਿਲਾ ਅਖੌਤੀ-ਜਥੇਦਾਰ ਆਖਣ ਵਾਲਿਆਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਲਫ਼ਜ਼ ਜਥੇਦਾਰ ਸਿੱਖ ਤਵਾਰੀਖ਼ ਵਿਚ ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਵੇਲੇ ਵਰਤਿਆ ਗਿਆ ਸੀ। (ਉਸ ਵੇਲੇ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ, ਦੋਹਾਂ ਦੀ ਸੇਵਾ-ਸੰਭਾਲ ਭਾਈ ਮਨੀ ਸਿੰਘ ਜੀ ਕੋਲ ਸੀ) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਜੀ ਖਾਲਸਾ ਫ਼ੌਜਾਂ ਦਾ ਜਥੇਦਾਰ ਬਣਾ ਕੇ ਭੇਜਿਆ ਸੀ। 'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਲਫ਼ਜ਼ ਤਾਂ 12 ਅਕਤੂਬਰ 1920 ਤੋਂ ਪਹਿਲਾਂ ਕਿਤੇ ਨਹੀਂ ਮਿਲਦਾ। 12 ਅਕਤੂਬਰ 1920 ਦੇ ਦਿਨ ਜਦੋਂ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਤੇ ਪੁਜਾਰੀ ਤਖ਼ਤ ਛੱਡ ਕੇ ਖਿਸਕ ਗਏ ਤਾਂ ਉੱਥੇ ਹਾਜ਼ਿਰ ਸਿੱਖਾਂ ਨੇ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਇਕ ਜਥਾ ਚੁਣਿਆ। ਇਸ ਜਥੇ ਵਾਸਤੇ 17 ਸਿੱਖਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਪੇਸ਼ ਕੀਤਾ। ਇਨ੍ਹਾਂ 17 ਸਿੱਖਾਂ ਦੇ 'ਜਥੇ ਦੇ ਜਥੇਦਾਰ' ਭਾਈ ਤੇਜਾ ਸਿੰਘ ਜੀ ਭੁੱਚਰ ਬਣਾਏ ਗਏ ਸਨ। ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਹੀਂ ਬਣਾਏ ਗਏ ਸਨ। ਉਂਞ ਇਸ ਮਗਰੋਂ ਕੁਝ ਲੋਕ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲੇ ਜਥੇ ਦੇ ਮੁਖੀ ਨੂੰ ਗ਼ਲਤੀ ਨਾਲ 'ਤਖ਼ਤ ਦਾ ਜਥੇਦਾਰ' ਆਖਣ ਲਗ ਪਏ। ਗ਼ਲਤੀ ਨੂੰ ਰਿਵਾਇਤ ਜਾਂ ਫ਼ਲਸਫ਼ਾ ਮੰਨ ਲੈਣ ਵਾਲੇ ਇਤਿਹਾਸਕਾਰ ਜਾਂ ਵਿਦਵਾਨ ਨਹੀਂ ਹੁੰਦੇ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' 1926 ਵਿਚ ਤਿਆਰ ਕੀਤਾ (ਤੇ 1930 ਵਿਚ ਛਾਪਿਆ) ਸੀ, ਉਨ੍ਹਾਂ ਨੇ ਇਸ ਕੋਸ਼ ਵਿਚ ਕਿਸੇ ਐਂਟਰੀ ਵਿਚ ਵੀ ਲਫ਼ਜ਼

'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਨਹੀਂ ਵਰਤਿਆ, 'ਮਹਾਨ ਕੋਸ਼' ਵਿਚ ਅਕਾਲ ਤਖ਼ਤ ਸਾਹਿਬ ਜਾਂ ਜਥੇਦਾਰ ਲਫ਼ਜ਼ ਦੀ ਐਂਟਰੀ ਵਿਚ ਕਿਸੇ 'ਅਕਾਲ ਤਖ਼ਤ ਸਾਹਿਬ ਦੇ ਜਥੇਦਾਰ' ਦਾ ਜ਼ਿਕਰ ਜਾਂ ਉਸ ਵਲ ਜ਼ਰਾ-ਮਾਸਾ ਇਸ਼ਾਰਾ ਵੀ ਨਹੀਂ ਮਿਲਦਾ।

ਕੁਝ ਲੋਕ ਭਾਈ ਮਨੀ ਸਿੰਘ ਨੂੰ 1721 ਵਿਚ ਮਾਤਾ ਸਾਹਿਬ ਕੌਰ ਵਲੋਂ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾਉਣ ਦਾ ਜ਼ਿਕਰ ਕਰਦੇ ਹਨ। ਪਰ ਇਹ ਵੀ ਸਹੀ ਨਹੀਂ ਹੈ। ਭਾਈ ਮਨੀ ਸਿੰਘ ਤਾਂ 1698 ਤੋਂ ਹੀ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਸਨ। ਦੂਜਾ, ਤਵਾਰੀਖ਼ ਦੇ ਕਿਸੇ ਸੋਮੇ ਵਿਚ ਉਨ੍ਹਾਂ ਨੂੰ 'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਨਹੀਂ ਲਿਖਿਆ ਗਿਆ। ਭਾਈ ਰਤਨ ਸਿੰਘ ਭੰਗੂ ਨੇ 1841 ਵਿਚ (ਇਕ ਸੋਮੇ ਮੁਤਾਬਿਕ 1809 ਵਿਚ) 'ਪ੍ਰਾਚੀਨ ਪੰਥ ਪ੍ਰਕਾਸ਼' ਲਿਖਿਆ। ਉਹ ਭਾਈ ਮਨੀ ਸਿੰਘ ਨੂੰ 'ਪੁਜਾਰਨ ਸਿਓਂ ਵਡੋ ਪੁਜਾਰੀ' ਲਿਖਦੇ ਹਨ, ਨਾ ਕਿ ਜਥੇਦਾਰ।

ਇੰਞ ਹੀ ਇਕ ਲੇਖਕ ਨੇ (ਸਾਹਿਬਜ਼ਾਦਾ) ਅਜੀਤ ਸਿੰਘ ਨੂੰ ਵੀ ਅਕਾਲ ਤਖ਼ਤ ਸਾਹਿਬ 'ਜਥੇਦਾਰ' ਲਿਖਿਆ ਹੈ। ਇਹ ਵੀ ਗ਼ਲਤ ਹੈ। ਸਾਹਿਬਜ਼ਾਦਾ ਅਜੀਤ ਸਿੰਘ 18 ਸਾਲ ਦੀ ਉਮਰ ਵਿਚ 7 ਦਿਸੰਬਰ 1708 ਦੇ ਦਿਨ, ਚਮਕੌਰ 'ਚ ਲੜਦਾ ਸ਼ਹੀਦ ਹੋ ਗਿਆ ਸੀ। ਹਾਂ ਇਕ ਅਜੀਤ ਸਿੰਘ ਪਾਲਿਤ ਸੀ, ਜਿਸ ਨੂੰ ਮਾਤਾ ਸੁੰਦਰ ਕੌਰ ਦਾ ਮੁਤਬੰਨਾ ਮੰਨਿਆ ਜਾਂਦਾ ਹੈ। ਜਦੋਂ ਬਾਬਾ ਬੰਦਾ ਸਿੰਘ ਨੇ ਪੰਜਾਬ 'ਚ ਆਪਣਾ ਬੋਲ-ਬਾਲਾ ਕਾਇਮ ਕਰ ਲਿਆ ਤਾਂ ਮੁਗ਼ਲ ਬਾਦਸ਼ਾਹ ਨੇ ਸਿੱਖਾਂ ਵਿਚ ਫੁਟ ਪਾਉਣ ਦੇ ਇਰਾਦੇ ਨਾਲ ਇਸ ਪਾਲਿਤ ਅਜੀਤ ਸਿੰਘ ਨੂੰ 30 ਦਿਸੰਬਰ 1711 ਦੇ ਦਿਨ ਅੰਮ੍ਰਿਤਸਰ (ਉਦੋਂ 'ਗੁਰੂ ਦਾ ਚੱਕ') ਦੀ ਜਾਗੀਰ ਸੌਂਪ ਦਿੱਤੀ ਸੀ। ਪਾਲਿਤ ਅਜੀਤ ਸਿੰਘ-ਬਹਾਦਰ ਸ਼ਾਹ ਦੀ ਮੌਤ (27 ਫ਼ਰਵਰੀ 1712) ਤਕ 'ਗੁਰੂ ਦਾ ਚੱਕ' ਵਿਚ ਰਿਹਾ ਸੀ। ਪਾਲਿਤ ਅਜੀਤ ਸਿੰਘ ਨੂੰ ਵੀ 'ਗੁਰੂ ਦਾ ਚੱਕ' ਨਗਰ ਦੀ ਜਾਗੀਰ ਦਿੱਤੀ ਗਈ ਸੀ ਨਾ ਕਿ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ; ਤੇ ਇਹ ਜਾਗੀਰ ਵੀ ਮੁਗ਼ਲ ਬਾਦਸ਼ਾਹ ਨੇ ਦਿੱਤੀ ਸੀ, ਪੰਥ ਦੇ ਨਹੀਂ।

ਅਕਾਲ ਤਖ਼ਤ ਸਾਹਿਬ ਦਾ ਅਖੌਤੀ ਜਥੇਦਾਰ ਤੇ ਇਸ ਦੀ ਅ-ਸਿੱਖ ਤਾਕਤ ਨੇ ਸਿੱਖ ਤਵਾਰੀਖ਼ 'ਚ ਜ਼ਬਰਦਸਤ ਤੂਫ਼ਾਨ ਲਿਆਂਦਾ ਹੈ। ਇਸ ਦੇ ਜ਼ਿੰਮੇਵਾਰ ਵਧੇਰੇ ਕਰ ਕੇ ਗੁਰਚਰਨ ਸਿੰਘ ਟੌਹੜਾ ਤੇ ਕੁਝ ਹੋਰ ਆਗੂ ਹਨ ਜਿਨ੍ਹਾਂ ਨੇ ਆਪਣੇ ਨਿਜੀ ਮੁਫ਼ਾਦ ਵਾਸਤੇ ਇਸ 'ਅਹੁਦੇ' ਨੂੰ 'ਹਊਆ' ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਗੁਨਾਹ ਵਿਚ ਖਾੜਕੂ ਵੀ ਅਤੇ ਅਕਾਲੀ ਆਗੂ ਵੀ ਬਰਾਬਰ ਦੇ ਭਾਈਵਾਲ ਹਨ।

ਸਿੱਖ ਫ਼ਲਸਫ਼ੇ ਵਿਚ ਅਕਾਲ ਤਖ਼ਤ ਸਾਹਿਬ ਯਕੀਨਨ ਮਹਾਨ (ਸੁਪਰੀਮ) ਹੈ। ਪਰ ਇਸ ਦਾ ਅਖੌਤੀ ਜਥੇਦਾਰ ਕੋਈ ਹਸਤੀ ਨਹੀਂ। ਇਹ ਤਾਂ ਇਕ ਸੇਵਾ-ਸੰਭਾਲ ਵਾਲਾ ਗ੍ਰੰਥੀ ਹੈ ਜੋ ਵੱਧ ਤੋਂ ਵੱਧ ਸਰਬਤ ਖਾਲਸਾ ਦਾ ਬੁਲਾਰਾ ਤੇ ਅਕਾਲ ਤਖ਼ਤ ਸਾਹਿਬ ਦਾ 'ਮੁਖ ਸੇਵਾਦਾਰ' ਹੋ ਸਕਦਾ ਹੈ।

ਅਜ ਤਕ ਤਵਾਰੀਖ਼ ਨੇ ਅਕਾਲ ਤਖ਼ਤ ਸਾਹਿਬ ਦੇ ਕਈ ਅਖੌਤੀ-ਜਥੇਦਾਰ ਵੇਖੇ ਹਨ। ਇਨ੍ਹਾਂ ਵਿਚੋਂ ਸਹੀ ਸੇਵਾਦਾਰ (ਜਾਂ ਮੁਖ ਸੇਵਾਦਾਰ) ਜਥੇਦਾਰ ਤੇਜਾ ਸਿੰਘ ਭੁੱਚਰ, ਜਥੇਦਾਰ ਅੱਛਰ ਸਿੰਘ, ਬਾਬਾ ਵਿਸਾਖਾ ਸਿੰਘ ਦਦੇਹਰ, ਜਥੇਦਾਰ ਗੁਰਦਿਆਲ ਸਿੰਘ

ਅਜਨੋਹਾ ਤੇ ਭਾਈ ਗੁਰਦੇਵ ਸਿੰਘ ਕਾਉਂਕੇ ਸਨ। ਇਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੇ ਆਪ ਨੂੰ ਅਖੌਤੀ-ਜਥੇਦਾਰ (ਹਾਕਮ, ਡਿਕਟੇਟਰ, ਬਾਦਸ਼ਾਹ) ਨਹੀਂ ਮੰਨਿਆ ਸੀ। ਉਂਞ ਇੱਥੇ ਜਥੇਦਾਰ ਊਧਮ ਸਿੰਘ ਨਾਗੋਕੇ, ਗੁਰਮੁਖ ਸਿੰਘ ਮੁਸਾਫ਼ਿਰ, ਮੋਹਣ ਸਿੰਘ ਨਾਗੋਕੇ, ਗਿਆਨੀ ਪਰਤਾਪ ਸਿੰਘ, ਸਾਧੂ ਸਿੰਘ ਭੌਰਾ, ਗਿਆਨੀ ਕਿਰਪਾਲ ਸਿੰਘ, ਰਾਗੀ ਦਰਸ਼ਨ ਸਿੰਘ, ਜਸਬੀਰ ਸਿੰਘ ਰੋਡੇ ਵੀ ਆਏ। ਇਨ੍ਹਾਂ ਸਾਰਿਆਂ ਦੀ ਕਾਰਗੁਜ਼ਾਰੀ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਗਿਆ ਹੈ। ਇਨ੍ਹਾਂ ਸਾਰਿਆਂ ਨੇ ਸੇਵਾ ਕਰਦਿਆਂ ਜਾਂ ਬਾਅਦ ਵਿਚ ਕੁਝ ਅਜਿਹੀਆਂ ਹਰਕਤਾਂ ਕੀਤੀਆਂ ਸਨ ਜਿਨ੍ਹਾਂ ਨੂੰ ਸਿੱਖ ਤਵਾਰੀਖ਼ 'ਚ 'ਨਫ਼ੀ' ਦੀਆਂ ਕਾਰਵਾਈਆਂ ਮੰਨਿਆ ਜਾਂਦਾ ਹੈ। ਜਸਬੀਰ ਸਿੰਘ ਰੋਡੇ, (ਪ੍ਰੋ:) ਮਨਜੀਤ ਸਿੰਘ (ਐਕਟਿੰਗ), ਭਾਈ ਰਣਜੀਤ ਸਿੰਘ ਤੇ ਗਿਆਨੀ ਪੂਰਨ ਸਿੰਘ ਨੇ ਤਾਂ ਇਸ ਸੇਵਾ ਨੂੰ ਕੌਮ ਦੇ ਬਾਦਸ਼ਾਹ ਵਾਲੀ ਤਾਕਤ ਮੰਨ ਕੇ ਹੈਂਕੜ ਦਾ ਇਜ਼ਹਾਰ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਨ੍ਹਾਂ ਨੇ ਤਾਂ ਆਪਣੇ ਅਹਿਦ ਦੌਰਾਨ 'ਚੰਮ ਦੀਆਂ ਚਲਾਉਣ' ਵਾਲੀ ਗੱਲ ਸਾਬਿਤ ਕੀਤੀ। ਤਵਾਰੀਖ਼ 'ਚ ਇਨ੍ਹਾਂ ਦਾ ਨਾਂ ਅਫ਼ਸੋਸ ਨਾਲ ਲਿਆ ਜਾਂਦਾ ਹੈ ਤੇ ਲਿਆ ਜਾਂਦਾ ਰਹੇਗਾ। 28 ਮਾਰਚ, 2000 ਦੇ ਦਿਨ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾਇਆ ਗਿਆ। ਉਸ ਨੂੰ ਪੂਰਨ ਸਿੰਘ ਦੀਆਂ ਹਰਕਤਾਂ ਕਾਰਨ ਮਜਬੂਰੀ ਅਤੇ ਕਾਹਲੀ ਵਿਚ ਇਹ ਸੇਵਾ ਸੌਂਪੀ ਗਈ ਸੀ। ਗਿਆਨੀ ਜੋਗਿੰਦਰ ਸਿੰਘ ਦੇ ਅਹਿਦ ਵਿਚ ਅਕਾਲ ਤਖ਼ਤ ਸਾਹਿਬ ਨੂੰ ਕਈ ਪਾਸਿਆਂ ਤੋਂ ਚੈਲੰਜ ਕੀਤਾ ਗਿਆ। ਇਕ ਤਾਂ ਉਸ ਦੇ ਬਹੁਤੇ 'ਫ਼ੈਸਲੇ' ਪੱਖਪਾਤੀ ਹੁੰਦੇ ਸਨ। ਦੂਜਾ, ਉਹ ਬਹੁਤਾ ਸਮਾਂ ਪਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਵਕਤੀ ਪ੍ਰਧਾਨ ਦੀ ਕਠਪੁਤਲੀ ਵਾਂਗ ਕਾਰਵਾਈਆਂ ਕਰਦਾ ਰਿਹਾ। ਤੀਜਾ, ਉਸ 'ਤੇ ਪੈਸੇ ਲੈ ਕੇ ਮੁਲਜ਼ਮਾਂ ਨੂੰ ਬਰੀ ਕਰਨ ਦੇ ਦੋਸ਼ ਵੀ ਲੱਗੇ। ਕਈ ਲੋਕ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਉਸ ਨੇ ਦੋ ਕਰੋੜ ਦੇ ਕਰੀਬ ਰੁਪਏ ਇਕੱਠੇ ਕਰ ਲਏ ਸਨ।

ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦਾ ਸਭ ਤੋਂ ਵਧ ਨੁਕਸਾਨ ਇਸ 'ਤੇ ਹਮਲਾ ਕਰਨ ਵਾਲੇ ਅਹਿਮਦ ਸ਼ਾਹ ਦੁਰਾਨੀ ਤੇ ਇੰਦਰਾ ਗਾਂਧੀ ਨੇ ਕੀਤਾ ਸੀ ਪਰ ਇਸ ਦੇ ਫ਼ਲਸਫ਼ੇ ਨਾਲ ਜਬਰ-ਜ਼ਨਾਹ ਕਰਨ ਵਾਲੇ ਉਹ ਹਨ ਜੋ ਇਸ ਨੂੰ ਆਪਣੀ ਰਿਆਸਤ ਸਮਝ ਕੇ ਇਸ ਨੂੰ ਨਿਜੀ ਮੁਫ਼ਾਦ ਵਾਸਤੇ ਵਰਤਣ ਦੀ ਕੋਸ਼ਿਸ਼ ਕਰਦੇ ਰਹੇ (ਤੇ ਕਰ ਰਹੇ ਹਨ)। ਇਸ ਗੁਨਾਹ ਦੇ ਮੁਖ ਜ਼ਿੰਮੇਦਾਰ ਹਨ ਕੁਝ ਅਕਾਲੀ ਤੇ ਖਾੜਕੂ ਆਗੂ ਅਤੇ ਉਨ੍ਹਾਂ ਦੇ ਹੱਥਾਂ ਵਿਚ ਖੇਡਣ ਵਾਲੇ ਅਕਾਲ ਤਖ਼ਤ ਸਾਹਿਬ ਦੇ ਕੁਝ ਮੁਖ ਸੇਵਾਦਾਰ। ਅਕਾਲ ਤਖ਼ਤ ਸਾਹਿਬ ਦੀ ਇਹ ਬੇਹੁਰਮਤੀ 1979 ਤੋਂ ਬਾਅਦ ਲਗਾਤਾਰ ਜਾਰੀ ਹੈ ਤੇ ਇਸ ਕਿਤਾਬ ਦੇ ਪ੍ਰੈਸ ਵਿਚ ਜਾਣ (ਮਈ 2005) ਵੇਲੇ ਤਕ ਚਲ ਰਹੀ ਹੈ।

ਸਿੱਖ (ਖਾਲਸਾ) ਦਾ ਰਾਬਤਾ ਤੇ ਸਬੰਧ ਅਕਾਲ ਪੁਰਖ ਅਤੇ ਉਸ ਦੇ ਤਖ਼ਤ ਸਾਹਿਬ ਨਾਲ ਸਿੱਧਾ ਹੈ। ਇਸ ਵਿਚਕਾਰ ਕੋਈ ਪੋਪ, ਜਗਤ-ਗੁਰੂ, ਖ਼ਲੀਫ਼ਾ ਜਾਂ ਲਾਮਾ ਦਾ ਵਜੂਦ ਨਹੀਂ ਹੈ। ਇਹ ਅਖੌਤੀ-ਜਥੇਦਾਰ, ਉਪਰ ਜ਼ਿਕਰ ਕੀਤੇ ਅਹੁਦਿਆਂ ਦਾ, ਸਿੱਖ ਨਾਂ ਬਣਾਇਆ ਗਿਆ ਹੈ ਜੋ ਕਿ ਸਿੱਖ ਫ਼ਲਸਫ਼ੇ ਦੇ ਬਿਲਕੁਲ ਉਲਟ ਹੈ। ਹਾਂ ਅਕਾਲ ਤਖ਼ਤ ਸਾਹਿਬ ਦਾ 'ਮੁਖ ਸੇਵਾਦਾਰ' ਜ਼ਰੂਰ ਹੋ ਸਕਦਾ ਹੈ ਤੇ ਉਹ ਸਰਬਤ ਖਾਲਸਾ ਦੇ ਬੁਲਾਰੇ ਦਾ ਰੋਲ ਵੀ ਅਦਾ ਕਰ ਸਕਦਾ ਹੈ।

ਗੁਰਮਤਾ ਤੇ ਹੁਕਮਨਾਮਾ

ਗੁਰਮਤਾ

ਗੁਰਮਤਾ 'ਗੁਰੂ' ਅਤੇ 'ਮਤਾ' ਦੋ ਲਫ਼ਜ਼ਾਂ ਦਾ ਸੁਮੇਲ ਹੈ। ਗੁਰਮਤੇ ਦਾ ਮਾਅਨਾ ਹੈ—"ਗੁਰੂ ਦੀ ਸਿੱਖਿਆ ਮੁਤਾਬਿਕ ਪਾਸ ਕੀਤਾ ਗਿਆ ਮਤਾ।" ਇਸ ਦਾ ਮਾਅਨਾ ਇਹ ਵੀ ਹੋ ਸਕਦਾ ਹੈ: ਗੁਰਮਤਿ ਦੇ ਫ਼ਲਸਫ਼ੇ ਮੁਤਾਬਿਕ ਕੀਤੀ ਹੋਈ ਵਿਚਾਰ। ਮਤਾ ਦਾ ਮਾਅਨਾ ਮਤ, ਖ਼ਿਆਲ, ਇਰਾਦਾ ਵੀ ਹਨ:

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥ *(ਸਫ਼ਾ 496)*

ਮਤਾ ਮਸੂਰਤਿ ਅਵਰ ਸਿਆਨਪ...॥ *(ਸਫ਼ਾ 498)*

...ਉਠਿ ਚਲਤੈ ਮਤਾ ਨ ਕੀਤਾ ਹੇ॥ *(ਸਫ਼ਾ 1028)*

ਇਨ੍ਹਾਂ ਤਿੰਨਾਂ ਸ਼ਬਦਾਂ ਵਿਚ ਗੁਰਮਤਾ ਤੇ ਮਤਾ ਦਾ ਬਿਆਨ ਸਪੱਸ਼ਟ ਹੋ ਜਾਂਦਾ ਹੈ। ਸਿੱਖ ਤਵਾਰੀਖ਼ ਵਿਚ 'ਗੁਰਮਤਾ' ਦਾ ਜ਼ਿਕਰ, ਖ਼ਾਸ ਕਰ ਕੇ ਅਠਾਰ੍ਹਵੀਂ ਸਦੀ ਵਿਚ ਕਈ ਵਾਰ ਆਉਂਦਾ ਹੈ। ਇਹ ਲਫ਼ਜ਼ ਸਰਬਤ ਖਾਲਸਾ ਵੱਲੋਂ ਕੌਮੀ-ਸਿੱਖ ਮਸਲਿਆਂ ਬਾਰੇ ਕੀਤੇ ਫ਼ੈਸਲਿਆਂ/ਰਾਏ ਵਾਸਤੇ ਵਰਤਿਆ ਜਾਂਦਾ ਸੀ। ਉਂਞ ਤਾਂ ਗੁਰਮਤਾ ਲਫ਼ਜ਼ ਭਾਈ ਦਯਾ ਸਿੰਘ ਦੇ 'ਰਹਿਤਨਾਮੇ' ਵਿਚ ਵੀ ਮਿਲਦਾ ਹੈ:

ਪਾਂਚ ਸਿੰਘ ਮਿਲ ਕਰ ਰਹਿਤ ਬਿਬੇਕ ਕਾ ਗੁਰਮਤਾ ਕਰੈ।

ਭਾਈ ਰਤਨ ਸਿੰਘ ਭੰਗੂ ਤਾਂ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਕਈ ਥਾਂ ਇਸ ਦਾ ਜ਼ਿਕਰ ਕਰਦੇ ਹਨ[2]:

ਅਕਾਲ ਬੁੰਗੇ ਚੜ੍ਹਿ ਤਖਤੇ ਬਹਿ ਹੈਂ।
ਲਾਇ ਦੀਵਾਨ ਗੁਰਮਤੇ ਮਤੇ ਹੈਂ।

ਗਿਆਨੀ ਗਿਆਨ ਸਿੰਘ ਦੇ ਲਫ਼ਜ਼ ਹਨ:

ਕਾਮ ਪਰਤ ਥਾ ਜੋ ਕਛੁ ਕਬ ਹੀ।
ਕਰਤ ਗੁਰਮਤਾ ਮਿਲ ਕਰ ਸਭ ਹੀ।
ਜਥੇਦਾਰ[3] ਜੋ ਕਛੁ ਕਹਿ ਦੇਤਾ, ਸੋਈ ਪੰਥ ਮਾਨ ਸਭ ਲੇਤਾ।[4]

ਗੁਰਮਤਾ ਦੀ ਸ਼ੁਰੂਆਤ ਅਠਾਰ੍ਹਵੀਂ ਸਦੀ ਵਿਚ ਕੌਮੀ ਮਸਲਿਆਂ ਬਾਰੇ ਰਾਏ ਬਣਾਉਣ, ਫ਼ੈਸਲੇ ਲੈਣ ਵਾਸਤੇ ਸ਼ੁਰੂ ਹੋਈ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ ਕੌਮ ਦੀ ਸਿਆਸੀ ਅਗਵਾਈ ਸਰਬਤ ਖਾਲਸਾ ਕੋਲ ਸੀ। ਸਰਬਤ ਖਾਲਸਾ ਦਾ ਭਾਵੇਂ ਇਕ ਮੁਖੀ/ਜਥੇਦਾਰ ਹੁੰਦਾ ਸੀ, ਪਰ ਆਮ ਤੌਰ 'ਤੇ ਉਹ ਕੋਈ ਫ਼ੈਸਲਾ

---

2. ਸਫ਼ਾ 316.
3. ਇੱਥੇ ਜਥੇਦਾਰ ਸਰਬਤ ਖਾਲਸਾ (ਪਹਿਲੋਂ ਨਵਾਬ ਕਪੂਰ ਸਿੰਘ ਤੇ ਫਿਰ ਜੱਸਾ ਸਿੰਘ ਆਹਲੂਵਾਲੀਆ) ਹੈ ਨਾ ਕਿ ਅਕਾਲ ਤਖ਼ਤ ਸਾਹਿਬ ਦਾ ਅਖੌਤੀ ਜਥੇਦਾਰ।
4. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 297.

ਆਪਣੇ ਆਪ ਨਹੀਂ ਸੀ ਲੈਂਦਾ। ਉਹ ਅਕਸਰ ਮੁਖੀ ਸਿੱਖਾਂ, ਫ਼ੌਜ ਦੇ ਵੱਖ ਵੱਖ ਜਥਿਆਂ ਦੇ ਆਗੂਆਂ ਨੂੰ ਬਿਠਾ ਕੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਨ ਮਗਰੋਂ ਕੋਈ ਫ਼ੈਸਲਾ ਲਿਆ ਕਰਦਾ ਸੀ। ਸ਼ੁਰੂ ਸ਼ੁਰੂ ਵਿਚ, ਜਦੋਂ ਸਿੱਖਾਂ ਦੀ ਗਿਣਤੀ ਥੋੜ੍ਹੀ ਸੀ, ਗੁਰਮਤਾ ਪੂਰੇ ਇਕੱਠ ਵਿਚ ਹੀ ਕੀਤਾ ਜਾਂਦਾ ਸੀ। ਪਰ, ਜਿਉਂ ਜਿਉਂ ਫ਼ੌਜਾਂ ਦੀ ਗਿਣਤੀ ਵਧਦੀ ਗਈ ਸਰਬਤ ਖਾਲਸਾ ਦੇ ਇਕੱਠ ਦੀ ਸ਼ਕਲ ਵੀ ਬਦਲ ਗਈ। ਹੁਣ ਇਹ ਇਕੱਠ ਸਿਰਫ਼ ਜਥੇਦਾਰਾਂ ਤੇ ਹੋਰ ਮੁਖੀ ਸਿੱਖਾਂ ਦਾ ਹੀ ਰਹਿ ਗਿਆ ਸੀ। ਇਕ ਇਕੱਠ ਵਿਚ ਲਏ ਫ਼ੈਸਲੇ ਨੂੰ ਸਿੱਖਾਂ ਦੇ ਇਕੱਠ, ਦੀਵਾਨ, ਵਿਚ ਸੁਣਾ ਦਿੱਤਾ ਜਾਂਦਾ ਸੀ (ਗੁਰਮਤਾ ਸੁਣਾਉਣ ਦੀ ਸੇਵਾ ਸ਼ਹੀਦੀ ਮਿਸਲ ਦੇ ਮੁਖੀ ਕਰਦੇ ਸਨ ਤੇ ਉਹੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਹੁੰਦੇ ਸਨ। ਗੁਰਮਤਾ ਅਕਾਲ ਤਖ਼ਤ ਸਾਹਿਬ ਤੋਂ ਐਲਾਨੇ ਜਾਣ ਮਗਰੋਂ ਪੰਥ ਦਾ ਜਾਂ ਅਕਾਲ ਤਖ਼ਤ ਸਾਹਿਬ ਦਾ 'ਹੁਕਮਨਾਮਾ' ਮੰਨਿਆ ਜਾਇਆ ਕਰਦਾ ਸੀ)।

ਗੁਰਮਤਾ ਕਰਨ ਦੀਆਂ ਸ਼ਰਤਾਂ ਇੰਞ ਹੁੰਦੀਆਂ ਹਨ :

1. ਗੁਰਮਤਾ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੁੰਦਾ ਸੀ।
2. ਗੁਰਮਤਾ ਕਰਨ ਵਾਲੇ ਸਾਰੇ ਅੰਮ੍ਰਿਤਧਾਰੀ (ਖੰਡੇ ਦੀ ਪਾਹੁਲ ਵਾਲੇ) ਹੁੰਦੇ ਸਨ।
3. ਗੁਰਮਤਾ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਜਾਂਦੀ ਸੀ ਤੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲਿਆ ਜਾਂਦਾ ਸੀ।
4. ਇਸ ਮਗਰੋਂ ਖ਼ੁਦ-ਮੁਖ਼ਤਿਆਰੀ ਦਾ ਨਿਸ਼ਾਨ ਨਗਾਰਾ ਵਜਾਇਆ ਜਾਂਦਾ ਸੀ।
5. ਗੁਰਮਤਾ ਸੋਧਣ ਤੋਂ ਪਹਿਲਾਂ ਸਾਰੇ ਹਾਜ਼ਰੀਨ ਇਹ ਪ੍ਰਣ ਕਰਦੇ ਸਨ ਕਿ "ਹੁਣ ਅਸੀਂ ਆਪਣੇ ਜਥੇ ਦੀ ਹੋਂਦ ਤੋਂ ਆਜ਼ਾਦ ਹਾਂ ਅਤੇ ਅਸੀਂ ਇਕ ਪੰਥ ਵਜੋਂ ਕੌਮੀ ਮਸਲਿਆਂ ਬਾਰੇ ਵਿਚਾਰਾਂ ਕਰਾਂਗੇ। ਹੁਣ ਸਾਡਾ ਨਿੱਜੀ ਹਿਤ ਤੇ ਵੈਰ-ਵਿਰੋਧ ਖ਼ਤਮ ਹੋ ਚੁੱਕਾ ਹੈ ਅਤੇ ਅਸੀਂ ਪੰਥਕ ਭਲਾਈ ਤੇ ਪੰਥਕ ਭਗਤੀ ਤੋਂ ਬਿਨਾਂ ਹੋਰ ਕੁਝ ਨਹੀਂ ਸੋਚਾਂਗੇ ਤੇ ਆਪਣੇ ਜਜ਼ਬਾਤ ਨੂੰ ਸਮੁੱਚੀ ਪੰਥਕ ਭਲਾਈ ਤੋਂ ਕੁਰਬਾਨ ਕਰ ਦਿਆਂਗੇ।"
6. ਇਸ ਮਗਰੋਂ ਇਕ ਅਕਾਲੀ ਸਿੰਘ (ਸ਼ਹੀਦੀ ਮਿਸਲ, ਜੋ ਗੁਰਧਾਮਾਂ ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰਦੇ ਸਨ) ਖੜ੍ਹਾ ਹੋ ਕੇ 'ਗੁਰਮਤਾ' ਪੜ੍ਹਦਾ ਸੀ। ਲੋੜ ਪੈਣ 'ਤੇ ਇਸ 'ਤੇ ਵਿਚਾਰ ਹੁੰਦੀ ਸੀ।
7. ਵਿਚਾਰ ਮਗਰੋਂ ਗੁਰਮਤੇ ਵਾਸਤੇ ਜੁੜੇ ਸਰਬਤ ਖਾਲਸਾ ਦੇ ਆਗੂ ਜੈਕਾਰਾ ਛੱਡ ਕੇ ਗੁਰਮਤੇ ਨੂੰ ਮਨਜ਼ੂਰੀ ਦਿਆ ਕਰਦੇ ਸਨ।
8. ਇਸ ਮਗਰੋਂ ਅਕਾਲੀ ਸਿੰਘਾਂ ਦਾ ਮੁਖੀ ਇਸ ਗੁਰਮਤੇ ਨੂੰ ਅਕਾਲ ਤਖ਼ਤ ਸਾਹਿਬ ਤੋਂ (ਜਾਂ ਜਿੱਥੇ ਵੀ ਉਹ ਹੋਣ) ਸੰਗਤ ਵਿਚ ਸੁਣਾ ਦੇਂਦਾ ਸੀ, ਜਿਸ ਸੂਰਤ ਵਿਚ ਇਹ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਬਣ ਜਾਂਦਾ ਸੀ।
9. ਇਸ ਮਗਰੋਂ (ਜੇ ਗੁਰਮਤਾ ਜੰਗ ਬਾਰੇ ਹੋਵੇ ਤਾਂ) ਜਰਨੈਲਾਂ ਦੀ ਚੋਣ ਹੁੰਦੀ ਸੀ ਅਤੇ ਜੰਗ ਦੇ ਪੈਂਤੜੇ ਬਾਰੇ ਵਿਚਾਰ ਕੀਤੀ ਜਾਂਦੀ ਸੀ। ਇਸ ਦੇ ਨਾਲ ਹੀ ਕਮਰਕੱਸੇ ਕਰ ਕੇ ਜੰਗ ਦੀ ਤਿਆਰੀ ਸ਼ੁਰੂ ਹੋ ਜਾਂਦੀ ਸੀ।

ਗੁਰਮਤਾ ਕਰਨ ਦਾ ਇਹ ਤਰੀਕਾ ਅਠਾਰ੍ਹਵੀਂ ਸਦੀ ਤਕ ਚਲਦਾ ਰਿਹਾ। ਇਸ ਨੂੰ 1805 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਿਨਾਂ ਐਲਾਨ ਤੋਂ ਬੰਦ ਕਰ ਦਿੱਤਾ। ਸਿੱਖ ਤਵਾਰੀਖ਼ ਵਿਚ ਕੁਝ ਅਹਿਮ ਗੁਰਮਤੇ ਇਹ ਸਨ:

1. 13 ਅਕਤੂਬਰ 1726 ਨੂੰ ਭਾਈ ਤਾਰਾ ਸਿੰਘ ਡੱਲ ਵਾਂ ਦੀ ਸ਼ਹੀਦੀ ਤੋਂ ਚਾਰ ਮਹੀਨੇ ਮਗਰੋਂ ਸ਼ਾਹੀ ਖ਼ਜ਼ਾਨੇ ਲੁੱਟਣ ਦਾ ਗੁਰਮਤਾ।
2. 29 ਮਾਰਚ 1733 ਦਾ ਨਵਾਬੀ ਕਬੂਲ ਕਰਨ ਦਾ ਗੁਰਮਤਾ।
3. ਅਗਸਤ 1740 ਵਿਚ ਮੱਸਾ ਰੰਘੜ ਨੂੰ ਸਜ਼ਾ ਦੇਣ ਦਾ ਗੁਰਮਤਾ।
4. 14 ਅਕਤੂਬਰ 1745 ਦਾ ਖਾਲਸਾ ਫ਼ੌਜ ਨੂੰ 30 ਜਥਿਆਂ ਵਿਚ ਵੰਡਣ ਦਾ ਗੁਰਮਤਾ।
5. 30 ਮਾਰਚ 1747 ਦਾ ਰਾਮ ਰੌਣੀ ਕਿਲ੍ਹਾ ਬਣਾਉਣ ਦਾ ਗੁਰਮਤਾ।
6. 29 ਮਾਰਚ 1748 ਦਾ ਦਲ ਖਾਲਸਾ ਦੇ 65 ਜਥਿਆਂ ਨੂੰ ਯਾਰ੍ਹਾਂ ਮਿਸਲਾਂ ਵਿਚ ਜਥੇਬੰਦ ਕਰਨ ਦਾ ਗੁਰਮਤਾ।
7. 1750 ਵਿਚ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ।
8. 29 ਮਾਰਚ 1754 ਦਾ ਪੰਜਾਬੀਆਂ ਨੂੰ 'ਰਾਖੀ' ਦੇਣ ਦਾ ਗੁਰਮਤਾ।
9. ਅਕਤੂਬਰ 1754 ਦਾ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ।
10. ਨਵੰਬਰ 1757 ਵਿਚ ਦਰਬਾਰ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ (ਬਾਬਾ ਦੀਪ ਸਿੰਘ ਦੀ ਅਗਵਾਈ 'ਚ ਹੋਇਆ) ਗੁਰਮਤਾ।
11. ਮਾਰਚ 1758 ਵਿਚ ਮਰਹੱਟਿਆਂ ਨਾਲ ਰਲ ਕੇ ਸਰਹੰਦ ਅਤੇ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ।
12. 30 ਅਕਤੂਬਰ 1758 ਦਾ 'ਰਾਖੀ' ਵਾਲੇ ਇਲਾਕੇ ਨੂੰ ਮਿਸਲ ਦੀ ਹਕੂਮਤ ਮੰਨਣ ਦਾ ਗੁਰਮਤਾ।
13. 20 ਅਕਤੂਬਰ 1759 ਦਾ ਦੁਰਾਨੀ ਨਾਲ ਸਿੱਧੀ ਟੱਕਰ ਲੈਣ ਵਾਸਤੇ ਤਿਆਰੀ ਦਾ ਗੁਰਮਤਾ।
14. 7 ਨਵੰਬਰ 1760 ਨੂੰ ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ।
15. 22 ਅਕਤੂਬਰ 1761 ਨੂੰ ਹਰਿਭਗਤ ਨਿਰੰਜਨੀਆ ਅਤੇ ਹੋਰ ਮੁਖ਼ਬਰਾਂ ਨੂੰ ਸੋਧਣ ਦਾ ਗੁਰਮਤਾ।
16. 29 ਮਾਰਚ 1762 ਦਾ 5 ਫ਼ਰਵਰੀ 1762 ਦੇ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੱਖਾਂ ਨੂੰ ਸ਼ਰਧਾਂਜਲੀ ਦੇਣ ਅਤੇ ਸਰਹੰਦ 'ਤੇ ਹਮਲਾ ਕਰਨ ਦਾ ਗੁਰਮਤਾ।
17. 17 ਅਕਤੂਬਰ 1762 ਦਾ ਅਹਿਮਦ ਸ਼ਾਹ ਦੁਰਾਨੀ ਨਾਲ ਦੋ ਹੱਥ ਕਰਨ ਦਾ ਗੁਰਮਤਾ।
18. 10 ਅਪਰੈਲ 1763 ਦਾ ਬ੍ਰਾਹਮਣੀ ਨੂੰ ਕਸੂਰ ਦੇ ਨਵਾਬ ਤੋਂ ਛੁਡਾਉਣ ਦਾ ਗੁਰਮਤਾ।
19. 4 ਨਵੰਬਰ 1763 ਦਾ ਹਰਿਮੰਦਰ ਸਾਹਿਬ ਦੇ ਮੁੜ ਉਸਾਰੀ ਦਾ ਗੁਰਮਤਾ।
20. ਜਨਵਰੀ 1765 ਦਾ ਭਰਤਪੁਰ ਦੇ ਰਾਜੇ ਦੀ ਮਦਦ ਕਰਨ ਦਾ ਗੁਰਮਤਾ।
21. 10 ਅਪਰੈਲ 1765 ਦਾ ਲਾਹੌਰ 'ਤੇ ਪੱਕਾ ਕਬਜ਼ਾ ਕਰਨ ਦਾ ਗੁਰਮਤਾ।

22. ਇਸ ਤੋਂ ਮਗਰੋਂ ਵੀ ਤੈਮੂਰ ਅਤੇ ਸ਼ਾਹ ਜ਼ਮਾਨ ਦੇ ਹਮਲਿਆਂ ਦੌਰਾਨ ਵੀ, ਸਰਬਤ ਖਾਲਸਾ ਦੇ ਗੁਰਮਤੇ ਹੁੰਦੇ ਰਹੇ। ਆਖ਼ਰੀ ਗੁਰਮਤਾ ਲਾਰਡ ਲੇਕ ਤੇ ਹੋਲਕਰ ਦੀ ਲੜਾਈ ਵਿਚ ਨਿਰਪੱਖ ਰਹਿਣ ਦਾ 1805 ਵਿਚ ਕੀਤਾ ਗਿਆ ਸੀ।

ਜਦੋਂ ਵੀ ਪੰਥ ਨੇ ਗੁਰਮਤਾ ਕਰ ਕੇ ਕੋਈ ਮੁਹਿੰਮ ਛੇੜੀ, ਗੁਰੂ ਨੇ ਪੰਥ ਨੂੰ ਪੂਰੀ ਕਾਮਯਾਬੀ ਬਖ਼ਸ਼ੀ। ਗੁਰਮਤਾ ਪੰਥ ਦਾ ਸਮੁੱਚਾ ਫ਼ੈਸਲਾ, ਪੰਥ ਦੀ ਆਵਾਜ਼ ਹੁੰਦਾ ਹੈ। ਗੁਰਮਤਾ ਗੁਰੂ ਦੀ ਅਸੀਸ ਹੁੰਦਾ ਹੈ। ਗੁਰਮਤਾ ਕੌਮ ਦੀ ਅਰਦਾਸ ਹੁੰਦਾ ਹੈ। ਗੁਰਮਤਾ ਪੰਥਕ ਇੱਤਹਾਦ (ਏਕਤਾ), ਸਾਂਝ, ਪਿਆਰ, ਮਿਲਵਰਤਣ ਦਾ ਐਲਾਨਨਾਮਾ ਹੁੰਦਾ ਹੈ। ਗੁਰਮਤਾ ਗੁਰੂ ਨਾਲ ਕੀਤਾ ਹੋਇਆ ਪ੍ਰਣ ਹੈ, ਜਿਸ ਵਿਚ ਕੁਰਬਾਨੀ, ਸੇਵਾ ਅਕੀਦੇ ਦਾ ਵਾਅਦਾ ਹੈ। ਗੁਰਮਤਾ ਸਿੱਖ ਕੌਮ ਦੀ ਲਾਸਾਨੀ ਜਮਾਤ (institution) ਦੀ ਨਿਸ਼ਾਨੀ ਤੇ ਹਸਤੀ ਹੈ।

ਗੁਰਮਤੇ ਤੇ ਅਮਲ ਕਰਨਾ ਹਰ ਸਿੱਖ ਦਾ ਫ਼ਰਜ਼ ਹੈ। ਅਜਿਹੇ ਸਿੱਖ ਨੂੰ ਗੁਰੂ ਦੀ ਬਖ਼ਸ਼ਿਸ਼ ਹਾਸਿਲ ਹੁੰਦੀ ਹੈ। ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਮਗਰੋਂ ਇਹ ਗੁਰਮਤਾ ਹੁਕਮਨਾਮਾ ਬਣ ਜਾਂਦਾ ਹੈ ਤੇ ਇਸ ਨੂੰ ਗੁਰੂ ਦੀ ਮੋਹਰ ਵਾਲੀ ਥਾਂ ਹਾਸਿਲ ਹੁੰਦੀ ਹੈ। ਇੰਞ ਇਹ ਗੁਰੂ ਸਾਹਿਬ ਦਾ ਨੀਸਾਣੁ ਹੋ ਜਾਂਦਾ ਹੈ।

ਉਂਞ ਗੁਰਮਤਾ ਦਾ ਇਕ ਰੂਪ 1936 ਵਿਚ ਪਾਸ ਹੋਈ *ਸਿੱਖ ਰਹਿਤ ਮਰਿਆਦਾ* ਵਿਚ ਵੀ ਪੇਸ਼ ਕੀਤਾ ਹੋਇਆ ਮਿਲਦਾ ਹੈ, ਜੋ ਇੰਞ ਹੈ:

> "ਗੁਰਮਤਾ ਸਿਰਫ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਵਾਸਤੇ ਹੋਣ, ਯਾਨਿ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਹੋਰ ਕਿਸੇ ਕਿਸਮ ਦੇ ਆਮ (ਧਾਰਮਿਕ, ਵਿਦਿਅਕ, ਸਮਾਜਿਕ, ਸਿਆਸੀ) ਸਵਾਲ ਉੱਤੇ ਸਿਰਫ਼ ਮਤਾ ਹੀ ਹੋ ਸਕਦਾ ਹੈ। ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਸਿਰਫ਼ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਨੁਮਾਇੰਦਾ ਇਕੱਠ ਹੀ ਕਰ ਸਕਦਾ ਹੈ।"

ਹੁਕਮਨਾਮਾ

ਹੁਕਮਨਾਮਾ ਦਾ ਲਫ਼ਜ਼ੀ ਮਾਅਨਾ ਹੈ 'ਸ਼ਾਹੀ ਫ਼ੁਰਮਾਨ'। ਸਿੱਖ ਤਵਾਰੀਖ਼ ਵਿਚ, ਗੁਰੂ ਸਾਹਿਬ ਦੇ ਵੇਲਿਆਂ ਵਿਚ, ਗੁਰੂ ਸਾਹਿਬ ਵਲੋਂ ਸੰਗਤਾਂ ਦੇ ਨਾਂ ਭੇਜੀ ਹਰ ਇਕ ਚਿੱਠੀ ਨੂੰ 'ਹੁਕਮਨਾਮਾ' ਹੀ ਆਖਿਆ ਜਾਂਦਾ ਸੀ। ਗੁਰੂ ਸਾਹਿਬ ਨੂੰ ਸਿੱਖ 'ਸੱਚਾ ਪਾਤਸ਼ਾਹ' ਆਖ ਕੇ ਬੁਲਾਇਆ ਕਰਦੇ ਸਨ। ਜਿੱਥੇ ਦੁਨਿਆਵੀ ਪਾਤਸ਼ਾਹ ਦਾ ਸ਼ਾਹੀ ਹੁਕਮ ਡਰ, ਜਬਰ, ਤਾਕਤ ਕਰ ਕੇ ਮੰਨਣਾ ਪੈਂਦਾ ਸੀ, ਉੱਥੇ ਸੱਚੇ ਪਾਤਿਸ਼ਾਹ (ਗੁਰੂ ਸਾਹਿਬ) ਦੀ ਚਿੱਠੀ (ਹੁਕਮਨਾਮਾ) 'ਤੇ ਫੁੱਲ ਚੜ੍ਹਾਉਣਾ ਇਕ ਸਿੱਖ ਮਾਣ ਤੇ ਸ਼ਾਨ ਵਾਲੀ ਗੱਲ ਸਮਝਦਾ ਹੁੰਦਾ ਸੀ। ਹੋਰ ਤਾਂ ਹੋਰ ਗੁਰੂ ਸਾਹਿਬ ਦੇ ਹੁਕਮਨਾਮੇ ਦੇ ਦਰਸ਼ਨ ਕਰਨਾ ਵੀ ਬੜੇ ਮਾਣ ਵਾਲੀ ਗੱਲ ਹੋਇਆ ਕਰਦੀ ਸੀ। ਇੱਥੇ ਇਹ ਗੱਲ ਸਮਝਣ ਵਾਲੀ ਹੈ ਕਿ ਗੁਰੂ ਸਾਹਿਬ ਨੇ ਆਪਣੀ ਚਿੱਠੀ ਨੂੰ ਕਦੇ 'ਹੁਕਮਨਾਮਾ' ਨਹੀਂ ਸੀ ਆਖਿਆ, ਉਹ ਇਸ ਵਾਸਤੇ ਰੁੱਕਾ ਜਾਂ ਅਜਿਹਾ ਕੋਈ ਹੋਰ ਲਫ਼ਜ਼ ਵਰਤਦੇ ਹੁੰਦੇ ਸਨ। ਹੁਕਮਨਾਮਾ ਲਫ਼ਜ਼ ਤਾਂ ਗੁਰੂ ਸਾਹਿਬ

ਤੋਂ ਮਗਰੋਂ ਸਿੱਖਾਂ ਨੇ ਵਰਤਣਾ ਸ਼ੁਰੂ ਕੀਤਾ ਸੀ। (ਅਜ ਕਲ੍ਹ ਤਾਂ ਹਰ ਅਖੌਤੀ-ਜਥੇਦਾਰ 'ਮੇਰਾ ਹੁਕਮਨਾਮਾ' ਲਫ਼ਜ਼ ਦੀ ਵਰਤੋਂ ਕਰਦਾ ਹੈ)।

ਸਿੱਖ ਤਵਾਰੀਖ਼ ਦਾ ਪਹਿਲਾ ਹੁਕਮਨਾਮਾ ਗੁਰੂ ਹਰਿਗੋਬਿੰਦ ਸਾਹਿਬ ਨੇ 1609 ਵਿਚ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਤੋਂ ਇਕ ਦਮ ਬਾਅਦ ਜਾਰੀ ਕੀਤਾ ਸੀ ਜਿਸ ਵਿਚ ਦਰਸ਼ਨ ਕਰਨ ਆਉਣ ਵਾਲੇ ਸਿੱਖਾਂ ਨੂੰ ਆਪਣੇ ਨਾਲ ਚੰਗੇ ਸ਼ਸਤਰਾਂ ਤੇ ਚੰਗੇ ਘੋੜਿਆਂ ਦੀ ਭੇਟ ਲਿਆਉਣ ਵਾਸਤੇ ਹਿਦਾਇਤ ਕੀਤੀ ਹੋਈ ਸੀ।

ਗੁਰੂ ਸਾਹਿਬ ਦੇ ਕਹੇ ਜਾਂਦੇ ਕਈ ਹੁਕਮਨਾਮੇ ਮਿਲਦੇ ਹਨ। ਅਜਿਹੇ ਹੁਕਮਨਾਮਿਆਂ ਨੂੰ 1967 ਵਿਚ ਦੋ ਕਿਤਾਬਾਂ ਵਿਚ ਫੋਟੋਆਂ ਸਣੇ ਛਾਪਿਆ ਗਿਆ ਸੀ। ਇਨ੍ਹਾਂ ਵਿਚ 2 ਹੁਕਮਨਾਮੇ ਗੁਰੂ ਹਰਿਗੋਬਿੰਦ ਸਾਹਿਬ ਦੇ, ਇਕ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ, 22 ਗੁਰੂ ਤੇਗ਼ ਬਹਾਦਰ ਸਾਹਿਬ ਦੇ, 34 ਗੁਰੂ ਗੋਬਿੰਦ ਸਿੰਘ ਸਾਹਿਬ ਦੇ, ਦੋ ਬੰਦਾ ਸਿੰਘ ਬਹਾਦਰ ਦੇ, ਇਕ ਅਕਾਲ ਤਖ਼ਤ ਸਾਹਿਬ ਦਾ ਤੇ ਇਕ ਪਟਨਾ ਸਾਹਿਬ ਦਾ ਹੈ। ਇਨ੍ਹਾਂ ਵਿਚੋਂ ਕੁਝ ਹੁਕਮਨਾਮਿਆਂ ਦੇ ਅਸਲੀ ਹੋਣ ਬਾਰੇ ਸ਼ਕ ਵੀ ਹੈ। ਕੁਝ ਹੁਕਮਨਾਮੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਹਿਲਾਂ ਦੇ ਵੀ ਮਿਲਦੇ ਹਨ।

ਇਨ੍ਹਾਂ ਹੁਕਮਨਾਮਿਆਂ ਵਿਚ ਵਧੇਰੇ ਕਰ ਕੇ ਸੰਗਤਾਂ ਨੂੰ ਦਸਵੰਧ ਤੇ ਹੋਰ ਸਾਮਾਨ ਭੇਜਣ ਵਾਸਤੇ ਕਿਹਾ ਗਿਆ ਹੈ। ਕੁਝ ਹੁਕਮਨਾਮਿਆਂ ਵਿਚ, ਕੁਝ ਖ਼ਾਸ ਸਿੱਖਾਂ ਬਾਰੇ, ਗੁਰੂ ਸਾਹਿਬ ਨੇ ਆਪਣੇ ਪਿਆਰ ਦਾ ਇਜ਼ਹਾਰ ਕਰ ਕੇ ਸਿੱਖਾਂ ਨੂੰ ਉਨ੍ਹਾਂ ਦਾ ਖ਼ਾਸ ਖ਼ਿਆਲ ਰੱਖਣ ਦੀ ਹਿਦਾਇਤ ਕੀਤੀ ਹੋਈ ਹੈ।

ਗੁਰੂ ਸਾਹਿਬ ਤੋਂ ਬਾਅਦ ਦੇ ਹੁਕਮਨਾਮਿਆਂ ਵਿਚੋਂ ਇਕ 1759 ਦਾ ਅਕਾਲ ਤਖ਼ਤ ਸਾਹਿਬ ਦਾ ਹੈ ਜਿਸ ਵਿਚ ਗੁਰਦੁਆਰਿਆਂ ਦੀ ਉਸਾਰੀ ਵਾਸਤੇ ਦਸਵੰਧ ਭੇਜਣ ਵਾਸਤੇ ਆਖਿਆ ਹੋਇਆ ਹੈ। ਇਹ 'ਹੁਕਮਨਾਮਾ' ਕਿਸੇ ਅਖੌਤੀ ਜਥੇਦਾਰ/ਸਰਬਰਾਹ ਵੱਲੋਂ ਨਹੀਂ, ਬਲਕਿ 'ਹੁਕਮਨਾਮਾ ਖਾਲਸਾ ਜੀ ਦਾ' ਹੈ। ਯਾਨਿ ਹੁਕਮਨਾਮਾ 'ਸਰਬਤ ਖਾਲਸਾ' ਦਾ ਹੈ ਨਾ ਕਿ ਅਕਾਲ ਤਖ਼ਤ ਸਾਹਿਬ ਦਾ ਜਾਂ ਕਿਸੇ ਪੁਜਾਰੀ ਜਾਂ ਗ੍ਰੰਥੀ ਦੇ ਦਸਤਖ਼ਤਾਂ ਹੇਠ।

ਉੱਨੀਵੀਂ ਸਦੀ ਵਿਚ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਇਕ ਐਲਾਨ 1887 ਵਿਚ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਜਾਰੀ ਕੀਤਾ ਸੀ। ਇਸ ਨੂੰ ਅਸੀਂ ਹੁਕਮਨਾਮਾ ਨਹੀਂ ਕਹਿ ਸਕਦੇ ਕਿਉਂਕਿ ਇਸ ਨੂੰ ਖੇਮ ਸਿੰਘ ਬੇਦੀ ਦੇ ਹਿਮਾਇਤੀ ਪੁਜਾਰੀਆਂ ਨੇ ਜ਼ਾਤੀ ਕਿੜ ਵਾਸਤੇ ਜਾਰੀ ਕੀਤਾ ਸੀ। (ਅਜਿਹਾ ਅਖੌਤੀ 'ਹੁਕਮਨਾਮਾ' ਗਿਆਨੀ ਪੂਰਨ ਸਿੰਘ ਨੇ 25 ਜਨਵਰੀ 2000 ਨੂੰ ਬੀਬੀ ਜਗੀਰ ਕੌਰ ਦੇ ਖ਼ਿਲਾਫ਼ ਅਤੇ 12 ਮਾਰਚ 2000 ਨੂੰ (ਪ੍ਰੋ:) ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ, ਜਸਵਿੰਦਰ ਸਿੰਘ, ਪ੍ਰੀਤਮ ਸਿੰਘ ਭਾਟੀਆ ਦੇ ਖਿਲਾਫ਼ ਵੀ ਜਾਰੀ ਕੀਤਾ ਸੀ)।

ਵੀਹਵੀਂ ਸਦੀ ਵਿਚ 1914 ਵਿਚ ਬਜਬਜ ਘਾਟ ਤੇ ਉਤਰੇ ਕਾਮਾਗਾਟਾ ਮਾਰੂ ਜਹਾਜ਼ ਦੇ ਸਿੱਖ ਮੁਸਾਫ਼ਿਰਾਂ ਬਾਰੇ ਵੀ ਅੰਗਰੇਜ਼ੀ ਸਰਕਾਰ ਦੇ ਥਾਪੇ ਪੁਜਾਰੀਆਂ ਵਲੋਂ ਅਖੌਤੀ-ਹੁਕਮਨਾਮਾ ਜਾਰੀ ਕੀਤੇ ਜਾਣ ਦਾ ਜ਼ਿਕਰ ਮਿਲਦਾ ਹੈ (ਪਰ ਇਹ ਹੁਕਮਨਾਮਾ ਕਿਤੋਂ ਨਹੀਂ ਮਿਲਦਾ)। ਇਹ ਅਖੌਤੀ-ਹੁਕਮਨਾਮਾ ਵੀ ਪੰਥਕ ਰਿਵਾਇਤਾਂ ਮੁਤਾਬਿਕ ਗ਼ਲਤ ਸੀ। ਇਸ ਕਰ ਕੇ ਇਸ ਨੂੰ 'ਹੁਕਮਨਾਮਾ' ਨਹੀਂ ਕਿਹਾ ਜਾ ਸਕਦਾ।

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰਾਂ ਵਲੋਂ ਪੰਥਕ ਰਿਵਾਇਤਾਂ ਮੁਤਾਬਿਕ ਜਾਰੀ ਕੀਤੇ ਗਏ 'ਹੁਕਮਨਾਮੇ' ਹੇਠ ਲਿਖੇ ਹਨ : ਗੁਰਦਿਆਲ ਸਿੰਘ ਨਾਭਾ ਦੇ ਖ਼ਿਲਾਫ਼ (1923), ਤੇਜਾ ਸਿੰਘ ਭਸੌੜ ਤੇ ਉਸ ਦੀ ਘਰਵਾਲੀ ਦੇ ਖ਼ਿਲਾਫ਼ (1928), ਨਿਰੰਕਾਰੀਆਂ ਦੇ ਖ਼ਿਲਾਫ਼ (1978)। ਇਸ ਤੋਂ ਇਲਾਵਾ ਹੋਰ ਵੀ ਕਈ ਹੁਕਮ ਜਾਰੀ ਹੁੰਦੇ ਰਹੇ ਹਨ ਜੋ ਪੂਰਾ ਅਤੇ ਸਹੀ ਤਰੀਕਾ ਵਰਤ ਕੇ ਨਹੀਂ ਜਾਰੀ ਹੋਏ ਸਨ। ਉਨ੍ਹਾਂ ਵਿਚੋਂ ਕੁਝ ਫ਼ੈਸਲੇ ਸਨ ਅਤੇ ਕੁਝ ਹੁਕਮ ਸਨ।

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਅਕਾਲ ਤਖ਼ਤ ਸਾਹਿਬ ਦਾ ਸਭ ਤੋਂ ਪਹਿਲਾ ਹੁਕਮਨਾਮਾ 20 ਨਵੰਬਰ 1961 ਦਾ ਮਾਸਟਰ ਤਾਰਾ ਸਿੰਘ, ਫਤਹਿ ਸਿੰਘ ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸਜ਼ਾ ਲਾਉਣ ਦਾ ਸੀ। ਇਸ ਮਗਰੋਂ ਸਿਰਫ਼ 10 ਜੂਨ 1978 ਨੂੰ ਨਿਰੰਕਾਰੀਆਂ ਦੇ ਬਾਈਕਾਟ ਦਾ ਹੁਕਮਨਾਮਾ ਹੀ ਮਿਲਦਾ ਹੈ। ਫਿਰ ਸਿਤੰਬਰ 1979 ਵਿਚ ਅਕਾਲੀਆਂ ਦੇ ਆਪਸੀ ਝਗੜੇ ਬਾਰੇ 'ਫ਼ੈਸਲਾ' ਹੋਇਆ ਸੀ। ਇਸ ਤੋਂ ਬਾਅਦ 1984 ਵਿਚ ਵੱਖਰੇ ਤਰੀਕੇ ਨਾਲ ਜ਼ੈਲ ਸਿੰਘ, ਬੂਟਾ ਸਿੰਘ, ਨਰੈਣ ਸਿੰਘ ਕਲੇਰਾਂ, ਸੰਤਾ ਸਿੰਘ ਨਿਹੰਗ ਵਗ਼ੈਰਾ ਨੂੰ ਪੰਥ 'ਚੋਂ ਛੇਕਣ ਦੇ 'ਹੁਕਮਨਾਮੇ' ਜਾਰੀ ਕੀਤੇ ਗਏ ਸਨ। ਇਹ 'ਹੁਕਮਨਾਮੇ' ਭਾਵੇਂ ਅਕਾਲ ਤਖ਼ਤ ਸਾਹਿਬ ਤੋਂ ਜਾਂ ਕਿਤੋਂ ਹੋਰ ਜਾਰੀ ਹੋਏ ਸਨ ਪਰ ਇਨ੍ਹਾਂ ਪਿੱਛੇ ਸਰਬਤ ਖਾਲਸਾ ਦੀ ਸਿੱਧੀ ਜਾਂ ਅਸਿੱਧੀ ਮਨਜ਼ੂਰੀ ਸ਼ਾਮਿਲ ਸੀ।

1984 ਤੋਂ ਬਾਅਦ ਖਾੜਕੂਆਂ ਦਾ ਜ਼ਮਾਨਾ ਆਇਆ, ਫਿਰ ਮਨਜੀਤ ਸਿੰਘ (ਪ੍ਰੋ:), ਭਾਈ ਰਣਜੀਤ ਸਿੰਘ, ਪੂਰਨ ਸਿੰਘ ਤੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦਾ। ਇਨ੍ਹਾਂ ਦੇ ਵੇਲਿਆਂ ਵਿਚ ਬਹਿਸ-ਗੋਚਰੇ ਤਰੀਕੇ ਨਾਲ ਕਈ ਅਖੌਤੀ ਹੁਕਮਨਾਮੇ ਤੇ ਫ਼ੈਸਲੇ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ। ਇਨ੍ਹਾਂ ਵਿਚੋਂ ਕੁਝ ਅਖੌਤੀ-ਹੁਕਮਨਾਮਿਆਂ ਨੇ ਪੰਥ ਵਿਚ ਬੜੀ ਫ਼ੁਟ ਪਾਈ। 1998-99 ਵਿਚ ਪੰਥ ਵਿਚ ਫੁੱਟ ਪਾਉਣ ਵਾਲੇ ਦੋ ਅਹਿਮ ਨੁਕਤੇ ਸਨ : ਕੁਰਸੀਆਂ ਤੇ ਲੰਗਰ ਛੱਕਣਾ ਜਾਂ ਨਾ ਛਕਣਾ ਅਤੇ ਪੁਰੇਵਾਲ ਦੇ ਕੈਲੰਡਰ ਨੂੰ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕਰਨਾ। ਇਨ੍ਹਾਂ 'ਚੋਂ ਨੁਕਤਿਆਂ ਤੋਂ ਇਲਾਵਾ ਗਿਆਨੀ ਪੂਰਨ ਸਿੰਘ ਵਲੋਂ ਬੀਬੀ ਜਗੀਰ ਕੌਰ ਨੂੰ (25 ਜਨਵਰੀ 2000) ਅਤੇ (ਪ੍ਰੋ:) ਮਨਜੀਤ ਸਿੰਘ, ਗਿਆਨੀ ਕੇਵਲ ਸਿੰਘ, ਗਿਆਨੀ ਭਗਵਾਨ ਸਿੰਘ, ਸ: ਜਸਵਿੰਦਰ ਸਿੰਘ ਤੇ ਪ੍ਰੀਤਮ ਸਿੰਘ ਭਾਟੀਆ (12 ਮਾਰਚ 2000) ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਐਲਾਨ ਕਰਨਾ। ਇਨ੍ਹਾਂ ਐਲਾਨਾਂ ਨੂੰ ਹੁਕਮਨਾਮੇ ਨਹੀਂ ਕਿਹਾ ਜਾ ਸਕਦਾ। ਇਹ ਹੁਕਮਨਾਮੇ ਜ਼ਾਤੀ ਕਿੜ ਖ਼ਾਤਿਰ ਗਿਆਨੀ ਪੂਰਨ ਸਿੰਘ ਨੇ ਜਾਰੀ ਕੀਤੇ ਸਨ। ਇੰਞ ਹੀ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ ਛੇਕਣਾ ਵੀ ਬਹਿਸ ਗੋਚਰਾ ਮੰਨਿਆ ਜਾਂਦਾ ਹੈ।

ਪੰਥਕ ਰਿਵਾਇਤਾਂ ਤੋਂ ਉਲਟ, ਅਕਾਲ ਤਖ਼ਤ ਸਾਹਿਬ ਦੇ ਕਿਸੇ ਸਰਬਰਾਹ ਵਲੋਂ ਜਾਰੀ ਕੀਤੇ 'ਐਲਾਨ' ਹੁਕਮਨਾਮਾ ਨਹੀਂ ਮੰਨੇ ਜਾ ਸਕਦੇ। ਇਹੋ ਜਿਹੇ ਐਲਾਨ ਸਨ : ਪ੍ਰੋ: ਗੁਰਮੁਖ ਸਿੰਘ ਨੂੰ ਪੰਥ 'ਚੋਂ 'ਛੇਕਣਾ' (1887), ਬੀਬੀ ਜਗੀਰ ਕੌਰ ਤੇ ਹੋਰਨਾਂ ਨੂੰ ਛੇਕਣਾ (25 ਜਨਵਰੀ ਤੋਂ 28 ਮਾਰਚ 2000)। ਇਹ ਕਿਉਂਕਿ ਹੁਕਮਨਾਮੇ ਨਹੀਂ ਸਨ, ਇਸ ਕਰ ਕੇ ਇਨ੍ਹਾਂ ਨੂੰ ਵਾਪਿਸ ਲੈਣਾ ਜਾਂ ਰੱਦ ਕਰਨਾ ਵੀ ਗ਼ਲਤ ਹੈ। 1995 ਵਿਚ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਹੁਕਮਨਾਮਾ ਰੱਦ ਕਰਨਾ ਵੀ ਗ਼ਲਤ ਕਾਰਵਾਈ ਸੀ,

ਕਿਉਂਕਿ 1887 ਦਾ 'ਐਲਾਨ' 'ਹੁਕਮਨਾਮਾ' ਨਹੀਂ ਸੀ। ਗਿਆਨੀ ਜੋਗਿੰਦਰ ਸਿੰਘ (ਵੇਦਾਂਤੀ) ਨੇ ਵੀ ਸੇਵਾ ਸੰਭਾਲਦਿਆਂ ਐਲਾਨ ਕੀਤਾ ਸੀ ਕਿ ਗਿਆਨੀ ਪੂਰਨ ਸਿੰਘ ਵਲੋਂ 25 ਜਨਵਰੀ 2000 ਤੋਂ 28 ਮਾਰਚ 2000 ਤਕ ਕੀਤੇ ਐਲਾਨ 'ਹੁਕਮਨਾਮੇ' ਨਹੀਂ ਸਨ। ਅਕਾਲ ਤਖ਼ਤ ਸਾਹਿਬ ਦੀ 1979 ਤੋਂ ਬਾਅਦ ਸ਼ੁਰੂ ਹੋਈ 'ਨਵੀਂ' ਵਰਤੋਂ ਦੌਰਾਨ ਪੰਜ ਗ੍ਰੰਥੀਆਂ ਵੱਲੋਂ ਕੀਤੇ ਗਏ ਐਲਾਨਾਂ ਵਿਚ ਕੁਝ ਨੂੰ 'ਹੁਕਮਨਾਮੇ' ਅਤੇ ਕੁਝ ਨੂੰ 'ਗੁਰਮਤਾ', 'ਫ਼ੈਸਲਾ' ਤੇ 'ਸੰਦੇਸ਼' ਵੀ ਲਿਖਿਆ ਜਾਂਦਾ ਰਿਹਾ। ਦਰਅਸਲ ਇਹ ਸਾਰੇ ਨਾਂ ਜਾਂ ਤਾਂ ਦੁਬਿਧਾ (confusion) 'ਚੋਂ ਨਿਕਲੇ ਸਨ ਤੇ ਜਾਂ ਫਿਰ ਡਰ, ਚਲਾਕੀ ਜਾਂ ਕਿਸੇ ਹੋਰ ਵਕਤੀ ਲੋੜ ਦੀ ਪੈਦਾਵਾਰ ਸਨ। ਇਹ ਸਾਰ ਕੁਝ ਸਿਰਫ਼ ਫ਼ਲਸਫ਼ਾ ਉਲਝਾਉਣ ਵਾਲੀ ਗੱਲ ਹੀ ਸਾਬਤ ਹੋ ਨਿਬੜਿਆ।

ਤਨਖ਼ਾਹ ਤੇ ਤਨਖ਼ਾਹੀਆ

ਤਨਖ਼ਾਹ ਦਾ ਮਾਅਨਾ ਹੈ–ਤਲਬ। ਨੌਕਰੀ ਪੇਸ਼ਾ ਲੋਕਾਂ ਨੂੰ, ਜੁਗਾਂ ਤੋਂ, ਉਨ੍ਹਾਂ ਵੱਲੋਂ ਕੀਤੇ ਕੰਮ/ਸੇਵਾ ਦੇ ਬਦਲੇ ਵਿਚ ਮਾਹਵਾਰੀ, ਛਿਮਾਹੀ, ਜਾਂ ਕਿਸੇ ਹੋਰ ਮਿਆਦ ਮਗਰੋਂ, ਮਾਲੀ (ਰੁਪੈ) ਜਾਂ ਜਿਣਸੀ (ਜਾਗੀਰ, ਜ਼ਮੀਨ, ਗਹਿਣੇ, ਕੀਮਤੀ ਕਪੜੇ, ਅੰਨ ਜਾਂ ਕੋਈ ਹੋਰ ਸਾਮਾਨ) 'ਮੁਆਵਜ਼ਾ' ਮਿਲਦਾ ਰਿਹਾ ਹੈ। ਇਹ ਸਾਰਾ ਕੁਝ 'ਵੱਡੇ' ਲੋਕਾਂ ਵੱਲੋਂ 'ਛੋਟੇ' ਬੰਦਿਆਂ ਨੂੰ ਮਿਲਣ ਵਾਲੀ ਖ਼ੈਰਾਤ (ਦਾਨ), ਮਿਹਰ ਜਾਂ ਮਦਦ ਨਹੀਂ ਹੁੰਦੀ ਸੀ। ਇੰਞ ਹੀ ਅੱਜ ਕੱਲ੍ਹ ਮੁਲਾਜ਼ਮਾਂ ਨੂੰ ਉਨ੍ਹਾਂ ਦੇ 'ਮਾਲਕਾਂ' ਵੱਲੋਂ ਮਹੀਨੇ (ਇੰਗਲੈਂਡ ਵਗ਼ੈਰਾ ਵਿਚ ਹਫ਼ਤੇ) ਮਗਰੋਂ ਮਿਲਣ ਵਾਲੀ ਰਕਮ ਨੂੰ 'ਤਨਖ਼ਾਹ' ਕਿਹਾ ਜਾਂਦਾ ਹੈ। ਅੱਜ ਕੱਲ੍ਹ ਦੀ ਤਨਖ਼ਾਹ ਜਾਗੀਰ, ਜ਼ਮੀਨ, ਕੀਮਤੀ ਤੋਹਫ਼ਿਆਂ, ਜਿਹੜੇ ਰਾਜੇ-ਮਹਾਰਾਜਿਆਂ ਜਾਂ ਨਵਾਬਾਂ ਵੱਲੋਂ ਉਨੀਵੀਂ ਸਦੀ ਤਕ ਦਿੱਤੇ ਜਾਂਦੇ ਸਨ, ਤੋਂ ਬਿਲਕੁਲ ਵੱਖਰੀ ਹੈ।

ਸਿੱਖ ਫ਼ਲਸਫ਼ੇ ਵਿਚ 'ਤਨਖ਼ਾਹ' ਬਿਲਕੁਲ ਨਿਵੇਕਲੀ ਅਤੇ ਲਾਸਾਨੀ ਰਿਵਾਇਤ ਹੈ। ਸਿੱਖ ਰਹਿਤਨਾਮਿਆਂ ਅਤੇ ਸਿੱਖ ਰਹਿਤ ਮਰਿਆਦਾ ਮੁਤਾਬਿਕ ਸਿੱਖ ਜੀਵਨ ਜਾਚ, ਸਿੱਖ ਰਿਵਾਇਤਾਂ ਜਾਂ ਸਿੱਖ ਫ਼ਲਸਫ਼ੇ ਦੇ ਉਲਟ ਕੀਤੀ ਹਰਕਤ (ਕੁਤਾਹੀ) ਕਰਨ ਵਾਲਾ 'ਤਨਖ਼ਾਹੀਆ' ਹੈ। ਇੰਞ ਹੀ ਸਿੱਖ ਕੌਮ ਦਾ ਕਿਸੇ ਤਰੀਕੇ ਨਾਲ ਨੁਕਸਾਨ ਕਰਨ ਵਾਲਾ, ਪੰਥਕ ਮੁਫ਼ਾਦ ਦੇ ਮੁਖ਼ਾਲਿਫ਼ਾਂ ਦਾ ਸਾਥ ਦੇਣ ਵਾਲਾ, ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬ, ਗੁਰਦੁਆਰਿਆਂ ਦੀ ਬੇਅਦਬੀ ਕਰਨ ਵਾਲਾ ਵੀ ਤਨਖ਼ਾਹੀਆ ਹੁੰਦਾ ਹੈ। ਸਿੱਖ ਰਹਿਤ ਮਰਿਆਦਾ ਮੁਤਾਬਿਕ ਹੇਠ ਲਿਖੇ ਅੰਮ੍ਰਿਤਧਾਰੀ ਸਿੱਖ ਤਨਖ਼ਾਹੀਏ ਹਨ:

1. ਮੀਣੇ (ਪ੍ਰਿਥੀ ਚੰਦ ਨੂੰ 'ਗੁਰੂ' ਮੰਨਣ ਵਾਲੇ), ਮਸੰਦ (1698-99 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਸੰਦ ਸਿਸਟਮ ਖ਼ਤਮ ਕਰ ਦਿੱਤਾ ਸੀ, ਕਿਉਂਕਿ ਬਹੁਤੇ ਮਸੰਦ ਕੁਰਪਟ, ਬਦ-ਇਖ਼ਲਾਕ, ਅੱਯਾਸ਼ ਤੇ ਠੱਗ ਬਣ ਗਏ ਸਨ), ਧੀਰਮੱਲੀਏ (ਧੀਰਮੱਲ ਦੇ ਪੈਰੋਕਾਰ। ਧੀਰਮੱਲ ਗੁਰੂ ਹਰਗੋਬਿੰਦ ਸਾਹਿਬ ਦਾ ਪੋਤਾ ਸੀ। ਕਰਤਾਰਪੁਰ (ਜਲੰਧਰ) ਤੇ ਮੈੜੀ ਪਿੰਡ (ਹਿਮਾਂਚਲ) ਵਿਚ ਡੇਰਾ ਵਡਭਾਗ ਸਿੰਘ ਵਾਲੇ

ਧੀਰਮੱਲੀਏ ਹਨ), ਰਾਮਰਾਈਏ (ਰਾਮ ਰਾਏ ਨੂੰ ਗੁਰੂ ਹਰਿਰਾਇ ਸਾਹਿਬ ਨੇ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਸੀ, ਪਰ ਉਹ ਦਸਮ ਪਾਤਿਸ਼ਾਹ ਵੇਲੇ ਮੁਆਫ਼ੀ ਮੰਗ ਕੇ ਮੁੜ ਪੰਥ 'ਚ ਸ਼ਾਮਿਲ ਹੋ ਗਿਆ ਸੀ। ਰਾਮ ਰਾਇ ਦੇ ਮਰਨ ਮਗਰੋਂ ਉਸ ਦੇ ਚੇਲੇ ਗੁਰਬਖ਼ਸ਼ ਰਾਏ ਨੇ ਰਾਮ ਰਾਏ 'ਗੁਰੂ' ਐਲਾਨ ਕੇ 'ਰਾਮਰਾਈਏ' ਪੰਥ ਚਲਾ ਲਿਆ ਸੀ), ਕੁੜੀ ਮਾਰ (ਧੀਆਂ ਨੂੰ ਜੰਮਦਿਆਂ ਜਾਂ ਜੰਮਣੋਂ ਪਹਿਲਾਂ ਅਬਾਰਸ਼ਨ ਰਾਹੀਂ ਮਾਰਨ ਵਾਲੇ), ਸਿਰਗੁੰਮ (ਸਿੱਖ ਦੇ ਘਰ ਵਿਚ ਜੰਮ ਕੇ ਕੇਸ ਕਟਾਉਣ ਵਾਲੇ) ਨਾਲ ਰੋਟੀ-ਬੇਟੀ, ਯਾਨੀ ਰਿਸ਼ਤੇਦਾਰੀ, ਭਾਈਚਾਰਕ ਮੇਲ ਰੱਖਣ ਵਾਲੇ 'ਤਨਖ਼ਾਹੀਏ' ਹਨ।

2. ਬੇ-ਅੰਮ੍ਰਿਤੀਏ ਦਾ ਜੂਠਾ (ਜਾਂ ਉਸ ਨਾਲ ਇਕ ਥਾਲੀ ਵਿਚ) ਖਾਣ ਵਾਲੇ ਤਨਖ਼ਾਹੀਏ ਹਨ।
3. ਦਾੜ੍ਹੀ ਰੰਗਣ ਵਾਲੇ (ਅੱਧੇ ਅਕਾਲੀ ਤੇ ਕਈ ਸ਼੍ਰੋਮਣੀ ਕਮੇਟੀ ਮੈਂਬਰ ਦਾੜ੍ਹੀ ਰੰਗਦੇ ਹਨ) ਤਨਖ਼ਾਹੀਏ ਹਨ।
4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲੇ (ਦਾਜ ਲੈਣਾ/ਦੇਣਾ ਇਸ ਵਿਚ ਸ਼ਾਮਿਲ ਹੈ) ਤਨਖ਼ਾਹੀਏ ਹਨ।
5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਨੀਨ) ਵਰਤਣ ਵਾਲੇ ਤਨਖ਼ਾਹੀਏ ਹਨ। ਇਨ੍ਹਾਂ ਦੀ ਵਰਤੋਂ ਦੁਆਈਆਂ ਵਿਚ ਵੀ ਹੁੰਦੀ ਹੈ, ਪਰ ਉਸ ਨਾਲ ਸਿੱਖ ਤਨਖ਼ਾਹੀਆ ਨਹੀਂ ਬਣਦਾ। ਸਿਰਫ਼ ਉਦੋਂ ਤਨਖ਼ਾਹੀਆ ਬਣਦਾ ਹੈ, ਜਦੋਂ ਇਹ ਚੀਜ਼ਾਂ 'ਨਸ਼ੇ' ਵਾਸਤੇ ਵਰਤੀਆਂ ਜਾਣ।
6. ਗੁਰਮਤਿ ਦੇ ਵਿਰੁੱਧ ਕੋਈ ਸੰਸਕਾਰ ਕਰਨ/ਕਰਾਉਣ ਵਾਲਾ (ਮੰਦਰ, ਮਸੀਤ, ਚਰਚ ਵਿਚ ਮੱਥਾ ਟੇਕਣ ਜਾਂ ਪੂਜਾ ਕਰਨ ਵਾਲੇ, ਹਵਨ ਕਰਨ/ਕਰਵਾਉਣ ਵਾਲੇ, ਰਮਾਇਣ, ਮਹਾਂਭਾਰਤ, ਗੀਤਾ, ਕੁਰਾਨ, ਅੰਜੀਲ ਦੇ ਪਾਠ ਕਰਨ/ਕਰਵਾਉਣ ਵਾਲੇ, ਮੜ੍ਹੀ, ਮਸਾਣ, ਸਮਾਧ 'ਤੇ ਜਾਣ ਵਾਲੇ, ਜਠੇਰਿਆਂ ਦੀ ਪੂਜਾ ਕਰਨ/ਮੱਥਾ ਟੇਕਣ ਵਾਲਾ), ਵਿਸ਼ਵਕਰਮਾ ਵੀ ਪੂਜਾ ਕਰਨ ਵਾਲੇ, ਗਣੇਸ਼ ਦੇ ਬੁੱਤ ਘਰ ਵਿਚ ਰੱਖਣ ਵਾਲੇ, ਵੀਣੀ 'ਤੇ ਹਿੰਦੂ-ਮੌਲੀ ਬੰਨ੍ਹਣ ਵਾਲੇ ਤਨਖ਼ਾਹੀਏ ਹਨ।
7. ਰਹਿਤ ਵਿਚ ਕੋਈ ਭੁੱਲ ਕਰਨ ਵਾਲੇ ਤਨਖ਼ਾਹੀਏ ਹਨ।

ਉਪਰ ਜ਼ਿਕਰ ਕੀਤੀਆਂ ਸੱਤ ਕਾਰਵਾਈਆਂ ਇਕ ਅੰਮ੍ਰਿਤਧਾਰੀ ਨੂੰ ਤਨਖ਼ਾਹੀਆ ਬਣਾ ਦੇਂਦੀਆਂ ਹਨ। ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਜੇ ਬੇ-ਅੰਮ੍ਰਿਤੀਆ ਇਨ੍ਹਾਂ ਕਾਰਵਾਈਆਂ ਨੂੰ ਕਰੇ ਤਾਂ ਉਹ ਤਨਖ਼ਾਹੀਆ ਨਹੀਂ ਹੈ। ਦਰਅਸਲ ਬੇ-ਅੰਮ੍ਰਿਤੀਆ ਤਾਂ ਪਹਿਲਾਂ ਹੀ ਅਪੂਰਨ ਸਿੱਖ ਹੈ ਤੇ ਅਪੂਰਨ ਸਿੰਘ ਇਕ ਆਮ 'ਤਨਖ਼ਾਹੀਏ' ਤੋਂ ਵੱਡਾ ਕਸੂਰਵਾਰ ਹੈ।

10 ਜੂਨ, 1978 ਦੇ ਦਿਨ ਅਖੌਤੀ-ਨਿਰੰਕਾਰੀਆਂ (ਗੁਰਬਚਨ ਸਿੰਹ, ਜਿਸ ਨੂੰ 24 ਅਪਰੈਲ, 1980 ਦੇ ਦਿਨ ਕਤਲ ਕਰ ਦਿੱਤਾ ਗਿਆ ਸੀ ਤੇ ਉਸ ਦੇ ਪੁੱਤਰ ਹਰਦੇਵ ਭੋਲਾ ਦੇ ਪੈਰੋਕਾਰ) ਨੂੰ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ ਗਿਆ ਸੀ। ਉਨ੍ਹਾਂ ਨਾਲ ਸਬੰਧ ਰੱਖਣ ਵਾਲੇ ਵੀ 'ਤਨਖ਼ਾਹੀਏ' ਹਨ। ਇੰਞ ਹੀ ਪਿਆਰਾ ਭਨਿਆਰਾ, ਦਿਵਯ ਜੋਤੀ ਸੰਗਠਨ (ਨੂਰਮਹਿਲੀਏ) ਨਾਲ ਸਬੰਧ ਰੱਖਣ ਵਾਲੇ ਵੀ ਤਨਖ਼ਾਹੀਏ ਹਨ। ਉਂਞ ਤਾਂ ਰਾਧਾ

ਸੁਆਮੀਏ, ਨਾਮਧਾਰੀ ਤੇ ਹੋਰ ਟੋਲੇ, ਜੋ ਦੇਹਧਾਰੀ 'ਗੁਰੂ' ਵਿਚ ਅਕੀਦਾ (ਯਕੀਨ, ਵਿਸ਼ਵਾਸ਼) ਰਖਦੇ ਹਨ, ਨਾਲ ਸਬੰਧ ਰੱਖਣ ਵਾਲੇ ਵੀ ਤਨਖ਼ਾਹੀਏ ਹੀ ਹਨ।

1936 ਵਿਚ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਤਿਆਰ ਕੀਤੀ *ਸਿੱਖ ਰਹਿਤ ਮਰਿਆਦਾ* ਮੁਤਾਬਿਕ ਇਕ 'ਤਨਖ਼ਾਹੀਆ' ਸਿੱਖ ਆਪਣੀ ਤਨਖ਼ਾਹ ਨੂੰ ਬਖ਼ਸ਼ਵਾ ਸਕਦਾ ਹੈ। ਇਸ ਰਹਿਤ ਮਰਿਆਦਾ ਵਿਚ ਇਸ ਦਾ ਤਰੀਕਾ ਇੰਞ ਦੱਸਿਆ ਗਿਆ ਹੈ:

1. ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਹੀ ਗੁਰ-ਸੰਗਤ ਪਾਸ ਹਾਜ਼ਿਰ ਹੋ ਜਾਵੇ ਅਤੇ ਸੰਗਤ ਦੇ ਸਨਮੁਖ ਖੜੇ ਹੋ ਕੇ ਆਪਣੀ ਭੁੱਲ ਮੰਨੇ।
2. ਗੁਰ-ਸੰਗਤ 'ਚੋਂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, 'ਪੰਜ ਪਿਆਰੇ' ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖ਼ਾਹ ਤਜਵੀਜ਼ ਕਰਨ।
3. ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਦਾ ਚਾਹੀਦਾ, ਨਾ ਹੀ ਤਨਖ਼ਾਹ ਲੁਆਉਣ ਵਾਲੇ ਨੂੰ ਦੰਡ ਭਰਨ ਦੀ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਵੀ ਸੇਵਾ, ਖ਼ਾਸ ਕਰ ਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਦੀ ਹੈ।

ਸਿੱਖ ਰਹਿਤ ਮਰਿਆਦਾ ਵਿਚ ਤਨਖ਼ਾਹ ਅਤੇ ਤਨਖ਼ਾਹ ਲਾਉਣ ਦਾ ਤਰੀਕਾ ਰਹਿਤ ਮਰਿਆਦਾ ਸਬੰਧੀ ਜਾਂ ਹੋਰ ਧਾਰਮਿਕ ਨਿਜੀ ਭੁੱਲਾਂ ਸਬੰਧੀ ਦੱਸਿਆ ਗਿਆ ਹੈ। ਪਰ ਦੂਜੇ ਪਾਸੇ, ਕੁੱਝ ਭੁੱਲਾਂ ਅਜਿਹੀਆਂ ਹਨ, ਜਿਨ੍ਹਾਂ ਦਾ ਸਬੰਧ (ਉਪਰ ਵਾਂਗ) ਤਨਖ਼ਾਹ ਲਾਉਣ ਦੇ ਖ਼ਾਹਿਸ਼ਮੰਦ ਸ਼ਖ਼ਸ ਦੇ ਨਿਜ ਨਾਲ ਨਹੀਂ ਬਲਕਿ ਸਮੁੱਚੀ ਸਿੱਖ ਕੌਮ ਨਾਲ ਹੁੰਦਾ ਹੈ। ਅਜਿਹੇ ਮਸਲਿਆਂ ਸਬੰਧੀ ਤਨਖ਼ਾਹ ਪੰਥ ਸਰਬਤ ਖਾਲਸਾ ਲਾਉਂਦਾ ਹੈ। ਅਜਿਹੇ ਗੁਨਾਹਗਾਰ ਨੂੰ ਆਪਣੇ ਆਪ ਨੂੰ ਪੰਥ ਅੱਗੇ ਸਮਰਪਣ ਕਰ ਕੇ ਤਨਖ਼ਾਹ ਲੁਆਉਣੀ ਪੈਂਦੀ ਹੈ। ਪਿਛਲੇ ਕੁਝ ਸਾਲਾਂ ਤੋਂ ਸਰਬਤ ਖਾਲਸਾ ਦੀ ਤਾਕਤ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਤੇ ਚਾਰ ਹੋਰ ਗ੍ਰੰਥੀ, ਜਿਨ੍ਹਾਂ ਨੂੰ ਉਹ ਆਪਣੀ ਮਰਜ਼ੀ ਨਾਲ ਰਲਾ ਲਵੇ (ਦਰਅਸਲ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ 'ਪ੍ਰਧਾਨ' ਚਾਹਵੇ) ਦੇ ਸਪੁਰਦ ਕੀਤਾ ਹੋਇਆ ਹੈ, ਜੋ ਅਸੂਲਨ ਗ਼ਲਤ ਹੈ। ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਾਂ ਗ੍ਰੰਥੀਆਂ ਨੂੰ ਇਹ ਹੱਕ ਪੰਥ ਨੇ ਕਦੇ ਵੀ ਨਹੀਂ ਦਿੱਤਾ ਸੀ ਤੇ ਨਾ ਹੀ ਉਨ੍ਹਾਂ ਕੋਲ ਇਹ ਹੱਕ ਸਿੱਖ ਫ਼ਲਸਫ਼ੇ ਜਾਂ ਪੰਥਕ ਰਿਵਾਇਤਾਂ ਮੁਤਾਬਿਕ ਹੋ ਸਕਦਾ ਹੈ।

ਜਿੱਥੋਂ ਤਕ ਤਨਖ਼ਾਹ ਲੁਆਉਣ ਦਾ ਸਬੰਧ ਹੈ, ਉਪਰ ਜ਼ਿਕਰ ਕੀਤੀ ਮਰਿਆਦਾ ਮੁਤਾਬਿਕ, ਕੁਤਾਹੀ ਕਰਨ ਵਾਲਾ ਸਿੱਖ ਆਪ ਸੰਗਤ ਕੋਲ ਪੇਸ਼ ਹੁੰਦਾ ਹੈ। ਸੰਗਤ ਉਸ ਨੂੰ 'ਤਲਬ' ਨਹੀਂ ਕਰਦੀ। ਉਸ ਨੂੰ 'ਸੰਮਨ' ਨਹੀਂ ਭੇਜੇ ਜਾਂਦੇ। ਇੱਥੇ ਇਹ ਵੀ ਸਪੱਸ਼ਟ ਹੈ ਕਿ ਅਜਿਹੀ ਕੁਤਾਹੀ ਸਿੱਖ ਨੇ ਆਮ ਤੌਰ 'ਤੇ ਜਾਣ ਬੁੱਝ ਕੇ ਨਹੀਂ ਕੀਤੀ ਹੁੰਦੀ ਅਤੇ ਉਸ ਤੋਂ ਬੇਧਿਆਨੀ ਜਾਂ ਗ਼ਲਤੀ ਜਾਂ ਭੁਲੇਖੇ ਨਾਲ ਹੋ ਗਈ ਹੁੰਦੀ ਹੈ। ਫਿਰ ਇਹ ਵੀ ਜ਼ਰੂਰੀ ਹੈ ਕਿ ਅਜਿਹਾ ਸ਼ਖ਼ਸ ਆਪਣੀ ਭੁੱਲ ਦਾ ਪਛਤਾਵਾ ਕਰਨ ਅਤੇ ਮੁੜ ਕੇ ਉਸ ਗ਼ਲਤੀ ਨੂੰ ਨਾ ਦੋਹਰਾਉਣ ਦੇ ਇਰਾਦੇ ਨਾਲ ਸੰਗਤ ਕੋਲ ਪੇਸ਼ ਹੁੰਦਾ ਹੈ। ਜਦੋਂ ਉਹ ਤਨਖ਼ਾਹ ਲੁਆਉਂਦਾ ਅਤੇ ਇਸ ਨੂੰ ਕਬੂਲ ਕਰ ਕੇ ਪੂਰੀ ਕਰਦਾ ਹੈ ਤਾਂ ਹਾਜ਼ਿਰ ਸੰਗਤ

ਨੂੰ ਵੀ ਸਮਝ ਆਉਂਦੀ ਹੈ ਕਿ ਉਹ ਵੀ ਕਦੇ ਅਜਿਹੀ ਕੋਈ ਭੁੱਲ ਨਾ ਕਰ ਬੈਠਣ। ਇਕ ਤਰ੍ਹਾਂ ਨਾਲ ਇਹ 'ਸਬਕ ਸਿੱਖਣਾ' ਵੀ ਹੁੰਦਾ ਹੈ।

ਜਿੱਥੋਂ ਤਕ 'ਕੌਮੀ-ਕੁਤਾਹੀ' ਦਾ ਸਵਾਲ ਹੈ, ਉਸ ਕੁਤਾਹੀ, ਗ਼ਲਤੀ, ਭੁੱਲ, ਗੁਨਾਹ (ਜਿਹੋ ਜਿਹਾ ਵੀ ਐਕਸ਼ਨ ਹੋਵੇ) ਨੂੰ ਪੰਥ ਦੇ ਸਾਹਮਣੇ ਹੀ ਪੇਸ਼ ਕਰਨਾ ਹੁੰਦਾ ਹੈ ਕਿਉਂਕਿ ਉਸ ਦਾ ਸਬੰਧ ਸਮੁੱਚੇ ਪੰਥ ਨਾਲ ਹੁੰਦਾ ਹੈ। ਇਸ ਸਬੰਧੀ ਵੀ ਤਰੀਕਾ *ਸਿੱਖ ਰਹਿਤ ਮਰਿਆਦਾ* ਵਾਲਾ ਹੀ ਹੈ:

1. ਤਨਖ਼ਾਹ ਲੁਆਉਣ ਵਾਲੇ ਨੂੰ ਆਪਣੀ ਭੁੱਲ ਦਾ ਅਹਿਸਾਸ ਕਰ ਕੇ ਪੰਥ ਤੋਂ ਤਨਖ਼ਾਹ ਲੁਆਉਣ ਵਾਸਤੇ ਆਪ ਅੱਗੇ ਆਉਣਾ ਹੁੰਦਾ ਹੈ।
2. ਜੇ ਕਰ ਕਿਸੇ ਸਿੱਖ ਨੂੰ ਇਹ ਸਮਝ ਨਾ ਹੋਵੇ ਕਿ ਉਸ ਨੇ ਗ਼ਲਤ ਹਰਕਤ ਕੀਤੀ ਹੈ ਤਾਂ ਕੋਈ ਵੀ ਸਿੱਖ ਇਸ ਸਬੰਧੀ ਪੰਥ ਅੱਗੇ ਇਹ ਮਸਲਾ ਪੇਸ਼ ਕਰ ਸਕਦਾ ਹੈ।

ਪਰ (ਜਿਵੇਂ ਕਿ ਮੈਂ ਉਪਰ ਲਿਖਿਆ ਹੈ ਕਿ) ਕੁਝ ਸਾਲਾਂ ਤੋਂ ਪੰਥ ਦਾ ਇਹ ਹੱਕ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਪੁਜਾਰੀ, ਗ੍ਰੰਥੀ) ਨੂੰ ਦੇ ਦਿੱਤਾ ਗਿਆ ਹੈ। ਗ੍ਰੰਥੀਆਂ ਅਤੇ ਪੁਜਾਰੀਆਂ ਨੂੰ ਇਸ ਹੱਕ ਦੇ ਤਬਾਦਲੇ ਦਾ 'ਗੁਰਮਤਾ' ਸਰਬਤ ਖਾਲਸਾ (ਪੰਥ) ਨੇ ਕਦੇ ਵੀ ਨਹੀਂ ਕੀਤਾ ਸੀ। ਦਰਅਸਲ 1961 ਵਿਚ ਮਾਸਟਰ ਤਾਰਾ ਸਿੰਘ-ਫ਼ਤਹਿ ਸਿੰਘ ਟਕਰਾਅ ਵੇਲੇ ਇਹ ਮਸਲਾ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰਾਂ ਕੋਲ ਪੇਸ਼ ਕੀਤਾ ਗਿਆ ਸੀ ਤੇ ਇਹ ਇਕ ਕਿਸਮ ਦਾ 'ਸਾਲਸੀ ਫ਼ੈਸਲਾ' ਜਿਹਾ ਸੀ (ਉਂਵ ਇਸ ਫ਼ੈਸਲੇ ਨੂੰ ਵੀ ਪੂਰੀ ਤਰ੍ਹਾਂ ਮੰਨਿਆ ਨਹੀਂ ਸੀ ਗਿਆ, ਜਿਸ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਸੀ)। ਫਿਰ 1979 ਵਿਚ ਗੁਰਚਰਨ ਸਿੰਘ ਟੌਹੜਾ ਨੇ ਗ੍ਰੰਥੀਆਂ ਨੂੰ ਵਰਤ ਕੇ ਪੰਥ ਦਾ ਹੱਕ ਖੋਹ ਕੇ ਗ੍ਰੰਥੀਆਂ ਨੂੰ ਦੇਣ ਦੀ ਸ਼ੁਰੂਆਤ ਕੀਤੀ। ਦਰਅਸਲ, ਸਰਬਤ ਖਾਲਸਾ ਦੇ ਇਕੱਠ ਬੰਦ ਹੋਣ ਕਾਰਨ ਹੀ ਪੰਥ ਦੇ ਹੱਕ ਖੋਹ ਕੇ (ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ) ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਤੇ ਹੋਰ ਗ੍ਰੰਥੀਆਂ (ਜੋ ਉਸ ਦੇ ਮਾਤਹਿਤ ਮੁਲਾਜ਼ਮ ਹੁੰਦੇ ਹਨ) ਨੂੰ ਦੇ ਦਿੱਤੇ ਸਨ। ਇਹੀ ਕਾਰਨ ਹੈ, ਜਿਸ ਨੇ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਗ੍ਰੰਥੀਆਂ, ਹੁਕਮਨਾਮਾ, ਗੁਰਮਤਾ, ਤਨਖ਼ਾਹ ਵਗ਼ੈਰਾ ਦਾ ਅਦਬ ਘਟਾਇਆ ਅਤੇ ਇਨ੍ਹਾਂ ਸਾਰੀਆਂ ਰਿਵਾਇਤਾਂ ਅਤੇ ਇਸ institutions ਨੂੰ ਬਹਿਸ-ਗੋਚਰੇ ਬਣਾ ਦਿੱਤਾ। ਜੇ ਕਰ ਕਿਸੇ ਕੌਮੀ ਗੁਨਾਹਗਾਰ ਨੂੰ ਪੰਥ (ਸਰਬਤ ਖਾਲਸਾ) ਦੀਆਂ ਰਿਵਾਇਤਾਂ ਮੁਤਾਬਿਕ ਸਮੁੱਚੇ ਪੰਥ ਜਾਂ ਇਸ ਵੱਲੋਂ ਕਬੂਲ ਕੀਤੇ **ਪੰਜ-ਸਤ ਜਾਂ ਨੌ ਸਿੰਘਾਂ ਦੀ ਕਮੇਟੀ** (ਚੱਲੋਂ ਪੰਜ ਪਿਆਰੇ ਹੀ ਆਖ ਲਓ) ਕੋਲ ਪੇਸ਼ ਕਰ ਕੇ ਉਸ ਨੂੰ ਤਨਖ਼ਾਹ ਲਾਈ ਜਾਂਦੀ ਤਾਂ ਅੱਜ ਇਸ ਇੰਸਟੀਚਿਊਸ਼ਨ ਦਾ ਅਦਬ ਕਾਇਮ ਰਹਿੰਦਾ। ਜਦ ਤਕ ਗ੍ਰੰਥੀਆਂ ਨੂੰ 'ਧੱਕੇ ਨਾਲ ਦਿੱਤਾ' ਹੱਕ ਪੰਥ ਨੂੰ ਵਾਪਸ ਨਹੀਂ ਮਿਲਦਾ (ਜਾਂ ਪੰਥ ਆਪ ਵਾਪਸ ਨਹੀਂ ਲੈਂਦਾ), ਉਦੋਂ ਤਕ ਅਕਾਲ ਤਖ਼ਤ ਸਾਹਿਬ ਦਾ ਅਦਬ ਕਾਇਮ ਨਹੀਂ ਹੋ ਸਕੇਗਾ।

ਫਿਰ ਸੰਗਤ ਜਾਂ ਪੰਥ ਵੱਲੋਂ ਤਨਖ਼ਾਹ ਲਾਉਣ ਸਬੰਧੀ ਜ਼ਰੂਰੀ ਹੈ ਕਿ ਸੰਗਤ ਜਾਂ ਪੰਥ ਵੱਲੋਂ ਚੁਣੇ ਨੁਮਾਇੰਦੇ ਤਨਖ਼ਾਹ ਲਾਉਣ ਲਗਿਆਂ ਪੱਖਪਾਤ ਤੋਂ ਕੰਮ ਨਾ ਲੈਣ। ਯਾਨਿ

ਨਾ ਤਾਂ ਉਹ ਕਿਸੇ ਨੂੰ (ਅਹੁਦਾ, ਤਾਕਤ, ਉਮਰ, ਲਿੰਗ ਜਾਂ ਕੋਈ ਹੋਰ ਕਾਰਨ ਕਰ ਕੇ ਜਾਂ ਕੋਈ ਹੋਰ ਬਹਾਨਾ ਲਾ ਕੇ) ਸਜ਼ਾ 'ਘੱਟ' (ਨਰਮ) ਲਾਉਣ ਅਤੇ ਨਾ ਹੀ ਗ਼ੁੱਸੇ, ਨਫ਼ਰਤ ਜਾਂ ਖਿਝ ਕਾਰਨ 'ਵਾਧੂ' (ਸਖ਼ਤ) ਤਨਖ਼ਾਹ ਲਾਉਣ। ਤਨਖ਼ਾਹ ਲਾਉਣ ਵਾਸਤੇ ਇੱਕੋ ਨਜ਼ਰੀਆ ਹੋਣਾ ਚਾਹੀਦਾ ਹੈ। ਪਿਛਲੇ ਦਸ ਸਾਲਾਂ ਵਿਚ ਦੋਹਾਂ ਪੱਖਾਂ ਤੋਂ ਗੁਨਾਹ ਹੋਏ ਹਨ। ਗਿਆਨੀ ਕਿਰਪਾਲ ਸਿੰਘ ਨੇ ਜ਼ੈਲ ਸਿੰਘ ਤੇ ਸੁਰਜੀਤ ਬਰਨਾਲਾ ਦਾ ਲਿਹਾਜ਼ ਕੀਤਾ; ਮਨਜੀਤ ਸਿੰਘ ਨੇ ਬੂਟਾ ਸਿੰਘ, ਪਿਸ਼ੌਰਾ ਸਿੰਘ, ਮਹੰਤ ਮਨਜੀਤ ਸਿੰਘ ਅਤੇ ਬਾਦਲ ਦਾ ਲਿਹਾਜ਼ ਕੀਤਾ; ਰਣਜੀਤ ਸਿੰਘ ਨੇ ਗੁਰਚਰਨ ਸਿੰਘ ਟੌਹੜਾ ਦਾ ਲਿਹਾਜ਼ ਕੀਤਾ; (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਸੰਤਾ ਸਿੰਘ, ਚਤਰ ਸਿੰਘ ਜੀਵਨ ਸਿੰਘ, ਧਨਵੰਤ ਸਿੰਘ, ਬਾਦਲ, ਆਪਣੇ ਸਾਲੇ ਤੇ ਸਾਥੀ ਪ੍ਰਿਥੀਪਾਲ ਸਿੰਘ, ਸੁੱਚਾ ਸਿੰਘ ਲੰਗਾਹ, ਸੁਰਿੰਦਰ ਕੌਰ ਬਾਦਲ, ਪ੍ਰਹਿਲਾਦ ਸਿੰਘ ਚੰਡੋਕ ਤੇ ਕਈ ਹੋਰਾਂ ਦਾ ਲਿਹਾਜ਼ ਕੀਤਾ। ਇੰਞ ਹੀ ਕਈ ਮੁਖ ਸੇਵਦਾਰਾਂ ਨੇ ਗ਼ਲਤ ਸਜ਼ਾਵਾਂ ਦਿੱਤੀਆਂ। ਸਾਧੂ ਸਿੰਘ ਭੌਰਾ ਨੇ ਗਿਆਨੀ ਭਾਗ ਸਿੰਘ; ਮਨਜੀਤ ਸਿੰਘ ਨੇ ਡਾ. ਪਿਆਰ ਸਿੰਘ, ਰਣਜੀਤ ਸਿੰਘ ਨੇ ਬਰਜਿੰਦਰ ਸਿੰਘ ਹਮਦਰਦ (ਸਜ਼ਾ ਦੇ ਨਹੀਂ ਸਕਿਆ); ਪੂਰਨ ਸਿੰਘ ਨੇ ਬੀਬੀ ਜਾਗੀਰ ਕੌਰ ਤੇ ਹੋਰਾਂ ਨੂੰ; (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ[5] ਅਤੇ ਜੋਗਿੰਦਰ ਸਿੰਘ *ਸਪੋਕਸਮੈਨ* ਨੂੰ ਪੱਖਪਾਤੀ ਹੋ ਕੇ ਅਖੌਤੀ 'ਸਜ਼ਾਵਾਂ' ਦਿੱਤੀਆਂ।

ਸਜ਼ਾ ਦੇਣ (ਤਨਖ਼ਾਹ ਲਾਉਣ) ਜਾਂ ਪੰਥ 'ਚੋਂ ਅਖੌਤੀ ਤੌਰ 'ਤੇ ਖ਼ਾਰਿਜ ਕਰਨ ਦੀਆਂ ਇਨ੍ਹਾਂ ਪੱਖਪਾਤੀ ਕਾਰਵਾਈਆਂ ਨੇ ਤਨਖ਼ਾਹ ਦੇ ਫ਼ਲਸਫ਼ੇ ਨੂੰ, ਅਖੌਤੀ ਜਥੇਦਾਰ ਅਤੇ 'ਹੁਕਮਨਾਮਾ' ਨੂੰ ਬਹਿਸ-ਗੋਚਰਾ ਬਣਾ ਦਿੱਤਾ। ਜਦੋਂ ਤਕ ਪੰਥਕ ਤਰੀਕੇ ਨੂੰ ਦੋਬਾਰਾ ਨਹੀਂ ਅਪਣਾਇਆ ਜਾਂਦਾ, ਇਹ ਸਾਰੀਆਂ ਇੰਸਟੀਚਿਊਸ਼ਨ ਨਿਘਾਰ ਵੱਲ ਜਾਂਦੀਆਂ ਰਹਿਣਗੀਆਂ ਅਤੇ ਹੌਲੀ ਹੌਲੀ ਬੇਮਾਅਨਾ ਹੋ ਜਾਣਗੀਆਂ।

ਤਨਖ਼ਾਹ ਲਾਉਣ ਦੀ ਰਿਵਾਇਤ ਕੋਈ ਨਵੀਂ ਨਹੀਂ। 1707 ਵਿਚ ਸਭ ਤੋਂ ਪਹਿਲੀ ਤਨਖ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਖਾਲਸਾ ਜੀ ਨੇ ਉਦੋਂ ਲਾਈ ਸੀ, ਜਦੋਂ ਉਨਾਂ ਨੇ ਨਰੈਣਾ (ਰਾਜਿਸਥਾਨ) ਦੇ ਦੌਰੇ ਸਮੇਂ ਦਾਦੂ ਦੀ ਸਮਾਧ ਨੂੰ ਤੀਰ ਨਾਲ 'ਆਦਾਬ' (ਨਮਸਕਾਰ) ਕੀਤਾ ਸੀ। ਦਰਅਸਲ ਗੁਰੂ ਗੁਰੂ ਸਾਹਿਬ ਨੇ ਇਹ ਕਾਰਵਾਈ ਸਿੱਖਾਂ ਦਾ ਇਮਤਿਹਾਨ ਲੈਣ ਅਤੇ ਉਨ੍ਹਾਂ ਨੂੰ ਤਨਖ਼ਾਹ ਲਾਉਣ ਦਾ ਤਰੀਕਾ ਸਮਝਾਉਣ ਵਾਸਤੇ ਕੀਤੀ ਸੀ।[6] ਦੂਜੀ ਤਵਾਰੀਖ਼ੀ ਤਨਖ਼ਾਹ ਦੀ ਮਿਸਾਲ ਭਾਈ ਸੁਬੇਗ ਸਿੰਘ ਦੀ ਹੈ, ਜਿਸ ਨੂੰ ਮੁਗ਼ਲਾਂ ਦੀ ਨੌਕਰੀ ਕਰਨ ਬਦਲੇ 29 ਮਾਰਚ, 1733 ਦੇ ਦਿਨ ਲਾਈ ਗਈ ਸੀ। ਤੀਜੀ ਤਵਾਰੀਖ਼ੀ ਤਨਖ਼ਾਹ ਜੱਸਾ ਸਿੰਘ ਰਾਮਗੜ੍ਹੀਆ ਨੂੰ ਅਖੌਤੀ ਤੌਰ 'ਤੇ 'ਕੁੜੀ ਮਾਰਨ ਬਦਲੇ' ਲਾਇ ਜਾਣ ਦਾ ਜ਼ਿਕਰ ਮਿਲਦਾ ਹੈ। (ਪਰ ਜਿਸ ਰਤਨ ਸਿੰਘ ਭੰਗੂ ਦੇ *ਪ੍ਰਾਚੀਨ ਪੰਥ ਪ੍ਰਕਾਸ਼* ਦਾ ਜ਼ਿਕਰ ਇਸ ਗੁਨਾਹ ਵਾਸਤੇ ਕੀਤਾ ਜਾਂਦਾ ਹੈ, ਉਸ ਵਿਚ ਕੁੜੀ ਮਾਰਨ ਦੀ ਕੋਈ ਗੱਲ ਨਹੀਂ ਮਿਲਦੀ। ਇਹ ਹੋ ਸਕਦਾ ਹੈ ਕਿ ਪੰਥ ਨੇ ਉਸ ਨਾਲ ਰੋਟੀ-ਬੇਟੀ

---

5. ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਮੈਂ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੀ ਹਿਮਾਇਤ ਕਰਦਾ ਹਾਂ। ਕਾਲਾ ਅਫ਼ਗਾਨਾ ਦੇ ਬਹੁਤ ਗੁਨਾਹ ਹਨ, ਪਰ ਉਸ ਨੂੰ ਸਜ਼ਾ ਦੇਣ ਦਾ ਤਰੀਕਾ ਗ਼ਲਤ ਸੀ।
6. ਪਿਆਰਾ ਸਿੰਘ ਪਦਮ, *ਪ੍ਰਾਚੀਨ ਸੌ ਸਾਖੀ*, ਸਫ਼ਾ 180 (1995 ਦੀ ਐਡੀਸ਼ਨ)।

ਦੀ ਸਾਂਝ, ਜੱਸਾ ਸਿੰਘ ਦੀ ਅਦੀਨਾ ਬੇਗ ਨਾਲ ਭਾਈਵਾਲੀ ਕਰ ਕੇ ਹੀ ਖ਼ਤਮ ਕੀਤੀ ਹੋਵੇ। ਉਂਞ ਰਤਨ ਸਿੰਘ ਭੰਗੂ, ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਕੇਸਰ ਸਿੰਘ ਛਿਬਰ ਅਤੇ ਕਈ ਹੋਰ ਲੇਖਕਾਂ ਨੇ ਕਈ ਥਾਂਈ ਕੁਫ਼ਰ ਤੋਲਿਆ ਹੈ, ਜਿਸ ਦੇ ਵੱਖ ਵੱਖ ਕਾਰਨ ਸਨ।)

ਤਨਖ਼ਾਹ ਦਾ ਸਿੱਖ ਫ਼ਲਸਫ਼ਾ

ਸਿੱਖ ਫ਼ਲਸਫ਼ੇ ਵਿਚ ਲਫ਼ਜ਼ 'ਤਨਖ਼ਾਹ' ਨਫ਼ੀ ਦੀ ਸੋਚੀ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ ਇਸ ਦਾ ਪਿਛੋਕੜ (ਸ਼ਾਇਦ ਭਾਈ ਸੁਬੇਗ ਸਿੰਘ ਕਰ ਕੇ) ਉਹ ਲੋਕ ਹਨ, ਜੋ ਮੁਗ਼ਲ ਸਰਕਾਰ ਦੇ ਮੁਲਾਜ਼ਮ ਸਨ ਤੇ ਸਰਕਾਰ ਤੋਂ ਤਲਬ (ਤਨਖ਼ਾਹ) ਲੈਂਦੇ ਸਨ। ਮੈਨੂੰ ਇਹ ਗੱਲ ਸਹੀ ਨਹੀਂ ਜਾਪਦੀ ਕਿ ਸਿੱਖੀ ਦੇ ਤਨਖ਼ਾਹੀਏ ਦੀ ਰਿਵਾਇਤ 1733 ਵਿਚ ਸੁਬੇਗ ਸਿੰਘ ਤੋਂ ਚਲੀ ਹੋਵੇਗੀ। 'ਤਨਖ਼ਾਹ' ਲਫ਼ਜ਼ *ਪ੍ਰਾਚੀਨ ਸੌ ਸਾਖੀ* (ਸਾਖੀ 96) ਵਿਚ ਵੀ ਆਉਂਦਾ ਹੈ ਤੇ ਲੇਖਕ ਨੇ ਇਹ ਲਫ਼ਜ਼ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੂੰਹੋਂ ਅਖਵਾਇਆ ਹੈ:

ਹੱਸ ਬੋਲੇ ਪ੍ਰਭੂ ਦਯਾਲ ਜੀ ਹਮ **ਤਨਖਾਹੀ** ਹੇਤੁ।
ਗੁਰੂ ਖਾਲਸ ਸੋਇ ਗੁਰੂ ਇਹੁ ਬਾਣੀ ਸੰਕੇਤ ॥੫॥
ਪਾਂਚ ਸੌ ਕੀ ਭੇਟ ਦੇ ਪ੍ਰਭੂ ਜੀ ਸਿੱਖ **ਤਨਖਾਹਿ**।
ਹਮ ਦੀਨੀ ਜੋ ਦੇਇ ਨਹਿ ਤਿਸ ਕੀ ਪੂੰਜੀ ਸੁਆਹ ॥੬॥

ਸਿੱਖੀ ਵਿਚ ਤਨਖ਼ਾਹ, ਸਿੱਖ ਨੂੰ ਪੰਥ ਵੱਲੋਂ ਲਾਇਆ ਅਖੌਤੀ ਜੁਰਮਾਨਾ/ਡੰਨ ਜਾਪਣ ਦੇ ਬਾਵਜੂਦ 'ਇਨਾਮ' (ਤਲਬ, ਬਖ਼ਸ਼ਿਸ਼) ਹੈ, ਜੋ ਉਸ ਵੱਲੋਂ ਪੰਥ ਨੂੰ ਸਮਰਪਿਤ ਹੋਣ ਕਰ ਕੇ ਦਿੱਤਾ ਜਾਂਦਾ ਹੈ। ਕਿਉਂਕਿ ਸਿੱਖ ਇਸ ਨੂੰ ਖ਼ੁਸ਼ੀ-ਖ਼ੁਸ਼ੀ ਕਬੂਲ ਕਰਦਾ ਹੈ ਅਤੇ ਹਲੀਮੀ ਅਤੇ ਚਾਅ ਦੇ ਸੁਮੇਲ ਨਾਲ ਇਸ 'ਤੇ ਅਮਲ ਕਰਦਾ ਹੈ, ਇਸ ਕਰ ਕੇ ਇਹ ਅਖੌਤੀ ਜੁਰਮਾਨਾ/ਡੰਨ ਨਹੀਂ, ਬਲਕਿ ਸਿੱਖ ਨੂੰ ਮਿਲੀਆਂ ਤਲਬਾਂ (ਤਨਖ਼ਾਹ) ਹਨ। ਜਿਹੜਾ ਸਿੱਖ ਇਸ ਨੂੰ ਅੰਦਰੂਨੀ ਖ਼ੁਸ਼ੀ ਨਾਲ ਕਬੂਲ ਨਹੀਂ ਕਰਦਾ, ਯਕੀਨਨ ਉਸ ਵਿਚ ਸਿੱਖੀ ਦੀ ਕਮੀ ਜ਼ਰੂਰ ਹੁੰਦੀ ਹੈ। ਦੂਜਾ, ਹਲੀਮੀ, ਪਛਤਾਵਾ, ਰੂਹਾਨੀਅਤ ਨਾਲ ਇਸ ਤਨਖ਼ਾਹ ਨੂੰ ਪੂਰਾ ਕਰਨਾ ਵੀ ਅਹਿਮ ਹੈ। ਇਸ ਨੂੰ ਜ਼ਰਾ ਵੀ ਸ਼ੱਕ, ਡਰ, ਇਤਰਾਜ਼ ਨਾਲ ਵੇਖਣਾ ਸਿੱਖ ਲਈ ਉਸ ਗੁਨਾਹ ਤੋਂ ਵੱਡਾ ਹੈ ਗੁਨਾਹ, ਜਿਸ ਦੀ ਉਹ ਤਨਖ਼ਾਹ ਲੁਆ ਰਿਹਾ ਹੈ।

ਆਖ਼ਰੀ ਗੱਲ, ਲਗੀ ਤਨਖ਼ਾਹ ਨੂੰ ਸਿੱਖ ਸਜ਼ਾ/ਜੁਰਮਾਨਾ ਨਹੀਂ ਮੰਨਦਾ। ਸਿੱਖ ਵਾਸਤੇ ਅਜਿਹਾ ਸੋਚਣਾ ਵੀ ਗੁਨਾਹ ਹੈ। ਸਿੱਖ ਨੂੰ ਤਨਖ਼ਾਹ ਉਸ ਨੂੰ ਨੀਵਾਂ ਦਿਖਾਉਣ, ਡਰਾਉਣ, ਦੁਖ ਦੇਣ ਵਾਸਤੇ ਨਹੀਂ ਲਾਈ ਜਾਂਦੀ। ਇਹ ਤਾਂ ਉਸ ਦੇ ਗੁਨਾਹ ਧੋ ਕੇ ਉਸ ਵਿਚ ਸਿੱਖੀ ਦੀ ਪਰਪੱਕਤਾ ਪੈਦਾ ਕਰਨ ਅਤੇ ਉਸ ਵਿਚ ਚੜ੍ਹਦੀ ਕਲਾ ਦਾ ਅਹਿਸਾਸ ਵਧਾਉਣ ਵਾਸਤੇ ਇਕ 'ਤੋਹਫ਼ਾ' ਹੁੰਦੀ ਹੈ, ਪਰ ਸਿਆਸੀ ਆਗੂਆਂ ਅਤੇ ਪੁਜਾਰੀਆਂ ਨੇ 1979 ਤੋਂ ਮਗਰੋਂ ਇਸ 'ਤਨਖ਼ਾਹ' ਨੂੰ ਸਿਆਸੀ, ਰਿਆਇਤੀ, ਧੱਕੇ- ਸ਼ਾਹੀ ਬਣਾ ਕੇ ਇਸ ਮਹਾਨ ਇਂਸਟੀਚਿਊਸ਼ਨ ਦੀ ਬੁਰੀ ਤਰ੍ਹਾਂ ਬੇਅਦਬੀ ਕੀਤੀ ਗਈ ਹੈ। ਅੱਜ ਇਸ ਮਹਾਨ ਫ਼ਲਸਫ਼ੇ 'ਤੇ ਚਾੜ੍ਹੀ ਗਈ ਗਰਦ ਅਤੇ ਚਿੱਕੜ ਨੂੰ ਲਾਹੁਣ ਦੀ ਬੜੀ ਵੱਡੀ ਲੋੜ ਹੈ।

ਪੰਥ 'ਚੋਂ 'ਖ਼ਾਰਿਜ' ਕਰਨਾ

ਦੁਨੀਆ ਭਰ ਦੇ ਕਿਸੇ ਮਜ਼ਹਬ ਦੀ ਤਵਾਰੀਖ਼ ਵਿਚ ਛੇਤੀ ਕੀਤਿਆਂ ਉਸ ਦੇ ਕਿਸੇ ਮੈਂਬਰ ਨੂੰ 'ਖ਼ਾਰਿਜ' ਕਰਨ ਦਾ ਜ਼ਿਕਰ ਨਹੀਂ ਮਿਲਦਾ। ਯਹੂਦੀਆਂ ਦੀ ਤਵਾਰੀਖ਼ ਵਿਚ ਕਈ ਗ਼ਦਾਰਾਂ (ਜਿਨ੍ਹਾਂ ਨੂੰ ਉਹ 'ਜਿਊਡਿਸ਼ ਰੈਟਸ' ਕਹਿੰਦੇ ਹਨ) ਦਾ ਜ਼ਿਕਰ ਮਿਲਦਾ ਹੈ। ਪਰ ਉਨ੍ਹਾਂ ਨੂੰ ਯਹੂਦੀ ਧਰਮ ਵਿੱਚੋਂ ਖ਼ਾਰਿਜ ਕਰਨ ਦਾ ਕਿਤੇ ਵੀ ਲਿਖਿਆ ਨਹੀਂ ਮਿਲਦਾ। ਈਸਾਈ ਧਰਮ ਵਿਚ ਤਾਂ 'ਬਾਗ਼ੀ' ਫ਼ਿਰਕਿਆਂ, ਸਣੇ ਜਿਹੋਵਾਜ਼ ਵਿਟਨੈੱਸ, ਨੂੰ ਈਸਾਈਅਤ ਵਿੱਚੋਂ ਅੱਜ ਤਕ ਖ਼ਾਰਿਜ ਨਹੀਂ ਕੀਤਾ ਗਿਆ। ਜੇ ਜੋਨ-ਆਫ਼-ਆਰਕ ਨੂੰ 'ਜਾਦੂਗਰਨੀ/ਚੁੜੈਲ' ਆਖ ਕੇ ਜਿਊਂਦੀ ਸਾੜਿਆ ਗਿਆ ਸੀ ਤਾਂ ਉਸ ਦਾ ਕਾਰਨ ਸਿਆਸੀ ਸੀ, ਨਾ ਕਿ ਧਾਰਮਿਕ। ਪਰ ਜੋਨ-ਆਫ਼-ਆਰਕ ਵੀ ਈਸਾਈਅਤ 'ਚੋਂ ਖ਼ਾਰਿਜ ਨਹੀਂ ਸੀ ਕੀਤੀ ਗਈ। ਹਿੰਦੂ ਧਰਮ ਵਿਚ ਅਖੌਤੀ ਸ਼ੂਦਰ ਭਾਵੇਂ ਸਭ ਤੋਂ ਨਖਿਧ ਕਰਾਰ ਦਿੱਤੇ ਗਏ ਹਨ ਤੇ ਬ੍ਰਾਹਮਣ ਤੇ ਹੋਰਾਂ ਨੂੰ ਉਨ੍ਹਾਂ ਨਾਲ ਛੂਹ ਜਾਣਾ 'ਭਿੱਟ ਜਾਣਾ' ਕਿਹਾ ਜਾਂਦਾ ਹੈ, ਪਰ ਔਖਤੀ ਸ਼ੂਦਰ ਵੀ ਹਿੰਦੂ ਧਰਮ 'ਚੋਂ ਖ਼ਾਰਿਜ ਨਹੀਂ ਹਨ। ਉੱਞ ਚਾਲਾਕ ਹਿੰਦੂ ਅਖੌਤੀ ਸ਼ੂਦਰ ਨੂੰ 'ਆਦਿ ਧਰਮੀ' ਆਖਣਾ ਮਨਜ਼ੂਰ ਕਰਦਾ ਹੈ ਨਾ ਕਿ ਹਿੰਦੂ। ਇਸਲਾਮ ਦੁਨੀਆ ਦਾ ਸਭ ਤੋਂ ਵੱਧ ਸਖ਼ਤ ਅਤੇ ਸ਼ਰਅ ਦੀ ਪਾਬੰਦੀ ਦੀ ਸਿਖਰ ਵਾਲਾ ਮਜ਼ਹਬ ਮੰਨਿਆ ਜਾਂਦਾ ਹੈ। ਭਾਵੇਂ ਉਹ ਅਹਿਮਦੀਆਂ ਦੀ ਜਮਾਤ (ਮੁਸਲਮਾਨਾਂ ਦੇ ਨਾਮਧਾਰੀ/ਨਿਰੰਕਾਰੀ) ਨੂੰ ਮੁਸਲਮਾਨ ਨਹੀਂ ਮੰਨਦੇ, ਪਰ ਉੱਞ ਉਹ ਇਕੱਲੇ-ਦੁਕੱਲੇ ਮੁਸਲਮਾਨ ਨੂੰ ਉਸ ਦੀਆਂ ਨਿੱਜੀ ਜਾਂ ਕੌਮੀ ਗ਼ਲਤੀਆਂ ਕਰ ਕੇ ਇਸਲਾਮ 'ਚੋਂ ਛੇਕਦੇ ਨਹੀਂ।

ਇਹ ਮਾਣ (?) ਸਿੱਖ ਕੌਮ ਨੂੰ ਹੀ ਹਾਸਿਲ ਹੈ ਕਿ ਇੱਥੇ ਅਖੌਤੀ 'ਬਾਗ਼ੀ' ਆਖ ਕੇ ਪੰਥ 'ਚੋਂ 'ਛੇਕ' ਦੇਣ ਦੀਆਂ ਲਾਈਨਾਂ ਲਗੀਆਂ ਹੋਈਆਂ ਹਨ। ਗੁਰੂ ਸਾਹਿਬ ਦੇ ਹੁੰਦਿਆਂ ਵੀ ਕੁਝ ਸਿੱਖ ਜਾਂ ਗੁਰੂ ਪਰਿਵਾਰਾਂ ਦੇ ਮੈਂਬਰ ਬਾਗ਼ੀ ਹੋ ਜਾਇਆ ਕਰਦੇ ਸਨ ਜਾਂ ਵੱਡੀਆਂ ਗ਼ਲਤੀਆਂ ਕਰ ਦਿਆ ਕਰਦੇ ਸਨ। ਇਨ੍ਹਾਂ ਵਿਚ ਸ੍ਰੀਚੰਦ (ਪੁੱਤਰ ਗੁਰੂ ਨਾਨਕ ਸਾਹਿਬ), ਦਾਤੂ (ਪੁੱਤਰ ਗੁਰੂ ਅੰਗਦ ਸਾਹਿਬ), ਮੋਹਨ (ਪੁੱਤਰ ਗੁਰੂ ਅਮਰਦਾਸ ਸਾਹਿਬ), ਪ੍ਰਿਥੀਚੰਦ (ਪੁੱਤਰ ਗੁਰੂ ਰਾਮਦਾਸ ਸਾਹਿਬ), ਧੀਰਮੱਲ (ਪੁੱਤਰ ਬਾਬਾ ਗੁਰਦਿੱਤਾ ਤੇ ਪੋਤਾ ਗੁਰੂ ਹਰਿਗੋਬਿੰਦ ਸਾਹਿਬ), ਰਾਮ ਰਾਇ (ਪੁੱਤਰ ਗੁਰੂ ਹਰਿਰਾਇ ਸਾਹਿਬ) ਗੁਰੂ ਪਰਿਵਾਰਾਂ ਵਿੱਚੋਂ ਸਨ। ਇਨ੍ਹਾਂ ਸਾਰਿਆਂ ਨੇ ਜਾਂ ਤਾਂ ਗੁਰੂ ਹੁਕਮਾਂ ਦੇ ਖ਼ਿਲਾਫ਼ ਮੁਹਿੰਮਾਂ ਚਲਾਈਆਂ ਜਾਂ ਗੁਰਗੱਦੀ ਵਾਸਤੇ ਬਿਖੇੜੇ ਖੜੇ ਕੀਤੇ ਜਾਂ ਮੁਗ਼ਲ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਗੁਰਬਾਣੀ ਦੇ ਮਾਅਨੇ ਬਦਲੇ ਸਨ। ਪਰ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਪੰਥ 'ਚੋਂ ਖ਼ਾਰਿਜ ਨਹੀਂ ਕੀਤਾ ਸੀ। ਆਮ ਤੌਰ 'ਤੇ ਰਾਮ ਰਾਇ ਨੂੰ 1660 ਵਿਚ ਖ਼ਾਰਿਜ ਕਰਨ ਦਾ ਜ਼ਿਕਰ ਕੀਤਾ ਜਾਂਦਾ ਹੈ। ਦਰਅਸਲ ਗੁਰੂ ਹਰਿ ਰਾਇ ਸਾਹਿਬ ਦਾ ਹੁਕਮ ਸੀ ਕਿ "ਰਾਮ ਰਾਇ ਮੈਨੂੰ ਮੂੰਹ ਨਾ ਦਿਖਾਵੇ ਅਤੇ ਸੰਗਤ ਉਸ ਨੂੰ ਪੈਸੇ ਨਾ ਦੇਵੇ।" ਉੱਞ 1685 ਵਿਚ ਰਾਮ ਰਾਇ ਨੇ ਇਸ ਦੀ ਵੀ ਮੁਆਫ਼ੀ ਮੰਗ ਲਈ ਸੀ। ਗੁਰੂ ਸਾਹਿਬ ਦੇ ਪਰਿਵਾਰਾਂ 'ਚੋਂ ਉਪਰ ਜ਼ਿਕਰ ਕੀਤੇ ਬਾਕੀ ਮੈਂਬਰਾਂ ਬਾਰੇ 'ਖ਼ਾਰਿਜ' ਕਰਨ ਦਾ ਕੋਈ ਜ਼ਿਕਰ ਨਹੀਂ ਆਉਂਦਾ। ਉਨ੍ਹਾਂ ਨੂੰ ਗੱਦੀ ਦੇ ਵਾਰਿਸ ਮੰਨਣ ਤੋਂ ਨਾਂਹ ਕੀਤੇ ਜਾਣ ਦੀ ਗੱਲ ਜ਼ਰੂਰ ਮਿਲਦੀ ਹੈ।

ਹਾਂ, 1698 (ਦੂਜੇ ਸੋਮੇ ਮੁਤਾਬਿਕ 1699) ਵਿਚ 'ਖੰਡੇ ਦੀ ਪਾਹੁਲ' ਦੇਣ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹਿਦਾਇਤ ਸੀ ਕਿ ਸਿੱਖ ਇਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰਖਣ, ਇਨ੍ਹਾਂ ਨਾਲ ਮੇਲ ਨਾ ਰਖਣ।

ਗੁਰੂ ਸਾਹਿਬ 1708 ਵਿਚ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਪਿੱਛੋਂ ਪੰਥ ਦੀ ਬੇਹਤਰੀ ਦੇ ਕੌਮੀ ਫ਼ੈਸਲੇ ਲੈਣ ਦਾ ਹੱਕ ਪੰਥ (ਸਰਬਤ ਖਾਲਸਾ) ਕੋਲ ਆ ਗਿਆ। ਪਰ ਪੰਥ ਨੇ ਇਸ ਹੱਕ ਦੀ ਵਰਤੋਂ ਕਦੇ ਨਹੀਂ ਸੀ ਕੀਤੀ। ਹਾਂ 1750 ਦੇ ਕਰੀਬ ਜੱਸਾ ਸਿੰਘ ਰਾਮਗੜ੍ਹੀਆ ਨਾਲ ਵਰਤਣਾ ਬੰਦ ਕਰਨ ਦਾ ਜ਼ਿਕਰ ਇਕ ਲੇਖਕ ਰਤਨ ਸਿੰਘ ਭੰਗੂ ਨੇ ਜ਼ਰੂਰ ਕੀਤਾ ਹੈ, ਪਰ ਉਹ ਵੀ ਇਸ ਦਾ ਕਾਰਨ ਨਹੀਂ ਦੱਸਦਾ। ਹੋ ਸਕਦਾ ਹੈ ਉਸ (ਜੱਸਾ ਸਿੰਘ) ਦੀ ਅਦੀਨਾ ਬੇਗ ਨਾਲ ਸਾਂਝ ਕਾਰਨ ਉਸ ਨਾਲ ਸਬੰਧ ਤੋੜ ਲਏ ਗਏ ਹੋਣ। ਉਸ ਵੱਲੋਂ ਧੀ ਮਾਰਨ ਦਾ ਜ਼ਿਕਰ ਨਾ ਭੰਗੂ ਕਰਦਾ ਹੈ ਅਤੇ ਨਾ ਹੀ ਕੋਈ ਇਸ ਤੋਂ ਪਹਿਲਾਂ ਦੇ ਸੋਮਿਆਂ ਵਿਚ ਇਸ ਦਾ ਜ਼ਿਕਰ ਹੈ।

ਇਸ ਤੋਂ ਸਵਾ ਸੌ ਸਾਲ ਮਗਰੋਂ ਤਕ ਫੇਰ ਕਿਸੇ ਸਿੱਖ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਕੋਈ ਜ਼ਿਕਰ ਨਹੀਂ ਮਿਲਦਾ। ਅੰਮ੍ਰਿਤਸਰ ਤੇ ਤਰਨ ਤਾਰਨ ਦੇ ਪੁਜਾਰੀਆਂ ਵੱਲੋਂ (ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਪੈਡ 'ਤੇ) 18 ਮਾਰਚ, 1887 ਦੇ ਦਿਨ ਪ੍ਰੋ: ਗੁਰਮੁਖ ਸਿੰਘ ਨੂੰ 'ਪੰਥ ਖਾਲਸਾ ਤੋਂ ਅਲਹਿਦਾ' ਕਰਨ ਦਾ ਐਲਾਨ-ਨਾਮਾ ਮਿਲਦਾ ਹੈ, ਜੋ ਪਹਿਲਾ ਲਿਖਤੀ 'ਖ਼ਾਰਿਜ ਨਾਮਾ' ਹੈ। ਇਹ ਵੀ ਨਾ ਤਾਂ ਸਰਬਤ ਖ਼ਾਲਸੇ ਵੱਲੋਂ ਸੀ ਅਤੇ ਨਾ ਹੀ ਕਿਸੇ ਗੁਰਮਤੇ ਦਾ ਨਤੀਜਾ ਸੀ, ਬਲਕਿ ਖੇਮ ਸਿੰਘ ਬੇਦੀ ਦੇ ਚਾਪਲੂਸਾਂ ਅਤੇ ਕੁਝ ਪੁਜਾਰੀਆਂ ਵੱਲੋਂ ਸਾੜੇ ਤੇ ਈਰਖਾ ਹੇਠ ਜਾਰੀ ਕੀਤਾ ਬਿਆਨ ਸੀ। ਇਹ ਅਖੌਤੀ ਹੁਕਮਨਾਮਾ ਵੀ ਨਹੀਂ ਸੀ (ਇਸ ਉੱਤੇ 'ਹੁਕਮਨਾਮਾ' ਲਫ਼ਜ਼ ਵੀ ਨਹੀਂ ਸੀ ਲਿਖਿਆ ਹੋਇਆ)। ਇਸ ਨੂੰ ਪੰਥ ਦੇ ਕਿਸੇ ਵੀ ਹਿੱਸੇ ਨੇ ਕਬੂਲ ਨਹੀਂ ਸੀ ਕੀਤਾ। ਇੰਞ ਹੀ 1914 ਵਿਚ ਬਜਬਜ ਘਾਟ 'ਤੇ ਸਰਕਾਰ ਦੇ ਹੁਕਮ ਦੇ ਖ਼ਿਲਾਫ਼ ਖੜ੍ਹਣ ਵਾਲਿਆਂ ਨੂੰ ਅਰੂੜ ਸਿੰਘ ਸਰਬਰਾਹ ਵੱਲੋਂ 'ਸਿੱਖੀ 'ਚੋਂ ਖ਼ਾਰਿਜ' ਕਰਨ ਦਾ ਐਲਾਨ ਵੀ ਪੰਥ ਵੱਲੋਂ ਨਹੀਂ ਸੀ ਮੰਨਿਆ ਗਿਆ, ਕਿਉਂਕਿ ਇਕ ਸਰਕਾਰੀ ਚਾਪਲੂਸ ਨੇ ਇਹ ਬਿਆਨ ਵੀ ਨਿੱਜ ਵੱਲੋਂ, ਬਿਨਾਂ ਕਿਸੇ ਹੈਸੀਅਤ ਜਾਂ ਅਖ਼ਤਿਆਰ ਤੋਂ ਜਾਰੀ ਕੀਤਾ ਸੀ। ਸੋ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤਿ ਸਮਾਉਣ (7 ਸਿਤੰਬਰ, 1708) ਤੋਂ 1920 ਤਕ 212 ਸਾਲ ਕਿਸੇ ਸਿੱਖ ਨੂੰ ਪੰਥ ਨੇ ਪੰਥ 'ਚੋਂ ਖ਼ਾਰਿਜ ਨਹੀਂ ਕੀਤਾ ਸੀ।

ਸਿੱਖ ਤਰੀਕੇ ਨਾਲ ਖ਼ਾਰਿਜ ਕੀਤੇ ਜਾਣ ਵਾਲਾ ਸਭ ਤੋਂ ਪਹਿਲਾ ਸ਼ਖ਼ਸ ਅਰੂੜ ਸਿੰਘ ਸਰਬਰਾਹ ਸੀ। ਉਸ ਨੂੰ ਵੀ ਸਿਰਫ਼ ਇਕ ਇਕੱਠ (ਜਿਸ ਵਿਚ ਕੁਝ ਸੌ ਸਿੱਖ ਹੀ ਹਾਜ਼ਿਰ ਸਨ) ਨੇ 12 ਅਕਤੂਬਰ, 1920 ਦੇ ਦਿਨ ਖ਼ਾਰਿਜ ਕੀਤਾ ਸੀ। ਇਸ ਤਰੀਕੇ ਨਾਲ ਖ਼ਾਰਿਜ ਹੋਣ ਵਾਲਾ ਦੂਜਾ ਸ਼ਖ਼ਸ ਕਰਤਾਰ ਸਿੰਘ ਬੇਦੀ (ਜਿਸ ਨੇ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦਾ ਸਾਥ ਦਿੱਤਾ) ਸੀ। ਕਰਤਾਰ ਸਿੰਘ ਬੇਦੀ ਨੇ ਵੀ 23 ਮਈ, 1924 ਨੂੰ ਮੁਆਫ਼ੀ ਮੰਗ ਲਈ ਸੀ। ਇਸ ਤਰੀਕੇ ਨਾਲ ਖ਼ਾਰਿਜ ਹੋਣ ਵਾਲਾ ਤੀਜਾ ਬੰਦਾ ਗੁਰਦਿਆਲ ਸਿੰਘ ਨਾਭਾ (ਜਿਸ ਨੂੰ ਜੈਤੋ 'ਚ ਪਾਠ ਖੰਡਿਤ ਹੋਣ ਦਾ ਇਕ ਦੋਸ਼ੀ ਮੰਨਿਆ ਗਿਆ) ਸੀ। ਉਸ ਨੂੰ 14 ਸਿਤੰਬਰ, 1923 ਤੋਂ ਛੇਤੀ ਮਗਰੋਂ ਹੀ ਸਿੱਖ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਗਿਆ ਸੀ। ਗੁਰਦਿਆਲ ਸਿੰਘ ਨੇ ਕਦੇ ਵੀ ਪੰਥ ਤੋਂ ਮੁਆਫ਼ੀ ਨਹੀਂ ਸੀ

ਮੰਗੀ ਤੇ ਉਹ 'ਖ਼ਾਰਿਜ' ਹੀ ਦੁਨੀਆ ਤੋਂ ਤੁਰ ਗਿਆ। (ਪਰ ਇਕ ਦਿਲਚਸਪ ਗੱਲ ਇਹ ਵੀ ਕਾਬਲੇ-ਗ਼ੌਰ ਹੈ ਕਿ ਇਸ ਗੁਰਦਿਆਲ ਸਿੰਘ ਨੂੰ 'ਖ਼ਾਰਿਜ' ਕੀਤੇ ਜਾਣ ਮਗਰੋਂ ਵੀ ਬਹੁਤੇ ਸਿੱਖ ਉਸ ਨਾਲ ਪੂਰੀ ਤਰ੍ਹਾਂ ਮਿਲਦੇ ਵਰਤਦੇ ਰਹੇ। ਇਨ੍ਹਾਂ ਵਿਚ ਭਾਈ (ਬਾਬਾ) ਅਤਰ ਸਿੰਘ ਮਸਤੂਆਣਾ ਵਾਲੇ ਵੀ ਸਨ।[7])

ਇਨ੍ਹਾਂ ਤਿੰਨਾਂ ਬਾਗ਼ੀਆਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਆਮ ਇਕੱਠਾਂ ਵਿਚ 'ਪੰਥ 'ਚੋਂ ਖ਼ਾਰਿਜ' ਕੀਤਾ ਗਿਆ ਸੀ। ਇਸ ਵਾਸਤੇ ਕੋਈ ਵੱਖਰਾ/ਸਪੈਸ਼ਲ ਇਕੱਠ ਨਹੀਂ ਸੀ ਬੁਲਾਇਆ ਗਿਆ ਅਤੇ ਨਾ ਹੀ ਮਗਰੋਂ ਪੰਥ ਤੋਂ ਇਸ 'ਤੇ ਮੋਹਰ ਲੁਆਈ ਗਈ ਸੀ। ਇਨ੍ਹਾਂ ਨੂੰ ਕਿਸੇ ਅਖੌਤੀ 'ਜਥੇਦਾਰ' ਨੇ 'ਖ਼ਾਰਿਜ' ਨਹੀਂ ਸੀ ਕੀਤਾ। ਅਰੂੜ ਸਿੰਘ ਨੂੰ ਖ਼ਾਰਿਜ ਕਰਨ ਦਾ ਮਤਾ 12 ਅਕਤੂਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ ਮੂਹਰੇ ਅਚਾਨਕ ਇਕੱਠੇ ਹੋਏ ਸਿੱਖਾਂ ਅੱਗੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਰੱਖਿਆ ਸੀ ਤੇ ਦੂਜੇ ਦੋਹਾਂ ਨੂੰ ਵੀ ਹਾਜ਼ਿਰ ਸੰਗਤ 'ਚੋਂ ਅਣਪਛਾਤੇ ਸਿੱਖਾਂ ਦੀ ਤਜਵੀਜ਼ਾਂ 'ਤੇ ਹੀ ਪੰਥ 'ਚੋਂ 'ਖ਼ਾਰਿਜ' ਕੀਤਾ ਗਿਆ ਸੀ। ਸੋ ਇਹ ਤਿੰਨੇ ਵੀ ਕਿਸੇ ਰਸਮੀ ਜਾਂ ਅਜੋਕੇ ਨਵੇਂ ਤਰੀਕੇ ਨਾਲ 'ਖ਼ਾਰਿਜ' ਨਹੀਂ ਸਨ ਕੀਤੇ ਗਏ।

ਪੰਥ 'ਚੋਂ 'ਖ਼ਾਰਿਜ' ਕਰਨ ਦੀ ਪਹਿਲੀ ਰਸਮੀ ਕਾਰਵਾਈ 1928 ਵਿਚ (ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ 220 ਸਾਲ ਮਗਰੋਂ) ਕੀਤੀ ਗਈ ਸੀ। 9 ਅਗਸਤ, 1928 ਦੇ ਦਿਨ ਬਾਬੂ ਤੇਜਾ ਸਿੰਘ ਭਸੌੜ ਤੇ ਉਨ੍ਹਾਂ ਦੀ ਸਿੰਘਣੀ ਬੀਬੀ ਨਿਰੰਜਨ ਕੌਰ ਨੂੰ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਗਿਆ। ਸ਼ਾਇਦ ਇਹ ਫ਼ੈਸਲਾ ਵੀ ਰੁਕ ਜਾਂਦਾ, ਜੇ ਬਾਬੂ ਤੇਜਾ ਸਿੰਘ ਗੱਲਬਾਤ ਕਰਨ ਤੋਂ ਬਿਲਕੁਲ ਹੀ ਇਨਕਾਰੀ ਨਾ ਹੋ ਜਾਂਦੇ। ਬਾਬੂ ਤੇਜਾ ਸਿੰਘ ਭਸੌੜ ਨੂੰ ਖ਼ਾਰਿਜ ਕਰਨ ਦੀ ਕਾਰਵਾਈ ਕਿਸੇ ਅਖੌਤੀ ਜਥੇਦਾਰ ਨੇ ਨਹੀਂ ਸੀ ਕੀਤੀ। ਇਸ ਸਬੰਧੀ ਫ਼ੈਸਲਾ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀਆਂ ਤਿੰਨ ਮੀਟਿੰਗਾਂ ਵਿਚ ਵਿਚਾਰ ਕੀਤੀ ਗਈ ਸੀ (10 ਮਾਰਚ 1928, 31 ਮਾਰਚ 1928 ਅਤੇ 15 ਜੁਲਾਈ 1928)। ਤੀਜੀ ਮੀਟਿੰਗ ਨੇ ਬਾਬੂ ਤੇਜਾ ਸਿੰਘ ਤੇ ਨਿਰੰਜਨ ਕੌਰ ਨੂੰ ਖ਼ਾਰਿਜ ਕਰਨ ਦਾ ਗੁਰਮਤਾ ਤਿਆਰ ਕੀਤਾ, ਜਿਸ ਨੂੰ 9 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਜਾਰੀ ਕਰ ਦਿੱਤਾ। ਸੋ, ਇਹ ਸਾਰੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਤਿੰਨ ਜਨਰਲ ਇਜਲਾਸਾਂ ਦੀ ਸੀ, ਨਾ ਕਿ ਕਿਸੇ ਅਖੌਤੀ ਜਥੇਦਾਰ ਜਾਂ ਪੰਜ ਗ੍ਰੰਥੀਆਂ ਦੀ। ਸ਼੍ਰੋਮਣੀ ਕਮੇਟੀ ਉਦੋਂ ਤਕ ਅੱਜ-ਕੱਲ੍ਹ (2004) ਦੇ ਤਰੀਕੇ ਨਾਲ ਨਹੀਂ ਸੀ ਚੁਣੀ ਜਾਂਦੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵਿਚ ਸੱਚੇ ਪੰਥਕ ਗੁਰਸਿੱਖ ਹੀ ਚੁਣੇ ਜਾਇਆ ਕਰਦੇ ਸਨ ਅਤੇ ਉਸ ਨੂੰ ਸਰਬਤ ਖਾਲਸਾ ਵਰਗਾ ਅਦਬ ਹਾਸਿਲ ਸੀ। ਉਸ ਨੂੰ ਇਕ ਹੱਦ ਤਕ ਪੰਥ ਦੇ ਨੁਮਾਇੰਦਿਆਂ ਦਾ ਇਕੱਠ ਮੰਨਿਆ ਜਾ ਸਕਦਾ ਸੀ।

25 ਦਿਸੰਬਰ 1935 ਦੇ ਦਿਨ ਬੂਟਾ ਸਿੰਘ ਐਮ.ਐਲ.ਸੀ. ਨੇ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਹਾਜ਼ਿਰ ਹੋ ਕੇ ਮੁਆਫ਼ੀ ਮੰਗੀ। ਦਰਅਸਲ ਬੂਟਾ ਸਿੰਘ ਨੂੰ ਪੰਥ 'ਚੋਂ ਕਦੇ ਵੀ 'ਖ਼ਾਰਿਜ' ਨਹੀਂ ਸੀ ਕੀਤਾ ਗਿਆ। ਉਸ ਦਾ ਤਾਂ ਸਿਰਫ਼ ਬਾਈਕਾਟ ਕੀਤਾ ਗਿਆ ਸੀ, ਕਿਉਂਕਿ ਉਹ ਸਰਬ ਸਿੱਖ ਪਾਰਟੀਜ਼ ਦੀ ਮਰਜ਼ੀ ਦੇ ਖ਼ਿਲਾਫ਼

---

7. ਤੇਜਾ ਸਿੰਘ, *ਜੀਵਨ ਕਥਾ ਸੰਤ ਅਤਰ ਸਿੰਘ ਜੀ*, 1998, ਭਾਸ਼ਾ ਵਿਭਾਗ, ਪਟਿਆਲਾ, ਸਫ਼ਾ 198-99.

ਅੰਗਰੇਜ਼ੀ ਸਰਕਾਰ ਦੀ 'ਜਾਇੰਟ ਸਿਲੈਕਟ ਕਮੇਟੀ' ਦੀ ਮੀਟਿੰਗ ਵਿਚ ਸ਼ਾਮਿਲ ਹੋਇਆ ਸੀ। ਸੋ, 1928 ਤੋਂ ਮਗਰੋਂ ਫੇਰ ਅਗਲੇ 50 ਸਾਲਾ ਕਿਸੇ ਨੂੰ ਵੀ ਪੰਥ 'ਚੋਂ ਖ਼ਾਰਿਜ ਨਹੀਂ ਸੀ ਕੀਤਾ ਗਿਆ। ਅਗਲੇ ਐਕਸ਼ਨ 1978 ਵਿਚ ਅਤੇ ਜੂਨ 1984 ਮਗਰੋਂ ਹੋਏ ਸਨ।

1928 ਵਿਚ ਬਾਬੂ ਤੇਜਾ ਸਿੰਘ ਅਤੇ ਬੀਬੀ ਨਿਰੰਜਨ ਕੌਰ ਭਾਵੇਂ ਪੰਚ ਖਾਲਸਾ ਦੀਵਾਨ ਭਸੌੜ ਦੇ ਮੁਖੀ ਸਨ, ਪਰ ਉਹ ਕੇਸ ਵਿਚ ਸਾਰੀ ਜਥੇਬੰਦੀ ਨੂੰ ਪੰਥ 'ਚੋਂ 'ਖ਼ਾਰਿਜ' ਨਹੀਂ ਸੀ ਕੀਤਾ ਗਿਆ। ਕਿਸੇ ਪੂਰੀ ਦੀ ਪੂਰੀ ਜਮਾਤ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਪਹਿਲਾ ਐਕਸ਼ਨ 10 ਜੂਨ 1978 ਦੇ ਦਿਨ ਨਿਰੰਕਾਰੀਆਂ ਬਾਰੇ ਕੀਤਾ ਗਿਆ ਸੀ। ਜੇ ਕਿਤੇ 13 ਅਪਰੈਲ 1978 ਦੇ ਦਿਨ ਇਹ ਨਿਰੰਕਾਰੀ ਅੰਮ੍ਰਿਤਸਰ ਵਿਚ 13 ਸਿੱਖਾਂ ਦਾ ਕਤਲੇਆਮ ਨਾ ਕਰਦੇ ਤਾਂ ਸ਼ਾਇਦ ਨਿਰੰਕਾਰੀਆਂ ਨੂੰ ਪੰਥ 'ਚੋਂ 'ਖ਼ਾਰਿਜ' ਕਰਨ ਦਾ ਹੁਕਮਨਾਮਾ ਕਦੇ ਵੀ ਜਾਰੀ ਨਾ ਹੁੰਦਾ। 10 ਜੂਨ 1978 ਦਾ ਇਹ 'ਹੁਕਮਨਾਮਾ' ਵੀ ਕਿਸੇ ਅਖੌਤੀ ਜਥੇਦਾਰ ਤਾਂ ਪੰਜ ਗ੍ਰੰਥੀਆਂ ਨੇ ਜਾਰੀ ਨਹੀਂ ਸੀ ਕੀਤਾ। ਇਸ ਵਾਸਤੇ 17 ਮਈ 1978 ਦੇ ਦਿਨ ਹੋਈ ਪੰਥਕ ਕਨਵੈਨਸ਼ਨ ਵਿਚ ਸਾਰੇ ਬੁਲਾਰੇ ਇਕ ਰਾਏ ਸਨ ਕਿ ਨਿਰੰਕਾਰੀਆਂ ਦਾ ਸੋਸ਼ਲ ਬਾਈਕਾਟ ਕੀਤਾ ਜਾਵੇ। ਇਸ ਸਰਬ ਪਾਰਟੀ ਪੰਥਕ ਕਨਵੈਨਸ਼ਨ ਨੇ ਇਸ ਬਾਰੇ ਗੁਰਮਤਾ ਪਾਸ ਕੀਤਾ ਤੇ ਇਹ ਵੀ ਫ਼ੈਸਲਾ ਕੀਤਾ ਕਿ ਇਸ ਸਬੰਧੀ ਇਕ ਹੁਕਮਨਾਮਾ ਤਿਆਰ ਕੀਤਾ ਜਾਵੇ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਤੋਂ ਜਾਰੀ ਕਰਵਾਇਆ ਜਾਵੇ। ਇਸ ਸਬੰਧ ਵਿਚ ਇਕ ਸੱਤ-ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵਿਚ ਸਿਰਦਾਰ ਕਪੂਰ ਸਿੰਘ, ਗਿਆਨੀ ਲਾਲ ਸਿੰਘ ਤੇ ਗਿਆਨੀ ਗੁਰਦਿਤ ਸਿੰਘ ਵੀ ਮੈਂਬਰ ਸਨ। ਇਸ ਕਮੇਟੀ ਦਾ ਤਿਆਰ ਕੀਤਾ 'ਹੁਕਮਨਾਮਾ' ਹੀ 10 ਜੂਨ 1978 ਦੇ ਦਿਨ ਸਾਧੂ ਸਿੰਘ ਭੌਰਾ ਨੇ ਜਾਰੀ ਕੀਤਾ ਸੀ। ਦੂਜੇ ਲਫ਼ਜ਼ਾਂ ਵਿਚ ਇਹ ਹੁਕਮਨਾਮਾ ਪੰਥ ਦੇ ਇਕੱਠ ਦਾ ਸੀ, ਨਾ ਕਿ ਇਕ ਅਖੌਤੀ ਜਥੇਦਾਰ ਜਾਂ ਪੰਜ ਗ੍ਰੰਥੀਆਂ/ਪੁਜਾਰੀਆਂ ਦਾ।

4 ਜੂਨ 1984 ਦੇ ਦਿਨ ਭਾਰਤ ਫ਼ੌਜ ਦੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਹਮਲਾ ਕਰਨ ਵਾਲੀ ਫ਼ੌਜ ਦਾ ਮੁਖੀ (ਗਿਆਨੀ) ਜ਼ੈਲ ਸਿੰਘ ਸੀ। ਇਸ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਦੀ ਸਰਕਾਰੀ ਮਜ਼ਦੂਰਾਂ ਰਾਹੀਂ ਬੂਟਾ ਸਿੰਘ ਤੇ ਸੰਤਾ ਸਿੰਘ ਦੀ ਸਰਪ੍ਰਸਤੀ ਹੇਠ ਮੁਰੰਮਤ ਕੀਤੀ ਗਈ। ਕਲੇਰਾਂ ਵਾਲੇ ਨਰੈਣ ਸਿੰਘ ਨੇ ਵੀ ਇਨ੍ਹਾਂ ਦਾ ਸਾਥ ਦਿੱਤਾ। ਇਨ੍ਹਾਂ ਸਾਰਿਆਂ ਨੂੰ ਪੰਥ 'ਚੋਂ 'ਖ਼ਾਰਿਜ' ਕਰਨ ਦਾ ਮਤਾ ਸਰਬ ਸੰਸਾਰ ਸਿੱਖ ਇਕੱਠ ਨੇ ਪਾਸ ਕੀਤਾ ਸੀ। ਇਸ ਮਤੇ ਮੁਤਾਬਿਕ ਜ਼ੈਲ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ (ਪਰ ਹਜ਼ੂਰ ਸਾਹਿਬ ਤੋਂ ਇਨ੍ਹਾਂ ਨੂੰ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ ਗਿਆ)। ਇਸੇ ਮਤੇ ਮੁਤਾਬਿਕ ਸੰਤਾ ਸਿੰਘ ਨਿਹੰਗ ਨੂੰ 22 ਜੁਲਾਈ 1984 ਦੇ ਦਿਨ ਬੂਟਾ ਸਿੰਘ ਤੇ ਨਰੈਣ ਸਿੰਘ ਕਲੇਰਾਂ ਨੂੰ 1 ਅਪਰੈਲ 1985 ਦੇ ਦਿਨ ਪੰਥ 'ਚੋਂ 'ਖ਼ਾਰਿਜ' ਕੀਤਾ ਗਿਆ ਸੀ। ਜ਼ੈਲ ਸਿੰਘ ਤਾਂ (ਗਿਆਨੀ) ਕਿਰਪਾਲ ਸਿੰਘ ਤਕ 'ਪਹੁੰਚ' ਕਰ ਕੇ 'ਬਰੀ' ਹੋ ਗਿਆ।

ਇਸ ਮਗਰੋਂ ਨਿੱਕੇ-ਮੋਟੇ ਕੇਸਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਤੇ ਗ੍ਰੰਥੀਆਂ ਨੇ, ਉਨ੍ਹਾਂ ਦੇ 'ਹੁਕਮ' ਨਾ ਮੰਨਣ ਦੇ ਦੋਸ਼ ਵਿਚ 20 ਅਪਰੈਲ 1988 ਨੂੰ ਨਾਨਕਸਰੀਆਂ ਦੇ ਗੁਰਮੁਖ ਸਿੰਘ ਤੇ ਐਸ.ਡੀ.ਓ. ਮਹਿੰਦਰ ਸਿੰਘ ਨੂੰ 28 ਅਪਰੈਲ

1999 ਦੇ ਦਿਨ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ। ਅਜਿਹੇ ਹੀ ਤਰੀਕੇ ਨਾਲ 11 ਫ਼ਰਵਰੀ, 1987 ਨੂੰ ਸੁਰਜੀਤ ਬਰਨਾਲਾ ਅਤੇ 14 ਫ਼ਰਵਰੀ 1987 ਨੂੰ ਰਛਪਾਲ ਸਿੰਘ ਨੂੰ ਵੀ ਪੰਥ 'ਚੋਂ 'ਖ਼ਾਰਿਜ' ਕੀਤਾ ਗਿਆ ਸੀ। (ਭਾਈ) ਰਣਜੀਤ ਸਿੰਘ ਨੇ ਵੀ ਉਸ ਦਾ 'ਭੁੰਜੇ ਬੈਠ ਕੇ ਲੰਗਰ ਖਾਣ' ਦਾ ਹੁਕਮ ਨਾ ਮੰਨਣ ਵਾਲੇ ਅਤੇ ਇਸ 'ਤੇ ਲਿਖਤੀ ਇਤਰਾਜ਼ ਕਰਨ ਵਾਲੇ ਛੇ ਕੈਨੇਡੀਅਨ ਸਿੱਖ ਆਗੂ (ਗਿਆਨੀ ਹਰਕੀਰਤ ਸਿੰਘ, ਬਲਵੰਤ ਸਿੰਘ ਗਿੱਲ, ਤਾਰਾ ਸਿੰਘ ਹੇਅਰ, ਜਰਨੈਲ ਸਿੰਘ, ਰਤਨ ਸਿੰਘ ਤੇ ਕਸ਼ਮੀਰ ਸਿੰਘ) ਵੀ 25 ਜੁਲਾਈ 1998 ਦੇ ਦਿਨ ਤੇ ਮਗਰੋਂ ਇਨ੍ਹਾਂ ਦੇ ਹਿਮਾਇਤੀ ਪ੍ਰੀਤ ਸੰਧੂ ਨੂੰ ਵੀ 'ਪੰਥ' 'ਚੋਂ 'ਖ਼ਾਰਿਜ' ਕਰਨ ਦਾ ਐਲਾਨ ਕਰ ਦਿੱਤਾ। ਲੰਗਰ ਵਾਲੇ 20 ਅਪਰੈਲ 1998 ਦੇ 'ਹੁਕਮਨਾਮੇ' ਵਾਂਗ ਇਸ 'ਖ਼ਾਰਿਜ' ਕਰਨ ਵਾਲੇ 'ਹੁਕਮਨਾਮੇ' ਹੇਠਾਂ ਵੀ ਇਕੱਲੇ (ਭਾਈ) ਰਣਜੀਤ ਸਿੰਘ ਇਕੱਠੇ ਦੇ ਦਸਤਖ਼ਤ ਸਨ।

ਇਹ ਸਾਰੇ ਸ਼ਖ਼ਸ ਤਖ਼ਤ ਦੇ ਮੁਖ ਸੇਵਾਦਾਰ ਜਾਂ 'ਪੰਜ ਗ੍ਰੰਥੀਆਂ' ਦੇ ਦਸਤਖ਼ਤਾਂ ਹੇਠ 'ਖ਼ਾਰਿਜ' ਕੀਤੇ ਗਏ ਸਨ। ਇਸ ਵਿਚ ਸਮੁੱਚੇ ਪੰਥ ਦੀ ਰਾਏ ਨਹੀਂ ਸੀ ਲਈ ਗਈ। ਪਰ ਇਸ ਦਾ ਅਖ਼ੀਰ ਪੂਰਨ ਸਿੰਘ ਨੇ ਲਿਆਂਦਾ, ਜਿਸ ਨੇ 25 ਜਨਵਰੀ 2000 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਮੱਧ ਪ੍ਰਦੇਸ਼ ਦੇ ਇਕ ਕਸਬੇ ਗੁੰਨਾ 'ਚੋਂ ਲੰਘਦਿਆਂ ਦਿੱਤੀ 'ਫ਼ੈਕਸ' ਨਾਲ ਹੀ 'ਪੰਥ 'ਚੋਂ ਖ਼ਾਰਿਜ' ਕਰ ਦਿੱਤਾ। ਉਹ ਏਥੇ ਹੀ ਨਹੀਂ ਰੁਕਿਆ, ਉਸ ਨੇ 12 ਮਾਰਚ 2000 ਦੇ ਦਿਨ ਦੋ ਸੀਨੀਅਰ ਗ੍ਰੰਥੀ (ਪ੍ਰੋ:) ਮਨਜੀਤ ਸਿੰਘ, (ਗਿਆਨੀ) ਕੇਵਲ ਸਿੰਘ (ਜੋ ਫ਼ਰਵਰੀ 1999 ਵਿਚ ਰਣਜੀਤ ਸਿੰਘ ਹੱਥੋਂ ਬਚ ਗਏ ਸਨ) ਤੇ ਸ਼੍ਰੋਮਣੀ ਕਮੇਟੀ ਮੈਂਬਰ ਪ੍ਰੀਤਮ ਸਿੰਘ ਭਾਟੀਆ ਤੇ ਜਸਵਿੰਦਰ ਸਿੰਘ ਵੀ 'ਪੰਥ 'ਚੋਂ ਖ਼ਾਰਿਜ' ਕਰ ਦਿੱਤੇ। ਪੂਰਨ ਸਿੰਘ ਨੇ ਤਾਂ 28 ਮਾਰਚ ਦੇ ਦਿਨ ਸ਼੍ਰੋਮਣੀ ਕਮੇਟੀ ਦੇ ਚਾਰ ਐਗਜ਼ੈਕਟਿਵ ਮੈਂਬਰ (ਰਘੁਜੀਤ ਸਿੰਘ, ਸਤਨਾਮ ਸਿੰਘ, ਗੁਰਪਾਲ ਸਿੰਘ, ਪ੍ਰੀਤਮ ਸਿੰਘ) ਵੀ ਪੰਥ 'ਚੋਂ ਖ਼ਾਰਿਜ ਕਰ ਦਿੱਤੇ। ਇਹ ਸਾਰੀਆਂ 'ਬਰਖ਼ਾਸਤਗੀਆਂ' ਪੂਰਨ ਸਿੰਘ ਦੀ ਨਿਜੀ ਕਿੜ 'ਤੇ ਗ਼ੁੱਸੇ ਕਾਰਨ ਹੋਈਆਂ ਸਨ। ਪੰਥ ਤਾਂ ਕੀ ਇਨ੍ਹਾਂ ਹੁਕਮਾਂ ਉੱਤੇ ਤਾਂ ਪੰਜ ਗ੍ਰੰਥੀਆਂ ਦੇ ਰਸਮੀ ਦਸਤਖ਼ਤ ਵੀ ਨਹੀਂ ਸਨ ਹੋਏ। ਖ਼ੈਰ ਇਹ ਡਰਾਮਾ ਪੂਰਨ ਸਿੰਘ ਦੀ ਬਰਖ਼ਾਸਤਗੀ (25 ਮਾਰਚ 2000) ਨਾਲ ਖ਼ਤਮ ਹੋ ਗਿਆ।

ਪੂਰਨ ਸਿੰਘ ਦੀਆਂ ਆਪ-ਹੁਦਰੀਆਂ ਕਾਰਵਾਈਆਂ ਦਾ ਖ਼ਾਤਮਾ ਕਰਨ ਵਾਸਤੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਲਿਆਂਦਾ ਗਿਆ। ਉਸ ਨੂੰ ਵੀ ਬਡੂੰਗਰ ਅਤੇ ਟੌਹੜਾ ਨੇ 2003-2004 ਵਿਚ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ (10 ਜੁਲਾਈ 2003) ਅਤੇ ਜੋਗਿੰਦਰ ਸਿੰਘ 'ਸਪੋਕਸਮੈਨ' (10 ਮਾਰਚ 2004) ਨੂੰ 'ਪੰਥ 'ਚੋਂ ਖ਼ਾਰਿਜ' ਕਰਨ ਦੇ ਕਾਰਨਾਮੇ ਵਾਸਤੇ ਵਰਤਿਆ। ਇਹ ਦੋਵੇਂ ਅਖੌਤੀ 'ਬਰਖ਼ਾਸਤਗੀਆਂ' ਵਿਦਵਾਨਾਂ ਦੇ ਰੋਕਣ ਦੇ ਬਾਵਜੂਦ ਗ਼ਲਤ ਤਰੀਕੇ ਨਾਲ ਕੀਤੀਆਂ ਗਈਆਂ ਸਨ। ਇਹ 'ਹੁਕਮ' ਵੀ ਮੁਖ ਸੇਵਾਦਾਰ ਅਤੇ ਚਾਰ ਹੋਰ ਗ੍ਰੰਥੀਆਂ ਦੇ (ਅਸਲ ਵਿਚ ਬਡੂੰਗਰ ਅਤੇ ਗੁਰਚਰਨ ਸਿੰਘ ਟੌਹੜਾ ਦੇ) ਸਨ ਤੇ ਗੁਰੂ-ਪੰਥ ਦੀ ਮਨਜ਼ੂਰੀ ਨਾਲ ਨਹੀਂ ਸਨ।

ਸੋ, ਪੰਥ 'ਚੋਂ 'ਖ਼ਾਰਿਜ' ਕਰਨ ਦੀ ਰਿਵਾਇਤ, ਜੋ ਵੀਹ ਵਿਸਵੇ (100%) ਵੀਹਵੀਂ ਸਦੀ ਦੇ ਅਖ਼ੀਰ ਵਿਚ ਸ਼ੁਰੂ ਹੋਈ, ਵਧੇਰੇ ਕਰ ਕੇ ਪੰਥਕ ਮਰਿਆਦਾ ਦੇ ਉਲਟ ਤਰੀਕੇ ਵਰਤ ਕੇ ਕੀਤੀ ਜਾਂਦੀ ਰਹੀ ਹੈ। ਜਿਨ੍ਹਾਂ ਮੌਕਿਆਂ 'ਤੇ ਪੰਥ ਨੇ ਕਿਸੇ ਕਾਰਵਾਈ ਦਾ

ਗੁਰਮਤਾ ਕੀਤਾ, ਉਸ ਨੂੰ ਸਮੁੱਚੇ ਪੰਥ ਨੇ ਕਬੂਲ ਕੀਤਾ, ਪਰ ਖ਼ਾਰਿਜ ਕਰਨ ਦੇ ਜੋ 'ਹੁਕਮ'ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਾਂ ਗ੍ਰੰਥੀਆਂ ਨੇ ਜਾਰੀ ਕੀਤੇ ਸਨ, ਉਹ ਪੰਥ ਵਿਚ ਬਹਿਸ-ਗੋਚਰੇ ਬਣ ਕੇ ਰਹਿ ਗਏ ਸਨ। ਸਿੱਖ ਫ਼ਲਸਫ਼ੇ ਮੁਤਾਬਿਕ ਪੰਥ ਦੇ ਕੌਮੀ ਮਸਲਿਆਂ ਬਾਰੇ 'ਗੁਰਮਤਾ' ਕਰਨ ਦਾ ਹੱਕ ਸਿਰਫ਼ ਤੇ ਸਿਰਫ਼ ਪੰਥ ਨੂੰ ਹੈ; ਭਾਵੇਂ ਉਹ ਸਰਬਤ ਖਾਲਸਾ ਇਕੱਠ (ਵੱਡਾ ਜਲਸਾ ਨਹੀਂ, ਨੁਮਾਇੰਦਾ ਬੈਠਕ) ਵਜੋਂ ਹੋਵੇ ਜਾਂ ਸਰਬ-ਪਾਰਟੀ/ ਜਥੇਬੰਦੀ ਕਾਨਫ਼ਰੰਸ ਵਜੋਂ। ਸਾਂਝੀ ਕੌਮੀ-ਰਾਏ ਹੇਠ ਲਏ ਗਏ ਫ਼ੈਸਲੇ ਹੀ ਪੰਥ ਦੇ ਗੁਰਮਤੇ ਤੇ ਹੁਕਮਨਾਮੇ ਹਨ। ਅਵੱਲ ਤਾਂ ਕਿਸੇ ਨੂੰ 'ਪੰਥ 'ਚੋਂ ਖ਼ਾਰਿਜ' ਕਰਨ ਦੀ ਜ਼ਰੂਰਤ ਨਹੀਂ, ਪਰ ਜੇ 'ਅਖ਼ੀਰ' ਹੀ ਹੋ ਜਾਵੇ ਤਾਂ ਇਸ ਦੀ ਮਨਜ਼ੂਰੀ ਪਹਿਲੋਂ ਸਰਬਤ ਖਾਲਸਾ ਤੋਂ ਲਈ ਜਾਣੀ ਲਾਜ਼ਮੀ ਹੈ, ਵਰਨਾ ਇਹ ਪੰਥਕ ਰਿਵਾਇਤਾਂ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਦੇ ਉਲਟ ਕਾਰਵਾਈ ਹੋਵੇਗੀ।

(*ਨੋਟ :* ਕਈ 'ਹੁਕਮਨਾਮਿਆਂ' ਵਿਚ ਸਿਰਫ਼ 'ਪੰਥ 'ਚੋਂ ਖ਼ਾਰਿਜ' ਹੀ ਲਿਖਿਆ ਹੁੰਦਾ ਹੈ। ਪਰ ਇਕ ਅੱਧ ਵਿਚ (ਜੋਗਿੰਦਰ ਸਿੰਘ *ਸਪੋਕਸਮੈਨ* ਦੇ ਖ਼ਿਲਾਫ਼ ਹੁਕਮਨਾਮਾ) 'ਰੋਟੀ ਬੇਟੀ ਦੀ ਸਾਂਝ ਨਾ ਰਖਣ' ਦੀ ਹਿਦਾਇਤ ਵੀ ਹੁੰਦੀ ਹੈ। ਦਰਅਸਲ ਜਿਸ ਬੰਦੇ ਨੇ ਅਖੌਤੀ ਹੁਕਮਨਾਮਾ ਡਰਾਫ਼ਟ ਕੀਤਾ ਹੁੰਦਾ ਹੈ, ਉਸ ਦੀ ਨਿੱਜੀ ਸੂਝ ਹੀ ਅਖੌਤੀ 'ਹੁਕਮਨਾਮਾ' ਹੁੰਦੀ ਹੈ। ਆਮ ਤੌਰ 'ਤੇ ਇਸ ਨੂੰ ਅਖੌਤੀ ਜਥੇਦਾਰਾਂ, ਬਾਕੀ ਗ੍ਰੰਥੀਆਂ ਜਾਂ ਸ਼੍ਰੋਮਣੀ ਕਮੇਟੀ ਦੇ ਲੀਡਰਾਂ ਨੇ ਇਕ ਵਾਰ ਵੀ ਪੜ੍ਹਿਆ ਨਹੀਂ ਹੁੰਦਾ। ਜਿਹੋ ਜਿਹਾ ਘਾਲਾ-ਮਾਲਾ ਅਖੌਤੀ ਹੁਕਮਨਾਮਾ ਜਾਂ 'ਖ਼ਾਰਿਜ-ਨਾਮਾ' ਜਾਰੀ ਕਰਨ ਸਬੰਧੀ ਕੀਤਾ ਗਿਆ ਹੁੰਦਾ ਹੈ, ਉਹੋ ਜਿਹਾ ਹੀ ਹਾਲ ਇਸ ਦੀ ਲੱਫ਼ਾਜ਼ੀ ਤਿਆਰ ਕਰਨ ਦਾ ਵੀ ਹੁੰਦਾ ਹੈ।)

ਸਰਬਤ ਖਾਲਸਾ ਇਕੱਠ ਕਿਵੇਂ ਹੋ ਸਕਦਾ ਹੈ ?

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਪੰਥ ਦੀ ਜਥੇਦਾਰੀ ਸਰਬਤ ਖਾਲਸਾ ਨੂੰ ਸੌਂਪੀ ਸੀ ਨਾ ਕਿ ਕਿਸੇ ਇਕ ਸ਼ਖ਼ਸ ਨੂੰ ਹਾਲਾਂਕਿ ਪੰਜ ਪਿਆਰਿਆਂ ਵਿਚੋਂ ਦੋ (ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ) ਅਜੇ ਜਿਉਂਦੇ ਸਨ। ਗੁਰੂ ਸਾਹਿਬ ਇਕ ਡਿਕਟੇਟਰ, ਹਾਕਮ, ਮਾਲਿਕ, ਬਾਦਸ਼ਾਹ ਵਰਗੀ ਕੋਈ ਸ਼ੈਅ ਸਿੱਖਾਂ 'ਤੇ ਨਹੀਂ ਥੋਪਣਾ ਚਾਹੁੰਦੇ ਸਨ। ਉਨ੍ਹਾਂ ਨੇ ਸਿੱਖ ਨੂੰ ਖਾਲਸਾ ਬਣਨ ਵਾਸਤੇ ਤਿਆਰ ਕੀਤਾ ਸੀ। ਕਿਉਂ ਜੋ ਖਾਲਸਾ ਇਕ ਖ਼ੁਦਮੁਖਤਿਆਰ ਹਸਤੀ ਹੈ ਇਸ ਕਰ ਕੇ ਉਸ 'ਤੇ ਕੋਈ ਹਕੂਮਤ ਨਹੀਂ ਕਰ ਸਕਦਾ। ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਨੂੰ ਵੀ ਪੰਥ ਦਾ ਬਾਦਸ਼ਾਹ ਜਾਂ ਜਥੇਦਾਰ ਨਹੀਂ ਸੀ ਬਣਾਇਆ। ਉਹ ਸਿਰਫ਼ ਖਾਲਸਾ ਫ਼ੌਜਾਂ ਦਾ ਜਥੇਦਾਰ ਸੀ। ਪੰਥ ਦੀ ਅਗਵਾਈ ਸਿਰਫ਼ ਤੇ ਸਿਰਫ਼ ਗੁਰੂ ਗ੍ਰੰਥ ਸਾਹਿਬ ਕੋਲ ਸੀ। ਖਾਲਸਾ ਫ਼ੌਜਾਂ ਦੀ ਅਗਵਾਈ (ਵਕਤੀ ਤੌਰ 'ਤੇ) ਬਾਬਾ ਬੰਦਾ ਸਿੰਘ ਕੋਲ ਸੀ ਅਤੇ ਪੰਥ ਦੇ ਫ਼ੈਸਲੇ 'ਸਰਬਤ ਖਾਲਸਾ' ਦੇ 'ਗੁਰਮਤੇ' ਨਾਲ ਹੋਣੇ ਸਨ।

1708 ਵਿਚ ਜਾਂ ਮਗਰੋਂ ਵੀ ਸਰਬਤ ਖਾਲਸਾ ਸਾਰੇ ਸਿੱਖਾਂ ਦੇ ਇਕੱਠ ਨੂੰ ਆਖਿਆ ਜਾਂਦਾ ਰਿਹਾ ਸੀ ਕਿਉਂਕਿ ਉਦੋਂ ਸਿੱਖਾਂ ਦੀ ਗਿਣਤੀ ਬਹੁਤੀ ਨਹੀਂ ਸੀ। ਜਿਉਂ-ਜਿਉਂ

ਗਿਣਤੀ ਵਧਦੀ ਗਈ ਸਿੱਖਾਂ ਨੇ ਸਰਬਤ ਖਾਲਸਾ ਇਕੱਠ ਨੂੰ ਪੰਥ ਦੇ ਵੱਖ-ਵੱਖ ਜਥਿਆਂ ਦੀ ਬੈਠਕ ਬਣਾ ਲਿਆ। ਅਜਿਹੇ ਇਕੱਠ ਅਠਾਰ੍ਹਵੀਂ ਸਦੀ ਵਿਚ ਅਕਸਰ ਹੁੰਦੇ ਰਹਿੰਦੇ ਸਨ। 1805 ਵਿਚ ਹੋਲਕਰ ਅਤੇ ਲਾਰਡ ਲੇਕ ਦੇ ਝਗੜੇ ਸਬੰਧੀ ਸਰਬਤ ਖਾਲਸਾ ਦਾ ਇਕੱਠ ਆਖ਼ਰੀ ਇਕੱਠ ਸੀ। ਇਸ ਮਗਰੋਂ ਰਣਜੀਤ ਸਿੰਘ (ਮਹਾਰਾਜਾ) ਨੇ ਸਰਬਤ ਖਾਲਸਾ ਇਕੱਠ ਬੁਲਾਉਣੇ ਬੰਦ ਕਰ ਦਿੱਤੇ। ਉਹ ਨਹੀਂ ਸੀ ਚਾਹੁੰਦਾ ਕਿ ਕੋਈ ਸਿੱਖ ਆਗੂ ਉਸ ਦੀ ਨਿੱਜੀ ਤੇ ਖ਼ਾਨਦਾਨੀ ਹਕੂਮਤ ਵਿਚ ਕੋਈ ਦਖ਼ਲ ਦੇਵੇ ਜਾਂ ਰੋਲ ਅਦਾ ਕਰੇ। ਉਦੋਂ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਅਕਾਲੀ ਫੂਲਾ ਸਿੰਘ ਕੋਲ ਸੀ। ਪਰ ਉਸ ਨੇ ਵੀ ਕਦੇ ਵੀ ਕਿਸੇ ਮਸਲੇ 'ਤੇ ਸਰਬਤ ਖਾਲਸਾ ਦਾ ਇਕੱਠ ਨਹੀਂ ਬੁਲਾਇਆ (ਜਾਂ ਰਣਜੀਤ ਸਿੰਘ ਨੇ ਉਸ ਨੂੰ ਬੁਲਾਉਣ ਨਹੀਂ ਦਿੱਤਾ।) ਇੱਥੇ ਅਕਾਲੀ ਫੂਲਾ ਸਿੰਘ ਦੇ ਖਾੜਕੂ ਹੋਣ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਸਕਦਾ ਹੈ!

ਖ਼ੈਰ, 1849 ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਦੀ ਡੋਰ ਅੰਗਰੇਜ਼ਾਂ ਦੇ ਹੱਥ ਵਿਚ ਆ ਗਈ। ਰਣਜੀਤ ਸਿੰਘ ਵਲੋਂ ਗੁਰਦੁਆਰਿਆਂ ਅਤੇ ਤਖ਼ਤ ਸਾਹਿਬ ਨੂੰ ਕੰਟਰੋਲ ਵਿਚ ਰੱਖਣ ਦੀ ਹਰਕਤ ਨੂੰ ਅੰਗਰੇਜ਼ਾਂ ਨੇ ਮਿਸਾਲ ਮੰਨ ਕੇ ਵਰਤਿਆ। ਜਿਵੇਂ ਰਣਜੀਤ ਸਿੰਘ ਨੇ ਤਖ਼ਤ ਸਾਹਿਬ ਨੂੰ ਆਪਣੀ ਮੁੱਠ ਵਿਚ ਰੱਖਿਆ ਸੀ ਉਵੇਂ ਹੀ ਅੰਗਰੇਜ਼ਾਂ ਨੇ ਕੀਤਾ। ਅਖ਼ੀਰ ਅਕਤੂਬਰ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸਰਬਤ ਖਾਲਸਾ ਦੀ ਰਿਵਾਇਤ ਮੁੜ ਤੋਰੀ। 15 ਨਵੰਬਰ 1920 ਦੇ ਦਿਨ ਫੇਰ ਸਰਬਤ ਖਾਲਸਾ ਇਕੱਠ ਹੋਇਆ। ਇਸ ਇਕੱਠ ਵਿਚ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਜਥਿਆਂ, ਜਮਾਤਾਂ ਅਤੇ ਅਦਾਰਿਆਂ ਦੇ ਨੁਮਾਇੰਦੇ ਬੁਲਾਏ ਗਏ ਸਨ। ਇਸੇ ਇਕੱਠ ਨੇ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਸੀ। ਇਸ ਸਰਬਤ ਖਾਲਸਾ ਇਕੱਠ ਨੂੰ ਸ: ਗੁਰਬਖ਼ਸ਼ ਸਿੰਘ, ਸੇਵਕ ਅਕਾਲ ਤਖ਼ਤ ਸਾਹਿਬ (ਕਿਸੇ ਅਖੌਤੀ-ਜਥੇਦਾਰ ਨੇ ਨਹੀਂ) ਨੇ ਬੁਲਾਇਆ ਸੀ।

ਇਸ ਮਗਰੋਂ ਸਰਬਤ ਖਾਲਸਾ ਇਕੱਠ ਦੀ ਇਕ ਕੋਸ਼ਿਸ਼ 10-11 ਜੂਨ 1926 ਦੇ ਦਿਨ ਵੀ ਹੋਈ ਸੀ। ਇਹ ਇਕੱਠ ਗੜਗੱਜ ਅਕਾਲੀ ਦੀਵਾਨ ਨੇ ਗੁਰਦੁਆਰਾ ਐਕਟ ਬਾਰੇ ਗੁਰਮਤਾ ਕਰਨ ਵਾਸਤੇ ਬੁਲਾਇਆ ਸੀ। ਇਸ ਮਗਰੋਂ ਫੇਰ ਸਰਬਤ ਖਾਲਸਾ ਇਕੱਠ ਬੰਦ ਹੋ ਗਏ ਤੇ ਯੂਰਪੀਨ ਤਰਜ਼ 'ਤੇ 'ਆਲ ਪਾਰਟੀਜ਼ ਕਾਨਫ਼ਰੰਸਾਂ' ਹੋਣ ਲੱਗ ਪਈਆਂ। 1947 ਤੋਂ ਪਹਿਲਾਂ ਕਈ ਵਾਰ ਸਰਬ-ਸੰਸਾਰ ਜਾਂ ਆਲ ਪਾਰਟੀਜ਼ ਸਿੱਖ ਕਨਵੈਨਸ਼ਨਾਂ/ ਕਾਨਫ਼ਰੰਸਾਂ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚ ਪੰਥ ਦੇ ਸਿਆਸੀ ਮਸਲਿਆਂ ਬਾਰੇ 'ਮਤੇ' ਪਾਸ ਕੀਤੇ ਗਏ ਸਨ। 1947 ਤੋਂ ਮਗਰੋਂ ਇਕ ਵਾਰ ਫੇਰ ਅਜਿਹੇ ਇਕੱਠ ਵੀ ਬੰਦ ਹੋ ਗਏ।

ਫਤਹਿ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ਦੇ ਬੁੰਗੇ ਦੀ ਛੱਤ 'ਤੇ ਬਣਾਏ ਹਵਨ ਕੁੰਡ (ਜਿਨ੍ਹਾਂ ਵਿਚ ਉਸ ਨੇ ਸੜ ਮਰਨ ਦਾ ਐਲਾਨ ਕੀਤਾ ਸੀ ਪਰ ਸੜਨਾ ਨਹੀਂ ਸੀ) ਢਾਹੁਣ ਬਾਰੇ ਵੀ 'ਸਰਬ ਸੰਸਾਰ' ਸਿੱਖ ਕਨਵੈਨਸ਼ਨ ਹਰਚਰਨ ਸਿੰਘ ਹੁਡਿਆਰਾ ਦੀਆਂ ਕੋਸ਼ਿਸ਼ਾਂ ਹੇਠ 11 ਅਗਸਤ 1968 ਦੇ ਦਿਨ ਲੁਧਿਆਣਾ ਵਿਚ ਹੋਈ ਸੀ। ਇਸ ਦੇ ਮੁਕਾਬਲੇ 'ਤੇ ਫਤਹਿ ਸਿੰਘ ਨੇ ਵੀ ਇਹ ਕੁੰਡ 'ਕਾਇਮ ਰੱਖਣ ਵਾਸਤੇ' ਅਜਿਹੀ ਹੀ 'ਸਰਬ ਸੰਸਾਰ' ਸਿੱਖ ਕਨਵੈਨਸ਼ਨ ਬੁਲਾਈ ਸੀ। ਦਰਅਸਲ ਇਹ ਧੜਿਆਂ ਦੀਆਂ ਕਾਨਫ਼ਰੰਸਾਂ ਹੀ ਸਨ।

1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਭਿੰਡਰਾਂ-ਮਹਿਤਾ ਜਥਾ ਦੇ ਹਿਮਾਇਤੀਆਂ ਨੇ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕ ਇਕੱਠ ਬੁਲਾਇਆ। ਉਨ੍ਹਾਂ ਨੇ ਇਸ ਨੂੰ 'ਸਰਬਤ ਖਾਲਸਾ ਕਾਨਫ਼ਰੰਸ' ਦਾ ਨਾਂ ਦਿੱਤਾ। ਉਨ੍ਹਾਂ ਨੇ ਇਸ ਵਿਚ ਕੁਝ ਮਤੇ ਵੀ ਪਾਸ ਕੀਤੇ। ਉਨ੍ਹਾਂ ਨੇ ਇਸ ਮਗਰੋਂ ਤਿੰਨ-ਚਾਰ ਹੋਰ ਅਖੌਤੀ 'ਸਰਬਤ ਖਾਲਸਾ ਕਾਨਫ਼ਰੰਸਾਂ' ਵੀ ਕੀਤੀਆਂ ਪਰ ਇਹ ਸਾਰੇ ਦਰਅਸਲ ਇਕ ਜਥੇ ਉਸ ਦੇ ਹਿਮਾਇਤੀਆਂ ਦੇ ਇਕੱਠ ਹੀ ਸਨ। ਇਹ ਵੱਖਰੀ ਗੱਲ ਹੈ ਕਿ ਖਾੜਕੂ ਦੌਰ ਹੋਣ ਕਰ ਕੇ ਉਸ ਵੇਲੇ ਕੋਈ ਵੀ ਉਨ੍ਹਾਂ ਦੇ ਖ਼ਿਲਾਫ਼ ਬੋਲਣ ਦੀ ਜੁਰਅਤ ਨਹੀਂ ਸੀ ਕਰ ਸਕਦਾ।[8] 1995 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ 'ਵਰਲਡ ਸਿੱਖ ਕਾਨਫ਼ਰੰਸ' ਕਰ ਕੇ ਦੁਨੀਆਂ ਭਰ ਦੇ ਸਿੱਖਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਉਦੋਂ ਵੀ 'ਸਰਬਤ ਖਾਲਸਾ' ਦੇ ਨੁਕਤੇ ਨੂੰ ਅਮਲ ਵਿਚ ਨਹੀਂ ਸੀ ਲਿਆਂਦਾ ਗਿਆ।

ਸਿੱਖ ਪੰਥ ਨੂੰ 'ਸਰਬਤ ਖਾਲਸਾ' ਇਕੱਠ ਦੀ ਬੇਹੱਦ ਜ਼ਰੂਰਤ ਹੈ। ਅਜੋਕੀ ਹਾਲਤ ਵਿਚ ਸਿਰਫ਼ ਅਜਿਹੇ ਇਕੱਠ ਹੀ ਪੰਥ ਵਿਚ ਇਤਹਾਂਦ (ਏਕਤਾ) ਕਾਇਮ ਕਰ ਤੇ ਰੱਖ ਸਕਦੇ ਹਨ। ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜਥੇਦਾਰ ਦੇ ਰੋਲ, ਪਿਛਲੇ ਸਾਲਾਂ ਵਿਚ ਹੋਏ ਅਖੌਤੀ ਸਰਬਤ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ 20 ਸਾਲ ਦੇ ਰੋਲ ਨੂੰ ਮੱਦੇ-ਨਜ਼ਰ ਰੱਖਦਿਆਂ, ਇਕ ਨਹੀਂ ਕਈ ਸਰਬਤ ਖਾਲਸਾ ਇਕੱਠ ਜ਼ਰੂਰੀ ਹਨ।

ਹੁਣ ਸਵਾਲ ਉਠਦਾ ਕਿ ਸਰਬਤ ਖਾਲਸਾ ਇਕੱਠ ਕਿਵੇਂ ਕੀਤੇ ਜਾਣ ?

ਜਿਹਾ ਕਿ ਮੈਂ ਸ਼ੁਰੂ ਵਿਚ ਜ਼ਿਕਰ ਕੀਤਾ ਸੀ ਕਿ ਪਹਿਲੋਂ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦੀ ਗਿਣਤੀ ਥੋੜ੍ਹੀ ਹੋਣ ਕਰ ਕੇ ਸਾਰੇ ਸਿੱਖਾਂ ਦੇ ਇਕੱਠ ਨੂੰ ਹੀ ਸਰਬਤ ਖਾਲਸਾ ਕਿਹਾ ਜਾਂਦਾ ਸੀ। ਉਦੋਂ ਸਾਰੇ ਸਿੱਖ, ਅਕਸਰ ਇਕੋ ਥਾਂ 'ਤੇ (ਪਹਾੜਾਂ, ਜੰਗਲਾਂ, ਮਾਰੂਥਲਾਂ, ਛੰਭਾਂ ਵਿਚ) ਹੋਇਆ ਕਰਦੇ ਸਨ। ਮਿਸਲਾਂ ਦੇ ਜ਼ਮਾਨੇ ਵਿਚ ਸਿੱਖ ਖੁੱਲ੍ਹੇ-ਆਮ ਘਰਾਂ ਵਿਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੋ ਗਈ ਸੀ। ਹੁਣ ਸਾਰੇ ਸਿੱਖ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਇਕੱਠੇ ਨਹੀਂ ਹੋ ਸਕਦੇ ਸਨ। ਇਸ ਕਰ ਕੇ ਵੱਖ-ਵੱਖ ਜਥਿਆਂ ਦੇ ਆਗੂਆਂ ਦਾ ਇਕੱਠ ਸਰਬਤ ਖਾਲਸਾ ਇਕੱਠ ਅਖਵਾਉਣ ਲੱਗ ਪਿਆ। ਇਸ ਵਕਤ ਸਿੱਖਾਂ ਦੀ ਆਬਾਦੀ ਦੋ ਕਰੋੜ ਦੇ ਕਰੀਬ ਹੈ। ਸਿੱਖ ਇਸ ਵਕਤ ਪੰਜਾਬ, ਭਾਰਤ ਦੇ ਵੱਖ-ਵੱਖ ਸੂਬਿਆਂ, ਦੁਨੀਆਂ ਭਰ ਦੇ ਸਾਰੇ ਮੁਲਕਾਂ ਵਿਚ ਵੱਖ-ਵੱਖ ਗਿਣਤੀ ਵਿਚ ਰਹਿੰਦੇ ਹਨ। ਜਦੋਂ ਤਕ ਹਰ ਇਕ ਇਲਾਕੇ ਨੂੰ ਨੁਮਾਇੰਦਗੀ ਨਹੀਂ ਮਿਲਦੀ ਉਦੋਂ ਤਕ ਕੋਈ ਵੀ ਇਕੱਠ ਸਹੀ ਸਰਬਤ ਖਾਲਸਾ ਨਹੀਂ ਅਖਵਾ ਸਕਦਾ।[9]

---

8. ਇਸ ਲੇਖਕ ਨੇ ਉਦੋਂ (1986 ਵਿਚ) ਵੀ ਆਪਣੀ ਕਿਤਾਬ 'ਅਕਾਲ ਤਖ਼ਤ ਸਾਹਿਬ' ਦੇ ਸਫ਼ਾ 104 'ਤੇ ਇਸ ਇਕੱਠ ਨੂੰ 'ਸਰਬਤ ਖਾਲਸਾ' ਨਹੀਂ ਸੀ ਮੰਨਿਆ ਅਤੇ ਲਿਖਿਆ ਸੀ ਕਿ ਸਾਰੀਆਂ ਪੰਥਕ ਜਥੇਬੰਦੀਆਂ, ਜਥਿਆਂ ਅਤੇ ਇਲਾਕਿਆਂ ਦੇ ਨੁਮਾਇੰਦਿਆਂ ਦਾ ਇਕੱਠ ਹੀ 'ਸਰਬਤ ਖਾਲਸਾ' ਅਖਵਾ ਸਕੇਗਾ ਤੇ ਉਸੇ ਦੇ 'ਗੁਰਮਤਿਆਂ' ਨੂੰ ਹੀ ਅਕਾਲ ਤਖ਼ਤ ਸਾਹਿਬ ਦੇ 'ਹੁਕਮਨਾਮੇ' ਵਜੋਂ ਕਬੂਲ ਕਰੇਗਾ।
9. ਮੈਂ 1984 ਵਿਚ ਆਪਣੀ ਕਿਤਾਬ *ਕੇਸਰੀ ਕਿਤਾਬ* ਵਿਚ ਇਕ 'ਵਰਲਡ ਸਿੱਖ ਪਾਰਲੀਮੈਂਟ' ਦਾ ਸੁਝਾਅ ਦਿੱਤਾ ਸੀ। ਇਸ ਦਾ ਪੈਟਰਨ ਮੇਰੇ ਦਿਮਾਗ਼ ਵਿਚ, 'ਵਰਲਡ ਜਿਊਇਸ਼ ਕਾਂਗਰਸ' ਅਤੇ 'ਵਰਲਡ ਇਸਲਾਮਿਕ ਕਾਨਫ਼ਰੰਸ' ਵਰਗਾ ਸੀ। ਉਹ ਜ਼ਮਾਨਾ ਖਾੜਕੂਆਂ ਦਾ ਵੀ ਸੀ ਤੇ ਬੁਰਛਾਗਰਦੀ ਤੇ ☛

ਪੰਥ ਦੇ ਮਸਲਿਆਂ ਦਾ ਹੱਲ ਅਕਾਲ ਤਖ਼ਤ ਸਾਹਿਬ 'ਤੇ ਹੀ ਹੋ ਸਕਦਾ ਹੈ। ਸਰਬਤ ਖਾਲਸਾ ਨੂੰ ਹੀ ਮੈਂ 'ਵਰਲਡ ਸਿੱਖ ਪਾਰਲੀਮੈਂਟ' ਦਾ ਨਾਂ ਦਿੱਤਾ ਸੀ। ਗ਼ੈਰ-ਸਿੱਖਾਂ ਨੂੰ ਉਂਵ ਤਾਂ ਲਫ਼ਜ਼ 'ਸਰਬਤ ਖਾਲਸਾ' 'ਗੁਰਮਤਾ', 'ਹੁਕਮਨਾਮਾ' ਸਿਖਾਏ ਜਾਣੇ ਚਾਹੀਦੇ ਹਨ ਪਰ ਇਸ ਦੀ ਥਾਂ ਤਰਤੀਬਵਾਰ ਵਰਲਡ ਸਿੱਖ ਪਾਰਲੀਮੈਂਟ, 'ਕੰਨਸੈਨਸਜ਼' (Consensus), 'ਰਾਇਲ ਸਿੱਖ ਐਡਿਕਟ' (Royal Sikh Edict) ਵੀ ਅੰਗਰੇਜ਼ੀ ਵਿਚ ਵਰਤੇ ਜਾ ਸਕਦੇ ਹਨ।

ਸਰਬਤ ਖਾਲਸਾ (ਵਰਲਡ ਸਿੱਖ ਪਾਰਲੀਮੈਂਟ) ਸਹੀ ਮਾਅਨਿਆਂ ਵਿਚ ਸਰਬਤ ਖਾਲਸਾ ਦੀ ਨੁਮਾਇਦਗੀ ਤਾਂ ਹੀ ਕਰ ਸਕਦਾ ਹੈ ਜੇ ਇਸ ਵਿਚ ਹਰ ਇਲਾਕੇ ਦੇ, ਹਰ ਜਮਾਤ ਦੇ, ਹਰ ਜਥੇ ਦੇ, ਪੰਥ ਦੇ ਹਰ ਹਿੱਸੇ ਦੇ ਨੁਮਾਇੰਦੇ ਸ਼ਾਮਿਲ ਹੋਣ। ਪਰ ਇਹ ਸਾਰੇ ਨੁਮਾਇੰਦੇ ਸਿਰਫ਼ ਉਹੀ ਹੋਣ ਜੋ ਅੰਮ੍ਰਿਤਧਾਰੀ ਵੀ ਹੋਣ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੇ ਧਾਰਨੀ ਵੀ ਹੋਣ।

ਇਸ ਸਰਬਤ ਖਾਲਸਾ (ਵਰਲਡ ਸਿੱਖ ਪਾਰਲੀਮੈਂਟ) 'ਚ ਕਿਸ ਕਿਸ ਨੂੰ ਲਿਆਂਦਾ ਜਾਣਾ ਚਾਹੀਦਾ ਹੈ, ਇਹ ਅਹਿਮ ਨੁਕਤਾ ਹੈ। ਇਸ ਵਕਤ ਸਿੱਖਾਂ ਦੀ ਆਬਾਦੀ ਤਕਰੀਬਨ ਦੋ ਕਰੋੜ ਹੈ। ਇਸ ਵਿਚੋਂ ਤਕਰੀਬਨ ਪੌਣੇ ਦੋ ਕਰੋੜ ਪੰਜਾਬ ਵਿਚ, 10 ਲੱਖ ਹਰਿਆਣਾ ਵਿਚ, ਡੇਢ ਲੱਖ ਚੰਡੀਗੜ੍ਹ ਵਿਚ ਤੇ 50 ਹਜ਼ਾਰ ਹਿਮਾਂਚਲ ਵਿਚ ਹਨ। ਇਨ੍ਹਾਂ ਸਾਰੇ ਸਿੱਖਾਂ ਦੀ ਨੁਮਾਇੰਦਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇੰਞ ਹੀ ਦਿੱਲੀ ਵਿਚ 8-10 ਲੱਖ ਸਿੱਖ ਸਨ। ਉਨ੍ਹਾਂ ਦੀ ਨੁਮਾਇੰਦਗੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਜੰਮੂ-ਕਸ਼ਮੀਰ ਵਿਚ ਵੀ 2-3 ਲੱਖ ਸਿੱਖ ਹਨ। ਉਨ੍ਹਾਂ ਦੀ ਵੀ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਪਰ ਬਾਕੀ ਸੂਬਿਆਂ ਤੇ ਮੁਲਕਾਂ ਵਿਚ ਅਜਿਹੀਆਂ ਸਾਂਝੀਆਂ ਸੂਬਾਈ ਜਾਂ ਜ਼ਿਲ੍ਹਾ ਵਾਰ ਗੁਰਦੁਆਰਾ ਕਮੇਟੀਆਂ ਨਹੀਂ ਹਨ।

ਸਰਬਤ ਖਾਲਸਾ ਵਿਚ ਹਰ ਮੁਲਕ ਤੇ ਹਰ ਸੂਬੇ ਦੇ ਸਿੱਖਾਂ ਦੀ ਨੁਮਾਇੰਦਗੀ ਵਾਸਤੇ ਹੇਠ ਲਿਖਿਆ ਤਰੀਕਾ ਅਪਣਾਇਆ ਜਾ ਸਕਦਾ ਹੈ :

1. ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ (ਯਾਨਿ ਸ਼੍ਰੋਮਣੀ ਕਮੇਟੀ ਦਾ ਇਲਾਕਾ) = 170 ਮੈਂਬਰ। ਇਨ੍ਹਾਂ ਵਿਚੋਂ 50 ਮੈਂਬਰ ਚੁਣੇ ਜਾਣ।

☛ਡਾਂਗਾਂ-ਬੰਦੂਕਾਂ ਦਾ ਵੀ। ਉਹ ਜ਼ਮਾਨਾ ਧੜਿਆਂ ਦੇ ਜਥਿਆਂ ਦਾ ਵੀ ਸੀ ਤੇ ਮਾਫ਼ੀਆ ਸੋਚ ਦਾ ਵੀ। ਉਦੋਂ ਕਿਸੇ ਵਿਦਵਾਨ ਦੀ ਮਕਬੂਲੀਅਤ ਤਾਂ ਹੀ ਹੋ ਸਕਦੀ ਸੀ ਜੇ ਉਹ ਕਿਸੇ ਧੜੇ ਜਾਂ ਜਥੇ ਦਾ ਪੈਰੋਕਾਰ ਹੋਵੇ। ਇਸ ਕਰ ਕੇ ਮੇਰਾ ਸੁਝਾਅ ਸਿਰਫ਼ ਕਿਤਾਬ ਜਾਂ ਅਖ਼ਬਾਰਾਂ ਦੇ ਕਾਲਮਾਂ ਵਿਚ ਹੀ ਰਿਹਾ।

ਫਿਰ 1995 ਵਿਚ ਹੋਈ 'ਵਰਲਡ ਸਿੱਖ ਕਨਵੈਨਸ਼ਨ' ਵਾਸਤੇ ਵੀ ਮੈਂ ਇਕ ਪੇਪਰ 'ਸਿੱਖ ਕਲਚਰ : ਦੇਸ ਤੇ ਪਰਦੇਸਾਂ ਵਿਚ' ਲਿਖ ਕੇ ਭੇਜਿਆ ਸੀ। ਇਸ ਪੇਪਰ ਨੂੰ ਪ੍ਰੋ: ਦਵਿੰਦਰ ਸਿੰਘ ਨੇ ਪੜ੍ਹਿਆ ਸੀ। ਮੈਂ ਇਸ ਵਿਚ ਕੁਝ ਨੁਕਤੇ ਸੁਝਾਏ ਸਨ ਤੇ ਉਨ੍ਹਾਂ ਵਿਚ ਇਹ 'ਵਰਲਡ ਸਿੱਖ ਪਾਰਲੀਮੈਂਟ' ਵਾਲਾ ਨੁਕਤਾ ਵੀ ਸੀ। ਉਸ ਕਾਨਫ਼ਰੰਸ ਨੇ ਮੇਰਾ ਸੁਝਾਇਆ ਨੁਕਤਾ ਤਾਂ ਮੰਨ ਲਿਆ ਪਰ ਇਸ ਦਾ ਨਾਂ 'ਵਰਲਡ ਸਿੱਖ ਕੌਂਸਲ' ਰੱਖ ਦਿੱਤਾ। ਇਸ 'ਵਰਲਡ ਸਿੱਖ ਕੌਂਸਲ' ਨੂੰ ਵੀ ਕੁਝ ਆਗੂਆਂ ਨੇ ਹਾਈਜੈਕ ਕਰ ਕੇ ਆਪਣੀ ਮਨਾਪਲੀ ਬਣਾਉਣ ਦੀ ਕੋਸ਼ਿਸ਼ ਕੀਤੀ। ਨਤੀਜਾ ਸਾਡੇ ਸਾਹਮਣੇ ਹੈ। ਇਸ ਵਕਤ 'ਵਰਲਡ ਸਿੱਖ ਕੌਂਸਲ' ਦੁਨੀਆਂ ਦੇ ਸਿੱਖਾਂ ਦੀ ਨਾ ਹੋ ਕੇ ਚੰਦ ਇਕ 'ਸਿਰਕਰਦਾ ਬੰਦਿਆਂ' ਦਾ ਇਕ ਗਰੁਪ ਬਣ ਕੇ ਰਹਿ ਗਿਆ। ਇਸ ਦੇ ਇਸ ਵਕਤ ਦੋ-ਤਿੰਨ ਧੜੇ ਹਨ, ਪਰ ਕਿਸੇ ਨੂੰ ਵੀ ਪੰਥ 'ਚੋਂ ਮਕਬੂਲੀਅਤ ਦੀ ਆਸ ਨਹੀਂ ਰੱਖਣੀ ਚਾਹੀਦੀ।

2. ਦਿੱਲੀ (ਗੁਰਦੁਆਰਾ ਕਮੇਟੀ ਵਲੋਂ) = 8
3. ਜੰਮੂ ਕਸ਼ਮੀਰ (ਗੁਰਦੁਆਰਾ ਕਮੇਟੀ ਵਲੋਂ) = 4
4. ਉੱਤਰ ਪ੍ਰਦੇਸ਼ ਅਤੇ ਉਤਰਾਂਚਲ (ਘੱਟੋ ਘੱਟ ਦੋ ਮੈਂਬਰ ਊਧਮ ਸਿੰਘ ਨਗਰ ਤੋਂ) = 5
5. ਰਾਜਿਸਥਾਨ = 5
6. ਮਹਾਂਰਾਸ਼ਟਰ = 2
7. ਗੁਜਰਾਤ = 1
8. ਮੱਧ ਪ੍ਰਦੇਸ਼ = 2
9. ਬਿਹਾਰ, ਛਤੀਸਗੜ੍ਹ ਅਤੇ ਉੜੀਸਾ = 1
10. ਬੰਗਾਲ, ਅਸਾਮ, ਮਨੀਪੁਰ, ਤ੍ਰਿਪੁਰਾ = 1
11. ਸਾਊਥ ਇੰਡੀਆ = 1

ਬਦੇਸ਼ਾਂ 'ਚੋਂ ਸਿੱਖ ਨੁਮਾਇੰਦਗੀ

12. ਇੰਗਲੈਂਡ (3 ਸਾਊਥਹਾਲ, ਲੰਡਨ, ਮਿਡਲਸੈਕਸ ਏਰੀਆ; 3 ਮਿਡਲੈਂਡ 'ਚੋਂ, 2 ਬਾਕੀ ਇਲਾਕਿਆਂ 'ਚੋਂ ਅਤੇ ਤਿੰਨ ਵਿਦਵਾਨ) = 11
13. ਕੈਨੇਡਾ (3 ਬ੍ਰਿਟਿਸ਼ ਕੋਲੰਬੀਆ, 3 ਓਂਟਾਰੀਓ, 1 ਅਲਬਰਟਾ ਤੇ ਮਨੀਟੋਬਾ, 1 ਕਿਊਬਕ ਅਤੇ ਤਿੰਨ ਵਿਦਵਾਨ) = 11
14. ਅਮਰੀਕਾ (3 ਟਰਾਈ ਸਟੇਟ, 3 ਕੈਲੇਫੋਰਨੀਆ ਜ਼ੋਨ, 1 ਸਿਆਟਲ ਏਰੀਆ, 1 ਹਿਊਸਟਨ ਤੇ ਤਿੰਨ ਵਿਦਵਾਨ = 11
15. ਮਲੇਸ਼ੀਆ = 2
16. ਥਾਈਲੈਂਡ = 2
17. ਸਿੰਗਾਪੁਰ = 2
18. ਹਾਂਗਕਾਂਗ = 1
19. ਆਸਟ੍ਰੇਲੀਆ = 2
20. ਨਿਊਜ਼ੀਲੈਂਡ = 1
21. ਹਾਲੈਂਡ = 1
22. ਬੈਲਜੀਅਮ ਤੇ ਲਗਜ਼ਮਬਰਗ = 1
23. ਸਕੈਂਡੀਨੇਵੀਆ (ਨਾਰਵੇ, ਡੈਨਮਾਰਕ, ਸਵੀਡਨ) = 1
24. ਜਰਮਨੀ = 1
25. ਫ਼ਰਾਂਸ = 1
26. ਸਵਿਟਜ਼ਰਲੈਂਡ = 1
27. ਬਾਕੀ ਯੂਰਪ (ਇਟਲੀ, ਯੂਨਾਨ, ਸਪੇਨ, ਆਸਟਰੀਆ, ਪੁਰਤਗਾਲ) = 1
28. ਫ਼ੀਜ਼ੀ, ਯੂਗਾਂਡਾ, ਈਥੋਪੀਆ, ਸਾਊਥ ਅਫਰੀਕਾ, ਮੋਰੀਸ਼ੀਅਸ = 1
29. ਪਾਕਿਸਤਾਨ, ਅਫ਼ਗਾਨਿਸਤਾਨ, ਈਰਾਨ = 1
30. ਕੀਨੀਆ = 1

ਇੰਞ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ 'ਚੋਂ 50, ਭਾਰਤ ਦੇ ਸਾਰੇ ਸੂਬਿਆਂ ਵਿਚੋਂ 30, ਪਰਦੇਸਾਂ ਵਿਚੋਂ 50 ਮੈਂਬਰ ਲਏ ਜਾਣ। ਇਹ ਕੁੱਲ 130 ਹੋਣਗੇ। ਇਸ ਤੋਂ ਇਲਾਵਾ ਸਾਰੀਆਂ ਅਹਿਮ ਜਥੇਬੰਦੀਆਂ ਦੇ ਮੁਖੀ ਵੀ ਸਰਬਤ ਖਾਲਸਾ (ਵਰਲਡ ਸਿੱਖ ਪਾਰਲੀਮੈਂਟ) ਦੇ ਮੈਂਬਰ ਹੋਣਗੇ। ਇਹ ਜਥੇਬੰਦੀਆਂ ਹਨ:

(1) ਸ਼੍ਰੋਮਣੀ ਅਕਾਲੀ ਦਲ-ਬਾਦਲ
(2) ਸ਼੍ਰੋਮਣੀ ਅਕਾਲੀ ਦਲ-ਮਾਨ
(3) ਸ਼੍ਰੋਮਣੀ ਅਕਾਲੀ ਦਲ-ਰਵੀ ਇੰਦਰ ਸਿੰਘ
(4) ਸ਼੍ਰੋਮਣੀ ਅਕਾਲੀ ਦਲ-ਲੌਂਗੋਵਾਲ
(5) ਯੂ.ਪੀ. ਸਿੱਖ ਪ੍ਰਤੀਨਿਧ ਬੋਰਡ
(6) ਚੀਫ਼ ਖਾਲਸਾ ਦੀਵਾਨ
(7) ਅਖੰਡ ਕੀਰਤਨੀ ਜਥਾ = 2
(8) ਭਿੰਡਰਾਂ-ਮਹਿਤਾ ਜਥਾ = 2
(9) ਸੰਤ ਸਮਾਜ (ਜੇ ਉਹ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਮੰਨਦੇ ਹੋਣ)
(10) ਸਿੰਘ ਸਭਾ ਸ਼ਤਾਬਦੀ ਕਮੇਟੀ
(11) ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
(12) ਸਿੱਖ ਮਿਸ਼ਨਰੀ ਕਾਲਜਿਜ਼ = 3
(13) ਨਿਹੰਗ ਸਿੰਘ-ਬੁੱਢਾ ਦਲ
(14) ਨਿਹੰਗ ਸਿੰਘ-ਤਰੁਨਾ ਦਲ
(15) ਸਿੱਖ ਸਟੂਡੈਂਟਸ ਫ਼ੈਡਰੇਸ਼ਨ = 3
(16) ਹਿਊਮਨ ਰਾਈਟਸ ਜਥੇਬੰਦੀਆਂ = 3

ਅਤੇ ਹੋਰ ਜਥੇਬੰਦੀਆਂ ਜੋ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਮੰਨਦੀਆਂ ਹਨ। ਇਹ ਵੱਧ ਤੋਂ ਵੱਧ 25 ਹੋ ਸਕਦੇ ਹਨ। ਇਸ ਨੂੰ ਪੂਰਾ ਸਰਬਤ ਖਾਲਸਾ ਬਣਾਉਣ ਵਾਸਤੇ 15 ਮੈਂਬਰ ਖਾੜਕੂ ਜਥੇਬੰਦੀਆਂ 'ਚੋਂ ਲੈਣੇ ਵੀ ਜ਼ਰੂਰੀ ਹਨ। ਵਰਨਾ ਇਹ ਇਕੱਠ ਅਧੂਰਾ ਰਹੇਗਾ। ਇੰਞ ਜਥੇਬੰਦੀਆਂ ਦੇ ਨੁਮਾਇੰਦੇ 40 ਬਣ ਜਾਣਗੇ।

ਇਨ੍ਹਾਂ ਤੋਂ ਇਲਾਵਾ ਉਪਰ ਜ਼ਿਕਰ ਕੀਤੇ ਚੁਣੇ ਗਏ 170 ਮੈਂਬਰਾਂ' ਵਲੋਂ 30 ਮੈਂਬਰ ਵਿਦਵਾਨਾਂ 'ਚੋਂ ਕੋਆਪਟ ਕੀਤੇ ਜਾਣ। ਇਹ ਸਾਰੇ ਤਕਰੀਬਨ 200 ਮੈਂਬਰ ਬਣ ਜਾਣਗੇ। ਇਹ ਵਰਲਡ ਸਿੱਖ ਪਾਰਲੀਮੈਂਟ ਹੀ ਅਸਲ ਸਰਬਤ ਖਾਲਸਾ ਹੋਵੇਗੀ ਤੇ ਇਹ ਸਾਰੇ ਪੰਥ ਦੀ ਸਹੀ ਨੁਮਾਇੰਦਗੀ ਕਰੇਗੀ। ਇਸ ਵਿਚੋਂ 50 ਮੈਂਬਰਾਂ ਦੀ 'ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ' ਵੀ ਚੁਣੀ ਜਾਏ, ਇਨ੍ਹਾਂ ਵਿੱਚੋਂ ਘੱਟੋ-ਘੱਟ ਅੱਧੇ ਸਿੱਖ ਵਿਦਵਾਨ ਜਾਂ ਮਿਸ਼ਨਰੀ ਹੋਣ।

ਇਸ ਵਰਲਡ ਸਿੱਖ ਪਾਰਲੀਮੈਂਟ ਦੇ ਹਰ ਸਾਲ ਦੋ ਇਕੱਠ (ਮਾਰਚ 'ਤੇ ਅਕਤੂਬਰ ਵਿਚ) ਬੁਲਾਏ ਜਾਣ ਤੇ ਉਨ੍ਹਾਂ ਵਿਚ ਧਰਮ ਪ੍ਰਚਾਰ ਅਤੇ ਪੰਥਕ ਮਸਲਿਆਂ ਬਾਰੇ ਵਿਚਾਰਾਂ ਕੀਤੀਆਂ ਜਾਣ। ਇਨ੍ਹਾਂ ਇਕੱਠਾਂ ਵਿਚ ਪਾਸ ਕੀਤੇ ਗਏ ਗੁਰਮਤਿਆਂ ਨੂੰ ਅਕਾਲ ਤਖ਼ਤ

ਸਾਹਿਬ ਦੇ ਮੁੱਖ ਸੇਵਾਦਾਰ ਪੰਥ ਨੂੰ ਹੁਕਮਨਾਮਾ ਵਜੋਂ ਜਾਰੀ ਕਰਿਆ ਕਰਨ। ਦੂਜੇ ਪਾਸੇ 'ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕਮਟੀ' ਦੀ ਮੀਟਿੰਗ ਮਹੀਨੇ ਵਿਚ ਇਕ ਵਾਰ ਜ਼ਰੂਰ ਹੋਇਆ ਕਰੇ।

ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਜੰਮੂ-ਕਸ਼ਮੀਰ ਕਮੇਟੀ ਦੀਆਂ ਚੋਣਾਂ ਤਾਂ ਹੁੰਦੀਆਂ ਹਨ ਪਰ ਬਾਕੀ ਸੂਬਿਆਂ ਤੇ ਮੁਲਕਾਂ ਵਿਚ ਜਦੋਂ ਤਕ ਸਿੱਧੀ ਬਾਲਗ ਵੋਟ ਰਾਹੀਂ ਡੈਲੀਗੇਟ ਨਾ ਚੁਣੇ ਜਾ ਸਕਣ ਉਦੋਂ ਤਕ ਉੱਥੋਂ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ 'ਚੋਂ ਇਕ-ਇਕ, ਦੋ-ਦੋ ਨੁਮਾਇੰਦੇ ਲੈ ਕੇ ਚੋਣ ਕੀਤੀ ਜਾ ਸਕਦੀ ਹੈ। ਇਸ ਸਬੰਧ ਵਿਚ ਇਕ ਚੋਣ ਸਬ-ਕਮੇਟੀ ਵੀ ਬਣ ਸਕਦੀ ਹੈ ਜੋ ਚੋਣ ਵਾਸਤੇ ਜ਼ਾਬਤਾ ਬਣਾ ਸਕਦੀ ਹੈ ਤੇ ਚੋਣਾਂ ਕਰਵਾ ਸਕਦੀ ਹੈ।

ਗੁਰੂ-ਪੰਥ

6 ਅਕਤੂਬਰ, 1708 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ-ਪੰਥ ਨੂੰ ਗੁਰਗੱਦੀ ਸੌਂਪੀ ਤਾਂ ਇਹ ਵੀ ਕਿਹਾ ਕਿ ਸਿੱਖਾਂ ਦਾ ਰੂਹਾਨੀ ਗੁਰੂ ਸ਼ਬਦ (ਗੁਰੂ ਗ੍ਰੰਥ ਸਾਹਿਬ) ਅਤੇ ਕੌਮੀ ਅਗਵਾਈ ਪੰਥ (ਖਾਲਸਾ) ਕੋਲ ਹੋਵੇਗੀ। ਪਰ ਗੁਰੂ ਸਾਹਿਬ ਨੇ ਪੰਥ ਨੂੰ ਗੁਰੂ ਨਹੀਂ ਸੀ ਬਣਾਇਆ। ਇਹ ਗੱਲ ਮਗਰੋਂ ਕਿਸੇ ਲੇਖਕ ਨੇ ਲਿਖ ਦਿੱਤੀ ਕਿ ਗੁਰੂ ਸਾਹਿਬ ਨੇ ਪੰਥ ਨੂੰ 'ਗੁਰੂ ਪੰਥ' ਦਾ ਦਰਜਾ ਦਿੱਤਾ ਸੀ। 'ਗੁਰੂ ਪੰਥ' ਲਫ਼ਜ਼ ਆਪਣੇ ਆਪ ਵਿਚ ਅਢੁੱਕਵਾਂ ਹੀ ਨਹੀਂ, ਬਲਕਿ ਗ਼ਲਤ ਵੀ ਹੈ। ਸਿੱਖ ਦਾ ਗੁਰੂ 'ਗੁਰੂ ਗ੍ਰੰਥ ਸਾਹਿਬ' ਹੈ ਨਾ ਕਿ ਕੁਝ ਨੁੰਮਾਇੰਦਾ ਆਗੂਆਂ ਦਾ ਇਕੱਠਾ ਜਾਂ ਪੰਜ ਪੁਜਾਰੀ/ਗ੍ਰੰਥੀ। ਸਿੱਖ ਪੰਥ ਦੇ ਆਗੂ ਵਕਤੀ ਮਸਲਿਆਂ ਦਾ ਹੱਲ ਇਕੱਠੇ ਹੋ ਕੇ ਗੁਰਮਤਾ ਵਜੋਂ ਕੱਢ ਸਕਦੇ ਹਨ, ਪਰ ਉਨ੍ਹਾਂ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਨੇ ਹੀ ਕਰਨੀ ਹੈ। ਸਿੱਖ ਪੰਥ, ਖਾਲਸਾ, ਨੇ ਸਾਰੀ ਰੂਹਾਨੀ ਅਗਵਾਈ ਦਸਾਂ ਪਾਤਿਸ਼ਾਹੀਆਂ ਦੀ ਜੋਤਿ ਗੁਰੂ ਗ੍ਰੰਥ ਸਾਹਿਬ ਤੋਂ ਹਾਸਿਲ ਕਰਨੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਅਕਾਲ ਪੁਰਖ ਵੱਲੋਂ ਧੁਰੋਂ ਭੇਜੀ ਬਾਣੀ ਹੈ। ਇਹ ਅਕਾਲ ਪੁਰਖ ਦੇ ਆਪਣੇ ਸ਼ਬਦ ਹਨ।

ਗੁਰੂ ਸਾਹਿਬ ਨੇ ਖਾਲਸੇ ਦੀ ਕੌਮੀ ਅਗਵਾਈ ਪੰਥ ਨੂੰ ਸੌਂਪੀ ਸੀ। ਗੁਰੂ ਸਾਹਿਬ ਨੇ ਖਾਲਸਾ ਫ਼ੌਜਾਂ ਦਾ ਜਥੇਦਾਰ ਬਾਬਾ ਬੰਦਾ ਸਿੰਘ ਨੂੰ ਬਣਾਇਆ ਸੀ, ਪਰ ਉਸ ਨੂੰ ਪੰਥ ਜਾਂ ਕੌਮ ਦਾ ਜਥੇਦਾਰ ਨਹੀਂ ਸੀ ਬਣਾਇਆ। ਗੁਰੂ ਸਾਹਿਬ ਦੀ ਹਿਦਾਇਤ ਸੀ ਕਿ ਸਿੱਖ ਆਪਣੇ ਕੌਮੀ ਫ਼ੈਸਲੇ ਰਲ ਮਿਲ ਕੇ ਬੈਠ ਕੇ ਭਾਈਚਾਰਕ ਰੂਪ ਵਿਚ ਲਿਆ ਕਰਨਗੇ। ਗੁਰੂ ਸਾਹਿਬ ਨੇ ਵਾਹਿਦ ਲੀਡਰ ਦੇ ਫ਼ਲਸਫ਼ੇ ਨੂੰ ਪੂਰੀ ਤਰ੍ਹਾਂ ਨਕਾਰ ਕੇ 'ਸਾਂਝੀ ਕੌਮੀ ਲੀਡਰਸ਼ਿਪ' ਦਾ ਫ਼ਲਸਫ਼ਾ ਦਿੱਤਾ ਸੀ। ਯਾਨਿ ਸਿੱਖ ਆਪਣੇ ਸਾਰੇ ਕੌਮੀ ਮਸਲੇ ਸਰਬਤ ਖਾਲਸਾ ਦੇ ਰੂਪ ਵਿਚ ਹੱਲ ਕਰਿਆ ਕਰਨਗੇ। ਇਸ ਦਾ ਹੱਕ ਕਿਸੇ ਇਕ ਸ਼ਖ਼ਸ ਜਾਂ ਕਿਸੇ ਗਰੁੱਪ ਨੂੰ ਨਹੀਂ ਸੀ ਦਿੱਤਾ ਗਿਆ। ਪ੍ਰਿੰਸੀਪਲ ਤੇਜਾ ਸਿੰਘ ਮੁਤਾਬਿਕ ਗੁਰਿਆਈ ਦਾ ਇਕ ਹਿੱਸਾ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਅਤੇ ਦੂਜਾ ਹਿੱਸਾ ਗੁਰੂ-ਪੰਥ ਵਿਚ। **"ਦੋਨਾਂ ਨੂੰ 'ਗੁਰੂ' ਪਦ ਪ੍ਰਾਪਤ ਹੋਇਆ ਹੈ। ਇਕ ਨੂੰ 'ਗੁਰੂ ਗ੍ਰੰਥ' ਤੇ ਦੂਜੇ ਨੂੰ 'ਗੁਰੂ-ਪੰਥ'**

ਕਿਹਾ ਗਿਆ।" ਮੈਂ ਸਮਝਦਾ ਹਾਂ ਕਿ ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ। ਗੁਰੂ-ਖ਼ਾਲਸੇ ਨੂੰ ਗੁਰੂ-ਪਦ ਗੁਰੂ ਗ੍ਰੰਥ ਸਾਹਿਬ ਤੋਂ ਆਜ਼ਾਦ, ਵੱਖਰਾ ਹੱਕ ਨਹੀਂ ਮਿਲਿਆ ਹੋਇਆ। ਪੰਥ ਨੂੰ 'ਜੋਤਿ' (ਗੁਰੂ ਗ੍ਰੰਥ ਸਾਹਿਬ) ਦੀ ਹਿਦਾਇਤ ਮੁਤਾਬਿਕ ਫ਼ੈਸਲੇ ਕਰਨ ਦਾ ਹੱਕ ਹੈ, ਆਜ਼ਾਦ ਤੌਰ 'ਤੇ ਨਹੀਂ। ਦੂਜੇ ਲਫ਼ਜ਼ਾਂ ਵਿਚ ਪੰਥ, ਸਮੁੱਚੇ ਰੂਪ ਵਿਚ ਵੀ, ਗੁਰੂ ਨਹੀਂ ਹੈ।

ਪਰ ਸਵਾਲ ਹੈ ਕਿ ਪੰਥ ਕਿਸ ਨੂੰ ਆਖ ਸਕਦੇ ਹਾਂ। ਜਿਸ ਸਿੱਖ ਨੇ ਖੰਡੇ ਦੀ ਪਾਹੁਲ ਹਾਸਿਲ ਨਹੀਂ ਕੀਤੀ, ਉਹ ਅਧੂਰਾ ਹੈ। ਪੰਥ ਦਾ ਕੋਈ ਹਿੱਸਾ ਅਧੂਰਾ ਨਹੀਂ ਹੋ ਸਕਦਾ। ਖਾਲਸਾ ਤਾਂ ਗੁਰੂ ਵਰਗਾ ਹੀ ਹੋਣਾ ਚਾਹੀਦਾ ਹੈ। ਦੂਜੇ ਲਫ਼ਜ਼ਾਂ ਵਿਚ ਪਤਿਤ, ਖੰਡੇ ਦੀ ਪਾਹੁਲ ਤੋਂ ਵਿਰਵੇ, ਪੰਥ ਜਾਂ ਸਰਬਤ ਖਾਲਸਾ ਦੇ ਗੁਰਮਤਿਆਂ ਵਿਚ ਰਾਏ ਦੇਣ ਦੇ ਕਾਬਿਲ ਨਹੀਂ ਹਨ।

ਇਕ ਲੇਖਕ ਨੇ ਇਸ ਨੂੰ 'ਜੋਤਿ' ਤੇ 'ਜੁਗਤਿ' ਲਫ਼ਜ਼ਾਂ ਵਿਚ ਬਿਆਨ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਯਾਨਿ, ਗੁਰੂ ਫ਼ਲਸਫ਼ੇ ਦੀ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਹੈ ਅਤੇ ਇਸ ਨੂੰ ਵਰਤਣ ਦੀ ਜੁਗਤਿ ਖਾਲਸਾ (ਗੁਰੂ-ਪੰਥ) ਕੋਲ ਹੈ। ਇਹ ਗੱਲ ਪੂਰੀ ਤਰ੍ਹਾਂ ਢੁਕਵੀਂ ਨਹੀਂ, ਕਿਉਂਕਿ ਪੰਥ ਗੁਰੂ ਗ੍ਰੰਥ ਸਾਹਿਬ ਦੀ ਜੋਤਿ ਤੋਂ ਅਗਵਾਈ ਤਾਂ ਲੈ ਸਕਦਾ ਹੈ, ਪਰ ਉਸ ਬਾਰੇ 'ਫ਼ੈਸਲੇ' ਨਹੀਂ ਲੈ ਸਕਦਾ, ਕਿਉਂਕਿ ਜੋਤਿ ਤਾਂ ਤਬਦੀਲੀ ਤੋਂ ਪਰ੍ਹੇ ਹੈ। ਹਾਂ, ਜੇ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਦੀ ਜੋਤਿ ਤੋਂ ਜੁਗਤਿ ਸਿਖਣੀ ਹੈ ਤਾਂ ਇਹ ਗੱਲ ਜ਼ਰੂਰ ਮੰਨੀ ਜਾ ਸਕਦੀ ਹੈ।

ਫਿਰ ਸਵਾਲ ਉਠਦਾ ਹੈ ਕਿ ਪੰਥ ਦਾ ਰੋਲ ਕੀ ਹੈ ? ਪੰਥ ਸਿੱਖ ਕੌਮ ਦੇ ਸਮਾਜਿਕ, ਮਾਲੀ, ਸਿਆਸੀ ਅਤੇ ਹੋਰ ਮੁਕਾਮੀ ਤੇ ਵਕਤੀ ਮਸਲਿਆਂ ਬਾਰੇ ਗੁਰਮਤਾ ਕਰਨ ਦਾ ਹੱਕਦਾਰ ਹੈ। ਉਂਞ ਇਨ੍ਹਾਂ ਗੁਰਮਤਿਆਂ ਦਾ ਆਧਾਰ ਵੀ ਗੁਰੂ ਗ੍ਰੰਥ ਸਾਹਿਬ ਹੀ ਹੈ। ਜਿਹੜਾ ਮਤਾ/ਗੁਰਮਤਾ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਮੁਤਾਬਿਕ ਨਹੀਂ ਹੈ, ਉਹ ਅ-ਪੰਥਕ ਹੈ ਅਤੇ ਗੁਰੂ ਨੂੰ ਕਬੂਲ ਨਹੀਂ। ਭਾਵੇਂ ਇਹ ਫ਼ੈਸਲਾ/ਗੁਰਮਤਾ ਸਰਬਤ ਖਾਲਸਾ ਇਕੱਠ ਵਿਚ ਵੀ ਲਿਆ ਗਿਆ ਹੋਵੇ, ਇਹ ਅ-ਪੰਥਕ ਹੀ ਮੰਨਿਆ ਜਾਵੇਗਾ।

ਸਰਬਤ ਖਾਲਸਾ ਦੇ ਫ਼ਲਸਫ਼ੇ ਨੂੰ ਸਿੱਖ ਕੌਮ ਨੇ ਅਠਾਰ੍ਹਵੀਂ ਸਦੀ ਵਿਚ ਕਈ ਵਾਰ ਅਮਲ ਵਿਚ ਲਿਆਂਦਾ ਸੀ। ਸਰਬਤ ਖਾਲਸਾ ਇਕੱਠਾਂ ਦੇ ਨਾਂ ਹੇਠ ਇਸ 'ਜੁਗਤਿ' ਨੂੰ ਕੌਮ ਦੇ ਬਹੁਤ ਸਾਰੇ ਮਸਲਿਆਂ ਦੇ ਹੱਲ, ਕੌਮ ਦੇ ਭਵਿੱਖ ਸਬੰਧੀ ਫ਼ੈਸਲਿਆਂ ਅਤੇ ਹੋਰ ਸਵਾਲਾਂ ਦੇ ਹੱਲ ਵਾਸਤੇ ਵਰਤਿਆ ਗਿਆ ਸੀ। ਜਦ ਤਕ ਖਾਲਸਾ ਗੁਰੂ ਗ੍ਰੰਥ ਸਾਹਿਬ ਦੀ 'ਜੋਤਿ' ਦੀ ਰੌਸ਼ਨੀ ਵਿਚ ਪੰਥਕ ਫ਼ੈਸਲੇ ਕਰਦਾ ਰਿਹਾ, ਅਕਾਲ ਪੁਰਖ ਨੇ ਹਮੇਸ਼ਾ ਹੀ ਕਾਮਯਾਬੀ ਬਖ਼ਸ਼ੀ। ਪਰ, ਜਦੋਂ ਖਾਲਸਾ ਬ੍ਰਾਹਮਣੀ ਸੋਚ ਹੇਠ 'ਹਾਕਮ', 'ਬਾਦਸ਼ਾਹ' ਤੇ 'ਮਹਾਰਾਜਾ' ਬਣਨ ਲੱਗ ਪਿਆ ਤੇ ਇਸ ਵਿੱਚੋਂ 'ਸਰਬਤ ਖਾਲਸਾ' ਅਲੋਪ ਹੋ ਗਿਆ ਤਾਂ ਇਸ ਵਿੱਚੋਂ ਪੰਥ ਦੀ ਹਸਤੀ, ਤਾਕਤ ਤੇ ਜੁਗਤਿ ਵੀ ਉਡਾਰੀ ਮਾਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ। ਇਹੀ ਕਾਰਵਾਈ ਫੂਲਕੀਆਂ ਰਿਆਸਤਾਂ, ਕਪੂਰਥਲਾ ਰਿਆਸਤ ਅਤੇ ਬਾਕੀ ਸਿੱਖ ਰਾਜਿਆਂ ਨੇ ਕੀਤੀ। ਜਦੋਂ ਇਨ੍ਹਾਂ ਰਿਆਸਤਾਂ ਵਿੱਚੋਂ ਪੰਥਕ ਸੋਚ ਅਲੋਪ ਹੋਈ ਤਾਂ ਇਨ੍ਹਾਂ ਦੀ ਸੋਚ ਹੌਲੀ-ਹੌਲੀ ਗੁਰੂ ਗ੍ਰੰਥ ਸਾਹਿਬ ਤੋਂ ਵੀ ਦੂਰ ਹੁੰਦੀ ਗਈ, ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਪਰਿਵਾਰਾਂ

ਦੀਆਂ ਨਿਸ਼ਾਨੀਆਂ ਸਿੱਖੀ ਛੱਡ ਕੇ ਈਸਾਈ, ਹਿੰਦੂ ਤੇ ਮੁਸਲਮਾਨ ਘਰਾਂ ਵਿਚ ਜਜ਼ਬ ਹੋਣ ਲੱਗ ਪਈਆਂ। ਰਣਜੀਤ ਸਿੰਘ, ਕਪੂਰਥਲਾ, ਪਟਿਆਲਾ ਰਿਆਸਤ ਦੀਆਂ ਧੀਆਂ ਅਤੇ ਪੁੱਤਰ ਸਿੱਖੀ ਨੂੰ ਬੇਦਾਵਾ ਦੇ ਗਏ। ਯਾਨਿ ਜਦੋਂ ਪੰਥ ਵੱਲ ਪਿੱਠ ਹੁੰਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਵੀ ਦੂਰੀ ਹੁੰਦੀ ਹੈ ਤੇ ਅਖ਼ੀਰ ਸਿੱਖੀ ਤੋਂ ਰਿਸ਼ਤਾ ਟੁੱਟ ਜਾਂਦਾ ਹੈ।

ਪੰਥ ਦੀ ਸਰਬਤ ਖਾਲਸਾ ਇੰਸਟੀਚਿਊਸ਼ਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ (15-16 ਦਿਸੰਬਰ, 1920) ਵੇਲੇ ਫੇਰ ਜ਼ਿੰਦਾ ਕੀਤਾ ਗਿਆ। ਸ਼ੁਰੂ- ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਉਹੀ ਨੁਮਾਇੰਦੇ ਅੱਗੇ ਆਉਂਦੇ ਰਹੇ, ਜਿਹੜੇ ਗੁਰੂ ਦੀ ਜੁਗਤਿ ਦੇ ਰਸਤੇ ਵੱਲ ਟੁਰਦੇ ਸਨ। ਇਸ ਸੂਰਤ ਵਿਚ ਸ਼੍ਰੋਮਣੀ ਕਮੇਟੀ ਕੁਝ ਹੱਦ ਤਕ 'ਸਰਬਤ ਖਾਲਸਾ' ਹੀ ਸੀ। ਪਰ 1962 ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਅ-ਸਿੱਖ ਸੋਚ ਦੀ ਫ਼ੁੱਟ ਪੈ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਵਿਚ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਆਉਣ ਲੱਗ ਪਈ ਸੀ, ਜਿਹੜੇ 'ਪੰਥ' ਦਾ ਹਿੱਸਾ ਤਾਂ ਕੀ 'ਸਿੱਖ' ਅਖਵਾਉਣ ਦੇ ਕਾਬਿਲ ਵੀ ਨਹੀਂ ਸਨ। 1965 ਵਿਚ ਫ਼ਤਹਿ ਸਿੰਘ ਧੜੇ ਦੇ ਜੇਤੂ 90 ਮੈਂਬਰਾਂ ਵਿੱਚੋਂ 50 ਨਸ਼ਿਆਂ ਦੀ ਵਰਤੋਂ ਕਰਦੇ ਸਨ। ਪਰ 1979 ਦੀ ਚੋਣ ਵਿਚ ਨਸ਼ੱਈਆਂ ਦੀ ਗਿਣਤੀ ਘਟ ਕੇ 30 ਰਹਿ ਗਈ। ਪਰ 1996 ਵਿਚ ਚੁਣੇ ਜਾਣ ਵਾਲੇ 185 ਮੈਂਬਰਾਂ ਵਿੱਚੋਂ 75 ਤੋਂ 100 ਤਕ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਸਨ। ਇਨ੍ਹਾਂ ਵਿੱਚੋਂ 50 ਮੈਂਬਰਾਂ ਤਾਂ ਪੂਰੀ ਤਰ੍ਹਾਂ ਅੰਮ੍ਰਿਤਧਾਰੀ (ਖੰਡੇ ਦੀ ਪਾਹੁਲ ਵਾਲੇ) ਵੀ ਨਹੀਂ ਸਨ। ਇਨ੍ਹਾਂ ਵਿੱਚੋਂ 100 ਤੋਂ ਵੱਧ ਮੈਂਬਰਾਂ ਦੇ ਪੁੱਤਰ ਧੀਆਂ ਪਤਿਤ ਹੀ ਨਹੀਂ ਵੱਡੇ ਐਬੀ, ਮੁਜਰਿਮ ਅਤੇ ਹੋਰ ਅਪੰਥਕ ਕਾਰਵਾਈਆਂ ਵਿਚ 'ਸਿਰਮੌਰ' ਸਨ। 2004 ਵਿਚ ਚੁਣੇ ਗਏ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚ (ਬਾਦਲ ਧੜੇ 'ਚੋਂ) 50 ਨੇ ਤਾਂ 'ਅੰਮ੍ਰਿਤ' ਛਕਣ ਦੀ ਕਾਰਵਾਈ (ਕਿ ਦਿਖਾਵਾ ਜਾਂ ਡਰਾਮਾ) 'ਟਿਕਟ' ਮਿਲਣ ਤੋਂ ਮਗਰੋਂ ਕੀਤੀ ਸੀ। ਸ਼੍ਰੋਮਣੀ ਕਮੇਟੀ ਦੇ ਜੁਲਾਈ 2004 ਵਿਚ ਚੁਣੇ ਗਏ ਮੈਂਬਰਾਂ ਵਿੱਚੋਂ ਵੀ 75% ਦੇ ਕਰੀਬ ਮੈਂਬਰਾਂ ਦੇ ਧੀਆਂ-ਪੁੱਤਰ ਪਤਿਤ ਸਨ।

ਕੀ ਇਸ ਤਰ੍ਹਾਂ ਦੀ ਸ਼੍ਰੋਮਣੀ ਕਮੇਟੀ ਨੂੰ ਅਖੌਤੀ 'ਗੁਰੂ-ਪੰਥ' ਕਿਹਾ ਜਾ ਸਕਦਾ ਹੈ ? ਹਰਗਿਜ਼ ਨਹੀਂ। ਜਿਸ ਨੂੰ ਕੁਝ ਲੋਕ ਗੁਰੂ-ਪੰਥ ਕਹਿੰਦੇ ਹਨ ਵਿਚ ਤਾਂ 'ਪੰਥ' ਅਤੇ 'ਗੁਰੂ' ਦੋਵੇਂ ਸ਼ਾਮਿਲ ਹਨ, ਪਰ ਅਜੋਕੀ ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰਾਂ ਵਿੱਚੋਂ ਦੋਵੇਂ ਗ਼ਾਇਬ ਹਨ। ਕੀ ਅਜਿਹੀ ਸ਼੍ਰੋਮਣੀ ਕਮੇਟੀ ਕੋਲ ਰੂਹਾਨੀ, ਧਾਰਮਿਕ, ਅਸੂਲੀ ਤੌਰ 'ਤੇ ਕੋਈ ਹੱਕ ਹੈ ਕਿ ਉਹ ਸਿੱਖ ਕੌਮ ਦੇ ਧਾਰਮਿਕ ਜਾਂ ਰੂਹਾਨੀ ਫ਼ੈਸਲੇ ਲੈ ਸਕੇ ? ਕੀ ਅਜਿਹੀ 'ਪਤਿਤ' ਮੈਂਬਰਾਂ ਨਾਲ ਭਰੀ ਸ਼੍ਰੋਮਣੀ ਕਮੇਟੀ ਕੋਲ ਕੋਈ ਹੱਕ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ, ਗ੍ਰੰਥੀ, ਰਾਗੀ ਨਾਮਜ਼ਦ ਕਰੇ ? ਕੀ ਅਜਿਹੀ ਸ਼੍ਰੋਮਣੀ ਕਮੇਟੀ 1928 ਤੋਂ 1978 ਵਾਂਗ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਜਾਣ ਵਾਲੇ 'ਹੁਕਮਨਾਮੇ' ਡਰਾਫ਼ਟ ਕਰ ਸਕਦੀ ਹੈ ? ਹਰਗਿਜ਼ ਨਹੀਂ ! ਕਿਉਂਕਿ ਇਹ ਕਮੇਟੀ ਭਾਰਤੀ ਕਾਨੂੰਨ ਹੇਠ ਚੁਣੀ ਗਈ ਹੈ ਅਤੇ ਇਸ ਵਾਸਤੇ ਉਮੀਦਵਾਰ ਨਾਮਜਦ ਕਰਨ ਵਾਲੀਆਂ ਪਾਰਟੀਆਂ ਨੇ ਉਨ੍ਹਾਂ ਦੀ ਸਿੱਖੀ ਦੀ ਪਰਖ ਕੀਤੇ ਬਿਨਾ ਟਿਕਟਾਂ ਅਲਾਟ ਕੀਤੀਆਂ ਅਤੇ ਪੱਖਪਾਤੀ ਗੁਰਦੁਆਰਾ ਇਲੈਕਸ਼ਨ ਕਮਿਸ਼ਨ ਨੇ ਇਸ ਦੀਆਂ ਚੋਣਾਂ ਵਿਚ ਪੰਜ ਤੋਂ ਸੱਤ ਲੱਖ ਤਕ ਪਤਿਤ ਤੇ ਹਿੰਦੂ ਵੋਟਾਂ ਪਾਉਣ ਦੀ ਇਜ਼ਾਜਤ ਦਿੱਤੀ। ਇਸ ਕਰ ਕੇ ਇਹ

ਕਮੇਟੀ ਕਾਨੂੰਨੀ ਤੌਰ 'ਤੇ ਤਾਂ ਭਾਵੇਂ ਸਹੀ ਹੋਵੇ, ਪਰ ਘੱਟੋ-ਘੱਟ ਇਹ ਪੰਥਕ ਤਾਂ ਨਹੀਂ। ਇਸ ਨੂੰ ਹਰਗਿਜ਼ ਸਰਬਤ ਖਾਲਸਾ ਜਾਂ ਅਖੌਤੀ ਗੁਰੂ-ਪੰਥ ਨਹੀਂ ਕਿਹਾ ਜਾ ਸਕਦਾ।

ਅਜਿਹੀ ਸੂਰਤ ਵਿਚ ਅੱਜ ਸਿੱਖ 'ਸਰਬਤ ਖਾਲਸਾ' ਇੰਸਟੀਚਿਊਸ਼ਨ ਤੋਂ ਸੱਖਣੇ ਹਨ ਅਤੇ ਕਿਸੇ ਵੀ ਅਦਾਰੇ ਜਾਂ ਇੰਸਟੀਚਿਊਸ਼ਨ ਦਾ ਕੋਈ ਵੀ ਫ਼ੈਸਲਾ/ਗੁਰਮਤਾ ਸਮੁੱਚੇ ਪੰਥ ਦੀ ਆਵਾਜ਼ ਨਹੀਂ ਹੋ ਸਕਦਾ ਅਤੇ ਨਾ ਹੀ ਇਹ ਸਮੁੱਚੇ ਪੰਥ ਨੂੰ ਮਨਜ਼ੂਰ ਹੋ ਸਕਦਾ ਹੈ। ਸਮੁੱਚੇ ਪੰਥ ਨਾਲ ਸੰਬੰਧਿਤ ਮਸਲਿਆਂ ਬਾਰੇ ਫ਼ੈਸਲੇ ਸਰਬਤ ਖਾਲਸਾ ਹੀ ਲੈ ਸਕਦਾ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ, ਜੇ ਇਸ ਇੰਸਟੀਚਿਊਸ਼ਨ ਨੂੰ ਮੁੜ ਜ਼ਿੰਦਾ ਕੀਤਾ ਜਾਵੇ।

ਮੈਂ 1995 ਵਿਚ ਵਰਲੱਡ ਸਿੱਖ ਪਾਰਲੀਮੈਂਟ ਦਾ ਸੁਝਾਅ ਦਿੱਤਾ ਸੀ, ਜਿਸ ਨੂੰ ਹਾਈਜੈਕ ਕਰ ਕੇ (ਪ੍ਰੋ:) ਮਨਜੀਤ ਸਿੰਘ ਨੇ ਇਕ 'ਵਰਲਡ ਸਿੱਖ ਕੌਂਸਲ' ਬਣਾ ਲਈ ਤੇ ਉਸ ਨੂੰ ਆਪਣੀ ਜੇਬ੍ਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਮਗਰੋਂ (ਭਾਈ) ਰਣਜੀਤ ਸਿੰਘ ਨੇ ਖੋਹ ਲਿਆ। ਪਰ ਇਸ 'ਵਰਲਡ ਸਿੱਖ ਕੌਂਸਲ' ਦਾ ਢਾਂਚਾ ਕਿਸੇ ਸੂਰਤ ਵਿਚ ਵੀ 'ਸਰਬਤ ਖਾਲਸਾ' ਨਹੀਂ ਬਣ ਸਕਦਾ ਸੀ। ਮੈਂ 1999 ਵਿਚ ਸਰਬਤ ਖਾਲਸਾ ਦੀ ਬਣਤਰ ਦਾ ਡਰਾਫ਼ਟ ਪੇਸ਼ ਕੀਤਾ ਸੀ, ਪਰ ਉਸ ਨੂੰ ਵੀ ਕੁਝ ਚਾਲਾਕ ਲੀਡਰਾਂ ਨੇ 'ਅਖੌਤੀ ਏਪੈਕਸ ਬਾਡੀ' ਦੇ ਨਾਂ ਹੇਠ ਹਾਈਜੈਕ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਉਹ ਏਪੈਕਸ ਬਾਡੀ ਜੰਮਣ ਤੋਂ ਪਹਿਲਾਂ ਹੀ ਮਰ ਗਈ। ਜੇ ਸਿੱਖਾਂ ਨੇ ਸਰਬਤ ਖਾਲਸਾ ਨੂੰ ਮੁੜ ਜ਼ਿੰਦਾ ਕਰਨਾ ਹੈ ਤਾਂ ਉਹ ਨਿਰਪੱਖ ਤੇ ਨਿਸ਼ਕਾਮ ਹੋ ਕੇ ਹੀ ਹਾਸਿਲ ਕੀਤਾ ਜਾ ਸਕਦਾ ਹੈ ਵਰਨਾ ਨਹੀਂ। ਇਸ ਤੋਂ ਬਿਨਾ ਕੋਈ ਵੀ ਜਮਾਤ, ਅਦਾਰਾ, ਇੰਸਟੀਚਿਊਸ਼ਨ ਸਮੁੱਚੇ ਪੰਥ ਦੀ ਅਗਵਾਈ/ਆਵਾਜ਼/ਨੁਮਾਇੰਦਾ ਨਹੀਂ ਹੋ ਸਕਦੀ।

ਪੰਜ ਪਿਆਰੇ (ਪੰਜ 'ਸਿੰਘ ਸਾਹਿਬਾਨ'?)

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਅਤੇ ਇਸ ਮਕਸਦ ਵਾਸਤੇ ਸਿੱਖਾਂ ਦੀ ਪਰਖ ਕਰਨ ਵਾਸਤੇ ਸਿਰ ਮੰਗੇ ਤਾਂ ਉਨ੍ਹਾਂ ਇਕ ਇਕ ਕਰ ਕੇ ਪੰਜ ਸਿੱਖ ਚੁਣੇ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ 'ਖੰਡੇ ਦੀ ਪਾਹੁਲ' ਦੀ ਰਸਮ ਸ਼ੁਰੂ ਕੀਤੀ (ਪਤਾ ਨਹੀਂ ਕਦੋਂ ਇਸ ਦਾ ਨਾਂ 'ਅੰਮ੍ਰਿਤ ਛਕਣਾ' ਪੈ ਗਿਆ)। ਖੰਡੇ ਦੀ ਪਾਹੁਲ ਸਭ ਤੋਂ ਪਹਿਲਾਂ ਸੀਸ-ਭੇਟ ਕਰਨ ਵਾਲੇ ਪੰਜ ਸਿੱਖਾਂ ਨੂੰ ਦਿੱਤੀ ਗਈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਪੰਜ ਪਿਆਰੇ ਦਾ ਖ਼ਿਤਾਬ ਦਿੱਤਾ।[10] ਇਸ ਮਗਰੋਂ ਇਨ੍ਹਾਂ ਪੰਜਾਂ ਪਿਆਰਿਆਂ ਨੇ ਉਨ੍ਹੀਂ ਦਿਨੀਂ ਅਨੰਦਪੁਰ ਸਾਹਿਬ ਪੁੱਜੇ ਬਹੁਤ ਸਾਰੇ ਸਿੱਖਾਂ ਨੂੰ 'ਖੰਡੇ ਦੀ ਪਾਹੁਲ' ਦਿੱਤੀ, ਕਿਉਂਕਿ ਅਨੰਦਪੁਰ ਸਾਹਿਬ 'ਚ 'ਖੰਡੇ ਦੀ ਪਾਹੁਲ' ਲੈਣ ਵਾਲੇ ਸਿੱਖਾਂ ਦੇ ਗਿਣਤੀ ਹਜ਼ਾਰਾਂ ਸੀ, ਇਸ ਕਰ ਕੇ ਖੰਡੇ ਦੀ ਪਾਹੁਲ ਲੈ ਚੁੱਕੇ ਸਿੱਖਾਂ ਦੇ ਕਈ ਜਥੇ ਬਣਾ ਕੇ ਬਾਕੀ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇਣ ਦੀ ਰਸਮ ਪੂਰੀ ਕੀਤੀ ਗਈ।[11] ਹੁਣ ਭਾਵੇਂ ਖੰਡੇ ਦੀ ਪਾਹੁਲ

10. *ਗੁਰੂ ਕੀਆਂ ਸਾਖੀਆਂ*, ਸਾਖੀ ਨੰਬਰ 58.
11. *ਉਹੀ*, ਸਾਖੀ ਨੰਬਰ 60.

ਦੇਣ ਦੀ ਸੇਵਾ ਨਿਭਾਉਣ ਵਾਲੇ ਕਿੰਨੇ ਹੀ ਜਥੇ ਹਨ, ਪਰ ਉਹ ਪੰਜ-ਪੰਜ ਸਿੰਘਾਂ ਦੇ ਜਥੇ ਸਨ, ਨਾ ਕਿ ਪੰਜ ਪਿਆਰੇ। ਪੰਜ ਪਿਆਰੇ ਤਾਂ ਉਹੀ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਵੰਗਾਰਨ 'ਤੇ ਸੀਸ ਭੇਟ ਕੀਤੇ ਸਨ: ਦਇਆ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ ਤੇ ਹਿੰਮਤ ਸਿੰਘ (ਕਈਆਂ ਨੇ ਇਨ੍ਹਾਂ ਦੀ ਵੱਖਰੀ ਤਰਤੀਬ ਵੀ ਦਿੱਤੀ ਹੈ)।[12]

ਖੰਡੇ ਦੀ ਪਾਹੁਲ ਦੇਣ ਦੀ ਸੇਵਾ ਕਰਨ ਵਾਲੇ ਪੰਜ ਪਿਆਰਿਆਂ ਤੋਂ ਪਾਹੁਲ ਲੈ ਕੇ ਜਿਨ੍ਹਾਂ ਨੇ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਹਜ਼ਾਰਾਂ ਲੋਕਾਂ ਨੂੰ ਖੰਡੇ ਦੀ ਪਾਹੁਲ ਦਿੱਤੀ, ਉਨ੍ਹਾਂ ਨੂੰ ਸਿੱਖ ਤਵਾਰੀਖ਼ ਵਿਚ ਕਿਤੇ ਵੀ ਪੰਜ ਪਿਆਰੇ ਲਿਖਿਆ ਨਹੀਂ ਮਿਲਦਾ। ਹਾਂ, ਇਹ ਜ਼ਿਕਰ ਆਉਂਦਾ ਹੈ ਕਿ ਪੰਜ ਸਿੰਘਾਂ ਨੇ ਖੰਡੇ ਦੀ ਪਾਹੁਲ ਤਿਆਰ ਕਰ ਕੇ ਸਿੱਖਾਂ ਨੂੰ ਛਕਾਈ। ਪਤਾ ਨਹੀਂ ਕਦੋਂ ਖੰਡੇ ਦੀ ਪਾਹੁਲ ਵਾਲੇ ਪੰਜ-ਪੰਜ ਸਿੰਘਾਂ ਦੇ ਜਥਿਆਂ ਨੂੰ 'ਪੰਜ ਪਿਆਰੇ' ਕਿਹਾ ਜਾਣ ਲੱਗ ਪਿਆ। ਇਹ ਵਿਸ਼ੇਸ਼ਣ/ਲਕਬ (title) ਉੱਨੀਵੀਂ ਸਦੀ ਦੇ ਅਖ਼ੀਰ ਵਿਚ ਸ਼ਾਇਦ ਸਿੰਘ ਸਭਾ ਲਹਿਰ ਵੇਲੇ ਜਾਂ ਉਸ ਤੋਂ ਵੀ ਕੁਝ ਬਾਅਦ ਵਰਤਿਆ ਜਾਣਾ ਸ਼ੁਰੂ ਹੋਇਆ ਜਾਪਦਾ ਹੈ।

ਸਿੱਖੀ ਵਿਚ ਪੰਜ ਦੀ ਗਿਣਤੀ

ਕਈ ਸਾਲਾਂ ਤੋਂ (ਸ਼ਾਇਦ ਉੱਨੀਵੀਂ ਸਦੀ ਦੇ ਅੱਧ ਤੋਂ ਮਗਰੋਂ) ਸਿੱਖਾਂ ਵਿਚ 'ਪੰਜ' ਦੀ ਗਿਣਤੀ ਦਾ ਬੜਾ ਬੋਲਬਾਲਾ ਅਤੇ ਅਹਿਮੀਅਤ ਮੰਨੀ ਜਾਣ ਲੱਗ ਪਈ ਹੈ। ਸ਼ਾਇਦ ਇਸ ਦਾ ਪਿਛੋਕੜ 'ਪੰਜ ਪਿਆਰੇ' ਅਤੇ 'ਪੰਜ ਮੁਕਤੇ' ਹੋਵੇ। ਗੁਰੂ ਸਾਹਿਬ ਵੱਲੋਂ ਸੀਸ ਮੰਗਣ 'ਤੇ ਪੰਜ ਸਿੱਖਾਂ ਨੇ ਸੀਸ-ਭੇਟ ਕੀਤੇ ਸਨ। ਇਨ੍ਹਾਂ ਦੇ ਨਾਲ ਹੀ ਪੰਜ ਹੋਰ ਸਿੱਖ ਸੀਸ-ਭੇਟ ਕਰਨ ਵਾਸਤੇ ਤਿਆਰ ਖੜ੍ਹੇ ਸਨ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਮੁਕਤੇ' ਆਖ ਕੇ ਮਾਣ ਦਿੱਤਾ ਸੀ। ਜਦੋਂ ਗੁਰੂ ਸਾਹਿਬ ਨੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਪਹਿਲੋਂ ਪੰਜ ਪਿਆਰਿਆਂ ਅਤੇ ਫਿਰ ਪੰਜ ਮੁਕਤਿਆਂ ਨੂੰ ਪਾਹੁਲ ਦਿੱਤੀ ਸੀ। ਇਨ੍ਹਾਂ ਪੰਜ ਮੁਕਤਿਆਂ ਅਤੇ ਕਈ ਹੋਰ ਸਿੱਖਾਂ ਨੂੰ ਖੰਡੇ ਦੀ ਪਾਹੁਲ (ਗੁਰੂ ਸਾਹਿਬ ਨੇ ਆਪ ਨਹੀਂ, ਬਲਕਿ ਪੰਜ ਸਿੰਘਾਂ ਭਾਈ ਦਇਆ ਸਿੰਘ ਅਤੇ ਬਾਕੀ ਚਾਰ ਪਿਆਰਿਆਂ) ਨੇ ਦਿੱਤੀ ਸੀ।[13] ਬਾਕੀ ਸੰਗਤਾਂ ਨੂੰ ਖੰਡੇ ਦੀ ਪਾਹੁਲ, ਪਾਹੁਲ ਲੈ ਚੁੱਕੇ ਸਿੰਘਾਂ ਵਿੱਚੋਂ ਬਣਾਏ ਪੰਜ-ਪੰਜ ਸਿੰਘਾਂ ਦੇ ਜਥਿਆਂ ਨੇ ਦਿੱਤੀ ਸੀ। ਉਦੋਂ ਇਨ੍ਹਾਂ ਖੰਡੇ ਦੀ ਪਾਹੁਲ ਦੇਣ ਵਾਲੇ ਜਥਿਆਂ ਨੂੰ 'ਪੰਜ ਪਿਆਰੇ' ਨਹੀਂ ਸੀ ਕਿਹਾ ਗਿਆ। ਇਸੇ ਹੀ ਮੌਕੇ 'ਤੇ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ ਕਿ "ਜਦੋਂ ਵੀ ਕੜਾਹ ਪ੍ਰਸ਼ਾਦਿ ਦੀ ਦੇਗ਼ ਤਿਆਰ ਹੋਵੇਗੀ, ਇਸ ਵਿੱਚੋਂ ਸਭ ਤੋਂ ਪਹਿਲਾਂ ਪੰਜ ਪਿਆਰਿਆਂ ਦਾ ਛਾਂਦਾ (ਗੱਫ਼ਾ) ਕਢਿਆ ਜਾਵੇਗਾ (ਤੇ ਉਨ੍ਹਾਂ ਨੂੰ ਵਰਤਾਇਆ ਜਾਏਗਾ) ਤੇ ਇਸ ਮਗਰੋਂ ਬਾਕੀ ਸੰਗਤ ਨੂੰ ਵਰਤਾਇਆ ਜਾਵੇਗਾ।" ਗੁਰੂ ਸਾਹਿਬ ਦਾ ਇਹ ਹੁਕਮ ਸਿਰਫ਼ ਉਨ੍ਹਾਂ ਪੰਜਾਂ ਪਿਆਰਿਆਂ ਦੇ ਵਾਸਤੇ ਸੀ। ਇਹ ਪੰਜ ਦੇ ਪੰਜ ਪਿਆਰੇ 1708 ਈ: ਤਕ ਚੜ੍ਹਾਈ ਕਰ ਚੁੱਕੇ ਸਨ। ਪਰ ਗੁਰੂ ਸਾਹਿਬ ਦਾ ਇਹ ਹੁਕਮ ਸਿੱਖ ਸੰਗਤਾਂ ਨੇ ਉਵੇਂ ਹੀ ਮੰਨਣਾ ਜਾਰੀ ਕਰੀ ਰੱਖਿਆ। ਫ਼ਰਕ

12. *ਗੁਰੂ ਕੀਆਂ ਸਾਖੀਆਂ*, ਸਾਖੀ ਨੰਬਰ 58.
13. *ਉਹੀ*, ਸਾਖੀ ਨੰਬਰ 60.

ਸਿਰਫ਼ ਏਨਾ ਪਾਇਆ ਕਿ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ ਪੰਜ ਪਿਆਰਿਆਂ ਦੇ ਨਾਂ ਦਾ ਹਿੱਸਾ ਵੱਖਰਾ ਕੱਢ ਕੇ ਫਿਰ ਉਸ ਨੂੰ ਸਾਰੇ ਪ੍ਰਸ਼ਾਦ ਵਿਚ ਮਿਲਾ ਕੇ ਸੰਗਤ ਨੂੰ ਵੰਡਣ ਦੀ ਰਸਮ ਸ਼ੁਰੂ ਹੋ ਗਈ। ਪਰ ਕਈ ਥਾਈਂ ਪੰਜ ਤਿਆਰ-ਬਰ-ਤਿਆਰ ਜਾਂ ਮੋਹਿਤਬਰ ਸਿੱਖਾਂ ਨੂੰ ਪਹਿਲੇ ਪੰਜਾਂ ਵਾਲਾ ਗੱਫ਼ਾ ਦਿੱਤਾ ਜਾਣ ਲੱਗ ਪਿਆ, ਜਿਸ ਨਾਲ ਵਿਤਕਰਾ ਅਤੇ ਬੇਅਦਬੀ ਵੀ ਸ਼ੁਰੂ ਹੋ ਗਈ (ਹੁਣ ਫਿਰ ਚੋਣਵੇਂ ਪੰਜ ਸਿੱਖਾਂ ਨੂੰ ਦੇਣ ਦੀ ਰਿਵਾਇਤ ਬੰਦ ਹੋ ਰਹੀ ਹੈ।)।

ਜਿੱਥੋਂ ਤਕ ਪੰਜ ਦੀ ਗਿਣਤੀ ਦਾ ਸਵਾਲ ਹੈ, ਸਿੱਖੀ ਵਿਚ ਇਸ ਦੀ ਕੋਈ ਅਹਿਮੀਅਤ ਨਹੀਂ। ਜਪੁਜੀ ਸਾਹਿਬ ਵਿਚ :

ਪੰਚ ਪਰਵਾਣ ਪੰਚ ਪਰਧਾਨ॥ *(ਸਫ਼ਾ 3)*

ਦਾ ਮਾਅਨਾ ਹਰਗਿਜ਼ ਪੰਜ ਨਹੀਂ। ਏਥੇ ਪੰਚ ਦਾ ਮਤਲਬ ਗੁਰਮੁਖ, ਭਲੇ ਬੰਦੇ, ਸਾਧ ਲੋਕ, ਚੰਗੇ ਗੁਣਾਂ, ਰਹਿਣੀ-ਬਹਿਣੀ ਵਾਲੇ ਉਹ ਲੋਕ ਹੈ, ਜਿਨ੍ਹਾਂ ਨੇ ਪੰਜ ਐਬਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) 'ਤੇ ਜਿੱਤ ਹਾਸਿਲ ਕਰ ਲਈ ਹੋਵੇ। ਭਾਈ ਗੁਰਦਾਸ ਦੇ ਇਹ ਲਫ਼ਜ਼ "ਇਕ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ" ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਜਿੱਥੇ ਪੰਜ ਬੰਦੇ (ਸਿੱਖ ਹੀ ਸਹੀ) ਇਕੱਠੇ ਹੋ ਜਾਣ, ਉੱਥੇ ਵਾਹਿਗੁਰੂ ਆਪ ਹੁੰਦਾ ਹੈ। ਇੰਞ ਤਾਂ ਭਲਕੇ ਨੂੰ ਪੰਜ (ਅੱਜ ਦੇ ਜ਼ਮਾਨੇ ਦੇ ਅਖੌਤੀ ਸਿੱਖ) ਸਿੱਖ ਇਕੱਠੇ ਹੋ ਕੇ ਕੋਈ ਫ਼ਤਵਾ ਜਾਰੀ ਕਰ ਦੇਣ ਤਾਂ ਉਹ ਪੰਜਾਂ ਵੱਲੋਂ ਹੋਣ ਕਰ ਕੇ ਵਾਹਿਗੁਰੂ ਦਾ ਹੁਕਮ ਬਣ ਜਾਵੇਗਾ ? ਇਹ ਸਹੀ ਨਹੀਂ ਹੈ। ਭਾਈ ਗੁਰਦਾਸ ਪੰਜ ਦੀ ਗਿਣਤੀ ਦੀ ਗੱਲ ਨਹੀਂ ਕਰਦੇ, ਉਹ ਤਾਂ ਜਪੁਜੀ ਸਾਹਿਬ ਵਾਲੇ ਪੰਚ (ਗੁਰਮੁਖ, ਸਾਧ ਲੋਕ, ਰਹਿਣੀ-ਬਹਿਣੀ ਵਾਲਿਆਂ) ਦੀ ਗੱਲ ਕਰਦੇ ਹਨ। ਸੋ ਸਿੱਖੀ ਵਿਚ ਪੰਜ ਦੇ ਹਿੰਦਸੇ ਦੀ ਕੋਈ ਅਹਿਮੀਅਤ ਨਹੀਂ। ਜੇ ਭਲੇ ਸਿੱਖ ਚਾਰ, ਛੇ, ਸੱਤ, ਨੌਂ ਹੋਣ ਤਾਂ ਵੀ ਉਹ 'ਪੰਚ' ਅਤੇ 'ਪੰਚ ਪਰਵਾਣ' ਹੋ ਸਕਦੇ ਹਨ।

ਇਹ ਗੱਲ ਬੇਸਮਝੀ ਵਾਲੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਪੰਜ 'ਪ੍ਰਮੁੱਖ' ਸਿੱਖ ਸਨ (ਭਾਈ ਲਾਲੋ, ਬਾਬਾ ਬੁੱਢਾ, ਭਾਈ ਮੂਲਾ, ਭਾਈ ਮਨਸੁਖ, ਭਾਈ ਮਰਦਾਨਾ) ਅਤੇ ਗੁਰੂ ਅਰਜਨ ਸਾਹਿਬ ਦੇ ਵੀ ਪੰਜ 'ਪਿਆਰੇ' (ਬਿਧੀ ਚੰਦ, ਜੇਠਾ, ਲੰਗਾਹ, ਪਿਰਾਣਾ ਤੇ ਪੈੜਾ) ਸਨ। ਇੰਞ ਹੀ ਕੁਝ ਲੇਖਕਾਂ ਵੱਲੋਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੀ 'ਪੰਜ ਪਿਆਰੇ' ਬਣਾ ਦਿੱਤੇ ਗਏ : ਮਤੀ ਦਾਸ, ਗੁਰਦਿੱਤਾ, ਦਿਆਲ ਦਾਸ, ਊਦਾ ਤੇ ਜੈਤਾ। ਪਹਿਲੀ ਗੱਲ ਤਾਂ ਇਹ ਲਿਸਟਾਂ ਗ਼ਲਤ ਹਨ, ਕਿਉਂਕਿ ਕਿਸੇ ਵੀ ਸੋਮੇ ਵਿਚ 'ਪ੍ਰਮੁੱਖ ਸਿੱਖਾਂ' ਦੀ ਗਿਣਤੀ ਪੰਜ ਨਹੀਂ ਦੱਸੀ ਗਈ ਅਤੇ ਨਾ ਹੀ ਵੱਖਰੀ ਚੋਣ ਦਿਖਾਈ ਗਈ ਹੈ। ਭਾਈ ਗੁਰਦਾਸ ਨੇ ਤਾਂ ਪਹਿਲੀਆਂ ਛੇਆਂ ਪਾਤਿਸ਼ਾਹੀਆਂ ਦੇ ਸਿੱਖਾਂ ਦੀਆਂ ਲਿਸਟਾਂ ਦਿੱਤੀਆਂ ਹਨ। ਉਨ੍ਹਾਂ ਨੇ ਕਿਤੇ ਵੀ ਪੰਜ-ਪੰਜ ਅਹਿਮ ਸਿੱਖ (ਅਖੌਤੀ ਪੰਜ ਪਿਆਰੇ) ਵੱਖਰਿਆਏ ਨਹੀਂ। ਦੂਜਾ, ਜਿਸ ਨੇ ਵੀ ਇੰਞ ਪੰਜ-ਪੰਜ ਨਾਂ ਪੰਜਵੀਂ, ਛੇਵੀਂ ਜਾਂ ਨੌਂਵੀਂ ਪਾਤਿਸ਼ਾਹੀ ਦੇ 'ਅਖੌਤੀ ਪ੍ਰਮੁੱਖ' ਸਿੱਖਾਂ ਦੇ ਚੁਣੇ ਹਨ, ਉਸ ਨੇ ਬਾਕੀ ਸਿੱਖਾਂ ਨਾਲ ਬੇਇਨਸਾਫ਼ੀ ਕੀਤੀ ਹੈ। ਗੁਰੂ ਸਾਹਿਬਾਨ ਵਾਸਤੇ ਤਾਂ ਸਾਰੇ ਹੀ ਸਿੱਖ 'ਪਿਆਰੇ' ਸਨ।

ਜੇ ਕਰ ਇਹੀ ਪੈਂਤੜਾ ਮਨਜ਼ੂਰ ਕਰ ਲਈਏ ਤਾਂ ਫ਼ਿਰ ਸਿੱਖਾਂ ਨੂੰ ਹਰ ਕੰਮ ਵਿਚ

ਗਿਣਤੀ ਪੰਜ ਤਕ ਹੀ ਮਹਿਦੂਦ (ਸੀਮਤ) ਰਖਣੀ ਚਾਹੀਦੀ ਹੈ ਅਤੇ ਇੰਞ ਹੀ ਹਰ 'ਪੰਜ' ਚੀਜ਼ਾਂ ਦੀ 'ਪੂਜਾ' ਕਰਨੀ ਚਾਹੀਦੀ ਹੈ, ਜਿਵੇਂ : ਪੰਚ ਬਾਣ, ਪੰਚ ਨਾਇਕ, ਪੰਚ ਮਰਦ, ਪੰਚ ਮੁਖ (ਸ਼ਿਵਜੀ), ਪੰਚ ਯੱਗ, ਪੰਚ ਰਤਨ, ਪੰਚਾਂਗ, ਪੰਚਾਗਨਿ, ਪੰਚਾਮ੍ਰਿਤ, ਪੰਚਾਨਨ, ਪੰਜ ਤੱਤ, ਪੰਜ ਸ਼ਸਤਰ, ਪੰਜ ਬਸਤਰ, ਪੰਜ ਭੋਜਨ, ਪੰਜ ਪ੍ਰਸਾਦ, ਪੰਜ ਲੂਣ, ਪੰਜ ਵਕਤ (ਨਿਮਾਜ਼ ਦੇ) ਵਗ਼ੈਰਾ। 'ਪੰਜ' ਨੂੰ ਅਹਿਮੀਅਤ ਦੇਣਾ ਬ੍ਰਾਹਮਣੀ ਸੋਚ ਹੈ। ਜੇ ਗੁਰੂ ਸਾਹਿਬ ਨੇ ਪੰਜ ਕੋਈ ਖ਼ਾਸ ਥਾਂ ਦੇਣੀ ਹੁੰਦੀ ਤਾਂ ਸਿਰਫ਼ ਪੰਜ ਗੁਰੂ ਹੀ ਹੁੰਦੇ ਅਤੇ ਪੰਜ ਹੀ ਰਹਿਤਾਂ ਰਖਦੇ ਤੇ ਪੰਜ ਹੀ ਬਜਰ ਕੁਰਹਿਤਾਂ ਦਸਦੇ। 'ਪੰਜ' ਨੂੰ ਸਿੱਖੀ ਵਿਚ ਮਕਬੂਲ ਕਰਵਾਉਣਾ ਜਾਂ ਤਾਂ ਬੇਸਮਝੀ ਹੈ ਜਾਂ ਬ੍ਰਾਹਮਣੀ ਸ਼ਰਾਰਤ। ਗੁਰੂ ਸਾਹਿਬ ਨੇ 'ਪੰਜ ਪਿਆਰੇ' ਇਸ ਕਰ ਕੇ ਨਹੀਂ ਸੀ ਚੁਣੇ ਕਿ ਉਹ 'ਪੰਜ' ਦੀ ਗਿਣਤੀ ਨੂੰ ਪਾਕਿ ਪਵਿੱਤਰ ਜਾਂ ਅਹਿਮ ਜਾਂ ਖ਼ਾਸ ਗਿਣਦੇ ਸਨ।

ਇੰਞ ਹੀ ਸਿੱਖਾਂ ਵਿਚ ਪੰਜ ਤਖ਼ਤ ਦੀ ਗੱਲ ਵੀ ਗ਼ਲਤ ਹੈ। ਤਵਾਰੀਖ਼ੀ ਪੱਖੋਂ 1968 ਤਕ ਤਾਂ ਸ਼੍ਰੋਮਣੀ ਕਮੇਟੀ ਚਾਰ ਤਖ਼ਤ ਮੰਨਦੀ ਸੀ। ਭਾਵੇਂ ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* (ਸਫ਼ਾ 791 'ਤੇ) ਵਿਚ ਪੰਜ ਤਖ਼ਤ (ਪੰਜਵਾਂ 'ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰ ਖਾਲਸਾ ਦੀਵਾਨ) ਮੰਨੇ ਹਨ। ਉਂਞ ਇਹ ਮਜ਼ਾਕੀਆ ਗੱਲ ਹੈ ਕਿ ਕਿਸੇ ਕੌਮ ਦੇ ਇਕ ਤੋਂ ਵੱਧ 'ਤਖ਼ਤ' ਹੁੰਦੇ ਹਨ[14] ਅਤੇ ਦੂਜਾ, ਕੀ ਅਕਾਲ ਪੁਰਖ ਦੇ ਤਖ਼ਤ ਦੇ ਹੁੰਦਿਆਂ ਹੋਰ ਤਖ਼ਤ ਵੀ ਹੋ ਸਕਦੇ ਹਨ ?

ਜਾਪਦਾ ਹੈ ਕਿ ਪੰਜ ਸਿੰਘਾਂ ਦੀ ਇੰਸਟੀਚਿਊਸ਼ਨ ਬ੍ਰਾਹਮਣਾਂ ਜਾਂ ਉਨ੍ਹਾਂ ਤੋਂ ਪੜ੍ਹੇ ਨਿਰਮਲਿਆਂ ਦੀ ਦੇਣ ਹੈ। ਸਿੱਖ ਸਾਹਿਤ ਵਿਚ ਇਸ ਨੂੰ ਫ਼ੈਲਾਉਣ ਵਾਲਾ ਸ਼ਾਇਦ (ਭਾਈ) ਸੰਤੋਖ ਸਿੰਘ (ਲੇਖਕ *ਸੂਰਜ ਪ੍ਰਕਾਸ਼*) ਸੀ, ਜਿਸ ਨੇ ਸਿੱਖੀ ਦੇ ਕਈ ਅਸੂਲਾਂ ਦੇ ਉਲਟ ਗੱਲਾਂ ਲਿਖੀਆਂ ਸਨ।

ਸਿੱਖ ਫ਼ਲਸਫ਼ੇ ਵਿਚ ਤਨਖ਼ਾਹ ਲਾਉਣ ਦੀ ਕਾਰਵਾਈ ਗੁਰੂ-ਪੰਥ ਦੇ ਮੁਖੀ ਸਿੰਘ ਕਰਿਆ ਕਰਦੇ ਸਨ, ਕਿਸੇ ਹਾਲਤ ਵਿਚ ਸਰਬਤ ਖਾਲਸਾ ਯਾਨਿ ਉਦੋਂ ਖਾਲਸਾ ਫ਼ੌਜਾਂ (ਖਾਲਸਾ ਦਲ) ਦਾ ਜਥੇਦਾਰ ਕਰਿਆ ਕਰਦਾ ਸੀ। ਜਦ ਗੁਰੂ ਸਾਹਿਬ ਨੇ ਨਰੈਣਾ ਵਿਚ ਦਾਦੂ ਦੀ ਸਮਾਧ ਨੂੰ ਨਮਸਕਾਰ ਕਰ ਕੇ ਤਨਖ਼ਾਹ ਲੁਆਉਣ ਦਾ ਕੌਤਕ ਕੀਤਾ ਤਾਂ ਗੁਰੂ ਸਾਹਿਬ ਨੂੰ ਤਨਖ਼ਾਹ 'ਪੰਜ' ਸਿੰਘਾਂ ਨੇ ਨਹੀਂ ਲਾਈ ਸੀ, ਬਲਕਿ ਉੱਥੇ ਹਾਜ਼ਿਰ ਸਮੂਹ ਖਾਲਸਾ ਨੇ ਲਾਈ ਸੀ।[15]

ਜਿੱਥੋਂ ਤਕ ਅਕਾਲ ਤਖ਼ਤ ਸਾਹਿਬ 'ਤੇ ਪੰਜ ਗ੍ਰੰਥੀਆਂ ਵੱਲੋਂ ਮਿਲ ਕੇ ਤਨਖ਼ਾਹ ਲਾਉਣ ਦੀ ਗੱਲ ਹੈ, ਇਸ ਦੀ ਸ਼ੁਰੂਆਤ 1961 ਵਿਚ ਹੋਈ ਸੀ। ਇਸ ਤੋਂ ਪਹਿਲਾਂ ਵੀ ਅਕਾਲ ਤਖ਼ਤ ਸਾਹਿਬ ਤੋਂ (ਜਾਂ ਹੋਰ ਸਿੱਖ ਇਕੱਠਾਂ ਵਿਚ) ਤਨਖ਼ਾਹਾਂ ਲਾਉਣ ਦੀਆਂ ਕਾਰਵਾਈਆਂ ਹੁੰਦੀਆਂ ਰਹੀਆਂ ਸਨ ਤੇ ਉਨ੍ਹਾਂ ਮੌਕਿਆਂ 'ਤੇ ਇਕੱਲੇ ਸਰਬਰਾਹ ਨੇ ਜਾਂ ਗੁਰਦੁਆਰੇ/ਤਖ਼ਤ ਦੇ ਮੁਖ ਸੇਵਾਦਾਰ ਨੇ ਆਪੇ ਹੀ ਤਨਖ਼ਾਹ ਲਾਈ ਸੀ (ਤੇ ਚਾਰ ਹੋਰ ਗ੍ਰੰਥੀ ਜਾਂ ਸਿੰਘ ਨਾਲ ਨਹੀਂ ਸਨ ਬਿਠਾਏ)। ਹੋਰ ਤਾਂ ਹੋਰ ਜਦੋਂ 29 ਮਾਰਚ 1733 ਨੂੰ

---

14. ਵੇਖੋ ਚੈਪਟਰ : 'ਸਿੱਖਾਂ ਦੇ ਤਖ਼ਤ ਕਿੰਨੇ ਹਨ ?'
15. *ਪ੍ਰਾਚੀਨ ਸੌ ਸਾਖੀ* (96ਵੀਂ ਸਾਖੀ); ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 329 (1987 ਦੀ ਐਡੀਸ਼ਨ); ਵੀਰ ਸਿੰਘ ਬਲ, *ਸਿੰਘ ਸਾਗਰ*, ਸਫ਼ਾ 174 (1986 ਦਾ ਐਡੀਸ਼ਨ) ਵਗ਼ੈਰਾ।

ਭਾਈ ਸੁਬੇਗ ਸਿੰਘ ਨੂੰ ਮੁਗ਼ਲਾਂ ਨੇ ਨੌਕਰੀ ਕਰਨ ਦੀ ਤਨਖ਼ਾਹ ਲਾਉਣ ਦੀ ਗੱਲ ਚੱਲੀ ਤਾਂ ਸਾਰੇ ਇਕੱਠ ਨੇ ਸਮੁੱਚਾ ਫ਼ੈਸਲਾ ਕਰ ਕੇ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਸੀ। 18 ਮਾਰਚ, 1887 ਦੇ ਦਿਨ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਮਤਾ ਪਾਸ ਕਰਨ ਵਾਲੇ ਗ੍ਰੰਥੀ ਤੇ ਹੋਰ ਗਿਣਤੀ ਵਿਚ 30 ਸਨ (ਪੰਜ ਨਹੀਂ), ਸਿਤੰਬਰ 1923 ਵਿਚ ਗੁਰਦਿਆਲ ਸਿੰਘ ਨਾਭਾ, 23 ਮਈ 1924 ਨੂੰ ਕਰਤਾਰ ਸਿੰਘ ਬੇਦੀ, 9 ਅਗਸਤ 1928 ਨੂੰ ਤੇਜਾ ਸਿੰਘ ਭਸੌੜ ਤੇ ਨਿਰੰਜਣ ਕੌਰ ਨੂੰ ਤਨਖ਼ਾਹ ਲਾਉਣ/ਖ਼ਾਰਿਜ ਕਰਨ ਦਾ ਫ਼ੈਸਲਾ/ਐਲਾਨ ਇਕ-ਇਕ ਗ੍ਰੰਥੀ ਨੇ ਕੀਤਾ ਤੇ ਐਲਾਨਿਆ ਸੀ।

ਪੰਜ ਗ੍ਰੰਥੀਆਂ ਵੱਲੋਂ ਤਨਖ਼ਾਹ ਲਾਉਣ ਦਾ ਪਹਿਲਾ ਫ਼ੈਸਲਾ ਸ਼ਾਇਦ 29 ਨਵੰਬਰ, 1961 ਦਾ ਸੀ, ਜਿਸ ਮੁਤਾਬਿਕ ਮਾਸਟਰ ਤਾਰਾ ਸਿੰਘ, ਫ਼ਤਹਿ ਸਿੰਘ ਤੇ ਅਕਾਲੀ ਦਲ ਦੀ ਸਾਰੀ ਵਰਕਿੰਗ ਕਮੇਟੀ ਨੂੰ ਤਨਖ਼ਾਹ ਲਾਈ ਗਈ ਸੀ। ਇਸ ਮਗਰੋਂ 5 ਜੁਲਾਈ, 1977 ਨੂੰ ਗਿਆਨੀ ਭਾਗ ਸਿੰਘ ਨੂੰ ਇਕੱਲੇ ਸਾਧੂ ਸਿੰਘ ਭੌਰਾ ਨੇ ਤਨਖ਼ਾਹੀਆ ਕਰਾਰ ਦਿੱਤਾ ਸੀ। ਇਸ ਮਗਰੋਂ ਟੋਹੜਾ ਨੇ ਫੇਰ ਪੰਜ ਗ੍ਰੰਥੀ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ, ਪਰ (ਭਾਈ) ਰਣਜੀਤ ਸਿੰਘ ਤੇ ਪੂਰਨ ਸਿੰਘ ਨੇ ਆ ਕੇ ਕਈ ਤਨਖ਼ਾਹਾਂ ਇਕੱਲੀਆਂ ਹੀ ਲਾਈਆਂ ਜਾਂ ਐਲਾਨੀਆਂ। (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਵੀ ਕਈ ਤਨਖ਼ਾਹਾਂ ਇਕੱਲਿਆਂ ਹੀ ਲਾਈਆਂ (ਜਿਵੇਂ 4 ਮਈ, 2002 ਦੇ ਦਿਨ ਗੁਰਦੁਆਰਾ ਸਿੰਘ ਸਭਾ ਫ਼ਿਲੌਰ ਦੇ ਚਾਰ ਲੀਡਰਾਂ ਨੂੰ)।

ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਇਹ ਤਨਖ਼ਾਹਾਂ ਲਾਉਣ ਵੇਲੇ ਵੀ ਅਕਸਰ ਆਪਣੀ ਮਰਜ਼ੀ ਹੀ ਕਰਿਆ ਕਰਦਾ ਰਿਹਾ ਹੈ। (ਭਾਈ) ਰਣਜੀਤ ਸਿੰਘ ਤਾਂ ਦਬਕੇ ਨਾਲ ਬਾਕੀ ਚਾਰਾਂ ਗ੍ਰੰਥੀਆਂ ਤੋਂ ਦਸਤਖ਼ਤ ਕਰਵਾ ਲਿਆ ਕਰਦਾ ਸੀ। ਉਸ ਨੇ ਤਾਂ ਦੋ ਸੀਨੀਅਰ ਗ੍ਰੰਥੀਆਂ (ਮਨਜੀਤ ਸਿੰਘ ਤੇ ਕੇਵਲ ਸਿੰਘ) ਦੇ ਤਖ਼ਤ ਸਾਹਿਬ ’ਤੇ ਵੜਨ ’ਤੇ ਵੀ ਪਾਬੰਦੀ ਲਾ ਦਿੱਤੀ ਸੀ ਤੇ ਇਨ੍ਹਾਂ ਦੋਹਾਂ ਨੇ ਵੀ ਰਣਜੀਤ ਸਿੰਘ ਦਾ ਬਾਈਕਾਟ ਵੀ ਐਲਾਨਿਆ ਹੋਇਆ ਸੀ।

2002 ਤਕ ਤਾਂ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕੇਸਗੜ੍ਹ ਤੇ ਦਮਦਮਾ ਸਾਹਿਬ ਦੇ ਮੁਖ ਸੇਵਾਦਾਰ ਅਤੇ ਦੋ ਹੋਰ ਗ੍ਰੰਥੀਆਂ ਨੂੰ ਨਾਲ ਬਿਠਾ ਕੇ ਤਨਖ਼ਾਹ ਲਾ ਦੇਂਦਾ ਸੀ, ਪਰ ਜੁਲਾਈ 2003 ਵਿਚ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੇ ਮਸਲੇ ’ਤੇ ਪਟਨਾ ਸਾਹਿਬ ਦਾ ਮੁਖ ਸੇਵਾਦਾਰ ਇਕਬਾਲ ਸਿੰਘ[16] ਵੀ ਮੀਟਿੰਗਾਂ ਵਿਚ ਆਉਣ ਲੱਗ ਪਿਆ। ਉਹ ਮੀਟਿੰਗਾਂ ਵਿਚ ਕਾਰਵਾਈਆਂ ’ਤੇ ਦਸਤਖ਼ਤ ਵੀ ਕਰ ਜਾਂਦਾ ਸੀ ਅਤੇ ਬਾਹਰ ਜਾ ਕੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀਆਂ ਦੇ ਖ਼ਿਲਾਫ਼ ਬਿਆਨ ਵੀ ਦੇ ਦੇਂਦਾ ਸੀ।[17]

ਖ਼ੈਰ, ਕੁਝ ਵੀ ਹੋਵੇ ਸਿੱਖ ਫ਼ਲਸਫ਼ੇ ਵਿਚ ਪੰਜ ਹਿੰਦਸੇ ਦੀ ਕੋਈ ਅਹਿਮੀਅਤ ਨਹੀਂ ਤੇ ਕੋਈ ਵੀ ਫ਼ੈਸਲਾ ਕਰਨ ਦਾ ਕੋਰਮ ਪੰਜ ਨਹੀਂ; 4, 6, 9, 11, 13 ਕੁਝ ਵੀ ਹੋ ਸਕਦਾ ਹੈ। ਦੂਜਾ, ਸਿੱਖ ਫ਼ਲਸਫ਼ੇ, ਤਵਾਰੀਖ਼ ਜਾਂ ਰਿਵਾਇਤਾਂ ਵਿਚ ਕਦੇ ਵੀ ਪੰਜ ਗ੍ਰੰਥੀਆਂ ਨੂੰ ਤਨਖ਼ਾਹ ਲਾਉਣ ਦਾ ਹੱਕ ਨਹੀਂ ਸੀ ਦਿੱਤਾ ਗਿਆ। ਇਹ ਕਾਢ ਯਕੀਨਨ ਵੀਹਵੀਂ ਸਦੀ ਦੇ ਦੂਜੇ ਅੱਧ ਦੀ ਹੈ।

---

16. ਇਕਬਾਲ ਸਿੰਘ ਬਾਰੇ ਦੇਖੋ ਚੈਪਟਰ (ਕਿਤਾਬ ਦੇ ਅਖ਼ੀਰ ਵਿਚ)।

17. *The Tribune,* 3 August 2004 and 14 August 2004.

ਅਕਾਲ ਤਖ਼ਤ ਸਾਹਿਬ ਦਾ ਆਈਨ

ਅਕਾਲੀ ਤਖ਼ਤ ਸਾਹਿਬ ਦੇ ਫ਼ਲਸਫ਼ੇ ਅਤੇ ਇਸ ਦੇ ਮੁੱਖ ਸੇਵਾਦਾਰ ਦੀ ਨਾਮਜ਼ਦਗੀ, ਬਰਤਰਫ਼ੀ, ਹੱਕ, ਫ਼ਰਜ਼, ਜ਼ਿੰਮੇਦਾਰੀਆਂ, ਹਸਤੀ, ਅਹੁਦਾ ਵਗ਼ੈਰਾ ਬਾਰੇ ਕਈ ਚਿਰ ਤੋਂ ਰੋਲ-ਘਚੋਲਾ ਬਣਾਇਆ ਜਾ ਰਿਹਾ ਹੈ। ਇਸ ਦੀ ਸਭ ਤੋਂ ਵੱਡੀ ਇਕ ਵਜ੍ਹਾ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਤੋਂ ਨਾਵਾਕਫ਼ੀ ਹੈ। ਦੂਜੀ ਵੱਡੀ ਵਜ੍ਹਾ ਹੈ ਇਸ ਮਹਾਨ ਜਮਾਤ (ਇੰਸਟੀਚਿਊਸ਼ਨ) ਦੀ ਹਸਤੀ ਨੂੰ ਨਿੱਜ ਵਾਸਤੇ ਵਰਤਣ ਜਾਂ ਇਸ ਦੀ ਹਸਤੀ ਤੋਂ ਦੂਰ ਭੱਜਣ ਦੀ ਕੋਸ਼ਿਸ਼ ਹੈ। ਇਨ੍ਹਾਂ ਦੋਹਾਂ ਕਾਰਨਾਂ ਕਰ ਕੇ ਅਕਾਲ ਤਖ਼ਤ ਸਾਹਿਬ ਬਾਰੇ ਬੇਮਾਅਨਾ ਬਿਆਨ ਦਿੱਤੇ ਜਾਂਦੇ ਰਹੇ ਹਨ ਤੇ ਦਿੱਤੇ ਜਾ ਰਹੇ ਹਨ। ਇੰਞ ਹੀ ਗ਼ੈਰ-ਸਿੱਖਾਂ ਵਿਚ ਇਸ ਸਾਰੇ ਬਹਿਸ-ਮੁਬਾਹਿਸੇ ਨੂੰ 'ਤਮਾਸ਼ੇ' ਵਜੋਂ ਵੇਖਿਆ ਜਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੀ ਸ਼ਾਨ ਵਿਚ ਕਈ ਪਾਸਿਆਂ ਤੋਂ ਗੁਸਤਾਖ਼ੀ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਕੁਝ ਲੋਕ ਇਸ ਦੀ ਹਸਤੀ ਨੂੰ ਮਲੀਆਮੇਟ ਕਰਨਾ ਚਾਹੁੰਦੇ ਹਨ ਜਾਂ ਘੱਟੋ-ਘੱਟ ਇਸ ਦਾ ਅਦਬ, ਸ਼ਾਨੋ-ਸ਼ੌਕਤ ਘਟਾਉਣ ਵਿਚ ਰੁੱਝੇ ਹੋਏ ਹਨ ਅਤੇ ਕੁਝ ਲੋਕ ਇਸ ਨੂੰ ਹਊਆ ਬਣਾ ਕੇ ਪੇਸ਼ ਕਰ ਰਹੇ ਹਨ ਜਾਂ ਇਸ ਨੂੰ ਅ-ਸਿੱਖ ਤਰੀਕੇ ਦੀ ਤਾਕਤ ਵਾਂਗ ਵਰਤ ਰਹੇ ਹਨ।

1. ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ। ਇਸ ਦਾ ਉਹੀ ਅਦਬ ਹੋਣਾ ਚਾਹੀਦਾ ਹੈ ਜੋ ਵਾਹਿਗੁਰੂ ਦਾ ਕਰਨਾ ਬਣਦਾ ਹੈ।
2. ਇਸ ਦਾ ਮੁੱਖ ਸੇਵਾਦਾਰ ਕੌਮ ਦਾ ਬਾਦਸ਼ਾਹ, ਪੋਪ, ਡਿਕਟੇਟਰ, ਹਾਕਮ, ਮਾਲਿਕ ਨਹੀਂ। ਉਹ ਤਖ਼ਤ ਸਾਹਿਬ ਦਾ ਮੁੱਖ ਬੁਲਾਰਾ ਹੈ, ਮੁੱਖ ਸੇਵਾਦਾਰ ਹੈ।
3. ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਚੁਣਨ ਦਾ ਹੱਕ ਸਰਬਤ ਖ਼ਾਲਸਾ ਨੂੰ ਹੈ।
4. ਮੁੱਖ ਸੇਵਾਦਾਰ ਦੀ ਚੋਣ ਵੇਲੇ ਇਹ ਖ਼ਿਆਲ ਰੱਖਿਆ ਜਾਵੇ ਕਿ ਉਹ ਸਿੱਖ ਧਰਮ, ਫ਼ਲਸਫ਼ੇ, ਗੁਰਬਾਣੀ ਅਤੇ ਸਿੱਖ ਤ੍ਵਾਰੀਖ਼ ਤੇ ਕਲਚਰ ਤੋਂ ਚੰਗਾ ਜਾਣੂ ਹੋਵੇ। ਉਹ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰ-ਸ਼ੁਦਾ ਸਿੱਖ ਰਹਿਤ ਮਰਿਆਦਾ ਦਾ ਧਾਰਨੀ ਅਤੇ ਗੁਰਮਤਿ ਅਨੁਸਾਰ ਜ਼ਿੰਦਗੀ ਜੀਣ ਵਾਲਾ ਹੋਵੇ। ਹੋ ਸਕੇ ਤਾਂ ਉਹ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਨਾ ਹੋਵੇ। ਉਸ ਦੇ ਘਰ ਦਾ ਕੋਈ ਵੀ ਮੈਂਬਰ ਪਤਿਤ ਨਾ ਹੋਵੇ।
5. ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੀ ਸੇਵਾ ਦੀ ਮਿਆਦ ਤਿੰਨ ਸਾਲ, ਵੱਧ ਤੋਂ ਵੱਧ ਪੰਜ ਸਾਲ, ਹੋਵੇ। ਉਹ ਲਗਾਤਾਰ ਦੋ ਵਾਰ ਤੋਂ ਵੱਧ ਇਸ ਸੇਵਾ ਵਾਸਤੇ ਨਾ ਚੁਣਿਆ ਜਾਵੇ।
6. ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਨਾਲ 'ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ' ਵੀ ਚੁਣੀ ਜਾਵੇ। ਇਸ ਦੇ ਬਹੁਤੇ ਮੈਂਬਰ ਸਿੱਖ ਵਿਦਵਾਨਾਂ ਤੇ ਹੋਰ ਪੰਥਕ ਹਸਤੀਆਂ 'ਚੋਂ ਚੁਣੇ ਜਾਣ। ਇਹ ਸਾਰੇ ਧਰਮ, ਫ਼ਿਲਾਸਫ਼ੀ, ਗੁਰਬਾਣੀ ਅਤੇ ਸਿੱਖ ਤ੍ਵਾਰੀਖ਼ ਤੇ ਸਿੱਖ ਕਲਚਰ ਦੀ ਚੰਗੀ ਵਾਕਫ਼ੀ ਰੱਖਦੇ ਹੋਣ।

ਇਹ ਸਾਰੇ ਅੰਮ੍ਰਿਤਧਾਰੀ ਹੋਣ ਤੇ ਇਨ੍ਹਾਂ ਦੇ ਪਰਿਵਾਰਾਂ ਵਿਚੋਂ ਕੋਈ ਵੀ ਮੈਂਬਰ ਪਤਿਤ ਨਾ ਹੋਵੇ। ਇਸ ਦੇ ਮੈਂਬਰ 50 ਹੋਣ। ਇਹ 50 ਆਪਣੇ ਵਿੱਚੋਂ ਇਕ ਵਰਕਿੰਗ ਕਮੇਟੀ ਚੁਣਨ, ਜਿਸ ਦੇ ਮੈਂਬਰ 20 ਹੋਣ ਜਿਨ੍ਹਾਂ ਵਿਚੋਂ 7 ਵਿਦਵਾਨ ਹੋਣ। ਬਾਕੀਆਂ ਵਿਚੋਂ ਇਕ ਅਖੰਡ ਕੀਰਤਨੀ ਜਥੇ ਦਾ, ਇਕ ਭਿੰਡਰਾਂ-ਮਹਿਤਾ ਜਥੇ ਦਾ, ਇਕ ਬਾਕੀ ਮਿਸ਼ਨਰੀ ਅਦਾਰਿਆਂ ਵਿੱਚੋਂ ਤੇ ਇਕ ਮਿਸ਼ਨਰੀ ਕਾਲਜਾਂ ਵਿਚੋਂ ਹੋਵੇ। ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੰਮੂ-ਕਸ਼ਮੀਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਸ ਦੇ ਐਕਸ ਆਫ਼ੀਸ਼ੀਓ ਮੈਂਬਰ ਹੋਣ। ਦੋ ਮੈਂਬਰ ਪਰਦੇਸਾਂ ਵਿਚੋਂ ਨਾਮਜ਼ਦ ਕੀਤੇ ਜਾਣ। ਇਹ ਮੈਂਬਰ 4 ਹੋਰ ਮੈਂਬਰ ਕੋ-ਆਪਟ ਕਰਨ। ਇਹ 20 ਦੀ ਗਿਣਤੀ ਵੀ ਜ਼ਰੂਰੀ ਨਹੀਂ। ਇਹ ਘੱਟ-ਵੱਧ ਵੀ ਹੋ ਸਕਦੀ ਹੈ। ਇਸ ਕਮੇਟੀ ਦੀ ਚੋਣ ਦਾ ਕੋਈ ਹੋਰ ਪੈਟਰਨ ਵੀ ਬਣ ਸਕਦਾ ਹੈ।

ਜਥੇਦਾਰ ਦੀ ਅਲਹਿਦਗੀ

1. ਜੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ’ਤੇ ਇਖ਼ਲਾਕ, ਕੁਰੱਪਸ਼ਨ, ਧੜੇਬੰਦੀ ਜਾਂ ਮਨਮਤਿ ਕਰਨ ਦਾ ਇਲਜ਼ਾਮ ਲੱਗੇ ਤਾਂ ਉਹ ਆਪਣੇ ਆਪ ਮੁਸਤਫ਼ੀ ਹੋ ਜਾਵੇ ਜਾਂ ਘੱਟੋ-ਘੱਟ ਅਸਤੀਫ਼ਾ ਦੇ ਕੇ ਆਪਣਾ ਪੱਖ ਪੇਸ਼ ਕਰੇ। ਜੇ ਉਹ ਅਜਿਹਾ ਨਹੀਂ ਕਰਦਾ ਤਾਂ ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ ਉਸ ’ਤੇ ਕੌਮੀ ਮੁਕੱਦਮਾ (ਇਮਪੀਚਮੈਂਟ) ਚਲਾਵੇ। ਜਿਸ ਵੇਲੇ ਉਸ ਦਾ ਕੇਸ ਇਸ ਕਮੇਟੀ ਵਿਚ ਆ ਜਾਵੇ, ਉਹ ਉਸੇ ਵੇਲੇ ਤੋਂ ਸੇਵਾ ਤੋਂ ਫ਼ਾਰਗ ਸਮਝਿਆ ਜਾਵੇ ਤੇ ਉਸ ਦੀ ਥਾਂ ਤਖ਼ਤ ਸਾਹਿਬ ਦਾ ਹੈੱਡ-ਗ੍ਰੰਥੀ ਕਾਇਮ-ਮੁਕਾਮ ਮੁੱਖ ਸੇਵਾਦਾਰ ਬਣ ਜਾਵੇਗਾ।
2. ਜੇ 20 ਮੈਂਬਰ ਕਮੇਟੀ ਇਹ ਗੁਰਮਤਾ ਕਰੇ ਕਿ ਉਹ ਸ਼ਖ਼ਸ ਇਸ ਸੇਵਾ ਦੇ ਕਾਬਿਲ ਨਹੀਂ ਹੈ ਤਾਂ ਉਹ ਇਸ ‘ਗੁਰਮਤੇ’ ਦੇ ਵੇਲੇ ਤੋਂ ਹੀ ਇਸ ਸੇਵਾ ਤੋਂ ਬਰਤਰਫ਼ ਸਮਝਿਆ ਜਾਵੇਗਾ। ਇਸ ਫ਼ੈਸਲੇ ਦੀ ਮਨਜ਼ੂਰੀ ਸਰਬਤ ਖਾਲਸਾ ਤੋਂ ਲਈ ਜਾਵੇਗੀ।

ਮੁੱਖ ਸੇਵਾਦਾਰ ਦੀਆਂ ਜ਼ਿੰਮੇਦਾਰੀਆਂ

1. ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਕੌਮ ਦਾ ‘ਰਸਮੀ’ ਨੁਮਾਇੰਦਾ ਹੈ। ਉਹ ਕੌਮੀ ਇਕੱਠਾਂ, ਦੀਵਾਨਾਂ ਦੀ ਪ੍ਰਧਾਨਗੀ ਕਰੇਗਾ। ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੋਵੇ ਉੱਥੇ ਕੋਈ ਵੀ ਸ਼ਖ਼ਸ ਪ੍ਰਧਾਨਗੀ ਨਹੀਂ ਕਰੇਗਾ।
2. ਮੁਖ ਸੇਵਾਦਾਰ ਸਾਲ ਵਿਚ ਦੋ ਵਾਰ (ਮਾਰਚ ਅਤੇ ਅਕਤੂਬਰ) ਸਰਬਤ ਖਾਲਸਾ ਇਕੱਠ ਬੁਲਾਇਆ ਕਰੇਗਾ। ਇਨ੍ਹਾਂ ਇਕੱਠਾਂ ਵਿਚ ਪੰਥ ਦੇ ਕੌਮੀ ਮਸਲੇ ਵਿਚਾਰੇ ਜਾਣਗੇ ਤੇ ਉਨ੍ਹਾਂ ਦੇ ਹੱਲ ਵਾਸਤੇ ਪ੍ਰੋਗਰਾਮ ਉਲੀਕੇ ਜਾਣਗੇ।

3. ਮੁੱਖ ਸੇਵਾਦਾਰ ਅੰਮ੍ਰਿਤ ਸੰਚਾਰ ਦੀ ਲਹਿਰ ਵਾਸਤੇ ਹਫ਼ਤੇ 'ਚ ਘਟੋ-ਘੱਟ ਇਕ ਦਿਨ ਅਹਿਮ ਹਿੱਸਾ ਅਦਾ ਕਰਿਆ ਕਰੇਗਾ।
4. ਮੁੱਖ ਸੇਵਾਦਾਰ ਹਫ਼ਤੇ 'ਚ ਪੰਜ ਦਿਨ ਅਕਾਲ ਤਖ਼ਤ ਸਾਹਿਬ 'ਤੇ ਰੋਜ਼ਾਨਾ ਘਟੋ-ਘੱਟ ਚਾਰ ਘੰਟੇ ਹਾਜ਼ਿਰ ਰਹਿ ਕੇ ਸਿੱਖਾਂ ਦੇ ਮਸਲੇ ਸੁਣਿਆ ਕਰੇਗਾ ਅਤੇ ਜ਼ਰੂਰੀ ਨੁਕਤੇ ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ ਅੱਗੇ ਰੱਖਿਆ ਕਰੇਗਾ।

ਮੁੱਖ ਸੇਵਾਦਾਰ ਦੇ ਹੱਕ

1. ਜਦੋਂ ਕੋਈ ਸਿੱਖ ਆਗੂ, ਜਮਾਤ ਜਾਂ ਜਥੇਬੰਦੀ ਪੰਥਕ ਮਰਿਆਦਾ ਤੋੜਦੀ ਹੈ ਜਾਂ ਪੰਥਕ ਰਵਾਇਤਾਂ, ਜਮਾਤਾਂ, ਹਸਤੀਆਂ ਫ਼ਲਸਫ਼ੇ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਮੁੱਖ ਸੇਵਾਦਾਰ ਇਸ ਦੇ ਜ਼ਿੰਮੇਦਾਰ ਸ਼ਖ਼ਸ ਨੂੰ ਤਖ਼ਤ ਸਾਹਿਬ 'ਤੇ ਬੁਲਾਵੇਗਾ। ਜੇ ਉਹ ਮਹਿਸੂਸ ਕਰੇ ਕਿ ਉਸ ਸ਼ਖ਼ਸ ਵਲੋਂ ਪੇਸ਼ ਕੀਤੀ ਸਫਾਈ ਤਸੱਲੀ-ਬਖ਼ਸ਼ ਨਹੀਂ ਤਾਂ ਉਹ ਉਸ ਸ਼ਖ਼ਸ ਨੂੰ ਤਨਖਾਹੀਆ ਕਰਾਰ ਦੇ ਕੇ ਉਸ ਦਾ ਕੇਸ 'ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ' ਨੂੰ ਦੇ ਦੇਵੇਗਾ। ਕਮੇਟੀ ਇਸ ਬਾਰੇ ਸਮੁੱਚੀ ਰਾਏ ਨਾਲ ਗੁਰਮਤਾ ਕਰੇਗੀ। ਉਸ ਗੁਰਮਤੇ ਨੂੰ ਮੁੱਖ ਸੇਵਾਦਾਰ ਹੁਕਮਨਾਮੇ ਵਜੋਂ ਜਾਰੀ ਕਰ ਦੇਵੇਗਾ।

ਮੁੱਖ ਸੇਵਾਦਾਰ ਦੇ ਫ਼ਰਜ਼

1. ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਆਪਣੀ ਮਰਜ਼ੀ ਨਾਲ ਕੋਈ ਹੁਕਮਨਾਮੇ ਜਾਰੀ ਨਹੀਂ ਕਰੇਗਾ। ਹੰਗਾਮੀ ਹਾਲਤ (ਐਮਰਜੈਂਸੀ) 'ਚ ਉਹ ਕਿਸੇ ਨੂੰ ਤਨਖ਼ਾਹੀਆ ਕਰਾਰ ਦੇ ਕੇ ਉਸ ਦੇ ਕੰਮ 'ਤੇ ਰੋਕ ਤਾਂ ਲਾ ਸਕੇਗਾ ਪਰ ਇਹ ਕੇਸ ਇਕ ਹਫ਼ਤੇ ਦੇ ਅੰਦਰ-ਅੰਦਰ ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ ਕੋਲ ਵਿਚਾਰ ਲਈ ਪੇਸ਼ ਕਰਨਾ ਪਵੇਗਾ।
2. ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਕਿਸੇ ਨੂੰ ਪੰਥ 'ਚੋਂ ਖ਼ਾਰਿਜ ਨਹੀਂ ਕਰ ਸਕਦਾ। 'ਅਕਾਲ ਤਖ਼ਤ ਸਾਹਿਬ ਸਲਾਹਕਾਰ ਕਮੇਟੀ' ਇਸ ਸਬੰਧੀ ਗੁਰਮਤਾ ਕਰ ਕੇ ਸਰਬਤ ਖਾਲਸਾ ਅੱਗੇ ਪੇਸ਼ ਕਰ ਸਕਦੀ ਹੈ। ਜੇ ਇਸ ਬਾਰੇ ਸਮੁੱਚੇ ਸਰਬਤ ਖਾਲਸਾ 'ਚ ਸਾਂਝੀ ਰਾਏ ਬਣ ਸਕੇ ਤਾਂ ਇਹ ਕਮੇਟੀ ਇਹ ਗੁਰਮਤਾ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਭੇਜ ਦੇਵੇਗੀ ਜਿਸ ਨੂੰ ਉਹ ਹੁਕਮਨਾਮੇ ਵਜੋਂ ਜਾਰੀ ਕਰ ਦੇਵੇਗਾ।
3. ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਬਿਨਾਂ ਲੋੜ ਤੋਂ ਕੋਈ ਬਿਆਨ ਜਾਂ ਇੰਟਰਵਿਊ ਪ੍ਰੈਸ ਨੂੰ ਨਹੀਂ ਦੇਵੇਗਾ।
4. ਇਸ ਅਹੁਦੇ 'ਤੇ ਮਰਦ ਤੇ ਔਰਤ ਦੋਵੇਂ ਲਾਏ ਜਾ ਸਕਦੇ ਹਨ।

ਸਿਖ ਸਿਆਸੀ ਫ਼ਲਸਫ਼ਾ

ਸਿੱਖ ਸਿਆਸੀ ਨਿਜ਼ਾਮ ਦੀ ਫ਼ਿਲਾਸਫ਼ੀ ਵਿਚ ਰੂਹਾਨੀਅਤ ਵੀ ਹੈ, ਡੈਮੋਕਰੇਸੀ ਵੀ ਹੈ ਤੇ ਰਿਪਬਲਿਕਨਿਜ਼ਮ ਵੀ। ਇਹ ਸਾਰੇ ਅਵਾਮ ਦਾ ਸਾਂਝਾ, ਸਾਰੇ ਹਿੱਸਿਆਂ ਦੀ ਬਰਾਬਰਤਾ ਵਾਲਾ, ਰੂਹਾਨੀਅਤ ਭਰਿਆ, ਖ਼ਲਕਤ ਦਾ ਆਪਣਾ ਨਿਜ਼ਾਮ ਹੈ। ਇਸ ਨਿਜ਼ਾਮ ਦੇ ਮੋਟੇ-ਮੋਟੇ ਨੁਕਤੇ 7 ਹਨ, ਜਿਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

(ੳ) ਸੋਮੇ ਤੇ ਅਖ਼ਤਿਆਰ
(ਅ) ਦਰਜਾਬੰਦੀ

ਸੋਮੇ ਤੇ ਅਖ਼ਤਿਆਰ ਵਿਚ ਗੁਰੂ ਗ੍ਰੰਥ ਸਾਹਿਬ, 'ਖਾਲਸਾ' ਤੇ ਗੁਰਮਤਾ ਆਉਂਦੇ ਹਨ ਅਤੇ ਦਰਜਾਬੰਦੀ ਵਿਚ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ, ਪੰਥ ਤੇ ਸੰਗਤ ਸ਼ਾਮਿਲ ਹਨ।

ਗੁਰੂ ਗ੍ਰੰਥ ਸਾਹਿਬ ਸਿੱਖ ਸਿਆਸਤ ਦਾ ਸਭ ਤੋਂ ਵੱਡਾ ਤੇ ਜ਼ਰੂਰੀ ਸੋਮਾ ਵੀ ਹੈ। ਅਖ਼ਤਿਆਰ ਵੀ ਸਭ ਤੋਂ ਵਧ ਇੱਥੇ ਹੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਸਿਆਸਤ ਦਾ ਮੁੱਢਲਾ ਬੋਲ ਵੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ ਮਿਲਦਾ ਹੈ। (ਗੁਰੂ ਗ੍ਰੰਥ ਸਾਹਿਬ, ਸਫ਼ੇ 145, 350, 354, 360, 596, 992, 1288)। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਗੁਰੂ ਸਾਹਿਬਾਨ ਦੀ ਤਵਾਰੀਖ਼ ਤੇ ਉਨ੍ਹਾਂ ਦੇ ਬਚਨਾਂ ਵਿਚ ਵੀ ਸਿੱਖ ਸਿਆਸਤ ਦਾ ਫ਼ਲਸਫ਼ਾ ਸਮਾਇਆ ਹੋਇਆ ਹੈ।

ਸਿੱਖ ਸਿਆਸਤ ਦਾ ਦੂਜਾ ਸੋਮਾ, 'ਖਾਲਸਾ' ਹੈ। ਕੁਝ ਲੇਖਕਾਂ ਨੇ ਇਸ ਦਾ ਮਤਲਬ 'ਖ਼ਾਲਸ' ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਕਈ ਭੋਲੇ ਸਿੱਖ ਇਸ ਮਾਅਨੇ ਦੇ ਪਿੱਛੇ ਹੋ ਤੁਰੇ, ਜਦ ਕਿ ਇਸ ਦਾ ਅਸਲ ਮਾਅਨਾ ਹੈ 'ਖ਼ੁਦਮੁਖਤਿਆਰ'। ਖਾਲਸਾਂ ਫ਼ਾਰਸੀ ਤੋਂ ਪੰਜਾਬੀ 'ਚ ਆਇਆ ਹੈ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਸਿਆਸੀ ਨਿਜ਼ਾਮ ਵਿਚ ਕਈ ਜ਼ਮੀਨਾਂ ਅਜਿਹੀਆਂ ਵੀ ਹੁੰਦੀਆਂ ਸਨ, ਜੋ ਸਿੱਧੀਆਂ ਬਾਦਸ਼ਾਹ ਦੇ ਇੰਤਜ਼ਾਮ ਹੇਠ ਹੁੰਦੀਆਂ ਸਨ। ਉਸ ਵਿਚਕਾਰ ਸੂਬੇਦਾਰ, ਜਗੀਰਦਾਰ, ਚੌਧਰੀ, ਰਜਵਾੜੇ ਨਹੀਂ ਸੀ ਹੁੰਦੇ। ਬਾਦਸ਼ਾਹ ਹੇਠ ਸਿੱਧੀ ਜ਼ਮੀਨ ਨੂੰ 'ਖਾਲਸਾ' ਕਿਹਾ ਜਾਂਦਾ ਸੀ। ਯਾਨੀ ਉਹ ਜ਼ਮੀਨ ਜਿਸ ਉੱਤੇ ਕੋਈ ਹੱਕ ਨਹੀਂ ਰੱਖਦਾ ਤੇ ਸਿੱਧੀ ਹੀ ਬਾਦਸ਼ਾਹ ਦੀ ਆਪਣੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਖਾਲਸਾ ਜ਼ਾਹਿਰ (ਪ੍ਰਗਟ) ਕੀਤਾ ਸੀ, ਤਾਂ ਉਨ੍ਹਾਂ ਇਸ ਨੂੰ 'ਵਾਹਿਗੁਰੂ ਦਾ ਸਿੱਧਾ ਹਿੱਸਾ' ਬਣਾਇਆ ਸੀ :—'ਖਾਲਸਾ ਵਾਹਿਗੁਰੂ ਜੀ ਦਾ', 'ਖਾਲਸਾ ਅਕਾਲ ਪੁਰਖ ਕੀ ਫ਼ੌਜ, ਪਰਗਟਿਓ ਖਾਲਸਾ ਪਰਮਾਤਮ ਕੀ ਮੌਜ।' ਯਾਨੀ ਖਾਲਸਾ ਸਿੱਧਾ ਅਕਾਲ ਪੁਰਖ ਨਾਲ ਜੁੜਿਆ ਹੈ ਤੇ ਇਸ ਵਿਚਕਾਰ ਵਿਚੋਲਾ ਕੋਈ ਨਹੀਂ। ਅਕਾਲ ਪੁਰਖ ਦੀ ਚੀਜ਼ ਯਕੀਨਨ ਖ਼ੁਦਮੁਖ਼ਤਿਆਰ ਹੀ ਹੋਵੇਗੀ। 'ਖਾਲਸਾ' ਨੂੰ 'ਖ਼ਾਲਸ' ਵਿਚ ਬਦਲਣ ਪਿੱਛੇ ਜੋ ਸਾਜ਼ਿਸ਼ ਘੜੀ ਸੀ, ਉਸ ਦਾ ਮਕਸਦ ਸਿੱਖਾਂ ਦੇ ਜ਼ਿਹਨ (ਤੇ ਫ਼ਿਲਾਸਫ਼ੀ ਵਿਚੋਂ) 'ਖ਼ੁਦਮੁਖ਼ਤਿਆਰੀ' ਕੱਢਣਾ ਸੀ। ਇੰਞ ਹੀ ਕੁਝ ਲੋਕਾਂ ਨੇ ਖਾਲਿਸਤਾਨ ਦਾ ਤਰਜਮਾ ਅੰਗਰੇਜ਼ੀ ਵਿਚ Land or Country of the Pure ਕਰਨ ਦੀ ਕੋਸ਼ਿਸ਼ ਵੀ ਕੀਤੀ।

ਖਾਲਿਸਤਾਨ ਦਾ ਸਹੀ ਤਰਜਮਾ : 'Land of the sovereign' ਹੈ। ਖਾਲਸਾ ਖ਼ਾਲਸ ਤਾਂ ਆਪੇ ਹੀ ਹੋਵੇਗਾ, ਕਿਉਂਕਿ ਖਾਲਸਾ ਵਿਚ ਰੂਹਾਨੀਅਤ ਦਾ ਸਿਖਰ ਬਹੁਤ ਅਹਿਮੀਅਤ ਰਖਦਾ ਹੈ, ਪਰ ਖ਼ੁਦਮੁਖ਼ਤਿਆਰੀ 'ਖ਼ਾਲਸ' ਵਿਚ ਨਹੀਂ, ਬਲਕਿ 'ਖਾਲਸਾ' ਵਿਚ ਹੈ। ਸਿਰਫ਼ ਸਿੱਖ ਨਿਜ਼ਾਮ ਹੀ ਹਰ ਇਕ ਨੂੰ 'ਖ਼ੁਦਮੁਖ਼ਤਿਆਰੀ' ਦੇਂਦਾ ਹੈ।

ਸਿੱਖ ਸਿਆਸਤ ਦਾ ਤੀਜਾ ਸੋਮਾ 'ਗੁਰਮਤਾ' ਹੈ। ਸਿੱਖੀ ਵਿਚ ਅਵਾਮ ਦੀ ਹਕੂਮਤ ਜਾਂ ਡੈਮੋਕਰੇਸੀ ਜਾਅਲੀ ਨਹੀਂ ਹੈ। ਇਹ ਅਕਸਰੀਅਤ ਦੀ ਹਕੂਮਤ ਨਹੀਂ ਹੈ। ਇਹ ਕਿਸੇ ਜੁੰਡਲੀ, ਗੈਂਗ, ਸਿੰਡੀਕੇਟ, ਧੜੇ ਦੀ ਧੱਕੇਸ਼ਾਹੀ ਨਹੀਂ ਹੈ। ਇਹ ਕਿਸੇ ਇਕ ਹਿੱਸੇ ਦੀ ਬੇਹਤਰੀ ਵਾਸਤੇ, ਦੂਜੇ ਨਾਲ ਜ਼ਿਆਦਤੀ ਕਰਨ ਵਾਲੀ ਚਾਲਬਾਜ਼ੀ ਨਹੀਂ ਹੈ। ਇਹ ਸਭ ਦੀ ਸਾਂਝੀ ਹਕੂਮਤ ਹੈ। ਇਹ ਇਸੇ ਕਰ ਕੇ ਮੁਮਕਿਨ ਹੋ ਸਕਦੀ ਹੈ ਕਿ ਸਭ ਨੂੰ ਮਨਜ਼ੂਰ ਹੋਣ ਵਾਲੇ, ਗੁਰਮਤੇ ਦੇ ਤਰੀਕੇ ਨਾਲ ਹੀ, ਸਾਰੇ ਫ਼ੈਸਲੇ ਲਏ ਜਾਣ। ਇਹ ਸਾਂਝੇ ਫ਼ੈਸਲੇ, ਸਾਂਝੀ ਸੋਚ, ਸਾਂਝਾ ਨਿਜ਼ਾਮ ਹੀ ਸਹੀ ਮਾਅਨਿਆਂ ਵਿਚ ਜਮਹੂਰੀਅਤ (ਡੈਮੋਕਰੇਸੀ) ਹੈ। ਤਵਾਰੀਖ਼ ਦੱਸਦੀ ਹੈ ਕਿ ਜਦੋਂ ਵੀ ਸਿੱਖਾਂ ਨੇ ਗੁਰੂ ਦੇ ਦੱਸੇ ਤਰੀਕੇ ਨਾਲ ਗੁਰਮਤਾ ਕੀਤਾ ਹੈ, ਤਾਂ ਉਸ ਨੂੰ ਸਾਰੇ ਪੰਥ ਨੇ ਮਨਜ਼ੂਰ ਕੀਤਾ ਹੈ ਤੇ ਵਾਹਿਗੁਰੂ ਨੇ ਉਸ ਗੁਰਮਤੇ ਦੀ ਕਾਮਯਾਬੀ ਵੀ ਪੰਥ ਨੂੰ ਬਖ਼ਸ਼ੀ ਹੈ।

ਬਰਾਬਰਤਾ ਸਿੱਖ ਗੁਰਮਤੇ ਦਾ ਮਰਕਜ਼ ਹੈ। ਜਿਵੇਂ 'ਲੰਗਰ' ਸਿੱਖੀ ਵਿਚ ਇਸ ਬਰਾਬਰਤਾ ਦੀ ਪਹਿਲੀ ਕੜੀ ਹੈ। ਪੰਗਤ 'ਚ ਜ਼ਾਤ, ਇਲਾਕਾ, ਦਰਜਾ, ਉਮਰ, ਲਿੰਗ, ਅਹੁਦਾ ਸਭ ਕੁਝ ਛੱਡ ਕੇ ਬੈਠਣਾ ਹੁੰਦਾ ਹੈ। ਉਵੇਂ ਹੀ ਸਿੱਖ ਪੰਥ ਦੇ ਸਿਆਸੀ ਨਿਜ਼ਾਮ ਵਿਚ ਬਰਾਬਰਤਾ ਦਾ ਇਹ ਅਸੂਲ ਮੁੱਢਲੀ ਗੱਲ ਹੈ।

ਇੰਤਜ਼ਾਮੀਆ ਪੱਖੋਂ ਸਿੱਖ ਸਿਆਸੀ ਨਿਜ਼ਾਮ, ਸਹੀ ਮਾਅਨਿਆਂ ਵਿਚ, ਅਵਾਮੀ ਖ਼ੁਸ਼ਹਾਲੀ ਦਾ ਨਿਜ਼ਾਮ ਹੈ। ਇਸ ਨਿਜ਼ਾਮ 'ਚ ਕੋਈ ਬੰਦਾ ਲਾਵਾਰਿਸ ਨਹੀਂ ਛੱਡਿਆ ਜਾ ਸਕਦਾ। ਹਰ ਇਕ ਦੀ ਲੋੜ ਪੂਰੀ ਕਰਨ ਵਿਚ ਹਿੱਸਾ ਪਾਉਣਾ ਤਾਂ ਸਿੱਖੀ ਅਸੂਲਾਂ ਵਿਚ ਮੁੱਢਲਾ ਫ਼ਰਜ਼ ਹੈ। ਸਿੱਖੀ ਦਾ ਮੁੱਢਲਾ ਅਸੂਲ ਹੈ : 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ'। ਇਸ ਵਿਚ ਵੀ 'ਵੰਡ ਛਕਣਾ', ਨਾਮ ਜਪਣ ਤੋਂ ਪਹਿਲਾਂ ਆਉਂਦਾ ਹੈ। 'ਵੰਡ ਛਕਣਾ' ਸਿੱਖ ਦਾ ਮਜ਼ਹਬੀ ਤੇ ਕੌਮੀ ਫ਼ਰਜ਼ ਹੈ। ਦਸਵੰਧ ਕੱਢਣਾ, ਸਿੱਖੀ ਦਾ ਸਭ ਤੋਂ ਵੱਧ ਕੀਮਤੀ ਅਸੂਲ ਹੈ। ਜੋ ਸਿੱਖ ਆਪਣੀ ਕਮਾਈ ਵਿਚੋਂ 'ਦਸਵੰਧ' (ਇਹ ਜ਼ਰੂਰੀ ਨਹੀਂ ਕਿ ਬਿਲਕੁਲ 10 ਫ਼ੀ ਸਦੀ) ਕੱਢ ਕੇ ਧਰਮ ਵਾਸਤੇ ਜਾਂ ਲੋੜਵੰਦਾਂ ਵਾਸਤੇ ਖ਼ਰਚ ਨਹੀਂ ਕਰਦਾ, ਉਹ ਵਾਹਿਗੁਰੂ ਦਾ 'ਕਰਜ਼ਦਾਰ' ਹੈ। ਸਿੱਖੀ ਵਿਚ ਦਸਵੰਧ ਕੱਢਣਾ ਤਾਂ 'ਕਰਜ਼ਾ ਲਾਹੁਣਾ' ਹੈ ਨਾ ਕਿਸ ਕਿਸੇ 'ਤੇ ਅਹਿਸਾਨ ਕਰਨਾ। ਕਮਿਊਨਿਸਟ ਨਿਜ਼ਾਮ ਵਿਚ ਧੱਕੇ ਨਾਲ ਸਾਰਾ ਕੁਝ ਸਰਕਾਰੀ ਕਰ ਲੈਣਾ ਜਾਂ ਦੂਜੇ ਨਿਜ਼ਾਮਾਂ ਵਿਚ ਜਬਰੀ ਟੈਕਸ ਜਾ ਜਜ਼ੀਆ ਵਸੂਲ ਕਰਨਾ, ਗ਼ੈਰ-ਇਨਸਾਨੀ ਜਾਂ ਗ਼ੈਰ-ਕੁਦਰਤੀ ਜਾਂ ਇਹੋ ਜਿਹਾ ਕੁਝ ਹੋਰ ਭਾਵੇਂ ਆਖਿਆ ਜਾ ਸਕਦਾ ਹੈ। (ਉਂਞ ਕਮਿਊਨਿਸਟ ਤਰੀਕਾ, ਰੂਸੀ ਇਜਾਰੇਦਾਰੀ ਵਿਚ ਫੇਲ੍ਹ ਵੀ ਹੋ ਚੁੱਕਾ ਹੈ)। ਪਰ 'ਦਸਵੰਧ' ਦਾ ਸਿੱਖ ਅਸੂਲ (ਯਹੂਦੀਆਂ ਵਿਚ ਵੀ ਇਹੋ ਜਿਹੀ ਹੀ ਇਕ ਪਿਰਤ ਹੈ) ਜਬਰੀ ਨਹੀਂ ਬਲਕਿ ਖ਼ੁਦ ਮਨਜ਼ੂਰ ਕੀਤਾ ਹੋਇਆ ਇਨਸਾਨੀ ਫ਼ਰਜ਼ ਹੈ। ਇਹ ਹਨ ਸਿੱਖ ਸਿਆਸੀ ਨਿਜ਼ਾਮ ਦੇ ਵੱਡੇ ਨੁਕਤੇ, ਜਿਨ੍ਹਾਂ 'ਤੇ ਸਿੱਖ ਸਿਆਸੀ ਨਿਜ਼ਾਮ ਦੀ ਨੀਂਹ ਰੱਖੀ ਹੋਈ ਹੈ।

ਸਿੱਖ ਸਿਆਸੀ ਨਿਜ਼ਾਮ ਦੀ ਦਰਜਾਬੰਦੀ ਕੀ ਹੈ ? ਇਸ ਬਾਰੇ ਵੀ ਕਈ ਉਲਝਣਾਂ ਖੜ੍ਹੀਆਂ ਕੀਤੀਆਂ ਗਈਆਂ ਹਨ। ਖ਼ਾਸ ਕਰ ਕੇ ਅਕਾਲ ਤਖ਼ਤ ਸਾਹਿਬ ਬਾਰੇ ਅਜੀਬੋ-ਗਰੀਬ ਬਿਆਨ ਤੇ ਫ਼ਿਕਰੇ ਪੜ੍ਹਨ ਨੂੰ ਮਿਲਦੇ ਰਹੇ ਹਨ। ਸਿੱਖ ਸਿਆਸੀ ਨਿਜ਼ਾਮ ਦੀ ਦਰਜਾਬੰਦੀ ਵਿਚ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸਾ ਦੇ ਨੁਕਤੇ ਵਧੇਰੇ ਤਨਕੀਹ ਮੰਗਦੇ ਹਨ।

ਅਕਾਲ ਤਖ਼ਤ ਸਾਹਿਬ

ਸਿੱਖ ਸਿਆਸੀ ਨਿਜ਼ਾਮ ਵਿਚ ਦਰਜਾਬੰਦੀ ਦੇ ਲਿਹਾਜ਼ ਨਾਲ ਅਕਾਲ ਤਖ਼ਤ ਸਾਹਿਬ ਸਭ ਤੋਂ ਪਹਿਲੋਂ ਆਉਂਦਾ ਹੈ ਅਤੇ ਸਭ ਤੋਂ ਵੱਡੀ ਹੈਸੀਅਤ ਰੱਖਦਾ ਹੈ। ਇਸ ਤਖ਼ਤ ਦਾ 'ਸਰਬਰਾਹ' (ਜਿਸ ਨੂੰ 1920 ਤੋਂ ਗ਼ਲਤੀ ਨਾਲ ਜਥੇਦਾਰ ਆਖਣਾ ਸ਼ੁਰੂ ਕੀਤਾ ਹੋਇਆ ਹੈ), ਕਿਉਂਕਿ ਦਰਜਾਬੰਦੀ ਵਿਚ ਸਭ ਤੋਂ ਉਤੇ ਹੈ, ਇਸ ਕਰ ਕੇ ਸਭ ਤੋਂ ਵੱਧ ਇੱਜ਼ਤਦਾਰ ਸ਼ਖ਼ਸੀਅਤ ਹੁੰਦਾ ਹੈ। ਇਸ ਤਖ਼ਤ ਦਾ ਸਰਬਰਾਹ, ਡਿਕਟੇਟਰ ਨਹੀਂ ਹੁੰਦਾ। ਉਹ ਆਪਣੀ ਮਰਜ਼ੀ ਨਾਲ ਹੁਕਮਨਾਮੇ ਜਾਂ ਫ਼ਤਵੇ ਜਾਰੀ ਨਹੀਂ ਕਰ ਸਕਦਾ। ਦਰਅਸਲ ਉਸ ਦਾ ਅਹੁਦਾ 'ਸਪੀਕਰ' ਵਾਲਾ ਹੈ। ਉਸ ਰਾਹੀਂ ਜਾਰੀ ਕੀਤੇ ਗਏ 'ਹੁਕਮਨਾਮੇ' ਦਰ-ਹਕੀਕਤ 'ਸਰਬਤ ਖਾਲਸਾ' ਦੇ ਗੁਰਮਤੇ ਹੁੰਦੇ ਹਨ।

ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਜ਼ਿੱਲੇ-ਇਲਾਹੀ ਨਹੀਂ ਹੈ। ਮੁਗ਼ਲੀਆ ਸਲਤਨਤ ਵੇਲੇ ਬਾਦਸ਼ਾਹ ਨੂੰ ਜ਼ਿਲੇ-ਇਲਾਹੀ (ਰੱਬ ਦਾ ਜ਼ਮੀਨ 'ਤੇ ਪਰਛਾਵਾਂ) ਆਖਿਆ ਜਾਂਦਾ ਸੀ ਤੇ ਉਸ ਦੇ ਫ਼ੁਰਮਾਨ ਇਲਾਹੀ ਫ਼ੁਰਮਾਨ ਮੰਨੇ ਜਾਂਦੇ ਸਨ। ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਯਕੀਨਨ ਰੱਬੀ ਤਾਕਤ ਦਾ ਸਰਬਰਾਹ ਹੈ ਤੇ ਨੁਮਾਇੰਦਾ ਜਿਹਾ ਹੈ। ਪਰ ਉਹ ਰੱਬ ਦਾ ਪਰਛਾਵਾਂ ਨਹੀਂ ਹੈ, ਸਿਰਫ਼ ਇੰਤਜ਼ਾਮੀਆ ਹੈ, ਸਪੀਕਰ ਹੈ, ਸਪੋਕਸਮੈਨ (ਬੁਲਾਰਾ) ਹੈ। ਹਿੰਦੂ ਫ਼ਿਲਾਸਫ਼ੀ ਵਿਚ ਮੁਲਕ ਦੇ ਸਿਆਸੀ ਨਿਜ਼ਾਮ ਵਿਚ ਸਭ ਤੋਂ ਉੱਚਾ ਦਰਜਾ ਰਾਜੇ ਦਾ ਹੈ, ਉਹ 'ਮਹਾਰਾਜਾ ਅਧਿਰਾਜ' ਹੈ। ਉਹ ਰੱਬ ਦਾ ਅਵਤਾਰ ਹੈ। (ਭਗਵਤ ਗੀਤਾ, ਚੈਪਟਰ 4, ਹਿੱਸਾ 8 ਅਤੇ ਮਨੂੰ ਸੰਮ੍ਰਿਤੀ, ਚੈਪਟਰ 7 ਹਿੱਸਾ 3)। ਪਰ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਇਹ ਕੁਝ ਨਹੀਂ ਹੈ। ਹਾਂ, ਜੇ ਕਰ ਕੋਈ ਨੇੜੇ ਦਾ ਬਦਲ ਵੇਖਣਾ ਹੋਵੇ ਤਾਂ ਇਸ ਅਹੁਦੇ ਦੀ ਹੈਸੀਅਤ ਨੂੰ ਅਸੀਂ ਬਰਤਾਨਵੀ ਪਿਰਤ ਦੀ 'ਆਈਨੀ ਮੁਖੀ' (Constitutional Monarch) ਜਾਂ ਅਮਰੀਕਾ ਵਿਚ 'ਬਰਾਬਰਤਾ ਦੀ ਅਵਾਮੀ ਹਕੂਮਤ' (Republican Democracy) ਦੇ ਨੇੜੇ-ਤੇੜੇ ਜੋੜਨ ਦੀ ਕੋਸ਼ਿਸ਼ ਕਰ ਸਕਦੇ ਹਾਂ। ਸਿੱਖ ਸਿਆਸੀ ਨਿਜ਼ਾਮ ਤੇ ਬਰਤਾਨਵੀ ਜਾਂ ਅਮਰੀਕਨ ਨਿਜ਼ਾਮ 'ਚ ਸੌ ਫ਼ੀ ਸਦੀ ਸਾਂਝ ਤਾਂ ਨਹੀਂ ਬਣਦੀ ਅਤੇ ਨਾ ਹੀ ਇਹੋ ਜਿਹਾ ਮੇਲ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ, ਫਿਰ ਵੀ, ਕਈ ਕੁਝ 'ਤਕਰੀਬਨ ਇਕੋ ਜਿਹਾ' ਮਿਲ ਜਾਵੇਗਾ। ਇੰਞ ਵੀ ਮਜ਼ਹਬੀ ਨੁਕਤੇ ਤੋਂ ਵੀ ਅਕਾਲ ਤਖ਼ਤ ਸਾਹਿਬ ਤੇ ਸਰਬਰਾਹ ਦਾ ਮੁਕਾਬਲਾ ਰੋਮਨ ਕੈਥੋਲਿਕ ਪੋਪ ਨਾਲ ਨਹੀਂ ਕੀਤਾ ਜਾ ਸਕਦਾ, ਕਿਉਂਕਿ ਪੋਪ ਕਈ ਮਸਲਿਆਂ ਵਿਚ ਡਿਕਟੇਟਰ ਵਾਲੀ ਤਾਕਤ ਵੀ ਰੱਖਦਾ ਹੈ। ਪਰ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਕਦੇ ਵੀ ਡਿਕਟੇਟਰ ਵਾਂਗ ਫ਼ਤਵਾ ਜਾਰੀ ਨਹੀਂ ਕਰ ਸਕਦਾ।

ਉਹ ਤਾਂ ਤਖ਼ਤ ਸਾਹਿਬ ਦਾ ਸਰਬਰਾਹ ਹੈ; ਉਹ ਸਰਬਤ ਖਾਲਸਾ ਦਾ ਬੁਲਾਰਾ (ਸਪੋਕਸਮੈਨ) ਹੈ।

ਡਿਕਟੇਟਰਸ਼ਿਪ ਜਾਂ ਮਹਾਰਾਜਾ ਦਾ ਲਫ਼ਜ਼ ਹੀ ਅ-ਸਿੱਖ ਲਫ਼ਜ਼ ਹਨ। ਸਿੱਖੀ ਵਿਚ ਇਹ ਲਫ਼ਜ਼ ਹੀ 'ਬਦੇਸ਼ੀ' ਹੈ। ਕੁਝ ਲੇਖਕ ਆਖਦੇ ਹਨ ਕਿ ਗੁਰੂ ਨਾਨਕ ਸਾਹਿਬ 'ਮਹਾਰਾਜਾ' ਸਿਸਟਮ ਦੇ ਮੁਖ਼ਾਲਿਫ਼ ਨਹੀਂ ਸਨ। ਇਹ ਲੇਖਕ ਗੁਰੂ ਨਾਨਕ ਸਾਹਿਬ ਦੀਆਂ ਇਹ ਤੁਕਾਂ ਫੜ ਲੈਂਦੇ ਹਨ:

ਤਖਤਿ ਤਹੈ ਤਖਤੈ ਕੀ ਲਾਇਕ॥ *(ਸਫ਼ਾ 1039)*

ਅਤੇ

ਕਿਆ ਸੁਲਤਾਨੁ ਸਲਾਮ ਵਿਹੂਣਾ॥ *(ਸਫ਼ਾ 354)*

ਇਹ ਲੇਖਕ ਆਖਦੇ ਹਨ ਕਿ ਗੁਰੂ ਸਾਹਿਬ 'ਤਖ਼ਤ ਬੈਠਾ ਬਾਦਸ਼ਾਹ', ਜਾਂ 'ਸੁਲਤਾਨ' ਦੇ ਮੁਖ਼ਾਲਿਫ਼ ਹੁੰਦੇ ਤਾਂ ਅਵਾਮੀ-ਹਕੂਮਤ ਦੇ ਹੱਕ ਵਿਚ ਆਖਦੇ ਤੇ ਸੁਲਤਾਨ ਨੂੰ 'ਚੰਗਾ' ਹੋਣ ਦੀ ਸ਼ਰਤ ਲਾ ਕੇ ਮਨਜ਼ੂਰ ਨਾ ਕਰਦੇ। ਇਹ ਆਖਣ ਵਾਲੇ ਇਨ੍ਹਾਂ ਤੁਕਾਂ ਦਾ ਲਫ਼ਜ਼ੀ ਤਰਜਮਾ ਕਰਦੇ ਹਨ। ਗੁਰੂ ਨਾਨਕ ਸਾਹਿਬ 'ਤਖ਼ਤ ਬੈਠਾ' ਜਾਂ 'ਸੁਲਤਾਨ' ਕਿਸੇ ਮਹਾਰਾਜੇ ਵਾਸਤੇ ਨਹੀਂ ਵਰਤ ਰਹੇ, ਉਹ ਤਾਂ ਇਹ ਲਫ਼ਜ਼ ਹਰ ਇਕ ਉਸ ਸ਼ਖ਼ਸ ਵਾਸਤੇ ਵਰਤ ਰਹੇ ਹਨ ਜੋ ਇੰਤਜ਼ਾਮੀਆ ਹੈ। ਹਰ ਉਹ ਸ਼ਖ਼ਸ, ਜੋ ਨਿਜ਼ਾਮ ਦਾ ਹਿੱਸਾ ਹੈ, ਉਸ ਨੂੰ ਲਾਇਕ ਹੋਣਾ ਚਾਹੀਦਾ ਹੈ। ਕੁਝ ਭੋਲੇ ਲੇਖਕਾਂ ਨੇ ਇਹ ਵੀ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਸਿੱਖੀ ਅਸੂਲਾਂ ਦੀ ਮੰਜ਼ਿਲ ਦਾ ਸਿਖ਼ਰ ਸੀ। ਇਸ ਗੱਲ ਦੇ ਪਿੱਛੇ ਇਹ ਸ਼ਰਾਰਤ ਸੀ ਕਿ ਕਿਹਾ ਜਾਵੇ ਕਿ ਹੁਣ ਉਹ ਮੰਜ਼ਿਲ ਤੈਅ ਹੋ ਕੇ ਫੇਲ੍ਹ ਹੋ ਚੁੱਕੀ ਹੈ ਤੇ ਸਿੱਖੀ ਸਿਆਸੀ ਨਿਜ਼ਾਮ ਅਮਲੀ ਚੀਜ਼ ਨਹੀਂ ਹੈ। ਦਰ-ਹਕੀਕਤ ਰਣਜੀਤ ਸਿੰਘ ਦਾ ਨਿਜ਼ਾਮ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਵਲੋਂ ਪੇਸ਼ ਕੀਤੇ ਮਾਡਲ ਅਤੇ ਗੁਰੂ ਸਾਹਿਬ ਦੀਆਂ ਸਾਫ਼ ਹਿਦਾਇਤਾਂ ਦੇ ਬਿਲਕੁਲ ਉਲਟ ਸੀ। ਸਿਰਦਾਰ ਕਪੂਰ ਸਿੰਘ ਇਹ ਵੀ ਆਖਦੇ ਹਨ ਕਿ "ਇਹ ਨਿਜ਼ਾਮ ਸਿੱਖ ਸਿਆਸਤ ਦੇ ਅਸੂਲਾਂ 'ਤੇ ਬਣੇ ਹੋਣ ਦੀ ਬਜਾਏ ਇਕ ਤਕੜੀ ਸ਼ਖ਼ਸੀਅਤ ਮਹਾਰਾਜਾ ਰਣਜੀਤ ਸਿੰਘ ਦੀਆਂ ਖ਼ਾਹਿਸ਼ਾਂ ਸਨ ਜਿਨ੍ਹਾਂ ਨੂੰ ਲਾਗੂ ਕਰ ਕੇ ਉਸ ਨੇ ਕੌਮ ਨੂੰ ਉਸ ਦੀਆਂ ਖ਼ਾਹਿਸ਼ਾਂ ਦੇ ਉਲਟ ਕੋਰੇ ਹਿੰਦੂਵਾਦ ਵੱਲ ਧੱਕ ਦਿੱਤਾ।"[18] ਕਈ ਸਿੱਖ ਵਰਕਰ, ਆਗੂ, ਪ੍ਰਚਾਰਕ ਤੇ ਲੇਖਕ ਇਸ ਗੱਲ ਨੂੰ ਸਮਝ ਨਹੀਂ ਸਕੇ ਤੇ ਇਸ ਅਸਰ ਦਾ ਸ਼ਿਕਾਰ ਹੋ ਕੇ 'ਡਿਕਟੇਟਰ', ਜ਼ਿੱਲੇ-ਇਲਾਹੀ, 'ਮਹਾਰਾਜਾ' ਨੂੰ ਸਿੱਖੀ ਤਰੀਕੇ ਤੋਂ ਵੱਖਰਿਆ ਨਹੀਂ ਕਰ ਸਕੇ। ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਦੀ 'ਤਾਜਪੋਸ਼ੀ' (ਇਹ 1984 ਤੋਂ ਮਗਰੋਂ ਦੇ ਖਾੜਕੂ ਦੇ ਦੌਰ ਦੀ ਲੱਫ਼ਾਜ਼ੀ ਹੈ), ਵਾਹਿਦ ਤਾਕਤ ਤੇ ਹਊਆ ਬਣਾ ਕੇ ਪੇਸ਼ ਕਰਨ ਵਾਲੇ ਜਾਂ ਤਾਂ ਸਿੱਖ ਫ਼ਿਲਾਸਫ਼ੀ ਤੋਂ ਨਾਵਾਕਿਫ਼ ਸਨ/ਹਨ ਅਤੇ ਜਾਂ ਫਿਰ ਕਿਸੇ ਸ਼ਰਾਰਤ, ਲਾਲਚ, ਖ਼ੁਦਗਰਜ਼ੀ ਦੀ ਵਜ੍ਹਾ ਕਰ ਕੇ ਅਜਿਹਾ ਕਰਦੇ ਰਹੇ ਹਨ।

---

18. Sirdar Kapur Singh, *Prasarprasna,* (1989 Edition), pp. 238-39, 244.

ਸਰਬਤ ਖਾਲਸਾ

ਸਿੱਖ ਸਿਆਸੀ ਨਿਜ਼ਾਮ ਦਾ ਦੂਜਾ ਵੱਡਾ ਥੰਮ੍ਹ 'ਸਰਬਤ ਖਾਲਸਾ' ਹੈ। ਸਰਬਤ ਖਾਲਸਾ ਦੇ ਪਿਛੋਕੜ ਵਿਚ ਸਭ ਹਿੱਸਿਆਂ ਦੀ ਬਰਾਬਰਤਾ (Federal Republicansim) ਹੈ। ਜਿਵੇਂ ਅਮਰੀਕਾ ਵਿਚ ਹਰ ਸਟੇਟ ਨੂੰ ਪ੍ਰੈਜ਼ੀਡੈਂਟ (ਸਦਰ) ਦੀ ਚੋਣ ਵਿਚ ਪੂਰਾ ਯੂਨਿਟ ਮੰਨਿਆ ਜਾਂਦਾ ਹੈ, ਉਵੇਂ ਹੀ ਸਿੱਖ ਕੌਮ ਵਿਚ ਹਰ ਹਿੱਸੇ ਨੂੰ, ਹਰ ਮਿਸਲ ਨੂੰ, ਜਥੇ ਨੂੰ ਬਰਾਬਰਤਾ ਵਾਲੇ ਹਕੂਕ ਹਾਸਿਲ ਹਨ। ਹਰ ਹਿੱਸਾ ਆਪਣੀ ਤਾਦਾਦ ਮੁਤਾਬਿਕ ਅਲੱਗ ਅਤੇ ਆਪਣੀ ਯੂਨਿਟ ਮੁਤਾਬਿਕ ਅਲੱਗ ਤੌਰ 'ਤੇ ਕਾਇਮ ਹੈ। ਪਰ ਕੌਮੀ ਸਵਾਲ ਤੇ ਉਹ ਸਭ ਬਰਾਬਰ ਹਨ।

ਸਰਬਤ ਖਾਲਸਾ ਸਿੱਖ ਪੰਥ ਦੀ ਪਾਰਲੀਮੈਂਟ ਹੈ। ਇਸ ਵਿਚ ਸਿੱਖ ਕਾਮਨਵੈਲਥ ਦੇ ਹਰ ਹਿੱਸੇ ਦੀ ਨੁਮਾਇੰਦਗੀ ਹੁੰਦੀ ਹੈ। ਇਹ ਇਕ ਜਲਸਾ ਨਹੀਂ, ਜਿਸ ਵਿਚ ਦਸ-ਵੀਹ ਹਜ਼ਾਰ ਜਾਂ ਲੱਖ-ਦੋ-ਲੱਖ ਜਾਂ ਪੰਜਾਹ ਲੱਖ ਸਿੱਖ ਇਕੱਠੇ ਹੋਣ, ਬਲਕਿ ਇਹ ਤਾਂ ਇਕ ਨੁਮਾਇੰਦਾ ਇਕੱਠ ਹੈ, ਜਿਸ ਵਿਚ ਸਿੱਖ ਪੰਥ ਦੇ ਹਰ ਅਹਿਮ ਹਿੱਸੇ, ਜਥੇ, ਮਿਸਲ ਦੇ ਨੁਮਾਇੰਦੇ ਸ਼ਾਮਿਲ ਹੋਣ। ਸਰਬਤ ਖਾਲਸਾ ਦੇ ਇਕੱਠ ਵਿਚ ਸ਼ਾਮਿਲ ਹੋਣ ਵਾਲਾ ਹਰ ਇਕ ਹਾਜ਼ਰੀਨ ਬਰਾਬਰ ਦਾ ਦਰਜਾ ਰੱਖਦਾ ਹੈ ਤੇ ਆਪਣਾ ਧੜਾ, ਜਥਾ, ਬਰਾਦਰੀ, ਇਲਾਕਾ ਆਪਣੇ ਨਾਲ ਇਕੱਠ ਤੋਂ ਬਾਹਰ ਹੀ ਛੱਡ ਆਉਂਦਾ ਹੈ। ਸਰਬਤ ਖਾਲਸਾ ਇਕੱਠ ਵਿਚ ਸ਼ਾਮਿਲ ਹੋਣ ਵਾਲਾ ਸਿਰਫ਼ ਤੇ ਸਿਰਫ਼ ਪੰਥ ਦਾ ਖ਼ਿਦਮਤਗਾਰ ਬਣ ਕੇ ਹੀ ਆਉਂਦਾ ਹੈ। ਉਸ ਦਾ ਇਕੋ-ਇਕ ਮਕਸਦ 'ਪੰਥ ਦੀ ਬੇਹਤਰੀ' ਹੀ ਹੁੰਦਾ ਹੈ।

ਸਰਬਤ ਖਾਲਸਾ, ਕੌਮ ਦੀ ਸਾਂਝੀ ਲੀਡਰਸ਼ਿਪ, ਸਾਂਝੀ ਜ਼ਿੰਮੇਵਾਰੀ ਤੇ ਸਾਂਝੀ ਜਵਾਬਦੇਹੀ ਹੈ। ਜਦੋਂ ਵੀ ਇਸ ਦਾ ਕੋਈ ਹਿੱਸਾ ਕੌਮੀ ਮੁਫ਼ਾਦ ਤੋਂ ਉਲਟ ਕੋਈ ਕਾਰਵਾਈ ਕਰਦਾ ਹੈ ਤਾਂ ਉਹ ਪੰਥ ਸਰਬਤ ਖਾਲਸਾ ਦਾ ਗੁਨਹਗਾਰ ਬਣ ਜਾਂਦਾ ਹੈ। ਸਿੱਖ ਸੰਗਤ ਵੀ ਉਸ ਦੇ ਖ਼ਿਲਾਫ਼ ਗੁਰਮਤਾ ਪਾਸ ਕਰ ਕੇ ਸਰਬਤ ਖਾਲਸਾ ਜਾਂ ਅਕਾਲ ਤਖ਼ਤ ਸਾਹਿਬ ਨੂੰ ਭੇਜ ਸਕਦੀ ਹੈ। ਪਰ ਆਖ਼ਰੀ ਗੁਰਮਤਾ ਤਾਂ ਸਰਬਤ ਖਾਲਸਾ ਹੀ ਕਰ ਸਕਦਾ ਹੈ ਤੇ ਫ਼ਤਵਾ, ਫ਼ੁਰਮਾਨ, ਹੁਕਮਨਾਮਾ ਜ਼ਰੂਰ ਅਕਾਲ ਤਖ਼ਤ ਸਾਹਿਬ ਦੇ ਨਾਂ ਹੇਠ ਹੀ ਜਾਰੀ ਹੋ ਸਕਦਾ ਹੈ। ਸਿਰਫ਼ 'ਸਰਬਤ ਖਾਲਸਾ' 'ਗੁਰਮਤਾ' ਪਾਸ ਕਰਨ ਦਾ ਹੱਕ ਰੱਖਦਾ ਹੈ।

ਸਰਬਤ ਖਾਲਸਾ ਕੋਈ ਕਾਇਮ ਹੋਈ ਕਮੇਟੀ ਜਾਂ ਪੱਕਾ ਜੁੱਟ ਨਹੀਂ ਹੈ। ਇਹ ਤਾਂ ਚੁਣੇ ਗਏ ਖ਼ਿਦਮਤਗਾਰਾਂ ਦੀ ਬੈਠਕ ਹੋਇਆ ਕਰਦੀ ਹੈ। ਜਦੋਂ ਤਕ ਉਹ ਜਥਾ ਉਸ ਨੁਮਾਇੰਦੇ ਤੇ ਆਪਣਾ ਸਿਦਕ ਕਾਇਮ ਰੱਖਦਾ ਹੈ, ਉੱਥੋਂ ਤਕ ਉਹ ਸ਼ਖ਼ਸ ਸਰਬਤ ਖਾਲਸਾ ਦਾ ਹਿੱਸਾ ਰਹਿੰਦਾ ਹੈ। ਅਹੁਦੇ ਜਾਂ ਮੈਂਬਰੀ ਦੀ ਨਜਾਇਜ਼ ਭੁੱਖ ਜਾਂ ਪਕੜ ਰੱਖਣ ਵਾਲਾ ਤਾਂ ਸਿੱਖ ਹੋ ਹੀ ਨਹੀਂ ਸਕਦਾ।

ਸਿੱਖ ਪੰਥ

ਸਿੱਖ ਸਿਆਸੀ ਨਿਜ਼ਾਮ ਦਾ ਤੀਜਾ ਹਿੱਸਾ ਸਿੱਖ ਪੰਥ ਹੈ। ਸਰਬਤ ਖਾਲਸਾ ਦੀ ਚੋਣ ਸਮੁੱਚਾ ਸਿੱਖ ਪੰਥ ਕਰਦਾ ਹੈ। ਸਰਬਤ ਖਾਲਸਾ ਦੀ ਚੋਣ ਜਥਿਆਂ ਦੇ ਆਗੂਆਂ, ਵਰਕਰਾਂ, ਜਰਨੈਲਾਂ, ਉੱਲਮਾ (ਵਿਦਵਾਨਾਂ) ਵਿਚੋਂ ਹੋਇਆ ਕਰਦੀ ਹੈ। ਇਸ ਦਾ ਆਸਾਨ

ਪੈਟਰਨ ਇਹ ਹੈ ਕਿ ਸਾਲ ਵਿਚ ਇਕ ਮਿੱਥੇ ਦਿਨ ਸਰਬਤ ਖਾਲਸਾ ਦੀ ਚੋਣ ਕੀਤੀ ਜਾਇਆ ਕਰੇ। ਇਸ ਦਿਨ ਪੁਰਾਣੇ ਨੁਮਾਇੰਦਿਆਂ ਨੂੰ ਜਾਂ ਤਾਂ ਦੋਬਾਰਾ ਮਨਜ਼ੂਰੀ ਦਿੱਤੀ ਜਾਏ ਤੇ ਜਾਂ ਫਿਰ ਨਵੇਂ ਚੁਣੇ ਜਾਣ।

ਸਿੱਖ ਸਿਆਸੀ ਨਿਜ਼ਾਮ ਦਾ ਸਭ ਤੋਂ ਨਿੱਕਾ ਪਰ ਕੀਮਤੀ ਹਿੱਸਾ ਹੈ ਸੰਗਤ। ਕਿਉਂਕਿ ਸਾਰਾ ਸਿੱਖ ਪੰਥ ਕਦੇ ਵੀ ਇਕ ਜਗ੍ਹਾ 'ਤੇ ਸਾਰੇ ਦਾ ਸਾਰਾ ਇਕੱਠਾ ਨਹੀਂ ਹੋ ਸਕਦਾ। ਇਸ ਕਰ ਕੇ ਇਹ ਰੋਲ ਸੰਗਤ ਕਰਦੀ ਹੈ। ਸੰਗਤ ਮੁਕਾਮੀ ਮਸਲੇ ਬਾਰੇ ਗੁਰਮਤਾ ਕਰ ਸਕਦੀ ਹੈ ਤੇ ਕੌਮ ਸਵਾਲ ਬਾਰੇ ਵੀ। ਪਰ ਕੌਮੀ ਸਵਾਲ ਬਾਰੇ ਕੀਤਾ ਗੁਰਮਤਾ ਸਰਬਤ ਖਾਲਸਾ ਨੂੰ ਸਿਫ਼ਾਰਸ਼ ਜਾਂ ਸੁਝਾਅ ਵਜੋਂ ਭੇਜਿਆ ਜਾ ਸਕਦਾ ਹੈ। ਜੇ ਅਕਾਲ ਤਖ਼ਤ ਸਾਹਿਬ ਜਾਂ ਸਰਬਤ ਖਾਲਸਾ ਨੂੰ ਇਹ ਜਾਪੇ ਕਿ ਕੋਈ ਅਜਿਹੀ ਸਿਫ਼ਾਰਸ਼ ਸਮੁੱਚੇ ਪੰਥ ਅੱਗੇ ਰੱਖਣੀ ਚਾਹੀਦੀ ਹੈ ਤਾਂ ਇਸ ਬਾਰੇ ਹਿਦਾਇਤਾਂ ਭੇਜੀਆਂ ਜਾ ਸਕਦੀਆਂ ਹਨ।

ਸੰਗਤ ਚਾਹੇ ਤਾਂ ਆਪਣੇ ਮੁਕਾਮੀ ਮਸਲਿਆਂ ਵਾਸਤੇ ਪੰਚਾਇਤ (ਖਾਲਸਾ ਪੰਚਾਇਤ) ਚੁਣ ਸਕਦੀ ਹੈ। ਹੰਗਾਮੀ ਹਾਲਤ ਵਿਚ ਇਹ ਪੰਚਾਇਤ ਖ਼ੁਦ ਵੀ ਫ਼ੈਸਲੇ ਲੈ ਸਕਦੀ ਹੈ ਤੇ ਮੁਕਾਮੀ ਸੰਗਤ ਦਾ ਇਕੱਠ ਵੀ ਬੁਲਾ ਸਕਦੀ ਹੈ। ਪਰ ਕੋਈ ਮੁਕਾਮੀ ਫ਼ੈਸਲਾ ਕਿਸੇ ਕੌਮੀ ਗੁਰਮਤੇ ਦੇ ਖ਼ਿਲਾਫ਼ ਲਾਗੂ ਨਹੀਂ ਹੋ ਸਕਦਾ। ਉਸ ਵਾਸਤੇ ਤਰੀਕਾ ਆਮ ਕੌਮੀ ਗੁਰਮਤਾ ਕਰਨ ਵਾਲਾ ਹੀ ਇਸਤੇਮਾਲ ਹੋ ਸਕਦਾ ਹੈ।

ਇਹ ਹਨ ਸਿੱਖ ਸਿਆਸੀ ਨਿਜ਼ਾਮ ਦੀਆਂ ਕੁਝ ਮੁਢਲੀਆਂ ਗੱਲਾਂ ਜੋ ਸਿੱਖ ਸਿਆਸੀ ਨਿਜ਼ਾਮ ਨੂੰ ਦੁਨੀਆਂ ਭਰ ਵਿਚ ਸਭ ਤੋਂ ਵੱਧ ਅਵਾਮੀ, ਬਰਾਬਰਤਾ ਦਾ, ਲੋਕ ਭਲਾਈ ਦਾ, ਇਨਸਾਫ਼ ਭਰਿਆ (ਯਕੀਨਨ ਰੂਹਾਨੀ ਵੀ) ਨਿਜ਼ਾਮ ਬਣਾਉਂਦੀਆਂ ਹਨ)।

ਸਿੱਖਾਂ ਦੇ ਤਖ਼ਤ ਕਿੰਨੇ ਹਨ ?

ਅਕਾਲ ਤਖ਼ਤ ਸਾਹਿਬ ਆਮ ਲੋਕਾਂ ਵਿਚ ਸਿੱਖਾਂ ਦੀ ਸਭ ਤੋਂ ਸੁਪੀਰਮ ਅਥਾਰਟੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਬਾਰੇ ਇਹ ਗੱਲ ਇਕ ਆਮ ਸਖ਼ਸ਼ ਵਾਸਤੇ ਸ਼ਾਇਦ ਮੁਕੰਮਲ ਜਾਣਕਾਰੀ ਦਾ ਨਿਚੋੜ ਹੈ। ਪਰ ਇਸ ਵਿਚੋਂ ਅਕਾਲ ਤਖ਼ਤ ਸਾਹਿਬ ਦਾ ਨੁਕਤਾ ਬਿਆਨ ਨਹੀਂ ਹੁੰਦਾ।

ਜੇ ਅਸੀਂ ਅਕਾਲ ਤਖ਼ਤ ਸਾਹਿਬ ਦਾ ਲਫ਼ਜ਼ੀ ਮਾਅਨਾ ਹੀ ਜਾਣ ਲਈਏ ਤਾਂ ਵੀ ਗੱਲ ਵਧੇਰੇ ਸਮਝ ਆ ਸਕਦੀ ਹੈ। ਅਕਾਲ ਤਖ਼ਤ ਵਿਚ ਦੋ ਖ਼ਾਸ ਨੁਕਤੇ ਹਨ: ਅਕਾਲ ਯਾਨਿ ਵਾਹਿਗੁਰੂ ਅਤੇ ਤਖ਼ਤ (ਯਾਨਿ ਗੱਦੀ, ਤਾਕਤ, ਮਰਕਜ਼)। ਦੂਜੇ ਲਫ਼ਜ਼ਾਂ ਵਿਚ ਇਸ ਦਾ ਮਾਅਨਾ ਹੈ 'ਵਾਹਿਗੁਰੂ ਦਾ ਤਖ਼ਤ', ਵਾਹਿਗੁਰੂ ਦੀ ਗੱਦੀ, ਰੱਬ ਦੀ ਤਾਕਤ ਦਾ ਮਰਕਜ਼। ਕੁਝ ਲੋਕ ਇਸ ਦਾ ਮਾਅਨਾ ਇੰਞ ਵੀ ਕਰਦੇ ਹਨ : ਉਹ ਤਖ਼ਤ ਜੋ 'ਅਕਾਲ' ਹੈ, ਯਾਨਿ ਜਿਸ 'ਤੇ ਕਾਲ ਦਾ ਅਸਰ ਨਹੀਂ। ਇਸ ਦਾ ਮਤਲਬ ਵੀ ਇਹੀ ਹੈ ਕਿ 'ਸਦਾ ਕਾਇਮ ਰਹਿਣ ਵਾਲਾ ਤਖ਼ਤ।' ਪਰ 'ਅਕਾਲ ਪੁਰਖ ਦਾ ਤਖ਼ਤ' ਜਾਂ 'ਸਦੀਵੀ ਤਖ਼ਤ' ਲਫ਼ਜ਼ ਦੋ ਵੱਖ-ਵੱਖ ਫ਼ਲਸਫ਼ੇ ਨਹੀਂ ਹਨ ਕਿਉਂਕਿ ਸਿਰਫ਼ 'ਅਕਾਲ ਪੁਰਖ ਦਾ ਤਖ਼ਤ' ਹੀ 'ਸਦਾ ਕਾਇਮ ਰਹਿਣ ਵਾਲਾ ਤਖ਼ਤ' ਹੋ ਸਕਦਾ ਹੈ ਅਤੇ 'ਸਦੀਵੀ ਤਖ਼ਤ' ਸਿਰਫ਼ ਅਕਾਲ ਪੁਰਖ ਦਾ ਹੀ ਹੋ ਸਕਦਾ ਹੈ।

ਇੰਞ ਅਕਾਲ ਤਖ਼ਤ ਸਾਹਿਬ ਨੂੰ ਸਿਰਫ਼ ਸਿੱਖਾਂ ਦਾ ਤਖ਼ਤ ਆਖਣਾ ਇਕ ਵੱਖਰੀ ਕਿਸਮ ਦੀ ਗ਼ਲਤੀ ਹੈ। ਇੰਞ ਆਖਣ ਵਾਲੇ ਲੋਕ ਅਕਾਲ ਪੁਰਖ ਨੂੰ ਸਿਰਫ਼ ਸਿੱਖਾਂ ਤਕ ਮਹਿਦੂਦ ਕਰ ਦੇਂਦੇ ਹਨ। ਯਾਨਿ ਅਕਾਲ ਪੁਰਖ ਸਿਰਫ਼ ਸਿੱਖਾਂ ਦਾ ਹੀ ਹੈ ਅਤੇ ਸਿਰਫ਼ ਸਿੱਖ ਹੀ ਅਕਾਲ ਪੁਰਖ ਦੀ ਰਿਆਇਆ ਹਨ। ਚਾਹੀਦਾ ਤਾਂ ਇਹ ਹੈ ਕਿ ਰੱਬ 'ਤੇ ਯਕੀਨ ਰੱਖਣ ਵਾਲਾ ਹਰ ਸ਼ਖ਼ਸ ਅਕਾਲ ਪੁਰਖ ਦੇ ਤਖ਼ਤ ਸਾਹਿਬ ਦੀ ਵਫ਼ਾਦਾਰੀ ਕਬੂਲ ਕਰ ਕੇ ਇਸ ਤਖ਼ਤ ਸਾਹਿਬ ਦੀ ਪਨਾਹ ਵਿਚ ਆ ਜਾਵੇ। ਉਂਞ ਸਿੱਖਾਂ ਵਾਸਤੇ ਇਹ ਮਾਣ ਵਾਲੀ ਗੱਲ ਹੈ ਕਿ ਉਹ ਆਪਣੀ ਕੌਮ ਦਾ ਤਖ਼ਤ, ਅਕਾਲ ਪੁਰਖ ਨੂੰ ਸਮਰਪਣ ਕਰਦੇ ਹਨ ਤੇ ਆਪਣੀ ਕੌਮੀਅਤ ਅਕਾਲ ਪੁਰਖ ਨਾਲ ਜੋੜਦੇ ਹਨ। ਦੁਨੀਆਂ ਵਿਚ ਕੋਈ ਹੋਰ ਧਰਮ ਜਾਂ ਕੌਮ ਐਸੀ ਨਹੀਂ ਜੋ ਆਪਣੀ ਹਸਤੀ ਨੂੰ ਵੱਖਰਿਆਉਂਦੀ ਨਾ ਹੋਵੇ। ਸਿਰਫ਼ ਸਿੱਖ ਹੀ ਅਜਿਹੀ ਕੌਮ ਹਨ, ਜੋ ਆਪਣੇ ਆਪ ਨੂੰ ਅਕਾਲ ਪੁਰਖ ਦੀ ਹਸਤੀ ਤੋਂ ਵੱਖਰਿਆਉਂਦੇ ਨਹੀਂ। ਇਸੇ ਕਰ ਕੇ ਤਖ਼ਤ ਉਨ੍ਹਾਂ ਦਾ ਆਪਣਾ ਨਹੀਂ ਬਲਕਿ ਅਕਾਲ ਪੁਰਖ ਦਾ ਤਖ਼ਤ ਹੈ। ਸਿੱਖ ਆਪਣੇ ਆਪ ਨੂੰ ਸਿਰਫ਼ ਇਕ ਅਕਾਲ ਪੁਰਖ ਦੀ ਹੀ ਰਿਆਇਆ ਮੰਨਦੇ ਹਨ। ਸਿੱਖ ਦੀ ਵਫਾਦਾਰੀ ਸਿਰਫ਼ ਵਾਹਿਗੁਰੂ ਨਾਲ ਹੀ ਹੈ ਨਾ ਕਿ ਕਿਸੇ ਹੋਰ ਨਾਲ। ਦੁਨੀਆਂ ਦੇ ਹਰ ਸ਼ਖ਼ਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਅਕਾਲ ਪੁਰਖ ਨਾਲ ਜੋੜੇ ਤੇ ਉਸ ਵਾਹਿਗੁਰੂ ਦੀ ਰਿਆਇਆ ਬਣੇ। ਹਰ ਇਨਸਾਨ ਦੀ ਜ਼ਿੰਦਗੀ ਦੀ ਆਖ਼ਰੀ ਮੰਜ਼ਿਲ 'ਖਾਲਸਾ' (ਅਕਾਲ ਪੁਰਖ ਦਾ ਆਪਣਾ) ਬਣਨਾ ਹੈ। ਇਹੀ ਹਰ ਇਨਸਾਨ ਦੀ 'ਪੂਰਨਤਾ' ਹੈ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਪ੍ਰਗਟ ਕੀਤਾ ਤਾਂ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ 'ਸਚਿਆਰ' ਅਤੇ ਛੇਵੇਂ ਪਾਤਿਸ਼ਾਹ ਦੇ 'ਅਕਾਲ ਤਖ਼ਤ ਸਾਹਿਬ' ਦੇ ਨੁਕਤੇ ਨੂੰ ਹੀ ਬਿਆਨ ਕੀਤਾ ਸੀ। ਖਾਲਸਾ ਦਾ ਮਾਅਨਾ ਹੈ 'ਅਕਾਲ ਪੁਰਖ ਦੀ ਸਿੱਧੀ ਰਿਆਇਆ।' ਯਾਨਿ ਅਕਾਲ ਪੁਰਖ ਅਤੇ ਸਿੱਖ ਦੇ ਵਿਚਕਾਰ ਵਿਚੋਲਾ ਨਹੀਂ ਹੋ ਸਕਦਾ। 'ਖਾਲਸਾ ਅਕਾਲ ਪੁਰਖ ਕੀ ਫ਼ੌਜ' ਹੈ। ਗੁਰੂ ਸਾਹਿਬ ਨੇ ਤਾਂ ਇਸ ਨੂੰ 'ਆਪਣੀ' ਫ਼ੌਜ ਵੀ ਨਹੀਂ ਕਿਹਾ! ਉਹ ਆਖਦੇ ਹਨ ਕਿ ਮੈਂ ਖਾਲਸੇ ਨੂੰ ਅਕਾਲ ਪੁਰਖ ਦੇ ਹੁਕਮ ਵਿਚ ਪ੍ਰਗਟ ਕੀਤਾ ਹੈ (ਪਰਗਟਿਓ ਖਾਲਸਾ ਪਰਮਾਤਮ ਕੀ ਮੌਜ)। *ਪਰ, ਅਣਜਾਣ ਸਿੱਖਾਂ ਨੇ, ਗ਼ੈਰ-ਸਿੱਖ ਲੇਖਕਾਂ ਦੇ ਲਫ਼ਜ਼ ਵਰਤ ਕੇ, ਇਸ 'ਪ੍ਰਗਟ ਕਰਨ' ਨੂੰ 'ਸਿਰਜਣਾ' ਬਣਾ ਦਿੱਤਾ।* ਖ਼ੈਰ, ਗੱਲ ਤਾਂ ਅਕਾਲ ਤਖ਼ਤ ਸਾਹਿਬ ਤੇ ਖਾਲਸਾ ਦੀ ਸੀ। ਦੋਹਾਂ ਦਾ ਫ਼ਲਸਫ਼ਾ ਇਕੋ ਹੀ ਹੈ। ਖਾਲਸਾ ਅਕਾਲ ਪੁਰਖ ਦੀ ਸਿੱਧੀ ਰਿਆਇਆ ਹੈ ਅਤੇ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਆਪਣਾ ਤਖ਼ਤ ਹੈ। ਯਾਨਿ, ਜੋ ਅਕਾਲ ਪੁਰਖ ਦਾ ਵਫ਼ਾਦਾਰ ਹੈ ਅਕਾਲ ਤਖ਼ਤ ਉਸ ਦਾ ਹੀ ਤਖ਼ਤ ਹੈ ਤੇ ਜੋ ਅਕਾਲ ਪੁਰਖ ਦੀ ਥਾਂ ਕਿਤੇ ਹੋਰ ਵਫ਼ਾਦਾਰੀ ਰੱਖਦਾ ਹੈ ਜਾਂ ਸਿਰ ਝੁਕਾਉਂਦਾ ਹੈ ਉਹ ਅਕਾਲ ਤਖ਼ਤ ਤੋਂ ਦੂਰ ਹੈ। ਜੋ ਸ਼ਖ਼ਸ ਜਾਂ ਜੋ ਕੌਮ ਅਕਾਲ ਪੁਰਖ ਦੇ ਨੇੜੇ ਆਉਣਾ ਚਾਹੁੰਦੀ ਹੈ ਉਸ ਨੂੰ ਦੁਨਿਆਵੀ ਤਖ਼ਤ ਦੀ ਥਾਂ ਆਪਣੀ ਵਫ਼ਾਦਾਰੀ ਵਾਹਿਗੁਰੂ ਨਾਲ ਰੱਖਣੀ ਪਵੇਗੀ।

ਅਕਾਲ ਤਖ਼ਤ ਸਾਹਿਬ ਦਾ ਮਾਲਕ ਵਾਹਿਗੁਰੂ ਦੁਨੀਆਂ ਭਰ ਦੇ 'ਬਾਦਸ਼ਾਹਾਂ ਦਾ ਬਾਦਸ਼ਾਹ' ਹੈ। ਉਹ 'ਸ਼ਾਹੇ ਸ਼ਹਿਨਸ਼ਾਹ' ਹੈ। ਦੁਨੀਆਂ ਦੇ ਵੱਖ ਵੱਖ ਇਲਾਕਿਆਂ ਦੇ

ਬਾਦਸ਼ਾਹ ਇਕ ਮਹਿਦੂਦ ਇਲਾਕੇ ਦੇ ਅਤੇ ਥੋੜ੍ਹੇ ਚਿਰ ਦੇ ਬਾਦਸ਼ਾਹ ਹਨ। ਉਨ੍ਹਾਂ ਦਾ ਹੁਕਮ ਕੁਝ ਗਿਣਤੀ ਦੇ ਲੋਕਾਂ 'ਤੇ ਹੀ ਲਾਗੂ ਹੁੰਦਾ ਹੈ ਅਤੇ ਆਮ ਤੌਰ 'ਤੇ ਉਨ੍ਹਾਂ ਦੇ ਹੁਕਮ 'ਤੇ ਕਿਸੇ ਮਜਬੂਰੀ, ਡਰ ਜਾਂ ਦਹਿਸ਼ਤ ਕਰ ਕੇ ਹੀ ਅਮਲ ਹੋਇਆ ਕਰਦਾ ਹੈ ਅਤੇ ਜੇ ਇਸ ਦੇ ਨਾਲ ਪੁਲੀਸ, ਫ਼ੌਜ, ਅਸਲਾ ਵਗ਼ੈਰਾ ਨਾ ਹੋਵੇ ਤਾਂ ਇਹ ਹੁਕਮ ਸ਼ਾਇਦ ਚੰਦ ਇਕ ਲੋਕਾਂ 'ਤੇ ਵੀ ਲਾਗੂ ਹੋ ਸਕਦਾ ਹੋਵੇ। ਦੁਨੀਆਂ ਭਰ ਦੀਆਂ ਵੱਡੀਆਂ-ਵੱਡੀਆਂ ਤਾਕਤਾਂ ਦਾ ਦਬਦਬਾ ਉਨ੍ਹਾਂ ਦੇ ਅਸਲੇ ਦੀ ਤਾਕਤ ਕਰ ਕੇ ਹੈ ਨਾ ਕਿ ਉਨ੍ਹਾਂ ਦੇ ਰਕਬੇ, ਆਬਾਦੀ, ਉੱਲਮਾਂ ਜਾਂ ਕਿਸੇ ਹੋਰ ਕਰ ਕੇ ਹੈ। ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਦੇ ਮਾਲਕ ਵਾਹਿਗੁਰੂ ਦੀ ਹਕੂਮਤ 'ਹਲਤ' ਤੇ 'ਪਲਤ', ਦੋਹਾਂ ਜਹਾਨਾਂ ਵਿਚ, ਮੀਰੀ ਤੇ ਪੀਰੀ—ਦੋਹਾਂ ਦੀ ਦੁਨੀਆਂ ਵਿਚ, ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਫਿਰ ਇਹ ਤਾਕਤ ਕਿਸੇ ਫ਼ੌਜ ਦੀ ਦਹਿਸ਼ਤ ਕਰ ਕੇ ਨਹੀਂ ਬਲਕਿ ਸਿਰਫ਼ ਇਸ ਕਰ ਕੇ ਹੈ ਕਿ ਉਸ ਵਾਹਿਗੁਰੂ ਦੇ ਪਿਆਰੇ, ਉਸ ਦੀ ਰਿਆਇਆ, ਉਸ ਨੂੰ ਦਿਲੋਂ ਪਿਆਰ ਕਰਦੀ ਹੈ ਅਤੇ ਢਿੱਡੋਂ ਉਸ ਦੇ ਹਰ ਹੁਕਮ ਅੱਗੇ ਸਿਰ ਝੁਕਾਉਣ ਨੂੰ ਹਰਦਮ ਤਿਆਰ ਰਹਿੰਦੀ ਹੈ।

ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੀ ਇਸ ਹਸਤੀ ਦਾ ਅਤੇ ਇਸ ਹਸਤੀ ਵਾਲੇ ਸ਼ਾਹੇ-ਸ਼ਹਿਨਸ਼ਾਹ ਦੇ ਤਖ਼ਤ ਦਾ ਜ਼ਿਕਰ ਆਪਣੀ ਬਾਣੀ ਵਿਚ ਸਿੱਧੇ ਤੇ ਅਸਿੱਧੇ ਲਫ਼ਜ਼ਾਂ ਵਿਚ ਕੀਤਾ ਸੀ, ਜਿਵੇਂ:

ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ *(ਸਫ਼ਾ 1279)*

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੈ॥ *(ਸਫ਼ਾ 1022)*

ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥ *(ਸਫ਼ਾ 1087)*

ਗੁਰੂ ਨਾਨਕ ਸਾਹਿਬ ਦੇ ਦੱਸੇ ਇਸੇ ਫ਼ਲਸਫ਼ੇ ਨੂੰ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ 'ਚੱਕ ਰਾਮਦਾਸ' (ਹੁਣ ਅੰਮ੍ਰਿਤਸਰ) ਦੀ ਸਰਜ਼ਮੀ ਵਿਚ ਵਾਹਿਗੁਰੂ ਦੇ ਦੁਆਰ (ਹਰਿਮੰਦਰ) ਦੇ ਕਦਮਾਂ ਵਿਚ ਤਖ਼ਤ ਸਾਹਿਬ ਦੀ ਈਮਾਰਤ ਵਜੋਂ ਪ੍ਰਗਟ ਕਰਨ ਦਾ ਐਲਾਨ ਕੀਤਾ।

ਅਕਾਲ ਤਖ਼ਤ ਸਾਹਿਬ ਬਾਰੇ ਦੂਜਾ ਅਹਿਮ ਨੁਕਤਾ ਇਹ ਹੈ ਕਿ ਇਸ ਦੀ ਉਸਾਰੀ ਵਿਚ ਸਿਰਫ਼ ਤਿੰਨ ਹਸਤੀਆਂ ਦੇ ਹੱਥਾਂ ਦੀ ਛੋਹ ਲੱਗੀ ਸੀ। ਤਖ਼ਤ ਸਾਹਿਬ ਦੀ ਪਹਿਲੀ ਇੱਟ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਰੱਖੀ ਸੀ ਤੇ ਬਾਕੀ ਸਾਕੀ ਈਮਾਰਤ (ਜਿੰਨੀ ਵੀ ਉਦੋਂ ਬਣੀ ਸੀ) ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਵਰਗੀਆਂ ਸ਼ਖ਼ਸੀਅਤਾਂ ਨੇ ਆਪਣੇ ਮੁਬਾਰਕ ਹੱਥਾਂ ਨਾਲ ਤਿਆਰ ਕੀਤੀ ਸੀ। ਕਿਸੇ ਮਿਸਤਰੀ, ਮਜ਼ਦੂਰ ਤਾਂ ਕੀ ਇਕ ਆਮ ਸਿੱਖ ਨੂੰ ਵੀ ਇਸ ਦੀ ਤਿਆਰੀ ਵਿਚ ਹਿੱਸਾ ਪਾਉਣੀ ਇਜਾਜ਼ਤ ਨਹੀਂ ਦਿੱਤੀ ਗਈ ਸੀ:

ਕਿਸੀ ਰਾਜ ਨਾ ਹਾਥ ਲਗਾਇਓ।
ਬੁੱਢੇ ਔਰ ਗੁਰਦਾਸ ਬਣਾਇਓ।

ਗੁਰੂ ਸਾਹਿਬ ਵੱਲੋਂ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਦਾ ਮਤਲਬ ਸਿੱਖਾਂ ਨੂੰ ਉਨ੍ਹਾਂ ਦੇ ਅਸਲੇ ਨਾਲ, ਪਰਮ-ਆਤਮਾ ਨਾਲ, ਵਾਹਿਗੁਰੂ ਨਾਲ, ਸਿੱਧਾ ਜੋੜਨਾ ਸੀ।

ਜਿਵੇਂ ਪਹਿਲੋਂ ਬਿਆਨ ਕੀਤਾ ਗਿਆ ਹੈ ਕਿ ਦਸਮ ਪਾਤਸ਼ਾਹ ਨੇ ਖਾਲਸਾ ਪ੍ਰਗਟ ਕਰ ਕੇ ਇਸ ਫ਼ਲਸਫ਼ੇ ਨੂੰ ਮੁਕੰਮਲ ਤਸਵੀਰ ਦੀ ਸ਼ਕਲ ਮੁਹੱਈਆ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਮਗਰੋਂ ਇਸ ਤਖ਼ਤ 'ਤੇ ਅਕਾਲ ਪੁਰਖ ਦੇ ਨੁਮਾਇੰਦੇ ਵਜੋਂ ਸਜਦੇ ਰਹੇ। 1608 ਤੋਂ 1612 ਅਤੇ 1621 ਤੋਂ 1635 ਤਕ ਆਪ ਅਕਾਲ ਪੁਰਖ ਦੇ ਤਖ਼ਤ ਦੀ ਕਾਰਵਾਈ ਨੂੰ ਅੰਮ੍ਰਿਤਸਰ ਬੈਠ ਕੇ ਚਲਾਉਂਦੇ ਰਹੇ। ਇਸ ਦੌਰਾਨ ਜਦੋਂ ਆਪ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ ਜਾਂ ਕਸ਼ਮੀਰ, ਜੰਗਲ ਦੇਸ਼, ਦੁਆਬਾ, ਨਾਨਕ ਮੱਤਾ, ਗੜ੍ਹਵਾਲ ਜਾਂ ਕਿਸੇ ਹੋਰ ਪਾਸੇ ਮਿਸ਼ਨਰੀ ਦੌਰੇ 'ਤੇ ਜਾਂਦੇ ਸਨ ਤਾਂ ਤਖ਼ਤ ਦੀ ਕਾਰਵਾਈ ਆਪਣੇ ਪੜਾਅ ਵਾਲੇ ਮੁਕਾਮ ਤੋਂ ਚਲਾਇਆ ਕਰਦੇ ਸਨ। ਗੁਰੂ ਸਾਹਿਬ ਨੇ ਆਪਣੀ ਇਹ ਸੇਵਾ ਕਿਸੇ ਹੋਰ ਨੂੰ ਨਹੀਂ ਸੌਂਪੀ। 'ਗੁਰ ਬਿਲਾਸ ਪਾਤਿਸ਼ਾਹੀ ਛੇਵੀਂ' ਵਿਚ ਗੁਰੂ ਸਾਹਿਬ ਵਲੋਂ ਦਿੱਲੀ (ਜਿੱਥੋਂ ਆਪ ਕੈਦ ਕਰ ਕੇ ਗਵਾਲੀਅਰ ਭੇਜੇ ਗਏ ਸਨ) ਜਾਣ ਵੇਲੇ ਬਾਬਾ ਬੁੱਢਾ ਨੂੰ ਹਰਿਮੰਦਰ ਸਾਹਿਬ ਤੇ ਭਾਈ ਗੁਰਦਾਸ ਨੂੰ ਅਕਾਲ ਤਖ਼ਤ ਸਾਹਿਬ 'ਦੀਵਾ-ਬੱਤੀ ਦੀ ਸੇਵਾ' ਸੌਂਪੇ ਜਾਣ ਦਾ ਜ਼ਿਕਰ ਆਉਂਦਾ ਹੈ। (ਇਸ ਦਾ ਮਤਲਬ ਇਹ ਨਹੀਂ ਬਣ ਜਾਂਦਾ ਕਿ ਗੁਰੂ ਸਾਹਿਬ ਭਾਈ ਗੁਰਦਾਸ ਨੂੰ ਅਕਾਲ ਤਖ਼ਤ ਸਾਹਿਬ ਦਾ ਗ੍ਰੰਥੀ ਜਾਂ ਉੱਥੋਂ ਦੀ ਸੇਵਾ-ਸੰਭਾਲ ਦੇ ਜਥੇ ਦਾ 'ਮੁਖੀ ਜਥੇਦਾਰ' ਥਾਪ ਗਏ ਸਨ)।

ਮਈ 1635 ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ ਤੇ ਉਹ ਅਕਾਲ ਤਖ਼ਤ ਸਾਇਬ ਦੀ ਕਾਰਵਾਈ ਉਸੇ ਨਗਰ ਤੋਂ ਚਲਾਉਂਦੇ ਰਹੇ। ਅੱਜ ਵੀ ਕਰਤਾਰਪੁਰ ਸਾਹਿਬ ਵਿਚ **ਗੁਰਦੁਆਰਾ ਤਖ਼ਤ ਕੋਟ ਸਾਹਿਬ** ਕਾਇਮ ਹੈ। ਇਹ ਉਹੀ ਤਖ਼ਤ ਹੈ ਜਿੱਥੋਂ ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਈ ਸੀ। ਮਗਰੋਂ ਗੁਰੂ ਹਰਿਰਾਇ ਸਾਹਿਬ ਵੇਲੇ ਵੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇੱਥੋਂ ਹੀ ਚਲਦੀ ਰਹੀ ਸੀ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਵੀ ਤਖ਼ਤ ਦੀ ਕਾਰਵਾਈ ਇੱਥੋਂ ਹੀ ਚਲਾਉਂਦੇ ਰਹੇ ਸਨ। ਸਤਵੇਂ ਤੇ ਅਠਵੇਂ ਪਾਤਿਸ਼ਾਹ ਦੀ 'ਤਾਜਪੋਸ਼ੀ' ਵੀ ਇਸੇ 'ਤਖ਼ਤ' ਕੋਟ ਸਾਹਿਬ ਗੁਰਦੁਆਰਾ ਵਾਲੇ ਮੁਕਾਮ 'ਤੇ ਹੀ ਕੀਤੀ ਗਈ ਸੀ।

11 ਅਗਸਤ 1664 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰਗੱਦੀ ਸੰਭਾਲੀ। ਉਦੋਂ ਉਹ ਬਕਾਲਾ (ਹੁਣ ਬਾਬਾ ਬਕਾਲਾ) ਵਿਚ ਰਹਿੰਦੇ ਸਨ। ਉਨ੍ਹਾਂ ਨੇ 19 ਜੂਨ 1665 ਦੇ ਦਿਨ ਚੱਕ ਨਾਨਕੀ (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਦੀ ਨੀਂਹ ਰੱਖੀ। ਦਿਸੰਬਰ ਵਿਚ ਆਪ ਦਿੱਲੀ ਤੋਂ ਆਸਾਮ ਵੱਲ ਚੱਲ ਪਏ ਤੇ ਅਗਲੇ ਪੰਜ ਸਾਲ ਬਿਹਾਰ, ਬੰਗਾਲ ਤੇ ਆਸਾਮ ਵਿਚ ਧਰਮ ਪ੍ਰਚਾਰ ਕਰਦੇ ਰਹੇ। ਇਸ ਸਾਰੇ ਦੌਰਾਨ ਉਹ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਪਟਨਾ ਸਾਹਿਬ ਤੋਂ ਚਲਾਉਂਦੇ ਰਹੇ। 1670 ਦੇ ਅਖ਼ੀਰ ਵਿਚ ਆਪ ਫਿਰ ਬਕਾਲਾ ਵਿਚ ਰਹਿਣ ਲੱਗ ਪਏ। ਅਗਲਾ ਸਵਾ ਕੁ ਸਾਲ ਆਪ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੂੰ ਬਕਾਲਾ (ਹੁਣ ਬਾਬਾ ਬਕਾਲਾ) ਤੋਂ ਚਲਾਉਂਦੇ ਰਹੇ।

ਆਪ ਮਾਰਚ 1672 ਵਿਚ ਚੱਕ ਨਾਨਕੀ ਆ ਗਏ ਤੇ ਇਸ ਨੂੰ ਆਪਣਾ ਪੱਕਾ ਸੈਂਟਰ ਬਣਾ ਲਿਆ। ਇਸ ਕਰ ਕੇ ਆਪ ਨੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਉਣ ਵਾਸਤੇ ਤਖ਼ਤ ਦਮਦਮਾ ਸਾਹਿਬ ਪ੍ਰਗਟ ਕੀਤਾ। ਇਸੇ ਜਗਹ ਤੋਂ ਗੁਰੂ ਸਾਹਿਬ ਤਖ਼ਤ ਦੀ ਕਾਰਵਾਈ ਚਲਾਉਂਦੇ ਰਹੇ ਸਨ। ਦਸਵੇਂ ਪਾਤਸ਼ਾਹ ਦੀ 'ਤਾਜਪੋਸ਼ੀ' ਵੀ ਇਸੇ

ਜਗਹ ਹੋਈ ਸੀ। ਉਹ ਵੀ 1675 ਤੋਂ 1684 ਤਕ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇੱਥੋਂ ਹੀ ਚਲਾਉਂਦੇ ਰਹੇ। ਮਗਰੋਂ ਅਪਰੈਲ 1685 ਤੋਂ ਅਕਤੂਬਰ 1688 ਤਕ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਪਾਉਂਟਾ ਸਾਹਿਬ ਤੋਂ ਚਲਾਈ ਜਾਂਦੀ ਰਹੀ।

ਪਾਉਂਟੇ ਤੋਂ ਮੁੜਨ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਨਗਰ ਦੀ ਨੀਂਹ (29 ਮਾਰਚ 1689 ਦੇ ਦਿਨ) ਰੱਖੀ। ਉਹ ਕੁਝ ਚਿਰ ਮਗਰੋਂ ਆਪਣਾ ਦਰਬਾਰ ਮੌਜੂਦਾ ਕੇਸਗੜ੍ਹ ਸਾਹਿਬ ਵਾਲੀ ਜਗਹ 'ਤੇ ਲਾਉਣ ਲੱਗ ਪਏ। ਯਾਨਿ ਤਖ਼ਤ ਦੀ ਕਾਰਵਾਈ ਇੱਥੋਂ ਚਲਾਏ ਜਾਣ ਕਰ ਕੇ ਇਹ ਜਗਹ ਵੀ 'ਤਖ਼ਤ ਸਾਹਿਬ' ਅਖਵਾਉਣ ਲੱਗ ਪਈ। 5-6 ਦਿਸੰਬਰ 1705 ਦੀ ਵਿਚਕਾਰਲੀ ਰਾਤ ਨੂੰ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਅਲਵਿਦਾ ਆਖ ਕੇ ਚਲੇ ਗਏ ਅਤੇ ਵੱਖ-ਵੱਖ ਪੜਾਵਾਂ 'ਤੇ ਰੁਕਦੇ ਹੋਏ, 16 ਜਨਵਰੀ 1706 ਦੇ ਦਿਨ, ਤਲਵੰਡੀ ਸਾਬੋ ਪੁੱਜੇ। ਆਪ ਇੱਥੇ ਅਕਤੂਬਰ ਦੇ ਅਖ਼ੀਰ ਤਕ, ਨੌਂ ਮਹੀਨੇ ਤੋਂ ਵੀ ਵੱਧ ਸਮਾਂ, ਰਹੇ। ਆਪ ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਤਲਵੰਡੀ ਸਾਬੋ ਤੋਂ ਚਲਾਉਂਦੇ ਰਹੇ।

30 ਅਕਤੂਬਰ 1706 ਦੇ ਦਿਨ ਆਪ ਦੱਖਣ ਵੱਲ ਰਵਾਨਾ ਹੋ ਗਏ ਅਤੇ ਲੰਬੇ ਸਫ਼ਰ ਅਤੇ ਵੱਖ ਵੱਖ ਪੜਾਵਾਂ ਨੂੰ ਤੈਅ ਕਰਦੇ ਹੋਏ ਜੁਲਾਈ 1708 ਵਿਚ ਨੰਦੇੜ ਪੁੱਜੇ। ਉੱਥੇ ਆਪ ਨੇ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾਇਆ ਅਤੇ ਉਸ ਨੂੰ ਪੰਜਾਬ ਟੋਰਿਆ। ਆਪ ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੂੰ ਨੰਦੇੜ (ਹਜ਼ੂਰ ਸਾਹਿਬ) ਤੋਂ ਚਲਾਉਂਦੇ ਰਹੇ। 7 ਅਕਤੂਬਰ 1708 ਨੂੰ ਆਪ ਜੋਤੀ ਜੋਤਿ ਸਮਾ ਗਏ ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸਰਬਤ ਖ਼ਾਲਸਾ ਨੂੰ ਸੌਂਪ ਗਏ। ਇਸ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਦੀ ਕਮਾਂਡ ਸਰਬਤ ਖ਼ਾਲਸਾ ਨੇ ਸੰਭਾਲ ਲਈ।

ਇੱਥੇ ਮੁੱਖ ਮੁੱਦਾ ਇਹ ਦੱਸਣਾ ਸੀ ਕਿ ਸਿੱਖ ਪੰਥ ਸਿਰਫ਼ ਅਕਾਲ ਪੁਰਖ ਦੇ ਤਖ਼ਤ ਨੂੰ ਹੀ ਕਬੂਲ ਕਰਦਾ ਹੈ ਤੇ ਗੁਰੂ ਨਾਨਕ ਸਾਹਿਬ ਵੱਲੋਂ ਪੇਸ਼ ਫ਼ਲਸਫ਼ੇ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੇ ਰੂਪ ਵਿਚ ਤੇ ਦਸਵੇਂ ਪਾਤਿਸ਼ਾਹ ਨੇ ਖ਼ਾਲਸਾ ਦੇ ਰੂਪ ਵਿਚ ਪ੍ਰਗਟ ਕੀਤਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਚਲੇ ਗਏ ਤਾਂ ਉਹ ਇਸ ਦੀ ਕਾਰਵਾਈ ਨੂੰ ਉੱਥੋਂ ਚਲਾਉਂਦੇ ਰਹੇ ਜਿੱਥੇ ਕਿ ਉਹ ਆਪ ਰਹੇ। ਇਸ ਮਗਰੋਂ ਜਿੱਥੇ ਵੀ ਗੁਰੂ ਸਾਹਿਬ ਰਹੇ ਉਹ ਉੱਥੋਂ ਹੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਉਂਦੇ ਰਹੇ। ਇਹ ਗ਼ਲਤ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ, ਪਟਨਾ ਸਾਹਿਬ, ਤਲਵੰਡੀ ਸਾਬੋ ਤੇ ਨੰਦੇੜ ਸਾਹਿਬ ਵਿਚ ਕੋਈ ਵੱਖਰੇ ਤਖ਼ਤ ਕਾਇਮ ਕੀਤੇ। ਤਵਾਰੀਖ਼ ਵਿਚ ਤਾਂ ਸਿਰਫ਼ ਏਨਾ ਜ਼ਿਕਰ ਹੈ ਕਿ ਛੇਵੇਂ ਪਾਤਿਸ਼ਾਹ ਅੰਮ੍ਰਿਤਸਰ ਅਤੇ ਕੀਰਤਪੁਰ ਸਾਹਿਬ, ਸਤਵੇਂ ਤੇ ਅਠਵੇਂ ਪਾਤਿਸ਼ਾਹ ਕੀਰਤਪੁਰ ਸਾਹਿਬ, ਨੌਵੇਂ ਪਾਤਿਸ਼ਾਹ ਬਕਾਲਾ, ਪਟਨਾ ਸਾਹਿਬ ਤੇ ਚੱਕ ਨਾਨਕੀ, ਦਸਵੇਂ ਪਾਤਿਸ਼ਾਹ ਚੱਕ ਨਾਨਕੀ, ਪਾਉਂਟਾ, ਅਨੰਦਪੁਰ, ਤਲਵੰਡੀ ਸਾਬੋ ਅਤੇ ਨੰਦੇੜ ਤੋਂ 'ਅਕਾਲ ਤਖ਼ਤ ਸਾਹਿਬ' ਦੀ ਕਾਰਵਾਈ ਚਲਾਉਂਦੇ ਰਹੇ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਬਣ ਜਾਂਦਾ ਕਿ ਗੁਰੂ ਸਾਹਿਬ ਨੇ ਕੇਸਗੜ੍ਹ ਸਾਹਿਬ, ਪਟਨਾ ਸਾਹਿਬ, ਦਮਦਮਾ ਸਾਹਿਬ (ਤਲਵੰਡੀ ਸਾਬੋ) ਤੇ ਨੰਦੇੜ ਸਾਹਿਬ ਵਿਚ 'ਨਵੇਂ' ਤਖ਼ਤ ਕਾਇਮ ਕੀਤੇ ਸਨ। ਜੇ ਇਹ ਗੱਲ ਮੰਨ ਲਈ ਜਾਏ ਤਾਂ ਇਸ ਮੁਤਾਬਿਕ ਕੀਰਤਪੁਰ, ਬਕਾਲਾ, ਚੱਕ ਨਾਨਕੀ ਤੇ ਪਾਉਂਟਾ ਸਾਹਿਬ ਵਿਚ ਵੀ ਖ਼ਾਲਸਾ ਪੰਥ ਦੇ ਤਖ਼ਤ ਮੰਨੇ ਜਾਣਗੇ।

ਅਸੂਲੀ ਤੌਰ 'ਤੇ ਵੀ ਵੇਖਿਆ ਜਾਵੇ ਤਾਂ ਅਕਾਲ ਤਖ਼ਤ ਦੇ ਬਰਾਬਰ ਕੋਈ ਤਖ਼ਤ ਹੋ ਹੀ ਨਹੀਂ ਸਕਦਾ। ਉਸ ਤਖ਼ਤ ਦੇ ਬਰਾਬਰ ਤਾਂ ਕੀ ਉਸ ਤੋਂ ਘੱਟ ਤਾਕਤ ਜਾਂ ਨਾਮ-ਨਿਹਾਦ ਤਾਕਤ ਵਾਲਾ ਤਖ਼ਤ ਵੀ ਨਹੀਂ ਹੋ ਸਕਦਾ ਕਿਉਂਕਿ ਅਕਾਲ ਪੁਰਖ ਦੇ ਬਰਾਬਰ ਦੀ ਜਾਂ ਉਸ ਦੇ ਮੁਕਾਬਲੇ ਵਿਚ ਕੋਈ ਵੀ ਹਸਤੀ ਨਹੀਂ ਹੋ ਸਕਦੀ। ਇਸ ਕਰ ਕੇ, ਦਰਅਸਲ, ਸਿੱਖਾਂ ਦਾ ਇਕੋ-ਇਕ ਤਖ਼ਤ ਹੈ ਤੇ ਉਹ ਹੈ ਅਕਾਲ ਤਖ਼ਤ ਸਾਹਿਬ।

ਅਖੌਤੀ ਨਾਨਕਸ਼ਾਹੀ ਕੈਲੰਡਰ

28 ਮਾਰਚ 2003 ਦੇ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ 11 ਮੈਂਬਰੀ ਕਮੇਟੀ ਦੀ ਬਹੁ-ਸੰਮਤੀ ਨੇ ਕੈਨੇਡਾ ਦੇ ਪਾਲ ਸਿੰਘ ਪੁਰੇਵਾਲ ਦਾ ਤਿਆਰ ਕੀਤਾ ਕੈਲੰਡਰ ਮਨਜ਼ੂਰ ਕਰ ਲਿਆ। ਇਸ ਮੀਟਿੰਗ ਵਿਚ ਇਸ ਕੈਲੰਡਰ ਨੂੰ ਸਰਬ ਸੰਮਤੀ ਨਾਲ ਪਾਸ ਨਹੀਂ ਸੀ ਕੀਤਾ ਗਿਆ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੀ ਆਪਣੀ ਬਣਾਈ ਕਮੇਟੀ ਦੇ ਕਈ ਮੈਂਬਰਾਂ ਨੇ ਵੀ ਇਸ ਕੈਲੰਡਰ ਦੀ ਮੁਖ਼ਾਲਫ਼ਤ ਕੀਤੀ ਸੀ ਤੇ ਇਸ ਨੂੰ ਨਾ-ਮਨਜ਼ੂਰ ਕੀਤਾ ਸੀ। ਸਾਡਾ ਸਾਰਿਆਂ ਦਾ ਵਿਚਾਰ ਸੀ ਕਿ ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਸਿੱਖ ਕੈਲੰਡਰ ਅਖਵਾਉਣ ਦਾ ਹੱਕਦਾਰ ਨਹੀਂ ਹੋ ਸਕਦਾ।

ਮੈਂ ਤਾਂ ਪੁਰੇਵਾਲ ਦੇ 1997 ਵਿਚ ਬਣਾਏ ਕੈਲੰਡਰ ਨੂੰ ਪਹਿਲੋਂ ਵੀ ਰੱਦ ਕਰ ਚੁੱਕਾ ਸੀ। ਇਸ ਮਗਰੋਂ 2002 ਦੇ ਅਖ਼ੀਰ ਵਿਚ ਤੇ 2003 ਦੇ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀਆਂ ਮੀਟਿੰਗਾਂ ਵਿਚ ਵੀ ਸਿੱਖ ਕੈਲੰਡਰ ਬਾਰੇ ਵਿਚਾਰਾਂ ਹੋਈਆਂ। ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਕਮੇਟੀ ਦੇ ਚੇਅਰਮੈਨ ਡਾਕਟਰ ਦਰਸ਼ਨ ਸਿੰਘ ਨੇ ਫ਼ਰਵਰੀ 2003 ਵਿਚ ਮੇਰੇ ਨਾਲ ਇਸ ਕੈਲੰਡਰ ਬਾਰੇ ਵਿਚਾਰਾਂ ਕੀਤੀਆਂ। ਮੈਂ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਿਛੋਕੜ ਵਿਚਲਾ ਅਸਲ ਨਕਸ਼ਾ ਦੱਸਿਆ ਤਾਂ ਉਨ੍ਹਾਂ ਨੇ ਇਸ ਬਾਰੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਗੱਲਬਾਤ ਕਰਨ ਦਾ ਵਾਅਦਾ ਕੀਤਾ। ਇਕ ਮੀਟਿੰਗ ਮਗਰੋਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਅਸੀਂ (ਧਰਮ ਪ੍ਰਚਾਰ ਕਮੇਟੀ ਨੇ) ਗਰੈਗੋਰੀਅਨ ਕੈਲੰਡਰ ਹੀ ਲਾਗੂ ਕਰਨ ਅਤੇ ਗੁਰਪੁਰਬਾਂ ਦੀਆਂ ਪੱਕੀਆਂ ਤਾਰੀਖ਼ਾਂ ਨੀਅਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਿਵੇਂ ਗੁਰੂ ਨਾਨਕ ਸਾਹਿਬ ਦਾ ਪੁਰਬ 1469 ਵਿਚ ਕੱਤਕ ਦੀ ਪੂਰਨਮਾਸ਼ੀ ਦੇ ਦਿਨ 20 ਅਕਤੂਬਰ 1469 ਨੂੰ ਸੀ; ਸੋ ਇਹ ਦਿਨ ਹਰ ਸਾਲ 20 ਅਕਤੂਬਰ ਨੂੰ ਮਨਾਇਆ ਜਾਇਆ ਕਰੇਗਾ। ਇੰਜ ਹੀ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਹਰ ਸਾਲ 30 ਮਈ, ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਇਆ ਕਰੇਗਾ। ਉਨ੍ਹਾਂ ਦੱਸਿਆ ਕਿ ਗਰੈਗੋਰੀਅਨ ਮਹੀਨਿਆਂ ਦੇ ਨਾਲ ਨਾਲ ਬਿਕ੍ਰਮੀ ਮਹੀਨਿਆਂ ਦੇ ਨਾਂ ਵੀ ਦੇ ਦਿੱਤੇ ਜਾਇਆ ਕਰਨਗੇ। ਹਾਲਾਂਕਿ ਮੈਂ ਬਿਕ੍ਰਮੀ ਮਹੀਨਿਆਂ ਦੇ ਨਾਂ ਦੇਣ ਦੇ ਖ਼ਿਲਾਫ਼ ਸੀ, ਪਰ ਮੈਂ ਉਨ੍ਹਾਂ ਨੂੰ ਇਸ ਦੀ ਵਧਾਈ ਦਿੱਤੀ ਤੇ ਕਿਹਾ ਕਿ ਹੁਣ ਕੈਲੰਡਰ ਦਾ ਝਗੜਾ ਸਦਾ ਵਾਸਤੇ ਖ਼ਤਮ ਹੋ ਜਾਵੇਗਾ। ਇਸ ਦੇ ਨਾਲ ਹੀ ਸਿੱਖ ਸਾਰੀ ਦੁਨੀਆ ਦੇ ਕੌਮਾਂਤਰੀ ਕੈਲੰਡਰ ਨਾਲ ਵੀ ਜੁੜ ਜਾਣਗੇ ਤੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਰੌਲ ਘਚੌਲਾ ਵੀ ਸਦਾ ਵਾਸਤੇ ਮੁਕ ਜਾਵੇਗਾ।

21 ਮਾਰਚ 2003 ਦੇ ਦਿਨ ਮੈਂ ਦਿੱਲੀ ਗੁਰਦੁਆਰਾ ਕਮੇਟੀ ਦੇ ਸਮਾਗਮ ਵਿਚ ਹੋਲਾ ਮਹੱਲਾ ਦੇ ਸਬੰਧ ਵਿਚ ਲੈਕਚਰ ਕਰਨ ਗਿਆ ਹੋਇਆ ਸੀ ਤਾਂ ਉੱਥੇ ਫ਼ੋਨ 'ਤੇ ਡਾਕਟਰ ਦਰਸ਼ਨ ਸਿੰਘ ਜੀ ਨੇ ਮੈਨੂੰ ਕਿਹਾ ਕਿ ਸਿੱਖ ਤਵਾਰੀਖ਼ ਦੀਆਂ ਕੁਝ ਤਾਰੀਖ਼ਾਂ ਦਾ ਮਸਲਾ ਹੈ ਤੇ ਮੈਂ (ਡਾਕਟਰ ਦਿਲਗੀਰ) ਵੀ ਇਸ ਵਿਚ ਮਦਦ ਕਰਨ ਵਾਸਤੇ ਕੈਲੰਡਰ ਕਮੇਟੀ ਦੀ 23 ਤਾਰੀਖ਼ ਨੂੰ ਹੋਣ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਵਾਂ। ਹਾਲਾਂਕਿ ਮੈਂ *ਸਿੱਖ ਐਨਸਾਈਕਲੋਪੀਡੀਆ* ਦੀ ਸੀ.ਡੀ. ਤਿਆਰ ਕਰਨ ਵਿਚ ਰੁਝਿਆ ਹੋਇਆ ਸੀ ਤੇ ਮੇਰੇ ਕੋਲ ਸਮਾਂ ਨਹੀਂ ਸੀ, ਪਰ ਕਿਉਂਕਿ ਮੇਰੇ ਦਿਮਾਗ਼ ਵਿਚ ਇਹ ਨਕਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਗਰੈਗੋਰੀਅਨ ਕੈਲੰਡਰ ਵਾਲਾ ਫ਼ਾਰਮੂਲਾ ਮੰਨ ਲਿਆ ਹੈ, ਸੋ ਮੈਂ ਸ਼੍ਰੋਮਣੀ ਕਮੇਟੀ ਦੀ ਕੈਲੰਡਰ ਕਮੇਟੀ ਦੀ ਸਬ-ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਵਾਸਤੇ ਰਾਜ਼ੀ ਹੋ ਗਿਆ।

23 ਮਾਰਚ 2003 ਦੇ ਦਿਨ ਇਹ ਮੀਟਿੰਗ ਡਾਕਟਰ ਤ੍ਰਿਲੋਚਨ ਸਿੰਘ ਦੇ ਬੇਟੇ ਸ: ਅਨੁਰਾਗ ਸਿੰਘ ਦੇ ਘਰ ਲੁਧਿਆਣਾ ਵਿਚ ਹੋਈ। ਇਸ ਮੀਟਿੰਗ ਵਿਚ ਸ: ਅਨੁਰਾਗ ਸਿੰਘ ਤੇ ਮੇਰੇ ਤੋਂ ਇਲਾਵਾ ਡਾਕਟਰ ਦਰਸ਼ਨ ਸਿੰਘ, ਡਾਕਟਰ ਕਿਰਪਾਲ ਸਿੰਘ, ਪਾਲ ਸਿੰਘ ਪੁਰੇਵਾਲ ਵੀ ਸ਼ਾਮਿਲ ਸਨ। ਇਸ ਮੌਕੇ 'ਤੇ ਅਸੀਂ ਕੁਝ ਤਾਰੀਖ਼ਾਂ ਵੀ ਸਹੀ ਕੀਤੀਆਂ, ਪਰ ਬਾਅਦ ਵਿਚ ਪਤਾ ਲੱਗਾ ਕਿ ਪਾਲ ਸਿੰਘ ਪੁਰੇਵਾਲ ਨੇ ਉਨ੍ਹਾਂ ਵਿੱਚੋਂ ਕਈ ਬਦਲ ਲਈਆਂ ਸਨ। ਮੀਟਿੰਗ ਦੇ ਅਖ਼ੀਰ ਵਿਚ ਪਤਾ ਲੱਗਾ ਕਿ ਪਾਲ ਸਿੰਘ ਤਾਂ ਇਸ ਨੂੰ ਬਿਕ੍ਰਮੀ ਕੈਲੰਡਰ ਵਰਗਾ ਹੀ (ਚੇਤਰ ਵਿਸਾਖ ਹੀ ਨਹੀਂ ਬਲਕਿ ਸੰਗਰਾਂਦਾਂ, ਮੱਸਿਆ ਤੇ ਪੂਰਨਮਾਸ਼ੀਆਂ ਵੀ) ਬਣਾ ਰਿਹਾ ਸੀ ਤਾਂ ਮੈਂ ਉਸੇ ਮੌਕੇ ਹੀ ਇਸ ਦੀ ਮੁਖ਼ਾਲਫ਼ਤ ਕੀਤੀ, ਪਰ ਪੁਰੇਵਾਲ ਤਾਂ ਕਿਸੇ ਸਕੀਮ ਹੇਠ ਹੀ ਕੰਮ ਕਰ ਰਿਹਾ ਸੀ ਤੇ ਕੈਲੰਡਰ ਕਮੇਟੀ ਨੂੰ ਉਸ ਦੀ ਸਾਜ਼ਿਸ਼ ਦਾ ਪਤਾ ਹੀ ਨਹੀਂ ਸੀ ਲੱਗ ਰਿਹਾ।

ਮੈਂ 23 ਤਾਰੀਖ਼ ਦੀ ਲੁਧਿਆਣਾ ਵਿਚ ਹੋਈ ਮੀਟਿੰਗ ਵਿਚ ਵੀ ਤੇ 29 ਮਾਰਚ ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਈ। ਮੀਟਿੰਗ ਵਿਚ ਵੀ ਵਾਰਨਿੰਗ ਦਿੱਤੀ ਸੀ ਕਿ ਜੋ ਕੈਲੰਡਰ ਪਾਲ ਸਿੰਘ ਪੁਰੇਵਾਲ ਨੇ ਬਣਾਇਆ ਹੈ, ਉਹ ਸਿੱਖਾਂ ਨੂੰ ਪੱਕੇ ਬਿਪਰਨ (ਬ੍ਰਾਹਮਣਵਾਦੀ) ਬਣਾਉਂਦਾ ਹੈ ਤੇ ਅਫ਼ਸੋਸ ਦਾ ਮੁਕਾਮ ਹੈ ਕਿ ਉਸ 'ਤੇ ਮੋਹਰ ਸ਼੍ਰੋਮਣੀ ਕਮੇਟੀ ਲਾ ਰਹੀ ਹੈ। ਇਹ ਪਾਪ ਸਿੱਖ ਤਵਾਰੀਖ਼ ਮੁਆਫ਼ ਨਹੀਂ ਕਰੇਗੀ। ਪਰ ਪੁਰੇਵਾਲ ਦੀ ਪਲਾਨਿੰਗ ਏਨੀ ਜ਼ਬਰਦਸਤ ਸੀ ਕਿ ਸ਼੍ਰੋਮਣੀ ਕਮੇਟੀ ਦੇ ਚੌਧਰੀ ਤੇ ਕੈਲੰਡਰ ਕਮੇਟੀ ਦੇ ਬਹੁਤੇ ਮੈਂਬਰ ਉਸ ਦੀ ਮੁੱਠੀ ਵਿਚ ਸਨ ਤੇ ਇਸ ਸੂਰਤ ਵਿਚ ਇਸ ਧੱਕੇ ਨੂੰ ਕੋਈ ਨਹੀਂ ਸੀ ਰੋਕ ਸਕਦਾ।

ਬ੍ਰਾਹਮਣਵਾਦੀ ਕੈਲੰਡਰ

ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਨਾਨਕਸ਼ਾਹੀ ਜਾਂ ਸਿੱਖ ਕੈਲੰਡਰ ਨਹੀਂ ਹੈ। ਇਹ ਪੰਥ ਦੀ ਕਿਸੇ ਤਰੀਕੇ ਨਾਲ ਵੀ ਨੁਮਾਇੰਗੀ ਨਹੀਂ ਕਰਦਾ, ਬਲਕਿ ਇਹ ਤਾਂ ਸਿੱਖ ਧਰਮ ਵਿਚ ਬ੍ਰਾਹਮਣਵਾਦ ਦੀਆਂ ਜੜ੍ਹਾਂ ਸਦਾ ਵਾਸਤੇ ਮਜ਼ਬੂਤ ਕਰਦਾ ਹੈ। ਪਾਲ ਸਿੰਘ ਦੇ ਕੈਲੰਡਰ ਦੇ ਮਹੀਨਿਆਂ ਦੇ ਨਾਂ 'ਚੇਤਰ ਵਿਸਾਖ' ਤਾਂ ਬਿਕ੍ਰਮੀ ਕੈਲੰਡਰ ਦੇ ਹਨ। ਇਹ ਕਹਿਣਾ ਬੇਹੂਦਾ ਗੱਲ ਹੈ ਕਿ ਕਿਉਂਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ

'ਬਾਰਹਮਾਹ' ਬਾਣੀ ਵਿਚ ਇਹ ਤਾਂ ਦਿੱਤੇ ਹਨ ਤੇ ਇਹ ਨਾਂ ਗੁਰੂ ਸਾਹਿਬ ਵੱਲੋਂ ਪ੍ਰਵਾਨ ਹੋਏ ਸਨ। ਪਰ ਇਹ ਗ਼ਲਤ ਦਲੀਲ ਹੈ। ਗੁਰੂ ਸਾਹਿਬ ਨੇ ਤਾਂ ਬਾਰਹਮਾਹ ਕਾਵਿ ਰੂਪ ਵਰਤਿਆ ਸੀ ਤੇ ਉਨ੍ਹਾਂ ਨੇ ਚਾਲੂ ਬਿਕ੍ਰਮੀ ਕੈਲੰਡਰ ਦੇ ਮਹੀਨਿਆਂ ਦਾ ਬਾਰਹਮਾਹ ਕਾਵਿ-ਰੂਪ ਲਿਆ ਸੀ। ਇੰਞ ਤਾਂ ਉਨ੍ਹਾਂ ਨੇ ਥਿਤੀਆਂ, ਸੀਹਰਫ਼ੀਆਂ ਵੀ ਵਰਤੀਆਂ, ਪੱਟੀ ਵੀ ਲਿਖੀ ਸੀ। ਕੀ ਅਸੀਂ ਗੁਰੂ ਸਾਹਿਬ ਦੀ ਪੱਟੀ ਦੇ ਆਧਾਰ 'ਤੇ ਗੁਰਮੁਖੀ ਦਾ ਸਿੱਖ ਰੂਪ ਕਰ ਕੇ ਗੁਰਮੁਖੀ ਲਿੱਪੀ ਨੂੰ 'ੳ' ਦੀ ਥਾਂ 'ਸ' ਤੋਂ ਸ਼ੁਰੂ ਕਰਿਆ ਕਰੀਏ ?

ਦੂਜਾ ਪਾਲ ਸਿੰਘ ਦੇ ਬਣਾਏ ਕੈਲੰਡਰ ਵਿਚ ਸੰਗਰਾਂਦਾ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਵੀ ਬਿਕ੍ਰਮੀ ਵਾਂਗ ਦਿੱਤੀਆਂ ਹੋਈਆਂ ਹਨ। ਇਹ ਕੁਝ ਤਾਂ ਉਸ ਦੇ 1997 ਦੇ ਕੈਲੰਡਰ ਵਿਚ ਵੀ ਨਹੀਂ ਸੀ। ਕੀ ਸੰਗਰਾਂਦਾ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਸਿੱਖਾਂ ਦੇ ਤਿਉਹਾਰ ਹਨ ? ਪਰ ਪੁਰੇਵਾਲ ਦੀ ਸਾਜ਼ਿਸ਼ ਅਤੇ ਬਡੂੰਗਰ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਕਮੇਟੀ ਨੇ ਇਹ ਬ੍ਰਾਹਮਣਵਾਦੀ ਦਿਹਾੜਿਆਂ ਤੇ ਸ਼੍ਰੋਮਣੀ ਕਮੇਟੀ ਦੀ ਪੱਕੀ ਮੋਹਰ ਲਾ ਕੇ ਇਸ ਪੰਥ ਨੂੰ ਪੱਗਾਂ ਵਾਲੇ ਬ੍ਰਾਹਮਣਵਾਦੀਆਂ ਦਾ ਧਰਮ ਬਣਾ ਦਿੱਤਾ ਹੈ।

ਇਹ ਕੈਲੰਡਰ ਬਿਕ੍ਰਮੀ ਕੈਲੰਡਰ ਦਾ ਸੂਰਜੀਕਰਣ ਹੈ

ਪਾਲ ਸਿੰਘ ਦਾ ਕੈਲੰਡਰ ਬਿਕ੍ਰਮੀ ਕੈਲੰਡਰ ਤੋਂ ਕਿੰਨਾ ਵੱਖਰਾ ਹੈ, ਆਓ ਵੇਖੀਏ! ਪਾਲ ਸਿੰਘ ਦਾ ਕੈਲੰਡਰ ਚੰਨ ਦੀ ਥਾਂ ਸੂਰਜ ਦੀ ਚਾਲ ਨਾਲ ਦਿਨ ਗਿਣਦਾ ਹੈ ਤੇ ਇਸ ਨੂੰ ਉਹ ਅੰਮ੍ਰਿਤਸਰ ਦੇ ਵਕਤ ਦਾ ਨਾਲ ਚਲਾਉਂਦਾ ਹੈ। ਇਸ ਵਿਚ ਸਿੱਖੀ ਕਿੱਥੇ ਹੈ ? ਨਾਨਕਸ਼ਾਹੀ ਤਾਂ ਨਾਨਕਾਣਾ ਸਾਹਿਬ ਤੋਂ ਬਣਨਾ ਸੀ, ਨਾ ਕਿ ਅੰਮ੍ਰਿਤਸਰ ਤੋਂ। ਖ਼ੈਰ, ਜੇ ਨਾਨਕਾਣਾ ਤੋਂ ਵੀ ਸਮਾਂ ਗਿਣ ਲਈਏ ਤਾਂ ਕੀ ਸੂਰਜ ਦੇ ਹਿਸਾਬ ਨਾਲ ਬਿਕ੍ਰਮੀ ਕੈਲੰਡਰ ਬਦਲ ਲੈਣ ਨਾਲ ਬਿਕ੍ਰਮੀ ਕੈਲੰਡਰ ਸਿੱਖ ਕੈਲੰਡਰ ਕਿਵੇਂ ਹੋ ਗਿਆ ? ਇਸ ਤਾਂ *"ਸੂਰਜੀਕਰਣ ਵਾਲਾ ਬਿਕ੍ਰਮੀ ਕੈਲੰਡਰ"* ਹੀ ਹੋਇਆ ਨਾ ਕਿ ਸਿੱਖ ਕੈਲੰਡਰ। ਕੀ ਸਿਰਫ਼ ਸੂਰਜੀਕਰਣ ਹੋਣਾ ਹੀ ਸਿੱਖ ਹੈ?

ਪੁਰੇਵਾਲ ਦਾ ਕੈਲੰਡਰ ਸਿੱਖ ਹਿਸਟਰੀ ਵੀ ਵਿਗਾੜਦਾ ਹੈ

ਪੁਰੇਵਾਲ ਦੇ ਕੈਲੰਡਰ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਦਾ ਜੋਤੀ ਜੋਤਿ ਸਮਾਉਣਾ 19 ਮਾਰਚ ਨੂੰ ਆਇਆ ਕਰੇਗਾ, ਪਰ ਅਸੀਂ ਕਿਤਾਬਾਂ 'ਚੋਂ 3 ਮਾਰਚ 1644 ਪੜ੍ਹਿਆ ਕਰਾਂਗੇ। ਇੰਞ ਹੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ 30 ਮਈ ਥਾਂ 16 ਜੂਨ ਨੂੰ ਮਨਾਇਆ ਕਰਾਂਗੇ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ 11 ਨਵੰਬਰ ਦੀ ਥਾਂ 24 ਨਵੰਬਰ ਨੂੰ, ਸ਼੍ਰੋਮਣੀ ਕਮੇਟੀ ਦੀ ਕਾਇਮੀ 15 ਨਵੰਬਰ 1920 ਦੀ ਥਾਂ 14 ਨਵੰਬਰ ਨੂੰ ਮਨਾਇਆ ਕਰਾਂਗੇ ਤੇ ਹੋਰ ਵੀ ਕਈ ਕੁਝ। ਬਿਕ੍ਰਮੀ ਮੁਤਾਬਿਕ ਮਨਾਉਂਦਿਆਂ ਤਾਂ ਦਲੀਲ ਸੀ ਕਿ ਉਸ ਨੂੰ ਬਦਲਣ (Convert ਕਰਨ) ਵਿਚ ਫ਼ਰਕ ਪੈਂਦਾ ਹੈ। ਪੁਰੇਵਾਲ ਦੇ ਕੈਲੰਡਰ ਨੂੰ ਤਾਂ ਸੂਰਜੀ ਕੈਲੰਡਰ ਕਹਿੰਦੇ ਨੇ ਫਿਰ ਉਸ ਵਿਚ ਕਿਉਂ ਫ਼ਰਕ ਪੈਂਦਾ ਹੈ। ਦਰਅਸਲ ਇਹ ਸਭ ਘਾਲਾ-ਮਾਲਾ, ਉਲਝਣ, ਭੁਲੇਖਾ-ਪਾਊ, ਤਵਾਰੀਖ਼-ਵਿਗਾੜ ਕੈਲੰਡਰ ਹੈ, ਹੋਰ ਕੁਝ ਨਹੀਂ।

ਅਖੌਤੀ ਸੰਤ ਸਮਾਜ ਨੇ ਕਿਵੇਂ ਮੰਨਿਆ ?

ਜਿਸ ਅਖੌਤੀ ਸੰਤ ਸਮਾਜ (ਕਸ਼ਮੀਰਾ ਸਿੰਘ, ਮੰਗਲ ਸਿੰਘ ਗਰੁੱਪ) ਨੇ 1997 ਦੇ ਕੈਲੰਡਰ ਨੂੰ ਬਿਲਕੁਲ ਰੱਦ ਕੀਤਾ ਸੀ, ਉਸੇ ਗਰੁੱਪ ਨੇ ਅਤੇ ਸੰਤਾ ਸਿੰਘ ਨਿਹੰਗ ਗਰੁੱਪ (ਜਿਸ ਨੂੰ 1984 ਵਿਚ ਪੰਥ 'ਚੋਂ ਖ਼ਾਰਿਜ ਕੀਤਾ ਗਿਆ ਸੀ) ਨੇ ਤੇ ਨਿਰਮਲਿਆਂ ਨੇ 28 ਮਾਰਚ ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਈ ਮੀਟਿੰਗ ਵਿਚ ਪਾਲ ਸਿੰਘ ਦੇ ਕੈਲੰਡਰ ਦੀ ਸਭ ਤੋਂ ਵੱਧ ਤੇ ਰੱਜਵੀਂ ਹਿਮਾਇਤ ਕੀਤੀ। ਉਹ ਤਾਂ ਇਸ ਦੀ ਹਿਮਾਇਤ ਵਿਚ ਏਨੇ ਉਛਲ ਰਹੇ ਸਨ ਕਿ ਉਹ ਤਾਂ ਪਟਨਾ ਤੇ ਹਜ਼ੂਰ ਸਾਹਿਬ ਵਾਲਿਆਂ ਨੂੰ ਵੀ ਇਸ ਵਾਸਤੇ ਮਨਾਉਣ ਵਾਸਤੇ ਆਪਣੀਆਂ ਸੇਵਾਵਾਂ ਪੇਸ਼ ਕਰ ਰਹੇ ਸਨ। ਇਹ ਕਿਵੇਂ ਹੋਇਆ ? ਦਰਅਸਲ ਇਹ ਸਾਰਾ ਕੁਝ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ ਦੀ ਪਲਾਨਿੰਗ ਨਾਲ ਹੋਇਆ ਹੈ। ਉਨ੍ਹਾਂ ਨੇ ਇਸ ਕੈਲੰਡਰ ਨੂੰ ਬਿਕ੍ਰਮੀ ਕੈਲੰਡਰ ਦਾ ਸੂਰਜੀਕਰਣ ਕਰਵਾ ਕੇ ਤੇ ਬਿਪਰਨ (ਬ੍ਰਾਹਮਣਵਾਦੀ) ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਨੂੰ ਪੰਥ ਦੀ ਮੁਹਰ ਲੁਆਉਣ ਵਾਸਤੇ ਪੁਰੇਵਾਲ ਨੂੰ ਤਿਆਰ ਕੀਤਾ। ਇਹ ਮੂਲਵਾਦੀ ਹਿੰਦੂ ਜਮਾਤਾਂ ਦੀ ਇਕ ਬੜੀ ਵੱਡੀ ਕਾਮਯਾਬੀ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਬੇਵਕੂਫ਼ ਵੀ ਬਣਾ ਲਿਆ ਤੇ ਪਤਾ ਵੀ ਨਹੀਂ ਲਗਣ ਦਿੱਤਾ ਤੇ ਸਗੋਂ ਸਿੱਖਾਂ ਕੋਲੋਂ ਇਸ ਸੂਰਜੀਕਰਣ ਵਾਲੇ ਬਿਕ੍ਰਮੀ ਕੈਲੰਡਰ ਨੂੰ ਪੰਥ ਦਾ 'ਨਿਆਰਾਪਣ' ਵਾਲਾ ਕੈਲੰਡਰ ਵੀ ਅਖਵਾ ਲਿਆ। ਧੰਨ ਬੂਝੜ ਸਿੱਖ ਚੌਧਰੀ ਜਿਨ੍ਹਾਂ ਨੂੰ ਪਤਾ ਵੀ ਨਾ ਲੱਗਿਆ ਕਿ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰਸ਼ੀਦ ਤੇ ਸ਼ਿਵ ਸੈਨਾ ਨੇ ਪਾਲ ਸਿੰਘ ਪੁਰੇਵਾਲ ਰਾਹੀਂ ਕਿੰਨੀ ਵੱਡੀ ਮਾਰ ਸਿੱਖਾਂ ਨੂੰ ਮਾਰੀ ਹੈ। ਹੈਰਾਨੀ ਤਾਂ ਇਸ ਕੈਲੰਡਰ ਦੇ ਹਿਮਾਇਤੀ ਕੁਝ ਅਖੌਤੀ ਸਿੱਖ ਬੁੱਧੀਜੀਵੀਆਂ 'ਤੇ ਹੈ, ਜਿਨ੍ਹਾਂ ਨੂੰ ਇਸ ਸਾਜ਼ਿਸ਼ ਦਾ ਪਤਾ ਤਕ ਨਾ ਲੱਗ ਸਕਿਆ (ਹੁਣ ਸ਼ਾਇਦ ਸਮਝ ਗਏ ਹੋਣ ?)। ਮੈਂ ਉਨ੍ਹਾਂ ਤੋਂ ਹੀ ਪੁੱਛਦਾ ਹਾਂ ਕਿ ਉਹ ਦੱਸਣ ਕਿ ਇਸ ਕੈਲੰਡਰ ਵਿਚ 'ਸਿੱਖ, ਪੰਥਕ' ਕਿਹੜਾ ਹਿੱਸਾ ਜਾਂ ਨੁਕਤਾ ਹੈ ?

ਇਸ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ, ਜਿਹੜੀਆਂ ਵੱਖਰੇ ਸਿੱਖ ਕੈਲੰਡਰ ਦਾ ਰੱਜ ਕੇ ਵਿਰੋਧ ਕਰਦੀਆਂ ਸਨ ਨੇ ਇਸ ਦੇ 28 ਮਾਰਚ ਨੂੰ ਪਾਸ ਹੋਣ ਦਾ ਜ਼ਰਾ ਮਾਸਾ ਵੀ ਵਿਰੋਧ ਨਾ ਕੀਤਾ। ਕੀ ਇਹ ਸਾਬਿਤ ਨਹੀਂ ਕਰਦਾ ਕਿ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਾਸ ਹੋਣ 'ਤੇ ਕੋਈ ਸ਼ਿਕਾਇਤ ਨਹੀਂ (ਬਲਕਿ ਖ਼ੁਸ਼ੀ) ਹੈ।

ਪੁਰੇਵਾਲ ਦਾ ਕੈਲੰਡਰ ਕਿੰਨੇ ਚਿਰ ਵਿਚ ਬਣਿਆ ?

ਇਕ ਹੋਰ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੁਰੇਵਾਲ ਦੇ ਇਸ ਕੈਲੰਡਰ ਨੂੰ ਤਿਆਰ ਕਰਨ ਵਾਸਤੇ 20 ਸਾਲ ਲਾਏ ਹਨ। ਬੀਬੀ ਕਿਰਨਜੀਤ ਕੌਰ ਨੇ ਤਾਂ 40 ਸਾਲ ਕਹਿ ਦਿੱਤਾ ਹੈ, ਜਦ ਕਿ ਬਿਕ੍ਰਮੀ ਕੈਲੰਡਰ ਦਾ ਸੂਰਜੀਕਰਣ ਕਰਨ ਦਾ ਕੰਮ ਵੱਧ ਤੋਂ ਵੱਧ 8-10 ਘੰਟਿਆਂ ਦਾ ਹੈ। ਇਹ ਕੰਮ ਕੋਈ ਦਸ ਪਾਸ ਬੱਚਾ ਵੀ ਕੁਝ ਘੰਟਿਆਂ ਵਿਚ ਕਰ ਸਕਦਾ ਹੈ। ਇਸ ਬਾਰੇ ਪੂਰੀ ਤਫ਼ਸੀਲ ਸ: ਅਨੁਰਾਗ ਸਿੰਘ ਦੇ ਚੁੱਕੇ ਹਨ (ਵੇਖੋ *ਸੰਤ ਸਿਪਾਹੀ*, ਮਈ 2003 ਵਿਚ ਉਨ੍ਹਾਂ ਦਾ 'ਅੱਖਾਂ ਖੋਲ੍ਹਣ ਵਾਲਾ' ਲੇਖ)।

ਮਸਲਾ ਹੱਲ ਕਿਵੇਂ ਕੀਤਾ ਜਾਵੇ ?

ਹੁਣ ਸਵਾਲ ਹੈ ਕਿ ਸਿੱਖ ਕੈਲੰਡਰ ਦਾ ਮਸਲਾ ਹੱਲ ਕਿਵੇਂ ਕੀਤਾ ਜਾਵੇ ? ਉਂਞ ਤਾਂ ਬਿਕ੍ਰਮੀ ਕੈਲੰਡਰ ਮੁਤਾਬਿਕ ਦਿਨ ਮਨਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਤੇ ਇਹ ਵੀ ਗ਼ਲਤ ਹੈ ਕਿ ਸਾਨੂੰ ਬਿਕ੍ਰਮੀ ਮੁਤਾਬਿਕ ਦਿਨ ਕੱਢਣ ਵਾਸਤੇ ਪੰਡਤਾਂ 'ਤੇ ਮੁਨੱਸਰ ਹੋਣਾ ਪੈਂਦਾ ਹੈ। ਕੈਂਬਰਿਜ ਯੂਨੀਵਰਸਿਟੀ ਇੰਗਲੈਂਡ ਨੇ ਇਕ ਕਿਤਾਬ ਛਾਪੀ, ਜਿਸ ਵਿਚ 2001 ਤੋਂ 2025 ਤਕ ਦੀਆਂ ਬਿਕ੍ਰਮੀ ਤੇ ਗਰੈਗੋਰੀਅਨ (ਜਿਸ ਨੂੰ ਅਣਜਾਣ ਲੋਕ ਈਸਵੀ ਕਹਿ ਦੇਂਦੇ ਹਨ) ਕੈਲੰਡਰ ਆਹਮੋ-ਸਾਹਮਣੇ ਦਿੱਤੀਆਂ ਹੋਈਆਂ ਹਨ। ਪੁਰੇਵਾਲ ਇਹ ਕਿਤਾਬ ਹੀ ਵਰਤਦਾ ਰਿਹਾ ਹੈ ਤੇ ਉਹ 23 ਤਾਰੀਖ਼ ਦੀ ਮੀਟਿੰਗ ਵਿਚ ਇਹ ਕਿਤਾਬ ਲੈ ਕੇ ਵੀ ਆਇਆ ਸੀ ਤੇ ਮੈਨੂੰ ਦਿਖਾਈ ਵੀ ਸੀ। ਪਰ ਜੇ ਸਿੱਖ ਬਿਕ੍ਰਮੀ ਨੂੰ ਛੱਡਣਾ ਚਾਹੁੰਦੇ ਹਨ ਤਾਂ ਉਹ ਗਰੈਗੋਰੀਅਨ ਦੇ ਹਿਸਾਬ ਨਾਲ ਤਾਰੀਖ਼ਾਂ ਕੱਢ ਲੈਣ ਤੇ ਹਰ ਸਾਲ ਉਸੇ ਇਕ ਤਾਰੀਖ਼ 'ਤੇ ਮਨਾਉਂਦੇ ਰਹਿਣ (ਜਿਵੇਂ ਮੈਂ ਉਪਰ ਤੀਜੇ ਪੈਰੇ ਵਿਚ ਜ਼ਿਕਰ ਕੀਤਾ ਹੈ)। ਜੇ ਸਿੱਖਾਂ ਨੇ ਆਪਣਾ ਕੈਲੰਡਰ ਬਣਾਉਣਾ ਹੀ ਹੈ ਤਾਂ ਗਰੈਗੋਰੀਅਨ ਦਾ ਸਿੱਖ ਰੂਪ ਕੀਤਾ ਜਾ ਸਕਦਾ ਹੈ, ਯਾਨਿ 12 ਮਹੀਨਿਆਂ ਦੇ ਨਾਂ ਗੁਰੂ ਸਾਹਿਬ ਦੇ ਨਾਵਾਂ 'ਤੇ ਰੱਖੇ ਜਾ ਸਕਦੇ ਹਨ, ਜਿਵੇਂ ਜਨਵਰੀ ਤੋਂ ਅਕਤੂਬਰ ਤਕ 10 ਗੁਰੂਆਂ ਦੇ ਨਾਂ ਅਤੇ ਨਵੰਬਰ ਗੁਰੂ ਗ੍ਰੰਥ ਮਾਹ ਅਤੇ ਦਸੰਬਰ ਪੰਥ ਮਾਹ। ਇੰਞ ਲੋਕਾਂ ਨੂੰ ਗੁਰੂ ਸਾਹਿਬ ਦੇ ਨਾਂ ਤਾਂ ਚੇਤੇ ਹੋ ਜਾਇਆ ਕਰਨਗੇ। ਉਂਞ ਸਿੱਖਾਂ ਨੇ ਵਰਤਣਾਂ ਤਾਂ ਦੁਨੀਆ ਨਾਲ ਰਲ ਕੇ ਗਰੈਗੋਰੀਅਨ ਕੈਲੰਡਰ ਹੀ ਹੈ। ਪੁਰੇਵਾਲ ਦਾ ਕੈਲੰਡਰ ਤਾਂ ਸੰਗਰਾਂਦਾਂ, ਪੂਰਨਮਾਸ਼ੀਆਂ ਤੇ ਮੱਸਿਆ ਮਨਾਉਣ ਵਾਸਤੇ ਹੀ ਕੰਮ ਆਉਣਾ ਹੈ ਤੇ ਇਹ ਗੱਲ ਮੁੱਢੋਂ ਹੀ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਰੇਵਾਲ ਦਾ ਕੈਲੰਡਰ ਅ-ਪੰਥਕ ਕੰਮਾਂ ਵਾਸਤੇ ਹੀ ਰਹਿ ਜਾਂਦਾ ਹੈ; ਸੋ ਇਸ ਨੂੰ ਰੱਦ ਕਰਨਾ ਚਾਹੀਦਾ ਹੈ।

ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਵਿਚ ਇਹ ਗੱਲ ਅਫ਼ਸੋਸਨਾਕ ਲਫ਼ਜ਼ਾਂ ਵਿਚ ਲਿਖੀ ਜਾਵੇਗੀ ਕਿ ਇਸ ਨੇ ਇਕ ਸਿੱਖ ਵਿਰੋਧੀ, ਬ੍ਰਾਹਮਣਵਾਦੀ ਕੈਲੰਡਰ ਨੂੰ ਪਾਸ ਕਰਨ ਦਾ ਗੁਨਾਹ ਕੀਤਾ ਹੈ। ਇਸ ਕੈਲੰਡਰ ਦਾ ਇਕ ਹੋਰ ਨਤੀਜਾ ਇਹ ਵੀ ਨਿਕਲਿਆ ਕਿ ਜਿਹੜੇ ਸਿੱਖ ਪਹਿਲਾਂ ਸੰਗਰਾਂਦ, ਪੂਰਨਮਾਸ਼ੀ ਜਾਂ ਮੱਸਿਆ ਦੇ ਖ਼ਿਲਾਫ਼ ਪ੍ਰਚਾਰ ਕਰਦੇ ਸਨ (ਰਹਿਤ ਮਰਿਆਦਾ ਵਿਚ ਵੀ ਇਹੀ ਹਿਦਾਇਤ ਹੈ), ਉਹ ਵੀ ਹੁਣ ਸੰਗਰਾਂਦਾ, ਪੂਰਨਮਾਸ਼ੀਆਂ ਤੇ ਮੱਸਿਆਂ ਮਨਾਉਣ ਲੱਗ ਪਏ। ਇਸ ਦੇ ਨਾਲ ਹੀ ਦਰਬਾਰ ਸਾਹਿਬ ਵਿਚ 'ਮੋਟੇ ਅੱਖਰਾਂ ਵਿਚ' ਮੂੰਹ ਚਿੜਾਉਂਦੇ ਪੰਥ-ਦੁਸ਼ਮਣੀ ਵਾਲੇ ਬੋਰਡ ਲੱਗ ਗਏ, ਜਿਨ੍ਹਾਂ 'ਤੇ 'ਇਸ ਮਹੀਨੇ ਦੀ ਸੰਗਰਾਂਦ' ਅਤੇ ਸਾਲ ਦੀਆਂ ਸੰਗਰਾਂਦਾਂ, ਪੂਰਨਮਾਸ਼ੀਆਂ ਤੇ ਮੱਸਿਆਂ ਦਿੱਤੀ ਹੋਈਆਂ ਹਨ। ਇਹ ਪੰਥ ਨਾਲ ਦੁਸ਼ਮਣੀ ਨਹੀਂ ਤਾਂ ਹੋਰ ਕੀ ਹੈ ? ਇਸ ਪਾਪ ਦੇ ਵੱਡੇ ਭਾਗੀ ਜੋਗਿੰਦਰ ਸਿੰਘ ਵੇਦਾਂਤੀ, ਡਾ. ਖੜਕ ਸਿੰਘ, ਕਿਰਨਜੋਤ ਕੌਰ, ਪਾਲ ਸਿੰਘ ਪੁਰੇਵਾਲ, ਕਿਰਪਾਲ ਸਿੰਘ ਬਡੂੰਗਰ ਤੇ ਗੁਰਚਰਨ ਸਿੰਘ ਟੌਹੜਾ ਹਨ। ਤਵਾਰੀਖ਼ ਇਨ੍ਹਾਂ ਨੂੰ ਮੁਆਫ਼ ਨਹੀਂ ਕਰੇਗੀ।

ਅਕਾਲ ਤਖ਼ਤ ਸਾਹਿਬ ਦਾ ਪ੍ਰਗਟ ਹੋਣਾ
(1609 ਤੋਂ 1634)

ਇਹ ਨੁਕਤਾ ਬੜਾ ਅਹਿਮ ਹੈ ਕਿ ਇਹ ਤਖ਼ਤ ਛੇਵੀਂ ਪਾਤਿਸ਼ਾਹੀ, ਗੁਰੂ ਹਰਿਗੋਬਿੰਦ ਸਾਹਿਬ (19.6.1590—3.3.1644) ਨੇ ਪ੍ਰਗਟ ਕੀਤਾ ਸੀ ਪਰ ਉਨ੍ਹਾਂ ਨੇ ਇਸ ਨੂੰ ਸਿੱਖਾਂ ਦਾ ਤਖ਼ਤ ਆਖਣ ਦੀ ਬਜਾਇ ਅਕਾਲ ਪੁਰਖ ਦਾ ਤਖ਼ਤ ਕਿਉਂ ਆਖਿਆ ? ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਹੈ ਕਿ ਸਾਰੇ ਇਨਸਾਨ ਬਰਾਬਰ ਹਨ। ਕੋਈ ਹਾਕਮ, ਬਾਦਸ਼ਾਹ, ਚੌਧਰੀ ਨਹੀਂ। ਨਿਜ਼ਾਮ ਅਤੇ ਇੰਤਜ਼ਾਮ ਵਾਸਤੇ ਸੇਵਾਦਾਰਾਂ ਦੀ ਚੋਣ ਤੇ ਪਛਾਣ ਇਕ ਵੱਖਰੀ ਗੱਲ ਹੈ। ਦੂਜਾ, ਸਿੱਖ ਕਿਸੇ ਦੁਨਿਆਵੀ, ਵਕਤੀ, ਮਹਿਦੂਦ ਇਲਾਕੇ ਦੀ, ਅਖੌਤੀ ਤਾਕਤ ਦੀ ਹਸਤੀ ਕਬੂਲ ਨਹੀਂ ਕਰਦਾ। ਦੁਨੀਆਂ ਭਰ ਦੀ ਸਾਰੀ ਤਾਕਤ ਉਸ ਵਾਹਿਗੁਰੂ ਦੇ ਹੱਥ ਹੈ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕੀਤਾ ਸੀ ਤਾਂ ਉਨ੍ਹਾਂ ਨੇ ਇਸ ਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ, ਉਨ੍ਹਾਂ ਦੇ ਬੋਲਾਂ, ਉਨ੍ਹਾਂ ਦੀ ਸਿਖਿਆ ਦੇ ਮਾਅਨਿਆਂ ਵਿਚ ਹੀ ਪ੍ਰਗਟ ਕੀਤਾ ਸੀ। ਗੁਰੂ ਨਾਨਕ ਸਾਹਿਬ ਦਾ ਹੁਕਮ ਹੈ ਕਿ ਸਿਰਫ਼ ਵਾਹਿਗੁਰੂ ਹੀ ਅਸਲ ਬਾਦਸ਼ਾਹ ਹੈ, ਉਹ ਹੀ ਸੱਚਾ ਪਾਤਿਸ਼ਾਹ ਹੈ, ਸਿਰਫ਼ ਉਸ ਦਾ ਤਖ਼ਤ ਹੀ ਸੱਚਾ ਹੈ, ਸਿਰਫ਼ ਉਸ ਅੱਗੇ ਹੀ ਸਲਾਮ ਕਰਨਾ, ਸਜਦਾ ਕਰਨਾ ਬਣਦਾ ਹੈ ਤੇ ਸਿਰਫ਼ ਉਹ ਹੀ ਸੱਚਾ ਅਦਲੀ (ਇਨਸਾਫ਼ ਕਰਨ ਵਾਲਾ ਜੱਜ ਹੈ) ਹੈ। ਸਿੱਖ ਸਿਰਫ਼ ਵਾਹਿਗੁਰੂ ਨੂੰ ਹੀ ਇਕੋ-ਇਕ ਬਾਦਸ਼ਾਹ ਅਤੇ ਆਪਣੇ ਆਪ ਨੂੰ ਸਿਰਫ਼ ਉਸ ਵਾਹਿਗੁਰੂ ਦੀ ਹੀ ਰਿਆਇਆ ਮੰਨਦਾ ਹੈ। ਇਸੇ ਕਰ ਕੇ ਛੇਵੇਂ ਪਾਤਿਸ਼ਾਹ ਨੇ ਸਿੱਖ ਦੀ ਵਫ਼ਾਦਾਰੀ ਨੂੰ ਅਕਾਲ ਪੁਰਖ ਦੀ ਵਫ਼ਾਦਾਰੀ ਐਲਾਨਿਆ ਅਤੇ ਗੁਰੂ ਨਾਨਕ ਸਾਹਿਬ ਦੇ ਹੁਕਮ ਹੇਠ ਅਕਾਲ ਪੁਰਖ ਦਾ ਤਖ਼ਤ ਪ੍ਰਗਟ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਤਾਂ ਆਪ ਖ਼ੁਦ ਵੀ ਇਸ ਤਖ਼ਤ ਸਾਹਿਬ ਦੇ ਮਾਲਿਕ ਨਹੀਂ ਬਣੇ। ਉਹ ਤਾਂ ਇਸ ਤਖ਼ਤ ਦੇ ਸਰਬਰਾਹ ਸਨ।

ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ, ਇਸ ਕਰ ਕੇ ਇਸ ਨੂੰ ਬਣਾਉਣ ਵਾਲਾ ਤਾਂ ਵਾਹਿਗੁਰੂ ਆਪ ਹੀ ਹੈ। ਵਾਹਿਗੁਰੂ ਦੇ ਹੁਕਮ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਪ੍ਰਗਟ ਕੀਤਾ ਸੀ ਤੇ ਇਸ ਦੇ ਪ੍ਰਗਟ ਕਰਨ ਦੀ ਰਸਮ ਵਜੋਂ ਤਖ਼ਤ ਸਾਹਿਬ ਦੇ ਥੜ੍ਹਾ ਸਾਹਿਬ ਦੀ ਉਸਾਰੀ ਕਰਵਾਈ ਸੀ।

ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਦਾ ਨੀਂਹ ਪੱਥਰ ਛੇਵੇਂ ਪਾਤਿਸ਼ਾਹ ਨੇ ਆਪ ਰੱਖਿਆ ਸੀ ਅਤੇ ਬਾਕੀ ਦੀ ਸੇਵਾ ਸਿਰਫ਼ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਹੀ ਕੀਤੀ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਇਸ ਦਾ ਜ਼ਿਕਰ ਇੰਞ ਮਿਲਦਾ ਹੈ:

ਹਾੜ ਪੰਚ ਪੰਚਮੀ ਜਾਨੁ। ਸ੍ਰੀ ਗੁਰ ਉੱਦਮੁ ਕੀਨ ਮਹਾਨੁ।
ਗੁਰਦਾਸ ਬੁੱਢੇ ਕੋ ਲੈ ਨਿਜ ਸਾਥਿ। ਤਖ਼ਤ ਅਰੰਭ ਕਰਿ ਦੀਨਾ ਨਾਥ।
ਜਹ ਭਗਵੰਤ ਥੀ ਆਗਿਆ ਦਈ। ਤਹਾਂ ਅਰੰਭ ਗੁਰੂ ਜੀ ਕਈ।
ਸੁਰ ਗੁਰ ਦਿਨ[1] ਇਸਥਿਰੁ ਲਗਨ ਉੱਤਮ ਸਮਾਂ ਵਿਚਾਰਿ।
ਅਤਿ ਮੰਗਲ ਸੋਂ ਸ੍ਰੀ ਗੁਰੂ ਬਾਜੇ ਅਧਿਕ ਸੁਧਾਰ।
ਕਰਿ ਅਰਦਾਸਿ ਸ੍ਰੀ ਗੁਰ ਤਹਾਂ ਪੁਨਿ ਪ੍ਰਸਾਦੁ ਵਰਤਾਇ।
ਪ੍ਰਿਥਮ ਨੀਵ ਸ੍ਰੀ ਗੁਰ ਰਖੀ ਅਬਿਚਲ ਤਖ਼ਤ ਸੁਹਾਇ।
ਕਿਸੀ ਰਾਜ ਨਹਿ ਹਾਥ ਲਗਾਇਓ ਬੁੱਢੇ ਔ ਗੁਰਦਾਸ ਬਣਾਯੋ।[2]

ਅਕਾਲ ਤਖ਼ਤ ਸਾਹਿਬ ਦੇ ਪ੍ਰਗਟ ਕੀਤੇ ਜਾਣ ਤੇ ਇਸ ਦੇ ਥੜ੍ਹੇ ਦਾ ਨੀਂਹ ਪੱਥਰ ਰੱਖਣ ਦਾ ਅਤੇ ਇਸ 'ਤਖ਼ਤ' ਦੀ ਉਸਾਰੀ ਕਰਨ ਦਾ ਤਫ਼ਸੀਲ ਨਾਲ ਜ਼ਿਕਰ *ਗੁਰਪ੍ਰਤਾਪ ਸੂਰਜ ਗ੍ਰੰਥ* ਅਤੇ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਮਿਲਦਾ ਹੈ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਇਸ ਕਿਤਾਬ ਦੇ ਲਿਖਣ ਦੀ ਤਾਰੀਖ਼ 1718 ਆਖੀ ਗਈ ਹੈ, ਜਦ ਕਿ ਇਹ ਕਿਤਾਬ ਉਨੀਵੀਂ ਸਦੀ ਦੇ ਅੱਧ ਦੇ ਕਰੀਬ ਦੀ ਲਿਖਤ ਜਾਪਦੀ ਹੈ। ਦੂਜਾ, ਇਸ ਕਿਤਾਬ ਵਿਚ ਅਕਾਲ ਤਖ਼ਤ ਸਾਹਿਬ ਦੇ ਪ੍ਰਗਟ ਕਰਨ ਦੀ ਤਾਰੀਖ਼ ਵੀ ਠੀਕ ਨਹੀਂ ਜਾਪਦੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦੇ ਲੇਖਕ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਨੂੰ ਹਾੜ ਵਦੀ ਪੰਜ, 1663 ਬਿਕ੍ਰਮੀ ਦੇ ਦਿਨ ਪ੍ਰਗਟ ਕੀਤਾ ਸੀ। ਬਿਕ੍ਰਮੀ ਦੀ ਇਹ ਤਾਰੀਖ਼ ਕੌਮਾਂਤਰੀ (ਗਰੈਗੋਰੀਅਨ) ਕੈਲੰਡਰ ਮੁਤਾਬਿਕ 15 ਜੂਨ 1606 ਬਣਦੀ ਹੈ। ਪਰ ਇਹ ਤਾਰੀਖ਼ ਸਹੀ ਨਹੀਂ ਜਾਪਦੀ। ਤ੍ਵਾਰੀਖ਼ ਪੱਖੋਂ ਵੀ, ਇਹ ਦਿਨ ਸਹੀ ਨਹੀਂ ਜਾਪਦਾ, ਕਿਉਂਕਿ ਗੁਰੂ ਅਰਜਨ ਸਾਹਿਬ ਨੂੰ 1606 ਵਿਚ, 25 ਮਈ ਦੇ ਦਿਨ, ਗ੍ਰਿਫ਼ਤਾਰ ਕਰ ਕੇ, 30 ਮਈ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਦੇ 16 ਦਿਨ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਕਾਲ ਤਖ਼ਤ ਪ੍ਰਗਟ ਕਰਦਾ ਦੱਸਿਆ ਗਿਆ ਹੈ। ਜਦ ਕਿ ਹਕੀਕਤ ਇਹ ਹੈ ਕਿ ਜਹਾਂਗੀਰ ਦਾ ਹੁਕਮ ਸੀ ਕਿ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਕੇ ਉਨ੍ਹਾਂ ਦਾ ਬਾਲ-ਬੱਚਾ ਤੇ ਮਾਲ-ਅਸਬਾਬ ਮੁਰਤਜ਼ਾ ਖ਼ਾਂ (ਉਦੋਂ ਗਵਰਨਰ ਲਾਹੌਰ) ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਹਾਲਤ ਵਿਚ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ) ਜਾਂ ਗੋਇੰਦਵਾਲ ਵਿਚ ਰਹਿਣ ਦੀ ਬਜਾਏ ਆਪਣੇ ਸਾਂਢੂ ਭਾਈ ਸਾਈਂ ਦਾਸ ਕੋਲ ਡਰੋਲੀ ਭਾਈ (ਮੋਗਾ ਨੇੜੇ) ਚਲੇ ਗਏ ਸਨ। ਇਸ ਦਾ ਜ਼ਿਕਰ *ਭੱਟ ਵਹੀ ਮੁਲਤਾਨੀ ਸਿੰਧੀ* ਵਿਚ ਇੰਞ ਮਿਲਦਾ ਹੈ :

"ਗੁਰੂ ਹਰਿਗੋਬਿੰਦ, ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਗੁਰੂ ਕਾ ਚੱਕ, ਪਰਗਣਾ ਨਿਝਰਿਆਲਾ, ਸੰਮਤ ਸੋਲਾ ਸੈ ਤਰੈਸਠਾ, ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ, ਗੋਇੰਦਵਾਲ ਸੇ ਜੰਗਲ ਦੇਸ, ਗਾਮ ਡਰੋਲੀ, ਪਰਗਣਾ ਡਗਰੂ, ਭਾਈ ਸਾਈਦਾਸ ਕੇ ਗ੍ਰਿਹ ਮੇਂ ਆਏ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ ਡਰੋਲੀ ਗਾਮ ਮੇਂ ਬਾਸ ਕਰ ਕੇ ਗੋਇੰਦਵਾਲ ਆਏ।"[3]

---

1. ਸੁਰ ਗੁਰ ਦਿਨ = ਵੀਰਵਾਰ
2. *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਐਡੀਟਰ : ਗਿ. ਜੋਗਿੰਦਰ ਸਿੰਘ ਵੇਦਾਂਤੀ ਤੇ ਡਾ. ਅਮਰਜੀਤ ਸਿੰਘ), ਸਫ਼ਾ 210.
3. *ਗੁਰੂ ਕੀਆਂ ਸਾਖੀਆਂ* (ਐਡੀਟਰ : ਗਿ. ਗਰਜਾ ਸਿੰਘ ਤੇ ਪ੍ਰੋ. ਪਿਆਰਾ ਸਿੰਘ ਪਦਮ), ਸਫ਼ਾ 29 (ਐਡੀਸ਼ਨ ਅਕਤੂਬਰ 1991).

ਇਸੇ ਦੌਰਾਨ ਗੁਰੂ ਸਾਹਿਬ ਦੇ ਘਰ (ਬਾਬਾ) ਗੁਰਦਿਤਾ ਦਾ ਜਨਮ ਹੋਇਆ। ਇਸ ਬਾਰੇ *ਭੱਟ ਵਹੀ ਤਲਉਂਢਾ*, ਪਰਗਣਾ ਜੀਂਦ ਵਿਚ ਇੰਞ ਜ਼ਿਕਰ ਮਿਲਦਾ ਹੈ :

"ਬਧਾਈ ਲੀ ਗੁਰਦਿਤਾ ਕੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ.....ਸੰਬਤ ਸੋਲਾਂ ਸੈ ਪੈਂਸਠ ਅੱਸੂ ਕੀ ਪੂਰਨਮਾ ਕੇ ਦਿਹੁੰ ਮਾਤਾ ਦਮੋਦਰੀ ਕੇ ਉਦਰ ਥੀਂ, ਸ਼ੁਭ ਘੜੀ ਜਨਮ ਹੋਆ, ਗਾਮ ਡਰੋਲੀ ਕੇ ਮਲ੍ਹਾਨ ਜੰਗਲ ਦੇਸ ਮੇਂ। ਭੱਟ ਬਿਹਾਰੀ ਕੋ ਮਾਨਾ। ਗੁਰੂ ਕੀ ਕੜਾਹੀ ਕੀ।"[4] (ਨੋਟ : ਭੱਟ ਵਹੀਆਂ ਦੇ ਇੰਦਰਾਜਾਂ ਵਿਚ ਕਾਮੇ ਤੇ ਪੁੱਠੇ ਕਾਮੇ ਮੇਰੇ ਪਾਏ ਹੋਏ ਹਨ)।

ਦੋ ਭੱਟ ਵਹੀਆਂ ਦੀਆਂ ਇਨ੍ਹਾਂ ਤਾਰੀਖ਼ਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ 4 ਜੂਨ 1606 ਤੋਂ ਦਿਸੰਬਰ 1607 ਤਕ ਡਰੋਲੀ ਭਾਈ ਵਿਚ ਰਹੇ ਸਨ। ਇਸ ਕਰ ਕੇ ਉਨ੍ਹਾਂ ਵਲੋਂ 15 ਜੂਨ 1606 ਦੇ ਦਿਨ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕੀਤਾ ਜਾਣਾ ਸਹੀ ਨਹੀਂ ਜਾਪਦਾ। ਦਰਅਸਲ ਗੁਰਬਿਲਾਸ ਦੇ ਲੇਖਕ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਮਗਰੋਂ 'ਸਤਾਰ੍ਹੀਆ' (ਸ਼ਹੀਦੀ ਦਿਨ ਤੋਂ 17 ਦਿਨ ਮਗਰੋਂ ਹਿੰਦੂ ਰੀਤੀ ਵਿਚ ਸਤਾਰ੍ਹੀਆ ਦਾ ਹਿਸਾਬ ਲਾ ਕੇ) ਪਾ ਕੇ ਤਾਰੀਖ਼ ਮਿਥ ਦਿੱਤੀ ਹੈ, ਜੋ ਸਰਾਸਰ ਝੂਠੀ ਹੈ। ਭੱਟ ਵਹੀਆਂ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਦਿਸੰਬਰ 1607 ਦੇ ਅਖ਼ੀਰ ਵਿਚ ਗੋਇੰਦਵਾਲ ਮੁੜੇ ਸਨ। ਇਸ ਕਰ ਕੇ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਦੀ ਉਸਾਰੀ 1608 ਜਾਂ 1609 ਵਿਚ ਕੀਤੀ ਹੋਵੇਗੀ। ਪੁਰਾਣੇ ਸਾਰੇ ਲੇਖਕ 1608 ਜਾਂ 1609 ਨੂੰ ਹੀ ਸਹੀ ਮੰਨਦੇ ਹਨ। ਭਾਈ ਕਾਨ੍ਹ ਸਿੰਘ[5], ਸ: ਸ਼ਮਸ਼ੇਰ ਸਿੰਘ ਅਸ਼ੋਕ[6] ਤੇ ਸ: ਮਹਿਤਾਬ ਸਿੰਘ[7] 1608 ਮੰਨਦੇ ਹਨ। ਸਿਰਦਾਰ ਕਪੂਰ ਸਿੰਘ[8], ਡਾ: ਤਿਰਲੋਚਨ ਸਿੰਘ[9] 1609 ਲਿਖਦੇ ਹਨ। ਗਿਆਨੀ ਲਾਲ ਸਿੰਘ ਮੁਤਾਬਿਕ ਇਹ 1608 'ਚ ਬਣਨਾ ਸ਼ੁਰੂ ਹੋਇਆ ਅਤੇ 1613 ਵਿਚ ਪੂਰਾ ਹੋਇਆ[10]। ਪਰ ਇਹ ਸਹੀ ਨਹੀਂ ਹੋ ਸਕਦਾ ਕਿ ਇਕ ਥੜ੍ਹਾ ਬਣਾਉਣ ਨੂੰ ਪੰਜ ਸਾਲ ਲਗ ਗਏ ਹੋਣ। ਆਰਚਰ[11] ਮੁਤਾਬਿਕ ਇਹ ਥੜ੍ਹਾ ਗੁਰੂ ਅਰਜਨ ਸਾਹਿਬ ਨੇ ਬਣਾਉਣਾ ਸ਼ੁਰੂ ਕੀਤਾ ਸੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਕੰਮਲ ਕਰਵਾਇਆ ਸੀ। ਭਾਈ ਸੰਤੋਖ ਸਿੰਘ[12] ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਦੀ ਤਾਰੀਖ਼ ਹਾੜ ਸੁਦੀ 10, ਸੰਮਤ 1663 (1606) ਲਿਖਦੇ ਹਨ। ਮੇਰੀ ਖੋਜ ਮੁਤਾਬਿਕ ਮੌਜੂਦਾ *ਗੁਰਬਿਲਾਸ ਪਾਤਸ਼ਾਹੀ ਛੇਵੀਂ* 1840 ਤੋਂ ਬਾਅਦ ਦੀ ਲਿਖਤ

---

4. *ਗੁਰੂ ਕੀਆਂ ਸਾਖੀਆਂ* (ਐਡੀਟਰ : ਗਿ. ਗਰਜਾ ਸਿੰਘ ਤੇ ਪ੍ਰੋ. ਪਿਆਰਾ ਸਿੰਘ ਪਦਮ), ਸਫ਼ਾ 29-30 (ਐਡੀਸ਼ਨ ਅਕਤੂਬਰ 1991).
5. *ਮਹਾਨ ਕੋਸ਼*, ਸਫ਼ਾ 36.
6. *ਪੰਜਾਬ ਦੀ ਵੀਰ ਪਰੰਪਰਾ*, ਸਫ਼ਾ 21.
7. *ਨਾਂਵਾਂ ਤੇ ਥਾਂਵਾਂ ਦਾ ਕੋਸ਼*, ਸਫ਼ਾ 94.
8. Kapur Singh, *Golden Temple : Its Theo-political Status*, The Sikh Review, August 1974.
9. Tirlochan Singh, *Guru Tegh Bahadur*, p. 3.
10. *ਗੁਰੂ ਖਾਲਸਾ ਤਵਾਰੀਖ਼*, ਸਫ਼ਾ 302.
11. *The Sikhs*, p. 174.
12. *ਗੁਰਪ੍ਰਤਾਪ ਸੂਰਜ ਗ੍ਰੰਥ* (ਐਡੀਟਰ : ਭਾਈ ਵੀਰ ਸਿੰਘ), ਸਫ਼ਾ 2406 (ਅਕਾਲ ਤਖ਼ਤ ਸਾਹਿਬ ਬਾਰੇ 2402 ਤੋਂ 2410 ਤਕ ਤਫ਼ਸੀਲ ਨਾਲ ਬਿਆਨ ਹੈ)।

ਹੈ ਤੇ ਇਸ ਦਾ ਆਧਾਰ 'ਅਸਲ' *ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ* ਭਾਈ ਸੰਤੋਖ ਸਿੰਘ ਦਾ *ਗੁਰਪ੍ਰਤਾਪ ਸੂਰਜ ਗ੍ਰੰਥ* ਹੈ, ਜੋ 1843 ਵਿਚ ਭਾਈ ਸੰਤੋਖ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਭੇਟ ਕੀਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਮੁਤਾਬਿਕ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਗੁਰਮੁਖ ਸਿੰਘ ਤੇ ਭਾਈ ਦਰਬਾਰ ਸਿੰਘ (ਚੌਂਕੀ ਵਾਲੇ, ਅੰਮ੍ਰਿਤਸਰ) ਨੇ ਅਸਲ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਅਤੇ *ਗੁਰਪ੍ਰਤਾਪ ਸੂਰਜ ਗ੍ਰੰਥ* ਦੇ ਆਧਾਰ 'ਤੇ ਇਹ ਗ੍ਰੰਥ ਤਿਆਰ ਕੀਤਾ ਸੀ।[13] ਇਕ ਹੋਰ ਗੱਲ ਵੀ ਸਮਝਣ ਵਾਲੀ ਇਹ ਹੈ ਕਿ ਛੇਵੇਂ ਪਾਤਿਸ਼ਾਹ ਨੇ ਅਕਾਲ ਤਖ਼ਤ ਸਾਹਿਬ ਨਹੀਂ ਸੀ ਬਣਾਇਆ, ਉਨ੍ਹਾਂ ਨੇ ਤਾਂ ਇਸ ਨੂੰ ਪ੍ਰਗਟ ਕੀਤਾ ਸੀ ਅਤੇ ਤਖ਼ਤ ਸਾਹਿਬ ਦੀ ਈਮਾਰਤ ਦਾ ਥੜ੍ਹਾ ਬਣਾਇਆ ਸੀ। ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਦਾ ਫੈਸਲਾ ਵੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਦਮ ਹੀ ਨਹੀਂ ਸੀ ਲੈ ਲਿਆ। ਉਨ੍ਹਾਂ ਨੇ ਤਾਂ ਇਹ ਸਭ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੀਆਂ ਹਿਦਾਇਤਾਂ ਨੂੰ ਮੂਰਤੀਮਾਨ ਕਰਨ ਵਾਸਤੇ ਹੀ ਕੀਤਾ ਸੀ।

ਇਕ ਲੇਖਕ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ, ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਨ ਅਤੇ ਫ਼ੌਜ ਬਣਾਉਣ ਦਾ ਕਾਰਨ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਸੀ।[14] ਪਰ ਇਹ ਗੱਲ ਕੋਰਾ ਝੂਠ ਹੈ। **ਸਿੱਖ ਫ਼ਲਸਫ਼ੇ ਵਿਚ ਬਦਲਾ ਲੈਣ ਦੀ ਸੋਚ ਨੂੰ ਰੱਦ ਕੀਤਾ ਹੋਇਆ ਹੈ। ਸਿੱਖ ਕਦੇ ਬਦਲਾ ਨਹੀਂ ਲੈਂਦਾ। ਹਾਂ, ਸਿੱਖ ਜ਼ੁਲਮ ਦਾ ਖ਼ਾਤਮਾ ਕਰਨ ਵਾਸਤੇ ਜ਼ਾਲਮ ਨੂੰ ਸਜ਼ਾ ਜ਼ਰੂਰ ਦੇਂਦਾ ਹੈ।** ਗੁਰੂ ਸਾਹਿਬ ਦੇ ਵੇਲੇ ਦਾ ਇਕ ਪਰਦੇਸੀ ਮੁਸਾਫ਼ਿਰ ਮਊਬਾਦ ਜ਼ੁਲਫ਼ਕਾਰ ਅਰਦਸਤਾਨੀ (ਜੋ ਪਹਿਲਾਂ ਮੁਹਸਨ ਫ਼ਾਨੀ ਵਜੋਂ ਜਾਣਿਆ ਜਾਂਦਾ ਰਿਹਾ ਸੀ), ਜੋ ਹਜ਼ਾਰਾਂ ਮੀਲਾਂ ਦੂਰ ਤੋਂ ਆਇਆ ਸੀ ਤੇ ਜਿਸ ਨੇ ਉਸ ਵੇਲੇ ਦੇ ਤਕਰੀਬਨ ਹਰ ਮਜ਼ਹਬ ਦੇ ਫ਼ਲਸਫ਼ੇ ਤੇ ਉਦੋਂ ਤਕ ਦੀ ਤਾਰੀਖ਼ ਨੂੰ ਆਪਣੀ ਕਿਤਾਬ *ਦਬਿਸਤਾਨੇ ਮਜ਼ਾਹਿਬ* ਵਿਚ ਕਲਮਬੰਦ ਕੀਤਾ ਹੈ, ਗੁਰੂ ਸਾਹਿਬ ਬਾਰੇ ਲਿਖਦਾ ਹੈ ਕਿ ਉਨ੍ਹਾਂ ਨੇ ਕਦੇ ਵੀ ਗ਼ੁੱਸੇ ਵਿਚ ਤਲਵਾਰ ਨੂੰ ਹੱਥ ਨਹੀਂ ਸੀ ਪਾਇਆ।[15] ਇਸ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਪ੍ਰਗਟ ਕੀਤੇ ਜਾਣ ਪਿੱਛੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਦੀ ਸੋਚ ਹਰਗਿਜ਼ ਨਹੀਂ ਹੋ ਸਕਦੀ। ਕਈ ਸੋਮਿਆਂ ਵਿਚ ਤਾਂ ਇਹ ਜ਼ਿਕਰ ਵੀ ਮਿਲਦਾ ਹੈ ਕਿ ਫ਼ੌਜ ਬਣਾਉਣ ਤੇ ਤਖ਼ਤ ਪ੍ਰਗਟ ਕਰਨ ਦਾ ਹੁਕਮ ਗੁਰੂ ਅਰਜਨ ਸਾਹਿਬ ਆਪ ਦੇ ਕੇ ਗਏ ਸੀ। ਇਸ ਦਾ ਜ਼ਿਕਰ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿਚ ਵੀ ਆਉਂਦਾ ਹੈ।[16]

ਉਂਵ ਇਹ ਵੀ ਕਾਬਲੇ-ਜ਼ਿਕਰ ਹੈ ਕਿ ਕਈ ਲੇਖਕਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਬਾਰੇ ਅਹਿਸਾਸ ਜਾਂ ਖ਼ਿਆਲ ਨਹੀਂ ਸੀ, ਇਸੇ ਕਰ ਕੇ ਉਨ੍ਹਾਂ ਦੀਆਂ ਲਿਖਤਾਂ ਵਿਚ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਤਕ ਨਹੀਂ ਮਿਲਦਾ: ਕਨਿੰਘਮ[17], ਕੇਸਰ ਸਿੰਘ

---

13. *ਗੁਰਮਤਿ ਮਾਰਤੰਡ*, ਸਫ਼ਾ 94 (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1978 ਦੀ ਐਡੀਸ਼ਨ)।
14. *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਸਫ਼ਾ 208-09.
15. *Dabistan-i-Mazahib*, p. 270; Dr. Sher Singh, *Philosophy of Sikhism*, p. 39; Macauliffe, *The Sikh Religion*, Vol. IV, pp. 108, 112, 116.
16. ਜਹਾਂ ਭਗਵੰਤ ਥੀ ਆਗਿਆ ਦਈ।
    ਤਹਾਂ ਅਰੰਭ ਗੁਰੂ ਜੀ ਕਈ। *(ਸਫ਼ਾ 210)*
17. J.D. Cuningham, *A History of the Sikhs*.

ਛਿੱਬਰ[18], ਲਤੀਫ਼[19], ਰਤਨ ਸਿੰਘ ਭੰਗੂ[20], ਜੇ.ਐਚ. ਗੌਡਰਨ[21], ਇੰਦੂ ਭੂਸ਼ਨ ਬੈਨਰਜੀ[22], ਡਾ. ਐਮ.ਐਸ. ਰੰਧਾਵਾ[23] ਵਗ਼ੈਰਾ। ਹੋਰ ਤਾਂ ਹੋਰ 1914 ਅਤੇ 1947 ਦੇ *ਗਜ਼ਟੀਅਰ ਆਫ਼ ਅੰਮ੍ਰਿਤਸਰ*[24] ਵਿਚ ਵੀ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਨਹੀਂ ਮਿਲਦਾ।

ਜਿਵੇਂ ਕਿ ਪਿੱਛੇ ਆਖ ਚੁੱਕਾ ਹਾਂ ਕਿ ਅਕਾਲ ਤਖ਼ਤ ਸਾਹਿਬ ਦਾ ਪ੍ਰਗਟ ਕੀਤਾ ਜਾਣਾ ਗੁਰੂ ਨਾਨਕ ਸਾਹਿਬ (20.10.1469—22.9.1539) ਦੇ ਹੁਕਮ ਮੁਤਾਬਿਕ ਹੀ ਸੀ। ਇਹ ਸਿੱਖ ਫ਼ਲਸਫ਼ੇ ਨੂੰ ਪੜਾਅ ਵਾਰ ਪੇਸ਼ ਕਰਨ ਦੀ ਇਕ ਪੌੜੀ ਸੀ। ਗੁਰੂ ਨਾਨਕ ਸਾਹਿਬ ਨੇ ਇਕ ਸੱਚੇ ਨਿਜ਼ਾਮ ਦਾ ਫ਼ਲਸਫ਼ਾ ਇਨ੍ਹਾਂ ਲਫ਼ਜ਼ਾਂ ਵਿਚ ਐਲਾਨਿਆ ਸੀ : "ਤਖ਼ਤ ਬਹੈ ਤਖ਼ਤੇ ਕੀ ਲਾਇਕ"[25] ਅਤੇ "ਕਿਆ ਸੁਲਤਾਨ ਸਲਾਮ ਵਿਹੂਣਾ"[26]। ਗੁਰੂ ਅੰਗਦ ਸਾਹਿਬ (31.3.1504—29.3.1552) ਨੇ ਗੁਰੂ ਨਾਨਕ ਸਾਹਿਬ ਵੱਲੋਂ ਵਰਤੀ ਗਈ ਲੋਕ ਬੋਲੀ ਪੰਜਾਬੀ ਤੇ ਇਸ ਦੀ ਲਿੱਪੀ ਗੁਰਮੁਖੀ ਨੂੰ ਤਰਤੀਬ ਦਿੱਤੀ ਅਤੇ ਲੋਕਾਂ ਨੂੰ ਇਕ ਸਾਂਝੀ ਜ਼ਬਾਨ ਦੀ ਲੜੀ ਵਿਚ ਪਰੋ ਦਿੱਤਾ। ਗੁਰੂ ਅਮਰ ਦਾਸ ਸਾਹਿਬ (15.4.1509—1.9.1574) ਨੇ ਗੁਰੂ ਨਾਨਕ ਸਾਹਿਬ ਵੱਲੋਂ ਕਰਤਾਰਪੁਰ ਵਿਚ ਸ਼ੁਰੂ ਕੀਤੀ ਲੰਗਰ ਦੀ ਸਿੱਖ-ਰਿਵਾਇਤ ਨੂੰ ਸਿੱਖ ਪੰਥ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾ ਦਿੱਤਾ। "ਪਹਿਲੇ ਪੰਗਤ ਪਾਛੈ ਸੰਗਤ" ਦੀ ਹਿਦਾਇਤ ਦੇ ਕੇ ਸਿੱਖਾਂ ਵਿਚ ਇਕ ਘਰ ਦੇ ਜੀਆਂ ਵਰਗੀ ਭਾਈਚਾਰਕ ਸੋਚ ਪੈਦਾ ਕੀਤੀ। ਲੰਗਰ ਨੇ ਜਿੱਥੇ ਸਿੱਖਾਂ ਵਿਚ ਭਾਈਚਾਰੇ ਦਾ ਇਤਹਾਦ ਕਾਇਮ ਕੀਤਾ, ਉੱਥੇ ਇਸ ਨੇ ਅਮੀਰ ਦਾ ਗ਼ਰੂਰ ਅਤੇ ਗ਼ਰੀਬ ਦੀ ਅਹਿਸਾਸੇ-ਕਮਤਰੀ (inferiority complex) ਦੀ ਨਫ਼ੀ-ਸੋਚ ਨੂੰ ਵੀ ਖ਼ਤਮ ਕੀਤਾ। ਉਨ੍ਹਾਂ ਨੇ ਸਾਰੀ ਕੌਮ ਨੂੰ ਸਾਲ ਵਿਚ ਤਿੰਨ ਵਾਰੀ ਗੋਇੰਦਵਾਲ ਸਾਹਿਬ ਇਕੱਠੇ ਹੋ ਕੇ ਕੌਮੀ ਤੇ ਭਾਈਚਾਰਕ ਮਸਲਿਆਂ ਨੂੰ ਵਿਚਾਰਨ ਦੀ ਰਿਵਾਇਤ ਵੀ ਤੋਰੀ। ਉਨ੍ਹਾਂ ਨੇ 22 ਮੰਜੀਆਂ ਅਤੇ 52 ਪੀੜ੍ਹੇ ਕਾਇਮ ਕਰ ਕੇ ਸਿੱਖ ਕੌਮ ਨੂੰ ਇਕ ਜਥੇਬੰਦਕ ਢਾਂਚੇ ਵਿਚ ਪਰੋਇਆ।

ਗੁਰੂ ਰਾਮਦਾਸ ਸਾਹਿਬ (24.9.1534—1.9.1581) ਨੇ ਸਿੱਖ ਕੌਮ ਵਾਸਤੇ ਇਕ ਮਾਡਲ ਨਗਰ ਦਾ ਮੁੱਢ ਬੰਨ੍ਹਿਆ। ਗੁਰੂ ਦਾ ਚੱਕ (ਮਗਰੋਂ ਚੱਕ ਰਾਮ ਦਾਸ ਤੇ ਹੁਣ ਅੰਮ੍ਰਿਤਸਰ) ਕੌਮ ਦੀ ਪਹਿਲੀ ਸਿਟੀ-ਸਟੇਟ ਬਣਿਆ, ਜਿੱਥੇ ਸਿੱਖਾਂ ਦੀ ਖ਼ੁਦਮੁਖ਼ਤਿਆਰੀ ਕਾਇਮ ਹੋਈ। ਉਨ੍ਹਾਂ ਨੇ 'ਮਸੰਦ' ਸਿਸਟਮ ਸ਼ੁਰੂ ਕਰ ਕੇ ਸਿੱਖਾਂ ਦਾ 'ਦਸਵੰਧ ਬੈਂਕ' ਕਾਇਮ ਕਰ ਕੇ ਕੌਮ ਦਾ ਮਾਲੀ ਨਿਜ਼ਾਮ ਕਾਇਮ ਕੀਤਾ। ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਸਾਹਿਬ (15.4.1563—30.5.1606) ਨੇ ਵਾਹਿਗੁਰੂ ਦੀ ਬਾਣੀ (ਧੁਰ ਕੀ ਬਾਣੀ, ਗੁਰਬਾਣੀ) ਨੂੰ ਇਕ ਮੁਕੱਦਸ ਗ੍ਰੰਥ ਵਿਚ ਇਕੱਠਾ ਕਰ ਕੇ ਕੌਮ ਨੂੰ ਰੂਹਾਨੀ, ਧਾਰਮਿਕ, ਸਮਾਜਿਕ,

---

18. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ*।
19. Syed Mohammed Latif, *History of Punjab.*
20. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*।
21. J.H. Gorden, *The Sikhs.*
22. Indu Bhushan Banerjee, *Evolution of The Khalsa.*
23. ਡਾ. ਮਹਿੰਦਰ ਸਿੰਘ ਰੰਧਾਵਾ, *ਪੰਜਾਬ*।
24. Gazzeteer of Amritsar 1914 & 1917.
25. ਗੁਰੂ ਗ੍ਰੰਥ ਸਾਹਿਬ, ਸਫ਼ਾ 1039.
26. ਗੁਰੂ ਗ੍ਰੰਥ ਸਾਹਿਬ, ਸਫ਼ਾ 359.

ਸਿਆਸੀ ਫ਼ਲਸਫ਼ੇ ਤੇ ਆਈਨ ਦੇ ਅਸੂਲਾਂ ਦਾ ਕੋਡ ਮੁਹੱਈਆ ਕੀਤਾ। ਮਗਰੋਂ ਇਸ 'ਧੁਰ ਦੀ ਬਾਣੀ' ਨੂੰ 6 ਅਕਤੂਬਰ 1708 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਜੋਂ ਸਿੱਖਾਂ ਦਾ 'ਸਦੀਵੀ ਗੁਰੂ' ਕਾਇਮ ਕਰ ਦਿੱਤਾ। ਉਂਞ **(ਗੁਰੂ) ਗ੍ਰੰਥ ਸਾਹਿਬ ਨੂੰ ਪਹਿਲੇ ਪ੍ਰਕਾਸ਼ ਦਿਨ ਤੋਂ ਹੀ 'ਗੁਰੂ' ਦਾ ਦਰਜਾ ਦਿੱਤਾ ਹੋਇਆ ਸੀ।** ਇਕ ਫ਼ਲਸਫ਼ਾ, ਇਕ ਜ਼ਬਾਨ, ਇਕ ਕਲਚਰ, ਇਕ ਖ਼ੁਦਮੁਖ਼ਤਿਆਰ ਖਿੱਤਾ ਅਤੇ ਇਕ ਮੁਕੱਦਸ ਗ੍ਰੰਥ ਦੇ ਨਾਲ ਸਿੱਖ ਇਕ ਮੁਕੰਮਲ ਕੌਮ ਵਜੋਂ ਜਾਣੇ-ਜਾਣ ਲੱਗ ਪਏ ਸਨ। ਲੋਕ ਮਹਿਸੂਸ ਕਰਦੇ ਸਨ ਕਿ ਹੁਣ ਸਿਰਫ਼ ਇਕ ਫ਼ੌਜ ਅਤੇ ਸ਼ਾਹੀ ਤਖ਼ਤ ਦੀ ਕਾਇਮੀ ਹੀ ਆਖ਼ਰੀ ਪੜਾਅ ਰਹਿੰਦਾ ਸੀ।

ਸਿੱਖ ਸੋਮਿਆਂ ਵਿਚ ਇਹ ਜ਼ਿਕਰ ਵੀ ਆਉਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਨੂੰ ਇਕ-ਦਮ ਪ੍ਰਗਟ ਨਹੀਂ ਕਰ ਦਿੱਤਾ ਸੀ। ਇਨ੍ਹਾਂ ਸੋਮਿਆਂ ਮੁਤਾਬਿਕ ਗੁਰੂ ਅਰਜਨ ਸਾਹਿਬ ਛੇਵੇਂ ਪਾਤਿਸ਼ਾਹ ਨੂੰ ਆਪ ਆਖ ਕੇ ਗਏ ਸਨ ਕਿ ਉਹ ਤਖ਼ਤ 'ਤੇ ਬੈਠਣ ਅਤੇ ਇਕ ਵਧੀਆ ਫ਼ੌਜ ਤਿਆਰ ਕਰਨ। ਇਕ ਸੋਮੇ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਅਰਜਨ ਸਾਹਿਬ ਦੇ ਵੇਲੇ ਹੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਥੜ੍ਹੇ 'ਤੇ ਬੈਠਿਆ ਕਰਦੇ ਸਨ ਤੇ ਇਸ ਨੂੰ 'ਰੱਬ ਦਾ ਤਖ਼ਤ' ਆਖਿਆ ਕਰਦੇ ਸਨ। ਇਕ ਹੋਰ ਸੋਮੇ ਮੁਤਾਬਿਕ ਇਸ ਥਾਂ 'ਤੇ ਕਦੇ ਇਕ ਬੇਰੀ ਹੁੰਦੀ ਸੀ। ਇੱਥੇ ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਵੀ ਬੈਠਿਆ ਕਰਦੇ ਸਨ।

ਇਕ ਲੇਖਕ ਨੇ ਅਕਾਲ ਤਖ਼ਤ ਸਾਹਿਬ ਬਾਰੇ ਇਹ ਗੱਲ ਵੀ ਲਿਖੀ ਹੈ ਕਿ ਜਹਾਂਗੀਰ ਨੇ ਇਸ ਤਖ਼ਤ ਨੂੰ ਬਣਾਉਣ ਵਾਸਤੇ ਰਕਮ ਦੀ ਪੇਸ਼ਕਸ਼ ਕੀਤੀ ਸੀ। ਪਰ ਇਹ ਗੱਲ ਹਾਸੋਹੀਣੀ ਹੈ, ਕਿਉਂਕਿ ਅਜੇ ਕੁਝ ਚਿਰ ਪਹਿਲਾਂ ਤਾਂ ਉਹ ਆਪਣੇ ਹੁਕਮ ਨਾਲ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਕੇ ਹਟਿਆ ਸੀ। ਦੂਜਾ, ਅਕਾਲ ਤਖ਼ਤ ਸਾਹਿਬ ਕੋਈ ਬਹੁਤ ਵੱਡਾ ਸੈਕਟਰੀਏਟ ਨਹੀਂ ਸੀ, ਜਿਸ ਵਾਸਤੇ ਚੋਖੀ ਰਕਮ ਦੀ ਜ਼ਰੂਰਤ ਪੈਣੀ ਸੀ। ਤੀਜਾ, ਜਹਾਂਗੀਰ ਕੱਟੜ ਮੁਸਲਮਾਨ ਸੀ। ਉਹ ਹਜ਼ਰਤ ਮੁਹੰਮਦ ਸਾਹਿਬ ਦੇ ਮੁਕਾਬਲੇ ਵਿਚ ਕਿਸੇ ਗੁਰੂ ਵੱਲੋਂ ਬਣਾਏ ਤਖ਼ਤ ਨੂੰ ਕਿਞ ਕਬੂਲ ਕਰ ਸਕਦਾ ਸੀ ? ਅਕਾਲ ਤਖ਼ਤ ਸਾਹਿਬ ਬਾਰੇ ਕਈ ਹੋਰ ਅਜਿਹੀਆਂ ਬੇ-ਦਲੀਲੀਆਂ, ਬੇਥਵ੍ਹੀਆਂ ਤੇ ਬੇਮਾਅਨਾ ਗੱਲਾਂ ਵੀ ਲਿੱਖੀਆਂ ਗਈਆਂ ਹਨ।

ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ, ਜਿਹੜਾ ਇਸ ਗੱਲ ਦਾ ਐਲਾਨ-ਨਾਮਾ ਸੀ : ਸਿੱਖ ਫ਼ਲਸਫ਼ੇ ਵਿਚ ਮੀਰੀ ਤੇ ਪੀਰੀ ਦੋਵੇਂ ਇਕ ਹਨ। ਇਕ ਧਰਮੀ ਬੰਦਾ ਸਿਰਫ਼ ਰੱਬ ਦੀ ਇਬਾਦਤ ਕਰਨ ਵਾਸਤੇ ਹੀ ਇਸ ਦੁਨੀਆਂ ਵਿਚ ਨਹੀਂ ਆਇਆ, ਬਲਕਿ ਉਸ ਨੇ ਦੁਨੀਆਂ ਵਿਚ ਇਨਸਾਫ਼ ਕਾਇਮ ਕਰਨ ਵਾਸਤੇ ਵੀ ਜੂਝਣਾ ਹੈ। ਇਹ ਨਹੀਂ ਹੋ ਸਕਦਾ ਕਿ ਇਕ ਪਾਸੇ ਜ਼ੁਲਮ, ਜ਼ਿਆਦਤੀ, ਧੱਕਾ ਹੋ ਰਿਹਾ ਹੋਵੇ ਤੇ ਰੂਹਾਨੀਅਤ ਦਾ ਦਾਅਵਾ ਕਰਨ ਵਾਲਾ ਬੰਦਾ ਚੁੱਪ ਕਰ ਕੇ, ਮੋਢਾ ਬਚਾ ਕੇ, ਉੱਥੋਂ ਲੰਘ ਜਾਵੇ। ਇੰਞ ਹੀ ਸਿਆਸੀ ਨਿਜ਼ਾਮ ਦੇ ਇੰਤਜ਼ਾਮੀਆਂ ਨੂੰ ਧਰਮ ਦੇ ਨਾਜ਼ਮ ਬਣਾਨਾ ਜ਼ਰੂਰੀ ਹੈ। ਯਾਨਿ ਧਰਮ ਤੇ ਸਿਆਸਤ, ਪੀਰੀ ਤੇ ਮੀਰੀ ਦੋਵੇਂ ਹੀ ਇਕ ਹਸਤੀ ਵਿਚ ਮੌਜੂਦ ਹੋਣੀਆਂ ਜ਼ਰੂਰੀ ਹਨ। ਇਸ ਦਾ ਮਾਅਨਾ ਇਹ ਹੈ ਕਿ ਸਿੱਖ ਫ਼ਲਸਫ਼ੇ ਵਿਚ ਮੀਰੀ ਤੇ ਪੀਰੀ ਦੋਵੇਂ ਵੱਖ-ਵੱਖ

ਨਹੀਂ। ਇਹ ਦੋਵੇਂ ਇਕ ਦੂਜੇ ਦੇ ਵਿਚ ਸਮਾਈਆਂ ਹੋਈਆਂ ਹਨ, ਯਾਨਿ 'ਇਕ' ਹਨ। ਦੂਜੇ ਲਫ਼ਜ਼ਾਂ ਵਿਚ ਸਿੱਖ ਫ਼ਲਸਫ਼ਾ ਮੀਰੀ ਅਤੇ ਪੀਰੀ ਦਾ ਨਹੀਂ, ਬਲਕਿ ਮੀਰੀ-ਪੀਰੀ ਦਾ ਹੈ। ਇਸ ਮੌਕੇ ਨੂੰ ਭਾਈ ਸੰਤੋਖ ਸਿੰਘ ਨੇ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ:

ਦੋਇ ਆਪ ਲੇ ਨਿਜ ਗੁਰ ਪਾਏ। ਇਹ ਕਯਾ ਕਰਨ ਦੇਹੁ ਸੁਨਾਏ।
ਧਰੇ ਤੇਜ ਸਤਿਗੁਰ ਬਚ ਕਹੇ। ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ।
ਮੀਰੀ ਪੀਰੀ ਦੋਨੋ ਧਰੈਂ। ਬਚਹਿ ਸੂਰਨਿ ਨਤੁ ਜੁਗ ਪਰਹਰੈਂ।

(ਪਰ ਇਸ ਦਾ ਮਤਲਬ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਮੀਰੀ ਤੇ ਪੀਰੀ ਦੀ ਏਕਤਾ ਦੋ ਤਲਵਾਰਾਂ ਧਾਰਨ ਕਰਨ ਨਾਲ ਸ਼ੁਰੂ ਹੋਈ ਸੀ। ਮੀਰੀ-ਪੀਰੀ ਦੀ ਏਕਤਾ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਹੀ ਪੇਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ ਉਸ ਐਲਾਨ-ਨਾਮੇ ਨੂੰ ਲੋਕਾਈ ਸਾਹਵੇਂ ਸਿਰਫ਼ ਪ੍ਰਗਟ ਕੀਤਾ ਸੀ।)

ਅਕਾਲ ਤਖ਼ਤ ਸਾਹਿਬ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲਾ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਪੈਗ਼ਾਮ ਭੇਜੇ ਕਿ ਜੋ ਸਿੱਖ ਵੀ ਗੁਰੂ ਦੀ ਨਗਰੀ ਆਵੇ, ਉਹ ਆਪਣੇ ਨਾਲ ਚੰਗੇ ਘੋੜੇ ਤੇ ਚੰਗੇ ਹਥਿਆਰ ਲਿਆਵੇ। ਗੁਰੂ ਸਾਹਿਬ ਦੇ ਹੁਕਮਨਾਮੇ 'ਤੇ ਫੁੱਲ ਚੜ੍ਹਾਂਦਿਆਂ ਸੰਗਤਾਂ ਨੇ ਬਹੁਤ ਸਾਰੇ ਘੋੜੇ ਤੇ ਹਥਿਆਰ ਅਕਾਲ ਤਖ਼ਤ ਸਾਹਿਬ 'ਤੇ ਭੇਟ ਕੀਤੇ। ਹੌਲੀ ਹੌਲੀ ਗੁਰੂ ਸਾਹਿਬ ਕੋਲ ਫ਼ੌਜੀ ਸਮਾਨ ਅਤੇ ਚੰਗੇ ਘੋੜਿਆਂ ਦਾ ਇਕ ਵੱਡਾ ਖ਼ਜ਼ਾਨਾ ਪਹੁੰਚ ਗਿਆ। ਗੁਰੂ ਸਾਹਿਬ ਨੇ ਤੋਹਫ਼ੇ ਵਿਚ ਮਿਲੇ ਹਥਿਆਰਾਂ ਤੋਂ ਇਲਾਵਾ ਆਪ ਵੀ ਬਹੁਤ ਸਾਰੇ ਹਥਿਆਰ ਖ਼ਰੀਦੇ।[27] ਉਨ੍ਹਾਂ ਨੇ ਸਾਰੀ ਫ਼ੌਜ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ। ਇਨ੍ਹਾਂ ਜਥਿਆਂ ਦੇ ਜਰਨੈਲ ਸਨ: ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਣਾ, ਭਾਈ ਲੰਗਾਹ ਅਤੇ ਭਾਈ ਪਰਾਗਾ ਛਿੱਬਰ। ਇਨ੍ਹਾਂ ਸਾਰਿਆਂ ਜਰਨੈਲਾਂ ਨੂੰ ਗੁਰੂ ਸਾਹਿਬ ਨੇ ਆਪਣੇ ਸਾਰੇ ਹਥਿਆਰ ਵੰਡ ਦਿੱਤੇ ਤਾਂ ਜੋ ਉਹ ਆਪਣੇ ਸਿਪਾਹੀਆਂ ਨੂੰ ਟ੍ਰੇਨਿੰਗ ਦੇ ਕੇ ਵਧੀਆ ਸਿਪਾਹੀ ਬਣਾ ਸਕਣ।[28] ਗੁਰੂ ਸਾਹਿਬ ਦੀ ਫ਼ੌਜ ਵਿਚ, ਵੱਖ ਵੱਖ ਲੇਖਕਾਂ ਮੁਤਾਬਿਕ, ਤਕਰੀਬਨ 800 ਤੋਂ ਢਾਈ ਹਜ਼ਾਰ ਤਕ ਤਿਆਰ-ਬਰ-ਤਿਆਰ ਸਿਪਾਹੀ ਸਨ।[29] ਇਨ੍ਹਾਂ ਵਿਚ ਰਾਜਪੂਤ, ਬ੍ਰਾਹਮਣ, ਖੱਤਰੀ, ਅਰੋੜੇ, ਜੱਟ, ਕੰਬੋ, ਤਰਖਾਣ ਅਤੇ ਅਖੌਤੀ-ਨੀਂਵੀਂਆਂ ਜ਼ਾਤਾਂ ਵਾਲੇ ਸਾਰੇ ਸ਼ਾਮਿਲ ਸਨ। ਲੋਕ ਗੁਰੂ ਸਾਹਿਬ ਦੀ ਫ਼ੌਜ ਵਿਚ ਸ਼ਾਮਿਲ ਹੋਣਾ ਮਾਣ ਦੀ ਗੱਲ ਸਮਝਦੇ ਸਨ। ਉਹ ਗੁਰੂ ਸਾਹਿਬ ਤੋਂ ਤਨਖ਼ਾਹ ਨਹੀਂ ਸਨ ਮੰਗਦੇ। ਸਿਰਫ਼ ਦੋ ਵੇਲੇ ਦਾ ਲੰਗਰ ਅਤੇ ਸਾਲ 'ਚ ਦੋ ਵਾਰ ਤਨ ਦੇ ਕਪੜੇ ਹੀ ਉਨ੍ਹਾਂ ਦੀ ਲੋੜ ਸੀ। ਗੁਰੂ ਸਾਹਿਬ ਆਪ ਵੀ ਤਲਵਾਰ ਚਲਾਉਣ ਤੇ ਘੋੜ-ਸਵਾਰੀ ਦੇ ਮਾਹਿਰ ਸਨ। ਉਨ੍ਹਾਂ ਨੇ ਗੁਰੂ ਅਰਜਨ ਸਾਹਿਬ ਵੇਲੇ ਹੀ ਫ਼ੌਜੀ ਸਿਖਲਾਈ ਹਾਸਿਲ ਕੀਤੀ ਹੋਈ ਸੀ।[30]

---

27. Tirlochan Singh, *op.cit.*, p. 3.
28. *ਉਹੀ*।
29. J.D. Cunnigham, p. 51; *Dabistan-i-Mazahib,* p. 277.
30. A.C. Bannerjee, *Guru Nanak to Guru Gobind Singh,* p. 136; J.D. Cunningham, *A History of the Sikhs,* p. 51; *Dabistan-i-Mazahib,* p. 277.

ਕੁਝ ਚਿਰ ਮਗਰੋਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਵਿਚ ਕਿਲ੍ਹਾ ਲੋਹਗੜ੍ਹ ਵੀ ਉਸਾਰ ਲਿਆ ਅਤੇ ਨਾਲ ਹੀ ਸ਼ਹਿਰ ਦੇ ਦੁਆਲੇ ਦੀਵਾਰ ਵੀ ਬਣਾ ਦਿੱਤੀ ਤਾਂ ਜੋ ਦੁਸ਼ਮਣ ਦੇ ਦਾਖ਼ਲੇ ਨੂੰ ਰੋਕਿਆ ਜਾ ਸਕੇ। ਹੁਣ ਅੰਮ੍ਰਿਤਸਰ ਸਿੱਖ ਕੌਮ ਦੀ, ਖ਼ੁਦਮੁਖ਼ਤਿਆਰ ਰਿਆਸਤ ਦੀ, ਰਾਜਧਾਨੀ ਬਣ ਚੁੱਕੀ ਸੀ।

ਸਿੱਖ ਗੁਰੂ ਸਾਹਿਬ ਨੂੰ ਪਹਿਲੀ ਪਾਤਿਸ਼ਾਹੀ ਦੇ ਵੇਲੇ ਤੋਂ ਹੀ 'ਸੱਚਾ ਪਾਤਿਸ਼ਾਹ' ਆਖ ਕੇ ਬੁਲਾਇਆ ਕਰਦੇ ਸਨ। ਤਖ਼ਤ ਸਾਹਿਬ ਦਾ ਥੜ੍ਹਾ ਬਣ ਜਾਣ ਮਗਰੋਂ ਹਰ ਰੋਜ਼ ਦੋ ਵੇਲੇ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਸੱਜਣ ਲੱਗ ਪਏ। ਪਿੰਡ ਸੁਰ ਸਿੰਘ ਦੇ ਭਾਈ ਨੱਥਾ ਤੇ ਅਬਦੁੱਲਾ ਅਕਾਲ ਤਖ਼ਤ ਸਾਹਿਬ 'ਤੇ ਬੀਰ ਰਸ ਦੀਆਂ ਵਾਰਾਂ ਗਾ ਕੇ ਲੋਕਾਂ ਵਿਚ ਜੋਸ਼ ਭਰਿਆ ਕਰਦੇ ਸਨ।[31] ਗੁਰੂ ਸਾਹਿਬ ਆਪਣੇ ਢਾਡੀਆਂ ਦੀ ਏਨੀ ਕਦਰ ਕਰਿਆ ਕਰਦੇ ਸੀ ਕਿ ਇਕ ਵਾਰੀ ਇਕ ਨਵਾਬ ਨੇ ਗੁਰੂ ਸਾਹਿਬ ਨੂੰ ਤੋਹਫ਼ੇ ਵਜੋਂ ਇਕ ਹਾਥੀ ਭੇਜਿਆ। ਗੁਰੂ ਸਾਹਿਬ ਨੇ ਉਹ ਹਾਥੀ ਇਨ੍ਹਾਂ ਢਾਡੀਆਂ ਨੂੰ ਸਵਾਰੀ ਵਾਸਤੇ ਦੇ ਰੱਖਿਆ ਸੀ।[32]

ਗੁਰੂ ਸਾਹਿਬ ਅਕਾਲ ਤਖ਼ਤ ਸਾਹਿਬ 'ਤੇ ਦਰਬਾਰ ਸਜਾਇਆ ਕਰਦੇ ਸਨ। ਸਿੱਖਾਂ ਨੇ ਹੁਣ ਆਪਣੇ ਝਗੜੇ ਅਤੇ ਮਸਲੇ ਹੱਲ ਕਰਵਾਉਣ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਆਉਣਾ ਸ਼ੁਰੂ ਕਰ ਦਿੱਤਾ। ਇੱਥੇ ਇਨਸਾਫ਼ ਬਿਨਾਂ ਰਿਆਇਤ ਤੋਂ, ਛੇਤੀ ਅਤੇ ਸੱਚਾ ਸੀ।[33] ਇੱਥੇ ਦੂਜੇ ਮੁਲਕਾਂ ਅਤੇ ਦੂਜੀਆਂ ਕੌਮਾਂ ਦੇ ਸਫ਼ੀਰ ਤੇ ਹੋਰ ਨੁਮਾਇੰਦੇ ਵੀ ਗੁਰੂ ਸਾਹਿਬ ਕੋਲ ਆਇਆ ਕਰਦੇ ਸਨ ਅਤੇ ਸਿੱਖਾਂ ਨਾਲ ਅਹਿਦਨਾਮੇ ਵੀ ਕਰਿਆ ਕਰਦੇ ਸਨ। ਅਕਾਲ ਤਖ਼ਤ ਸਾਹਿਬ 'ਤੇ ਪੰਥ ਦੇ ਕੌਮੀ ਮਸਲਿਆਂ ਬਾਰੇ ਵਿਚਾਰਾਂ ਹੋਇਆ ਕਰਦੀਆਂ ਸਨ।[34] ਗੁਰੂ ਸਾਹਿਬ ਨੇ ਦਰਬਾਰ ਵਿਚ ਚੰਦੋਆ ਲਾਉਣਾ ਅਤੇ ਨਗਾਰਾ ਵੀ ਵਜਾਣਾ ਸ਼ੁਰੂ ਕੀਤਾ। ਇਹ ਦੋਵੇਂ ਕਾਰਵਾਈਆਂ ਦੁਨਿਆਵੀ ਤਖ਼ਤਾਂ ਵਾਂਗ ਸਨ, ਜਿਸ ਦਾ ਮਾਅਨਾ ਮੁਗ਼ਲੀਆ ਤਖ਼ਤ ਨੂੰ ਨਕਾਰਨਾ ਸੀ, ਨਾ ਕਿ ਉਸ ਦੇ ਮੁਕਾਬਲੇ 'ਤੇ ਦੁਨਿਆਵੀ ਤਖ਼ਤ ਕਾਇਮ ਕਰਨਾ, ਕਿਉਂਕਿ ਸਿੱਖ ਫ਼ਲਸਫ਼ੇ ਵਿਚ ਦੁਨਿਆਵੀ ਰਾਜ ਦੇ ਤਖ਼ਤ ਦੀ ਕੋਈ ਹਸਤੀ ਨਹੀਂ ਹੈ। ਕੁਝ ਲੇਖਕ ਆਖਦੇ ਹਨ ਕਿ ਅਕਾਲ ਤਖ਼ਤ ਸਾਹਿਬ ਸਿੱਖ ਕੌਮ 'ਚ ਸਿਆਸੀ ਮਰਕਜ਼ ਹੈ, ਪਰ ਇਹ ਗੱਲ ਸਹੀ ਨਹੀਂ ਹੈ। ਦਰਅਸਲ ਅਕਾਲ ਤਖ਼ਤ ਸਾਹਿਬ 'ਤੇ ਦਰਬਾਰ ਲਗਿਆ ਕਰਦਾ ਸੀ ਅਤੇ ਉੱਥੇ ਸਿਰਫ਼ ਸਿਆਸੀ ਮਸਲੇ ਨਹੀਂ ਬਲਕਿ ਫ਼ਲਸਫ਼ਾ ਤੇ ਗੁਰਬਾਣੀ ਦੀ ਕਥਾ ਵੀ ਹੋਇਆ ਕਰਦੀ ਸੀ। ਇਹ ਗੱਲ ਵੀ ਸਹੀ ਨਹੀਂ ਕਿ ਅਕਾਲ ਤਖ਼ਤ ਸਾਹਿਬ ਸਿੱਖ ਸਿਆਸਤ ਦਾ ਧੁਰਾ ਹੈ ਅਤੇ ਹਰਿਮੰਦਰ ਸਾਹਿਬ ਧਰਮ ਤੇ ਰੂਹਾਨੀਅਤ ਦਾ। ਮਿਸਾਲ ਵਜੋਂ ਜੇ ਕਰ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ ਤਾਂ ਉਸ ਨੂੰ ਸਿਰਫ਼ ਸਿਆਸਤ ਤਕ ਮਹਿਦੂਦ ਕਰਨਾ ਬੇਸਮਝੀ ਹੈ।

---

31. Pritam Singh Gill, *History of the Sikh Nation*, p. 155; *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਸਫ਼ਾ 217.
32. *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਕਾਂਡ 8, ਬੰਦ 109), ਸਫ਼ਾ 217; *ਗੁਰਪ੍ਰਤਾਪ ਸੂਰਜ ਗ੍ਰੰਥ*, ਸਫ਼ਾ 2414.
33. Archer, *The Sikhs*, p. 174.
34. Pritam Singh Gill, *History of the Sikh Nation*, p. 155; ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 118.

ਅਕਾਲ ਪੁਰਖ ਤਾਂ ਧਰਮ ਅਤੇ ਸਿਆਸਤ ਹੀ ਨਹੀਂ ਬਲਕਿ ਦੁਨੀਆਂ ਦੀ ਹਰ ਤਾਕਤ ਦਾ ਮਾਲਿਕ ਹੈ। ਇਸੇ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਧਰਮ ਤੇ ਸਿਆਸਤ ਦੋਹਾਂ ਦਾ, ਯਾਨਿ ਮੀਰੀ-ਪੀਰੀ ਦਾ, ਮਰਕਜ਼ ਆਖਿਆ ਜਾਂਦਾ ਹੈ।

ਅਕਾਲ ਤਖ਼ਤ ਸਾਹਿਬ ਤੇ ਦੁਨਿਆਵੀ ਤਖ਼ਤ ਦੋ ਵੱਖ-ਵੱਖ ਮਰਕਜ਼ ਹਨ। ਦੁਨਿਆਵੀ ਤਖ਼ਤ ਦਾ 'ਮਾਲਿਕ' ਇਕ ਮਹਿਦੂਦ ਇਲਾਕੇ 'ਤੇ ਹਕੂਮਤ ਕਰਦਾ ਹੈ। ਉਸ ਦੀ ਹਕੂਮਤ ਉਸ ਦੀ ਸਿਆਸੀ ਅਤੇ ਫ਼ੌਜੀ ਤਾਕਤ 'ਤੇ ਮੁਨੱਸਰ ਹੈ। ਉਸ ਦਾ ਹੁਕਮ ਡਰ ਅਤੇ ਮਜਬੂਰੀ ਵਿਚ ਮੰਨਿਆ ਜਾਂਦਾ ਹੈ ਪਰ ਅਕਾਲ ਪੁਰਖ ਦਾ ਤਖ਼ਤ ਸਾਰੀ ਦੁਨੀਆਂ 'ਤੇ ਹਕੂਮਤ ਕਰਦਾ ਹੈ। ਦੁਨਿਆਵੀ ਤਖ਼ਤ ਜਿੱਥੇ ਜ਼ਮੀਨ 'ਤੇ ਅਤੇ ਜਿਸਮਾਂ 'ਤੇ ਹਕੂਮਤ ਕਰਦਾ ਹੈ, ਉੱਥੇ ਅਕਾਲ ਪੁਰਖ ਦਾ ਤਖ਼ਤ ਲੋਕਾਂ ਦੇ ਦਿਲਾਂ ਅਤੇ ਰੂਹਾਂ 'ਤੇ ਹਕੂਮਤ ਕਰਦਾ ਹੈ। ਅਕਾਲ ਪੁਰਖ ਦਾ ਹੁਕਮ ਮੰਨਣ ਵਾਸਤੇ ਕਿਸੇ ਤਰ੍ਹਾਂ ਦਾ ਡਰ ਤੇ ਮਜਬੂਰੀ ਨਹੀਂ, ਇਹ ਹੁਕਮ ਤਾਂ 'ਪਵਿੱਤਰ' ਅਤੇ ਵਾਹਿਗੁਰੂ ਨਾਲ 'ਭਾਉ' (ਪਿਆਰ) ਹੋਣ ਕਰ ਕੇ ਹੀ ਮੰਨਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਵਲੋਂ ਅਕਾਲ ਪੁਰਖ ਦਾ ਤਖ਼ਤ ਪ੍ਰਗਟ ਕਰਨ ਦਾ ਮਕਸਦ ਇਹੀ ਸੀ ਕਿ ਇਨਸਾਨ ਦਾ ਵਾਹਿਗੁਰੂ ਨਾਲ ਸਿੱਧਾ ਰਿਸ਼ਤਾ ਹੈ। ਇਨਸਾਨ ਦੀ ਵਫ਼ਾਦਾਰੀ ਛਿਣ-ਭੰਗਰ ਦੇ, ਮਹਿਦੂਦ ਇਲਾਕੇ ਦੇ, ਨਾਜ਼ਮ ਜਾਂ ਹਾਕਮ ਨਾਲ ਨਹੀਂ ਬਲਕਿ ਵਾਹਿਗੁਰੂ ਨਾਲ ਹੈ। ਇਨਸਾਨ 'ਤੇ ਹਾਕਮਾਂ ਦੇ ਰੋਅਬ, ਦਬਕੇ ਅਤੇ ਤਾਕਤ ਦੇ ਡਰਾਵੇ ਨੇ ਇਨਸਾਨ ਦੀ ਹਸਤੀ ਨੂੰ ਕਮਜ਼ੋਰ ਕੀਤਾ ਹੋਇਆ ਸੀ। ਗੁਰੂ ਸਾਹਿਬ ਨੇ ਸਿੱਖ ਨੂੰ ਅਕਾਲ ਪੁਰਖ ਦੀ ਰਿਆਇਆ ਬਣਾ ਕੇ ਇਸ ਹੀਣਤਾ ਨੂੰ ਤੋੜਿਆ ਸੀ। ਸਿੱਖ ਦੀ ਪਹਿਲੀ ਤੇ ਆਖ਼ਰੀ ਵਫ਼ਾਦਾਰੀ ਸਿਰਫ਼ ਤੇ ਸਿਰਫ਼ ਵਾਹਿਗੁਰੂ ਨਾਲ ਹੈ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਕਿਸੇ ਮੁਲਕ ਵਿਚ ਰਹਿੰਦਿਆਂ ਸਿੱਖ (ਅਕਾਲ ਪੁਰਖ ਦੀ ਰਿਆਇਆ) ਨੇ ਉਸ ਮੁਲਕ ਦੇ ਕਾਇਦੇ ਕਾਨੂੰਨ ਨਹੀਂ ਮੰਨਣੇ ਅਤੇ ਬੇਮੁਹਾਰਾ ਹੋ ਜਾਣਾ ਹੈ। ਅਕਾਲ ਤਖ਼ਤ ਸਾਹਿਬ ਦੀ ਰਿਆਇਆ ਹੋਣ ਦਾ ਮਤਲਬ ਇਹ ਹੈ ਕਿ ਸਿੱਖ ਦੀ ਕੌਮੀਅਤ ਖਾਲਸਾ ਹੈ (ਖਾਲਸਾ ਦਾ ਮਾਅਨਾ ਹੈ: "ਅਕਾਲ ਪੁਰਖ ਦਾ ਆਪਣਾ")। ਸਿੱਖ ਦੀ ਕੌਮੀਅਤ ਦਾ ਨਿਸ਼ਾਨਾ ਇਨਸਾਨੀਅਤ ਹੈ, ਰੂਹਾਨੀਅਤ ਹੈ, ਇਲਾਹੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਮਗਰੋਂ ਮੀਰੀ-ਪੀਰੀ ਦੇ ਫ਼ਲਸਫ਼ੇ ਦਾ ਐਲਾਨ ਪ੍ਰਗਟ ਕੀਤਾ, ਫ਼ੌਜ ਬਣਾਈ, ਲੋਹਗੜ੍ਹ ਕਿਲ੍ਹਾ ਉਸਾਰਿਆ ਅਤੇ ਅੰਮ੍ਰਿਤਸਰ ਦੀ ਚਾਰ ਦੀਵਾਰੀ ਕੀਤੀ। ਜਦੋਂ ਸਿੱਖ ਰਿਆਸਤ ਦੀ ਖ਼ੁਦਮੁਖ਼ਤਿਆਰੀ ਬਾਰੇ ਰਿਪੋਰਟ ਲਾਹੌਰ ਦਰਬਾਰ ਅਤੇ ਜਹਾਂਗੀਰ ਤਕ ਪੁੱਜੀ ਤਾਂ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਦਰਬਾਰ ਵਿਚ ਆਗਰੇ ਬੁਲਾ ਭੇਜਿਆ। 31 ਦਿਸੰਬਰ 1612 ਦੇ ਦਿਨ ਆਪ ਅੰਮ੍ਰਿਤਸਰ ਤੋਂ ਦਿੱਲੀ ਵੱਲ ਚਲ ਪਏ।[35] ਜਨਵਰੀ 1613 ਵਿਚ ਆਪ ਨੂੰ ਗ੍ਰਿਫ਼ਤਾਰ ਕਰ ਕੇ ਆਗਰੇ ਵਿਚ ਜਹਾਂਗੀਰ ਅੱਗੇ ਪੇਸ਼ ਕੀਤਾ ਗਿਆ। ਜਹਾਂਗੀਰ ਨੇ ਆਪ ਤੋਂ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਖ਼ੁਦਮੁਖ਼ਤਿਆਰੀ

---

35. *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਸਫ਼ਾ 231-32. ਇਸ 'ਗੁਰਬਿਲਾਸ' ਵਿਚਲੀਆਂ ਤਾਰੀਖ਼ਾਂ ਬਾਰੇ ਯਕੀਨੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਇਸ ਵਿਚ ਦਿੱਤੀ ਹੋਈ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਦੀ ਤਾਰੀਖ਼ ਗ਼ਲਤ ਹੈ। ਹੋ ਸਕਦਾ ਹੈ ਕਿ ਬਾਕੀ ਤਾਰੀਖ਼ਾਂ ਵੀ ਗ਼ਲਤ ਹੋਣ।

ਬਾਰੇ ਪੁੱਛਿਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਦੱਸਿਆ ਕਿ ਸਿੱਖ ਸਿਰਫ਼ ਅਕਾਲ ਪੁਰਖ ਦੇ ਤਖ਼ਤ ਦਾ ਵਫ਼ਾਦਾਰ ਹੈ ਤੇ ਸਿਰਫ਼ ਵਾਹਿਗੁਰੂ ਨੂੰ ਹੀ ਸੱਚਾ ਪਾਤਿਸ਼ਾਹ ਮੰਨਦਾ ਹੈ। ਇਸ ਗੱਲ ਨੂੰ ਜਹਾਂਗੀਰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਸ ਨੇ ਗੁਰੂ ਸਾਹਿਬ ਨੂੰ 12 ਸਾਲ ਵਾਸਤੇ ਕੈਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਨੂੰ ਆਗਰੇ ਤੋਂ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ਇੱਥੇ ਵੱਖ-ਵੱਖ ਰਿਆਸਤਾਂ ਦੇ 101 ਰਾਜੇ ਸਿਆਸੀ ਕੈਦੀਆਂ ਵਜੋਂ ਰੱਖੇ ਹੋਏ ਸਨ। ਗੁਰੂ ਸਾਹਿਬ ਨੂੰ ਕੈਦ ਕਰਨ ਮਗਰੋਂ ਜਹਾਂਗੀਰ ਦੀ ਜਿਸਮਾਨੀ ਅਤੇ ਮਾਨਸਿਕ ਸਿਹਤ ਵਿਗੜਨੀ ਸ਼ੁਰੂ ਹੋ ਗਈ। ਅਗਲੇ 6 ਸਾਲ ਜਹਾਂਗੀਰ ਨੇ ਬੜੇ ਔਖੇ ਕੱਟੇ। ਉਸ ਨੂੰ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ ਕਿ ਉਸ ਨੇ ਕਿਸੇ ਇਲਾਹੀ ਸ਼ਖ਼ਸੀਅਤ ਨਾਲ ਗ਼ਲਤ ਸਲੂਕ ਕੀਤਾ ਹੋਇਆ ਹੋਵੇਗਾ।

1619 ਵਿਚ ਸਾਈਂ ਮੀਆਂ ਮੀਰ ਨੇ ਚਨਿਓਟ ਦੇ ਵਜ਼ੀਰ ਖ਼ਾਂ (ਸਰਹੰਦ ਵਾਲਾ ਵਜ਼ੀਰ ਖ਼ਾਂ ਹੋਰ ਸੀ) ਅਤੇ ਬੇਗ਼ਮ ਨੂਰ ਜਹਾਂ ਨੂੰ ਸਮਝਾ ਕੇ ਗੁਰੂ ਸਾਹਿਬ ਦੀ ਰਿਹਾਈ ਵਾਸਤੇ ਜਹਾਂਗੀਰ 'ਤੇ ਜ਼ੋਰ ਪਾਇਆ। ਇਸ 'ਤੇ ਜਹਾਂਗੀਰ ਨੇ ਗੁਰੂ ਸਾਹਿਬ ਦੀ ਰਿਹਾਈ ਵਾਸਤੇ ਹੁਕਮ ਜਾਰੀ ਕਰ ਦਿੱਤਾ। ਰਿਹਾਈ ਦਾ ਹੁਕਮ ਲੈ ਕੇ ਵਜ਼ੀਰ ਖ਼ਾਂ (ਜੋ ਮਗਰੋਂ ਲਾਹੌਰ ਦਾ ਸੂਬੇਦਾਰ ਬਣਿਆ) ਆਪ ਗਵਾਲੀਅਰ ਦੇ ਕਿਲ੍ਹੇ ਵਿਚ ਪੁੱਜਾ। ਜਦੋਂ ਗੁਰੂ ਸਾਹਿਬ ਦੀ ਰਿਹਾਈ ਦੀ ਖ਼ਬਰ ਉਨ੍ਹਾਂ ਨੂੰ ਮਿਲੀ ਤਾਂ ਉੱਥੇ ਕੈਦ ਕੀਤੇ ਹੋਏ ਰਾਜੇ ਰੋਣ ਤੇ ਗਿੜਗਿੜਾਣ ਲੱਗ ਪਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਅਤੇ ਭਾਈ ਵਜ਼ੀਰ ਖ਼ਾਂ ਨੂੰ ਆਖਿਆ ਕਿ ਮੈਂ ਤਾਂ ਹੀ ਰਿਹਾਅ ਹੋਵਾਂਗਾ, ਜੇ ਇਹ ਸਾਰੇ ਰਾਜੇ ਵੀ ਰਿਹਾਅ ਕਰ ਦਿੱਤੇ ਜਾਣਗੇ। ਇਸ 'ਤੇ ਵਜ਼ੀਰ ਖ਼ਾਂ ਵਾਪਿਸ ਦਿੱਲੀ ਗਿਆ। ਗੁਰੂ ਸਾਹਿਬ ਦਾ ਫੈਸਲਾ ਸੁਣ ਕੇ ਜਹਾਂਗੀਰ ਨੂੰ ਗੁਰੂ ਸਾਹਿਬ ਦੀ ਅਜ਼ਮਤ ਦਾ ਅਹਿਸਾਸ ਹੋਇਆ। ਉਸ ਨੇ ਹੁਕਮ ਜਾਰੀ ਕੀਤਾ ਕਿ ਛੋਟੀਆਂ ਕੈਦਾਂ ਵਾਲੇ ਰਾਜੇ ਰਿਹਾਅ ਕਰ ਦਿੱਤੇ ਜਾਣ ਅਤੇ ਲੰਬੀਆਂ ਕੈਦਾਂ ਵਾਲਿਆਂ ਵਿਚੋਂ ਉਹ ਸਾਰੇ ਰਾਜੇ ਰਿਹਾਅ ਕਰ ਦਿੱਤੇ ਜਾਣ, ਜਿਹੜੇ ਗੁਰੂ ਸਾਹਿਬ ਦਾ ਪੱਲਾ ਫੜ ਕੇ ਬਾਹਰ ਨਿਕਲ ਸਕਣ। ਜਹਾਂਗੀਰ ਦਾ ਇਹ ਹੁਕਮ ਲੈ ਕੇ ਵਜ਼ੀਰ ਖ਼ਾਂ ਗਵਾਲੀਅਰ ਪੁੱਜਾ। ਉੱਥੇ ਕੈਦ 101 ਰਾਜਿਆਂ ਵਿਚੋਂ 49 ਰਾਜੇ ਛੋਟੀਆਂ ਕੈਦਾਂ ਵਾਲੇ ਸਨ ਤੇ 52 ਲੰਮੀਆਂ ਕੈਦਾਂ ਵਾਲੇ ਸਨ। ਇਸ 'ਤੇ ਗੁਰੂ ਸਾਹਿਬ ਨੇ ਜੇਲ੍ਹ ਦੇ ਦਰੋਗੇ ਹਰਿਦਾਸ ਯਾਦਵ ਨੂੰ ਆਖ ਕੇ 52 ਕਲੀਆਂ ਵਾਲਾ ਇਕ ਚੋਗਾ ਬਣਵਾਇਆ। ਅਗਲੇ ਦਿਨ, 26 ਅਕਤੂਬਰ 1619 ਨੂੰ, ਸਾਰੇ ਰਾਜੇ ਗੁਰੂ ਸਾਹਿਬ ਦੇ ਚੋਗੇ ਦੀਆਂ ਕਲੀਆਂ ਫੜ ਕੇ ਬਾਹਰ ਆ ਗਏ। ਇੰਞ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਨੇ 101 ਰਾਜਿਆਂ ਦੀ ਬੰਦ ਖਲਾਸੀ ਕਰਵਾਈ।[36]

•

36. *ਗੁਰੂ ਕੀਆਂ ਸਾਖੀਆਂ*, ਸਫ਼ਾ 36-37.

ਗੁਰੂ ਸਾਹਿਬ ਵੇਲੇ ਅਕਾਲ ਤਖ਼ਤ ਸਾਹਿਬ
(1635 ਤੋਂ 1708)

ਗੁਰੂ ਹਰਿਗੋਬਿੰਦ ਸਾਹਿਬ, ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋਣ ਮਗਰੋਂ ਵਧੇਰੇ ਕਰ ਕੇ ਗੋਇੰਦਵਾਲ, ਗੁਰੂ ਦਾ ਚੱਕ (ਅੰਮ੍ਰਿਤਸਰ), ਡਰੋਲੀ ਭਾਈ (ਮੋਗਾ) ਤੇ ਕਰਤਾਰਪੁਰ (ਜਲੰਧਰ) ਵਿਚ ਰਹੇ ਸਨ। ਇਸ ਦੌਰਾਨ ਆਪ ਨੂੰ ਕਈ ਵਾਰ ਦੁਸ਼ਮਣ ਫ਼ੌਜਾਂ ਦੇ ਹਮਲੇ ਦਾ ਸਾਹਮਣਾ ਵੀ ਕਰਨਾ ਪਿਆ। ਆਪ ਨੂੰ ਸਭ ਤੋਂ ਪਹਿਲੀ ਲੜਾਈ 27 ਸਿਤੰਬਰ 1621 ਦੇ ਦਿਨ ਰੁਹੀਲਾ (ਹਰਿਗੋਬਿੰਦਪੁਰ) ਵਿਚ ਲੜਨੀ ਪਈ, ਜਦੋਂ ਚੰਦੂ ਦੇ ਪੁੱਤਰ ਕਰਮੇ ਅਤੇ ਭਗਵਾਨ ਦਾਸ ਘੇਰੜ ਤੇ ਉਸ ਦੇ ਪੁੱਤਰ ਰਤਨ ਚੰਦ ਨੇ ਗੁਰੂ ਸਾਹਿਬ 'ਤੇ ਅਚਾਨਕ ਹਮਲਾ ਕਰ ਦਿੱਤਾ। ਹਾਰ ਖਾਣ ਮਗਰੋਂ ਉਹ ਫਿਰ 3 ਅਕਤੂਬਰ 1621 ਦੇ ਦਿਨ ਜਲੰਧਰ ਤੋਂ ਫ਼ੌਜਾਂ ਚੜ੍ਹਾ ਲਿਆਏ। ਇਸ ਲੜਾਈ ਵਿਚ ਵੀ ਗੁਰੂ ਸਾਹਿਬ ਜੇਤੂ ਰਹੇ।[1] ਦੂਜੀ ਲੜਾਈ 13 ਅਪਰੈਲ 1634 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਹੋਈ। ਇਸ ਲੜਾਈ ਵਿਚ ਮੁਰਤਜ਼ਾ ਖ਼ਾਨ ਦੀ ਅਗਵਾਈ ਵਿਚ ਆਈਆਂ ਹਮਲਾਵਰ ਫ਼ੌਜਾਂ ਨੇ ਬੁਰੀ ਤਰ੍ਹਾਂ ਨੁਕਸਾਨ ਉਠਾਇਆ।[2] ਇਸ ਪਿਛੋਂ 17 ਦਿਸੰਬਰ 1634 ਦੇ ਦਿਨ ਲੱਲਾਬੇਗ਼ ਤੇ ਕਮਰਬੇਗ਼ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਨੇ ਇਕ ਵਾਰ ਫੇਰ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਮਹਿਰਾਜ ਪਿੰਡ ਦੇ ਨੇੜੇ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸੈਂਕੜੇ ਸਿੱਖ, ਹਜ਼ਾਰਾਂ ਮੁਗ਼ਲ ਫ਼ੌਜੀ ਤੇ ਉਨ੍ਹਾਂ ਦੇ ਅਹਿਮ ਜਰਨੈਲ ਮਾਰੇ ਗਏ ਤੇ ਗੁਰੂ ਜੀ ਦੀ ਜਿੱਤ ਹੋਈ।[3] ਚੌਥੀ ਲੜਾਈ ਕਰਤਾਰਪੁਰ (ਜਲੰਧਰ) ਵਿਚ ਹੋਈ, ਜਦੋਂ ਗੁਰੂ ਸਾਹਿਬ ਦਾ ਨਮਕ-ਹਰਾਮ ਪੈਂਦੇ ਖ਼ਾਨ ਮੁਗ਼ਲ ਫ਼ੌਜਾਂ ਚੜ੍ਹਾ ਲਿਆਇਆ। ਇਹ ਲੜਾਈ 1635 ਵਿਚ, 26 ਤੋਂ 28 ਅਪਰੈਲ ਤੱਕ, ਕਰਤਾਰਪੁਰ ਵਿਚ ਹੋਈ ਸੀ।[4]

ਕਰਤਾਰਪੁਰ ਦੀ ਲੜਾਈ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਹਮਲਾਵਰ ਫ਼ੌਜੀ ਮਾਰੇ ਗਏ। ਇਸ ਮੌਕੇ 'ਤੇ ਗੁਰੂ ਸਾਹਿਬ ਨੇ ਫ਼ੈਸਲਾ ਕੀਤਾ ਕਿ ਧਰਮ ਪ੍ਰਚਾਰ ਦੀ ਕਾਰਵਾਈ ਨੂੰ ਸਹੀ ਤਰੀਕੇ ਨਾਲ ਚਲਾਉਣ ਵਾਸਤੇ ਕਿਸੇ ਦੂਰ-ਦੁਰਾਡੇ ਇਲਾਕੇ ਵਿਚ ਸਿੱਖ ਸੈਂਟਰ ਕਾਇਮ ਕੀਤਾ ਜਾਵੇ। ਇਹ ਸੋਚ ਕੇ ਗੁਰੂ ਸਾਹਿਬ ਅਗਲੇ ਦਿਨ ਕੀਰਤਪੁਰ ਸਾਹਿਬ ਵਲ

---

1. ਭੱਟ ਵਹੀ ਮੁਲਤਾਨੀ ਸਿੰਧੀ, *ਗੁਰੂ ਕੀਆਂ ਸਾਖੀਆਂ* (1991 ਐਡੀਸ਼ਨ), ਸਫ਼ਾ 32.
2. *ਗੁਰੂ ਕੀਆਂ ਸਾਖੀਆਂ*, ਸਫ਼ਾ 32.
3. *ਉਹੀ*, ਸਫ਼ਾ 32-33.
4. *ਉਹੀ*, ਸਫ਼ਾ 33.

ਚਲ ਪਏ। ਕੀਰਤਪੁਰ ਸਾਹਿਬ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਅਸ਼ੀਰਵਾਦ ਨਾਲ ਉਨ੍ਹਾਂ ਦੇ ਵੱਡੇ ਬੇਟੇ ਬਾਬਾ ਗੁਰਦਿੱਤਾ ਨੇ 1624 ਵਿਚ ਵਸਾਇਆ ਸੀ।

ਕੀਰਤਪੁਰ ਸਾਹਿਬ ਨੂੰ ਜਾਂਦਿਆਂ ਰਸਤੇ ਵਿਚ ਸ਼ਾਹਜਹਾਨਾਬਾਦ (ਹੁਣ ਫਗਵਾੜਾ) ਕੋਲ ਮੁਗ਼ਲ ਫ਼ੌਜਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਵੀ ਕਈ ਮੁਗ਼ਲ ਸਿਪਾਹੀ ਮਾਰੇ ਗਏ।[5] 3 ਮਈ 1635 ਦੇ ਦਿਨ ਗੁਰੂ ਸਾਹਿਬ ਕੀਰਤਪੁਰ ਸਾਹਿਬ ਪਹੁੰਚ ਗਏ। ਇਸ ਮਗਰੋਂ ਉਹ ਵਧੇਰੇ ਸਮਾਂ ਇੱਥੇ ਹੀ ਰਹੇ ਤੇ ਏਥੋਂ ਹੀ ਧਰਮ ਪ੍ਰਚਾਰ ਵਾਸਤੇ ਵੱਖ-ਵੱਖ ਇਲਾਕਿਆਂ ਵਿਚ ਜਾਂਦੇ ਰਹੇ।

ਇੱਥੇ ਇਹ ਗੱਲ ਸਮਝਣ ਵਾਲੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਇਨ੍ਹਾਂ ਲੜਾਈਆਂ ਵਿਚ ਕੋਈ ਵੀ ਲੜਾਈ ਉਨ੍ਹਾਂ ਨੇ ਆਪੇ ਨਹੀਂ ਸੀ ਛੇੜੀ। ਉਨ੍ਹਾਂ ਨੇ ਤਾਂ ਸਿਰਫ਼ ਹਮਲੇ ਦੀ ਸੂਰਤ ਵਿਚ ਹਮਲਾਵਰ ਫ਼ੌਜਾਂ ਦਾ ਟਾਕਰਾ ਹੀ ਕੀਤਾ ਸੀ ਤੇ ਜਿੱਤਾਂ ਹਾਸਿਲ ਕੀਤੀਆਂ ਸਨ। ਗੁਰੂ ਸਾਹਿਬ ਵਲੋਂ ਹਥਿਆਰਾਂ ਦੀ ਵਰਤੋਂ ਹਮਲੇ ਵਾਸਤੇ ਨਹੀਂ ਬਲਕਿ ਹਮਲੇ ਤੋਂ ਬਚਾਅ ਵਾਸਤੇ ਅਤੇ ਜ਼ੁਲਮ ਦੇ ਖ਼ਾਤਮੇ ਵਾਸਤੇ ਕੀਤੀ ਗਈ ਸੀ। ਉਹ ਇਕ ਵਾਰ ਹਿੰਦੂ ਆਗੂ ਸ਼ਿਵਾਜੀ ਮਰਹੱਟਾ ਦੇ ਸਿਆਸੀ ਉਸਤਾਦ ਸਮਰੱਥ ਰਾਮਦਾਸ ਨੂੰ ਮਿਲੇ ਤਾਂ ਉਸ ਨੇ ਗੁਰੂ ਸਾਹਿਬ ਨੂੰ ਸ਼ਸਤਰ ਨਾਲ ਸਜੇ ਹੋਏ ਵੇਖ ਕੇ ਪੁੱਛਿਆ ਕਿ ਤੁਸੀਂ ਹਥਿਆਰ ਪਹਿਨੇ ਹੋਏ ਹਨ, ਪਰ ਗੁਰੂ ਨਾਨਕ ਸਾਹਿਬ ਨੇ ਤਾਂ 'ਮਾਇਆ' ਦਾ ਤਿਆਗ ਕੀਤਾ ਸੀ। ਇਸ 'ਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ "ਗੁਰੂ ਨਾਨਕ ਸਾਹਿਬ ਨੇ ਮਾਇਆ ਤਿਆਗੀ ਸੀ, ਸੰਸਾਰ ਨਹੀਂ। ਅਸੀਂ ਇਹ ਸ਼ਸਤਰ ਗੁਰੂ ਨਾਨਕ ਸਾਹਿਬ ਦੇ ਹੁਕਮ ਮੁਤਾਬਿਕ ਹੀ ਸੰਭਾਲੇ ਹਨ ਤੇ ਇਨ੍ਹਾਂ ਦਾ ਮਕਸਦ ਹੈ: ਗ਼ਰੀਬ ਦੀ ਰੱਖਿਆ ਤੇ ਜਰਵਾਣੇ (ਜ਼ਾਲਮ) ਦੀ ਭੱਖਿਆ।" ਇਸ 'ਤੇ ਸਮਰੱਥ ਰਾਮਦਾਸ ਬੋਲ ਉਠਿਆ, "ਯਿਹ ਬਾਤ ਹਮਾਰੇ ਮਨ ਭਾਵਤੀ ਹੈ (ਇਹ ਗੱਲ ਸਾਡੇ ਦਿਲ ਨੂੰ ਜਚਦੀ ਹੈ)।" ਇਸ ਸਾਖੀ ਦਾ ਜ਼ਿਕਰ *ਪੰਜਾਹ ਸਾਖੀਆਂ* ਦੀ 39ਵੀਂ ਸਾਖੀ ਵਿਚ ਵੀ ਮਿਲਦਾ ਹੈ।

ਮਈ 1635 ਤੋਂ ਸਿੱਖ ਸੰਗਤਾਂ, ਕੀਰਤਪੁਰ ਸਾਹਿਬ ਜਾਣ ਲਗ ਪਈਆਂ। ਏਥੇ ਗੁਰੂ ਸਾਹਿਬ ਜਿਸ ਜਗ੍ਹਾ ਦਰਬਾਰ ਲਾਉਂਦੇ ਸਨ, ਉਸ ਨੂੰ ਹੁਣ *ਤਖ਼ਤ ਕੋਟਗੜ੍ਹ ਗੁਰਦੁਆਰਾ* ਆਖਿਆ ਜਾਂਦਾ ਹੈ। ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਵੀ ਗੁਰੂ ਸਾਹਿਬ ਇੱਥੋਂ ਹੀ ਚਲਾਇਆ ਕਰਦੇ ਸਨ। ਇੱਥੇ ਗੁਰੂ ਸਾਹਿਬ ਕੋਲ ਵੱਖ-ਵੱਖ ਰਿਆਸਤਾਂ ਦੇ ਰਾਜੇ, ਵਜ਼ੀਰ ਤੇ ਸਫ਼ੀਰ ਆਇਆ ਕਰਦੇ ਸਨ। ਉਸ ਵੇਲੇ ਮੁਗ਼ਲ ਫ਼ੌਜਾਂ ਰਾਜਿਸਥਾਨ ਅਤੇ ਹੋਰ ਰਾਜਪੂਤੀ ਇਲਾਕਿਆਂ ਵਿਚ ਵੀ ਕਬਜ਼ੇ ਕਰ ਰਹੀਆਂ ਸਨ। ਬਹੁਤ ਸਾਰੇ ਅਣਖੀਲੇ ਰਾਜਪੂਤ ਹਾਕਮ ਲੜਾਈਆਂ ਵਿਚ ਹਾਰਨ ਮਗਰੋਂ ਵੀ ਮੁਗ਼ਲਾਂ ਦੀ ਸਿਰਦਾਰੀ ਮੰਨਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਵਿਚੋਂ ਕਈਆਂ ਨੇ ਕੀਰਤਪੁਰ ਸਾਹਿਬ ਵਿਚ ਗੁਰੂ ਹਰਿਗੋਬਿੰਦ ਸਾਹਿਬ ਕੋਲ ਪਨਾਹ ਲਈ ਹੋਈ ਸੀ। ਇੰਵ ਕੀਰਤਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਦਰਬਾਰ ਵਿਚ ਬਹੁਤ ਸਾਰੇ ਰਾਜੇ, ਜਿਨ੍ਹਾਂ ਵਿਚ ਬਿਲਾਸਪੁਰ, ਹੰਡੂਰ, ਨਾਹਨ ਅਤੇ ਹੋਰ ਕਈ ਰਿਆਸਤਾਂ ਦੇ ਹਾਕਮ ਸ਼ਾਮਿਲ ਸਨ, ਸਾਬਕ ਰਾਜੇ, ਸਫ਼ੀਰ, ਵਜ਼ੀਰ, ਬਦੇਸ਼ੀ ਯਾਤਰੂ ਅਤੇ ਬੜੀ ਵੱਡੀ ਗਿਣਤੀ ਵਿਚ ਜਰਨੈਲਾਂ ਤੋਂ ਸਿਵਾ ਕਈ ਆਲਮ ਫ਼ਾਜ਼ਲ

---

5. *ਗੁਰੂ ਕੀਆਂ ਸਾਖੀਆਂ*, ਸਫ਼ਾ 34.

ਸ਼ਖ਼ਸ ਹਾਜ਼ਿਰ ਹੁੰਦੇ ਰਹਿੰਦੇ ਸਨ।[6] ਗੁਰੂ ਸਾਹਿਬ ਦੀ ਰਿਆਸਤ ਵਿਚ ਪਨਾਹ ਲੈਣ ਵਾਲੇ ਅਣਖੀਲੇ ਰਾਜੇ ਤੇ ਸਾਬਕ ਰਾਜੇ ਆਪਣੇ ਆਪ ਨੂੰ ਅਕਾਲ ਪੁਰਖ ਦੀ ਪਨਾਹਗਾਹ ਵਿਚ ਮਹਿਸੂਸ ਕਰਿਆ ਕਰਦੇ ਸਨ। ਉਹ ਆਪਣੇ ਆਪ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਜਾਂ ਸ਼ਾਹਜਹਾਨ ਦੀ ਰਿਆਇਆ ਮੰਨਣ ਦੀ ਬਜਾਏ ਅਕਾਲ ਪੁਰਖ ਦੀ ਰਿਆਇਆ ਮੰਨਦੇ ਸਨ ਤੇ ਅਕਾਲ ਪੁਰਖ ਦੇ ਤਖ਼ਤ ਅੱਗੇ ਸਿਰ ਝੁਕਾਉਣ ਵਿਚ ਮਾਣ ਮਹਿਸੂਸ ਕਰਿਆ ਕਰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ 1644 ਨੂੰ ਜੋਤੀ ਜੋਤਿ ਸਮਾ ਗਏ। ਅਕਾਲ ਪੁਰਖ ਦੀ ਜੋਤਿ ਵਿਚ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਪੋਤੇ ਗੁਰੂ ਹਰਿਰਾਇ ਸਾਹਿਬ (16.1.1630—6.10.1661) ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਸੱਤਵਾਂ ਨਾਨਕ ਥਾਪ ਦਿੱਤਾ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਸੌਂਪ ਦਿੱਤੀ। ਗੁਰੂ ਹਰਿਰਾਇ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਕੋਟ ਤਖ਼ਤ ਸਾਹਿਬ ਕੀਰਤਪੁਰ ਸਾਹਿਬ ਤੋਂ ਹੀ ਚਲਾਉਂਦੇ ਰਹੇ। ਗੁਰੂ ਹਰਿਰਾਇ ਸਾਹਿਬ ਦੇ ਵੇਲੇ ਵੀ ਬਹੁਤ ਸਾਰੇ ਰਾਜਪੂਤ ਰਾਜਿਆਂ, ਆਗੂਆਂ ਤੇ ਕਈ ਆਲਮ ਫ਼ਾਜ਼ਿਲ ਸੂਫ਼ੀ ਮੁਸਲਮਾਨਾਂ ਅਤੇ ਮੁਗ਼ਲ ਸ਼ਹਿਜਾਦਿਆਂ ਨੇ ਗੁਰੂ ਸਾਹਿਬ ਨਾਲ ਸਬੰਧ ਬਣਾਏ ਹੋਏ ਸਨ। ਅਕਾਲ ਤਖ਼ਤ ਸਾਹਿਬ ਦੇ ਸਰਬਰਾਹ (ਸੱਤਵੇਂ ਨਾਨਕ) ਤਕ ਜਿਸ ਕਿਸੇ ਨੇ ਵੀ ਸੱਜਣ, ਦੋਸਤ ਜਾਂ ਫ਼ਰਿਆਦੀ ਬਣ ਕੇ ਪਹੁੰਚ ਕੀਤੀ, ਉਸ ਨੂੰ ਹੀ ਗੁਰੂ ਸਾਹਿਬ ਨੇ ਅਸ਼ੀਰਵਾਦ ਦਿੱਤੀ ਅਤੇ ਵੱਧ ਤੋਂ ਵੱਧ ਮਿਲਵਰਤਣ ਤੇ ਪਿਆਰ ਦਿੱਤਾ। ਗੁਰੂ ਹਰਿਰਾਇ ਸਾਹਿਬ ਦੇ ਵੇਲੇ ਸਿੱਖ ਪੰਥ ਦੇ ਪ੍ਰਚਾਰ ਦਾ ਦਾਇਰਾ ਹੋਰ ਵੀ ਵਧਿਆ। ਉਨ੍ਹਾਂ ਨੇ ਸਿੱਖਾਂ ਨੂੰ ਨਿਜ਼ਾਮ ਚਲਾਉਣ, ਦੂਜੇ ਹਾਕਮਾਂ ਨਾਲ ਸਬੰਧ ਬਣਾਉਣ ਅਤੇ ਜਥੇਬੰਦ ਹੋਣ ਦੀ ਜਾਚ ਸਿਖਾਈ। ਇਸ ਵੇਲੇ ਤੱਕ ਸਿੱਖ ਭਾਈਚਾਰਾ ਇਕ ਬੜੇ ਵਧੀਆ ਤੇ ਕਾਮਯਾਬ ਜਥੇਬੰਦਕ ਨਿਜ਼ਾਮ ਵਿਚ ਬੰਨ੍ਹਿਆ ਹੋਇਆ ਸੀ।

ਸੱਤਵੇਂ ਨਾਨਕ ਗੁਰੂ ਹਰਿਰਾਇ ਸਾਹਿਬ 6 ਅਕਤੂਬਰ 1661 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ (20.7.1652—30.3.1664) ਨੂੰ ਅੱਠਵੇਂ ਨਾਨਕ ਥਾਪ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਿਰਫ਼ ਤਿੰਨ ਸਾਲ ਗੁਰਗੱਦੀ ਸੰਭਾਲੀ ਤੇ ਇਸ ਦੌਰਾਨ ਉਨ੍ਹਾਂ ਨੇ ਕੀਰਤਪੁਰ ਸਾਹਿਬ ਵਿਚ ਸਿੱਖ ਨਿਜ਼ਾਮ ਨੂੰ ਸੁਚੱਜੇ ਤਰੀਕੇ ਨਾਲ ਚਲਾਇਆ। ਔਰੰਗਜ਼ੇਬ ਨਾਲ 25 ਮਾਰਚ 1664 ਦੇ ਦਿਨ ਗੱਲਬਾਤ ਦੌਰਾਨ ਉਸ ਵੱਲੋਂ ਅਕਾਲ ਪੁਰਖ ਦੇ ਤਖ਼ਤ ਦੀ ਸਰਬਰਾਹੀ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਨਕਾਰ ਦਿੱਤਾ।[7] ਆਪ 30 ਮਾਰਚ 1664 ਦੇ ਦਿਨ ਗੁਰੂ ਤੇਗ ਬਹਾਦਰ ਸਾਹਿਬ (18.10.1621—11.11.1675) ਨੂੰ ਨੌਂਵਾਂ ਨਾਨਕ ਥਾਪ ਕੇ ਜੋਤੀ ਜੋਤਿ ਸਮਾ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਅਕਾਲ ਪੁਰਖ ਦੇ ਬੁਲਾਵੇ ਦਾ ਅਹਿਸਾਸ ਪਹਿਲੋਂ ਹੀ ਸੀ, ਇਸ ਕਰ ਕੇ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ 21 ਤੋਂ 23 ਮਾਰਚ 1664 ਤਕ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਰਾਜਾ ਜੈ ਸਿਹੁੰ ਦੇ ਬੰਗਲੇ ਵਿਚ ਮਿਲੇ, ਉਨ੍ਹਾਂ ਉਦੋਂ ਹੀ ਗੁਰੂ

---

6. *ਗੁਰੂ ਕੀਆਂ ਸਾਖੀਆਂ*, ਸਫ਼ਾ 37, 38.

7. *ਉਹੀ*, ਸਫ਼ਾ 64-65, ਭੱਟ ਵਹੀ ਤਲਉਂਢਾ, ਪਰਗਨਾ ਜੀਂਦ, ਖਾਤਾ ਜਲਾਹਨੇ ਪੁਆਰੋਂ ਕਾ।

ਤੇ.ਗ ਬਹਾਦਰ ਸਾਹਿਬ ਨੂੰ ਸੇਵਾ ਸੰਭਾਲਣ ਵਾਸਤੇ ਤਿਆਰ ਰਹਿਣ ਵਾਸਤੇ ਆਖ ਦਿੱਤਾ ਸੀ।[8] ਜਿਸ ਵੇਲੇ ਗੁਰੂ ਤੇ.ਗ ਬਹਾਦਰ ਸਾਹਿਬ ਨੇ ਨੌਵੇਂ ਨਾਨਕ ਵਜੋਂ ਗੁਰਗੱਦੀ ਸੰਭਾਲੀ, ਉਸ ਵੇਲੇ ਆਪ ਬਕਾਲਾ (ਹੁਣ ਬਾਬਾ ਬਕਾਲਾ) ਰਹਿੰਦੇ ਸਨ। ਆਪ ਨੇ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਦੀ ਸੇਵਾ ਬਕਾਲਾ ਤੋਂ ਹੀ ਨਿਭਾਉਣੀ ਸ਼ੁਰੂ ਕਰ ਦਿੱਤੀ। ਗੁਰੂ ਦਾ ਚੱਕ (ਅੰਮ੍ਰਿਤਸਰ), ਕਰਤਾਰਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਤੋਂ ਮਗਰੋਂ ਅਕਾਲ ਪੁਰਖ ਦੇ ਤਖ਼ਤ ਦੀ ਕਾਰਵਾਈ ਹੁਣ ਬਕਾਲਾ ਤੋਂ ਹੋਣ ਲੱਗ ਪਈ।[9] ਯਾਨਿ ਜਿੱਥੇ ਵੀ ਅਕਾਲ ਪੁਰਖ ਦੇ ਤਖ਼ਤ ਦਾ ਵਾਰਿਸ ਰਹਿੰਦਾ ਸੀ, ਤਖ਼ਤ ਸਾਹਿਬ ਦੀ ਕਾਰਵਾਈ ਉੱਥੋਂ ਹੀ ਹੋਇਆ ਕਰਦੀ ਸੀ। ਇਹ ਉਵੇਂ ਹੀ ਸੀ, ਜਿਵੇਂ ਮੁ.ਗਲ ਬਾਦਸ਼ਾਹ ਸ਼ਾਹਜਹਾਨ ਆਗਰੇ ਤੋਂ, ਔਰੰਗਜ਼ੇਬ ਔਰੰਗਾਬਾਦ ਤੋਂ ਅਤੇ ਬਹਾਦਰ ਸ਼ਾਹ ਪਹਿਲੋਂ ਆਗਰੇ ਤੋਂ, ਫੇਰ ਦਿੱਲੀ ਤੋਂ, ਤੇ ਅਖ਼ੀਰਲੇ ਦਿਨਾਂ ਵਿਚ ਲਾਹੌਰ ਤੋਂ, ਮੁ.ਗਲ ਤਖ਼ਤ ਦੀ ਕਾਰਵਾਈ ਚਲਾਇਆ ਕਰਦਾ ਸੀ। ਯਾਨਿ ਜਿੱਥੇ ਮੁ.ਗਲ ਬਾਦਸ਼ਾਹ ਹੁੰਦਾ ਸੀ, ਮੁ.ਗਲੀਆ ਤਖ਼ਤ ਦੀ ਕਾਰਵਾਈ ਉੱਥੋਂ ਹੀ ਚਲਿਆ ਕਰਦੀ ਸੀ। ਉਸ ਨੂੰ ਮੁ.ਗਲਾਂ ਦਾ ਵੱਖਰਾ ਤਖ਼ਤ ਨਹੀਂ ਆਖਿਆ ਜਾ ਸਕਦਾ। ਹਾਂ, ਇਹ ਜ਼ਰੂਰ ਆਖ ਸਕਦੇ ਹਾਂ ਕਿ ਮੁ.ਗਲ ਤਖ਼ਤ ਦੀ ਸੀਟ ਕਦੇ ਆਗਰਾ, ਕਦੇ ਔਰੰਗਾਬਾਦ, ਕਦੇ ਦਿੱਲੀ (ਤੇ ਕਦੇ ਲਾਹੌਰ) ਵਿਚ ਵੀ ਰਹੀ ਸੀ। ਇੰਞ ਹੀ ਅਕਾਲ ਪੁਰਖ ਦੇ ਤਖ਼ਤ (ਅਕਾਲ ਤਖ਼ਤ ਸਾਹਿਬ) ਦੀ ਕਾਰਵਾਈ ਗੁਰੂ ਹਰਿਗੋਬਿੰਦ ਸਾਹਿਬ ਪਹਿਲੋਂ ਗੁਰੂ ਦਾ ਚੱਕ (ਅੰਮ੍ਰਿਤਸਰ) ਤੋਂ, ਫੇਰ ਗਵਾਲੀਅਰ ਕਿਲ੍ਹੇ 'ਚੋਂ, ਗੋਇੰਦਵਾਲ ਤੋਂ, ਡਰੋਲੀ ਭਾਈ ਤੋਂ, ਕਰਤਾਰਪੁਰ ਤੋਂ ਤੇ ਕੀਰਤਪੁਰ ਸਾਹਿਬ ਤੋਂ ਚਲਾਉਂਦੇ ਰਹੇ ਸਨ। ਗੁਰੂ ਹਰਿਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਤਖ਼ਤ ਸਾਹਿਬ ਦੀ ਕਾਰਵਾਈ ਕੀਰਤਪੁਰ ਸਾਹਿਬ ਤੋਂ ਹੀ ਚਲਦੀ ਰਹੀ ਸੀ। (ਕੀਰਤਪੁਰ ਵਿਚ ਕੋਟ ਤਖ਼ਤ ਸਾਹਿਬ ਗੁਰਦੁਆਰਾ ਉਹ ਜਗ੍ਹਾ ਹੈ, ਜਿੱਥੇ ਗੁਰੂ ਸਾਹਿਬ ਦਾ ਤਖ਼ਤ ਸੀ ਤੇ ਦਰਬਾਰ ਲਗਿਆ ਕਰਦਾ ਸੀ। ਜਿਹਾ ਕਿ 'ਕੋਟ ਤਖ਼ਤ ਸਾਹਿਬ' ਨਾਂ ਤੋਂ ਹੀ ਜ਼ਾਹਿਰ ਹੈ ਕਿ ਇੱਥੇ ਕਿਲ੍ਹਾ ਵੀ ਸੀ ਅਤੇ ਤਖ਼ਤ ਵੀ।)

ਗੁਰੂ ਤੇ.ਗ ਬਹਾਦਰ ਸਾਹਿਬ ਤਖ਼ਤ ਦੀ ਕਾਰਵਾਈ ਪਹਿਲੋਂ ਬਕਾਲਾ ਤੋਂ ਚਲਾਉਂਦੇ ਰਹੇ। 1666 ਤੋਂ 1670 ਤੱਕ ਆਪ ਬਿਹਾਰ, ਬੰਗਾਲ ਅਤੇ ਆਸਾਮ ਦੇ ਦੌਰ 'ਤੇ ਰਹੇ। ਉਦੋਂ ਆਪ ਦੀ ਰਾਜਧਾਨੀ ਪਟਨਾ ਸਾਹਿਬ ਹੁੰਦੀ ਸੀ ਤੇ ਆਪ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਉੱਥੋਂ ਹੀ ਚਲਾਇਆ ਕਰਦੇ ਸਨ। ਉਦੋਂ ਪਟਨਾ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਸੀਟ ਸੀ। **ਸ਼ਾਇਦ ਇਸੇ ਭੁਲੇਖੇ ਕਰ ਕੇ, ਮਗਰੋਂ, ਕੁਝ ਲੇਖਕਾਂ ਨੇ ਪਟਨਾ ਸਾਹਿਬ ਨੂੰ ਵੱਖਰਾ ਤਖ਼ਤ ਮੰਨਣ ਦੀ .ਗਲਤੀ ਕਰ ਲਈ।**[10]

1666 ਵਿਚ ਪਟਨਾ ਜਾਣ ਤੋਂ 6 ਮਹੀਨੇ ਪਹਿਲਾਂ ਗੁਰੂ ਤੇ.ਗ ਬਹਾਦਰ ਸਾਹਿਬ ਨੇ 19 ਜੂਨ 1665 ਦੇ ਦਿਨ ਕੀਰਤਪੁਰ ਸਾਹਿਬ ਤੋਂ ਨੌਂ ਕਿਲੋਮੀਟਰ ਦੂਰ ਲੌਦੀਪੁਰ, ਮੀਆਂਪੁਰ ਤੇ ਸਹੋਟਾ ਪਿੰਡਾਂ ਦੇ ਵਿਚਕਾਰ 'ਚੱਕ ਨਾਨਕੀ' ਪਿੰਡ ਦਾ ਮੁੱਢ ਬੰਨ੍ਹਿਆ ਸੀ।[11]

---

8. *ਗੁਰੂ ਕੀਆਂ ਸਾਖੀਆਂ*, ਸਫ਼ਾ 63.
9. *ਉਹੀ*, ਸਫ਼ਾ 65-67.
10. ਵੇਖੋ ਚੈਪਟਰ: 'ਤਖ਼ਤ ਪਟਨਾ ਸਾਹਿਬ ਬਨਾਮ ਅਕਾਲ ਤਖ਼ਤ ਸਾਹਿਬ'।
11. *ਗੁਰੂ ਕੀਆਂ ਸਾਖੀਆਂ*, ਸਫ਼ਾ 72.

(ਮਗਰੋਂ 30 ਮਾਰਚ 1689 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚੱਕ ਨਾਨਕੀ ਦੇ ਨਾਲ ਹੀ ਅਨੰਦਪੁਰ ਸਾਹਿਬ ਦੀ ਨੀਂਹ ਰੱਖੀ ਸੀ।[12] ਅੱਜ-ਕਲ੍ਹ ਚੱਕ ਨਾਨਕੀ, ਅਨੰਦਪੁਰ ਤੇ ਆਲੇ-ਦੁਆਲੇ ਦੇ ਇਲਾਕੇ, ਸਾਰੇ ਨੂੰ ਹੀ ਅਨੰਦਪੁਰ ਆਖਿਆ ਜਾਂਦਾ ਹੈ)। ਭਾਵੇਂ ਗੁਰੂ ਤੇਗ਼ ਬਹਾਦਰ ਸਾਹਿਬ 1670 ਦੀਆਂ ਗਰਮੀਆਂ ਵਿਚ ਪੰਜਾਬ ਮੁੜ ਆਏ ਸਨ, ਪਰ ਉਹ ਵਾਪਿਸ ਆ ਕੇ ਵੀ ਬਕਾਲਾ ਵਿਚ ਹੀ ਰਹਿਣ ਲੱਗ ਪਏ ਸਨ।

ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ) ਦੇ ਨੇੜੇ ਬਕਾਲਾ ਵਿਚ ਰਹਿੰਦੇ ਰਹੇ ਪਰ ਆਪ ਅਕਾਲ ਤਖ਼ਤ ਸਾਹਿਬ ਕਿਉਂ ਨਹੀਂ ਗਏ। ਦਰਅਸਲ ਛੇਵੇਂ ਨਾਨਕ ਵਲੋਂ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਨ ਦਾ ਮਕਸਦ ਇਕ ਈਮਾਰਤ ਬਣਾਉਣਾ ਨਹੀਂ ਬਲਕਿ ਇਕ ਫ਼ਲਸਫ਼ੇ ਦਾ ਐਲਾਨ ਕਰਨਾ ਸੀ। ਅਕਾਲ ਤਖ਼ਤ ਸਾਹਿਬ ਦਾ ਫ਼ਲਸਫ਼ਾ ਇਹ ਹੈ ਕਿ ਇਕ ਇਨਸਾਨ ਕਿਸੇ ਦੁਨਿਆਵੀ ਰਾਜੇ ਦੀ ਰਿਆਇਆ (ਪਰਜਾ) ਨਹੀਂ ਹੈ। ਇਨਸਾਨ ਦੀ ਵਫ਼ਾਦਾਰੀ ਸਿਰਫ਼ ਵਾਹਿਗੁਰੂ ਨਾਲ ਹੋਣੀ ਚਾਹੀਦੀ ਤੇ ਉਸ ਦਾ ਸਿਰ ਸਿਰਫ਼ 'ਸੱਚੇ ਪਾਤਸ਼ਾਹ' ਦੇ ਸੱਚੇ ਤਖ਼ਤ ਸਾਹਿਬ ਦੇ ਅੱਗੇ ਹੀ ਝੁਕਣਾ ਚਾਹੀਦਾ ਹੈ। ਗੁਰੂ ਸਾਹਿਬ ਤਾਂ ਅਕਾਲ ਪੁਰਖ ਦੇ ਹੁਕਮ ਮੁਜਬ ਉਸ ਤਖ਼ਤ ਸਾਹਿਬ ਦੀ ਕਾਰਵਾਈ ਚਲਾਉਂਦੇ ਸਨ। ਉਂਞ ਗੁਰੂ ਤੇਗ਼ ਬਹਾਦਰ ਸਾਹਿਬ 23 ਨਵੰਬਰ 1664 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਆਏ ਵੀ ਸਨ ਤੇ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਮੱਥਾ ਵੀ ਟੇਕਿਆ ਸੀ।[13] (ਮਗਰੋਂ ਕਿਸੇ ਲੇਖਕ ਨੇ ਗ਼ਲਤ ਲਿਖ ਦਿੱਤਾ ਕਿ ਮੀਣਿਆਂ ਨੇ ਗੁਰੂ ਘਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ)

ਮਾਰਚ 1672 ਵਿਚ ਗੁਰੂ ਤੇਗ਼ ਬਹਾਦਰ ਸਾਹਿਬ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ ਦਾ ਹਿੱਸਾ) ਚਲੇ ਗਏ ਤੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਉੱਥੋਂ ਚਲਾਉਣ ਲੱਗ ਪਏ।[14] ਮੌਜੂਦਾ ਗੁਰਦੁਆਰਾ ਦਮਦਮਾ ਸਾਹਿਬ ਉਦੋਂ ਗੁਰੂ ਸਾਹਿਬ ਦਾ ਤਖ਼ਤ ਹੁੰਦਾ ਸੀ। ਉਦੋਂ ਇਸ ਨੂੰ ਤਖ਼ਤ ਸਾਹਿਬ (ਦਮਦਮਾ ਸਾਹਿਬ) ਆਖਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਰੂਪ 1678 ਵਿਚ ਏਥੇ ਹੀ ਤਿਆਰ ਹੋਇਆ ਸੀ ਅਤੇ ਇਸੇ ਕਰ ਕੇ ਇਸ ਨੂੰ 'ਦਮਦਮੇ ਵਾਲੀ ਬੀੜ' ਆਖਿਆ ਜਾਂਦਾ ਸੀ।[15] (ਕਿਉਂਕਿ ਜਨਵਰੀ ਤੋਂ ਅਕਤੂਬਰ 1706 ਤੱਕ ਦੇ ਦੌਰਾਨ ਗੁਰੂ ਗੋਬਿੰਦ ਸਿੰਘ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਤਲਵੰਡੀ ਸਾਬੋ ਤੋਂ ਚਲਾਉਂਦੇ ਰਹੇ ਸਨ, ਇਸ ਕਰ ਕੇ ਕਈ ਲੇਖਕਾਂ ਨੇ ਚੱਕ ਨਾਨਕੀ ਵਾਲੇ ਤਖ਼ਤ ਸਾਹਿਬ ਦਮਦਮਾ ਸਾਹਿਬ ਨੂੰ ਅਤੇ ਤਲਵੰਡੀ ਸਾਬੋ ਵਾਲੇ ਦਮਦਮਾ ਸਾਹਿਬ ਨੂੰ ਰਲਗੱਡ ਕਰ ਦਿੱਤਾ ਸੀ ਤੇ ਫਿਰ ਹੌਲੀ-ਹੌਲੀ ਚੱਕ ਨਾਨਕੀ ਵਾਲਾ ਤਖ਼ਤ ਦਮਦਮਾ ਸਾਹਿਬ ਬਿਲਕੁਲ ਹੀ ਭੁੱਲਦਾ ਗਿਆ ਅਤੇ ਸਿਰਫ਼ ਤਲਵੰਡੀ ਸਾਬੋ ਵਾਲੇ ਦਮਦਮਾ ਸਾਹਿਬ ਦਾ ਜ਼ਿਕਰ ਹੀ ਵਧੇਰੇ ਛਿੜਦਾ ਰਿਹਾ। (ਉਂਞ ਤਾਂ ਸਿੱਖ ਮਿਸਲਾਂ ਵੇਲੇ ਤੋਂ ਜਦੋਂ ਸਿੱਖ ਆਗੂਆਂ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਤੇ ਸਿੱਖ ਮਾਲੀ ਪੱਖ ਤੋਂ ਖ਼ੁਸ਼ਹਾਲ ਹੋਣ ਲੱਗ ਪਏ ਤਾਂ ਸਿੱਖਾਂ ਨੂੰ ਅਨੰਦਪੁਰ ਸਾਹਿਬ ਦਾ ਚਿਤ ਚੇਤਾ ਵੀ ਘੱਟ ਆਉਂਦਾ

12. *ਗੁਰੂ ਕੀਆਂ ਸਾਖੀਆਂ*, ਸਫ਼ਾ 105.
13. *ਉਹੀ*, ਸਫ਼ਾ 68.
14. *ਉਹੀ*, ਸਫ਼ਾ 77.
15. *ਉਹੀ*, ਸਫ਼ਾ 90-91.

ਸੀ ਤੇ ਬਹੁਤੀ ਜ਼ਿੰਦਗੀ ਗੁਰੂ ਦਾ ਚੱਕ (ਅੰਮ੍ਰਿਤਸਰ) ਤੇ ਲਾਹੌਰ ਦੇ ਦੁਆਲੇ ਹੀ ਘੁੰਮਣ ਲੱਗ ਪਈ ਸੀ। ਮਗਰੋਂ, ਰਣਜੀਤ ਸਿੰਘ ਦੇ ਆਖ਼ਰੀ ਦਿਨਾਂ ਵਿਚ, ਨਾਨਕਾਣਾ ਸਾਹਿਬ ਵੀ ਸਿੱਖਾਂ ਦਾ ਸੈਂਟਰ ਬਣਨ ਲੱਗ ਪਿਆ ਸੀ)।

ਗੁਰੂ ਤੇਗ਼ ਬਹਾਦਰ ਸਾਹਿਬ ਨੇ 8 ਜੁਲਾਈ 1675 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ (18.12.1661—7.10.1708) ਨੂੰ ਗੁਰਗੱਦੀ ਸੌਂਪੀ ਅਤੇ 11 ਨਵੰਬਰ ਦੇ ਦਿਨ ਸ਼ਹੀਦੀ ਹਾਸਿਲ ਕੀਤੀ। ਦਸਵੇਂ ਨਾਨਕ ਆਪਣੇ ਅਹਿਦ ਵੇਲੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚੱਕ ਨਾਨਕੀ ਵਿਚ ਦਮਦਮਾ ਸਾਹਿਬ ਤੋਂ ਚਲਾਉਂਦੇ ਰਹੇ। ਆਪ ਅਪਰੈਲ 1685 ਤੋਂ ਅਕਤੂਬਰ 1688 ਤੱਕ ਪਾਉਂਟਾ ਸਾਹਿਬ ਰਹੇ। ਇਸ ਦੌਰਾਨ ਪਾਉਂਟਾ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਸੀਟ ਸੀ। 30 ਮਾਰਚ 1689 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਨੀਂਹ ਰੱਖੀ, ਇਸ ਮਗਰੋਂ ਆਪ ਕੇਸਗੜ੍ਹ ਸਾਹਿਬ ਵਾਲੀ ਜਗ੍ਹਾ 'ਤੇ ਦਰਬਾਰ ਲਗਾਇਆ ਕਰਦੇ ਸਨ ਤੇ ਇੱਥੋਂ ਹੀ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸਨ। 5 ਦਿਸੰਬਰ 1705 ਤੱਕ ਅਕਾਲ ਤਖ਼ਤ ਸਾਹਿਬ ਦੀ ਸੀਟ ਕੇਸਗੜ੍ਹ ਸਾਹਿਬ ਅਤੇ ਅਨੰਦਗੜ੍ਹ ਕਿਲ੍ਹਾ ਵਿਚ ਰਹੀ।

29 ਮਾਰਚ 1698 ਦੇ ਦਿਨ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ। (ਰਿਵਾਇਤੀ ਤੌਰ 'ਤੇ ਇਹ ਤਾਰੀਖ਼ 29 ਜਾਂ 30 ਮਾਰਚ 1699 ਦੀ ਕਬੂਲ ਹੈ, ਪਰ ਭੱਟ ਵਹੀਆਂ ਦੇ ਸੋਮਿਆਂ ਤੋਂ ਖ਼ਾਲਸਾ ਪ੍ਰਗਟ ਕਰਨ ਦਾ ਸਾਲ 1699 ਦੀ ਥਾਂ 1698 ਮਿਲਦਾ ਹੈ ਤੇ ਮੈਨੂੰ ਉਹੀ ਸਹੀ ਜਾਪਦਾ ਹੈ।) ਇਸ ਮੌਕੇ 'ਤੇ ਗੁਰੂ ਦਾ ਚੱਕ (ਚੱਕ ਗੁਰੂ ਰਾਮਦਾਸ, ਅੰਮ੍ਰਿਤਸਰ) ਤੋਂ ਆਈ ਸੰਗਤ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਸੋਢੀ ਹਰਿਜੀ ਦੀ ਮੌਤ ਤੋਂ ਮਗਰੋਂ ਉਸ ਦੇ ਤਿੰਨ ਪੁੱਤਰ 'ਗੁਰੂ ਦਾ ਚੱਕ' ਛੱਡ ਗਏ ਹਨ ਤੇ ਨਗਰ ਸੁੰਨਾ ਹੋ ਗਿਆ ਹੈ। ਇਸ 'ਤੇ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਤੇ ਪੰਜ ਹੋਰ ਸਿੰਘ (ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ) ਅਨੰਦਪੁਰ ਸਾਹਿਬ ਤੋਂ ਗੁਰੂ ਦਾ ਚੱਕ (ਅੰਮ੍ਰਿਤਸਰ) ਭੇਜੇ ਤਾਂ ਜੋ ਉਹ ਉੱਥੇ ਜਾ ਕੇ ਨਗਰ ਦੀ ਰੌਣਕ ਵਧਾਉਣ।

ਭਾਈ ਮਨੀ ਸਿੰਘ 3 ਅਪਰੈਲ 1698 ਦੇ ਦਿਨ ਗੁਰੂ ਦਾ ਚੱਕ ਪੁੱਜੇ। ਉਨ੍ਹਾਂ ਉੱਥੇ ਜਾ ਕੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਸ਼ੁਰੂ ਕਰ ਦਿੱਤੀ। ਇੱਥੇ ਇਸ ਗੱਲ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਅਤੇ ਨਗਰ ਦਾ ਸਰਬਰਾਹ ਬਣਾ ਕੇ ਭੇਜਿਆ ਸੀ[16] ਪਰ ਉਸ ਨੂੰ ਅਕਾਲ ਤਖ਼ਤ ਸਾਹਿਬ ਤੇ ਸਰਬਰਾਹ ਦੀ ਸੇਵਾ ਨਹੀਂ ਸੌਂਪੀ ਸੀ। ਉਸ ਵੇਲੇ ਗੁਰੂ ਸਾਹਿਬ ਆਪ ਅਨੰਦਪੁਰ ਸਾਹਿਬ ਸਨ ਤੇ ਉਨ੍ਹਾਂ ਦੇ ਹੁੰਦਿਆਂ ਅਕਾਲ ਪੁਰਖ ਦੇ ਤਖ਼ਤ ਸਾਹਿਬ ਦੀ ਸਰਬਰਾਹੀ ਕਿਸੇ ਨੂੰ ਸੌਂਪਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ।

5 ਦਿਸੰਬਰ 1705 ਤੱਕ ਗੁਰੂ ਗੋਬਿੰਦ ਸਿੰਘ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਅਨੰਦਪੁਰ ਸਾਹਿਬ ਤੋਂ ਚਲਾਉਂਦੇ ਰਹੇ। 5-6 ਦਿਸੰਬਰ ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ। ਆਪ ਅਨੰਦਪੁਰ ਸਾਹਿਬ ਤੋਂ ਟੁਰ ਕੇ ਕੋਟਲਾ

---

16. *ਗੁਰੂ ਕੀਆਂ ਸਾਖੀਆਂ*, ਸਫ਼ਾ 126.

ਨਿਹੰਗ, ਚਮਕੌਰ ਸਾਹਿਬ, ਮਾਛੀਵਾੜਾ, ਅਜਨੇਰ, ਆਲਮਗੀਰ, ਦੀਨਾ-ਕਾਂਗੜ, ਢਿਲਵਾਂ, ਖਿਦਰਾਣੇ ਦੀ ਢਾਬ ਵਗ਼ੈਰਾ 'ਚੋਂ ਹੁੰਦੇ ਹੋਏ 16 ਜਨਵਰੀ 1706 ਦੇ ਦਿਨ ਤਲਵੰਡੀ ਸਾਬੋ ਪੁੱਜੇ। ਗੁਰੂ ਸਾਹਿਬ ਇੱਥੇ 9 ਮਹੀਨੇ ਤੋਂ ਵੱਧ ਰਹੇ ਤੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇੱਥੋਂ ਚਲਾਉਂਦੇ ਰਹੇ। ਇਸੇ ਕਰ ਕੇ ਇਸ ਜਗ੍ਹਾ ਨੂੰ ਵੀ ਤਖ਼ਤ ਸਾਹਿਬ ਆਖਦੇ ਹਨ।

30 ਅਕਤੂਬਰ 1706 ਦੇ ਦਿਨ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਚੱਲ ਪਏ। ਆਪ ਜੁਲਾਈ 1708 ਵਿਚ ਦੱਖਣ ਵਿਚ ਪੁੱਜੇ। ਇੱਥੇ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਖੰਡੇ ਦੀ ਪਾਹੁਲ ਦੇ ਕੇ ਪੰਥ ਵਿਚ ਸ਼ਾਮਿਲ ਕੀਤਾ। ਆਪ ਨੇ 5 ਅਕਤੂਬਰ 1708 ਦੇ ਦਿਨ ਬਾਬਾ ਬੰਦਾ ਸਿੰਘ ਨੂੰ ਖਾਲਸਾ ਫ਼ੌਜਾਂ ਦਾ ਜਥੇਦਾਰ ਬਣਾ ਕੇ ਪੰਜਾਬ ਤੋਰ ਦਿੱਤਾ ਤਾਂ ਜੋ ਉਹ ਸਿੱਖ ਹੋਮਲੈਂਡ ਨੂੰ ਆਜ਼ਾਦ ਕਰਵਾ ਕੇ ਉੱਥੇ ਖਾਲਸੇ ਦੀ ਹਕੂਮਤ ਕਾਇਮ ਕਰੇ।

7 ਅਕਤੂਬਰ 1708 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਜੋਤੀ ਜੋਤਿ ਸਮਾ ਗਏ। ਇਸ ਵੇਲੇ ਅਕਾਲ ਤਖ਼ਤ ਸਾਹਿਬ ਦੀ ਸੀਟ ਨੰਦੇੜ (ਹਜ਼ੂਰ ਸਾਹਿਬ) ਸੀ। ਗੁਰੂ ਸਾਹਿਬ ਇੱਥੇ ਦਰਬਾਰ ਸਜਾਂਦੇ ਤੇ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਇਆ ਕਰਦੇ ਸੀ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਸੌਂਪ ਕੇ ਸ਼ਖ਼ਸੀ ਗੁਰੂ ਦੀ ਲੜੀ ਨੂੰ ਖ਼ਤਮ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਪੰਥ ਦੀ ਸਿਆਸੀ ਅਗਵਾਈ ਸਰਬਤ ਖਾਲਸਾ ਨੂੰ ਸੌਂਪ ਦਿੱਤੀ। ਹੁਣ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਕੋਈ ਨਹੀਂ ਸੀ ਹੋਣਾ ਤੇ ਤਖ਼ਤ ਸਾਹਿਬ ਤੇ ਹੋਣ ਵਾਲੇ ਫ਼ੈਸਲੇ ਗੁਰਮਤੇ ਰਾਹੀਂ ਹੋਇਆ ਕਰਨੇ ਸਨ। ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਮੁਹਰ ਕਿਸੇ ਸਿੱਖ ਆਗੂ ਨੂੰ ਨਹੀਂ ਸੌਂਪੀ, ਕਿਉਂਕਿ ਉਹ ਸਮਝਦੇ ਸਨ ਕਿ ਕਿਸੇ ਇਕ ਸਿੱਖ ਨੂੰ ਕੌਮ ਦਾ ਵਾਹਿਦ ਆਗੂ ਨਹੀਂ ਬਣਾਇਆ ਜਾ ਸਕਦਾ। ਹਾਲਾਂ ਕਿ ਪੰਜਾਂ ਪਿਆਰਿਆਂ ਵਿਚੋਂ ਦੋ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ, ਉਸ ਵੇਲੇ ਜਿਉਂਦੇ ਸਨ ਤੇ ਨੰਦੇੜ ਵਿਚ ਹੀ ਸਨ। ਇਸ ਦੇ ਬਾਵਜੂਦ ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਕਿਸੇ ਇਕ ਸ਼ਖ਼ਸ ਨੂੰ ਨਹੀਂ ਸੌਂਪੀ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਨੂੰ ਖਾਲਸਾ ਫ਼ੌਜਾਂ ਦਾ ਜਰਨੈਲ ਬਣਾ ਕੇ ਭੇਜਿਆ ਸੀ ਪਰ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਨਹੀਂ ਬਣਾਇਆ ਸੀ, ਕਿਉਂਕਿ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ 'ਸਰਬਤ ਖਾਲਸਾ' ਸੀ। ਇੰਞ ਹੀ ਤਖ਼ਤ ਸਾਹਿਬ ਦੀ ਕਾਰਵਾਈ ਵੀ ਉੱਥੋਂ ਹੀ ਚਲਣੀ ਸੀ ਜਿੱਥੇ ਬਹਿ ਕੇ ਖਾਲਸਾ ਜੀ ਨੇ ਗੁਰਮਤਾ ਕਰਨਾ ਸੀ। ਇਹ ਗੁਰਮਤਾ ਹੀ ਸਾਰੇ ਸਿੱਖ ਪੰਥ ਵਾਸਤੇ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੋਣਾ ਸੀ। ਸਰਬਤ ਖਾਲਸਾ ਵਲੋਂ ਨਾਮਜ਼ਦ ਬੁਲਾਰੇ ਨੇ ਇਸ ਗੁਰਮਤੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਐਲਾਨਣਾ ਸੀ। ਕਿਉਂਕਿ ਉਸ ਵੇਲੇ ਅਕਾਲ ਤਖ਼ਤ ਸਾਹਿਬ ਤੇ ਇਕੱਠ ਕਰਨੇ ਜਾਂ ਉੱਥੋਂ ਐਲਾਨ ਜਾਰੀ ਕਰਨੇ ਮੁਮਕਿਨ ਨਹੀਂ ਸਨ ਇਸ ਕਰ ਕੇ ਇਹ ਇਕੱਠ ਵਧੇਰੇ ਕਰ ਕੇ ਪਹਾੜਾਂ, ਜੰਗਲਾਂ, ਛੰਭਾਂ, ਰੇਗਸਤਾਨਾਂ ਵਿਚ ਹੀ ਹੋਣੇ ਸਨ ਤੇ ਤਖ਼ਤ ਸਾਹਿਬ ਦੀ ਕਾਰਵਾਈ ਉੱਥੋਂ ਹੀ ਚਲਣੀ ਸੀ। ਜਿਵੇਂ ਜਿੱਥੇ ਗੁਰੂ ਸਾਹਿਬ ਹੁੰਦੇ ਸਨ ਉੱਥੇ ਹੀ ਅਕਾਲ ਤਖ਼ਤ ਸਾਹਿਬ ਦੀ ਸੀਟ ਹੁੰਦੀ ਸੀ। ਇਸ ਕਰ ਕੇ ਹੀ ਕੁਝ ਲੇਖਕਾਂ ਨੇ ਗੁਰੂ ਸਾਹਿਬ ਵਲੋਂ ਹੁਕਮਨਾਮੇ ਜਾਰੀ ਕੀਤੇ ਜਾਣ

ਵਾਲੀਆਂ ਜਗ੍ਹਾ ਨੂੰ ਵੱਖਰੇ ਤਖ਼ਤ ਲਿਖਣ ਦੀ ਗ਼ਲਤੀ ਕਰ ਲਈ ਸੀ, ਜੋ ਅਜੇ ਤੱਕ ਕੁਝ ਲੇਖਕ ਤੇ ਆਗੂ ਮੰਨੀ ਜਾ ਰਹੇ ਹਨ। ਇੰਞ ਹੀ ਜਿੱਥੇ ਖ਼ਾਲਸਾ ਫ਼ੌਜਾਂ ਦਾ ਡੇਰਾ ਹੋਣਾ ਸੀ, ਉੱਥੇ ਹੀ ਸਰਬਤ ਖ਼ਾਲਸਾ ਦੀ ਬੈਠਕ ਹੋਣੀ ਸੀ ਤੇ ਉਨ੍ਹਾਂ ਦਾ 'ਗੁਰਮਤਾ' ਹੀ ਪੰਥ ਵਾਸਤੇ 'ਹੁਕਮਨਾਮਾ' ਹੋਣਾ ਸੀ। ਪਰ ਇੱਥੇ ਫ਼ਰਕ ਇਹ ਸੀ ਕਿ ਗੁਰੂ ਸਾਹਿਬ ਖ਼ੁਦ ਆਪ ਤਾਂ ਤਖ਼ਤ ਸਾਹਿਬ ਦੇ ਸਰਬਰਾਹ ਸਨ, ਪਰ ਸਰਬਤ ਖ਼ਾਲਸਾ ਦੇ ਆਗੂ ਦਾ ਦਰਜਾ ਉਹ ਨਹੀਂ ਸੀ ਜੋ ਗੁਰੂ ਸਾਹਿਬ ਦੀ ਆਪਣੀ ਹਸਤੀ ਸੀ। ਸਰਬਤ ਖ਼ਾਲਸਾ ਦਾ ਆਗੂ ਤਖ਼ਤ ਸਾਹਿਬ ਦਾ 'ਮੁਖ ਸੇਵਾਦਾਰ' ਜਾਂ 'ਬੁਲਾਰਾ' ਤਾਂ ਹੋ ਸ਼ਕਦਾ ਸੀ ਨਾ ਕਿ ਇਸ ਦਾ ਤਾਜਦਾਰ।

•

ਬੰਦਾ ਸਿੰਘ ਬਹਾਦਰ ਦਾ ਜ਼ਮਾਨਾ

(1709 ਤੋਂ 1747)

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਦਤ ਮਗਰੋਂ ਸਿੱਖ ਪੰਥ ਦੀ ਜੱਦੋ-ਜਹਿਦ ਇਕ ਨਵੇਂ ਦੌਰ ਵਿਚ ਦਾਖ਼ਿਲ ਹੋਈ। ਹੁਣ ਪੰਥ ਨੂੰ ਅਗਵਾਈ ਦੇਣ ਵਾਸਤੇ ਗੁਰੂ ਸਾਹਿਬ ਨਹੀਂ ਸਨ ਤੇ ਪੰਥ ਨੇ ਆਪਣੇ ਸਾਰੇ ਫ਼ੈਸਲੇ ਗੁਰੂ ਸਾਹਿਬ ਦੀ ਸਿਖਿਆ ਮੁਤਾਬਿਕ ਆਪ ਮਿਲ-ਬੈਠ ਕੇ ਕਰਨੇ ਸਨ। ਇਸ ਵੇਲੇ ਤਕ ਸਿੱਖ ਕੌਮ ਦਾ ਕੋਈ ਜਥੇਬੰਦਕ ਢਾਂਚਾ ਨਹੀਂ ਸੀ। ਗੁਰੂ ਸਾਹਿਬ ਨੇ ਮਸੰਦਾਂ ਦਾ ਖ਼ਾਤਮਾ ਕਰਨ ਮਗਰੋਂ ਹਰ ਸਿੱਖ ਨੂੰ ਖਾਲਸੇ ਦਾ ਦਰਜਾ ਦੇ ਦਿੱਤਾ ਸੀ, ਯਾਨਿ ਹਰ ਇਕ ਸਿੱਖ ਦਾ ਗੁਰੂ ਸਾਹਿਬ ਨਾਲ ਸਿੱਧਾ ਰਾਬਤਾ ਸੀ।

ਗੁਰੂ ਸਾਹਿਬ ਨੰਦੇੜ ਵਿਚ ਜੋਤੀ ਜੋਤਿ ਸਮਾਏ ਸਨ ਤੇ ਉਸ ਵੇਲੇ ਤਕ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੰਦੇੜ ਤੋਂ ਚੱਲ ਰਹੀ ਸੀ। ਗੁਰੂ ਸਾਹਿਬ ਤੋਂ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਸਰਬਤ ਖਾਲਸਾ ਕੋਲ ਸੀ। ਗੁਰੂ ਸਾਹਿਬ ਫ਼ੌਜਾਂ ਦੀ ਕਮਾਨ ਖ਼ੁਦ ਆਪ ਬਾਬਾ ਬੰਦਾ ਸਿੰਘ ਬਹਾਦਰ ਨੂੰ ਸੌਂਪ ਗਏ ਸਨ। ਬਾਬਾ ਬੰਦਾ ਸਿੰਘ ਪੰਜਾਬ ਪਹੁੰਚ ਕੇ ਸਿੱਖਾਂ ਨਾਲ ਰਾਬਤਾ ਬਣਾ ਰਿਹਾ ਸੀ।

ਇਸ ਵੇਲੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਭਾਈ ਮਨੀ ਸਿੰਘ ਕੋਲ ਸੀ। ਉਹ ਅਪਰੈਲ 1698 ਤੋਂ ਹੀ ਅੰਮ੍ਰਿਤਸਰ ਵਿਚ ਰਹਿ ਰਹੇ ਸਨ। ਅਪਰੈਲ 1698 ਤੋਂ 1704 ਤਕ ਆਪ ਕਈ ਵਾਰ ਅਨੰਦਪੁਰ ਸਾਹਿਬ ਗਏ ਸਨ, ਪਰ 3 ਮਈ 1705 ਤੋਂ 5 ਦਿਸੰਬਰ 1705 ਵਿਚਕਾਰ (ਜਦੋਂ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਸੀ) ਭਾਈ ਮਨੀ ਸਿੰਘ ਸ਼ਾਇਦ ਅਨੰਦਪੁਰ ਸਾਹਿਬ ਨਾ ਗਏ ਹੋਣ ਜਾਂ ਨਗਰ ਦੇ ਅੰਦਰ ਦਾਖ਼ਿਲ ਨਾ ਹੋ ਸਕੇ ਹੋਣ। ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡ ਕੇ ਚਮਕੌਰ, ਮਾਛੀਵਾੜੇ ਦੇ ਦੀਨਾ ਕਾਂਗੜ ਹੁੰਦੇ ਹੋਏ ਤਲਵੰਡੀ ਸਾਬੋ ਪੁੱਜੇ ਤਾਂ ਭਾਈ ਮਨੀ ਸਿੰਘ ਨੂੰ ਉੱਥੇ ਬੁਲਾਇਆ। 30 ਅਕਤੂਬਰ 1706 ਦੇ ਦਿਨ ਜਦੋਂ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਟੁਰੇ ਤਾਂ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਰਸਤੇ ਵਿਚ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਫੇਰ ਅੰਮ੍ਰਿਤਸਰ ਵੱਲ ਟੋਰ ਦਿੱਤਾ ਤਾਂ ਜੋ ਉਹ ਜਾ ਕੇ ਉੱਥੋਂ ਦੀ ਸੇਵਾ-ਸੰਭਾਲ ਕਰ ਸਕਣ। ਇਸ ਮਗਰੋਂ ਭਾਈ ਮਨੀ ਸਿੰਘ ਕਾਫ਼ੀ ਦੇਰ ਤਕ ਅੰਮ੍ਰਿਤਸਰ ਹੀ ਰਹੇ।

1698 ਤੋਂ ਹੀ ਭਾਈ ਮਨੀ ਸਿੰਘ ਦੇ ਨਾਲ ਭਾਈ ਭੂਪਤ ਸਿੰਘ (ਪੁੱਤਰ ਭਾਈ ਜੇਠਾ ਸਿੰਘ, ਭਤੀਜਾ ਭਾਈ ਮਨੀ ਸਿੰਘ), ਭਾਈ ਗੁਲਜ਼ਾਰ ਸਿੰਘ (ਪੁੱਤਰ ਭਾਈ ਆਲਮ ਸਿੰਘ, ਪੋਤਾ ਭਾਈ ਦਰੀਆ; ਭਾਈ ਦਰੀਆ ਭਾਈ ਮਨੀ ਸਿੰਘ ਦੇ ਦਾਦੇ ਭਾਈ ਬੱਲੂ

ਦਾ ਭਰਾ ਸੀ), ਭਾਈ ਦਾਨ ਸਿੰਘ, ਭਾਈ ਕੁਇਰ ਸਿੰਘ ਤੇ ਭਾਈ ਕੀਰਤ ਸਿੰਘ ਅੰਮ੍ਰਿਤਸਰ ਵਿਚ ਰਹੇ ਸਨ ਤੇ ਗੁਰੂ ਦੀ ਨਗਰੀ ਦੀ ਸੇਵਾ-ਸੰਭਾਲ ਕਰਦੇ ਰਹੇ ਸਨ।

ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ 1708 ਦੇ ਦਿਨ ਜੋਤੀ ਜੋਤਿ ਸਮਾ ਗਏ। ਇਸ ਮਗਰੋਂ ਵੀ ਭਾਈ ਮਨੀ ਸਿੰਘ ਗੁਰੂ ਦੀ ਨਗਰੀ, ਖ਼ਾਸ ਕਰ ਕੇ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਅਤੇ ਅਕਾਲ ਤਖ਼ਤ ਸਾਹਿਬ, ਦੀ ਸੇਵਾ-ਸੰਭਾਲ ਕਰਦੇ ਰਹੇ। ਭਾਵੇਂ ਗੁਰੂ ਸਾਹਿਬ ਜਿਸਮਾਨੀ ਤੌਰ 'ਤੇ ਸਿੱਖਾਂ ਵਿਚ ਹਾਜ਼ਿਰ ਨਹੀਂ ਸਨ, ਪਰ ਗੁਰੂ ਗ੍ਰੰਥ ਸਾਹਿਬ ਸਦੀਵੀ ਗੁਰੂ ਵਜੋਂ, ਸਿੱਖ ਪੰਥ ਵਾਸਤੇ ਜ਼ਾਹਰਾ-ਜ਼ਹੂਰ ਤੇ ਹਾਜ਼ਰਾ-ਹਜ਼ੂਰ ਮੌਜੂਦ ਸਨ। ਸਿੱਖਾਂ ਕੋਲ ਅਕਾਲ ਪੁਰਖ ਦੇ ਤਖ਼ਤ 'ਅਕਾਲ ਤਖ਼ਤ ਸਾਹਿਬ', ਅਕਾਲ ਪੁਰਖ ਦੀ ਧੁਰ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ', ਅਕਾਲ ਪੁਰਖ ਦੇ ਦੁਆਰੇ 'ਹਰਿਮੰਦਰ ਸਾਹਿਬ' ਦੀ ਨਿਗਹਬਾਨੀ, ਬਖ਼ਸ਼ਿਸ਼ ਤੇ ਤਾਕਤ ਮੌਜੂਦ ਸੀ। ਸਿੱਖ ਕੌਮ ਨੂੰ ਅਗਵਾਈ ਦੇਣ, ਹਿੰਮਤ ਬਖ਼ਸ਼ਣ ਤੇ ਦੇਗ਼-ਤੇਗ਼-ਫ਼ਤਹਿ ਦੀ ਤਾਕਤ ਦੇਣ ਦੇ ਇਹ ਸੋਮੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਰਹੇ ਸਨ। ਪਰ ਇਹ ਸਾਰਾ ਕੁਝ ਵਕਤੀ ਹਾਕਮ ਨੂੰ ਮਨਜ਼ੂਰ ਨਹੀਂ ਸੀ। 'ਗੁਰੂ ਦਾ ਚੱਕ' (ਅੰਮ੍ਰਿਤਸਰ) ਇਸ ਵੇਲੇ ਸਿੱਖ ਕੌਮ ਦਾ ਮਰਕਜ਼ ਬਣਿਆ ਹੋਇਆ ਸੀ। ਮੁਗ਼ਲ ਸਰਕਾਰ ਚਾਹੁੰਦੀ ਸੀ ਕਿ ਸਿੱਖ ਕੌਮ ਦਾ ਵਜੂਦ ਕਾਇਮ ਨਾ ਰਹਿਣ ਦਿੱਤਾ ਜਾਵੇ। ਉਧਰ ਅੰਮ੍ਰਿਤਸਰ ਦੇ ਨੇੜੇ ਪੱਟੀ ਇਲਾਕੇ ਦਾ ਮੁਗ਼ਲ ਹਾਕਮ ਸਿੱਖਾਂ ਨੂੰ ਇੱਥੋਂ ਕੱਢਣ ਦਾ ਬਹਾਨਾ ਲੱਭ ਰਿਹਾ ਸੀ।

ਮਾਰਚ 1698 ਦੇ ਆਖ਼ਰੀ ਦਿਨਾਂ ਵਿਚ ਅੰਮ੍ਰਿਤਸਰ ਵਿਚ ਬਹੁਤ ਸਾਰੀਆਂ ਸਿੱਖ ਸੰਗਤਾਂ ਇਕੱਠੀਆਂ ਹੋਈਆਂ ਸਨ। ਇਸ ਵੇਲੇ ਅੰਮ੍ਰਿਤਸਰ ਵਿਚੋਂ ਮੀਣੇ (ਪ੍ਰਿਥੀਚੰਦ ਦੀ ਔਲਾਦ) ਆਪ ਤਾਂ ਭਾਵੇਂ ਜਾ ਚੁੱਕੇ ਸਨ, ਪਰ ਉਨ੍ਹਾਂ ਦਾ ਇਕ ਪੁਰਾਣਾ ਅਹਿਲਕਾਰ ਅਜੇ ਵੀ ਉੱਥੇ ਰਹਿੰਦਾ ਸੀ। ਮੀਣਿਆਂ ਦੇ ਇਸ ਚੇਲੇ ਰਾਮਚੰਦ ਦਾ ਇਕ ਵਾਰ ਸਿੱਖਾਂ ਨਾਲ ਕਿਸੇ ਮਾਮੂਲੀ ਗੱਲ ਤੋਂ ਝਗੜਾ ਹੋ ਗਿਆ। ਸਿੱਖਾਂ ਤੋਂ ਮਾਰ ਖਾ ਕੇ ਉਹ ਪੱਟੀ ਦੇ ਚੌਧਰੀ ਹਰਸਹਾਇ ਕੋਲ ਜਾ ਫ਼ਰਿਆਦੀ ਹੋਇਆ ਤੇ ਉਸ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾ ਕੇ ਅੰਮ੍ਰਿਤਸਰ 'ਤੇ ਹਮਲਾ ਕਰਨ ਵਾਸਤੇ ਉਕਸਾਇਆ। 6 ਅਪਰੈਲ 1709 ਦੇ ਦਿਨ ਚੌਧਰੀ ਹਰਸਹਾਇ ਨੇ ਆਪਣੇ ਫ਼ੌਜੀ ਨਾਲ ਲੈ ਕੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਇਸ ਵੇਲੇ ਅੰਮ੍ਰਿਤਸਰ ਵਿਚ ਕਾਫ਼ੀ ਸਿੱਖ ਹਾਜ਼ਿਰ ਸਨ। ਹਾਜ਼ਿਰ ਸਿੱਖਾਂ ਨੇ ਭਾਈ ਮਨੀ ਸਿੰਘ ਅਤੇ ਭਾਈ ਤਾਰਾ ਸਿੰਘ (ਡੱਲ-ਵਾਂ ਵਾਲੇ) ਦੀ ਅਗਵਾਈ ਵਿਚ ਹਮਲਾਵਰ ਮੁਗ਼ਲ ਫ਼ੌਜਾਂ ਦਾ ਡਟ ਕੇ ਟਾਕਰਾ ਕੀਤਾ। ਇਸ ਲੜਾਈ ਦੌਰਾਨ ਹੱਥੋਂ-ਹੱਥ ਲੜਾਈ ਵਿਚ ਭਾਈ ਤਾਰਾ ਸਿੰਘ ਨੇ ਚੌਧਰੀ ਹਰ ਸਹਾਇ ਨੂੰ ਮਾਰ ਮੁਕਾਇਆ। ਹਰ ਸਹਾਇ ਦੇ ਮਰਨ ਪਿੱਛੋਂ ਮੁਗ਼ਲ ਫ਼ੌਜੀ ਭੱਜ ਗਏ। ਛੇ ਦਿਨ ਮਗਰੋਂ, 12 ਅਪਰੈਲ ਨੂੰ, ਲਾਹੌਰ ਤੋਂ ਆਈਆਂ ਮੁਗ਼ਲ ਫ਼ੌਜਾਂ ਨੇ, ਚੌਧਰੀ ਦੇਵਾ ਦੀ ਅਗਵਾਈ ਵਿਚ, ਫਿਰ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਵੀ ਸਿੱਖਾਂ ਨੇ ਮੁਗ਼ਲਾਂ ਦੇ ਚੰਗੇ ਦੰਦ ਖੱਟੇ ਕੀਤੇ।[1]

ਅੰਮ੍ਰਿਤਸਰ ਦੀ ਇਸ ਲੜਾਈ ਪਿੱਛੋਂ ਕੁਝ ਚਿਰ ਚੁੱਪ ਛਾਈ ਰਹੀ। ਉਧਰ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾਉਣ ਵਾਸਤੇ ਤਿਆਰੀਆਂ

---

1. *ਗੁਰੂ ਕੀਆਂ ਸਾਖੀਆਂ*, ਸਫ਼ਾ 26.

ਕਰ ਰਿਹਾ ਸੀ। 26 ਨਵੰਬਰ 1709 ਦੇ ਦਿਨ ਬਾਬਾ ਬੰਦਾ ਸਿੰਘ ਨੇ ਸਮਾਣਾ ਸ਼ਹਿਰ ਨੂੰ ਮੁਗ਼ਲਾਂ ਤੋਂ ਖੋਹ ਲਿਆ। ਇਸ ਤੋਂ ਬਾਅਦ ਉਸ ਨੇ ਘੁੜਾਮ, ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ 'ਤੇ ਵੀ ਕਬਜ਼ਾ ਕਰ ਲਿਆ। ਇਸ ਪਿੱਛੋਂ ਬਾਬਾ ਬੰਦਾ ਸਿੰਘ ਨੇ ਸਢੌਰਾ ਨੂੰ ਵੀ ਮੁਗ਼ਲਾਂ ਤੋਂ ਖੋਹ ਲਿਆ। 12 ਮਈ 1710 ਦੇ ਦਿਨ ਬਾਬਾ ਬੰਦਾ ਸਿੰਘ ਨੇ ਇਕ ਵੱਡੀ ਫ਼ੌਜ ਨਾਲ ਸਰਹੰਦ 'ਤੇ ਹਮਲਾ ਕੀਤਾ। ਚਪੜ-ਚਿੜੀ ਦੇ ਮੈਦਾਨ ਵਿਚ ਬੜੀ ਜ਼ਬਰਦਸਤ ਜੰਗ ਹੋਈ। ਦੋ ਦਿਨ ਮਗਰੋਂ 14 ਮਈ ਦੇ ਦਿਨ ਸਰਹੰਦ ਵੀ ਬਾਬਾ ਬੰਦਾ ਸਿੰਘ ਦੇ ਕਬਜ਼ੇ ਵਿਚ ਆ ਗਿਆ। ਹੌਲੀ-ਹੌਲੀ ਹੋਰ ਵੀ ਬਹੁਤ ਸਾਰੇ ਇਲਾਕੇ ਬਾਬਾ ਬੰਦਾ ਸਿੰਘ ਨੇ ਆਜ਼ਾਦ ਕਰਵਾ ਲਏ। ਇਸ ਤੋਂ ਇਲਾਵਾ ਬਾਬਾ ਬੰਦਾ ਸਿੰਘ ਨੇ ਸਹਾਰਨਪੁਰ ਅਤੇ ਰਾਹੋਂ (ਜਲੰਧਰ) 'ਤੇ ਵੀ ਆਪਣੀ ਸਿਰਦਾਰੀ ਕਾਇਮ ਕਰ ਲਈ। 3 ਅਕਤੂਬਰ 1710 ਦੇ ਦਿਨ ਬਾਬਾ ਬੰਦਾ ਸਿੰਘ ਦਾ ਕਬਜ਼ਾ ਰਾਹੋਂ 'ਤੇ ਹੋ ਚੁੱਕਾ ਸੀ।[2]

ਸਿੱਖ ਹੋਮਲੈਂਡ ਦਾ ਕਾਫ਼ੀ ਹਿੱਸਾ ਮੁਗ਼ਲਾਂ ਤੋਂ ਆਜ਼ਾਦ ਕਰਵਾਉਣ ਮਗਰੋਂ ਬਾਬਾ ਬੰਦਾ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਕਾਇਮ ਕਰਨ ਦਾ ਐਲਾਨ ਕਰ ਦਿੱਤਾ। ਬਾਬਾ ਬੰਦਾ ਸਿੰਘ ਨੇ ਇਸ ਮੌਕੇ 'ਤੇ ਨਵਾਂ ਸੰਮਤ ਜਾਰੀ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਦਾ ਨਵਾਂ ਸਿੱਕਾ ਤੇ ਨਵੀਂ ਮੁਹਰ ਵੀ ਜਾਰੀ ਕੀਤੀ। ਇਸ ਸਿੱਕੇ ਅਤੇ ਮੋਹਰ ਦੇ ਲਫ਼ਜ਼ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਨਾਮੇ ਤੋਂ ਲਏ ਗਏ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕ ਹੁਕਮਨਾਮੇ ਵਿਚ ਇਹ ਲਿਖਿਆ ਮਿਲਦਾ ਹੈ:

> 'ਦੇਗ਼-ਓ-ਤੇਗ਼-ਓ-ਫ਼ਤਹਿ-ਓ-ਨੁਸਰਤ ਬੇਦਰੰਗ
> ਯਾਫ਼ਤ ਅਜ਼ ਨਾਨਕ।'
>
> ਗੁਰੂ ਗੋਬਿੰਦ ਸਿੰਘ

ਇਸ ਵਿਚਲੇ ਪਹਿਲੇ ਹਿੱਸੇ 'ਦੇਗ਼ੋ........ਨਾਨਕ' ਤਕ ਦੇ ਲਫ਼ਜ਼ਾਂ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ 'ਨੀਸਾਣੁ' (ਦਸਤਖ਼ਤ) ਨੂੰ ਸ਼ਾਮਿਲ ਕਰ ਕੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਹਕੂਮਤ ਦੀ ਮੁਹਰ ਬਣਾ ਲਿਆ ਗਿਆ ਸੀ। ਮੁਹਰ 'ਤੇ ਦਰਜ ਇਹ ਲਫ਼ਜ਼, ਹੁਣ ਇੰਞ ਸਨ:

> 'ਦੇਗ਼-ਓ-ਤੇਗ਼-ਓ-ਫ਼ਤਹਿ-ਓ-ਨੁਸਰਤ ਬੇਦਰੰਗ
> ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ'

ਇੰਞ ਹੀ ਸਿੱਕੇ 'ਤੇ ਇਹ ਲਿਖਿਆ ਗਿਆ ਸੀ:

> 'ਸਿੱਕਾ ਜ਼ਦ ਦਰ ਹਰ ਦੋ ਆਲਮ ਤੇਗ਼-ਏ-ਨਾਨਕ ਵਾਹਬ ਅਸਤ।
> ਫ਼ਤਹਿ ਗੋਬਿੰਦ ਸਿੰਘ ਸ਼ਾਹਿਨ-ਸ਼ਾਹਾਂ ਫ਼ਜ਼ਲ-ਇ-ਸੱਚਾ ਸਾਹਿਬ ਅਸਤ।'[3]

ਉਧਰ ਜਦੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਪਤਾ ਲਗਾ ਕਿ ਬਾਬਾ ਬੰਦਾ ਸਿੰਘ ਨੇ ਸਿੱਖ ਹੋਮਲੈਂਡ ਦੇ ਬਹੁਤ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ ਹੈ ਤਾਂ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਫ਼ੁਰਮਾਨ ਜਾਰੀ ਕਰ ਦਿੱਤੇ। ਇਹ ਫ਼ੁਰਮਾਨ

---

2. *The Sikhs' Struggle for Sovereignty : An Historical Perspective,* pp. 6-10.
3. ਮਨੋਹਰ ਸਿੰਘ ਪਾਰਕੋ, *ਪ੍ਰਾਚੀਨ ਸਿੱਕੇ ਤੇ ਸਿੱਖ ਕਾਲ*, ਸਚਖੰਡ ਪਤਰਕਾ, ਅਪਰੈਲ-ਮਈ 1986.

10 ਦਿਸੰਬਰ 1710 ਦੇ ਦਿਨ ਜਾਰੀ ਕੀਤੇ ਗਏ ਸਨ। ਇਸ ਦੇ ਨਾਲ ਹੀ ਉਸ ਨੇ ਫ਼ੌਜ ਨੂੰ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। ਉਸ ਦੇ ਨਾਲ ਤਕਰੀਬਨ ਇਕ ਲੱਖ ਮੁਗ਼ਲ ਫ਼ੌਜ ਬੰਦਾ ਸਿੰਘ 'ਤੇ ਹਮਲਾ ਕਰਨ ਵਾਸਤੇ ਚੱਲ ਪਈ।

ਬਹਾਦਰ ਸ਼ਾਹ ਨੇ ਸਿਰਫ਼ ਫ਼ੌਜੀ ਹਮਲਾ ਹੀ ਨਹੀਂ ਸ਼ੁਰੂ ਕੀਤਾ। ਉਸ ਨੇ ਸਿੱਖਾਂ ਵਿਚ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਅਫ਼ਵਾਹਾਂ ਫੈਲਾਣੀਆਂ ਵੀ ਸ਼ੁਰੂ ਕਰ ਦਿੱਤੀਆਂ। ਉਸ ਨੇ ਪਾਲਿਤ ਅਜੀਤ ਸਿੰਘ (ਜਿਸ ਨਾਲ ਬੁਰਹਾਨਪੁਰ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਵਿਧਵਾ ਤਾਰਾ ਕੌਰ ਦਾ ਕਰੇਵਾ ਕੀਤਾ ਗਿਆ ਸੀ ਤੇ ਮਾਤਾ ਸੁੰਦਰ ਕੌਰ ਦਾ ਮੁਤਬੰਨਾ ਅਖਵਾਉਂਦਾ ਸੀ) ਨੂੰ ਬਾਬਾ ਬੰਦਾ ਸਿੰਘ ਦੇ ਖ਼ਿਲਾਫ਼ ਖੜ੍ਹਾ ਕਰਨ ਦੀ ਸਾਜ਼ਿਸ਼ ਹੇਠ, ਉਸ ਨੂੰ ਅੰਮ੍ਰਿਤਸਰ ਭੇਜਣ ਦਾ ਵੀ ਫ਼ੈਸਲਾ ਕਰ ਲਿਆ। ਉਸ ਨੇ 30 ਦਿਸੰਬਰ 1711 ਦੇ ਦਿਨ ਅਜੀਤ ਸਿੰਘ ਪਾਲਿਤ ਨੂੰ ਚੱਕ ਰਾਮਦਾਸ (ਅੰਮ੍ਰਿਤਸਰ) ਦੀ ਜਾਗੀਰ ਦੇ ਕੇ ਅੰਮ੍ਰਿਤਸਰ ਟੋਰ ਦਿੱਤਾ।[4] ਜਦੋਂ ਭਾਈ ਮਨੀ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਸੀ ਟਕਰਾਅ ਤੋਂ ਬਚਾਅ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਮੁਕਾਮੀ ਸੰਗਤ ਨੂੰ ਸੌਂਪ ਦਿੱਤੀ ਅਤੇ ਪਿੰਡਾਂ ਵਿਚ ਸਿੱਖੀ ਪ੍ਰਚਾਰ ਦੀ ਮੁਹਿੰਮ 'ਤੇ ਚਲੇ ਗਏ।

ਪਾਲਿਤ ਅਜੀਤ ਸਿੰਘ ਨੇ ਅੰਮ੍ਰਿਤਸਰ ਪਹੁੰਚ ਕੇ ਚੜ੍ਹਾਵਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਪਰ ਛੇਤੀ ਹੀ ਸੰਗਤਾਂ ਨੇ ਪਲਿਤ ਅਜੀਤ ਸਿੰਘ ਨੂੰ ਮੂੰਹ ਲਾਉਣਾ ਬੰਦ ਕਰ ਦਿੱਤਾ। ਅਕਾਲ ਪੁਰਖ ਦੀ ਕਰਨੀ ਬਹਾਦਰ ਸ਼ਾਹ 27 ਫ਼ਰਵਰੀ 1712 ਦੇ ਦਿਨ ਲਾਹੌਰ ਵਿਚ ਹੀ ਮਰ ਗਿਆ। ਭਾਵੇਂ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਹਕੂਮਤ ਕਾਇਮ ਕਰਨ ਵਾਲੇ ਬਾਬਾ ਬੰਦਾ ਸਿੰਘ ਤੋਂ ਇਕ ਵਾਰ ਸਾਰਾ ਇਲਾਕਾ ਆਜ਼ਾਦ ਕਰਵਾ ਲਿਆ ਸੀ, ਪਰ ਉਹ ਬਾਬਾ ਬੰਦਾ ਸਿੰਘ ਦੇ ਨਾਂ ਤੋਂ ਏਨਾ ਡਰਦਾ ਸੀ ਕਿ ਉਸ ਨੇ ਲਾਹੌਰ ਵਿਚ ਹੀ ਡੇਰੇ ਲਾ ਲਏ ਸਨ। ਉਸ ਨੂੰ ਆਸ ਸੀ ਕਿ ਬਾਬਾ ਬੰਦਾ ਸਿੰਘ ਇਕ ਵਾਰ ਫੇਰ ਆਪਣੀ ਲੁਕਣ ਵਾਲੀ ਜਗ੍ਹਾ ਤੋਂ ਵਾਪਸ ਆਵੇਗਾ ਤੇ ਹਕੂਮਤ ਕਾਇਮ ਕਰਨ ਦੀ ਕੋਸ਼ਿਸ਼ ਕਰੇਗਾ। ਇਸ ਡਰ ਹੇਠ ਦਹਿਲੇ ਹੋਏ ਬਹਾਦਰ ਸ਼ਾਹ ਨੇ ਤਿੰਨ ਮਹੀਨੇ ਵੀ ਨਾ ਕੱਢੇ ਤੇ ਫ਼ਰਵਰੀ 1712 ਵਿਚ ਮਰ ਗਿਆ। ਇਸ ਮਗਰੋਂ ਬਾਬਾ ਬੰਦਾ ਸਿੰਘ ਫੇਰ ਪੰਜਾਬ ਮੁੜ ਆਇਆ ਤੇ ਉਸ ਨੇ ਕੁਝ ਇਲਾਕੇ 'ਤੇ ਅਕਾਲ ਤਖ਼ਤ ਸਾਹਿਬ ਦੀ ਹਕੂਮਤ ਮੁੜ ਕਾਇਮ ਕਰ ਲਈ। ਪਰ ਬੰਦਾ ਸਿੰਘ 7 ਦਿਸੰਬਰ 1715 ਦੇ ਦਿਨ ਗੁਰਦਾਸ ਨੰਗਲ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ 9 ਜੂਨ 1716 ਈ: ਦੇ ਦਿਨ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।[5]

ਬਾਬਾ ਬੰਦਾ ਸਿੰਘ ਦੀ ਸ਼ਹੀਦੀ ਮਗਰੋਂ ਸਿੱਖ ਅਗਲੇ ਪੰਜ ਸਾਲ ਪਹਾੜਾਂ, ਜੰਗਲਾਂ, ਛੰਭਾਂ ਅਤੇ ਰੇਗਿਸਤਾਨਾਂ ਵਿਚ ਲੁਕੇ ਰਹੇ। ਭਾਵੇਂ ਇਸ ਵੇਲੇ ਸਿੱਖਾਂ ਕੋਲ ਕੋਈ ਇਕ ਆਗੂ ਨਹੀਂ ਸੀ ਤੇ ਉਹ ਕਈ ਜਥਿਆਂ ਵਿਚ ਵੰਡੇ ਹੋਏ ਸਨ, ਪਰ ਉਨ੍ਹਾਂ ਵਾਸਤੇ ਕੋਈ ਵੀ ਸਾਂਝੀ ਮੁਹਿੰਮ ਸ਼ੁਰੂ ਕਰਨਾ ਪਲਾਂ ਵਿਚ ਮੁਮਕਿਨ ਹੋ ਜਾਂਦਾ ਸੀ। ਸਿੱਖਾਂ 'ਤੇ ਜ਼ੁਲਮ

---

4. *The Sikh Reference Book*, pp. 254-55, 287-88.
5. *ਉਹੀ*, ਸਫ਼ਾ 287-88.

ਦਾ ਦੌਰ ਵਧੇਰੇ ਕਰ ਕੇ ਬਾਦਸ਼ਾਹ ਫ਼ਰੁਖ਼ਸੀਅਰ ਦੇ ਹੁਕਮਾਂ ਹੇਠ ਚਲ ਰਿਹਾ ਸੀ। 28 ਫ਼ਰਵਰੀ 1719 ਨੂੰ ਹੁਸੈਨ ਅਲੀ ਨੇ ਮਰਹੱਟਿਆਂ ਦੀ ਮਦਦ ਨਾਲ ਫ਼ਰੁਖ਼ਸੀਅਰ ਨੂੰ ਅੰਨ੍ਹਾ ਕਰ ਦਿੱਤਾ (ਦੋ ਮਹੀਨੇ ਮਗਰੋਂ ਉਸ ਦੀ ਮੌਤ ਹੋ ਗਈ)। ਉਸ ਦੀ ਥਾਂ ਰਫ਼ੀ-ਉਦ-ਅਜਾਤ ਬਾਦਸ਼ਾਹ ਬਣਿਆ ਪਰ ਉਹ ਕੁਝ ਦਿਨਾਂ ਮਗਰੋਂ ਹੀ ਤਪਦਿਕ ਨਾਲ ਮਰ ਗਿਆ। ਉਸ ਮਗਰੋਂ ਉਸ ਦੇ ਭਰਾ ਰਫ਼ੀ-ਉਦ-ਦੌਲਾ ਨੇ ਹਕੂਮਤ ਸੰਭਾਲੀ, ਪਰ ਉਹ ਵੀ ਤਿੰਨ ਮਹੀਨੇ ਮਗਰੋਂ ਮਰ ਗਿਆ। ਹੁਣ ਬਹਾਦਰ ਸ਼ਾਹ ਦਾ ਪੋਤਾ ਰੋਸ਼ਨ ਅਖ਼ਤਰ (ਮੁਹੰਮਦ ਸ਼ਾਹ ਰੰਗੀਲਾ) ਬਾਦਸ਼ਾਹ ਬਣਿਆ। ਉਹ ਇਕ ਆਰਾਮ ਪ੍ਰਸਤ ਤੇ ਅੱਯਾਸ਼ ਬਾਦਸ਼ਾਹ ਸੀ। ਇਸ ਮਾਹੌਲ ਵਿਚ ਸਿੱਖਾਂ ਦੇ ਖ਼ਿਲਾਫ਼ ਸਰਕਾਰੀ ਮੁਹਿੰਮ ਠੰਡੀ ਪੈ ਗਈ। ਹੁਣ ਸਿੱਖ ਆਪਣੀਆਂ ਪਨਾਹਗਾਹਾਂ 'ਚੋਂ ਨਿਕਲਣ ਲਗ ਪਏ। ਉਹ ਹੌਲੀ-ਹੌਲੀ ਸਿੱਖ ਦਰਬਾਰ ਸਾਹਿਬ ਵੀ ਆਉਣ ਲੱਗ ਪਏ। ਅੰਮ੍ਰਿਤਸਰ ਦੇ ਇਸ਼ਨਾਨ ਅਤੇ ਅਕਾਲ ਤਖ਼ਤ ਸਾਹਿਬ 'ਤੇ ਨਿੱਕੇ-ਨਿੱਕੇ ਇਕੱਠ ਹੋਣ ਲੱਗ ਪਏ। 1720 ਤਕ ਮਾਹੌਲ ਕਾਫ਼ੀ ਸੁਖਾਵਾਂ ਹੋ ਚੁੱਕਾ ਸੀ। ਅੰਮ੍ਰਿਤਸਰ ਵਿਚ ਸਿੱਖਾਂ ਦਾ ਆਉਣਾ ਆਮ ਹੋ ਗਿਆ ਤੇ ਇਸ ਮਗਰੋਂ ਹਰ ਸਾਲ ਅਪਰੈਲ ਅਤੇ ਅਕਤੂਬਰ ਵਿਚ ਸਰਬਤ ਖਾਲਸਾ ਅਕਾਲ ਤਖ਼ਤ ਸਾਹਿਬ 'ਤੇ ਇਕੱਠਾ ਹੋਣ ਲਗ ਪਿਆ। ਹੌਲੀ-ਹੌਲੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਫਿਰ ਮਰਕਜ਼ ਬਣ ਗਿਆ।

1721 ਵਿਚ ਸਿੱਖਾਂ ਦੇ ਦੋ ਧੜਿਆਂ ਵਿਚ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਸਬੰਧੀ ਤਕਰਾਰ ਸ਼ੁਰੂ ਹੋ ਗਿਆ। ਇਕ ਧੜੇ ਦੇ ਆਗੂ ਬਾਬਾ ਕਾਹਨ ਸਿੰਘ ਸਨ ਤੇ ਦੂਜੇ ਧੜੇ ਦੇ ਭਾਈ ਅਮਰ ਸਿੰਘ ਖੇਮਕਰਨੀ। ਭਾਈ ਅਮਰ ਸਿੰਘ ਕਿਉਂਕਿ ਬਾਬਾ ਬੰਦਾ ਸਿੰਘ ਜੀ ਫ਼ੌਜ ਵਿਚ ਰਿਹਾ ਸੀ, ਇਸ ਕਰ ਕੇ ਉਸ ਦੇ ਜਥੇ ਨੂੰ ਕੁਝ ਲੋਕ 'ਬੰਦਈ ਖਾਲਸਾ' ਆਖ ਕੇ ਬੁਲਾਂਦੇ ਸਨ। ਦੂਜੇ ਧੜੇ, ਜਿਸ ਦਾ ਮੁਖੀ ਬਾਬਾ ਕਾਹਨ ਸਿੰਘ ਸੀ, ਨੂੰ ਕੁਝ ਲੋਕ 'ਤੱਤ ਖਾਲਸਾ' ਆਖ ਕੇ ਵੀ ਬੁਲਾਂਦੇ ਸਨ। ਬਾਬਾ ਕਾਹਨ ਸਿੰਘ ਦਾ ਧੜਾ ਅੰਮ੍ਰਿਤਸਰ 'ਤੇ 1715 ਵਿਚ ਉਦੋਂ ਕਾਬਜ਼ ਹੋਇਆ ਸੀ, ਜਦੋਂ ਉਨ੍ਹਾਂ ਨੇ ਮੁਗ਼ਲਾਂ ਨਾਲ ਸਮਝੌਤਾ ਕਰ ਲਿਆ ਸੀ ਤੇ ਬਾਬਾ ਬੰਦਾ ਸਿੰਘ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ ਸੀ। ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਬਾਰੇ ਦੋਹਾਂ ਧੜਿਆਂ ਦਾ ਝਗੜਾ ਕੋਈ ਅਸੂਲੀ ਨਹੀਂ ਸੀ। ਇਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਭਾਈ ਮਨੀ ਸਿੰਘ ਸਨ। ਇਕ ਸੋਮੇ ਮੁਤਾਬਿਕ ਉਹ 'ਸਭ ਤੋਂ ਵੱਡੇ ਪੁਜਾਰੀ' ਸਨ।[6] ਇਕ ਦਿਨ ਭਾਈ ਅਮਰ ਸਿੰਘ ਰਥ 'ਤੇ ਸਵਾਰ ਹੋ ਕੇ ਬਹੁਤ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਝੰਡਾ ਬੁੰਗਾ ਤੋਂ ਹਰਿਮੰਦਰ ਸਾਹਿਬ ਵਲ ਟੁਰਿਆ ਤਾਂ ਜੋ ਉਹ ਉੱਥੇ ਕਬਜ਼ਾ ਕਰ ਸਕੇ। ਇਸ 'ਤੇ ਭਾਈ ਮਨੀ ਸਿੰਘ ਨੇ ਸਾਰੇ ਸਿੱਖਾਂ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਿਆ। ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਬਾਰੇ ਝਗੜੇ ਨੂੰ ਸਰਬਤ ਖਾਲਸਾ ਨੇ ਵਿਚਾਰਿਆ, ਕਿਉਂਕਿ ਝਗੜਾ ਅਸੂਲਾਂ ਕਰ ਕੇ ਨਹੀਂ ਸੀ ਅਤੇ ਸਿਰਫ਼ 'ਸਿਰਦਾਰੀ' ਦਾ ਸੀ, ਇਸ ਕਰ ਕੇ ਸਰਬਤ ਖਾਲਸਾ ਨੇ ਭਾਈ ਮਨੀ ਸਿੰਘ ਨੂੰ ਹੱਕ ਦਿੱਤਾ ਕਿ ਉਹ ਆਪ ਹੀ (ਸਾਲਸ ਵਾਂਗ) ਫ਼ੈਸਲਾ ਦੇ ਦੇਣ। ਇਕ ਸੋਮੇ ਮੁਤਾਬਿਕ ਭਾਈ ਮਨੀ ਸਿੰਘ ਨੇ ਕਿਹਾ ਕਿ ਧੜਿਆਂ ਦੇ ਨਾਂ ਦੋ ਪਰਚੀਆਂ

---

6. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, (ਐਡੀਸ਼ਨ 1982), ਸਫ਼ਾ 223.

ਪੂਜਾਰਨ ਸਿਰ ਬਡੋ ਪੁਜਾਰੀ। ਹੁਤੁ ਸਤਿਗੁਰ ਘਰ ਬਡ ਇਤਬਾਰੀ।
ਅਕਾਲ ਬੁੰਗੇ ਕੇ ਤਖਤ ਸੁ ਬੈਠੇ। ਖ਼ਤਾਦਾਰ ਕੇ ਕੰਨ ਸੁ ਐਠੇ।9।

'ਤੇ ਲਿਖ ਕੇ ਅੰਮ੍ਰਿਤਸਰ ਸਰੋਵਰ ਵਿਚ ਡੁਬੋ ਦਿੱਤੀਆਂ ਜਾਣ ਤੇ ਜਿਸ ਦੀ ਪਰਚੀ ਪਹਿਲਾਂ ਤਰ ਆਵੇ, ਉਸ ਨੂੰ ਸੇਵਾ-ਸੰਭਾਲ ਦੇ ਦਿੱਤੀ ਜਾਵੇ।[7] ਇਕ ਸੋਮੇ ਮੁਤਾਬਿਕ ਬਾਬਾ ਕਾਹਨ ਸਿੰਘ (ਅਖੌਤੀ ਤੱਤ ਖਾਲਸਾ) ਦੀ ਪਰਚੀ 'ਤੇ 'ਵਾਹਿਗੁਰੂ ਜੀ ਦੀ ਫ਼ਤਹਿ' ਅਤੇ ਭਾਈ ਅਮਰ ਸਿੰਘ (ਅਖੌਤੀ ਬੰਦਈ ਖਾਲਸਾ) ਦੀ ਪਰਚੀ 'ਤੇ 'ਸੱਚੇ ਸਾਹਿਬ ਦੀ ਫ਼ਤਹਿ' ਲਿਖਿਆ ਹੋਇਆ ਸੀ। (ਵਾਹਿਗੁਰੂ ਜੀ ਦੀ ਫ਼ਤਹਿ ਅਤੇ ਸੱਚੇ ਸਾਹਿਬ ਦੀ ਫ਼ਤਹਿ ਦਾ ਮਾਅਨਾ ਇਕੋ ਹੈ।) ਵਾਹਿਗੁਰੂ ਜੀ ਦੀ ਫ਼ਤਹਿ ਵਾਲੀ ਪਰਚੀ ਪਹਿਲੋਂ ਉਪਰ ਆ ਗਈ। ਇਸ ਕਰ ਕੇ ਭਾਈ ਮਨੀ ਸਿੰਘ ਨੇ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਬਾਬਾ ਕਾਹਨ ਸਿੰਘ ਦੇ ਜਥੇ ਨੂੰ ਸੌਂਪ ਦੇਣ ਦਾ ਫ਼ੈਸਲਾ ਕਰ ਦਿੱਤਾ। ਇਕ ਹੋਰ ਸੋਮੇ ਮੁਤਾਬਿਕ ਦੋਹਾਂ ਵਿਚ ਫ਼ੈਸਲਾ ਪਰਚੀਆਂ ਨਾਲ ਨਹੀਂ ਬਲਕਿ ਦੋਹਾਂ ਧੜਿਆਂ ਦੇ ਭਲਵਾਨਾਂ ਦੀ ਕੁਸ਼ਤੀ ਨਾਲ ਹੋਇਆ ਸੀ।[8] ਵਕਤੀ ਜਿੱਤ ਹਾਰ ਦੇ ਫ਼ੈਸਲੇ ਨੂੰ ਭਾਈ ਅਮਰ ਸਿੰਘ ਦੇ ਧੜੇ ਦੇ ਭਾਈ ਲਾਹੌਰਾ ਸਿੰਘ ਨੇ ਕਬੂਲ ਕਰ ਲਿਆ ਪਰ ਅਮਰ ਸਿੰਘ ਫਿਰ ਵੀ ਅੜਿਆ ਰਿਹਾ। ਨਤੀਜੇ ਵਜੋਂ ਦੋਹਾਂ ਧੜਿਆਂ ਵਿਚ ਲੜਾਈ ਹੋ ਗਈ। ਲੜਾਈ ਵਿਚ ਅਕਾਲ ਤਖ਼ਤ ਸਾਹਿਬ ਤੋਂ ਸੁਣਾਏ ਫ਼ੈਸਲੇ ਨੂੰ ਨਾ ਮੰਨਣ ਵਾਲਾ ਭਾਈ ਅਮਰ ਸਿੰਘ ਮਾਰਿਆ ਗਿਆ।[9] ਉਸ ਦੇ ਧੜੇ ਦੇ ਵਡੇਰੇ ਹਿੱਸੇ ਨੇ ਤਾਂ ਪਹਿਲਾਂ ਹੀ ਅਕਾਲ ਤਖ਼ਤ ਸਾਹਿਬ ਅੱਗੇ ਸਿਰ ਝੁਕਾ ਦਿੱਤਾ ਸੀ, ਹੁਣ ਬਾਕੀਆਂ ਨੇ ਵੀ ਹਥਿਆਰ ਸੁੱਟ ਦਿੱਤੇ। ਉਨ੍ਹਾਂ ਨੇ ਵੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਭੁੱਲ ਬਖ਼ਸ਼ਾਈ। ਇੰਞ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਗੁਰੂ ਦੀ ਨਗਰੀ ਦੇ ਹੋਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਮਸਲਾ ਹੱਲ ਹੋ ਗਿਆ। ਭਾਵੇਂ ਇਹ ਅਖੌਤੀ ਤੱਤ ਖਾਲਸਾ ਵਾਲੇ ਕਿਸੇ ਵੇਲੇ ਮੁਗ਼ਲਾਂ ਨਾਲ ਮਿਲਵਰਤਣ ਕਰਦੇ ਰਹੇ ਸਨ, ਪਰ ਹੁਣ ਉਹ ਸਰਬਤ ਖਾਲਸਾ ਦੇ ਗੁਰਮਤਿਆਂ ਮੁਤਾਬਿਕ ਹੀ ਚਲਦੇ ਸਨ ਤੇ ਸਾਰਾ ਗੁਰਦੁਆਰਾ ਇੰਤਜ਼ਾਮ ਭਾਈ ਮਨੀ ਸਿੰਘ ਦੀ ਸਰਪ੍ਰਸਤੀ ਹੇਠ ਸਰਬਤ ਖਾਲਸਾ ਹੀ ਚਲਾਉਂਦਾ ਸੀ। ਹੌਲੀ-ਹੌਲੀ ਸਿੱਖਾਂ ਵਿਚ ਅਖੌਤੀ ਤੱਤ ਖਾਲਸਾ ਤੇ ਬੰਦਈ ਖਾਲਸਾ ਦਾ ਵਖਰੇਵਾਂ ਖ਼ਤਮ ਹੋ ਗਿਆ।

1723 ਵਿਚ ਪੱਟੀ ਦਾ ਹਾਕਮ ਸਾਹਿਬ ਰਾਏ ਸੀ। ਸਾਹਿਬ ਰਾਏ ਦੀ ਸਿੱਖਾਂ ਨਾਲ ਦੁਸ਼ਮਣੀ ਸੀ, ਕਿਉਂਕਿ ਉਸ ਦਾ ਬਾਪ ਹਰ ਸਹਾਇ 6 ਅਪਰੈਲ, 1709 ਦੇ ਦਿਨ ਅੰਮ੍ਰਿਤਸਰ 'ਚ ਸਿੱਖਾਂ 'ਤੇ ਕੀਤੇ ਹਮਲੇ ਦੌਰਾਨ ਹੋਈ ਲੜਾਈ ਵਿਚ ਭਾਈ ਤਾਰਾ ਸਿੰਘ ਡੱਲ-ਵਾਂ ਹੱਥੋਂ ਮਾਰਿਆ ਗਿਆ ਸੀ। ਉਸ ਨੇ ਬਦਲਾ ਲੈਣ ਵਾਸਤੇ ਲਾਹੌਰ ਦੇ ਸੂਬੇਦਾਰ ਤਕ ਪਹੁੰਚ ਕੀਤੀ। ਉਸ ਨੇ ਸ਼ਿਕਾਇਤ ਕੀਤੀ ਕਿ ਭਾਈ ਤਾਰਾ ਸਿੰਘ ਦਾ ਘਰ ਸਿੱਖ ਫ਼ੌਜਾਂ ਦੀ ਛਾਵਣੀ ਦੇ ਵਾਂਗ ਹੈ ਤੇ ਅੰਮ੍ਰਿਤਸਰ ਜਾਣ ਵਾਲੇ ਸਿੱਖ ਉਸ ਦੇ ਘਰ ਹੀ ਠਹਿਰਦੇ ਅਤੇ ਲੰਗਰ ਛਕਦੇ ਹਨ। ਇਸ 'ਤੇ ਲਾਹੌਰ ਦੇ ਸੂਬੇਦਾਰ ਨੇ ਮਿਰਜ਼ਾ ਜਾਫ਼ਰ ਬੇਗ਼ ਨੂੰ ਫ਼ੌਜ ਦੀ ਇਕ ਟੁਕੜੀ ਦੇ ਕੇ ਭਾਈ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਭੇਜ ਦਿੱਤਾ। ਉਸ ਵੇਲੇ ਪਿੰਡ ਵਿਚ ਭਾਈ ਤਾਰਾ ਸਿੰਘ ਦੇ ਨਾਲ 22 ਹੋਰ ਸਿੱਖ ਵੀ

---

7. ਸਿੱਖਾਂ ਵਿਚਕਾਰ ਝਗੜੇ ਦੇ ਫ਼ੈਸਲੇ ਕਰਨ ਦਾ ਇਹ ਤਰੀਕਾ ਅਜੀਬ ਹੀ ਸੀ। ਇਹ ਇਕ ਕਿਸਮ ਦੀ ਲਾਟਰੀ ਸੀ।
8. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸਫ਼ਾ 168-69.
9. *ਉਹੀ*, ਸਫ਼ਾ 260.

ਹਾਜ਼ਿਰ ਸਨ। ਇਸ ਮੌਕੇ 'ਤੇ ਦੋਹਾਂ ਪਾਸਿਆਂ ਤੋਂ ਡਟਵੀਂ ਲੜਾਈ ਹੋਈ। ਸਿੱਖਾਂ ਨੇ ਕਈ ਮੁਗ਼ਲ ਸਿਪਾਹੀ ਮਾਰ ਮੁਕਾਏ। ਕੁਝ ਚਿਰ ਮਗਰੋਂ ਮੋਮਿਨ ਖ਼ਾਂ ਦੀ ਅਗਵਾਈ ਵਿਚ ਇਕ ਵੱਡੀ ਮੁਗ਼ਲ ਫ਼ੌਜ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਇਸ ਫ਼ੌਜ ਨਾਲ ਵੀ ਇਨ੍ਹਾਂ 23 ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ ਤੇ ਅਖ਼ੀਰ ਸੈਂਕੜੇ ਮੁਗ਼ਲ ਸਿਪਾਹੀਆਂ ਨੂੰ ਮਾਰ ਮੁਕਾਉਣ ਮਗਰੋਂ ਭਾਈ ਤਾਰਾ ਸਿੰਘ ਅਤੇ ਬਾਕੀ ਦੇ 22 ਸਿੰਘ ਸ਼ਹੀਦੀਆਂ ਪਾ ਗਏ।[10] ਇਕ ਸੋਮੇ ਮੁਤਾਬਿਕ ਇਹ ਘਟਨਾ 9 ਜੂਨ 1726 ਦੀ ਹੈ। ਜਦ ਭਾਈ ਤਾਰਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਦੀ ਖ਼ਬਰ ਸਿੱਖ ਆਗੂਆਂ ਤਕ ਪੁੱਜੀ ਤਾਂ ਉਹ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ। ਇਸ ਵੇਲੇ ਦੀਵਾਨ ਦਰਬਾਰਾ ਸਿੰਘ (ਪੁੱਤਰ ਭਾਈ ਨਾਨੂੰ ਸਿੰਘ ਦਿਲਵਾਲੀ) ਖਾਲਸਾ ਫ਼ੌਜਾਂ ਦੇ ਮੁਖੀ ਸਨ ਅਤੇ ਭਾਈ ਮਨੀ ਸਿੰਘ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਸਨ। ਇਸ ਮੌਕੇ 'ਤੇ (ਨਵਾਬ) ਕਪੂਰ ਸਿੰਘ ਵੀ ਆਪਣਾ ਇਕ ਵੱਡਾ ਜਥਾ ਲੈ ਕੇ ਹਾਜ਼ਿਰ ਹੋਏ ਤੇ ਦੀਵਾਨ ਦਰਬਾਰਾ ਸਿੰਘ ਨਾਲ ਸ਼ਾਮਿਲ ਹੋਣ ਦਾ ਐਲਾਨ ਕੀਤਾ। ਨਵਾਬ ਕਪੂਰ ਸਿੰਘ ਨੂੰ ਸਮੁੱਚੀ ਖਾਲਸਾ ਫ਼ੌਜ ਦਾ ਨਾਇਬ (ਡਿਪਟੀ) ਜਥੇਦਾਰ ਬਣਾ ਦਿੱਤਾ ਗਿਆ।

ਅਕਾਲ ਤਖ਼ਤ ਸਾਹਿਬ 'ਤੇ ਹੋਏ ਇਸ ਸਰਬਤ ਖਾਲਸਾ ਇਕੱਠ ਨੇ ਗੁਰਮਤਾ ਕੀਤਾ ਕਿ (1) ਸ਼ਾਹੀ ਖ਼ਜ਼ਾਨੇ ਲੁੱਟੇ ਜਾਣ, (2) ਸ਼ਾਹੀ ਘੋੜੇ ਖੋਹੇ ਜਾਣ ਅਤੇ (3) ਮੁਗ਼ਲਾਂ ਨੂੰ ਸਿੱਖਾਂ ਬਾਰੇ ਮੁਖ਼ਬਰੀ ਕਰਨ ਵਾਲਿਆਂ ਨੂੰ ਸੋਧਿਆ ਜਾਵੇ। ਸਰਬਤ ਖਾਲਸਾ ਦੇ ਇਸ ਗੁਰਮਤੇ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਹੁਕਮਨਾਮੇ ਵਜੋਂ ਪੰਥ ਦੇ ਨਾਂ ਜਾਰੀ ਕਰ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ 'ਤੇ ਅਮਲ ਕਰਦਿਆਂ ਖਾਲਸਾ ਫ਼ੌਜਾਂ ਨੇ ਕਈ ਜਗ੍ਹਾ ਐਕਸ਼ਨ ਕਰ ਕੇ ਸ਼ਾਹੀ ਖ਼ਜ਼ਾਨਿਆਂ ਨੂੰ ਹੌਲਾ ਕੀਤਾ। ਇਸ ਦੌਰਾਨ ਹੋਈਆਂ ਝੜਪਾਂ ਵਿਚ ਕਈ ਮੁਗ਼ਲ ਸਿਪਾਹੀ ਮਾਰੇ ਗਏ। ਕਾਫ਼ੀ ਅਸਲਾ, ਘੋੜੇ ਤੇ ਖ਼ਜ਼ਾਨਾ ਸਿੱਖਾਂ ਦੇ ਹੱਥ ਆਇਆ।

ਸਿੱਖਾਂ ਦੇ ਹਮਲਿਆਂ ਤੋਂ ਡਰ ਕੇ ਮੁਗ਼ਲ ਬਾਦਸ਼ਾਹ ਨੇ ਜ਼ਕਰੀਆ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਤਾਇਨਾਤ ਕਰ ਦਿੱਤਾ। ਉਸ ਤੋਂ ਪਹਿਲਾਂ ਉਸ ਦਾ ਬਾਪ ਅਬਦੁਸ ਸਮਦ ਖ਼ਾਂ ਲਾਹੌਰ ਦਾ ਗਵਰਨਰ ਰਿਹਾ ਸੀ, ਜਿਸ ਨੂੰ ਮੁਲਤਾਨ ਦਾ ਗਵਰਨਰ ਲਾ ਦਿੱਤਾ ਗਿਆ ਸੀ। ਜ਼ਕਰੀਆ ਖ਼ਾਂ ਇਕ ਸਖ਼ਤ ਤਬੀਅਤ ਵਾਲਾ ਸ਼ਖ਼ਸ ਸੀ। ਜ਼ਕਰੀਆ ਖ਼ਾਂ ਨੇ ਸਿੱਖਾਂ 'ਤੇ ਸਖ਼ਤੀ ਦਾ ਨਵਾਂ ਦੌਰ ਚਲਾ ਦਿੱਤਾ। ਉਸ ਦੇ ਹੁਕਮ ਨਾਲ ਕਈ ਸਿੱਖ ਗ੍ਰਿਫ਼ਤਾਰ ਕਰ ਕੇ ਸ਼ਹੀਦ ਕਰ ਦਿੱਤੇ ਗਏ। ਜ਼ੁਲਮ ਦੇ ਇਸ ਦੌਰ ਨੇ ਸਿੱਖਾਂ ਨੂੰ ਅੰਮ੍ਰਿਤਸਰ ਛੱਡ ਕੇ ਰੇਗਿਸਤਾਨ, ਪਹਾੜਾਂ, ਛੰਭਾਂ ਅਤੇ ਜੰਗਲਾਂ ਵਿਚ ਚਲੇ ਜਾਣ 'ਤੇ ਮਜਬੂਰ ਕਰ ਦਿੱਤਾ। ਇਸ ਦੇ ਬਾਵਜੂਦ ਸਿੱਖ ਕਈ ਵਾਰ ਅੰਮ੍ਰਿਤਸਰ ਪੁਜਦੇ ਰਹਿੰਦੇ ਅਤੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੇ ਰਹਿੰਦੇ। ਚਾਰ ਪੰਜ ਸਾਲ ਇਸੇ ਲੁਕਣ-ਮੀਟੀ ਵਿਚ ਬੀਤ ਗਏ।

ਹੁਣ ਸਿੱਖ ਫ਼ੌਜਾਂ ਨੇ ਲੜਾਈ ਦਾ ਤਰੀਕਾ ਬਦਲ ਲਿਆ। ਸਿੱਖਾਂ ਨੇ ਮੁਗ਼ਲ ਫ਼ੌਜਾਂ 'ਤੇ ਗੁਰੀਲਾ ਤਰੀਕੇ ਨਾਲ ਹਮਲੇ ਸ਼ੁਰੂ ਕਰ ਦਿੱਤੇ। ਇਨ੍ਹਾਂ ਹਮਲਿਆਂ ਵਿਚ ਸਿੱਖ ਘਾਤ

10. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸਫ਼ਾ 187-188.

ਲਾ ਕੇ ਹਮਲਾ ਕਰ ਕੇ ਮੁਗ਼ਲ ਸਿਪਾਹੀਆਂ ਨੂੰ ਮਾਰ ਦੇਂਦੇ ਸਨ ਤੇ ਉਨ੍ਹਾਂ ਦਾ ਅਸਲਾ ਤੇ ਘੋੜੇ ਖੋਹ ਲੈਂਦੇ ਸਨ। ਇੰਞ ਹੀ ਸਿੱਖ ਫ਼ੌਜਾਂ ਨੇ ਕਈ ਵਾਰ ਸ਼ਾਹੀ ਖ਼ਜ਼ਾਨਿਆਂ, ਠਾਣਿਆਂ, ਅਸਤਬਲਾਂ ਅਤੇ ਅਸਲਾ-ਖ਼ਾਨਿਆਂ 'ਤੇ ਵੀ ਹਮਲੇ ਕੀਤੇ। ਕਾਫ਼ੀ ਚਿਰ ਸਿੱਖਾਂ ਦਾ ਹੱਥ ਮੁਗ਼ਲਾਂ 'ਤੇ ਭਾਰੂ ਰਿਹਾ। ਇਸ ਹਾਲਤ ਵਿਚ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਂ ਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਉਸ ਵੇਲੇ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਲਾਹੌਰ ਰਹਿੰਦੇ ਸਨ। ਜ਼ਕਰੀਆ ਖ਼ਾਂ ਨੇ ਉਨ੍ਹਾਂ ਨੂੰ ਆਪਣੀ ਤਰਫ਼ੋਂ ਸੁਲਹ ਵਾਸਤੇ ਸਿੱਖਾਂ ਵੱਲ ਭੇਜਿਆ। ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ 29 ਮਾਰਚ 1733 ਦੇ ਦਿਨ ਅੰਮ੍ਰਿਤਸਰ ਪੁੱਜੇ। ਇਸ ਦਿਨ ਸਰਬਤ ਖਾਲਸਾ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋ ਰਿਹਾ ਸੀ। ਭਾਈ ਸੁਬੇਗ ਸਿੰਘ ਨੇ ਜ਼ਕਰੀਆ ਖ਼ਾਂ ਦੀ ਪੇਸ਼ਕਸ਼ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਭਾਈ ਮਨੀ ਸਿੰਘ ਦੇ ਅੱਗੇ ਪੇਸ਼ ਕੀਤੀ। ਉਸ ਵੇਲੇ ਖਾਲਸਾ ਫ਼ੌਜਾਂ ਦੇ ਮੁਖੀ ਬਾਬਾ ਦਰਬਾਰਾ ਸਿੰਘ ਤੇ ਨਾਇਬ ਮੁਖੀ (ਨਵਾਬ) ਕਪੂਰ ਸਿੰਘ ਸਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਸਿੱਖ ਜਥਿਆਂ ਦੇ ਮੁਖੀ ਵੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਸਨ। ਸਰਬਤ ਖਾਲਸਾ ਦੇ ਨੁਮਾਇੰਦਿਆਂ ਨੇ ਜ਼ਕਰੀਆ ਖ਼ਾਂ ਵੱਲੋਂ ਭੇਜੀ 'ਨਵਾਬੀ' ਦੀ ਪੇਸ਼ਕਸ਼ 'ਤੇ ਭਰਵੀਂ ਬਹਿਸ ਕੀਤੀ। ਸਿੱਖ ਫ਼ੌਜਾਂ ਦੇ ਮੁਖੀ ਬਾਬਾ ਦਰਬਾਰਾ ਸਿੰਘ ਨੇ ਇਸ ਪੇਸ਼ਕਸ਼ ਨੂੰ ਰੱਦ ਕਰਨ ਵਾਸਤੇ ਆਖਿਆ:

> ਦਰਬਾਰੈ ਸਿੰਘ ਅਗਯੋਂ ਕਹੀ। ਅਸੀਂ ਨਿਬਾਬੀ ਕਦ ਚਹੈਂ ਲਈ।
> ਹਮ ਕੋ ਸਤਿਗੁਰ ਬਚਨ ਪਾਤਸ਼ਾਹੀ। ਹਮ ਕੋ ਜਾਪਤ ਢਿਗ ਸੋਊ ਆਹੀ।
> ਹਮ ਰਾਖਤ ਪਾਤਿਸ਼ਾਹੀ ਦਾਵਾ। ਜਾਂ ਇਤ ਕੋ ਜਾਂ ਅਗਲੋ ਪਾਵਾ।
> ਜੋ ਸਤਿਗੁਰ ਸਿੱਖਨ ਕਹੀ ਬਾਤ। ਹੋਗੁ ਸਾਈ ਨਹਿਂ ਖਾਲੀ ਜਾਤ।
> ਧ੍ਰੂ ਵਿਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।
> ਪਾਤਿਸ਼ਾਹੀ ਛੋਡ ਕਿਮ ਲਹੈਂ ਨਿਬਾਬੀ। ਪਰਾਧੀਨ ਜਿਹ ਮਾਂਹਿ ਖਰਾਬੀ।
> ....
> ਪੰਥ ਤੁਰਕਨ ਕੋ ਐਸੋ ਮੇਲ। ਬਰੂਦ ਅਗਨ ਕੋ ਜੈਸੋ ਖੇਲ।[11]

ਇਸ ਮੌਕੇ 'ਤੇ ਕੁਝ ਹੋਰ ਆਗੂਆਂ ਨੇ ਕਿਹਾ ਕਿ ਸਿੱਖਾਂ ਨੂੰ ਮੁਗ਼ਲਾਂ ਦੀ ਨੀਮ ਗ਼ੁਲਾਮੀ ਵੀ ਕਬੂਲ ਨਹੀਂ ਕਰਨੀ ਚਾਹੀਦੀ। ਦੂਜੇ ਪਾਸੇ ਕੁਝ ਆਗੂ ਚਾਹੁੰਦੇ ਸਨ ਕਿ ਵਕਤੀ ਤੌਰ 'ਤੇ ਮੁਗ਼ਲਾਂ ਦੀ ਪੇਸ਼ਕਸ਼ ਕਬੂਲ ਕਰ ਲੈਣੀ ਚਾਹੀਦੀ ਤੇ ਇਸ ਅਮਨ ਵਾਲੇ ਵੇਲੇ ਦੌਰਾਨ ਖਾਲਸਾ ਫ਼ੌਜ ਨੂੰ ਜਥੇਬੰਦ ਕਰ ਲੈਣਾ ਚਾਹੀਦਾ ਹੈ। ਇਸ 'ਤੇ ਸਰਬਤ ਖਾਲਸਾ ਨੇ ਜਗੀਰ ਦੀ ਪੇਸ਼ਕਸ਼ ਕਬੂਲ ਕਰਨ ਦਾ ਗੁਰਮਤਾ ਕਰ ਦਿੱਤਾ। ਇਸ ਮਗਰੋਂ ਜਦੋਂ ਨਵਾਬੀ ਵਾਸਤੇ ਆਗੂ ਚੁਨਣ ਦਾ ਸਵਾਲ ਆਇਆ ਤਾਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਭਾਈ ਮਨੀ ਸਿੰਘ ਨੇ ਵੀ ਅਤੇ ਖਾਲਸਾ ਫ਼ੌਜਾਂ ਦੇ ਮੁਖੀ ਬਾਬਾ ਦਰਬਾਰਾ ਸਿੰਘ ਨੇ ਵੀ ਨਵਾਬੀ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ। ਅਖ਼ੀਰ ਜ਼ੋਰ ਦੇਣ 'ਤੇ ਖਾਲਸਾ ਫ਼ੌਜਾਂ ਦੇ ਡਿਪਟੀ ਚੀਫ਼ ਭਾਈ ਕਪੂਰ ਸਿੰਘ, ਜੋ ਇਕ ਬੜੇ ਤਕੜੇ ਜਰਨੈਲ ਤੇ ਜਥੇਬੰਦਕ ਆਗੂ ਸਨ, ਨੇ ਨਵਾਬੀ ਕਬੂਲ ਕਰਨਾ ਮੰਨ ਲਿਆ। ਪਰ ਸਰਬਤ ਖਾਲਸਾ ਨੇ ਜ਼ਕਰੀਆ ਖ਼ਾਂ

11. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸਫ਼ਾ 213.

ਨੂੰ ਆਖ ਭੇਜਿਆ ਕਿ ਨਵਾਬ ਕਪੂਰ ਸਿੰਘ ਜਾਂ ਕੋਈ ਵੀ ਹੋਰ ਸਿੱਖ ਨੁਮਾਇੰਦਾ ਮੁਗ਼ਲਾਂ ਦੇ ਦਰਬਾਰ ਵਿਚ ਪੇਸ਼ ਨਹੀਂ ਹੋਇਆ ਕਰੇਗਾ। ਸਿਰਦਾਰ ਕਪੂਰ ਸਿੰਘ ਇਸ ਨੂੰ ਪੰਜਾਬ ਵਿਚ 'ਦੋਹਰੀ ਕੌਮੀਅਤ' ਆਖਦੇ ਹਨ।[12]

ਸਿੱਖਾਂ ਵਲੋਂ ਜਗੀਰ ਦੀ ਪੇਸ਼ਕਸ਼ ਕਬੂਲ ਕਰਨ ਨਾਲ ਉਨ੍ਹਾਂ ਦੀ ਮਾਲੀ ਹਾਲਤ ਕੁਝ ਬੇਹਤਰ ਹੋ ਗਈ। ਇਸ ਜਗੀਰ ਨਾਲ ਝਬਾਲ, ਕੰਗਣਵਾਲ ਅਤੇ ਦੀਪਾਲਪੁਰ ਦਾ, ਸਾਲ ਦਾ ਇਕ ਲੱਖ ਰੁਪੈ ਮਾਲੀਆ ਸਿੱਖਾਂ ਨੂੰ ਮਿਲਣਾ ਸੀ। ਸਾਲ ਦਾ ਇਕ ਲੱਖ ਰੁਪਿਆ, ਉਦੋਂ, ਇਕ ਬਹੁਤ ਵੱਡੀ ਰਕਮ ਸੀ।

ਇਸ ਤੋਂ ਕੁਝ ਦਿਨ ਮਗਰੋਂ ਹੀ ਖਾਲਸਾ ਫ਼ੌਜ ਨੂੰ ਪੂਰੀ ਤਰ੍ਹਾਂ ਜਥੇਬੰਦ ਕਰਨ ਵਾਸਤੇ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ। ਸਾਰੀ ਫ਼ੌਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਵਡੇਰੀ ਉਮਰ ਦੇ ਸਿੱਖ 'ਬੁੱਢਾ ਦਲ' ਦਾ ਹਿੱਸਾ ਬਣ ਗਏ ਅਤੇ ਨੌਜਵਾਨ 'ਤਰੁਣਾ ਦਲ' ਦਾ ਹਿੱਸਾ ਬਣੇ। ਬੁੱਢਾ ਦਲ ਦੇ ਪੰਜ ਜਥੇ ਬਣਾਏ ਗਏ। ਇਨ੍ਹਾਂ ਦੇ ਮੁਖੀ ਸਨ : (1) ਬਾਬਾ ਦੀਪ ਸਿੰਘ (2) ਭਾਈ ਜੀਵਨ ਸਿੰਘ ਤੇ ਵੀਰ ਸਿੰਘ (3) ਭਾਈ ਕਾਹਨ ਸਿੰਘ ਤੇ ਬਿਨੋਦ ਸਿੰਘ (4) ਧਰਮ ਸਿੰਘ ਤੇ ਕਰਮ ਸਿੰਘ (5) ਦਸੌਂਧਾ ਸਿੰਘ। ਇੰਵ ਹੀ ਤਰੁਣਾ ਦਲ ਦੇ ਵੀ ਪੰਜ ਜਥੇ ਬਣਾਏ ਗਏ ਹਨ। ਇਨ੍ਹਾਂ ਜਥਿਆਂ ਦੇ ਮੁਖੀ ਸਨ : (1) ਨਵਾਬ ਕਪੂਰ ਸਿੰਘ (2) ਭਾਈ ਗੁਰਬਖ਼ਸ਼ ਸਿੰਘ (3) ਭਾਈ ਭਾਗ ਸਿੰਘ (4) ਭਾਈ ਗੁਰਦਿਆਲ ਸਿੰਘ (5) ਭਾਈ ਸ਼ਾਮ ਸਿੰਘ। ਇਨ੍ਹਾਂ ਸਾਰੇ ਦਸਾਂ ਜਥਿਆਂ ਅਤੇ ਪੂਰੀ ਖਾਲਸਾ ਫ਼ੌਜ ਦੀ ਸਾਂਝੀ ਕਮਾਨ ਨਵਾਬ ਕਪੂਰ ਸਿੰਘ ਕੋਲ ਸੀ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਪ੍ਰਚਾਰ ਬੁੱਢਾ ਦਲ ਦੀ ਦੇਖ ਰੇਖ ਹੇਠ ਸੀ ਅਤੇ ਕੌਮੀ ਹਿਫ਼ਾਜ਼ਤ ਦਾ ਜ਼ਿੰਮਾ ਤਰੁਣਾ ਦਲ ਕੋਲ ਸੀ। ਇਸ ਮੌਕੇ 'ਤੇ ਸਿੰਘਾਂ ਨੇ ਨੀਲੇ ਰੰਗ ਦੇ ਪੰਜ ਨਿਸ਼ਾਨ ਸਾਹਿਬ ਅਕਾਲ ਤਖ਼ਤ ਸਾਹਿਬ 'ਤੇ ਲਹਿਰਾਏ।[13]

ਖਾਲਸਾ ਫ਼ੌਜ ਕੋਲ ਹੁਣ ਕਾਫ਼ੀ ਘੋੜੇ ਤੇ ਅਸਲਾ ਆ ਚੁੱਕਾ ਸੀ। ਹੁਣ ਉਹ ਇਕ ਦਰਮਿਆਨੇ ਦਰਜੇ ਦੀ ਫ਼ੌਜ ਦਾ ਮੁਕਾਬਲਾ ਕਰਨ ਦੇ ਕਾਬਿਲ ਹੋ ਚੁੱਕੇ ਸਨ। ਪਰ, ਜਗੀਰ ਕਬੂਲ ਕਰਨ ਦੇ ਨਾਲ ਹੀ ਸਿੱਖਾਂ ਵਿਚ ਇਹ ਅਹਿਸਾਸ ਵੀ ਆਉਣ ਲੱਗ ਪਿਆ ਕਿ ਜਿਵੇਂ ਉਨ੍ਹਾਂ ਨੇ ਕੋਈ ਗ਼ਲਤੀ ਕਰ ਲਈ ਹੋਵੇ। ਕਈ ਆਗੂ ਇਹ ਸੋਚਣ ਲੱਗ ਪਏ ਸਨ ਕਿ ਇਹ ਕਾਰਵਾਈ ਜ਼ਾਲਮ ਸਰਕਾਰ ਨਾਲ ਭਾਈਵਾਲੀ ਪਾਉਣ ਵਰਗੀ ਹਰਕਤ ਹੈ। ਕੁਝ ਆਗੂ ਇਸ ਨੂੰ ਮੁਗ਼ਲਾਂ ਅੱਗੇ ਗੋਡੇ ਟੇਕਣਾ ਆਖਣ ਲੱਗ ਪਏ ਸਨ। ਕੁਝ ਆਗੂਆਂ ਦਾ ਖ਼ਿਆਲ ਸੀ ਕਿ ਇਹ ਸਿੱਖ ਸਿਆਸੀ ਫ਼ਲਸਫ਼ੇ ਦੇ ਉਲਟ ਹੈ।

ਨਮੋਸ਼ੀ, ਗ਼ੁੱਸੇ ਤੇ ਪਛਤਾਵੇ ਦੀ ਹਾਲਤ ਵਿਚ ਤਰੁਣਾ ਦਲ ਦੀਆਂ ਫ਼ੌਜਾਂ ਨੇ ਦੋ ਮਹੀਨੇ ਮਗਰੋਂ ਹੀ ਫੇਰ ਸ਼ਾਹੀ ਇਲਾਕਿਆਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਆਪਣੀ ਜਗੀਰ ਤੋਂ ਇਲਾਵਾ ਹੋਰ ਇਲਾਕਿਆਂ ਵਿਚੋਂ ਵੀ ਮਾਲੀਆ ਉਗਰਾਹੁਣਾ ਸ਼ੁਰੂ ਕਰ ਦਿੱਤਾ। ਜਦੋਂ ਇਸ ਦੀਆਂ ਖ਼ਬਰਾਂ ਲਾਹੌਰ ਦੇ ਸੂਬੇਦਾਰ ਤਕ ਪਹੁੰਚੀਆਂ ਤਾਂ

---

12. Sardar Kapur Singh, 'Golden Temple : Its Theo-Political Status', an article published in *The Sikh Review*, August 1974.
13. ਰਤਨ ਸਿੰਘ ਭੰਗੂ, ਸਫ਼ਾ 215-16.
14. *ਉਹੀ*, ਸਫ਼ਾ 224.

ਸੂਬੇਦਾਰ ਨੇ ਸਿੱਖਾਂ ਦੀ ਜਗੀਰ ਜ਼ਬਤ ਕਰਨ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਜ਼ਕਰੀਆ ਖ਼ਾਂ ਦੇ ਵਜ਼ੀਰ ਲਖਪਤ ਰਾਏ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਕੇ ਬੁੱਢਾ ਦਲ ਨੂੰ ਭੱਜ ਜਾਣ ਵਾਸਤੇ ਮਜਬੂਰ ਕਰ ਦਿੱਤਾ। ਇਸ ਹਾਲਤ ਵਿਚ ਭਾਈ ਮਨੀ ਸਿੰਘ ਨੂੰ ਵੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਛੱਡ ਕੇ ਜਾਣਾ ਪਿਆ। ਉਹ ਮਾਝੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਵੀ ਕਰਦੇ ਰਹੇ ਅਤੇ ਨਾਲ ਹੀ ਕਦੇ-ਕਦੇ ਅੰਮ੍ਰਿਤਸਰ ਦੀ ਸੁੱਧ-ਬੁੱਧ ਵੀ ਲੈਂਦੇ ਰਹੇ।

26 ਅਕਤੂਬਰ 1733 ਨੂੰ ਹਿੰਦੂ ਤਿਉਹਾਰ ਦੀਵਾਲੀ ਦਾ ਦਿਨ ਸੀ। ਇਸ ਦਿਨ 'ਤੇ ਭਾਈ ਮਨੀ ਸਿੰਘ ਨੇ ਇਕ ਸਰਬਤ ਖਾਲਸਾ ਇਕੱਠ ਅੰਮ੍ਰਿਤਸਰ ਵਿਚ ਬੁਲਾਉਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਦਰਬਾਰ ਸਾਹਿਬ ਵਿਚ 20 ਤੋਂ 26 ਅਕਤੂਬਰ ਵਿਚਕਾਰ ਅੰਮ੍ਰਿਤਸਰ 'ਚ ਕੀਰਤਨ ਤੇ ਕਥਾ ਦਾ ਇੰਤਜ਼ਾਮ ਕੀਤਾ। ਕਿਉਂਕਿ ਸਿੱਖਾਂ ਅਤੇ ਲਾਹੌਰ ਦਰਬਾਰ ਵਿਚ ਜਗੀਰ ਵਾਲਾ ਸਮਝੌਤਾ ਅਜੇ ਤਾਜ਼ਾ-ਤਾਜ਼ਾ ਹੀ ਟੁੱਟਿਆ ਸੀ, ਇਸ ਕਰ ਕੇ ਮੁਗ਼ਲ ਸਰਕਾਰ ਨੇ 10 ਹਜ਼ਾਰ ਰੁਪਏ ਤਾਵਾਨ ਲੈ ਕੇ ਸਮਾਗਮ ਕਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਦੂਜੇ ਪਾਸੇ ਇਹ ਅਫ਼ਵਾਹਾਂ ਵੀ ਫੈਲਾਅ ਦਿੱਤੀਆਂ ਕਿ ਇਸ ਮੌਕੇ 'ਤੇ ਅੰਮ੍ਰਿਤਸਰ ਆਉਣ ਵਾਲੇ ਸਿੱਖਾਂ ਨੂੰ ਮੁਗ਼ਲ ਫ਼ੌਜਾਂ ਘੇਰੇ ਵਿਚ ਲੈ ਕੇ ਖ਼ਤਮ ਕਰ ਦੇਣਗੀਆਂ। ਜ਼ਕਰੀਆ ਖ਼ਾਂ ਨੇ ਆਪਣੇ ਵਜ਼ੀਰ ਲਾਲਾ ਲਖਪਤ ਰਾਏ ਨੂੰ ਇਸ ਬਾਰੇ ਹੁਕਮ ਵੀ ਦੇ ਰੱਖੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਮਿੱਥੇ ਸਮੇਂ 'ਤੇ ਬਹੁਤ ਥੋੜ੍ਹੇ ਸਿੱਖ ਦਰਬਾਰ ਸਾਹਿਬ ਪੁੱਜੇ ਅਤੇ ਚੜ੍ਹਾਵਾ ਬਹੁਤ ਘੱਟ ਹੋਇਆ। ਨਤੀਜੇ ਵਜੋਂ ਭਾਈ ਮਨੀ ਸਿੰਘ ਤਾਵਾਨ ਨਾ ਦੇ ਸਕੇ। ਜਦੋਂ ਮੁਗ਼ਲ ਅਹਿਲਕਾਰਾਂ ਨੇ ਉਨ੍ਹਾਂ ਤੋਂ ਰਕਮ ਮੰਗੀ ਤਾਂ ਉਨ੍ਹਾਂ ਨੇ ਚੜ੍ਹਾਵੇ ਦੇ ਘਟ ਹੋਣ ਦੀ ਬਿਨਾਅ 'ਤੇ ਵਿਸਾਖੀ 1734 ਤਕ ਦੀ ਮੁਹਲਤ ਲੈ ਲਈ। ਮਾਰਚ 1734 ਦੇ ਆਖ਼ਰੀ ਹਫ਼ਤੇ ਪਹਿਲੀ ਵਿਸਾਖੀ ਦੇ ਮੌਕੇ 'ਤੇ ਵੀ ਮੁਗ਼ਲਾਂ ਨੇ ਉਹੀ ਸਾਜ਼ਿਸ਼ ਦੋਹਰਾਈ। ਨਤੀਜੇ ਵਜੋਂ ਇਸ ਵਾਰ ਵੀ ਚੜ੍ਹਾਵਾ ਬਹੁਤ ਘੱਟ ਹੋਇਆ ਤੇ ਭਾਈ ਮਨੀ ਸਿੰਘ ਅਪਰੈਲ 1734 ਵਿਚ ਵੀ ਮਿੱਥੀ ਰਕਮ ਨਾ ਦੇ ਸਕੇ। ਇਸ 'ਤੇ ਮੁਗ਼ਲਾਂ ਦਾ ਵਜ਼ੀਰ ਲਖਪਤ ਰਾਏ ਅੰਮ੍ਰਿਤਸਰ ਆਇਆ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਭਰਾ ਭਾਈ ਜਗਤ ਸਿੰਘ, ਉਨ੍ਹਾਂ ਦੇ ਪੁੱਤਰ ਭਾਈ ਚਿੱਤਰ ਸਿੰਘ ਤੇ ਭਾਈ ਗੁਰਬਖ਼ਸ਼ ਸਿੰਘ, ਉਨ੍ਹਾਂ ਦੀ ਸਿੰਘਣੀ ਬੀਬੀ ਬਸੰਤ ਕੌਰ ਤੋਂ ਇਲਾਵਾ ਭਾਈ ਗੁਲਜ਼ਾਰ ਸਿੰਘ, ਭਾਈ ਰਣ ਸਿੰਘ, ਭਾਈ ਸੰਗਤ ਸਿੰਘ ਅਤੇ ਹੋਰ ਕਈ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਭਾਵੇਂ ਉਨ੍ਹਾਂ ਨੂੰ ਤਾਵਾਨ ਦੀ ਅਦਾਇਗੀ ਨਾ ਕਰ ਸਕਣ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਉਨ੍ਹਾਂ ਨੂੰ 'ਇਸਲਾਮ' ਕਬੂਲ ਕਰਨ ਦੀ ਸੂਰਤ ਵਿਚ ਰਿਹਾਈ ਦੀ ਪੇਸ਼ਕਸ਼ ਵੀ ਕੀਤੀ ਗਈ। ਇਸ ਦੇ ਬਾਵਜੂਦ ਉਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੀ ਜਾਨ ਬਚਾਉਣ ਵਾਸਤੇ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ। 24 ਜੂਨ ਦੇ ਦਿਨ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹੀ ਗਈ। ਬਾਕੀਆਂ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।[15]

---

15. ਰਤਨ ਸਿੰਘ ਭੰਗੂ, ਸਫ਼ਾ 225-228 (ਪਰ ਭਾਈ ਰਤਨ ਸਿੰਘ ਭੰਗੂ ਸ਼ਹੀਦੀ ਦਾ ਸਾਲ ਗ਼ਲਤ ਦਸਦਾ ਹੈ)।

ਭਾਈ ਮਨੀ ਸਿੰਘ ਦੀ ਸ਼ਹੀਦੀ ਮਗਰੋਂ ਇਕ ਵਾਰ ਫੇਰ ਹਨੇਰਾ ਛਾ ਗਿਆ। ਅੰਮ੍ਰਿਤਸਰ ਜਾਣ ਵਾਲੇ ਸਿੰਘਾਂ ਨੂੰ ਫੜ ਕੇ ਸ਼ਹੀਦ ਕੀਤਾ ਜਾਣ ਲੱਗ ਪਿਆ। ਭਾਵੇਂ ਸਿੱਖ ਸ਼ਹਿਰਾਂ ਅਤੇ ਪਿੰਡਾਂ ਨੂੰ ਛੱਡ ਕੇ ਪਹਾੜਾਂ, ਰੇਗਿਸਤਾਨ, ਜੰਗਲਾਂ ਅਤੇ ਛੰਭਾਂ ਵੱਲ ਚਲੇ ਗਏ ਪਰ ਫਿਰ ਵੀ ਉਹ ਰਾਤ-ਬਰਾਤੇ ਗੁਰੂ ਦਾ ਚੱਕ ਪੁੱਜਦੇ ਰਹੇ ਅਤੇ ਅੰਮ੍ਰਿਤਸਰ ਸਰੋਵਰ 'ਚ ਇਸ਼ਨਾਨ ਕਰ ਕੇ ਵਾਪਿਸ ਆਪਣੇ ਟਿਕਾਣਿਆਂ 'ਤੇ ਪੁੱਜ ਜਾਂਦੇ ਰਹੇ। ਅਜਿਹਾ ਕਰਦਿਆਂ-ਕਰਦਿਆਂ ਕਦੇ-ਕਦੇ ਕਈ ਸਿੰਘ ਗ੍ਰਿਫ਼ਤਾਰ ਹੋ ਜਾਂਦੇ ਤੇ ਕਈ ਲੜਦੇ-ਲੜਦੇ ਸ਼ਹੀਦ ਹੋ ਜਾਂਦੇ। ਗ੍ਰਿਫ਼ਤਾਰ ਹੋਏ ਸਿੰਘ ਵੀ ਮਗਰੋਂ ਕਤਲ ਕਰ ਦਿੱਤੇ ਜਾਂਦੇ ਸਨ।

ਅੰਮ੍ਰਿਤਸਰ ਸਰੋਵਰ ਦਾ ਇਸ਼ਨਾਨ ਅਤੇ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਣ ਨਾਲ ਸਿੱਖਾਂ ਵਿਚ ਅਣੋਖੀ ਹੀ ਤਾਕਤ ਆ ਜਾਂਦੀ ਸੀ। ਉਨ੍ਹਾਂ ਨੂੰ ਅਜਿਹਾ ਅਹਿਸਾਸ ਹੋਣ ਲੱਗ ਪੈਂਦਾ ਸੀ ਕਿ ਉਹ ਅਕਾਲ ਪੁਰਖ ਦੇ ਤਖ਼ਤ ਦੇ ਮੁਹਾਫ਼ਿਜ਼ ਸਨ ਅਤੇ ਅਕਾਲ ਪੁਰਖ ਦੀ ਆਪਣੀ ਫ਼ੌਜ ਸਨ। ਅੰਮ੍ਰਿਤਸਰ ਸਰੋਵਰ, ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਸਿੱਖ ਪਛਾਣ, ਸਿੱਖ ਕੌਮੀਅਤ, ਸਿੱਖ ਧਰਮ ਦਾ ਸੋਮਾ ਸਨ। ਜਦੋਂ ਸਿੱਖਾਂ ਨੂੰ ਹਨੇਰਾ, ਉਦਾਸੀ, ਗ਼ਰੀਬੀ, ਥੁੜ, ਖ਼ਤਰੇ, ਡਰ, ਬੇ-ਯਕੀਨੀ, ਲੜਾਈਆਂ ਦੇ ਮਾਹੌਲ ਵਿਚ ਵਿਚਰਨਾ ਪੈ ਰਿਹਾ ਸੀ, ਉਦੋਂ ਅੰਮ੍ਰਿਤਸਰ ਸ਼ਹਿਰ ਦੇ ਇਹ ਤਿੰਨ ਮਰਕਜ਼ ਸਿੱਖਾਂ ਵਾਸਤੇ ਚਾਨਣ, ਉਮੀਦ, ਯਕੀਨ, ਤਾਕਤ ਅਤੇ ਚੜ੍ਹਦੀ ਕਲਾ ਦੇ ਰੌਸ਼ਨ ਮੁਨਾਰੇ ਸਨ। ਇਸ ਮਰਕਜ਼ ਦੀ ਅਸੀਸ ਨਾਲ ਸਿੱਖ ਕੌਮ ਆਪਣੀ ਮੰਜ਼ਿਲ ਵੱਲ ਵਧਦੀ ਗਈ। ਅਕਾਲ ਪੁਰਖ ਦਾ ਤਖ਼ਤ ਉਨ੍ਹਾਂ ਦੀ ਨਿਗਹਬਾਨੀ ਕਰਦਾ ਰਿਹਾ, ਹਰਿਮੰਦਰ ਸਾਹਿਬ ਉਨ੍ਹਾਂ ਨੂੰ ਰੂਹਾਨੀਅਤ ਦੇਂਦਾ ਰਿਹਾ ਅਤੇ ਅੰਮ੍ਰਿਤਸਰ ਦੇ ਸਰੋਵਰ ਦਾ ਇਸ਼ਨਾਨ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇਂਦਾ ਰਿਹਾ। ਅੱਧੀ ਸਦੀ ਤੋਂ ਵੀ ਵੱਧ ਸਮਾਂ, ਦੋ ਪੁਸ਼ਤਾਂ ਦੇ ਜ਼ਮਾਨੇ ਦੇ ਵੇਲੇ ਤਕ, ਸਿੱਖ ਅੰਮ੍ਰਿਤਸਰ ਦੇ ਮਰਕਜ਼ ਤੋਂ ਸੇਧ ਲੈ ਕੇ ਜੂਝਦੇ ਰਹੇ। ਅਕਾਲ ਤਖ਼ਤ ਸਾਹਿਬ ਦੀ ਰਿਆਇਆ ਨੂੰ ਇਸ ਹਨੇਰੇ ਜ਼ਮਾਨੇ ਵਿਚ ਕਈ ਮਰਹਲਿਆਂ, ਮੋਰਚਿਆਂ, ਮੁਹਿੰਮਾਂ, ਹਾਦਸਿਆਂ, ਜੰਗਾਂ ਤੇ ਤਸੀਹਿਆਂ ਨਾਲ ਦੋ-ਚਾਰ ਹੋਣਾ ਪਿਆ।

1739 ਵਿਚ ਈਰਾਨ ਤੋਂ ਨਾਦਰ ਸ਼ਾਹ ਨੇ ਪੰਜਾਬ 'ਤੇ ਹਮਲਾ ਕੀਤਾ ਅਤੇ ਵਧਦਾ-ਵਧਦਾ ਦਿੱਲੀ ਤਕ ਜਾ ਪੁੱਜਾ। ਦਿੱਲੀ 'ਚ ਬੇਤਹਾਸ਼ਾ ਕਤਲੇਆਮ ਅਤੇ ਲੁੱਟ-ਮਾਰ ਕਰਨ ਮਗਰੋਂ ਨਾਦਰ ਸ਼ਾਹ ਵਾਪਸ ਮੁੜਿਆ। 25 ਮਈ 1739 ਦੇ ਦਿਨ ਜਦੋਂ ਨਾਦਰ ਸ਼ਾਹ ਦੀ ਫ਼ੌਜ ਲੁੱਟ ਦਾ ਸਾਮਾਨ ਲੈ ਕੇ ਵਾਪਸ ਜਾ ਰਹੀ ਸੀ ਤਾਂ ਰਸਤੇ ਵਿਚ ਸਿੱਖ ਫ਼ੌਜਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਬਹੁਤ ਸਾਰਾ ਅਸਲਾ, ਘੋੜੇ ਤੇ ਖ਼ਜ਼ਾਨਾ ਲੁੱਟ ਲਿਆ। ਜਦੋਂ ਨਾਦਰ ਸ਼ਾਹ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਂ ਤੋਂ ਇਨ੍ਹਾਂ 'ਲੁਟੇਰਿਆਂ' ਬਾਰੇ ਪੁੱਛਗਿੱਛ ਕੀਤੀ। ਇਕ ਤਾਰੀਖ਼ਦਾਨ ਨੇ ਇਸ ਪੁੱਛਗਿੱਛ ਨੂੰ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ:

ਨਾਦਰ—ਇਹ ਲੁਟੇਰੇ ਕੌਣ ਹਨ?

ਜ਼ਕਰੀਆ—ਇਹ ਲੋਕ ਸਿੱਖ ਹਨ। ਨਾ ਇਹ ਹਿੰਦੂ ਹਨ, ਨਾ ਮੁਸਲਮਾਨ। ਮੁਗ਼ਲ ਸਰਕਾਰ ਇਨ੍ਹਾਂ ਨੂੰ ਬਾਗ਼ੀ ਸਮਝਦੀ ਹੈ ਅਤੇ ਜੇ ਇਨ੍ਹਾਂ 'ਚੋਂ ਕੋਈ ਹੱਥ ਆ ਜਾਵੇ ਤਾਂ ਇਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ।

ਨਾਦਰ—ਇਹ ਲੋਕ ਕਿੱਥੇ ਰਹਿੰਦੇ ਹਨ?

ਜ਼ਕਰੀਆ—ਇਨ੍ਹਾਂ ਦੇ ਘਰ ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ 'ਤੇ ਹਨ।

ਨਾਦਰ—ਤਾਂ ਫਿਰ ਉਹ ਦਿਨ ਦੂਰ ਨਹੀਂ, ਜਦੋਂ ਇਹ ਤੁਹਾਡੀ ਹਕੂਮਤ ਖੋਹ ਲੈਣਗੇ।[16]

ਨਾਦਰਸ਼ਾਹ ਦੀ ਪੇਸ਼ੀਨਗੋਈ ਸੁਣ ਕੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦਾ ਫ਼ੈਸਲਾ ਕਰ ਲਿਆ। ਜਿੱਥੇ ਵੀ ਸਿੱਖ ਨਜ਼ਰ ਆਉਂਦਾ ਕਤਲ ਕਰ ਦਿੱਤਾ ਜਾਂਦਾ। ਜ਼ਕਰੀਆ ਖ਼ਾਂ ਨੇ ਸਿੱਖਾਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖ ਦਾ ਥਹੁ-ਪਤਾ ਦੇਣ ਵਾਲੇ ਨੂੰ 10 ਰੁਪਏ ਤੇ ਮਾਰਨ ਵਾਲੇ ਨੂੰ 50 ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਨਤੀਜਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਕਿਤੇ ਵੀ ਕੇਸਾਂ ਵਾਲਾ ਸ਼ਖ਼ਸ ਨਜ਼ਰ ਨਹੀਂ ਸੀ ਆਉਂਦਾ। ਸਾਰੇ ਹਿੰਦੂਆਂ ਨੇ ਤਾਂ ਆਪਣੇ ਸਿਰ-ਮੂੰਹ ਮੁੰਨਵਾ ਲਏ ਸਨ।[17]

ਇਨ੍ਹਾਂ ਦਿਨਾਂ ਵਿਚ ਹੀ ਇਕ ਰਾਤ ਦੋ ਸਿੱਖ, ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ, ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਣ ਅਤੇ ਅੰਮ੍ਰਿਤਸਰ ਸਰੋਵਰ ਦਾ ਇਸ਼ਨਾਨ ਕਰਨ ਆਏ। ਇਸ਼ਨਾਨ ਕਰਨ ਮਗਰੋਂ ਉਹ ਵਾਪਸ ਮੁੜ ਪਏ। ਰਸਤੇ ਵਿਚ ਪਹੁ-ਫੁਟਾਲਾ ਹੋ ਗਿਆ ਅਤੇ ਉਹ ਰੁਕ ਗਏ ਅਤੇ ਝਾੜੀਆਂ ਤੇ ਦਰਖ਼ਤਾਂ ਦੇ ਇਕ ਝੁੰਡ ਵਿਚ ਲੁਕ ਕੇ ਬੈਠ ਗਏ ਤਾਂ ਜੋ ਉਹ ਹਨੇਰਾ ਪੈਂਦਿਆਂ ਹੀ ਆਪਣਾ ਸਫ਼ਰ ਫੇਰ ਸ਼ੁਰੂ ਕਰ ਸਕਣ। ਇਸੇ ਦੌਰਾਨ ਦੋ ਮੁਸਾਫ਼ਿਰ ਉੱਥੋਂ ਲੰਘੇ ਤੇ ਉਨ੍ਹਾਂ ਨੂੰ ਵੇਖਿਆ। ਉਨ੍ਹਾਂ ਵਿਚੋਂ ਇਕ ਨੇ ਦੂਜੇ ਨੂੰ ਪੁੱਛਿਆ ਕਿ ਉਹ ਕੌਣ ਹਨ ਤਾਂ ਉਸ ਨੇ ਜਵਾਬ ਦਿੱਤਾ ਕਿ "ਉਹ ਸਿੱਖ ਹਨ।" ਇਸ 'ਤੇ ਪਹਿਲੇ ਨੇ ਆਖਿਆ ਕਿ ਉਹ ਸਿੱਖ ਨਹੀਂ ਹੋ ਸਕਦੇ, ਕਿਉਂਕਿ ਜ਼ਕਰੀਆ ਖ਼ਾਂ ਨੇ ਸਾਰੇ ਸਿੱਖ ਖ਼ਤਮ ਕਰ ਦਿੱਤੇ ਹਨ। ਦੋਹਾਂ ਅਜਨਬੀਆਂ ਦੀਆਂ ਗੱਲਾਂ ਸੁਣ ਕੇ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਰੋਹ ਵਿਚ ਆ ਗਏ। ਉਨ੍ਹਾਂ ਨੇ ਸਿੱਖ ਕੌਮ ਦਾ ਵਜੂਦ, ਸਿੱਖ ਕੌਮ ਦੀ ਸ਼ਨਾਖ਼ਤ ਤੇ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਇਜ਼ਹਾਰ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਨੇੜੇ ਵਗਦੀ ਜਰਨੈਲੀ ਸੜਕ 'ਤੇ ਨਾਕਾ ਲਾ ਲਿਆ ਅਤੇ ਉੱਥੋਂ ਲੰਘਣ ਵਾਲੀ ਹਰ ਸਵਾਰੀ ਤੋਂ ਚੁੰਗੀ ਲੈਣ ਲੱਗ ਪਏ। ਖਾਲਸਾ ਸਰਕਾਰ ਵਲੋਂ ਲਾਏ ਗਈ ਚੁੰਗੀ ਨੂੰ ਹਰ ਕੋਈ ਬਿਨਾਂ ਹੀਲ-ਹੁੱਜਤ ਦੇ ਅਦਾ ਕਰਨ ਲੱਗ ਪਿਆ। ਜਦੋਂ ਕਾਫ਼ੀ ਦੇਰ ਇੰਞ ਚਲਦਾ ਰਿਹਾ ਤਾਂ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦਾ ਨਿਸ਼ਾਨਾ ਤਾਂ ਕੌਮੀ ਵਜੂਦ, ਪਛਾਣ ਤੇ ਖ਼ੁਦਮੁਖ਼ਤਿਆਰੀ ਦੇ ਇਜ਼ਹਾਰ ਨੂੰ ਐਲਾਨ ਵਜੋਂ ਕਾਇਮ ਕਰਨ ਦਾ ਸੀ ਨਾ ਕਿ ਚੁੰਗੀ ਵਸੂਲਣ ਦਾ। ਇਸ 'ਤੇ ਬਾਬਾ ਬੋਤਾ ਸਿੰਘ ਨੇ ਇਕ ਖ਼ਤ ਜ਼ਕਰੀਆ ਖ਼ਾਂ ਦੇ ਨਾਂ ਲਿਖਿਆ ਤੇ ਇਹ ਖ਼ਤ ਕਿਸੇ ਰਾਹਗੀਰ ਦੇ ਹੱਥ ਲਾਹੌਰ ਭੇਜ ਦਿੱਤਾ। ਇਸ ਖ਼ਤ ਦੇ ਅਲਫ਼ਾਜ਼ ਇਕ ਸ਼ਾਇਰ ਨੇ ਇੰਞ ਲਿਖੇ ਹਨ :

ਚਿੱਠੀ ਲਿਖੇ ਯੌਂ ਸਿੰਘ ਬੋਤਾ।
ਹੱਥ ਹੈ ਸੋਟਾ, ਵਿਚ ਰਾਹ ਖੜੋਤਾ।

---

16. ਰਤਨ ਸਿੰਘ ਭੰਗੂ, ਸਫ਼ਾ 231-32; McGregor, *History of the Sikhs,* Vol. II, p. 115; Gordon, *The Sikhs,* p. 58.

17. *ਉਹੀ,* ਸਫ਼ਾ 233-34.

ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋ ਨੂੰ
ਯੌਂ ਆਖੇ ਸਿੰਘ ਬੋਤਾ।[18]

ਜਦੋਂ ਇਹ ਖ਼ਤ ਸਰਕਾਰੇ-ਦਰਬਾਰੇ ਪੁੱਜਾ ਤਾਂ ਗ਼ੁੱਸੇ ਵਿਚ ਲਾਲ-ਪੀਲੇ ਹੋਏ ਜ਼ਕਰੀਆ ਖ਼ਾਂ ਨੇ 100 ਬੰਦਿਆਂ ਦੀ ਇਕ ਫ਼ੌਜੀ ਟੁਕੜੀ ਜਲਾਲ ਦੀਨ ਦੀ ਕਮਾਨ ਹੇਠ ਨੂਰਦੀਨ ਦੀ ਸਰਾਂ ਵੱਲ, ਜਿੱਥੇ ਬਾਬਾ ਬੋਤਾ ਸਿੰਘ ਨੇ ਨਾਕਾ ਲਾਇਆ ਹੋਇਆ ਸੀ, ਭੇਜ ਦਿੱਤੀ। ਇਨ੍ਹਾਂ ਸਿਪਾਹੀਆਂ ਦੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨਾਲ ਹੱਥੋ-ਹੱਥ ਲੜਾਈ ਹੋਈ। ਇਸ ਲੜਾਈ ਵਿਚ 30 ਦੇ ਕਰੀਬ ਮੁਗ਼ਲ ਸਿਪਾਹੀ ਮਾਰੇ ਗਏ ਤੇ ਦੋਵੇਂ ਸਿੰਘ ਆਪ ਵੀ ਸ਼ਹੀਦੀ ਜਾਮ ਪੀ ਗਏ। (ਇਕ ਸੋਮੇ ਮੁਤਾਬਿਕ ਬੋਤਾ ਸਿੰਘ ਸ਼ਹੀਦ ਹੋ ਗਿਆ ਤੇ ਗਰਜਾ ਸਿੰਘ ਨੂੰ ਜ਼ਖ਼ਮੀ ਕਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਮਗਰੋਂ ਸ਼ਹੀਦ ਕਰ ਦਿੱਤਾ ਗਿਆ)। ਇਹ ਘਟਨਾ 27 ਜੁਲਾਈ 1739 ਦੀ ਹੈ।

ਜਦੋਂ ਦੋ ਸਿੰਘਾਂ ਦੇ ਹੱਥੋਂ 30 ਮੁਗ਼ਲ ਸਿਪਾਹੀਆਂ ਦੇ ਮਾਰੇ ਜਾਣ ਦੀ ਖ਼ਬਰ ਜ਼ਕਰੀਆ ਖ਼ਾਂ ਤਕ ਪੁੱਜੀ ਤਾਂ ਉਹ ਬਹੁਤ ਗ਼ੁੱਸੇ ਵਿਚ ਆਇਆ। ਨਾਦਰ ਸ਼ਾਹ ਦੇ ਬੋਲ ਅਜੇ ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ। ਉਸ ਨੇ ਸਿੱਖਾਂ 'ਤੇ ਹੋਰ ਸਖ਼ਤੀ ਕਰਨ ਦਾ ਤਹੱਈਆ ਕੀਤਾ। ਜ਼ਕਰੀਆ ਖ਼ਾਂ ਨੇ ਗੁਰੂ ਦਾ ਚੱਕ (ਅੰਮ੍ਰਿਤਸਰ) 'ਤੇ ਕਬਜ਼ਾ ਕਰ ਲਿਆ। ਉਸ ਨੇ ਮੰਡਿਆਲਾ ਪਿੰਡ ਦੇ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਕਬਜ਼ਾ ਦੇ ਦਿੱਤਾ। ਮੱਸਾ ਰੰਘੜ ਨੇ ਹਰਿਮੰਦਰ ਸਾਹਿਬ ਨੂੰ ਆਪਣੀ ਅੱਯਾਸ਼ੀ ਦਾ ਅੱਡਾ ਬਣਾ ਲਿਆ। ਉਹ ਇੱਥੇ ਨਾਚ ਕਰਵਾਉਣ ਤੇ ਸ਼ਰਾਬ ਪੀਣ ਲੱਗ ਪਿਆ। ਜਦੋਂ ਹਰਿਮੰਦਰ ਸਾਹਿਬ 'ਤੇ ਇਸ ਜ਼ੁਲਮ ਦੀ ਖ਼ਬਰ ਸਿੱਖਾਂ ਨੂੰ ਮਿਲੀ ਤਾਂ ਉਨ੍ਹਾਂ ਵਿਚ ਬੜਾ ਰੋਹ ਜਾਗਿਆ। ਸਿੱਖ ਉਸ ਵੇਲੇ ਬੀਕਾਨੇਰ ਦੇ ਰੇਗਿਸਤਾਨੀ ਇਲਾਕੇ ਵਿਚ ਪੁੱਜੇ ਹੋਏ ਸਨ। ਹਰਿਮੰਦਰ ਸਾਹਿਬ ਦੀ ਹਾਲਤ 'ਤੇ ਵਿਚਾਰ ਕਰਨ ਵਾਸਤੇ ਉਸੇ ਵੇਲੇ ਉੱਥੇ ਸਰਬਤ ਖਾਲਸਾ ਦਾ ਇਕ ਇਕੱਠ ਬੁਲਾਇਆ ਗਿਆ। ਸਰਬਤ ਖਾਲਸਾ ਇਕੱਠ ਵਿਚ ਇਹ ਗੁਰਮਤਾ ਕੀਤਾ ਗਿਆ ਕਿ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਮੱਸਾ ਰੰਘੜ ਨੂੰ ਸੋਧਿਆ ਜਾਵੇ। ਇਸ ਇਕੱਠ ਵਿਚ ਭਾਈ ਮਹਿਤਾਬ ਸਿੰਘ (ਮੀਰਾਂਕੋਟ) ਅਤੇ ਸੁੱਖਾ ਸਿੰਘ (ਮਾੜੀ ਕੰਬੋ) ਨੇ ਆਪਣੇ ਆਪ ਨੂੰ ਇਸ ਸੇਵਾ ਵਾਸਤੇ ਪੇਸ਼ ਕੀਤਾ। ਸਰਬਤ ਖਾਲਸਾ ਨੇ ਉਨ੍ਹਾਂ ਨੂੰ ਇਹ ਸੇਵਾ ਬਖ਼ਸ਼ ਦਿੱਤੀ। ਦੋਵੇਂ ਕਿਉਂਕਿ ਅੰਮ੍ਰਿਤਸਰ ਜ਼ਿਲ੍ਹਾ ਦੇ ਰਹਿਣ ਵਾਲੇ ਸਨ, ਇਸ ਕਰ ਕੇ ਉਹ ਸਾਰੇ ਇਲਾਕੇ ਤੋਂ ਬਖ਼ੂਬੀ ਵਾਕਿਫ਼ ਸਨ। ਉਨ੍ਹਾਂ ਨੇ ਮੁਗ਼ਲਾਂ ਵਾਲਾ ਪਹਿਰਾਵਾ ਪਾ ਲਿਆ ਅਤੇ ਰਕਮ ਤਾਰਨ ਦੇ ਬਹਾਨੇ ਨਾਲ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਗਏ। ਉਨ੍ਹਾਂ ਨੇ ਆਪਣੇ ਘੋੜੇ ਦਰਸ਼ਨੀ ਡਿਉੜੀ ਦੇ ਬਾਹਰ ਇਲਾਚੀ ਬੇਰ ਨਾਲ ਬੰਨ੍ਹੇ ਅਤੇ ਅੰਦਰ ਜਾ ਕੇ ਪਲਾਂ ਵਿਚ ਹੀ ਮੱਸਾ ਰੰਘੜ ਦਾ ਸਿਰ ਵੱਢ ਕੇ ਆਪਣੀ ਬੋਰੀ ਵਿਚ ਪਾ ਲਿਆ ਅਤੇ ਵੇਖਦਿਆਂ-ਵੇਖਦਿਆਂ ਹੀ ਹਰਨ ਹੋ ਗਏ। ਉਨ੍ਹਾਂ ਅੰਮ੍ਰਿਤਸਰ ਤੋਂ ਚੱਲ ਕੇ ਸਭ ਤੋਂ ਪਹਿਲਾ ਪੜਾਅ ਬੀਕਾਨੇਰ ਵਿਚ ਹੀ ਕੀਤਾ ਤੇ ਸਰਬਤ ਖਾਲਸਾ ਦੇ ਇਕੱਠ ਦੇ ਸਾਹਵੇਂ ਗੁਨਹਗਾਰ ਮੱਸਾ ਰੰਘੜ ਦਾ ਸਿਰ ਜਾ ਹਾਜ਼ਿਰ

18. ਰਤਨ ਸਿੰਘ ਭੰਗੂ, ਸਫ਼ਾ 244.

ਕੀਤਾ। ਇਹ ਕਾਰਵਾਈ 11 ਅਗਸਤ 1740 ਦੀ ਹੈ।[19] **ਇਸ ਦਿਨ ਤੋਂ ਅੱਜ ਤੱਕ ਦੀ ਤਾਰੀਖ਼ ਗਵਾਹ ਹੈ ਕਿ ਜਿਸ ਕਿਸੇ ਨੇ ਵੀ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਹੈ, ਸਿੱਖਾਂ ਨੇ ਉਸ ਨੂੰ ਯਕੀਨਨ ਸਜ਼ਾ ਦਿੱਤੀ ਹੈ।**

ਮੱਸਾ ਰੰਘੜ ਦੇ ਕਤਲ ਮਗਰੋਂ ਜ਼ਕਰੀਆ ਖ਼ਾਂ ਨੇ ਸਿੱਖਾਂ 'ਤੇ ਵਧੇਰੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਹੁਣ ਮੁਗ਼ਲ ਹੀ ਨਹੀਂ ਬਲਕਿ ਬਹੁਤ ਸਾਰੇ ਹਿੰਦੂ ਅਹਿਲਕਾਰ ਵੀ ਸਰਕਾਰ ਦੀ ਮੁਖ਼ਬਰੀ ਕਰ ਕੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਵਾਉਣ ਲੱਗ ਪਏ। ਇਹ ਦੌਰ ਪੰਜ ਸਾਲ ਤੱਕ ਚਲਦਾ ਰਿਹਾ। ਇਸ ਦੌਰਾਨ ਹਜ਼ਾਰਾਂ ਸਿੱਖ ਸ਼ਹੀਦ ਕੀਤੇ ਗਏ। ਸਿੱਖਾਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਸਤੇ ਮੁਖ਼ਬਰੀ ਕਰਨ ਵਾਲਿਆਂ ਵਿਚ ਸਭ ਤੋਂ ਵੱਧ ਬਦਨਾਮ ਨਾਂ ਸਨ: ਆਕਿਲ ਦਾਸ (ਹਰਭਗਤ) ਨਿਰੰਜਨੀਆ, ਕਰਮਾ ਛੀਨਾ, ਰਾਮਾ ਰੰਧਾਵਾ, ਧਰਮ ਦਾਸ ਜੋਧਪੁਰੀ, ਦਿਲਬਾਗ ਰਾਇ, ਹੈਬਤ ਮਲ ਧਨੇਸਟਾ ਵਗ਼ੈਰਾ।

ਖਾਲਸਾ ਫ਼ੌਜ ਨੂੰ ਜਥੇਬੰਦ ਕਰਨਾ

ਸਿੱਖਾਂ 'ਤੇ ਜ਼ੁਲਮ ਦੀ ਇਹ ਕਾਲੀ-ਬੋਲੀ ਰਾਤ ਪੰਜ ਸਾਲ ਤੋਂ ਵੀ ਵੱਧ ਜਾਰੀ ਰਹੀ। ਜ਼ਕਰੀਆ ਖ਼ਾਂ ਦੇ ਜ਼ੁਲਮਾਂ ਤੋਂ ਸਿੱਖ ਹੋਮਲੈਂਡ ਵਾਸੀ ਤਰਾਹ-ਤਰਾਹ ਕਰ ਉੱਠੇ। ਉਸ ਦੀ ਜ਼ਿੰਦਗੀ ਦਾ ਆਖ਼ਰੀ ਸਿੱਖ-ਕਤਲ ਭਾਈ ਤਾਰੂ ਸਿੰਘ ਦਾ ਸੀ, ਜਿਸ ਨੇ ਆਪਣੇ ਕੇਸਾਂ ਖ਼ਾਤਿਰ ਆਪਣੀ ਖੋਪਰੀ ਕਟਵਾਉਣਾ ਮਨਜ਼ੂਰ ਕੀਤਾ ਸੀ।[20] ਜ਼ਕਰੀਆ ਖ਼ਾਂ ਨੇ ਆਪਣੇ ਅਹਿਦ ਵਿਚ ਤਕਰੀਬਨ 10 ਹਜ਼ਾਰ ਸਿੱਖਾਂ ਨੂੰ ਸ਼ਹੀਦ ਕੀਤਾ ਸੀ।[21] ਪਹਿਲੀ ਜੁਲਾਈ 1745 ਦੇ ਦਿਨ ਜ਼ਕਰੀਆ ਮਰ ਗਿਆ। ਅਗਲੇ ਛੇ ਮਹੀਨੇ ਲਾਹੌਰ ਦੇ ਸੂਬੇਦਾਰ ਬਾਰੇ ਕੋਈ ਫ਼ੈਸਲਾ ਨਾ ਹੋ ਸਕਣ ਕਰ ਕੇ ਸਿੱਖਾਂ ਨੂੰ ਕੁਝ ਚਿਰ ਵਾਸਤੇ ਆਰਾਮ ਦਾ ਸਾਹ ਆ ਗਿਆ। ਇਸ ਹਾਲਤ ਵਿਚ ਸਿੱਖਾਂ ਨੇ ਫੇਰ ਅੰਮ੍ਰਿਤਸਰ ਪੁਜਣਾ ਸ਼ੁਰੂ ਕਰ ਦਿੱਤਾ। ਹੁਣ ਪਹਿਲਾਂ ਵਾਂਗ ਮੁਗ਼ਲ ਫ਼ੌਜ ਦੇ ਗਸ਼ਤੀ ਟੋਲੇ ਸਿੱਖਾਂ ਦੀ ਭਾਲ ਵਿਚ 'ਆਦਮ-ਬੋਅ' ਕਰਦੇ ਨਜ਼ਰ ਨਹੀਂ ਸਨ ਆਉਂਦੇ। 14 ਅਕਤੂਬਰ 1745 ਦੇ ਦਿਨ ਹਿੰਦੂ ਦੀਵਾਲੀ ਮਨਾ ਰਹੇ ਸਨ। ਇਸ ਦਿਨ ਸਿੱਖਾਂ ਨੇ ਇਕ ਸਰਬਤ ਖਾਲਸਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਿਆ। (ਨਵਾਬ) ਕਪੂਰ ਸਿੰਘ ਦੀ ਅਗਵਾਈ ਵਿਚ ਹਜ਼ਾਰਾਂ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ। ਇਸ ਮੌਕੇ 'ਤੇ ਕੌਮ ਦੇ ਮਸਲਿਆਂ 'ਤੇ ਭਰਵੀਂ ਵਿਚਾਰ ਹੋਈ। ਕੌਮ ਦੀ ਆਜ਼ਾਦੀ ਦੀ ਜੱਦੋ-ਜਹਿਦ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਵਾਸਤੇ ਸਾਰੀ ਖਾਲਸਾ ਫ਼ੌਜ ਨੂੰ 30 ਜਥਿਆਂ ਵਿਚ ਵੰਡ ਦਿੱਤਾ ਗਿਆ। ਇਨ੍ਹਾਂ ਜਥਿਆਂ ਦੇ ਮੁਖੀ ਹੇਠ ਲਿਖੇ ਸਨ:

1. (ਨਵਾਬ) ਕਪੂਰ ਸਿੰਘ
2. ਕਰੋੜਾ ਸਿੰਘ
3. ਗੁਰਦਿਆਲ ਸਿੰਘ ਡੱਲੇਵਾਲੀਆ

---

19. ਰਤਨ ਸਿੰਘ ਭੰਗੂ, ਸਫ਼ਾ 236-38.
20. *ਉਹੀ*, ਸਫ਼ਾ 289-301; Hari Ram Gupta, *History of the Sikhs,* Vol. II, p. 59.
21. Hari Ram Gupta, *op.cit.*, p. 64.

4. ਨੌਧ ਸਿੰਘ ਸੁਕਰਚਕੀਆ
5. ਜੱਸਾ ਸਿੰਘ ਆਹਲੂਵਾਲੀਆ
6. (ਬਾਬਾ) ਦੀਪ ਸਿੰਘ
7. ਸੁਖਾ ਸਿੰਘ (ਮਾੜੀ ਕੰਬੋ)
8. ਜੀਵਨ ਸਿੰਘ ਰੰਘਰੇਟਾ
9. ਜੱਸਾ ਸਿੰਘ ਰਾਮਗੜ੍ਹੀਆ
10. ਸ਼ਾਮ ਸਿੰਘ ਨਾਰੋਕੇ
11. ਗੁਰਬਖ਼ਸ਼ ਸਿੰਘ ਕਲਸੀਆ
12. ਕਰਮ ਸਿੰਘ
13. ਦਿਆਲ ਸਿੰਘ
14. ਚੰਦਾ ਸਿੰਘ
15. ਕਾਲਾ ਸਿੰਘ
16. ਖ਼ਿਆਲਾ ਸਿੰਘ
17. ਬਾਘ ਸਿੰਘ
18. ਹਰੀ ਸਿੰਘ (ਪੰਜਵੜ)
19. ਛੱਜਾ ਸਿੰਘ
20. ਸੁਧਾ ਸਿੰਘ (ਸ਼ਹੀਦ)
21. ਭੂਮਾ ਸਿੰਘ ਕਨਈਆ
22. ਜੈ ਸਿੰਘ
23. ਹਕੀਕਤ ਸਿੰਘ
24. ਹਰੀ ਸਿੰਘ ਨਕਈ
25. ਸੱਦਾ ਸਿੰਘ
26. ਕਰਮ ਸਿੰਘ
27. ਧਰਮ ਸਿੰਘ
28. ਬੇਦਾਨ ਸਿੰਘ
29. ਬੀਰ ਸਿੰਘ
30. ਅੱਘੜ ਸਿੰਘ[22]

ਇਹ ਜਥੇ ਇਲਾਕਾ, ਧੜਾ, ਬਿਰਾਦਰੀ ਦੀ ਬਿਨਾਅ 'ਤੇ ਨਹੀਂ ਵੰਡੇ ਗਏ ਸਨ। ਹਰ ਤਕੜੇ ਜਰਨੈਲ ਦੀ ਅਗਵਾਈ ਵਿਚ ਇਕ-ਇਕ ਜਥਾ ਕਾਇਮ ਕੀਤਾ ਗਿਆ ਸੀ। ਫਿਰ ਇਨ੍ਹਾਂ ਜਥਿਆਂ ਵਿਚ ਕੋਈ ਅਹੁਦਾ, ਰੈਂਕ ਜਾਂ ਦਰਜਾ ਨਹੀਂ ਸੀ। ਜਥੇ ਦੇ ਹਰ ਮੈਂਬਰ ਜਾਂ ਜਥੇਦਾਰ ਦੀ ਹਸਤੀ ਇਕੋ ਜਿਹੀ ਸੀ ਅਤੇ ਸਾਰੇ ਫ਼ੈਸਲੇ ਗੁਰਮਤੇ ਰਾਹੀਂ ਹੋਇਆ ਕਰਦੇ ਸਨ। ਜਦੋਂ ਕੋਈ ਜਥਾ ਸ਼ਾਹੀ ਖ਼ਜ਼ਾਨੇ ਲੁੱਟ ਕੇ ਲੈ ਆਂਦਾ ਜਾਂ ਕਿਤੇ ਕੋਈ ਰਕਮ, ਹਥਿਆਰ ਜਾਂ ਘੋੜੇ ਹਾਸਿਲ ਹੋਇਆ ਕਰਦੇ ਸਨ, ਉਸ ਨੂੰ ਹਰ ਇਕ ਸਿੱਖ ਫ਼ੌਜੀ ਵਿਚ

22. Hari Ram Gupta, *History of the Sikhs,* Vol. II, p. 64.

ਬਰਾਬਰ-ਬਰਾਬਰ ਵੰਡ ਦਿੱਤਾ ਜਾਂਦਾ ਸੀ। ਕੋਈ ਵੀ ਸਿੱਖ ਕਿਸੇ ਵੀ ਜਥੇ ਵਿਚ ਸ਼ਾਮਿਲ ਹੋ ਸਕਦਾ ਸੀ। **ਖਾਲਸਾ ਫ਼ੌਜ 'ਚ ਸ਼ਾਮਿਲ ਹੋਣ ਵਾਸਤੇ "ਘੋੜ ਸਵਾਰੀ ਦੀ ਜਾਚ ਹੋਣਾ, ਤਲਵਾਰ ਚਲਾਉਣਾ ਆਉਣਾ ਅਤੇ ਜਿੰਦ ਪੰਥ ਦੇ ਲੇਖੇ ਲਾਉਣ ਦਾ ਐਲਾਨ" ਹੀ ਤਿੰਨ ਸ਼ਰਤਾਂ ਸਨ।**

ਲਖਪਤ ਰਾਏ ਦਾ ਜ਼ੁਲਮ

ਖਾਲਸਾ ਫ਼ੌਜ ਨੂੰ ਜਥੇਬੰਦ ਕਰਨ ਦੇ ਨਾਲ-ਨਾਲ ਇਹ ਗੁਰਮਤਾ ਵੀ ਕੀਤਾ ਗਿਆ ਕਿ ਸ਼ਾਹੀ ਅਸਲਾਖ਼ਾਨੇ, ਅਸਤਬਲ ਅਤੇ ਖ਼ਜ਼ਾਨੇ ਲੁੱਟੇ ਜਾਣ। 1745 ਦੇ ਦੂਜੇ ਅੱਧ ਵਿਚ ਖਾਲਸਾ ਫ਼ੌਜਾਂ ਨੇ ਕਈ ਥਾਂਵਾਂ 'ਤੇ ਖ਼ਜ਼ਾਨੇ ਲੁੱਟੇ। ਜਨਵਰੀ 1746 ਵਿਚ ਤਾਂ ਸਿੱਖਾਂ ਨੇ ਲਾਹੌਰ 'ਤੇ ਵੀ ਹਮਲਾ ਕੀਤਾ ਤੇ ਮੁਗ਼ਲਾਂ ਦੇ ਖ਼ਜ਼ਾਨੇ ਲੁੱਟ ਲਏ।[23] ਖਾਲਸਾ ਫ਼ੌਜਾਂ ਨੇ ਜ਼ਬਰਦਸਤ ਪੈਂਤੜੇ ਨਾਲ ਇਹ ਕਾਰਵਾਈਆਂ ਕੀਤੀਆਂ। 3 ਜਨਵਰੀ 1746 ਦੇ ਦਿਨ ਯਾਹੀਆ ਖ਼ਾਂ ਲਾਹੌਰ ਦਾ ਸੂਬੇਦਾਰ ਬਣ ਗਿਆ। ਉਸ ਨੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿੱਢਣ ਦਾ ਫ਼ੈਸਲਾ ਕਰ ਲਿਆ। ਉਸ ਨੇ ਇਸ ਕੰਮ ਵਾਸਤੇ ਆਪਣੇ ਹਿੰਦੂ ਵਜ਼ੀਰ ਲਖਪਤ ਰਾਏ ਨੂੰ ਤਾਈਨਾਤ ਕਰ ਦਿੱਤਾ। ਲਖਪਤ ਰਾਏ ਅਤੇ ਉਸ ਦੇ ਭਰਾ ਜਸਪਤ ਰਾਏ ਨੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਬੜੀ ਸਰਗਰਮ ਮੁਹਿੰਮ ਸ਼ੁਰੂ ਕੀਤੀ। ਇਸ ਮੁਹਿੰਮ ਦੌਰਾਨ ਫ਼ਰਵਰੀ-ਮਾਰਚ 1746 ਵਿਚ ਜਸਪਤ ਰਾਏ ਦਾ ਸਾਹਮਣਾ ਖਾਲਸਾ ਫ਼ੌਜਾਂ ਨਾਲ ਹੋ ਗਿਆ। ਪਿੰਡ ਖੋਖਰਾਂ (ਏਮਨਾਬਾਦ ਦੇ ਨੇੜੇ) ਦੇ ਬਾਹਰ ਖਾਲਸਾ ਫ਼ੌਜਾਂ ਅਤੇ ਜਸਪਤ ਰਾਏ ਦੇ ਸਾਥੀਆਂ ਵਿਚਕਾਰ ਹੱਥੋ-ਹੱਥ ਲੜਾਈ ਹੋਈ। ਇਸ ਲੜਾਈ ਵਿਚ ਭਾਈ ਨਿਬਾਹੂ ਸਿੰਘ ਨੇ ਜਸਪਤ ਰਾਏ ਦਾ ਸਿਰ ਵੱਢ ਲਿਆ। ਇਸ ਮਗਰੋਂ ਸਾਰੀ ਮੁਗ਼ਲ ਫ਼ੌਜ ਹਰਨ ਹੋ ਗਈ। ਜਸਪਤ ਰਾਏ ਦੇ ਇਕ ਉਸਤਾਦ ਨੇ ਸਿੱਖਾਂ ਨੂੰ ਪੰਜ ਸੌ ਰੁਪਏ ਭੇਟ ਕਰ ਕੇ ਜਸਪਤ ਦਾ ਕੱਟਿਆ ਹੋਇਆ ਸਿਰ ਹਾਸਿਲ ਕਰ ਲਿਆ।

ਜਦੋਂ ਜਸਪਤ ਦੇ ਮਾਰੇ ਜਾਣ ਦੀ ਖ਼ਬਰ ਉਸ ਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਉਹ ਗੁੱਸੇ ਵਿਚ ਪਾਗਲ ਹੋ ਗਿਆ। ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦਾ ਫ਼ੈਸਲਾ ਕਰ ਲਿਆ। ਉਸ ਨੇ ਐਲਾਨ ਕੀਤਾ ਕਿ "ਸਿੱਖ ਧਰਮ ਨੂੰ ਇਕ ਖਤਰੀ ਨੇ ਸ਼ੁਰੂ ਕੀਤਾ ਸੀ ਅਤੇ ਇਕ ਖਤਰੀ ਹੀ ਇਸ ਨੂੰ ਖ਼ਤਮ ਕਰੇਗਾ।"[24] ਲਖਪਤ ਰਾਏ ਨੇ ਇਕ ਦਮ ਹਰ ਇਕ ਸਿੱਖ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਯਾਹੀਆ ਖ਼ਾਂ ਅਤੇ ਦਿੱਲੀ ਦਰਬਾਰ ਨੇ ਉਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਮਾਰਚ ਦੇ ਪਹਿਲੇ ਹਫ਼ਤੇ ਤਕ ਇਕ ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਇਨ੍ਹਾਂ ਵਿਚ ਲਾਹੌਰ ਦੇ ਸਾਬਕ ਕੋਤਵਾਲ ਭਾਈ ਸੁਬੇਗ ਸਿੰਘ ਅਤੇ ਉਸ ਦਾ ਬੇਟਾ ਭਾਈ ਸ਼ਾਹਬਾਜ਼ ਸਿੰਘ ਵੀ ਸ਼ਾਮਿਲ ਸਨ। ਲਖਪਤ ਰਾਏ ਨੇ ਇਨ੍ਹਾਂ ਸਾਰਿਆਂ ਨੂੰ 10 ਮਾਰਚ 1746 ਦੇ ਦਿਨ ਕਤਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ। 10 ਮਾਰਚ ਦੇ ਦਿਨ ਹਿੰਦੂਆਂ ਦਾ ਤਿਉਹਾਰ 'ਸੋਮਾਵਤੀ ਮੱਸਿਆ' ਪੈਂਦੀ ਸੀ। ਇਸ ਕਰ ਕੇ ਕੁਝ ਹਿੰਦੂਆਂ ਨੇ ਲਖਪਤ ਰਾਏ ਨੂੰ ਮਿਲ

23. Hari Ram Gupta, p. 73.
24. ਰਤਨ ਸਿੰਘ ਭੰਗੂ, ਸਫ਼ਾ 307; ਖ਼ੁਸ਼ਵਖ਼ਤ ਰਾਏ, *ਕਿਤਾਬ-ਇ-ਤਾਰੀਖ਼ੇ-ਪੰਜਾਬ*, ਸਫ਼ਾ 74; ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਸਫ਼ਾ 80.

ਕੇ ਇਨ੍ਹਾਂ ਸਾਰਿਆਂ ਨੂੰ ਸ਼ਹੀਦ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਲਖਪਤ ਤਾਂ ਸਿੱਖਾਂ ਵਾਸਤੇ ਨਫ਼ਰਤ ਦੀ ਅੱਗ ਵਿਚ ਏਨਾ ਮੱਚ ਰਿਹਾ ਸੀ ਕਿ ਉਸ ਨੇ ਕਿਸੇ ਦੀ ਵੀ ਪ੍ਰਵਾਹ ਨਾ ਕੀਤੀ। ਹੋਰ ਤਾਂ ਹੋਰ ਉਸ ਨੇ ਸਿੱਖਾਂ ਦੇ ਕਤਲੇਆਮ ਦਾ ਦਿਨ ਮੁਲਤਵੀ ਕਰਨ ਤੋਂ ਵੀ ਨਾਂਹ ਕਰ ਦਿੱਤੀ।[25] ਇਸ ਦਿਨ ਲਾਹੌਰ ਦੇ ਨਖ਼ਾਸ ਚੌਕ ਵਿਚ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਨੂੰ ਚਰਖੜੀ 'ਤੇ ਚਾੜ੍ਹ ਕੇ ਜਿਸਮ ਨੋਚ-ਨੋਚ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਇਕ ਹਜ਼ਾਰ ਤੋਂ ਵੱਧ ਹੋਰ ਸਿੱਖ ਵੀ ਸ਼ਹੀਦ ਕੀਤੇ ਗਏ।

ਲਖਪਤ ਰਾਏ ਦੀ ਸਿੱਖਾਂ ਵਾਸਤੇ ਨਫ਼ਰਤ ਏਨੀ ਜ਼ਹਿਰੀਲੀ ਸੀ ਕਿ ਉਸ ਨੇ ਲਫ਼ਜ਼ 'ਗੁੜ' ਅਤੇ 'ਗ੍ਰੰਥ' ਦੀ ਵਰਤੋਂ 'ਤੇ ਪਾਬੰਦੀ ਲਾ ਦਿੱਤੀ, ਕਿਉਂਕਿ 'ਗੁੜ' ਤੋਂ 'ਗੁਰ' (ਗੁਰੂ) ਅਤੇ 'ਗ੍ਰੰਥ' ਤੋਂ 'ਗੁਰੂ ਗ੍ਰੰਥ ਸਾਹਿਬ' ਚੇਤੇ ਆ ਜਾਂਦਾ ਸੀ। ਉਸ ਨੇ ਹੁਕਮ ਜਾਰੀ ਕੀਤਾ ਕਿ ਗੁੜ ਦੀ ਥਾਂ 'ਭੇਲੀ' ਅਤੇ 'ਗ੍ਰੰਥ' ਦੀ ਥਾਂ 'ਪੋਥੀ' ਲਫ਼ਜ਼ ਦੀ ਵਰਤੋਂ ਕੀਤੀ ਜਾਵੇ। ਇਸ ਸਾਰਾ ਕੁਝ ਦੇ ਬਾਵਜੂਦ ਲਖਪਤ ਨੂੰ ਸਿੱਖਾਂ ਦੇ ਖ਼ੂਨ ਦੀ ਤਰੇਹ ਨਾ ਘੱਟ ਸਕੀ। ਉਸ ਦੇ ਜ਼ੁਲਮਾਂ ਨੂੰ ਵੇਖ ਕੇ ਹਰ ਪੰਜਾਬ ਵਾਸੀ ਕੰਬ ਗਿਆ। ਉਸ ਨੂੰ ਕਈਆਂ ਨੇ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਨਫ਼ਰਤ ਵਿਚ ਪਾਗ਼ਲ ਹੋ ਚੁੱਕਾ ਸੀ।

1746 ਦਾ ਘੱਲੂਘਾਰਾ

ਉਨ੍ਹਾਂ ਦਿਨਾਂ ਵਿਚ ਸਿੱਖ ਆਪਣਾ ਘਰ-ਘਾਟ ਛੱਡ ਕੇ ਇਕ ਵਾਰ ਫੇਰ ਜੰਗਲਾਂ, ਛੰਭਾਂ, ਪਹਾੜਾਂ ਅਤੇ ਰੇਗਿਸਤਾਨਾਂ ਵਲ ਨਿਕਲ ਗਏ। ਅਪਰੈਲ ਦੇ ਆਖ਼ਰੀ ਦਿਨਾਂ ਵਿਚ ਕੋਈ 10 ਕੁ ਹਜ਼ਾਰ ਸਿੱਖ ਰਾਵੀ ਦਰਿਆ ਦੀ ਛੰਭ ਵਿਚ, ਕਾਹਨੂੰਵਾਨ ਦੇ ਨੇੜੇ, ਲੁੱਕੇ ਹੋਏ ਸਨ। ਉਨ੍ਹੀਂ ਦਿਨੀਂ ਇਹ ਜੰਗਲ ਬੜਾ ਡਰਾਉਣਾ ਸੀ, ਕਿਉਂਕਿ ਸੰਘਣੇ ਦਰਖ਼ਤਾਂ ਤੇ ਝਾੜੀਆਂ ਵੱਲ ਜਾਣ ਤੋਂ ਆਮ ਲੋਕ ਡਰਦੇ ਸਨ। ਜਦੋਂ ਇਸ ਦੀ ਖ਼ਬਰ ਲਖਪਤ ਰਾਏ ਨੂੰ ਮਿਲੀ ਤਾਂ ਉਸ ਨੇ ਅਤੇ ਲਾਹੌਰ ਦੇ ਸੂਬੇਦਾਰ ਯਾਹੀਆ ਖ਼ਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਨੂੰ ਕਾਹਨੂੰਵਾਨ ਨੂੰ ਘੇਰਾ ਪਾਉਣ ਵਾਸਤੇ ਲੈ ਆਂਦਾ। ਜਦੋਂ ਖਾਲਸਾ ਫ਼ੌਜਾਂ ਨੂੰ ਇਸ ਘੇਰੇ ਦਾ ਪਤਾ ਲਗਾ ਤਾਂ ਉਨ੍ਹਾਂ ਗੁਰੀਲਾ ਲੜਾਈ ਸ਼ੁਰੂ ਕਰ ਦਿੱਤੀ। ਇਹ ਲੜਾਈ ਕਈ ਦਿਨ ਚਲਦੀ ਰਹੀ। ਇਸ ਲੜਾਈ ਵਿਚ ਲਖਪਤ ਰਾਏ ਦਾ ਪੁੱਤਰ ਹਰਭਜ ਰਾਏ, ਯਹੀਆ ਖ਼ਾਂ ਦਾ ਪੁੱਤਰ ਨਾਹਰ ਖ਼ਾਂ, ਦੋ ਅਹਿਮ ਜਰਨੈਲ ਕਰਮ ਬਖ਼ਸ਼ ਤੇ ਮਹਿਮੂਦ ਖ਼ਾਂ ਵੀ ਮਾਰੇ ਗਏ। ਆਪਣੇ ਪੁੱਤਰ ਦੇ ਕਤਲ ਦਾ ਮੱਚਿਆ ਲਖਪਤ ਹੁਣ ਹੋਰ ਵੀ ਜ਼ਹਿਰੀਲਾ ਹੋ ਗਿਆ। ਇੰਞ ਹੀ ਪੁੱਤਰ ਦੀ ਮੌਤ ਨੇ ਯਹੀਆ ਖ਼ਾਂ ਨੂੰ ਵੀ ਰੋਹ ਵਿਚ ਲੈ ਆਂਦਾ। ਪਹਿਲੀ ਮਈ 1746 ਨੂੰ ਉਨ੍ਹਾਂ ਨੇ ਸਾਰੀਆਂ ਫ਼ੌਜਾਂ ਨੂੰ ਚਾਰੇ ਪਾਸਿਓਂ ਇਕੱਠਾ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਇਸ ਦੇ ਨਾਲ ਹੀ ਉਸ ਨੇ ਸਾਰੇ ਜੰਗਲ ਨੂੰ ਅੱਗ ਲਾਉਣ ਦਾ ਹੁਕਮ ਵੀ ਜਾਰੀ ਕੀਤਾ। ਹੁਣ ਖਾਲਸਾ ਫ਼ੌਜਾਂ ਨੇ ਘੇਰਾ ਤੋੜ ਕੇ ਨਿਕਲ ਜਾਣ ਦੀ ਕੋਸ਼ਿਸ਼ ਕੀਤੀ, ਪਰ ਹਰ ਪਾਸੇ ਮੁਗ਼ਲ ਫ਼ੌਜ ਹੋਣ ਕਰ ਕੇ ਸਿੱਖਾਂ ਦਾ ਨਿਕਲ ਜਾਣਾ ਤਕਰੀਬਨ ਨਾ-ਮੁਮਕਿਨ ਹੋ ਗਿਆ। ਇਸ ਘੱਲੂਘਾਰੇ ਵਿਚ 10 ਹਜ਼ਾਰ ਦੇ ਕਰੀਬ

25. ਰਤਨ ਸਿੰਘ ਭੰਗੂ, ਸਫ਼ਾ 307-08.

ਸਿੱਖ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰਾਂ ਨੂੰ ਲਾਹੌਰ ਲਿਆ ਕੇ ਸ਼ਹੀਦ ਕਰ ਦਿੱਤਾ ਗਿਆ[26] (ਲਾਹੌਰ ਵਿਚ ਜਿਸ ਜਗ੍ਹਾ ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ, ਉਸ ਥਾਂ ਅੱਜ-ਕੱਲ੍ਹ 'ਗੁਰਦਆਰਾ ਸ਼ਹੀਦ ਗੰਜ' ਬਣਿਆ ਹੋਇਆ ਹੈ)। ਸਿੱਖ ਤਵਾਰੀਖ਼ ਵਿਚ ਇਸ ਕਤਲੇਆਮ ਨੂੰ 'ਛੋਟਾ ਘੱਲੂਘਾਰਾ' ਆਖ ਕੇ ਚੇਤੇ ਕੀਤਾ ਜਾਂਦਾ ਹੈ (5 ਫ਼ਰਵਰੀ 1762 ਦੇ ਘੱਲੂਘਾਰੇ ਨੂੰ 'ਵੱਡਾ ਘੱਲੂਘਾਰਾ' ਆਖਿਆ ਜਾਂਦਾ ਹੈ, ਜਦੋਂ 25-30 ਹਜ਼ਾਰ ਸਿੰਘ ਸ਼ਹੀਦ ਹੋਏ ਸਨ)।

ਲਖਪਤ ਨੇ ਬਾਰਾਂ ਸਾਲ ਦੇ ਆਪਣੇ ਅਹਿਦ ਵਿਚ 20 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਕੀਤੇ ਦਸੇ ਜਾਂਦੇ ਹਨ।[27] ਉਸ ਦੇ ਜ਼ੁਲਮ ਦੇ ਦੌਰ ਦਾ ਅਖ਼ੀਰ 21 ਮਾਰਚ 1747 ਦੇ ਦਿਨ ਉਦੋਂ ਆਇਆ, ਜਦੋਂ ਸ਼ਾਹਨਿਵਾਜ਼ ਖ਼ਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਯਾਹੀਆ ਖ਼ਾਂ ਤੇ ਲਖਪਤ ਰਾਏ ਨੂੰ ਗ੍ਰਿਫ਼ਤਾਰ ਕਰ ਲਿਆ (ਮਗਰੋਂ ਉਸ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਤੇ ਸਿੱਖਾਂ ਨੇ ਉਸ ਨੂੰ ਬੁਰੀ ਮੌਤੇ ਮਾਰਿਆ)। ਹੁਣ ਲਖਪਤ ਰਾਏ ਦੀ ਥਾਂ ਦੀਵਾਨ ਕੌੜਾ ਮਲ ਵਜ਼ੀਰ ਬਣਾਇਆ ਗਿਆ। ਦੀਵਾਨ ਕੌੜਾ ਮੱਲ ਲਖਪਤ ਦਾ ਮੁਖ਼ਾਲਿਫ਼ ਸੀ ਅਤੇ ਸਿੱਖਾਂ ਨਾਲ ਉਸ ਨੂੰ ਹਮਦਰਦੀ ਸੀ। ਇਸ ਹਾਲਤ ਨੇ ਸਿੱਖਾਂ ਨੂੰ ਕੁਝ ਚਿਰ ਵਾਸਤੇ ਸੌਖਿਆਂ ਕਰ ਦਿੱਤਾ। ਹੁਣ ਸਿੱਖ ਫਿਰ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਬੇਧੜਕ ਹੋ ਕੇ ਪੁੱਜਣ ਲੱਗ ਪਏ।

'ਰਾਮ ਰੌਣੀ' ਕਿਲ੍ਹਾ ਬਣਾਉਣਾ

30 ਮਾਰਚ 1747 ਦੇ ਦਿਨ ਸਰਬਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਬਹੁਤ ਸਾਰੇ ਕੌਮੀ ਮਸਲੇ ਵਿਚਾਰੇ ਗਏ। ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਸਿੱਖ ਜੱਦੋ-ਜਹਿਦ ਨੂੰ ਜਥੇਬੰਦ ਕੀਤਾ ਜਾਵੇ। ਖਾਲਸਾ ਫ਼ੌਜਾਂ ਨੂੰ ਸ਼ਸਤਰਾਂ-ਅਸਤਰਾਂ ਨਾਲ ਲੈਸ ਕਰ ਕੇ ਮੁਗ਼ਲ ਫ਼ੌਜਾਂ ਦੇ ਟਾਕਰੇ ਵਾਸਤੇ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਕੀਤਾ ਜਾਵੇ। ਇਸ ਦੇ ਨਾਲ ਹੀ ਇਹ ਗੁਰਮਤਾ ਵੀ ਕੀਤਾ ਗਿਆ ਕਿ ਅੰਮ੍ਰਿਤਸਰ ਵਿਚ ਇਕ ਕਿਲ੍ਹਾ ਵੀ ਉਸਾਰਿਆ ਜਾਵੇ। ਇਹ ਕਿਲ੍ਹਾ ਸ਼ਹਿਰ ਦੇ ਬਾਹਰ ਮੌਜੂਦਾ ਗੁਰਦੁਆਰਾ ਰਾਮਸਰ ਦੇ ਨੇੜੇ ਬਣਾਉਣਾ ਸ਼ੁਰੂ ਕੀਤਾ ਗਿਆ। ਇਸ ਦਾ ਨਾਂ ਗੁਰੂ ਰਾਮਦਾਸ ਸਾਹਿਬ ਦੇ ਨਾਂ 'ਤੇ 'ਰਾਮ ਰੌਣੀ' ਰਖਿਆ ਗਿਆ। ਇਸ ਵਿਚ ਸਿਰਫ਼ 500 ਫ਼ੌਜੀ ਹੀ ਰਹਿ ਸਕਦੇ ਸਨ। ਭਾਵੇਂ ਇਹ ਇਕ ਵੱਡੀ ਹਵੇਲੀ ਹੀ ਜਾਪਦਾ ਸੀ, ਪਰ ਇਹ ਵਧੀਆ ਤਰੀਕੇ ਨਾਲ ਬਣਾਇਆ ਗਿਆ ਸੀ ਅਤੇ ਹਮਲੇ ਵੇਲੇ ਚੰਗੀ ਹਿਫ਼ਾਜ਼ਤ ਦੇ ਸਕਦਾ ਸੀ।

ਰਾਮ ਰੌਣੀ ਦੇ ਤਿਆਰ ਹੋਣ ਮਗਰੋਂ ਸਿੱਖਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸ਼ੁਰੂ ਕੀਤੀ। ਤਬਾਹ ਹੋ ਚੁੱਕੇ ਹਿੱਸੇ ਨੂੰ ਮੁੜ ਉਸਾਰਿਆ ਅਤੇ ਬਾਕੀ ਹਿੱਸੇ ਦੀ ਮੁਰੰਮਤ ਕੀਤੀ। ਹੁਣ ਅਕਾਲ ਤਖ਼ਤ ਸਾਹਿਬ 'ਤੇ ਰੋਜ਼ਾਨਾ ਸੰਗਤਾਂ ਜੁੜਨ ਲੱਗ ਪਈਆਂ। ਅਗਲੇ ਅੱਠ ਮਹੀਨੇ ਸੰਗਤਾਂ ਬਾਕਾਇਦਾ ਅੰਮ੍ਰਿਤਸਰ ਵਿਚ

---

26. Hari Ram Gupta, pp. 73-78.
27. ਰਤਨ ਸਿੰਘ ਭੰਗੂ, ਸਫ਼ਾ 322.

ਪੁੱਜਦੀਆਂ ਰਹੀਆਂ। ਇਸ ਦੌਰਾਨ ਖਾਲਸਾ ਫ਼ੌਜਾਂ ਵੀ ਪੂਰੀ ਤਰ੍ਹਾਂ ਜਥੇਬੰਦ ਹੋ ਗਈਆਂ। ਸਿੱਖਾਂ ਕੋਲ ਚੋਖੀ ਗਿਣਤੀ ਵਿਚ ਘੋੜੇ ਅਤੇ ਅਸਲਾ ਆ ਚੁੱਕਾ ਸੀ। ਹੁਣ ਉਹ ਮੁਗ਼ਲ ਫ਼ੌਜ ਨਾਲ ਟੱਕਰ ਲੈਣ ਦੇ ਰੌਅ ਵਿਚ ਸਨ।[28]

ਅਹਿਮਦ ਸ਼ਾਹ ਦੁਰਾਨੀ ਦਾ ਹਮਲਾ

ਨਵੰਬਰ 1747 ਵਿਚ ਚਰਚਾ ਚੱਲ ਪਈ ਸੀ ਕਿ ਅਹਿਮਦ ਸ਼ਾਹ ਦੁਰਾਨੀ ਇਕ ਵੱਡੀ ਫ਼ੌਜ ਲੈ ਕੇ ਪੰਜਾਬ ਅਤੇ ਹਿੰਦੁਸਤਾਨ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਸਿੱਖਾਂ ਨੇ ਗੁਰਮਤਾ ਕੀਤਾ ਕਿ ਜ਼ਰੂਰਤ ਪੈਣ 'ਤੇ ਅਹਿਮਦ ਸ਼ਾਹ ਨਾਲ ਟੱਕਰ ਲਈ ਜਾਵੇ। ਇਸ ਕਰ ਕੇ ਉਨ੍ਹਾਂ ਨੇ ਆਪਣੇ ਟੱਬਰ ਜੰਮੂ, ਚੰਬਾ, ਕਾਂਗੜਾ ਵਗ਼ੈਰਾ ਦੇ ਪਹਾੜਾਂ ਵਿਚ ਭੇਜ ਦਿੱਤੇ ਅਤੇ ਆਪ ਅੰਮ੍ਰਿਤਸਰ ਵਿਚ ਇਕੱਠੇ ਹੋ ਗਏ। ਅਹਿਮਦ ਸ਼ਾਹ ਨੇ ਦਿਸੰਬਰ 1747 ਵਿਚ ਪੰਜਾਬ 'ਤੇ ਹਮਲਾ ਕੀਤਾ। 10 ਜਨਵਰੀ 1748 ਦੇ ਦਿਨ ਉਹ ਲਾਹੌਰ ਨੇੜੇ ਰਾਵੀ ਦਰਿਆ ਦੇ ਕੰਢੇ 'ਤੇ ਪੁੱਜ ਗਿਆ। ਅਗਲੇ ਦਿਨ ਅਹਿਮਦ ਸ਼ਾਹ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਡਟਵੀਂ ਲੜਾਈ ਹੋਈ। ਇਸ ਲੜਾਈ ਵਿਚ ਅਹਿਮਦ ਸ਼ਾਹ ਦਾ ਹੱਥ ਉਪਰ ਰਿਹਾ। ਅਹਿਮਦ ਸ਼ਾਹ ਨੇ ਲਾਹੌਰ ਦਰਬਾਰ ਤੋਂ 30 ਲੱਖ ਰੁਏ ਜੁਰਮਾਨਾ ਵਸੂਲ ਕੀਤਾ। ਅਹਿਮਦ ਸ਼ਾਹ 18 ਫ਼ਰਵਰੀ 1748 ਤਕ ਲਾਹੌਰ ਵਿਚ ਹੀ ਰਿਹਾ ਅਤੇ ਅਗਲੇ ਦਿਨ ਉਸ ਨੇ ਦਿੱਲੀ ਵੱਲ ਕੂਚ ਕਰ ਦਿੱਤਾ। ਰਸਤੇ ਵਿਚ ਅਹਿਮਦ ਸ਼ਾਹ ਅਤੇ ਸ: ਜੱਸਾ ਸਿੰਘ ਆਹੂਲਵਾਲੀਆ ਦੀਆਂ ਫ਼ੌਜਾਂ ਵਿਚਕਾਰ ਟੱਕਰ ਹੋਈ। ਸਿੱਖ ਦੁਰਾਨੀ ਦੀਆਂ ਫ਼ੌਜਾਂ ਦਾ ਕਾਫ਼ੀ ਨੁਕਸਾਨ ਕਰ ਕੇ ਅਤੇ ਅਸਲਾ ਤੇ ਘੋੜੇ ਲੈ ਕੇ ਹਿਰਨ ਹੋ ਗਏ।[29] 11 ਮਾਰਚ 1748 ਦੇ ਦਿਨ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਮਨੂਪੁਰ ਵਿਚ ਦਿੱਲੀ ਦਰਬਾਰ ਦੀਆਂ ਫ਼ੌਜਾਂ ਤੋਂ ਹਾਰ ਖਾਧੀ। ਦਿੱਲੀ ਦਰਬਾਰ ਦੀਆਂ ਫ਼ੌਜਾਂ ਦੀ ਅਗਵਾਈ ਮੀਰ ਮੁਈਨ (ਮੀਰ ਮੰਨੂ) ਕਰ ਰਿਹਾ ਸੀ। ਇੱਥੇ ਹਾਰਨ ਮਗਰੋਂ ਅਹਿਮਦ ਸ਼ਾਹ ਵਾਪਸ ਮੁੜ ਪਿਆ ਤੇ ਪੰਜਾਬ 'ਚ ਰੁਕਣ ਦੀ ਬਜਾਇ ਸਿੱਧਾ ਵਤਨ ਚਲਾ ਗਿਆ।

---

28. ਰਤਨ ਸਿੰਘ ਭੰਗੂ, ਸਫ਼ਾ 325-26; K.S. Thapar, *Gurmata – Democracy in Practice,* an article published in *Punjab : Past & Present,* October 1975; Hari Ram Gupta, pp. 81-82; Kanhaya Lal, *Tarikh-i-Punjab,* p. 73.
29. Sohan Lal Suri, *Umdatut Twarikh,* Vol. I, p. 172; Griffin, *Rajas of the Punjab,* p. 457.

ਦਲ ਖਾਲਸਾ ਦਾ ਜ਼ਮਾਨਾ

(1748 ਤੋਂ 1758)

ਅਹਿਮਦ ਸ਼ਾਹ ਅਫ਼ਗ਼ਾਨਿਸਤਾਨ ਦੇ ਮੁੜ ਜਾਣ ਮਗਰੋਂ 29 ਮਾਰਚ 1748 ਦੇ ਦਿਨ ਸਰਬਤ ਖਾਲਸਾ ਦਾ ਇਕ ਅਹਿਮ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਵੇਲੇ ਖਾਲਸਾ ਫ਼ੌਜਾਂ ਦੇ 65 ਜਥੇ ਵੱਖ ਵੱਖ ਇਲਾਕਿਆਂ ਵਿਚ ਵਿਚਰ ਰਹੇ ਸਨ। ਇਨ੍ਹਾਂ 65 ਜਥਿਆਂ ਦੇ ਮੁਖੀ ਹੇਠ ਲਿਖੇ ਸਨ:

1. (ਨਵਾਬ) ਕਪੂਰ ਸਿੰਘ ਫ਼ੈਜ਼ਲਾਪੁਰੀਆ, 2. ਸ: ਜੱਸਾ ਸਿੰਘ ਆਹਲੂਵਾਲੀਆ, 3. ਸ: ਹਰੀ ਸਿੰਘ ਭੰਗੀ, 4. ਸ: ਜੈ ਸਿੰਘ ਕਨਈਆ, 5. ਸ: ਗ਼ੁਲਾਬ ਸਿੰਘ ਡਲੇਵਾਲੀਆ, 6. ਸ: ਨੌਧ ਸਿੰਘ ਸੁਕਰਚਕੀਆ, 7. ਸ: ਕਰੋੜਾ ਸਿੰਘ ਪੰਜਵੜ, 8. ਸ: ਨੰਦ ਸਿੰਘ ਸੰਘਾਨੀਆ, 9. (ਬਾਬਾ) ਦੀਪ ਸਿੰਘ, 10. ਸ: ਹੀਰਾ ਸਿੰਘ, 11. ਸ: ਦਸੌਂਧਾ ਸਿੰਘ, 12. ਸ: ਜੱਸਾ ਸਿੰਘ ਈਚੋਗਿਲ (ਮਗਰੋਂ ਰਾਮਗੜ੍ਹੀਆ), 13. ਸ: ਝੰਡਾ ਸਿੰਘ ਪੰਜਵੜ, 14. ਸ: ਗੰਡਾ ਸਿੰਘ ਪੰਜਵੜ, 15. ਸ: ਨੱਥਾ ਸਿੰਘ ਪੰਜਵੜ, 16. ਸ: ਮਹਿਤਾਬ ਸਿੰਘ ਖੱਖ, 17. ਸ: ਚੜ੍ਹਤ ਸਿੰਘ ਕਨਈਆ, 18. ਸ: ਦੀਵਾਨ ਸਿੰਘ, 19. ਸ: ਗੁੱਜਰ ਸਿੰਘ, 20. ਸ: ਗਰਜਾ ਸਿੰਘ, 21. ਸ: ਨਿਬਾਹੂ ਸਿੰਘ, 22. ਸ: ਲਹਿਣਾ ਸਿੰਘ, 23. ਸ: ਫੂਲਾ ਸਿੰਘ, 24. ਸ: ਸਾਂਵਲ ਸਿੰਘ, 25. ਸ: ਗੁਰਬਖ਼ਸ਼ ਸਿੰਘ, 26. ਸ: ਦੂੰਬਾ ਸਿੰਘ ਕਲਾਲਵਾਲਾ, 27. ਸ: ਤਾਰਾ ਸਿੰਘ ਚੈਨਪੁਰ, 28. ਸ: ਬਾਘ ਸਿੰਘ ਕੋਟ ਸਈਅਦ ਮੁਹੰਮਦ, 29. ਸ: ਹਕੀਕਤ ਸਿੰਘ, 30. ਸ: ਮਹਿਤਾਬ ਸਿੰਘ ਵਡਾਲਾ ਸੰਧੂਆਂ, 31. ਸ: ਝੰਡਾ ਸਿੰਘ ਕਾਹਨਾ, 32. ਸ: ਤਾਰਾ ਸਿੰਘ ਕਾਹਨਾ, 33. ਸ: ਮਨੋਹਰ ਸਿੰਘ ਕਾਹਨਾ, 34. ਸ: ਸੋਭਾ ਸਿੰਘ ਕਾਹਨਾ, 35. ਸ: ਭੀਮ ਸਿੰਘ ਕਾਹਨਾ, 36. ਸ: ਅਮਰ ਸਿੰਘ ਵਾਹਗਾ, 37. ਸ: ਸੋਭਾ ਸਿੰਘ ਭੀਕਾ, 38. ਸ: ਬਘੇਲ ਸਿੰਘ ਝਬਾਲ, 39. ਸ: ਹਰੀ ਸਿੰਘ ਡਲੇਵਾਲ, 40. ਸ: ਗ਼ੁਲਾਬ ਸਿੰਘ ਮਜੀਠੀਆ, 41. ਸ: ਮਹਿਤਾਬ ਸਿੰਘ ਜੁਲਕਾ, 42. ਸ: ਲੱਜਾ ਸਿੰਘ, 43. ਸ: ਹਰੋ ਸਿੰਘ, 44. ਸ: ਅਮਰ ਸਿੰਘ ਕਿੰਗਰਾ, 45. ਸ: ਜੀਵਨ ਸਿੰਘ, 46. ਸ: ਸਾਹਿਬ ਸਿੰਘ ਸਿਆਲਕੋਟ, 47. ਸ: ਨੱਥਾ ਸਿੰਘ, 48. ਸ: ਮੋਹਨ ਸਿੰਘ ਰਾਣੀਆ, 49. ਸ: ਮਨੋਹਰ ਸਿੰਘ ਰਾਣੀਆ, 50. ਸ: ਬਾਘ ਸਿੰਘ ਲੰਕਾ ਫ਼ਰੰਕੀਆ, 51. ਸ: ਝੰਡਾ ਸਿੰਘ ਸੁਲਤਾਨਵਿੰਡ, 52. ਸ: ਮਿਰਜ਼ਾ ਸਿੰਘ ਕਾਹਲੋਂ, 53. ਸ: ਸ਼ਾਮ ਸਿੰਘ ਬੁਲਾਕੀ ਚੱਕ, 54. ਸ: ਮਾਲਾ ਸਿੰਘ ਬੁਲਾਕੀ ਚੱਕ, 55. ਸ: ਬਹਾਲ ਸਿੰਘ ਸ਼ੇਖ਼ੂਪੁਰੀਆ, 56. ਸ: ਅਮਰ ਸਿੰਘ ਸ਼ੇਖ਼ੂਪੁਰੀਆ, 57. ਸ: ਗੰਗਾ ਸਿੰਘ, 58. ਸ: ਲਾਲ ਸਿੰਘ, 59. ਸ: ਤਾਰਾ ਸਿੰਘ ਮਾਨਾਂਵਾਲਾ, 60. ਸ: ਰੂਪ ਸਿੰਘ,

61. ਸ: ਮਹਿਤਾਬ ਸਿੰਘ, 62. ਸ: ਅਨੂਪ ਸਿੰਘ, 63. ਸ: ਤਾਰਾ ਸਿੰਘ ਘੇਬਾ, 64. ਸ: ਧਰਮ ਸਿੰਘ, 65. ਸ: ਸੁੱਖਾ ਸਿੰਘ ਮਾੜੀ ਕੰਬੋ।

ਸਰਬਤ ਖਾਲਸਾ ਦੇ ਇਸ ਇਕੱਠ ਨੇ ਸਾਰੇ 65 ਜਥਿਆਂ ਨੂੰ 11 ਮਿਸਲਾਂ ਵਿਚ ਵੰਡਣ ਦਾ ਗੁਰਮਤਾ ਕੀਤਾ। ਗੁਰਮਤੇ ਮੁਤਾਬਿਕ (ਨਵਾਬ) ਕਪੂਰ ਸਿੰਘ ਸਰਬਤ ਖਾਲਸਾ ਦੇ ਜਥੇਦਾਰ ਅਤੇ ਸ: ਜੱਸਾ ਸਿੰਘ ਆਹੂਲਵਾਲੀਆ ਦਲ ਖਾਲਸਾ (ਯਾਨਿ ਸਾਰੀ ਖਾਲਸਾ ਫ਼ੌਜ) ਦੇ ਜਥੇਦਾਰ ਬਣਾਏ ਗਏ। ਹਰ ਇਕ ਮਿਸਲ ਦੀ ਕਮਾਨ ਇਕ ਜਥੇਦਾਰ ਨੂੰ ਸੌਂਪੀ ਗਈ। ਇਹ ਯਾਰ੍ਹਾਂ ਮਿਸਲਾਂ ਤੇ ਇਸ ਦੇ ਆਗੂ ਹੇਠ ਲਿਖੇ ਸਨ:

1. ਆਹਲੂਵਾਲੀਆ ਮਿਸਲ (ਸ: ਜੱਸਾ ਸਿੰਘ)
2. ਭੰਗੀ ਮਿਸਲ (ਸ: ਹਰੀ ਸਿੰਘ)
3. ਡੱਲੇਵਾਲੀਆ ਮਿਸਲ (ਸ: ਗ਼ੁਲਾਬ ਸਿੰਘ)
4. ਫ਼ੈਜ਼ਲਾਪੁਰੀਆ ਮਿਸਲ (ਸ: ਕਪੂਰ ਸਿੰਘ)
5. ਕਨ੍ਹੱਈਆ ਮਿਸਲ (ਸ: ਜੈ ਸਿੰਘ)
6. ਕਰੋੜਸਿੰਘੀਆ ਮਿਸਲ (ਸ: ਕਰੋੜਾ ਸਿੰਘ)
7. ਨਕਈ ਮਿਸਲ (ਸ: ਹੀਰਾ ਸਿੰਘ)
8. ਨਿਸ਼ਾਨਵਾਲੀਆ ਮਿਸਲ (ਸ: ਦਸੌਂਧਾ ਸਿੰਘ)
9. ਸ: ਨੰਦ ਸਿੰਘ ਸੰਘਾਣੀਆ ਮਿਸਲ (ਸ: ਨੰਦ ਸਿੰਘ)। ਮਗਰੋਂ ਇਸ ਨੂੰ 'ਮਿਸਲ ਰਾਮਗੜ੍ਹੀਆਂ' ਆਖਿਆ ਜਾਣ ਲੱਗ ਪਿਆ।
10. ਸੁਕਰਚਕੀਆ ਮਿਸਲ (ਸ: ਨੌਧ ਸਿੰਘ)
11. ਸ਼ਹੀਦੀ ਮਿਸਲ (ਬਾਬਾ ਦੀਪ ਸਿੰਘ)[1]

ਸਰਬਤ ਖਾਲਸਾ ਨੇ ਇਸ ਗੁਰਮਤੇ ਵਿਚ ਇਹ ਵੀ ਫ਼ੈਸਲਾ ਕੀਤਾ ਕਿ ਕੋਈ ਵੀ ਸਿੱਖ ਦਲ ਖਾਲਸਾ[2] ਦੀ ਕਿਸੇ ਵੀ ਮਿਸਲ ਵਿਚ ਸ਼ਾਮਿਲ ਹੋ ਸਕਦਾ ਹੈ। ਹਰ ਮਿਸਲ ਆਪਣੇ ਅੰਦਰੂਨੀ ਮਾਮਲਿਆਂ ਵਿਚ ਖ਼ੁਦਮੁਖ਼ਤਿਆਰ ਹੋਵੇਗੀ, ਪਰ ਕੌਮੀ ਮਸਲੇ ਜਾਂ ਮਿਸਲਾਂ ਦੇ ਆਪਸੀ ਝਗੜੇ ਸਰਬਤ ਖਾਲਸਾ ਦੇ ਇਕੱਠ ਵਿਚ ਵਿਚਾਰੇ ਜਾਇਆ ਕਰਨਗੇ। ਫ਼ੌਜੀ ਮਾਮਲਿਆਂ ਵਿਚ ਦਲ ਖਾਲਸਾ ਦੇ ਜਥੇਦਾਰ (ਸੁਪਰੀਮ ਕਮਾਂਡਰ) ਦਾ ਹੁਕਮ ਸਾਰੇ ਕਬੂਲ ਕਰਿਆ ਕਰਨਗੇ। ਸਾਲ ਵਿਚ ਦੋ ਵਾਰ ਸਰਬਤ ਖਾਲਸਾ ਦੇ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ ਕਰਨਗੇ। ਇਹ ਇਕੱਠ ਉਦੋਂ ਹਿੰਦੂ ਦਿਹਾੜਿਆਂ, ਵਿਸਾਖੀ ਅਤੇ ਦੀਵਾਲੀ, 'ਤੇ ਕਰਨ ਦਾ ਫ਼ੈਸਲਾ ਹੋਇਆ ਸੀ। ਦੋਹਾਂ ਦਿਹਾੜਿਆਂ ਵਿਚ 6 ਮਹੀਨੇ ਦਾ ਫ਼ਾਸਲਾ ਬਣਦਾ ਸੀ। ਇਹ ਦਿਨ ਤਕਰੀਬਨ ਸਾਰੇ ਹਿੰਦੂ ਮਨਾਉਂਦੇ ਸਨ, ਇਸ ਕਰ

---

1. Hari Ram Gupta, pp. 90-92; K.S. Thapar, *op.cit.*, *Punjab Chiefs* has mantioned most of these names.
2. 'ਦਲ ਖਾਲਸਾ' ਨਾਂ ਬਹੁਤੇ ਲੇਖਕਾਂ ਨੇ ਵਰਤਿਆ ਹੈ। ਬਰਾਊਨ ਇਸ ਨੂੰ Confederacy Khalsa Gee ਅਤੇ Dal Khalsa Ji ਲਿਖਦਾ ਹੈ। ਮਾਲਕਮ ਇਸ ਨੂੰ Dal Khalsa – Combined forces of the Sikh Sardars at a certain place and time ਕਹਿੰਦਾ ਹੈ। ਸੋਹਨ ਲਾਲ ਸੂਰੀ ਇਸ ਨੂੰ 'ਦਲ ਖਾਲਸਾ ਜੀਓ' ਲਿਖਦਾ ਹੈ। ਭਾਈ ਰਤਨ ਸਿੰਘ ਭੰਗੂ ਨੇ 'ਦਲ ਸਿੰਘਾਂ' ਕਿਹਾ ਹੈ। ਕਨਿੰਘਮ ਨੇ ਇਸ ਨੂੰ 'Army of the theocracy of Singhs' ਲਿਖਦਾ ਹੈ। ਗਿਆਨੀ ਗਿਆਨ ਸਿੰਘ 'ਖਾਲਸਾ ਦਾ ਦਲ' ਆਖਦਾ ਹੈ।

ਕੇ ਜਾਣਨਾ ਸੌਖਾ ਹੁੰਦਾ ਸੀ ਕਿ ਸਰਬਤ ਖਾਲਸਾ ਇਕੱਠ ਕਿਸ ਦਿਨ ਹੋਵੇਗਾ, ਕਿਉਂਕਿ ਉਦੋਂ ਡਾਇਰੀਆਂ ਅਤੇ ਕੈਲੰਡਰ ਨਹੀਂ ਹੋਇਆ ਕਰਦੇ ਸੀ ਤੇ, ਉਂਞ ਵੀ, ਸਿੱਖ ਅਕਸਰ ਪਨਾਹਗਾਹਾਂ 'ਤੇ ਰਿਹਾ ਕਰਦੇ ਸਨ, ਜਿੱਥੇ ਦਿਨ-ਵਾਰ ਦਾ ਪਤਾ ਹੀ ਨਹੀਂ ਸੀ ਲਗਦਾ। ਸਰਬਤ ਖਾਲਸਾ ਨੇ ਇਹ ਵੀ ਫ਼ੈਸਲਾ ਕੀਤਾ ਕਿ ਹਰ ਕੌਮੀ ਮਸਲੇ ਦਾ ਹੱਲ ਗੁਰਮਤੇ[3] ਰਾਹੀ ਕੱਢਿਆ ਜਾਇਆ ਕਰੇਗਾ। ਸਰਬਤ ਖਾਲਸਾ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਬਾਬਾ ਦੀਪ ਸਿੰਘ ਦੀ ਅਗਵਾਈ ਵਾਲੀ ਮਿਸਲ, ਸ਼ਹੀਦੀ ਮਿਸਲ, ਨੂੰ ਸੌਂਪੀ। ਇਹ ਵੀ ਗੁਰਮਤਾ ਕੀਤਾ ਗਿਆ ਕਿ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵੀ ਇਸ ਮਿਸਲ ਦੇ ਸੇਵਾਦਾਰ ਹੀ ਕਰਿਆ ਕਰਨਗੇ ਅਤੇ ਮਿਸਲਾਂ ਜਾਂ ਸਿੱਖਾਂ ਦੇ ਛੋਟੇ-ਮੋਟੇ ਮਸਲੇ ਵੀ ਇਹੀ ਸੁਲਝਾਇਆ ਕਰਨਗੇ।

ਬਾਬਾ ਆਲਾ ਸਿੰਘ (ਪਟਿਆਲਾ) ਦੇ ਵਾਰਿਸ ਵੀ ਆਪਣੇ ਆਪ ਨੂੰ ਸਿੱਖਾਂ ਦੀ ਇਕ ਮਿਸਲ (ਬਾਰ੍ਹਵੀਂ ਮਿਸਲ) ਆਖਦੇ ਰਹੇ ਹਨ, ਜਦ ਕਿ ਇਹ ਸਹੀ ਨਹੀਂ ਹੈ। ਫੂਲਕੀਆਂ ਖ਼ਾਨਦਾਨ ਵਾਲੇ ਸਿੱਖ ਜ਼ਰੂਰ ਸਨ, ਪਰ ਉਹ ਮੁਗ਼ਲਾਂ ਤੇ ਅਹਿਮਦਸ਼ਾਹ ਦੁਰਾਨੀ (ਤੇ ਮਗਰੋਂ ਅੰਗਰੇਜ਼ਾਂ) ਨਾਲ ਪੂਰਾ ਮਿਲਵਰਤਣ ਦੇਂਦੇ ਰਹੇ ਸਨ ਤੇ ਇਸੇ ਕਰ ਕੇ ਉਹ ਕਦੇ ਵੀ ਮੁਗ਼ਲ, ਦੁਰਾਨੀ ਜਾਂ ਅੰਗਰੇਜ਼ੀ ਹਮਲੇ ਦਾ ਸ਼ਿਕਾਰ ਨਹੀਂ ਹੋਏ ਸਨ। ਦੂਜਾ, ਉਹ 29 ਮਾਰਚ 1748 ਦੇ ਸਰਬਤ ਖਾਲਸਾ ਦੇ ਇਕੱਠ, ਜਿਸ ਵਿਚ 11 ਮਿਸਲਾਂ ਬਣੀਆਂ ਸਨ, ਜਾਂ ਕਿਸੇ ਵੀ ਹੋਰ ਸਰਬਤ ਖਾਲਸਾ ਇਕੱਠ ਵਿਚ ਕਦੇ ਵੀ ਸ਼ਾਮਿਲ ਨਹੀਂ ਹੋਏ ਸਨ।

ਮੀਰ ਮੰਨੂ ਦਾ ਜ਼ਮਾਨਾ

ਇਧਰ ਖਾਲਸਾ ਫ਼ੌਜਾਂ ਜਥੇਬੰਦ ਹੋ ਗਈਆਂ ਤੇ ਉਧਰ ਦਿੱਲੀ ਵਲੋਂ ਲਾਹੌਰ ਦਾ ਸੂਬੇਦਾਰ ਬਦਲਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ। 11 ਮਾਰਚ 1748 ਦੇ ਦਿਨ ਮੰਨੂਪੁਰ ਵਾਲੇ ਮੈਦਾਨ ਵਿਚ ਅਹਿਮਦ ਸ਼ਾਹ ਦੁਰਾਨੀ ਨੂੰ ਜਿਸ ਮੁਗ਼ਲ ਜਰਨੈਲ ਮੁਈਨ ਨੇ ਹਰਾਇਆ ਸੀ, ਉਸ ਨੂੰ ਮੁਈਨ-ਉਲ-ਮੁਲਕ ਦਾ ਖ਼ਿਤਾਬ ਦੇ ਕੇ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ। ਮੁਈਨ ਨੂੰ 'ਮੀਰ ਮੰਨੂ' ਵੀ ਆਖਿਆ ਜਾਂਦਾ ਸੀ, ਕਿਉਂਕਿ ਉਸ ਨੇ ਮੰਨੂਪੁਰ ਵਿਚ ਦੁਰਾਨੀ ਨੂੰ ਹਰਾਇਆ ਸੀ। ਦਰਅਸਲ ਇਸ ਥਾਂ ਦਾ ਨਾਂ ਵੀ ਮੁਈਨ ਦੇ ਨਾਂ 'ਤੇ ਹੀ ਮੰਨੂਪੁਰ ਰਖਿਆ ਗਿਆ ਸੀ। ਮੁਈਨ ਦੀ ਬਹਾਦਰੀ ਦੇ ਇਨਾਮ ਵਜੋਂ 9 ਅਪਰੈਲ 1748 ਦੇ ਦਿਨ ਮੀਰ ਮੰਨੂ ਲਾਹੌਰ ਦਾ ਗਵਰਨਰ ਬਣਾਇਆ ਗਿਆ। ਉਸ ਨੇ ਹਕੂਮਤ ਸੰਭਾਲਦਿਆਂ ਹੀ ਲਖਪਤ ਰਾਇ (ਜਿਸ ਨੇ ਸਿੱਖਾਂ 'ਤੇ ਬੇਹੱਦ ਜ਼ੁਲਮ ਕੀਤੇ ਸਨ ਤੇ 20 ਹਜ਼ਾਰ ਤੋਂ ਵੀ ਵੱਧ ਸਿੱਖਾਂ ਨੂੰ ਸ਼ਹੀਦ ਕੀਤਾ ਸੀ) ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਤੀਹ ਲੱਖ ਰੁਪਏ ਜੁਰਮਾਨਾ ਕੀਤਾ। ਲਖਪਤ ਰਾਏ ਦੀ ਕੁਲ ਜਾਇਦਾਦ ਨੂੰ 22 ਲੱਖ ਰੁਪਏ 'ਚ ਵੇਚ ਲਿਆ ਗਿਆ। ਮੀਰ ਮੰਨੂ ਵਲੋਂ ਲਖਪਤ ਰਾਏ 'ਤੇ ਆਇਦ ਕੀਤੇ ਜੁਰਮਾਨੇ ਦਾ ਬਕਾਇਆ 8 ਲੱਖ ਰੁਪਏ ਬਣਦੇ ਸਨ। ਇਹ 8 ਲੱਖ ਰੁਪਏ ਦੀਵਾਨ ਕੌੜਾ ਮਲ ਨੇ ਅਦਾ ਕਰ ਕੇ ਮੀਰ ਮੰਨੂ ਤੋਂ ਲਖਪਤ ਰਾਏ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ। ਮਗਰੋਂ ਦੀਵਾਨ ਨੇ ਲਖਪਤ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ।

---

3. ਬਾਬਾ ਪ੍ਰੇਮ ਸਿੰਘ ਹੋਤੀ, *ਜੀਵਨ ਬਿਰਤਾਂਤ ਨਵਾਬ ਕਪੂਰ ਸਿੰਘ*, ਸਫ਼ਾ 134-35, 139.

ਇਕ ਸੋਮੇ ਮੁਤਾਬਿਕ ਸਿੱਖਾਂ ਨੇ ਲਖਪਤ ਨੂੰ ਬਹੁਤ ਤਸੀਹੇ ਦੇ ਕੇ ਮਾਰਿਆ। ਇੰਞ ਇਸ ਦਹਿਸ਼ਤਗਰਦ ਜ਼ਾਲਿਮ ਨੂੰ ਵਹਿਸ਼ੀਆਨਾ ਜ਼ੁਲਮਾਂ ਦੀ ਸਜ਼ਾ ਮਿਲੀ।

ਜਦੋਂ ਮੀਰ ਮੰਨੂ ਦੇ ਪੈਰ ਲਾਹੌਰ ਦਰਬਾਰ 'ਚ ਪੱਕੇ ਹੋ ਗਏ ਤਾਂ ਉਸ ਨੇ ਵੀ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ ਪਰ ਮਗਰੋਂ ਦੀਵਾਨ ਕੌੜਾ ਮਲ ਅਤੇ ਜਲੰਧਰ ਦੇ ਨਾਇਬ ਸੂਬੇਦਾਰ ਅਦੀਨਾ ਬੇਗ ਦੀ ਮਦਦ ਨਾਲ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਉਸ ਨੇ ਕੁਝ ਸਿੱਖਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰਨ ਦੀ ਪੇਸ਼ਕਸ਼ ਵੀ ਕੀਤੀ। ਸः ਜੱਸਾ ਸਿੰਘ ਰਾਮਗੜ੍ਹੀਆ ਨੇ ਇਹ ਪੇਸ਼ਕਸ਼ ਕਬੂਲ ਕਰ ਲਈ। ਹੋ ਸਕਦਾ ਹੈ ਉਸ ਦੇ ਦਿਲ ਵਿਚ ਮੁਗ਼ਲ ਫ਼ੌਜ ਦੇ ਰਾਜ਼ ਹਾਸਿਲ ਕਰਨ ਦੀ ਖ਼ਾਹਿਸ਼ ਵੀ ਹੋਵੇ। ਉਂਞ ਇਸ ਨਾਲ ਦੋ ਫ਼ਾਇਦੇ ਜ਼ਰੂਰ ਹੋਏ : ਇਕ ਤਾਂ ਮੁਗ਼ਲ ਫ਼ੌਜ ਵੱਲੋਂ ਸਿੱਖਾਂ 'ਤੇ ਬੇਵਜਹ ਦੇ ਜ਼ੁਲਮ ਕੁਝ ਚਿਰ ਵਾਸਤੇ ਰੁਕ ਗਏ ਤੇ ਦੂਜਾ, ਕੁਝ ਸਿੱਖਾਂ ਦੀ ਮਾਲੀ ਹਾਲਤ ਸੌਖੀ ਹੋ ਗਈ। ਪਰ ਇਸ ਨਾਲ ਕੁਝ ਸਿੱਖ ਜਥੇਦਾਰ ਸः ਜੱਸਾ ਸਿੰਘ ਤੋਂ ਔਖੇ ਵੀ ਹੋਏ। ਇਕ ਸੋਮੇ ਮੁਤਾਬਿਕ ਸः ਜੱਸਾ ਸਿੰਘ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਇਕ ਹੋਰ ਸੋਮੇ ਮੁਤਾਬਿਕ ਉਸ ਨੂੰ ਪੰਥ 'ਚੋਂ ਛੇਕੇ ਜਾਣ ਦੀ ਵਜਹ ਉਸ ਵਲੋਂ ਆਪਣੀ ਨਵ-ਜੰਮੀ ਧੀ ਦਾ ਮਾਰਨਾ ਸੀ (ਸਿੱਖ ਨੂੰ ਇਕ ਕੁੜੀਮਾਰ ਨਾਲ ਸਬੰਧ ਰੱਖਣ ਦੀ ਮਨਾਹੀ ਹੈ)। ਪਰ ਇਸ ਇਲਜ਼ਾਮ ਦੀ ਤਾਈਦ ਤਵਾਰੀਖ਼ੀ ਸੋਮੇ ਨਹੀਂ ਕਰਦੇ। ਕਾਰਨ ਕੁਝ ਵੀ ਹੋਵੇ ਜੱਸਾ ਸਿੰਘ ਉਸ ਵੇਲੇ ਪੰਥਕ ਸਫ਼ 'ਚੋਂ ਬਾਹਰ ਕੱਢਿਆ ਹੋਇਆ ਸੀ। ਭਾਵੇਂ ਜੱਸਾ ਸਿੰਘ ਅਦੀਨਾ ਬੇਗ ਦੀ ਫ਼ੌਜ 'ਚ ਅਹਿਮ ਥਾਂ ਰੱਖਦਾ ਸੀ, ਪਰ ਅੰਦਰੋਂ-ਅੰਦਰੀਂ ਮੁਗ਼ਲ ਉਸ ਨਾਲ, ਉਸ ਦੇ ਸਿੱਖ ਹੋਣ ਕਰ ਕੇ, ਨਫ਼ਰਤ ਹੀ ਕਰਦੇ ਸਨ। ਇਤਫ਼ਾਕਨ ਉਨ੍ਹੀਂ ਦਿਨੀ ਦਲ ਖਾਲਸਾ ਦੀਆਂ ਫ਼ੌਜਾਂ ਅਤੇ ਮੁਗ਼ਲ ਫ਼ੌਜਾਂ ਵਿਚ ਫੇਰ ਟਕਰਾਅ ਸ਼ੁਰੂ ਹੋ ਗਿਆ। ਇਸ ਦੌਰਾਨ ਇਕ ਵਾਰ ਕੁਝ ਸੌ ਸਿੱਖ ਫ਼ੌਜੀ ਰਾਮ ਰੌਣੀ ਕਿਲ੍ਹੇ ਵਿਚ ਘਿਰ ਗਏ। ਆਲੇ-ਦੁਆਲੇ ਮੁਗ਼ਲ ਫ਼ੌਜਾਂ ਦਾ ਘੇਰਾ ਪਿਆ ਹੋਣ ਕਰ ਕੇ ਕਿਲ੍ਹੇ ਦੇ ਅੰਦਰ ਫਸੇ ਸਿੱਖਾਂ ਦੀ ਹਾਲਤ ਮਾੜੀ ਹੋਣ ਲੱਗ ਪਈ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਉਧਰ ਜਦੋਂ ਜੱਸਾ ਸਿੰਘ ਰਾਮਗੜ੍ਹੀਆ ਨੂੰ ਇਸ ਦਾ ਪਤਾ ਲੱਗਾ ਤਾਂ ਉਹ ਆਪਣੇ ਫ਼ੌਜੀ ਦਸਤੇ ਸਣੇ ਉਧਰ ਆਇਆ (ਜਾਂ ਭੇਜਿਆ ਗਿਆ)। ਉਸ ਨੇ ਰਾਮ ਰੌਣੀ 'ਚ ਫਸੇ ਸਿੱਖਾਂ ਦੀ ਮਦਦ ਕਰਨ ਦੀ ਪੇਸ਼ਕਸ਼ ਕੀਤੀ। ਇਸ ਪੇਸ਼ਕਸ਼ ਨੂੰ ਕਬੂਲ ਕਰ ਕੇ ਸਿੱਖਾਂ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਪੰਥ ਵਿਚ ਦੋਬਾਰਾ ਸ਼ਾਮਿਲ ਕਰ ਲਿਆ।[4] ਇਕ ਸੋਮੇ ਮੁਤਾਬਿਕ ਸः ਜੱਸਾ ਸਿੰਘ ਨੇ ਦੀਵਾਨ ਕੌੜਾ ਮਲ ਦੀ ਮਦਦ ਨਾਲ ਸਿੱਖਾਂ ਅਤੇ ਮੀਰ ਮੰਨੂ ਵਿਚਕਾਰ ਸਮਝੌਤਾ ਕਰਵਾ ਦਿੱਤਾ। ਇਸ ਵਾਰ ਮੰਨੂ ਨੇ (1733 ਵਾਂਗ) ਪੱਟੀ ਇਲਾਕੇ ਦੇ ਕੁਝ ਹਿੱਸੇ ਦੀ ਜਗੀਰ ਸਿੱਖਾਂ ਨੂੰ ਦੇ ਦਿੱਤੀ।[5]

ਲਾਹੌਰ 'ਤੇ ਹਮਲਾ

1733 ਦੀ ਜਗੀਰ ਵਾਂਗ ਇਸ ਵਾਰ ਵੀ ਸਿੱਖਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਬੜੀ ਜਲਦੀ ਹੋ ਗਿਆ। ਇਕ ਪਾਸੇ ਸ਼ਰਮ, ਗੁਨਾਹ, ਉਦਾਸੀ ਦੇ ਆਲਮ ਅਤੇ ਦੂਜੇ

4. ਰਤਨ ਸਿੰਘ ਭੰਗੂ, ਸਫ਼ਾ 328-39.
5. *ਉਹੀ*, ਸਫ਼ਾ 329.

ਪਾਸੇ ਕਈ ਇਲਾਕਿਆਂ ਵਿਚ ਸਿੱਖ-ਮੁਗ਼ਲ ਝੜਪਾਂ ਨੇ ਸਿੱਖਾਂ ਨੂੰ ਸਰਬਤ ਖਾਲਸਾ ਇਕੱਠ ਕਰਨ 'ਤੇ ਮਜਬੂਰ ਕਰ ਦਿੱਤਾ। ਸਰਬਤ ਖਾਲਸਾ ਇਕ ਵਾਰ ਫੇਰ ਅਕਾਲ ਤਖ਼ਤ ਸਾਹਿਬ 'ਤੇ ਇਕੱਠਾ ਹੋਇਆ। ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਜ਼ਾਲਮ ਮੁਗ਼ਲਾਂ ਪਾਸੋਂ ਜਗੀਰ ਕਬੂਲ ਕਰਨ ਦੇ ਗੁਨਾਹ ਦਾ ਧੋਣਾ ਧੋਣ ਵਾਸਤੇ ਲਾਹੌਰ 'ਤੇ ਹਮਲਾ ਕੀਤਾ ਜਾਏ। ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗੁਰਮਤੇ ਨੂੰ ਅਮਲ ਵਿਚ ਲਿਆਉਣ ਵਾਸਤੇ ਦਲ ਖਾਲਸਾ ਦੀਆਂ ਫ਼ੌਜਾਂ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਲਾਹੌਰ 'ਤੇ ਹਮਲਾ ਕਰ ਦਿੱਤਾ। ਲਾਹੌਰ ਦੀ ਕੁਤਵਾਲੀ ਵਿਚ ਨਵਾਬ ਕਪੂਰ ਸਿੰਘ ਮੁਗ਼ਲ ਹਾਕਮ ਦੀ ਕੁਰਸੀ 'ਤੇ ਜਾ ਬੈਠੇ ਅਤੇ ਸ਼ਹਿਰ ਤੋਂ ਤਾਵਾਨ ਹਾਸਿਲ ਕੀਤਾ। ਕਾਇਮ-ਮੁਕਾਮ ਸੂਬੇਦਾਰ ਇੱਜ਼ਤ ਖ਼ਾਂ ਦੇ ਸ਼ਹਿਰ 'ਚ ਪੁੱਜਣ ਤੋਂ ਪਹਿਲਾਂ ਹੀ ਸਿੱਖ ਲਾਹੌਰ ਤੋਂ ਚਲੇ ਗਏ। ਇਸ ਹਮਲੇ ਦੌਰਾਨ ਸਿੱਖਾਂ ਫ਼ੌਜਾਂ ਨੇ ਲਾਹੌਰ ਦਾ ਕਾਫ਼ੀ ਹਿੱਸਾ ਸਾੜ ਕੇ ਸੁਆਹ ਕਰ ਦਿੱਤਾ। ਇਸ ਅਗਜ਼ਨੀ ਨੇ ਬਾਹਰੀ ਲਾਹੌਰ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ। ਇਸ ਤਬਾਹੀ ਬਾਰੇ ਇਕ ਤਾਰੀਖ਼ਦਾਨ ਨੇ ਆਖਿਆ ਸੀ ਕਿ "ਇਕ ਵਾਰ ਦਾ ਛੱਡਿਆ ਤੀਰ ਤੇ ਬੀਤ ਗਿਆ ਵਕਤ ਕਦੇ ਵਾਪਿਸ ਨਹੀਂ ਆਉਂਦਾ। ਸ਼ਹਿਰ ਤਬਾਹ ਹੋ ਚੁੱਕਾ ਸੀ।"[6] ਇਹ ਘਟਨਾ 1750 ਦੇ ਸ਼ੁਰੂ ਦੀ ਹੈ।

ਮੀਰ ਮੰਨੂ ਦੇ ਜ਼ੁਲਮ

ਮਾਰਚ 1750 ਵਿਚ ਸਿੱਖ ਫ਼ੌਜਾਂ ਵਲੋਂ ਲਾਹੌਰ ਦੀ ਲੁਟ-ਮਾਰ ਅਤੇ ਤਬਾਹੀ ਮਗਰੋਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ 'ਤੇ ਆਖ਼ਰਾਂ ਦੀ ਸਖ਼ਤੀ ਸ਼ੁਰੂ ਕਰ ਦਿੱਤੀ। ਮੀਰ ਮੰਨੂ ਨੇ ਵੀ ਸਿੱਖਾਂ ਦੇ ਸਿਰਾਂ ਦੇ ਈਨਾਮ ਰੱਖਣ ਦਾ ਐਲਾਨ ਕਰ ਦਿੱਤਾ। ਸ਼ਾਹੀ ਫ਼ੁਰਮਾਨ ਮੁਤਾਬਿਕ ਇਕ ਸਿੱਖ ਦਾ ਸਿਰ ਲਿਆਉਣ ਵਾਲੇ ਨੂੰ 10 ਰੁਪਏ ਮਿਲਣੇ ਸਨ। ਇੰਵ ਹੀ ਕਿਸੇ ਸਿੱਖ ਨਾਲ ਲੜਾਈ ਵਿਚ ਘੋੜਾ ਮਰਵਾ ਲੈਣ ਵਾਲੇ ਨੂੰ ਸ਼ਾਹੀ ਅਸਤਬਲ ਵਿਚੋਂ ਨਵਾਂ ਘੋੜਾ ਮਿਲਣਾ ਸੀ। ਇਸ ਸ਼ਾਹੀ ਐਲਾਨ ਮਗਰੋਂ ਹਜ਼ਾਰਾਂ ਸਿੱਖ ਗ੍ਰਿਫ਼ਤਾਰ ਕਰਵਾ ਦਿੱਤੇ ਗਏ। ਤਾਰੀਖ਼ਦਾਨ ਮਿਸਕਿਨ ਮੁਤਾਬਿਕ ਮੁਗ਼ਲ ਫ਼ੌਜੀ ਇਕ ਸਿੱਖ ਦੇ ਸਿਰ ਦੀ ਭਾਲ ਵਿਚ 80-90 ਕਿਲੋਮੀਟਰ ਤਕ ਵੀ ਮਾਰ ਮਾਰਦੇ ਹੁੰਦੇ ਸਨ। ਇਹ ਵੇਲਾ ਸਿੱਖਾਂ ਵਾਸਤੇ ਬੜਾ ਔਖਾ ਸਮਾਂ ਸੀ। ਇਸ ਸਮੇਂ ਵਿਚ ਬਹੁਤ ਸਾਰੇ ਸਿੱਖਾਂ ਨੇ ਸ਼ਹੀਦੀਆਂ ਪਾਈਆਂ। ਜ਼ੁਲਮ ਦਾ ਇਹ ਦੌਰ 6 ਮਹੀਨੇ ਚਲਦਾ ਰਿਹਾ। ਜੁਲਾਈ 1750 ਵਿਚ ਨਾਸਰ ਖ਼ਾਂ ਨੇ ਬਗ਼ਾਵਤ ਕਰ ਦਿੱਤੀ। ਸਿਤੰਬਰ 1750 ਵਿਚ ਸ਼ਾਹ ਨਵਾਜ਼ ਨੇ ਵੀ ਬਗ਼ਾਵਤ ਕਰ ਦਿੱਤੀ। ਇਨ੍ਹਾਂ ਬਗ਼ਾਵਤਾਂ ਕਰ ਕੇ ਮੁਗ਼ਲ ਸਰਕਾਰ ਦਾ ਧਿਆਨ ਬਾਗ਼ੀਆਂ ਨੂੰ ਦਬਾਉਣ ਵੱਲ ਹੋ ਗਿਆ। ਇਸ ਦੌਰਾਨ ਹੀ ਮੀਰ ਮੰਨੂ ਨੇ ਦੀਵਾਨ ਕੌੜਾ ਮਲ ਰਾਹੀਂ ਸਿੱਖਾਂ ਵੱਲ ਦੋਸਤੀ ਦਾ ਹੱਥ ਵਧਾਉਣ ਦੀ ਕੋਸ਼ਿਸ਼ ਵੀ ਕੀਤੀ। ਸਿੱਖਾਂ ਵਲੋਂ ਮਿਲੀ ਮਦਦ ਕਾਰਨ ਮੀਰ ਮੰਨੂ ਨੇ ਸਿੱਖਾਂ ਨੂੰ ਝਬਾਲ ਅਤੇ ਚੂਨੀਆਂ ਇਲਾਕੇ ਦਾ ਮਾਲੀਆ ਵਸੂਲ ਕਰਨ ਦੇ ਹੱਕ ਦੇ ਦਿੱਤੇ। ਹੁਣ ਸਿੱਖ ਫ਼ੌਜਾਂ ਦੀ ਮਦਦ ਨਾਲ ਦੀਵਾਨ ਕੌੜਾ ਮਲ ਨੇ

6. Miskin, *Tazkira-e-Tehmas*, pp. 68-69; Ali-ud-Din, *Ibratnama*, p. 111B; Hari Ram Gupta, *op.cit.*, Vol. II, pp. 103-04.

ਸ਼ਾਹ ਨਵਾਜ਼ ਦੀ ਬਗ਼ਾਵਤ ਦਬਾ ਦਿੱਤੀ। ਜਦੋਂ ਮੀਰ ਮੰਨੂ ਬਾਗ਼ੀਆਂ ਤੋਂ ਵਿਹਲਾ ਹੋ ਗਿਆ ਤਾਂ ਉਹ ਫੇਰ ਸਿੱਖਾਂ ਦੇ ਮਗਰ ਪੈ ਗਿਆ। ਹੁਣ ਫਿਰ ਉਸ ਨੇ ਸਿੱਖਾਂ ਨੂੰ ਬਾਗ਼ੀ ਐਲਾਨ ਕਰ ਦਿੱਤਾ ਅਤੇ ਸਿੱਖਾਂ ਦੇ ਕਤਲੇਆਮ ਵਾਸਤੇ ਹੁਕਮ ਜਾਰੀ ਕਰ ਦਿੱਤਾ। ਉਸ ਨੇ ਫੇਰ ਸਿੱਖਾਂ ਦੇ ਸਿਰ ਦੇ ਮੁਲ ਐਲਾਨ ਦਿੱਤੇ। ਇਸ ਵਾਰ ਉਸ ਨੇ ਇਹ ਐਲਾਨ ਵੀ ਕੀਤਾ ਕਿ ਸਿੱਖ ਨੂੰ ਪਨਾਹ ਦੇਣ ਵਾਲਾ ਵੀ ਮੁਜਰਿਮ ਗਿਣਿਆ ਜਾਏਗਾ। ਉਸ ਨੇ ਮੋਮਿਨ ਖ਼ਾਂ ਨੂੰ ਸਿੱਖਾਂ ਦੇ ਕਤਲੇਆਮ ਵਾਸਤੇ ਖ਼ਾਸ ਤੌਰ 'ਤੇ ਤਾਈਨਾਤ ਕੀਤਾ। ਮੋਮਿਨ ਖ਼ਾਂ ਨੂੰ ਫ਼ੌਜ ਦੇ ਦਸਤੇ, ਅਸਲਾ ਅਤੇ ਚੰਗੀ ਰਕਮ ਵੀ ਮੁਹੱਈਆ ਕੀਤੀ ਗਈ। ਇਸ 'ਤੇ ਸਿੱਖਾਂ ਨੂੰ ਇਕ ਵਾਰ ਫੇਰ ਘਰ-ਘਾਟ ਛਡਣੇ ਪਏ। ਇਸ ਵਾਰ ਦੀਵਾਨ ਕੌੜਾ ਮਲ ਵੀ ਕੁਝ ਨਾ ਕਰ ਸਕਿਆ।

ਸਿਤੰਬਰ 1751 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਫੇਰ ਹਮਲਾ ਕਰ ਦਿੱਤਾ। ਉਸ ਨੇ ਮੀਰ ਮੰਨੂ ਨੂੰ ਤਾਵਾਨ ਅਦਾ ਕਰਨ ਵਾਸਤੇ ਪੈਗ਼ਾਮ ਭੇਜਿਆ। ਮੰਨੂ ਨੇ ਦਿੱਲੀ ਦਰਬਾਰ ਤੋਂ ਮਦਦ ਮੰਗੀ ਪਰ ਉਨ੍ਹਾਂ ਮੰਨੂ ਦੀ ਅਰਜ਼ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। 5 ਮਾਰਚ 1752 ਦੇ ਦਿਨ ਹੋਈ ਲੜਾਈ ਵਿਚ ਦੀਵਾਨ ਕੌੜਾ ਮਲ ਮਾਰਿਆ ਗਿਆ[7] (ਬਹੁਤੇ ਤਾਰੀਖ਼ਦਾਨ ਇਸ ਗਲ ਬਾਰੇ ਇਕ ਰਾਏ ਹਨ ਕਿ ਦੀਵਾਨ ਦੇ ਮਾਰੇ ਜਾਣ ਪਿੱਛੇ ਜਲੰਧਰ ਦੇ ਹਾਕਮ ਅਦੀਨਾ ਬੇਗ ਅਤੇ ਬਜ਼ੀਦ ਖ਼ਾਂ ਦੀ ਸਾਜ਼ਿਸ਼ ਸੀ)। ਦੀਵਾਨ ਕੌੜਾ ਮਲ ਦੀ ਮੌਤ ਪਿੱਛੋਂ ਮੀਰ ਮੰਨੂ ਨੇ ਅਹਿਮਦ ਸ਼ਾਹ ਦੁਰਾਨੀ ਅੱਗੇ ਹਥਿਆਰ ਸੁੱਟ ਦਿੱਤੇ। 13 ਅਪਰੈਲ 1752 ਦੇ ਦਿਨ ਅਹਿਮਦ ਸ਼ਾਹ ਨੇ ਲਾਹੌਰ ਅਤੇ ਮੁਲਤਾਨ ਸੂਬਿਆਂ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ। ਉਸ ਨੇ ਮੀਰ ਮੰਨੂ ਨੂੰ ਆਪਣੀ ਤਰਫ਼ੋਂ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ।

ਮੀਰ ਮੰਨੂ ਵਲੋਂ ਜ਼ੁਲਮ ਦਾ ਨਵਾਂ ਦੌਰ

ਅਹਿਮਦ ਸ਼ਾਹ ਕੋਲੋਂ ਸੂਬੇਦਾਰੀ ਹਾਸਿਲ ਕਰਨ ਮਗਰੋਂ ਮੀਰ ਮੰਨੂ ਨੇ ਇਕ ਵਾਰ ਫੇਰ ਸਿੱਖਾਂ 'ਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਇਸ ਵਾਰ ਉਸ ਨੇ ਸਿਰਫ਼ ਸਿੱਖ ਮਰਦਾਂ ਨੂੰ ਹੀ ਨਹੀਂ, ਬਲਕਿ ਉਨ੍ਹਾਂ ਦੇ ਟੱਬਰਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਵੀ ਜਾਰੀ ਕਰ ਦਿੱਤੇ। ਉਸ ਨੇ ਸਿੱਖਾਂ ਦੇ ਸਿਰਾਂ ਦੇ ਮੁਲ ਫੇਰ ਐਲਾਨ ਕਰ ਦਿੱਤੇ। ਇਸ ਦੇ ਨਤੀਜੇ ਵਜੋਂ ਹਰ ਰੋਜ਼ ਦਰਜਨਾਂ ਅਤੇ ਕਈ ਵਾਰ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਜਾਂਦਾ ਸੀ। ਅਜਿਹੇ ਦਰਦਨਾਕ ਤੇ ਖ਼ੌਫ਼ਨਾਕ ਤਸੀਹਿਆਂ ਦੇ ਬਾਵਜੂਦ ਕਿਸੇ ਵੀ ਸਿੱਖ ਮਰਦ, ਔਰਤ ਜਾਂ ਬੱਚੇ ਨੇ ਆਪਣਾ ਈਮਾਨ ਨਹੀਂ ਛੱਡਿਆ। ਸਿੱਖ ਮਰਦਾਂ ਵਾਂਗ ਸਿੱਖ ਔਰਤਾਂ ਨੇ ਵੀ ਸਾਬਿਤ ਕਰ ਦਿੱਤਾ ਕਿ ਉਹ ਜ਼ੁਲਮ ਦੇ ਅੱਗੇ ਆਪਣਾ ਸਿਰ ਨਹੀਂ ਝੁਕਾਉਣਗੀਆਂ। ਜਿੱਥੇ ਲਖਪਤ ਰਾਏ ਨੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਸੀ, ਉੱਥੇ ਮੀਰ ਮੰਨੂ ਨੇ ਬੇਤਹਾਸ਼ਾ ਜ਼ੁਲਮ ਦਾ ਅਖ਼ੀਰ ਵੀ ਲੈ ਆਂਦਾ ਸੀ। ਸਿੱਖ ਕੌਮ ਨੇ ਅਜਿਹਾ ਜ਼ੁਲਮ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖਿਆ। [ਸਿਰਫ਼ 1984 ਦੇ ਵਹਿਸ਼ੀਆਨਾ

---

7. ਰਤਨ ਸਿੰਘ ਭੰਗੂ, ਸਫ਼ਾ 336; ਖ਼ੁਸ਼ਵਕਤ ਰਾਏ, ਸਫ਼ਾ 85-86.

ਕਤਲੇਆਮ ਅਤੇ (1992-95 ਦੌਰਾਨ) ਕੇ.ਪੀ.ਐਸ. ਗਿੱਲ—ਬੇਅੰਤ ਵੇਲੇ ਦੇ ਜ਼ੁਲਮਾਂ ਨੇ ਹੀ ਇਸ ਨੂੰ ਮਾਤ ਦਿੱਤੀ ਸੀ।] ਮੀਰ ਮੰਨੂ ਦੇ ਜ਼ੁਲਮਾਂ ਦੇ ਬਾਵਜੂਦ ਵੀ ਸਿੱਖ ਚੜ੍ਹਦੀ ਕਲਾ ਵਿਚ ਸਨ। ਉਨ੍ਹਾਂ ਨੂੰ ਕਈ-ਕਈ ਸਾਲਾਂ ਦੀ ਲੰਬੀ ਰਾਤ ਦੇ ਬਾਵਜੂਦ ਚਾਨਣ ਦੀ ਕਿਰਨ ਨਜ਼ਰ ਆਉਂਦੀ ਸੀ। ਉਨ੍ਹਾਂ ਨੂੰ ਯਕੀਨ ਸੀ ਕਿ ਅਕਾਲ ਪੁਰਖ ਉਨ੍ਹਾਂ ਦਾ ਇਮਤਿਹਾਨ ਲੈ ਰਹੇ ਹਨ ਤੇ ਉਹ ਇਸ ਇਮਤਿਹਾਨ ਵਿਚੋਂ ਵੀ ਸੁਰਖ਼ਰੂ ਹੋ ਕੇ ਨਿਕਲਣਗੇ। ਇਸ ਕਰ ਕੇ ਜ਼ੁਲਮ, ਤਸੀਹੇ, ਤਸ਼ੱਦਦ, ਕਤਲੇਆਮ ਤੇ ਕੈਦ ਉਨ੍ਹਾਂ ਨੂੰ ਡਰਾ ਨਹੀਂ ਸੀ ਸਕੇ। ਉਹ ਖ਼ੁਦ ਨੂੰ ਜ਼ਰਾ ਵੀ ਕਮਜ਼ੋਰ, ਉਦਾਸ, ਹੀਣੇ, ਨਿੰਮੋਝੂਣੇ, ਬੇਦਿਲ, ਬੇਹਿਸ, ਬੇਬਸ, ਬੇਕਸ ਮਹਿਸੂਸ ਨਹੀਂ ਕਰਦੇ ਸਨ। ਉਨ੍ਹਾਂ ਦੇ ਹੌਸਲੇ ਅਠ੍ਹਾਰਵੀਂ ਸਦੀ ਦੇ ਇਸ ਸਿੱਖ ਤਰਾਨੇ 'ਚੋਂ ਪੜ੍ਹੇ ਜਾ ਸਕਦੇ ਹਨ:

ਮੰਨੂ ਸਾਡੀ ਦਾਤਰੀ
ਅਸੀਂ ਮੰਨੂ ਦੇ ਸੋਏ
ਜਿਉਂ ਜਿਉਂ ਸਾਨੂੰ ਵਢਦਾ
ਅਸੀਂ ਸੌ ਸੌ ਦੂਣੇ ਹੋਏ।[8]

ਮਨੂ ਦੇ ਇਸ ਜ਼ੁਲਮ ਵਿਚ ਹਜ਼ਾਰਾਂ ਸਿੱਖ ਕਤਲ ਕੀਤੇ ਗਏ। ਲਾਹੌਰ ਦੇ ਨਖਾਸ ਚੌਕ ਵਿਚ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਕਤਲ ਕੀਤੇ ਜਾਂਦੇ ਸਨ। ਇਕ ਈਦ ਦੇ ਦਿਨ ਲਾਹੌਰ ਵਿਚ 1100 ਸਿੱਖਾਂ ਨੂੰ ਕਤਲ ਕੀਤਾ ਗਿਆ। ਇਕ ਅੰਦਾਜ਼ੇ ਮੁਤਾਬਿਕ ਮੀਰ ਮਨੂ ਦੇ ਹੁਕਮ ਨਾਲ ਇਕੱਲੇ ਨਖਾਸ ਚੌਕ ਲਾਹੌਰ ਵਿਚ 30,000 ਤੋਂ ਵੱਧ ਸਿੱਖ ਕਤਲ ਕੀਤੇ ਗਏ ਸਨ। ਜਦੋਂ ਸਿੱਖਾਂ ਦੀ ਗਿਣਤੀ ਘਟ ਗਈ ਤਾਂ ਮੀਰ ਮਨੂ ਨੇ ਸਿੱਖ ਦੇ ਸਿਰਾਂ ਦਾ ਮੁੱਲ 10 ਰੁਪਏ ਤੋਂ 25 ਰੁਪਏ ਕਰ ਦਿੱਤਾ।[9] ਮਨੂ ਨੇ ਕਤਲ ਕੀਤੇ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਉਸਰਵਾਏ। ਇਕ ਤਾਰੀਖ਼ਦਾਨ ਮੁਤਾਬਿਕ 'ਮਨੂ ਦੇ ਜ਼ੁਲਮਾਂ ਨੇ ਸਿੱਖਾਂ ਨੂੰ ਵਧੇਰੇ ਤਕੜਿਆਂ ਕੀਤਾ। ਉਹ ਜ਼ੁਲਮ ਵਿਚੋਂ ਹੋਰ ਮਜ਼ਬੂਤ ਹੋ ਕੇ ਨਿਕਲੇ। ਸ਼ਹੀਦਾਂ ਦੀ ਰਾਖ ਵਿਚੋਂ ਉਹ ਵਧੇਰੇ ਆਨ ਤੇ ਸ਼ਾਨ ਨਾਲ ਉਭਰੇ। ਮੰਨੂ ਦੇ ਜ਼ੁਲਮਾਂ ਨੇ ਸਿੱਖਾਂ ਵਿਚ ਇਤਹਾਦ ਲਿਆਂਦਾ। ਉਨ੍ਹਾਂ ਦੇ ਇਰਾਦੇ ਵਧੇਰੇ ਬੁਲੰਦ ਹੋਏ। ਅਜਿਹਾ ਜਾਪਦਾ ਸੀ ਕਿ ਸਿੱਖ ਕੌਮ ਇਕ ਵਧੇਰੇ ਬੁਲੰਦ ਹੌਸਲੇ ਨਾਲ ਉਭਰੇਗੀ ਅਤੇ ਮੰਨੂ ਦੇ ਜ਼ੁਲਮਾਂ ਦਾ ਹਿਸਾਬ ਜ਼ਰੂਰ ਲਵੇਗੀ।'[10]

ਪਰ ਅਕਾਲ ਪੁਰਖ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਸਿੱਖ ਲਖਪਤ ਰਾਏ ਵਾਂਗ ਮੀਰ ਮੰਨੂ ਨੂੰ ਵੀ ਆਪਣੇ ਹੱਥੀਂ ਸਜ਼ਾ ਦੇ ਸਕਦੇ। 3 ਨਵੰਬਰ 1753 ਦੇ ਦਿਨ ਮੀਰ ਮੰਨੂ ਮਰ ਗਿਆ ਤੇ ਇਸ ਦੇ ਨਾਲ ਹੀ ਸਿੱਖਾਂ 'ਤੇ ਜ਼ੁਲਮ ਦਾ ਉਨ੍ਹਾਂ ਵੇਲਿਆਂ ਦਾ ਸਭ ਤੋਂ ਵੱਧ ਵਹਿਸ਼ੀਆਨਾ ਦੌਰ ਖ਼ਤਮ ਹੋ ਗਿਆ।

---

8. Ali-ud-Din, p. 112.
9. ਨੂਰ ਮੁਹੰਮਦ ਚਿਸ਼ਤੀ, *ਤਹਿਰੀਕੇ ਚਿਸ਼ਤੀ*; Hari Ram Gupta, p. 115.
10. Hari Ram Gupta, p. 116; Brown, *Tracts,* Vol. II, p. 16, ਬਖ਼ਤ ਮਲ, *ਖਾਲਸਾ ਨਾਮਾ*, ਸਫ਼ਾ 67-68.

ਅਕਾਲ ਤਖ਼ਤ ਸਾਹਿਬ ਤੋਂ 'ਰਾਖੀ' ਦਾ ਐਲਾਨ

ਮੀਰ ਮੰਨੂ ਦੇ ਮਰਨ ਮਗਰੋਂ, ਸਿੱਖ ਕਈ ਸਾਲ ਮਗਰੋਂ ਮਾਰਚ 1754 ਵਿਚ ਪਹਿਲੀ ਵਾਰ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ। ਇਸ ਮੌਕੇ 'ਤੇ ਹੋਏ ਇਕ ਸਰਬਤ ਖਾਲਸਾ ਇਕੱਠ ਵਿਚ ਸਿੱਖ ਕੌਮ ਨੇ ਪੰਜਾਬੀਆਂ ਨੂੰ 'ਰਾਖੀ' (ਹਿਫ਼ਾਜ਼ਤ) ਦੇਣ ਦਾ ਗੁਰਮਤਾ ਕੀਤਾ।[11] ਇਸ ਮੁਤਾਬਿਕ ਕਿਸਾਨਾਂ ਅਤੇ ਵਪਾਰੀਆਂ ਨੇ ਸਿੱਖਾਂ ਨੂੰ ਮਾਲੀਆ ਦੇਣਾ ਸੀ ਤੇ ਇਸ ਬਦਲੇ ਸਿੱਖਾਂ ਨੇ ਉਨ੍ਹਾਂ ਨੂੰ ਅਫ਼ਗਾਨ ਧਾੜਵੀਆਂ ਅਤੇ ਮੁਗ਼ਲ ਫ਼ੌਜਾਂ ਤੋਂ ਹਿਫ਼ਾਜ਼ਤ ਦੇਣੀ ਸੀ। ਸਿੱਖਾਂ ਵਲੋਂ ਮਿਲੀ ਇਹ ਪੇਸ਼ਕਸ਼ ਵਪਾਰੀਆਂ ਅਤੇ ਖ਼ਾਸ ਕਰ ਕੇ ਕਿਸਾਨਾਂ ਵਾਸਤੇ ਇਕ ਗ਼ੈਬੀ ਤੋਹਫ਼ਾ ਸੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਕਿਸਾਨਾਂ ਨੂੰ ਆਪਣੀ ਫ਼ਸਲ; ਅਤੇ ਸ਼ਾਹੂਕਾਰ ਤੇ ਵਪਾਰੀ ਨੂੰ ਆਪਣੀ ਦੌਲਤ ਅਤੇ ਜਿਣਸ ਦਾ, ਮੁਗ਼ਲਾਂ ਅਤੇ ਅਹਿਮਦ ਸ਼ਾਹ ਹੱਥੋਂ ਲੁੱਟੇ ਜਾਣ ਦਾ, ਹਮੇਸ਼ਾ ਡਰ ਰਹਿੰਦਾ ਸੀ। ਪੰਜਾਬ 'ਚ ਇਹ ਅਖਾਣ ਆਮ ਤੌਰ 'ਤੇ ਮਸ਼ਹੂਰ ਸੀ: 'ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ।' ਪੰਜਾਬ ਦੇ ਕਿਸਾਨਾਂ ਨੇ ਬੜੀ ਖ਼ੁਸ਼ੀ ਨਾਲ ਸਿੱਖਾਂ ਦੀ 'ਰਾਖੀ' ਦੀ ਪੇਸ਼ਕਸ਼ ਕਬੂਲ ਕੀਤੀ। ਪੰਜਾਬ ਦਾ ਬਹੁਤ ਸਾਰਾ ਹਿੱਸਾ ਹੁਣ ਸਿੱਖਾਂ ਦੀ ਪਨਾਹ ਹੇਠ ਸੀ।

ਦੂਜੇ ਪਾਸੇ ਮੀਰ ਮੰਨੂ ਦੀ ਮੌਤ ਮਗਰੋਂ ਉਸ ਦਾ ਨਾਬਾਲਗ ਪੁੱਤਰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ। ਮੀਰ ਦੀ ਬੇਵਾ ਮੁਗ਼ਲਾਨੀ ਬੇਗਮ ਉਸ ਦੀ ਗਾਰਡੀਅਨ ਬਣੀ। ਪਰ, ਮਈ 1754 ਵਿਚ ਬੇਗਮ ਨੇ ਆਪਣੇ ਆਪ ਨੂੰ ਸੂਬੇਦਾਰ ਐਲਾਨ ਕਰ ਦਿੱਤਾ। ਲਾਹੌਰ ਦਰਬਾਰ ਦੀ ਇਸ ਸਿਆਸੀ ਬੇਯਕੀਨੀ ਦੀ ਹਾਲਤ ਨੇ ਸਿੱਖਾਂ ਨੂੰ ਬੜੀ ਰਾਹਤ ਦਿੱਤੀ। ਇਸ ਸਮੇਂ ਦੌਰਾਨ ਸਿੱਖਾਂ ਨੇ ਆਪਣੇ ਆਪ ਨੂੰ ਇਕ ਵਾਰ ਫੇਰ ਪੂਰੀ ਤਰ੍ਹਾਂ ਜਥੇਬੰਦ ਕਰ ਲਿਆ। ਇੰਞ ਹੀ 'ਰਾਖੀ' ਦੀ ਰਕਮ ਨਾਲ ਉਹ ਮਾਲੀ ਤੌਰ 'ਤੇ ਵੀ ਬੜੇ ਸੌਖੇ ਹੋ ਗਏ। ਹੁਣ ਸਿੱਖਾਂ ਨੇ ਜ਼ੁਲਮ ਕਰਨ ਵਾਲੇ ਅਤੇ ਮੁਖ਼ਬਰੀ ਕਰਨ ਵਾਲੇ ਟਾਊਟਾਂ ਨੂੰ ਸਜ਼ਾ ਦੇਣੀ ਸ਼ੁਰੂ ਕਰ ਦਿੱਤੀ। ਇਸ ਮੁਹਿੰਮ ਵਿਚ ਜ਼ਾਲਮਾਂ ਅਤੇ ਟਾਊਟਾਂ ਦਾ ਚੋਖੀ ਗਿਣਤੀ ਵਿਚ ਸਫ਼ਾਇਆ ਹੋ ਗਿਆ। ਇਨ੍ਹਾਂ ਮੁਜਰਿਮਾਂ ਦੀ ਜਾਇਦਾਦ ਤੋਂ ਵੀ ਸਿੱਖਾਂ ਨੂੰ ਕਾਫ਼ੀ ਦੌਲਤ ਹਾਸਿਲ ਹੋਈ। ਇਸ ਨਾਲ ਸਿੱਖਾਂ ਦੇ ਖ਼ਜ਼ਾਨੇ ਚੰਗੇ ਭਰ ਗਏ। ਇਕ ਕਮਜ਼ੋਰ ਮੁਗ਼ਲ ਹਕੂਮਤ ਅਤੇ ਅਹਿਮਦ ਸ਼ਾਹ ਦੇ ਹਮਲੇ ਦਾ ਖ਼ਦਸ਼ਾ ਨਾ ਹੋਣ ਕਰ ਕੇ ਹੁਣ ਸਾਰੇ ਸਿੱਖ ਹੋਮਲੈਂਡ ਵਿਚ ਸਿੱਖਾਂ ਦਾ ਬੋਲਬਾਲਾ ਸੀ। ਦੂਜੇ ਮਾਅਨਿਆਂ ਵਿਚ ਪੰਜਾਬ ਦੇ ਅਸਲ ਹਾਕਮ ਤਾਂ ਸਿੱਖ ਹੀ ਸਨ। ਹੁਣ ਫੇਰ ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਮਰਕਜ਼ ਬਣ ਗਏ ਸਨ। ਇਨ੍ਹਾਂ ਦਿਨਾਂ ਵਿਚ ਹੀ ਸ: ਜੱਸਾ ਸਿੰਘ (ਰਾਮਗੜ੍ਹੀਆ) ਨੇ ਰਾਮਰੌਣੀ ਕਿਲ੍ਹੇ ਨੂੰ ਆਪਣੇ ਇੰਤਜ਼ਾਮ ਹੇਠ ਲੈ ਕੇ ਇਸ ਦੀ ਮੁੜ-ਉਸਾਰੀ ਕੀਤੀ। ਸਾਰੇ ਸਿੱਖ ਫ਼ੌਜੀਆਂ ਨੇ ਇਸ ਕਿਲ੍ਹੇ ਦੀ ਉਸਾਰੀ ਵਿਚ ਭਰਪੂਰ ਹਿੱਸਾ ਪਾਇਆ। ਤਿਆਰ ਹੋਣ ਮਗਰੋਂ ਕਿਲ੍ਹੇ ਦਾ ਨਾਂ ਰਾਮਗੜ੍ਹ ਰਖਿਆ ਗਿਆ। (ਇਸੇ

11. Hari Ram Gupta, pp. 126-28; Brown, p. vii; Sohan Lal Suri, Vol. II, p. 5, ਗਣੇਸ਼ ਦਾਸ, *ਚਾਰ ਬਾਗ਼ੇ ਪੰਜਾਬ,* ਸਫ਼ਾ 297; K.S. Thapar, *op.cit.*, p. 289, ਥਾਪਰ ਮੁਤਾਬਿਕ ਰਾਖੀ ਵਿਚ ਮਿਸਲਾਂ ਨੇ ਆਪੋ-ਆਪਣੇ ਇਲਾਕੇ ਵਿਚ ਸ਼ੁਰੂ ਕੀਤੀ ਸੀ ਤੇ ਇਸ ਨੂੰ ਸਰਬੱਤ ਖਾਲਸਾ ਨੇ 1754 ਵਿਚ ਇਕ ਗੁਰਮਤੇ ਰਾਹੀਂ ਮਨਜ਼ੂਰੀ ਦਿੱਤੀ ਸੀ। ਮਗਰੋਂ 1758 ਵਿਚ ਹਰ ਮਿਸਲ ਦੀ ਰਾਖੀ ਵਾਲੇ ਇਲਾਕੇ ਨੂੰ ਉਸ ਮਿਸਲ ਦੀ ਰਿਆਸਤ ਮੰਨ ਲਿਆ ਗਿਆ ਸੀ।

ਰਾਮਗੜ੍ਹ ਕਰ ਕੇ ਸ: ਜੱਸਾ ਸਿੰਘ ਨੂੰ 'ਰਾਮਗੜ੍ਹੀਆ' ਆਖਿਆ ਜਾਣ ਲੱਗ ਪਿਆ)। ਇਸ ਕਿਲ੍ਹੇ ਦੀ ਤਿਆਰੀ ਮਗਰੋਂ ਸਿੱਖ ਫ਼ੌਜਾਂ ਕੋਲ ਸਿਰ ਛੁਪਾਣ ਵਾਸਤੇ ਇਕ ਚੰਗੀ ਮਹਿਫ਼ੂਜ਼ ਪਨਾਹਗਾਹ ਹੋ ਗਈ ਸੀ।

ਲਾਹੌਰ 'ਤੇ ਹਮਲੇ ਦਾ ਗੁਰਮਤਾ

ਰਾਖੀ, ਖਾਲਸਾ ਫ਼ੌਜ ਦਾ ਜਥੇਬੰਦ ਹੋਣਾ, ਲਾਹੌਰ ਵਿਚ ਕਮਜ਼ੋਰ ਹਕੂਮਤ, ਅਹਿਮਦ ਸ਼ਾਹ ਦਾ ਪੰਜਾਬ ਨਾ ਆਉਣਾ, ਸਿੱਖਾਂ ਦਾ ਸਿੱਖ ਹੋਮਲੈਂਡ ਦੇ ਅਸਲ ਹਾਕਮ ਬਣਨ ਦਾ ਕਾਰਨ ਬਣਿਆ। ਅਜਿਹੀ ਹਾਲਤ ਵਿਚ ਅਕਤੂਬਰ 1754 ਵਿਚ ਖਾਲਸਾ ਫ਼ੌਜਾਂ ਦੇ ਮੁਖੀਆਂ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਹਾਜ਼ਿਰ ਖਾਲਸਾ ਜਰਨੈਲਾਂ ਨੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਹਮਲਾ ਕੀਤਾ ਜਾਵੇ। ਸਿੱਖਾਂ ਨੇ ਬਿਨਾਂ ਕੋਈ ਦੇਰ ਲਾਏ ਸ: ਚੇਤ ਸਿੰਘ ਤੇ ਸ: ਹਰੀ ਸਿੰਘ ਦੀ ਕਮਾਨ ਹੇਠ ਲਾਹੌਰ 'ਤੇ ਹਮਲਾ ਕੀਤਾ ਤੇ ਬਹੁਤ ਸਾਰਾ ਮਾਲ ਤੇ ਦੌਲਤ ਹਾਸਿਲ ਕੀਤੀ। 1754 ਦੇ ਆਖ਼ਰੀ ਦਿਨਾਂ ਵਿਚ ਖਾਲਸਾ ਫ਼ੌਜਾਂ ਨੇ ਅੰਬਾਲਾ ਅਤੇ ਸਰਹੰਦ 'ਤੇ ਵੀ ਹਮਲਾ ਕੀਤਾ। ਇਨ੍ਹਾਂ ਹਮਲਿਆਂ ਵਿਚ ਵੀ ਸਿੱਖਾਂ ਦੇ ਹੱਥ ਬਹੁਤ ਸਾਰਾ ਮਾਲ ਤੇ ਦੌਲਤ ਆਈ। ਮਾਰਚ 1755 ਵਿਚ ਜਲੰਧਰ ਦੇ ਹਾਕਮ ਅਦੀਨਾ ਬੇਗ ਨੇ ਖਾਲਸਾ ਫ਼ੌਜਾਂ ਦੇ ਨੇੜੇ ਆਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਖਾਂ ਤੋਂ ਪੁਤੇਲ ਖ਼ਾਂ ਰੁਹੀਲਾ ਦੇ ਖ਼ਿਲਾਫ਼ ਲੜਾਈ ਵਿਚ ਮਦਦ ਦੀ ਮੰਗ ਕੀਤੀ। ਸਿੱਖ ਉਸ ਦੀ ਮਦਦ ਕਰਨਾ ਮੰਨ ਗਏ। 11 ਅਪਰੈਲ 1755 ਦੇ ਦਿਨ ਹੋਈ ਇਸ ਲੜਾਈ ਵਿਚ ਰੁਹੀਲਾ ਮਰ ਗਿਆ। ਇਸ ਜੰਗ ਤੋਂ ਸਿੱਖਾਂ ਨੂੰ ਬੜਾ ਮਾਲੀ ਫ਼ਾਇਦਾ ਹੋਇਆ।

ਸਿੱਖਾਂ ਨੇ ਹਕੂਮਤ ਕਾਇਮ ਕੀਤੀ

ਜੂਨ 1755 ਵਿਚ ਖਾਲਸਾ ਫ਼ੌਜਾਂ ਨੇ ਨਾਰਨੌਲ, ਕਰਨਾਲ ਅਤੇ ਜੈਪੁਰ 'ਤੇ ਵੀ ਹਮਲੇ ਕੀਤੇ ਤੇ ਬਹੁਤ ਸਾਰਾ ਮਾਲ, ਅਸਬਾਬ ਤੇ ਦੌਲਤ ਲੁੱਟੀ। ਨਵੰਬਰ ਵਿਚ ਸਿੱਖਾਂ ਨੇ ਫ਼ਤਹਿਬਾਦ 'ਚ ਆਪਣੀ ਹਕੂਮਤ ਕਾਇਮ ਕਰਨ ਦਾ ਐਲਾਨ ਕਰ ਦਿੱਤਾ। ਇਸ ਮੌਕੇ 'ਤੇ ਅਦੀਨਾ ਬੇਗ ਕੁਝ ਨਾ ਕਰ ਸਕਿਆ। 1756 ਦੀ ਅਪਰੈਲ 'ਚ ਸਿੱਖਾਂ ਨੇ ਫੇਰ ਲਾਹੌਰ 'ਤੇ ਹਮਲਾ ਕੀਤਾ। ਇਕ ਮਹੀਨੇ ਦੇ ਅੰਦਰ-ਅੰਦਰ ਹੀ ਸਿੱਖਾਂ ਨੇ ਕਲਾਨੌਰ, ਬਟਾਲਾ ਅਤੇ ਅੰਮ੍ਰਿਤਸਰ 'ਤੇ ਵੀ ਕਬਜ਼ਾ ਕਰ ਲਿਆ। 1756 ਤਕ ਪੰਜਾਬ ਦੇ ਬਹੁਤੇ ਹਿੱਸੇ 'ਤੇ ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਅਦੀਨਾ ਬੇਗ ਸਿਰਫ਼ ਥੋੜ੍ਹੇ ਜਿਹੇ ਇਲਾਕੇ ਦਾ ਹੀ ਹਾਕਮ ਸੀ। ਮੁਗ਼ਲਾਂ ਵਲੋਂ ਥਾਪੀ ਹੋਈ ਲਾਹੌਰ ਦੀ ਸੂਬੇਦਾਰਨ ਮੁਗ਼ਲਾਨੀ ਬੇਗਮ ਦੀ ਹਕੂਮਤ ਸਹੀ ਮਾਅਨਿਆਂ ਵਿਚ ਸਿਰਫ਼ ਲਾਹੌਰ ਸ਼ਹਿਰ ਵਿਚ ਹੀ ਕਾਇਮ ਸੀ। ਸਮੁੱਚੇ ਰੂਪ ਵਿਚ ਹੁਣ ਪੰਜਾਬ 'ਚ ਸਿਰਫ਼ ਸਿੱਖਾਂ ਦੀ ਹੀ ਹਕੂਮਤ ਸੀ।

ਜਦੋਂ ਮੁਗ਼ਲਾਨੀ ਬੇਗਮ ਨੇ ਵੇਖਿਆ ਕਿ ਹੁਣ ਉਸ ਦੇ ਖ਼ਜ਼ਾਨੇ ਵਿਚ ਕੋਈ ਰਕਮ ਨਹੀਂ ਆ ਰਹੀ ਤਾਂ ਉਸ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਪੰਜਾਬ 'ਤੇ ਹਮਲਾ ਕਰਨ ਵਾਸਤੇ ਸੱਦਾ ਭੇਜਿਆ। ਅਹਿਮਦ ਸ਼ਾਹ 20 ਦਿਸੰਬਰ 1756 ਦੇ ਦਿਨ ਲਾਹੌਰ ਪੁੱਜਾ। ਉਹ

ਇੱਥੋਂ ਟੁਰ ਕੇ 28 ਜਨਵਰੀ 1757 ਦੇ ਦਿਨ ਦਿੱਲੀ ਪਹੁੰਚ ਗਿਆ। ਅਹਿਮਦ ਸ਼ਾਹ ਦੀ ਫ਼ੌਜ ਨੇ ਦਿੱਲੀ 'ਚ ਖ਼ੂਬ ਲੁੱਟ ਮਚਾਈ ਤੇ ਲੋਕਾਂ 'ਤੇ ਬੇਹੱਦ ਜ਼ੁਲਮ ਕੀਤੇ। ਅਚਾਨਕ ਉਨ੍ਹੀਂ ਦਿਨੀਂ ਹੈਜ਼ੇ ਦੀ ਬੀਮਾਰੀ ਫ਼ੈਲ ਗਈ, ਜਿਸ ਨੇ ਅਹਿਮਦ ਸ਼ਾਹ ਦੇ ਸੈਂਕੜੇ ਫ਼ੌਜੀਆਂ ਦੀਆਂ ਜਾਨਾਂ ਲੈ ਲਈਆਂ। ਇਸ ਹਾਲਤ ਨੇ ਅਹਿਮਦ ਸ਼ਾਹ ਨੂੰ ਦਿੱਲੀ ਤੋਂ ਵਾਪਿਸ ਮੁੜਨ 'ਤੇ ਮਜਬੂਰ ਕਰ ਦਿੱਤਾ।

ਦਿੱਲੀ ਤੋਂ ਵਤਨ ਮੁੜ ਜਾਣ ਤੋਂ ਪਹਿਲਾਂ ਅਹਿਮਦ ਸ਼ਾਹ ਨੇ ਲੁੱਟ ਦਾ ਸਾਰਾ ਮਾਲ ਗੱਡਿਆਂ, ਖੋਤਿਆਂ ਅਤੇ ਘੋੜਿਆਂ 'ਤੇ ਲੱਦ ਕੇ ਸਿੱਧਾ ਆਪਣੇ ਵਤਨ ਵੱਲ ਟੋਰ ਦਿੱਤਾ। ਇਸ ਖ਼ਜ਼ਾਨੇ ਦੇ ਨਾਲ ਉਸ ਦਾ ਪੁੱਤਰ ਅਤੇ ਹਜ਼ਾਰਾਂ ਸਿਪਾਹੀ ਵੀ ਭੇਜੇ ਗਏ। ਜਦੋਂ ਖ਼ਜ਼ਾਨੇ ਦੀ ਵਹੀਰ ਪਟਿਆਲੇ ਨੇੜੇ ਸਨੌਰ ਪਿੰਡ ਕੋਲ ਪੁੱਜੀ ਤਾਂ ਖ਼ਾਲਸਾ ਫ਼ੌਜਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਤੇ ਅਹਿਮਦ ਸ਼ਾਹ ਦੀ ਲੁੱਟ ਦੇ ਮਾਲ ਨੂੰ ਕਾਫ਼ੀ ਹੌਲਾ ਕਰ ਦਿੱਤਾ। ਇਸ ਮਗਰੋਂ ਵੀ ਖ਼ਾਲਸਾ ਫ਼ੌਜਾਂ ਇਸ ਵਹੀਰ 'ਤੇ ਗੁਰੀਲਾ ਹਮਲਾ ਕਰਦੀਆਂ ਰਹੀਆਂ ਤੇ ਇਹ ਹਮਲੇ ਉਦੋਂ ਤਕ ਜਾਰੀ ਰਹੇ, ਜਦੋਂ ਤਕ ਅਹਿਮਦ ਸ਼ਾਹ ਦੀਆਂ ਫ਼ੌਜਾਂ ਝਨਾਂ ਦਰਿਆ ਪਾਰ ਨਾ ਕਰ ਗਈਆਂ।[12]

ਅਹਿਮਦ ਸ਼ਾਹ ਵਲੋਂ ਸਿੱਖਾਂ 'ਤੇ ਜ਼ੁਲਮ

ਜਦੋਂ ਅਹਿਮਦ ਸ਼ਾਹ ਨੂੰ ਸਿੱਖਾਂ ਵਲੋਂ ਉਸ ਦੀ ਲੁੱਟ ਦਾ ਮਾਲ ਲੁੱਟਣ ਦੀ ਖ਼ਬਰ ਮਿਲੀ ਤਾਂ ਉਸ ਨੇ ਸਿੱਖਾਂ ਨਾਲ ਦੋ-ਹੱਥ ਕਰਨ ਦਾ ਫ਼ੈਸਲਾ ਕੀਤਾ। ਪਰ ਦੂਜੇ ਪਾਸੇ ਖ਼ਾਲਸਾ ਫ਼ੌਜਾਂ ਨੇ ਗੁਰਮਤਾ ਕਰ ਲਿਆ ਕਿ ਅਜੇ ਅਹਿਮਦ ਸ਼ਾਹ ਨਾਲ ਸਿੱਧੀ ਲੜਾਈ ਨਾ ਲੜੀ ਜਾਏ। ਇਸ ਕਰ ਕੇ ਖ਼ਾਲਸਾ ਫ਼ੌਜਾਂ ਜਰਨੈਲੀ ਸੜਕ ਦੇ ਇਲਾਕੇ ਤੋਂ ਦੂਰ ਨਿਕਲ ਗਈਆਂ। ਇਸ ਦੌਰਾਨ 2 ਅਪਰੈਲ 1757 ਦੇ ਦਿਨ ਅਹਿਮਦ ਸ਼ਾਹ ਨੇ ਅੰਮ੍ਰਿਤਸਰ 'ਤੇ ਹਮਲਾ ਕਰ ਕੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਅਹਿਮਦ ਸ਼ਾਹ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਾਹ ਦਿੱਤਾ ਅਤੇ ਅੰਮ੍ਰਿਤਸਰ ਸਰੋਵਰ ਨੂੰ ਇਸ ਦੇ ਮਲਬੇ ਨਾਲ ਪੂਰ ਦਿੱਤਾ। ਇਸ ਤੋਂ ਕੁਝ ਹੀ ਦਿਨ ਮਗਰੋਂ ਅਹਿਮਦ ਸ਼ਾਹ ਦੀ ਰਿਆਸਤ ਵਿਚ ਤੁਰਕਿਸਤਾਨੀਆਂ ਨੇ ਬਗ਼ਾਵਤ ਕਰ ਦਿੱਤੀ ਤੇ ਅਹਿਮਦ ਸ਼ਾਹ ਨੂੰ ਵਾਪਿਸ ਪਰਤਣਾ ਪਿਆ। ਅਹਿਮਦ ਸ਼ਾਹ ਨੇ ਪੰਜਾਬ ਤੋਂ ਜਾਣ ਤੋਂ ਪਹਿਲਾਂ ਏਥੋਂ ਦੀ ਹਕੂਮਤ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਸੌਂਪ ਦਿੱਤੀ ਤੇ ਜਹਾਨ ਖ਼ਾਂ ਨੂੰ ਫ਼ੌਜਾਂ ਦਾ ਜਰਨੈਲ ਬਣਾ ਦਿੱਤਾ। ਹੁਣ ਤੈਮੂਰ ਨੇ ਵੀ ਸਿੱਖਾਂ ਨੂੰ ਖ਼ਤਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਤੈਮੂਰ ਦੇ ਹੁਕਮਾਂ ਅਤੇ ਜਹਾਨ ਖ਼ਾਂ ਦੀ ਅਗਵਾਈ ਹੇਠ ਦੁਰਾਨੀ ਦੀਆਂ ਫ਼ੌਜਾਂ ਨੇ ਬਹੁਤ ਸਾਰੇ ਸਿੱਖ ਸ਼ਹੀਦ ਕਰ ਦਿੱਤੇ।

ਬਾਬਾ ਦੀਪ ਸਿੰਘ ਦੀ ਸ਼ਹੀਦੀ

ਉਨ੍ਹਾਂ ਦਿਨਾਂ ਵਿਚ ਬਾਬਾ ਦੀਪ ਸਿੰਘ ਦੀ ਮਿਸਲ ਦਾ ਡੇਰਾ ਤਲਵੰਡੀ ਸਾਬੋ ਵਿਚ ਸੀ। ਅਹਿਮਦ ਸ਼ਾਹ ਅਤੇ ਤੈਮੂਰ ਵਲੋਂ ਸਿੱਖਾਂ 'ਤੇ ਜ਼ੁਲਮ ਕਰਨ ਅਤੇ ਅਕਾਲ ਤਖ਼ਤ

---

12. ਅਹਿਮਦ ਸ਼ਾਹ ਬਟਾਲੀਆ, *ਤਾਰੀਖ਼ੇ-ਹਿੰਦ*, ਸਫ਼ਾ 873; Malcom, *Sketch of the Sikhs*, p. 93; ਬਖ਼ਤ ਮਲ, *ਖ਼ਾਲਸਾ ਨਾਮਾ*, ਸਫ਼ਾ 77.

ਸਾਹਿਬ, ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਕਰਨ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਤਕ ਪੁੱਜੀ ਤਾਂ ਉਨ੍ਹਾਂ ਨੇ ਸਭ ਕੁਝ ਛੱਡ ਕੇ ਦੁਰਾਨੀ ਦੀ ਫ਼ੌਜ ਨਾਲ ਦੋ-ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਨਵੰਬਰ 1757 ਦੇ ਸ਼ੁਰੂ ਵਿਚ ਬਾਬਾ ਦੀਪ ਸਿੰਘ ਕੁਝ ਸਾਥੀਆਂ ਸਣੇ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਚਲ ਪਏ। ਰਸਤੇ ਵਿਚ ਹਰ ਥਾਂ ਤੋਂ ਸਿੱਖ ਬਾਬਾ ਦੀਪ ਸਿੰਘ ਦੇ ਜਥੇ ਵਿਚ ਸ਼ਾਮਿਲ ਹੁੰਦੇ ਗਏ। ਤਰਨਤਾਰਨ ਦੇ ਨੇੜੇ ਪੁੱਜਣ ਤਕ ਇਹ ਜਥਾ 7-8 ਹਜ਼ਾਰ ਤੋਂ ਵੀ ਵੱਡਾ ਹੋ ਚੁੱਕਾ ਸੀ। ਅੰਮ੍ਰਿਤਸਰ ਦੇ ਨੇੜੇ ਅਫ਼ਗਾਨ ਫ਼ੌਜਾਂ ਸਿੱਖਾਂ ਦਾ ਮੂੰਹ ਮੋੜਨ ਵਾਸਤੇ ਤਿਆਰ ਖੜੀਆਂ ਸਨ। ਪਰ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਰੋਕਣ ਵਾਸਤੇ ਆਏ ਇਹ ਸਿੱਖ 'ਸੀਸ ਤਲੀ 'ਤੇ ਰੱਖ ਕੇ' ਆਏ ਸਨ। ਉਨ੍ਹਾਂ ਦਾ ਤਾਂ ਨਿਸ਼ਾਨਾ ਹੀ ਇਹੀ ਸੀ ਕਿ ਜਾਂ ਤਾਂ ਦਰਬਾਰ ਸਾਹਿਬ ਨੂੰ ਅਫ਼ਗਾਨਾਂ ਤੋਂ ਆਜ਼ਾਦ ਕਰਵਾ ਲੈਣਾ ਹੈ ਜਾਂ ਫਿਰ ਸ਼ਹੀਦੀ ਹਾਸਿਲ ਕਰ ਲੈਣੀ ਹੈ। 11 ਨਵੰਬਰ 1757 ਦੇ ਦਿਨ ਅੰਮ੍ਰਿਤਸਰ ਵਿਚ ਲਹੂ-ਵੀਟਵੀਂ ਲੜਾਈ ਹੋਈ। ਇਸ ਲੜਾਈ ਵਿਚ ਸਿੱਖ ਅਤੇ ਅਫ਼ਗਾਨ ਦੋਵੇਂ ਜੀਅ-ਜਾਨ ਨਾਲ ਲੜੇ। ਇਸ ਲੜਾਈ ਵਿਚ 17-18 ਹਜ਼ਾਰ ਅਫ਼ਗਾਨ ਸਿਪਾਹੀ ਮਾਰੇ ਗਏ ਅਤੇ ਅੱਠ ਹਜ਼ਾਰ ਸਿੱਖ ਵੀ ਸ਼ਹੀਦ ਹੋਏ।[13] ਸ਼ਹੀਦ ਹੋਣ ਵਾਲਿਆਂ ਵਿਚ ਬਾਬਾ ਦੀਪ ਸਿੰਘ ਵੀ ਸਨ, ਜਿਨ੍ਹਾਂ ਨੇ ਵਡੇਰੀ ਉਮਰ ਹੋਣ ਦੇ ਬਾਵਜੂਦ ਬੜੀ ਬਹਾਦਰੀ ਨਾਲ ਸ੍ਰੀ ਸਾਹਿਬ ਵਾਹੀ। ਉਹ ਲੜਦੇ-ਲੜਦੇ ਦਰਬਾਰ ਸਾਹਿਬ ਵੱਲ ਵਧਦੇ ਗਏ। ਗੁਰਦੁਆਰਾ ਸ਼ਹੀਦਾਂ ਲਾਗੇ ਉਨ੍ਹਾਂ ਦੀ ਗਰਦਨ 'ਤੇ ਤਲਵਾਰ ਦਾ ਇਕ ਜ਼ੋਰ ਦਾ ਵਾਰ ਹੋਇਆ, ਜਿਸ ਨਾਲ ਉਨ੍ਹਾਂ ਦੀ ਧੌਣ ਕਾਫ਼ੀ ਹੱਦ ਤਕ ਕੱਟੀ ਗਈ, ਪਰ ਉਹ ਇਕ ਹੱਥ ਨਾਲ ਸਿਰ ਤੇ ਗਰਦਨ ਨੂੰ ਸੰਭਾਲਦੇ ਹੋਏ ਦੂਜੇ ਹੱਥ ਨਾਲ ਤਲਵਾਰ ਵਾਹੁੰਦੇ ਗਏ। ਅਖ਼ੀਰ ਅੰਮ੍ਰਿਤਸਰ ਸਰੋਵਰ ਦੀ ਦੱਖਣੀ ਬਾਹੀ ਕੋਲ ਆ ਕੇ ਉਹ ਸ਼ਹੀਦ ਹੋ ਗਏ। ਉਨ੍ਹਾਂ ਦੀ ਇਸ ਬਹਾਦਰੀ ਤੋਂ 'ਸਿਰ ਤਲੀ 'ਤੇ ਰੱਖ ਕੇ ਲੜਨ' ਵਾਲੇ ਮੁਹਾਵਰੇ ਦੀ ਇਹ ਅਤਿਕਥਨੀ ਵੀ ਚਲ ਪਈ ਕਿ ਉਨ੍ਹਾਂ ਦੀ ਧੌਣ ਵੱਢੀ ਗਈ ਸੀ ਤੇ ਉਨ੍ਹਾਂ ਆਪਣਾ ਸੀਸ ਹੱਥ 'ਤੇ ਰੱਖ ਕੇ ਬਾਕੀ ਦੀ ਲੜਾਈ ਲੜੀ।

ਇਹ ਗੱਲ ਇਤਫ਼ਾਕ ਦੀ ਹੈ ਕਿ ਜਦੋਂ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਸਿੱਖ ਦਰਬਾਰ ਸਾਹਿਬ ਦਾ ਅਦਬ ਕਾਇਮ ਰੱਖਣ ਵਾਸਤੇ ਅਤੇ ਆਪਣੀ ਖ਼ੁਦਮੁਖ਼ਤਿਆਰੀ ਵਾਸਤੇ ਲੜ ਰਹੇ ਸਨ, ਉਸ ਵੇਲੇ ਅੰਗਰੇਜ਼ ਵੀ ਭਾਰਤ 'ਚ ਆਪਣੀ ਹਕੂਮਤ ਕਾਇਮ ਕਰਨ ਵਾਸਤੇ ਬੜੀਆਂ ਤੇਜ਼ ਪੁਲਾਂਘਾਂ ਪੁੱਟ ਰਹੇ ਸਨ। ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਤਿੰਨ ਦਿਨ ਬਾਅਦ 14 ਨਵੰਬਰ 1757 ਦੇ ਦਿਨ ਪਲਾਸੀ ਵਿਚ ਹੋਈ ਲੜਾਈ ਵਿਚ ਅੰਗਰੇਜ਼ਾਂ (ਈਸਟ ਇੰਡੀਆ ਕੰਪਨੀ) ਦੀ ਜਿੱਤ ਮਗਰੋਂ ਇਹ ਜਜ਼ੀਰਾ ਅੰਗਰੇਜ਼ਾਂ ਤੇ ਸਿੱਖਾਂ ਦੇ ਬੋਲਬਾਲੇ ਦੀ ਉਡੀਕ ਕਰ ਰਿਹਾ ਸੀ।

11 ਨਵੰਬਰ 1757 ਦੀ ਆਮ੍ਹੋ ਸਾਹਮਣੇ ਹੋਈ ਲੜਾਈ ਮਗਰੋਂ ਸਿੱਖਾਂ ਤੇ ਅਫ਼ਗਾਨਾਂ ਵਿਚ ਹੋਰ ਵੀ ਕਈ ਨਿੱਕੀਆਂ-ਵੱਡੀਆਂ ਲੜਾਈਆਂ ਹੋਈਆਂ। 1758 ਵਿਚ ਮਰਹੱਟੇ, ਸਿੱਖ ਅਤੇ ਅਦੀਨਾ ਬੇਗ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਪੰਜਾਬ ਦੀ ਸਰਜ਼ਮੀਂ 'ਚੋਂ ਅਫ਼ਗਾਨਾਂ

---

13. Miskin, pp. 162-65; Hari Ram Gupta, Vol. II, pp. 134-37.

ਨੂੰ ਕੱਢਣ ਦਾ ਮੁਆਹਿਦਾ ਕੀਤਾ। ਇਸ ਸਾਂਝੇ ਫ਼ਰੰਟ ਵਿਚ ਸਭ ਤੋਂ ਵੱਧ ਫ਼ੌਜ ਮਰਹੱਟਿਆਂ ਦੀ ਸੀ। 8 ਮਾਰਚ 1758 ਦੇ ਦਿਨ ਇਨ੍ਹਾਂ ਤਿੰਨਾਂ ਫ਼ੌਜਾਂ ਨੇ ਸਰਹੰਦ 'ਤੇ ਕਬਜ਼ਾ ਕਰ ਲਿਆ। ਸਿੱਖਾਂ ਨੂੰ ਸਰਹੰਦ 'ਤੇ ਕਬਜ਼ੇ ਵੇਲੇ ਸਭ ਤੋਂ ਵੱਧ ਮਾਲ ਲੱਭਿਆ, ਕਿਉਂਕਿ ਉਹ ਇਸ ਸ਼ਹਿਰ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜਦੋਂ ਮਰਹੱਟਿਆਂ ਨੂੰ ਇਹ ਪੱਤਾ ਲਗਾ ਤਾਂ ਉਹ ਬੜੇ ਔਖੇ ਹੋਏ। ਉਨ੍ਹਾਂ ਸਿੱਖਾਂ ਤੋਂ ਇਹ ਦੌਲਤ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਸਿੱਖ ਜਰਨੈਲਾਂ ਨੇ ਸਿਆਣਪ ਤੋਂ ਕੰਮ ਲੈਂਦੇ ਹੋਏ, ਸਾਰਾ ਮਾਲ ਪਹਿਲਾਂ ਹੀ ਕਿਤੇ ਲਾਂਭੇ ਭੇਜ ਦਿੱਤਾ ਸੀ।

8 ਅਪਰੈਲ 1758 ਦੇ ਦਿਨ ਇਸ ਤਿਕੜੀ (ਸਿੱਖ, ਮਰਹੱਟੇ, ਅਦੀਨਾ ਬੇਗ) ਨੇ ਲਾਹੌਰ 'ਤੇ ਵੀ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਤੇ ਜੋ ਬਚ ਗਏ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਤਾਰੀਖ਼ਦਾਨ ਮੁਤਾਬਿਕ ਇਨ੍ਹਾਂ ਅਫ਼ਗਾਨ ਸਿਪਾਹੀਆਂ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਅਤੇ ਉਨ੍ਹਾਂ ਹੱਥੋਂ ਅੰਮ੍ਰਿਤਸਰ ਸਰੋਵਰ 'ਚ ਉਨ੍ਹਾਂ ਵਲੋਂ ਹੀ ਸਿਰਫ਼ ਇਕ ਸਾਲ ਪਹਿਲਾਂ ਸੁੱਟਿਆ ਮਲਬਾ ਕਢਵਾਇਆ ਗਿਆ। ਪਰ ਕਈ ਤਾਰੀਖ਼ਦਾਨ ਇਸ ਗੱਲ ਨੂੰ ਸਹੀ ਨਹੀਂ ਮੰਨਦੇ।[14]

ਮਰਹੱਟਾ-ਸਿੱਖ-ਅਦੀਨਾ ਬੇਗ ਫ਼ਰੰਟ ਲਾਹੌਰ 'ਤੇ ਕਬਜ਼ੇ ਤੋਂ ਕੁਝ ਦਿਨ ਮਗਰੋਂ ਹੀ ਖ਼ਤਮ ਹੋ ਗਿਆ। ਸਮਝੌਤੇ ਮੁਤਾਬਿਕ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਉਸ ਨੇ ਹਰ ਸਾਲ 75 ਲੱਖ ਰੁਪਏ ਮਰਹੱਟਿਆਂ ਨੂੰ ਦੇਣਾ ਮੰਨ ਲਿਆ। ਮਰਹੱਟਿਆਂ ਦੇ ਜਾਣ ਮਗਰੋਂ ਪੰਜਾਬ ਵਿਚ ਤਿੰਨ ਧੜੇ ਆਪਣੇ ਆਪ ਨੂੰ ਹਾਕਮ ਆਖਦੇ ਸਨ : ਅਫ਼ਗਾਨ, ਮੁਗ਼ਲ ਅਤੇ ਮਰਹੱਟੇ। ਪਰ ਪੰਜਾਬ ਵਿਚ ਅਸਲ ਹਕੂਮਤ ਅਦੀਨਾ ਬੇਗ ਅਤੇ ਸਿੱਖਾਂ ਦੀ ਸੀ। ਲਾਹੌਰ ਭਾਵੇਂ ਅਦੀਨਾ ਬੇਗ ਕੋਲ ਸੀ, ਪਰ ਅਮਲੀ ਤੌਰ 'ਤੇ ਪੰਜਾਬ 'ਚ ਸਿੱਖਾਂ ਦਾ ਹੀ ਬੋਲ-ਬਾਲਾ ਸੀ। ਇਹ ਦੋਵੇਂ ਹੁਣ ਪੰਜਾਬ ਦੀ ਪੂਰੀ ਸਿਰਦਾਰੀ ਵਾਸਤੇ ਇਕ ਦੂਜੇ ਤੋਂ ਅੱਗੇ ਨਿਕਲ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ।

ਲਾਹੌਰ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਮਗਰੋਂ ਅਦੀਨਾ ਬੇਗ ਨੇ ਸਿੱਖਾਂ 'ਤੇ ਇਕ ਵੱਡਾ ਹਮਲਾ ਕਰਨ ਦੀ ਪਲਾਨ ਬਣਾਈ। ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ 10 ਹਜ਼ਾਰ ਨਵੀਂ ਫ਼ੌਜ ਭਰਤੀ ਕੀਤੀ। ਇਸ ਫ਼ੌਜ ਨੇ ਦੀਵਾਨ ਹੀਰਾ ਮੱਲ ਅਤੇ ਆਕਲ ਦਾਸ (ਹਰਭਗਤ) ਨਿਰੰਜਨੀਆ ਦੇ ਹੁਕਮਾਂ ਅਤੇ ਅਗਵਾਈ ਹੇਠ ਕੰਮ ਕਰਨਾ ਸੀ। ਅਖ਼ੀਰ ਇਕ ਦਿਨ ਇਸ ਫ਼ੌਜ ਅਤੇ ਸਿੱਖਾਂ ਵਿਚਕਾਰ ਕਾਦੀਆਂ ਕੋਲ ਇਕ ਟੱਕਰ ਹੋ ਗਈ। ਇਸ ਲੜਾਈ ਵਿਚ ਹੀਰਾ ਮੱਲ ਮਾਰਿਆ ਗਿਆ। ਜੇਤੂ ਖਾਲਸਾ ਫ਼ੌਜਾਂ ਨੇ ਭਜਦੀ ਫ਼ੌਜ ਦੇ ਅਸਲੇ ਦੀ ਵੱਡੀ ਖੇਪ ਆਪਣੇ ਕਬਜ਼ੇ ਵਿਚ ਲੈ ਲਈ। ਹੁਣ ਅਦੀਨਾ ਬੇਗ ਨੇ ਵੀ ਮੀਰ ਮੰਨੂ ਵਾਂਗ ਸਿੱਖਾਂ ਦਾ ਕਤਲੇਆਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਸ ਦੌਰ ਵਿਚ ਬਹੁਤ ਸਾਰੇ ਸਿੱਖ ਕਤਲ ਕੀਤੇ ਗਏ। ਪਰ, ਅਦੀਨਾ ਬੇਗ ਦੇ ਜ਼ੁਲਮਾਂ ਦਾ ਦੌਰ ਸਿਰਫ਼ ਕੁਝ ਹਫ਼ਤੇ ਹੀ ਚਲ ਸਕਿਆ। 10 ਸਿਤੰਬਰ 1758 ਦੇ ਦਿਨ ਅਦੀਨਾ ਬੇਗ ਦੀ ਮੌਤ ਹੋ ਗਈ। ਹੁਣ ਸਿਰਫ਼ ਸਿੱਖ ਹੀ ਪੰਜਾਬ ਦੇ ਹਾਕਮ ਸਨ।

•

---

14. Miskin, pp. 162-65; Hari Ram Gupta, Vol. II, pp. 134-37.

ਖਾਲਸਾ ਜੀ ਦੇ ਬੋਲ ਬਾਲੇ

(1759 ਤੋਂ 1799)

ਅਦੀਨਾ ਬੇਗ ਦੇ ਮਰਨ ਮਗਰੋਂ 31 ਅਕਤੂਬਰ 1758 ਦੇ ਦਿਨ ਸਰਬਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਹਰ ਮਿਸਲ ਦੀ 'ਰਾਖੀ' ਹੇਠਲਾ ਇਲਾਕਾ ਉਸ ਮਿਸਲ ਦੀ ਰਿਆਸਤ ਮੰਨੀ ਜਾਵੇਗੀ।[1] ਇਹ ਵੀ ਗੁਰਮਤਾ ਕੀਤਾ ਗਿਆ ਕਿ ਸਾਰੀਆਂ ਸਿੱਖ ਮਿਸਲਾਂ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਹਕੂਮਤ ਕਰਨਗੀਆਂ। ਭਾਵੇਂ ਸਾਰੀਆਂ ਮਿਸਲਾਂ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਹੋਣਗੀਆਂ, ਪਰ ਸਿਰਦਾਰੀ ਸਮੁੱਚੇ ਸਰਬਤ ਖਾਲਸਾ ਦੀ ਹੀ ਮੰਨੀ ਜਾਵੇਗੀ। ਮਿਸਲਾਂ ਦੇ ਆਪਸੀ ਝਗੜਿਆਂ ਦਾ ਫ਼ੈਸਲਾ ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਕਰਿਆ ਕਰੇਗਾ। ਹਰ ਮਿਸਲ ਦੇ ਕਬਜ਼ੇ ਹੇਠਲੇ ਇਲਾਕੇ ਨੂੰ ਮਿਸਲਾਂ (ਰਿਕਾਰਡ ਕਰਨ ਵਾਲੀਆਂ ਵਹੀਆਂ) ਵਿਚ ਦਰਜ ਕੀਤਾ ਜਾਏਗਾ ਤੇ ਇਹ 'ਮਿਸਲਾਂ' ਅਕਾਲ ਤਖ਼ਤ ਸਾਹਿਬ 'ਤੇ ਰਖੀਆਂ ਜਾਣਗੀਆਂ। ਸ: ਜੱਸਾ ਸਿੰਘ ਆਹੂਲਵਾਲੀਆ ਸਰਬਤ ਖਾਲਸਾ ਦੇ ਅਤੇ ਦਲ ਖਾਲਸਾ (ਖਾਲਸਾ ਫ਼ੌਜ) ਦੇ ਸਮੁੱਚੇ ਜਥੇਦਾਰ ਹੋਣਗੇ।

ਹੁਣ ਭਾਵੇਂ ਤਕਰੀਬਨ ਸਾਰਾ ਸਿੱਖ ਹੋਮਲੈਂਡ ਹੀ ਮੁਗ਼ਲਾਂ ਤੇ ਅਫ਼ਗਾਨਾਂ ਤੋਂ ਆਜ਼ਾਦ ਕਰਵਾਇਆ ਜਾ ਚੁੱਕਾ ਸੀ, ਪਰ ਅਜੇ ਵੀ ਜਲੰਧਰ ਦੇ ਇਲਾਕੇ ਵਿਚ ਇਕ ਹਿੰਦੂ ਜਾਗੀਰਦਾਰ ਬਿਸ਼ੰਭਰ ਦਾਸ (ਜੋ ਅਦੀਨਾ ਬੇਗ ਦਾ ਵੱਡਾ ਵਜ਼ੀਰ ਸੀ) ਹਕੂਮਤ ਕਰ ਰਿਹਾ ਸੀ। ਉਸ ਨੇ ਸਿੱਖਾਂ ਨੂੰ ਹਰਾ ਕੇ ਪੰਜਾਬ ਦੀ ਸਮੁੱਚੀ ਹਕੂਮਤ ਸੰਭਾਲਣ ਦੀ ਨੀਅਤ ਨਾਲ 25 ਹਜ਼ਾਰ ਦੀ ਫ਼ੌਜ ਤਿਆਰ ਕੀਤੀ। ਬਿਸ਼ੰਭਰ ਦਾਸ ਤੇ ਸਿੱਖਾਂ ਦੀ ਫ਼ੌਜ ਵਿਚਕਾਰ ਇਕ ਟੱਕਰ ਟਾਂਡਾ ਨੇੜੇ ਹੋਈ, ਜਿਸ ਵਿਚ ਬਿਸ਼ੰਭਰ ਦਾਸ ਮਾਰਿਆ ਗਿਆ। ਇਸ ਲੜਾਈ ਵਿਚ ਵੀ ਸਿੱਖਾਂ ਦੇ ਹੱਥ ਚੋਖਾ ਮਾਲ ਅਸਬਾਬ ਆਇਆ। ਇਸ ਮਗਰੋਂ ਹੁਣ ਸਾਰੇ ਸੂਬੇ ਤੇ ਇਸ ਦੇ ਆਲੇ-ਦੁਆਲੇ ਸਿੱਖਾਂ ਨੂੰ ਚੈਲੰਜ ਕਰਨ ਵਾਲੀ ਕੋਈ ਤਾਕਤ ਨਹੀਂ ਬਚੀ ਸੀ।

ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ

ਹਮਲਾਵਰਾਂ ਦਾ ਖ਼ਤਰਾ ਮੁੱਕ ਜਾਣ ਮਗਰੋਂ ਹੁਣ ਸਿੱਖਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕੀਤੀ, ਜਿਸ ਵਿਚ ਸਿਰਫ਼ ਮਿਸਲਾਂ ਨੇ

---

1. Miskin, pp. 162-65; Hari Ram Gupta, Vol. II, pp. 289-90.

ਹੀ ਨਹੀਂ, ਬਲਕਿ ਹਰ ਇਕ ਸਿੱਖ ਨੇ ਆਪਣੀ ਔਕਾਤ ਮੁਤਾਬਿਕ ਹਿੱਸਾ ਪਾਇਆ। ਅਕਾਲ ਤਖ਼ਤ ਸਾਹਿਬ ਵਲੋਂ ਸਾਰੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ ਗਏ ਕਿ ਉਹ ਇਸ ਉਸਾਰੀ ਵਿਚ ਹਿੱਸਾ ਪਾਉਣ। ਇਹ ਹੁਕਮਨਾਮੇ 'ਅਕਾਲ ਪੁਰਖ ਜੀ ਦੇ ਖਾਲਸੇ' ਸਰਬਤ ਖਾਲਸਾ ਵਲੋਂ ਜਾਰੀ ਕੀਤੇ ਗਏ ਸਨ। ਸਰਬਤ ਖਾਲਸਾ ਵਲੋਂ ਜਾਰੀ ਕੀਤੇ ਇਹੋ ਜਿਹੇ ਇਕ ਹੁਕਮਨਾਮੇ (ਜੋ ਪਟਨਾ ਦੀ ਸੰਗਤ ਨੂੰ 10 ਮਈ 1759 ਦੇ ਦਿਨ ਭੇਜਿਆ ਗਿਆ ਸੀ) ਦੇ ਲਫ਼ਜ਼ ਸਨ :

"ਅਕਾਲ ਪੁਰਖ ਜੀ ਦੇ ਖਾਲਸੇ ਜੀ ਦਾ ਬਚਨ ਹੈ। ਭਾਈ ਆਇਆ। ਭਾਈ ਮਿਹਰ ਸਿੰਘ। ਭਾਈ ਮਹਿਬੂਬ ਹੋਰ ਸਮੂਹ ਪਟਨੇ ਦੀ ਪਾਸੋਂ ਵਾਹਿਗੁਰੂ ਜੀ ਦੀ ਫ਼ਤੇ ਬੋਲੀ ਹੈ ਬੁਲਾਵਣੀ। ਉਪਰੰਦਿ ਰੁਪਏ ਸਵਾ ਸਉ 125/- ਅਖਰੀ ਰੁਪੈ ਸਵਾ ਸਉ ਭਾਈ ਦਿਆਲ ਸਿੰਘ ਆਇਆ ਹੈ ਭਾਈ ਦਿਆਲ ਸਿੰਘ ਜੋਗ ਦੇਵਣੇ। ਤੁਹਾਡੀ ਗੁਰੂ ਖਾਲਸੇ ਨਾਲਿ ਬਣਿਆਉਗੁ। ਗੁਰੂ ਕਿਰਤ ਬਰਕਤਿ ਕਰੁਗ। ਹੋਰ ਦਸਵੰਧ ਚਲੀਹਾ ਕਾਰ ਭੇਟ ਅਰਦਾਸ ਜੋ ਕੁਛ ਗੁਰੂ ਕੇ ਨਿਮਿਤ ਕਾ ਹੋਵੈ ਸੋ ਦੀਪ ਮਾਲਾ ਉਤੇ ਲੈ ਆਵਣਾ। ਕਉਡੀ ਸ੍ਰੀ ਹਰਿਮੰਦਰ ਜੀ ਉਪਰ ਲਗੁਗੁ। ਅਸਾਨੂੰ ਖੁਸ਼ੀ ਹੋਗ। ਸੰਮਤ 1816 ਵਿਸਾਖ ਦਿਨ 31"[2]

ਸਿਤੰਬਰ 1759 ਵਿਚ ਮਰਹੱਟਿਆਂ ਨੇ ਇਕ ਵਾਰ ਫੇਰ ਪੰਜਾਬ ਵੱਲ ਮੂੰਹ ਕੀਤਾ। ਮਰਹੱਟੇ ਅਪਰੈਲ 1758 ਵਿਚ ਅਦੀਨਾ ਬੇਗ ਵਲੋਂ ਮੰਨੇ ਗਏ ਸਾਲਾਨਾ 75 ਲੱਖ ਰੁਪਏ ਵਸੂਲ ਕਰਨਾ ਚਾਹੁੰਦੇ ਸਨ। ਸਿੱਖਾਂ ਨੇ ਮਰਹੱਟਿਆਂ ਨਾਲ ਟੱਕਰ ਨਾ ਲੈਣ ਦਾ ਫ਼ੈਸਲਾ ਕੀਤਾ, ਕਿਉਂਕਿ ਮਰਹੱਟੇ ਲਾਹੌਰ ਵਲ ਵਧ ਰਹੇ ਸਨ ਅਤੇ ਕਿਤੇ ਹੋਰ ਛੇੜ-ਛਾੜ ਨਹੀਂ ਸਨ ਕਰ ਰਹੇ। ਜਦੋਂ ਮਰਹੱਟੇ ਲਾਹੌਰ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਅਹਿਮਦ ਸ਼ਾਹ ਦੁਰਾਨੀ ਵੀ ਇਕ ਵੱਡੀ ਫ਼ੌਜ ਲੈ ਕੇ ਲਾਹੌਰ ਵਲ ਵਧ ਰਿਹਾ ਹੈ। ਇਸ 'ਤੇ ਮਰਹੱਟੇ ਚੁਪ-ਚਾਪ ਵਾਪਿਸ ਪਰਤ ਪਏ।

20 ਅਕਤੂਬਰ 1759 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਦਾ ਇਕ ਇਕੱਠ ਹੋਇਆ। ਇਸ ਵਿਚ ਗੁਰਮਤਾ ਕੀਤਾ ਗਿਆ ਕਿ ਹੁਣ ਵੇਲਾ ਆ ਗਿਆ ਹੈ ਕਿ ਦੁਰਾਨੀ ਦੀ ਫ਼ੌਜ ਨਾਲ ਸਿੱਧੀ ਟੱਕਰ ਲਈ ਜਾਵੇ। ਛੇਤੀ ਹੀ ਉਹ ਮੌਕਾ ਆ ਗਿਆ। ਸਿੱਖਾਂ ਨੇ ਇਕ ਦਿਨ ਦੀ ਲੜਾਈ ਵਿਚ 2 ਹਜ਼ਾਰ ਤੋਂ ਵਧ ਅਫ਼ਗਾਨ ਫ਼ੌਜੀ ਮਾਰ ਦਿੱਤੇ। ਅਫ਼ਗਾਨਾਂ ਦਾ ਜਰਨੈਲ ਜਹਾਨ ਖ਼ਾਨ ਆਪ ਵੀ ਇਸ ਲੜਾਈ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਲੜਾਈ ਵਿਚ ਕਾਫ਼ੀ ਸਿੱਖ ਵੀ ਸ਼ਹੀਦ ਹੋਏ।

7 ਨਵੰਬਰ 1760 ਦੇ ਦਿਨ ਸਰਬਤ ਖਾਲਸਾ ਦੀ ਇਕ ਬੈਠਕ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਇਕੱਠ ਵਿਚ ਸਿੱਖਾਂ ਨੇ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਖਾਲਸਾ ਫ਼ੌਜਾਂ ਨੇ ਇਸ ਗੁਰਮਤੇ ਨੂੰ ਇਕ-ਦਮ ਅਮਲ ਵਿਚ ਲੈ ਆਂਦਾ। ਸ: ਜੱਸਾ ਸਿੰਘ ਆਹਲੂਵਾਲੀਆ, ਸ: ਚੇਤ ਸਿੰਘ ਕਨਈਆ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ ਭੰਗੀ, ਸ: ਲਹਿਣਾ ਸਿੰਘ ਭੰਗੀ ਦੀ ਅਗਵਾਈ ਵਿਚ ਇਕ ਵੱਡੀ ਖਾਲਸਾ ਫ਼ੌਜ ਨੇ ਲਾਹੌਰ 'ਤੇ ਹਮਲਾ ਕੀਤਾ। ਸਿੱਖਾਂ ਨੇ ਸਾਰੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਮੁਗ਼ਲ ਅਹਿਲਕਾਰ ਲਾਹੌਰ ਦੇ ਕਿਲ੍ਹੇ ਵਿਚ ਹੀ ਬੰਦ ਹੋ ਕੇ ਰਹਿ ਗਏ। ਕੁਝ ਦੇਰ ਬਾਅਦ ਸ਼ਹਿਰ ਦੇ ਕੁਝ ਮੁਖੀ ਆਦਮੀ ਸ: ਜੱਸਾ ਸਿੰਘ ਆਹਲੂਵਾਲੀਆ ਕੋਲ ਆਏ ਅਤੇ ਸ਼ਹਿਰ ਦਾ ਨੁਕਸਾਨ ਨਾ ਕਰਨ

2. ਡਾ. ਗੰਡਾ ਸਿੰਘ, *ਹੁਕਮਨਾਮੇ*, ਸਫ਼ਾ 23.

ਦੀ ਅਰਜ਼ ਕੀਤੀ। ਉਨ੍ਹਾਂ ਸਿੱਖਾਂ ਨੂੰ 30 ਹਜ਼ਾਰ ਰੁਪਏ ਤਾਵਾਨ ਪੇਸ਼ ਕੀਤਾ। ਇਸ 'ਤੇ ਖਾਲਸਾ ਫ਼ੌਜਾਂ, ਬਿਨਾਂ ਕਿਸੇ ਲੜਾਈ ਦੇ, ਵਾਪਿਸ ਚਲੀਆਂ ਗਈਆਂ।

ਅਕਤੂਬਰ 1760 ਵਿਚ ਅਹਿਮਦ ਸ਼ਾਹ ਦੁਰਾਨੀ ਫੇਰ ਪੰਜਾਬ ਆ ਪੁੱਜਾ ਸੀ। ਅਹਿਮਦ ਸ਼ਾਹ ਸਿੱਖਾਂ 'ਤੇ ਇਕ ਜ਼ਬਰਦਸਤ ਵਾਰ ਕਰਨਾ ਚਾਹੁੰਦਾ ਸੀ, ਕਿਉਂਕਿ ਸਿੱਖਾਂ ਨੇ ਉਸ ਦੇ ਖ਼ਜ਼ਾਨੇ ਨੂੰ ਕਈ ਵਾਰ ਲੁੱਟਿਆ ਸੀ ਅਤੇ ਸੈਂਕੜੇ ਅਫ਼ਗਾਨ ਫ਼ੌਜੀ ਮਾਰੇ ਸਨ। ਪਰ ਇਸ ਤੋਂ ਵੀ ਪਹਿਲਾਂ ਉਹ ਮਰਹੱਟਿਆਂ ਨੂੰ ਦਬਾਉਣਾ ਚਾਹੁੰਦਾ ਸੀ। ਮਰਹੱਟਿਆਂ ਕੋਲ ਇਕ ਲੱਖ ਫ਼ੌਜ ਸੀ, ਪਰ ਇਧਰ ਅਹਿਮਦ ਸ਼ਾਹ ਕੋਲ ਵੀ ਇਕ ਬੜਾ ਵੱਡਾ ਫ਼ੌਜੀ ਦਲ ਸੀ। ਉਧਰ ਜਦੋਂ ਮਰਹੱਟਿਆਂ ਨੂੰ ਅਹਿਮਦ ਸ਼ਾਹ ਦੀ ਪਲਾਨ ਦਾ ਪਤਾ ਲਗਾ ਤਾਂ ਉਨ੍ਹਾਂ ਨੇ 'ਧਰਮ ਯੁੱਧ' ਦਾ ਐਲਾਨ ਕਰ ਕੇ ਬਹੁਤ ਸਾਰੇ ਨੌਜਵਾਨ ਮਰਹੱਟੇ ਆਪਣੇ ਨਾਲ ਰਲਾ ਲਏ। ਮਰਹੱਟਿਆਂ ਤੋਂ ਇਲਾਵਾ ਹੋਰ ਵੀ ਕਈ ਹਿੰਦੂ ਨੌਜਵਾਨ ਧਰਮ ਦੇ ਨਾਂ 'ਤੇ ਫ਼ੌਜ 'ਚ ਸ਼ਾਮਿਲ ਹੋ ਗਏ। ਡੇਢ-ਦੋ ਲੱਖ ਮਰਹੱਟਾ ਫ਼ੌਜ ਨੇ ਦਿੱਲੀ ਵਲ ਕੂਚ ਕਰਨਾ ਸ਼ੁਰੂ ਕਰ ਦਿੱਤਾ। ਮਰਹੱਟਿਆਂ ਨੇ 22 ਜੁਲਾਈ 1760 ਦੇ ਦਿਨ ਦਿੱਲੀ 'ਤੇ ਕਬਜ਼ਾ ਕਰ ਲਿਆ। 17 ਅਕਤੂਬਰ 1760 ਦੇ ਦਿਨ ਮਰਹੱਟੇ ਕੁੰਜਪੁਰਾ (ਕਰਨਾਲ) 'ਤੇ ਵੀ ਕਾਬਜ਼ ਹੋ ਗਏ। 24 ਅਕਤੂਬਰ 1760 ਦੇ ਦਿਨ ਮਰਹੱਟਿਆਂ ਅਤੇ ਦੁਰਾਨੀ ਦੀਆਂ ਫ਼ੌਜਾਂ ਜਮਨਾ ਦਰਿਆ ਦੇ ਦੋਹਾਂ ਕੰਢਿਆਂ 'ਤੇ ਪੁੱਜ ਗਈਆਂ। ਹੁਣ ਦੋਵੇਂ ਫ਼ੈਸਲਾਕੁੰਨ ਲੜਾਈ ਦੀ ਤਿਆਰੀ ਕਰਨ ਲਗੇ। ਤਕਰੀਬਨ ਢਾਈ ਮਹੀਨੇ ਦੋਹਾਂ ਫ਼ੌਜਾਂ ਵਿਚ ਵੱਡੀ ਲੜਾਈ ਨਾ ਹੋਈ। ਅਖ਼ੀਰ 14 ਜਨਵਰੀ 1761 ਦੇ ਦਿਨ ਦੋਹਾਂ ਦਲਾਂ ਵਿਚ ਆਹਮੋ-ਸਾਹਮਣਾ ਮੁਕਾਬਲਾ ਹੋ ਗਿਆ। ਇਸ ਟੱਕਰ ਵਿਚ ਅਹਿਮਦ ਸ਼ਾਹ ਦਾ ਹੱਥ ਉਪਰ ਰਿਹਾ। ਅਣਗਿਣਤ ਮਰਹੱਟੇ ਫ਼ੌਜੀ ਮਾਰੇ ਗਏ। ਇਕ ਤਾਰੀਖ਼ਦਾਨ ਮਾਰੇ ਜਾਣ ਵਾਲੇ ਮਰਹੱਟਿਆਂ ਦੀ ਗਿਣਤੀ ਇਕ ਲੱਖ ਦੇ ਕਰੀਬ ਦਸਦਾ ਹੈ। ਇਸ ਤੋਂ ਬਾਅਦ ਅਫ਼ਗਾਨ ਫ਼ੌਜਾਂ ਨੇ ਦਿੱਲੀ ਸ਼ਹਿਰ ਵਿਚ ਵੀ ਕਤਲੇਆਮ ਕੀਤਾ ਤੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਰ ਦਿੱਤਾ। ਇਸ ਕਤਲੇਆਮ ਤੋਂ ਮਗਰੋਂ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਿੱਲੀ ਵਿਚ ਭਾਰੀ ਲੁੱਟ-ਮਾਰ ਕੀਤੀ। ਇਕ ਮਹਾਨ ਫ਼ੌਜ ਤੇ ਵੱਡੀ ਤਾਕਤ, ਮਰਹੱਟਿਆਂ, ਨੂੰ ਬੁਰੀ ਤਰ੍ਹਾਂ ਤਬਾਹ ਕਰਨ ਅਤੇ ਕਰੋੜਾਂ ਦਾ ਮਾਲ ਲੁੱਟਣ ਮਗਰੋਂ, ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਸਮਝਦਾ ਹੋਇਆ, ਅਹਿਮਦ ਸ਼ਾਹ ਮਾਰਚ 1761 ਵਿਚ ਦਿੱਲੀ ਤੋਂ ਮੁੜ ਪਿਆ। ਉਹ 22 ਮਾਰਚ 1761 ਦੇ ਦਿਨ ਸਰਹੰਦ ਪੁੱਜਾ। ਇੱਥੇ ਪਟਿਆਲੇ ਦਾ ਰਾਜਾ ਆਲਾ ਸਿੰਘ ਅਹਿਮਦ ਸ਼ਾਹ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਅਤੇ ਬਹੁਤ ਕੀਮਤੇ ਤੋਹਫ਼ੇ ਪੇਸ਼ ਕੀਤੇ। ਅਹਿਮਦ ਸ਼ਾਹ ਨੇ ਖ਼ੁਸ਼ ਹੋਣ ਦੀ ਬਜਾਇ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਕਿਉਂਕਿ ਉਸ (ਆਲਾ ਸਿੰਘ) ਨੇ ਬੀਤੇ ਸਾਲ ਮਰਹੱਟਿਆਂ ਦੀ ਮਦਦ ਕੀਤੀ ਸੀ। ਆਲਾ ਸਿੰਘ ਨੇ ਅਹਿਮਦ ਸ਼ਾਹ ਤੋਂ ਮੁਆਫ਼ੀ ਮੰਗੀ। ਅਹਿਮਦ ਸ਼ਾਹ ਨੇ ਉਸ ਨੂੰ ਤਿੰਨ ਲੱਖ ਰੁਪਏ ਜੁਰਮਾਨਾ ਅਦਾ ਕਰਨ ਵਾਸਤੇ ਆਖਿਆ। ਜੁਰਮਾਨਾ ਵਸੂਲ ਕਰਨ ਮਗਰੋਂ ਅਹਿਮਦ ਸ਼ਾਹ ਨੇ 29 ਮਾਰਚ 1761 ਦੇ ਦਿਨ ਆਲਾ ਸਿੰਘ ਨੂੰ ਅਫ਼ਗਾਨ ਹਕੂਮਤ ਵਲੋਂ 'ਪਟਿਆਲੇ ਦਾ ਰਾਜਾ' ਦਾ ਅਹੁਦਾ (ਖ਼ਿਤਾਬ) ਦਿੱਤਾ। ਆਲਾ ਸਿੰਘ ਵਲੋਂ ਅਫ਼ਗਾਨੀਆਂ ਦੀ ਗ਼ੁਲਾਮੀ ਕਬੂਲਣ 'ਤੇ ਸਰਬਤ ਖਾਲਸਾ ਦੇ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਨੇ ਉਸ ਦੀ ਬੇਇਜ਼ਤੀ ਕੀਤੀ ਤੇ ਉਸ ਨੂੰ ਭਾਰੀ ਜੁਰਮਾਨਾ ਕੀਤਾ।

ਆਲਾ ਸਿੰਘ ਨੇ ਸਰਬਤ ਖਾਲਸਾ ਨੂੰ ਵੀ ਜੁਰਮਾਨਾ ਅਦਾ ਕਰ ਦਿੱਤਾ। (ਆਲਾ ਸਿੰਘ ਹਰ ਚੜ੍ਹਦੇ ਸੂਰਜ ਤੇ ਹਰ ਤਾਕਤ ਨੂੰ ਸਲਾਮ ਕਰਦਾ ਹੁੰਦਾ ਸੀ)।

ਚਾਰੇ ਪਾਸਿਓਂ ਚੋਖਾ ਕੀਮਤੀ ਖ਼ਜ਼ਾਨਾ ਲੁੱਟ ਕੇ, ਹਜ਼ਾਰਾਂ ਖ਼ੂਬਸੂਰਤ ਹਿੰਦੂ ਕੁੜੀਆਂ ਗ੍ਰਿਫ਼ਤਾਰ ਕਰ ਕੇ ਅਤੇ ਵੱਡੀ ਗਿਣਤੀ ਵਿਚ ਨੌਜਵਾਨ ਹਿੰਦੂਆਂ ਨੂੰ ਗ਼ੁਲਾਮ ਬਣਾ ਕੇ ਅਹਿਮਦ ਸ਼ਾਹ ਹੁਣ ਕਾਬਲ ਵਲ ਮੁੜਿਆ। ਇਸ ਮੌਕੇ 'ਤੇ ਬਹੁਤ ਸਾਰੇ (ਆਪਣੀਆਂ ਭੈਣਾਂ ਤੋਂ 'ਰਖੜੀਆਂ' ਬੰਨ੍ਹਵਾਉਣ ਵਾਲੇ) ਹਿੰਦੂ ਖਾਲਸਾ ਫ਼ੌਜਾਂ ਦੇ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਕੋਲ ਆ ਫ਼ਰਿਆਦੀ ਹੋਏ। ਉਨ੍ਹਾਂ ਵਲੋਂ ਕੀਤੀ ਗਈ ਫ਼ਰਿਆਦ ਅਠਾਰ੍ਹਵੀਂ ਸਦੀ ਦੇ ਇਸ ਗੀਤ 'ਚ ਪੇਸ਼ ਕੀਤੀ ਮਿਲਦੀ ਹੈ:

ਵੇ ਮੋੜੀਂ ਭਾਈ ਕੱਛ* ਵਾਲਿਆ ਸਿਰਦਾਰਾ।
ਧੀ ਸਾਡੀ ਗਈ, ਬਸਰੇ ਨੂੰ ਗਈ।
ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘਾਂ ਛਈ।
ਵੇ ਮੋੜੀਂ ਭਾਈ ਕੱਛ ਵਾਲਿਆ ਸਿਰਦਾਰਾ।
(*ਕੱਛ—ਕਛਹਿਰਾ)

ਹਿੰਦੂਆਂ ਦੇ ਵਿਰਲਾਪ ਅਤੇ ਅਰਜ਼ਾਂ ਨੂੰ ਸੁਣ ਕੇ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਖਾਲਸਾ ਜਰਨੈਲਾਂ ਨੇ ਮਿਲ ਕੇ ਮੁੜਦੀ ਅਫ਼ਗਾਨ ਫ਼ੌਜ 'ਤੇ ਹਮਲਾ ਕਰ ਦਿੱਤਾ ਅਤੇ ਹਜ਼ਾਰਾਂ ਹਿੰਦੂ ਕੁੜੀਆਂ ਨੂੰ ਰਿਹਾਅ ਕਰਵਾਇਆ ਤੇ ਉਨ੍ਹਾਂ ਦੇ ਘਰੋਂ-ਘਰੀਂ ਛੱਡ ਆਏ। (ਹੈਰਾਨੀ ਦਾ ਮੁਕਾਮ ਇਹ ਸੀ ਕਿ ਕਈਆਂ ਹਿੰਦੂਆਂ ਨੇ ਆਪਣੀ ਇਨ੍ਹਾਂ ਧੀਆਂ, ਭੈਣਾਂ ਤੇ ਬੀਵੀਆਂ ਨੂੰ ਅਹਿਮਦ ਸ਼ਾਹ ਤੋਂ ਡਰਦਿਆਂ ਵਾਪਿਸ ਲੈਣ ਤੋਂ ਨਾਂਹ ਕਰ ਦਿੱਤੀ)। ਅਫ਼ਗਾਨ ਫ਼ੌਜਾਂ 'ਤੇ ਹਮਲੇ ਦੌਰਾਨ ਸਿੱਖਾਂ ਨੇ ਉਨ੍ਹਾਂ ਦਾ ਕਾਫ਼ੀ ਖ਼ਜ਼ਾਨਾ ਤੇ ਅਸਲਾ ਵੀ ਖੋਹ ਲਿਆ।

ਸਿੱਖਾਂ ਵਲੋਂ ਹਜ਼ਾਰਾਂ ਹਿੰਦੂ ਕੁੜੀਆਂ ਰਿਹਾਅ ਕਰਵਾਉਣ ਦੇ ਕਾਰਨਾਮੇ 'ਤੇ ਹਿੰਦੂਆਂ ਨੇ ਸ: ਜੱਸਾ ਸਿੰਘ ਅਤੇ ਖਾਲਸਾ ਫ਼ੌਜ ਨੂੰ 'ਬੰਦੀ-ਛੋੜ' ਦਾ ਖ਼ਿਤਾਬ ਦਿੱਤਾ। (*ਪਰ ਇਸ ਦੇ ਮੁਕਾਬਲੇ ਵਿਚ 1984 ਦੀ ਨਵੰਬਰ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਦਿੱਲੀ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਨ੍ਹਾਂ ਦੀ ਕੁੜੀਆਂ ਅਗਵਾ ਕਰ ਕੇ ਉਨ੍ਹਾਂ ਨਾਲ ਵਹਿਸ਼ੀਆਨਾ ਜਬਰ-ਜਿਨਾਹ ਕੀਤਾ ਗਿਆ*)।

ਅਹਿਮਦ ਸ਼ਾਹ 1761 ਦੀਆਂ ਗਰਮੀਆਂ ਵਿਚ ਵਾਪਿਸ ਵਤਨ ਮੁੜ ਗਿਆ। ਇਸ ਮਗਰੋਂ ਸਿੱਖਾਂ ਨੇ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਇਸ ਮੌਕੇ 'ਤੇ ਸਿੱਖਾਂ ਦੀ ਅਫ਼ਗਾਨ ਜਰਨੈਲ ਨੂਰ-ਉਦ-ਦੀਨ ਦੀ ਫ਼ੌਜ ਨਾਲ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸਿੱਖਾਂ ਨੇ ਅਫ਼ਗਾਨਾਂ ਦੇ ਖ਼ੂਬ ਆਹੂ ਲਾਹੇ। ਇਸ ਨਾਲ ਸਿੱਖਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਇਹ ਘਟਨਾ ਸਿਤੰਬਰ 1761 ਦੀ ਹੈ।

27 ਅਕਤੂਬਰ 1761 ਦੇ ਦਿਨ ਸਰਬਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਜੰਡਿਆਲੇ ਦੇ ਹੰਦਾਲੀਏ ਆਕਲ ਦਾਸ (ਹਰਭਗਤ) ਨਿਰੰਜਨੀਆ ਨੂੰ ਸੋਧਿਆ ਜਾਵੇ। ਆਕਲ ਦਾਸ ਮੁਗ਼ਲਾਂ ਅਤੇ ਅਫ਼ਗਾਨਾਂ ਦਾ ਵੱਡਾ ਏਜੰਟ ਸੀ। ਇਕ ਹੋਰ ਗੁਰਮਤੇ ਰਾਹੀਂ ਲਾਹੌਰ 'ਤੇ

ਹਮਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਉਸ ਵੇਲੇ ਲਾਹੌਰ ਦਾ ਅਫ਼ਗਾਨ ਸੂਬੇਦਾਰ ਖ਼ਵਾਜਾ ਮਿਰਜ਼ਾ ਖ਼ਾਂ ਸੀ। ਸਿੱਖਾਂ ਦੇ ਹਮਲੇ ਦਾ ਕਿਸੇ ਨੇ ਵੀ ਵਿਰੋਧ ਨਾ ਕੀਤਾ। ਅਫ਼ਗਾਨ ਸੂਬੇਦਾਰ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਖ਼ਵਾਜਾ ਮਿਰਜ਼ਾ ਖ਼ਾਂ ਦਾ ਖ਼ਿਆਲ ਸੀ ਕਿ ਸਿੱਖ ਲਾਹੌਰ ਵਿਚ ਬਹੁਤੀ ਦੇਰ ਠਹਿਰਨਗੇ ਨਹੀਂ, ਇਸ ਲਈ ਉਸ ਨੇ ਕੋਈ ਤਿਆਰੀ ਨਾ ਕੀਤੀ।। ਜਦੋਂ ਸਿੱਖ ਫ਼ੌਜਾਂ ਲਾਹੌਰ ਦੇ ਦਰਵਾਜ਼ਿਆਂ 'ਤੇ ਪਹੁੰਚੀਆਂ ਤਾਂ ਸ਼ਹਿਰ ਵਾਸੀਆਂ ਨੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਸਿੱਖਾਂ ਨੂੰ ਜੀ ਆਇਆਂ ਆਖਿਆ। ਇੰਞ ਸਿੱਖਾਂ ਨੇ ਬਿਨਾਂ ਮੁਕਾਬਲੇ ਤੋਂ ਸ਼ਹਿਰ 'ਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਖਾਲਸਾ ਫ਼ੌਜਾਂ ਕਿਲ੍ਹੇ ਵਲ ਵਧੀਆਂ। ਛੇਤੀ ਹੀ ਕਿਲ੍ਹਾ ਵੀ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਖ਼ਵਾਜਾ ਮਿਰਜ਼ਾ ਖ਼ਾਂ ਸਿੱਖਾਂ ਨਾਲ ਲੜਦਾ ਹੋਇਆ ਮਾਰਿਆ ਗਿਆ। ਇਸ ਮਗਰੋਂ ਖਾਲਸਾ ਫ਼ੌਜਾਂ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਬਾਦਸ਼ਾਹ ਐਲਾਨ ਕਰ ਦਿੱਤਾ। ਇਕ ਲੇਖਕ ਨੇ ਇਹ ਵੀ ਲਿਖਿਆ ਹੈ ਕਿ ਸ: ਜੱਸਾ ਸਿੰਘ ਨੇ ਇਸ ਮੌਕੇ 'ਤੇ ਆਪਣਾ ਸਿੱਕਾ ਵੀ ਜਾਰੀ ਕੀਤਾ। ਇਸ ਸਿੱਕੇ 'ਤੇ ਲਿਖਿਆ ਹੋਇਆ ਸੀ : ***"ਸਿੱਕਾ ਜ਼ਦ ਦਰ ਜਹਾਂ ਬ-ਫ਼ਜ਼ਲੇ ਅਕਾਲ। ਮੁਲਕ-ਏ-ਅਹਿਮਦ ਗ੍ਰਿਫ਼ਤ ਜੱਸਾ ਕਲਾਲ।"***[3] ਇਹ ਗੱਲ ਸਹੀ ਨਹੀਂ ਜਾਪਦੀ, ਕਿਉਂਕਿ ਜੇ ਸ: ਜੱਸਾ ਸਿੰਘ ਨੇ ਇਹ ਸਿੱਕਾ ਜਾਰੀ ਕੀਤਾ ਹੁੰਦਾ ਤਾਂ ਆਪਣੇ ਆਪ ਨੂੰ 'ਜੱਸਾ ਕਲਾਲ' ਨਾ ਲਿਖਦਾ। ਦੂਜਾ, ਸਿੱਖਾਂ ਦੇ ਸਾਰੇ ਸਿੱਕਿਆਂ 'ਤੇ ਸਿਰਫ਼ ਉਹ ਇਬਾਰਤ ਹੀ ਹੁੰਦੀ ਸੀ, ਜਿਸ ਵਿਚ ਗੁਰੂ ਨਾਨਕ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਂ ਲਿਖਿਆ ਹੁੰਦਾ ਸੀ। ਹਾਂ, ਇਹ ਹੋ ਸਕਦਾ ਹੈ ਕਿ ਇਸ ਤਰ੍ਹਾਂ ਦੇ ਚੰਦ ਇਕ, ਗਿਣਤੀ ਦੇ, ਸਿੱਕੇ ਕਿਸੇ ਅਫ਼ਗਾਨ ਜਾਂ ਮੁਗ਼ਲ ਨੇ ਢਾਲ ਕੇ ਅਹਿਮਦ ਸ਼ਾਹ ਨੂੰ ਭੇਜੇ ਹੋਣ ਤਾਂ ਜੋ ਉਸ ਨੂੰ ਸਿੱਖਾਂ ਦੇ ਖ਼ਿਲਾਫ਼ ਭੜਕਾਇਆ ਜਾ ਸਕੇ। ਇਕ ਅੱਧ ਨੂੰ ਛੱਡ ਕੇ ਬਾਕੀ ਸਾਰੇ ਤਾਰੀਖ਼ਦਾਨ ਇਹ ਮੰਨਦੇ ਹਨ ਕਿ ਇਹੋ ਜਿਹਾ ਸਿੱਕਾ ਕਦੇ ਜਾਰੀ ਨਹੀਂ ਹੋਇਆ ਸੀ।[4]

ਲਾਹੌਰ 'ਤੇ ਕਬਜ਼ਾ ਕਰਨ ਮਗਰੋਂ ਸਿੱਖ ਜਲੰਧਰ ਵਲ ਟੁਰੇ ਅਤੇ ਉਨ੍ਹਾਂ ਨੇ ਸੱਦਾਤ ਖ਼ਾਂ ਅਤੇ ਸਾਦਿਕ ਖ਼ਾਂ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। ਇਸ ਨਾਲ ਹੁਣ ਸਾਰਾ ਪੰਜਾਬ ਉਨ੍ਹਾਂ ਦੇ ਕਬਜ਼ੇ ਵਿਚ ਆ ਗਿਆ। ਉਧਰ ਜਦੋਂ ਅਹਿਮਦ ਸ਼ਾਹ ਨੂੰ ਸਿੱਖਾਂ ਦੀ ਕਾਮਯਾਬੀ ਦੀਆਂ ਖ਼ਬਰਾਂ ਮਿਲੀਆਂ ਤਾਂ ਉਹ ਇਕ ਦਮ ਪੰਜਾਬ ਵਲ ਚਲ ਪਿਆ। ਜਦੋਂ ਉਹ ਲਾਹੌਰ ਪੁੱਜਾ ਤਾਂ ਉਸ ਨੂੰ ਕੋਈ ਵੀ ਸਿੱਖ ਨਜ਼ਰ ਨਾ ਆਇਆ, ਕਿਉਂਕਿ ਸਿੱਖ ਉਸ ਵੇਲੇ ਮਲੇਰਕੋਟਲਾ ਨੇੜੇ ਜ਼ੈਨ ਖ਼ਾਂ ਨਾਲ ਲੜਾਈ ਕਰ ਰਹੇ ਸਨ। ਇਸ 'ਤੇ ਅਹਿਮਦ ਸ਼ਾਹ ਮਲੇਰਕੋਟਲੇ ਵਲ ਚੱਲ ਪਿਆ। ਇਸ ਵੇਲੇ ਉਸ ਕੋਲ ਇਕ ਲੱਖ ਤੋਂ ਵਧ ਫ਼ੌਜ, ਕਈ ਤੋਪਾਂ ਅਤੇ ਅਸਲੇ ਦਾ ਬੇਸ਼ੁਮਾਰ ਖ਼ਜ਼ਾਨਾ ਸੀ। ਅਜੇ ਸਿਰਫ਼ ਇਕ ਸਾਲ ਪਹਿਲਾਂ ਹੀ, ਜਨਵਰੀ 1761 ਵਿਚ, ਉਹ ਏਸ਼ੀਆ ਦੀ ਦੂਜੀ ਵੱਡੀ ਤਾਕਤ ਮਰਹੱਟਿਆਂ ਨੂੰ ਬੁਰੀ ਤਰ੍ਹਾਂ ਹਰਾ ਚੁੱਕਾ ਸੀ। ਉਸ ਦੇ ਅੰਦਰ ਉਸ ਵੇਲੇ 'ਹਾਕਮ-ਇ-ਜ਼ਮਾਨਾ' ਦੀ ਸੋਚ ਕਾਇਮ ਸੀ।

---

3. ਅਹਿਮਦ ਸ਼ਾਹ ਬਟਾਲੀਆ, ਸਫ਼ਾ 887; Sohan Lal Suri, Vol. I, pp. 46-47; Cunningham, *op.cit.*, p. 105; Gordon, p. 61; Malcolm, pp. 94-95.
4. N.K. Sinha, *Rise of the Sikh Power*, p. 94.

ਵੱਡਾ ਘੱਲੂਘਾਰਾ

ਜ਼ੈਨ ਖ਼ਾਂ ਨਾਲ ਲੜਾਈ ਮੁੱਕਣ ਪਿੱਛੋਂ ਸਿੱਖ ਕੁੱਪ-ਰਹੀੜ ਦੇ ਜੰਗਲ ਵਿਚ ਆਰਾਮ ਕਰ ਰਹੇ ਸਨ। ਇਸ ਵੇਲੇ ਉਨ੍ਹਾਂ ਨਾਲ ਉਨ੍ਹਾਂ ਦੇ ਟੱਬਰ ਵੀ ਸਨ। ਇਨ੍ਹਾਂ ਸਿੱਖਾਂ ਦੀ ਕੁਲ ਗਿਣਤੀ 60,000 ਤੋਂ ਵੱਧ ਸੀ। 5 ਫ਼ਰਵਰੀ 1762 ਦੇ ਦਿਨ ਅਹਿਮਦ ਸ਼ਾਹ ਦੁਰਾਨੀ ਨੇ ਕੁਪ-ਰਹੀੜ ਦੇ ਇਲਾਕੇ ਨੂੰ ਚਹੁੰਆਂ ਪਾਸਿਆਂ ਤੋਂ ਘੇਰਾ ਪਾ ਲਿਆ। ਉਸ ਦੀਆਂ ਫ਼ੌਜਾਂ ਸਾਰੇ ਪਾਸਿਆਂ ਤੋਂ ਅੱਗੇ ਵਧਣ ਲੱਗ ਪਈਆਂ। ਅਚਾਣਕ ਪਏ ਘੇਰੇ ਕਾਰਨ ਸਿੱਖਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਉਹ ਘੇਰਾ ਤੋੜ ਕੇ ਨਿਕਲਣ ਦੀ ਕੋਸ਼ਿਸ਼ ਕਰਦੇ। ਇਸ ਕਰ ਕੇ ਸਿੱਖਾਂ ਨੇ ਇਕ ਵਹੀਰ ਦੀ ਸ਼ਕਲ ਵਿਚ ਬਰਨਾਲੇ ਵਲ ਵਧਣਾ ਸ਼ੁਰੂ ਕਰ ਦਿੱਤਾ। ਵਹੀਰ ਦੇ ਅੱਗੇ ਪਿੱਛੇ ਅਤੇ ਦੋਹੀਂ ਪਾਸੀਂ ਤਕੜੇ ਜਵਾਨ ਸਨ ਤੇ ਟੱਬਰ ਵਿਚਕਾਰ ਸਨ। ਸਿੱਖ ਹੌਲੀ-ਹੌਲੀ ਅੱਗੇ ਵੀ ਵਧਦੇ ਗਏ ਤੇ ਨਾਲ ਹੀ ਲੜਦੇ ਵੀ ਗਏ। ਇਸ ਜੱਦੋ-ਜਹਿਦ ਵਿਚ ਤਕਰੀਬਨ 25-30 ਹਜ਼ਾਰ ਸਿੰਘ ਸ਼ਹੀਦ ਹੋ ਗਏ।[5] ਸ਼ਹੀਦ ਹੋਣ ਵਾਲਿਆਂ ਵਿਚ ਔਰਤਾਂ ਤੇ ਬੱਚੇ ਵੀ ਬਹੁਤ ਸਨ। ਸਿੱਖ ਤ੍ਵਾਰੀਖ਼ ਵਿਚ ਇਸ ਨੂੰ (1746 ਦੇ ਘੱਲੂਘਾਰੇ ਦੇ ਮੁਕਾਬਲੇ ਵਿਚ) ਵੱਡਾ ਘੱਲੂਘਾਰਾ ਆਖ ਕੇ ਚੇਤੇ ਕੀਤਾ ਜਾਂਦਾ ਹੈ। ਅਹਿਮਦ ਸ਼ਾਹ ਇਸ ਦਿਨ ਤੋਂ ਬਾਅਦ ਵੀ ਸਿੱਖਾਂ ਦਾ ਸ਼ਿਕਾਰ ਕਰਦਾ ਰਿਹਾ। 15 ਫ਼ਰਵਰੀ 1762 ਦੇ ਦਿਨ ਅਹਿਮਦ ਸ਼ਾਹ 50 ਗੱਡੇ ਸਿੱਖਾਂ ਦੇ ਸਿਰਾਂ ਦੇ ਅਤੇ ਬਹੁਤ ਸਾਰੇ ਸਿੱਖ ਕੈਦੀਆਂ ਨੂੰ ਲੈ ਕੇ ਇਧਰੋਂ ਲਾਹੌਰ ਵੱਲ ਰਵਾਨਾ ਹੋਇਆ। ਅਹਿਮਦ ਸ਼ਾਹ 3 ਮਾਰਚ 1762 ਦੇ ਦਿਨ ਲਾਹੌਰ ਪੁੱਜਾ। ਉਸ ਨੇ ਲਾਹੌਰ ਵਿਚ ਜਾ ਕੇ ਸਿੱਖਾਂ ਨੂੰ ਸ਼ਹੀਦ ਕੀਤਾ ਅਤੇ ਸ਼ਹਿਰ ਦੀਆਂ ਮਸੀਤਾਂ ਦੀਆਂ ਦੀਵਾਰਾਂ ਸਿੱਖਾਂ ਦੇ ਲਹੂ ਨਾਲ ਧੋਤੀਆਂ ਤੇ ਸ਼ਹੀਦ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਬਣਾ ਦਿੱਤੇ।

ਅਹਿਮਦ ਸ਼ਾਹ ਨੇ ਸਿਰਫ਼ ਏਥੇ ਤਕ ਹੀ ਨਹੀਂ ਕੀਤਾ ਬਲਕਿ ਉਹ 11 ਅਪਰੈਲ 1762 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵੀ ਗਿਆ ਅਤੇ ਸਾਹਮਣੇ ਖੜ੍ਹੇ ਹੋ ਕੇ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀਆਂ ਈਮਾਰਤਾਂ ਢੂਹਾ ਦਿੱਤੀਆਂ ਅਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ ਭਰ ਦਿੱਤਾ। ਇਕ ਸਿੱਖ ਸੋਮੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਬਾਰੂਦ ਨਾਲ ਉਡਾਂਦਿਆਂ ਇਕ ਇਟ ਅਹਿਮਦ ਸ਼ਾਹ ਦੇ ਨੱਕ 'ਤੇ ਜਾ ਵੱਜੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਇੱਟ ਨਾਲ ਹੋਇਆ ਜ਼ਖ਼ਮ ਕਦੇ ਵੀ ਠੀਕ ਨਾ ਹੋ ਸਕਿਆ ਅਤੇ ਇਸ ਜ਼ਖ਼ਮ ਨੇ ਹੀ ਅਖ਼ੀਰ ਅਹਿਮਦ ਸ਼ਾਹ ਦੀ ਜਾਨ ਲੈ ਲਈ। ਪਰ ਇਹ ਗੱਲ ਸਹੀ ਨਹੀਂ ਹੈ। ਅਹਿਮਦ ਸ਼ਾਹ ਇਸ ਘਟਨਾ ਤੋਂ 10 ਸਾਲ ਮਗਰੋਂ, 1772 ਵਿਚ, ਮਰਿਆ ਸੀ।

ਉਧਰ 5 ਫ਼ਰਵਰੀ 1762 ਦੇ ਘਲੂਘਾਰੇ ਮਗਰੋਂ ਬਚੇ-ਖੁਚੇ ਸਿੱਖ ਮਾਲਵੇ ਵਲ ਨਿਕਲ ਗਏ। 9 ਅਪਰੈਲ 1762 ਦੇ ਦਿਨ, ਸਿਰਫ਼ ਦੋ ਮਹੀਨੇ ਮਗਰੋਂ, ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਵਿਚ ਸਰਬਤ ਖਾਲਸਾ ਦਾ ਇਕ ਇਕੱਠ ਹੋਇਆ। ਇਸ ਇਕੱਠ

---

5. ਸ਼ਹੀਦਾਂ ਦੀ ਗਿਣਤੀ ਵੱਖ-ਵੱਖ ਲੇਖਕ ਵੱਖ-ਵੱਖ ਦਸਦੇ ਹਨ : ਰਤਨ ਸਿੰਘ ਭੰਗੂ (30 ਤੋਂ 50 ਹਜ਼ਾਰ), ਮਿਸਕੀਨ (25 ਹਜ਼ਾਰ), ਪ੍ਰਿੰਸਿਪ (30 ਹਜ਼ਾਰ), ਗਣੇਸ਼ ਦਾਸ ਵਢੇਰਾ (30 ਹਜ਼ਾਰ), ਅਲੀ-ਉਦ-ਦੀਨ (30 ਹਜ਼ਾਰ), ਮਾਲਕਮ (20 ਹਜ਼ਾਰ), ਕਰਮ ਸਿੰਘ ਹਿਸਟੋਰੀਅਨ (15 ਤੋਂ 20 ਹਜ਼ਾਰ)।

ਵਿਚ ਵੱਡੇ ਘਲੂਘਾਰੇ 'ਚ ਸ਼ਹੀਦ ਹੋਏ ਸਿੰਘਾਂ ਨੂੰ ਅਕੀਦਤ ਪੇਸ਼ ਕਰਨ ਵਜੋਂ ਇਕ ਗੁਰਮਤਾ ਕੀਤਾ ਗਿਆ। ਇਸ ਗੁਰਮਤੇ ਵਿਚ ਆਖਿਆ ਗਿਆ ਸੀ ਕਿ "ਸ਼ਹੀਦੀਆਂ ਨਾਲ ਸਾਡੇ ਮਨਾਂ ਦਾ ਖੋਟ ਝੜ ਗਿਆ ਹੈ ਅਤੇ ਅਸੀਂ ਕੁੰਦਨ ਹੋ ਗਏ ਹਾਂ ਤੇ ਹੁਣ ਅਸੀਂ ਅਹਿਮਦਸ਼ਾਹ ਦਾ ਆਹਮੋ-ਸਾਹਮਣੇ ਟਾਕਰਾ ਕਰਾਂਗੇ।"[6] **ਇਹ ਖਾਲਸੇ ਦੀ ਹੀ ਲਾਸਾਨੀ ਚੜ੍ਹਦੀ ਕਲਾ ਸੀ ਕਿ ਤਕਰੀਬਨ ਅੱਧੀ ਕੌਮ ਸ਼ਹੀਦ ਹੋਣ ਮਗਰੋਂ ਵੀ ਉਹ ਇਹੋ ਜਿਹਾ ਗੁਰਮਤਾ ਕਰ ਸਕਦੇ ਸਨ। ਇਹੋ ਜਿਹੇ ਖ਼ੌਫ਼ਨਾਕ ਸਾਕੇ ਮਗਰੋਂ ਵੀ ਉਹ ਦੁਨੀਆਂ ਦੀ ਸਭ ਤੋਂ ਵੱਡੀ ਦਹਿਸ਼ਤ ਨਾਲ ਟੱਕਰ ਲੈਣ ਵਾਸਤੇ ਤਿਆਰ ਸਨ। ਅਜਿਹੇ ਸਨ ਸਿੱਖਾਂ ਦੇ ਹੌਸਲੇ, ਸਿੱਖਾਂ ਦੀ ਰੂਹਾਨੀ ਤਾਕਤ ਤੇ ਸਿੱਖਾਂ ਦਾ ਮਜ਼ਬੂਤ ਇਰਾਦਾ। ਸਿੱਖਾਂ ਨੇ ਇਹ ਚੜ੍ਹਦੀ ਕਲਾ ਗੁਰੂ ਨਾਨਕ ਸਾਹਿਬ ਤੋਂ ਸਿੱਖੀ ਸੀ, ਦਸਾਂ ਪਾਤਿਸ਼ਾਹੀਆਂ ਤੋਂ ਸਿੱਖੀ ਸੀ, ਸ਼ਹੀਦ ਗੁਰੂ ਸਾਹਿਬਾਨ ਤੋਂ, ਸ਼ਹੀਦਾਂ, ਮੁਰੀਦਾਂ, ਹਠੀਆਂ, ਤਪੀਆਂ ਤੋਂ ਸਿੱਖੀ ਸੀ ਤੇ ਸਿੱਖ ਦੀ ਇਹ ਚੜ੍ਹਦੀ ਕਲਾ ਇਸ ਤੋਂ ਮਗਰੋਂ ਦੀ ਤ੍ਵਾਰੀਖ਼ ਵਿਚ ਵੀ ਪੈਰ-ਪੈਰ 'ਤੇ ਨਜ਼ਰ ਆਉਂਦੀ ਹੈ।**

ਖਿਦਰਾਣੇ ਦੀ ਢਾਬ ਦੇ ਗੁਰਮਤੇ 'ਤੇ ਅਮਲ ਵਜੋਂ ਸਿੱਖਾਂ ਨੇ ਮਈ 1762 ਵਿਚ ਸਰਹੰਦ 'ਤੇ ਹਮਲਾ ਕੀਤਾ। ਇਸ ਹਮਲੇ ਨੇ ਸਰਹੰਦ ਦੇ ਸੂਬੇਦਾਰ ਦੇ ਗੋਡੇ ਲੁਆ ਦਿੱਤੇ ਅਤੇ ਉਸ ਨੇ ਸਿੱਖਾਂ ਨੂੰ 50 ਹਜ਼ਾਰ ਰੁਪਏ ਤਾਵਾਨ ਦੇਣਾ ਮੰਨ ਲਿਆ। ਜਦੋਂ ਸਿੱਖ ਇਹ ਰਕਮ ਲੈ ਕੇ ਮੁੜ ਰਹੇ ਸਨ ਤਾਂ ਸਰਹੰਦ ਦੇ ਸੂਬੇਦਾਰ ਨੇ ਸਿੱਖਾਂ 'ਤੇ ਹਮਲਾ ਕਰਵਾ ਕੇ ਉਹ ਰਕਮ ਲੁੱਟ ਲਈ। ਇਸ 'ਤੇ ਸਿੱਖਾਂ ਨੇ ਦੋਬਾਰਾ ਹਮਲਾ ਕਰ ਦਿੱਤਾ ਅਤੇ ਸ਼ਹਿਰ ਵਿਚ ਖ਼ੂਬ ਲੁੱਟ-ਮਾਰ ਕੀਤੀ। ਸਿੱਖਾਂ ਨੇ ਇਹ ਕਾਮਯਾਬੀ ਉਦੋਂ ਹਾਸਿਲ ਕੀਤੀ ਸੀ, ਜਦੋਂ ਅਹਿਮਦ ਸ਼ਾਹ ਅਜੇ ਲਾਹੌਰ ਵਿਚ ਹੀ ਸੀ।

ਇਸ ਜਿੱਤ ਮਗਰੋਂ ਸਿੱਖਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਸਿੱਖਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਫੇਰ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ। ਉਧਰ ਅਫ਼ਗਾਨ ਸਾਰੇ ਪਾਸੇ ਲੁੱਟ-ਮਾਰ ਅਤੇ ਤਬਾਹੀ ਕਰ ਰਹੇ ਸਨ ਪਰ ਇਧਰ ਸਿੱਖ ਜਥੇਬੰਦ ਹੋ ਰਹੇ ਸਨ। ਅਫ਼ਗਾਨਾਂ ਦੀ ਲੁੱਟ-ਮਾਰ ਨਾਲ ਫ਼ਸਲਾਂ ਦੀ ਵੀ ਬਹੁਤ ਤਬਾਹੀ ਹੋਈ। ਇਸ ਨਾਲ ਚਾਰੇ ਪਾਸੇ ਅੰਨ ਦਾ ਕਾਲ ਪੈ ਗਿਆ ਤੇ ਅੰਤ ਭੁੱਖਮਰੀ ਸ਼ੁਰੂ ਹੋ ਗਈ। ਇਸ ਹਾਲਾਤ ਨੇ ਲੋਕਾਂ ਦੇ ਦਿਲ ਵਿਚ ਅਫ਼ਗਾਨਾਂ ਅਤੇ ਮੁਗ਼ਲਾਂ ਵਾਸਤੇ ਨਫ਼ਰਤ ਭਰ ਦਿੱਤੀ।[7] ਲੋਕ ਸਿੱਖਾਂ ਵਲੋਂ ਚਲਾਈ ਗਈ 'ਰਾਖੀ' ਦੇ ਦਿਨਾਂ ਨੂੰ ਫੇਰ ਯਾਦ ਕਰਨ ਲੱਗ ਪਏ।

ਅਹਿਮਦ ਸ਼ਾਹ ਨਾਲ ਦੋ-ਦੋ ਹੱਥ

ਸਿੱਖ ਇਸ ਵਕਤ ਜਥੇਬੰਦ ਹੋ ਰਹੇ ਸਨ। ਉਹ ਵਧੇਰੇ ਮਜ਼ਬੂਤ ਤੇ ਤਿਆਰ-ਬਰ-ਤਿਆਰ ਹੋ ਰਹੇ ਸਨ। ਉਨ੍ਹਾਂ ਨੂੰ 5 ਫ਼ਰਵਰੀ ਦਾ ਘੱਲੂਘਾਰਾ ਕਲ੍ਹ ਵਾਂਗ ਚੇਤੇ ਸੀ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਾਹੁਣਾ ਉਹ ਕਦੇ ਵੀ ਨਹੀਂ ਭੁੱਲ ਸਕਦੇ ਸਨ। ਇਸ ਸਾਰੇ ਮਾਹੌਲ ਨੇ ਉਨ੍ਹਾਂ ਵਿਚ ਅਹਿਮਦ ਸ਼ਾਹ ਨਾਲ ਦੋ-ਹੱਥ ਕਰਨ ਦੇ ਜਜ਼ਬਾਤ ਭਰ ਦਿੱਤੇ। ਉਹ ਅਹਿਮਦ ਸ਼ਾਹ ਨਾਲ ਟੱਕਰ ਹੋਣ ਦੀ ਉਡੀਕ ਕਰਨ ਲੱਗ ਪਏ।[8]

---

6. ਰਤਨ ਸਿੰਘ ਭੰਗੂ, ਸਫ਼ਾ 372.
7. Miskin, pp. 246-47; Sohan Lal Suri, p. 19.
8. ਗਣੇਸ਼ ਦਾਸ ਵਢੇਰਾ, ਸਫ਼ਾ 201-02.

16 ਅਕਤੂਬਰ 1762 ਦੇ ਦਿਨ ਹਿੰਦੂ ਦੀਵਾਲੀ ਮਨਾ ਰਹੇ ਸਨ। ਇਸ ਦਿਨ ਸਰਬਤ ਖ਼ਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਮੌਕੇ 'ਤੇ ਦਰਬਾਰ ਸਾਹਿਬ ਵਿਚ ਵੀ 50 ਹਜ਼ਾਰ ਦੇ ਕਰੀਬ ਸਿੱਖ ਇਕੱਠੇ ਹੋਏ ਸਨ। ਇਸ ਇਕੱਠ ਵਿਚ ਸਰਬਤ ਖ਼ਾਲਸਾ ਨੇ ਗੁਰਮਤਾ ਕੀਤਾ ਕਿ ਹੁਣ ਅਹਿਮਦ ਸ਼ਾਹ ਨਾਲ ਆਹਮੋ-ਸਾਹਮਣੇ ਤੇ ਫ਼ੈਸਲਾਕੁੰਨ ਲੜਾਈ ਕਰਨ ਦਾ ਮੌਕਾ ਆ ਗਿਆ ਹੈ। ਉਧਰ ਅਹਿਮਦ ਸ਼ਾਹ ਦੁਰਾਨੀ ਨੇ ਵੀ ਸਿੱਖਾਂ 'ਤੇ ਇਕ ਹੋਰ ਹਮਲਾ ਕਰਨ ਦੀ ਪਲਾਨਿੰਗ ਕੀਤੀ ਹੋਈ ਸੀ। ਜਦੋਂ ਉਸ ਨੂੰ ਪਤਾ ਲਗਾ ਕਿ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ ਹਨ ਤਾਂ ਉਹ ਵੀ ਫ਼ੌਜ ਲੈ ਕੇ ਇਧਰ ਵਲ ਆ ਗਿਆ ਅਤੇ ਅੰਮ੍ਰਿਤਸਰ ਤੋਂ 6 ਮੀਲ ਦੂਰ ਪੜਾਅ ਕੀਤਾ। ਉਸ ਨੇ ਆਪਣੇ ਏਲਚੀ ਸਿੱਖਾਂ ਵਲ ਭੇਜੇ ਅਤੇ ਈਨ ਮੰਨਣ ਵਾਸਤੇ ਕਿਹਾ। ਸਿੱਖਾਂ ਨੇ ਅਹਿਮਦ ਸ਼ਾਹ ਦੇ ਏਲਚੀਆਂ ਦੀ ਖ਼ੂਬ ਬੇਇਜ਼ਤੀ ਕਰ ਕੇ ਆਪਣਾ 'ਜਵਾਬ' ਭੇਜ ਦਿੱਤਾ। ਇਸ 'ਤੇ ਅਹਿਮਦ ਸ਼ਾਹ ਨੇ ਫ਼ੌਜ ਨੂੰ ਹਮਲਾ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਅੰਮ੍ਰਿਤਸਰ ਸ਼ਹਿਰ ਦੇ ਬਾਹਰ ਅਹਿਮਦ ਸ਼ਾਹ ਅਤੇ ਖ਼ਾਲਸਾ ਫ਼ੌਜ ਵਿਚਕਾਰ ਲਹੂ-ਡੋਲ੍ਹਵੀਂ ਜੰਗ ਹੋਈ। ਅਹਿਮਦ ਸ਼ਾਹ ਕੋਲ ਇਕ ਲੱਖ ਦੀ ਫ਼ੌਜ ਸੀ ਤੇ ਖ਼ਾਲਸਾ ਫ਼ੌਜਾਂ ਦੀ ਗਿਣਤੀ ਕੋਈ 50 ਹਜ਼ਾਰ ਦੇ ਕਰੀਬ ਸੀ। ਇਸ ਲੜਾਈ ਵਿਚ ਸਿੱਖਾਂ ਨੇ ਅਫ਼ਗਾਨਾਂ ਦੇ ਖ਼ੂਬ ਆਹੂ ਲਾਹੇ। ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ। ਉਸ ਵੇਲੇ ਦੀ ਦੁਨੀਆਂ ਦੀ ਸਭ ਤੋਂ ਵੱਡੀ ਦਹਿਸ਼ਤ (ਜਿਸ ਨੇ ਅਜੇ ਪੌਣੇ ਦੋ ਸਾਲ ਪਹਿਲੋਂ ਮਰਹੱਟਿਆਂ ਦੀ ਇਕ ਵੱਡੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ ਸੀ) ਉਨ੍ਹਾਂ ਸਿੱਖਾਂ ਹੱਥੋਂ ਬੁਰੀ ਮਾਰ ਖਾ ਗਿਆ, ਜਿਨ੍ਹਾਂ ਦੀ ਅੱਧੀ ਫ਼ੌਜ ਨੂੰ ਉਸ ਸਿਰਫ਼ ਅੱਠ ਮਹੀਨੇ ਪਹਿਲਾਂ ਕੁਪ-ਰਹੀੜ ਦੇ ਇਲਾਕੇ ਵਿਚ ਖ਼ਤਮ ਕਰ ਦਿੱਤਾ ਸੀ। ਹਾਰਨ ਮਗਰੋਂ, ਬੇਇਜ਼ਤ, ਕਮਜ਼ੋਰ ਅਤੇ ਉਦਾਸ ਹੋਇਆ, ਅਹਿਮਦ ਸ਼ਾਹ ਰਾਤ ਦੇ ਹਨੇਰੇ ਵਿਚ ਅੰਮ੍ਰਿਤਸਰ ਤੋਂ ਵਾਪਿਸ ਲਾਹੌਰ ਚਲਾ ਗਿਆ। ਇਸ ਮਗਰੋਂ ਅਹਿਮਦ ਸ਼ਾਹ ਦੋ ਮਹੀਨੇ ਉੱਥੇ ਰਿਹਾ ਪਰ ਉਸ ਨੇ ਅੰਮ੍ਰਿਤਸਰ ਵੱਲ ਫਿਰ ਮੂੰਹ ਨਾ ਕੀਤਾ। ਉਹ 12 ਦਿਸੰਬਰ 1762 ਨੂੰ ਵਾਪਿਸ ਆਪਣੇ ਵਤਨ ਮੁੜ ਗਿਆ।[9] ਉਸ ਨੇ ਵਾਪਿਸ ਜਾਣ ਤੋਂ ਪਹਿਲਾਂ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਿੱਖਾਂ ਨੇ ਇਕ ਜ਼ਾਲਮ ਨਾਲ ਕਿਸੇ ਵੀ ਤਰ੍ਹਾਂ ਦਾ ਮੇਲ ਰੱਖਣ ਤੋਂ ਨਾਂਹ ਕਰ ਦਿੱਤੀ।[10] ਵਾਪਿਸ ਜਾਂਦੇ ਅਹਿਮਦ ਸ਼ਾਹ ਦਾ ਖ਼ਾਲਸਾ ਫ਼ੌਜਾਂ ਨੇ ਝਨਾਂ ਦਰਿਆ ਤਕ ਪਿੱਛਾ ਕੀਤਾ ਅਤੇ ਉਸ ਦਾ ਬਹੁਤ ਨੁਕਸਾਨ ਕੀਤਾ। ਕਈ ਵਾਰ ਤਾਂ ਖ਼ਾਲਸਾ ਫ਼ੌਜਾਂ ਅਹਿਮਦ ਸ਼ਾਹ ਦੇ ਆਪਣੇ ਖ਼ੇਮੇ ਦੇ ਬਹੁਤ ਨੇੜੇ ਤਕ ਵੀ ਹਮਲਾ ਕਰਦੀਆਂ ਸਨ ਤੇ ਉਹ ਡਰ ਨਾਲ ਕੰਬ ਜਾਂਦਾ ਸੀ।[11] ਹੁਣ ਉਸ ਨੂੰ ਅਹਿਸਾਸ ਹੋ ਰਿਹਾ ਸੀ ਕਿ ਉਹ ਸਿੱਖਾਂ ਦਾ ਸਿੱਧਾ ਮੁਕਾਬਲਾ ਵੀ ਨਹੀਂ ਕਰ ਸਕੇਗਾ।

ਜਦੋਂ ਅਹਿਮਦ ਸ਼ਾਹ ਵਾਪਿਸ ਮੁੜ ਗਿਆ ਤਾਂ ਜਾਣ ਤੋਂ ਪਹਿਲਾਂ ਉਹ ਕਾਬਲੀ ਮਲ ਨੂੰ ਲਾਹੌਰ ਦਾ ਸੂਬੇਦਾਰ ਬਣਾ ਗਿਆ। ਪਰ ਕਾਬਲੀ ਮਲ ਦੀ ਹਕੂਮਤ ਸਿਰਫ਼ ਕਿਲ੍ਹੇ ਦੇ ਅੰਦਰ ਹੀ ਸੀ। ਪੰਜਾਬ ਵਿਚ ਉਹ ਖੁਲ੍ਹੇ-ਆਮ ਘੁੰਮ ਫਿਰ ਵੀ ਨਹੀਂ ਸਕਦਾ ਸੀ। ਪੰਜਾਬ ਦੇ ਅਸਲ ਹਾਕਮ ਸਿਰਫ਼ ਤੇ ਸਿਰਫ਼ ਸਿੱਖ ਹੀ ਸਨ।

---

9. ਅਹਿਮਦ ਸ਼ਾਹ ਬਟਾਲੀਆ, ਸਫ਼ਾ 895-96.
10. *Delhi Chroniclers*, p. 194.
11. *ਉਹੀ*; ਕਾਜ਼ੀ ਨੂਰ ਮੁਹੰਮਦ, *ਜੰਗਨਾਮਾ*, ਸਫ਼ਾ 156-59.

ਬ੍ਰਾਹਮਣ ਦੀ ਬੀਵੀ ਛੁਡਾਉਣਾ

ਹੁਣ ਸਿੱਖ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਖੁਲ੍ਹੇ-ਆਮ ਆਉਣ ਲੱਗ ਪਏ ਸਨ। ਅਕਾਲ ਤਖ਼ਤ ਸਾਹਿਬ 'ਤੇ ਇਕੱਠ ਹੁਣ ਬਾਕਾਇਦਾ ਹੋਣ ਲੱਗ ਪਏ ਸਨ। 10 ਅਪਰੈਲ 1763 ਦੇ ਦਿਨ ਜਦੋਂ ਸਰਬਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋ ਰਿਹਾ ਸੀ ਤਾਂ ਇਕ ਬ੍ਰਾਹਮਣ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਅਤੇ ਅਰਜ਼ ਕੀਤੀ ਕਿ ਕਸੂਰ ਦਾ ਹਾਕਮ ਉਸਮਾਨ ਖ਼ਾਂ ਉਸ ਦੀ ਬੀਵੀ ਨੂੰ ਚੁੱਕ ਕੇ ਲੈ ਗਿਆ ਹੈ। ਸਰਬਤ ਖਾਲਸਾ ਨੇ ਉਸ ਵੇਲੇ ਗੁਰਮਤਾ ਸੋਧਿਆ ਤੇ ਬ੍ਰਾਹਮਣ ਦੀ ਬੀਵੀ ਵਾਪਿਸ ਦਿਵਾਉਣ ਵਾਸਤੇ ਕਸੂਰ 'ਤੇ ਚੜ੍ਹਾਈ ਕਰ ਦਿੱਤੀ। ਸ: ਚੜ੍ਹਤ ਸਿੰਘ ਤੇ ਸ: ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਖਾਲਸਾ ਫ਼ੌਜਾਂ ਨੇ ਉਸਮਾਨ ਖ਼ਾਂ ਦੀ ਫ਼ੌਜ ਨੂੰ ਜ਼ਬਰਦਸਤ ਸ਼ਿਕਸਤ ਦਿੱਤੀ। ਉਸਮਾਨ ਖ਼ਾਂ ਮਾਰਿਆ ਗਿਆ ਅਤੇ ਸਿੱਖਾਂ ਨੇ ਬ੍ਰਾਹਮਣ ਨੂੰ ਉਸ ਦੀ ਬੀਵੀ ਵਾਪਿਸ ਦਿਵਾ ਦਿੱਤੀ। ਇਸ ਲੜਾਈ ਵਿਚ ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋਏ (ਇਕ ਗ਼ੈਰ-ਸਿੱਖ ਔਰਤ ਖ਼ਾਤਿਰ ਏਨੇ ਸਿੱਖ ਮਰਵਾਉਣ 'ਤੇ ਕਈ ਵਿਦਵਾਨ ਕਿੰਤੂ ਕਰਦੇ ਹਨ)।[12]

ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁੜ ਉਸਾਰੀ

ਨਵੰਬਰ 1763 ਵਿਚ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਈਮਾਰਤਾਂ ਦੀ ਮੁੜ ਉਸਾਰੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਅੰਮ੍ਰਿਤਸਰ ਸਰੋਵਰ ਦਾ ਮਲਬਾ ਸਾਫ਼ ਕੀਤਾ ਗਿਆ ਅਤੇ ਉਸ ਤੋਂ ਬਾਅਦ ਹੋਰ ਸੇਵਾ ਸ਼ੁਰੂ ਕੀਤੀ ਗਈ। ਇਸ ਮੌਕੇ 'ਤੇ ਸਾਰੀਆਂ ਸਿੱਖ ਮਿਸਲਾਂ ਨੇ ਜੀਅ-ਜਾਨ ਨਾਲ ਹਿੱਸਾ ਪਾਇਆ। ਗੁਰਧਾਮਾਂ ਦੀ ਉਸਾਰੀ ਵਾਸਤੇ ਇਕੱਠੀ ਹੋਈ ਸਾਰੀ ਰਕਮ ਭਾਈ ਦੇਸ ਰਾਜ ਦੇ ਹਵਾਲੇ ਕਰ ਦਿੱਤੀ ਗਈ। (ਭਾਈ ਦੇਸ ਰਾਜ ਸਿੱਖਾਂ ਦਾ ਇਕ ਹਮਦਰਦ ਸੀ। ਮਗਰੋਂ ਉਸ ਦੇ ਵਾਰਿਸ ਸਿੰਘ ਸਜ ਗਏ ਸਨ)। ਥੋੜ੍ਹੀ ਹੀ ਦੇਰ ਵਿਚ ਦਰਬਾਰ ਸਾਹਿਬ ਕੰਪਲੈਕਸ ਦਾ ਕੁਝ ਹਿੱਸਾ ਉਸਾਰ ਲਿਆ ਗਿਆ।

ਦਿਸੰਬਰ 1763 ਵਿਚ ਖਾਲਸਾ ਫ਼ੌਜਾਂ ਨੇ ਮਲੇਰਕੋਟਲਾ 'ਤੇ ਹਮਲਾ ਕੀਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ। ਜਨਵਰੀ 1764 ਵਿਚ ਮੁਰਿੰਡਾ ਵੀ ਖਾਲਸਾ ਫ਼ੌਜਾਂ ਦੇ ਕਬਜ਼ੇ ਵਿਚ ਆ ਗਿਆ। ਕੁਝ ਹੀ ਦਿਨਾਂ ਵਿਚ ਖਾਲਸਾ ਫ਼ੌਜਾਂ ਨੇ ਸਰਹੰਦ 'ਤੇ ਵੀ ਇਕ ਵਾਰ ਫੇਰ ਹਮਲਾ ਕੀਤਾ। ਇਸ ਲੜਾਈ ਵਿਚ ਜ਼ੈਨ ਖ਼ਾਂ ਮਾਰਿਆ ਗਿਆ। ਭਾਈ ਥਰਾਜ ਸਿੰਘ, ਜੋ ਸ: ਜੱਸਾ ਸਿੰਘ ਦੇ ਨਾਲ ਹੀ ਸੀ, ਨੇ ਜ਼ੈਨ ਖ਼ਾਂ ਦਾ ਸਿਰ ਵੱਢ ਲਿਆ। ਇਸ ਮਗਰੋਂ ਜ਼ੈਨ ਖ਼ਾਂ ਦੀ ਫ਼ੌਜ ਨੇ ਹਥਿਆਰ ਸੁੱਟ ਦਿੱਤੇ।

ਮਾਰਚ 1764 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਇਕ ਵਾਰ ਫੇਰ ਪੰਜਾਬ 'ਤੇ ਹਮਲਾ ਕੀਤਾ। ਇਸ ਵਾਰ ਵੀ ਸਿੱਖਾਂ ਨਾਲ ਹੋਈ ਇਕ ਝੜਪ ਵਿਚ ਉਸ ਦਾ ਬੜਾ ਜਾਨ-ਮਾਲ ਦਾ ਨੁਕਸਾਨ ਹੋਇਆ। ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਅਹਿਮਦ ਸ਼ਾਹ ਵਾਪਿਸ ਮੁੜ ਗਿਆ। ਨਵੰਬਰ 1764 ਵਿਚ ਅਹਿਮਦ ਸ਼ਾਹ ਨੇ ਅਠਵੀਂ ਵਾਰ ਪੰਜਾਬ 'ਤੇ ਹਮਲਾ

12. ਰਤਨ ਸਿੰਘ ਭੰਗੂ, ਸਫ਼ਾ 386-87; Sirdar Kapur Singh, *op.cit.*

ਕੀਤਾ। ਇਸ ਵੇਲੇ ਖਾਲਸਾ ਫ਼ੌਜਾਂ ਲੱਖੀ ਜੰਗਲ ਵਿਚ ਬੈਠੀਆਂ ਸਨ। ਖਾਲਸਾ ਫ਼ੌਜ ਨੇ ਅਹਿਮਦ ਸ਼ਾਹ ਨਾਲ ਟੱਕਰ ਨਾ ਲੈਣ ਦਾ ਫ਼ੈਸਲਾ ਕੀਤਾ, ਕਿਉਂਕਿ ਉਹ ਜਾਣਦੇ ਸਨ ਕਿ ਅਹਿਮਦ ਸ਼ਾਹ ਬਹੁਤੀ ਦੇਰ ਪੰਜਾਬ ਵਿਚ ਨਹੀਂ ਟਿਕੇਗਾ।

ਅਕਾਲ ਤਖ਼ਤ ਸਾਹਿਬ ਦੇ ਬਾਹਰ ਸ਼ਹੀਦੀਆਂ

ਇਸ ਹਮਲੇ ਦੌਰਾਨ ਲੁੱਟ-ਮਾਰ ਕਰਦਾ ਅਹਿਮਦ ਸ਼ਾਹ ਅੰਮ੍ਰਿਤਸਰ ਵੱਲ ਵੀ ਗਿਆ। ਪਹਿਲੀ ਦਿਸੰਬਰ 1764 ਨੂੰ ਜਦੋਂ ਉਹ ਉੱਥੇ ਪੁੱਜਾ ਤਾਂ ਸਿਰਫ਼ 30 ਸਿੱਖ ਅਕਾਲ ਤਖ਼ਤ ਸਾਹਿਬ ਦੇ ਨਾਲ ਦੇ ਬੁੰਗੇ ਵਿਚ ਹਾਜ਼ਿਰ ਸਨ, ਜੋ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਮੌਜੂਦ ਸਨ। ਉਸ ਵੇਲੇ ਅਹਿਮਦ ਸ਼ਾਹ ਨਾਲ 30 ਹਜ਼ਾਰ ਫ਼ੌਜੀ ਸਨ। ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਇਨ੍ਹਾਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿਚ 30 ਸਿੱਖ 30 ਹਜ਼ਾਰ ਅਫ਼ਗਾਨ ਫ਼ੌਜਾਂ ਨਾਲ ਅ-ਸਾਵੀਂ ਲੜਾਈ ਵਿਚ ਜਾਨ ਤੋੜ ਕੇ ਲੜੇ। ਸਾਰੇ 30 ਦੇ 30 ਸਿੰਘ, ਸੈਂਕੜੇ ਅਫ਼ਗਾਨਾਂ ਨੂੰ ਮਾਰਨ ਮਗਰੋਂ, ਸ਼ਹੀਦ ਹੋ ਗਏ। ਅਹਿਮਦ ਸ਼ਾਹ ਨਾਲ ਆਏ ਇਕ ਅਫ਼ਗਾਨ ਤਾਰੀਖ਼ਦਾਨ ਨੇ ਇਸ ਲੜਾਈ ਦਾ ਬਿਆਨ ਕਰਦਿਆਂ ਲਿਖਿਆ ਹੈ ਕਿ 'ਉਹ ਸਿਰਫ਼ ਤੀਹ ਸਨ ਪਰ ਉਨ੍ਹਾਂ ਦੇ ਦਿਲ ਵਿਚ ਜ਼ਰਾ ਜਿੰਨਾ ਵੀ ਡਰ ਨਹੀਂ ਸੀ..... ਉਹ ਗੁਰੂ ਵਾਸਤੇ ਜਾਨਾਂ ਵਾਰਨ ਵਾਸਤੇ ਡਟੇ ਹੋਏ ਸਨ..... ਉਹ ਸ਼ੇਰ ਦੀ ਤਰ੍ਹਾਂ ਆਉਂਦੇ ਸਨ ਅਤੇ ਲੂੰਬੜ ਦੀ ਤਰ੍ਹਾਂ ਪਿੱਛੇ ਹੱਟ ਜਾਂਦੇ ਸਨ..... ਜੇ ਕਿਸੇ ਨੇ ਲੜਾਈ ਦਾ ਹੁਨਰ ਸਿੱਖਣਾ ਹੋਵੇ ਤਾਂ ਉਹ ਸਿੱਖਾਂ ਨਾਲ ਆਹਮੋ-ਸਾਹਮਣੀ ਲੜਾਈ ਕਰੇ..... ਉਹ ਇਕ-ਇਕ ਪੰਜਾਹ-ਪੰਜਾਹ ਜਿੰਨੇ ਸਨ..... ਜੇ ਉਹ ਲੜਾਈ ਵਿਚ ਪਿੱਛੇ ਹਟਦੇ ਸਨ ਤਾਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਭੱਜ ਰਹੇ ਹਨ, ਇਹ ਤਾਂ ਉਨ੍ਹਾਂ ਦਾ ਇਕ ਪੈਂਤੜਾ ਹੀ ਹੁੰਦਾ ਹੈ.....'[13]

ਅਹਿਮਦ ਸ਼ਾਹ ਦੇ ਇਸ ਅਠਵੇਂ ਹਮਲੇ ਵਿਚ ਸਿਰਫ਼ ਅੰਮ੍ਰਿਤਸਰ ਦੀ ਇਸ ਅ-ਸਾਵੀਂ ਲੜਾਈ ਤੋਂ ਸਿਵਾ ਅਹਿਮਦ ਸ਼ਾਹ ਤੇ ਖਾਲਸਾ ਫ਼ੌਜਾਂ ਵਿਚ ਕੋਈ ਹੋਰ ਸਿੱਧੀ ਟੱਕਰ ਨਹੀਂ ਹੋਈ। ਇਸ ਮਗਰੋਂ 17 ਜਨਵਰੀ 1765 ਦੇ ਦਿਨ ਉਸ ਦੇ ਜਰਨੈਲ ਜਹਾਨ ਖ਼ਾਨ ਦੀਆਂ ਫ਼ੌਜਾਂ ਨਾਲ ਸਿੱਖਾਂ ਦੀ ਇਕ ਟੱਕਰ ਹੋਈ, ਜਿਸ 'ਚ ਸਿੱਖ ਜੇਤੂ ਰਹੇ। ਇਸ ਤੋਂ ਕੁਝ ਹੀ ਦਿਨਾਂ ਮਗਰੋਂ ਅਹਿਮਦ ਸ਼ਾਹ ਫੇਰ ਵਾਪਿਸ ਆਪਣੇ ਵਤਨ ਮੁੜ ਗਿਆ।

9 ਅਪਰੈਲ 1765 ਦੇ ਦਿਨ ਸਰਬਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ।[14] ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਬਾਕੀ ਦੀ ਉਸਾਰੀ ਅਤੇ ਇਸ ਦੀ ਸਜਾਵਟ ਵੀ ਕੀਤੀ ਜਾਏ। ਨਵੰਬਰ 1763 ਵਿਚ, ਤੇ ਉਸ ਮਗਰੋਂ ਵੀ, ਭਾਈ ਦੇਸ ਰਾਜ ਕੋਲ ਬਹੁਤ ਸਾਰੀ ਰਕਮ ਇਕੱਠੀ ਹੋ ਚੁੱਕੀ ਸੀ। ਸਰਬਤ ਖਾਲਸਾ ਨੇ ਗੁਰਮਤਾ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੀ ਮੋਹਰ (ਗੁਰੂ ਦੀ ਮੋਹਰ) ਭਾਈ ਦੇਸ ਰਾਜ ਨੂੰ ਸੌਂਪ ਦਿੱਤੀ ਜਾਏ ਤਾਂ ਜੋ ਉਹ ਸਿੱਖਾਂ ਤੋਂ ਦਸਵੰਧ ਦੀ ਰਕਮ ਵਸੂਲ ਕਰ ਸਕਣ ਅਤੇ ਖ਼ਰਚ ਕਰ ਸਕਣ। (ਭਾਈ ਦੇਸ

---

13. ਕਾਜ਼ੀ ਨੂਰ ਮੁਹੰਮਦ, *ਜੰਗਨਾਮਾ*; Sirdar Kapur Singh, *op.cit.;* ਰਤਨ ਸਿੰਘ ਭੰਗੂ, ਸਫ਼ਾ 419-22.

14. K.S. Thapar, *op.cit.*, p. 289.

ਰਾਜ ਨੂੰ ਅਕਾਲ ਤਖ਼ਤ ਸਾਹਿਬ ਦਾ ਬੁਲਾਰਾ ਜਾਂ ਨੁਮਾਇੰਦਾ ਨਹੀਂ ਸੀ ਬਣਾਇਆ ਗਿਆ, ਉਸ ਨੂੰ ਸਿਰਫ਼ ਪੈਸੇ ਇਕੱਠੇ ਕਰਨ ਦਾ ਹੱਕ ਦਿੱਤਾ ਗਿਆ ਸੀ)।

ਲਾਹੌਰ 'ਤੇ ਕਬਜ਼ਾ

9 ਅਪਰੈਲ 1765 ਦੇ ਸਰਬਤ ਖਾਲਸਾ ਵਿਚ ਇਹ ਗੁਰਮਤਾ ਵੀ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਸ: ਗੁੱਜਰ ਸਿੰਘ ਭੰਗੀ, ਸ: ਲਹਿਣਾ ਸਿੰਘ ਭੰਗੀ ਅਤੇ ਸ: ਸੋਭਾ ਸਿੰਘ ਕਨਈਆ ਦੀ ਅਗਵਾਈ ਵਿਚ ਖਾਲਸਾ ਫ਼ੌਜਾਂ ਨੇ 16 ਮਈ 1765 ਦੇ ਦਿਨ ਲਾਹੌਰ 'ਤੇ ਹਮਲਾ ਕੀਤਾ ਤੇ ਸ਼ਹਿਰ 'ਤੇ ਕਬਜ਼ਾ ਕਰ ਲਿਆ।[15] ਸ਼ਹਿਰ ਦੇ ਸਿਰਕਰਦਾ ਲੋਕਾਂ ਨੇ ਖਾਲਸਾ ਦਰਬਾਰ ਵਿਚ ਹਾਜ਼ਿਰ ਹੋ ਕੇ ਸਿੱਖਾਂ ਦੀ ਹਕੂਮਤ ਨੂੰ ਕਬੂਲ ਕਰ ਲਿਆ। ਹੁਣ ਸਿੱਖਾਂ ਨੇ ਨਵੀਂ ਕਰੰਸੀ ਵੀ ਜਾਰੀ ਕਰ ਦਿੱਤੀ। ਨਵੇਂ ਸਿੱਕੇ 'ਤੇ ਉਕਰੀ ਇਬਾਰਤ ਇੰਞ ਸੀ:

ਦੇਗ਼ ਓ ਤੇਗ਼ ਓ ਫ਼ਤਹਿ ਓ ਨੁਸਰਤ ਬੇਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
[ਦੇਗ਼, ਤੇਗ਼, ਫ਼ਤਹਿ, ਮਦਦ ਅਕਾਲ ਪੁਰਖ ਤੋਂ ਗੁਰੂ ਸਾਹਿਬ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਖ਼ਸ਼ਿਸ਼ ਨਾਲ ਹਾਸਿਲ ਹੋਈ]

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ: **"ਲਾਹੌਰ ਵਿਚ 1765 ਵਿਚ ਘੜਿਆ ਗਿਆ।"**

ਲਾਹੌਰ 'ਤੇ ਕਬਜ਼ੇ ਤੋਂ ਬਾਅਦ ਹੁਣ ਸਾਰੇ ਪੰਜਾਬ ਵਿਚ ਸਮੁੱਚੇ ਤੌਰ 'ਤੇ ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਇਸ ਮਗਰੋਂ 1765 ਵਿਚ ਭਾਵੇਂ ਇਕ ਵਾਰ ਫੇਰ ਅਹਿਮਦ ਸ਼ਾਹ ਪੰਜਾਬ ਆਇਆ ਪਰ ਉਸ ਨੇ ਸਿੱਖਾਂ ਨਾਲ ਟੱਕਰ ਲੈਣ ਤੋਂ ਗੁਰੇਜ਼ ਕੀਤਾ। ਦਿਸੰਬਰ 1766 ਵਿਚ ਵੀ ਅਹਿਮਦ ਸ਼ਾਹ ਪੰਜਾਬ ਆਇਆ। 22 ਦਿਸੰਬਰ 1766 ਦੇ ਦਿਨ ਉਸ ਨੇ ਸ: ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਸੂਬੇਦਾਰ ਮੰਨਣ ਦੀ ਪੇਸ਼ਕਸ਼ ਕੀਤੀ, ਪਰ ਸਿੱਖਾਂ ਨੇ ਉਸ ਦੀ ਸਿਰਦਾਰੀ ਮੰਨ ਕੇ ਖ਼ਰਾਜ ਦੇਣ ਤੋਂ ਨਾਂਹ ਕਰ ਦਿੱਤੀ ਤੇ ਅਹਿਮਦ ਸ਼ਾਹ ਦੇ ਏਲਚੀ ਨੂੰ ਦੁਰਕਾਰ ਕੇ ਭੇਜ ਦਿੱਤਾ। ਬੇਇਜ਼ਤੀ ਕਰਵਾਉਣ ਦੇ ਬਾਵਜੂਦ ਅਹਿਮਦ ਸ਼ਾਹ ਨੇ ਸਿੱਖਾਂ ਨਾਲ ਟੱਕਰ ਨਾ ਲਈ। 1769 ਅਤੇ 1770 ਵਿਚ ਅਹਿਮਦ ਸ਼ਾਹ ਫੇਰ ਪੰਜਾਬ ਵੱਲ ਆਇਆ, ਪਰ ਹੁਣ ਉਸ ਵਿਚ ਸਿੱਖਾਂ ਨਾਲ ਟੱਕਰ ਲੈਣ ਦੀ ਹੀਆ ਨਹੀਂ ਸੀ, ਇਸ ਕਰ ਕੇ ਉਹ ਸਿੱਖ ਹੋਮਲੈਂਡ ਤੋਂ ਦੂਰ ਹੀ ਰਿਹਾ।[16]

14 ਮਾਰਚ 1770 ਦੇ ਦਿਨ ਅਹਿਮਦ ਸ਼ਾਹ ਦਾ ਜਰਨੈਲ ਜਹਾਨ ਖ਼ਾਂ ਮਰ ਗਿਆ। ਇਸ ਨਾਲ ਅਹਿਮਦ ਸ਼ਾਹ ਹੋਰ ਕਮਜ਼ੋਰ ਹੋ ਗਿਆ। ਹੁਣ ਅਹਿਮਦ ਸ਼ਾਹ ਇਕ ਕਮਜ਼ੋਰ, ਬਜ਼ੁਰਗ, ਹਾਰਿਆ, ਨਿੰਮੋਝੂਣਾ, ਬੇਬਸ, ਬੇਦਿਲ ਸ਼ਖ਼ਸ ਸੀ। ਅਖ਼ੀਰ 23 ਅਕਤੂਬਰ 1772 (ਇਕ ਸੋਮੇ ਮੁਤਾਬਿਕ 14 ਅਪਰੈਲ 1772) ਦੇ ਦਿਨ ਅਹਿਮਦ ਸ਼ਾਹ ਵੀ ਮਰ ਗਿਆ।

---

15. Hari Ram Gupta, pp. 248-50.
16. Hari Ram Gupta, p. 251; J.D. Cunnigham, *A History of the Sikhs,* pp. 101-03. Also see : Macauliffe, *The Sikh Religion*; Harbans Singh, *Heritage of the Sikhs*; Dilgeer & Sekhon, *The Sikhs Struggle for Sovereignty.*

ਇਸ ਤੋਂ ਬਾਅਦ ਅਫ਼ਗਾਨ ਧਾੜਵੀਆਂ ਦੀ ਦਹਿਸ਼ਤ ਤਕਰੀਬਨ ਖ਼ਤਮ ਹੋ ਗਈ। ਹੁਣ ਸਿੱਖ ਪੰਜਾਬ ਵਿਚ ਇਕੋ-ਇਕ ਹਾਕਮ ਸਨ ਅਤੇ ਕੋਈ ਉਨ੍ਹਾਂ ਨੂੰ ਚੈਲੰਜ ਕਰਨ ਜੋਗਾ ਨਹੀਂ ਸੀ।[17] ਇਨ੍ਹਾਂ ਦਿਨਾਂ ਵਿਚ ਹੀ ਅੰਗਰੇਜ਼ ਹਾਕਮ ਜਨਰਲ ਬਾਰਕਰ ਨੇ ਵੀ ਲਾਹੌਰ ਦੇ ਹਾਕਮ ਝੰਡਾ ਸਿੰਘ ਨੂੰ ਇਕ ਖ਼ਤ ਲਿਖਿਆ, ਜਿਸ ਵਿਚ ਸਿੱਖਾਂ ਨੂੰ ਪੰਜਾਬ ਦੇ ਹਾਕਮ ਮੰਨ ਲਿਆ ਗਿਆ ਸੀ।

1770 ਵਿਚ ਅਕਾਲ ਤਖ਼ਤ ਸਾਹਿਬ ਦੀ ਹਕੂਮਤ ਬਹੁਤ ਵੱਡੇ ਇਲਾਕੇ 'ਤੇ ਕਾਇਮ ਹੋ ਚੁੱਕੀ ਸੀ। ਇਸ ਵਿਚ ਦਰਿਆ ਜਿਹਲਮ ਤੋਂ ਕਰਨਾਲ ਅਤੇ ਹਾਂਸੀ ਤਕ ਦਾ ਇਲਾਕਾ ਆ ਜਾਂਦਾ ਸੀ। ਕੁਝ ਚਿਰ ਤਾਂ ਦਿੱਲੀ ਵੀ ਸਿੱਖਾਂ ਦੇ ਕਬਜ਼ੇ ਹੇਠ ਰਹੀ ਸੀ।[18] ਸ: ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਬਾਬਾ ਬਘੇਲ ਸਿੰਘ ਨੇ 11 ਮਾਰਚ 1783 ਦੇ ਦਿਨ ਲਾਲ ਕਿਲ੍ਹੇ 'ਤੇ ਨੀਲਾ ਖਾਲਸਾਈ ਨਿਸ਼ਾਨ ਸਾਹਿਬ ਲਹਿਰਾਇਆ ਸੀ। ਆਹਲੂਵਾਲੀਆ ਮਿਸਲ, ਕਪੂਰਥਲਾ ਅਤੇ ਮਾਝੇ (ਸਰਹਾਲੀ, ਜੰਡਿਆਲਾ, ਵੈਰੋਵਾਲ) 'ਤੇ ਕਾਬਜ਼ ਸੀ। ਭੰਗੀਆਂ ਕੋਲ ਲਾਹੌਰ, ਸਿਆਲਕੋਟ, ਗੁਜਰਾਤ, ਤਰਨ ਤਾਰਨ, ਮੁਲਤਾਨ ਤੇ ਅੰਮ੍ਰਿਤਸਰ ਦਾ ਕੁਝ ਇਲਾਕਾ ਸੀ। ਰਾਮਗੜ੍ਹੀਆ ਮਿਸਲ ਦੀ ਹਕੂਮਤ ਕਾਦੀਆਂ, ਬਟਾਲਾ, ਹਰਿਗੋਬਿੰਦਪੁਰ, ਮਿਆਣੀ ਅਤੇ ਟਾਂਡਾ 'ਤੇ ਸੀ। ਸਿੰਘਪੁਰੀਆ ਮਿਸਲ ਬਨੂੜ, ਮਨੌਲੀ, ਭਰਤਗੜ੍ਹ 'ਤੇ ਰਾਜ ਕਰਦੀ ਸੀ। ਕਨਈਆ ਮਿਸਲ ਕੋਲ ਬਟਾਲਾ ਪਰਗਨਾ ਦਾ ਕੁਝ ਇਲਾਕਾ ਸੀ। ਸ਼ਹੀਦਾਂ ਮਿਸਲ ਦੇ ਕਬਜ਼ੇ ਹੇਠ ਅੰਬਾਲਾ ਤੇ ਸਹਾਰਨਪੁਰ ਦਾ ਕੁਝ ਇਲਾਕਾ ਸੀ। ਨਕਈਆਂ ਕੋਲ ਦਰਿਆ ਸਤਲੁਜ ਤੇ ਲਾਹੌਰ ਵਿਚਲਾ ਇਲਾਕਾ ਸੀ। ਡੱਲੇਵਾਲੀਆ ਮਿਸਲ ਦੀ ਹਕੂਮਤ ਰਾਹੋਂ, ਨਵਾਂ ਸ਼ਹਿਰ ਅਤੇ ਫ਼ਿਲੌਰ 'ਤੇ ਸੀ। ਕਰੋੜਸਿੰਘੀਆ ਮਿਸਲ ਦਾ ਰਾਜ ਹੁਸ਼ਿਆਰਪੁਰ 'ਤੇ ਸੀ। ਇਸ ਤੋਂ ਇਲਾਵਾ ਪਟਿਆਲਾ, ਨਾਭਾ, ਜੀਂਦ, ਸਰਹੰਦ (ਜੋ ਦਲ ਖਾਲਸਾ ਨੇ ਜਿਤ ਕੇ ਪਟਿਆਲਾ ਰਾਜਾ ਨੂੰ ਦਿੱਤਾ ਸੀ) ਦੇ ਰਾਜੇ ਵੀ ਸਿੱਖ ਹੀ ਸਨ। **ਯਾਨਿ ਜਮਨਾ ਤੋਂ ਜਿਹਲਮ ਤਕ ਦਾ ਤਕਰੀਬਨ ਸਾਰਾ ਇਲਾਕਾ ਹੀ ਅਕਾਲ ਤਖ਼ਤ ਸਾਹਿਬ ਦੀ ਸਿਰਦਾਰੀ ਹੇਠ ਸਿੱਖ ਮਿਸਲਾਂ ਕੋਲ ਸੀ। ਮਿਸਲਾਂ ਸਰਬਤ ਖਾਲਸਾ ਦੇ ਨਾਂ ਹੇਠ ਹਕੂਮਤ ਕਰਦੀਆਂ ਸਨ। ਅਕਾਲ ਤਖ਼ਤ ਸਾਹਿਬ ਦਾ ਹਰ ਪਾਸੇ ਬੋਲਬਾਲਾ ਸੀ। ਪਰ.....**

•

17. *Calendar of Persian Correspondence,* Vol. II, p. 108.
18. ਰਤਨ ਸਿੰਘ ਭੰਗੂ, ਸਫ਼ਾ 437-44.

ਰਣਜੀਤ ਸਿੰਘ ਵੇਲੇ ਅਕਾਲ ਤਖ਼ਤ ਸਾਹਿਬ

(1799 ਤੋਂ 1849)

ਅਬਦਾਲੀ ਦੇ ਪੰਜਾਬ 'ਚੋਂ ਮਨਫ਼ੀ ਹੋ ਜਾਣ ਅਤੇ ਸਿੱਖਾਂ ਦੀ ਹਕੂਮਤ ਕਾਇਮ ਹੋਣ ਮਗਰੋਂ ਹੁਣ ਅਕਾਲ ਤਖ਼ਤ ਸਾਹਿਬ ਤੇ ਸਿੱਖਾਂ ਦੇ ਇਕੱਠ ਦੋਬਾਰਾ ਹੋਣੇ ਸ਼ੁਰੂ ਹੋ ਗਏ। 1721 ਵਿਚ ਸ਼ੁਰੂ ਹੋਏ ਸਰਬਤ ਖਾਲਸਾ ਇਕੱਠ ਹੁਣ ਬਾਕਾਇਦਾ ਹੋਣ ਲੱਗ ਪਏ। ਇਨ੍ਹਾਂ ਇਕੱਠਾਂ ਵਿਚ ਕੌਮੀ ਮਸਲਿਆਂ 'ਤੇ ਵਿਚਾਰਾਂ ਹੋਇਆ ਕਰਦੀਆਂ ਸਨ। ਮਿਸਲਾਂ ਦੇ ਆਪਸੀ ਝਗੜੇ ਅਤੇ ਆਗੂਆਂ ਦੇ ਆਪਸੀ ਫ਼ਰਕ ਵੀ ਅਕਾਲ ਤਖ਼ਤ ਸਾਹਿਬ 'ਤੇ ਹੀ ਸੁਲਝਾਏ ਜਾਇਆ ਕਰਦੇ ਸਨ। ਕਿਉਂਕਿ ਹਰ ਮਿਸਲ ਦੇ ਕਬਜ਼ੇ ਹੇਠਲੇ ਇਲਾਕੇ ਦੀਆਂ ਮਿਸਲਾਂ ਅਕਾਲ ਤਖ਼ਤ ਸਾਹਿਬ 'ਤੇ ਪਈਆਂ ਸਨ, ਇਸ ਕਰ ਕੇ ਇਲਾਕੇ ਬਾਰੇ ਆਪਸੀ ਝਗੜੇ ਘੱਟ ਹੀ ਹੋਇਆ ਕਰਦੇ ਸਨ।

1770 ਤੱਕ ਸਿੰਧ ਤੋਂ ਜਮਨਾ ਤੱਕ ਦੇ ਇਲਾਕੇ ਵਿਚਲੇ ਬਹੁਤੇ ਹਿੱਸੇ 'ਤੇ ਵਿਚ ਸਿੱਖਾਂ ਦੀ ਹਕੂਮਤ ਕਾਇਮ ਹੋ ਚੁੱਕੀ ਸੀ। ਅਹਿਮਦ ਸ਼ਾਹ ਦੁਰਾਨੀ ਭਾਵੇਂ 23 ਅਕਤੂਬਰ 1772 ਦੇ ਦਿਨ ਮਰਿਆ ਸੀ, ਪਰ ਉਹ 1762 ਤੋਂ ਮਗਰੋਂ ਸਿੱਖਾਂ ਨਾਲ ਟੱਕਰ ਨਹੀਂ ਸੀ ਲੈ ਸਕਿਆ। ਉਸ ਦਾ ਜਾਂਨਸ਼ੀਨ ਸਿੱਖਾਂ ਦੇ ਹੱਥੋਂ ਮਾਰਿਆ ਜਾ ਚੁੱਕਾ ਸੀ। ਹੌਲੀ-ਹੌਲੀ ਮਿਸਲਾਂ ਨੇ ਆਪਣੇ ਪੈਰ ਪੱਕੇ ਕਰ ਲਏ ਤੇ ਉਨ੍ਹਾਂ ਨੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਹਕੂਮਤ ਦੀ ਬਜਾਇ ਨਿਜੀ ਤੇ ਖ਼ਾਨਦਾਨੀ ਹਕੂਮਤ ਸਮਝਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਉਹ ਦੂਜੀਆਂ ਮਿਸਲਾਂ ਨਾਲ ਖਾਰ ਵੀ ਖਾਣ ਲੱਗ ਪਏ ਅਤੇ ਦੂਜੇ ਦੇ ਇਲਾਕੇ 'ਚ ਦਖ਼ਲ ਦੇਣ ਜਾਂ ਕਬਜ਼ਾ ਕਰਨ ਦੀਆਂ ਸ਼ਿਕਾਇਤਾਂ ਵੀ ਸ਼ੁਰੂ ਹੋ ਗਈਆਂ। ਇਹ ਤਰੀਕਾ ਪੰਥਕ ਨਹੀਂ ਸੀ ਅਤੇ ਮੁਗ਼ਲੀਆ ਤਰਜ਼ ਦਾ ਜਾਂ ਕਬਾਇਲੀ ਸੀ। ਇਹ ਸਿੱਖੀ ਅਸੂਲਾਂ ਦੇ ਮੁੱਢੋਂ ਹੀ ਉਲਟ ਸੀ।

ਇਸ ਸਾਰੇ ਦੇ ਬਾਵਜੂਦ ਮਿਸਲਾਂ ਦੇ ਆਗੂ ਜਦੋਂ ਅੰਮ੍ਰਿਤਸਰ ਆਉਂਦੇ ਸਨ ਅਤੇ ਅਕਾਲ ਤਖ਼ਤ ਸਾਹਿਬ 'ਤੇ ਮਿਲ ਬੈਠਦੇ ਸਨ ਤਾਂ ਆਪਣੇ ਝਗੜੇ ਅਤੇ ਵੈਰ ਭੁੱਲ ਜਾਂਦੇ ਸਨ। ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਘਰ ਦੇ ਜੀਆਂ ਵਾਂਗ, ਸਾਧ ਸੰਗਤ ਬਣ ਕੇ, ਸਰਬਤ ਖਾਲਸਾ ਵਜੋਂ ਬੈਠਿਆ ਕਰਦੇ ਸਨ ਅਤੇ ਕੌਮੀ ਮਸਲਿਆਂ ਤੇ ਵਿਚਾਰ ਕਰਦਿਆਂ ਉਨ੍ਹਾਂ ਦੀ ਸੋਚ ਸਿਰਫ਼ ਤੇ ਸਿਰਫ਼ ਪੰਥਕ ਹੋਇਆ ਕਰਦੀ ਸੀ। ਕੌਮੀ ਫ਼ੈਸਲੇ ਗੁਰਮਤੇ ਰਾਹੀਂ ਹੱਲ ਹੋਇਆ ਕਰਦੇ ਸਨ।

ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੇ ਸੇਵਾਦਾਰ/ਗ੍ਰੰਥੀ ਸਰਬਤ ਖਾਲਸਾ ਵਲੋਂ ਸਾਂਝੇ ਤੌਰ 'ਤੇ ਚੁਣੇ ਜਾਇਆ ਕਰਦੇ ਸੀ। ਇਨ੍ਹਾਂ ਦੀ ਚੋਣ ਸਿਰਫ਼ ਤੇ

ਸਿਰਫ਼ ਕਾਬਲੀਅਤ ਦੀ ਬਿਨਾਅ 'ਤੇ ਹੋਇਆ ਕਰਦੀ ਸੀ। ਇਸ ਵੇਲੇ ਤਕ ਸਿੱਖਾਂ ਦੀ ਗਿਣਤੀ ਚੋਖੀ ਵਧ ਚੁੱਕੀ ਸੀ। ਇਸ ਹਾਲਤ ਵਿਚ ਸਰਬਤ ਖਾਲਸਾ ਇਕੱਠ ਦਾ ਤਰੀਕਾ ਬਦਲਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਸੀ। ਇਸ ਕਰ ਕੇ ਮਿਸਲਾਂ ਨੇ ਸਰਬਤ ਖਾਲਸਾ ਇਕੱਠ ਸਾਰੇ ਦੇ ਸਾਰੇ ਸਿੱਖਾਂ ਦੀ ਬਜਾਇ ਸਿਰਫ਼ ਮਿਸਲਾਂ ਦੇ ਮੁਖੀਆਂ ਦਾ ਕਰਨਾ ਸ਼ੁਰੂ ਕਰ ਦਿੱਤਾ। ਪਰ ਇਸ ਮੌਕੇ 'ਤੇ ਸਿੱਖਾਂ ਦਾ ਇਕ ਵੱਡਾ ਦੀਵਾਨ ਵੀ ਨਾਲ ਹੀ ਹੋਇਆ ਕਰਦਾ ਸੀ, ਜਿਸ ਵਿਚ ਸਰਬਤ ਖਾਲਸਾ ਦੇ ਆਗੂਆਂ ਦੇ ਇਕੱਠ ਵਿਚ ਕੀਤੇ ਗਏ ਗੁਰਮਤੇ ਬਾਰੇ ਐਲਾਨ ਕੀਤਾ ਜਾਂਦਾ ਸੀ, ਪਰ ਜੇ ਕਰ ਉਸ ਵੇਲੇ ਕੋਈ ਇਕੱਠ ਨਾ ਹੋ ਰਿਹਾ ਹੋਵੇ ਤਾਂ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਇਸ ਗੁਰਮਤੇ ਨੂੰ ਹੁਕਮਨਾਮੇ ਵਜੋਂ ਜਾਰੀ ਕਰ ਦਿਆ ਕਰਦਾ ਸੀ। ਇਸ ਤਰੀਕੇ ਨੂੰ ਅਸੀਂ ਸਿੱਧਾ ਲੋਕ-ਰਾਜ (ਡੈਮੋਕਰੇਸੀ) ਦੀ ਥਾਂ ਅ-ਸਿੱਧਾ ਲੋਕ-ਰਾਜ ਆਖ ਸਕਦੇ ਹਾ। ਪਰ ਜੇ ਇਹ ਤਬਦੀਲੀ ਨਾ ਕੀਤੀ ਜਾਂਦੀ ਤਾਂ ਸਿੱਖਾਂ ਦੀ ਵੱਧ ਰਹੀ ਗਿਣਤੀ ਕਾਰਨ ਇਹ ਇਕੱਠ ਨਾ-ਮੁਮਕਿਨ ਹੋ ਜਾਇਆ ਕਰਨੇ ਸਨ। ਪਰ ਇਸ ਦੇ ਬਾਵਜੂਦ ਆਮ ਸਿੱਖ ਸੰਗਤ ਨੂੰ ਆਪਣੀ ਰਾਏ ਦੇ ਸਕਣ ਦੇ ਹੱਕ ਸਨ। ਉਹ ਵਕਤੀ ਮਸਲੇ ਜਾਂ ਨੁਕਤੇ ਬਾਰੇ ਵੀ ਆਪਣੇ ਵਿਚਾਰ ਦੇ ਸਕਿਆ ਕਰਦੇ ਸਨ।

ਇਹ ਅਸਿੱਧਾ ਲੋਕ-ਰਾਜ ਕੁਝ ਸਾਲ ਚਲਦਾ ਰਿਹਾ ਪਰ ਜਿਉਂ-ਜਿਉਂ ਮਿਸਲਾਂ ਦੇ ਆਗੂਆਂ ਦੀ ਹਕੂਮਤ ਪੱਕੀ ਹੁੰਦੀ ਗਈ, ਉਨ੍ਹਾਂ ਅੰਦਰ ਹਾਕਮ ਹੋਣ ਦਾ ਅਹਿਸਾਸ ਹਾਵੀ ਹੁੰਦਾ ਗਿਆ। ਉਹ ਦੂਜੀਆਂ ਮਿਸਲਾਂ ਨੂੰ ਨਾ ਸਿਰਫ਼ ਗ਼ੈਰ ਸਗੋਂ ਆਪਣੇ ਦੁਸ਼ਮਣ ਵੀ ਸਮਝਣ ਲੱਗ ਪਏ। ਕੁਝ ਚਿਰ ਮਗਰੋਂ ਸਰਬਤ ਖਾਲਸਾ ਜੋੜ ਮੇਲੇ ਅਤੇ ਸਰਬਤ ਖਾਲਸਾ ਇਕੱਠ ਵੀ ਤਕਰੀਬਨ ਖ਼ਤਮ ਹੋ ਗਏ। ਡਾ. ਗੁਰਬਚਨ ਸਿੰਘ ਨਈਅਰ ਮੁਤਾਬਿਕ 1760 ਤੋਂ ਮਗਰੋਂ ਸਰਬਤ ਖਾਲਸਾ ਦੇ ਜੋੜ ਮੇਲੇ ਦੀਆਂ ਦੋ ਤੋਂ ਵੱਧ ਮਿਸਾਲਾਂ ਨਹੀਂ ਮਿਲਦੀਆਂ, ਇਹ ਇਕ ਤਰ੍ਹਾਂ ਨਾਲ ਖ਼ਤਮ ਹੋ ਚੁਕਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ 1805 ਮਗਰੋਂ ਇਸ ਨੂੰ ਰਸਮੀ ਤੌਰ 'ਤੇ ਵੀ ਬੰਦ ਕਰ ਦਿੱਤਾ।

ਅਕਾਲ ਤਖ਼ਤ ਸਾਹਿਬ ਦੀ ਨਵੀ ਈਮਾਰਤ ਉਸਾਰਨ ਬਾਰੇ ਗੁਰਮਤਾ 10 ਅਪਰੈਲ 1765 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੀ ਹੋਇਆ ਸੀ। ਅਕਾਲ ਤਖ਼ਤ ਸਾਹਿਬ ਦੀ ਈਮਾਰਤ ਅਬਦਾਲੀ ਨੇ 1762 ਵਿਚ ਢਾਈ ਸੀ, ਪਰ ਮਿਸਲਾਂ ਨੇ ਇਸ ਨੂੰ ਦੋਬਾਰਾ ਬਣਾ ਲਿਆ ਸੀ। ਉਸ ਵੇਲੇ ਇਹ ਈਮਾਰਤ ਛੋਟੀ ਜਿਹੀ ਸੀ। 1765 ਵਿਚ ਇਸ ਥੜ੍ਹੇ ਦੀ ਥਾਂ 'ਤੇ ਇਕ ਨਵੀਂ ਈਮਾਰਤ ਬਣਾਉਣ ਦਾ ਗੁਰਮਤਾ ਕੀਤਾ ਗਿਆ। ਇਸ ਦੀ ਉਸਾਰੀ ਵਾਸਤੇ ਸਾਰੀਆਂ ਮਿਸਲਾਂ ਨੇ ਖੁਲ੍ਹ-ਦਿਲੀ ਨਾਲ ਰਕਮਾਂ ਅਰਦਾਸ ਕਰਵਾਈਆਂ। ਹਰ ਸਿੱਖ ਨੇ ਆਪਣੀ ਹਿੰਮਤ ਮੁਤਾਬਿਕ ਅਰਦਾਸੇ ਕਰਵਾਏ। ਇਕ ਸੋਮੇ ਮੁਤਾਬਿਕ ਸਿੱਖਾਂ ਨੇ ਤਕਰੀਬਨ 7 ਲੱਖ ਰੁਪਏ ਇਕੱਠੇ ਕੀਤੇ ਅਤੇ ਇਸ ਰਕਮ ਨੂੰ ਭਾਈ ਦੇਸ ਰਾਜ ਦੇ ਹਵਾਲੇ ਕਰ ਦਿੱਤਾ। ਸਰਬਤ ਖਾਲਸਾ ਨੇ ਭਾਈ ਦੇਸ ਰਾਜ ਨੂੰ ਅਕਾਲ ਤਖ਼ਤ ਸਾਹਿਬ ਦੀ ਮੁਹਰ ਵੀ ਸੌਂਪ ਦਿੱਤੀ ਸੀ ਤਾਂ ਜੋ ਉਹ ਇਸ ਨੂੰ ਉਨ੍ਹਾਂ ਖ਼ਤਾਂ 'ਤੇ ਲਾ ਸਕਣ ਜਿਹੜੇ ਵੱਖ ਵੱਖ ਇਲਾਕੇ ਦੀ ਸੰਗਤ ਨੂੰ ਰਕਮ ਭੇਜਣ ਅਤੇ ਉਨ੍ਹਾਂ ਵਲੋਂ ਪੁੱਜੀ ਰਕਮ ਦੀ ਰਸੀਦ ਵਜੋਂ ਭੇਜੇ ਜਾਣ।[1] ਭਾਈ ਦੇਸ ਰਾਜ ਨੇ ਇਸ ਸਾਰੀ ਰਕਮ ਨੂੰ ਈਮਾਨਦਾਰੀ ਨਾਲ ਅਕਾਲ

1. ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ਼*, ਸਫ਼ਾ 20 (1998 ਦੀ ਐਡੀਸ਼ਨ).

ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀਆਂ ਈਮਾਰਤਾਂ ਦੀ ਉਸਾਰੀ, ਸਜਾਵਟ ਤੇ ਸੇਵਾ-ਸੰਭਾਲ 'ਤੇ ਖ਼ਰਚ ਕੀਤਾ।

ਇਕ ਸੋਮੇ ਮੁਤਾਬਿਕ ਅਕਾਲ ਤਖ਼ਤ ਸਾਹਿਬ ਦਾ ਥੜ੍ਹਾ ਸਾਹਿਬ ਅਤੇ ਪਹਿਲੀ ਮੰਜ਼ਿਲ 1774 ਤਕ ਤਿਆਰ ਹੋ ਚੁੱਕੀ ਸੀ। ਬਾਕੀ ਦੀਆਂ ਚਾਰ ਮੰਜ਼ਿਲਾਂ ਜਰਨੈਲ ਹਰੀ ਸਿੰਘ ਨਲਵਾ ਵੇਲੇ ਤਿਆਰ ਕੀਤੀਆਂ ਗਈਆਂ ਸਨ। ਇਸ ਨੂੰ ਛੇ-ਮੰਜ਼ਿਲਾਂ ਸਿਰਫ਼ ਇਸ ਕਰ ਕੇ ਕੀਤਾ ਗਿਆ ਸੀ, ਕਿਉਂਕਿ ਇਹ ਤਖ਼ਤ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ।

1800 ਵਿਚ ਮਿਸਲ ਸ਼ਹੀਦਾਂ ਦੇ ਮੁਖੀ ਬਾਬਾ ਨੈਣਾ ਸਿੰਘ ਦੇ ਭਤੀਜੇ ਅਕਾਲੀ ਫੂਲਾ ਸਿੰਘ, ਮਿਸਲ ਦੇ ਮੁਖੀ ਬਣਨ ਮਗਰੋਂ, ਅਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਆ ਟਿਕੇ ਅਤੇ ਉਨ੍ਹਾਂ ਨੇ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਲਈ। ਉਨ੍ਹਾਂ ਨੇ ਆਉਂਦਿਆਂ ਹੀ ਉਦਾਸੀਆਂ ਵਲੋਂ ਚਲਾਈਆਂ ਬਿਪਰਨ ਰਸਮਾਂ ਨੂੰ ਬੰਦ ਕਰ ਦਿੱਤਾ। ਅਕਾਲੀ ਫੂਲਾ ਸਿੰਘ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸਾਧੂ ਗੋਪਾਲ ਦਾਸ ਅਤੇ ਚੈਂਚਲ ਦਾਸ ਕਰਦੇ ਰਹੇ ਸਨ। ਉਹ ਦੋਵੇਂ ਉਦਾਸੀ ਸਨ ਤੇ ਉਨ੍ਹਾਂ ਨੇ ਤਖ਼ਤ ਸਾਹਿਬ 'ਤੇ ਬਹੁਤ ਸਾਰੀਆਂ ਹਿੰਦੂ ਰਸਮਾਂ ਤੇ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਸ ਦਾ ਮਕਸਦ ਹਿੰਦੂ ਯਾਤਰੂਆਂ ਤੋਂ ਚੜ੍ਹਾਵੇ ਇਕੱਠੇ ਕਰਨਾ ਹੁੰਦਾ ਸੀ। ਪਰ ਅਕਾਲੀ ਫੂਲਾ ਸਿੰਘ ਨੇ ਇਨ੍ਹਾਂ ਸਿੱਖ-ਵਿਰੋਧੀ ਕਾਰਵਾਈਆਂ ਨੂੰ ਸਖ਼ਤੀ ਨਾਲ ਰੋਕ ਦਿੱਤਾ।

ਜਦੋਂ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਆਏ ਤਾਂ ਇਹ ਸ਼ਹਿਰ ਭੰਗੀ ਮਿਸਲ ਦੇ ਕਬਜ਼ੇ ਹੇਠ ਸੀ। 1803 ਵਿਚ ਰਣਜੀਤ ਸਿੰਘ ਨੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ ਤਾਂ ਜੋ ਉਹ ਇਸ ਸ਼ਹਿਰ ਨੂੰ ਵੀ ਆਪਣੇ ਰਾਜ ਵਿਚ ਮਿਲਾ ਲਵੇ। ਅਕਾਲੀ ਫੂਲਾ ਸਿੰਘ ਨੇ ਰਣਜੀਤ ਸਿੰਘ ਨੂੰ ਅੰਮ੍ਰਿਤਸਰ 'ਤੇ ਹਮਲਾ ਕਰਨੋਂ ਰੋਕਿਆ ਤੇ ਉਸ ਦਾ ਸ਼ਹਿਰ ਦੇ ਹਾਕਮ ਗੁਰਦਿਤ ਸਿੰਘ ਭੰਗੀ ਨਾਲ ਸਮਝੌਤਾ ਕਰਵਾ ਦਿੱਤਾ, ਜਿਸ ਨਾਲ ਗੁਰਦਿਤ ਸਿੰਘ ਨੂੰ ਜਗੀਰ ਮਿਲ ਗਈ ਤੇ ਅੰਮ੍ਰਿਤਸਰ ਰਣਜੀਤ ਸਿੰਘ ਦੇ ਰਾਜ ਦਾ ਹਿੱਸਾ ਬਣ ਗਿਆ। ਜੇ ਕਰ ਅਕਾਲੀ ਫੂਲਾ ਸਿੰਘ ਉਨ੍ਹੀਂ ਦਿਨੀ ਉੱਥੇ ਨਾ ਹੁੰਦਾ ਤਾਂ ਯਕੀਨੀ ਤੌਰ 'ਤੇ ਲੜਾਈ ਹੋਣੀ ਸੀ ਅਤੇ ਗੁਰੂ ਦੀ ਨਗਰੀ ਵਿਚ ਸਿੱਖਾਂ ਦਾ ਖ਼ੂਨ ਡੁਲ੍ਹਣਾ ਸੀ। ਰਣਜੀਤ ਸਿੰਘ ਕਿਉਂਕਿ ਅੰਮ੍ਰਿਤਸਰ 'ਤੇ ਹਮਲਾਵਰ ਸੀ ਤੇ ਸਿੱਖਾਂ ਦੀਆਂ ਸ਼ਹੀਦੀਆਂ ਦਾ ਜ਼ਿੰਮੇਵਾਰ ਉਹੀ ਹੋਣਾ ਸੀ। ਸਿੱਖ ਤਵਾਰੀਖ਼ 'ਚ ਉਸ ਦਾ ਨਾਂ ਕਾਲੇ ਹਰਫ਼ਾਂ ਵਿਚ ਲਿਖਿਆ ਜਾਣਾ ਸੀ।

ਬਹੁਤ ਸਾਰੇ ਲੇਖਕ ਅਕਾਲੀ ਫੂਲਾ ਸਿੰਘ ਨੂੰ ਇਕ ਖਾੜਕੂ, ਦਲੇਰ, ਬੇਗਰਜ਼, ਬੇਲਾਗ, ਨਿਡਰ ਆਗੂ ਮੰਨਦੇ ਹਨ, ਪਰ ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦੀ ਰਣਜੀਤ ਸਿੰਘ ਦੀ ਹਰਕਤ ਨੂੰ ਉਸ ਨੇ 'ਵੱਡੇ ਰਾਜੇ' ਅਤੇ 'ਛੋਟੇ ਰਾਜੇ' ਵਿਚ ਸਮਝੌਤਾ ਕਰਵਾਉਣ ਨਾਲ ਟਾਲ ਦਿੱਤਾ। ਉਸ ਨੇ ਨਾ ਤਾਂ ਸਰਬਤ ਖਾਲਸਾ ਇਕੱਠ ਬੁਲਾਇਆ ਅਤੇ ਨਾ ਹੀ ਅੰਮ੍ਰਿਤਸਰ ਸ਼ਹਿਰ ਨੂੰ (ਵੈਟੀਕਨ ਵਾਂਗ) ਮਿਸਲਾਂ ਦੇ ਕੰਟਰੋਲ ਜਾਂ ਕਿਸੇ ਰਾਜੇ ਦੀ ਹਕੂਮਤ ਤੋਂ ਆਜ਼ਾਦ ਹੀ ਰੱਖ ਸਕੇ। ਮਗਰੋਂ ਵੀ ਅਕਾਲੀ ਫੂਲਾ ਸਿੰਘ ਦਾ ਰਣਜੀਤ ਸਿੰਘ ਨਾਲ ਸਾਰਾ ਸਬੰਧ ਅਤੇ ਸਲੂਕ ਅੰਮ੍ਰਿਤਸਰ 'ਤੇ ਹਮਲੇ ਦੇ ਮੁਕਾਮ ਵਾਂਗ ਹੀ ਰਿਹਾ ਸੀ।

ਉਧਰ ਅਕਾਲੀ ਫੂਲਾ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਧਾਰਮਿਕ ਮਰਿਆਦਾ ਨੂੰ ਜ਼ਰੂਰੀ ਠੀਕ ਰੱਖੀ ਰਖਿਆ। ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ 1698-99 ਤੋਂ 1734 ਤਕ ਭਾਈ ਮਨੀ ਸਿੰਘ ਕਰਦੇ ਰਹੇ ਸਨ। ਉਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ, ਖ਼ਾਸ ਕਰ ਕੇ ਜ਼ਕਰੀਆ ਖ਼ਾਂ ਅਤੇ ਮੀਰ ਮੰਨੂ ਦੇ ਵੇਲੇ ਦੌਰਾਨ, ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਦਾ ਆਣਾ-ਜਾਣਾ ਸਿਰਫ਼ ਕੁਝ ਚਿਰ ਹੀ ਬੇ-ਰੋਕ ਟੋਕ ਰਿਹਾ ਵਰਨਾ ਉਹ ਰਾਤ-ਬਰਾਤੇ ਅਤੇ ਲੁਕ-ਛੁਪ ਕੇ ਹੀ ਅੰਮ੍ਰਿਤਸਰ ਆਇਆ ਕਰਦੇ ਸਨ। 1750 ਤੋਂ ਮਗਰੋਂ ਜ਼ਿਲ੍ਹਾ ਝੰਗ ਦੇ ਚਨਿਓਟ ਇਲਾਕੇ ਦਾ ਭਾਈ ਸੂਰਤ ਸਿੰਘ ਮਖੂ ਅੰਮ੍ਰਿਤਸਰ ਆਇਆ ਅਤੇ ਉਸ ਨੇ ਏਥੇ ਕਥਾ ਸ਼ੁਰੂ ਕੀਤੀ। ਇਸ ਕਰ ਕੇ ਉਸ ਦਾ ਨਾਂ 'ਗਿਆਨੀ' ਪੈ ਗਿਆ। ਭਾਈ ਸੂਰਤ ਸਿੰਘ ਦੀ ਮੌਤ ਮਗਰੋਂ ਉਸ ਦੇ ਪੁੱਤਰ ਸੰਤ ਸਿੰਘ ਨੇ ਕਥਾ ਕਰਨੀ ਸ਼ੁਰੂ ਕੀਤੀ। ਸੰਤ ਸਿੰਘ ਨੇ ਭਾਈ ਮਨੀ ਸਿੰਘ ਦੇ ਵੇਲੇ ਦੀ ਮਰਿਆਦਾ ਨੂੰ ਮੁੜ ਜ਼ਿੰਦਾ ਕੀਤਾ। ਪਰ ਕਿਉਂਕਿ ਉਹ 'ਨਿਰਮਲਾ' ਸੀ, ਇਸ ਕਰ ਕੇ ਉਸ ਨੇ ਪੂਰੀ ਮਰਿਆਦਾ ਲਾਗੂ ਨਾ ਕੀਤੀ। ਸੰਤ ਸਿੰਘ ਦੀ ਲਾਹੌਰ ਦਰਬਾਰ ਨਾਲ ਨੇੜਤਾ ਏਨੀ ਵੱਧ ਗਈ ਕਿ ਦਰਬਾਰ ਸਾਹਿਬ (ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ) ਦਾ ਹਰ ਕੰਮ ਉਸ ਦੀ ਮਾਰਫ਼ਤ ਹੋਣ ਲੱਗ ਪਿਆ। ਭਾਵੇਂ ਇਸ ਸਮੇਂ ਦੌਰਾਨ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਭਾਈ ਸੰਤ ਸਿੰਘ ਕੋਲ ਰਹੀ ਪਰ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਸੇਵਾ-ਸੰਭਾਲ ਅਕਾਲੀ ਫੂਲਾ ਸਿੰਘ ਕੋਲ ਹੀ ਸੀ। ਅਕਾਲੀ ਫੂਲਾ ਸਿੰਘ ਦੋ ਦਹਾਕੇ ਤੋਂ ਵੱਧ ਏਥੇ ਸੇਵਾ ਕਰਦਾ ਰਿਹਾ ਸੀ।

ਭਾਵੇਂ ਅਕਾਲੀ ਫੂਲਾ ਸਿੰਘ ਰਣਜੀਤ ਸਿੰਘ ਦੇ ਤੌਰ ਤਰੀਕੇ ਪਸੰਦ ਨਹੀਂ ਕਰਦਾ ਸੀ, ਪਰ ਉਸ ਨੇ ਲਾਹੌਰ ਦਰਬਾਰ ਦੇ ਕੰਮ ਕਾਰ ਵਿਚ ਬਹੁਤਾ ਦਖ਼ਲ ਨਹੀਂ ਦਿੱਤਾ। ਤਾਰੀਖ਼ 'ਚ ਸਿਰਫ਼ ਤਿੰਨ ਮੌਕਿਆਂ 'ਤੇ ਅਕਾਲੀ ਫੂਲਾ ਸਿੰਘ ਅਤੇ ਰਣਜੀਤ ਸਿੰਘ ਆਹਮੋ-ਸਾਹਮਣੇ ਹੋਏ ਸਨ।

ਇਕ ਵਾਰ ਰਣਜੀਤ ਸਿੰਘ ਨੇ ਇਕ ਨਾਚੀ ਮੋਰਾਂ ਨੂੰ ਆਪਣੇ ਹਰਮ ਵਿਚ ਪਾ ਲਿਆ। ਇਕ ਸੋਮੇ ਮੁਤਾਬਿਕ ਰਣਜੀਤ ਸਿੰਘ ਨੇ ਇਸ ਨਾਲ ਸ਼ਾਦੀ ਵੀ ਕਰ ਲਈ ਸੀ। ਇਹ ਨਾਚੀ ਮੋਰਾਂ ਇਕ ਮੁਸਲਮਾਨ ਔਰਤ ਸੀ ਤੇ ਇਸ ਨੇ ਸਿੱਖ ਬਣਨ ਤੋਂ ਨਾਂਹ ਕਰ ਦਿੱਤੀ ਸੀ। ਇਕ ਵਾਰ ਜਦੋਂ ਅਕਾਲੀ ਫੂਲਾ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਸੀ ਤਾਂ ਰਣਜੀਤ ਸਿੰਘ ਉੱਥੇ ਮੱਥਾ ਟੇਕਣ ਆਇਆ। ਅਕਾਲੀ ਫੂਲਾ ਸਿੰਘ ਨੇ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਨਾ ਟੇਕਣ ਦਿੱਤਾ ਅਤੇ ਉਸ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ। ਉਸ ਨੇ ਹੁਕਮ ਦਿੱਤਾ ਕਿ ਰਣਜੀਤ ਸਿੰਘ ਨੂੰ ਇਮਲੀ ਦੇ ਬੂਟੇ ਦੇ ਨਾਲ ਬੰਨ੍ਹ ਕੇ ਪੰਜ ਕੋੜੇ ਮਾਰੇ ਜਾਣ। ਰਣਜੀਤ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਵੇਖ ਕੇ ਇਹ ਸਜ਼ਾ ਕਬੂਲ ਕਰ ਲਈ। ਇਕ ਸੋਮੇ ਮੁਤਾਬਿਕ ਜਦੋਂ ਰਣਜੀਤ ਸਿੰਘ ਨੂੰ ਮਲਕੜੇ ਜਿਹੇ ਦਰਖ਼ਤ ਨਾਲ ਬੰਨ੍ਹ ਦਿੱਤਾ ਗਿਆ ਤਾਂ ਅਕਾਲੀ ਫੂਲਾ ਸਿੰਘ ਨੇ ਸਜ਼ਾ ਮੁਆਫ਼ ਕਰ ਦਿੱਤੀ।[2] **(ਪਰ ਇਸ ਦੇ ਬਾਵਜੂਦ ਰਣਜੀਤ ਸਿੰਘ ਦੇ ਤੌਰ ਤਰੀਕਿਆਂ ਵਿਚ ਕੋਈ ਫ਼ਰਕ ਨਾ ਪਿਆ। ਉਸ ਨੇ ਤਾਂ ਮੋਰਾਂ ਦੇ ਨਾਂ ਤੇ ਮੋਰਾਂ-ਸ਼ਾਹੀ ਸਿੱਕਾ ਵੀ ਜਾਰੀ ਕੀਤਾ।**

---

2. ਬਾਬਾ ਪ੍ਰੇਮ ਸਿੰਘ ਹੋਤੀ, *ਅਕਾਲੀ ਫੂਲਾ ਸਿੰਘ*, ਸਫ਼ਾ 135-36.

ਹਾਂ, ਅਕਾਲ ਤਖ਼ਤ ਸਾਹਿਬ 'ਤੇ ਉਸ ਸਿੱਕੇ ਦਾ ਚੜ੍ਹਾਵਾ ਮਨਜ਼ੂਰ ਨਹੀਂ ਹੁੰਦਾ ਸੀ)। ਇਕ ਸੋਮਾ ਇਸ ਸਿੱਕੇ ਦੇ ਜਾਰੀ ਕੀਤੇ ਜਾਣ ਨੂੰ ਰੱਦ ਕਰਦਾ ਹੈ।[3]

ਉਨ੍ਹੀਂ ਦਿਨੀਂ ਹੀ ਹੈਦਰਾਬਾਦ (ਦੱਖਣ) ਦੇ ਨਵਾਬ ਨੇ ਰਣਜੀਤ ਸਿੰਘ ਨੂੰ ਇਕ ਕੀਮਤੀ ਚਾਨਣੀ ਭੇਟ ਕੀਤੀ। ਇਹ ਚਾਨਣੀ ਮਖਮਲ ਦੀ ਬਣੀ ਹੋਈ ਸੀ ਤੇ ਇਸ ਵਿਚ ਚਮਕਦੇ ਹੀਰੇ ਜੜੇ ਹੋਏ ਸਨ। ਇਸ ਦੀ ਕੀਮਤ ਉਦੋਂ ਹਜ਼ਾਰਾਂ ਰੁਪਏ (ਹੁਣ ਕ੍ਰੋੜਾਂ) ਸੀ। ਰਣਜੀਤ ਸਿੰਘ ਨੇ ਇਹ ਚਾਨਣੀ ਰਾਮ ਬਾਗ਼ (ਅੰਮ੍ਰਿਤਸਰ) ਵਿਚ ਆਪਣੇ ਦਰਬਾਰ ਵਿਚ ਲੁਆ ਲਈ ਅਤੇ ਕੁਝ ਚਿਰ ਇਸ ਹੇਠਾਂ ਬੈਠਾ ਰਿਹਾ। ਫਿਰ ਰਣਜੀਤ ਸਿੰਘ ਨੇ ਇਹ ਚਾਨਣੀ ਅਕਾਲ ਤਖ਼ਤ ਸਾਹਿਬ 'ਤੇ ਭੇਂਟ ਕਰ ਦਿੱਤੀ। ਉਸ ਵੇਲੇ ਅਕਾਲੀ ਫੂਲਾ ਸਿੰਘ ਉੱਥੇ ਹਾਜ਼ਿਰ ਨਹੀਂ ਸੀ। ਜਦੋਂ ਅਕਾਲੀ ਫੂਲਾ ਸਿੰਘ ਉੱਥੇ ਆਇਆ ਤਾਂ ਉਸ ਨੇ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ, ਕਿਉਂਕਿ ਉਸ ਨੇ ਅਕਾਲ ਪੁਰਖ ਦੇ ਤਖ਼ਤ ਸਾਹਿਬ 'ਤੇ ਐਸੀ ਚੀਜ਼ ਭੇਂਟ ਕੀਤੀ ਸੀ, ਜੋ ਕਿਸੇ ਇਨਸਾਨ ਨੇ ਵਰਤੀ ਹੋਈ ਸੀ। ਉਸ ਨੇ ਰਣਜੀਤ ਸਿੰਘ ਨੂੰ ਤਨਖ਼ਾਹ ਲਾਈ। ਇਸ ਮੁਤਾਬਿਕ ਭਨੌਰੀ (ਜ਼ਿਲ੍ਹਾ ਕਾਂਗੜਾ) ਅਤੇ ਨਰੈਣਪੁਰ (ਗੁਰਦਾਸਪੁਰ) ਪਿੰਡ ਅਕਾਲ ਤਖ਼ਤ ਸਾਹਿਬ ਦੇ ਨਾਂ ਲਾ ਦਿੱਤੇ ਗਏ। ਕੁਝ ਸੋਮੇ ਇਨ੍ਹਾਂ ਪਿੰਡਾਂ ਦੇ ਨਾਂਵਾਂ ਦਾ ਜ਼ਿਕਰ ਨਹੀਂ ਕਰਦੇ। ਉਨ੍ਹਾਂ ਮੁਤਾਬਿਕ ਇਹ ਜਗੀਰ 8000 ਰੁਪਏ ਸਾਲਾਨਾ ਸੀ। ਜੋ ਮਗਰੋਂ ਅੰਗਰੇਜ਼ਾਂ ਨੇ ਘਟਾ ਕੇ 2200 ਰੁਪਏ ਕਰ ਦਿੱਤੀ ਸੀ ਤੇ 1892 ਵਿਚ ਸਾਰੀ ਦੀ ਸਾਰੀ ਜ਼ਬਤ ਕਰ ਲਈ ਸੀ। (ਇਹ ਚਾਨਣੀ 4-6 ਜੂਨ 1984 'ਚ ਭਾਰਤੀ ਫ਼ੌਜ ਦੇ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ, ਫ਼ੌਜੀ ਗੋਲਾਬਾਰੀ ਨਾਲ ਸੜ ਗਈ ਸੀ)।

ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਿਚਕਾਰ ਟਕਰਾਅ ਦਾ ਤੀਜਾ ਮੌਕਾ ਉਦੋਂ ਆਇਆ, ਜਦੋਂ ਲਾਹੌਰ ਦਰਬਾਰ ਵਿਚ ਜੰਮੂ ਦੇ ਡੋਗਰਿਆਂ (ਧਿਆਨ ਸਿਹੁੰ, ਗੁਲਾਬ ਸਿਹੁੰ, ਸੁਚੇਤ ਸਿਹੁੰ, ਹੀਰਾ ਸਿਹੁੰ) ਅਤੇ ਬ੍ਰਾਹਮਣਾਂ (ਲਾਲ ਸਿਹੁੰ, ਤੇਜਾ ਸਿਹੁੰ ਤੇ ਕਈ ਹੋਰ) ਦਾ ਕਬਜ਼ਾ ਹੋ ਗਿਆ। ਅਕਾਲੀ ਫੂਲਾ ਸਿੰਘ ਨੇ ਰਣਜੀਤ ਸਿੰਘ ਨੂੰ ਬੜਾ ਰੋਕਿਆ ਪਰ ਰਣਜੀਤ ਸਿੰਘ ਹੁਸਨ, ਸ਼ਰਾਬ ਅਤੇ ਚਾਪਲੂਸੀ ਦਾ ਏਨਾ ਗ਼ੁਲਾਮ ਬਣਿਆ ਹੋਇਆ ਸੀ ਕਿ ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ ਸੀ। ਇਸ ਹਾਲਤ ਵਿਚ ਅਕਾਲੀ ਫੂਲਾ ਸਿੰਘ ਨੇ ਨਾ ਤਾਂ ਸਰਬਤ ਖਾਲਸਾ ਇਕੱਠ ਸਦਿਆ ਅਤੇ ਨਾ ਹੀ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ। ਇਹ ਕੁਝ ਕਰਨ ਦੀ ਬਜਾਇ ਉਹ 24 ਅਗਸਤ 1814 ਨੂੰ ਅੰਮ੍ਰਿਤਸਰ ਛੱਡ ਕੇ ਅਨੰਦਪੁਰ ਸਾਹਿਬ ਚਲਾ ਗਿਆ। ਉਨ੍ਹੀਂ ਦਿਨੀਂ ਹੀ ਜੀਂਦ ਦੇ ਰਾਜੇ ਪ੍ਰਤਾਪ ਸਿੰਘ ਦੀ ਅੰਗਰੇਜ਼ਾਂ ਨਾਲ ਅਣਬਣ ਹੋ ਗਈ। ਉਹ ਵੀ ਜੀਂਦ ਛੱਡ ਕੇ 29 ਸਿਤੰਬਰ 1814 ਦੇ ਦਿਨ ਅਨੰਦਪੁਰ ਸਾਹਿਬ ਆ ਗਿਆ ਅਤੇ ਅਕਾਲੀ ਫੂਲਾ ਸਿੰਘ ਕੋਲ ਪਨਾਹ ਲੈ ਲਈ। ਅੰਗਰੇਜ਼ਾਂ ਨੇ ਰਣਜੀਤ ਸਿੰਘ, ਰਾਜਾ ਜਸਵੰਤ ਸਿੰਘ ਨਾਭਾ ਅਤੇ ਰਾਜਾ ਮਲੇਰਕੋਟਲਾ ਤੋਂ ਮਦਦ ਮੰਗੀ ਤਾਂ ਜੋ ਪ੍ਰਤਾਪ ਸਿੰਘ ਨੂੰ ਫੜ ਕੇ ਲਿਆਂਦਾ ਜਾਵੇ। ਅੰਗਰੇਜ਼ਾਂ ਨੇ ਅਕਾਲੀ ਫੂਲਾ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਵੀ ਦਿੱਤਾ। ਅਕਤੂਬਰ 1814 ਵਿਚ ਲਾਹੌਰ, ਨਾਭਾ ਅਤੇ ਮਲੇਰਕੋਟਲਾ ਦੇ ਰਾਜਿਆਂ ਨੇ

---

3. ਮਨੋਹਰ ਸਿੰਘ ਮਾਰਕੋ, *ਪ੍ਰਾਚੀਨ ਸਿੱਕੇ ਤੇ ਸਿੱਖ ਕਾਲ*, Corson-Coins.

ਆਪਣੀਆਂ ਫ਼ੌਜਾਂ ਅਕਾਲੀ ਫੂਲਾ ਸਿੰਘ ਤੇ ਪ੍ਰਤਾਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਭੇਜ ਦਿੱਤੀਆਂ। ਜਦੋਂ ਸਿੱਖ ਫ਼ੌਜੀ ਅਨੰਦਪੁਰ ਸਾਹਿਬ ਕੋਲ ਪੁੱਜੇ ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਅਕਾਲੀ ਫੂਲਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਲਿਆਂਦਾ ਗਿਆ ਹੈ ਤਾਂ ਉਨ੍ਹਾਂ ਨੇ ਅੱਗੇ ਵਧਣੋਂ ਨਾਂਹ ਕਰ ਦਿੱਤੀ। ਇਸ 'ਤੇ ਮਲੇਰਕੋਟਲਾ ਦੀ ਫ਼ੌਜ ਵੀ ਅੱਗੇ ਨਾ ਗਈ। ਇਸ ਮਗਰੋਂ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਰਾਹੀਂ ਅਕਾਲੀ ਜੀ ਤੋਂ ਭੁੱਲ ਬਖ਼ਸ਼ਵਾ ਲਈ। ਪਰ, ਇਸ ਦੇ ਬਾਵਜੂਦ ਰਣਜੀਤ ਸਿੰਘ ਦੇ ਦਰਬਾਰ ਵਿਚ ਡੋਗਰਿਆਂ ਅਤੇ ਬ੍ਰਾਹਮਣਾਂ ਦਾ ਬੋਲਬਾਲਾ ਪੂਰੀ ਤਰ੍ਹਾਂ ਕਾਇਮ ਰਿਹਾ। ਅਖ਼ੀਰ 1823 ਵਿਚ ਡੋਗਰਿਆਂ ਨੇ ਸਾਜ਼ਿਸ਼ ਹੇਠ ਅਕਾਲੀ ਫੂਲਾ ਸਿੰਘ ਨੂੰ ਸ਼ਹੀਦ ਕਰਵਾ ਦਿੱਤਾ।[4]

ਅਕਾਲੀ ਫੂਲਾ ਸਿੰਘ ਤੋਂ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਸਾਰੀ ਸੇਵਾ-ਸੰਭਾਲ ਭਾਈ ਸੰਤ ਸਿੰਘ ਕੋਲ ਹੀ ਆ ਗਈ। ਉਹ ਵੀ 1832 ਵਿਚ ਚੜ੍ਹਾਈ ਕਰ ਗਿਆ। ਉਸ ਮਗਰੋਂ ਉਸ ਦਾ ਪੁੱਤਰ ਗੁਰਮੁਖ ਸਿੰਘ ਅਕਾਲ ਤਖ਼ਤ ਸਾਹਿਬ ਦਾ 'ਸਰਬਰਾਹ' ਬਣ ਗਿਆ। ਗੁਰਮੁਖ ਸਿੰਘ ਦੇ (ਮਹਾਰਾਜਾ) ਸ਼ੇਰ ਸਿੰਘ ਨਾਲ ਨੇੜਲੇ ਸਬੰਧ ਸਨ, ਇਸ ਕਰ ਕੇ ਉਸ ਦੀ ਸਰਕਾਰੇ ਦਰਬਾਰੇ ਚੋਖੀ ਥਾਂ ਸੀ। ਉਹ ਛੇਤੀ ਹੀ ਇਕ ਵੱਡਾ ਜਗੀਰਦਾਰ ਬਣ ਗਿਆ। ਜਰਨਲ ਹਰੀ ਸਿੰਘ ਨਲਵਾ ਨੇ ਉਸ ਨੂੰ ਸਵਾ ਲੱਖ ਰੁਪਏ ਦੇ ਕੇ ਅਕਾਲ ਤਖ਼ਤ ਸਾਹਿਬ 'ਤੇ ਸੋਨੇ ਦਾ ਗੁੰਬਦ ਬਣਾਨ ਦੀ ਡਿਊਟੀ ਲਾਈ। ਗੁਰਮੁਖ ਸਿੰਘ ਨੇ ਇਹ ਰਕਮ ਹੜਪ ਕਰ ਲਈ। ਕਈ ਸਾਲ ਮਗਰੋਂ ਇਸ ਜੁਰਮ ਵਿਚ ਹੀਰਾ ਸਿੰਘ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਮੁਸਲਮਾਨਾਂ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਤਸੀਹੇ ਦੇ ਕੇ ਗੁਰਮੁਖ ਸਿੰਘ ਨੂੰ ਮਾਰ ਦਿੱਤਾ।

ਗੁਰਮੁਖ ਸਿੰਘ ਦੀ ਮੌਤ ਮਗਰੋਂ ਉਸ ਦਾ ਪੁੱਤਰ ਪਰਦੁਮਣ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਸੇਵਾ ਕਰਦਾ ਰਿਹਾ। ਉਹ ਸ਼ਤਰੰਜ, ਚੌਪੜ, ਲਾਲ ਬੁਲਬੁਲ ਦਾ ਜ਼ਬਰਦਸਤ ਖਿਡਾਰੀ ਸੀ। ਉਹ ਜ਼ਬਾਨ ਦਾ ਵੀ ਰਸੀਲਾ ਸੀ। ਉਸ ਦੀ ਮੌਤ 22 ਨਵੰਬਰ 1875 ਦੇ ਦਿਨ ਹੋਈ। ਉਸ ਮਗਰੋਂ ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ ਗਿਆਨੀ ਕਥਾ ਕਰਦਾ ਰਿਹਾ। ਗਿਆਨੀ ਪਰਿਵਾਰ ਦਾ ਇਹ ਸਮਾਂ ਅਕਾਲੀ ਲਹਿਰ ਤਕ ਰਿਹਾ।

ਸਰਬਤ ਖਾਲਸਾ ਦੇ ਇਕੱਠ ਬੰਦ ਹੋਣਾ

ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਦੇ ਇਕੱਠ, ਜੋ 1721 ਵਿਚ ਹੋਣੇ ਸ਼ੁਰੂ ਹੋਏ ਸਨ, 1805 ਵਿਚ ਰਣਜੀਤ ਸਿੰਘ ਨੇ ਬੰਦ ਕਰ ਦਿੱਤੇ। ਇਸ ਥਾਂ 'ਤੇ ਆਖ਼ਰੀ

4. ਉਂਞ (ਮਹਾਰਾਜਾ) ਰਣਜੀਤ ਸਿੰਘ ਦਾ ਸਾਰਾ ਕਿਰਦਾਰ ਐਂਟੀ-ਸਿੱਖ ਹੀ ਸੀ। ਉਹ ਡੋਗਰਿਆਂ ਦੇ ਹੱਥੀਂ ਚੜ੍ਹ ਕੇ ਸ਼ਰਾਬ, ਅਫ਼ੀਮ, ਹੁਸਨ, ਚਾਪਲੂਸੀ ਦਾ ਗ਼ੁਲਾਮ ਬਣ ਚੁੱਕਿਆ ਸੀ। ਰਣਜੀਤ ਸਿੰਘ ਨੇ ਸਿਰਫ਼ ਮੋਰਾਂ-ਸ਼ਾਹੀ ਸਿੱਕਾ ਹੀ ਨਹੀਂ ਸੀ ਜਾਰੀ ਕੀਤਾ, ਉਸ ਨੇ ਤਾਂ ਹਿੰਦੂਆਂ ਵਿਚ ਪਵਿੱਤਰ ਮੰਨੇ ਜਾਂਦੇ ਪਿੱਪਲ ਦੇ ਪੱਤੇ ਵਾਲਾ ਸਿੱਕਾ ਵੀ ਜਾਰੀ ਕੀਤਾ ਸੀ। ਉਸ ਨੇ ਆਪਣੇ ਝੰਡੇ ਤੇ ਹਿੰਦੂ ਦੇਵੀ ਦਾ ਨਿਸ਼ਾਨ ਪਾ ਲਿਆ ਸੀ। ਉਸ ਦੀ ਉਮਰ ਦੇ ਆਖ਼ਰੀ ਸਾਲਾਂ ਦੀਆਂ ਡਾਇਰੀਆਂ ਵਿਚ ਬ੍ਰਾਹਮਣਾਂ ਨੂੰ ਲੱਖਾਂ-ਕਰੋੜਾਂ ਰੁਪਏ ਦੀਆਂ ਰਕਮਾਂ ਅਤੇ ਹਜ਼ਾਰਾਂ ਗਊਆਂ ਦਾਨ ਕਰਨ ਦੀਆਂ ਐਂਟਰੀਜ਼ ਵੀ ਮਿਲਦੀਆਂ ਹਨ। ਰਣਜੀਤ ਸਿੰਘ ਸਹੀ ਮਾਅਨਿਆਂ ਵਿਚ ਗੁਰੂ ਸਾਹਿਬ ਦੇ ਫ਼ਲਸਫ਼ੇ ਦਾ ਕਾਤਲ ਸੀ। ਵੇਖੋ : Sirdar Kapur Singh, *Prasharprasna,* pp. 352-61 (1959 edition). Also, Sohan Lal Suri, *Umdatut Twarikh,* Vol. III, p. 631 etc.

ਸਰਬਤ ਖਾਲਸਾ ਇਕੱਠ ਮਰਹੱਟੇ ਹੋਲਕਰ ਅਤੇ ਅੰਗਰੇਜ਼ ਲਾਰਡ ਲੇਕ ਦੇ ਝਗੜੇ ਬਾਰੇ ਹੋਇਆ ਸੀ। ਜਸਵੰਤ ਰਾਓ ਹੋਲਕਰ ਇੰਦੌਰ (ਮੱਧ ਪ੍ਰਦੇਸ਼) ਰਿਆਸਤ ਦਾ ਮੁਖੀ ਸੀ। 1804 ਵਿਚ ਉਸ ਦੀਆਂ ਅੰਗਰੇਜ਼ਾਂ ਨਾਲ ਦੋ ਲੜਾਈਆਂ ਹੋਈਆਂ। ਉਹ ਹਾਰ ਖਾ ਕੇ ਪੰਜਾਬ ਭੱਜ ਆਇਆ। ਉਸ ਦਾ ਪਿੱਛਾ ਕਰਦਾ ਕਰਦਾ ਲਾਰਡ ਲੇਕ ਵੀ ਪੰਜਾਬ ਆ ਗਿਆ। ਉਸ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਚੋਖੀ ਭੇਟ ਚੜ੍ਹਾਈ ਅਤੇ ਸਿੱਖਾਂ ਤੋਂ ਮਦਦ ਦੀ ਮੰਗ ਕੀਤੀ। ਇਸ 'ਤੇ ਰਣਜੀਤ ਸਿੰਘ ਨੇ ਸਰਬਤ ਖਾਲਸਾ ਇਕੱਠ ਬੁਲਾ ਲਿਆ। ਇਸ ਇਕੱਠ ਵਿਚ ਬਹੁਤ ਥੋੜ੍ਹੇ ਮਿਸਲ ਆਗੂ ਪੁੱਜੇ। ਗੁਲਸ਼ਨ ਲਾਲ ਚੋਪੜਾ ਮੁਤਾਬਿਕ ਇਸ ਵਿਚ 'ਕੁਝ ਲੋਕ ਹੀ' ਹਾਜ਼ਿਰ ਸਨ। ਉਂਵ ਵੀ ਕਿਸੇ ਨੇ ਵੀ ਉਸ ਮਹਾਨ ਆਈਨ ਦੀ ਤਾਈਦ ਅਤੇ ਹਿਮਾਇਤ ਕਰਨ ਵਿਚ ਦਿਲਚਸਪੀ ਨਹੀਂ ਦਿਖਾਈ, ਜਿਸ ਨੇ ਉਨ੍ਹਾਂ ਦੇ ਵੱਡੇ-ਵਡੇਰਿਆਂ ਨੂੰ ਕੌਮੀ ਖ਼ਤਰੇ ਵੇਲੇ ਇਕ-ਮੁੱਠ ਹੋਣ ਲਈ ਪ੍ਰੇਰਿਆ ਸੀ।[5] ਦਰਅਸਲ, ਰਣਜੀਤ ਸਿੰਘ ਤਾਂ ਹਰ ਮਿਸਲ ਦਾ ਇਲਾਕਾ ਦੱਬੀ ਜਾ ਰਿਹਾ ਸੀ, ਇਸ ਕਰ ਕੇ ਬਾਕੀ ਮਿਸਲਾਂ ਦੇ ਮੁਖੀ ਰਣਜੀਤ ਸਿੰਘ ਨਾਲ ਮਿਲ-ਬੈਠਣ ਨੂੰ ਪਸੰਦ ਨਹੀਂ ਕਰਦੇ ਸਨ। ਇਸ ਬੈਠਕ ਨੇ ਪਰਚੀ (ਟੌਸ) ਰਾਹੀਂ ਫ਼ੈਸਲਾ ਕਰਨਾ ਚਾਹਿਆ। ਪਰਚੀ ਲਾਰਡ ਲੇਕ ਦੇ ਹੱਕ ਵਿਚ ਨਿਕਲੀ।[6] ਮਗਰੋਂ ਰਣਜੀਤ ਸਿੰਘ ਤੇ ਫ਼ਤਹਿ ਸਿੰਘ ਆਹਲੂਵਾਲੀਆ ਨੇ ਹੋਲਕਰ ਅਤੇ ਲਾਰਡ ਲੇਕ ਵਿਚਕਾਰ ਸਮਝੌਤਾ ਕਰਵਾ ਦਿੱਤਾ। ਉਂਵ ਅਸੂਲੀ ਤੌਰ 'ਤੇ ਇਹ ਗੱਲ ਗ਼ਲਤ ਸੀ। ਸਿੱਖ ਦਾ ਫ਼ਰਜ਼ ਸ਼ਰਨ ਆਏ ਦੀ ਮਦਦ ਕਰਨਾ ਹੈ। ਹੋਲਕਰ ਸਿੱਖਾਂ ਤੋਂ ਪਨਾਹ ਤੇ ਮਦਦ ਮੰਗਣ ਆਇਆ ਸੀ। ਇਸ ਹਾਲਤ ਵਿਚ ਲਾਟਰੀ ਨਾਲ ਫ਼ੈਸਲਾ ਨਹੀਂ ਕਰਨਾ ਚਾਹੀਦਾ ਸੀ। ਬਲਕਿ ਸ਼ਰਨ ਆਏ ਨੂੰ ਗਲੇ ਨਾਲ ਲਾਉਣਾ ਚਾਹੀਦਾ ਸੀ।

ਹੋਲਕਰ ਬਾਰੇ ਹੋਏ ਸਰਬਤ ਖਾਲਸਾ ਇਕੱਠ ਮਗਰੋਂ ਰਣਜੀਤ ਸਿੰਘ ਨੇ ਇਹ ਇਕੱਠ ਬੰਦ ਕਰ ਦਿੱਤੇ। ਨਿਹਾਰੰਜਨ ਰੇਅ ਦੇ ਲਫ਼ਜ਼ਾਂ ਵਿਚ "ਛੇਤੀ ਹੀ ਮਗਰੋਂ ਰਣਜੀਤ ਸਿੰਘ ਨੇ ਗੁਰਮਤੇ ਦੀ ਰਿਵਾਇਤ ਖ਼ਤਮ ਕਰਨੀ ਠੀਕ ਸਮਝੀ, ਕਿਉਂਕਿ ਉਹ ਦਲ ਖਾਲਸਾ ਦੇ ਫ਼ੈਸਲਿਆਂ ਦਾ ਪਾਬੰਦ ਨਹੀਂ ਹੋਣਾ ਚਾਹੁੰਦਾ ਸੀ, ਭਾਵੇਂ ਉਸ ਨੇ ਅਸੂਲੀ ਤੌਰ 'ਤੇ ਕਦੇ ਵੀ ਖਾਲਸੇ ਦੇ ਹੱਕਾਂ ਅਤੇ ਖ਼ੁਦਮੁਖ਼ਤਿਆਰੀ 'ਤੇ ਕਿੰਤੂ ਕਰਨ ਦਾ ਹੀਆ ਨਹੀਂ ਕੀਤਾ।"[7] ਪ੍ਰਿੰਸੀਪਲ ਤੇਜਾ ਸਿੰਘ ਮੁਤਾਬਿਕ ਰਣਜੀਤ ਸਿੰਘ ਨੇ ਸਿਆਸੀ ਮਸੱਲਿਆਂ 'ਤੇ ਗੁਰਮਤਾ ਕਰਨ ਦੀ ਰਿਵਾਇਤ ਖ਼ਤਮ ਕਰ ਦਿੱਤੀ ਅਤੇ ਗ਼ੈਰ-ਸਿੱਖ ਅਤੇ ਸਿੱਖ ਸਲਾਹਕਾਰਾਂ, ਸਾਰਿਆਂ ਤੋਂ ਸਲਾਹ ਲੈਣ ਲੱਗਾ।"[8] ਉਸ ਨੇ ਇੰਵ, ਜਿੱਥੋਂ ਤਕ ਸਿਆਸੀ ਮਸਲਿਆਂ ਦਾ ਸਬੰਧ ਹੈ, ਅਕਾਲ ਤਖ਼ਤ ਸਾਹਿਬ ਦਾ ਰਾਜ ਖ਼ਤਮ ਕਰ ਦਿੱਤਾ ਅਤੇ ਆਪਣੇ ਵਜ਼ੀਰਾਂ ਤੋਂ ਸਲਾਹ ਲੈਣ ਲੱਗਾ, ਜੋ ਵੱਖ-ਵੱਖ ਬਰਾਦਰੀਆਂ ਨਾਲ ਤਾਅਲੁੱਕ ਰਖਦੇ ਸਨ। ਅਜਿਹੀ 'ਸੈਕੂਲਰ' ਹਕੂਮਤ ਵਿਚ ਅਕਾਲ ਤਖ਼ਤ ਸਾਹਿਬ ਦੇ ਗੁਰਮਤਿਆਂ ਲਈ ਕੋਈ ਥਾਂ ਨਹੀਂ ਸੀ।" ਅਜਿਹਾ ਜਾਪਦਾ ਹੈ ਕਿ ਪ੍ਰਿੰਸੀਪਲ ਤੇਜਾ ਸਿੰਘ ਅਕਾਲ

---

5. Gulshan Lal Chopra, *Punjab as a Sovereign State*, p. 92.
6. C. Grey, *European Adventures in Northern India*, p. iii.
7. Niharajan Ray, *The Sikh Guru and the Sikh Society*, p. 113.
8. Teja Singh, *Sikhism : Its Ideals and Institutions*, p. 44.

ਤਖ਼ਤ ਸਾਹਿਬ ਦਾ ਸਿਆਸੀ ਰੋਲ ਮਨਫ਼ੀ ਕਰਨਾ ਚਾਹੁੰਦਾ ਹੈ, ਹਾਲਾਂਕਿ ਜਿਸ ਪੈਟਰਨ 'ਤੇ ਉਸ ਨੇ ਗੱਲ ਆਖੀ ਸੀ, ਉਸ ਮੁਤਾਬਿਕ ਤਾਂ ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਜਾਂ ਧਾਰਮਿਕ ਪੱਖੋਂ ਮਹਿਦੂਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਅਕਾਲ ਪੁਰਖ ਦਾ ਦਾਇਰਾ ਤੇ ਹਸਤੀ ਨੂੰ ਧਾਰਮਿਕ, ਸਿਆਸੀ, ਸਮਾਜਿਕ ਵਿਚ ਵੰਡਿਆ ਨਹੀਂ ਜਾ ਸਕਦਾ। **ਦਰਅਸਲ ਰਣਜੀਤ ਸਿੰਘ ਆਪਣੀ ਹਕੂਮਤ ਨੂੰ ਸਿਰਫ਼ ਨਿਜੀ ਸਮਝਦਾ ਸੀ, ਨਾ ਕਿ ਸਿੱਖ ਕੌਮ ਦੀ। ਇਸ ਕਰ ਕੇ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਤਾਕਤ ਉਸ ਦੀ 'ਜਾਇਦਾਦ' ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦਾ ਦਖ਼ਲ ਦੇਵੇ।**

ਉਂਞ ਇਸ ਵਿਚ ਕੋਈ ਸ਼ੱਕ ਨਹੀਂ ਕਿ ਰਣਜੀਤ ਸਿੰਘ ਵੇਲੇ ਜਾਂ ਪਹਿਲਾਂ ਮਿਸਲਾਂ ਵੇਲੇ ਕਦੇ ਵੀ, ਕਿਸੇ ਨੇ, ਜ਼ਰਾ ਵੀ, ਜੁਰਅਤ ਨਹੀਂ ਕੀਤੀ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਗੁਰਮਤੇ ਜਾਂ ਹੁਕਮਨਾਮੇ ਦੀ ਹੁਕਮ-ਅਦੂਲੀ ਕਰੇ। ਜਦੋਂ ਵੀ ਅਕਾਲ ਤਖ਼ਤ ਸਾਹਿਬ ਨੇ ਕਿਸੇ ਨੂੰ ਤਨਖ਼ਾਹ ਲਾਈ, ਉਸ ਨੇ ਇਸ ਤਨਖ਼ਾਹ ਨੂੰ ਖਿੜੇ-ਮੱਥੇ ਕਬੂਲ ਕੀਤਾ।

ਰਣਜੀਤ ਸਿੰਘ ਕਾਲ ਵਿਚ ਅਕਾਲ ਤਖ਼ਤ ਸਾਹਿਬ 'ਤੇ (1805 ਤੋਂ 1849 ਤਕ) ਸਿਰਫ਼ ਇਕ ਹੋਰ ਘਟਨਾ ਦਾ ਜ਼ਿਕਰ ਆਉਂਦਾ ਹੈ। 1843 ਵਿਚ ਭਾਈ ਸੰਤੋਖ ਸਿੰਘ ਨੇ ਆਪਣਾ *ਗੁਰ ਪ੍ਰਤਾਪ ਸੂਰਜ ਪ੍ਰਕਾਸ਼* ਮੁਕੰਮਲ ਕੀਤਾ। ਉਹ ਕੈਥਲ ਤੋਂ ਅੰਮ੍ਰਿਤਸਰ ਪੁੱਜਾ ਅਤੇ ਉਸ ਨੇ ਆਪਣਾ ਗ੍ਰੰਥ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਕੀਤਾ। ਅਕਾਲ ਤਖ਼ਤ ਸਾਹਿਬ ਤੋਂ ਭਾਈ ਸੰਤੋਖ ਸਿੰਘ ਨੂੰ ਸਨਮਾਨ ਬਖ਼ਸ਼ਿਆ ਗਿਆ।[9] *ਗੁਰ ਪ੍ਰਤਾਪ ਸੂਰਜ ਪ੍ਰਕਾਸ਼* ਵਿਚ ਗੁਰੂ ਸਾਹਿਬ ਬਾਰੇ ਅਤੇ ਸਿੱਖ ਤਵਾਰੀਖ਼ ਬਾਰੇ ਬੜੀਆਂ ਗ਼ਲਤ ਅਤੇ ਤਬਾਹਕੁੰਨ ਗੱਲਾਂ ਲਿਖੀਆਂ ਹੋਈਆਂ ਹਨ। ਫਿਰ ਵੀ ਸੰਤੋਖ ਸਿੰਘ ਨੂੰ ਸਨਮਾਨ ਦਿੱਤਾ ਗਿਆ ਅਤੇ ਕਈ ਦਹਾਕੇ ਇਸ ਕਿਤਾਬ ਦੀ ਕਥਾ ਗੁਰਦੁਆਰਿਆਂ ਵਿਚ ਹੁੰਦੀ ਰਹੀ ਸੀ। ਅਜੇ ਕਈ ਲੋਕ ਭਾਈ ਸੰਤੋਖ ਸਿੰਘ ਨੂੰ 'ਮਹਾਨ ਕਵੀ' ਆਖਦੇ ਹਨ। (ਧੰਨ ਸਿੱਖੀ !)।

ਰਣਜੀਤ ਸਿੰਘ ਦੇ ਮਰਨ ਮਗਰੋਂ (1839 ਤੋਂ 1849 ਤਕ) ਅਤੇ ਫਿਰ ਸਿੱਖ ਹੋਮਲੈਂਡ ਤੇ ਅੰਗਰੇਜ਼ੀ ਕਬਜ਼ੇ (1849) ਮਗਰੋਂ ਵੀ ਅਕਾਲ ਤਖ਼ਤ ਸਾਹਿਬ 'ਤੇ ਕੋਈ ਇਕੱਠ ਨਹੀਂ ਹੋਇਆ, ਜਿਸ ਵਿਚ ਕੌਮੀ ਮਸਲੇ ਵਿਚਾਰੇ ਜਾਂਦੇ। ਇਸ ਦੀ ਵੱਡੀ ਵਜਹ ਸੀ ਰਣਜੀਤ ਸਿੰਘ ਵਲੋਂ ਸਰਬਤ ਖਾਲਸਾ ਦੀ ਰਵਾਇਤ ਦਾ ਖ਼ਾਤਮਾ ਕਰਨਾ। ਰਣਜੀਤ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਿਆਂ ਦੇ ਇੰਤਜ਼ਾਮ ਵਿਚ ਦਿਤੇ ਗਏ ਸਰਕਾਰੀ ਦਖ਼ਲ ਨੂੰ ਮਗਰੋਂ ਅੰਗਰੇਜ਼ਾਂ ਨੇ ਪੂਰੀ ਤਰ੍ਹਾਂ ਵਰਤਿਆ। (ਉਨ੍ਹਾਂ ਨੇ ਵੀ ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ, ਨਾਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਪੁਜਾਰੀਆਂ ਨੂੰ ਸਰਕਾਰੀ ਮੁਫ਼ਾਦ ਵਾਸਤੇ ਵਰਤਿਆ ਅਤੇ ਉਨ੍ਹਾਂ ਤੋਂ ਸਿੱਖ-ਵਿਰੋਧੀ ਕਾਰਵਾਈਆਂ ਕਰਵਾਈਆਂ। ਸਰਕਾਰੀ ਦਖ਼ਲ ਦੀ ਇਹ ਕਾਰਵਾਈ ਅਕਾਲੀ ਲਹਿਰ ਦੌਰਾਨ 1920 ਤੋਂ 1947 ਤਕ ਨਹੀਂ ਸੀ ਹੋਈ, ਪਰ 1947 ਤੋਂ ਮਗਰੋਂ ਪੰਜਾਬ ਅਤੇ ਦਿੱਲੀ ਦੀਆਂ ਹਕੂਮਤਾਂ ਦਾ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਿਆਂ ਦੇ ਇੰਤਜ਼ਾਮ ਵਿਚ ਸਿੱਧਾ ਅਤੇ ਅਸਿੱਧਾ ਦਖ਼ਲ ਫੇਰ ਸ਼ੁਰੂ ਹੋ ਗਿਆ, ਜੋ ਅਜੇ ਤਕ ਜਾਰੀ ਹੈ।

•

9. ਕਿਰਪਾਲ ਸਿੰਘ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਸਫ਼ਾ 292-93.

ਬਰਤਾਨਵੀ ਸਰਕਾਰ ਦਾ ਜ਼ਮਾਨਾ

(1849 ਤੋਂ 1919)

ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਦੇ ਇਕੱਠ ਰਣਜੀਤ ਸਿੰਘ ਨੇ 1805 ਵਿਚ ਹੀ ਬੰਦ ਕਰ ਦਿੱਤੇ ਸਨ। ਇਸ ਦਾ ਮਤਲਬ ਸਾਫ਼ ਸੀ ਕਿ ਰਣਜੀਤ ਸਿੰਘ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ ਅਤੇ ਗੁਰੂ ਖਾਲਸਾ ਦੀ ਸਿਰਦਾਰੀ ਮੰਨਣ ਨੂੰ ਤਿਆਰ ਨਹੀਂ ਸੀ। ਰਣਜੀਤ ਸਿੰਘ ਦੀ ਇਸ ਕਾਰਵਾਈ ਨੇ ਸਿੱਖ ਕੌਮ ਦਾ ਬੜਾ ਵੱਡਾ ਨੁਕਸਾਨ ਕੀਤਾ। ਸਿੱਖਾਂ ਵਲੋਂ ਕੁਰਬਾਨੀਆਂ ਨਾਲ ਕਾਇਮ ਕੀਤੀ ਹਕੂਮਤ ਨੂੰ ਪਹਿਲਾਂ ਮਿਸਲਾਂ ਨੇ ਤੇ ਫਿਰ ਰਣਜੀਤ ਸਿੰਘ ਨੇ ਨਿਜੀ ਤੇ ਖ਼ਾਨਦਾਨੀ ਬਣਾ ਲਿਆ ਸੀ। ਜਦੋਂ ਅਕਾਲੀ ਫੂਲਾ ਸਿੰਘ ਤੇ 1822 ਵਿਚ ਅਤੇ ਜਰਨੈਲ ਸ: ਹਰੀ ਸਿੰਘ ਨਲਵਾ ਨੇ 1837 ਵਿਚ ਰਣਜੀਤ ਸਿੰਘ ਨੂੰ ਇਸ ਰਾਜ ਨੂੰ ਪੰਥਕ, ਕੌਮੀ, ਖਾਲਸਾਈ ਬਣਾਉਣ ਦੀ ਸਲਾਹ ਦਿੱਤੀ ਤਾਂ ਡੋਗਰਿਆਂ ਵੱਲੋਂ ਅਕਾਲੀ ਤੇ ਨਲਵਾ ਨੂੰ ਖ਼ਤਮ ਕਰਵਾ ਦਿੱਤਾ ਗਿਆ। ਰਣਜੀਤ ਸਿੰਘ ਨੂੰ ਸਾਫ਼-ਸਾਫ਼ ਆਖਣ ਵਾਲਿਆਂ ਦਾ ਖ਼ਾਤਮਾ ਹੋਣ ਮਗਰੋਂ ਹੁਣ ਪਹਾੜੀਏ, ਬ੍ਰਾਹਮਣ ਤੇ ਡੋਗਰੇ ਰਣਜੀਤ ਸਿੰਘ ਦੀ ਹਕੂਮਤ ਦੇ ਅਸਲ ਮਾਲਿਕ ਸਨ। ਰਣਜੀਤ ਸਿੰਘ ਦੇ ਨਾਂ 'ਤੇ ਹੁਣ ਗ਼ੈਰ-ਸਿੱਖਾਂ ਦੀ ਹਕੂਮਤ ਸੀ। ਇਹ ਕਿਸੇ ਵੀ ਤਰ੍ਹਾਂ ਸੈਕੂਲਰ ਨਹੀਂ ਸੀ ਬਲਕਿ ਬ੍ਰਾਹਮਣੀ ਤਰਜ਼ ਦੀ ਹਕੂਮਤ ਸੀ। ਇਸ ਦਾ ਨਾਂ ਖਾਲਸਾ ਰਾਜ ਸੀ ਪਰ ਇਸ ਵਿਚੋਂ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ ਤੇ ਪੰਥ ਗ਼ੈਰ-ਹਾਜ਼ਿਰ ਸੀ। ਯਾਨਿ ਖਾਲਸਾ ਦੇ ਨਾਂ 'ਤੇ ਖਾਲਸਾ-ਵਿਰੋਧੀ ਹਕੂਮਤ ਸੀ। ਯਕੀਨੀ ਤੌਰ 'ਤੇ ਇਸ ਦਾ ਅੰਜਾਮ ਮਾੜਾ ਹੀ ਹੋਣਾ ਸੀ। ਖ਼ੁਦਗਰਜ਼ ਪਹਾੜੀਏ, ਚਾਲਾਕ ਬ੍ਰਾਹਮਣ ਤੇ ਬੇਈਮਾਨ ਡੋਗਰੇ ਨਾ ਤਾਂ ਰਣਜੀਤ ਸਿੰਘ ਦੇ ਵਫ਼ਾਦਾਰ ਸਨ ਤੇ ਨਾ ਹੀ ਹਕੂਮਤ ਦੇ। ਉਹ ਕਿਸੇ ਵੀ ਦੂਜੀ ਤਾਕਤ ਨਾਲ ਮਿਲ ਕੇ ਗ਼ਦਾਰੀ ਕਰਨ ਨੂੰ ਤਿਆਰ ਸਨ ਬਸ਼ਰਤੇ ਕਿ ਉਨ੍ਹਾਂ ਨੂੰ ਉਸ ਦੀ ਕੀਮਤ ਮਿਲ ਜਾਂਦੀ। ਉਨ੍ਹਾਂ ਕੀਤਾ ਵੀ ਇੰਞ ਹੀ। ਜਿਉਂ ਹੀ ਅੰਗਰੇਜ਼ਾਂ (ਈਸਟ ਇੰਡੀਆ ਕੰਪਨੀ) ਨੇ ਪੰਜਾਬ ਵੱਲ ਰੁਖ਼ ਕੀਤਾ, ਇਨ੍ਹਾਂ ਅਹਿਸਾਨ-ਫ਼ਰਾਮੋਸ਼, ਖ਼ੁਦਗਰਜ਼ ਤੇ ਗ਼ਦਾਰ ਗ਼ੈਰ-ਸਿੱਖਾਂ ਨੇ ਪਲਾਂ ਵਿਚ ਹੀ ਆਪਣੀਆਂ ਵਫ਼ਾਦਾਰੀਆਂ ਅੰਗਰੇਜ਼ਾਂ ਨਾਲ ਬਣਾ ਲਈਆਂ। ਭਾਵੇਂ ਕੁਝ ਸਿੱਖਾਂ ਨੇ ਅੰਗਰੇਜ਼ਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸਾ ਦੀ ਅਣਹੋਂਦ ਹੋਣ ਕਰ ਕੇ ਇਕ ਜਥੇਬੰਦ ਮੁਕਾਬਲਾ ਨਾ ਕੀਤਾ ਜਾ ਸਕਿਆ।

29 ਮਾਰਚ 1849 ਦੇ ਦਿਨ ਪੰਜਾਬ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ। ਇਸ ਤੋਂ ਛੇਤੀ ਮਗਰੋਂ ਹੀ ਪੰਜਾਬ 'ਚ ਕਈ ਥਾਂਈਂ ਈਸਾਈ ਮਿਸ਼ਨਰੀਆਂ ਦੇ ਸੈਂਟਰ ਖੁਲ੍ਹ

ਗਏ। ਅਜਿਹਾ ਇਕ ਸੈਂਟਰ ਅੰਮ੍ਰਿਤਸਰ ਵਿਚ ਵੀ ਖੋਲ੍ਹਿਆ ਗਿਆ। ਭਾਵੇਂ ਸਿੱਖ ਪੰਥ ਦੀ ਰਣਜੀਤ ਸਿੰਘ ਨਾਲ ਜਜ਼ਬਾਤੀ ਸਾਂਝ ਕੋਈ ਨਹੀਂ ਸੀ ਰਹੀ ਅਤੇ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦਾ ਰੋਲ ਤਕਰੀਬਨ ਮਨਫ਼ੀ ਕਰ ਦਿੱਤਾ ਸੀ ਪਰ ਫਿਰ ਵੀ ਅੰਗਰੇਜ਼ਾਂ ਨੂੰ ਡਰ ਸੀ ਕਿ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਕਮਾਨ ਹੇਠ ਸਿੱਖ ਕਿਤੇ ਅੰਗਰੇਜ਼ਾਂ ਵਿਰੁੱਧ ਕਿਸੇ ਵੇਲੇ ਧਰਮ-ਯੁੱਧ ਦਾ ਐਲਾਨ ਹੀ ਨਾ ਕਰ ਦੇਣ। ਇਸ ਕਰ ਕੇ ਅੰਗਰੇਜ਼ਾਂ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੂੰ ਆਪਣੀ ਗ੍ਰਿਫ਼ਤ ਵਿਚ ਹੀ ਰੱਖਣ ਦੀ ਕੋਸ਼ਿਸ਼ ਕੀਤੀ। ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਪਰਦੁਮਣ ਸਿੰਘ ਦੇ ਅੰਗਰੇਜ਼ਾਂ ਨਾਲ ਨੇੜਲੇ ਸਬੰਧ ਸਨ। ਇੰਞ ਹੀ ਹਰਿਮੰਦਰ ਸਾਹਿਬ ਦੇ ਬਾਕੀ ਪੁਜਾਰੀਆਂ ਵਿਚੋਂ ਵੀ ਬਹੁਤੇ ਅੰਗਰੇਜ਼ਾਂ ਦੇ ਵਫ਼ਾਦਾਰ ਬਣ ਚੁੱਕੇ ਸਨ। ਉਨ੍ਹੀਂ ਦਿਨੀਂ ਪੁਜਾਰੀ, ਰਾਗੀ, ਰਬਾਬੀ, ਕਥਾਕਾਰ ਵਗ਼ੈਰਾ ਸਾਰੇ ਹੀ ਅਸਿੱਧੇ ਤੌਰ 'ਤੇ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੇ 'ਮਾਲਿਕ' ਬਣੇ ਬੈਠੇ ਸਨ। ਸਾਰਾ ਚੜ੍ਹਾਵਾ ਉਹ ਆਪਸ ਵਿਚ ਹਿੱਸਿਆਂ ਅਤੇ ਪੱਤੀਆਂ ਦੇ ਮੁਤਾਬਿਕ ਵੰਡ ਲਿਆ ਕਰਦੇ ਸਨ। ਅੰਗਰੇਜ਼ਾਂ ਨੂੰ ਇਹ ਸਭ ਕੁਝ ਰਾਸ ਆਉਂਦਾ ਸੀ। ਉਹ ਤਾਂ ਚਾਹੁੰਦੇ ਸਨ ਕਿ ਹਿੰਦੂ ਮੰਦਰਾਂ ਵਾਂਗ ਸਿੱਖਾਂ ਦਾ ਤਖ਼ਤ ਤੇ ਦਰਬਾਰ ਵੀ ਸਿਰਫ਼ ਰਸਮੀ ਸੈਂਟਰ ਹੀ ਬਣੇ ਰਹਿਣ ਤੇ ਉੱਥੋਂ ਅਸਲ ਸਿੱਖ ਕਾਰਵਾਈਆਂ ਨੂੰ ਫ਼ਾਰਖਤੀ ਮਿਲੀ ਰਹੇ। ਅਜਿਹਾ ਚਲਦਾ ਰਹਿਣ ਨਾਲ ਤਖ਼ਤ ਸਾਹਿਬ ਤੋਂ ਜਾਂ ਦਰਬਾਰ ਸਾਹਿਬ ਤੋਂ ਅੰਗਰੇਜ਼ਾਂ ਨੂੰ 'ਤੱਤੀ ਵਾ' ਲੱਗਣ ਦਾ ਕੋਈ ਡਰ ਨਹੀਂ ਸੀ। ਪਰ ਜਿਉਂ-ਜਿਉਂ ਚੜ੍ਹਾਵੇ ਸਬੰਧੀ ਝਗੜੇ ਹੋਣੇ ਸ਼ੁਰੂ ਹੋ ਗਏ ਤਾਂ ਅੰਗਰੇਜ਼ਾਂ ਨੂੰ ਮਜਬੂਰਨ 'ਦਸਤੂਰਲ ਅਮਲ' ਬਣਾਉਣਾ ਪਿਆ। ਇਹ ਨੇਮ 22 ਦਿਸੰਬਰ 1869 ਦੇ ਦਿਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਰਾਜਾ ਤੇਜਾ ਸਿੰਘ ਦੇ ਘਰ ਹੋਈ ਇਕ ਬੈਠਕ ਵਿਚ ਬਣਾਏ ਗਏ। ਇਸ ਮੀਟਿੰਗ ਵਿਚ ਰਾਜਾ ਤੇਜਾ ਸਿੰਘ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਦਿਆਲ ਸਿੰਘ ਮਜੀਠੀਆ, ਪਰਦੁਮਣ ਸਿੰਘ (ਪੁਜਾਰੀ ਅਕਾਲ ਤਖ਼ਤ ਸਾਹਿਬ), ਜੈਮਲ ਸਿੰਘ ਖੰਡੇਵਾਲੇ, ਮਤਾਬ ਸਿੰਘ ਲੰਡੀ, ਰਾਇ ਮੂਲ ਸਿੰਘ, ਮੰਗਲ ਸਿੰਘ ਰਾਮਗੜ੍ਹੀਆ, ਲਾਲ ਸਿੰਘ ਤਲਵੰਡੀ ਵਾਲੇ, ਹਰਦਿੱਤ ਸਿੰਘ ਭੜਾਣੀਆ, ਜੋਧ ਸਿੰਘ ਸਠਿਆਲੀਆ, ਬਾਬਾ ਸੁੰਦਰ ਸਿੰਘ ਅਤੇ ਕਈ ਹੋਰ ਸ਼ਾਮਿਲ ਹੋਏ। ਇਸ ਇਕੱਠ ਨੇ ਦਸਤੂਰਲ ਅਮਲ ਤਿਆਰ ਕੀਤਾ ਜਿਸ ਵਿਚ ਦਰਜਾ ਅੱਵਲ ਗ੍ਰੰਥੀਆਂ, ਦੂਜਾ ਪੁਜਾਰੀਆਂ, ਤੀਜਾ ਰਾਗੀਆਂ ਰਬਾਬੀਆਂ, ਚੌਥਾ ਘੜਿਆਲੀਆਂ, ਪੰਜਵਾਂ ਚਰਾਗੀਆਂ, ਛੇਵਾਂ ਅਰਦਾਸੀਆਂ ਦਾ ਹੋਇਆ। ਇਨ੍ਹਾਂ ਸਾਰਿਆਂ ਨੂੰ ਚੜ੍ਹਾਵੇ 'ਚ ਛੇਵਾਂ-ਛੇਵਾਂ ਹਿੱਸਾ ਪੱਤੀ ਦੇਣਾ ਮਨਜ਼ੂਰ ਹੋਇਆ। ਇਸ ਤੋਂ ਇਲਾਵਾ ਸਾਰੇ ਇੰਤਜ਼ਾਮ ਦੀ ਦੇਖ-ਰੇਖ ਵਾਸਤੇ ਨੌਂ-ਮੈਂਬਰੀ ਕਮੇਟੀ ਬਣਾਈ ਗਈ। ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਵਾਸਤੇ ਇਕ ਸਰਬਰਾਹ ਨਾਮਜ਼ਦ ਕੀਤਾ ਗਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਇਸ ਸਾਰਾ ਕੁਝ 'ਤੇ ਨਿਗਰਾਨ ਬਣਾਇਆ ਗਿਆ।

ਭਾਵੇਂ ਅਕਾਲ ਤਖ਼ਤ ਸਾਹਿਬ 'ਤੇ ਅਸਲੀ ਕੰਟਰੋਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਰਾਹੀਂ ਅੰਗਰੇਜ਼ੀ ਸਰਕਾਰ ਦਾ ਸੀ ਪਰ ਸਰਕਾਰ ਅਜੇ ਵੀ ਡਰਦੀ ਸੀ ਕਿ ਇਹ ਨਾਮ-ਨਿਹਾਦ ਕਮੇਟੀ ਕਿਤੇ ਸਿੱਖਾਂ ਦਾ ਇਕ ਜਥੇਬੰਦ ਇੱਤਿਹਾਦ ਨਾ ਬਣ ਜਾਵੇ ਤੇ ਇੰਞ ਸਿੱਖ ਇਕ ਪਲੇਟ-ਫ਼ਾਰਮ 'ਤੇ ਇਕੱਠੇ ਹੋ ਕੇ ਸਿਆਸੀ ਤਾਕਤ ਬਣਨ ਦੀ ਕੋਸ਼ਿਸ਼ ਨਾ

ਕਰਨ। ਅੰਗਰੇਜ਼ਾਂ ਨੂੰ ਇਹ ਵੀ ਡਰ ਸੀ ਕਿ ਕਿਤੇ ਸਿੱਖ ਅਕਾਲ ਤਖ਼ਤ ਸਾਹਿਬ ਨੂੰ ਕੌਮ ਦੀ ਖ਼ੁਦਮੁਖ਼ਤਿਆਰ ਹਸਤੀ ਦਾ ਇਜ਼ਹਾਰ ਕਰਨ ਵਾਸਤੇ ਵਰਤਣਾ ਨਾ ਸ਼ੁਰੂ ਕਰ ਦੇਣ, ਜਿਸ ਨਾਲ ਸਿੱਖਾਂ ਵਿਚ ਆਪਣੇ ਹੋਮਲੈਂਡ ਦੀ ਆਜ਼ਾਦੀ ਦਾ ਅਹਿਸਾਸ ਜਾਗਣ ਅਤੇ ਇਕ ਲਹਿਰ ਚੱਲ ਪੈਣ ਦਾ ਖ਼ਤਰਾ ਹੋ ਜਾਵੇ। ਇਸ ਗੱਲ ਨੂੰ ਮਹਿਸੂਸ ਕਰਦੇ ਹੋਏ ਪੰਜਾਬ ਦੇ ਲੈਫਟੀਨੈਂਟ ਗਵਰਨਰ ਆਰ.ਈ. ਈਜਰਟਨ ਨੇ ਭਾਰਤ ਵਿਚ ਬਰਤਾਨਵੀ ਵਾਇਸਰਾਏ ਲਾਰਡ ਰਿਪਨ ਨੂੰ 8 ਅਗਸਤ 1881 ਦੇ ਦਿਨ ਲਿਖੀ ਇਕ ਚਿੱਠੀ ਵਿਚ ਖ਼ਬਰਦਾਰ ਵੀ ਕੀਤਾ ਸੀ :

"ਮੇਰਾ ਖ਼ਿਆਲ ਹੈ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਕਿਸੇ ਸਰਕਾਰ ਦੇ ਕੁੰਡੇ ਤੋਂ ਆਜ਼ਾਦ ਕਮੇਟੀ ਦੇ ਹੱਥ ਵਿਚ ਸੌਂਪਣਾ ਸਿਆਸੀ ਪੱਖੋਂ ਖ਼ਤਰਨਾਕ ਹੋਵੇਗਾ। ਮੈ ਆਸ ਰੱਖਦਾ ਹਾਂ ਕਿ ਜਨਾਬ ਅਜਿਹੇ ਹੁਕਮ ਪਾਸ ਕਰਵਾਉਣ ਵਿਚ ਮਦਦਗਾਰ ਹੋਣਗੇ ਜਿਨ੍ਹਾਂ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਇੰਤਜ਼ਾਮ ਜਾਰੀ ਰਹੇਗਾ...।"

ਇਸ ਤੋਂ ਮਗਰੋਂ, 1883 ਵਿਚ, ਬਰਤਾਨਵੀ ਵਾਇਸਰਾਏ ਨੇ 9 ਮੈਂਬਰੀ ਕਮੇਟੀ ਦਾ ਵੀ ਭੋਗ ਪਾ ਦਿੱਤਾ ਅਤੇ ਸਾਰਾ ਇੰਤਜ਼ਾਮ ਸਰਬਰਾਹ ਦੇ ਰਾਹੀਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੱਥਾਂ ਵਿਚ ਚਲਾ ਗਿਆ। ਦੂਜੇ ਲਫ਼ਜ਼ਾਂ ਵਿਚ ਹੁਣ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਪੂਰੀ ਤਰ੍ਹਾਂ ਬਰਤਾਨਵੀ ਸਰਕਾਰ ਦੇ ਕਬਜ਼ੇ ਵਿਚ ਸਨ। ਰਣਜੀਤ ਸਿੰਘ ਵਲੋਂ ਤਖ਼ਤ ਸਾਹਿਬ ਅਤੇ ਗੁਰਦੁਆਰਿਆਂ ਨੂੰ ਮਹੰਤਾਂ ਰਾਹੀਂ ਆਪਣੇ ਕੰਟਰੋਲ ਵਿਚ ਰੱਖਣ ਦਾ ਨਤੀਜਾ ਇਹ ਹੋਇਆ ਕਿ ਗੁਰਦੁਆਰਿਆਂ ਅਤੇ ਅਕਾਲ ਤਖ਼ਤ ਸਾਹਿਬ 'ਤੇ ਅੰਗਰੇਜ਼ੀ ਕੰਟਰੋਲ ਕਾਇਮ ਕਰਨਾ ਅਸਾਨ ਹੋ ਗਿਆ ਅਤੇ ਸਰਕਾਰ ਦੀ ਜ਼ਰਾ ਵੀ ਮੁਖ਼ਾਲਫ਼ਤ ਨਾ ਹੋਈ। ਭਾਵੇਂ 1873 ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ ਅਤੇ ਖ਼ਾਲਸਾ ਦੀਵਾਨ ਕਾਇਮ ਹੋ ਚੁੱਕੇ ਸਨ ਪਰ ਕਿਸੇ ਨੇ ਵੀ ਅਕਾਲ ਤਖ਼ਤ ਸਾਹਿਬ ਨੂੰ ਪੰਥਕ ਕੰਟਰੋਲ ਵਿਚ ਲੈਣ ਦੀ ਗੱਲ ਨਾ ਛੇੜੀ। ਇਸ ਕਰ ਕੇ 12 ਅਕਤੂਬਰ 1920 ਤੱਕ ਦਰਬਾਰ ਸਾਹਿਬ ਤੇ ਹਰਿਮੰਦਰ ਸਾਹਿਬ ਅਮਲੀ ਤੌਰ 'ਤੇ ਬਰਤਾਨਵੀ ਕੰਟਰੋਲ ਵਿਚ ਹੀ ਰਹੇ। ਇਸ ਦੌਰਾਨ ਏਥੋਂ ਧਾਰਮਿਕ ਸੁਧਾਰ ਦੀ ਕਾਰਵਾਈ ਚੱਲਦੀ ਰਹੀ ਪਰ ਬਰਤਾਨਵੀ ਸਰਕਾਰ ਇਸ ਸਾਰਾ ਕੁਝ ਨੂੰ ਵੀ ਕੈਰੀ ਅੱਖ ਨਾਲ ਵੇਖਦੀ ਸੀ। 1920 ਦੀ ਗੁਰਦੁਆਰਾ ਸੁਧਾਰ ਲਹਿਰ (ਅਕਾਲੀ ਲਹਿਰ) ਨੇ ਆਖ਼ਿਰ ਇਸ ਦਾ ਨਕਸ਼ਾ ਬਦਲਿਆ।

ਅਕਾਲ ਤਖ਼ਤ ਸਾਹਿਬ 'ਤੇ ਸਰਕਾਰੀ ਦਖ਼ਲ

1849 ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਹੜੱਪ ਕਰ ਲਿਆ। ਅੰਗਰੇਜ਼ਾਂ ਦੀ ਗ਼ੁਲਾਮੀ ਨੂੰ ਗ਼ੈਰਤ ਤੇ ਅਣਖ ਵਾਲੇ ਸਿੱਖਾਂ ਨੇ ਕਦੇ ਵੀ ਕਬੂਲ ਨਾ ਕੀਤਾ। ਚਤਰ ਸਿੰਘ ਅਟਾਰੀ ਵਾਲਾ ਤੇ ਉਸ ਦੇ ਬੇਟੇ ਵਲੋਂ ਹਥਿਆਰ ਸੁੱਟਣ ਦੇ ਬਾਵਜੂਦ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਜੱਦੋ-ਜਹਿਦ ਕੀਤੀ। ਪਰ, ਦਿਸੰਬਰ 1849 ਵਿਚ, ਭਾਈ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਨੇ ਇਸ ਵਿਚ ਖੜੋਤ ਲੈ ਆਂਦੀ। ਇਸ ਦੌਰਾਨ ਅੰਗਰੇਜ਼ਾਂ ਨੇ ਬਹੁਤ ਸਾਰੇ ਸਿੱਖਾਂ ਨੂੰ ਫ਼ੌਜ 'ਚ ਭਰਤੀ ਕਰ ਕੇ ਉਨ੍ਹਾਂ ਦੀ ਮਾਲੀ ਹਾਲਤ ਨੂੰ ਬੇਹਤਰ ਕਰ ਦਿੱਤੀ। ਇਸ ਨਾਲ ਸਿੱਖਾਂ ਵਲੋਂ ਬਗ਼ਾਵਤ ਦਾ ਖ਼ਤਰਾ, ਵਕਤੀ ਤੌਰ 'ਤੇ, ਘੱਟ ਗਿਆ। 1857 ਵਿਚ ਦਿੱਲੀ ਅਤੇ ਲਖਨਊ ਵਿਚ ਗ਼ਦਰ ਸ਼ੁਰੂ ਹੋ ਗਿਆ, ਕਿਉਂਕਿ ਇਹ ਗ਼ਦਰ ਕੁਝ

ਰਜਵਾੜਿਆਂ ਦੀ ਨਿਜੀ ਲੜਾਈ ਸੀ, ਇਸ ਕਰ ਕੇ ਇਸ ਗ਼ਦਰ ਦਾ ਅਸਰ ਪੰਜਾਬ ਵਿਚ ਬਹੁਤ ਘੱਟ ਹੋਇਆ।

1857 ਵਿਚ ਅਕਾਲ ਤਖ਼ਤ ਸਾਹਿਬ ਸੇਵਾ-ਸੰਭਾਲ ਪਰਦੁਮਣ ਸਿੰਘ ਕੋਲ ਸੀ। ਉਸ ਦੀ ਅੰਗਰੇਜ਼ਾਂ ਨਾਲ ਚੋਖੀ ਸਾਂਝ ਸੀ। ਜਦੋਂ ਦਿੱਲੀ ਵਿਚ ਗ਼ਦਰ ਸ਼ੁਰੂ ਹੋਇਆ ਤਾਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ, ਮਿਸਟਰ ਕੂਪਰ, ਪਰਦੁਮਣ ਸਿੰਘ ਕੋਲ ਆਇਆ ਅਤੇ ਉਸ ਨੂੰ ਕਿਹਾ ਕਿ ਉਹ ਅਕਾਲ ਤਖ਼ਤ ਸਾਹਿਬ ਤੇ ਬਰਤਾਨੀਆਂ ਦੀ ਕਾਮਯਾਬੀ ਵਾਸਤੇ ਅਰਦਾਸ ਕਰੇ। ਪਰਦੁਮਣ ਸਿੰਘ ਨੇ ਕੂਪਰ ਨੂੰ ਦਸਿਆ ਕਿ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਤਾਂ ਸਿਰਫ਼ ਅੰਮ੍ਰਿਤਧਾਰੀ ਸਿੱਖ ਦੀ ਹੀ ਹੋ ਸਕਦੀ ਹੈ। ਇਸ 'ਤੇ ਕੂਪਰ ਨੇ ਅੰਮ੍ਰਿਤ ਛਕਣ ਦਾ ਡਰਾਮਾ ਕੀਤਾ ਅਤੇ ਸੁਖਣਾ ਸੁੱਖੀ ਕਿ ਜੇ ਦਿੱਲੀ ਫ਼ਤਹਿ ਹੋ ਜਾਏ ਤਾਂ ਸਭ ਈਮਾਰਤਾਂ ਸੰਗਮਰਮਰ ਦੀਆਂ ਬਣਾ ਦਿਆਂਗਾ। ਜਦੋਂ ਗ਼ਦਰ ਖ਼ਤਮ ਹੋ ਗਿਆ ਤਾਂ ਕੂਪਰ ਨੇ ਆਪਣੀ ਵੱਨੀਓਂ ਤਾਂ ਕੁਝ ਨਾ ਦਿੱਤਾ, ਪਰ ਇਕ ਬੰਗਲਾ ਤੇ ਚੌਕੀ, ਜੋ ਰਾਮਬਾਗ ਵਿਚ ਮਹਾਰਾਜੇ ਦੀ ਇਕ ਬੈਠਕ ਵਿਚ ਲੱਗੀ ਹੋਈ ਸੀ, ਉੱਥੋਂ ਉਖਾੜ ਕੇ ਅਕਾਲ ਤਖ਼ਤ ਸਾਹਿਬ 'ਤੇ ਜੜਵਾ ਦਿੱਤੀ (ਹਾਂ, ਮੰਜ਼ੂਰੀ ਆਪਣੇ ਪਾਸੋਂ ਦਿੱਤੀ)।[1]

ਕੂਪਰ ਵਲੋਂ ਰਣਜੀਤ ਸਿੰਘ ਵਲੋਂ ਵਰਤੀ ਚੀਜ਼ ਨੂੰ ਅਕਾਲ ਤਖ਼ਤ ਸਾਹਿਬ 'ਤੇ ਲਿਆ ਕੇ ਜੜਵਾ ਦੇਣਾ ਕੋਈ ਅਹਿਸਾਨ-ਮੰਦੀ ਜਾਂ ਦੋਸਤੀ ਵਾਲੀ ਕਾਰਵਾਈ ਨਹੀਂ ਸੀ। ਉਹ ਤਾਂ ਦਰਅਸਲ, ਤਖ਼ਤ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ। ਚੇਤੇ ਰਹੇ ਕਿ ਜਦੋਂ ਰਣਜੀਤ ਸਿੰਘ ਨੇ ਇਕ ਵਾਰ ਇਕ ਵਰਤੀ ਹੋਈ ਬਹੁਤ ਕੀਮਤੀ ਚਾਨਣੀ ਤਖ਼ਤ ਸਾਹਿਬ 'ਤੇ ਭੇਟ ਕੀਤੀ ਸੀ ਤਾਂ ਅਕਾਲੀ ਫੂਲਾ ਸਿੰਘ ਨੇ ਉਸ ਨੂੰ ਇਸ ਦੀ ਸਜ਼ਾ ਲਾਈ ਸੀ, ਕਿਉਂਕਿ ਤਖ਼ਤ ਸਾਹਿਬ 'ਤੇ ਕਿਸੇ ਇਨਸਾਨ ਵਲੋਂ ਵਰਤੀ ਚੀਜ਼ ਭੇਟ ਨਹੀਂ ਕੀਤੀ ਜਾ ਸਕਦੀ। ਪਰ ਕੂਪਰ ਵਲੋਂ 'ਭੇਂਟ' ਕੀਤਾ, ਰਣਜੀਤ ਸਿੰਘ ਦਾ ਇਹ ਬੰਗਲਾ ਅਤੇ ਥੜ੍ਹਾ, ਉਨ੍ਹਾਂ ਦੇ ਏਜੰਟ, ਪਰਦੁਮਣ ਸਿੰਘ ਸਰਬਰਾਹ, ਨੇ ਹੱਸ ਕੇ ਕਬੂਲ ਕਰ ਲਿਆ (ਤੇ ਸ਼ਾਇਦ ਸਿਰੋਪਾ ਵੀ ਭੇਟ ਕੀਤਾ ਹੋਵੇਗਾ)। ਅੰਗਰੇਜ਼ਾਂ ਵਲੋਂ ਤਖ਼ਤ ਸਾਹਿਬ ਦਾ ਅਦਬ ਘਟਾਉਣ ਦੀ ਇਸ ਸਾਜਿਸ਼ ਨੂੰ ਕਿਸੇ ਨੇ ਵੀ ਨਾ ਗੌਲਿਆ।

ਇਹ ਗੱਲ ਕਾਬਲੇ-ਜ਼ਿਕਰ ਹੈ ਕਿ 1858 ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਸ ਬੰਗਲੇ ਦੇ ਵਿਚਕਾਰ, ਉਸੇ, ਰਣਜੀਤ ਸਿੰਘ ਦੇ ਵਰਤੇ ਤੇ ਕੂਪਰ ਵਲੋਂ ਚੜ੍ਹਾਏ, ਥੜ੍ਹੇ 'ਤੇ ਹੀ ਹੋਣ ਲੱਗ ਪਿਆ। ਅਕਾਲੀ ਲਹਿਰ ਵੇਲੇ ਵੀ ਉਸੇ ਥੜ੍ਹੇ 'ਤੇ ਹੀ ਹੁੰਦਾ ਰਿਹਾ (ਅਤੇ 25 ਜਨਵਰੀ 1986 ਤੱਕ ਹੁੰਦਾ ਰਿਹਾ)।

1873 ਵਿਚ ਸਿੰਘ ਲਹਿਰ ਸ਼ੁਰੂ ਹੋ ਚੁੱਕੀ ਸੀ। ਪਹਿਲੋਂ-ਪਹਿਲ ਅੰਗਰੇਜ਼ਾਂ ਨੇ ਇਸ ਲਹਿਰ ਵੱਲ ਵਧੇਰੇ ਧਿਆਨ ਨਾ ਦਿੱਤਾ। ਇਨ੍ਹਾਂ ਦਿਨਾਂ ਵਿਚ 22 ਨਵੰਬਰ 1875 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ 'ਸਰਬਰਾਹ' ਪਰਦੁਮਣ ਸਿੰਘ ਦੀ ਮੌਤ ਹੋ ਗਈ ਤੇ ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ ਗਿਆਨੀ 'ਸਰਬਰਾਹ' ਬਣਿਆ। ਉਸ ਦੀ ਸਰਕਾਰੇ-ਦਰਬਾਰੇ ਅਜੇ ਕੋਈ ਖ਼ਾਸ ਪੁੱਛ-ਗਿੱਛ ਨਹੀਂ ਸੀ। ਉਸ ਦੇ ਅਹਿਦ ਵਿਚ 1879 ਦੀ ਅਕਤੂਬਰ ਵਿਚ ਇਕ ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ, ਜਿਸ

1. ਕਰਮ ਸਿੰਘ ਹਿਸਟੋਰੀਅਨ, *ਤਵਾਰੀਖ਼ ਅੰਮ੍ਰਿਤਸਰ*, ਸਫ਼ਾ 41.

ਵਿਚ ਸਿੱਖਾਂ ਨੂੰ 'ਸਿੰਘ ਸਭਾ ਲਹਿਰ ਨੂੰ ਕਾਮਯਾਬ ਕਰਨ ਵਾਸਤੇ ਮਿਲਵਰਤਣ ਦੇਣ' ਲਈ ਆਖਿਆ ਗਿਆ ਸੀ।[2]

ਹੌਲੀ-ਹੌਲੀ ਸਿੰਘ ਸਭਾ ਲਹਿਰ ਦੀ ਸੁਰ ਤੇਜ਼ ਹੋ ਗਈ ਸੀ। ਇਸ ਨਾਲ ਸਿੱਖਾਂ ਕੋਲ ਇਕ ਪਲੇਟ ਫ਼ਾਰਮ ਆ ਗਿਆ ਸੀ। ਇਸ ਕਰ ਕੇ ਵਾਇਸਰਾਏ ਨੇ 1883 ਵਿਚ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦਾ ਇੰਤਜ਼ਾਮ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਦੂਜੇ ਪਾਸੇ, ਸਿੰਘ ਸਭਾ ਲਹਿਰ ਆਪਣੀਆਂ ਬੁਲੰਦੀਆਂ ਛੂਹੰਦੀ ਗਈ। ਸਿੰਘ ਸਭਾ ਲਹਿਰ ਦੇ ਮੁਖੀਆਂ ਵਿਚ ਸ: ਠਾਕਰ ਸਿੰਘ ਸੰਧਾਵਾਲੀਆ, ਗਿਆਨੀ ਦਿੱਤ ਸਿੰਘ, ਸ: ਜਵਾਹਰ ਸਿੰਘ ਕਪੂਰ, ਕੰਵਰ ਬਿਕਰਮ ਸਿੰਘ ਤੇ ਪ੍ਰੋ: ਗੁਰਮੁਖ ਸਿੰਘ ਵਰਗੇ ਸਨ। ਇਨ੍ਹਾਂ ਸ਼ਖ਼ਸੀਅਤਾਂ ਦੀ ਅਗਵਾਈ ਵਿਚ ਸਿੰਘ ਸਭਾ ਲਹਿਰ ਨੇ ਸਿੱਖ ਧਰਮ ਵਿਚੋਂ ਗੁਰਮਤਿ-ਵਿਰੋਧੀ ਕਾਰਵਾਈਆਂ ਨੂੰ ਜਲਾਵਤਨ ਕਰਨ ਅਤੇ ਸਿੱਖ ਧਰਮ ਦੇ ਪ੍ਰਚਾਰ ਵਿਚ ਅਹਿਮ ਰੋਲ ਅਦਾ ਕੀਤਾ। ਉਨ੍ਹੀਂ ਦਿਨੀਂ ਖੇਮ ਸਿੰਘ ਬੇਦੀ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਵਿਚ ਪਾਠ ਅਤੇ ਕੀਰਤਨ ਵੇਲੇ ਗੱਦੇ ਲਾ ਕੇ ਬੈਠਿਆ ਕਰਦਾ ਸੀ। ਇਹ ਸਿੱਖ ਧਰਮ ਦੀ ਸ਼ਰੇ-ਆਮ ਤੌਹੀਨ ਸੀ। ਇਕ ਦਿਨ ਜਦੋਂ ਖੇਮ ਸਿੰਘ ਬੇਦੀ ਦੇ ਚੇਲਿਆਂ ਨੇ ਉਸ ਵਾਸਤੇ ਗੱਦੇ ਵਿਛਾਏ ਅਤੇ ਸਿਰਹਾਣੇ ਰੱਖੇ ਤਾਂ ਪ੍ਰੋ: ਗੁਰਮੁਖ ਸਿੰਘ ਨੇ ਉਨ੍ਹਾਂ ਨੂੰ ਚੁੱਕ ਕੇ ਪਰ੍ਹੇ ਵਗਾਹ ਮਾਰਿਆ। ਉਨ੍ਹੀਂ ਦਿਨੀਂ ਹੀ ਪ੍ਰੋ: ਗੁਰਮੁਖ ਸਿੰਘ ਨੇ 'ਸੁਧਾਰਕ' ਪਰਚੇ ਵਿਚ ਸਿੱਖ ਧਰਮ ਵਿਚ ਦਾਖ਼ਿਲ ਹੋ ਰਹੀ ਬੁੱਤ-ਪੂਜਾ ਦੇ ਖ਼ਿਲਾਫ਼ ਵੀ ਇਕ ਜ਼ਬਰਦਸਤ ਲੇਖ ਵੀ ਲਿਖਿਆ। ਉਨ੍ਹਾਂ ਨੇ ਗੁਰੂ ਸਾਹਿਬਾਂ ਦੇ ਖ਼ਾਨਦਾਨ ਦੇ ਨਾਂ 'ਤੇ ਖ਼ਾਸ ਰੁਤਬੇ, ਦਰਜੇ ਤੇ ਅਦਬ ਦਿੱਤੇ ਜਾਣ ਨੂੰ ਵੀ ਨਕਾਰਿਆ। ਇਸ ਪੰਥਕ ਸੋਚ ਨੂੰ ਬਰਤਾਨਵੀ ਪਿੱਠੂ ਅਤੇ ਸਰਕਾਰੀ ਸਰਬਰਾਹਾਂ ਅਤੇ ਪੁਜਾਰੀਆਂ ਨੇ ਨਾਪਸੰਦ ਕੀਤਾ। ਇਨ੍ਹਾਂ ਅ-ਪੰਥਕ ਪੁਜਾਰੀਆਂ ਨੇ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ। ਖੇਮ ਸਿੰਘ ਬੇਦੀ ਦੇ ਹਿਮਾਇਤੀਆਂ ਵਾਲੀਆਂ ਸਿੰਘ ਸਭਾਵਾਂ ਨੇ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ 'ਮਤੇ' ਵੀ ਪਾਸ ਕੀਤੇ। ਉਨ੍ਹੀਂ ਦਿਨੀਂ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਅਤੇ ਕੁਝ ਗ੍ਰੰਥੀ ਖੇਮ ਸਿੰਘ ਬੇਦੀ ਦੇ ਹੱਥਾਂ ਵਿਚ ਖੇਡਦੇ ਸਨ। ਬਰਤਾਨਵੀ ਸਰਕਾਰ ਨੇ ਵੀ ਇਨ੍ਹਾਂ ਦੀ ਖ਼ੂਬ ਪਿੱਠ ਠੋਕੀ। ਬਰਤਾਨਵੀ ਸਰਕਾਰ ਸਿੰਘ ਅੰਦਰੋਂ-ਅੰਦਰੀਂ ਸਭਾ ਲਹਿਰ ਦੇ ਖ਼ਿਲਾਫ਼ ਸੀ। ਖੇਮ ਸਿੰਘ ਬੇਦੀ ਭਾਵੇਂ ਖਾਲਸਾ ਦੀਵਾਨ ਨਾਲ ਸਬੰਧ ਰੱਖਦਾ ਸੀ ਪਰ ਅੰਦਰੋਂ ਉਹ ਵੀ ਸਿੰਘ ਸਭਾ ਲਹਿਰ ਦਾ ਮੁਖ਼ਾਲਿਫ਼ ਸੀ, ਕਿਉਂਕਿ ਸਿੰਘ ਸਭਾ ਲਹਿਰ ਦੇ ਉਭਰਨ ਤੇ ਕਾਮਯਾਬ ਹੋਣ ਨਾਲ ਬੇਦੀ-ਭੱਲੇ-ਸੋਢੀ (ਗੁਰੂ ਪਰਿਵਾਰਾਂ) ਦੇ ਨਾਂ 'ਤੇ ਉਹ ਖ਼ਾਸ ਦਰਜਾ, ਰੁਤਬਾ ਤੇ ਅਦਬ ਕਾਇਮ ਨਹੀਂ ਸੀ ਰੱਖ ਸਕਦਾ। ਇਸ ਕਰ ਕੇ ਖੇਮ ਸਿੰਘ ਬੇਦੀ ਨੇ ਆਪਣੇ ਹਿਮਾਇਤੀਆਂ ਵਲੋਂ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਅਤੇ ਪੁਜਾਰੀਆਂ ਰਾਹੀਂ ਪ੍ਰੋ: ਗੁਰਮੁਖ ਸਿੰਘ ਨੂੰ ਤਨਖਾਹੀਆ ਕਰਾਰ ਦੇ ਕੇ ਪੰਥ 'ਚੋਂ ਛੇਕਣ ਦਾ ਹੁਕਮ ਜਾਰੀ ਕਰ ਦਿੱਤਾ।[3] ਪੁਜਾਰੀਆਂ ਦਾ ਇਹ ਅਖੌਤੀ-ਹੁਕਮਨਾਮਾ ਇੰਵ ਸੀ :

> "ਹਮ ਜੁਮਲੇ ਸਿੰਘਾਨ ਪੁਜਾਰੀਅਨ ਤਖ਼ਤ ਸਾਹਿਬ ਅਕਾਲ ਬੁੰਗਾ ਸਾਹਿਬ ਵ ਦਰਬਾਰ ਸਾਹਿਬ ਜੀ ਵ ਬਾਬਾ ਅਟਲ ਰਾਇ ਜੀ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ

---

2. ਪ੍ਰਤਾਪ ਸਿੰਘ, *ਅਕਾਲੀ ਲਹਿਰ*, ਸਫ਼ਾ 73.
3. ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਸਫ਼ਾ 39-40.

ਜੀ ਨੇ ਮੁਲਾਹਜੇ ਕਾਰਵਾਈ ਗੁਰਮੁਖ ਸਿੰਘ ਸਕੱਤ੍ਰਿ ਕਾ ਕੀਆ। ਮਾਲੂਮ ਹੂਆ ਹੈ ਕਿ ਇਸ ਸ਼ਖ਼ਸ ਨੇ ਚੰਦ ਜਗਾ ਬਰਖ਼ਿਲਾਫ਼ ਗੁਰਇਸ਼ਟ ਕੇ ਤੌਹੀਨ ਗੁਰੂ ਗ੍ਰੰਥ ਸਾਹਿਬ ਵ ਗੁਰੂ ਅੰਸ ਵ ਗੁਰਬਾਨੀ ਕੇ ਤਹਿਰੀਰ ਵ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਕਦਾਦ ਸਿੱਖੀ ਧਰਮ ਸੇ ਬਿਲਕੁਲ ਬਰਖ਼ਿਲਾਫ਼ ਹੈ। ਇਸ ਵਾਸਤੇ ਹਮ ਤਮਾਮ ਪੁਜਾਰੀਅਨ ਵ ਗ੍ਰੰਥੀਅਨ ਵ ਨੰਬਰਦਾਰਨ ਗੁਰਦੁਆਰੇ ਹਾਇ ਮਦਦੂਹ ਤਹਿਜੀਰ ਕਰਤੇ ਹੈਂ ਕਿ ਗੁਰਮੁਖ ਸਿੰਘ ਮਜਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ। ਗੁਰਦੁਆਰੇ ਹਾਇ ਮੌਸੂਫ਼ ਉਸ ਕੀ ਅਰਦਾਸ ਨ ਹੋਗੀ ਵ ਬਰਤਾਉ ਨ ਹੋਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖ਼ਸ ਉਸ ਕਾ ਪੈਰੋਕਾਰ ਨਾ ਹੋ। ਜੋ ਸ਼ਖ਼ਸ ਉਸ ਕੀ ਪੈਰਵੀ ਕਰੇਗਾ ਵੁਹ ਭੀ ਬੇਮੁਖ ਲਾਇਕ ਤਨਖਾਹ ਪੰਥ ਕੋ ਸਮਝਾ ਜਾਏਗਾ। ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਵੇਗਾ। ਫਕਾਤ ਵ ਤਾਰੀਖ਼ ਸਤਵੀਂ ਮਾਹ ਚੇਤ ਸੰਮਤ 418 ਗੁਰੂ ਨਾਨਕਸ਼ਾਹੀ, ਮੁਤਾਬਿਕ 18 ਮਾਰਚ ਸੰਨ 1887.

ਦਸਤਖਤ ਹਾਜ਼ਰੀਨ ਸਿੰਘਨ ਉਹਦੇਦਾਰਾਨ ਵ ਗ੍ਰੰਥੀਅਨ ਵ ਪੁਜਾਰੀਅਨ : ਸਰਦਾਰ ਮਾਨ ਸਿੰਘ ਸਰਬਰਾਹ ਗੁਰਦੁਆਰੇ ਸਾਹਿਬਾਨ, ਸ: ਕਾਨ੍ਹ ਸਿੰਘ ਮਜੀਠੀਆ ਰਈਸ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਅਕਾਲ ਬੁੰਗਾ ਸਾਹਿਬ, ਭਾਈ ਤੇਜਾ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਜਵਾਹਰ ਸਿੰਘ ਮੁਹਤਮਿਮ ਅਕਾਲ ਬੁੰਗਾ ਸਾਹਿਬ, ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਸ਼ੇਰ ਸਿੰਘ, ਭਾਈ ਕਰਮ ਸਿੰਘ ਅਰਦਾਸੀਆ ਦਰਬਾਰ ਸਾਹਿਬ, ਸਰਦਾਰ ਜਸਵੰਤ ਸਿੰਘ ਪੁਜਾਰੀ ਦਰਬਾਰ ਸਾਹਿਬ, ਠਾਕੁਰ ਸਿੰਘ ਪੁਜਾਰੀ, ਭਾਈ ਦੇਵਾ ਸਿੰਘ ਧੂਪੀਆ, ਭਾਈ ਮੁਲਤਾਨਾ ਸਿੰਘ, ਭਾਈ ਸੰਤਾ ਸਿੰਘ ਪੁਜਾਰੀ, ਭਾਈ ਹਰਦਿੱਤ ਸਿੰਘ ਅਰਦਾਸੀਆ, ਭਾਈ ਮਹਾਂ ਸਿੰਘ, ਭਾਈ ਟੇਕ ਸਿੰਘ ਪੱਤੀਦਾਰ ਅਕਾਲ ਬੁੰਗੀਆ, ਚੰਚਲ ਸਿੰਘ, ਪ੍ਰੇਮ ਸਿੰਘ ਅਕਾਲ ਬੁੰਗੀਆ ਪੱਤੀਦਾਰ, ਗੁਲਾਬ ਸਿੰਘ ਪੁਜਾਰੀ ਦਰਬਾਰ ਸਾਹਿਬ, ਅਤਰ ਸਿੰਘ ਅਕਾਲ ਬੁੰਗੀਆ, ਭਾਈ ਨਾਰਾਇਣ ਸਿੰਘ ਨੰਬਰਦਾਰ ਬਾਬਾ ਅਟੱਲ ਰਾਇ ਸਾਹਿਬ ਜੀ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਬਾਬਾ ਅਟੱਲ ਰਾਇ ਜੀ ਦੇ ਸੁਖਈ, ਭਾਈ ਦਰਬਾਰਾ ਸਿੰਘ ਝੰਡੇ ਬੁੰਗੀਆ, ਭਾਈ ਕ੍ਰਿਪਾਲ ਸਿੰਘ ਝੰਡੇ ਬੁੰਗੀਆ, ਗੁਰਦਿੱਤ ਸਿੰਘ ਨਿਸ਼ਾਨਚੀ, ਭਾਈ ਸੰਤ ਸਿੰਘ ਨੰਬਰਦਾਰ, ਭਾਈ ਨਾਰਾਇਣ ਸਿੰਘ ਜੀ ਗ੍ਰੰਥੀ ਤਰਨ ਤਾਰਨ ਸਾਹਿਬ।

ਬਰਤਾਨਵੀ ਸਰਕਾਰ ਦੇ ਪਿੱਠੂਆਂ, ਖੇਮ ਸਿੰਘ ਬੇਦੀ ਤੇ ਸਨਾਤਨੀ ਹਿੰਦੂਆਂ ਦੀ ਸ਼ਹਿ ਹੇਠ ਜਾਰੀ ਕੀਤੇ ਗਏ ਇਸ ਅਖੌਤੀ-ਹੁਕਮਨਾਮੇ ਨਾਲ ਪ੍ਰੋ: ਗੁਰਮੁਖ ਸਿੰਘ ਨੂੰ ਕੋਈ ਫ਼ਰਕ ਨਾ ਪਿਆ। ਗਿਆਨੀ ਦਿੱਤ ਸਿੰਘ ਅਤੇ ਹੋਰ ਸਿੰਘ ਸਭਾ ਆਗੂ ਪ੍ਰੋ: ਗੁਰਮੁਖ ਸਿੰਘ ਦੀ ਪਿੱਠ 'ਤੇ ਆ ਖੜੋਤੇ। ਅਗਲੇ ਕੁਝ ਮਹੀਨੇ ਦੋਹਾਂ ਧੜਿਆਂ ਨੇ ਇਕ ਦੂਜੇ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ। ਇਸ ਨਾਲ ਸਿੰਘ ਸਭਾ ਲਹਿਰ ਦਾ ਕਾਫ਼ੀ ਨੁਕਸਾਨ ਹੋਇਆ। ਖਾਲਸਾ ਦੀਵਾਨ ਲਾਹੌਰ ਅਤੇ ਖਾਲਸਾ ਦੀਵਾਨ ਅੰਮ੍ਰਿਤਸਰ ਵੱਖ-ਵੱਖ ਹੋ ਗਏ। ਇਹ ਮਾਹੌਲ ਕੁਝ ਦੇਰ ਚੱਲਦਾ ਰਿਹਾ ਪਰ ਛੇਤੀ ਹੀ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਪੈਦਾ ਕੀਤਾ ਮਾਹੌਲ ਝੱਗ ਵਾਂਗ ਖ਼ਤਮ ਹੋ ਗਿਆ। ਸਗੋਂ, ਸਿੱਖ ਸੰਗਤਾਂ ਵਿਚ ਖੇਮ ਸਿੰਘ ਬੇਦੀ ਦੀ ਇਜ਼ਤ ਬਹੁਤ ਘੱਟ ਗਈ। ਸਿੱਖ ਕੌਮ ਨੇ ਇਹ ਸਾਬਿਤ ਕਰ ਦਿੱਤਾ ਕਿ ਪੰਥਕ ਰਿਵਾਇਤਾਂ ਦੇ ਉਲਟ, ਭਾੜੇ ਦੇ ਮੁਲਾਜ਼ਮਾਂ ਵਲੋਂ ਜਾਰੀ ਕੀਤਾ ਗਿਆ ਅਖੌਤੀ-ਹੁਕਮਨਾਮਾ ਪੰਥ ਨੂੰ ਕਬੂਲ ਨਹੀਂ ਹੋ ਸਕਦਾ।[4] ਮਗਰੋਂ 1995 ਦੀ 'ਵਰਲਡ ਸਿੱਖ ਕਾਨਫ਼ਰੰਸ' ਵਿਚ ਇਹ

4. ਤਫ਼ਸੀਲ ਵਾਸਤੇ ਵੇਖੋ : Gurmukh Singh, *My Attempted Excommunication.*

ਅਧੌਤੀ-ਹੁਕਮਨਾਮਾ ਰੱਦ ਕੀਤੇ ਜਾਣ ਦੀ ਕਾਰਵਾਈ ਵੀ ਕੀਤੀ ਗਈ। ਇਹ ਕਾਰਵਾਈ ਬਿਲਕੁਲ ਬੇਮਤਲਬ ਸੀ, ਕਿਉਂਕਿ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਜਾਰੀ ਕੀਤਾ ਗਿਆ ਐਲਾਨ 'ਹੁਕਮਨਾਮਾ' ਹੀ ਨਹੀਂ ਸੀ, ਇਸ ਕਰ ਕੇ ਉਸ ਨੂੰ ਰੱਦ ਕਰਨ ਦਾ ਕੋਈ ਤੁਕ ਹੀ ਨਹੀਂ ਸੀ ਬਣਦਾ।

1896-97 ਵਿਚ ਅਕਾਲ ਤਖ਼ਤ ਸਾਹਿਬ ਤੇ ਇਕ ਅਹਿਮ ਨੁਕਤੇ ਬਾਰੇ ਵੀ ਗੁਰਮਤਾ ਕੀਤਾ ਗਿਆ ਸੀ। ਉਨ੍ਹੀਂ ਦਿਨੀਂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਬਿਜਲੀ ਦਾ ਇੰਤਜ਼ਾਮ ਨਹੀਂ ਸੀ ਅਤੇ ਸਿਰਫ਼ ਮਿੱਟੀ ਦੇ ਦੀਵੇ ਅਤੇ ਲੈਂਪਾਂ ਨਾਲ ਰੌਸ਼ਨੀ ਕੀਤੀ ਜਾਂਦੀ ਸੀ। ਮਿੱਟੀ ਦੇ ਦੀਵਿਆਂ ਨਾਲ ਨਾ ਸਿਰਫ਼ ਚਾਨਣ ਘੱਟ ਹੁੰਦਾ ਸੀ ਬਲਕਿ ਸਾਰੇ ਪਾਸੇ ਥਿੰਦਾ-ਥਿੰਦਾ ਅਤੇ ਰੌਸ਼ਨੀ-ਪੂਜਾ ਦਾ ਪਾਖੰਡ ਵੀ ਚੱਲਦਾ ਸੀ, **ਜਿਸ ਦੀ ਇਕ ਨਿਸ਼ਾਨੀ, ਹਰਿਮੰਦਰ ਸਾਹਿਬ ਦੇ ਅੰਦਰ ਦੀ ਜੋਤ, ਅਜੇ ਵੀ ਚੱਲ ਰਹੀ ਹੈ।** 26 ਜਨਵਰੀ 1896 ਦੇ ਦਿਨ ਸਿੰਘ ਸਭਾ ਅੰਮ੍ਰਿਤਸਰ ਨੇ ਮਤਾ ਪਾਸ ਕੀਤਾ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਬਿਜਲੀ ਦਾ ਇੰਤਜ਼ਾਮ ਕੀਤਾ ਜਾਏ। ਇਸ ਸਬੰਧ ਵਿਚ ਪੰਥਕ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਦੀ ਇਕ ਬੈਠਕ 25 ਅਪਰੈਲ 1897 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾਈ ਗਈ। ਇਸ ਮੀਟਿੰਗ ਵਾਸਤੇ ਰਾਜਾ ਫ਼ਰੀਦਕੋਟ ਨੇ ਪੈਗ਼ਾਮ ਭੇਜਿਆ ਕਿ ਉਹ (ਬਰਤਾਨਵੀ ਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਦੀ ਖ਼ੁਸ਼ੀ ਦੇ ਮੌਕੇ 'ਤੇ) ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਵਾਸਤੇ 20000 ਰੁਪਏ ਦੇਵੇਗਾ। ਭਾਵੇਂ ਰਾਜਾ ਫ਼ਰੀਦਕੋਟ ਨੇ ਇਹ ਪੇਸ਼ਕਸ਼ ਬਰਤਾਨਵੀ ਰਾਣੀ ਦੀ ਚਾਪਲੂਸੀ ਵਜੋਂ ਕੀਤੀ ਸੀ ਪਰ ਇਸ ਨੂੰ ਬਹੁਤ ਸਾਰੇ ਆਗੂਆਂ ਨੇ 'ਜੀ ਆਇਆਂ' ਆਖਿਆ। ਪਰ, ਅਕਾਲ ਤਖ਼ਤ ਸਾਹਿਬ 'ਤੇ ਹੋਈ ਇਸ ਮੀਟਿੰਗ ਵਿਚ ਕਈ ਆਗੂਆਂ ਨੇ ਬਿਜਲੀ ਲਾਉਣ ਦੀ ਮੁਖ਼ਾਲਫ਼ਤ ਕੀਤੀ। ਅਖ਼ੀਰ ਬਿਜਲੀ ਲਾਉਣ ਦੇ ਹਿਮਾਇਤੀਆਂ ਦੀ ਜਿੱਤ ਹੋਈ। 29 ਅਗਸਤ 1897 ਦੇ ਦਿਨ ਦਰਬਾਰ ਸਾਹਿਬ ਕੰਪਲੈਕਸ ਵਿਚ ਗੁਰੂ ਦਾ ਬਾਗ ਵਿਚ ਪਾਵਰ ਹਾਊਸ ਦਾ ਨੀਂਹ ਪੱਥਰ ਰੱਖਿਆ ਗਿਆ।[5]

ਸੰਨ 1900 ਵਿਚ ਭਾਰਤ ਵਿਚ ਬਰਤਾਨਵੀ ਵਾਇਸਰਾਏ ਅੰਮ੍ਰਿਤਸਰ ਦੇ ਦੌਰੇ ਤੇ ਆਇਆ। ਉਸ ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਲਿਆਂਦਾ ਗਿਆ। **ਉਸ ਦੀ ਖ਼ਾਹਿਸ਼ 'ਤੇ ਅੰਮ੍ਰਿਤ ਛਕਾਉਣ ਦੀ ਰਸਮ ਅਕਾਲ ਤਖ਼ਤ ਸਾਹਿਬ 'ਤੇ, ਉਸ ਦੇ ਸਾਹਮਣੇ, ਕਰ ਕੇ ਦਿਖਾਈ ਗਈ।[6] ਅੰਮ੍ਰਿਤ ਛਕਾਉਣ ਦੀ ਰਸਮ ਨੂੰ 'ਡਰਾਮੇ' ਵਜੋਂ ਕਰ ਕੇ ਦਿਖਾਣਾ ਤਖ਼ਤ ਸਾਹਿਬ ਅਤੇ 'ਖੰਡੇ ਦੀ ਪਾਹੁਲ' ਦੀ ਤੌਹੀਨ ਕਰਨ ਵਾਲੀ ਹਰਕਤ ਸੀ। ਪਰ ਕਿਸੇ ਵੀ ਆਗੂ ਨੇ ਇਸ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ।**

11 ਅਗਸਤ 1906 ਦੇ ਦਿਨ ਸਿਆਲਕੋਟ (ਹੁਣ ਪਾਕਿਸਤਾਨ) ਦੇ ਇਕ ਮੁਸਲਮਾਨ ਸ਼ੇਖ ਅਹਿਮਦ ਦੀਨ ਨੂੰ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਛਕਾਇਆ ਗਿਆ। ਸ਼ਾਇਦ ਉਹ ਪਹਿਲਾ ਮੁਸਲਮਾਨ ਸੀ ਜਿਸ ਨੂੰ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ ਛਕਾਇਆ ਗਿਆ ਸੀ।

ਇਸ ਤੋਂ ਪਹਿਲਾਂ 1857 ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਕੂਪਰ

---

5. ਪ੍ਰੋ. ਹਰਬੰਸ ਸਿੰਘ, *ਦਰਬਾਰ ਸਾਹਿਬ ਵਿਚ ਬਿਜਲੀ ਦਾ ਆਗਮਨ*।
6. ਕਿਰਪਾਲ ਸਿੰਘ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਸਫ਼ਾ 308.

ਨੂੰ ਵੀ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਛਕਾਇਆ ਗਿਆ ਸੀ। ਪਰ ਉਹ ਮਹਿਜ ਇਕ ਡਰਾਮਾ ਹੀ ਸੀ ਕਿਉਂਕਿ ਕੂਪਰ ਨੇ ਕਦੇ ਵੀ ਕੇਸ ਤੱਕ ਨਹੀਂ ਸੀ ਰੱਖੇ ਅਤੇ ਨਾ ਹੀ ਮਗਰੋਂ ਕਦੇ ਸਿੱਖ ਵਜੋਂ ਜੀਵਿਆ ਸੀ। ਇੰਞ ਹੀ ਸ਼ੇਖ ਅਹਿਮਦ ਦੀਨ ਵੀ ਪਹਿਲਾ ਮੁਸਲਮਾਨ ਨਹੀਂ ਸੀ ਜਿਸ ਨੇ ਅੰਮ੍ਰਿਤ ਛਕਿਆ ਸੀ। ਭਾਵੇਂ ਰਾਏ ਬੁਲਾਰ, ਮੀਆਂ ਮੀਰ, ਵਜ਼ੀਰ ਖਾਂ (ਲਾਹੌਰ), ਨਿਹੰਗ ਖਾਂ, ਸੈਫ਼ ਦੀਨ (ਪਟਿਆਲਾ), ਪੀਰ ਬੁੱਧੂ ਸ਼ਾਹ, ਨਿਹੰਗ ਖ਼ਾਂ, ਨਬੀ ਖ਼ਾਂ, ਗਨੀ ਖ਼ਾਂ, ਰਾਏ ਕਲ੍ਹਾ ਅਤੇ ਹੋਰ ਕਈ ਮੁਸਲਮਾਨ ਗੁਰੂ ਸਾਹਿਬਾਂ ਦੇ ਸਜਣਾਂ ਵਿਚ ਸ਼ਾਮਿਲ ਰਹੇ ਸਨ ਪਰ ਅੰਮ੍ਰਿਤ ਛਕਣ ਵਾਲਾ ਪਹਿਲਾ ਸ਼ਖ਼ਸ ਸ਼ਾਇਦ ਛੱਤੇਆਣਾ (ਫ਼ਰੀਦਕੋਟ ਦੇ ਨੇੜੇ) ਦਾ ਇਬਰਾਹੀਮ ਸੀ, ਜੋ ਅੰਮ੍ਰਿਤ ਛਕ ਕੇ ਭਾਈ ਅਜਮੇਰ ਸਿੰਘ ਬਣਿਆ ਸੀ। ਸਿੱਖ ਤਾਰੀਖ਼ 'ਚ 1894 ਵਿਚ ਗੜ੍ਹ ਸ਼ੰਕਰ ਦੇ ਮੀਰਾਂ ਬਖ਼ਸ਼ (ਨਿਹਾਲ ਸਿੰਘ), 1896 ਵਿਚ ਇਕ ਮੁਸਲਮਾਨ ਬੀਬੀ ਅਤੇ 14 ਜੂਨ 1903 ਦੇ ਦਿਨ ਬਕਾਪੁਰ (ਜਲੰਧਰ) ਦੇ ਮੌਲਵੀ ਕਰੀਮ ਬਖ਼ਸ਼ (ਭਾਈ ਮਹਿਤਾਬ ਸਿੰਘ ਬੀਰ) ਤੇ ਉਸ ਦੇ ਪਰਿਵਾਰ ਦੇ ਅੰਮ੍ਰਿਤ ਛੱਕਣ ਦਾ ਜ਼ਿਕਰ ਮਿਲਦਾ ਹੈ। (ਯਕੀਨਨ ਹੋਰ ਵੀ ਕਈ ਮੁਸਲਮਾਨ ਸਿੰਘ ਸਜੇ ਹੋਣਗੇ ਪਰ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ ਛਕਣ ਵਾਲਿਆਂ ਵਿਚ ਸਿਰਫ਼ ਇਕ ਮੁਸਲਮਾਨ ਸ਼ੇਖ਼ ਅਹਿਮਦ ਦੀਨ ਦਾ ਜ਼ਿਕਰ ਹੀ ਮਿਲਦਾ ਹੈ।) ਮੁਸਲਮਾਨਾਂ ਨੂੰ ਸਿੱਖੀ ਵਿਚ ਲਿਆਉਣ ਵਿਚ ਵਧੇਰੇ ਸੇਵਾ ਪੰਚ ਖਾਲਸਾ ਦੀਵਾਨ, ਭਸੌੜ ਨੇ ਹੀ ਨਿਭਾਈ ਸੀ।

1909 ਵਿਚ ਸਿੱਖ-ਵਿਆਹ ਐਕਟ 'ਅਨੰਦ ਮੈਰਿਜ ਐਕਟ' ਪਾਸ ਹੋਇਆ। ਇਸ ਐਕਟ ਮੁਤਾਬਿਕ ਹਿੰਦੂ-ਵਿਆਹ ਰਸਮਾਂ ਨੂੰ ਸਿੱਖ-ਵਿਆਹ ਵਿਚੋਂ ਖ਼ਾਰਿਜ ਕੀਤਾ ਗਿਆ। ਭਾਈ ਸੁੰਦਰ ਸਿੰਘ ਮਜੀਠਾ, ਸ: ਰਿਪਦੁਮਨ ਸਿੰਘ ਨਾਭਾ ਤੇ ਕਈ ਹੋਰ ਆਗੂਆਂ ਨੇ ਇਸ ਐਕਟ ਨੂੰ ਪਾਸ ਕਰਵਾਉਣ 'ਚ ਅਹਿਮ ਰੋਲ ਅਦਾ ਕੀਤਾ ਸੀ। ਐਕਟ ਪਾਸ ਹੋਣ ਮਗਰੋਂ ਸ: ਸੁੰਦਰ ਸਿੰਘ ਮਜੀਠਾ ਨੇ ਆਪਣੇ ਬੇਟੇ ਦਾ ਵਿਆਹ ਸਿੱਖ ਮਰਿਆਦਾ ਮੁਤਾਬਿਕ ਕੀਤਾ। ਵਿਆਹ ਮਗਰੋਂ ਸ਼ੁਕਰਾਨੇ ਦੀ ਅਰਦਾਸ ਕਰਨ ਵਾਸਤੇ ਭਾਈ ਸੁੰਦਰ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ਼ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਏ। **ਅਕਾਲ ਤਖ਼ਤ ਸਾਹਿਬ ਤੇ ਹਾਜ਼ਿਰ ਪੁਜਾਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ, ਕਿਉਂਕਿ ਉਨ੍ਹਾਂ ਨੇ ਆਪਣੇ ਬੇਟੇ ਦਾ ਵਿਆਹ ਅਨੰਦ ਰੀਤੀ (ਸਿੱਖ ਮਰਿਆਦਾ) ਮੁਤਾਬਿਕ ਕੀਤਾ ਸੀ ਅਤੇ, ਦੂਜਾ, ਉਨ੍ਹਾਂ ਨੇ ਅਨੰਦ ਮੈਰਿਜ ਐਕਟ ਨੂੰ ਪਾਸ ਕਰਵਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਇਥੋਂ ਪਤਾ ਲੱਗਦਾ ਹੈ ਕਿ ਬਰਤਾਨਵੀ ਸਰਕਾਰ ਵਲੋਂ ਲਾਏ ਗਏ ਸਰਬਰਾਹ ਤੇ ਪੁਜਾਰੀ ਸਿੱਖੀ ਤੋਂ ਕਿੰਨਾ ਦੂਰ ਸਨ ਤੇ ਉਹ ਸਿੱਖ ਮਰਿਆਦਾ ਦੇ ਬੇਹੱਦ ਖ਼ਿਲਾਫ਼ ਸਨ।** (ਅਕਾਲ ਤਖ਼ਤ ਸਾਹਿਬ ਤੇ ਇਨ੍ਹਾਂ ਸਿੱਖ-ਦੋਖੀਆਂ ਦਾ ਕਬਜ਼ਾ 12 ਅਕਤੂਬਰ 1920 ਤੱਕ ਕਾਇਮ ਰਿਹਾ)।

1913 ਵਿਚ ਬਰਤਾਨਵੀ ਸਰਕਾਰ ਨੇ ਸਿੱਖਾਂ 'ਤੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਾ ਦਿੱਤੀ। ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇਕ ਹੈ ਤੇ ਹਰ ਸਿੱਖ ਲਈ ਲਾਜ਼ਮੀ ਹੈ। ਇਸ ਪਾਬੰਦੀ ਦੇ ਖ਼ਿਲਾਫ਼ ਸਾਰੇ ਪਾਸੇ ਬੜਾ ਜ਼ਬਰਦਸਤ ਰੋਸ ਹੋਇਆ। ਕਈ ਸਿੱਖਾਂ ਨੇ ਰੋਸ ਵਿਚ ਗ੍ਰਿਫ਼ਤਾਰੀਆਂ ਵੀ ਦਿੱਤੀਆਂ। ਪਰ ਕੁਝ ਕਮਜ਼ੋਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਤੋਂ ਬਚਣ ਵਾਸਤੇ ਕਿਰਪਾਨ ਛੋਟੀ ਤੋਂ ਛੋਟੀ ਪਹਿਨਣੀ ਸ਼ੁਰੂ ਕਰ ਦਿੱਤੀ। ਇਸ ਵੇਲੇ ਅਕਾਲ ਤਖ਼ਤ ਸਾਹਿਬ 'ਤੇ ਸਰਕਾਰੀ ਸਰਬਰਾਹ ਤੇ ਪੁਜਾਰੀ ਕਾਬਜ਼ ਸਨ। ਉਨ੍ਹਾਂ ਨੇ

ਇਸ ਮਸਲੇ ਤੇ ਚੁਪ ਵੱਟੀ ਰੱਖੀ। ਦੂਜੇ ਪਾਸੇ ਹਜ਼ੂਰ ਸਾਹਿਬ (ਨੰਦੇੜ) ਤੋਂ 5 ਅਕਤੂਬਰ 1913 ਦੇ ਦਿਨ ਇਸ ਬਾਰੇ ਇਕ 'ਹੁਕਮਨਾਮਾ' ਜਾਰੀ ਕੀਤਾ ਗਿਆ।[7] ਇਸ 'ਹੁਕਮਨਾਮੇ' ਵਿਚ ਸਿੱਖਾਂ ਨੂੰ ਘਟੋ-ਘਟ ਇਕ ਫ਼ੁਟ ਕਿਰਪਾਨ ਸਜਾਉਣ ਦਾ ਹੁਕਮ ਦਿੱਤਾ ਗਿਆ:

"ਗੁਰੂ ਘਰ ਦੇ ਅੰਦਰ ਸੱਚੇ ਪਿਤਾ ਦੀਨ ਦੁਨੀਆਂ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਜਦ ਤੋਂ ਖਾਲਸਾ ਪੰਥ ਦੁਨੀਆਂ ਵਿਚ ਪ੍ਰਗਟ ਕੀਤਾ ਹੈ, ਸਿੰਘਾਂ ਨੂੰ ਕਿਰਪਾਨ ਰੱਖਣ ਦਾ ਹੁਕਮ ਦਿੱਤਾ ਹੈ, ਜੋ ਅੱਜ ਤਾਈਂ ਪ੍ਰਗਟ ਚਲਿਆ ਆਉਂਦਾ ਹੈ। ਹੁਣ ਥੋੜ੍ਹੇ ਦਿਨਾਂ ਤੋਂ ਪੰਜਾਬ ਦੇ ਲੋਕ ਕਿਰਪਾਨ ਨਿੱਕੀ ਤੋਂ ਨਿੱਕੀ ਬਣਾਵਨ ਲੱਗ ਪਏ ਹਨ। ਬਹੁਤ ਸਿੰਘਾਂ ਨੇ ਤਖ਼ਤ ਸਾਹਿਬ 'ਤੇ ਆਨ ਕੇ ਅਰਜ਼ ਕੀਤੀ ਹੈ ਕਿ ਘੱਟ ਤੋਂ ਘੱਟ ਕਿੰਨੀ ਕਿਰਪਾਨ ਰੱਖਣੀ ਚਾਹੀਦੀ ਹੈ। ਇਸ ਵਾਸਤੇ ਤਖ਼ਤ ਦੀ ਤਰਫ਼ੋਂ ਹੁਕਮ ਕੀਤਾ ਜਾਂਦਾ ਹੈ ਕਿ ਕਮਰਕੱਸੇ ਵਿਚ ਰੱਖਣ ਵਾਲੇ ਸਿੰਘ ਇਕ ਫ਼ੁਟ ਤੋਂ ਘੱਟ ਨਾ ਰੱਖਣ।

ਦਸਤਖ਼ਤ

(ਸਹੀ) ਹਰੀ ਸਿੰਘ ਪੁਜਾਰੀ	20 ਅੱਸੂ 444 ਨਾਨਕਸ਼ਾਹੀ
ਰਾਮ ਸਿੰਘ	ਨਿਹੰਗ ਗ੍ਰੰਥੀ ਹਜ਼ੂਰਾ ਸਿੰਘ
ਪਰੇਮ ਸਿੰਘ ਧੂਪੀਏ	ਗ੍ਰੰਥੀ ਮਾਨ ਸਿੰਘ
ਸਦਾਸ਼ਿਵ ਸਿੰਘ ਮਾਸਟਰ	ਸੋਢੀ ਕਰਮ ਸਿੰਘ ਰਸਾਲਦਾਰ ਵ ਸਰਬਰਾਹ
	ਨਾਨੂ ਸਿੰਘ ਵਕੀਲ ਗੁਰਦੁਆਰਾ ਸਾਹਿਬ

ਹਜ਼ੂਰ ਸਾਹਿਬ ਤੋਂ ਜਾਰੀ ਇਸ 'ਹੁਕਮਨਾਮੇ' ਦੇ ਬਾਵਜੂਦ ਅਕਾਲ ਤਖ਼ਤ ਸਾਹਿਬ ਤੇ ਕਾਬਜ਼ ਸਰਕਾਰੀ ਸਰਬਰਾਹ ਅਤੇ ਪੁਜਾਰੀ ਚੁਪ ਰਹੇ। (ਮਗਰੋਂ 1925 ਵਿਚ ਜਥੇਦਾਰ ਅੱਛਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਇਹੀ ਹੁਕਮਨਾਮਾ ਜਾਰੀ ਕੀਤਾ)।[8]

14 ਜਨਵਰੀ 1914 ਦੇ ਦਿਨ ਦਿੱਲੀ ਸਰਕਾਰ ਨੇ ਵਾਇਸਰਾਏ ਲਾੱਜ ਤੱਕ ਸਿੱਧੀ ਸੜਕ ਲਿਜਾਣ ਵਾਸਤੇ ਗੁਰਦੁਆਰਾ ਰਕਾਬ ਗੰਜ ਦੀ ਬਾਹਰਲੀ ਦੀਵਾਰ ਢਾਹ ਦਿੱਤੀ। ਇਸ ਮੌਕੇ 'ਤੇ ਲਾਇਲਪੁਰ ਦੇ ਸ: ਹਰਚੰਦ ਸਿੰਘ ਤੇ ਉਨ੍ਹਾਂ ਸਾਥੀਆਂ ਨੇ ਜੱਦੋ-ਜਹਿਦ ਸ਼ੁਰੂ ਕਰਨ ਦਾ ਐਲਾਨ ਕੀਤਾ। ਪਰ ਦੂਜੇ ਪਾਸੇ ਚੀਫ਼ ਖਾਲਸਾ ਦੀਵਾਨ ਨੇ ਸਰਕਾਰ ਨੂੰ ਪੂਰਾ-ਪੂਰਾ ਮਿਲਵਰਤਣ ਦਿੱਤਾ। ਇਸ ਮੌਕੇ 'ਤੇ ਵੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਨੇ ਚੁਪ ਵੱਟ ਕੇ ਸਰਕਾਰ ਦੀ ਹਾਮੀ ਭਰੀ।

1914-15 ਵਿਚ ਵੱਡੀ ਗਿਣਤੀ ਵਿਚ ਸਿੱਖ ਅਮਰੀਕਾ ਅਤੇ ਕੈਨੇਡਾ ਤੋਂ ਅੰਗਰੇਜ਼ਾਂ ਨੂੰ ਮੁਲਕ 'ਚ ਕੱਢਣ ਵਾਸਤੇ ਪੰਜਾਬ ਵੱਲ ਰਵਾਨਾ ਹੋਏ। ਇਨ੍ਹੀਂ ਦਿਨੀਂ ਹੀ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਜਹਾਜ਼ ਵਿਚ ਬਹੁਤ ਸਾਰੇ ਮੁਸਾਫ਼ਿਰ ਲੈ ਕੇ ਕੈਨੇਡਾ ਗਏ। ਇਨ੍ਹਾਂ ਵਿਚੋਂ 90 ਫ਼ੀ ਸਦੀ ਸਿੱਖ ਸਨ। ਉੱਥੇ ਉਨ੍ਹਾਂ ਨੂੰ ਕੈਨੇਡਾ 'ਚ ਵੜਨੋਂ, ਗੈਰ-ਕਾਨੂੰਨੀ ਤਰੀਕੇ ਨਾਲ ਰੋਕਿਆ ਗਿਆ। ਅਖ਼ੀਰ ਮਜਬੂਰੀ ਵਿਚ ਉਹ ਜਹਾਜ਼ ਵਾਪਿਸ ਮੁੜ ਗਿਆ। ਜਦੋਂ 29 ਸਿਤੰਬਰ 1914 ਦੇ ਦਿਨ ਉਹ ਜਹਾਜ਼ ਬਜਬਜ ਘਾਟ (ਕਲੱਕਤਾ) ਪੁੱਜਾ ਤਾਂ ਅੰਗਰੇਜ਼ੀ ਸਰਕਾਰ ਦੀ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਪੰਜਾਬ ਭੇਜਣ ਦਾ ਹੁਕਮ ਸੁਣਾਇਆ। ਕੁਝ ਮੁਸਾਫ਼ਿਰਾਂ ਨੇ ਇਹ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ ਤੇ ਉਹ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੀ

---

7. ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ*, ਸਫ਼ਾ 30-31.

8. *ਅਕਾਲੀ ਤੇ ਪ੍ਰਦੇਸੀ*, 11 ਦਿਸੰਬਰ, 1925.

ਅਗਵਾਈ ਵਿਚ ਕਲਕੱਤਾ ਦੇ ਵੱਡੇ ਗੁਰਦੁਆਰੇ ਵੱਲ ਚੱਲ ਪਏ। ਪੁਲੀਸ ਨੇ ਇਨ੍ਹਾਂ 'ਤੇ ਗੋਲੀ ਚਲਾ ਦਿੱਤੀ। ਇਸ ਨਾਲ 15 ਸਿੱਖ ਮਾਰੇ ਗਏ ਅਤੇ ਬਾਬਾ ਗੁਰਦਿਤ ਸਿੰਘ ਸਣੇ 30 ਜਣੇ ਪੁਲੀਸ ਨੂੰ ਝਕਾਨੀ ਦੇ ਕੇ ਨਿਕਲ ਗਏ। ਬਹੁਤ ਸਾਰੀਆਂ ਜਥੇਬੰਦੀਆਂ ਨੇ ਗੋਲੀ ਚਲਾਉਣ ਕਾਰਵਾਈ ਦੀ ਨਿੰਦਾ ਕੀਤੀ। ਉਨ੍ਹੀਂ ਦਿਨੀਂ ਇਹ ਚਰਚਾ ਚੱਲ ਪਈ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਸਰਕਾਰੀ ਸਰਬਰਾਹ ਨੇ ਇਕ ਅਖੌਤੀ 'ਹੁਕਮਨਾਮੇ' ਵਿਚ ਇਨ੍ਹਾਂ ਨੂੰ ਸਿੱਖੀ ਤੋਂ ਮੁਨਕਰ (ਖ਼ਾਰਿਜ) ਆਖਿਆ ਹੈ। ਪਰ ਕਿਸੇ ਅਜਿਹੇ ਅਖੌਤੀ 'ਹੁਕਮਨਾਮੇ' ਦਾ ਉਨ੍ਹਾਂ ਦਿਨਾਂ ਦੀਆਂ ਅਖ਼ਬਾਰਾਂ ਜਾਂ ਬਰਤਾਨਵੀ ਸਰਕਾਰ ਦੀਆਂ ਖ਼ੁਫ਼ੀਆਂ ਫ਼ਾਈਲਾਂ ਵਿਚ ਕੋਈ ਜ਼ਿਕਰ ਨਹੀਂ ਮਿਲਦਾ। ਸਿਰਫ਼ ਕਲਕੱਤਾ ਦੇ ਹੈਰੀਸਨ ਗੁਰਦੁਆਰੇ ਵਿਚ ਹੋਏ ਸਰਕਾਰੀ ਪਿੱਠੂਆਂ ਦੇ ਇਕ ਇਕੱਠ ਵਿਚ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਦੀ ਨਿੰਦਾ ਦਾ ਮਤਾ ਪਾਸ ਕਰਨ ਦਾ ਪਤਾ ਚਲਦਾ ਹੈ।[9] ਇਸ ਇਕੱਠ ਵਿਚ ਨੱਥਾ ਸਿੰਘ ਗ੍ਰੰਥੀ, ਨਿਹਾਲ ਸਿੰਘ ਦਲਾਲ, ਸੁੰਦਰ ਲਾਲ ਮਿਸਰ (ਆਨਰੇਰੀ ਮਜਿਸਟਰੇਟ) ਤੇ ਪੰਡਿਤ ਅਮਰ ਨਾਥ ਸ਼ਰਮਾ ਹਾਜ਼ਿਰ ਸਨ।

ਹੋਰ ਤਾਂ ਹੋਰ ਗ਼ਦਰ ਪਾਰਟੀ ਦੀ ਤਾਰੀਖ਼ ਵਿਚ ਵੀ ਇਸ ਤਰ੍ਹਾਂ ਦੇ ਕਿਸੇ ਅਖੌਤੀ 'ਹੁਕਮਨਾਮੇ' ਦਾ ਕੋਈ ਜ਼ਿਕਰ ਨਹੀਂ ਹੈ। ਹੋ ਸਕਦਾ ਹੈ ਕਿ ਸਰਕਾਰੀ ਸਰਬਰਾਹ ਨੇ ਕੋਈ ਬਿਆਨ ਦਿੱਤਾ ਹੋਵੇ ਜਿਸ ਤੋਂ ਇਹ ਚਰਚਾ ਚੱਲ ਪਿਆ ਹੋਵੇ ਕਿ ਉਸ ਨੇ 'ਹੁਕਮਨਾਮਾ' ਜਾਰੀ ਕੀਤਾ ਹੈ। ਹਾਂ, ਜਦੋਂ 12 ਅਕਤੂਬਰ 1920 ਦੇ ਦਿਨ, ਅਕਾਲ ਤਖ਼ਤ ਸਾਹਿਬ ਪੰਥਕ ਇੰਤਜ਼ਾਮ ਹੇਠ ਆਇਆ ਤਾਂ ਉਸ ਦੀਵਾਨ ਵਿਚ ਸ: ਕਰਤਾਰ ਸਿੰਘ ਝੱਬਰ ਨੇ ਇਕ ਗੁਰਮਤਾ ਪਾਸ ਕਰਵਾਇਆ :

> "ਅਕਾਲ ਤਖ਼ਤ ਸਾਹਿਬ ਤੇ ਸਜਿਆ ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜਬਜ ਘਾਟ 'ਤੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਸੀ, ਉਹ ਅਨਿੰਨ ਗੁਰੂ ਦੇ ਸਿੱਖ ਸਨ। ਬਲਕਿ ਉਹ ਗੁਰੂ ਦੇ ਸਿੱਖ ਨਹੀਂ, ਜੋ ਆਪਣੇ ਘਰ ਵਿਚ ਮਨਮਤ ਕਰਦੇ ਹਨ। ਅਰੂੜ ਸਿੰਘ ਜੋ ਗੁਰਮਤਿ ਪ੍ਰਚਾਰ ਨੂੰ ਬੰਦ ਕਰ ਕੇ ਘਰ ਵਿਚ ਪਾਪ ਲੀਲਾ ਕਰਦਾ ਹੈ ਗੁਰੂ ਦਾ ਸਿੱਖ ਨਹੀਂ ਹੈ।"[10]

13 ਅਪਰੈਲ 1919 ਦੇ ਦਿਨ ਬਰਤਾਨਵੀ ਫ਼ੌਜ ਦੇ ਜਨਰਲ ਡਾਇਰ ਨੇ ਜਲ੍ਹਿਆਂ ਵਾਲਾ ਬਾਗ਼ ਵਿਚ ਜਲਸਾ ਸੁਣ ਰਹੀ ਇਕ ਨਿਹੱਥੀ, ਬੇਗੁਨਾਹ ਭੀੜ ਤੇ ਗੋਲੀਆਂ ਚਲਾ ਕੇ ਤਿੰਨ ਸੌ ਤੋਂ ਵੱਧ ਲੋਕ ਮਾਰ ਦਿੱਤੇ ਤੇ ਸੈਂਕੜੇ ਜ਼ਖ਼ਮੀ ਕਰ ਦਿੱਤੇ। ਡਾਇਰ ਦੀ ਇਸ ਵਹਿਸ਼ੀ ਕਾਰਵਾਈ ਨੇ ਦੁਨਿਆਂ ਭਰ ਵਿਚ ਜ਼ਬਰਦਸਤ ਰੋਹ ਪੈਦਾ ਕਰ ਕੀਤਾ। ਹੋਰ ਤਾਂ ਹੋਰ ਬਰਤਾਨਵੀ ਪਾਰਲੀਮੈਂਟ ਵਿਚ ਵੀ ਇਸ ਦੀ ਨਿੰਦਾ ਕੀਤੀ ਗਈ। ਗੋਲੀ ਦੀ ਕਾਰਵਾਈ ਤੋਂ ਮਗਰੋਂ ਅੰਮ੍ਰਿਤਸਰ ਵਿਚ ਡਰ ਤੇ ਦਹਿਸ਼ਤ ਦਾ ਮਾਹੌਲ ਛਾ ਗਿਆ। ਅਗਲੇ ਹਫ਼ਤੇ ਹੀ ਅੰਮ੍ਰਿਤਸਰ ਦੀਆਂ ਨੀਮ ਸ਼ਹਿਰੀ ਬਸਤੀਆਂ ਦੇ ਕੁਝ ਵਾਸੀਆਂ ਨੇ ਜਨਰਲ ਡਾਇਰ ਦੀ ਸ਼ਾਨ 'ਚ ਇਕ ਨਿੱਕਾ ਜਿਹਾ ਇਕੱਠ ਕੀਤਾ। ਇਨ੍ਹੀਂ ਦਿਨੀਂ ਹੀ 'ਜਨਰਲ ਡਾਇਰ ਸਨਮਾਨ ਕਮੇਟੀ' ਬਣਾ ਕੇ ਡਾਇਰ ਨੂੰ ਇਕ ਚੰਗੀ ਰਕਮ ਦੀ ਥੈਲੀ ਵੀ ਭੇਂਟ

---

9. ਗੁਰਚਰਨ ਸਿੰਘ ਸਹਿੰਸਰਾ, *ਗ਼ਦਰ ਪਾਰਟੀ ਦਾ ਇਤਿਹਾਸ*, ਸਫ਼ਾ 151; Home Political (A), November 1914, Files No. 97-187.
10. ਨਰੈਣ ਸਿੰਘ (ਐਡੀਟਰ), *ਅਕਾਲੀ ਮੋਰਚੇ ਤੇ ਝੱਬਰ*, ਸਫ਼ਾ 65.

ਕੀਤੀ ਗਈ। ਇਸ 'ਕਮੇਟੀ' ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਅਤੇ ਪੰਜਾਬੀ ਕਵੀ ਭਾਈ ਵੀਰ ਸਿੰਘ ਵੀ ਸ਼ਾਮਿਲ ਸਨ। ਇੰਞ ਹੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਤੇ ਪੁਜਾਰੀਆਂ ਨੇ ਜਨਰਲ ਡਾਇਰ ਅਤੇ ਕੈਪਟਨ ਬ੍ਰਿਗਜ਼ ਨੂੰ ਅੰਮ੍ਰਿਤ ਛਕਾਉਣ ਦਾ ਡਰਾਮਾ ਵੀ ਕੀਤਾ (ਜਿਵੇਂ 1857 ਵਿਚ ਡਿਪਟੀ ਕਮਿਸ਼ਨਰ ਕੂਪਰ ਵੇਲੇ ਕੀਤਾ ਗਿਆ ਸੀ)। ਪੁਜਾਰੀਆਂ ਨੇ ਦੋਹਾਂ ਨੂੰ ਵਾਲ ਕੱਟਣ ਅਤੇ ਸਿਗਰਟ ਪੀਣ ਦੀ ਛੋਟ ਵੀ ਦੇ ਦਿੱਤੀ।[11] ਇਸ ਪਿੱਛੋਂ ਦੋਹਾਂ ਨੂੰ ਅਕਾਲ ਤਖ਼ਤ ਸਾਹਿਬ ਤੇ ਕਾਬਜ਼ ਸਰਕਾਰੀ ਸਰਬਰਾਹ ਨੇ 'ਸਿਰਪਾਓ' ਭੇਟ ਕੀਤੇ।[12] (ਜਲ੍ਹਿਆਂ ਵਾਲਾ ਬਾਗ਼ ਦੇ ਕਤਲੇਆਮ ਦਾ ਬਦਲਾ ਊਧਮ ਸਿੰਘ ਸੁਨਾਮ ਨੇ 13 ਮਾਰਚ 1940 ਦੇ ਦਿਨ ਇਸ ਸਾਕੇ ਦੇ ਵੇਲੇ ਦੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਈਰ ਨੂੰ ਮਾਰ ਕੇ ਲਿਆ। ਊਧਮ ਸਿੰਘ ਨੂੰ 13 ਜੂਨ 1940 ਦੇ ਦਿਨ ਫ਼ਾਂਸੀ ਦੇ ਦਿੱਤੀ ਗਈ ਸੀ।)

ਸਰਬਰਾਹ ਦੀ ਇਹ ਕਾਰਵਾਈ ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ, ਖੰਡੇ ਦਾ ਪਾਹੁਲ ਅਤੇ ਸਿਰੋਪਾਓ ਦੀ ਬੇਅਦਬੀ ਸੀ। ਇਹ ਸਾਰਾ ਕੁਝ ਚੀਫ਼ ਖਾਲਸਾ ਦੀਵਾਨ ਦੇ ਆਗੂ ਵੇਖ ਰਹੇ ਸਨ ਪਰ ਉਨ੍ਹਾਂ ਦੀ ਜ਼ਬਾਨ ਨੂੰ ਤੰਦੂਆ ਮਾਰ ਗਿਆ ਸੀ। ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਇਕ ਲਫ਼ਜ਼ ਵੀ ਬੋਲਣ ਨੂੰ ਉਹ ਗੁਨਾਹ ਸਮਝਦੇ ਸਨ।

ਅਕਾਲ ਤਖ਼ਤ ਸਾਹਿਬ ਤੇ ਕਾਬਜ਼ ਸਰਕਾਰੀ ਸਰਬਰਾਹਾਂ ਦੀਆਂ ਕਾਰਵਾਈਆਂ ਨੇ ਸਿੱਖ ਪੰਥ ਵਿਚ ਚੋਖਾ ਰੋਹ ਪੈਦਾ ਕੀਤਾ ਹੋਇਆ ਸੀ ਪਰ ਇਕ ਸਾਂਝੀ ਜਥੇਬੰਦ ਦੀ ਅਣਹੋਂਦ ਵਿਚ ਸਰਕਾਰ ਕਾਮਯਾਬੀ ਨਾਲ ਉਨ੍ਹਾਂ ਸਰਬਰਾਹਾਂ ਨੂੰ ਵਰਤਦੀ ਰਹੀ। 1920 ਦੀਆਂ ਗਰਮੀਆਂ ਤੱਕ ਅਜਿਹਾ ਮਾਹੌਲ ਬਣ ਚੁਕਿਆ ਸੀ ਕਿ ਹੁਣ ਇਹ ਹਰਕਤਾਂ ਬਹੁਤੀ ਦੇਰ ਜਾਰੀ ਨਹੀਂ ਰਹਿ ਸਕਣਗੀਆਂ। ਜਾਪਦਾ ਸੀ ਕਿ ਸਿੱਖਾਂ ਦੇ ਮਨਾਂ ਵਿਚ ਧੁਖ ਰਹੀ ਚਿੰਗਾਰੀ ਕਿਸੇ ਵੇਲੇ ਵੀ ਭਾਂਬੜ ਬਣ ਕੇ ਮੱਚ ਪਵੇਗੀ ਤੇ ਕੌਮ ਅਕਾਲ ਤਖ਼ਤ ਸਾਹਿਬ ਨੂੰ ਸਰਕਾਰੀ ਕਬਜ਼ੇ 'ਚੋਂ ਆਜ਼ਾਦ ਕਰਵਾ ਲਵੇਗੀ।

... ਤੇ ਉਹ ਦਿਨ 12 ਅਕਤੂਬਰ 1920 ਨੂੰ ਆ ਹੀ ਗਿਆ।

•

11. Ian Calvin, *The Life of General Dyer*, pp. 201-02.
12. ਵੀ.ਐਨ. ਦੱਤ, *ਜਲ੍ਹਿਆਂਵਾਲਾ ਬਾਗ਼*, ਸਫ਼ਾ 121.

ਅਕਾਲੀ ਲਹਿਰ ਦੌਰਾਨ

(1920 ਤੋਂ 1947)

ਜਨਰਲ ਡਾਇਰ ਵਰਗੇ ਜ਼ਾਲਮ ਅਤੇ ਕੈਪਟਨ ਬ੍ਰਿਗਜ਼ ਨੂੰ ਅਕਾਲ ਤਖ਼ਤ ਸਾਹਿਬ ਦੇ ਸਰਕਾਰੀ-ਸਰਬਰਾਹ ਵਲੋਂ ਦਿੱਤਾ ਗਿਆ ਸਨਮਾਨ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕਰਨ ਦੀ ਕੋਸ਼ਿਸ਼ ਸੀ। ਇਸ ਨੇ ਸਿੱਖ ਵਿਦਵਾਨਾਂ, ਆਗੂਆਂ ਅਤੇ ਆਮ ਸਿੱਖਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਿਆਂ ਦੀ ਤੌਹੀਨ ਕਰਨ ਵਾਲੇ ਸਰਕਾਰੀ-ਸਰਬਰਾਹਾਂ ਦੀਆਂ ਕਾਰਵਾਈਆਂ ਨੂੰ ਕਦੋਂ ਤਕ ਬਰਦਾਸ਼ਤ ਕੀਤਾ ਜਾਵੇਗਾ ? 1919 ਦੀਆਂ ਗਰਮੀਆਂ ਵਿਚ ਹਰ ਪਾਸੇ ਸੰਜੀਦਾ ਸਿੱਖ ਇਕੱਲੇ-ਦੁਕੱਲੇ ਮਿਲਦੇ ਅਤੇ ਪੰਥ ਦੀ ਹਾਲਤ 'ਤੇ ਵੀਚਾਰ ਕਰਦੇ ਰਹਿੰਦੇ ਸਨ। ਮਾਝਾ, ਦੁਆਬਾ ਤੇ ਮਾਲਵਾ ਵਿਚ ਕਈ ਜਗਹ 'ਤੇ ਨਿੱਕੇ-ਨਿੱਕੇ ਜਥੇ ਵੀ ਕਾਇਮ ਹੋ ਗਏ ਸਨ। ਇਹ ਜਥੇ ਆਪਣੇ-ਆਪਣੇ ਇਲਾਕਿਆਂ ਵਿਚ ਗੁਰਦੁਆਰਾ ਸੁਧਾਰ ਵਾਸਤੇ ਕੋਸ਼ਿਸ਼ਾਂ ਕਰਨ ਲੱਗ ਪਏ ਸਨ। ਹੌਲੀ-ਹੌਲੀ ਇਨ੍ਹਾਂ ਜਥਿਆਂ ਦੇ ਕਾਰਕੁੰਨਾਂ ਤੇ ਆਗੂਆਂ ਨੇ ਆਪਸ ਵਿਚ ਤਾਲਮੇਲ ਵੀ ਕਾਇਮ ਕਰ ਲਿਆ। ਪੰਜਾਬ 'ਚ ਕਈ ਹਫ਼ਤਾਵਰ ਅਖ਼ਬਾਰਾਂ ਵੀ ਸ਼ੁਰੂ ਹੋ ਗਈਆਂ। ਇਨ੍ਹਾਂ ਅਖ਼ਬਾਰਾਂ ਵਿਚ ਇਨ੍ਹਾਂ ਜਥਿਆਂ ਦੀਆਂ ਕਾਰਵਾਈਆਂ ਛੱਪਣ ਲੱਗ ਪਈਆਂ। ਇਸ ਦੇ ਨਾਲ ਹੀ ਇਨ੍ਹਾਂ ਅਖ਼ਬਾਰਾਂ ਵਿਚ ਅਕਾਲ ਤਖ਼ਤ ਸਾਹਿਬ, ਹਰਿਮੰਦਰ ਸਾਹਿਬ, ਨਾਨਕਾਣਾ ਸਾਹਿਬ, ਤਰਨ ਤਾਰਨ ਅਤੇ ਹੋਰ ਗੁਰਦੁਆਰਿਆਂ ਵਿਚ ਮਹੰਤਾਂ ਵਲੋਂ ਕੀਤੇ ਜਾ ਰਹੇ ਗੁਨਾਹ, ਲੁੱਟ-ਮਾਰ, ਜੁਰਮ, ਗ਼ਬਨ ਦੇ ਨਾਲ-ਨਾਲ ਗੁਰਮਤਿ-ਵਿਰੋਧੀ ਰਸਮਾਂ ਅਤੇ ਪੂਜਾ ਬਾਰੇ ਖ਼ਬਰਾਂ ਅਤੇ ਖ਼ਤ ਵੀ ਛਪਣ ਲਗ ਪਏ। *ਪੰਚ*, *ਪੰਜਾਬ ਦਰਪਣ*, *ਲਾਇਲ ਗ਼ਜ਼ਟ* (ਮਗਰੋਂ *ਸ਼ੇਰੇ-ਪੰਜਾਬ*) ਅਤੇ ਕਈ ਹੋਰ ਅਖ਼ਬਾਰਾਂ 'ਚ ਇਹੋ ਜਹੀ ਸਮਗਰੀ ਛਪਦੀ ਹੀ ਰਹਿੰਦੀ ਸੀ। ਉੱਪਰ ਜ਼ਿਕਰ ਕੀਤੇ ਤਿੰਨਾਂ ਗੁਰਦੁਆਰਿਆਂ ਅਤੇ ਅਕਾਲ ਤਖ਼ਤ ਸਾਹਿਬ ਦੀ ਹਾਲਤ ਤਾਂ ਬਹੁਤ ਮਾੜੀ ਸੀ, ਪਰ ਸਰਕਾਰੀ ਸਰਬਰਾਹਾਂ, ਮਹੰਤਾਂ ਤੇ ਪੁਜਾਰੀਆਂ ਨੂੰ ਸਰਕਾਰੀ ਸਰਪਰਸਤੀ ਹਾਸਿਲ ਸੀ, ਇਸ ਕਰ ਕੇ ਉਨ੍ਹਾਂ ਦੇ ਕੰਨਾਂ 'ਤੇ ਜੂੰ ਤਕ ਨਹੀਂ ਸੀ ਸਰਕਦੀ। ਇਧਰ ਪੰਥਕ ਸਫ਼ਾਂ ਵਿਚ ਗੁਰਧਾਮਾਂ ਦੇ ਸੁਧਾਰ ਬਾਰੇ ਸੰਜੀਦਗੀ ਨਾਲ ਵਿਚਾਰਾਂ ਹੋਣ ਲੱਗ ਪਈਆਂ।

ਇਨ੍ਹਾਂ ਦਿਨਾਂ ਵਿਚ ਹੀ ਖਾਲਸਾ ਕਾਲਜ, ਅੰਮ੍ਰਿਤਸਰ 'ਚ ਸਰਕਾਰੀ ਦਖ਼ਲ ਦੇ ਖ਼ਿਲਾਫ਼ ਅਣ-ਐਲਾਨੀ ਲਹਿਰ ਸ਼ੁਰੂ ਹੋ ਗਈ। ਇੰਞ ਹੀ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਬਾਹਰਲੀ ਦੀਵਾਰ (ਜਿਸ ਨੂੰ ਅੰਗਰੇਜ਼ਾਂ ਨੇ 14 ਜਨਵਰੀ 1914 ਦੇ ਦਿਨ ਵਾਇਸਰਾਏ ਦੀ ਕੋਠੀ ਨੂੰ ਸਿੱਧੀ ਸੜਕ ਲਿਜਾਣ ਦੇ ਨਾਂ 'ਤੇ ਢਾਹ ਦਿੱਤਾ ਸੀ ਤੇ ਜੰਗ ਮਗਰੋਂ ਮੁੜ

ਉਸਾਰਨ ਦਾ ਵਾਅਦਾ ਕੀਤਾ ਸੀ) ਦਾ ਮਸਲਾ ਫੇਰ ਉਠ ਪਿਆ। ਇਨ੍ਹਾਂ ਦੋਹਾਂ ਮੋਰਚਿਆਂ 'ਤੇ ਲੜਨ ਵਾਲੇ ਬਹੁਤੇ ਆਗੂ ਲਾਇਲਪੁਰ (ਹੁਣ ਫ਼ੈਸਲਾਬਾਦ, ਪਾਕਿਸਤਾਨ) ਦੇ ਵਾਸੀ ਸਨ। ਇਨ੍ਹਾਂ ਵਿਚੋਂ ਅਹਿਮ ਸਨ : ਮਾਸਟਰ ਸੁੰਦਰ ਸਿੰਘ, ਸ: ਹਰਚੰਦ ਸਿੰਘ, ਮਾਸਟਰ ਤਾਰਾ ਸਿੰਘ ਵ਼ਗੈਰਾ। ਹੌਲੀ ਹੌਲੀ ਇਨ੍ਹਾਂ ਦਾ ਰਾਬਤਾ ਜਥੇਦਾਰ ਕਰਤਾਰ ਸਿੰਘ ਝੱਬਰ, ਸ: ਦਾਨ ਸਿੰਘ ਵਛੋਆ, ਜਥੇਦਾਰ ਤੇਜਾ ਸਿੰਘ ਭੁੱਚਰ, ਮਾਸਟਰ ਮੋਤਾ ਸਿੰਘ ਨਾਲ ਹੋ ਗਿਆ। 1920 ਦੀਆਂ ਗਰਮੀਆਂ ਦੇ ਸ਼ੁਰੂ ਹੋਣ ਤਕ ਇਹ ਗਰੁਪ ਇਕ ਤਕੜਾ 'ਮੋਰਚਾ' ਬਣ ਗਿਆ।

21 ਮਈ 1920 ਦੇ ਦਿਨ ਇਸ ਗਰੁਪ ਨੇ ਲਾਹੌਰ ਤੋਂ ਇਕ ਰੋਜ਼ਾਨਾ ਪੰਜਾਬੀ ਅਖ਼ਬਾਰ *ਅਕਾਲੀ* ਦੇ ਨਾਂ ਹੇਠ ਸ਼ੁਰੂ ਕਰ ਲਈ। ਇਹ ਅਖ਼ਬਾਰ ਪਹਿਲੇ ਦਿਨ ਤੋਂ ਹੀ ਕਾਮਯਾਬ ਹੋ ਗਈ। ਇਸ ਅਖ਼ਬਾਰ ਨੇ ਦੂਰ-ਦੁਰਾਡੇ ਬੈਠੇ ਪੰਥ ਦਰਦੀਆਂ ਨੂੰ ਇਕ ਦੂਜੇ ਦੇ ਬਹੁਤ ਨੇੜੇ ਲੈ ਆਂਦਾ। ਹੌਲੀ-ਹੌਲੀ ਸਾਰੇ ਪਾਸੇ 'ਅਕਾਲੀ' 'ਅਕਾਲੀ' ਅਤੇ 'ਅਕਾਲ' 'ਅਕਾਲ' ਗੂੰਜਣ ਲੱਗ ਪਈ। ਭਾਰਤ ਸਰਕਾਰ ਦੀ ਖ਼ੁਫ਼ੀਆ ਰਿਪੋਰਟ ਮੁਤਾਬਿਕ ਇਹ ਲਹਿਰ, ਜੋ 1920 ਦੀਆਂ ਗਰਮੀਆਂ ਵਿਚ ਸ਼ੁਰੂ ਹੋਈ, ਕੁਝ ਹੀ ਹਫ਼ਤਿਆਂ ਵਿਚ ਜਥੇਬੰਦੀ ਦੀ ਸ਼ਕਲ ਵਿਚ ਆ ਗਈ।[1] *ਅਕਾਲੀ* ਅਖ਼ਬਾਰ ਦੇ 10 ਜੂਨ 1920 ਦੇ ਐਡੀਟੋਰੀਅਲ 'ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?' ਅਤੇ ਦਰਬਾਰ ਸਾਹਿਬ ਬਾਰੇ ਖ਼ਬਰਾਂ ਤੇ ਚਿੱਠੀਆਂ ਨੇ ਪੰਜਾਬ ਭਰ ਵਿਚ ਹਾਹਾਕਾਰ ਮਚਾ ਦਿੱਤੀ। ਇੰਞ ਜਾਪਣ ਲੱਗ ਪਿਆ ਕਿ ਜਿਵੇਂ ਕੌਮ ਨੀਂਦ 'ਚੋਂ ਜਾਗ ਪਵੇਗੀ।[2]

ਅਕਾਲੀ ਅਖ਼ਬਾਰ ਨੇ ਗੁਰਦੁਆਰਿਆਂ ਦੀ ਹਾਲਤ ਬਾਰੇ ਖ਼ਬਰਾਂ ਅਤੇ ਖ਼ਤ ਛਾਪ ਕੇ ਸਮੁੱਚੇ ਪੰਜਾਬ ਵਿਚ ਇਕ ਲਹਿਰ ਜਹੀ ਪੈਦਾ ਕਰ ਦਿੱਤੀ। ਇਸ ਲਹਿਰ ਦਾ ਮਕਸਦ ਗੁਰਦੁਆਰਿਆਂ ਵਿਚ ਹੋ ਰਹੀਆਂ ਸਿੱਖ-ਵਿਰੋਧੀ ਕਾਰਵਾਈਆਂ ਅਤੇ ਗ੍ਰੰਥੀਆਂ ਤੇ ਮਹੰਤਾਂ ਦੀਆਂ ਗ਼ੈਰ-ਇਖ਼ਲਾਕੀ ਹਰਕਤਾਂ ਅਤੇ ਸੰਗਤਾਂ ਦੇ ਚੜ੍ਹਾਵੇ ਨੂੰ ਨਿਜੀ ਅੱਯਾਸ਼ੀ ਵਾਸਤੇ ਵਰਤਣੋਂ ਰੋਕਣਾ ਸੀ। ਪਰ ਮਹੰਤਾਂ ਨੂੰ ਬਰਤਾਨਵੀ ਸਰਕਾਰ ਦੀ ਸਰਪ੍ਰਸਤੀ ਹਾਸਿਲ ਸੀ ਤੇ ਉਹ ਇਸ ਲਹਿਰ ਦੀ ਪਰਵਾਹ ਨਹੀਂ ਕਰਦੇ ਸਨ। ਹਾਲਾਂਕਿ ਸਿੱਖ ਆਗੂਆਂ ਦਾ ਬਹੁਤਾ ਧਿਆਨ ਨਾਨਕਾਣਾ ਸਾਹਿਬ, ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਵੱਲ ਸੀ, ਪਰ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਕਾਮਯਾਬੀ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਵਿਚ ਹਾਸਿਲ ਹੋਈ ਸੀ। ਅਗਸਤ 1920 ਵਿਚ ਸਿੱਖ ਸੰਗਤਾਂ ਨੇ ਇਸ ਗੁਰਦੁਆਰੇ ਦਾ ਇੰਤਜ਼ਾਮ ਆਪਣੇ ਹੱਥਾਂ ਵਿਚ ਲੈ ਲਿਆ।

ਅਗਸਤ 1920 ਦੇ ਸ਼ੁਰੂ ਵਿਚ ਹੀ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਅਰੂੜ ਸਿੰਹ ਦੇ ਖ਼ਿਲਾਫ਼ ਵੀ ਵੱਡੀ ਪੱਧਰ 'ਤੇ ਪ੍ਰਚਾਰ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਅਰੂੜ ਸਿੰਹ ਨੇ ਪਰਵਾਹ ਨਾ ਕੀਤੀ ਪਰ ਜਦੋਂ *ਅਕਾਲੀ* ਅਖ਼ਬਾਰ ਵਿਚ ਇਹ ਇਸ਼ਤਿਹਾਰ ਛਪਿਆ ਕਿ ਜੇ ਅਰੂੜ ਸਿੰਹ ਨੇ 20 ਅਗਸਤ 1920 ਤਕ ਅਸਤੀਫ਼ਾ ਨਾ ਦਿੱਤਾ ਤਾਂ ਉਸ ਦਾ ਮੁਰਦਾ ਕੱਢਿਆ ਜਾਇਗਾ (ਅਰਥੀ ਸਾੜੀ ਜਾਵੇਗੀ) ਤਾਂ ਉਹ 24 ਅਗਸਤ

1. V.W. Smith, *Confidential Memorandum on SGPC and Akali Dal*, 22 February 1922.
2. ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਸਫ਼ੇ 68, 79, 81, 91, 101, 103 ਤੇ ਹੋਰ।

ਸ਼ਾਮ ਨੂੰ ਜਲ੍ਹਿਆਂ ਵਾਲਾ ਬਾਗ਼ 'ਚ ਹੋ ਰਹੇ ਜਲਸੇ 'ਚ ਪੁੱਜਿਆ, ਮੁਆਫ਼ੀ ਮੰਗੀ ਅਤੇ ਅਸਤੀਫ਼ਾ ਦੇ ਦਿੱਤਾ।[3] ਸਰਕਾਰ ਨੇ ਫ਼ੁਰਤੀ ਦਿਖਾਂਦਿਆਂ ਉਸ ਦਾ ਅਸਤੀਫ਼ਾ ਕਬੂਲ ਕਰ ਕੇ ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਰਬਰਾਹ ਬਣਾ ਦਿੱਤਾ। ਸੁੰਦਰ ਸਿੰਘ ਨੇ ਸ਼ੁਰੂ-ਸ਼ੁਰੂ ਵਿਚ ਈਮਾਨਦਾਰ ਤੇ ਸੰਜੀਦਾ ਸੇਵਾਦਾਰ ਵਾਂਗ ਦਿਖਾਵਾ ਕੀਤਾ, ਪਰ ਮਗਰੋਂ ਉਹ ਵੀ ਆਮ ਮਹੰਤਾਂ ਵਾਂਗ ਬਣ ਪਿਆ। ਉਹ ਵੀ ਪੂਰੀ ਤਰ੍ਹਾਂ ਬਰਤਾਨਵੀ ਸਰਕਾਰ ਦੇ ਦੂਜੇ ਏਜੰਟਾਂ ਵਾਂਗ ਕਾਰਵਾਈਆਂ ਕਰਨ ਲੱਗ ਪਿਆ। ਠੀਕ ਇਨ੍ਹੀਂ ਦਿਨੀਂ ਹੀ, 5-6 ਅਕਤੂਬਰ ਦੇ ਦਿਨ, ਗੁਰਦੁਆਰਾ ਬਾਬੇ ਦੀ ਬੇਰ (ਸਿਆਲਕੋਟ) 'ਤੇ ਵੀ ਸੰਗਤਾਂ ਨੇ ਕਬਜ਼ਾ ਕਰ ਲਿਆ। ਇੱਤਫ਼ਾਕਨ ਇਸ ਕਬਜ਼ੇ ਨੂੰ ਸਰਕਾਰ ਨੇ ਵੀ ਮਨਜ਼ੂਰ ਕਰ ਲਿਆ।

ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ

ਉਨ੍ਹੀ ਦਿਨੀਂ ਦਰਬਾਰ ਸਾਹਿਬ ਕੰਪਲੈਕਸ ਵਿਚ ਬੋਰਡ ਲਗੇ ਹੋਏ ਸਨ ਕਿ ਅਖੌਤੀ-ਅਛੂਤ (ਸਿੱਖ ਧਰਮ ਵਿਚ ਕੋਈ ਅਛੂਤ ਨਹੀਂ ਹੁੰਦਾ) ਸਿੱਖਾਂ ਨੂੰ ਸਵੇਰੇ ਯਾਰ੍ਹਾਂ ਵਜੇ ਤੋਂ ਪਹਿਲਾਂ ਦਰਬਾਰ ਸਾਹਿਬ 'ਚ ਦਾਖ਼ਿਲ ਹੋਣ ਦੀ ਇਜਾਜ਼ਤ ਨਹੀਂ। ਸਿਰਫ਼ ਏਨਾ ਹੀ ਬਸ ਨਹੀਂ, ਉਨ੍ਹਾਂ ਦਾ ਕੜਾਹ ਪ੍ਰਸ਼ਾਦਿ ਵੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਬੂਲ ਨਹੀਂ ਕੀਤਾ ਜਾਂਦਾ ਸੀ।

10 ਤੋਂ 12 ਅਕਤੂਬਰ 1920 ਨੂੰ 'ਖਾਲਸਾ ਬਰਾਦਰੀ ਕਾਰਜ ਸਾਧਕ ਦਲ' ਦਾ ਇਕ ਸਮਾਗਮ ਜਲ੍ਹਿਆਂ ਵਾਲਾ ਬਾਗ਼, ਅੰਮ੍ਰਿਤਸਰ ਵਿਚ ਹੋਇਆ। ਇਸ ਜਥੇ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ (14 ਜੂਨ 1903 ਦੇ ਦਿਨ ਬਕਾਪੁਰ 'ਚ ਮੌਲਵੀ ਕਰੀਮ ਬਖ਼ਸ਼ ਤੋਂ ਸਿੰਘ ਸਜਣ ਵਾਲੇ) ਸਨ। ਉਨ੍ਹਾਂ ਨੇ ਖਾਲਸਾ ਕਾਲਜ ਦੇ ਕੁਝ ਪ੍ਰੋਫ਼ੈਸਰਾਂ ਨੂੰ ਵੀ ਇਸ ਸਮਾਗਮ 'ਤੇ ਸੱਦਿਆ। 12 ਅਕਤੂਬਰ ਦੇ ਦਿਨ ਇਸ ਸਮਾਗਮ ਵਿਚ ਅੰਮ੍ਰਿਤ ਸੰਚਾਰ ਕੀਤਾ ਗਿਆ। ਇਸ ਮੌਕੇ 'ਤੇ ਬਹੁਤ ਸਾਰੇ ਅਖੌਤੀ-ਅਛੂਤ ਸਿੱਖਾਂ ਨੇ ਵੀ ਅੰਮ੍ਰਿਤ ਪਾਨ ਕੀਤਾ। ਸਮਾਗਮ ਵਿਚ ਗੁਰਮਤਾ ਕੀਤਾ ਗਿਆ ਕਿ ਇਹ ਸਾਰੇ ਸਿੰਘ ਇਕ ਜਥੇ ਦੀ ਸ਼ਕਲ ਵਿਚ ਹਰਿਮੰਦਰ ਸਾਹਿਬ ਪ੍ਰਸ਼ਾਦ ਕਰਵਾਉਣ ਜਾਣ। ਇਨ੍ਹਾਂ ਦੇ ਨਾਲ ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਭਾਈ ਤੇਜਾ ਸਿੰਘ ਚੂਹੜਕਾਣਾ ਤੇ ਬਾਵਾ ਹਰਕ੍ਰਿਸ਼ਨ ਸਿੰਘ ਵੀ ਸਨ। ਜਦੋਂ ਇਹ ਸਿੰਘ ਹਰਿਮੰਦਰ ਸਾਹਿਬ ਪੁੱਜੇ ਤਾਂ ਪੁਜਾਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ। ਅਖ਼ੀਰ ਸਿੱਖ ਆਗੂਆਂ ਅਤੇ ਵਿਦਵਾਨਾਂ ਦੇ ਜ਼ੋਰ ਦੇਣ 'ਤੇ ਗੁਰੂ ਗ੍ਰੰਥ ਸਾਹਿਬ 'ਚੋਂ ਹੁਕਮਨਾਮਾ ਲਿਆ ਗਿਆ। ਇਸ ਹੁਕਮਨਾਮੇ ਵਿਚ ਪ੍ਰਸ਼ਾਦ ਕਬੂਲ ਕਰਨ ਦਾ ਹੁਕਮ ਸੀ। ਅਖ਼ੀਰ ਉਨ੍ਹਾਂ ਦੇ ਲਿਆਂਦੇ ਪ੍ਰਸ਼ਾਦ ਦੀ ਅਰਦਾਸ ਕਰ ਕੇ ਵਰਤਾਇਆ ਗਿਆ।

ਹਰਿਮੰਦਰ ਸਾਹਿਬ 'ਚ ਪ੍ਰਸ਼ਾਦ ਵਰਤਾਉਣ ਮਗਰੋਂ ਇਹ ਸਾਰੀਆਂ ਸੰਗਤਾਂ ਅਕਾਲ ਤਖ਼ਤ ਸਾਹਿਬ ਵੱਲ ਗਈਆਂ। ਸੰਗਤਾਂ ਨੂੰ ਉਧਰ ਆਉਂਦਾ ਵੇਖ ਕੇ ਤਖ਼ਤ ਸਾਹਿਬ ਦੇ ਪੁਜਾਰੀ ਉੱਥੋਂ ਖਿਸਕ ਗਏ।[4] ਤਖ਼ਤ ਸਾਹਿਬ ਨੂੰ ਸੁੰਞਾ ਦੇਖ ਕੇ ਸੰਗਤਾਂ ਨੇ ਉਸ ਦੀ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਤਾਈਨਾਤ ਕਰਨ ਦਾ ਫ਼ੈਸਲਾ ਕੀਤਾ। ਇਸ

3. *ਰੋਜ਼ਾਨਾ ਅਕਾਲੀ*, 27 ਅਗਸਤ 1920.

4. *ਉਹੀ*, 15 ਅਕਤੂਬਰ 1920.

ਸੇਵਾ ਸੰਭਾਲ ਵਾਸਤੇ 17 ਸਿੰਘਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸੇਵਾ-ਸੰਭਾਲ ਵਾਲੇ ਜਥੇ ਦੇ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ, ਜੋ ਗੜਗਜ ਖਾਲਸਾ ਦੀਵਾਨ ਦੇ ਜਥੇਦਾਰ ਸਨ, ਬਣਾਏ ਗਏ।[5]

ਬੱਸ, ਇਸ ਤੋਂ ਹੀ ਭੁਲੇਖਾ ਖਾ ਕੇ, ਜਾਂ ਬੇਸਮਝੀ ਨਾਲ, ਕੁਝ ਲੋਕਾਂ ਨੇ 'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਨਾਂ ਦਾ ਅਹੁਦਾ ਖੜਾ ਕਰ ਲਿਆ। ਹਾਲਾਂਕਿ ਅਸੂਲੀ ਤੌਰ 'ਤੇ ਵੀ ਤਖ਼ਤ ਸਾਹਿਬ ਦਾ ਕੋਈ ਮੁਖੀ/ਜਥੇਦਾਰ ਨਹੀਂ ਹੋ ਸਕਦਾ ਕਿਉਂਕਿ ਅਕਾਲ ਤਖ਼ਤ ਸਾਹਿਬ ਕੋਈ ਜਥਾ ਨਹੀਂ, ਜਿਸ ਦਾ ਕਿ ਜਥੇਦਾਰ ਬਣਾਇਆ ਜਾਂਦਾ। ਉਂਵ 12 ਅਕਤੂਬਰ 1920 ਨੂੰ ਵੀ ਇਹ ਪਿਰਤ ਨਹੀਂ ਸੀ ਪਈ ਕਿ ਇਸ ਨੂੰ ਅਹੁਦਾ ਮੰਨਿਆ ਜਾਂਦਾ। ਉਧਰ 2 ਮਹੀਨੇ ਮਗਰੋਂ ਅਕਾਲ ਤਖ਼ਤ ਸਾਹਿਬ 'ਤੇ ਹੋਈ ਇਕ ਮੀਟਿੰਗ ਵਿਚ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਕਿਹਾ ਕਿ "ਮੈਨੂੰ ਦੋ ਮਹੀਨੇ ਸੇਵਾ ਕਰਦੇ ਨੂੰ ਹੋ ਗਏ ਹਨ, ਛੁੱਟੀਆਂ ਬਖ਼ਸ਼ੋ।" ਇਸ 'ਤੇ ਭਾਈ ਦੀਦਾਰ ਸਿੰਘ ਮੱਟੂ ਭਾਈਕੇ ਦੇ ਜਥੇ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸੌਂਪ ਦਿੱਤੀ ਗਈ ਸੀ।[6]

ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਵਲੋਂ ਤਖ਼ਤ ਸਾਹਿਬ ਸੁੰਞਾ ਛੱਡਣ ਅਤੇ ਸੰਗਤਾਂ ਵਲੋਂ ਸੇਵਾ ਸੰਭਾਲਣ ਨਾਲ, ਰਣਜੀਤ ਸਿੰਘ ਦੇ ਰਾਜ ਜਾਣ ਮਗਰੋਂ 71 ਸਾਲ ਬਾਅਦ, ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਦੋਬਾਰਾ ਸੰਗਤਾਂ ਦੇ ਹੱਥ ਆ ਗਈ। ਦਰਅਸਲ ਇਕ ਤਰ੍ਹਾਂ ਨਾਲ ਤਕਰੀਬਨ 100 ਸਾਲ ਬਾਅਦ ਇਹ ਸੇਵਾ-ਸੰਭਾਲ ਪੰਥਕ ਹੱਥਾਂ ਵਿਚ ਆਈ ਸੀ। ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਇਸ ਦੀ ਸੇਵਾ-ਸੰਭਾਲ ਜਿੰਨ੍ਹਾਂ ਪੁਜਾਰੀਆਂ ਦੇ ਹੱਥ ਸੀ, ਉਹ ਗੁਰਸਿਖੀ ਫ਼ਲਸਫ਼ੇ ਅਤੇ ਰਿਵਾਇਤਾਂ ਤੋਂ ਜਾਂ ਤਾਂ ਜਾਣੂੰ ਨਹੀਂ ਸਨ ਤੇ ਜਾਂ ਇਨ੍ਹਾਂ 'ਤੇ ਯਕੀਨ ਤੇ ਅਮਲ ਨਹੀਂ ਕਰਦੇ ਸਨ।

ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਬਣਨਾ

ਅਕਾਲ ਤਖ਼ਤ ਸਾਹਿਬ ਦੇ ਪੰਥਕ ਹੱਥਾਂ ਵਿਚ ਆਉਣ ਤੋਂ 16 ਦਿਨ ਮਗਰੋਂ ਹੀ ਸਿੱਖ ਲੀਗ ਦਾ ਇਕ ਇਕੱਠ ਲਾਹੌਰ ਵਿਚ ਹੋਇਆ। 28-29 ਅਕਤੂਬਰ ਦੇ ਦਿਨ ਹੋਏ ਇਸ ਇਕੱਠ ਵਿਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਆਪਣੀ ਦਿੱਲੀ ਫੇਰੀ ਦਾ ਹਾਲ ਬਿਆਨ ਕਰਦਿਆਂ ਦੱਸਿਆ ਕਿ 14 ਜਨਵਰੀ 1914 ਦੇ ਦਿਨ ਸਰਕਾਰ ਵਲੋਂ ਢਾਹੀ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਬਾਰੇ ਤਫ਼ਸੀਲ ਨਾਲ ਹਾਲ ਦਸੇ। ਇਸ ਮੌਕੇ 'ਤੇ ਮਾਸਟਰ ਮੋਤਾ ਸਿੰਘ ਨੇ ਕਿਹਾ ਕਿ ਜਿੰਨ੍ਹਾਂ ਸਿੰਘਾਂ ਨੇ 2 ਸਿਤੰਬਰ 1920 ਦੀ *ਅਕਾਲੀ ਅਖ਼ਬਾਰ* 'ਚ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਬਣਾਨ ਵਾਸਤੇ 'ਸ਼ਹੀਦੀ ਜਥੇ' 'ਚ ਸ਼ਾਮਿਲ ਹੋਣ ਵਾਸਤੇ ਛਪੀ ਅਪੀਲ ਮਗਰੋਂ ਆਪਣੇ ਨਾਂ ਲਿਖਾਏ ਸਨ, ਉਹ 29 ਨਵੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ ਪੁੱਜ ਜਾਣ। ਜੱਥਾ ਤਖ਼ਤ ਸਾਹਿਬ ਤੋਂ ਪਹਿਲੀ ਦਿਸੰਬਰ 1920 ਦੇ ਦਿਨ ਦਿੱਲੀ ਵਲ ਚਲੇਗਾ ਅਤੇ ਆਪ ਕੰਧ ਬਣਾਏਗਾ। ਇਸ ਐਲਾਨ ਮਗਰੋਂ ਸਰਕਾਰੀ ਹਲਕਿਆਂ ਵਿਚ ਹਲਚਲ ਮਚ ਗਈ। ਇਸ ਹਾਲਤ ਵਿਚ ਨਾਭਾ ਦੇ ਰਾਜਾ ਰਿਪਦੁਮਨ ਸਿੰਘ ਨੇ ਸਰਕਾਰ ਨੂੰ ਸਮਝਾ-ਬੁਝਾ ਕੇ ਦੀਵਾਰ ਬਣਵਾ ਦਿੱਤੀ। ਇੰਵ

5. *ਰੋਜ਼ਾਨਾ ਅਕਾਲੀ*, 18 ਅਕਤੂਬਰ 1920
6. *ਉਹੀ*, 26 ਦਿਸੰਬਰ 1920.

ਇਹ ਮੋਰਚਾ ਬਿਨਾਂ ਕਿਸੇ ਟੱਕਰ ਦੇ ਜਿੱਤਿਆ ਗਿਆ।[7] ਇਸ ਜਿੱਤ ਨੇ ਸਿੱਖਾਂ ਦੇ ਹੌਸਲੇ ਵਿਚ ਹੋਰ ਵਾਧਾ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ

ਅਕਾਲ ਤਖ਼ਤ ਸਾਹਿਬ 'ਤੇ ਪੰਥਕ ਕਬਜ਼ੇ ਮਗਰੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਅਗਲੇ ਦਿਨ ਸਰਬਰਾਹ, ਪੁਜਾਰੀਆਂ ਅਤੇ ਸਿੱਖ ਆਗੂਆਂ ਦੀ ਇਕ ਮੀਟਿੰਗ ਬੁਲਾਈ। 13 ਅਕਤੂਬਰ ਦੇ ਦਿਨ ਹੋਈ ਇਸ ਮੀਟੰਗ ਵਿਚ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੇ ਇੰਤਜ਼ਾਮ ਵਾਸਤੇ ਇਕ ਆਰਜ਼ੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਸੁੰਦਰ ਸਿੰਘ ਰਾਮਗੜ੍ਹੀਆ (ਸਰਬਰਾਹ), ਪ੍ਰੋ: ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਭਾਈ ਦੇਵਾ ਸਿੰਘ, ਬਹਾਦਰ ਸਿੰਘ ਹਕੀਮ, ਜਥੇਦਾਰ ਤੇਜਾ ਸਿੰਘ ਭੁੱਚਰ, ਜਥੇਦਾਰ ਕਰਤਾਰ ਸਿੰਘ ਝੱਬਰ, ਭਾਈ ਚੰਦਾ ਸਿੰਘ ਤੇ ਡਾ. ਗੁਰਬਖ਼ਸ਼ ਸਿੰਘ ਸ਼ਾਮਿਲ ਸਨ।[8] ਇਸ ਮੀਟਿੰਗ ਵਿਚ ਪੁਜਾਰੀ ਸ਼ਾਮਿਲ ਨਹੀਂ ਹੋਏ ਸਨ। ਅਕਾਲ ਤਖ਼ਤ ਸਾਹਿਬ 'ਤੇ ਪੰਥਕ ਕਬਜ਼ੇ ਮਗਰੋਂ ਸਾਰੇ ਪੰਜਾਬ ਤੋਂ ਸਿੱਖ ਆਗੂ ਤਖ਼ਤ ਸਾਹਿਬ 'ਤੇ ਆਉਣ ਲੱਗ ਪਏ। ਇਨ੍ਹਾਂ ਵਿਚ ਮਾਸਟਰ ਮੋਤਾ ਸਿੰਘ, ਅਮਰ ਸਿੰਘ 'ਲਾਇਲ ਗਜ਼ਟ' (ਮਗਰੋਂ 'ਸ਼ੇਰੇ-ਪੰਜਾਬ'), ਬਾਬਾ ਖੜਕ ਸਿੰਘ, ਹਰਚੰਦ ਸਿੰਘ ਤੇ ਸੁੰਦਰ ਸਿੰਘ ਲਾਇਲਪੁਰੀ, ਬਾਬੂ ਤੇਜਾ ਸਿੰਘ ਭਸੌੜ ਤੇ ਹੋਰ ਕਈ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਦਾ ਵਿਚਾਰ ਸੀ ਕਿ ਸਾਰੇ ਗੁਰਦੁਆਰਿਆਂ ਨੂੰ ਪੰਥਕ ਕੰਟਰੋਲ ਵਿਚ ਲਿਆਂਦਾ ਜਾਵੇ। 18 ਅਕਤੂਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਸਿੱਖ ਆਗੂਆਂ ਦੀ ਇਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਇਕ 9 ਮੈਂਬਰੀ ਕਮੇਟੀ ਬਣਾਈ ਗਈ ਤਾਂ ਜੋ "ਇਹ ਕਮੇਟੀ ਸਾਰੇ ਪੰਥ ਨੂੰ 'ਤਖ਼ਤ ਅਕਾਲ ਬੁੰਗੇ' ਸੱਦ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਵੇ" ਤੇ ਉਦੋਂ ਤਕ ਇਹ 9 ਮੈਂਬਰੀ ਕਮੇਟੀ ਪ੍ਰਬੰਧ ਕਰੇ। ਇਸ ਕਮੇਟੀ ਵਿਚ ਹੇਠ ਲਿਖੇ 9 ਸਿੰਘ ਸ਼ਾਮਿਲ ਸਨ: ਸੁੰਦਰ ਸਿੰਘ ਰਾਮਗੜ੍ਹੀਆ (ਸਰਬਰਾਹ), ਬਾਵਾ ਹਰਕਿਸ਼ਨ ਸਿੰਘ, ਭਾਈ ਬਹਾਦਰ ਸਿੰਘ ਅੰਮ੍ਰਿਤਸਰ, ਜਥੇਦਾਰ ਤੇਜਾ ਸਿੰਘ ਭੁੱਚਰ, ਸ: ਸਰਮੁਖ ਸਿੰਘ ਝਬਾਲ, ਜਥੇਦਾਰ ਕਰਤਾਰ ਸਿੰਘ ਝੱਬਰ, ਸ: ਗੁਰਦਿਆਲ ਸਿੰਘ ਨਾਮਧਾਰੀ, ਦੋ ਨੁਮਾਇੰਦੇ ਨਿਹੰਗ ਸਿੰਘਾਂ ਦੇ।

ਜਦੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਨ ਬਾਰੇ ਖ਼ਬਰ ਅਕਾਲੀ ਅਖ਼ਬਾਰ 'ਚ ਛਪੀ ਤਾਂ ਬਹੁਤ ਸਾਰੇ ਸਿੱਖ ਆਗੂਆਂ ਤੇ ਵਿਦਵਾਨਾਂ ਦੇ ਬਿਆਨ ਇਸ ਕਮੇਟੀ (ਜਥੇਬੰਦੀ) ਬਾਰੇ ਆਉਣੇ ਸ਼ੁਰੂ ਹੋ ਗਏ। *ਅਕਾਲੀ* ਅਖ਼ਬਾਰ ਵਿਚ ਪੰਜਾਹ ਦੇ ਕਰੀਬ ਸ਼ਖ਼ਸੀਅਤਾਂ ਨੇ ਇਸ 'ਕਮੇਟੀ' ਬਾਰੇ ਆਪਣੇ ਵਿਚਾਰ ਦਿੱਤੇ। *ਅਕਾਲੀ* ਅਖ਼ਬਾਰ ਵਿਚ ਛਪੇ ਇਨ੍ਹਾਂ ਮਜ਼ਮੂਨਾਂ ਵਿਚੋਂ ਪੰਜ-ਸੱਤ ਅਜਿਹੇ ਸਨ, ਜੋ ਚਾਹੁੰਦੇ ਸਨ ਕਿ 'ਚੀਫ਼ ਖਾਲਸਾ ਦੀਵਾਨ' ਦਾ ਹੀ ਸੁਧਾਰ ਕਰ ਕੇ ਇਸੇ ਨੂੰ ਸਾਰੇ ਗੁਰਦੁਆਰਿਆਂ ਦਾ ਇੰਤਜ਼ਾਮ ਸੌਂਪ ਦਿੱਤਾ ਜਾਏ। ਕੁਝ ਸ਼ਖ਼ਸੀਅਤਾਂ ਨੇ ਚੀਫ਼ ਖਾਲਸਾ ਦੀਵਾਨ ਨੂੰ ਇਕ ਢਿੱਲੜ ਅਤੇ ਸਰਕਾਰ-ਪ੍ਰਸਤ ਗਰੁਪ ਆਖ ਕੇ ਨਕਾਰਿਆ ਤੇ ਕੁਝ ਨੇ ਇਸ ਦੇ ਆਈਨ ਵਿਚਲੇ ਨੁਕਸ (ਮੈਂਬਰੀ ਦੀ ਸ਼ਰਤ, ਚੋਣ, ਬਣਤਰ ਤੇ ਕੁਝ ਹੋਰ ਗੱਲਾਂ ਬਾਰੇ) ਦੂਰ ਕਰ ਕੇ ਇਸ ਨੂੰ ਗੁਰਦੁਆਰਿਆਂ ਦਾ

---

7. *ਰੋਜ਼ਾਨਾ ਅਕਾਲੀ*, 25 ਅਕਤੂਬਰ, 27 ਨਵੰਬਰ ਅਤੇ 9 ਦਿਸੰਬਰ 1920.

8. Dilgeer & Sekhon, *The Sikhs' Struggle for Sovereignty*, p. 59.

ਇੰਤਜ਼ਾਮ ਸੌਂਪਣ ਦੀ ਹਿਮਾਇਤ ਕੀਤੀ। ਪਰ ਬਹੁਤੇ ਸਿੱਖ ਇਸ ਗੱਲ ਦੇ ਹੱਕ ਵਿਚ ਸਨ ਕਿ ਇਕ ਨਵੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਬਣਾਈ ਜਾਵੇ, ਜਿਸ ਵਿਚ ਹਰ ਇਲਾਕੇ ਦੇ, ਹਰ ਜਥੇ ਦੇ, ਹਰ ਪੱਖ ਦੇ ਸਿੱਖ ਸ਼ਾਮਿਲ ਕੀਤੇ ਜਾਣ।[9] ਇਸ ਗੱਲ ਨੂੰ ਮੱਦੇ-ਨਜ਼ਰ ਰਖਦਿਆਂ ਡਾ. ਗੁਰਬਖ਼ਸ਼ ਸਿੰਘ (ਜੋ ਡਿਪਟੀ ਕਮਿਸ਼ਨਰ ਦੀ ਕੋਠੀ 'ਤੇ 13 ਅਕਤੂਬਰ 1920 ਦੇ ਦਿਨ ਬਣਾਈ ਗਈ 9 ਮੈਂਬਰੀ ਆਰਜ਼ੀ ਕਮੇਟੀ ਦੇ ਮੈਂਬਰ ਸਨ) ਨੇ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰ ਕੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਚੁਣਨ ਵਾਸਤੇ ਸੰਗਤਾਂ ਨੂੰ 15 ਨਵੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ ਪਹੁੰਚਣ ਵਾਸਤੇ ਆਖਿਆ। ਹੁਕਮਨਾਮਾ ਇੰਞ ਸੀ:

ਹੁਕਮਨਾਮਾ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਸੰਮੂਹ ਖਾਲਸਾ ਜੀ ਪ੍ਰਤੀ ਵਿਦਤ ਹੋਵੇ ਕਿ 1 ਮੱਘਰ 1977, ਸੰਮਤ ਨਾਨਕਸ਼ਾਹੀ 451, ਮੁਤਾਬਿਕ 15 ਨਵੰਬਰ 1920 ਨੂੰ ਦਿਨ ਦੇ ਨੌਂ ਵਜੇ ਇਕ ਮਹਾਨ ਪੰਥਕ ਇਕੱਠ ਅਕਾਲ ਤਖ਼ਤ ਸਾਹਿਬ ਸਾਹਮਣੇ ਹੋਵੇਗਾ, ਜਿਸ ਵਿਚ ਦਰਬਾਰ ਸਾਹਿਬ ਅਤੇ ਸਮੂੰਹ ਗੁਰਦੁਆਰਿਆਂ ਦੇ ਪ੍ਰਬੰਧ ਲਈ ਦੀਰਘ ਵਿਚਾਰ ਕਰ ਕੇ ਇਕ ਪ੍ਰਤੀਨਿਧ ਪੰਥਕ ਕਮੇਟੀ ਚੁਣੀ ਜਾਵੇਗੀ, ਜਿਸ ਲਈ ਸਰਬਤ ਗੁਰ ਤਖ਼ਤਾਂ, ਗੁਰਦੁਆਰਿਆਂ, ਖਾਲਸਾ ਜਥਿਆਂ, ਸਿੱਖ ਪਲਟਨਾਂ, ਰਿਆਸਤੀ ਸਿੱਖ ਫ਼ੌਜਾਂ ਆਪਣੇ, ਹੇਠ ਲਿਖੀਆਂ ਧਾਰਨਾਂ ਵਾਲੇ, ਸਿੰਘ, ਹੇਠ ਲਿਖੀ ਵਿਊਂਤ ਮੁਤਾਬਿਕ ਚੁਣ ਕੇ ਭੇਜਣ:

ਪ੍ਰਤੀਨਿਧ ਦੀ ਧਾਰਨਾ—1. ਅੰਮ੍ਰਿਤਧਾਰੀ ਹੋਵੇ, 2. ਪੰਜ ਬਾਣੀਆਂ ਦਾ ਨੇਮੀ ਹੋਵੇ, 3. ਪੰਜ ਕਕਾਰ ਦਾ ਰਹਿਤਵਾਨ ਹੋਵੇ, 4. ਅੰਮ੍ਰਿਤ ਵੇਲੇ (ਪਹਿਰ ਰਾਤ) ਉਠਣ ਵਾਲਾ ਹੋਵੇ, 5. ਦਸਵੰਧ ਦੇਣ ਵਾਲਾ ਹੋਵੇ।

ਪ੍ਰਤੀਨਿਧਾਂ ਦੀ ਚੋਣ ਦੀ ਵਿਊਂਤ—1. ਤਖ਼ਤਾਂ ਵਲੋਂ ਪੰਜ-ਪੰਜ (*ਨੋਟ:* ਇਸ ਵੇਲੇ ਤਕ ਗ਼ਲਤੀ ਨਾਲ ਇਕ ਦੀ ਥਾਂ ਚਾਰ ਤਖ਼ਤ ਮੰਨੇ ਜਾਣ ਲੱਗ ਪਏ ਸਨ), 2. ਗੁਰਦੁਆਰਿਆਂ ਵਲੋਂ ਇਕ-ਇਕ, 3. ਖਾਲਸਾ ਜਥਿਆਂ ਵਲੋਂ ਸੌ ਪਿੱਛੇ ਪੰਜ ਦੇ ਹਿਸਾਬ, 4. ਸਕੂਲ ਕਾਲਜਾਂ ਵਲੋਂ ਛੇ, ਪ੍ਰਬੰਧਕ ਕਮੇਟੀਆਂ ਵਿਚੋਂ ਛੇ, ਅਧਿਆਪਕਾਂ ਵਿਚੋਂ ਅੱਠ ਤੇ ਵਿਦਿਆਰਥੀਆਂ ਵਿਚੋਂ ਸੱਤ, 5. ਸਿੱਖ ਰਿਆਸਤਾਂ ਵਲੋਂ ਪੰਜ-ਪੰਜ, 6. ਸਿੱਖ ਰਸਾਲਿਆਂ ਵਿਚੋਂ ਦੋ-ਦੋ, 7. ਸਿੱਖ ਪਲਟਨਾਂ ਵਿਚੋਂ ਦੋ-ਦੋ, 8. ਪੂਰੀ ਸਿੱਖ ਪਲਟਨ ਵਲੋਂ ਪੰਜ-ਪੰਜ, 9. ਪੂਰੇ ਸਿੱਖ ਰਿਸਾਲੇ ਵਲੋਂ ਪੰਜ-ਪੰਜ, 10. ਨਿਹੰਗ ਸਿੱਖਾਂ ਦੇ ਜਥਿਆਂ ਵਲੋਂ ਸੌ ਪਿੱਛੇ ਪੰਜ।

ਉਪਰੋਕਤ ਕਮੇਟੀ ਦਾ ਫ਼ੈਸਲਾ ਸਮੂਹ ਸਿੱਖ ਸੰਗਤ ਵਿਚ ਸੁਣਾਇਆ ਜਾਵੇਗਾ, ਜਿਸ ਵਿਚ ਗੁਰੂ ਘਰ ਦੇ ਸਰਬਤ ਸ਼ਰਧਾਲੂ ਸ਼ਾਮਿਲ ਹੋ ਸਕਦੇ ਹਨ। ਸੋ, ਸਾਰੇ ਪ੍ਰੇਮੀ ਕਿਰਪਾ ਕਰ ਕੇ ਦਰਸ਼ਨ ਦੇਣ।

ਨੋਟ: ਇਸ ਦੀਵਾਨ ਸਬੰਧੀ ਲਿਖਤ ਪੜ੍ਹਤ ਪ੍ਰਾਰਥਕ ਸੇਵਕ ਨਾਲ ਕੀਤੀ ਜਾਵੇ। ਇਹ ਇਸ਼ਤਿਹਾਰ ਜਿੱਥੇ-ਜਿੱਥੇ ਗੁਰੂ ਖਾਲਸਾ ਟਾਪੂਆਂ ਆਦਿਕ ਤਕ ਪਹੁੰਚਾਣ ਦਾ ਜਤਨ ਕੀਤਾ ਹੈ। ਹਰ ਇਕ ਸ਼ਾਮਿਲ ਹੋਣ ਵਾਲੇ ਪ੍ਰਤੀਨਿਧ ਪਾਸ ਆਪਣੇ-ਆਪਣੇ ਜਥੇਦਾਰ ਤੋਂ ਸਰਟੀਫ਼ਿਕੇਟ ਹੋਣਾ ਚਾਹੀਦਾ ਹੈ।

ਪ੍ਰਾਰਥਕ—
ਡਾਕਟਰ ਗੁਰਬਖ਼ਸ਼ ਸਿੰਘ
ਸੇਵਕ, ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ[10]

---

9. ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਸਫ਼ੇ 331-400 ਅਤੇ *ਰੋਜ਼ਾਨਾ ਅਕਾਲੀ*, 15 ਜੁਲਾਈ 1920 ਤੋਂ 27 ਦਿਸੰਬਰ 1920 ਤਕ ਦੀਆਂ ਫ਼ਾਈਲਾਂ।
10. *ਰੋਜ਼ਾਨਾ ਅਕਾਲੀ*, 4 ਨਵੰਬਰ 1920; ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?*, ਸਫ਼ੇ 17, 240-41.

(ਉਂਞ ਡਾਕਟਰ ਗੁਰਬਖ਼ਸ਼ ਸਿੰਘ ਨੇ ਜਾਂ ਤਾਂ ਅੰਮ੍ਰਿਤਧਾਰੀ ਹੋਣ ਮਗਰੋਂ ਕੋਈ ਬਜਰ ਕੁਰਹਿਤ ਕੀਤੀ ਸੀ ਤੇ ਜਾਂ ਬੇ-ਅੰਮ੍ਰਿਤੀਏ ਸਨ, ਕਿਉਂਕਿ ਉਨ੍ਹਾਂ ਮਗਰੋਂ, 13 ਦਿਸੰਬਰ 1920 ਦੇ ਦਿਨ, ਅੰਮ੍ਰਿਤ ਛਕਿਆ ਸੀ)।

ਇਸ ਇਕੱਠ ਤੋਂ 8 ਦਿਨ ਪਹਿਲਾਂ 7 ਨਵੰਬਰ ਨੂੰ ਲਹਿਰ ਦੇ ਮੁਖੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ ਤੇ 'ਕਮੇਟੀ' ਬਣਾਉਣ ਬਾਰੇ ਤਿਆਰੀ ਸਬੰਧੀ ਵਿਚਾਰ ਕੀਤੀ। ਇਨ੍ਹੀਂ ਦਿਨੀਂ ਹੀ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਨਿਹੰਗਾਂ ਦੇ ਇਕ ਟੋਲੇ ਨੂੰ ਉਕਸਾ ਕੇ ਉਨ੍ਹਾਂ ਦਾ ਕਬਜ਼ਾ ਅਕਾਲ ਤਖ਼ਤ ਸਾਹਿਬ 'ਤੇ ਕਰਵਾਉਣ ਦੀ ਕੋਸ਼ਿਸ਼ ਕੀਤੀ। ਬਾਬਾ ਕਿਹਰ ਸਿੰਘ ਪੱਟੀ ਵਾਲਿਆਂ ਨੇ ਉਨ੍ਹਾਂ ਨਿਹੰਗਾਂ ਨੂੰ ਸਮਝਾ ਕੇ ਇਹ ਮਸਲਾ ਹੱਲ ਕਰ ਲਿਆ। ਇਸ ਮਗਰੋਂ 10 ਨਵੰਬਰ ਦੇ ਦਿਨ ਇਕ ਵਾਰ ਫੇਰ ਨਿਹੰਗਾਂ ਦੇ ਇਕ ਹੋਰ ਟੋਲੇ ਨੂੰ ਵੀ ਪੁਜਾਰੀਆਂ ਨੇ ਉਕਸਾਇਆ। ਉਹ ਦਿਨ ਹਿੰਦੂ-ਦੀਵਾਲੀ ਦਾ ਦਿਨ ਹੋਣ ਕਰ ਕੇ ਕਾਫ਼ੀ ਸੰਗਤ ਪਹੁੰਚੀ ਹੋਈ ਸੀ। ਉਨ੍ਹਾਂ ਨੇ ਇਨ੍ਹਾਂ ਨਿਹੰਗਾਂ ਨੂੰ 'ਚਾਹਟਾ ਛਕਾ ਕੇ' ਉੱਥੋਂ ਭਜਾ ਦਿੱਤਾ। ਇਸ ਮਗਰੋਂ ਨਿਹੰਗਾਂ ਦੇ ਕਿਸੇ ਹੋਰ ਟੋਲੇ ਨੇ ਅਕਾਲ ਤਖ਼ਤ ਸਾਹਿਬ ਵੱਲ ਮੂੰਹ ਕਰਨ ਦੀ ਕੋਸ਼ਿਸ਼ ਨਾ ਕੀਤੀ।

ਪੰਦਰਾਂ ਨਵੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਬੁਲਾਏ ਇਕੱਠ ਵਲੋਂ ਗੁਰਦੁਆਰਾ ਕਮੇਟੀ ਚੁਣੀ ਜਾਣੀ ਸੀ। ਸਰਕਾਰ, ਚੀਫ਼ ਖਾਲਸਾ ਦੀਵਾਨ ਤੇ ਕੁਝ ਇਕ ਸਿੱਖ ਰਾਜਿਆਂ ਨੂੰ ਇਹ ਗਵਾਰਾ ਨਹੀਂ ਸੀ ਕਿ ਆਮ ਸਿੱਖ ਸੰਗਤਾਂ ਦੇ ਹੱਥ ਗੁਰਦੁਆਰਿਆਂ ਦੀ ਸੇਵਾ-ਸੰਭਾਲ ਚਲੀ ਜਾਵੇ। ਉਹ ਕਿਸੇ ਨਾ ਕਿਸੇ ਤਰੀਕੇ ਨਾਲ ਗੁਰਦੁਆਰਿਆਂ 'ਤੇ ਆਪਣਾ ਕਬਜ਼ਾ ਕਾਇਮ ਰਖਣਾ ਚਾਹੁੰਦੇ ਸਨ।[11] ਇਸ ਕਰ ਕੇ ਸਰਕਾਰ ਦੇ ਬੁਲਾਵੇ 'ਤੇ ਜਾਂ ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਜਾਂ ਚੀਫ਼ ਖਾਲਸਾ ਦੀਵਾਨ ਦੀਆਂ ਜਾਂ ਇਨ੍ਹਾਂ ਦੀਆਂ ਮਿਲੀਆਂ-ਜੁਲੀਆਂ ਕੋਸ਼ਿਸ਼ਾਂ ਹੇਠ, ਰਾਜਾ ਭੂਪਿੰਦਰਾ ਸਿੰਘ ਤੇ 12 ਹੋਰ ਸਰਕਾਰੀ ਪਿੱਠੂ 13 ਨਵੰਬਰ ਦੇ ਦਿਨ ਪੰਜਾਬ ਦੇ ਗਵਰਨਰ ਨੂੰ ਮਿਲੇ। ਇਹ ਸਨ : ਸੁੰਦਰ ਸਿੰਘ ਮਜੀਠੀਆ, ਨਿਹਾਲ ਸਿੰਘ ਪਟਿਆਲਾ, ਬਚਿੱਤਰ ਸਿੰਘ ਪਟਿਆਲਾ, ਰਘਬੀਰ ਸਿੰਘ ਸੰਧਾਵਾਲੀਆ, ਸੋਹਣ ਸਿੰਘ ਰਾਵਲਪਿੰਡੀ, ਭਾਈ ਤਖ਼ਤ ਸਿੰਘ ਫ਼ਿਰੋਜ਼ਪੁਰ, ਸੁੰਦਰ ਸਿੰਘ ਰਾਮਗੜ੍ਹੀਆ (ਸਰਬਰਾਹ), ਫ਼ਤਹਿ ਸਿੰਘ ਗ੍ਰੰਥੀ, ਸ਼ਿਵਦੇਵ ਸਿੰਘ ਸਿਆਲਕੋਟ, ਮਿਹਰ ਸਿੰਘ ਲਾਹੌਰ, ਮਾਨ ਸਿੰਘ ਅੰਬਾਲਾ, ਜੋਧ ਸਿੰਘ। ਇਸ ਮੀਟਿੰਗ ਵਿਚ ਗਵਰਨਰ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵਾਸਤੇ ਇਕ 36-ਮੈਂਬਰੀ ਕਮੇਟੀ ਬਣਾ ਦਿੱਤੀ। ਇਹ 36 ਸਨ : ਰਾਜਾ ਭੂਪਿੰਦਰ ਸਿੰਘ, ਨਿਹਾਲ ਸਿੰਘ ਜੱਜ (ਪਟਿਆਲਾ), ਬਚਿਤਰ ਸਿੰਘ ਜੱਜ (ਜੀਂਦ), ਬਿਅੰਤ ਸਿੰਘ ਜੱਜ (ਨਾਭਾ), ਪੂਰਨ ਸਿੰਘ (ਕਪੂਰਥਲਾ), ਇੰਦਰ ਸਿੰਘ (ਫ਼ਰੀਦਕੋਟ), ਭਾਗ ਸਿੰਘ (ਕਲਸੀਆ), ਫ਼ਤਹਿ ਸਿੰਘ ਗ੍ਰੰਥੀ, ਟਿੱਕਾ ਰਾਮ ਨਾਰਾਇਣ ਸਿੰਘ (ਅਨੰਦਪੁਰ ਸਾਹਿਬ), ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਬਘੇਲ ਸਿੰਘ ਭਾਟੀਆ, ਬਖ਼ਤਾਵਰ ਸਿੰਘ (ਕਾਲਗੜ੍ਹ), ਸੁੰਦਰ ਸਿੰਘ ਰਾਮਗੜ੍ਹੀਆ, ਤੀਰਥ ਸਿੰਘ (ਘਰਜਾਖ), ਬਾਬਾ ਕੇਹਰ ਸਿੰਘ (ਪੱਟੀ), ਗੁਰਬਖ਼ਸ਼ ਸਿੰਘ (ਪਟਿਆਲਾ), ਭਾਈ ਤਖ਼ਤ ਸਿੰਘ (ਫ਼ਿਰੋਜ਼ਪੁਰ), ਕੈਪਟਨ ਰਾਮ ਸਿੰਘ (ਲੁਧਿਆਣਾ), ਬਹਾਦਰ ਸਿੰਘ (ਘਵਿੰਡ), ਭਾਈ

11. Dilgeer & Sekhon, *The Sikhs' Struggle for Sovereignty*, pp. 59-60.

ਜੋਧ ਸਿੰਘ, ਸ਼ਿਵਦੇਵ ਸਿੰਘ (ਸਿਆਲਕੋਟ), ਮੇਹਰ ਸਿੰਘ (ਲਾਹੌਰ), ਗੁਰਬਖ਼ਸ਼ ਸਿੰਘ (ਅੰਮ੍ਰਿਤਸਰ), ਰਾਜਾ ਸਿੰਘ (ਪਿਸ਼ਾਵਰ), ਮਾਨ ਸਿੰਘ (ਅੰਬਾਲਾ), ਉੱਜਲ ਸਿੰਘ, ਦੀਦਾਰ ਸਿੰਘ (ਅੰਮ੍ਰਿਤਸਰ), ਹਰਚੰਦ ਸਿੰਘ (ਲਾਇਲਪੁਰ), ਤੇਜਾ ਸਿੰਘ (ਬੁਰਜ) ਤੇ ਦੋ ਨੁਮਾਇੰਦੇ ਨਿਹੰਗ ਸਿੰਘਾਂ ਦੇ।[12] ਸ: ਹਰਬੰਸ ਸਿੰਘ ਅਟਾਰੀ ਇਸ ਦਾ ਪ੍ਰਧਾਨ ਹੋਣਾ ਸੀ। ਇਸ ਕਮੇਟੀ ਵਿਚਲੇ 4-5 ਸ਼ਖ਼ਸ ਛੱਡ ਕੇ ਬਾਕੀ ਸਾਰੇ ਸਰਕਾਰ-ਪ੍ਰਸਤ ਅਤੇ ਰਾਜਿਆਂ ਜਾਂ ਚੀਫ਼ ਖਾਲਸਾ ਦੀਵਾਨ ਦੇ ਖ਼ੈਰ-ਖ਼੍ਵਾਹ ਸਨ। ਇਹ 4-5 ਵੀ ਦਿਖਾਵੇ ਅਤੇ ਖ਼ਾਨਾ-ਪੂਰਤੀ ਵਾਸਤੇ ਮੈਂਬਰ ਬਣਾਏ ਗਏ ਸਨ।

ਅਕਾਲ ਤਖ਼ਤ ਸਾਹਿਬ 'ਤੇ ਬੁਲਾਏ ਇਕੱਠ ਤੋਂ 2 ਦਿਨ ਪਹਿਲਾਂ ਇਹ 36 ਮੈਂਬਰੀ ਕਮੇਟੀ ਬਣਾਨ ਦੇ ਸਰਕਾਰੀ ਐਲਾਨ ਦਾ ਸਾਫ਼ ਮਤਲਬ ਇਹੀ ਸੀ ਕਿ ਗੁਰਦੁਆਰਾ ਪ੍ਰਬੰਧ ਸਰਕਾਰ ਦੇ ਜਾਂ ਇਸ ਦੇ ਖ਼ੈਰ-ਖ਼੍ਵਾਹਾਂ ਦੇ ਹੱਥਾਂ ਵਿਚ ਰਹੇ ਤੇ 15 ਨਵੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਹੋਇਆ ਇਕੱਠ ਨਾ ਹੋ ਸਕੇ ਜਾਂ ਘਟੋ-ਘੱਟ ਉਸ 'ਚ ਆਮ ਸਿੱਖ ਸੰਗਤਾਂ ਵਿਚੋਂ ਕਮੇਟੀ ਨਾ ਚੁਣੀ ਜਾ ਸਕੇ। ਪਰ 15 ਨਵੰਬਰ ਦੇ ਦਿਨ 10,000 ਤੋਂ ਵਧ ਸਿੱਖ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਇਕੱਠੇ ਹੋਏ। ਇਸ ਮੌਕੇ 'ਤੇ ਤਕਰੀਬਨ ਡੇਢ ਸੌ ਮੈਂਬਰਾਂ ਦੀ ਇਕ ਕਮੇਟੀ ਚੁਣੀ ਗਈ। ਇਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਗਿਆ। ਸਰਕਾਰ ਨਾਲ ਟਕਰਾਅ ਰੋਕਣ ਵਾਸਤੇ ਸੂਝਵਾਨ ਆਗੂਆਂ ਨੇ ਸਰਕਾਰ ਵਲੋਂ ਨਾਮਜ਼ਦ 36-ਮੈਂਬਰੀ ਕਮੇਟੀ ਦੇ ਮੈਂਬਰ ਵੀ ਇਨ੍ਹਾਂ ਵਿਚ ਸ਼ਾਮਿਲ ਕਰ ਲਏ ਗਏ। ਕਿਉਂਕਿ ਕੁਝ ਨਾਂ ਦੋਹਾਂ ਕਮੇਟੀਆਂ ਵਿਚ ਸਾਂਝੇ ਸਨ, ਇਸ ਕਰ ਕੇ ਕੁਲ ਮਿਲਾ ਕੇ 175 ਮੈਂਬਰਾਂ ਦੀ ਕਮੇਟੀ ਬਣਾ ਲਈ ਗਈ।

ਅਗਲੇ ਦਿਨ 16 ਨਵੰਬਰ ਨੂੰ ਇਨ੍ਹਾਂ 175 ਮੈਂਬਰਾਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਮੈਂਬਰਾਂ ਦੀ ਸੁਧਾਈ ਵਾਸਤੇ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਬੁਲਾਈ ਗਈ। ਇਸ ਮੌਕੇ 'ਤੇ 'ਪੰਜ ਪਿਆਰੇ' ਚੁਣੇ ਗਏ, ਜੋ ਮੈਂਬਰਾਂ ਦੇ ਅੰਮ੍ਰਿਤਧਾਰੀ ਹੋਣ ਅਤੇ ਉਨ੍ਹਾਂ ਦੇ ਗੁਰਸਿੱਖੀ ਜੀਵਨ ਦੀ ਪੜਤਾਲ ਕਰਨ। **ਇਨ੍ਹਾਂ ਪੰਜਾਂ ਵਿਚ ਇਕ ਭਾਈ ਤੇਜਾ ਸਿੰਘ ਮਸਤੂਆਣਾ ਵੀ ਸਨ। ਉਨ੍ਹਾਂ ਬਾਰੇ ਇਹ ਇਤਰਾਜ਼ ਕੀਤਾ ਗਿਆ ਕਿ ਉਹ 'ਸੰਤ' ਵੀ ਅਖਵਾਂਦੇ ਹਨ ਤੇ ਮੱਥਾ ਵੀ ਟਿਕਵਾਂਦੇ ਹਨ। ਇਸ 'ਤੇ ਉਨ੍ਹਾਂ ਐਲਾਨ ਕੀਤਾ ਕਿ ਉਹ ਅੱਗੇ ਤੋਂ ਨਾ ਤਾਂ 'ਸੰਤ' ਅਖਵਾਉਣਗੇ ਤੇ ਨਾ ਹੀ ਮੱਥਾ ਟਿਕਵਾਉਣਗੇ।**[13] ਇਸ ਮਗਰੋਂ 61 ਮੈਂਬਰਾਂ ਦੀ ਸੁਧਾਈ ਹੋਈ। ਇਕ ਹੋਰ ਦਿਨ ਸੁਧਾਈ ਕਰਨ ਮਗਰੋਂ ਪ੍ਰਧਾਨ ਦੀ ਚੋਣ 12 ਦਿਸੰਬਰ 1920 ਦੇ ਦਿਨ ਕਰਨ ਦਾ ਫ਼ੈਸਲਾ ਕੀਤਾ ਗਿਆ।

ਪ੍ਰਧਾਨਗੀ ਚੋਣ ਤੋਂ ਪਹਿਲਾਂ ਸੁੰਦਰ ਸਿੰਘ ਮਜੀਠਾ ਅਤੇ ਹਰਬੰਸ ਸਿੰਘ ਅਟਾਰੀ ਨੇ ਪ੍ਰਧਾਨ ਬਣਨ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਹਰਬੰਸ ਸਿੰਘ ਅਟਾਰੀ ਨੇ ਪੂਰੇ ਪੰਜ ਕਕਾਰ ਵੀ ਨਹੀਂ ਸਨ ਪਹਿਣੇ ਹੋਏ ਪਰ ਉਹ ਪ੍ਰਧਾਨਗੀ ਦਾ ਸਭ ਤੋਂ ਵੱਡਾ ਉਮੀਦਵਾਰ ਸੀ। ਦੂਜੇ ਪਾਸੇ ਸੁੰਦਰ ਸਿੰਘ ਮਜੀਠੀਆ ਨੇ ਇਹ ਪ੍ਰਚਾਰ ਸ਼ੁਰੂ ਕੀਤਾ ਕਿ ਜੇ ਮੈਨੂੰ ਪ੍ਰਧਾਨ ਚੁਣ ਲਓਗੇ ਤਾਂ ਇਕ ਮਹੀਨੇ ਮਗਰੋਂ ਮੈਂ ਗਵਰਨਰ ਦੀ ਐਗਜ਼ੈਕਟਿਵ

12. *ਖਾਲਸਾ ਸਮਾਚਾਰ*, 26 ਨਵੰਬਰ 1920 ਅਤੇ ਰਾਮ ਸਿੰਘ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ* (ਹਿੱਸਾ ਪਹਿਲਾ), ਸਫ਼ਾ 217-18.

13. *ਹਫ਼ਤਾਵਾਰ ਪੰਚ*, 8 ਦਿਸੰਬਰ 1920.

ਕੌਂਸਲ ਦਾ ਮੈਂਬਰ ਬਣ ਜਾਵਾਂਗਾ ਤੇ ਤੁਸੀਂ ਨਵਾਂ ਪ੍ਰਧਾਨ ਚੁਣ ਲੈਣਾ। ਇਸ 'ਤੇ ਮਜੀਠਾ ਪ੍ਰਧਾਨ, ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ, ਸੁੰਦਰ ਸਿੰਘ ਰਾਮਗੜ੍ਹੀਆ ਸੇਵਕ (ਸਕੱਤਰ) ਅਤੇ ਬਾਵਾ ਹਰਕਿਸ਼ਨ ਸਿੰਘ ਮੀਤ ਸੇਵਕ ਚੁਣੇ ਗਏ। ਨੇਮ ਤਿਆਰ ਕਰਨ ਵਾਸਤੇ 11-ਮੈਂਬਰੀ ਕਮੇਟੀ ਚੁਣੀ ਗਈ। ਇਨ੍ਹਾਂ ਵਿਚ ਉਪਰਲੇ ਚੌਹਾਂ ਤੋਂ ਇਲਾਵਾ ਹੇਠ ਲਿਖੇ 7 ਮੈਂਬਰ ਵੀ ਸ਼ਾਮਿਲ ਸਨ: ਪ੍ਰੋ: ਜੋਧ ਸਿੰਘ, ਤੇਜਾ ਸਿੰਘ ਭੁੱਚਰ, ਬੂਟਾ ਸਿੰਘ ਵਕੀਲ, ਪ੍ਰੋ: ਹਰਬੰਸ ਸਿੰਘ, ਚਰਨ ਸਿੰਘ, ਅਮਰ ਸਿੰਘ (ਲਾਇਲ ਗ਼ਜ਼ਟ), ਕੇਹਰ ਸਿੰਘ ਪੱਟੀ।

13 ਦਿਸੰਬਰ 1920 ਦੇ ਦਿਨ ਇਸ ਸ਼੍ਰੋਮਣੀ ਕਮੇਟੀ ਦੇ ਹੇਠ ਲਿਖੇ ਮੈਂਬਰਾਂ ਨੇ ਅੰਮ੍ਰਿਤ ਛਕਿਆ: ਸੁੰਦਰ ਸਿੰਘ ਰਾਮਗੜ੍ਹੀਆ, ਭਾਗ ਸਿੰਘ (ਕਲਸੀਆ), ਦਾਨ ਸਿੰਘ (ਵਛੋਆ), ਬੂਟਾ ਸਿੰਘ (ਸ਼ੇਖ਼ੂਪੁਰਾ), ਕੈਪਟਨ ਰਾਮ ਸਿੰਘ (ਲੁਧਿਆਣਾ), ਕੈਪਟਨ ਬਹਾਦਰ ਸਿੰਘ, ਡਾ. ਗੁਰਬਖ਼ਸ਼ ਸਿੰਘ, ਬੂਟਾ ਸਿੰਘ (ਚੱਕ 204), ਸੂਰਤ ਸਿੰਘ (ਦਿੱਲੀ), ਬਿਸ਼ਨ ਸਿੰਘ (ਕਪੂਰਥਲਾ), ਸੇਵਾ ਸਿੰਘ, ਗੰਗਾ ਸਿੰਘ, ਸਾਧੂ ਸਿੰਘ, ਹਿੰਮਤ ਸਿੰਘ। ਇਸ ਤੋਂ ਪਤਾ ਲਗਦਾ ਹੈ ਕਿ ਪਹਿਲੀ ਸ਼੍ਰੋਮਣੀ ਕਮੇਟੀ 'ਚ ਮੈਂਬਰ ਬਣਨ ਵੇਲੇ ਕਈ 'ਸੀਨੀਅਰ' ਮੈਂਬਰ ਸਣੇ ਪ੍ਰਧਾਨ, ਮੀਤ ਪ੍ਰਧਾਨ ਅਤੇ ਸਕੱਤਰ 'ਅੰਮ੍ਰਿਤਧਾਰੀ' ਵੀ ਨਹੀਂ ਸਨ। ਇਨ੍ਹਾਂ 'ਬੇਅੰਮ੍ਰਿਤੀਆਂ' ਵਿਚ ਡਾ. ਗੁਰਬਖ਼ਸ਼ ਸਿੰਘ ਵੀ ਸਨ, ਜਿਨ੍ਹਾਂ ਨੇ 15 ਨਵੰਬਰ 1920 ਦਾ ਇਕੱਠ ਸਦਣ ਵਾਸਤੇ, ਅਕਾਲ ਤਖ਼ਤ ਸਾਹਿਬ ਦੇ ਸੇਵਕ (ਸਕੱਤਰ) ਵਜੋਂ, ਹੁਕਮਨਾਮਾ ਜਾਰੀ ਕੀਤਾ ਸੀ।[14] ਇਸ ਮਗਰੋਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣਨ ਤੋਂ ਪਹਿਲਾਂ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਗਈ।

ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ

ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ੇ (12 ਅਕਤੂਬਰ 1920) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ (15 ਨਵੰਬਰ 1920) ਤੋਂ ਕੁਝ ਦਿਨ ਬਾਅਦ ਖ਼ਬਰ ਆਈ ਕਿ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿੰਘ ਮਰ ਗਿਆ ਹੈ। ਇਸ 'ਤੇ ਜਥੇਦਾਰ ਕਰਤਾਰ ਸਿੰਘ ਝੱਬਰ ਜਥਾ ਲੈ ਕੇ ਪੰਜਾ ਸਾਹਿਬ ਚਲੇ ਗਏ ਤੇ ਉੱਥੇ ਕਬਜ਼ਾ ਕਰ ਲਿਆ। ਇਸ 'ਤੇ ਮਰੇ ਮਹੰਤ ਦੇ ਭਰਾ ਨੇ, ਮੁਕਾਮੀ ਹਿੰਦੂ-ਮੁਸਲਮਾਨਾਂ ਨੂੰ ਗ਼ਲਤ ਬਿਆਨੀ ਕਰ ਕੇ ਤੇ ਭੜਕਾ ਕੇ, ਸਿੰਘਾਂ 'ਤੇ ਹਮਲਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਜਥੇਦਾਰ ਝੱਬਰ ਦੇ ਸਮਝਾਉਣ 'ਤੇ ਕਾਜ਼ੀ ਮੁਜ਼ੱਫ਼ਰਦੀਨ ਅਤੇ ਮਿਰਜ਼ਾ ਕੁਤਬਦੀਨ ਪਲੀਡਰ ਨੇ ਮੁਸਲਮਾਨਾਂ ਨੂੰ ਇਸ ਮਾਮਲੇ 'ਚੋਂ ਹਟਾ ਲਿਆ। ਇਸ ਮਗਰੋਂ ਮਹੰਤ ਦੀ ਵਿਧਵਾ ਹਿੰਦੂ ਜ਼ਨਾਨੀਆਂ ਲੈ ਕੇ ਆ ਗਈ। ਜ਼ਨਾਨੀਆਂ ਵਲੋਂ ਧੱਕਾ ਕਰਨ ਦੇ ਬਾਵਜੂਦ ਸਿੰਘ ਸ਼ਾਂਤ ਰਹੇ। ਇਸ 'ਤੇ ਜਥੇਦਾਰ ਝੱਬਰ ਨੇ ਰੋਜ਼ਾਨਾ *ਅਕਾਲੀ* ਤੇ *ਪੰਚ* ਅਖ਼ਬਾਰਾਂ ਵਿਚ ਅਪੀਲ ਛਪਵਾਈ ਕਿ ਗੁਰਦੁਆਰਾ ਸੁਧਾਰ ਵਾਸਤੇ **'ਅਕਾਲੀ ਫ਼ੌਜ'** ਬਣਾਈ ਜਾਏ, ਜਿਸ ਵਿਚ ਸਿੰਘਣੀਆਂ ਵੀ ਸ਼ਾਮਿਲ ਹੋਣ। ਇਹੋ ਜਿਹੀ ਇਕ ਹੋਰ ਅਪੀਲ ਵੀ *ਪੰਚ* ਅਖ਼ਬਾਰ ਵਿਚ ਛਪੀ ਸੀ ਜਿਸ ਤੋਂ ਇਹ ਜਾਪਦਾ ਹੈ ਕਿ ਗੁਰਦੁਆਰਿਆਂ ਦਾ ਕਬਜ਼ਾ ਲੈਣ ਵਾਸਤੇ ਅਕਾਲੀ ਦਲ ਬਣਾਉਣ ਦੀ ਤਜਵੀਜ਼ ਮਾਸਟਰ ਮੋਤਾ ਸਿੰਘ ਦੀ ਸੀ। ਇਹ ਅਪੀਲ ਇੰਞ ਸੀ:

---

14. *ਰੋਜ਼ਾਨਾ ਅਕਾਲੀ*, 26 ਦਿਸੰਬਰ 1920.

"175 ਮੈਂਬਰ ਬਣਨ ਤੋਂ ਬਾਅਦ ਮਾਸਟਰ ਮੋਤਾ ਸਿੰਘ ਨੇ ਇਹ ਤਜਵੀਜ਼ ਪੇਸ਼ ਕੀਤੀ ਹੈ ਕਿ ਕਮੇਟੀ ਦੇ ਨਾਲ ਇਕ **ਗੁਰਦੁਆਰਾ ਸੇਵਕ ਦਲ** ਬਣਾਇਆ ਜਾਵੇ, ਜਿਹੜਾ ਮਹੰਤਾਂ ਤੋਂ ਇੰਤਜ਼ਾਮ ਲਵੇ। ਇਹ ਕੁਲ 500 ਸਿੰਘ ਹੋਣ। ਇਨ੍ਹਾਂ ਵਿਚੋਂ 100 ਤਿਆਰ-ਬਰ-ਤਿਆਰ ਤਨਖ਼ਾਹਦਾਰ ਹੋਣ ਤੇ 400 ਰੀਜ਼ਰਵ ਹੋਣ, ਬਗ਼ੈਰ ਤਨਖ਼ਾਹ ਤੋਂ। ਜਿੱਥੇ ਹਾਲਤ ਵਿਗੜਦੀ ਹੋਈ ਦਿਸਦੀ ਹੋਵੇ, ਉਸ ਗੁਰਦੁਆਰੇ ਲਈ ਅਕਾਲ ਤਖ਼ਤ ਸਾਹਿਬ 'ਤੇ ਸੱਦ ਕੇ ਜਥਾ ਤੋਰ ਦਿੱਤਾ ਜਾਵੇ। ਇਹ ਡਿਊਟੀ ਇਕ ਕਮੇਟੀ ਲਵੇ, ਜੋ 175 ਵਿਚੋਂ 25 ਮੈਂਬਰ ਚੁਣ ਕੇ ਬਣੇ। ਇਸ ਦਲ ਦੇ ਐਕਸ਼ਨ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ।"

ਮਾਸਟਰ ਮੋਤਾ ਸਿੰਘ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਦੀਆਂ ਅਪੀਲਾਂ ਛਪਣ ਮਗਰੋਂ ਇਸ 'ਗੁਰਦੁਆਰਾ ਸੇਵਕ ਦਲ' ਦੀ ਕਾਇਮੀ ਵਾਸਤੇ ਇਕ ਇਕੱਠ 14 ਦਿਸੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਗਿਆ।

"14 ਦਿਸੰਬਰ ਨੂੰ ਅਕਾਲ ਤਖ਼ਤ ਸਾਹਿਬ ਸਾਹਮਣੇ ਬੀਰਾਂ ਦਾ ਭਾਰੀ ਇਕੱਠ ਹੋਇਆ। ਇਸ ਵਿਚ 'ਗੁਰਦੁਆਰਾ ਸੇਵਕ ਦਲ' ਕਾਇਮ ਕਰਨ ਦੀ ਤਜਵੀਜ਼ ਜ਼ੋਰ-ਸ਼ੋਰ ਨਾਲ ਪੇਸ਼ ਕੀਤੀ ਗਈ। ਜਿਸ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਮਾਇਆ ਦੀ ਸੇਵਾ ਤੋਂ ਇਲਾਵਾ ਅੱਡ ਜਿਸਮਾਨੀ ਸੇਵਾ ਵੀ ਜ਼ਰੂਰੀ ਹੋਵੇਗੀ ਅਤੇ ਸਾਲ ਵਿਚ ਇਕ ਮਹੀਨਾ ਧਰਮ ਅਤੇ ਕੌਮ ਦੀ ਸੇਵਾ ਵਾਂਸਤੇ ਦੇਣਾ ਪਵੇਗਾ। ਭਾਵੇਂ ਇਸ ਅਕਾਲੀ ਦਲ ਬਾਰੇ ਬਹੁਤ ਸਾਰਾ ਕੰਮ ਹੋ ਚੁੱਕਾ ਹੈ ਪਰ ਫਿਰ ਵੀ ਇਸ ਦੀ ਬੁਨਿਆਦ ਨੂੰ ਪੂਰਾ ਅਤੇ ਪੱਕਾ ਕਰਨ ਵਾਸਤੇ 23 ਜਨਵਰੀ 1921 ਨੂੰ ਅਕਾਲ ਤਖ਼ਤ ਸਾਹਿਬ 'ਤੇ ਭਾਰੀ ਜੋੜ ਮੇਲਾ ਹੋਵੇਗਾ ਅਤੇ ਸੇਵਕ ਨੀਅਤ ਕੀਤੇ ਜਾਣਗੇ। ਉਸ ਦਿਨ ਤੋਂ ਹੀ ਅਮਲੀ ਕੰਮ ਸ਼ੁਰੂ ਕੀਤਾ ਜਾਵੇਗਾ। ਧਾਰਮਿਕ ਜਥੇਬੰਦੀਆਂ ਅਤੇ ਕੌਮੀ ਸੁਸਾਇਟੀਆਂ ਦੇ ਸੇਵਕ ਅਤੇ ਜਥੇਦਾਰ ਜ਼ਰੂਰੀ ਦੀਦਾਰੇ ਦੇਣ ਅਤੇ ਹਰ ਇਕ ਸਿੱਖ ਜੋ ਆਪਣੇ ਦਿਲ ਵਿਚ ਧਰਮ ਵਾਸਤੇ ਮੁਹੱਬਤ ਰਖਦਾ ਹੈ, ਇਸ ਜੋੜ ਮੇਲੇ ਵਿਚ ਜ਼ਰੂਰ-ਬਰ-ਜ਼ਰੂਰ ਪੁੱਜ ਕੇ ਦੀਦਾਰੇ ਦੇਵੇ।"

ਰੋਜ਼ਾਨਾ *ਅਕਾਲੀ* ਅਖ਼ਬਾਰ (7 ਜਨਵਰੀ 1921, ਸਫ਼ਾ 5) ਨੇ 14 ਦਿਸੰਬਰ ਦੀ ਇਸ ਬੈਠਕ ਬਾਰੇ ਇਕ ਰਿਪੋਰਟ ਅਤੇ ਅਕਾਲ ਤਖ਼ਤ ਸਾਹਿਬ ਵਲੋਂ 23 ਜਨਵਰੀ ਨੂੰ ਪੁੱਜਣ ਵਾਸਤੇ 'ਜ਼ਰੂਰੀ ਬੇਨਤੀ' ਵੀ ਛਾਪੀ ਸੀ:

ਸੁਧਾਰ ਦਾ ਪ੍ਰਬੰਧ
ਗੁਰਦੁਆਰਾ ਸੁਧਾਰ ਦਲ
ਅਕਾਲੀ ਦਲ

14 ਦਿਸੰਬਰ ਨੂੰ ਤਖ਼ਤ ਅਕਾਲ ਬੁੰਗੇ ਭਾਈ ਕਰਤਾਰ ਸਿੰਘ ਨੇ ਸੰਗਤ ਵਿਚ ਤਜਵੀਜ਼ ਕੀਤੀ ਕਿ ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝਟਪਟ ਕੀਤਾ ਜਾਵੇ। ਇਸ ਲਈ ਹਰ ਇਕ ਦੀ ਕੁਰਬਾਨੀ ਦੀ ਲੋੜ ਹੈ। ਸੁ, ਇਸ ਤਰ੍ਹਾਂ ਕੀਤਾ ਜਾਵੇ ਕਿ **ਅਕਾਲੀ ਦਲ** ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘਟੋ ਘੱਟ ਇਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਿੱਥੇ ਹਰ ਵੇਲੇ 100 ਸਿੰਘ ਹਾਜ਼ਿਰ ਰਹਿਣ ਤੇ ਜਿੱਥੇ ਜਿਤਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਨ੍ਹਾਂ ਦੀਆਂ ਸ਼ਾਖਾ ਬਣਾਈਆਂ ਜਾਣ। ਸਰਬ ਸੰਮਤੀ ਨਾਲ ਪਾਸ ਹੋਇਆ ਕਿ 23 ਜਨਵਰੀ ਨੂੰ ਸੰਗਤਾਂ ਤਖ਼ਤ ਅਕਾਲ ਬੁੰਗੇ ਹੁਮ ਹੁਮਾ ਕੇ ਆਉਣ ਅਤੇ ਜਥਾ ਕਾਇਮ ਕੀਤਾ ਜਾਵੇ।"

'ਜ਼ਰੂਰੀ ਬੇਨਤੀ'

ਜਥੇ, ਸਭਾਵਾਂ ਤੇ ਦੀਵਾਨਾਂ ਦੇ ਸੇਵਕਾਂ ਤੇ ਜਥੇਦਾਰਾਂ ਅੱਗੇ ਜ਼ਰੂਰੀ ਬੇਨਤੀ ਹੈ ਕਿ ਉਹ

ਦਰਸ਼ਨ ਦੇਣ। ਇਕ ਦਿਨ ਪਹਿਲੋਂ ਆਵਣ ਤੇ ਹੁਣ ਤਨ, ਮਨ ਤੇ ਧਨ ਦੀ ਕੁਰਬਾਨੀ ਕਰ ਕੇ ਜਨਮ ਸਫਲ ਕਰਨ।

ਪੰਥ ਦਾ ਦਾਸ—
ਤੇਜਾ ਸਿੰਘ ਅਕਾਲੀ

ਗੁਰਦੁਆਰਾ ਸੇਵਕ ਦਲ (ਅਕਾਲੀ ਦਲ) ਦੀ ਕਾਇਮੀ ਨੂੰ ਆਖ਼ਰੀ ਸ਼ਕਲ ਦੇਣ ਅਤੇ ਜਥੇਦਾਰ ਚੁਣਨ ਵਾਸਤੇ ਇਹ ਇਕੱਠ 23 ਤੇ 24 ਜਨਵਰੀ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਤਜਵੀਜ਼ ਕੀਤੀ ਕਿ ਇਸ ਜਥੇਬੰਦੀ ਦਾ ਨਾਂ **ਗੁਰਦੁਆਰਾ ਸੇਵਕ ਦਲ** ਰਖਿਆ ਜਾਵੇ ਪਰ ਅਕਸਰੀਅਤ ਇਸ ਦਾ ਨਾਂ **ਅਕਾਲੀ ਦਲ** ਰੱਖਣ ਦੀ ਹੱਕ ਵਿਚ ਸੀ।[15] ਅਗਲੇ ਦਿਨ, 24 ਜਨਵਰੀ 1921 ਨੂੰ, ਹੋਏ ਇਕੱਠ ਵਿਚ ਇਸ ਜਥੇਬੰਦੀ ਦੇ ਜਥੇਦਾਰ ਸ: ਸਰਮੁਖ ਸਿੰਘ ਝਬਾਲ ਚੁਣੇ ਗਏ। ਅਕਾਲੀ ਦਲ ਦੀ ਕਾਇਮੀ ਮਗਰੋਂ ਹੋਰ ਕਈ ਜਗ੍ਹਾ 'ਤੇ ਅਕਾਲੀ ਜਥੇ ਵੀ ਕਾਇਮ ਕੀਤੇ ਗਏ। ਇਹ ਸਾਰੇ **ਅਕਾਲੀ ਜਥੇ** 23-24 ਜਨਵਰੀ 1920 ਦੇ ਦਿਨ ਕਾਇਮ ਕੀਤੇ ਗਏ ਇਸ **ਅਕਾਲੀ ਦਲ** ਨਾਲ ਸੰਬੰਧਿਤ ਹੋਣੇ ਸਨ। ਇਸ ਅਕਾਲੀ ਦਲ ਦਾ ਨਿਸ਼ਾਨਾ ਸੀ : (1) ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ ਅਤੇ (2) ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ (ਇਹ ਦੋ ਨਿਸ਼ਾਨੇ ਇਕ ਮੀਟਿੰਗ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਇਕ ਸਵਾਲ ਦੇ ਜਵਾਬ ਵਿਚ ਦਸੇ ਗਏ ਸਨ)।[16] ਅਕਾਲੀ ਦਲ ਦਾ ਨਾਂ **ਸ਼੍ਰੋਮਣੀ ਅਕਾਲੀ ਦਲ** 29 ਮਾਰਚ 1922 ਦੇ ਦਿਨ ਹੋਈ ਅਕਾਲੀ ਦਲ ਦੀ ਇਕ ਮੀਟਿੰਗ ਵਿਚ ਰਖਿਆ ਗਿਆ ਸੀ।[17] ਅਜਿਹਾ ਇਸ ਨੂੰ ਬਾਕੀ ਅਕਾਲੀ ਜਥਿਆਂ (ਪਿੰਡ, ਸਰਕਲ, ਤਹਿਸੀਲ, ਜ਼ਿਲਾ) ਤੋਂ ਵਖਰਿਆਉਣ ਵਾਸਤੇ ਕੀਤਾ ਗਿਆ ਸੀ। (1926 ਤੋਂ ਮਗਰੋਂ ਹੌਲੀ-ਹੌਲੀ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਇਕ ਅਹਿਮ ਧਾਰਮਿਕ ਤੇ ਸਿਆਸੀ ਜਥੇਬੰਦੀ ਬਣ ਗਿਆ। ਛੇਤੀ ਹੀ ਇਸ ਨੇ ਸਿੱਖ ਲੀਗ ਨੂੰ ਵੀ ਪਿੱਛੇ ਛੱਡ ਦਿੱਤਾ ਤੇ 1930 ਤਕ ਤਾਂ ਇਹ ਸਿੱਖਾਂ ਦੀ 'ਵਾਹਿਦ' ਜਥੇਬੰਦੀ ਬਣ ਚੁੱਕਾ ਸੀ।)

ਤਰਨ ਤਾਰਨ 'ਤੇ ਕਬਜ਼ਾ ਅਤੇ ਗੁਰਦੁਆਰਾ ਸੁਧਾਰ ਲਹਿਰ 'ਚ ਪਹਿਲੀਆਂ ਸ਼ਹੀਦੀਆਂ

(ਸ਼੍ਰੋਮਣੀ) ਅਕਾਲੀ ਦਲ ਦੀ ਕਾਇਮੀ ਅਤੇ ਸੇਵਾਦਾਰਾਂ (ਅਹੁਦੇਦਾਰਾਂ) ਦੀ ਚੋਣ ਦੇ ਸਬੰਧ ਵਿਚ 24 ਜਨਵਰੀ 1921 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋ ਰਹੇ ਇਕੱਠ ਵਿਚ ਤਰਨ ਤਾਰਨ ਦੀ ਇਕ ਬੀਬੀ ਨੇ ਉੱਥੋਂ ਦੇ ਪੁਜਾਰੀਆਂ ਦੀਆਂ ਦਿਲ-ਕੰਬਾਊ ਕਰਤੂਤਾਂ ਬਾਰੇ ਬਿਆਨ ਕੀਤਾ। ਉਸ ਬੀਬੀ ਦੀਆਂ ਗੱਲਾਂ ਸੁਣ ਕੇ ਸੰਗਤਾਂ ਬੜੇ ਰੋਹ ਵਿਚ ਆ ਗਈਆਂ। ਭਾਈ ਤੇਜਾ ਸਿੰਘ ਭੁੱਚਰ ਨੇ ਉਸੇ ਵੇਲੇ ਐਲਾਨ ਕੀਤਾ ਕਿ ਉਹ

---

15. ਨਰੈਣ ਸਿੰਘ, *ਅਕਾਲੀ ਮੋਰਚੇ ਤੇ ਝੱਬਰ*, ਸਫ਼ਾ 95; ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ* (1972), ਸਫ਼ਾ 51.
16. *ਰੋਜ਼ਾਨਾ ਅਕਾਲੀ*, 28 ਦਿਸੰਬਰ 1921.
17. ਅਕਾਲੀ ਦਲ ਦੀ ਗੁਰਮਤਾ ਨੰਬਰ 6, ਤਾਰੀਖ਼ 22 ਮਾਰਚ 1922.

ਜਥਾ ਲੈ ਕੇ ਤਰਨ ਤਾਰਨ ਜਾਣਗੇ ਅਤੇ ਪੁਜਾਰੀਆਂ ਨਾਲ ਗਲਬਾਤ ਕਰਨਗੇ। ਜਥੇਦਾਰ ਤੇਜਾ ਸਿੰਘ 40 ਸਿੰਘ ਨਾਲ ਲੈ ਕੇ ਉਸੇ ਸ਼ਾਮ ਤਰਨ ਤਾਰਨ ਪੁੱਜ ਗਏ। ਅਗਲੇ ਦਿਨ ਉਨ੍ਹਾਂ ਤਰਨ ਤਾਰਨ ਦੇ ਪੁਜਾਰੀਆਂ ਨਾਲ ਗਲਬਾਤ ਸ਼ੁਰੂ ਕੀਤੀ। ਇਕ ਪਾਸੇ ਤਾਂ ਪੁਜਾਰੀਆਂ ਨੇ ਜਥੇਦਾਰ ਭੁੱਚਰ ਦੇ ਜਥੇ ਨਾਲ ਗਲਬਾਤ ਸ਼ੁਰੂ ਕਰ ਦਿੱਤੀ ਅਤੇ ਦੂਜੇ ਪਾਸੇ ਉਨ੍ਹਾਂ ਨੇ ਸਿੰਘਾਂ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪੁਜਾਰੀਆਂ ਨੇ ਜਥੇ ਨਾਲ ਗਲਬਾਤ ਮੁਕਾ ਲਈ ਅਤੇ ਸਮਝੌਤੇ ਦਾ ਖਰੜਾ ਤਿਆਰ ਹੋ ਗਿਆ ਤਾਂ ਦਸਤਖ਼ਤ ਕਰਨ ਤੋਂ ਕੁਝ ਚਿਰ ਪਹਿਲਾਂ ਉਨ੍ਹਾਂ ਵਲੋਂ ਲਿਆਂਦੇ ਗੁੰਡਿਆਂ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ 17 ਸਿੰਘ ਜ਼ਖ਼ਮੀ ਹੋਏ। ਜ਼ਖ਼ਮੀਆਂ ਵਿਚੋਂ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ 27 ਜਨਵਰੀ ਦੇ ਦਿਨ ਚੜ੍ਹਾਈ ਕਰ ਗਏ। 4 ਫ਼ਰਵਰੀ ਨੂੰ ਸ: ਹੁਕਮ ਸਿੰਘ ਵਜਾਊਕੋਟ ਵੀ ਚੜ੍ਹਾਈ ਕਰ ਗਏ। ਸ: ਹਜ਼ਾਰਾ ਸਿੰਘ ਤੇ ਸ: ਹੁਕਮ ਸਿੰਘ ਇਸ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਨ।

ਨਾਨਕਾਣਾ ਸਾਹਿਬ ਦਾ ਕਤਲੇਆਮ

ਤਰਨ ਤਾਰਨ ਸਾਹਿਬ ਦੇ ਸਾਕੇ ਮਗਰੋਂ 20 ਫ਼ਰਵਰੀ ਨੂੰ ਨਾਨਕਾਣਾ ਸਾਹਿਬ (ਜਨਮ ਅਸਥਾਨ ਗੁਰੂ ਨਾਨਕ ਸਾਹਿਬ) ਵਿਚ 180 ਤੋਂ ਵਧ ਸਿੱਖਾਂ ਦਾ ਵਹਿਸ਼ੀਆਨਾ ਤਰੀਕੇ ਨਾਲ ਕਤਲ ਕੀਤਾ ਗਿਆ ਤੇ ਕਈਆਂ ਨੂੰ ਤਾਂ ਜਿਊਂਦੇ ਸਾੜ ਦਿੱਤਾ ਗਿਆ।[18] ਇਸ ਨਾਲ ਭਾਵੇਂ ਨਾਨਕਾਣਾ ਸਾਹਿਬ ਦਾ ਇੰਤਜ਼ਾਮ ਤਾਂ ਸਿੱਖਾਂ ਦੇ ਹੱਥਾਂ ਵਿਚ ਆ ਗਿਆ ਪਰ ਇਸ ਸਾਕੇ ਨੇ ਸਿੱਖਾਂ ਦੇ ਦਿਲ ਵਿਚ ਬਰਤਾਨਵੀ ਸਰਕਾਰ ਵਾਸਤੇ ਨਫ਼ਰਤ ਭਰ ਦਿੱਤੀ, ਕਿਉਂਕਿ ਇਹ ਕਤਲੇਆਮ ਕਰਨ ਤੇ ਕਰਵਾਉਣ ਵਾਲਾ ਮਹੰਤ ਨਰੈਣ ਦਾਸ ਸਰਕਾਰ ਦਾ ਪਿੱਠੂ ਸੀ ਅਤੇ ਉਸ ਨੂੰ ਸਰਕਾਰ ਦੀ ਪੂਰੀ ਸਰਪ੍ਰਸਤੀ ਹਾਸਿਲ ਸੀ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਮਹੰਤ ਵਲੋਂ ਸਿੱਖਾਂ ਦੇ ਕਤਲੇਆਮ ਵਾਸਤੇ ਕਈ ਚਿਰਾਂ ਤੋਂ ਤਿਆਰੀ ਕੀਤੀ ਹੋਈ ਸੀ ਤੇ ਸਰਕਾਰ ਨੂੰ ਇਸ ਗੱਲ ਦਾ ਪਤਾ ਸੀ। ਯਕੀਨੀ ਤੌਰ 'ਤੇ ਇਹ ਸਭ ਕੁਝ ਸਰਕਾਰ ਦੀ ਮਰਜ਼ੀ ਜਾਂ ਘਟੋ-ਘੱਟ ਚੁਪ-ਹਿਮਾਇਤ ਨਾਲ ਹੋ ਰਿਹਾ ਸੀ। ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਮਿ. ਕਿੰਗ, ਪੁਲੀਸ ਕਪਤਾਨ ਬੌਰਿੰਗ ਇਸ ਸਾਕੇ 'ਤੇ ਸਿੱਧੇ ਤੌਰ 'ਤੇ ਸ਼ਾਮਿਲ ਮੰਨੇ ਜਾਂਦੇ ਸਨ। ਇਸ ਸਰਕਾਰੀ ਸਾਜ਼ਿਸ਼ ਨੇ ਖਾੜਕੂ ਲਹਿਰ ਨੂੰ ਜਨਮ ਦਿੱਤਾ, ਜੋ ਮਗਰੋਂ 'ਬਬਰ ਅਕਾਲੀ ਲਹਿਰ' ਵਜੋਂ ਜਾਣੀ ਗਈ। ਇਸ ਲਹਿਰ ਦਾ ਪਹਿਲਾ ਐਕਸ਼ਨ ਕਿੰਗ, ਬੌਰਿੰਗ, ਬੇਦੀ ਕਰਤਾਰ ਸਿੰਘ, ਮਹੰਤ ਬਸੰਤ ਦਾਸ, ਮਹੰਤ ਦੇਵਾ ਦਾਸ ਤੇ ਸੁੰਦਰ ਸਿੰਘ ਮਜੀਠਾ ਨੂੰ ਕਤਲ ਕਰਨ ਦੀ ਪਲਾਨਿੰਗ ਸੀ, ਜੋ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਨਾਕਾਮਯਾਬ ਹੋ ਗਈ। ਕਾਫ਼ੀ ਚਿਰ ਮਗਰੋਂ ਫਿਰ ਇਸ ਦੇ ਆਗੂਆਂ ਨੇ ਇਸ 'ਚਕਰਵਰਤੀ ਜਥੇ' ਨੂੰ ਕਾਇਮ ਕੀਤਾ ਤੇ ਐਕਸ਼ਨ ਕੀਤੇ। ਉਦੋਂ ਸ਼੍ਰੋਮਣੀ ਕਮੇਟੀ ਨੇ ਇਸ ਲਹਿਰ ਦੀ ਐਲਾਨੀਆ ਮੁਖ਼ਾਲਫ਼ਤ ਕੀਤੀ। 29-30 ਮਈ 1923 ਨੂੰ ਸ਼੍ਰੋਮਣੀ ਕਮੇਟੀ ਨੇ ਬੱਬਰ ਲਹਿਰ ਦੇ ਖ਼ਿਲਾਫ਼ ਮਤਾ ਵੀ ਪਾਸ ਕੀਤਾ। (ਪਰ ਮਗਰੋਂ 1926 ਵਿਚ ਉਨ੍ਹਾਂ ਦੀ ਤਾਰੀਫ਼ ਦਾ ਮਤਾ ਵੀ ਪਾਸ ਕੀਤਾ)।

---

18. ਡਾਕਟਰ ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਅਕਾਲੀ ਦਲ*, ਸਫ਼ੇ 58-71.

ਸਿੱਖਾਂ ਦੇ ਮਨਾਂ ਵਿਚ ਬਰਤਾਨਵੀ ਸਰਕਾਰ ਵਾਸਤੇ ਨਫ਼ਰਤ ਬਾਰੇ ਸੂਹਾਂ ਸਰਕਾਰ ਨੂੰ ਵੀ ਮਿਲਦੀਆਂ ਰਹਿੰਦੀਆਂ ਸਨ। ਸਿੱਖਾਂ ਦਾ ਰੋਹ ਨਰਮ ਕਰਨ ਦੇ ਨਿਸ਼ਾਨੇ ਨਾਲ ਸਰਕਾਰ ਨੇ 20 ਅਪਰੈਲ 1921 ਦੇ ਦਿਨ ਸਰਕਾਰੀ ਨੋਟੀਫ਼ਿਕੇਸ਼ਨ ਜਾਰੀ ਕਰ ਕੇ ਦਰਬਾਰ ਸਾਹਿਬ ਦਾ ਇੰਤਜ਼ਾਮ ਰਸਮੀ ਤੌਰ 'ਤੇ ਵੀ ਸ਼੍ਰੋਮਣੀ ਕਮੇਟੀ ਨੂੰ ਦੇ ਦਿੱਤਾ। ਹਾਲਾਂਕਿ ਇਹ ਇੰਤਜ਼ਾਮ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਕੋਲ ਸੀ। 14 ਅਗਸਤ ਦੇ ਦਿਨ ਬਾਬਾ ਖੜਕ ਸਿੰਘ, ਹਰਬੰਸ ਸਿੰਘ ਅਟਾਰੀ ਦੀ ਥਾਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਸ ਤੋਂ 2 ਮਹੀਨੇ ਮਗਰੋਂ 19 ਅਕਤੂਬਰ ਦੇ ਦਿਨ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਪ੍ਰਧਾਨ ਬਾਬਾ ਖੜਕ ਸਿੰਘ ਦੇ ਹਵਾਲੇ ਕਰ ਦੇਵੇ। ਸਰਬਰਾਹ ਨੇ ਇਸ ਦੀ ਇਤਲਾਹ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਦੇ ਦਿੱਤੀ। ਬਰਤਾਨਵੀ ਸਰਕਾਰ ਕੋਲ ਬਹਾਨਾ ਆ ਗਿਆ ਕਿ ਸਿੱਖ ਤੋਸ਼ੇਖ਼ਾਨੇ ਦੀ ਰਕਮ ਨਾਲ ਪੰਜਾਬ ਦੀ ਆਜ਼ਾਦੀ ਜਾਂ ਸਿੱਖ ਰਾਜ ਦੀ ਵਾਪਸੀ ਦੀ ਜੱਦੋ-ਜਹਿਦ ਸ਼ੁਰੂ ਕਰਨਗੇ। ਇਹ ਖ਼ਿਆਲ ਬਰਤਾਨਵੀ ਹਾਕਮਾਂ ਦਾ ਵਹਿਮ ਸੀ, ਖ਼ਦਸ਼ਾ ਸੀ ਜਾਂ ਬਹਾਨਾ ਸੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਸੀ, ਪਰ ਸਰਕਾਰ ਨੇ ਇਸ ਬਿਨਾਅ 'ਤੇ 7 ਨਵੰਬਰ 1921 ਦੇ ਦਿਨ ਲਾਲਾ ਅਮਰ ਨਾਥ ਨੂੰ ਭੇਜ ਕੇ ਚਾਬੀਆਂ ਕਬਜ਼ੇ ਵਿਚ ਲੈ ਲਈਆਂ। ਸਿੱਖ ਆਗੂਆਂ ਨੇ ਚਾਬੀਆਂ ਦੇਣੋਂ ਨਾਂਹ ਕਰਨ ਦੀ ਬਜਾਇ ਇਸ ਮਸਲੇ ਨੂੰ ਪੰਥ ਅੱਗੇ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਸਰਕਾਰ ਨੇ ਆਪਣੀ ਸਫ਼ਾਈ ਪੇਸ਼ ਕਰਨ ਵਾਸਤੇ ਜਲਸੇ ਕਰਨੇ ਸ਼ੁਰੂ ਕੀਤੇ ਤਾਂ ਸ਼੍ਰੋਮਣੀ ਕਮੇਟੀ ਨੇ ਵੀ ਜਵਾਬੀ ਜਲਸੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਬਗ਼ਾਵਤ ਅਤੇ ਹੋਰ ਕਾਨੂੰਨਾਂ ਦੀ ਆੜ ਲੈ ਕੇ ਚੋਖੀ ਗਿਣਤੀ ਵਿਚ ਅਕਾਲੀ ਆਗੂ ਗ੍ਰਿਫ਼ਤਾਰ ਕਰ ਲਏ। ਪਰ ਸਰਕਾਰ ਨੇ ਵੇਖਿਆ ਕਿ ਇਸ ਹਰਕਤ ਦਾ ਫ਼ਾਇਦਾ ਹੋਣ ਦੀ ਬਜਾਇ ਨੁਕਸਾਨ ਹੋ ਰਿਹਾ ਹੈ ਤੇ ਸਿੱਖਾਂ ਵਿਚ ਬਰਤਾਨਵੀ ਸਰਕਾਰ ਵਾਸਤੇ ਨਫ਼ਰਤ ਅਤੇ ਆਪਸ ਵਿਚ ਇੱਤਿਹਾਦ ਵਧ ਰਿਹਾ ਹੈ। ਇਹ ਸੋਚ ਕੇ ਸਰਕਾਰ ਨੇ ਗੋਡੇ ਟੇਕਣ ਦਾ ਫ਼ੈਸਲਾ ਕਰ ਲਿਆ। ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਨੂੰ ਪੈਗ਼ਾਮ ਭੇਜਿਆ ਗਿਆ ਕਿ ਉਹ ਚਾਬੀਆਂ ਮੋੜਨ ਵਾਸਤੇ ਤਿਆਰ ਹੈ। ਇਸ 'ਤੇ ਸ਼੍ਰੋਮਣੀ ਕਮੇਟੀ ਨੇ ਸ਼ਰਤ ਰੱਖੀ ਕਿ ਚਾਬੀਆਂ ਤਾਂ ਹੀ ਲਈਆਂ ਜਾਣਗੀਆਂ, ਜਦੋਂ ਗ੍ਰਿਫ਼ਤਾਰ ਕੀਤੇ ਸਾਰੇ ਸਿੰਘ ਰਿਹਾਅ ਕੀਤੇ ਜਾਣਗੇ। ਅਖ਼ੀਰ ਸਰਕਾਰ ਨੂੰ ਇੱਥੇ ਵੀ ਝੁਕਣਾ ਪਿਆ। ਇਕ ਅਖ਼ਬਾਰ ਨਵੀਸ ਪੰਡਤ ਦੀਨਾ ਨਾਥ ਨੂੰ ਛੱਡ ਕੇ ਸਰਕਾਰ ਨੇ ਸਾਰਿਆਂ ਨੂੰ ਰਿਹਾਅ ਕਰ ਦਿੱਤਾ। 19 ਜਨਵਰੀ 1922 ਦੇ ਦਿਨ ਸਰਕਾਰ ਦੇ ਨੁਮਾਇੰਦੇ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਬਾਬਾ ਖੜਕ ਸਿੰਘ ਨੂੰ ਤੋਸ਼ੇਖ਼ਾਨੇ ਦੀਆਂ ਚਾਬੀਆਂ ਵਾਲੀ ਥੈਲੀ ਭੇਟ ਕੀਤੀ। ਇਸ ਮਗਰੋਂ ਪੰਡਤ ਦੀਨਾ ਨਾਥ ਦੀ ਰਿਹਾਈ ਵਾਸਤੇ ਵੀ ਸਿੱਖਾਂ ਨੂੰ ਮੋਰਚਾ ਲਾਉਣਾ ਪਿਆ। ਚਾਬੀਆਂ ਦੇ ਮੋਰਚੇ ਦੀ ਜਿੱਤ ਮਗਰੋਂ ਹਿੰਦੂ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਸਿੱਖਾਂ ਨੂੰ ਮੁਬਾਰਕਬਾਦ ਦੀ ਤਾਰ ਭੇਜੀ। ਉਸ ਦੀ ਤਾਰ ਦੇ ਲਫ਼ਜ਼ ਸਨ:

First battle of India's independance won. Congratulations.

ਇਨ੍ਹਾਂ ਦਿਨਾਂ ਵਿਚ ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਨੇ ਵੀ ਸਰਕਾਰ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਬਰਤਾਨਵੀ ਸਰਕਾਰ

ਦੇ ਖ਼ੁਫ਼ੀਆ ਕਾਗ਼ਜ਼ਾਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੂੰ ਭੂਪਿੰਦਰ ਸਿੰਘ ਬਾਰੇ ਕੋਈ ਭੁਲੇਖਾ ਨਹੀਂ ਸੀ ਕਿ ਉਹ ਕੁਝ ਨਹੀਂ ਕਰ ਸਕਦਾ ਹੈ ਪਰ ਫਿਰ ਵੀ ਸਰਕਾਰ ਨੇ ਉਸ ਨੂੰ ਇਜਾਜ਼ਤ ਦੇ ਦਿੱਤੀ। ਜਿਵੇਂ ਸਰਕਾਰ ਨੂੰ ਆਸ ਸੀ, ਭੂਪਿੰਦਰ ਸਿੰਘ ਨਾਕਾਮਯਾਬ ਰਿਹਾ ਤੇ ਸਿੱਖ ਆਗੂਆਂ ਨੇ ਉਸ ਨੂੰ ਮੂੰਹ ਨਾ ਲਾਇਆ।[19]

ਗੁਰੂ ਦਾ ਬਾਗ਼ ਮੋਰਚਾ

1921-22 ਵਿਚ ਸਰਕਾਰ ਨੇ ਇਕ ਗੁਰਦੁਆਰਾ ਐਕਟ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਐਕਟ ਮੁਤਾਬਿਕ ਗੁਰਦੁਆਰਿਆਂ ਉੱਤੇ ਮਹੰਤਾਂ, ਉਦਾਸੀਆਂ ਅਤੇ ਹੋਰ ਗ਼ੈਰ-ਸਿੱਖਾਂ ਦੇ ਨਾਲ-ਨਾਲ ਸਰਕਾਰ ਦਾ ਵੀ ਬਹੁਤ ਕੰਟਰੋਲ ਰਹਿਣਾ ਸੀ। ਸਿੱਖ ਆਗੂਆਂ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ, ਜਿਸ ਨਾਲ ਇਹ ਐਕਟ ਵਜੂਦ ਵਿਚ ਨਾ ਆ ਸਕਿਆ। ਸਰਕਾਰ ਨੂੰ ਇਸ ਗੱਲ ਦਾ ਬੇਹੱਦ ਗ਼ੁੱਸਾ ਸੀ, ਇਸ ਕਰ ਕੇ ਉਹ ਕੋਈ ਬਹਾਨਾ ਲੱਭ ਕੇ ਅਕਾਲੀਆਂ 'ਤੇ ਵਾਰ ਕਰਨਾ ਚਾਹੁੰਦੀ ਸੀ। ਇਸ ਕਰ ਕੇ ਸਰਕਾਰ ਨੇ ਗੁਰੂ ਦਾ ਬਾਗ਼ (ਘੁੱਕੇਵਾਲੀ, ਅੰਮ੍ਰਿਤਸਰ) ਦੇ ਮਹੰਤ ਨੂੰ ਆਪਣੇ ਨਾਲ ਰਲਾ ਲਿਆ। ਗੁਰੂ ਦਾ ਬਾਗ਼ ਗੁਰਦੁਆਰੇ ਦੀ ਜ਼ਮੀਨ 'ਚੋਂ ਸਿੰਘ ਲਕੜਾਂ ਵੱਢ ਕੇ ਲੰਗਰ ਤਿਆਰ ਕਰਿਆ ਕਰਦੇ ਸਨ। 8 ਅਗਸਤ ਨੂੰ ਜਦੋਂ ਸੇਵਾਦਾਰ ਸਿੰਘ ਲਕੜਾਂ ਵੱਢਣ ਗਏ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਅਕਾਲ ਤਖ਼ਤ ਸਾਹਿਬ ਤੋਂ ਮੋਰਚਾ ਸ਼ੁਰੂ ਹੋ ਗਿਆ। ਜਦੋਂ ਸਰਕਾਰ ਨੇ ਵੇਖਿਆ ਕਿ ਗ੍ਰਿਫ਼ਤਾਰੀਆਂ ਨਾਲ ਸਿੰਘਾਂ 'ਤੇ ਕੋਈ ਅਸਰ ਨਹੀਂ ਹੋ ਰਿਹਾ ਤਾਂ ਸਰਕਾਰ ਨੇ ਇਕ ਪੁਲੀਸ ਅਫ਼ਸਰ ਬੀਟੀ (Beaty) ਨੂੰ ਜਥਿਆਂ ਦੀ ਕੁੱਟ-ਮਾਰ ਕਰਨ ਵਾਸਤੇ ਲਾ ਦਿੱਤਾ। ਸਰਕਾਰ ਨੂੰ ਭੁਲੇਖਾ ਸੀ ਕਿ ਸਿੱਖ ਡਾਂਗਾਂ ਦੀ ਮਾਰ, ਜ਼ਖ਼ਮਾਂ ਜਾਂ ਸ਼ਹੀਦੀਆਂ ਤੋਂ ਡਰ ਜਾਣਗੇ। ਸਿੰਘਾਂ ਦੀ ਕੁੱਟ-ਮਾਰ 26 ਅਗਸਤ ਤੋਂ ਸ਼ੁਰੂ ਹੋਈ ਅਤੇ ਅਗਲੇ 18 ਦਿਨਾਂ ਵਿਚ ਸੈਂਕੜੇ ਸਿੱਖਾਂ ਨੂੰ ਬਰਤਾਨਵੀ ਸਰਕਾਰ ਦੀ ਪੁਲੀਸ ਦੀਆਂ ਡਾਂਗਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ। ਇਸ ਮੌਕੇ 'ਤੇ ਦੁਨੀਆਂ ਦੇ ਕਈ ਮੁਲਕਾਂ ਤੋਂ ਅਖ਼ਬਾਰ ਨਵੀਸ ਤੇ ਆਗੂ ਆਏ ਤੇ ਉਨ੍ਹਾਂ ਨੇ ਬਰਤਾਨਵੀ ਦਹਿਸ਼ਤ ਨੂੰ ਆਪਣੇ ਅੱਖੀਂ ਵੇਖਿਆ। ਇਕ ਮੌਕੇ 'ਤੇ ਇਕ ਅਮਰੀਕਨ ਗਰੁਪ ਨੇ ਇਕ ਫ਼ਿਲਮ ਵੀ ਬਣਾਈ। 12 ਸਿਤੰਬਰ ਦੇ ਦਿਨ ਸਟੀਫ਼ਨ ਕਾਲਜ ਕਲੱਕਤਾ ਦਾ ਇਕ ਲੈਕਚਰਾਰ ਜੋ ਇਕ ਈਸਾਈ ਮਿਸ਼ਨਰੀ ਵੀ ਸੀ, ਚਾਰਲਸ ਫ਼ਰਾਇਅਰ ਐਂਡਰਿਊਜ਼, ਅੰਮ੍ਰਿਤਸਰ ਆਇਆ ਤੇ ਉਸ ਨੇ ਗੁਰੂ ਦਾ ਬਾਗ਼ ਦਾ ਜ਼ੁਲਮ ਆਪਣੇ ਅੱਖੀਂ ਵੇਖਿਆ। ਇਸ ਮਗਰੋਂ ਉਹ ਪੰਜਾਬ ਦੇ ਗਵਰਨਰ ਨੂੰ ਮਿਲਿਆ ਅਤੇ ਸਿੱਖਾਂ ਨੂੰ 'ਈਸਾ ਮਸੀਹ' ਵਾਂਗ ਜ਼ੁਲਮਾਂ ਦਾ ਸ਼ਿਕਾਰ ਬਣਾਉਣ ਤੋਂ ਰੋਕਿਆ। ਇਸ 'ਤੇ 13 ਸਿਤੰਬਰ ਤੋਂ ਸਿੱਖਾਂ ਦੀ ਕੁੱਟ-ਮਾਰ ਬੰਦ ਹੋ ਗਈ ਤੇ ਹੁਣ ਜਥਿਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਜਾਣ ਲੱਗਾ। 17 ਨਵੰਬਰ 1922 ਤਕ ਗ੍ਰਿਫ਼ਤਾਰ ਸਿੰਘਾਂ ਦੀ ਗਿਣਤੀ 5605 ਹੋ ਚੁੱਕੀ ਸੀ। ਇਨ੍ਹਾਂ ਵਿਚ 35 ਮੈਂਬਰ ਸ਼੍ਰੋਮਣੀ ਕਮੇਟੀ ਅਤੇ ਬਹੁਤ ਸਾਰੇ ਉਹ ਸਾਬਕਾ ਫ਼ੌਜੀ ਵੀ ਸਨ, ਜਿਨ੍ਹਾਂ ਨੇ ਬਰਤਾਨਵੀ ਸਰਕਾਰ ਵਾਸਤੇ ਲੜਾਈਆਂ 'ਚ ਆਪਣਾ ਹਿੱਸਾ ਪਾਇਆ ਸੀ।

---

19. Home Political, January 1922, File No. 18.

ਹੁਣ ਸਰਕਾਰ ਆਪਣਾ ਮੂੰਹ ਬਚਾਉਣ ਦਾ ਬਹਾਨਾ ਲੱਭਣ ਲੱਗ ਪਈ। ਅਖ਼ੀਰ 18 ਨਵੰਬਰ ਨੂੰ ਦੀਵਾਨ ਗੰਗਾ ਰਾਮ ਨੂੰ ਵਿਚ ਪਾ ਕੇ, ਉਸ ਨੂੰ ਜ਼ਮੀਨ ਲੀਜ਼ 'ਤੇ ਦੇਣ ਦੇ ਨਾਂ 'ਤੇ, ਸਰਕਾਰ ਨੇ ਗ੍ਰਿਫ਼ਤਾਰੀਆਂ ਬੰਦ ਕਰ ਦਿੱਤੀਆਂ। ਇਸ ਮੋਰਚੇ ਵਿਚ ਜਾਣ ਵਾਲੇ ਸਾਰੇ ਜਥੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਟੁਰਿਆ ਕਰਦੇ ਸੀ।

ਗੁਰੂ ਦਾ ਬਾਗ਼ 'ਚ ਡਾਂਗਾਂ ਨਾਲ ਕੁੱਟ-ਮਾਰ ਕਰਨ ਵਾਲਾ ਬੀਟੀ, ਮਗਰੋਂ ਪਿੰਡ ਚੱਡਾ ਵਿਚ ਹਰਨਾਮੋ ਨਾਂ ਦੀ ਇਕ ਔਰਤ ਨਾਲ ਰਹਿੰਦਾ ਰਿਹਾ ਸੀ। ਇਸ ਬੀਟੀ ਨੂੰ ਬੱਬਰ ਅਕਾਲੀਆਂ ਨੇ ਉਸ ਦੇ ਘਰ ਵਿਚ ਹੀ ਕਤਲ ਕਰ ਦਿੱਤਾ ਸੀ। ਬੀਟੀ ਨੂੰ ਮਾਰਨ ਵਾਲੇ ਬੱਬਰ 'ਆਜ਼ਾਦ ਭਾਰਤ' ਦੀਆਂ ਜੇਲ੍ਹਾਂ ਵਿਚੋਂ 1952 ਵਿਚ ਰਿਹਾਅ ਹੋਏ ਸਨ।

ਜੈਤੋ ਦਾ ਮੋਰਚਾ

17 ਜੂਨ 1923 ਦੇ ਦਿਨ ਅੰਮ੍ਰਿਤਸਰ ਸਰੋਵਰ ਦੀ ਸਫ਼ਾਈ ਵਾਸਤੇ ਕਾਰ ਸੇਵਾ ਸ਼ੁਰੂ ਹੋਈ। ਇਸ ਸੇਵਾ ਵਿਚ ਲੱਖਾਂ ਸਿੱਖਾਂ ਨੇ ਹਿੱਸਾ ਪਾਇਆ। ਕਾਰ ਸੇਵਾ 9 ਜੁਲਾਈ ਦੇ ਦਿਨ ਮੁਕੰਮਲ ਹੋਈ। ਕਾਰ ਸੇਵਾ ਦੇ ਆਖ਼ਰੀ ਦਿਨ ਬਰਤਾਨਵੀ ਸਰਕਾਰ ਨੇ ਨਾਭਾ ਨੇ ਰਾਜੇ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ। ਭਾਵੇਂ ਜ਼ਾਹਰਾ ਤੌਰ 'ਤੇ ਸਰਕਾਰ ਨੇ ਇਸ ਨੂੰ ਪਟਿਆਲੇ ਅਤੇ ਨਾਭਾ ਦਾ ਝਗੜਾ ਹੀ ਬਣਾਇਆ ਪਰ, ਦਰਅਸਲ ਬਰਤਾਨਵੀ ਸਰਕਾਰ ਰਿਪਦੁਮਨ ਸਿੰਘ ਦੀ ਅਕਾਲੀਆਂ ਨਾਲ ਸਾਂਝ ਅਤੇ ਆਜ਼ਾਦੀ ਦੀ ਜੱਦੋ-ਜਹਿਦ ਨਾਲ ਹਮਦਰਦੀ ਤੋਂ ਵੀ ਬਹੁਤ ਔਖੀ ਸੀ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਜਦੋਂ ਨਾਨਕਾਣਾ ਸਾਹਿਬ ਦੇ ਕਤਲੇਆਮ ਮਗਰੋਂ ਸਿੱਖਾਂ ਨੇ ਰੋਸ ਵਜੋਂ ਕਾਲੇ ਦਸਤਾਰੇ ਸਜਾਏ ਸਨ ਤਾਂ ਰਾਜਾ ਰਿਪਦੁਮਨ ਸਿੰਘ ਨੇ ਵੀ ਕਾਲਾ ਦਸਤਾਰਾ ਸਜਾਇਆ ਸੀ ਤੇ ਇਸ ਰੋਸ ਦਿਨ 'ਤੇ ਆਪਣੀ ਰਿਆਸਤ ਵਿਚ ਛੁੱਟੀ ਵੀ ਕੀਤੀ ਸੀ। ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹੁਣ 'ਤੇ ਸਿੱਖਾਂ ਵਿਚ ਜ਼ਬਰਦਸਤ ਰੋਸ ਫੈਲਿਆ। ਸ਼੍ਰੋਮਣੀ ਕਮੇਟੀ ਨੇ ਉਸ ਨੂੰ ਗੱਦੀ ਤੋਂ ਲਾਹੁਣ ਦੀ ਭਰਪੂਰ ਨਿੰਦਾ ਕੀਤੀ। ਸਰਕਾਰ ਨੇ ਸਿੱਖ ਆਗੂਆਂ ਨੂੰ ਯਕੀਨ ਦਿਵਾਣ ਦੀ ਕੋਸ਼ਿਸ਼ ਕੀਤੀ ਕਿ ਰਾਜਾ ਨਾਭਾ ਨੇ ਗੱਦੀ ਆਪਣੀ ਮਰਜ਼ੀ ਨਾਲ ਛੱਡੀ ਹੈ। ਸਰਕਾਰ ਨੇ ਨਾਭਾ-ਪਟਿਆਲਾ ਝਗੜੇ ਵਾਲੇ ਕੇਸ ਦੇ ਕਾਗ਼ਜ਼ ਦਿਖਾਣ ਦੀ ਪੇਸ਼ਕਸ਼ ਵੀ ਕੀਤੀ ਪਰ ਮਗਰੋਂ ਨਾਂਹ ਕਰ ਦਿੱਤੀ। ਇਸ 'ਤੇ ਸ਼੍ਰੋਮਣੀ ਕਮੇਟੀ ਨੇ 5 ਅਗਸਤ 1923 ਦੇ ਦਿਨ ਰਿਪਦੁਮਨ ਸਿੰਘ ਨੂੰ ਗੱਦੀਓਂ ਲਾਹੁਣ ਦੇ ਖਿਲਾਫ਼ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਪੰਥ ਨੂੰ ਅਪੀਲ ਕੀਤੀ ਕਿ 9 ਸਿਤੰਬਰ 1923 ਨੂੰ ਨਾਭਾ ਸਬੰਧੀ ਰੋਸ ਦਿਨ ਵਜੋਂ ਮਨਾਇਆ ਜਾਏ। ਇਸ ਦੌਰਾਨ 27 ਅਗਸਤ 1923 ਦੇ ਦਿਨ ਜਦੋਂ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ ਪਾਠ ਚਲ ਰਿਹਾ ਸੀ ਤਾਂ ਪੁਲੀਸ ਨੇ ਗੁਰਦੁਅਰੇ ਵਿਚ ਦਾਖ਼ਿਲ ਹੋ ਕੇ ਪਾਠ ਕਰ ਰਹੇ ਸਿੰਘ ਸਮੇਤ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਦੀ ਬੇਹੁਰਮਤੀ ਦੇ ਖ਼ਿਲਾਫ਼ ਸਾਰੇ ਪੰਥ ਵਿਚ ਭਾਰੀ ਰੋਸ ਫੈਲਿਆ। ਇਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਉੱਥੇ ਦੋਬਾਰਾ ਪਾਠ ਸ਼ੁਰੂ ਕਰਨ ਵਾਸਤੇ ਜਥਾ ਭੇਜਿਆ ਤਾਂ 14 ਸਿਤੰਬਰ ਦੇ ਦਿਨ ਜਥਾ ਸਾਰੇ ਗ੍ਰੰਥੀ ਤੇ ਉੱਥੇ ਹਾਜ਼ਿਰ ਸਾਰੇ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਹੁਣ ਸ਼੍ਰੋਮਣੀ ਕਮੇਟੀ ਨੇ ਇਸ ਥਾਂ 'ਤੇ ਪਾਠ ਸ਼ੁਰੂ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਤੋਂ ਲਗਾਤਾਰ ਜਥੇ ਭੇਜਣੇ ਸ਼ੁਰੂ ਕਰ

ਦਿੱਤੇ। ਇਨ੍ਹਾਂ ਸਾਰੇ ਜਥਿਆਂ ਨੂੰ ਗ੍ਰਿਫ਼ਤਾਰ ਕਰ ਕੇ ਨਾਭਾ ਜੇਲ੍ਹ 'ਚ ਤਸੀਹੇ ਦਿੱਤੇ ਜਾਣ ਲਗੇ।

ਗੁਰਦਿਆਲ ਸਿੰਘ ਪੰਥ 'ਚੋਂ ਖ਼ਾਰਿਜ

ਗੁਰਦੁਆਰਾ ਗੰਗਸਰ ਜੈਤੋ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਰਨ ਦੇ ਜੁਰਮ ਵਿਚ ਨਾਭਾ ਦਾ ਇਕ ਸਿੱਖ ਅਹਿਲਕਾਰ ਗੁਰਦਿਆਲ ਸਿੰਘ ਵੀ ਸ਼ਾਮਿਲ ਸੀ। ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਉਸ ਦੇ ਜੁਰਮ ਨੂੰ ਮੱਦੇ-ਨਜ਼ਰ ਰਖਦਿਆਂ ਉਸ ਨੂੰ ਪੰਥ ਵਿਚੋਂ ਖ਼ਾਰਿਜ ਕਰਨ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਭਾਵੇਂ ਇਸ ਹੁਕਮਨਾਮੇ 'ਤੇ ਕੋਈ ਤਾਰੀਖ਼ ਨਹੀਂ ਲਿਖੀ ਮਿਲਦੀ, ਪਰ ਇਹ ਹੁਕਮਨਾਮਾ ਯਕੀਨਨ 14 ਸਿਤੰਬਰ ਤੋਂ ਮਗਰੋਂ ਜਾਰੀ ਕੀਤਾ ਗਿਆ ਹੋਵੇਗਾ। ਹੋ ਸਕਦਾ ਹੈ ਇਹ ਹੁਕਮਨਾਮਾ ਸਿਤੰਬਰ ਦੇ ਅਖ਼ੀਰ ਵਿਚ ਜਾਂ ਅਕਤੂਬਰ ਦੇ ਸ਼ੁਰੂ ਵਿਚ ਜਾਰੀ ਹੋਇਆ ਹੋਵੇਗਾ। ਇਹ ਹੁਕਮਨਾਮਾ ਇਿੰਵ ਸੀ :

> "ਨਾਭੇ ਦੇ ਅਹਿਲਕਾਰ ਗੁਰਦਿਆਲ ਸਿੰਘ ਨੇ 14 ਸਿਤੰਬਰ 1923 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਦੁਆਰੇ ਗੰਗਸਰ ਜੈਤੋ ਵਿਚ ਅਖੰਡ ਪਾਠ ਬੰਦ ਕਰ ਕੇ ਅਤੇ ਦੀਵਾਨ ਨੂੰ ਤੋੜ ਕੇ ਉਸ ਦਿਨ ਤੋਂ ਲੈ ਕੇ ਹੁਣ ਤਕ ਸਿੱਖਾਂ ਨੂੰ ਗੁਰਦੁਆਰਾ ਜਾਣ ਤੋਂ, ਅਖੰਡ ਪਾਠ ਕਰਨ ਤੋਂ ਅਤੇ ਦੀਵਾਨ ਲਾਉਣ ਤੋਂ ਰੋਕ ਕੇ ਅਮਲੀ ਤੌਰ 'ਤੇ ਸਿੱਖ ਧਰਮ ਨੂੰ ਤਿਲਾਂਜਲੀ ਦੇ ਦਿੱਤੀ ਹੈ। ਇਸ ਲਈ ਗੁਰੂ ਪੰਥ ਵਲੋਂ ਪ੍ਰਾਪਤ ਧਾਰਮਿਕ ਵਸੀਕਾਰਾਂ ਅਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਅਕਾਲ ਤਖ਼ਤ ਸਾਹਿਬ ਦੇ ਹਜ਼ੂਰੋਂ ਹੁਕਮਨਾਮਾ ਜਾਰੀ ਕਰ ਕੇ ਸਰਬਤ ਖਾਲਸਾ ਪ੍ਰਤੀ ਪ੍ਰਗਟ ਕੀਤਾ ਜਾਂਦਾ ਹੈ ਕਿ ਉਕਤ ਗੁਰਦਿਆਲ ਸਿੰਘ ਨੂੰ ਉਸ ਦੇ ਕੁਕਰਮਾਂ ਕਰ ਕੇ ਸਿੱਖ ਪੰਥ ਵਿਚ ਰਹਿਣ ਦੇ ਮਾਣ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ ਅਤੇ ਉਹ ਸਿੱਖ ਨਹੀਂ ਹੈ ਅਤੇ ਸਿੱਖਾਂ ਵਾਲੇ ਹੱਕ ਹਕੂਕ ਉਸ ਦੇ ਨਸੀਬ ਨਹੀਂ ਹੋਣਗੇ। ਕੋਈ ਸਿੱਖ ਉਸ ਨਾਲ ਉਦੋਂ ਤਕ ਨ ਵਰਤੇ, ਜਦ ਤੀਕ ਕਿ ਉਹ ਆਪਣੇ ਕੀਤੇ ਕੁਕਰਮ ਦੀ ਭੁੱਲ ਅਕਾਲ ਤਖ਼ਤ ਸਾਹਿਬ ਦੇ ਹਜ਼ੂਰੋਂ ਨ ਬਖ਼ਸ਼ਾ ਲਵੇ।"[20]

ਭਾਵੇਂ, ਅਕਾਲ ਤਖ਼ਤ ਸਾਹਿਬ ਤੋਂ 'ਹੁਕਮਨਾਮਾ' ਜਾਰੀ ਕਰ ਕੇ ਗੁਰਦਿਆਲ ਸਿੰਘ ਨੂੰ ਪੰਚ 'ਚੋਂ 'ਖ਼ਾਰਿਜ' ਕਰ ਦਿੱਤਾ ਗਿਆ ਸੀ, ਪਰ ਫਿਰ ਵੀ ਕਈ ਸਿੱਖ, ਸਣੇ ਬਹੁਤ ਮੋਹਤਬਰ ਆਗੂਆਂ ਦੇ, ਗੁਰਦਿਆਲ ਸਿੰਘ ਨਾਲ ਸਬੰਧ ਰਖਦੇ ਰਹੇ ਸਨ। ਇਨ੍ਹਾਂ ਵਿਚ ਬਾਬਾ ਅਤਰ ਸਿੰਘ ਮਸਤੂਆਣਾ ਵਰਗੇ ਵੀ ਸਨ।[21]

13 ਅਕਤੂਬਰ 1923 ਦੇ ਦਿਨ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ (ਆਰਡਰ ਨੰਬਰ 23772-73 ਰਾਹੀਂ) ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਪਹਿਲੇ ਦਿਨ ਹੀ 59 ਆਗੂ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਸ: ਤੇਜਾ ਸਿੰਘ ਸਮੁੰਦਰੀ, ਸ:ਬ: ਮਹਿਤਾਬ ਸਿੰਘ, ਜਥੇਦਾਰ ਸਰਮੁਖ ਸਿੰਘ ਝਬਾਲ, ਸ: ਗੋਪਾਲ ਸਿੰਘ ਕੌਮੀ, ਸ: ਦਾਨ ਸਿੰਘ ਵਛੋਆ, ਸ: ਸੇਵਾ ਸਿੰਘ ਠੀਕਰੀਵਾਲਾ, ਗਿਆਨੀ ਸ਼ੇਰ ਸਿੰਘ, ਸ: ਭਾਗ ਸਿੰਘ

---

20. ਨਾਹਰ ਸਿੰਘ, *ਅਜ਼ਾਦੀ ਦੀਆਂ ਲਹਿਰਾਂ*, ਸਫ਼ਾ 290.
21. ਤੇਜਾ ਸਿੰਘ, *ਜੀਵਨ ਕਥਾ ਸੰਤ ਅਤਰ ਸਿੰਘ*, ਭਾਸ਼ਾ ਵਿਭਾਗ ਪਟਿਆਲਾ, ਐਡੀਸ਼ਨ 1998, ਸਫ਼ੇ 198-99.

ਵਕੀਲ, ਪ੍ਰੋ: ਸਾਹਿਬ ਸਿੰਘ, ਪ੍ਰੋ: ਤੇਜਾ ਸਿੰਘ, ਸ: ਪਿਆਰਾ ਸਿੰਘ ਲੰਗੇਰੀ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ 'ਤੇ ਇਹ ਚਾਰਜ ਲਾਏ ਗਏ ਸਨ:

1. ਗੁਰਦੁਆਰਿਆਂ 'ਤੇ ਜਬਰੀ ਕਬਜ਼ੇ ਕਰਨੇ।
2. ਗੁਰਦੁਆਰਿਆਂ 'ਤੇ ਕਬਜ਼ੇ ਕਰਨ ਵਾਸਤੇ ਅਕਾਲੀ ਦਲ ਬਣਾਉਣਾ।
3. ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ਤ ਲਹਿਰ ਤੇ ਕਾਂਗਰਸ ਨਾਲ ਸਬੰਧ ਹਨ। ਇਹ ਦੋਵੇਂ ਜਮਾਤਾਂ ਸਿਆਸੀ ਹਨ। ਸ਼੍ਰੋਮਣੀ ਕਮੇਟੀ ਨੇ ਪ੍ਰਿੰਸ ਆਫ਼ ਵੇਲਜ਼ ਦੀ ਆਮਦ ਦਾ ਬਾਈਕਾਟ ਕੀਤਾ ਹੈ।
4. ਸ਼੍ਰੋਮਣੀ ਕਮੇਟੀ ਨੇ ਅਲੀਗੜ੍ਹ ਦੀ ਇਕ ਫ਼ਰਮ ਨਾਲ ਢਾਈ ਲੱਖ ਕਿਰਪਾਨਾਂ ਖ਼ਰੀਦਣ ਦਾ ਸੌਦਾ ਕੀਤਾ ਹੈ।
5. ਘਵਿੰਡ, ਹੁਡਿਆਰਾ (ਲਾਹੌਰ) ਅਤੇ ਚੱਕ 206 (ਲਾਇਲਪੁਰ) ਵਿਚ ਖਾਲਸਾ ਪੰਚਾਇਤਾਂ ਕਾਇਮ ਕੀਤੀਆਂ ਹਨ।
6. ਇਨ੍ਹਾਂ ਦੇ ਅਸਰ ਹੇਠ ਬੱਬਰ ਅਕਾਲੀ ਲਹਿਰ ਸ਼ੁਰੂ ਹੋਈ ਸੀ, ਜਿਸ ਹੇਠ ਤਸ਼ੱਦਦ ਦੀਆਂ ਬਹੁਤ ਸਾਰੀਆਂ ਕਾਰਵਾਈਆਂ ਕੀਤੀਆਂ ਗਈਆਂ ਸਨ।
7. ਸ਼੍ਰੋਮਣੀ ਕਮੇਟੀ ਨੇ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਅਤੇ ਸਰਕਾਰ ਵਲੋਂ ਤਜਵੀਜ਼ ਕੀਤੇ ਗੁਰਦੁਆਰਾ ਐਕਟ ਦੀ ਮੁਖ਼ਾਲਫ਼ਤ ਕੀਤੀ।
8. ਚੀਫ਼ ਖਾਲਸਾ ਦੀਵਾਨ ਅਤੇ ਕਈ ਹੋਰ ਪੱਖਾਂ ਦੇ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੁਮਾਇੰਦਗੀ ਹਾਸਿਲ ਨਹੀਂ।
9. ਇਸ ਨੇ ਮੁਲਕ ਵਿਚ ਤੇ ਪਰਦੇਸਾਂ ਵਿਚ ਸਿਆਸੀ ਪ੍ਰਚਾਰ ਕੀਤਾ ਹੈ।
10. ਸ਼੍ਰੋਮਣੀ ਕਮੇਟੀ ਨੇ ਖੱਦਰ ਪਾਉਣ ਦੀ ਹਿਮਾਇਤ ਕੀਤੀ ਹੈ।
11. ਇਸ ਨੇ ਨਾਭਾ ਰਾਜੇ ਦੀ ਬਹਾਲੀ ਵਾਸਤੇ ਸਿਆਸੀ ਲਹਿਰ ਸ਼ੁਰੂ ਕੀਤੀ। ਇਸ ਨੇ ਰੋਸ ਜਲਸੇ ਕੀਤੇ, ਜਲੂਸ ਕੱਢੇ ਅਤੇ ਰਾਜਾ ਨਾਭਾ ਦੇ ਹੱਕ ਵਿਚ 559 ਨੰਬਰ ਐਲਾਨ ਜਾਰੀ ਕੀਤਾ।[22]

ਇਨ੍ਹੀਂ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਸ: ਤੇਜਾ ਸਿੰਘ ਅਕਰਪੁਰੀ ਸਨ। ਕਿਉਂਕਿ 13 ਅਕਤੂਬਰ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਇਸ ਵਾਸਤੇ ਉਨ੍ਹਾਂ ਦੀ ਥਾਂ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਮੁਖ ਸੇਵਾਦਾਰ ਬਣਾਇਆ ਗਿਆ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਦਾਰ ਹੀ ਹਰ ਮੋਰਚੇ ਵਾਸਤੇ ਜਥੇ ਨੂੰ ਤਖ਼ਤ ਸਾਹਿਬ ਵਲੋਂ ਸਿਰੋਪਾਓ ਭੇਂਟ ਕਰ ਕੇ ਟੋਰਦਾ ਹੈ। ਇਸ ਕਰ ਕੇ ਸਰਕਾਰ ਵੱਲੋਂ ਤਖ਼ਤ ਸਾਹਿਬ ਦੀ ਸੇਵਾ ਨਿਭਾ ਰਹੇ ਹਰ ਮੁਖ ਸੇਵਾਦਾਰ ਦੀ ਗ੍ਰਿਫ਼ਤਾਰੀ ਕੀਤੀ ਜਾਣੀ ਯਕੀਨੀ ਸੀ।

ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਗ੍ਰਿਫ਼ਤਾਰੀ ਨਾਲ ਸਰਕਾਰ ਨੇ ਸੋਚਿਆ ਸੀ ਕਿ ਹੁਣ ਜੈਤੋ ਵਾਸਤੇ ਜਥੇ ਜਾਣੇ ਬੰਦ ਹੋ ਜਾਣਗੇ ਜਾਂ ਛੋਟੇ ਹੋ ਜਾਣਗੇ ਪਰ ਕਮੇਟੀ ਨੇ ਇਸ ਦੇ ਉਲਟਾ ਜਵਾਬੇ-ਅਮਲ ਦਿੱਤਾ ਅਤੇ ਜੈਤੋ ਜਾਣ ਵਾਲੇ ਜਥਿਆਂ ਦੀ ਗਿਣਤੀ 25 ਤੋਂ ਵਧਾ ਕੇ 50 ਤੇ ਫਿਰ 100 ਕਰ ਦਿੱਤੀ।[23]

---

22. Akali Leaders' Case
23. ਵਧੇਰੇ ਤਫ਼ਸੀਲ ਲਈ ਪੜ੍ਹੋ: *Struggle for Freedom of Worship at Jaito* (ਨਵੀਂ ਐਡੀਸ਼ਨ 1998) ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?*

7 ਜਨਵਰੀ 1924 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਬਾਕੀ ਬਚੇ ਮੈਂਬਰਾਂ ਦੀ ਇਕ ਬੈਠਕ ਅਕਾਲ ਤਖ਼ਤ ਸਾਹਿਬ 'ਤੇ ਹੋ ਰਹੀ ਸੀ। ਤਕਰੀਬਨ 2 ਵਜੇ ਬਾਅਦ ਦੁਪਹਿਰ ਮਿਸਟਰ ਜਾਫ਼ਰੇ (ਐਸ.ਪੀ.), ਸੰਤ ਸਿੰਘ (ਡੀ.ਐਸ.ਪੀ.—ਸੀ.ਆਈ.ਡੀ.), ਬੇਅੰਤ ਸਿੰਘ (ਤਹਿਸੀਲਦਾਰ), ਸ਼ੇਖ਼ ਗ਼ੁਲਾਮ ਮੁਹੰਮਦ (ਐਡੀਸ਼ਨਲ ਜ਼ਿਲ੍ਹਾ ਮਜਿਸਟਰੇਟ) ਤੇ ਗੁਰਦਿਆਲ ਸਿੰਘ (ਮਜਿਸਟਰੇਟ ਦਰਜਾ ਅੱਵਲ) ਨੇ ਇਕ ਵੱਡੀ ਪੁਲੀਸ ਫ਼ੋਰਸ ਨਾਲ ਘੰਟਾ ਘਰ ਨੇੜਲੀ ਡਿਓਢੀ ਵੱਲੋਂ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ। ਉੱਥੇ ਹਾਜ਼ਿਰ ਸੰਗਤਾਂ ਨੇ ਪੁਲੀਸ ਨੂੰ ਰੋਕ ਲਿਆ। ਇਸ 'ਤੇ ਪੁਲੀਸ ਥੜ੍ਹਾ ਸਾਹਿਬ ਵਾਲੀ ਡਿਓਢੀ ਵਲ ਨੂੰ ਦੌੜੀ। ਉੱਥੇ ਵੀ ਸਿੱਖਾਂ ਦੀ ਇਕ ਸੰਘਣੀ ਦੀਵਾਰ ਨੇ ਉਨ੍ਹਾਂ ਨੂੰ ਜਾਣ ਤੋਂ ਰੋਕਿਆ। ਸਿੱਖ ਸੰਗਤਾਂ ਤੇ ਸੇਵਾਦਾਰਾਂ ਨੇ ਪੁਲੀਸ ਨੂੰ ਵਾਰਨਿੰਗ ਦਿੱਤੀ ਕਿ ਦਰਬਾਰ ਸਾਹਿਬ ਵਿਚ ਪੁਲੀਸ ਦਾ ਦਾਖ਼ਿਲਾ ਬੇਅਦਬੀ ਵਾਲੀ ਕਾਰਵਾਈ ਹੈ। ਪਰ ਪੁਲੀਸ ਅਫ਼ਸਰਾਂ ਨੇ ਇਸ ਵਾਰਨਿੰਗ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਕਿਹਾ ਕਿ ਉਹ ਪਾਬੰਦੀ-ਸ਼ੁਦਾ ਕਮੇਟੀ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਆਏ ਹਨ ਤੇ ਗ੍ਰਿਫ਼ਤਾਰ ਕਰ ਕੇ ਹੀ ਜਾਣਗੇ। ਇਹ ਕਸ਼ਮਕਸ਼ ਕਾਫ਼ੀ ਦੇਰ ਚਲਦੀ ਰਹੀ। ਉਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਊਧਮ ਸਿੰਘ ਨਾਗੋਕੇ ਸਨ। ਉਨ੍ਹਾਂ ਪੁਲੀਸ ਨੂੰ ਕਿਹਾ ਕਿ "ਤੁਸੀਂ ਅਕਾਲ ਤਖ਼ਤ ਸਾਹਿਬ ਵਿਖੇ ਦਾਖ਼ਿਲ ਨਹੀਂ ਹੋ ਸਕਦੇ। ਸਿਰਫ਼ ਰਹਿਤਧਾਰੀ ਸਿੱਖ ਹੀ ਉੱਥੇ ਜਾ ਸਕਦਾ ਹੈ।" ਦੋਵੇਂ ਧਿਰਾਂ ਬਜ਼ਿਦ ਸਨ। ਤਕਰੀਬਨ ਸਾਢੇ ਤਿੰਨ ਵਜੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮਿਸਟਰ ਪਕੱਲ, ਆਈ.ਜੀ. (ਸੀ.ਆਈ.ਡੀ.) ਮਿਸਟਰ ਕੋਕਸ ਵੀ ਆ ਗਏ। ਇਸ ਦੌਰਾਨ ਕੁਝ ਹਿੰਦੂ ਆਗੂ, ਜਿਨ੍ਹਾਂ ਵਿਚ ਦੀਨਾ ਲਾਲ, ਲਾਲਾ ਗਿਰਧਾਰੀ ਲਾਲ ਤੇ ਸਵਾਮੀ ਓਂਕਾਰ ਨਾਥ ਸ਼ਾਮਿਲ ਸਨ, ਵੀ ਉੱਥੇ ਪੁੱਜ ਗਏ। ਕੁਝ ਮਿੰਟਾਂ ਮਗਰੋਂ ਪ੍ਰੋ: ਜੋਧ ਸਿੰਘ ਅਕਾਲ ਤਖ਼ਤ ਸਾਹਿਬ ਤੋਂ ਥੱਲੇ ਉਤਰੇ ਅਤੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਤੁਸੀਂ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਜਾ ਸਕਦੇ। ਹਾਂ, ਜਿਸ-ਜਿਸ ਦਾ ਤੁਸੀਂ ਨਾਂ ਲਵੋ, ਉਹ ਉੱਥੋਂ ਆ ਕੇ ਆਪ ਗ੍ਰਿਫ਼ਤਾਰੀ ਦੇ ਦੇਵੇਗਾ। ਡੀ.ਸੀ. ਨੇ 62 ਅਕਾਲੀਆਂ ਦੀ ਲਿਸਟ ਦੇ ਦਿੱਤੀ। ਇਨ੍ਹਾਂ ਸਾਰਿਆਂ ਨੇ ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ।

ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਵਿਚ ਪੁਲੀਸ ਵਲੋਂ ਦਾਖ਼ਿਲ ਹੋਣ ਦੀ ਕੋਸ਼ਿਸ਼ ਕਰਨ ਦੀ ਹਰ ਪਾਸਿਓਂ ਮੁਜ਼ੰਮਤ (ਨਿੰਦਾ) ਹੋਈ। ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਇਸ ਬਾਰੇ ਇਕ ਹੁਕਮਨਾਮਾ ਵੀ ਜਾਰੀ ਕੀਤਾ। ਹੁਕਮਨਾਮਾ ਇੰਞ ਸੀ :

ਜੋ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰ ਧਰ ਤਲੀ ਗਲੀ ਮੇਰੀ ਆਉ ॥

ਹੁਕਮਨਾਮਾ ਅਕਾਲ ਤਖ਼ਤ ਸਾਹਿਬ

ਅਕਾਲ ਤਖ਼ਤ ਪਰ ਗੌਰਮਿੰਟ ਦਾ ਤਾਜ਼ਾ ਹਮਲਾ

ਸਿੱਖ ਧਰਮ ਤੇ ਅਸਹਿ ਵਾਰ

ਸਿੱਖੀ ਤੇ ਧਰਮ ਦੀ ਸ਼ਾਨ ਨੂੰ ਕਾਇਮ ਰਖਣ ਦਾ ਸਮਾਂ

ਪਿਆਰੇ ਖਾਲਸਾ ਜੀ! ਪੁਠੀਆਂ ਖਲਾਂ ਲੁਹਾਣੀਆਂ, ਚਰਖੜੀਆਂ ਤੇ ਚੜ੍ਹਨਾ, ਆਰਿਆਂ ਨਾਲ ਆਪਣੇ ਸਰੀਰਾਂ ਨੂੰ ਚਿਰਵਾ ਲੈਣਾ ਆਪ ਲਈ ਸੌਖਾ ਹੈ। ਮੱਸੇ ਰੰਘੜ ਤੇ ਅਹਿਮਦ ਸ਼ਾਹ ਦੁਰਾਨੀ ਦੀਆਂ ਬੇਅਦਬੀਆਂ ਇਤਿਹਾਸ ਆਪ ਨੂੰ ਦਸ ਰਿਹਾ ਹੈ। ਪੁਰਾਣੇ ਜ਼ਾਲਮਾਂ ਦੇ ਜ਼ੁਲਮ

ਨਾਸ ਕਰ ਕੇ ਤੁਹਾਡੇ ਦਿਲ ਸ਼ਾਂਤ ਹੋ ਚੁਕੇ ਹਨ। ਹੁਣ ਤੁਹਾਨੂੰ ਫਿਰ ਪ੍ਰੀਖਿਆ ਦੀ ਕਸਵਟੀ 'ਤੇ ਲਾਇਆ ਜਾ ਰਿਹਾ ਹੈ। ਨਾਨਕਾਣੇ ਸਾਹਿਬ ਦੇ ਸ਼ਹੀਦਾਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਭੱਠੀ ਵਿਚ ਸਾੜ ਕੇ ਕਬਾਬ ਕਰਨ ਦਾ ਸਮਾਂ ਵੀ ਆਪ ਦੀਆਂ ਅੱਖਾਂ ਅੱਗੋਂ ਲੰਘਿਆ ਹੈ। ਇਸੇ ਤਰ੍ਹਾਂ ਗੁਰੂ ਦੇ ਬਾਗ਼ ਵਿਚ ਅਤੇ ਮੁਲਤਾਨ ਤੇ ਅਟਕ ਆਦਿਕ ਜੇਲ੍ਹਾਂ ਵਿਚ ਦਿਲ ਹਿਲਾ ਦੇਣ ਵਾਲੇ ਅਤਿਆਚਾਰ ਵੀ ਆਪ ਦੇ ਸਿਰ ਤੋਂ ਲੰਘੇ ਹਨ। ਹੁਣ ਸਰਕਾਰ ਸਰੀਰਕ ਤਕਲੀਫ਼ਾਂ ਦੀ ਥਾਂ ਸਾਡੀ ਆਤਮਿਕ ਤੇ ਧਾਰਮਿਕ ਬਰਬਾਦੀ ਕਰਨ ਪਰ ਤੁਲ ਗਈ ਹੈ। ਗੁਰਦਵਾਰਾ ਗੰਗਸਰ ਰਿਆਸਤ ਨਾਭਾ ਵਿਚ ਅਖੰਡ ਪਾਠ ਬੰਦ ਕਰਨ ਦਾ ਜ਼ਖ਼ਮ ਤਾਜ਼ਾ ਹੀ ਹੈ ਕਿ 7 ਜਨਵਰੀ ਨੂੰ ਅੰਮ੍ਰਿਤਸਰ ਪੁਲਸ ਨੇ ਅਕਾਲ ਤਖ਼ਤ ਸਾਹਿਬ 'ਤੇ ਵਾਰ ਕਰ ਕੇ ਆਪ ਦੇ ਧਰਮ 'ਤੇ ਇਕ ਕਾਤਲਾਨਾ ਹਮਲਾ ਕੀਤਾ ਹੈ। ਦਰਬਾਰ ਸਾਹਿਬ ਜਿਸ ਦੀ ਪਵਿਤ੍ਰ ਪਰਕਰਮਾ ਨੂੰ ਸਤਿਗੁਰੂ ਨੇ ਆਪਣੇ ਪਵਿਤ੍ਰ ਕਰ ਕਮਲਾਂ ਨਾਲ ਝਾੜੂ ਫੇਰ ਕੇ ਸਾਫ਼ ਕੀਤਾ, ਜਿਸ ਧਰਤੀ ਨੂੰ ਸਿੱਖ ਸ਼ਹੀਦਾਂ ਨੇ ਆਪਣੇ ਲਹੂ ਨਾਲ ਰੰਗਿਆ ਹੋਵੇ, ਜਿਸ ਅਕਾਲ ਤਖ਼ਤ ਦੀ ਇਕ-ਇਕ ਇੱਟ ਪੁਕਾਰ-ਪੁਕਾਰ ਕੇ ਸ਼ਹੀਦਾਂ ਦੀ ਸ਼ਹਾਦਤ ਦੇ ਸੰਦੇਸ਼ ਦੇ ਰਹੀ ਹੋਵੇ, ਅਜਿਹੀ ਪਵਿੱਤਰ ਤੇ ਸਤਿਕਾਰ ਯੋਗ ਥਾਂ 'ਤੇ 7 ਜਨਵਰੀ ਨੂੰ ਪੁਲਸ ਨੇ ਵਰਦੀ ਸਮੇਤ ਬੰਦੂਕਾਂ ਦੀ ਨੁਮਾਇਸ਼ ਤੇ ਸਰਕਾਰੀ ਰੁਹਬ ਵਿਖਾਏ। ਇਤਨੇ ਹੀ ਬਸ ਨਹੀਂ ਬਲਕਿ ਕਈ ਸੀਨਾਜ਼ੋਰ ਪੁਲਸ ਦੇ ਨੌਕਰਾਂ ਦਾ ਅਗੇ ਵੱਧ ਕੇ ਅਕਾਲ ਤਖ਼ਤ ਉਪਰ ਜਾਣ ਦਾ ਜਤਨ ਕਰਨਾ ਅਤੇ ਅਕਾਲ ਤਖ਼ਤ ਦੇ ਉਪਰੋਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਪਰ ਜ਼ੋਰ ਦੇਣਾ ਸਿੱਖ ਧਰਮ ਲਈ ਮੌਤ ਦਾ ਸੰਦੇਸ਼ ਹੈ। ਪੁਲੀਸ ਨੇ ਇਸ ਸੀਨਾ-ਜ਼ੋਰੀ ਨਾਲ ਪੁਰਾਣੀ ਸਿੱਖ ਇਤਿਹਾਸਕ ਮਰਿਆਦਾ ਨੂੰ ਤੋੜਿਆ ਤੇ ਸਿੱਖ ਧਰਮ ਦੀ ਸਖ਼ਤ ਨਿਰਾਦਰੀ ਕੀਤੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਤੇ ਸਤਿਗੁਰੂ ਰਾਮ ਦਾਸ ਜੀ ਦੇ ਘਰ ਦੀ ਇਸ ਬੇਅਦਬੀ ਨੂੰ ਸਹਾਰਨਾ ਬਹੁਤ ਕਠਿਨ ਹੈ। ਆਪਣੇ ਸਰੀਰ ਦੇ ਟੋਟੇ ਕਰਵਾ ਦੇਣੇ ਸਾਡੇ ਲਈ ਸੌਖੇ ਹਨ, ਪਰ ਧਰਮ ਦਾ ਕਤਲ ਅਸੀਂ ਅੱਖਾਂ ਨਾਲ ਨਹੀਂ ਸਹਾਰ ਸਕਦੇ। ਪੁਲਸ ਨੇ ਇਹ ਕਾਰਵਾਹੀ ਕਰ ਕੇ ਅਮਨ ਨੂੰ ਭੰਗ ਕਰਨ੍ਹ ਦਾ ਪੂਰਾ ਜ਼ੋਰ ਲਗਾਇਆ ਹੈ। ਅਕਾਲੀ ਸੇਵਾਦਾਰਾਂ ਨੇ ਪੰਥ ਦਾ ਹੁਕਮ ਮੰਨਦਿਆਂ ਸ਼ਾਂਤਮਈ ਅਸੂਲ ਨੂੰ ਮੁਖ ਰਖਦੇ ਹੋਏ ਆਪਣੇ ਛਾਤੀ 'ਤੇ ਪੱਥਰ ਰੱਖ ਕੇ ਸਮੇਂ ਨੂੰ ਗੁਜ਼ਾਰਿਆ ਹੈ। ਹੁਣ ਸਰਕਾਰ ਨੂੰ ਇਹ ਦਸ ਦਿੱਤਾ ਜਾਂਦਾ ਹੈ ਕਿ ਇਸ ਤਰ੍ਹਾਂ ਧਰਮ ਦਾ ਕਤਲ ਨਹੀਂ ਸਹਾਰਿਆ ਜਾ ਸਕਦਾ, ਜੇ ਕਰ ਅਗੋਂ ਲਈ ਕਦੀ ਇਸ ਤਰ੍ਹਾਂ ਹੋਇਆ ਅਤੇ ਕੋਈ ਸਿੱਖ ਨਾ ਸਹਾਰ ਕੇ ਸ਼ਾਂਤ ਨਾ ਰਹਿ ਸਕਿਆ ਤਾਂ ਇਸ ਸਾਰੀ ਬਦ-ਅਮਨੀ ਦੀ ਜ਼ਿੰਮੇਵਾਰੀ ਸਰਕਾਰ ਦੇ ਆਪਣੇ ਸਿਰ ਹੋਵੇਗੀ।

ਗੁਰੂ ਪਿਆਰੇ ਅਕਾਲ ਤਖ਼ਤ ਦੀ ਇਜ਼ਤ ਨੂੰ ਕਾਇਮ ਰੱਖਣ ਲਈ ਸਿੱਖ ਆਪਣੇ ਸਿਰ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਿਣ। **ਅਕਾਲ ਤਖ਼ਤ ਦੀ ਬੇਅਦਬੀ ਨੂੰ ਚੁਪ ਕਰ ਕੇ ਸਹਾਰ ਲੈਣਾ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਦੇਣਾ ਹੈ।** ਉਸ ਸਰਕਾਰੀ ਨੌਕਰ ਸਿੱਖ ਪਰ ਸਖ਼ਤ ਅਫ਼ਸੋਸ ਹੈ, ਜਿਸ ਨੇ ਨਾਲ ਹੋ ਕੇ ਇਹ ਕੰਮ ਕਰਾਇਆ ਹੈ। ਹਰੇਕ ਰਾਜੇ ਤੇ ਫ਼ਕੀਰ, ਛੋਟੇ ਤੇ ਵੱਡੇ ਸਿੱਖ, ਨੂੰ ਸੋਚਣਾ ਚਾਹੀਦਾ ਹੈ ਕਿ ਅਕਾਲ ਤਖ਼ਤ ਦੇ ਸਤਿਕਾਰ ਦਾ ਭੰਗ ਹੋਣਾ ਉਨ੍ਹਾਂ ਦੀ ਇਜ਼ਤ, ਅਣਖ ਤੇ ਈਮਾਨ ਦਾ ਕਤਲ ਹੈ। ਸਰਕਾਰੀ ਹਾਕਮਾਂ ਨੇ ਇਸ ਭੁਲ ਨਾਲ ਆਪਣੀ ਗਿਰੀ ਹੋਈ ਸ਼ਰਾਫ਼ਤ, ਸਮਝ ਤੇ ਦੂਰ-ਅੰਦੇਸ਼ੀ ਦਾ ਦਿਵਾਲਾ ਕੱਢ ਦਿੱਤਾ। ਸਰਕਾਰ 'ਤੇ ਸਾਰੀ ਦੁਨੀਆਂ 'ਤੇ ਡੰਕੇ ਦੀ ਚੋਟ ਨਾਲ ਪ੍ਰਗਟ ਕੀਤਾ ਜਾਂਦਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਸਹਾਰਨੀ ਸਿੱਖਾਂ ਲਈ ਅਸੰਭਵ ਹੈ। ਹਰੇਕ ਸਿੱਖ ਬੱਚੇ ਦਾ ਤਨ, ਮਨ, ਧਨ ਅਕਾਲ ਤਖ਼ਤ 'ਤੇ ਕੁਰਬਾਨ ਹੈ, ਸਰਕਾਰੀ ਨੌਕਰ ਅਗੋਂ ਲਈ ਅਜਿਹਾ ਕੁਕਰਮ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਲੈਣ ਕਿ ਅਮਨ ਭੰਗ ਹੋਣ ਦਾ ਭਾਰ ਉਨ੍ਹਾਂ ਸਿਰ ਹੋਵੇਗਾ ਅਤੇ ਉਹ ਸਿੱਖ ਧਰਮ ਦੇ ਸੀਨੇ 'ਤੇ ਘਾਤਕ ਵਾਰ ਕਰਨ ਲਗੇ ਹਨ।"[24]

---

24. ਪ੍ਰਤਾਪ ਸਿੰਘ, *ਅਕਾਲੀ ਲਹਿਰ*, ਸਫ਼ਾ 358-60.

ਜੈਤੋ ਨੂੰ ਸ਼ਹੀਦੀ ਜਥਾ

7 ਜਨਵਰੀ 1924 ਦੇ ਦਿਨ ਸ਼੍ਰੋਮਣੀ ਕਮੇਟੀ ਨੇ 62 ਆਗੂਆਂ ਦੀ ਗ੍ਰਿਫ਼ਤਾਰੀਆਂ ਕਰ ਲੈਣ ਮਗਰੋਂ ਸਰਕਾਰ ਇਹ ਸਮਝਦੀ ਸੀ ਕਿ ਹੁਣ ਗੁਰਦੁਆਰਾ ਸੁਧਾਰ ਲਹਿਰ ਦਾ ਕੋਈ ਵੀ ਸੀਨੀਅਰ ਆਗੂ ਬਾਹਰ ਨਹੀਂ ਰਿਹਾ। 13 ਅਕਤੂਬਰ 1923 ਦੇ ਦਿਨ ਸਰਕਾਰ 59 ਸਿਰਕਰਦਾ ਆਗੂਆਂ ਨੂੰ ਪਹਿਲੋਂ ਹੀ ਗ੍ਰਿਫ਼ਤਾਰ ਕਰ ਚੁੱਕੀ ਸੀ। ਸੋ, 121 ਸੀਨੀਅਰ ਅਕਾਲੀ ਆਗੂਆਂ ਦੀ ਗ੍ਰਿਫ਼ਤਾਰੀ ਮਗਰੋਂ ਆਮ ਲੋਕਾਂ ਨੂੰ ਵੀ ਇਹ ਜਾਪਦਾ ਸੀ ਕਿ ਹੁਣ ਗੁਰਦੁਆਰਾ ਸੁਧਾਰ ਲਹਿਰ ਜਾਂ ਤਾਂ ਜ਼ਿੰਦਾ ਨਹੀਂ ਰਹਿ ਸਕੇਗੀ ਤੇ ਜਾਂ ਇਸ ਵਿਚ ਖੜੋਤ ਆ ਜਾਵੇਗੀ। ਪਰ ਇਹ ਮਹਿਜ਼ ਇਕ ਵਹਿਮ ਹੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਮੈਂਬਰ ਆਪਣੇ ਆਪ ਵਿਚ ਇਕ ਸੰਜੀਦਾ ਆਗੂ ਵੀ ਸੀ ਤੇ ਕੌਮੀ ਪੱਖ ਤੋਂ ਪੂਰੀ ਤਰ੍ਹਾਂ ਜ਼ਿੰਮੇਦਾਰ ਸੀ। ਸਰਕਾਰ ਦਾ ਭਰਮ ਤੋੜਨ ਵਾਸਤੇ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਮੋਰਚਾ ਵਧੇਰੇ ਜ਼ੋਰ-ਸ਼ੋਰ ਨਾਲ ਚਲਾਇਆ ਜਾਏਗਾ। ਕਮੇਟੀ ਨੇ 9 ਫ਼ਰਵਰੀ 1924 ਨੂੰ 500 ਸਿੰਘਾਂ ਦਾ ਇਕ ਸ਼ਹੀਦੀ ਜਥਾ ਜੈਤੋ ਜਾ ਕੇ ਅਖੰਡ ਪਾਠ ਸ਼ੁਰੂ ਕਰਨ ਵਾਸਤੇ ਭੇਜਣ ਦਾ ਐਲਾਨ ਕਰ ਦਿੱਤਾ। ਇਹ ਜਥਾ 9 ਫ਼ਰਵਰੀ ਨੂੰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਰਵਾਨਾ ਹੋਣ ਮਗਰੋਂ ਪੈਦਲ ਚੱਲ ਕੇ, ਪੜਾਅ ਵਾਰ ਪ੍ਰਚਾਰ ਕਰਦਿਆਂ, 21 ਫ਼ਰਵਰੀ ਦੇ ਦਿਨ ਗੁਰਦੁਆਰਾ ਗੰਗਸਰ ਜੈਤੋ ਪਹੁੰਚਣਾ ਸੀ।

ਇਸ ਸਬੰਧੀ ਜਨਵਰੀ 1924 ਦੇ ਅਖ਼ੀਰ ਜਾਂ ਫ਼ਰਵਰੀ ਦੇ ਸ਼ੁਰੂ ਵਿਚ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੇ ਨਾਂ ਇਹ ਪੈਗ਼ਾਮ ਜਾਰੀ ਕੀਤਾ ਗਿਆ ਸੀ:

"ਖਾਲਸਾ ਜੀ! ਆਪ ਨੂੰ ਪਤਾ ਹੈ ਪਿਛਲੇ ਅਗਸਤ ਮਹੀਨੇ ਦੇ ਅਖ਼ੀਰ ਤੋਂ ਨਾਭੇ ਦੀ ਅੰਗਰੇਜ਼ ਹਕੂਮਤ ਨੇ ਗੁਰਦੁਆਰਾ ਗੰਗਸਰ ਸਾਹਿਬ ਦੀ ਯਾਤਰਾ ਬੰਦ ਕੀਤੀ ਹੋਈ ਹੈ ਅਤੇ 14 ਸਿਤੰਬਰ ਵਾਲੇ ਦਿਨ ਉਸ ਦੇ ਅਫ਼ਸਰਾਂ ਨੇ ਗੁਰਦਿਆਲ ਸਿੰਘ ਦੇ ਹੁਕਮ ਨਾਲ ਘੋਰ ਪਾਪ ਅਤੇ ਅਤਿਆਚਾਰ ਕੀਤਾ ਸੀ। ਉਸ ਦਿਨ ਗੁਰਦੁਆਰੇ ਦੇ ਬਾਹਰ ਦੀਵਾਨ ਵਿਚ ਅਖੰਡ ਦੇ ਭੋਗ ਸਨ, ਉਹਨਾਂ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਨਾ ਜਾਣ ਦਿੱਤੀ। ਜਿਸ ਕਰ ਕੇ ਭੋਗ ਵਿਚ ਭੰਗ ਪਿਆ। ਕੜਾਹ ਪ੍ਰਸ਼ਾਦਿ ਦੀ ਬੰਦਸ਼ ਹੋਣ ਕਰ ਕੇ ਅਤੇ ਦੀਵਾਨ ਦੇ ਚੌਗਿਰਦੇ ਪੁਲੀਸ ਅਤੇ ਫ਼ੌਜ ਦੇ ਸਖ਼ਤ ਘੇਰੇ ਦੇ ਕਾਰਨ ਦੋ ਦਿਨ ਅੰਨ-ਜਲ ਉੱਕਾ ਹੀ ਨਾ ਮਿਲਣ ਕਰ ਕੇ ਪਾਠੀ ਫੇਰ ਅਖੰਡ ਪਾਠ ਕਰਨੋਂ ਅਸਮਰਥ ਹੋ ਗਏ ਅਤੇ ਗੁਰਦੁਆਰੇ ਦੇ ਅੰਦਰਲੀ ਸੰਗਤ ਨੂੰ ਅਖੰਡ ਪਾਠ ਆਰੰਭ ਕਰਨਾ ਪਿਆ।

ਏਥੇ ਹੀ ਬਸ ਨਹੀਂ, ਉਹਨਾਂ ਨਿਰਦਈਆਂ ਨੇ ਗੁਰਦੁਆਰੇ ਦੇ ਬਾਹਰ ਦੀਵਾਨ ਵਿਚੋਂ ਜੁੜੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰੋਂ ਗ੍ਰਿਫ਼ਤਾਰ ਕੀਤਾ। ਫੇਰ ਗੁਰਦੁਆਰੇ ਦੇ ਅੰਦਰ ਅਖੰਡ ਪਾਠ ਸਰਵਣ ਕਰਦੀ ਹੋਈ ਸੰਗਤ ਨੂੰ ਅਤੇ ਮਹਾਰਾਜ ਦੇ ਚਰਨਾਂ ਵਿਚ ਬੈਠੇ ਪਾਠੀਆਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਪਾਠੀ ਨੂੰ ਭੀ ਬਾਹੋਂ ਫੜ ਕੇ ਧਰੀਕ ਕੇ ਗ੍ਰਿਫ਼ਤਾਰ ਕਰ ਲਿਆ ਅਤੇ ਇਸ ਤਰ੍ਹਾਂ ਸੰਗਤ ਦੇ ਆਰੰਭ ਕੀਤੇ ਹੋਏ ਅਖੰਡ ਪਾਠ ਨੂੰ ਬੰਦ ਕੀਤਾ। ਇਹ ਗੁਰੂ ਗ੍ਰੰਥ ਸਾਹਿਬ ਦੀ ਸਖ਼ਤ ਹੱਤਕ ਸੀ ਅਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਧਾਰਮਿਕ ਜਜ਼ਬਾਤ ਉੱਤੇ ਇਕ ਕਰੜੀ ਸੱਟ ਸੀ। ਖਾਲਸਾ ਇਸ ਧਾਰਮਿਕ ਹੱਤਕ ਅਤੇ ਇਸ ਹਮਲੇ ਨੂੰ ਕਦੇ ਚੁਪ ਕਰ ਕੇ ਨਹੀਂ ਪੀ ਸਕਦਾ। ਅਗਲੇ ਦਿਨ 15 ਸਿਤੰਬਰ ਤੋਂ ਹੀ ਸੰਗਤਾਂ ਵਹੀਰਾ ਪਾ ਕੇ ਜੈਤੋ ਪੁੱਜਣ ਲੱਗ ਪਈਆਂ ਤਾਂ ਕਿ ਗੁਰਦੁਆਰਾ ਦੀ ਯਾਤਰਾ ਕਰਨ ਅਤੇ ਬੰਦ ਹੋਏ ਅਖੰਡ ਪਾਠ ਮੁੜ ਸ਼ੁਰੂ ਕਰਨ। ਅੱਜ ਤਕ ਬਰਾਬਰ ਰੋਜ਼ ਸੰਗਤਾਂ ਇਸੇ ਮਤਲਬ ਲਈ ਜੈਤੋ ਪੁਜਦੀਆਂ ਹਨ। ਪੰਜ ਮਹੀਨੇ ਹੋਣ ਲੱਗੇ ਹਨ ਅਤੇ ਚਾਰ ਹਜ਼ਾਰ ਦੇ ਲਗਭਗ ਸਿੰਘ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋ ਚੁੱਕੇ ਹਨ

ਅਤੇ ਅਨੇਕਾਂ ਤਰ੍ਹਾਂ ਦੇ ਕਸ਼ਟ ਸਹਾਰ ਚੁੱਕੇ ਹਨ, ਪਰ ਨਿਰਦਈ ਸਰਕਾਰ ਉੱਤੇ ਕੁਝ ਅਸਰ ਨਹੀਂ ਹੋਇਆ। ਗੁਰਦੁਆਰੇ ਦੀ ਯਾਤਰਾ ਉਸੇ ਤਰ੍ਹਾਂ ਬੰਦ ਹੈ ਅਤੇ ਅਖੰਡ ਪਾਠ ਸੰਗਤਾਂ ਜਾਰੀ ਨਹੀਂ ਕਰ ਸਕੀਆਂ। ਸਿੱਖਾਂ ਦੇ ਦਿਲਾਂ ਵਿਚ ਦਰਦ ਵਧ ਰਿਹਾ ਹੈ। ਗੁਰਦਵਾਰਾ ਗੰਗਸਰ ਸਾਹਿਬ ਦੀ ਪਵਿੱਤਰ ਭੂਮੀ ਵੰਗਾਰ ਰਹੀ ਹੈ ਕਿ ਨਿਤਰੋ, ਧਰਮ ਦੀ ਹਾਨੀ ਦੂਰ ਕਰੋ, ਨਹੀਂ ਤਾਂ ਜੀਵਨ ਧਰਿਗ ਹੈ, ਸੋ ਖਾਲਸਾ ਜੀ!

ਜੇ ਕਿਛ ਕਰਹਿ ਸੋਈ ਅਬਿਸਾਰੁ, ਫਿਰ ਪਛਤਾਹੁ ਨ ਪਾਵਹੁ ਪਾਰ।

ਇਸ ਲਈ ਹੁਣ ਪੰਥ ਦੀ ਆਸ਼ਾ ਨੂੰ ਸੰਪੂਰਨ ਕਰਨ ਲਈ ਫ਼ੈਸਲਾ ਕੀਤਾ ਗਿਆ ਹੈ ਕਿ 9 ਫ਼ਰਵਰੀ 1924 ਮੁਤਾਬਿਕ 27 ਮਾਘ ਸ਼ਨੀਵਾਰ ਵਾਲੇ ਦਿਨ 500 ਸਿੰਘਾਂ ਦੀ ਸੰਗਤ ਅਕਾਲ ਤਖ਼ਤ ਸਾਹਿਬ ਦੇ ਹਜ਼ੂਰੋਂ ਅਰਦਾਸਾ ਸੋਧ ਕੇ ਪੈਦਲ ਜਾਵੇ।

ਇਸ ਸੰਗਤ ਦਾ ਮੰਤਵ ਕੇਵਲ ਗੁਰਦੁਆਰਾ ਸਾਹਿਬ ਦੀ ਯਾਤਰਾ ਕਰਨਾ ਅਤੇ ਉੱਥੇ ਬੰਦ ਹੋਏ ਅਖੰਡ ਪਾਠ ਨੂੰ ਆਰੰਭ ਕਰਨਾ ਹੋਵੇਗਾ। ਇਸ ਦਾ ਪ੍ਰਣ ਹੋਵੇਗਾ ਕਿ ਬਿਨਾਂ ਯਾਤਰਾ ਕੀਤੇ ਅਤੇ ਅਖੰਡ ਪਾਠ ਕੀਤੇ ਨਹੀਂ ਮੁੜਨਾ, ਅਤੇ ਦੁਖ, ਭੁਖ, ਕੈਦ, ਮੌਤ ਤੱਕ ਜੋ ਭੀ ਕਸ਼ਟ ਇਸ ਸੇਵਾ ਦੇ ਕਰਦਿਆਂ ਹੋਇਆਂ ਝਲਣੇ ਪੈਣ ਉਹਨਾਂ ਨੂੰ ਖ਼ੁਸ਼ੀ ਨਾਲ ਅਤੇ ਪੂਰਨ ਸ਼ਾਂਤਮਈ ਰਹਿੰਦਿਆਂ ਹੋਇਆਂ ਸਹਾਰਨਾ। ਤੋੜ ਗੁਰਦਵਾਰਾ ਗੰਗਸਰ ਸਾਹਿਬ ਕੇਵਲ ਉਹੀ ਪ੍ਰਾਣਧਾਰੀ ਜਾਣਗੇ, ਜੋ ਅਕਾਲ ਤਖ਼ਤ ਸਾਹਿਬ ਦੇ ਹਜ਼ੂਰੋਂ ਅਰਦਾਸਾ ਸੋਧ ਕੇ ਚਲੇ ਹੋਣਗੇ।

—ਊਧਮ ਸਿੰਘ ਨਾਗੋਕੇ[25]

ਇਸ ਐਲਾਨ ਤੋਂ ਮਗਰੋਂ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ 8 ਫ਼ਰਵਰੀ ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਪਰ, ਇਸ ਦੇ ਬਾਵਜੂਦ ਐਲਾਨ ਮੂਜਬ ਜੈਤੋ ਨੂੰ ਜਾਣ ਵਾਲਾ 500 ਸਿੰਘਾਂ ਦਾ ਪਹਿਲਾ ਸ਼ਹੀਦੀ ਜਥਾ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚਲਿਆ। ਇਸ ਵੇਲੇ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਸਨ। ਜਥੇ ਨੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ ਤੇ ਅਰਦਾਸ ਕੀਤੀ। ਜਥੇਦਾਰ ਅੱਛਰ ਸਿੰਘ ਨੇ ਜਥੇ ਵਾਸਤੇ ਅਰਦਾਸ ਕੀਤੀ ਅਤੇ ਟੁਰਨ ਤੋਂ ਪਹਿਲਾਂ ਪੁਰ-ਅਮਨ ਰਹਿਣ ਦੀ ਤਾਕੀਦ ਕੀਤੀ। ਉਨ੍ਹਾਂ ਨੇ ਜਥੇ ਦੇ ਸਿੰਘਾਂ ਨੂੰ ਇਸ ਸਬੰਧੀ ਇਕ ਹੁਕਮਨਾਮਾ ਵੀ ਜਾਰੀ ਕੀਤਾ:

ਕਬੀਰ ਜੌ ਤੋਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥
ਖੇਲਤ ਖੇਲਤ ਹਾਲਿ ਕਰਿ ਜੋ ਕਿਛੁ ਹੋਇ ਤ ਹੋਇ॥

ਪਿਆਰੇ ਖਾਲਸਾ ਜੀ! ਆਪ ਦੇ ਧਰਮ ਦੀ ਆਤਮਾ ਗੁਰਬਾਣੀ ਹੈ। ਬਾਣੀ ਦਾ ਜਹਾਜ਼ ਗੁਰੂ ਗ੍ਰੰਥ ਸਾਹਿਬ ਜੀ ਹਨ। ਸੱਚੇ ਸ਼ਰਧਾਲੂ ਸਿੱਖ ਲਈ ਗੁਰੂ ਗ੍ਰੰਥ ਸਾਹਿਬ, ਸਤਿਗੁਰੂ ਦੀ ਜੋਤ ਤੇ ਸੰਪੂਰਨ ਗਿਆਨ ਦਾ ਸੂਰਜ ਹਨ। ਸਿੱਖੀ ਦੀ ਰੂਹ, ਸਿੱਖਾਂ ਦਾ ਮਜ਼ਹਬ, ਸਿੱਖਾਂ ਦੀ ਬਹਾਦਰੀ, ਸਿੱਖਾਂ ਦੀ ਇਜ਼ਤ ਤੇ ਸਿੱਖਾਂ ਲਈ ਅੰਮ੍ਰਿਤ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਜੀ ਹਨ।

ਜੈਤੋ ਵਿਚ ਅਖੰਡ ਪਾਠ ਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ 'ਤੇ ਹਮਲਾ ਕਰ ਕੇ, ਗੁਰਦੁਆਰਾ ਗੰਗਸਰ ਦੀ ਯਾਤਰਾ ਬੰਦ ਕਰ ਕੇ, ਸਿੱਖਾਂ ਦੇ ਸੀਨਿਆਂ ਵਿਚ ਖੰਜਰ ਘੋਪ ਦਿੱਤਾ ਗਿਆ ਹੈ। ਇਕ ਸਿੱਖ ਦੇ ਸੀਨੇ ਵਿਚ ਜਦ ਤਕ ਦਿਲ ਮੌਜੂਦ ਹੈ, ਉਸ ਤੋਂ ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਗੁਰਦੁਆਰੇ ਦੀ ਯਾਤਰਾ ਬੰਦ ਕਰਨੀ ਤੇ ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਕਰਨੀ ਸਾਡੇ ਬਜ਼ੁਰਗਾਂ ਦੇ ਸ਼ਹੀਦੀ ਖ਼ੂਨ ਨੂੰ ਮਿੱਟੀ ਵਿਚ ਮਿਲਾਣਾ ਹੈ। ਪੰਜ ਮਹੀਨਿਆਂ ਦਾ ਸਮਾਂ ਹੋ ਚਲਿਆ ਹੈ ਕਿ ਸਿੱਖ ਪੰਥ ਤੜਪ ਰਿਹਾ ਹੈ। ਹਜ਼ਾਰਾਂ ਸਿੰਘ ਸਤਿਗੁਰੂ

---

25. ਗਿਆਨ ਤਰਲੋਕ ਸਿੰਘ, *ਵਰਤਮਾਨ ਸਿੱਖ ਇਤਿਹਾਸ*, ਜਿਲਦ 6, ਸਫ਼ੇ 237-39; *ਰੋਜ਼ਾਨਾ ਅਕਾਲੀ ਤੇ ਪਰਦੇਸੀ*, 2 ਫ਼ਰਵਰੀ 1924; ਪ੍ਰਤਾਪ ਸਿੰਘ, *ਅਕਾਲੀ ਲਹਿਰ*, ਸਫ਼ਾ 366.

ਦੇ ਪ੍ਰਵਾਨੇ ਆਪਣੀ ਜਾਨ ਵਾਰਨ ਲਈ ਗਏ। ਉਨ੍ਹਾਂ ਦਾ ਮੰਤਵ ਗੁਰਦੁਆਰੇ ਦੀ ਯਾਤਰਾ ਕਰਨਾ ਸੀ। ਪਰ ਹੁਣ ਤਕ ਇਸ ਮੰਤਵ ਵਿਚ ਕਾਮਯਾਬੀ ਹਾਸਿਲ ਨਹੀਂ ਹੋਈ। ਇਸ ਲਈ ਸਿੱਖ ਪੰਥ ਦੇ ਸੀਨੇ ਵਿਚ ਦਿਨੋ ਦਿਨ ਦਰਦ ਵੱਧ ਰਿਹਾ ਹੈ। ਹੁਣ ਮੌਕਾ ਆ ਗਿਆ ਹੈ ਕਿ ਪੂਰਨ ਸ਼ਾਂਤਮਈ ਰਹਿੰਦੇ ਹੋਏ ਸਤਿਗੁਰੂ ਦੀ ਇੱਜ਼ਤ ਤੇ ਯਾਤਰਾ ਦੀ ਆਜ਼ਾਦੀ ਲਈ ਸੱਚੇ ਦਿਲ ਨਾਲ ਆਪਣੇ ਤਨ ਮਨ ਧਨ ਨੂੰ ਕੁਰਬਾਨ ਕਰ ਦਿੱਤਾ ਜਾਵੇ।

ਆਪ ਨੂੰ ਸਤਿਗੁਰੂ ਅਰਜਨ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀਦਾਸ, ਭਾਈ ਮਨੀ ਸਿੰਘ ਜੀ ਦੇ ਸ਼ਾਂਤਮਈ ਸ਼ਹੀਦੀਆਂ ਦੀ ਯਾਦ ਦਿਵਾ ਕੇ ਜੈਤੋ ਨੂੰ ਭੇਜਿਆ ਜਾਂਦਾ ਹੈ। ਆਪ ਪੰਜ ਸੌ ਸੂਰਬੀਰਾਂ ਦੇ ਸਿਰ ਪਰ ਕਲਗੀਧਰ ਪਿਤਾ ਤੇ ਮਾਤਾ ਸਾਹਿਬ ਕੌਰ ਦਾ ਹੱਥ ਹੈ। ਆਪ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਕਹਿ ਕੇ ਭੇਜਦਾ ਹਾਂ:

ਦਾਗੇ ਹੋਹਿ ਸੁ ਰਨੁ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ।

ਆਪ ਸ਼ਾਂਤਮਈ ਕੁਰਬਾਨੀ ਦਾ ਬੀੜਾ ਉਠ ਕੇ ਰਵਾਨਾ ਹੁੰਦੇ ਹੋ। ਅਖੰਡ ਪਾਠ ਨੂੰ ਨਵੇਂ ਸਿਰਿਉਂ ਜਾਰੀ ਕਰ ਕੇ ਪੰਥ ਦੇ ਸੀਨੇ ਵਿੱਚੋਂ ਜ਼ਹਿਰੀਲਾ ਖੰਜਰ ਕੱਢ ਦਿਓ। ਗੁਰੂ ਸਾਹਿਬ ਦੀ ਨਿਰਾਦਰੀ ਨੂੰ ਦੂਰ ਕਰ ਕੇ ਸਿੱਖਾਂ ਦੇ ਜ਼ਖ਼ਮੀ ਸੀਨਿਆਂ 'ਤੇ ਮਰਮ ਲਾਓ ਜਾਂ ਇਹ ਕਹਿੰਦੇ ਹੋਏ ਆਪਣੇ ਸੀਸ ਭੇਟ ਕਰ ਦਿਓ ਕਿ 'ਐ ਕਲਗ਼ੀਧਰ ਸਤਿਗੁਰੂ! ਅਸੀਂ ਤੇਰੇ ਪਵਿੱਤਰ ਨਾਮ 'ਤੇ ਆਪਣਾ ਸਿਰ ਭੇਟਾ ਕਰਦੇ ਹਾਂ। ਹੁਣ ਪੰਥ ਦੀ ਇੱਜ਼ਤ ਆਪ ਦੇ ਹੱਥ ਵਿਚ ਹੈ।'

ਪਿਆਰੇ ਖਾਲਸਾ ਜੀ! ਆਪ 'ਤੇ ਡੰਡੇ ਵਰਨ, ਗੋਲੀ ਚਲੇ, ਜੇਲ੍ਹ ਹੋਵੇ ਜਾਂ ਫ਼ਾਂਸੀ ਮਿਲੇ, ਹਰ ਤਰ੍ਹਾਂ ਦੇ ਜ਼ੁਲਮ ਜਾਂ ਜਬਰ ਨਾਲ ਜਿਵੇਂ ਆਪ ਦੀ ਪ੍ਰੀਖਿਆ ਹੋਵੇ, ਆਪ ਨੂੰ ਹਰ ਹਾਲਤ ਵਿਚ ਸ਼ਾਂਤਮਈ ਰਹਿਣਾ ਹੋਵੇਗਾ। ਜਿਸ ਤਰ੍ਹਾਂ ਐਲਾਨ ਵਿਚ ਪਹਿਲੇ ਦਸ ਦਿੱਤਾ ਗਿਆ ਹੈ ਕਿ ਆਪ ਦਾ ਮਕਸਦ ਸਿਰਫ਼ ਗੁਰਦੁਆਰਾ ਗੰਗਸਰ ਦੀ ਯਾਤਰਾ ਤੇ ਅਖੰਡ ਪਾਠ ਨੂੰ ਨਵੇਂ ਸਿਰਿਉਂ ਜਾਰੀ ਕਰਨਾ ਹੈ। ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ ਆਪਣੀ ਆਖ਼ਰੀ ਮੰਜ਼ਿਲ ਤਕ ਪਵਿੱਤਰ ਗੁਰਬਾਨੀ ਦਾ ਅੰਮ੍ਰਿਤ ਪਾਨ ਕਰਨਾ। ਆਪਣੇ ਮਨ ਜਾਂ ਵਚਨ ਦੁਆਰਾ ਕਿਸੇ ਦੀ ਬੁਰਿਆਈ ਆਪਣੇ ਦਿਲ ਵਿਚ ਨਾ ਆਵੇ।

(ਨੋਟ: ਇਹ ਪੈਗ਼ਾਮ (ਹੁਕਮਨਾਮਾ ?) ਜਥੇਦਾਰ ਅੱਛਰ ਸਿੰਘ ਜੀ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਸੁਣਾਇਆ ਗਿਆ ਸੀ। ਉਹ ਉਸੇ ਦਿਨ ਹੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਬਣੇ ਸਨ।)

ਜੈਤੋ 'ਚ ਸ਼ਹੀਦੀ ਜਥੇ 'ਤੇ ਗੋਲੀਆਂ ਦਾ ਮੀਂਹ

500 ਸਿੰਘਾਂ ਦਾ ਇਹ ਸ਼ਹੀਦੀ ਜਥਾ 21 ਫ਼ਰਵਰੀ 1924 ਦੇ ਦਿਨ ਨਾਭਾ ਰਿਆਸਤ ਵਿਚ ਦਾਖ਼ਿਲ ਹੋਇਆ। ਜਦੋਂ ਜਥਾ ਗੁਰਦੁਆਰਾ ਗੰਗਸਰ ਵੱਲ ਟੁਰਿਆ ਤਾਂ ਅੰਗਰੇਜ਼ੀ ਫ਼ੌਜ ਨੇ ਐਡਮਨਿਸਟਰੇਟਰ ਵਿਲਸਨ, ਮਿਸਟਰ ਗਰੀਕਸਨ, ਨੱਥੂ ਰਾਮ, ਕਰਨਲ ਬਚਨ ਤੇ ਗੁਰਦਿਆਲ ਸਿੰਘ ਦੇ ਹੁਕਮਾਂ 'ਤੇ ਜਥੇ 'ਤੇ ਗੋਲੀਆਂ ਦੀ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਇਸ ਲਗਾਤਾਰ ਗੋਲੀ ਨਾਲ ਕਰੀਬ 100 ਸਿੰਘ ਸ਼ਹੀਦ ਹੋ ਗਏ ਅਤੇ 200 ਦੇ ਕਰੀਬ ਜ਼ਖ਼ਮੀ ਹੋਏ। ਸ਼ਹੀਦਾਂ ਵਿਚੋਂ ਬਹੁਤਿਆਂ ਦਾ ਸਸਕਾਰ ਨਾਭਾ ਪੁਲੀਸ ਤੇ ਅੰਗਰੇਜ਼ੀ ਫ਼ੌਜ ਨੇ ਚੋਰੀ ਕਰ ਦਿੱਤਾ। ਇਸ ਕਾਰਵਾਈ ਨੂੰ ਅਮਰੀਕਾ ਦੀ ਅਖ਼ਬਾਰ ਨਿਊਯਾਰਕ ਟਾਈਮਜ਼ ਦੇ ਨੁਮਾਇੰਦੇ ਮਿਸਟਰ ਜ਼ਿਮੰਦ ਤੋਂ ਇਲਾਵਾ ਹੋਰ ਬਹੁਤ ਸਾਰੇ ਗ਼ੈਰ-ਸਿੱਖਾਂ ਨੇ ਦੁਨੀਆਂ ਭਰ ਦੇ ਲੋਕਾਂ ਸਾਹਵੇਂ ਬਿਆਨ ਕੀਤਾ। ਇਸ ਵਹਿਸ਼ੀ ਕਤਲੇਆਮ ਦੀ ਹਰ ਪਾਸਿਓਂ ਮੁਜ਼ੰਮਤ ਹੋਈ। 13 ਅਪਰੈਲ 1919 ਦੇ ਜਲ੍ਹਿਆਂ ਵਾਲੇ ਬਾਗ਼ ਅਤੇ 20 ਫ਼ਰਵਰੀ 1921 ਦੇ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਇਸ 21 ਫ਼ਰਵਰੀ 1924

ਦੇ ਕਤਲੇਆਮ ਨੇ ਦੁਨੀਆਂ ਭਰ ਵਿਚ ਬਰਤਾਨਵੀ ਜ਼ੁਲਮ ਦੀ ਜ਼ਬਰਦਸਤ ਮੁਜ਼ੰਮਤ ਅਤੇ ਨਫ਼ਰਤ ਦਾ ਅਹਿਸਾਸ ਭਰ ਦਿੱਤਾ। ਜਲ੍ਹਿਆਂ ਵਾਲਾ ਬਾਗ਼ 'ਚ ਵੀ ਮਰਨ ਵਾਲੇ ਬਹੁਤੇ ਸਿੱਖ ਹੀ ਸਨ। ਇੰਞ ਪੰਜ ਸਾਲ ਤੋਂ ਵੀ ਘੱਟ ਵਕਤ ਵਿਚ ਬਰਤਾਨਵੀ ਸਰਕਾਰ ਜਾਂ ਇਸ ਦੀ ਸ਼ਹਿ 'ਤੇ ਤਿੰਨ ਵਾਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ।

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਗ੍ਰਿਫ਼ਤਾਰੀ

ਅਕਾਲ ਤਖ਼ਤ ਸਾਹਿਬ ਤੋਂ ਪਹਿਲੇ ਸ਼ਹੀਦੀ ਜਥੇ ਨੂੰ ਪੈਗਾਮ ਦੇਣ ਦੇ 'ਜੁਰਮ' ਵਿਚ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਇਕ ਦਿਨ ਪਹਿਲਾਂ (8 ਫ਼ਰਵਰੀ 1924) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। (ਅੰਗਰੇਜ਼ੀ ਅਦਾਲਤ ਨੇ 5 ਮਾਰਚ 1924 ਦੇ ਦਿਨ ਉਨ੍ਹਾਂ ਨੂੰ ਦੋ ਸਾਲ ਸਖ਼ਤ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ)। ਉਨ੍ਹਾਂ ਤੋਂ ਬਾਅਦ ਜਥੇਦਾਰ ਅੱਛਰ ਸਿੰਘ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਬਣਾਏ ਗਏ। (ਜਥੇਦਾਰ ਅੱਛਰ ਸਿੰਘ ਨੂੰ ਵੀ 7 ਮਈ 1924 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ)।[26] ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ 27 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚਲਿਆ। ਜਦੋਂ 9 ਮਾਰਚ ਦੇ ਦਿਨ ਇਹ ਜਥਾ ਜੈਤੋ ਪੁੱਜਾ ਤਾਂ ਜਥੇ ਦੇ ਨਾਲ ਹਿੰਦੂ ਆਗੂ ਮਦਨ ਮੋਹਨ ਮਾਲਵੀਆ ਤੇ ਹੋਰ ਕਈ ਆਗੂ ਵੀ ਸਨ। ਉਧਰ ਜਾਹਨਸਟਨ ਵੀ ਫ਼ੌਜ ਸਣੇ ਹਾਜ਼ਿਰ ਸੀ। ਇਸ ਵਾਰ ਜਾਹਨਸਟਨ ਨੇ ਜਥੇ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ। (ਪਹਿਲੇ ਜਥੇ 'ਤੇ ਗੋਲੀ ਚਲਣ ਮਗਰੋਂ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਸ਼੍ਰੋਮਣੀ ਕਮੇਟੀ ਨੂੰ ਦੂਜਾ ਜਥਾ ਨਾ ਭੇਜਣ ਵਾਸਤੇ ਕਿਹਾ ਸੀ। ਦਰਅਸਲ, ਗਾਂਧੀ ਨੂੰ ਲਾਲਾ ਲਾਜਪਤ ਰਾਏ ਨੇ ਇਹ ਗ਼ਲਤ ਤਸਵੀਰ ਪੇਸ਼ ਕੀਤੀ ਕਿ ਜਥਾ ਹਥਿਆਰਬੰਦ ਸੀ ਤਾਂ ਗੋਲੀ ਚਲਾਈ ਗਈ। ਪਰ ਸ਼੍ਰੋਮਣੀ ਕਮੇਟੀ ਨੇ ਗਾਂਧੀ ਦਾ ਪੈਗ਼ਾਮ ਨਜ਼ਰ-ਅੰਦਾਜ਼ ਕਰ ਕੇ ਵੀ ਜਥਾ ਭੇਜਿਆ)। ਦੂਜੇ ਜਥੇ ਦੀ ਗ੍ਰਿਫ਼ਤਾਰੀ ਮਗਰੋਂ ਤੀਜਾ ਜਥਾ 22 ਮਾਰਚ ਨੂੰ, ਚੌਥਾ 27 ਮਾਰਚ ਨੂੰ, ਪੰਜਵਾਂ 12 ਅਪਰੈਲ ਨੂੰ ਅਤੇ ਛੇਵਾਂ ਜਥਾ 9 ਮਈ ਨੂੰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਜੈਤੋ ਨੂੰ ਟੁਰਿਆ ਅਤੇ ਉੱਥੇ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮਗਰੋਂ 12 ਹੋਰ ਜਥੇ ਵੀ ਜੈਤੋ ਗਏ।

ਕਰਤਾਰ ਸਿੰਘ ਬੇਦੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼

ਕਰਤਾਰ ਸਿੰਘ ਬੇਦੀ, ਜੋ ਗੁਰੂ ਨਾਨਕ ਸਾਹਿਬ ਦੇ ਛੋਟੇ ਬੇਟੇ ਲਖਮੀ ਦਾਸ ਦੀ ਕੁਲ ਵਿਚੋਂ ਸੀ, ਨੇ 1920 ਵਿਚ ਨਾਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਤੇ ਹੋਰਨਾਂ ਨਾਲ ਮਿਲ ਕੇ ਗੁਰਦੁਆਰਾ ਸੁਧਾਰ ਲਹਿਰ ਦੀ ਬਹੁਤ ਜ਼ਿਆਦਾ ਮੁਖ਼ਾਲਫ਼ਤ ਕੀਤੀ ਸੀ। ਉਸ ਨੇ ਹਜ਼ਾਰਾਂ ਰੁਪਏ ਇਕੱਠੇ ਕਰ ਕੇ ਅਕਾਲੀ ਲਹਿਰ ਦੇ ਖ਼ਿਲਾਫ਼ *ਸੰਤ ਸੇਵਕ* ਨਾਂ ਦੀ ਹਫ਼ਤਾਵਾਰ ਅਖ਼ਬਾਰ ਵੀ ਕੱਢੀ ਸੀ। ਦਰਅਸਲ ਉਹ ਮਹੰਤਾਂ ਦੀ ਹਿਮਾਇਤ ਵਿਚ ਚਲਾਈ ਗਈ ਅਖੌਤੀ 'ਸਿੱਖ ਸਨਾਤਨੀ ਲਹਿਰ' ਦਾ ਸਭ ਤੋਂ ਵੱਡਾ ਆਗੂ ਸੀ। ਨਾਨਕਾਣਾ

---

26. ਗਿਆਨ ਤਰਲੋਕ ਸਿੰਘ, *ਵਰਤਮਾਨ ਸਿੱਖ ਇਤਿਹਾਸ*, ਜਿਲਦ 6, ਸਫ਼ੇ 237-39; *ਰੋਜ਼ਾਨਾ ਅਕਾਲੀ ਤੇ ਪਰਦੇਸੀ*, 2 ਫ਼ਰਵਰੀ 1924; ਪ੍ਰਤਾਪ ਸਿੰਘ, *ਅਕਾਲੀ ਲਹਿਰ*, ਸਫ਼ਾ 366.

ਸਾਹਿਬ ਦੇ ਸਾਕੇ (20 ਫ਼ਰਵਰੀ 1921) ਮਗਰੋਂ ਕਰਤਾਰ ਸਿੰਘ ਬੇਦੀ ਨੂੰ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਗਿਆ ਸੀ ਅਤੇ ਉਸ ਨੂੰ 'ਕਰਤਾਰੂ ਬੇਦੀਨ' ਆਖ ਕੇ ਬੁਲਾਇਆ ਜਾਣ ਲੱਗ ਪਿਆ ਸੀ। ਸਿੱਖਾਂ ਨੇ ਹੁਣ ਉਸ ਨੂੰ ਫ਼ਤਹਿ ਬੁਲਾਣੀ ਵੀ ਛੱਡ ਦਿੱਤੀ ਸੀ। ਸ਼ੁਰੂ-ਸ਼ੁਰੂ ਵਿਚ ਤਾਂ ਉਹ ਆਕੜਿਆ ਰਿਹਾ ਪਰ ਜਦੋਂ ਉਸ ਨੇ ਵੇਖਿਆ ਕਿ ਹੁਣ ਉਹ ਸਿਫ਼ਰ ਹੋ ਕੇ ਰਹਿ ਗਿਆ ਹੈ ਅਤੇ ਦੂਜੇ ਪਾਸੇ ਗੁਰਦੁਆਰਾ ਸੁਧਾਰ ਲਹਿਰ ਏਨੀਆਂ ਸ਼ਹੀਦੀਆਂ, ਨੁਕਸਾਨ, ਗ੍ਰਿਫ਼ਤਾਰੀਆਂ, ਤਸੀਹਿਆਂ ਤੇ ਜ਼ੁਲਮ ਦੇ ਬਾਵਜੂਦ ਵਧਦੀ-ਫੁਲਦੀ ਜਾ ਰਹੀ ਹੈ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ। ਉਹ 23 ਮਈ 1924 ਨੂੰ ਸ਼ਾਮ ਦੇ ਸਵਾ ਪੰਜ ਵਜੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਗਿਆ ਅਤੇ ਆਪਣੇ ਪਿਛੋਕੜ ਦੀ ਮੁਆਫ਼ੀ ਮੰਗੀ। ਕਰਤਾਰ ਸਿੰਘ ਪਹਿਲੋਂ ਸਵੇਰੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਇਆ। ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਉਸ ਤੋਂ ਪੁੱਛਿਆ, "ਕਿਸ ਲਈ ਆਏ ਹੋ?" ਉਸ ਨੇ ਜਵਾਬ ਦਿੱਤਾ, "ਪੰਥ ਪਾਸੋਂ ਮੁਆਫ਼ੀ ਮੰਗਣ ਲਈ।" ਇਸ 'ਤੇ ਉਸ ਨੂੰ ਸ਼ਾਮ ਸਵਾ ਪੰਜ ਵਜੇ ਹਾਜ਼ਿਰ ਹੋਣ ਵਾਸਤੇ ਕਿਹਾ ਗਿਆ। ਸ਼ਾਮ ਨੂੰ ਹਜ਼ਾਰਾਂ ਸੰਗਤਾਂ ਦੇ ਇਕੱਠ ਵਿਚ ਕਰਤਾਰ ਸਿੰਘ ਬੇਦੀ ਨੇ ਹੇਠ ਲਿਖਿਆ ਇਕਰਾਰਨਾਮਾ ਪੜ੍ਹ ਕੇ ਸੁਣਾਇਆ ਅਤੇ ਦਸਤਖ਼ਤ ਕਰ ਕੇ ਮੁਖ ਸੇਵਾਦਾਰ ਨੂੰ ਪੇਸ਼ ਕੀਤਾ:

> ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਮੈਂ ਪ੍ਰਣ ਕਰਦਾ ਹਾਂ ਕਿ ਤਖ਼ਤ ਸਾਹਿਬ ਦਾ ਫ਼ੈਸਲਾ ਮੈਨੂੰ ਪ੍ਰਵਾਨ ਹੋਵੇਗਾ। ਮੈਂ ਪ੍ਰਣ ਕਰਦਾ ਹਾਂ ਕਿ ਪੰਥ ਦੀ ਪ੍ਰਤੀਨਿਧ ਜਮਾਤ ਸ਼੍ਰੋਮਣੀ ਕਮੇਟੀ ਦੀ ਵਿਰੋਧਤਾ ਵਿਚ ਕਦੇ ਖੜ੍ਹਾ ਨਹੀਂ ਹੋਵਾਂਗਾ।
>
> —*ਦਸਤਖ਼ਤ:* ਕਰਤਾਰ ਸਿੰਘ ਬੇਦੀ, 23-5-1924

ਕਰਤਾਰ ਸਿੰਘ ਦੀ ਅਰਜ਼ 'ਤੇ ਅਕਾਲ ਤਖ਼ਤ ਸਾਹਿਬ ਤੋਂ ਉਸ ਨੂੰ ਤਨਖ਼ਾਹ ਲਾਈ ਗਈ। ਇਸ ਸਮੇਂ ਜਾਰੀ ਕੀਤਾ ਗਿਆ ਹੁਕਮਨਾਮਾ ਇੰਵ ਸੀ:

> "(ਬਾਬਾ) ਕਰਤਾਰ ਸਿੰਘ ਬੇਦੀ ਨੇ ਨਾਨਕਾਣੇ ਸਾਹਿਬ ਦੇ ਸਾਕੇ ਸਮੇਂ ਸਾਧੂਆਂ ਦੀ ਇਕ ਕਮੇਟੀ ਬਣਾ ਕੇ ਪੰਥ ਦੀ ਮੁਖ਼ਾਲਫ਼ਤ ਕੀਤੀ, ਹਰਦਵਾਰ ਜਾ ਕੇ ਸਿੱਖ ਪੰਥ ਦੇ ਖ਼ਿਲਾਫ਼ ਤਕਰੀਰਾਂ ਕੀਤੀਆਂ ਅਤੇ ਕੌਮ ਦੇ ਮੁਖ਼ਾਲਿਫ਼ਾਂ ਨਾਲ ਹਮਦਰਦੀ ਕੀਤੀ। ਇਸ ਲਈ ਉਹ ਮੁਜਰਿਮ ਹੈ। ਉਸ ਨੂੰ ਡੰਨ ਲਾਇਆ ਜਾਂਦਾ ਹੈ ਕਿ ਉਹ ਇਕ ਤੇ ਦਰਬਾਰ ਸਾਹਿਬ ਦੀ ਪਰਿਕਰਮਾ, ਘੰਟਾ ਘਰ ਤੇ ਥੜ੍ਹਾ ਸਾਹਿਬ ਤਕ ਝਾੜੂ ਦੇਣ ਦੀ ਸੇਵਾ ਕਰੇ। ਦੂਜਾ ਨਾਨਕਾਣਾ ਸਾਹਿਬ ਜਾਵੇ ਤੇ ਉੱਥੇ ਪੁੱਜ ਕੇ ਪੰਜ ਅਖੰਡ ਪਾਠ ਕਰਾਵੇ ਤੇ ਦਸ ਹਜ਼ਾਰ ਰੁਪਏ ਸ਼ਹੀਦੀ ਫ਼ੰਡ ਵਿਚ ਦੇਵੇ।"[27]

ਕਰਤਾਰ ਸਿੰਘ ਬੇਦੀ ਨੇ ਇਹ ਤਨਖ਼ਾਹ ਸੁਣ ਕੇ ਸਿਰ ਝੁਕਾ ਕੇ ਕਬੂਲ ਕੀਤੀ।

1925 ਵਿਚ ਸਰਕਾਰ ਨੇ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ਇਸ ਨਾਲ ਬਹੁਤੇ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਆਪਣੇ ਹੱਥ ਵਿਚ ਆ ਗਿਆ। ਇਸ ਦੇ ਨਾਲ ਹੀ ਸਰਕਾਰ ਨੇ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ ਪਾਠ 'ਤੇ ਪਾਬੰਦੀ ਹਟਾ ਲਈ ਤੇ ਸਿੱਖ ਕੈਦੀਆਂ ਨੂੰ ਰਿਹਾਅ ਕਰ ਦਿੱਤਾ। ਸਿੰਘ ਰਿਹਾਈਆਂ ਮਗਰੋਂ 9 ਅਗਸਤ, 1925 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ। ਅਗਲੇ ਦਿਨ ਉਨ੍ਹਾਂ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਬੂਲ ਕਰਨ ਬਾਰੇ ਹੁਕਮਨਾਮਾ ਜਾਰੀ ਕੀਤਾ ਗਿਆ।

---

27. ਪ੍ਰਤਾਪ ਸਿੰਘ, *ਅਕਾਲੀ ਲਹਿਰ*, ਸਫ਼ਾ 438-39.

ਨਰੈਣ ਸਿੰਘ (ਮਾੜੀ ਕੰਬੋ) ਨੂੰ ਤਨਖ਼ਾਹ

4 ਅਕਤੂਬਰ 1925 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਭਾਈ ਨਰੈਣ ਸਿੰਘ (ਮਾੜੀ ਕੰਬੋ) ਨੇ ਕਾਰਵਾਈ 'ਚ ਰੁਕਾਵਟ ਪਾਈ ਅਤੇ ਸ: ਅਮਰ ਸਿੰਘ ਝਬਾਲ ਨਾਲ ਹੱਥੋ-ਪਾਈ ਹੋ ਕੇ ਉਸ ਦਾ ਕੁੜਤਾ ਵੀ ਪਾੜ ਦਿੱਤਾ। ਸਾਰਿਆਂ ਨੇ ਭਾਈ ਨਰੈਣ ਸਿੰਘ ਦੀ ਮੁਜ਼ੰਮਤ (ਨਿੰਦਾ) ਕੀਤੀ। ਇਸ ਤੇ ਭਾਈ ਨਰੈਣ ਸਿੰਘ ਨੇ ਲਿਖਤੀ ਮੁਆਫ਼ੀ ਮੰਗੀ। ਅਕਾਲ ਤਖ਼ਤ ਸਾਹਿਬ 'ਤੇ ਭਾਈ ਨਰੈਣ ਸਿੰਘ ਨੂੰ ਤਨਖ਼ਾਹ ਲਾਈ ਗਈ। ਇਸ ਸਬੰਧ ਵਿਚ 20 ਨਵੰਬਰ 1925 ਦੇ ਦਿਨ ਤਖ਼ਤ ਸਾਹਿਬ 'ਤੇ ਜਾਰੀ ਹੁਕਮਨਾਮੇ 'ਚ ਕਿਹਾ ਗਿਆ :

"ਚੂੰਕਿ ਭਾਈ ਨਰੈਣ ਸਿੰਘ ਨੇ 4 ਅਕਤੂਬਰ 1925 ਨੂੰ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋ ਰਹੇ ਇਜਲਾਸ ਵਿਚ ਕਈਆਂ ਸਜਣਾਂ ਨੂੰ ਉਕਸਾ ਕੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕੀਤੀ ਸੀ। ਇਸ 'ਤੇ ਅਕਾਲ ਤਖ਼ਤ ਸਾਹਿਬ ਵਲੋਂ ਪੰਜ ਪਿਆਰੇ ਭਾਈ ਨਰੈਣ ਸਿੰਘ ਦੇ ਲਿਖਤੀ ਮੁਆਫ਼ੀ ਮੰਗਣ 'ਤੇ ਉਨ੍ਹਾਂ ਨੂੰ ਹੇਠ ਲਿਖੀ ਤਨਖ਼ਾਹ ਲਾਂਦੇ ਹਨ : (1) ਅਕਾਲ ਤਖ਼ਤ ਸਾਹਿਬ ਦਾ ਪੰਜ ਦਿਨ ਇਸ਼ਨਾਨ ਕਰਵਾਉਣ ਅਤੇ ਸਾਰੀਆਂ ਛੱਤਾਂ (ਮੰਜ਼ਿਲਾਂ) 'ਤੇ ਝਾੜੂ ਦੇਣ (2) ਪੰਜ ਦਿਨ ਘੰਟਾ ਘਰ, ਥੜ੍ਹਾ ਸਾਹਿਬ, ਝੂਠਾ ਬਜ਼ਾਰ, ਚੌੜੀਆਂ ਪੌੜੀਆਂ, ਬਾਬਾ ਸਾਹਿਬ 'ਤੇ ਜੋੜਿਆਂ ਦੀ ਸੇਵਾ ਕਰਨ (3) ਦੋ ਦਿਨ ਅਕਾਲ ਤਖ਼ਤ ਸਾਹਿਬ ਦੇ ਦੀਵਾਨ ਵਿਚ ਆਪਣੀ ਗ਼ਲਤੀ ਜ਼ਾਹਿਰ ਕਰਨ ਅਤੇ ਸਜ਼ਾ ਦੱਸਣ। ਸਜ਼ਾ 20 ਨਵੰਬਰ 1925 ਤੋਂ ਸ਼ੁਰੂ ਮੰਨੀ ਜਾਵੇਗੀ।[28]

ਕਿਰਪਾਨ ਦੇ ਸਾਈਜ਼ ਬਾਰੇ ਐਲਾਨ

1913 ਵਿਚ ਬਰਤਾਨਵੀ ਸਰਕਾਰ ਵਲੋਂ ਕਿਰਪਾਨ 'ਤੇ ਪਾਬੰਦੀ ਲਾਏ ਜਾਣ 'ਤੇ ਕੁਝ ਕਮਜ਼ੋਰ ਸਿੱਖਾਂ ਨੇ ਕਿਰਪਾਨਾਂ ਛੋਟੇ ਸਾਈਜ਼ ਦੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। 5 ਅਕਤੂਬਰ 1913 ਦੇ ਦਿਨ ਹਜ਼ੂਰ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਅੰਮ੍ਰਿਤਧਾਰੀ ਸਿੱਖ ਇਕ ਫ਼ੁਟ ਤੋਂ ਘੱਟ ਸਾਈਜ਼ ਦੀ ਕਿਰਪਾਨ ਨਾ ਪਾਉਣ। ਉਦੋਂ ਅਕਾਲ ਤਖ਼ਤ ਸਾਹਿਬ 'ਤੇ ਸਰਕਾਰੀ ਸਰਬਰਾਹ ਕਾਬਜ਼ ਹੋਣ ਕਰ ਕੇ ਉੱਥੋਂ ਕੋਈ ਹੁਕਮਨਾਮਾ ਜਾਂ ਹਿਦਾਇਤ ਨਾ ਜਾਰੀ ਹੋਈ। ਦਿਸੰਬਰ 1925 ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਸਨ। ਉਨ੍ਹਾਂ ਨੇ ਅੰਮ੍ਰਿਤਧਾਰੀ ਸਿੰਘ ਵਾਸਤੇ ਕਿਰਪਾਨ ਦੇ ਸਾਈਜ਼ ਬਾਰੇ ਇਕ ਹੁਕਮਨਾਮਾ ਜਾਰੀ ਕੀਤਾ :

"ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਪ੍ਰਚਾਰ ਹਰ ਬੁੱਧਵਾਰ ਤੇ ਐਤਵਾਰ ਦਿਨੇ 2 ਵਜੇ ਹੁੰਦਾ ਹੈ। ਇਕ ਫ਼ੁਟ ਤੋਂ ਘੱਟ ਕਿਰਪਾਨ ਵਾਲੇ ਅਭਿਲਾਖੀ ਨੂੰ ਅੰਮ੍ਰਿਤ ਪ੍ਰਚਾਰ ਵਿਚ ਸ਼ਾਮਿਲ ਨਹੀਂ ਕੀਤਾ ਜਾਵੇਗਾ।"

—ਜਥੇਦਾਰ ਅੱਛਰ ਸਿੰਘ[29]

(ਉਂਞ ਅੱਜ-ਕੱਲ੍ਹ ਇਸ ਹੁਕਮਨਾਮੇ 'ਤੇ ਅਮਲ ਨਹੀਂ ਹੁੰਦਾ। ਇਸ ਹੁਕਮਨਾਮੇ ਨੂੰ ਕਦੋਂ ਨਜ਼ਰ-ਅੰਦਾਜ਼ ਕੀਤਾ ਜਾਣਾ ਸ਼ੁਰੂ ਹੋਇਆ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। 1947 ਤੋਂ ਪਹਿਲਾਂ ਇਹ ਹੁਕਮਨਾਮਾ ਸਖ਼ਤੀ ਨਾਲ ਲਾਗੂ ਹੋਇਆ ਕਰਦਾ ਸੀ।)

---

28. *ਅਕਾਲੀ ਤੇ ਪਰਦੇਸੀ*, 7 ਦਿਸੰਬਰ 1925.

29. *ਉਹੀ*, 11 ਦਿਸੰਬਰ 1925.

ਅਕਾਲ ਤਖ਼ਤ ਸਾਹਿਬ 'ਤੇ ਕੀਮਤੀ ਚੌਰ ਭੇਂਟ

31 ਦਿਸੰਬਰ 1925 ਦੇ ਦਿਨ ਮਦੀਨਾ (ਸਾਊਦੀ ਅਰਬ) ਦਾ ਇਕ ਸਾਈਂ ਫ਼ਕੀਰ ਮੁਹੰਮਦ ਮਸਕੀਨ ਸ਼ਾਹ (ਉਮਰ 93 ਸਾਲ) ਦਰਬਾਰ ਸਾਹਿਬ ਆਇਆ। ਉਸ ਨੇ ਇਕ ਕੀਮਤੀ ਚੌਰ ਅਕਾਲ ਤਖ਼ਤ ਸਾਹਿਬ 'ਤੇ ਭੇਂਟ ਕੀਤਾ। ਮੁਹੰਮਦ ਮਸਕੀਨ ਸ਼ਾਹ ਨੂੰ ਹਰਿਮੰਦਰ ਸਾਹਿਬ (ਅਕਾਲ ਤਖ਼ਤ ਸਾਹਿਬ ਨਹੀਂ) ਵਿਖੇ ਸਿਰਪਾਓ ਭੇਂਟ ਕੀਤਾ ਗਿਆ। ਅੱਜ-ਕੱਲ੍ਹ ਇਹ ਚੌਰ ਹਰਿਮੰਦਰ ਸਾਹਿਬ ਦੇ ਤੋਸ਼ਾਖ਼ਾਨਾ ਵਿਚ ਪਿਆ ਹੋਇਆ ਹੈ। ਇਹ ਚੌਰ ਮੁਹੰਮਦ ਮਸਕੀਨ ਸ਼ਾਹ ਨੇ 5 ਸਾਲ 7 ਮਹੀਨੇ ਵਿਚ ਚੰਦਨ ਦੇ 9 ਮਣ 14 ਸੇਰ ਲੱਕੜ ਦੇ ਫੱਟਿਆਂ ਵਿਚੋਂ, ਇਕ ਲੱਖ 45 ਹਜ਼ਾਰ ਰੇਸ਼ਿਆਂ (ਵਾਲਾਂ) ਨੂੰ ਕੱਢ ਕੇ ਤਿਆਰ ਕੀਤਾ ਸੀ। 1915-20 ਵਿਚ ਇਨ੍ਹਾਂ ਫੱਟਿਆਂ ਦੀ ਕੀਮਤ 1022 ਰੁਪਏ ਬਣਦੀ ਸੀ। ਇਸ ਚੌਰ ਦਾ ਵਜ਼ਨ 2 ਸੇਰ ਹੈ। ਇਸ ਦੀ ਮੁੱਠ ਚਾਂਦੀ ਦੀ ਬਣੀ ਹੋਈ ਹੈ। ਇਹ ਚੌਰ ਇਕ ਨਲਕੀ ਵਿਚ ਬੰਦ ਰਹਿੰਦਾ ਹੈ ਤੇ ਬਾਹਰ ਕਢਦਿਆਂ ਹੀ ਖ਼ੁਸ਼ਬੂਆਂ ਖਿਲਰ ਜਾਂਦੀਆਂ ਹਨ। ਮੁਹੰਮਦ ਮਸਕੀਨ ਸ਼ਾਹ, ਜੋ ਸ਼ਰਾਬ, ਮਾਸ ਤੇ ਤੰਬਾਕੂ ਦੀ ਵਰਤੋਂ ਨਹੀਂ ਕਰਦਾ ਸੀ, ਨੇ ਇਹੋ ਜਿਹੇ ਦੋ ਚੌਰ ਤਿਆਰ ਕੀਤੇ ਸਨ, ਜਿਨ੍ਹਾਂ ਵਿਚੋਂ ਇਕ ਉਸ ਨੇ ਮਦੀਨਾ ਵਿਚ ਭੇਂਟ ਕੀਤਾ ਸੀ ਤੇ ਦੂਜਾ ਅਕਾਲ ਤਖ਼ਤ ਸਾਹਿਬ 'ਤੇ। ਉਹ ਜਦੋਂ ਚੌਰ ਲੈ ਕੇ ਬੰਬਈ ਤੋਂ ਅੰਮ੍ਰਿਤਸਰ ਆ ਰਿਹਾ ਸੀ ਤਾਂ ਬੰਬਈ ਦੇ ਇਕ ਸੇਠ ਮੀਆਂ ਖ਼ਾਂ ਅਤੇ ਗਵਾਲੀਅਰ ਦੇ ਮਹਾਰਾਜੇ ਨੇ ਮੂੰਹੋਂ-ਮੰਗੀ ਰਕਮ ਦੇ ਬਦਲੇ ਇਸ ਚੌਰ ਨੂੰ ਖ਼ਰੀਦਣਾ ਚਾਹਿਆ ਸੀ, ਪਰ ਸ਼ਾਹ ਨੇ ਨਾਂਹ ਕਰ ਦਿੱਤੀ ਸੀ।[30]

ਜਥੇਦਾਰ ਊਧਮ ਸਿੰਘ ਨਾਗੋਕੇ ਵੱਲੋਂ ਅਸਤੀਫ਼ਾ

ਗੁਰਦੁਆਰਾ ਐਕਟ ਪਾਸ ਹੋ ਜਾਣ ਮਗਰੋਂ, 25 ਜਨਵਰੀ 1926 ਦੇ ਦਿਨ, ਬਹੁਤ ਸਾਰੇ ਅਕਾਲੀ ਆਗੂ ਇਸ ਐਕਟ 'ਤੇ ਅਮਲ ਕਰਨ ਦੀ ਸ਼ਰਤ 'ਤੇ ਰਿਹਾਅ ਹੋ ਗਏ। ਦੂਜੇ ਪਾਸੇ ਕਈ ਆਗੂਆਂ ਨੇ ਇਸ ਮਾਮੂਲੀ ਜਹੀ ਸ਼ਰਤ 'ਤੇ ਵੀ ਰਿਹਾਈ ਹਾਸਿਲ ਕਰਨ ਤੋਂ ਨਾਂਹ ਕਰ ਦਿੱਤੀ। ਜਦੋਂ ਸ਼ਰਤਾਂ ਮੰਨ ਕੇ ਰਿਹਾਅ ਹੋਏ ਆਗੂ ਅੰਮ੍ਰਿਤਸਰ ਪੁੱਜੇ ਤਾਂ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦੀ ਨਵੀਂ ਚੋਣ ਕਰ ਲਈ ਅਤੇ (ਸਰਦਾਰ ਬਹਾਦਰ) ਮਹਿਤਾਬ ਸਿੰਘ ਨੂੰ ਪ੍ਰਧਾਨ ਚੁਣ ਲਿਆ। 'ਸ਼ਰਤਾਂ ਮੰਨ ਕੇ ਰਿਹਾਅ ਹੋਏ' ਆਗੂ ਦੇ ਪ੍ਰਧਾਨ ਚੁਣੇ ਜਾਣ 'ਤੇ ਜਥੇਦਾਰ ਊਧਮ ਸਿੰਘ ਨਾਗੋਕੇ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਸੇਵਾ ਤੋਂ ਇਹ ਕਹਿ ਕੇ ਅਸਤੀਫ਼ਾ ਦੇ ਦਿੱਤਾ ਕਿ ਮੈਂ ਕਿਸੇ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਰਿਹਾਅ ਹੋਏ ਆਦਮੀ ਦੀ ਸਦਾਰਤ ਵਾਲੀ ਕਮੇਟੀ ਦੇ ਇੰਤਜ਼ਾਮ ਸਮੇਂ ਅਕਾਲ ਤਖ਼ਤ ਸਾਹਿਬ ਦੀ ਸੇਵਾ ਨਹੀਂ ਨਿਭਾ ਸਕਦਾ।

ਅਕਾਲ ਤਖ਼ਤ ਸਾਹਿਬ 'ਤੇ ਪੁਲੀਸ

1926 ਵਿਚ ਮੂਲ ਸਿੰਘ ਚਵਿੰਡਾ, ਰਸਾਲਦਾਰ ਤਾਰਾ ਸਿੰਘ ਅਤੇ ਗੜਗਜ ਅਕਾਲੀ ਦੀਵਾਨ ਦੇ ਕੁਝ ਹੋਰ ਮੈਂਬਰਾਂ ਨੇ ਗੁਰਦੁਆਰਾ ਐਕਟ ਦੇ ਸਬੰਧ ਵਿਚ 17 ਜੂਨ

---

30. *ਅਕਾਲੀ ਤੇ ਪਰਦੇਸੀ*, 4 ਜਨਵਰੀ 1926.

ਦੇ ਦਿਨ ਇਕ ਸਰਬਤ ਖਾਲਸਾ ਕਾਨਫ਼ਰੰਸ ਸੱਦੀ। ਇਸ ਕਾਨਫ਼ਰੰਸ ਵਿਚ ਉਨ੍ਹਾਂ ਦੀ ਖ਼ਾਹਿਸ਼ ਦੇ ਉਲਟ ਗੁਰਦੁਆਰਾ ਐਕਟ ਨੂੰ ਮਨਜ਼ੂਰ ਕਰਨ ਦਾ ਗੁਰਮਤਾ ਪਾਸ ਹੋ ਗਿਆ। ਇਸ ਤੋਂ ਔਖੇ ਹੋ ਕੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਨ ਦਾ ਮਨਸੂਬਾ ਬਣਾਇਆ। ਉਹ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਗਏ। ਅਗਲੇ ਦਿਨ ਪ੍ਰੋ: ਜੋਧ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਨੇ ਪੁਲੀਸ ਸੱਦ ਲਈ ਅਤੇ ਉਨ੍ਹਾਂ ਤੋਂ ਕਬਜ਼ਾ ਛੁਡਵਾ ਲਿਆ। ਪੁਲੀਸ ਨੇ ਮੂਲ ਸਿੰਘ ਤੇ ਤਾਰਾ ਸਿੰਘ ਸਮੇਤ 62 ਬੰਦੇ ਗ੍ਰਿਫ਼ਤਾਰ ਕਰ ਲਏ। **7 ਜਨਵਰੀ 1924 ਦੇ ਦਿਨ ਇਸੇ ਹੀ ਜੋਧ ਸਿੰਘ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲੀਸ ਨੂੰ ਦਾਖ਼ਿਲ ਹੋਣ ਨਹੀਂ ਸੀ ਦਿੱਤਾ ਤੇ ਹੁਣ ਆਪ ਪੁਲੀਸ ਦੀ ਮਦਦ ਲਈ।** ਇਹ ਹਰਕਤ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਵਾਲੀ ਕਾਰਵਾਈ ਸੀ। ਪਰ, ਪ੍ਰੋ: ਜੋਧ ਸਿੰਘ ਤੇ ਗਿਆਨੀ ਸ਼ੇਰ ਸਿੰਘ ਨੂੰ ਕਦੇ ਵੀ ਤਖ਼ਤ ਸਾਹਿਬ 'ਤੇ ਤਲਬ ਨਾ ਕੀਤਾ ਗਿਆ।

(ਮੌਜੂਦਾ) ਰਹਿਤ ਮਰਿਆਦਾ ਬਾਰੇ ਕਮੇਟੀ

14 ਮਾਰਚ 1927 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਜਲਾਸ ਵਿਚ ਗੁਰਦੁਆਰਿਆਂ ਦੀ ਰਹਿਤ-ਮਰਿਆਦਾ ਨੀਅਤ ਕਰਨ ਵਾਸਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਤੇਜਾ ਸਿੰਘ ਅਕਰਪੁਰੀ ਦੀ ਤਜਵੀਜ਼ 'ਤੇ ਗੁਰਮਤਾ ਪਾਸ ਹੋਇਆ ਕਿ ਸਿੱਖ ਵਿਦਵਾਨਾਂ ਤੇ ਪੰਥਕ ਸ਼ਖ਼ਸੀਅਤਾਂ ਦੀ ਇਕ ਸਬ-ਕਮੇਟੀ ਬਣਾਈ ਜਾਏ, ਜੋ ਰਹਿਤਨਾਮਿਆਂ ਅਤੇ ਹੋਰ ਗੁਰਮਤਿ ਗ੍ਰੰਥਾਂ ਤੇ ਮੁਖੀਆਂ ਦੀ ਰਾਏ ਨਾਲ ਗੁਰਮਤਿ ਦੀ ਰਹੁ-ਰੀਤੀ ਦਾ ਖਰੜਾ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਵਿਚਾਰ ਵਾਸਤੇ ਪੇਸ਼ ਕਰੇ। ਇਸ ਕਮੇਟੀ ਵਿਚ 28 ਮੈਂਬਰ ਸ਼ਾਮਿਲ ਕੀਤੇ ਗਏ: (1) ਪ੍ਰੋ: ਤੇਜਾ ਸਿੰਘ, (2) ਪ੍ਰੋ: ਜੋਧ ਸਿੰਘ, (3) ਗਿਆਨੀ ਠਾਕੁਰ ਸਿੰਘ ਅੰਮ੍ਰਿਤਸਰ, (4) ਗਿਆਨੀ ਸ਼ੇਰ ਸਿੰਘ, (5) ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ, (6) ਭਾਈ ਬੁੱਧ ਸਿੰਘ ਅੰਮ੍ਰਿਤਸਰ, (7) ਅਕਾਲੀ ਕੌਰ ਸਿੰਘ, (8) ਬਾਬਾ ਸੰਗਤ ਸਿੰਘ ਕਮਾਲੀਆ, (9) ਭਾਈ ਕਾਨ੍ਹ ਸਿੰਘ ਨਾਭਾ, (10) ਬਾਬਾ ਗੁਲਾਬ ਸਿੰਘ ਘੋਲੀਆਂ, ਮੋਗਾ, (11) ਭਾਈ ਲਾਭ ਸਿੰਘ ਗ੍ਰੰਥੀ ਦਰਬਾਰ ਸਾਹਿਬ, (12) ਭਾਈ ਹਜ਼ੂਰਾ ਸਿੰਘ ਨੰਦੇੜ, (13) ਪੰਡਤ ਬਸੰਤ ਸਿੰਘ ਪਟਿਆਲਾ, (14) ਭਾਈ ਵੀਰ ਸਿੰਘ, (15) ਬਾਬੂ ਤੇਜਾ ਸਿੰਘ ਭਸੌੜ, (16) ਗਿਆਨੀ ਹੀਰਾ ਸਿੰਘ ਦਰਦ, (17) ਭਾਈ ਲਾਲ ਸਿੰਘ ਕਕਾਰ ਬਹਾਦਰ, (18) ਪ੍ਰੋ: ਬਾਵਾ ਹਰਕਿਸ਼ਨ ਸਿੰਘ, (19) ਭਾਈ ਤਿਰਲੋਚਨ ਸਿੰਘ, (20) ਗਿਆਨੀ ਹਮੀਰ ਸਿੰਘ, (21) ਪੰਡਤ ਕਰਤਾਰ ਸਿੰਘ ਦਾਖਾ, (22) ਪ੍ਰੋ: ਗੰਗਾ ਸਿੰਘ, (23) ਭਾਈ ਮਈਆ ਸਿੰਘ ਲਾਹੌਰ, (24) ਬਾਬਾ ਮਾਨ ਸਿੰਘ ਸ਼ਾਸਤਰੀ ਕਨਖਲ, (25) ਜਥੇਦਾਰ ਤੇਜਾ ਸਿੰਘ ਅਕਰਪੁਰੀ ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ, (26, 27, 28) ਮੁਖ ਸੇਵਾਦਾਰ ਕੇਸਗੜ੍ਹ ਸਾਹਿਬ, ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ। ਮਗਰੋਂ ਇਸ ਕਮੇਟੀ ਵਿਚ ਭਾਈ ਰਣਧੀਰ ਸਿੰਘ (ਅਖੰਡ ਕੀਰਤਨੀ ਜਥਾ) ਵੀ ਸ਼ਾਮਿਲ ਕੀਤੇ ਗਏ। ਪ੍ਰੋ: ਤੇਜਾ ਸਿੰਘ ਇਸ ਕਮੇਟੀ ਦੇ ਕਨਵੀਨਰ ਮੁਕਰਰ ਕੀਤੇ ਗਏ।[31] ਇਸ ਕਮੇਟੀ ਦੀਆਂ ਕਾਰਵਾਈਆਂ ਵਿਚ ਹਿੱਸਾ ਨਾ

31. ਸ਼ਮਸ਼ੇਰ ਸਿੰਘ ਅਸ਼ੋਕ, *ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 41-42.

ਲੈਣ ਕਰ ਕੇ ਪਹਿਲੀ ਮਾਰਚ 1932 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਗਿਆਨੀ ਸੁੰਦਰ ਸਿੰਘ, ਲਾਲ ਸਿੰਘ ਕਰਾਰ ਬਹਾਦਰ ਤੇ ਮਈਆ ਸਿੰਘ, ਅਤੇ ਪੰਥ 'ਚੋਂ ਖ਼ਾਰਿਜ ਕੀਤੇ ਜਾਣ ਕਰ ਕੇ, ਬਾਬੂ ਤੇਜਾ ਸਿੰਘ ਭਸੌੜ, ਕੁਲ ਚਾਰਾਂ, ਦੇ ਨਾਂ ਇਸ ਕਮੇਟੀ ਵਿਚੋਂ ਕੱਟ ਦਿੱਤੇ ਤੇ ਹੇਠ ਲਿਖੇ 8 ਨਾਂ ਨਵੇਂ ਪਾ ਦਿੱਤੇ : ਪ੍ਰੇਮ ਸਿੰਘ ਹੋਤੀ, ਗਿਆਨੀ ਨਾਹਰ ਸਿੰਘ, ਇੰਦਰ ਸਿੰਘ ਨਾਨਕਾਣਾ, ਵਸਾਵਾ ਸਿੰਘ ਗੁਰਦਾਸਪੁਰੀ, ਗਿਆਨੀ ਕਰਤਾਰ ਸਿੰਘ ਗੁਰੂਸਰ ਸੁਧਾਰ, ਪ੍ਰਧਾਨ ਅਕਾਲੀ ਦਲ, ਹੈੱਡ-ਗ੍ਰੰਥੀ ਦਰਬਾਰ ਸਾਹਿਬ, ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ।

ਬਾਬਾ ਖੜਕ ਸਿੰਘ ਦਾ ਸਨਮਾਨ

ਬਾਬਾ ਖੜਕ ਸਿੰਘ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਬਹੁਤ ਕੁਰਬਾਨੀ ਕੀਤੀ ਸੀ। ਉਨ੍ਹਾਂ ਨੇ ਕਈ ਸਾਲ ਜੇਲ੍ਹਾਂ ਵਿਚ ਬਹੁਤ ਤਸੀਹੇ ਸਹੇ ਸਨ। ਇਸ ਵਿਚੋਂ ਡੇਰਾ ਗ਼ਾਜ਼ੀ ਖ਼ਾਂ ਜੇਲ੍ਹ ਵਿਚ ਬਿਤਾਏ ਪੰਜ ਸਾਲਾਂ ਵਿਚੋਂ ਚਾਰ ਸਾਲ ਉਨ੍ਹਾਂ ਨੇ ਰੋਸ ਵਜੋਂ ਆਪਣੇ ਤਨ 'ਤੇ ਕਛਹਿਰੇ ਤੋਂ ਸਿਵਾ ਕੋਈ ਲੀੜਾ ਵੀ ਨਹੀਂ ਸੀ ਪਾਇਆ। ਆਪਣੀ ਰਿਹਾਈ ਮਗਰੋਂ ਉਹ 8 ਜੂਨ 1927 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਏ, ਜਿੱਥੇ ਉਨ੍ਹਾਂ ਨੂੰ ਸਿਰੋਪਾਓ ਭੇਂਟ ਕੀਤਾ ਗਿਆ ਅਤੇ ਇਸ ਸਬੰਧ ਵਿਚ ਇਕ ਹੁਕਮਨਾਮਾ ਜਾਰੀ ਕੀਤਾ ਗਿਆ :

ੴ ਵਾਹਿਗੁਰੂ ਜੀ ਕੀ ਫ਼ਤਹਿ

ਅਕਾਲ ਸਹਾਇ

> ਅਕਾਲ ਤਖ਼ਤ ਸਾਹਿਬ ਜੀ ਹਜ਼ੂਰ ਹਾਜ਼ਿਰ ਹੋਏ ਭਾਈ ਸਾਹਿਬ ਸ: ਖੜਕ ਸਿੰਘ ਜੀ ਜੋਗ ਉਨ੍ਹਾਂ ਦੀ ਅਡੋਲ ਦ੍ਰਿੜਤਾ, ਨਿਸ਼ਕਾਮ ਆਪਾ ਵਾਰਨ ਅਤੇ ਉੱਘੀ ਪੰਥ ਸੇਵਾ ਲਈ, ਪੰਥ ਦੀ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਸ੍ਰੀ ਸਾਹਿਬ ਤੇ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਸ: ਖੜਕ ਸਿੰਘ ਜੀ ਉੱਤੇ ਗੁਰੂ ਦੀਆਂ ਖ਼ੁਸ਼ੀਆਂ ਹੋਣ ਅਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ। 26 ਜੇਠ, ਸੰਮਤ ਨਾਨਕਸ਼ਾਹੀ 458.[32]

ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਐਕਟ

ਜੂਨ 1926 ਵਿਚ ਗੁਰਦੁਆਰਾ ਐਕਟ ਹੇਠ ਸੈਂਟਰਲ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਚੋਣਾਂ ਹੋਈਆਂ ਸਨ। ਚੋਣਾਂ ਤੋਂ ਮਗਰੋਂ ਇਹ ਮੰਗ ਬੜੇ ਜ਼ੋਰ ਨਾਲ ਕੀਤੀ ਗਈ ਕਿ ਅਕਾਲ ਤਖ਼ਤ ਸਾਹਿਬ ਅਤੇ ਕੇਸਗੜ੍ਹ ਸਾਹਿਬ ਨੂੰ ਸੈਂਟਰਲ ਬੋਰਡ ਤੋਂ ਆਜ਼ਾਦ ਕੀਤਾ ਜਾਵੇ। ਪੰਥ ਵਿਚ ਇਹ ਵਿਚਾਰ ਆਮ ਸੀ ਕਿ "ਅਕਾਲ ਤਖ਼ਤ ਸਾਹਿਬ ਅਤੇ ਕੇਸਗੜ੍ਹ ਸਾਹਿਬ ਆਦਿ ਨੂੰ ਸੈਂਟਰਲ ਬੋਰਡ ਦੇ ਮਾਤਹਿਤ ਕਰਨ ਦੀ ਲੋੜ ਨਹੀਂ। ਤਖ਼ਤ ਸਾਹਿਬਾਂ ਦਾ ਮਾਲਿਕ ਖਾਲਸਾ ਜਾਂ ਗੁਰੂ ਪੰਥ ਹੈ। ਸੈਂਟਰਲ ਬੋਰਡ ਦਾ ਤਖ਼ਤ ਸਾਹਿਬ ਪਰ ਕਿਸੇ ਕਿਸਮ ਦਾ ਕਬਜ਼ਾ ਜਾਂ ਅਸਰ ਹੋਣਾ ਤਖ਼ਤ ਸਾਹਿਬ ਦੇ ਅਸਲੀ ਸਿਧਾਂਤ ਅਤੇ ਗੁਰੂ ਪੰਥ ਦੇ ਧਰੁਵੇ ਨੂੰ ਸੱਟ ਮਾਰਨਾ ਹੈ।"[33] ਪਰ ਇਸ ਸਬੰਧ ਵਿਚ ਕੋਈ ਅਮਲੀ ਕਦਮ ਨਾ ਉਠਾਇਆ ਗਿਆ, ਜਿਸ ਨਾਲ ਇਹ ਸਪੱਸ਼ਟ ਹੋ ਸਕੇ ਕਿ ਅਕਾਲ ਤਖ਼ਤ

---

32. ਨਾਹਰ ਸਿੰਘ, *ਅਜ਼ਾਦੀ ਦੀਆਂ ਲਹਿਰਾਂ*, ਸਫ਼ਾ 292.

33. ਮਾਲਵਾ ਗਜ਼ਟ, 9 ਜੂਨ 1928.

ਸਾਹਿਬ ਦੀ ਕਾਰਵਾਈ ਕਿਵੇਂ ਚਲਾਈ ਜਾਏਗੀ ਅਤੇ ਇਸ ਦਾ ਮੁੱਖ ਸੇਵਾਦਾਰ ਕਿਵੇਂ ਚੁਣਿਆ ਜਾਵੇਗਾ।

ਬਾਬੂ ਤੇਜਾ ਸਿੰਘ ਭਸੌੜ ਨੂੰ ਪੰਥ 'ਚੋਂ ਖ਼ਾਰਿਜ ਕਰਨਾ

ਬਾਬੂ ਤੇਜਾ ਸਿੰਘ ਭਸੌੜ ਬੜੇ ਸੱਚੇ-ਸੁੱਚੇ ਪੰਥਕ ਸੇਵਾਦਾਰ ਸਨ। ਸਿੱਖ ਧਰਮ ਦੇ ਪ੍ਰਚਾਰ ਅਤੇ ਸ਼੍ਰੋਮਣੀ ਕਮੇਟੀ ਦੀ ਕਾਇਮੀ ਵਿਚ ਉਨ੍ਹਾਂ ਨੇ ਬੜਾ ਰੋਲ ਅਦਾ ਕੀਤਾ। ਉਨ੍ਹਾਂ ਨੇ ਸਿੱਖ ਧਰਮ 'ਤੇ ਬ੍ਰਾਹਮਣੀ ਹਮਲੇ ਨੂੰ ਬ-ਖ਼ੂਬੀ ਨੰਗਿਆਂ ਕੀਤਾ। ਪਰ, ਉਹ ਇਸ ਜੱਦੋ-ਜਹਿਦ ਵਿਚ ਏਨਾ ਅੱਗੇ ਵੱਧ ਗਏ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ 'ਚੋਂ ਹਿੰਦੂ ਭਗਤਾਂ ਦੀ ਬਾਣੀ ਕੱਢ ਕੇ ਨਵੀਂ ਬੀੜ ਵੀ ਤਿਆਰ ਕਰ ਲਈ। ਉਨ੍ਹਾਂ ਦੀ ਜਥੇਬੰਦੀ 'ਪੰਚ ਖਾਲਸਾ ਦੀਵਾਨ ਭਸੌੜ' ਨੇ ਅਜਿਹੀ ਇਕ ਬੀੜ ਨੂੰ ਛਾਪਿਆ ਵੀ, ਜਿਸ ਵਿਚ ਨਾ ਤਾਂ ਭਗਤ ਬਾਣੀ ਸੀ, ਨਾ ਰਾਗ ਮਾਲਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕੁਝ ਪੰਥਕ ਕਿਤਾਬਾਂ ਵੀ ਛਾਪੀਆਂ, ਜਿਨ੍ਹਾਂ ਪਿੱਛੇ ਉਨ੍ਹਾਂ ਦਾ ਮਕਸਦ ਸਿੱਖ ਧਰਮ ਨੂੰ ਬ੍ਰਾਹਮਣੀ ਅਸਰ ਤੋਂ ਪੂਰੀ ਤਰ੍ਹਾਂ ਆਜ਼ਾਦ ਕਰਨਾ ਸੀ। ਇਸ ਸੋਚ ਨਾਲ ਉਨ੍ਹਾਂ ਨੇ ਗੁਰ-ਮੰਤ੍ਰ, ਅਰਦਾਸ ਤੇ ਅੰਮ੍ਰਿਤ ਮਰਿਆਦਾ ਵਿਚ ਵੀ ਤਬਦੀਲੀ ਕੀਤੀ। ਪਰ ਉਹ ਇਹੋ ਜਿਹੀਆਂ ਹਰਕਤਾਂ ਕਰਦੇ ਏਨਾ ਅੱਗੇ ਨਿਕਲ ਗਏ ਕਿ ਇਸ ਨਾਲ ਬੁਨਿਆਦੀ ਸਿੱਖ ਫ਼ਲਸਫ਼ੇ ਨੂੰ ਸੱਟ ਵੱਜੀ। ਉਨ੍ਹਾਂ ਨੂੰ ਸਿੱਖ ਵਿਦਵਾਨਾਂ ਨੇ ਅਜਿਹਾ ਕਰਨੋਂ ਹੋੜਿਆ ਵੀ ਪਰ ਉਹ ਰੋਕਿਆਂ ਵੀ ਨਾ ਰੁਕੇ। ਅਖ਼ੀਰ 31 ਮਾਰਚ 1928 ਦੇ ਦਿਨ ਸਿੱਖ ਵਿਦਵਾਨਾਂ ਦੇ ਇਕ ਇਕੱਠ ਨੇ ਅਕਾਲ ਤਖ਼ਤ ਸਾਹਿਬ ਨੂੰ ਅਰਜ਼ ਕੀਤੀ ਕਿ ਭਾਈ ਤੇਜਾ ਸਿੰਘ ਭਸੌੜ ਨੂੰ ਅਜਿਹੀਆਂ ਕਾਰਵਾਈਆਂ ਤੋਂ ਵਰਜਿਆ ਜਾਏ। ਅਕਾਲ ਤਖ਼ਤ ਸਾਹਿਬ ਨੇ ਬਾਬੂ ਤੇਜਾ ਸਿੰਘ, ਉਸ ਦੀ ਘਰਵਾਲੀ ਬੀਬੀ ਨਿਰੰਜਨ ਕੌਰ ਅਤੇ ਉਨ੍ਹਾਂ ਦੇ ਖਾਲਸਾ ਦੀਵਾਨ ਦੇ ਆਗੂਆਂ ਨੂੰ ਤਲਬ ਕਰ ਲਿਆ। ਜਦੋਂ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ ਤਾਂ 9 ਅਗਸਤ 1928 ਦੇ ਦਿਨ ਇਕ ਹੁਕਮਨਾਮੇ ਰਾਹੀਂ ਉਨ੍ਹਾਂ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ :

> "ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਕਿਤਾਬਾਂ ਛਾਪ ਕੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਦਲਾ-ਬਦਲੀ ਤੇ ਵਾਧਾ ਕਰ ਕੇ, ਉਸ ਦੀ ਤਰਤੀਬ ਨੂੰ ਭੰਗ ਕੀਤਾ ਹੈ ਅਤੇ ਗੁਰ-ਮੰਤ੍ਰ, ਅਰਦਾਸੇ ਅਤੇ ਅੰਮ੍ਰਿਤ ਮਰਿਆਦਾ ਵਿਚ ਅਦਲਾ-ਬਦਲੀ ਕਰਨ ਦੀਆਂ ਗੁਰਮਤਿ ਵਿਰੁੱਧ ਕਾਰਵਾਈਆਂ ਕੀਤੀਆਂ ਹਨ। ਇਸ ਲਈ ਬਾਬੂ ਤੇਜਾ ਸਿੰਘ ਭਸੌੜ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖ਼ਾਰਿਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ। ਕੋਈ ਸਿੱਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖ਼ਰੀਦੇ, ਨਾ ਆਪਣੇ ਪਾਸ ਰਖੇ। ਇਹ ਕਿਤਾਬਾਂ ਪੰਚ ਖਾਲਸਾ ਦੀਵਾਨ ਲਾਹੌਰ ਜਾਂ ਹੋਰ ਕਿਸੇ ਕੋਲ ਹੋਣ ਉਹ ਅਕਾਲ ਤਖ਼ਤ ਸਾਹਿਬ ਘੱਲ ਦੇਣ।"[34]

---

34. ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ*, ਸਫ਼ਾ 293; ਕਿਰਪਾਲ ਸਿੰਘ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਸਫ਼ਾ 157-58. ਬਾਬੂ ਤੇਜਾ ਸਿੰਘ ਭਸੌੜ ਦੀਆਂ ਕਾਰਵਾਈਆਂ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 31 ਮਾਰਚ 1928 ਅਤੇ 14 ਜੁਲਾਈ 1928 ਦੇ ਜਨਰਲ ਇਜਲਾਸ ਵਿਚ ਭਰਪੂਰ ਬਹਿਸ ਹੋਈ ਸੀ। ਵੇਖੋ : ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 52-54, 57-58.

ਪੰਥ 'ਚੋਂ 'ਖ਼ਾਰਿਜ' ਕਰਨ ਦੀ ਪਹਿਲੀ ਰਸਮੀ ਕਾਰਵਾਈ 1928 ਵਿਚ (ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ 220 ਸਾਲ ਮਗਰੋਂ) ਕੀਤੀ ਗਈ ਸੀ। 9 ਅਗਸਤ, 1928 ਦੇ ਦਿਨ ਬਾਬੂ ਤੇਜਾ ਸਿੰਘ ਭਸੌੜ ਤੇ ਉਨ੍ਹਾਂ ਦੀ ਸਿੰਘਣੀ ਬੀਬੀ ਨਿਰੰਜਨ ਕੌਰ ਨੂੰ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਗਿਆ। ਸ਼ਾਇਦ ਇਹ ਫ਼ੈਸਲਾ ਵੀ ਰੁਕ ਜਾਂਦਾ, ਜੇ ਬਾਬੂ ਤੇਜਾ ਸਿੰਘ ਗੱਲਬਾਤ ਕਰਨ ਤੋਂ ਬਿਲਕੁਲ ਹੀ ਇਨਕਾਰੀ ਨਾ ਹੋ ਜਾਂਦੇ। ਬਾਬੂ ਤੇਜਾ ਸਿੰਘ ਭਸੌੜ ਨੂੰ ਖ਼ਾਰਿਜ ਕਰਨ ਦੀ ਕਾਰਵਾਈ ਕਿਸੇ ਅਖੌਤੀ ਜਥੇਦਾਰ ਨੇ ਨਹੀਂ ਸੀ ਕੀਤੀ। ਇਸ ਸਬੰਧੀ ਫ਼ੈਸਲਾ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀਆਂ ਤਿੰਨ ਮੀਟਿੰਗਾਂ ਵਿਚ ਵਿਚਾਰ ਕੀਤੀ ਗਈ ਸੀ (10 ਮਾਰਚ 1928, 31 ਮਾਰਚ 1928 ਅਤੇ 15 ਜੁਲਾਈ 1928)। ਤੀਜੀ ਮੀਟਿੰਗ ਨੇ ਬਾਬੂ ਤੇਜਾ ਸਿੰਘ ਤੇ ਨਿਰੰਜਨ ਕੌਰ ਨੂੰ ਖ਼ਾਰਿਜ ਕਰਨ ਦਾ ਗੁਰਮਤਾ ਤਿਆਰ ਕੀਤਾ, ਜਿਸ ਨੂੰ 9 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਜਾਰੀ ਕਰ ਦਿੱਤਾ। ਸੋ, ਇਹ ਸਾਰੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਤਿੰਨ ਜਨਰਲ ਇਜਲਾਸਾਂ ਦੀ ਸੀ, ਨਾ ਕਿ ਕਿਸੇ ਅਖੌਤੀ ਜਥੇਦਾਰ ਜਾਂ ਪੰਜ ਗ੍ਰੰਥੀਆਂ ਦੀ। ਸ਼੍ਰੋਮਣੀ ਕਮੇਟੀ ਉਦੋਂ ਤਕ ਅੱਜ-ਕੱਲ੍ਹ (2004) ਦੇ ਤਰੀਕੇ ਨਾਲ਼ ਨਹੀਂ ਸੀ ਚੁਣੀ ਜਾਂਦੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵਿਚ ਸੱਚੇ ਪੰਥਕ ਗੁਰਸਿੱਖ ਹੀ ਚੁਣੇ ਜਾਇਆ ਕਰਦੇ ਸਨ ਅਤੇ ਉਸ ਨੂੰ ਸਰਬਤ ਖਾਲਸਾ ਵਰਗਾ ਅਦਬ ਹਾਸਿਲ ਸੀ। ਉਸ ਨੂੰ ਇਕ ਹੱਦ ਤਕ ਪੰਥ ਦੇ ਨੁਮਾਇੰਦਿਆਂ ਦਾ ਇਕੱਠ ਮੰਨਿਆ ਜਾ ਸਕਦਾ ਸੀ।

ਅਕਾਲ ਤਖ਼ਤ ਸਾਹਿਬ ਦਾ ਕਾਇਦਾ ਕਾਨੂੰਨ

ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ 14 ਜੁਲਾਈ 1928 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਦਰਬਾਰ ਸਾਹਿਬ ਤੋਂ ਵੱਖਰਾ ਕਰ ਦਿੱਤਾ ਤੇ ਤਖ਼ਤ ਸਾਹਿਬ ਦੀ ਨਿਗਰਾਨੀ ਵਾਸਤੇ ਕਮੇਟੀ ਬਣਾ ਦਿੱਤੀ।[35] 19 ਫ਼ਰਵਰੀ 1929 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ, ਜੋ ਜੈਤੋ ਵਿਚ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਵਿਚ ਅਕਾਲ ਤਖ਼ਤ ਸਾਹਿਬ ਦੇ ਇੰਤਜ਼ਾਮ ਵਾਸਤੇ ਕਾਇਦਾ ਕਾਨੂੰਨ ਬਣਾਉਣ ਦਾ ਮਤਾ ਪਾਸ ਕੀਤਾ ਗਿਆ :[36]

1. ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਦੇ ਹਰ ਕਿਸਮ ਦੇ ਹਕੂਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਾਹੀਂ ਇਸ ਕਮੇਟੀ ਨੂੰ ਹੋਣਗੇ ਅਤੇ ਪ੍ਰਧਾਨ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੇ ਸਾਰੇ ਹਕੂਕ ਮੀਤ ਪ੍ਰਧਾਨ ਨੂੰ ਹੋਣਗੇ।
2. ਮੀਤ ਪ੍ਰਧਾਨ ਜੇ ਲੋੜ ਸਮਝਣ ਤਾਂ ਆਪਣੀ ਮਦਦ ਲਈ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮਨਜ਼ੂਰੀ ਨਾਲ ਸਬ-ਕਮੇਟੀ ਬਣਾ ਸਕਦੇ ਹਨ।
3. ਪ੍ਰਧਾਨ ਵਾਲੇ ਸਾਰੇ ਹਕੂਕ ਸਬ-ਕਮੇਟੀ ਨੂੰ ਹੋਣਗੇ ਪਰ ਪ੍ਰਧਾਨ ਸਬ-ਕਮੇਟੀ ਦੀ ਕਿਸੇ ਕਾਰਵਾਈ ਨੂੰ ਬਦਲ ਸਕਦੇ ਹਨ।

---

35. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 59.
36. *ਉਹੀ*, 62-64.

4. ਸਬ-ਕਮੇਟੀ ਲਈ ਆਪਣੀ ਇਕਤਰਤਾ ਦੀ ਕਾਰਵਾਈ ਦੀ ਨਕਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਣੀ ਜ਼ਰੂਰੀ ਹੋਵੇਗੀ।
5. ਹਰ ਕਿਸਮ ਦੇ ਬਿੱਲ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਸਿਫ਼ਾਰਸ਼ ਨਾਲ ਪ੍ਰਧਾਨ ਸਬ-ਕਮੇਟੀ ਪਾਸ ਕਰਿਆ ਕਰਨਗੇ।
6. ਗੁਰਦੁਆਰਿਆਂ ਦੇ ਹਿਸਾਬ ਵਿਚ ਜਮ੍ਹਾਂ ਹੋਣ ਲਈ ਆਈ ਮਾਇਆ ਦੀਆਂ ਰਸੀਦਾਂ 'ਤੇ ਦਸਤਖ਼ਤ ਕਰਨ ਦੇ ਹਕੂਕ ਸਕੱਤਰ ਸ਼੍ਰੋਮਣੀ ਕਮੇਟੀ ਨੂੰ ਹੋਣਗੇ।
7. ਗੋਲਕ ਦੀਆਂ ਚਾਬੀਆਂ ਤਿੰਨ ਹੋਣਗੀਆਂ : ਇਕ ਪ੍ਰਧਾਨ ਸਬ-ਕਮੇਟੀ, ਦੂਜੀ ਜਥੇਦਾਰ ਤੇ ਤੀਜੀ ਖ਼ਜ਼ਾਨਚੀ ਪਾਸ ਹੋਵੇਗੀ।
8. ਸੇਵਾਦਾਰਾਂ ਦੀ ਤਰੱਕੀ ਦਾ ਨੇਮ ਹੇਠ ਲਿਖੇ ਮੁਤਾਬਿਕ ਹੋਵੇਗਾ :
   (ੳ) 50 ਰੁਪਏ ਮਹੀਨਾ ਤਕ ਤਨਖ਼ਾਹ ਵਾਲੇ ਸੇਵਾਦਾਰ ਦੀ ਤਰੱਕੀ ਪ੍ਰਧਾਨ ਸ਼੍ਰੋਮਣੀ ਕਮੇਟੀ ਕਰਨਗੇ।
   (ਅ) ਜਥੇਦਾਰ ਦੀ ਤਰੱਕੀ ਸ਼੍ਰੋਮਣੀ ਕਮੇਟੀ ਦੀ ਜਨਰਲ ਇਕਤਰਤਾ ਕਰੇਗੀ, ਪਰ ਲੋੜ ਪੈਣ 'ਤੇ ਜਨਰਲ ਇਕਤਰਤਾ ਦੀ ਤਾਰੀਖ਼ ਤਕ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਪ੍ਰਬੰਧ ਕਰ ਸਕਣਗੇ।
9. ਮੁਅੱਤਲੀ ਤੇ ਮੌਕੂਫ਼ੀ ਹੇਠ ਲਿਖੇ ਮੁਤਾਬਿਕ ਹੋਵੇਗੀ :
   (ੳ) ਗ੍ਰੰਥੀਆਂ ਨੂੰ ਪ੍ਰਧਾਨ ਸਬ-ਕਮੇਟੀ ਮੁਅੱਤਲ ਕਰ ਸਕਦੇ ਹਨ।
   (ਅ) ਗ੍ਰੰਥੀਆਂ ਤੋਂ ਬਿਨਾਂ ਬਾਕੀ ਸੇਵਾਦਾਰਾਂ ਨੂੰ ਜਥੇਦਾਰ ਮੁਅੱਤਲ ਕਰ ਸਕਦੇ ਹਨ।
   (ੲ) ਸਿਵਾਏ ਜਥੇਦਾਰ ਦੇ ਹਰੇਕ ਸੇਵਾਦਾਰ ਦੀ ਮੌਕੂਫ਼ੀ ਦਾ ਹੱਕ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਹੋਵੇਗਾ।
   (ਸ) ਜਥੇਦਾਰ ਨੂੰ ਮੁਅੱਤਲ ਕਰਨ ਦਾ ਹੱਕ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਹੋਵੇਗਾ, ਪਰ ਮੌਕੂਫ਼ੀ ਅਤੇ ਅਸਤੀਫ਼ਾ ਕਬੂਲ ਕਰਨਾ ਜਨਰਲ ਹਾਊਸ ਦੇ ਅਖ਼ਤਿਆਰ ਵਿਚ ਹੋਵੇਗਾ।
10. ਜਥੇਦਾਰ ਨੂੰ ਹੱਕ ਹੋਵੇਗਾ ਕਿ ਉਹ ਕਿਸੇ ਗ੍ਰੰਥੀ ਜਾਂ ਸੇਵਾਦਾਰ ਨੂੰ 2 ਰੁਪਏ ਤਕ ਜੁਰਮਾਨਾ ਕਰ ਸਕਣਗੇ।
11. ਪ੍ਰਧਾਨ ਸਬ-ਕਮੇਟੀ 5 ਰੁਪਏ ਤਕ ਜੁਰਮਾਨਾ ਕਰ ਸਕਣਗੇ।
12. ਪ੍ਰਧਾਨ ਸ਼੍ਰੋਮਣੀ ਕਮੇਟੀ ਸਿਵਾਇ ਜਥੇਦਾਰ ਦੇ ਬਾਕੀ ਸੇਵਾਦਾਰਾਂ ਨੂੰ ਇਕ ਮਹੀਨੇ ਦੀ ਤਨਖ਼ਾਹ ਤਕ ਜੁਰਮਾਨਾ ਕਰ ਸਕਣਗੇ।
13. ਕਿਸੇ ਸੇਵਾਦਾਰ ਨੂੰ ਚਾਰ ਦਿਨ ਤਕ ਦੀ ਹਰ ਕਿਸਮ ਦੀ ਛੁਟੀ ਜਥੇਦਾਰ ਅਤੇ ਦਸ ਦਿਨ ਤਕ ਦੀ ਛੁਟੀ ਪ੍ਰਧਾਨ ਸਬ-ਕਮੇਟੀ ਅਤੇ ਇਸ ਤੋਂ ਵੱਧ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਸਕਣਗੇ।

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਮੁਖ ਸੇਵਾਦਾਰ ਬਣੇ

1930 ਵਿਚ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਜੋ ਪਹਿਲਾਂ ਹਰਿਮੰਦਰ ਸਾਹਿਬ ਦੇ ਹੈੱਡ-ਗ੍ਰੰਥੀ ਸਨ, ਨੂੰ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਬਣਾਇਆ ਗਿਆ। ਪਰ ਉਨ੍ਹਾਂ ਇਹ ਸੇਵਾ ਬਹੁਤ ਥੋੜ੍ਹਾ ਚਿਰ ਹੀ ਨਿਭਾਈ। ਸ਼੍ਰੋਮਣੀ ਕਮੇਟੀ ਦੀ ਤਾਰੀਖ਼ ਵਿਚ ਉਨ੍ਹਾਂ ਦਾ ਜ਼ਿਕਰ ਬਤੌਰ ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ ਸਿਰਫ਼ 26 ਅਪਰੈਲ 1930 ਦੀ ਜਨਰਲ ਹਾਊਸ ਦੀ ਮੀਟਿੰਗ ਵਿਚ ਸ਼ਮੂਲੀਅਤ ਦਾ ਹੀ ਆਉਂਦਾ ਹੈ।

ਪਿਸ਼ਾਵਰ ਨੂੰ ਮਾਸਟਰ ਤਾਰਾ ਸਿੰਘ ਦਾ ਜਥਾ

23 ਅਪਰੈਲ 1930 ਦੇ ਦਿਨ ਜਦੋਂ ਪਿਸ਼ਾਵਰ ਵਿਚ ਪਠਾਣ ਇਕ ਰੋਸ ਜਲੂਸ ਕੱਢ ਰਹੇ ਸਨ, ਤਾਂ ਦੀ ਇਕ ਅੰਗਰੇਜ਼ ਅਫ਼ਸਰ ਨੇ ਗ਼ੁੱਸੇ ਵਿਚ ਅੰਨ੍ਹੇ ਵਾਹ ਗੋਲੀਆਂ ਚਲਾ ਕੇ ਸ: ਗੰਗਾ ਸਿੰਘ ਕੰਬੋਜ ਦੇ ਪਰਿਵਾਰ, ਜੋ ਟਾਂਗੇ ਵਿਚ ਬੈਠ ਕੇ ਜਾ ਰਿਹਾ ਸੀ, ਨੂੰ ਮਾਰ ਦਿੱਤਾ। ਇਨ੍ਹਾਂ ਦੀਆਂ ਲਾਸ਼ਾਂ ਨੂੰ ਚੁੱਕ ਕੇ ਪਠਾਣਾਂ ਨੇ ਰੋਸ ਜਲੂਸ ਕੱਢਿਆ। ਅੰਗਰੇਜ਼ੀ ਪੁਲੀਸ ਨੇ ਇਸ ਜਲੂਸ 'ਤੇ ਗੋਲੀਆਂ ਚਲਾ ਕੇ ਲਾਸ਼ਾਂ ਚੁੱਕੀ ਜਾ ਰਹੇ ਬੰਦਿਆਂ ਨੂੰ ਮਾਰ ਦਿੱਤਾ। ਇਸ ਮਗਰੋਂ ਹੋਰ ਪਠਾਣ ਅੱਗੇ ਵਧੇ ਤੇ ਉਨ੍ਹਾਂ ਨੇ ਕੰਬੋਜ ਪਰਿਵਾਰ ਦੀਆਂ ਲਾਸ਼ਾਂ ਚੁੱਕ ਲਈਆਂ। ਇਨ੍ਹਾਂ 'ਤੇ ਵੀ ਪੁਲੀਸ ਨੇ ਗੋਲੀਆਂ ਚਲਾਈਆਂ। ਇੰਞ ਕਈ ਪਠਾਣ ਸ਼ਹੀਦ ਹੋ ਗਏ। ਜਦੋਂ ਇਸ ਸਾਕੇ ਦੀ ਖ਼ਬਰ ਅੰਮ੍ਰਿਤਸਰ ਪੁੱਜੀ ਤਾਂ ਮਾਸਟਰ ਤਾਰਾ ਸਿੰਘ ਨੇ ਪਠਾਣਾਂ ਦੀ ਹਮਦਰਦੀ ਵਿਚ ਇਕ ਜਥਾ ਲਿਜਾਣ ਦਾ ਐਲਾਨ ਕੀਤਾ। ਮਾਸਟਰ ਜੀ ਨੇ 10 ਮਈ 1930 ਨੂੰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਤੇ 100 ਸਿੰਘਾਂ ਦਾ ਜਥਾ ਲੈ ਕੇ ਪਿਸ਼ਾਵਰ ਵਾਸਤੇ ਚੱਲ ਪਏ। ਰਸਤੇ ਵਿਚ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਤੇ ਉਨ੍ਹਾਂ ਦੇ ਸਾਰੇ ਜਥੇ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ ਗਈ।

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਤਨਖ਼ਾਹ ਘਟਾਈ ਗਈ

ਪਹਿਲੀ ਮਾਰਚ 1932 ਦੇ ਦਿਨ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਤੇਜਾ ਸਿੰਘ ਅਕਰਪੁਰੀ ਦੀ ਪ੍ਰਧਾਨਗੀ ਹੇਠ ਹੋਇਆ। ਇਸ ਇਕੱਠ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ, ਗ੍ਰੰਥੀਆਂ ਅਤੇ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਅਤੇ ਗ੍ਰੰਥੀਆਂ ਦੀਆਂ ਤਨਖ਼ਾਹਾਂ 'ਚ ਕਟੌਤੀ ਬਾਰੇ ਭਰਵੀਂ ਬਹਿਸ ਹੋਈ। ਉਸ ਵੇਲੇ ਸ: ਗੁਰਮੁਖ ਸਿੰਘ ਮੁਸਾਫ਼ਿਰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਸਨ। ਪਹਿਲੋਂ ਉਹ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਰਹੇ ਸਨ। ਇਸ ਮੀਟਿੰਗ ਵਿਚ ਸ: ਗੰਗਾ ਸਿੰਘ, ਸ: ਬੁੱਢਾ ਸਿੰਘ ਵੈਦ ਤੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ ਕਿ ਮੁਸਾਫ਼ਿਰ ਹੋਰਾਂ ਦੀ ਤਨਖ਼ਾਹ 101 ਰੁਪਏ ਤੋਂ ਘਟਾ ਕੇ 60 ਰੁਪਏ ਮਹੀਨਾ ਕਰ ਦਿੱਤੀ ਜਾਵੇ। ਦੂਜੇ ਪਾਸੇ ਇਕ ਮੈਂਬਰ ਸ: ਭਗਤ ਸਿੰਘ ਨੇ 85 ਰੁਪਏ ਤਨਖ਼ਾਹ ਤਜਵੀਜ਼ ਕੀਤੀ। ਸ: ਜਵਾਹਰ ਸਿੰਘ ਨੇ ਇਸ ਦੀ ਤਾਈਦ ਕੀਤੀ ਪਰ ਸ: ਹਰੀ ਸਿੰਘ ਤੇ ਭਗਤ ਜਸਵੰਤ ਸਿੰਘ ਨੇ ਇਸ ਦੀ ਮੁਖ਼ਾਲਫ਼ਤ ਕੀਤੀ। ਕਾਫ਼ੀ ਬਹਿਸ ਮਗਰੋਂ ਇਹ ਸਮਝੌਤਾ ਹੋਇਆ ਕਿ ਕੇਸਗੜ੍ਹ ਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ, ਦੋਹਾਂ ਨੂੰ 75 ਰੁਪਏ ਮਹੀਨਾ ਤਨਖ਼ਾਹ ਦਿੱਤੀ ਜਾਇਆ ਕਰੇ। ਇਸ ਦੌਰਾਨ ਸ: ਗੁਰਮੁਖ ਸਿੰਘ ਮੁਸਾਫ਼ਿਰ ਨੇ ਕਿਹਾ ਕਿ "ਮੇਰੀ ਤਨਖ਼ਾਹ ਦੇ ਮਾਮਲੇ 'ਤੇ ਬਹਿਸ ਨਾ ਕੀਤੀ ਜਾਵੇ ਤੇ ਮੇਰਾ ਅਸਤੀਫ਼ਾ ਕਬੂਲ ਕੀਤਾ ਜਾਏ। ਮੈਂ ਆਨਰੇਰੀ ਤੌਰ 'ਤੇ ਬਿਨਾਂ ਤਨਖ਼ਾਹ ਤੋਂ ਇਕ ਦੋ ਮਹੀਨੇ (ਜੇ ਪ੍ਰਧਾਨ ਸਾਹਿਬ ਚਾਹੁਣ ਤਾਂ) ਸੇਵਾ ਕਰ ਦਿਆਂਗਾ ਤੇ ਇਸ ਅਰਸੇ ਵਿਚ ਆਪ ਹੋਰ ਜਥੇਦਾਰ ਨੀਯਤ ਕਰ ਲੈਣਾ।"

ਇਸ ਮੌਕੇ 'ਤੇ ਸ: ਸ਼ਿਵ ਸਿੰਘ ਦੀ ਤਜਵੀਜ਼ 'ਤੇ ਸ: ਗੰਗਾ ਸਿੰਘ ਦੀ ਤਾਈਦ 'ਤੇ ਹੇਠ ਲਿਖਿਆ ਗੁਰਮਤਾ ਪੇਸ਼ ਹੋ ਕੇ ਪਾਸ ਹੋਇਆ :

"ਅੱਜ ਦੀ ਜਨਰਲ ਇਕਤਰਤਾ ਸ੍ਰੀਮਾਨ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਜਥੇਦਾਰ ਅਕਾਲ ਤਖ਼ਤ ਸਾਹਿਬ ਜੀ ਅਤੁੱਟ ਤੇ ਪ੍ਰੇਮ ਭਰੀ ਸੇਵਾ ਦੀ ਪ੍ਰਸ਼ੰਸਾ ਕਰਦੀ ਹੈ ਅਤੇ ਸਪੱਸ਼ਟ ਕਰਦੀ ਹੈ ਕਿ ਇਹ ਤਨਖ਼ਾਹ ਦਾ ਘਾਟਾ ਮਾਇਕ ਔਕੜਾਂ ਨੂੰ ਮੁਖ ਰੱਖ ਕੇ ਕੀਤਾ ਗਿਆ ਹੈ ਅਤੇ ਆਸ ਰਖਦੀ ਹੈ ਕਿ ਗਿਆਨੀ ਜੀ ਅੱਗੇ ਵਾਂਗੂੰ ਹੀ ਇਸ ਸੇਵਾ ਨੂੰ ਨਿਭਾਉਣਗੇ।"

ਇਸ ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਅਗਲੀ ਇਕੱਤਰਤਾ ਵਿਚ ਇਸ ਬਾਰੇ ਗੁਰਮਤਾ ਕੀਤਾ ਜਾਵੇਗਾ ਕਿ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਤਨਖ਼ਾਹਦਾਰ ਹੋਣਾ ਚਾਹੀਦਾ ਹੈ ਕਿ ਨਹੀਂ। ਫਿਰ ਭਾਈ ਮੋਹਨ ਸਿੰਘ ਵੈਦ ਅਤੇ ਸ: ਬੁੱਢਾ ਸਿੰਘ ਵੈਦ ਨੇ ਮੀਤ ਜਥੇਦਾਰ ਦੀ ਤਨਖ਼ਾਹ ਵਿਚੋਂ 25 ਰੁਪਏ ਮਹੀਨਾ ਘਟਾਏ ਜਾਣ ਦੀ ਤਜਵੀਜ਼ ਪੇਸ਼ ਕੀਤੀ ਤੇ ਸ: ਗੰਗਾ ਸਿੰਘ ਨੇ ਇਸ ਦੀ ਤਾਈਦ ਕੀਤੀ। ਸ: ਹਰੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਤਨਖ਼ਾਹ ਅੱਗੇ ਹੀ 92 ਰੁਪਏ ਤੋਂ 65 ਰੁਪਏ 'ਤੇ ਲਿਆਂਦੀ ਗਈ ਹੈ, ਜਿਸ 'ਤੇ ਹਾਊਸ ਦੀ ਤਸੱਲੀ ਹੋ ਗਈ ਅਤੇ ਇਹ ਤਜਵੀਜ਼ ਵਾਪਿਸ ਹੋ ਗਈ। ਗ੍ਰੰਥੀਆਂ ਦੀ ਤਨਖ਼ਾਹ ਵੀ 35-35 ਰੁਪਏ ਮਹੀਨਾ ਕਰ ਦਿੱਤੀ ਗਈ ਤੇ ਜਥੇਦਾਰ ਸਾਹਿਬ ਦੀ 101 ਦੀ ਥਾਂ 75 ਤੇ ਗ੍ਰੰਥੀਆਂ ਦੀ 40 ਦੀ ਥਾਂ 35 ਰੁਪਏ ਕਰਨ ਦੀਆਂ ਤਰਮੀਮਾਂ ਸਣੇ ਇਹ ਬਜਟ ਪਾਸ ਕੀਤਾ ਗਿਆ।[37]

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਤਨਖ਼ਾਹ ਬਾਰੇ ਪਹਿਲੀ ਮਾਰਚ 1932 ਨੂੰ ਮਸਲਾ ਉਠਣ, ਤੇ ਗੁਰਮੁਖ ਸਿੰਘ ਮੁਸਾਫ਼ਿਰ ਵਲੋਂ ਅਸਤੀਫ਼ਾ ਦੇਣ ਦੇ ਫ਼ੈਸਲੇ ਮਗਰੋਂ ਇਸ ਸੇਵਾ ਵਾਸਤੇ ਕਿਸੇ ਸ਼ਖ਼ਸ ਦੀਆਂ ਸੇਵਾਵਾਂ ਨਾ ਮਿਲ ਸਕੀਆਂ। ਇਸ ਤੋਂ ਮਗਰੋਂ 30 ਅਕਤੂਬਰ ਨੂੰ ਹੋਏ ਜਨਰਲ ਇਜਲਾਸ ਵਿਚ ਅਹੁਦੇਦਾਰਾਂ ਦੀ ਚੋਣ ਵੇਲੇ ਲੰਬੀ ਬਹਿਸ ਹੋਣ ਕਰ ਕੇ ਇਹ ਇਜਲਾਸ 27 ਨਵੰਬਰ 'ਤੇ ਮੁਲਤਵੀ ਕਰਨਾ ਪਿਆ। 27 ਨਵੰਬਰ ਦੇ ਇਜਲਾਸ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਚੋਣ ਦਾ ਮਸਲਾ ਫੇਰ ਪੇਸ਼ ਕੀਤਾ ਗਿਆ। ਇਹ ਵੀ ਵਿਚਾਰ ਕੀਤਾ ਗਿਆ ਕਿ ਜਿਵੇਂ ਕਿ ਪਹਿਲਾਂ ਖ਼ਿਆਲ ਸੀ ਕਿ ਇਸ ਸੇਵਾ 'ਤੇ ਕੋਈ ਸ਼ਖ਼ਸ ਐਸਾ ਲਾਇਆ ਜਾਏ, ਜੋ ਤਨਖ਼ਾਹਦਾਰ ਨਾ ਹੋਵੇ ਪਰ ਵਕਤ ਮੁਤਾਬਿਕ ਅਜਿਹਾ ਸ਼ਖ਼ਸ ਲਭਣਾ ਆਸਾਨ ਨਹੀਂ। ਇਸ 'ਤੇ ਸ: ਬਲਬੀਰ ਸਿੰਘ ਦੀ ਤਜਵੀਜ਼ ਅਤੇ ਸ: ਅਵਤਾਰ ਸਿੰਘ ਦੀ ਤਾਈਦ ਨਾਲ ਗੁਰਮਤਾ ਪਾਸ ਕੀਤਾ ਗਿਆ ਕਿ : "ਜਦ ਕਦੇ ਵੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਮੁਕਰਰ ਕਰਨ ਦਾ ਸਵਾਲ ਪੇਸ਼ ਹੋਵੇ ਤਾਂ ਆਚਰਣ ਅਤੇ ਯੋਗਤਾ ਨੂੰ ਮੁਖ ਰਖਦਿਆਂ ਹੋਇਆ ਜੇ ਤਨਖ਼ਾਹ ਬਿਨਾਂ ਚੰਗਾ ਕੰਮ ਕਰਨ ਵਾਲਾ ਯੋਗ ਸਜਣ ਮਿਲ ਸਕੇ ਤਾਂ ਬਿਹਤਰ, ਵਰਨਾ ਤਨਖ਼ਾਹਦਾਰ ਸੇਵਕ ਰਖ ਲਿਆ ਜਾਇਆ ਕਰੇ। ਵਿਸ਼ੇਸ਼ਤਾ ਯੋਗਤਾ ਦੇ ਨਾਲ ਹੀ ਖ਼ਾਸ ਤੌਰ 'ਤੇ ਇਹ ਹੋਵੇ ਕਿ ਉਹ ਹਰ ਪਹਿਲੂ ਤੋਂ ਨਿਰਪੱਖ ਰਹਿ ਕੇ ਸੇਵਾ ਕਰਨ ਵਾਲਾ ਹੋਵੇ।"[38]

---

37. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 89-90.
38. *ਉਹੀ*, ਸਫ਼ਾ 93.

ਜਦੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਨੇ ਦੋਬਾਰਾ ਇਸ ਸੇਵਾ 'ਤੇ ਆਉਣਾ ਕਬੂਲ ਨਾ ਕੀਤਾ ਤਾਂ 10 ਮਾਰਚ 1934 ਦੇ ਦਿਨ ਉਨ੍ਹਾਂ ਦਾ ਅਸਤੀਫ਼ਾ ਕਬੂਲ ਕਰ ਲਿਆ ਗਿਆ। ਇਸ ਮੌਕੇ 'ਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਤਾਰੀਫ਼ ਕੀਤੀ ਗਈ ਤੇ ਨਾਲ ਹੀ ਗਿਆਨੀ ਮੋਹਨ ਸਿੰਘ ਦੀ, ਕਾਇਮ ਮੁਕਾਮ ਮੁਖ ਸੇਵਾਦਾਰ ਵਜੋਂ ਸੇਵਾ ਕਰਨ ਦੀ, ਤਾਰੀਫ਼ ਵੀ ਕੀਤੀ ਗਈ : "ਇਹ ਸਮਾਗਮ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੀ ਉਸ ਸੇਵਾ ਦੀ ਪ੍ਰਸ਼ੰਸਾ ਕਰਦਾ ਹੈ ਕਿ ਜੋ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਕੀਤੀ ਹੈ, ਪਰ ਉਨ੍ਹਾਂ ਦਾ ਅਸਤੀਫ਼ਾ, ਉਨ੍ਹਾਂ ਦੇ ਵਾਰ ਵਾਰ ਜ਼ੋਰ ਦੇਣ 'ਤੇ, ਮਜਬੂਰਨ ਪਾਸ ਕਰਦਾ ਹੈ ਅਤੇ ਨਾਲ ਹੀ ਸ: ਮੋਹਨ ਸਿੰਘ ਮੀਤ ਜਥੇਦਾਰ ਦੇ ਕੰਮ ਦੀ, ਜੋ ਉਨ੍ਹਾਂ ਦੀ ਗ਼ੈਰ-ਹਾਜ਼ਿਰੀ ਦੇ ਸਮੇਂ ਤੋਂ ਜਥੇਦਾਰੀ ਦੀ ਸੇਵਾ ਵੀ ਕਰ ਰਹੇ ਹਨ, ਸ਼ਲਾਘਾ ਵੀ ਕਰਦਾ ਹੈ।"

ਬਾਬਾ ਵਿਸਾਖਾ ਸਿੰਘ ਦਦੇਹਰ ਨੇ ਸੇਵਾ ਸੰਭਾਲੀ

21 ਅਕਤੂਬਰ 1934 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਬਾਬਾ ਵਿਸਾਖਾ ਸਿੰਘ ਦਦੇਹਰ (ਗ਼ਦਰ ਪਾਰਟੀ ਆਗੂ) ਨੂੰ ਸ: ਸਰਮੁਖ ਸਿੰਘ ਚਮਕ ਦੀ ਤਜਵੀਜ਼ 'ਤੇ ਅਤੇ ਸ: ਨਿਰੰਜਨ ਸਿੰਘ ਮਹਿਰਾਜ ਦੀ ਤਾਈਦ ਅਤੇ ਬਾਬਾ ਈਸ਼ਰ ਸਿੰਘ ਮਰਹਾਣਾ ਦੀ ਤਾਈਦ ਮਜੀਦ ਨਾਲ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਮੁਕੱਰਰ ਕਰ ਦਿੱਤਾ।[39] ਬਾਬਾ ਵਿਸਾਖਾ ਸਿੰਘ ਨੇ ਤਖ਼ਤ ਸਾਹਿਬ 'ਤੇ ਮਰਿਆਦਾ ਨੂੰ ਵਧੇਰੇ ਸਖ਼ਤੀ ਨਾਲ ਲਾਗੂ ਕੀਤਾ ਅਤੇ ਜ਼ਰਾ-ਮਾਸਾ ਵੀ ਢਿੱਲ ਨਾ ਰਹਿਣ ਦਿੱਤੀ।

ਬਾਬਾ ਵਿਸਾਖਾ ਸਿੰਘ ਦਾ ਅਸਤੀਫ਼ਾ

ਦਿਸੰਬਰ 1934 ਵਿਚ (ਸੇਵਾ ਸੰਭਾਲਣ ਤੋਂ ਸਿਰਫ਼ ਦੋ ਮਹੀਨੇ ਮਗਰੋਂ ਹੀ) ਬਾਬਾ ਵਿਸਾਖਾ ਸਿੰਘ ਨੇ ਇਸ ਸੇਵਾ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦਿਨਾਂ ਵਿਚ ਨਵਾਬ ਮੁਜ਼ਫ਼ਰ ਖ਼ਾਂ (ਜਿਸ ਨੇ ਗੁਰਦੁਆਰਾ ਐਕਟ ਸਬੰਧੀ ਰੋਲ ਅਦਾ ਕੀਤਾ ਸੀ) ਨੂੰ ਦਰਬਾਰ ਸਾਹਿਬ ਆਉਣ 'ਤੇ ਤਖ਼ਤ ਸਾਹਿਬ ਦੇ ਇਕ ਗ੍ਰੰਥੀ ਨੇ ਸਿਰੋਪਾਓ ਦਿੱਤਾ ਸੀ। ਬਾਬਾ ਵਿਸਾਖਾ ਸਿੰਘ ਨੇ ਕਿਸੇ ਗ਼ੈਰ-ਸਿੱਖ ਨੂੰ ਤਖ਼ਤ ਸਾਹਿਬ 'ਤੇ ਸਿਰੋਪਾਓ ਭੇਟ ਕਰਨ ਦੀ ਕਾਰਵਾਈ 'ਤੇ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ। ਇਹ ਵੀ ਕਾਬਲੇ-ਜ਼ਿਕਰ ਹੈ ਕਿ ਸ਼੍ਰੋਮਣੀ ਕਮੇਟੀ ਨੇ ਨਵਾਬ ਨੂੰ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਤੋਂ ਸਿਰੋਪਾਓ ਦਿਵਾਉਣ ਬਾਰੇ ਬਾਬਾ ਵਿਸਾਖਾ ਸਿੰਘ ਨੂੰ ਪੁੱਛਿਆ-ਦੱਸਿਆ ਤਕ ਨਹੀਂ ਸੀ।

ਬੂਟਾ ਸਿੰਘ ਦੀ ਪੰਥ ਵਾਪਸੀ

25 ਦਿਸੰਬਰ 1935 ਦੇ ਦਿਨ ਸ਼ਾਮ ਪੰਜ ਵਜੇ ਸ਼੍ਰੋਮਣੀ ਕਮੇਟੀ ਦਾ ਇਕ ਜਨਰਲ ਸਮਾਗਮ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਹ ਇਜਲਾਸ ਗੁ: ਸ਼ਹੀਦ ਗੰਜ ਲਾਹੌਰ ਦੇ ਮਸਲੇ ਅਤੇ ਕਿਰਪਾਨ 'ਤੇ ਪਾਬੰਦੀ ਦੇ ਸਵਾਲ ਨੂੰ ਮੁਖ ਰੱਖ ਕੇ ਉਚੇਚੇ ਤੌਰ 'ਤੇ

---

39. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 120.

ਬੁਲਾਇਆ ਗਿਆ ਸੀ। ਇਸ ਮੌਕੇ 'ਤੇ ਬੂਟਾ ਸਿੰਘ ਸ਼ੇਖ਼ੂਪੁਰਾ, ਜੋ ਪੰਥ ਦੀ ਮਰਜ਼ੀ ਦੇ ਖ਼ਿਲਾਫ਼ ਜਾਇੰਟ ਸਿਲੈਕਟ ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਹੋਏ ਸਨ, ਹਾਜ਼ਿਰ ਹੋਏ ਤੇ ਉਨ੍ਹਾਂ ਨੇ ਆਪਣੀ ਭੁੱਲ ਦੀ ਮੁਆਫ਼ੀ ਮੰਗੀ। ਉਨ੍ਹਾਂ ਕਿਹਾ ਕਿ

> "ਕਿਰਪਾਨ ਦੀ ਆਜ਼ਾਦੀ ਦੇ ਸਵਾਲ 'ਤੇ, ਪੰਥ ਦੇ ਹੁਕਮ ਅਨੁਸਾਰ, ਮੈਂ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਸਤੇ ਤਿਆਰ ਹਾਂ। ਮੈਂ ਕਈ ਕੁ ਕਾਰਨਾਂ ਕਰ ਕੇ ਪਿਛਲੇ ਦੋ ਸਾਲ ਬਿਲਕੁਲ ਚੁੱਪ ਰਿਹਾ ਹਾਂ, ਪਰ ਹੁਣ ਮੈਂ ਚੁੱਪ ਕਰ ਕੇ ਨਹੀਂ ਬੈਠ ਸਕਦਾ। ਮੈਂ ਇਸ ਲਈ ਅਕਾਲ ਤਖ਼ਤ ਸਾਹਿਬ ਅੱਜ ਹਾਜ਼ਿਰ ਹੋਇਆ ਹਾਂ ਕਿ ਮੇਰੀ ਪਿੱਛਲੀਆਂ ਭੁੱਲਾਂ ਨੂੰ ਬਖ਼ਸ਼ ਕੇ ਮੇਰੀ ਸੇਵਾ ਪ੍ਰਵਾਨ ਕੀਤੀ ਜਾਵੇ। ਮੈਂ ਗ਼ੈਰ-ਮਸ਼ਰੂਤ ਮੁਆਫ਼ੀ ਮੰਗਦਾ ਹਾਂ।"

ਬੂਟਾ ਸਿੰਘ ਐਮ.ਐਲ.ਸੀ. ਵਲੋਂ ਗ਼ੈਰ-ਮਸ਼ਰੂਤ (ਬਿਨਾਂ ਸ਼ਰਤ ਤੋਂ) ਮੁਆਫ਼ੀ ਮੰਗਣ 'ਤੇ ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕੀਤਾ ਕਿ

> "ਸ:ਬ: ਬੂਟਾ ਸਿੰਘ ਐਮ.ਐਲ.ਸੀ. ਸ਼ੇਖ਼ੂਪੁਰਾ ਦੇ ਗ਼ੈਰ-ਮਸ਼ਰੂਤ ਮੁਆਫ਼ੀ ਮੰਗਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਜਾਇੰਟ ਸੀਲੈਕਟ ਕਮੇਟੀ ਵਿਚ ਪੰਥ ਦੀ ਮਰਜ਼ੀ ਦੇ ਖ਼ਿਲਾਫ਼ ਸ਼ਾਮਿਲ ਹੋਣ ਸਮੇਂ ਜੋ ਗੁਰਮਤਾ ਪਾਸ ਕੀਤਾ ਸੀ, ਉਸ ਨੂੰ ਇਹ ਸਮਾਗਮ ਵਾਪਿਸ ਲੈਂਦਾ ਹੈ।"

ਸ: ਠੋਲ੍ਹਾ ਸਿੰਘ ਨੇ ਇਸ ਬਾਰੇ ਵਿਰੋਧਤਾ ਨੋਟ ਕਰਵਾਈ।[40]

ਅਕਾਲ ਤਖ਼ਤ ਸਾਹਿਬ ਬਾਰੇ ਕਾਨੂੰਨੀ ਨੁਮਾਇੰਦਗੀ

ਪਹਿਲੀ ਮਾਰਚ 1936 ਦੇ ਦਿਨ ਹੋਏ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਗੁਰਮਤਾ ਕੀਤਾ ਕਿ ਪ੍ਰਧਾਨ ਸ਼੍ਰੋਮਣੀ ਕਮੇਟੀ (ਜੋ ਕਿ ਅਕਾਲ ਤਖ਼ਤ ਸਾਹਿਬ ਅਤੇ ਕੇਸਗੜ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਵੀ ਪ੍ਰਧਾਨ ਹੈ) ਨੂੰ ਇਹ ਹੱਕ ਦਿੱਤਾ ਜਾਂਦਾ ਹੈ ਕਿ ਉਹ ਕਿਸੇ ਦੀਵਾਨੀ ਜਾਂ ਫ਼ੌਜਦਾਰੀ ਜਾਂ ਕਿਸੇ ਹੋਰ ਅਦਾਲਤ ਵਗ਼ੈਰਾ ਵਿਚ 'ਤਖ਼ਤ ਸਾਹਿਬ ਸਬੰਧੀ' ਮੁਕਦਮਿਆਂ ਦੀ ਪੈਰਵੀ ਕਰਨ। ਇਹ ਵੀ ਪਾਸ ਹੋਇਆ ਕਿ ਅਕਾਲ ਤਖ਼ਤ ਸਬੰਧੀ ਖੋਲ੍ਹੇ ਸਾਰੇ ਖਾਤਿਆਂ ਨੂੰ ਪ੍ਰਧਾਨ ਸ਼੍ਰੋਮਣੀ ਕਮੇਟੀ ਓਪਰੇਟ ਕਰਨ ਤੇ ਬੈਂਕਾਂ ਦੇ ਸਾਰੇ ਕਾਗ਼ਜ਼ਾਂ 'ਤੇ ਉਨ੍ਹਾਂ ਦੇ ਹੀ ਦਸਤਖ਼ਤ ਹੋਣ।[41] ਇਸੇ ਮੀਟਿੰਗ ਵਿਚ ਇਹ ਵੀ ਪਾਸ ਹੋਇਆ ਕਿ ਗੁਰਦੁਆਰਾ ਸਿੰਘ ਸਭਾ ਦਾਰੁਲਇਸਲਾਮ (ਬ੍ਰਿਟਿਸ਼ ਈਸਟ ਅਫ਼ਰੀਕਾ) ਵਲੋਂ ਸਾਰੀ ਜਾਇਦਾਦ ਅਕਾਲ ਤਖ਼ਤ ਸਾਹਿਬ ਦੇ ਨਾਂ ਲਾਉਣ ਦੀ ਪੇਸ਼ਕਸ਼ ਨੂੰ ਕਬੂਲ ਕਰ ਲਿਆ ਜਾਵੇ।[42]

ਅਕਾਲ ਤਖ਼ਤ ਸਾਹਿਬ ਨੂੰ ਜ਼ਾਤ-ਪਾਤ ਦੇ ਖ਼ਿਲਾਫ਼ ਹੁਕਮਨਾਮਾ ਜਾਰੀ ਕਰਨ ਵਾਸਤੇ ਦਿੱਤਾ ਜਾਣਾ

13 ਜੂਨ 1936 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਗੁਰਮਤਾ ਕੀਤਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਜ਼ਾਤ-ਪਾਤ ਤੋੜਨ ਬਾਰੇ ਇਕ ਹੁਕਮਨਾਮਾ ਜਾਰੀ

---

40. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 141.
41. *ਉਹੀ*, ਸਫ਼ਾ 145-46.
42. *ਉਹੀ*, ਸਫ਼ਾ 146.

ਕਰਵਾਇਆ ਜਾਵੇ। ਜਨਰਲ ਹਾਊਸ ਨੇ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤੇ ਜਾਣ ਵਾਲੇ ਹੁਕਮਨਾਮੇ ਦੀ ਇਬਾਰਤ ਇੰਞ ਬਣਾਈ:

"ਸਰਬਤ ਖਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹੈ, ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤਰ ਨਾਲ ਸੰਗਤ ਪੰਗਤ ਵਿਚ ਇਕੋ ਜਿਹਾ ਵਿਹਾਰ ਕਰਨਾ, ਪਿਛਲੀ ਜ਼ਾਤ-ਪਾਤ ਨਹੀਂ ਪੁੱਛਣੀ, ਭਰਮ ਨਹੀਂ ਕਰਨਾ, ਇਹੋ ਹੀ ਗੁਰੂ ਜੀ ਦੀ ਆਗਿਆ ਹੈ। ਜੋ ਸਿਰ ਨਿਵਾਏਗਾ ਗੁਰੂ ਜੀ ਉਸ ਦੀ ਬਹੁੜੀ ਕਰਨਗੇ।"[43]

ਇਸ ਮਗਰੋਂ ਇਸ ਹੁਕਮਨਾਮੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕਰ ਦਿੱਤਾ ਗਿਆ। ਇਹ 'ਗੁਰਮਤਾ' ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਪਾਸ ਕੀਤਾ ਸੀ, ਇਸ ਨੂੰ ਅਕਾਲ ਤਖ਼ਤ ਸਾਹਿਬ ਨੂੰ 'ਹੁਕਮਨਾਮਾ' ਵਜੋਂ ਜਾਰੀ ਕਰਨ ਵਾਸਤੇ ਕਿਹਾ ਗਿਆ ਸੀ। ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ 'ਹੁਕਮਨਾਮਾ' ਹੂ-ਬ-ਹੂ ਸ਼੍ਰੋਮਣੀ ਕਮੇਟੀ ਦਾ ਗੁਰਮਤਾ ਹੀ ਸੀ। ਇਸ ਤੋਂ ਇਹ ਸਾਫ਼ ਪਤਾ ਲਗਦਾ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਵਾਲੇ ਹੁਕਮਨਾਮੇ ਕਿਸੇ ਅਖੌਤੀ ਜਥੇਦਾਰ ਦੇ ਨਿਜੀ ਐਲਾਨ ਜਾਂ ਅਖੌਤੀ 'ਪੰਜ ਪਿਆਰਿਆਂ' ਜਾਂ ਅਖੌਤੀ ਸਿੰਘ ਸਾਹਿਬਾਂ ਦੇ 'ਹੁਕਮ' ਨਹੀਂ ਹੁੰਦੇ ਹਨ।

ਸਿਖ ਰਹਿਤ ਮਰਿਆਦਾ

12 ਅਕਤੂਬਰ 1936 ਦੇ ਦਿਨ ਸ਼੍ਰੋਮਣੀ ਕਮੇਟੀ ਨੇ ਮਤਾ ਨੰਬਰ 149 ਰਾਹੀਂ ਸਿੱਖ ਰਹਿਤ ਮਰਿਆਦਾ ਦਾ ਖਰੜਾ ਕਬੂਲ ਕਰ ਲਿਆ। (ਮਗਰੋਂ ਇਸ ਵਿਚ ਕੁਝ ਕੁ ਤਬਦੀਲੀਆਂ ਤੋਂ ਮਗਰੋਂ 7 ਜਨਵਰੀ 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਨੇ ਪਾਸ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਫੇਰ ਪੇਸ਼ ਕੀਤਾ। ਸ਼੍ਰੋਮਣੀ ਕਮੇਟੀ ਨੇ 3 ਫ਼ਰਵਰੀ 1945 ਨੂੰ ਮਤਾ ਨੰਬਰ 97 ਰਾਹੀਂ ਉਸ ਨੂੰ ਮਨਜ਼ੂਰ ਕਰ ਕੇ ਪਾਸ ਕਰ ਦਿੱਤਾ। ਮੌਜੂਦਾ ਰਹਿਤ ਮਰਿਆਦਾ ਮੁਢਲੇ ਤੌਰ 'ਤੇ 1945 'ਚ ਪਾਸ ਹੋਈ ਸੀ। ਉਂਞ ਉਸ ਮਗਰੋਂ ਕੁਝ ਨੁਕਤਿਆਂ ਨੂੰ ਸਪੱਸ਼ਟ ਕਰਨ ਵਾਸਤੇ ਕਾਫ਼ੀ ਤਬਦੀਲੀਆਂ ਕੀਤੀਆਂ ਜਾ ਚੁੱਕੀਆਂ ਹਨ)।

ਸ਼੍ਰੋਮਣੀ ਕਮੇਟੀ ਦੇ ਇਜਲਾਸ ਅਕਾਲ ਤਖ਼ਤ ਸਾਹਿਬ 'ਤੇ ਹੋਣੇ ਬੰਦ

12 ਨਵੰਬਰ 1936 ਦੇ ਦਿਨ ਹੋਏ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਨੇ ਪਾਸ ਕੀਤਾ ਕਿ "ਅੱਗੋਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕਤਰਤਾ ਅਕਾਲ ਤਖ਼ਤ ਸਾਹਿਬ 'ਤੇ ਨਾ ਹੀ ਕੀਤੀ ਜਾਇਆ ਕਰੇ ਅਤੇ ਜਦ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਪਣਾ ਦਫ਼ਤਰ ਤੇ ਹਾਲ ਨਹੀਂ ਬਣ ਜਾਂਦੇ, ਤਦ ਤਕ ਦਰਬਾਰ ਸਾਹਿਬ ਕਮੇਟੀ ਦੀ ਆਗਿਆ ਨਾਲ ਗੁਰੂ ਰਾਮ ਦਾਸ ਨਿਵਾਸ ਦੇ ਹਾਲ ਕਮਰਿਆਂ ਵਿਚੋਂ ਇਕ ਕਮਰਾ ਇਸ ਕੰਮ ਲਈ ਵਰਤਿਆ ਜਾਇਆ ਕਰੇ।"

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਥਾਂ ਬਦਲਣ ਬਾਰੇ ਮਤਾ ਪ੍ਰੋ: ਨਿਰੰਜਨ ਸਿੰਘ ਨੇ ਪੇਸ਼ ਕੀਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਾਸਤੇ **ਗੁਰੂ ਰਾਮਦਾਸ ਨਿਵਾਸ ਵਿਚ ਇਕ ਹਾਲ ਵਿਚ ਪੰਜਾਬ ਕੌਂਸਲ (ਅਸੈਂਬਲੀ) ਵਾਂਗ ਕੁਰਸੀਆਂ**

43. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 156.

ਮੇਜ਼ ਲਾ ਕੇ ਤਿਆਰ ਕੀਤਾ ਜਾਵੇ ਤੇ ਸਾਰੇ ਇਜਲਾਸ ਇਸੇ ਹਾਲ ਵਿਚ ਹੀ ਹੋਇਆ ਕਰਨ ਅਤੇ ਇਸੇ ਸਰ੍ਹਾਂ ਵਿਚ ਹਰ ਪਾਰਟੀ ਦੇ ਮੁਖੀ ਨੂੰ ਇਕ-ਇਕ ਕਮਰਾ ਪਾਰਟੀ ਦਫ਼ਤਰ ਵਾਸਤੇ ਦਿੱਤਾ ਜਾਵੇ। ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨ ਕੀਤਾ ਜਾਵੇ, ਕਿਉਂਕਿ ਉੱਥੇ ਪਾਰਟੀ ਖਿਚੋ-ਤਾਣ ਦੇ ਕਾਰਨ ਬੇਅਦਬੀ ਹੋ ਸਕਦੀ ਹੈ। ਸ: ਕਰਤਾਰ ਸਿੰਘ ਦੀਵਾਨਾ ਨੇ ਉਨ੍ਹਾਂ ਦੀ ਹਿਮਾਇਤ ਕੀਤੀ। ਸ: ਮੰਗਲ ਸਿੰਘ ਨੇ ਵੀ ਹਿਮਾਇਤ ਕੀਤੀ ਪਰ ਵਿਚਾਰ ਪੇਸ਼ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਨਾਲ ਪਬਲਿਕ ਵਿਚ ਇਤਰਾਜ਼ ਹੋਵੇਗਾ। ਇੰਵ ਹੀ ਸ: ਬਖ਼ਸ਼ੀਸ਼ ਸਿੰਘ, ਬਾਬਾ ਜਵਾਲਾ ਸਿੰਘ, ਭਾਈ ਗੰਡਾ ਸਿੰਘ, ਡਾ. ਇੰਦਰ ਸਿੰਘ, ਸ: ਆਤਮਾ ਸਿੰਘ ਤੇ ਸ: ਭਾਗ ਸਿੰਘ ਨੇ ਜ਼ੋਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ। ਅਖ਼ੀਰ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਿਰੀ ਨੂੰ ਜ਼ਰੂਰੀ ਮੰਨ ਕੇ ਇਜਲਾਸ ਗੁਰੂ ਰਾਮਦਾਸ ਨਿਵਾਸ 'ਚ ਕਰਨ ਬਾਰੇ ਸਾਰੇ ਜਣੇ ਰਾਜ਼ੀ ਹੋ ਗਏ।[44] 10 ਮਾਰਚ 1937 ਤੋਂ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਗੁਰੂ ਰਾਮਦਾਸ ਨਿਵਾਸ (ਸਰਾਂ) ਵਿਚ ਹੋਣ ਲੱਗ ਪਿਆ। 10 ਮਾਰਚ 1937 ਨੂੰ ਇਹ ਇਜਲਾਸ ਹਾਲ ਨੰਬਰ 4 ਵਿਚ, 10 ਮਾਰਚ 1938 ਨੂੰ ਹਾਲ ਨੰਬਰ 8 ਵਿਚ, ਅਤੇ 3 ਜੁਲਾਈ 1938 ਦਾ ਇਜਲਾਸ ਹਾਲ ਨੰਬਰ 4 ਵਿਚ ਹੋਇਆ। ਇਸ ਵੇਲੇ ਤਕ ਸ: ਤੇਜਾ ਸਿੰਘ ਸਮੁੰਦਰੀ ਹਾਲ ਤਕਰੀਬਨ ਤਿਆਰ ਹੋ ਚੁੱਕਾ ਸੀ। (9 ਅਕਤੂਬਰ 1938 ਤੋਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਸ: ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਣੇ ਸ਼ੁਰੂ ਹੋ ਗਏ ਸਨ)।

ਸਿੱਖ ਨੈਸ਼ਨਲ ਕਾਲਜ ਨੂੰ ਇਮਦਾਦ

28 ਨਵੰਬਰ 1937 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ (ਜੋ ਅਕਾਲ ਤਖ਼ਤ ਸਾਹਿਬ ਦੀ ਪ੍ਰਬੰਧਕ ਕਮੇਟੀ ਵੀ ਹੈ) ਨੇ ਅਕਾਲ ਤਖ਼ਤ ਸਾਹਿਬ ਦੇ ਬਜਟ ਵਿਚੋਂ 10 ਹਜ਼ਾਰ ਰੁਪਏ ਸਿੱਖ ਨੈਸ਼ਨਲ ਕਾਲਜ ਖੋਲ੍ਹਣ ਵਾਸਤੇ ਇਮਦਾਦ (ਚੰਦਾ) ਵਜੋਂ ਦੇਣ ਦਾ ਮਤਾ ਪਾਸ ਕੀਤਾ।[45]

ਮੋਹਨ ਸਿੰਘ ਨਾਗੋਕੇ ਮੁਖ ਸੇਵਾਦਾਰ ਬਣੇ

ਸ਼੍ਰੋਮਣੀ ਕਮੇਟੀ ਦੇ 10 ਮਾਰਚ 1938 ਦੇ ਜਨਰਲ ਇਜਲਾਸ ਨੇ 19 ਫ਼ਰਵਰੀ 1929 ਦੇ ਇਜਲਾਸ ਦੇ ਮਤਾ ਨੰਬਰ 11 ਮੁਤਾਬਿਕ ਅਕਾਲ ਤਖ਼ਤ ਸਾਹਿਬ ਵਾਸਤੇ ਕੁਝ ਨਵੇਂ ਨੇਮ ਬਣਾਏ ਤੇ ਨਾਲ ਹੀ ਸ: ਗੁਰਮੁਖ ਸਿੰਘ ਮੁਸਾਫ਼ਿਰ ਦੀ ਤਜਵੀਜ਼, ਸ: ਗੁਲਾਬ ਸਿੰਘ ਝੰਗ ਦੀ ਤਾਈਦ ਅਤੇ ਸ: ਬਲਬੀਰ ਸਿੰਘ ਅਤੇ ਜਥੇਦਾਰ ਚੰਨਣ ਸਿੰਘ ਉਰਾੜਾ ਦੀ ਤਾਈਦ ਮਜ਼ੀਦ ਨਾਲ ਜਥੇਦਾਰ ਮੋਹਨ ਸਿੰਘ ਨਾਗੋਕੇ ਨੂੰ ਅਕਾਲ ਤਖ਼ਤ ਸਾਹਿਬ ਦਾ ਪੱਕੇ ਤੌਰ 'ਤੇ ਮੁਖ ਸੇਵਾਦਾਰ ਮੁਕੱਰਰ ਕਰ ਦਿੱਤਾ।[46] ਜਥੇਦਾਰ ਮੋਹਨ ਸਿੰਘ ਨਾਗੋਕੇ

---

44. *ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 158-59.
45. *ਉਹੀ*, ਸਫ਼ਾ 162.
46. *ਉਹੀ*, ਸਫ਼ਾ 164.

ਪਹਿਲਾਂ ਆਰਜ਼ੀ ਤੌਰ 'ਤੇ ਇਹ ਸੇਵਾ ਨਿਭਾ ਰਿਹਾ ਸੀ। ਮਗਰੋਂ 19 ਨਵੰਬਰ 1944 ਨੂੰ ਮੋਹਨ ਸਿੰਘ ਨਾਗੋਕੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੀ ਚੁਣਿਆ ਗਿਆ। ਉਸ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ, ਦੋਵੇਂ ਕਈ ਮਹੀਨੇ ਇਕੱਠੀਆਂ ਨਿਭਾਈਆਂ।

ਰਾਗ ਮਾਲਾ ਦਾ ਮਸਲਾ

26 ਅਕਤੂਬਰ 1945 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸ: ਅਮਰ ਸਿੰਘ (ਸ਼ੇਰੇ-ਪੰਜਾਬ) ਨੇ ਰਾਗ ਮਾਲਾ ਬਾਰੇ ਮਤਾ ਪੇਸ਼ ਕੀਤਾ। ਇਸ ਬਾਰੇ ਪ੍ਰਧਾਨ ਨੇ ਦੱਸਿਆ ਕਿ 1936 ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ

> "ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਵੇ, ਨਾ ਕਿ ਰਾਗ ਮਾਲਾ 'ਤੇ। ਪਰ ਗੁਰੂ ਗ੍ਰੰਥ ਸਾਹਿਬ ਵਿਚੋਂ ਰਾਗ ਮਾਲਾ ਨੂੰ ਕੱਢਣ ਦਾ ਹੀਆ ਕੋਈ ਨਾ ਕਰੇ।"

ਇਸ ਫ਼ੈਸਲੇ 'ਤੇ ਕਿਸੇ ਥਾਂ ਅਮਲ ਹੋਇਆ ਅਤੇ ਕਿਸੇ ਥਾਂ ਨਹੀਂ। ਅਕਾਲ ਤਖ਼ਤ ਸਾਹਿਬ, ਨਾਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਵਿਚ ਉਦੋਂ ਤੋਂ ਹੀ ਮੁੰਦਾਵਣੀ 'ਤੇ ਭੋਗ ਪਾਇਆ ਜਾਂਦਾ ਹੈ, ਜਦੋਂ ਤੋਂ ਇਹ ਪੰਥਕ ਹੱਥਾਂ ਵਿਚ ਆਏ ਹਨ। ਇਸ ਨੁਕਤੇ 'ਤੇ ਵਿਚਾਰ ਤੋਂ ਬਾਅਦ ਗਿਆਨੀ ਕਰਤਾਰ ਸਿੰਘ ਦੀ ਤਜਵੀਜ਼ ਤੇ ਸ: ਊਧਮ ਸਿੰਘ ਨਾਗੋਕੇ ਦੀ ਤਾਈਦ 'ਤੇ ਇਕ ਰਾਇ ਨਾਲ ਮਤਾ ਪਾਸ ਹੋਇਆ ਕਿ

> "ਜਦੋਂ ਤਕ ਧਾਰਮਿਕ ਸਲਾਹਕਾਰ ਕਮੇਟੀ ਰਾਗ ਮਾਲਾ ਬਾਰੇ ਕੋਈ ਫ਼ੈਸਲਾ ਨਾ ਕਰੇ, ਤਦ ਤਕ ਪੰਥ ਵਿਚ ਵੱਖ- ਵੱਖ ਥਾਈਂ ਉਨ੍ਹਾਂ ਦਾ ਉਹੋ ਪੁਰਾਣਾ ਬੰਧੇਜ ਹੀ ਕਾਇਮ ਰਹੇ ਤੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।[47]

1947 ਵਿਚ ਅੰਗਰੇਜ਼ਾਂ ਨੇ ਭਾਰਤ ਛੱਡ ਦੇਣ ਦਾ ਫ਼ੈਸਲਾ ਕੀਤਾ। ਮਾਰਚ ਦੇ ਆਖ਼ਰੀ ਦਿਨਾਂ ਵਿਚ ਪੰਜਾਬ ਨੂੰ ਭਾਰਤ ਤੇ ਪਾਕਿਸਤਾਨ ਵਿਚ ਵੰਡ ਦੇਣ ਦਾ ਫ਼ੈਸਲਾ ਹੋ ਗਿਆ। ਇਨ੍ਹੀਂ ਦਿਨੀਂ ਹੀ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਸਾਦ ਸ਼ੁਰੂ ਹੋ ਗਏ। ਦੋਹੀਂ ਪਾਸੀਂ ਕਤਲੇਆਮ ਸ਼ੁਰੂ ਹੋ ਗਿਆ। ਮੁਸਲਮਾਨ ਕਿਉਂਕਿ ਵਧੇਰੇ ਹਥਿਆਰਬੰਦ ਸਨ, ਇਸ ਲਈ ਉਨ੍ਹਾਂ ਦਾ ਹੱਥ ਉਪਰ ਸੀ। ਇਸ ਹਾਲਤ ਵਿਚ ਮਾਸਟਰ ਤਾਰਾ ਸਿੰਘ ਨੇ ਅਕਾਲੀ ਜਥਿਆਂ ਦੇ ਜਥੇਦਾਰਾਂ ਅਤੇ ਹੋਰ ਸਿਰਕਰਦਾ ਵਰਕਰਾਂ ਦੀ ਇਕ ਮੀਟਿੰਗ 13 ਅਪਰੈਲ 1947 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾਈ। ਇਸ ਮੀਟਿੰਗ ਵਿਚ ਸਾਰੇ ਹਾਜ਼ਰੀਨ ਨੇ ਪੰਥ ਦੀ ਹਿਫ਼ਾਜ਼ਤ ਵਾਸਤੇ ਜਾਨਾਂ ਕੁਰਬਾਨ ਕਰਨ ਦਾ ਹਲਫ਼ ਲਿਆ। ਇਸ ਤੋਂ ਬਾਅਦ ਸਿੱਖਾਂ ਨੇ ਆਪਣੇ ਆਪ ਨੂੰ ਜਥੇਬੰਦ ਕੀਤਾ ਅਤੇ ਹਰ ਪਾਸੇ ਬੰਦੂਕਾਂ, ਬੰਬ, ਕਿਰਪਾਨਾਂ ਵਗ਼ੈਰਾ ਦਾ ਇੰਤਜ਼ਾਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਮੁਸਲਿਮ ਲੀਗ ਵਲੋਂ ਕੀਤੇ ਜਾਣ ਵਾਲੇ ਕਤਲੇਆਮ ਦਾ ਜਵਾਬ ਦਿੱਤਾ ਜਾ ਸਕੇ। ਅਗਲੇ ਪੰਜ ਮਹੀਨਿਆਂ ਵਿਚ ਸਿੱਖਾਂ ਅਤੇ ਮੁਸਲਮਾਨਾਂ ਵਿਚ ਹੋਈ ਇਸ ਵੱਢ-ਟੁਕ ਵਿਚ ਲੱਖਾਂ ਸਿੱਖ (ਤੇ ਮੁਸਲਮਾਨ) ਮਾਰੇ ਗਏ। ਆਜ਼ਾਦੀ ਦਾ ਖ਼ਾਬ ਵੇਖਣ ਵਾਲੀ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਗਈ। ਸਿੱਖਾਂ ਦੇ ਸਵਾ ਸੌ ਤੋਂ ਵੱਧ ਗੁਰਦੁਆਰੇ, ਜ਼ਰਖ਼ੇਜ਼ ਜ਼ਮੀਨਾਂ, ਕਰੋੜਾਂ ਦੀ ਜਾਇਦਾਦ ਵੀ

---

47. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 228.

ਪਾਕਿਸਤਾਨ ਵਿਚ ਰਹਿ ਗਈ। ਤੀਜਾ ਵੱਡਾ ਘੱਲੂਘਾਰਾ ਹੰਡਾਣ ਵਾਲੀ ਕੌਮ ਲਈ ਹੁਣ ਨਵੀਆਂ ਮੁਹਿੰਮਾਂ ਦਰਪੇਸ਼ ਸਨ।

ਇਹ ਗੱਲ ਹੈਰਾਨੀ ਵਾਲੀ ਹੈ ਕਿ ਇਸ ਅਹਿਮ ਮੌਕੇ 'ਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਕੋਈ ਰੋਲ ਅਦਾ ਨਾ ਕੀਤਾ। ਸਿੱਖ ਕੌਮ ਵਾਸਤੇ ਇਹ ਇਕ ਬੜੀ ਹੰਗਾਮੀ ਹਾਲਤ ਸੀ, ਜਿਸ ਨੂੰ ਕੌਮੀ ਪੱਧਰ 'ਤੇ ਵਿਚਾਰਨਾ ਚਾਹੀਦਾ ਸੀ। ਪਰ ਅਕਾਲ ਤਖ਼ਤ ਸਾਹਿਬ 'ਤੇ ਕਾਬਜ਼ ਮੁਖ ਸੇਵਾਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਮੋਹਨ ਸਿੰਘ ਨਾਗੋਕੇ ਨੂੰ ਕੌਮ ਦਾ ਕੋਈ ਫ਼ਿਕਰ ਨਹੀਂ ਸੀ।

•

ਮਾਸਟਰ ਤਾਰਾ ਸਿੰਘ ਦਾ ਵੇਲਾ

(1947 ਤੋਂ 1962)

ਆਜ਼ਾਦੀ ਦੀ ਜੱਦੋ-ਜਹਿਦ ਵਿਚ ਸਿੱਖ ਕੌਮ ਨੇ ਸਭ ਤੋਂ ਵੱਧ ਹਿੱਸਾ ਪਾਇਆ ਸੀ। ਸ਼ਾਇਦ ਇਸੇ ਕਰ ਕੇ ਅੰਗਰੇਜ਼ਾਂ ਨੇ ਸਿੱਖਾਂ ਨਾਲ ਜ਼ਿਆਦਤੀ ਕੀਤੀ। ਸਿੱਖਾਂ ਨੂੰ ਉਨ੍ਹਾਂ ਦੇ ਹੋਮਲੈਂਡ ਦੀ ਵਾਗਡੋਰ ਮਿਲਣ ਦੀ ਬਜਾਇ ਉਨ੍ਹਾਂ ਨੂੰ ਬੇਹੱਦ ਧੱਕੇ, ਜ਼ੁਲਮ ਤੇ ਕਤਲੋ-ਗਾਰਤ ਦਾ ਸ਼ਿਕਾਰ ਹੋਣਾ ਪਿਆ। ਮਜਬੂਰੀ ਦੀ ਹਾਲਤ ਵਿਚ ਸਿੱਖਾਂ ਨੇ ਭਾਰਤ ਨਾਲ ਇਕੱਠੇ ਰਹਿਣਾ ਮੰਨ ਲਿਆ। ਆਜ਼ਾਦੀ ਤੋਂ ਪਹਿਲਾਂ ਗਾਂਧੀ ਤੇ ਨਹਿਰੂ ਨੇ ਸਿੱਖਾਂ ਨੂੰ ਬੜੇ ਲਾਲਚ ਦਿੱਤੇ, ਬੜੇ ਵਾਅਦੇ ਕੀਤੇ। ਪਰ ਹਾਲੀਂ ਇਨ੍ਹਾਂ ਵਾਅਦਿਆਂ ਦੀ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਪੈਰ-ਪੈਰ ਤੇ ਸਿੱਖਾਂ ਨਾਲ ਧੱਕਾ ਹੋਣਾ ਸ਼ੁਰੂ ਹੋ ਗਿਆ। 10 ਅਕਤੂਬਰ 1947 ਦੇ ਦਿਨ ਪੰਜਾਬ ਦੇ ਗਵਰਨਰ ਨੇ **"ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਅਤੇ ਸੂਬੇ ਦੇ 'ਪੁਰਅਮਨ' ਹਿੰਦੂਆਂ ਵਾਸਤੇ ਖ਼ਤਰਾ ਹਨ, ਇਨ੍ਹਾਂ ਤੇ ਕੜੀ ਨਿਗਾਹ ਰੱਖੀ ਜਾਏ"** ਵਾਲਾ ਸਰਕੂਲਰ ਜਾਰੀ ਕਰ ਕੇ ਫ਼ਿਰਕੂ ਹਾਕਮਾਂ ਦੀ ਜ਼ਿਹਨੀਅਤ ਜ਼ਾਹਿਰ ਕਰ ਦਿੱਤੀ ਸੀ। ਦੂਜੇ ਪਾਸੇ ਭਾਰਤ ਦਾ ਆਈਨ ਬਣਾਉਣ ਵਾਲੀ ਅਸੈਂਬਲੀ ਦੀਆਂ ਕਾਰਵਾਈਆਂ ਤੋਂ ਅਜਿਹਾ ਜਾਪਦਾ ਸੀ ਕਿ ਸਿੱਖਾਂ ਨੂੰ ਭਾਰਤ ਵਿਚ ਜੇ ਪੂਰੀ ਤਰ੍ਹਾਂ ਗ਼ੁਲਾਮ ਨਹੀਂ ਤਾਂ ਘੱਟੋ-ਘੱਟ ਦੂਜੇ-ਤੀਜੇ ਦਰਜੇ ਦੇ ਸ਼ਹਿਰੀ ਵਾਲਾ ਸਲੂਕ ਮਿਲੇਗਾ।

ਸਿੱਖ ਵਿਦਵਾਨ ਤੇ ਸੰਜੀਦਾ ਆਗੂ ਇਹ ਸਾਰਾ ਕੁਝ ਦੇਖ ਕੇ ਹੈਰਾਨ, ਪਰੇਸ਼ਾਨ ਤੇ ਉਦਾਸ ਸਨ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਵਾਅਦਿਆਂ ਤੋਂ ਮੁਕਰਨ ਵਾਲੇ ਇਨ੍ਹਾਂ ਲੋਕਾਂ ਨਾਲ ਕਿਵੇਂ ਨਿਪਟਿਆ ਜਾਏ ਅਤੇ ਕਿਹੜਾ ਰਾਹ ਅਖ਼ਤਿਆਰ ਕੀਤਾ ਜਾਏ। ਇਸ ਵੇਲੇ ਹਾਲਾਤ ਅਜਿਹੇ ਸਨ ਕਿ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਸ਼ਖ਼ਸ ਨੂੰ ਪੰਥ ਦਾ ਕੋਈ ਫ਼ਿਕਰ ਨਹੀਂ ਸੀ। ਇਸ ਕਰ ਕੇ ਉਸ ਸ਼ਖ਼ਸ ਵਲੋਂ ਸਰਬਤ ਖਾਲਸਾ ਇਕੱਠ ਬੁਲਾਏ ਜਾਣ ਦੀ ਕੋਈ ਉਮੀਦ ਨਹੀਂ ਸੀ। ਅਕਾਲੀ ਦਲ ਤੋਂ ਸਿਵਾ ਕੋਈ ਹੋਰ ਸਿੱਖ ਜਥੇਬੰਦੀ ਪੰਥ ਲਈ ਸੋਚਣ ਵਾਸਤੇ ਤਿਆਰ ਨਹੀਂ ਸੀ। ਬਹੁਤੇ ਸਿੱਖ ਆਗੂ ਨਿੱਕੇ-ਮੋਟੇ ਨਿਜੀ ਮੁਫ਼ਾਦ, ਚੰਦ ਵਜ਼ੀਰੀਆਂ ਤੇ ਹੋਰ ਅਹੁਦੇ, ਚੰਦ ਰਿਸ਼ਤੇਦਾਰਾਂ ਵਾਸਤੇ ਨੌਕਰੀਆਂ ਤੇ ਹੋਰ ਲਾਲਚਾਂ ਦੀ ਖ਼ਾਹਿਸ਼ ਨਾਲ ਪੰਥ ਵੱਲ ਪਿੱਠ ਕਰ ਕੇ ਖੜ੍ਹੇ ਹੋਏ ਸਨ। 'ਮੈਂ, ਮੇਰਾ, ਮੇਰੇ' ਦਾ ਮੋਹ ਉਨ੍ਹਾਂ ਨੂੰ ਪੰਥ ਨਾਲ ਗ਼ਦਾਰੀ ਕਰਨ ਵੱਲ ਤੋਰ ਰਿਹਾ ਸੀ। ਕੁਝ ਲੋਕ, ਜਿਹੜੇ ਕਿ ਪੰਜਾਬ ਦੀ ਵੰਡ ਕਾਰਨ ਚੋਖਾ ਜਾਨੀ ਤੇ ਮਾਲੀ ਨੁਕਸਾਨ ਕਰਵਾਉਣ ਮਗਰੋਂ ਪੂਰਬੀ ਪੰਜਾਬ ਵਿਚ ਆਏ ਸਨ, ਉਨ੍ਹਾਂ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹ ਇਕ ਨਵੀਂ ਜੱਦੋ-ਜਹਿਦ ਕਰ ਸਕਦੇ। ਪਰ, ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਸੰਜੀਦਾ

ਵਰਕਰ ਪੰਥ ਵਾਸਤੇ ਹਰ ਕੁਰਬਾਨੀ ਕਰਨ ਵਾਸਤੇ ਤਿਆਰ ਸਨ। ਇਸ ਵੇਲੇ ਅਕਾਲੀ ਦਲ ਦੀ ਕਮਾਨ ਮਾਸਟਰ ਤਾਰਾ ਸਿੰਘ ਕੋਲ ਸੀ। ਮਾਸਟਰ ਤਾਰਾ ਸਿੰਘ ਨੂੰ ਪੰਥ ਦੀ ਹਾਲਤ ਨੇ ਬੇਚੈਨੀ, ਦਰਦ, ਫ਼ਿਕਰ ਦੇ ਨਾਲ-ਨਾਲ 'ਕੁਝ ਕਰਨ' ਦੀ ਖ਼ਾਹਿਸ਼ ਵੀ ਦਿੱਤੀ ਹੋਈ ਸੀ। ਮਾਸਟਰ ਤਾਰਾ ਸਿੰਘ ਨੇ ਫ਼ੈਸਲਾ ਕੀਤਾ ਕਿ ਪੰਥ ਦੀ ਆਜ਼ਾਦ ਹਸਤੀ ਅਤੇ ਵਜੂਦ ਨੂੰ ਕਾਇਮ ਰੱਖਣ ਵਾਸਤੇ ਜੱਦੋ-ਜਹਿਦ ਜ਼ਰੂਰ ਕਰਨੀ ਹੈ। ਇਹ ਸੋਚ ਕੇ ਮਾਸਟਰ ਤਾਰਾ ਸਿੰਘ ਨੇ 20 ਫ਼ਰਵਰੀ 1949 ਦੇ ਦਿਨ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ ਤਾਂ ਜੋ ਸਾਰੇ ਸਿੱਖ ਮਿਲ ਕੇ ਪੰਥਕ ਹਾਲਤ ਤੇ ਵਿਚਾਰ ਕਰ ਸਕਣ।

ਮਾਸਟਰ ਤਾਰਾ ਸਿੰਘ ਵਲੋਂ ਐਲਾਨ ਕੀਤੀ ਇਹ ਕਾਨਫ਼ਰੰਸ 'ਆਜ਼ਾਦ ਭਾਰਤ' ਵਾਸਤੇ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਸੀ। ਇਕ ਆਜ਼ਾਦ ਮੁਲਕ ਦੇ ਕਿਸੇ ਹਿੱਸੇ ਵਲੋਂ ਆਪਣੇ ਭਾਈਚਾਰੇ ਦੀ ਹਾਲਤ ਤੇ ਵਿਚਾਰ ਕਰਨ ਵਾਸਤੇ ਪੁਰਅਮਨ ਇਕੱਠ ਕਰਨਾ ਉਸ ਭਾਈਚਾਰੇ ਦਾ ਘੱਟੋ-ਘੱਟ ਤੇ ਮੁਢਲਾ ਹੱਕ ਹੁੰਦਾ ਹੈ। ਪਰ ਤਾਕਤ ਦੀ ਹੈਂਕੜ, ਸਿੱਖ-ਨਫ਼ਰਤ ਅਤੇ ਦਹਿਸ਼ਤ ਦੀ ਸੋਚ ਨਾਲ ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ ਇਹ ਹੱਕ ਦੇਣ ਤੋਂ ਵੀ ਨਾਂਹ ਕਰ ਦਿੱਤੀ। ਉਸ ਨੇ ਐਲਾਨ ਕੀਤਾ ਕਿ ਸਿੱਖਾਂ ਨੂੰ ਕਾਨਫ਼ਰੰਸ ਨਹੀਂ ਕਰਨ ਦਿੱਤੀ ਜਾਵੇਗੀ। ਨਹਿਰੂ ਦੀ ਸਰਕਾਰ ਵਿਚ ਡਿਫ਼ੈਂਸ ਵਜ਼ੀਰ ਬਲਦੇਵ ਸਿੰਘ, ਜੋ ਅਕਾਲੀ ਦਲ ਦਾ ਨੁੰਮਾਇੰਦਾ ਸੀ, ਨੂੰ ਨਹਿਰੂ ਨੇ ਵਜ਼ਾਰਤ 'ਚੋਂ ਕੱਢਣ ਦੀ ਧਮਕੀ ਦਿੱਤੀ ਤਾਂ ਉਸ ਨੇ ਵੀ ਨਹਿਰੂ ਦੀ ਬੋਲੀ ਬੋਲ ਦਿੱਤੀ। ਦੂਜੇ ਪਾਸੇ, ਮਾਸਟਰ ਤਾਰਾ ਸਿੰਘ ਨੇ ਸੱਜਣਤਾਈ ਵਿਖਾਂਦਿਆਂ ਐਲਾਨ ਕਰ ਦਿੱਤਾ ਕਿ ਚਲੋ ਅਸੀਂ ਸਿਆਸੀ ਕਾਨਫ਼ਰੰਸ ਨਹੀਂ ਕਰਦੇ ਬਲਕਿ ਨਾਨਕਾਣਾ ਸਾਹਿਬ ਦੇ ਸ਼ਹੀਦਾਂ (20 ਫ਼ਰਵਰੀ 1921 ਦਾ ਸਾਕਾ) ਦੀ ਯਾਦ ਵਿਚ ਸ਼ਹੀਦੀ ਕਾਨਫ਼ਰੰਸ ਕਰ ਲਵਾਂਗੇ। ਪਰ ਹੰਕਾਰਿਆ ਹੋਇਆ ਨਹਿਰੂ ਇਹ ਵੀ ਬਰਦਾਸ਼ਤ ਕਰਨ ਵਾਸਤੇ ਤਿਆਰ ਨਹੀਂ ਸੀ ਕਿ ਸਿੱਖ, ਸ਼ਹੀਦਾਂ ਦੇ ਨਾਂ 'ਤੇ ਵੀ, ਕਾਨਫ਼ਰੰਸ ਕਰ ਲੈਣ।

ਮਾਸਟਰ ਤਾਰਾ ਸਿੰਘ ਰੇਲ ਗੱਡੀ ਰਾਹੀਂ ਦਿੱਲੀ ਜਾਂਦੇ ਹੋਏ 19 ਫ਼ਰਵਰੀ ਦੀ ਸਵੇਰ ਨੂੰ ਪੰਜਾਬ-ਦਿੱਲੀ ਸਰਹੱਦ 'ਤੇ ਨਰੇਲਾ ਸਟੇਸ਼ਨ ਤੇ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਤੇ 'ਮੁਲਕ ਨਾਲ ਗ਼ਦਾਰੀ' ਦਾ ਕੇਸ ਚਲਾਇਆ ਗਿਆ। "ਇਕ ਧਰਮ ਦੇ ਲੋਕਾਂ ਵਲੋਂ ਸ਼ਹੀਦਾਂ ਦੀ ਯਾਦ 'ਚ ਦੀਵਾਨ ਕਰਨਾ ਮੁਲਕ ਨਾਲ ਗ਼ਦਾਰੀ ਹੈ", ਇਹ ਸੋਚ ਨਹਿਰੂ ਦੀ ਸੀ। (ਮਗਰੋਂ ਹਾਈ ਕੋਰਟ ਨੇ ਇਸ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਆਖ ਕੇ ਰੱਦ ਕਰ ਦਿੱਤਾ ਸੀ)। ਕਾਬਲੇ-ਜ਼ਿਕਰ ਗੱਲ ਇਹ ਹੈ ਕਿ ਮੁਲਕ ਨਾਲ ਗ਼ਦਾਰੀ ਦੀ ਇਸ ਦਫ਼ਾ ਹੇਠ ਕਦੇ ਕਿਸੇ ਹਿੰਦੂ ਨੂੰ ਨਾ ਪਹਿਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਨਾ ਕਦੇ ਮਗਰੋਂ।

ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੇ ਬਾਵਜੂਦ 20 ਫ਼ਰਵਰੀ ਨੂੰ ਦਿੱਲੀ ਵਿਚ ਕਾਨਫ਼ਰੰਸ ਹੋਈ। ਅਕਾਲੀ ਵਰਕਰਾਂ, ਅਤੇ ਖ਼ਾਸ ਕਰ ਕੇ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ ਦੇ ਕਾਰਕੁੰਨਾਂ, ਨੇ ਇਸ ਕਾਨਫ਼ਰੰਸ ਦੀ ਕਾਮਯਾਬੀ ਵਾਸਤੇ ਬਹੁਤ ਹਿੱਸਾ ਪਾਇਆ। ਹਜ਼ਾਰਾਂ ਸਿੱਖ ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋਏ। ਜਿਨ੍ਹਾਂ ਆਗੂਆਂ ਨੇ ਇਸ ਦੀਵਾਨ 'ਚ ਤਕਰੀਰਾਂ ਕੀਤੀਆਂ, ਉਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ। ਸਾਰੇ ਸਿੱਖ ਜਗਤ ਵਿਚ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਜ਼ਬਰਦਸਤ ਰੋਸ ਹੋਇਆ। 2 ਮਾਰਚ 1949 ਦਾ ਦਿਨ ਸਿੱਖਾਂ ਨੇ 'ਰੋਸ ਦਿਨ' ਵਜੋਂ

ਮਨਾਇਆ। ਇਸ ਮੌਕੇ 'ਤੇ ਸੂਬਾ ਭਰ ਵਿਚ ਸਿੱਖ ਦੁਕਾਨਦਾਰਾਂ ਨੇ ਹੜਤਾਲ ਕੀਤੀ ਅਤੇ ਸਾਰੇ ਗੁਰਦੁਆਰਿਆਂ ਵਿਚ ਦੀਵਾਨ ਕਰ ਕੇ ਪੰਥ ਦੇ ਜਜ਼ਬਾਤ ਦਾ ਇਜ਼ਹਾਰ ਕੀਤਾ। ਇਸ ਦਿਨ ਪੰਜਾਬ ਦੇ ਹਰ ਸ਼ਹਿਰ ਅਤੇ ਪਿੰਡ ਵਿਚ ਮਾਸਟਰ ਤਾਰਾ ਸਿੰਘ ਦੀ ਸਿਹਤ ਅਤੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕੀਤੀ ਗਈ। ਇਸ ਸਬੰਧ ਵਿਚ ਅੰਮ੍ਰਿਤਸਰ ਦੇ ਸਿੱਖਾਂ ਦਾ ਇਕ ਜਥਾ ਦਰਬਾਰ ਸਾਹਿਬ ਵੀ ਗਿਆ। ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਮਗਰੋਂ ਇਹ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਵੀ ਗਏ ਤਾਂ ਜੋ ਉੱਥੇ ਵੀ ਮਾਸਟਰ ਤਾਰਾ ਸਿੰਘ ਦੀ ਸਿਹਤ ਵਾਸਤੇ ਅਰਦਾਸ ਕੀਤੀ ਜਾ ਸਕੇ। ਜਦੋਂ ਇਹ ਸਿੰਘ ਗਿਆਨੀ ਧਨਵੰਤ ਸਿੰਘ ਤੇ ਸ: ਜਗਜੀਤ ਸਿੰਘ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ) ਦੀ ਅਗਵਾਈ ਵਿਚ, ਤਖ਼ਤ ਸਾਹਿਬ 'ਤੇ ਪੁੱਜੇ ਤਾਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਮੋਹਨ ਸਿੰਘ ਨਾਗੋਕੇ, ਜੋ ਸ਼੍ਰੋਮਣੀ ਕਮੇਟੀ ਦੇ ਉਦੋਂ ਦੇ ਪ੍ਰਧਾਨ ਊਧਮ ਸਿੰਘ ਨਾਗੋਕੇ ਦੇ ਧੜੇ ਦਾ ਸੀ ਅਤੇ ਅਕਾਲੀ ਦਲ ਦਾ ਮੁਖ਼ਾਲਿਫ਼ ਤੇ ਨਹਿਰੂ ਦਾ ਖ਼ੈਰ-ਖ੍ਵਾਹ ਸੀ, ਨੇ ਮਾਸਟਰ ਤਾਰਾ ਸਿੰਘ ਵਾਸਤੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ। ਇਸ ਮੌਕੇ 'ਤੇ ਅਕਾਲੀ ਕਾਰਕੁੰਨਾਂ ਅਤੇ ਮੋਹਨ ਸਿੰਘ ਨਾਗੋਕੇ ਤੇ ਉਸ ਦੇ ਸਾਥੀਆਂ ਵਿਚ ਬਹਿਸ-ਮੁਬਹਿਸਾ ਹੋ ਗਿਆ। ਨੌਬਤ ਹੱਥੋ-ਪਾਈ ਤੱਕ ਆ ਗਈ। ਇਸ ਮੌਕੇ 'ਤੇ ਨਿੱਕਾ-ਮੋਟਾ ਪਥਰਾਓ ਵੀ ਹੋਇਆ। ਚਸ਼ਮਦੀਦ ਗਵਾਹਾਂ ਮੁਤਾਬਿਕ ਮੋਹਨ ਸਿੰਘ ਨਾਗੋਕੇ ਨੇ ਆਪਣੀ ਪਿਸਤੌਲ 'ਚੋਂ ਹਵਾ ਵਿਚ ਗੋਲੀਆਂ ਵੀ ਚਲਾਈਆਂ ਅਤੇ ਉੱਥੋਂ ਚਲਾ ਗਿਆ। ਮਗਰੋਂ ਉਸ ਨੇ ਪੁਲੀਸ ਬੁਲਾ ਲਈ ਅਤੇ 50 ਅਕਾਲੀ ਵਰਕਰ ਗ੍ਰਿਫ਼ਤਾਰ ਕਰਵਾ ਦਿੱਤੇ। ਇਸ ਦੇ ਨਾਲ ਹੀ ਪੁਲੀਸ ਨੇ ਗੁਰੂ ਦਾ ਬਾਗ਼ (ਹੁਣ ਵਾਲੇ ਲੰਗਰ ਦੇ ਨੇੜੇ) ਅਤੇ ਗੁਰੂ ਰਾਮਦਾਸ ਸਰਾਂ ਵਿਚ ਡੇਰੇ ਲਾ ਲਏ। ਅਕਾਲ ਤਖ਼ਤ ਸਾਹਿਬ 'ਤੇ ਪੁਲੀਸ ਦਾਖ਼ਲੇ ਦੀ ਸਾਰੇ ਸਿੱਖ ਪੰਥ ਦੀ ਜ਼ਬਰਦਸਤ ਨਿੰਦਾ ਕੀਤੀ। **(ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵੇਲੇ ਸ: ਊਧਮ ਸਿੰਘ ਨਾਗੋਕੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ ਤੇ ਪਿਛਲੀ ਵਾਰ 7 ਫ਼ਰਵਰੀ 1924 ਦੇ ਦਿਨ ਜਦੋਂ ਅੰਗਰੇਜ਼ ਪੁਲੀਸ ਨੇ ਅਕਾਲ ਤਖ਼ਤ ਸਾਹਿਬ ਤੇ ਜਾ ਕੇ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਨੇ ਹੀ ਪੁਲੀਸ ਨੂੰ ਅੰਦਰ ਨਹੀਂ ਵੜਨ ਦਿੱਤਾ ਸੀ ਤੇ ਕਿਹਾ ਸੀ ਕਿ ਪੁਲੀਸ ਗੁਰਦੁਆਰੇ ਦੇ ਅੰਦਰ ਦਾਖ਼ਿਲ ਨਹੀਂ ਹੋ ਸਕਦੀ)**। ਪੁਲੀਸ ਦਾਖ਼ਲੇ ਦੀ ਹਰ ਸਿੱਖ ਜਥੇਬੰਦੀ ਨੇ ਨਿੰਦਾ ਕੀਤੀ, ਸਿਰਫ਼ ਯਾਦਵਿੰਦਰ ਸਿੰਘ ਰਾਜੇ ਦੇ 'ਪੰਥਕ ਦਰਬਾਰ' ਨੇ ਹੀ ਪੁਲੀਸ ਦਾਖ਼ਿਲੇ ਦੀ ਹਿਮਾਇਤ ਕੀਤੀ।

6 ਮਾਰਚ 1949 ਦੇ ਦਿਨ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਵਾਲੀ ਸ਼੍ਰੋਮਣੀ ਕਮੇਟੀ ਵਿਚ ਈਸ਼ਰ ਸਿੰਘ ਮਝੈਲ ਨੇ ਗਿਆਨੀ ਧਨਵੰਤ ਸਿੰਘ, ਸ: ਜਗਜੀਤ ਸਿੰਘ ਤੇ ਮਾਸਟਰ ਜੀ ਦੇ ਹਿਮਾਇਤੀ ਸਿੰਘਾਂ ਦੇ ਖ਼ਿਲਾਫ਼ ਮਤਾ ਵੀ ਪਾਸ ਕੀਤਾ। ਇਸ ਮਤੇ ਵਿਚ ਸ: ਮੋਹਨ ਸਿੰਘ ਵਲੋਂ ਮਾਸਟਰ ਜੀ ਦੇ ਹਿਮਾਇਤੀਆਂ ਹੱਥੋਂ 'ਮਾਰ ਕੁੱਟ ਖਾਣ ਦੀ ਪ੍ਰਸ਼ੰਸਾ' ਵੀ ਕੀਤੀ ਗਈ। 14 ਅਪਰੈਲ 1949 ਦੇ ਦਿਨ ਅੰਮ੍ਰਿਤਸਰ ਵਿਚ ਸਿੱਖ ਸਿਆਸੀ ਪਾਰਟੀਆਂ, ਉਸਤਾਦਾਂ, ਵਪਾਰੀਆਂ, ਡਾਕਟਰਾਂ, ਵਕੀਲਾਂ ਅਤੇ ਹੋਰ ਮੋਹਤਬਰ ਸ਼ਖ਼ਸੀਅਤਾਂ ਦੀ ਇਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ ਅਤੇ ਹੋਰ ਸਿੱਖ ਆਗੂਆਂ ਦੀ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਗਈ। ਇਸ ਇਕੱਠ ਨੇ 'ਪੰਜਾਬੀ ਸੂਬਾ' ਦੀ ਕਾਇਮੀ ਦਾ ਮਤਾ ਵੀ ਪਾਸ ਕੀਤਾ।

ਜ਼ਾਤ-ਪਾਤ ਦੇ ਖ਼ਿਲਾਫ਼ ਹੁਕਮਨਾਮਾ

13 ਜੂਨ 1939 ਦੇ ਦਿਨ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕਰਵਾਇਆ ਸੀ, ਜਿਸ ਵਿਚ ਅਖੌਤੀ ਪਛੜੀਆਂ ਜ਼ਾਤਾਂ ਦੇ ਸਿੱਖਾਂ ਨਾਲ ਬਰਾਬਰੀ ਦਾ ਵਰਤਾਉ ਕਰਨ ਵਾਸਤੇ ਕਿਹਾ ਹੋਇਆ ਸੀ (ਪਰ 'ਹੁਕਮਨਾਮਾ' ਕੁਝ ਸਾਲ ਪਹਿਲੋਂ ਵੀ ਜਾਰੀ ਕੀਤਾ ਗਿਆ ਸੀ)। ਪਰ, ਇਸ 'ਹੁਕਮਨਾਮੇ' ਤੇ ਬਹੁਤ ਹੀ ਘੱਟ ਲੋਕਾਂ ਨੇ ਅਮਲ ਕੀਤਾ ਸੀ। 26 ਫ਼ਰਵਰੀ 1950 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਗੁਰਮਤਾ ਪਾਸ ਕੀਤਾ ਗਿਆ ਕਿ ਇਸ 'ਹੁਕਮਨਾਮੇ' ਨੂੰ ਅਮਲ ਵਿਚ ਲਿਆਉਣ ਵਾਸਤੇ ਉਪਰਾਲੇ ਕੀਤੇ ਜਾਣ।[1] ਇਹ 'ਹੁਕਮਨਾਮਾ' ਇੰਞ ਸੀ :

> "ਸਰਬਤ ਖਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਵਾਸਤੇ ਅਕਾਲ ਤਖ਼ਤ ਸਾਹਿਬ ਦਾ ਹੁਕਮ ਹੈ ਕਿ ਅੰਮ੍ਰਿਤਧਾਰੀ ਪ੍ਰਾਣੀ ਮਾਤਰ ਨਾਲ ਸੰਗਤ-ਪੰਗਤ ਵਿਚ ਇਕੋ ਜਿਹਾ ਵਿਚਾਰ ਕਰਨਾ, ਪਿਛਲੀ ਜ਼ਾਤ-ਪਾਤ ਨਹੀਂ ਪੁੱਛਣੀ, ਭਰਮ ਨਹੀਂ ਕਰਨਾ। ਇਹੋ ਹੀ ਗੁਰੂ ਜੀ ਦੀ ਆਗਿਆ ਹੈ। ਜੋ ਸਿਰ ਨਿਵਾਏਗਾ, ਗੁਰੂ ਜੀ ਉਸ ਦੀ ਬਹੁੜੀ ਕਰਨਗੇ।"

ਅਕਾਲ ਤਖ਼ਤ ਸਾਹਿਬ ਦੇ ਇਸ 'ਹੁਕਮਨਾਮੇ' ਦੇ ਬਾਵਜੂਦ ਸਿੱਖਾਂ ਵਿਚ, ਖ਼ਾਸ ਕਰ ਕੇ ਜੱਟਾਂ ਵਿਚ ਗ਼ੈਰ-ਜੱਟਾਂ ਵਾਸਤੇ ਅਤੇ ਵਧੇਰੇ ਕਰ ਕੇ ਚੂਹੜੇ-ਚਮਾਰਾਂ ਵਾਸਤੇ, ਨਫ਼ਰਤ ਬਹੁਤ ਘੱਟ ਘਟੀ। (ਜ਼ਾਤ-ਪਾਤ ਦੀ ਗੱਲ ਕਰਨਾ ਇਕ ਅੰਮ੍ਰਿਤਧਾਰੀ ਸਿੱਖ ਵਾਸਤੇ ਗੁਨਾਹ ਹੈ, ਪਰ ਅੱਜ ਵੀ 90ਫ਼ੀ ਸਦੀ ਸਿੱਖ, ਖ਼ਾਸ ਕਰ ਕੇ ਜੱਟ, ਇਸ ਸਿੱਖ-ਦੁਸ਼ਮਣ ਬੀਮਾਰੀ ਦੇ ਮਰੀਜ਼ ਹਨ। ਇਸ ਨੂੰ ਵੇਖੋ-ਵੇਖੀ ਰਾਮਗੜ੍ਹੀਆ, ਚਮਾਰ, ਸੈਣੀ, ਲੁਬਾਣਾ, ਟਾਂਕ-ਕੱਛਤਰੀ, ਅਰੋੜ-ਬੰਸ ਨਾਂ ਤੇ ਜ਼ਾਤ-ਜਥੇਬੰਦੀਆਂ ਵਜੂਦ ਵਿਚ ਆਈਆਂ। ਇਸ ਸਾਰਾ ਕੁਝ ਨੇ ਸਿੱਖ ਫ਼ਲਸਫ਼ੇ ਨੂੰ ਡੂੰਘੀ ਸੱਟ ਮਾਰੀ ਤੇ ਅਜੇ ਵੀ ਮਾਰ ਰਿਹਾ ਹੈ, ਕਿਉਂਕਿ ਇਹੋ ਜਿਹੇ 'ਹੁਕਮਨਾਮੇ' ਅਤੇ 'ਗੁਰਮਤੇ' ਸਿਰਫ਼ ਕਾਗ਼ਜ਼ੀ ਕਾਰਵਾਈ ਤੇ ਦਿਖਾਵਾ ਹੁੰਦੇ ਹਨ। ਇਨ੍ਹਾਂ ਪਿੱਛੇ ਨਾ ਤਾਂ ਸੰਜੀਦਗੀ ਹੁੰਦੀ ਹੈ ਅਤੇ ਨਾ ਹੀ ਅਮਲ ਕਰਨ ਦੀ ਦਿਲੀ-ਖ਼ਾਹਿਸ਼।)

26 ਜਨਵਰੀ 1950 ਦੇ ਦਿਨ ਭਾਰਤ ਦਾ ਨਵਾਂ ਆਈਨ ਲਾਗੂ ਹੋ ਗਿਆ ਸੀ। ਇਸ ਆਈਨ ਹੇਠ ਅਖੌਤੀ ਪਛੜੀਆਂ ਜ਼ਾਤਾਂ ਨੂੰ ਖ਼ਾਸ ਰਿਆਇਤਾਂ ਦੇਣ ਦਾ ਐਲਾਨ ਕੀਤਾ ਗਿਆ ਸੀ। ਜਦੋਂ ਇਹ ਸਹੂਲਤਾਂ ਤੇ ਰਿਆਇਤਾਂ ਅਮਲੀ ਰੂਪ ਵਿਚ ਦਿੱਤੀਆਂ ਜਾਣੀਆਂ ਸ਼ੁਰੂ ਹੋਈਆਂ ਤਾਂ ਹਿੰਦੂ ਆਗੂਆਂ ਤੇ ਭਾਰਤ ਦੇ ਕੁਝ ਵਜ਼ੀਰਾਂ ਨੇ ਇਸ਼ਾਰਾ ਦਿੱਤਾ ਕਿ ਇਹ ਸਹੂਲਤਾਂ ਸਿਰਫ਼ ਹਿੰਦੂ ਪਛੜੀਆਂ ਜ਼ਾਤਾਂ ਵਾਸਤੇ ਹਨ ਤੇ ਸਿੱਖਾਂ (ਜਾਂ ਮੁਸਲਮਾਨ ਜਾਂ ਈਸਾਈਆਂ ਵਗ਼ੈਰਾ) ਵਾਸਤੇ ਨਹੀਂ, ਕਿਉਂਕਿ ਸਿੱਖ ਜ਼ਾਤ-ਪਾਤ 'ਚ ਯਕੀਨ ਨਹੀਂ ਰੱਖਦੇ। ਮਾਸਟਰ ਤਾਰਾ ਸਿੰਘ ਨੇ ਜਾਣ ਲਿਆ ਸੀ ਕਿ ਇਹ ਸਾਰਾ ਕੁਝ ਇਕ ਸਾਜ਼ਿਸ਼ ਹੈ, ਜਿਸ ਦਾ ਮਕਸਦ ਪਛੜੀਆਂ ਜ਼ਾਤਾਂ 'ਚ ਜੰਮੇ ਸਿੱਖਾਂ ਨੂੰ ਹਿੰਦੂ ਬਣਨ ਵਾਸਤੇ ਖਿੱਚ ਪਾਉਣਾ ਹੈ। ਮਾਸਟਰ ਜੀ ਦਾ ਖਿਆਲ ਸੀ ਕਿ ਬਹੁਤ ਸਾਰੇ ਪਛੜੇ ਸਿੱਖ ਖ਼ਾਸ ਸਹੂਲਤਾਂ ਤੇ ਰਿਆਇਤਾਂ ਦੇ ਲਾਲਚ ਵਿਚ ਸਿੱਖ ਧਰਮ ਛੱਡ ਕੇ ਹਿੰਦੂ ਬਣ ਜਾਣਗੇ। ਇਹ ਸੋਚ ਕੇ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਖ਼ਿਲਾਫ਼ ਇਸ ਸਾਜ਼ਿਸ਼ੀ ਵਿਤਕਰੇ ਦੀ

1. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 255.

ਭਰਵੀਂ ਮੁਖ਼ਾਲਫ਼ਤ ਕਰਨ ਦਾ ਫ਼ੈਸਲਾ ਕਰ ਲਿਆ। ਇਸ ਸਬੰਧ ਵਿਚ ਉਹ 7 ਅਕਤੂਬਰ 1953 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਇਕ ਜੱਥਾ ਲੈ ਕੇ ਦਿੱਲੀ ਨੂੰ ਚੱਲ ਪਏ। ਇਸ ਤੋਂ ਪਹਿਲਾਂ ਕਿ ਮਾਸਟਰ ਜੀ ਦਿੱਲੀ ਪੁੱਜ ਕੇ ਮੁਜ਼ਾਹਰਾ ਕਰਦੇ, ਭਾਰਤ ਸਰਕਾਰ ਨੇ ਗੋਡੇ ਟੇਕ ਦਿੱਤੇ ਤੇ ਐਲਾਨ ਕੀਤਾ ਕਿ ਪਛੜੀਆਂ ਜ਼ਾਤਾਂ ਦੇ ਸਿੱਖਾਂ ਨੂੰ ਵੀ ਉਹੀ ਰਿਆਇਤਾਂ ਤੇ ਸਹੂਲਤਾਂ ਮਿਲਣਗੀਆਂ ਜੋ ਹਿੰਦੂਆਂ ਨੂੰ ਹਾਸਿਲ ਹੋਣਗੀਆਂ।

ਦਰਬਾਰ ਸਾਹਿਬ 'ਤੇ ਪੁਲੀਸ ਦਾ ਹਮਲਾ

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਪਹਿਲਾਂ ਤਿੰਨ ਸਾਲ ਬਾਅਦ ਹੋਇਆ ਕਰਦੀਆਂ ਸਨ ਤੇ ਫਿਰ ਪੰਜ ਸਾਲ ਬਾਅਦ ਹੋਣ ਲੱਗ ਪਈਆਂ ਸਨ। ਭਾਰਤ ਦੀ ਵੰਡ ਤੋਂ ਪਹਿਲਾਂ 1944 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ ਸਨ। 1947 ਵਿਚ ਭਾਰਤ ਦੀ ਵੰਡ ਹੋਣ ਕਰ ਕੇ ਬਹੁਤ ਸਾਰੇ ਹਲਕੇ ਪਾਕਿਸਤਾਨ ਵਿਚ ਰਹਿ ਗਏ ਸਨ। ਪਰ ਉਨ੍ਹਾਂ ਇਲਾਕਿਆਂ 'ਚੋਂ ਜਿੱਤੇ ਹੋਏ ਮੈਂਬਰ ਅਜੇ ਵੀ ਸ਼੍ਰੋਮਣੀ ਕਮੇਟੀ ਵਿਚ ਅਹਿਮ ਰੋਲ ਅਦਾ ਕਰ ਰਹੇ ਸਨ। ਭਾਵੇਂ ਅਗਲੀ ਚੋਣ 1949 ਵਿਚ ਹੋਣੀ ਸੀ ਪਰ ਪੰਜਾਬ ਦੀ ਕਾਂਗਰਸੀ ਸਰਕਾਰ ਨੇ ਚੋਣਾਂ ਕਰਵਾਉਣ ਤੋਂ ਘੇਸ ਵੱਟੀ ਰੱਖੀ, ਕਿਉਂਕਿ ਪਿਛਲੀ ਕਮੇਟੀ ਦੇ ਮੈਂਬਰਾਂ ਵਿਚੋਂ ਬਹੁਤਿਆਂ ਨੇ ਆਪਣੀ ਵਫ਼ਾਦਾਰੀ ਕਾਂਗਰਸ ਪਾਰਟੀ ਨਾਲ ਜੋੜ ਲਈ ਸੀ। ਪਰ ਜਦੋਂ ਬਹੁਤ ਪ੍ਰੋਟੈਸਟ ਹੋਣ ਲੱਗ ਪਿਆ ਤਾਂ ਸਰਕਾਰ ਨੂੰ 1954 ਦੇ ਅਖ਼ੀਰ ਵਿਚ ਚੋਣਾਂ ਕਰਵਾਉਣੀਆਂ ਪਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸੀਆਂ ਨੇ ਊਧਮ ਸਿੰਘ ਨਾਗੋਕੇ ਤੇ ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਵਿਚ **ਖਾਲਸਾ ਦਲ** ਬਣਾ ਕੇ ਚੋਣਾਂ ਲੜੀਆਂ। ਸ਼੍ਰੋਮਣੀ ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਚੋਣ ਲੜੀ। ਕਮਿਊਨਿਸਟ ਪਾਰਟੀ, ਜੋ ਰੱਬ ਜਾਂ ਧਰਮ ਤੇ ਯਕੀਨ ਨਹੀਂ ਰਖਦੀ, ਨੇ ਵੀ ਇਹ ਚੋਣਾਂ 'ਦੇਸ਼ ਭਗਤ ਪਾਰਟੀ' ਦੇ ਨਾਂ 'ਤੇ ਲੜੀਆਂ। ਸ਼੍ਰੋਮਣੀ ਅਕਾਲੀ ਦਲ ਨੇ, ਕਾਂਗਰਸੀ ਗਰੁਪ ਨੂੰ ਹਾਰ ਦੇਣ ਵਾਸਤੇ, ਕਮਿਊਨਿਸਟ ਵਲੋਂ ਲੜੀਆਂ ਜਾਣ ਵਾਲੀਆਂ ਸੀਟਾਂ ਤੇ ਆਪਣੇ ਉਮੀਦਵਾਰ ਹੀ ਨਾ ਖੜ੍ਹੇ ਕੀਤੇ ਤਾਂ ਜੋ ਕਾਂਗਰਸੀ ਤੇ ਕਮਿਊਨਿਸਟ ਆਪਸ ਵਿਚ ਭਿੜਦੇ ਰਹਿਣ। ਅਕਾਲੀ ਦਲ ਵਲੋਂ ਖੜ੍ਹੇ ਕੀਤੇ 112 ਦੇ 112 ਉਮੀਦਵਾਰ ਚੋਣਾਂ ਜਿੱਤ ਗਏ। ਕਾਂਗਰਸੀ ਪਾਰਟੀ ਦੇ ਖਾਲਸਾ ਦਲ ਨੂੰ ਸਿਰਫ਼ 3 ਸੀਟਾਂ ਹੀ ਮਿਲੀਆਂ।

ਸਿੱਖ ਪੰਥ ਤੋਂ ਫ਼ਤਵਾ ਲੈਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬਾ ਦੀ ਮੰਗ ਨੂੰ ਵਧੇਰੇ ਜ਼ੋਰ-ਸ਼ੋਰ ਨਾਲ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਇਸ ਸਬੰਧ ਵਿਚ ਭਾਵੇਂ ਸ਼ੁਰੂਆਤ 4 ਅਪਰੈਲ 1949 ਦੇ ਦਿਨ ਤੋਂ ਹੀ ਕੀਤੀ ਜਾ ਚੁੱਕੀ ਸੀ ਪਰ ਕਾਫ਼ੀ ਚਿਰ ਚੁਪ ਵਰਤੀ ਰਹੀ। 1952 ਵਿਚ ਜਦੋਂ ਆਂਧਰਾ ਸੂਬੇ ਦੀ ਕਾਇਮੀ ਵਾਸਤੇ ਰੂਮੂਲੂ ਨਾਂ ਦਾ ਇਕ ਆਗੂ ਮਰਨ ਵਰਤ ਰੱਖ ਕੇ ਚੜ੍ਹਾਈ ਕਰ ਗਿਆ ਤਾਂ ਅਕਾਲੀ ਆਗੂ ਸ: ਸੰਪੂਰਨ ਸਿੰਘ ਰਾਮਾ ਨੇ ਵੀ ਮਰਨ ਵਰਤ ਰੱਖ ਲਿਆ, ਜੋ ਮਗਰੋਂ ਤੋੜ ਦਿੱਤਾ ਗਿਆ। ਭਾਵੇਂ ਅਕਾਲੀ ਦਲ ਇਸ ਮਗਰੋਂ ਪੰਜਾਬੀ ਸੂਬੇ ਬਾਰੇ ਕੋਈ ਸਿੱਧੀ ਜੱਦੋ-ਜਹਿਦ ਨਾ ਕਰ ਸਕਿਆ ਪਰ ਅਸਿੱਧੇ ਤੌਰ ਤੇ ਕੋਸ਼ਿਸ਼ਾਂ ਚਲਦੀਆਂ ਰਹੀਆਂ ਕਿ ਸਿੱਖਾਂ ਨੂੰ ਇਸ ਬਾਰੇ ਵਧੇਰੇ ਤਿਆਰ ਕੀਤਾ ਜਾ ਸਕੇ। ਉਧਰ 22 ਦਸੰਬਰ, 1953 ਦੇ ਦਿਨ ਭਾਰਤ ਸਰਕਾਰ ਨੇ ਸੂਬਿਆਂ ਦੀ ਹਦਬੰਦੀ ਵਾਸਤੇ ਕਮਿਸ਼ਨ ਬਣਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਇਸ ਕਮਿਸ਼ਨ

ਅੱਗੇ ਪੰਜਾਬੀ ਬੋਲੀ ਦੇ ਅਧਾਰ 'ਤੇ ਸੂਬਾ ਬਣਨ ਦੀ ਮੰਗ ਬਾਰੇ ਮੈਮੋਰੰਡਮ ਪੇਸ਼ ਕੀਤਾ। ਦੂਜੇ ਪਾਸੇ ਪੰਜਾਬ ਦੀ ਹਰ ਹਿੰਦੂ ਜਮਾਤ ਹੀ ਨਹੀਂ ਬਲਕਿ ਕਾਂਗਰਸੀ ਸਿੱਖਾਂ ਨੇ ਵੀ ਹਿੰਦੂ ਹਾਕਮਾਂ ਨੂੰ ਖ਼ੁਸ਼ ਕਰਨ ਵਾਸਤੇ ਪੰਜਾਬੀ ਸੂਬੇ ਦੀ ਭਰਪੂਰ ਮੁਖ਼ਾਲਫ਼ਤ ਕੀਤੀ। ਪੰਜਾਬ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਅਤੇ ਮੁਰਦਾਬਾਦ, ਦੋਹਾਂ ਤਰ੍ਹਾਂ ਦਾ ਮਾਹੌਲ ਉਸਰਨ ਲੱਗ ਪਿਆ। ਖ਼ਾਸ ਕਰ ਕੇ ਸ਼ਹਿਰਾਂ ਵਿਚ ਹਿੰਦੂ ਟੋਲੇ "ਪੰਜਾਬੀ ਸੂਬਾ ਮੁਰਦਾਬਾਦ, ਊੜੀ-ਐੜੀ ਨਹੀਂ ਪੜ੍ਹੇਂਗੇ, ਜੂੜਾ-ਜੂੜੀ ਕਟ ਧਰੇਂਗੇ" ਦੇ ਨਾਅਰੇ ਲਾਉਂਦੇ, ਸਿੱਖਾਂ ਨੂੰ ਘਟੀਆ ਮਜ਼ਾਕ ਕਰਦੇ, ਤਾਅਨੇ ਕਸਦੇ ਤੇ ਹਮਲਾ ਕਰਦੇ ਆਮ ਨਜ਼ਰ ਆਉਂਦੇ ਸਨ। ਦੂਜੇ ਪਾਸੇ ਸਿੱਖ ਟੋਲੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਲ-ਨਾਲ 'ਹਿੰਦੂ ਸਿੱਖ ਏਕਤਾ ਜ਼ਿੰਦਾਬਾਦ' ਦਾ ਬਚਾਅ-ਪੱਖੀ ਨਾਅਰਾ ਲਾਉਂਦੇ ਵੀ ਨਜ਼ਰ ਆ ਜਾਂਦੇ ਸਨ। ਭਾਵੇਂ ਗੜਬੜ ਫ਼ੈਲਾਉਣ ਤੇ ਤਸ਼ੱਦਦ ਦੀ ਕਾਰਵਾਈ ਹਿੰਦੂ ਜਥੇਬੰਦੀਆਂ ਵਲੋਂ ਹੋ ਰਹੀ ਸੀ ਪਰ ਸਰਕਾਰ ਨੇ ਵਧੇਰੇ ਸਖ਼ਤੀ ਸਿੱਖਾਂ 'ਤੇ ਹੀ ਕੀਤੀ ਸੀ, ਕਿਉਂਕਿ ਪੰਜਾਬ ਤੇ ਭਾਰਤ ਸਰਕਾਰ ਪੰਜਾਬੀ ਸੂਬੇ ਦੇ ਸਖ਼ਤ ਖ਼ਿਲਾਫ਼ ਸੀ। ਸਰਕਾਰ ਜਾਣਦੀ ਸੀ ਕਿ ਪੰਜਾਬੀ ਸੂਬਾ ਬਣਨ ਮਗਰੋਂ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਹੀ ਬਣਨੀ ਸੀ। ਉਹ ਨਹੀਂ ਸੀ ਚਾਹੁੰਦੇ ਕਿ ਕਿਸੇ ਸੂਬੇ 'ਚ ਗ਼ੈਰ-ਕਾਂਗਰਸੀ ਜਾਂ ਗ਼ੈਰ-ਹਿੰਦੂ ਸਰਕਾਰ ਬਣੇ। ਇਸ ਹਾਲਤ ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ 6 ਅਪਰੈਲ 1955 ਦੇ ਦਿਨ 'ਪੰਜਾਬੀ ਸੂਬਾ ਜ਼ਿੰਦਾਬਾਦ' (ਤੇ ਕੁਝ ਹੋਰ ਨਾਅਰਿਆਂ) 'ਤੇ ਪਾਬੰਦੀ ਲਾਣ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਇਸ ਪਾਬੰਦੀ ਨੂੰ ਸ਼ਹਿਰੀ ਅਜ਼ਾਦੀ ਦੇ ਹੱਕਾਂ ਉਤੇ ਛਾਪਾ ਗਰਦਾਨ ਕੇ ਇਸ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। 10 ਮਈ 1955 ਦੇ ਦਿਨ ਪਹਿਲਾ ਜਥਾ ਅਕਾਲ ਤਖ਼ਤ ਸਾਹਿਬ ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਨਾਅਰੇ ਲਾਉਂਦਾ ਗ੍ਰਿਫ਼ਤਾਰ ਹੋਇਆ। ਤਿੰਨ ਜੁਲਾਈ ਤੱਕ ਇਸ ਮੋਰਚੇ ਵਿਚ ਯਾਰਾਂ ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰ ਹੋ ਚੁੱਕੇ ਸਨ। ਇੰਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ 100 ਤੋਂ ਵੱਧ ਮੈਂਬਰ ਵੀ ਸਨ। ਜਦੋਂ ਸਰਕਾਰ ਨੇ ਵੇਖਿਆ ਕਿ ਅਕਾਲੀ ਮੋਰਚਾ ਦਿਨ-ਬ-ਦਿਨ ਤੇਜ਼ ਹੋ ਰਿਹਾ ਹੈ ਤਾਂ ਪੰਜਾਬ ਦੇ ਡੀ.ਆਈ.ਜੀ. ਅਸ਼ਵਨੀ ਕੁਮਾਰ, ਜੋ ਸਿੱਖਾਂ ਨਾਲ ਦਿਲੋਂ ਨਫ਼ਰਤ ਕਰਦਾ ਸੀ, ਨੇ ਸਰਕਾਰ ਨੂੰ ਕਿਹਾ ਕਿ ਜੇ ਉਸ ਨੂੰ ਤਿੰਨ ਦਿਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਜਾਵੇ ਤਾਂ ਉਹ ਮੋਰਚੇ ਨੂੰ ਖ਼ਤਮ ਕਰ ਦੇਵੇਗਾ। ਜਦੋਂ ਪੰਜਾਬ ਸਰਕਾਰ ਨੇ ਉਸ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ ਤਾਂ ਉਸ ਨੇ ਨੌਰੰਗ ਸਿੰਘ (ਐਸ.ਐਸ.ਪੀ. ਅੰਮ੍ਰਿਤਸਰ), ਪੂਰਨ ਸਿੰਘ (ਐਸ.ਪੀ. ਗੁਰਦਾਸਪੁਰ), ਚੌਧਰੀ ਚਰਨ ਸਿੰਘ (ਐਸ.ਪੀ. ਅੰਮ੍ਰਿਤਸਰ) ਨੂੰ ਨਾਲ ਲੈ ਕੇ 4 ਜੁਲਾਈ 1955 ਨੂੰ ਤੜਕਸਾਰ ਦਰਬਾਰ ਸਾਹਿਬ 'ਤੇ ਪੁਲੀਸ ਧਾਵਾ ਬੋਲ ਦਿੱਤਾ। ਦੁਪਿਹਰ ਵੇਲੇ ਫ਼ੌਜ ਦੀ ਇਕ ਟੁਕੜੀ ਵੀ ਮੰਗਵਾ ਲਈ ਗਈ, ਜਿਸ ਨੇ ਗੁਰੂ ਰਾਮਦਾਸ ਸਰਾਂ ਦੇ ਬਾਹਰ ਫ਼ਲੈਗ ਮਾਰਚ ਕੀਤਾ। ਅਸ਼ਵਨੀ ਕੁਮਾਰ ਦੀ ਇਸ ਕਾਰਵਾਈ ਦੌਰਾਨ ਸੈਂਕੜੇ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਵੀ ਸਨ। ਗ੍ਰਿਫ਼ਤਾਰੀਆਂ ਤੋਂ ਇਲਾਵਾ ਪੁਲੀਸ ਨੇ ਲਾਠੀ ਚਾਰਜ ਵੀ ਕੀਤਾ ਤੇ ਟੀਅਰ ਗੈਸ ਵੀ ਛੱਡੀ। ਟੀਅਰ ਗੈਸ ਦੇ ਬਹੁਤ ਸਾਰੇ ਗੋਲੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੀ ਸੁੱਟੇ ਗਏ (ਜੋ ਸਿੱਖਾਂ ਨੇ ਮਗਰੋਂ ਸੰਭਾਲ ਕੇ ਅਜਾਇਬ ਘਰ ਵਿਚ ਰੱਖ ਦਿੱਤੇ)। ਇਸ ਮੌਕੇ 'ਤੇ ਪੁਲੀਸ ਨੇ ਗੋਲੀ ਵੀ ਚਲਾਈ।

ਪੰਜਾਬ ਸਰਕਾਰ ਦੀ ਇਸ ਹਰਕਤ ਦੀ ਸਾਰੀਆਂ ਸਿੱਖ ਜਥੇਬੰਦੀਆਂ ਨੇ ਭਾਰੀ ਨਿੰਦਾ ਕੀਤੀ। ਨਿੰਦਾ ਕਰਨ ਵਾਲਿਆਂ ਵਿਚ ਚੀਫ਼ ਖਾਲਸਾ ਦੀਵਾਨ ਵੀ ਸੀ। ਦੀਵਾਨ ਦੇ 'ਨਿੰਦਾ ਮਤੇ' ਦੇ ਖ਼ਿਲਾਫ਼ ਪ੍ਰੋਟੈਸਟ ਕਰਦਿਆਂ ਉੱਜਲ ਸਿੰਘ ਨੇ ਦੀਵਾਨ ਤੋਂ ਅਸਤੀਫ਼ਾ ਦੇ ਦਿੱਤਾ। ਇਸ ਨਾਲ ਸਿੱਖਾਂ ਵਿਚ ਉੱਜਲ ਸਿੰਘ ਵਾਸਤੇ ਨਫ਼ਰਤ ਬਹੁਤ ਵੱਧ ਗਈ। 4 ਜੁਲਾਈ ਦੀ ਸ਼ਾਮ ਵੇਲੇ ਜਦੋਂ ਦਰਬਾਰ ਸਾਹਿਬ 'ਤੇ ਪੁਲੀਸ ਹਮਲੇ ਦੀਆਂ ਖ਼ਬਰਾਂ ਪੰਜਾਬ ਭਰ ਦੇ ਸਿੱਖਾਂ ਤੱਕ ਪੁੱਜੀਆਂ ਤਾਂ ਹਰ ਪਾਸੇ ਤੋਂ ਸਿੱਖ ਅੰਮ੍ਰਿਤਸਰ ਪੁੱਜਣ ਲੱਗ ਪਏ। ਸਰਕਾਰ ਨੇ ਡਰਦਿਆਂ ਦਰਬਾਰ ਸਾਹਿਬ ਤੋਂ ਪੁਲੀਸ ਨੂੰ ਹਟਾ ਲਿਆ। ਸਰਕਾਰ ਦਾ ਦਰਬਾਰ ਸਾਹਿਬ 'ਤੇ ਹਮਲਾ, ਸਿੱਖਾਂ ਦੇ ਪਵਿੱਤਰ ਦਰਬਾਰ ਦੀ ਤੌਹੀਨ ਕਰਨ, ਸਿੱਖਾਂ ਵਿਚ ਡਰ ਤੇ ਦਹਿਸ਼ਤ ਫੈਲਾਣ, ਤੇ ਮੋਰਚੇ ਨੂੰ ਫੇਲ੍ਹ ਕਰਨ ਵਾਸਤੇ ਇਕ ਕਦਮ ਸੀ। ਸਗੋਂ ਇਹ ਐਕਸ਼ਨ ਸਰਕਾਰ ਵਾਸਤੇ ਉਲਟਾ ਨੁਕਸਾਨ-ਦੇਹ ਸਾਬਿਤ ਹੋਇਆ। ਸਿੱਖਾਂ ਦੇ ਜੱਥੇ ਗ੍ਰਿਫ਼ਤਾਰੀ ਵਾਸਤੇ ਹੋਰ ਵੀ ਵੱਡੇ ਹੁੰਦੇ ਗਏ। ਅਖ਼ੀਰ 12 ਜੁਲਾਈ ਨੂੰ ਪੁਲੀਸ ਨੇ ਗ੍ਰਿਫ਼ਤਾਰੀਆਂ ਬੰਦ ਕਰ ਦਿੱਤੀਆਂ ਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੋਂ ਪਾਬੰਦੀ ਹਟਾ ਲਈ। ਇਸ ਮੋਰਚੇ ਵਿਚ 11822 ਸਿੰਘਾਂ (ਸਣੇ 417 ਔਰਤਾਂ) ਨੇ ਗ੍ਰਿਫ਼ਤਾਰੀ ਦਿੱਤੀ। ਇਨ੍ਹਾਂ ਵਿਚ 12 ਐਮ.ਐਲ.ਏ., 3 ਐਮ.ਐਲ.ਸੀ., 111 ਮੈਂਬਰ ਸ਼੍ਰੋਮਣੀ ਕਮੇਟੀ ਵੀ ਸ਼ਾਮਿਲ ਸਨ।[2]

ਹੁਣ ਯਕੀਨੀ ਸੀ ਕਿ ਸਿੱਖ ਅਗਲੀਆਂ ਚੋਣਾਂ ਵਿਚ ਕਿਸੇ ਕਾਂਗਰਸੀ ਨੂੰ ਵੋਟ ਨਹੀਂ ਪਾਉਣਗੇ। ਇਸ ਕਰ ਕੇ ਕਾਂਗਰਸ ਪਾਰਟੀ ਨੇ ਅਕਾਲੀਆਂ ਵਲ ਦੋਸਤੀ ਦਾ ਹੱਥ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਅਕਾਲੀ ਦਲ ਨੇ ਇਸ ਨੂੰ ਠੁਕਰਾ ਦਿੱਤਾ। ਅਖ਼ੀਰ ਪੰਜਾਬ ਦਾ ਚੀਫ਼ ਮਨਿਸਟਰ ਭੀਮ ਸੈਨ ਸੱਚਰ 10 ਨਵੰਬਰ 1955 ਦੇ ਦਿਨ ਦਰਬਾਰ ਸਾਹਿਬ ਆਇਆ ਅਤੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ। ਉਸ ਨੇ 4 ਜੁਲਾਈ ਨੂੰ ਪੁਲੀਸ ਨੂੰ ਦਰਬਾਰ ਸਾਹਿਬ ਭੇਜਣ ਦੀ ਮੁਆਫ਼ੀ ਮੰਗੀ ਤੇ ਮੁੜ ਕੇ ਅਜਿਹੀ ਹਰਕਤ ਨਾ ਕਰਨ ਦੀ ਕਸਮ ਖਾਧੀ। ਸੱਚਰ ਵਲੋਂ ਮੰਗੀ ਮੁਆਫ਼ੀ 'ਤੇ ਸਰਕਾਰ ਨੇ ਉਸ ਦੀ ਚੀਫ਼ ਮਨਿਸਟਰੀ ਖੋਹ ਲਈ ਤੇ 14 ਜਨਵਰੀ 1956 ਦੇ ਦਿਨ ਪ੍ਰਤਾਪ ਸਿੰਘ ਕੈਰੋਂ ਚੀਫ਼ ਮਨਿਸਟਰ ਬਣ ਗਿਆ।

1956 ਵਿਚ ਕਾਂਗਰਸ ਨੇ ਹੁਕਮ ਸਿੰਘ ਨੂੰ ਆਪਣੇ ਹੱਥਾਂ ਵਿਚ ਲੈ ਕੇ ਰੀਜਨਲ ਫ਼ਾਰਮੂਲਾ ਬਣਾਨ ਦਾ ਐਲਾਨ ਕੀਤਾ। ਕਾਂਗਰਸ ਦੀ ਨੀਅਤ ਸਿੱਖਾਂ ਨੂੰ ਸਿਰਫ਼ ਭਰਮਾਉਣ ਦੀ ਸੀ। ਕੁਝ ਅਕਾਲੀ ਆਗੂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਵਕਤੀ ਤੌਰ 'ਤੇ ਇਸ ਨੂੰ ਕਬੂਲ ਕਰ ਲਿਆ। ਇਸ ਮਗਰੋਂ ਅਕਾਲੀਆਂ ਤੇ ਕਾਂਗਰਸੀਆਂ ਨੇ 1957 ਦੀਆਂ ਆਮ ਚੋਣਾਂ ਇੱਕਠੇ ਹੋ ਕੇ ਲੜੀਆਂ। ਇਨ੍ਹਾਂ ਚੋਣਾਂ ਵਿਚ ਹੀ ਕਾਂਗਰਸ ਦੀ ਸਾਜ਼ਿਸ਼ ਦਾ ਪਰਦਾ ਫ਼ਾਸ਼ ਹੋ ਗਿਆ ਤੇ ਅਕਾਲੀ ਦਲ ਨੇ ਕਾਂਗਰਸ ਨਾਲੋਂ ਸਬੰਧ ਤੋੜਨ ਦਾ ਐਲਾਨ ਕਰ ਦਿੱਤਾ। ਹੁਣ ਕਾਂਗਰਸ ਨੇ ਅਸਰ ਰਸੂਖ ਵਰਤ ਕੇ, ਲਾਲਚ ਤੇ ਅਹੁਦੇ ਦੇ ਕੇ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਮੈਂਬਰ ਖ਼ਰੀਦ ਲਏ। 16 ਨਵੰਬਰ 1958 ਦੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਕੈਰੋਂ ਨੇ ਪ੍ਰੇਮ ਸਿੰਘ ਲਾਲਪੁਰਾ

2. ਵਧੇਰੇ ਤਫ਼ਸੀਲ ਵਾਸਤੇ ਪੜ੍ਹੋ: ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ, *1955 ਦਾ ਪੰਜਾਬੀ ਸੂਬਾ ਮੋਰਚਾ*।

ਨੂੰ ਖੜਾ ਕਰ ਕੇ, ਮਾਸਟਰ ਤਾਰਾ ਸਿੰਘ ਨੂੰ 4 ਵੋਟਾਂ 'ਤੇ ਹਰਾ ਕੇ, ਪ੍ਰਧਾਨ ਬਣਾ ਦਿੱਤਾ। ਇਸ ਮਗਰੋਂ ਮਾਸਟਰ ਜੀ ਨੇ ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ ਦੇ ਖ਼ਿਲਾਫ਼ ਜੱਦੋ-ਜਹਿਦ ਕਰਨ ਦਾ ਐਲਾਨ ਕਰ ਦਿੱਤਾ। ਅਖ਼ੀਰ 12 ਅਪਰੈਲ 1959 ਦੇ ਦਿਨ ਨਹਿਰੂ ਨੇ 'ਨਹਿਰੂ-ਤਾਰਾ ਸਿੰਘ ਪੈਕਟ' ਕਰ ਕੇ ਕਬੂਲ ਕੀਤਾ ਕਿ ਸਰਕਾਰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦਿਆ ਕਰੇਗੀ।

1960 ਦਾ ਪੰਜਾਬੀ ਸੂਬਾ ਮੋਰਚਾ

17 ਜਨਵਰੀ 1960 ਦੇ ਦਿਨ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਕੈਰੋਂ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਗਿਆਨ ਸਿੰਘ ਰਾੜੇਵਾਲਾ, ਅਮਰ ਸਿੰਘ ਦੁਸਾਂਝ, ਗੋਪਾਲ ਸਿੰਘ ਖਾਲਸਾ, ਅਜੀਤ ਸਿੰਘ ਸਰਹਦੀ, ਜਥੇਦਾਰ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਕਾਂਗਰਸੀਆਂ ਨੇ 'ਸਾਧ ਸੰਗਤ ਬੋਰਡ' ਬਣਾ ਕੇ ਗੁਰਦੁਆਰਾ ਚੋਣਾਂ ਲੜੀਆਂ ਸਨ। ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ 137 ਸੀਟਾਂ 'ਤੇ ਜਿੱਤ ਹਾਸਿਲ ਕੀਤੀ ਤੇ ਕਾਂਗਰਸੀ ਧੜੇ ਸਾਧ ਸੰਗਤ ਬੋਰਡ ਨੂੰ ਸਿਰਫ਼ 3 ਸੀਟਾਂ ਹੀ ਮਿਲੀਆਂ। ਅਕਾਲੀ ਦਲ ਨੇ ਇਹ ਚੋਣ ਪੰਜਾਬੀ ਸੂਬਾ ਦੇ ਨਾਂ 'ਤੇ ਲੜੀ ਸੀ। ਇਸ ਕਰ ਕੇ ਦਲ ਨੇ ਚੋਣ ਜਿੱਤਣ ਮਗਰੋਂ **ਪੰਜਾਬੀ ਸੂਬਾ ਵਾਸਤੇ** ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। 24 ਜਨਵਰੀ 1960 ਦੇ ਦਿਨ ਸ਼੍ਰੋਮਣੀ ਕਮੇਟੀ ਦੇ 129 ਮੈਂਬਰਾਂ ਤੇ 10,000 ਤੋਂ ਵੱਧ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਕੀਤਾ ਕਿ ਉਹ ਪੰਜਾਬੀ ਸੂਬਾ ਦੀ ਕਾਇਮੀ ਵਾਸਤੇ ਜਾਨਾਂ ਤੱਕ ਕੁਰਬਾਨ ਕਰ ਦੇਣਗੇ। 30 ਅਪਰੈਲ 1960 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸ: ਕਿਰਪਾਲ ਸਿੰਘ ਚਕ ਸ਼ੇਰੇ ਵਾਲਾ ਨੂੰ ਸੌਂਪ ਕੇ ਮੋਰਚਾ ਲਾਉਣ ਦਾ ਫ਼ੈਸਲਾ ਕਰ ਲਿਆ।

ਸ਼੍ਰੋਮਣੀ ਅਕਾਲੀ ਦਲ ਨੇ 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਪੰਜਾਬੀ ਸੂਬਾ ਦੀ ਮੰਗ ਦੀ ਹਿਮਾਇਤ ਵਿਚ ਇਕ ਕਨਵੈਨਸ਼ਨ ਕੀਤੀ। ਇਸ ਕਨਵੈਨਸ਼ਨ ਦੀ ਪ੍ਰਧਾਨਗੀ ਪੰਡਤ ਸੁੰਦਰ ਲਾਲ ਨੇ ਕੀਤੀ। ਇਸ ਵਿਚ ਡਾਕਟਰ ਸੈਫ਼-ਉਦ-ਦੀਨ ਕਿਚਲੂ, ਕੇ.ਜੀ. ਜੋਧ ਅਤੇ ਕਈ ਹੋਰ ਆਗੂਆਂ ਸਣੇ 25 ਹਜ਼ਾਰ ਤੋਂ ਵੱਧ ਲੋਕ ਸ਼ਾਮਿਲ ਹੋਏ। ਇਸ ਕਨਵੈਨਸ਼ਨ ਨੇ ਪੰਜਾਬੀ ਸੂਬਾ ਦੀ ਕਾਇਮੀ ਦਾ ਮਤਾ ਪਾਸ ਕੀਤਾ। ਇਸੇ ਦਿਨ ਮਾਸਟਰ ਜੀ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਿਮਾਇਤ ਵਿਚ ਇਕ ਜਲੂਸ 12 ਜੂਨ 1960 ਦੇ ਦਿਨ ਦਿੱਲੀ ਵਿਚ ਕੱਢਣਗੇ। ਉਹ ਇਸ ਵਾਸਤੇ 29 ਮਈ ਨੂੰ ਇਕ ਜੱਥਾ ਲੈ ਕੇ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋ ਕੇ ਵੱਖ-ਵੱਖ ਥਾਂਵਾਂ ਦਾ ਦੌਰਾ ਕਰਦੇ ਹੋਏ 12 ਜੂਨ ਨੂੰ ਦਿੱਲੀ ਪੁਜਣਗੇ।

ਇਸ ਵੇਲੇ ਪੰਜਾਬ ਦਾ ਚੀਫ਼ ਮਨਿਸਟਰ ਕੈਰੋਂ ਸੀ। ਉਹ ਨਹਿਰੂ ਨੂੰ ਖ਼ੁਸ਼ ਕਰਨ ਵਾਸਤੇ 'ਸਭ ਕੁਝ' ਕਰਨ ਵਾਸਤੇ ਤਿਆਰ ਹੋ ਜਾਂਦਾ ਸੀ, ਭਾਵੇਂ ਇਸ ਵਿਚ ਸਿੱਖਾਂ ਦਾ ਜਾਂ ਪੰਜਾਬ ਦਾ ਕਿੰਨਾ ਵੀ ਨੁਕਸਾਨ ਹੋਵੇ। ਉਸ ਨੂੰ ਪਤਾ ਸੀ ਕਿ ਪੰਜਾਬੀ ਸੂਬਾ ਮੋਰਚਾ ਸ਼੍ਰੋਮਣੀ ਅਕਾਲੀ ਦਲ, ਅਕਾਲੀ ਕਾਰਕੁੰਨਾਂ, ਸਿੱਖ ਸਿਆਸਤ ਵਿਚ ਨਵੀਂ ਜਾਨ ਭਰ ਦੇਵੇਗਾ। ਇਸ ਮੋਰਚੇ ਨੇ ਸਿੱਖਾਂ ਵਿਚ ਕਾਂਗਰਸ ਵਾਸਤੇ ਹਮਦਰਦੀ ਖ਼ਤਮ ਕਰ ਦੇਣੀ

ਸੀ। ਪੰਜਾਬੀ ਸੂਬਾ ਦੀ ਮੁਖ਼ਾਲਫ਼ਤ ਕਰਨ ਦਾ ਮਤਲਬ ਸਿੱਖਾਂ ਵਿਚ ਇੱਤਹਾਦ ਅਤੇ ਭਾਈਚਾਰਕ ਅਹਿਸਾਸ ਦਾ ਵਾਧਾ ਕਰਨਾ ਸੀ। ਇਸ ਸਾਰਾ ਕੁਝ ਨਾਲ ਨਹਿਰੂ, ਕਾਂਗਰਸ ਤੇ ਕੈਰੋਂ ਵਾਸਤੇ ਪੰਜਾਬ ਵਿਚ ਇੱਜ਼ਤ ਬੜੀ ਘੱਟ ਜਾਣੀ ਸੀ। ਕੈਰੋਂ ਨੂੰ ਆਪਣੀ ਹਸਤੀ ਦਾ ਸ਼ਜਰਾ ਬਿਖਰਦਾ ਨਜ਼ਰ ਆ ਰਿਹਾ ਸੀ। ਇਹ ਸੋਚ ਕੇ ਉਸ ਨੇ 24-25 ਮਈ ਦੀ ਰਾਤ ਨੂੰ ਮਾਸਟਰ ਤਾਰਾ ਸਿੰਘ ਅਤੇ ਇਸ ਦੇ ਨਾਲ ਹੀ ਹਜ਼ਾਰਾਂ ਦੀ ਗਿਣਤੀ ਵਿਚ ਅਕਾਲੀ ਕਾਰਕੁੰਨ ਗ੍ਰਿਫ਼ਤਾਰ ਕਰ ਲਏ। ਅਟਾਰੀ ਤੋਂ ਜਮਨਾ ਤੱਕ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਪਰ ਇਹ ਸਾਰਾ ਕੁਝ 12 ਜੂਨ ਦੇ ਜਲੂਸ ਨੂੰ ਨਾ ਰੋਕ ਸਕਿਆ। ਮਿੱਥੇ ਐਲਾਨ ਮੁਤਾਬਿਕ, ਮਾਸਟਰ ਜੀ ਦੀ ਥਾਂ, ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ 29 ਮਈ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ 11 ਸਿੰਘਾਂ ਦਾ ਜੱਥਾ ਲੈ ਕੇ ਦਰਬਾਰ ਸਾਹਿਬ ਤੋਂ ਟੁਰੇ। ਇਸ ਵੇਲੇ 40,000 ਸੰਗਤਾਂ ਉੱਥੇ ਹਾਜ਼ਿਰ ਸਨ। ਜੱਥੇ ਨੂੰ ਤਰਨ ਤਾਰਨ ਰੋਡ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਜੱਥੇ ਦੀ ਗ੍ਰਿਫ਼ਤਾਰੀ ਮਗਰੋਂ ਹਰ ਰੋਜ਼ ਜੱਥੇ ਤੁਰਨੇ ਸ਼ੁਰੂ ਹੋ ਗਏ।[3]

ਭਾਵੇਂ ਇਹ ਜੱਥੇ 12 ਜੂਨ ਦੇ ਜਲੂਸ ਵਾਸਤੇ ਤੁਰਨੇ ਸਨ, ਪਰ 12 ਜੂਨ ਨੂੰ ਵੀ ਜੱਥੇ ਜਾਣੇ ਬੰਦ ਨਹੀਂ ਹੋਏ। ਇਸ ਦਾ ਕਾਰਨ ਇਹ ਸੀ ਕਿ 12 ਜੂਨ ਦੇ ਦਿਨ ਦਿੱਲੀ ਵਿਚ ਪੁਲੀਸ ਨੇ ਸੀਸ ਗੰਜ ਤੇ ਹੋਰ ਗੁਰਦੁਆਰਿਆਂ ਨੂੰ ਘੇਰਾ ਪਾ ਲਿਆ ਸੀ। ਇਸ ਦੇ ਬਾਵਜੂਦ ਹਜ਼ਾਰਾਂ ਸਿੰਘ ਉੱਥੇ ਪੁੱਜ ਗਏ ਸਨ। ਪੁਲੀਸ ਨੇ ਜਲੂਸ ਨੂੰ ਰੋਕਣ ਵਾਸਤੇ ਹਜ਼ਾਰਾਂ ਸਿਪਾਹੀ ਤਾਈਨਾਤ ਕੀਤੇ ਹੋਏ ਸਨ। ਜਦੋਂ ਸਿੱਖਾਂ ਦੇ ਜੱਥੇ ਜਲੂਸ ਵਾਸਤੇ ਤੁਰਨੇ ਸ਼ੁਰੂ ਹੋਏ ਤਾਂ ਪੁਲੀਸ ਨੇ ਗ੍ਰਿਫ਼ਤਾਰੀਆਂ, ਲਾਠੀਚਾਰਜ, ਟੀਅਰ ਗੈਸ, ਅਤੇ ਗੋਲੀ ਦੀ ਵਰਤੋਂ ਵੀ ਕੀਤੀ। ਗੁਰਦੁਆਰਾ ਸੀਸ ਗੰਜ ਤੋਂ ਲਾਲ ਕਿਲ੍ਹਾ, ਫ਼ਤਹਿਪੁਰੀ, ਰੇਲਵੇ ਸਟੇਸ਼ਨ, ਸਦਰ ਬਜ਼ਾਰ ਤੇ ਆਲੇ-ਦੁਆਲੇ ਦੀਆਂ ਸਾਰੀਆਂ ਗਲੀਆਂ ਵਿਚ ਟੀਅਰ ਗੈਸ ਦਾ ਧੂੰਆਂ ਅਤੇ ਇਸ ਤੋਂ ਵੀ ਪਰ੍ਹਾਂ-ਪਰ੍ਹਾਂ ਘੋੜਸਵਾਰ ਤੇ ਪੈਦਲ ਪੁਲੀਸ ਦੇ ਹਜ਼ਾਰਾਂ ਸਿਪਾਹੀ ਹੀ ਨਜ਼ਰ ਆ ਰਹੇ ਸਨ। ਭਾਵੇਂ ਸਰਕਾਰ ਜਲੂਸ ਨੂੰ ਸਾਰਾ ਰੂਟ ਪੂਰਾ ਕਰਨ ਵਿਚ ਰੋਕਣ ਤੋਂ ਇਕ ਵਾਰ ਤਕਰੀਬਨ ਕਾਮਯਾਬ ਹੋ ਗਈ ਪਰ ਪੁਲੀਸ ਦੇ ਜਬਰ ਤੇ ਜ਼ੁਲਮ ਦੀ ਦੁਨੀਆਂ ਭਰ ਵਿਚ ਮੁਜ਼ੰਮਤ ਹੋਈ। ਦੁਨੀਆਂ ਭਰ ਦੀ ਪ੍ਰੈਸ ਨੇ ਪੁਲੀਸ ਜ਼ੁਲਮ ਦੀਆਂ ਤਸਵੀਰਾਂ ਛਾਪੀਆਂ।[4] 12 ਜੂਨ ਦੇ ਦਿਨ ਪੁਲੀਸ ਦੇ ਜ਼ੁਲਮ ਨਾਲ ਇਕ ਦਰਜਨ ਦੇ ਕਰੀਬ ਸਿੱਖ ਸ਼ਹੀਦ ਹੋਏ।

29 ਮਈ ਤੋਂ ਸ਼ੁਰੂ ਹੋਏ ਜੱਥੇ ਹੁਣ ਹਰ ਰੋਜ਼ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਜਾਣ ਲੱਗ ਪਏ। ਅੰਮ੍ਰਿਤਸਰ ਤੋਂ ਬਾਅਦ ਇਹ ਮੋਰਚਾ ਦਿੱਲੀ, ਜਲੰਧਰ, ਪਟਿਆਲਾ ਤੇ ਲੁਧਿਆਣਾ ਤੋਂ ਵੀ ਸ਼ੁਰੂ ਹੋ ਗਿਆ। ਕੈਰੋਂ ਨੇ ਸਾਰੇ ਪੰਜਾਬ 'ਚੋਂ ਤਕਰੀਬਨ ਹਰ ਅਕਾਲੀ ਵਰਕਰ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਸੀ, ਪਰ ਇਸ ਦੇ ਬਾਵਜੂਦ ਪੰਜਾਬੀ ਸੂਬਾ ਮੋਰਚਾ 'ਚ ਗ੍ਰਿਫ਼ਤਾਰੀ ਦੇਣ ਵਾਲੇ ਵਰਕਰਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ। ਸਿੱਖਾਂ ਵਿਚ ਗੁਰਦੁਆਰਾ ਸੁਧਾਰ ਲਹਿਰ

---

3. ਵਧਰੇ ਤਫ਼ਸੀਲ ਵਾਸਤੇ ਪੜ੍ਹੋ : ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ (ੳ) *ਸ਼ਰੋਮਣੀ ਅਕਾਲੀ ਦਲ ਦਾ ਇਤਿਹਾਸ* (ਅ) *ਖਾਲਿਸਤਾਨ ਦੀ ਤਵਾਰੀਖ਼*।

4. B.N. Mullik, *My Days with Nehru*, p. 437; ਗੁਰਮੁਖ ਸਿੰਘ ਮੁਸਾਫ਼ਿਰ ਦਾ ਇਕ ਲੇਖ ਜੋ *ਪੰਜ ਪਾਣੀ*, ਜੁਲਾਈ 1974 ਵਿਚ ਛਪਿਆ ਸੀ, ਵਿਚ ਵੀ ਅਹਿਮ ਵਾਕਫ਼ੀ ਭਰੀ ਹੋਈ ਹੈ।

(1920-25) ਵਾਲਾ ਮਾਹੌਲ ਛਾ ਰਿਹਾ ਸੀ। ਹਰ ਪਾਸੇ ਸਿੱਖ ਚਾਅ ਨਾਲ ਮੋਰਚੇ ਵਾਸਤੇ ਕੰਮ ਕਰ ਰਹੇ ਸਨ। ਇਸ ਜੋਸ਼ ਵਿਚ ਨੌਜਵਾਨ, ਔਰਤਾਂ, ਬੁੱਢੇ ਤੇ ਬੱਚੇ ਇਕੋ ਜਿਹਾ ਹਿੱਸਾ ਪਾ ਰਹੇ ਸਨ। ਇਸੇ ਮਾਹੌਲ ਵਿਚ 22 ਸਿਤੰਬਰ 1960 ਦੇ ਦਿਨ ਕਰਨਾਲ ਵਿਚ ਬੱਚਿਆਂ ਦਾ ਇਕ ਨਿੱਕਾ ਜਿਹਾ ਜੱਥਾ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਫਿਰ ਰਿਹਾ ਸੀ ਕਿ ਪੁਲੀਸ ਨੇ ਇਨ੍ਹਾਂ ਮਾਸੂਮ ਬੱਚਿਆਂ ਨੂੰ ਸੋਟੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੋਟੀਆਂ ਦੀ ਮਾਰ ਨਾਲ ਬੱਚਾ ਕਾਕਾ ਇੰਦਰਜੀਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਪੁਲੀਸ ਨੇ ਉਸ ਨੂੰ ਤਕਰੀਬਨ ਮਰ ਗਿਆ ਸਮਝ ਕੇ, ਖੂਹ ਵਿਚ ਸੁੱਟ ਕੇ, ਸਬੂਤ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਕਾਕਾ ਇੰਦਰਜੀਤ ਸਿੰਘ ਦੀ ਸ਼ਹੀਦੀ ਨੇ ਕੈਰੋਂ ਵਾਸਤੇ ਸਿੱਖ-ਨਫ਼ਰਤ ਦਾ ਇਕ ਨਵਾਂ ਚੈਪਟਰ ਸ਼ੁਰੂ ਕਰ ਦਿੱਤਾ।

ਜਦੋਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ 30 ਹਜ਼ਾਰ ਤੋਂ ਵੱਧ ਹੋ ਗਈਆਂ ਤਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਬਹੁਤ ਭੀੜ ਹੋ ਗਈ। ਹੁਣ ਸਰਕਾਰ ਕੋਲ ਨਵੇਂ ਕੈਦੀਆਂ ਵਾਸਤੇ ਕੋਈ ਥਾਂ ਨਹੀਂ ਸੀ। ਇਸ 'ਤੇ ਸਰਕਾਰ ਨੇ ਬਹਾਨੇ ਨਾਲ ਸਿੱਖ ਰਿਹਾਅ ਕਰਨੇ ਸ਼ੁਰੂ ਕਰ ਦਿੱਤੇ। 9 ਅਕਤੂਬਰ ਦੇ ਦਿਨ ਬਠਿੰਡਾ ਜੇਲ੍ਹ ਵਿਚੋਂ ਸਿੱਖਾਂ ਨੂੰ ਰਿਹਾਅ ਕਰਨ ਸਮੇਂ ਜਦੋਂ ਉਨ੍ਹਾਂ ਦੇ ਦਸਤਖ਼ਤ ਕਰਵਾਣ ਵਾਸਤੇ ਰਿਹਾਈ ਦੇ ਕਾਗ਼ਜ਼ ਉਨ੍ਹਾਂ ਦੇ ਸਾਹਮਣੇ ਰੱਖੇ ਗਏ ਤਾਂ ਇਕ ਸਿੰਘ ਸ: ਜਸਵੰਤ ਸਿੰਘ ਨੇ ਰੌਲਾ ਪਾ ਦਿੱਤਾ ਕਿ "ਇਹ ਤਾਂ ਮੁਆਫ਼ੀ-ਨਾਮਾ ਹੈ। ਅਸੀਂ ਰਿਹਾਅ ਨਹੀਂ ਹੋਣਾ ਤੇ ਜਾਂ ਬਿਨਾਂ-ਸ਼ਰਤ ਰਿਹਾਈ ਦੇ ਸਰਟੀਫ਼ਿਕੇਟ ਜਾਰੀ ਕੀਤੇ ਜਾਣ।" ਜਦੋਂ ਸਿੰਘਾਂ ਨੇ ਬਿਨਾਂ ਸਰਟੀਫ਼ਿਕੇਟ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ ਤਾਂ ਕੈਰੋਂ ਦੇ ਹੁਕਮ ਨਾਲ ਪੁਲੀਸ ਨੇ ਬਠਿੰਡਾ ਜੇਲ੍ਹ ਤੇ ਹਮਲਾ ਬੋਲ ਦਿੱਤਾ ਤੇ ਸਿੱਖਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਸ: ਜਸਵੰਤ ਸਿੰਘ, ਸ: ਰਣਜੀਤ ਸਿੰਘ, ਸ: ਚੈਂਚਲ ਸਿੰਘ ਤੇ ਸ: ਠਾਕੁਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਤੇ ਦਰਜਨਾਂ ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ। ਪੁਲੀਸ ਨੇ ਪਹਿਲੋਂ ਗੋਲੀ ਚਲਾਈ, ਇਸ ਮਗਰੋਂ ਲਾਠੀ ਚਾਰਜ ਕੀਤਾ ਤੇ ਫਿਰ ਅਥਰੂ ਗੈਸ ਵੀ ਛੱਡੀ। ਇਸ ਦੇ ਖ਼ਿਲਾਫ਼ ਹੋਏ ਪ੍ਰੋਟੈਸਟ ਜਲੂਸ ਵਿਚੋਂ 11 ਅਕਤੂਬਰ ਨੂੰ ਪਟਿਆਲਾ ਵਿਚ ਨਿਕਲੇ ਇਕ ਜਲੂਸ 'ਚ ਵੀ ਪੁਲੀਸ ਨੇ ਦੋ ਸਿੰਘ ਸ਼ਹੀਦ ਕਰ ਦਿੱਤੇ।

ਬਠਿੰਡਾ ਦੇ ਕਤਲੇਆਮ ਤੋਂ ਬਾਅਦ ਵੀ ਸਿੰਘਾਂ ਨੇ ਗ੍ਰਿਫ਼ਤਾਰੀਆਂ ਦੇਣੀਆਂ ਜਾਰੀ ਰੱਖੀਆਂ। ਕੈਰੋਂ ਤੇ ਨਹਿਰੂ ਨੇ ਪੰਜਾਬ ਤੇ ਦਿੱਲੀ ਵਿਚ ਸਿੱਖਾਂ ਤੇ ਕਹਿਰ ਵੀ ਜਾਰੀ ਰੱਖਿਆ। ਇਸ ਮਗਰੋਂ ਫ਼ਤਹਿ ਸਿੰਘ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਐਲਾਨ ਮੁਤਾਬਿਕ ਫ਼ਤਹਿ ਸਿੰਘ ਨੇ 18 ਦਿਸੰਬਰ 1960 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ ਅਤੇ ਮਰਨ ਵਰਤ ਸ਼ੁਰੂ ਕਰ ਦਿੱਤਾ। **ਇਸ ਮੌਕੇ 'ਤੇ ਨਾ ਤਾਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਤੇ ਨਾ ਹੀ ਕਿਸੇ ਸਿੱਖ ਵਿਦਵਾਨ ਨੇ ਇਹ ਕਿਹਾ ਕਿ ਮਰਨ ਵਰਤ ਸਿੱਖ ਫ਼ਲਸਫ਼ੇ ਦੇ ਖ਼ਿਲਾਫ਼ ਹੈ। ਸਿੱਖਾਂ ਕੋਲ ਦੋ ਹੀ ਤਰੀਕੇ ਹਨ : ਜਾਂ ਤਾਂ ਪੁਰਅਮਨ ਰਹਿ ਕੇ 'ਕੁਰਬਾਨੀਆਂ' ਕਰਦੇ ਰਹਿਣ ਤੇ ਜਾਂ ਸ੍ਰੀ ਸਾਹਿਬ ਹੱਥ ਵਿਚ ਫੜ ਕੇ ਜੂਝ ਜਾਣ। ਮਰਨ ਵਰਤ ਦੀ ਸਿੱਖ ਫ਼ਲਸਫ਼ੇ ਵਿਚ ਕੋਈ ਥਾਂ ਨਹੀਂ।**

ਦਿਸੰਬਰ ਦੇ ਅਖ਼ੀਰ ਵਿਚ ਨਹਿਰੂ ਨੇ ਕੈਰੋਂ ਨੂੰ ਮਾਸਟਰ ਤਾਰਾ ਸਿੰਘ ਨੂੰ ਰਿਹਾਅ

ਕਰਨ ਵਾਸਤੇ ਆਖਿਆ। ਮਾਸਟਰ ਜੀ ਨੂੰ 3-4 ਜਨਵਰੀ 1961 ਦੇ ਦਿਨ ਰਿਹਾ ਕਰ ਦਿੱਤਾ ਗਿਆ। ਮਾਸਟਰ ਜੀ ਤੇ ਨਹਿਰੂ ਵਿਚਕਾਰ ਗੱਲਬਾਤ ਹੋਈ। ਇਸ ਸਾਰਾ ਕੁਝ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵਿਚਾਰਿਆ ਅਤੇ ਫ਼ਤਹਿ ਸਿੰਘ ਨੂੰ ਵਰਤ ਤੋੜਨ ਵਾਸਤੇ ਆਖਿਆ। ਫ਼ਤਹਿ ਸਿੰਘ ਨੇ 9 ਜਨਵਰੀ ਦੇ ਦਿਨ ਮਰਨ ਵਰਤ ਖੋਲ੍ਹ ਦਿੱਤਾ। ਫ਼ਤਹਿ ਸਿੰਘ ਦਾ ਵਰਤ ਖੁਲ੍ਹਾਉਣ ਵਾਸਤੇ ਇਜਾਜ਼ਤ ਪੰਜ ਗ੍ਰੰਥੀਆਂ (ਚੇਤ ਸਿੰਘ, ਕਿਰਪਾਲ ਸਿੰਘ, ਫ਼ੌਜਾ ਸਿੰਘ, ਸੋਹਨ ਸਿੰਘ, ਬਖ਼ਸ਼ੀਸ਼ ਸਿੰਘ) ਤੋਂ ਦਿਵਾਈ ਗਈ ਸੀ। ਇਸ ਮਗਰੋਂ ਮਾਸਟਰ ਜੀ ਦੇ ਨਿਜੀ ਮੁਖ਼ਾਲਿਫ਼ਾਂ ਨੇ ਫ਼ਤਹਿ ਸਿੰਘ ਦਾ ਵਰਤ ਖੁਲ੍ਹਾਉਣ ਦਾ ਦੋਸ਼ ਮਾਸਟਰ ਜੀ ਦੇ ਸਿਰ ਮੜ੍ਹਨ ਦੀ ਸਾਜ਼ਿਸ਼ ਰਚੀ। ਇਸ ਦੌਰਾਨ ਨਹਿਰੂ ਨਾਲ ਫ਼ਤਹਿ ਸਿੰਘ ਨੇ ਕਈ ਮੁਲਾਕਾਤਾਂ ਕੀਤੀਆਂ। ਇਨ੍ਹਾਂ ਮੁਲਾਕਾਤਾਂ ਦੌਰਾਨ ਇਕ ਮੌਕੇ 'ਤੇ (ਮੌਜੂਦਾ ਹਰਿਆਣਾ ਵਿਚ) ਕਿਸੇ ਖ਼ੁਫ਼ੀਆ ਥਾਂ 'ਤੇ ਪ੍ਰਤਾਪ ਸਿੰਘ ਕੈਰੋਂ ਨੇ ਫ਼ਤਹਿ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਉਸ ਨੂੰ ਮਾਸਟਰ ਤਾਰਾ ਸਿੰਘ ਨੂੰ ਪਾਸੇ ਹਟਾ ਕੇ ਦਲ ਦੀ ਅਗਵਾਈ ਸੰਭਾਲਣ ਵਾਸਤੇ ਤਿਆਰ ਕੀਤਾ। ਕੈਰੋਂ ਤੋਂ ਬਾਅਦ ਊਧਮ ਸਿੰਘ ਨਾਗੋਕੇ ਤੇ ਫੇਰੂਮਾਨ ਨੇ ਵੀ ਫ਼ਤਹਿ ਸਿੰਘ ਨਾਲ ਮੁਲਾਕਾਤਾਂ ਕੀਤੀਆਂ।

ਇਸ ਦੌਰਾਨ ਨਹਿਰੂ-ਕੈਰੋਂ ਸਾਜ਼ਿਸ਼ ਹੇਠ ਫ਼ਤਹਿ ਸਿੰਘ-ਨਹਿਰੂ ਗੱਲਬਾਤ ਫੇਲ੍ਹ ਹੋਣ ਦਾ ਐਲਾਨ ਕਰ ਦਿੱਤਾ ਗਿਆ। ਹੁਣ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬਾ ਵਾਸਤੇ ਮਰਨ ਵਰਤ ਰਖਣਗੇ। ਇਹ ਸਭ ਕੁਝ ਨਹਿਰੂ-ਕੈਰੋਂ ਅਤੇ ਮਾਸਟਰ ਤਾਰਾ ਸਿੰਘ ਮੁਖ਼ਾਲਿਫ਼ ਧੜੇ ਦੀ ਸੋਚੀ ਸਮਝੀ ਸਾਜ਼ਿਸ਼ ਹੇਠ ਹੀ ਸੀ। ਮਾਸਟਰ ਤਾਰਾ ਸਿੰਘ ਨੇ 15 ਅਗਸਤ 1961 ਦੇ ਦਿਨ ਭੁੱਖ ਹੜਤਾਲ ਸ਼ੁਰੂ ਕੀਤੀ। 47 ਦਿਨ ਦੀ ਭੁੱਖ ਹੜਤਾਲ ਮਗਰੋਂ 1 ਅਕਤੂਬਰ ਦੇ ਦਿਨ ਮਾਸਟਰ ਤਾਰਾ ਸਿੰਘ ਨੇ ਭੁੱਖ ਹੜਤਾਲ ਇਸ ਸਮਝੌਤੇ 'ਤੇ ਖ਼ਤਮ ਕਰ ਦਿੱਤੀ ਕਿ ਸਰਕਾਰ ਸਿੱਖਾਂ ਦੀਆਂ ਸ਼ਿਕਾਇਤਾਂ ਵਾਸਤੇ ਇਕ ਹਾਈ-ਪਾਵਰਡ ਕਮਿਸ਼ਨ ਬਣਾਵੇਗੀ ਤੇ ਕਿਉਂਕਿ ਸਿੱਖ ਸਮਝਦੇ ਹਨ ਕਿ ਪੰਜਾਬੀ ਸੂਬਾ ਨਾ ਬਣਾਉਣਾ ਸਿੱਖਾਂ ਨਾਲ ਵਿਤਕਰਾ ਹੈ, ਉਹ ਕਮਿਸ਼ਨ ਇਸ ਮਸਲੇ ਨੂੰ ਵੀ ਵਿਚਾਰੇਗਾ। ਦਰਅਸਲ ਇਸ ਕਮਿਸ਼ਨ ਦੇ ਨਾਂਵਾਂ ਬਾਰੇ ਵੀ ਮਾਸਟਰ ਤਾਰਾ ਸਿੰਘ ਤੇ ਨਹਿਰੂ ਵਿਚਕਾਰ ਸਮਝੌਤਾ ਹੋ ਗਿਆ ਸੀ। ਮਾਸਟਰ ਤਾਰਾ ਸਿੰਘ ਦੇ ਵਰਤ ਛੱਡਣ ਤੋਂ ਬਾਅਦ ਸਰਕਾਰ ਨੇ ਆਪਣੀ ਮਰਜ਼ੀ ਦੇ ਮੈਂਬਰਾਂ 'ਤੇ ਅਧਾਰਿਤ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ ਜਿਸ ਦਾ ਅਕਾਲੀ ਦਲ ਨੇ ਬਾਈਕਾਟ ਕਰ ਦਿੱਤਾ। ਨਤੀਜੇ ਦੇ ਤੌਰ 'ਤੇ ਇਹ ਸਮਝੌਤਾ ਆਪਣੇ ਆਪ ਹੀ ਖ਼ਤਮ ਹੋ ਗਿਆ।

ਮਾਸਟਰ ਤਾਰਾ ਸਿੰਘ (ਤੇ ਪਹਿਲੋਂ ਫ਼ਤਹਿ ਸਿੰਘ) ਨੇ ਮਰਨ ਵਰਤ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ ਰੱਖਿਆ ਸੀ, ਪਰ ਮੰਗ ਪੂਰੀ ਹੋਣ ਤੋਂ ਬਿਨਾਂ ਕਿਸੇ ਹੋਰ ਸ਼ਰਤ ਦੇ ਬਹਾਨੇ ਨਾਲ ਛੱਡ ਦਿੱਤਾ ਸੀ। ਇਸ ਹਿਸਾਬ ਨਾਲ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ, ਦੋਵੇਂ, ਅਕਾਲ ਤਖ਼ਤ ਸਾਹਿਬ ਤੇ ਕੀਤੀ ਅਰਦਾਸ ਤੋਂ ਦੌੜੇ ਸਨ। ਇਸ ਕਰ ਕੇ ਦੋਵੇਂ ਹੀ ਅਕਾਲ ਤਖ਼ਤ ਸਾਹਿਬ ਦੇ ਗੁਨਾਹਗਾਰ ਸਨ। ਉਹ ਸ਼ਖ਼ਸ ਜਿਹੜੇ ਇਨ੍ਹਾਂ ਦਾ ਵਰਤ ਤੁੜਵਾਉਣ ਲਈ ਜ਼ਿੰਮੇਵਾਰ ਸਨ, ਉਹ ਸਾਰੇ ਵੀ ਗੁਨਾਹਗਾਰ ਸਨ।

ਅਕਾਲ ਤਖ਼ਤ ਸਾਹਿਬ ਤੋਂ ਮਾਸਟਰ ਤਾਰਾ ਸਿੰਘ, ਫ਼ਤਹਿ ਸਿੰਘ ਤੇ ਹੋਰਾਂ ਨੂੰ ਤਨਖ਼ਾਹ

ਮਾਸਟਰ ਤਾਰਾ ਸਿੰਘ ਦੇ ਵਰਤ ਛੱਡਣ ਤੋਂ ਬਾਅਦ ਜਦੋਂ 31 ਅਕਤੂਬਰ 1961 ਦੇ ਦਿਨ ਸਰਕਾਰ ਨੇ ਹਾਈ ਪਾਵਰਡ ਕਮਿਸ਼ਨ ਕਾਇਮ ਕੀਤਾ ਤਾਂ, ਮੰਨੇ ਗਏ ਪੀਤਾਂਜਲੀ ਸ਼ਾਸਤਰੀ, ਰਾਮ ਸਵਾਮੀ ਮੁਦਾਲੀਅਰ ਤੇ ਜੈ ਪ੍ਰਕਾਸ਼ ਨਰਾਇਣ, ਤਿੰਨੇ ਬੰਦਿਆਂ ਦੇ ਨਾਂਵਾਂ ਦਾ ਐਲਾਨ ਨਾ ਹੋਇਆ। ਇਸ 'ਤੇ 9 ਨਵੰਬਰ 1962 ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 6 ਦੇ ਮੁਕਾਬਲੇ 13 ਵੋਟਾਂ ਨਾਲ ਇਸ ਕਮਿਸ਼ਨ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਉਧਰ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਸਾਥੀਆਂ ਦੇ ਰਾਹੀਂ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਪ੍ਰਚਾਰ ਕਰਵਾਉਣਾ ਸ਼ੁਰੂ ਕਰ ਦਿੱਤਾ। ਖ਼ਾਸ ਕਰ ਕੇ ਜੀਵਨ ਸਿੰਘ ਉਮਰਾਨੰਗਲ ਤੇ ਲਛਮਣ ਸਿੰਘ ਗਿੱਲ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਵਰਕਰਾਂ ਨੂੰ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਭੜਕਾਇਆ। ਉਮਰਾਨੰਗਲ ਤੇ ਗਿੱਲ, ਜਗਜੀਤ ਸਿੰਘ ਗੋਗੋਆਣੀ, ਸ਼ਿਵ ਸਿੰਘ ਝਾਵਾਂ, ਭਾਗ ਸਿੰਘ ਜ਼ੈਦ ਨੂੰ ਵੀ ਨਾਲ ਰਲਾਣ ਵਿਚ ਕਾਮਯਾਬ ਹੋ ਗਏ। ਉਨ੍ਹਾਂ ਨੇ ਕੈਰੋਂ ਦੀ ਹਿਦਾਇਤ 'ਤੇ ਜੱਟ-ਭਾਪਾ ਦਾ ਨਾਅਰਾ ਲਾ ਕੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਇਕ ਤਕੜਾ ਗਰੁਪ ਕਾਇਮ ਕਰ ਲਿਆ। ਭਾਵੇਂ ਜ਼ਾਤ ਦੇ ਨਾਂ 'ਤੇ ਖੜ੍ਹਾ ਕੀਤਾ ਗਿਆ ਇਹ ਧੜਾ ਸਿੱਖੀ ਅਸੂਲਾਂ ਦੇ ਉਲਟ ਸੀ, ਪਰ ਐਂਟੀ-ਭਾਪਾ, ਐਂਟੀ-ਗ਼ੈਰ ਜੱਟ ਹਨੇਰੀ ਐਸੀ ਝੁਲੀ ਕਿ ਇਸ ਨੇ ਬੜੀ ਛੇਤੀ ਹੀ ਮਾਝਾ, ਮਾਲਵਾ ਤੇ ਦੁਆਬਾ ਦੇ ਬਹੁਤੇ ਜੱਟ ਇਕ ਪਲੇਟਫ਼ਾਰਮ 'ਤੇ ਲਿਆ ਖੜ੍ਹੇ ਕੀਤੇ। ਇਨ੍ਹਾਂ ਸਾਰਿਆਂ ਨੂੰ ਕੈਰੋਂ ਅਤੇ ਨਹਿਰੂ ਦੀ ਖ਼ੁਫ਼ੀਆ ਪਰ ਮੁਕੰਮਲ ਹਿਮਾਇਤ ਹਾਸਿਲ ਸੀ। ਨਵੰਬਰ 1961 ਦੇ ਅਖ਼ੀਰ ਤੱਕ ਇਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ 144 ਵਿਚੋਂ 70 ਮੈਂਬਰ ਰਲ ਚੁੱਕੇ ਸਨ। ਇਸ ਦੇ ਨਾਲ ਹੀ ਮਾਸਟਰ ਤਾਰਾ ਸਿੰਘ ਦੇ ਸਾਰੇ ਪੁਰਾਣੇ ਮੁਖ਼ਾਲਿਫ਼ ਊਧਮ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਈਸ਼ਰ ਸਿੰਘ ਮਝੈਲ, ਨਰੈਣ ਸਿੰਘ ਸ਼ਾਹਬਾਜਪੁਰੀ, ਅਮਰ ਸਿੰਘ ਦੁਸਾਂਝ, ਸਾਧੂ ਸਿੰਘ ਹਮਦਰਦ ਤੇ ਕਈ ਹੋਰ ਵੀ ਉਨ੍ਹਾਂ ਦਾ ਪੂਰਾ ਸਾਥ ਦੇ ਰਹੇ ਸਨ।[5]

ਜਦੋਂ ਉਮਰਾਨੰਗਲ ਨੇ ਏਨਾ ਕੰਮ ਕਰ ਲਿਆ ਤਾਂ 15 ਨਵੰਬਰ ਦੇ ਦਿਨ ਉਸ ਨੇ ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਪ੍ਰਧਾਨਗੀਆਂ ਤੋਂ ਅਸਤੀਫ਼ੇ ਦੀ ਮੰਗ ਕੀਤੀ ਅਤੇ 20 ਤਾਰੀਖ਼ ਤੱਕ ਦਾ ਨੋਟਿਸ ਦਿੱਤਾ ਅਤੇ ਪੂਰਾ ਨਾ ਹੋਣ 'ਤੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਇਕ ਹਫ਼ਤੇ ਦੀ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ। ਉਮਰਾਨੰਗਲ ਨੇ ਨੋਟਿਸ ਵਿਚ ਦਸ ਨੁਕਤੇ ਪੇਸ਼ ਕੀਤੇ :

(1) ਮਾਸਟਰ ਜੀ ਨੇ ਕਸਮ ਖਾ ਕੇ ਤੋੜੀ;
(2) ਸਿੱਖ ਸ਼ਹੀਦੀ ਅਸੂਲਾਂ ਨੂੰ ਕਲੰਕ ਲਾਇਆ;

---

5. B.N. Mullik, *op.cit.*, pp. 450-59; Gurrattan Pal Singh, *Illustrated History of the Sikhs (1947-78)*, p. 236; ਮਹਿੰਦਰ ਸਿੰਘ ਪ੍ਰੇਮ, *ਸੰਤ ਫ਼ਤਹਿ ਸਿੰਘ ਦਾ ਅਸਲੀ ਰੂਪ*, ਸਫ਼ਾ 19; ਫ਼ਤਹਿ ਸਿੰਘ, *ਢੁੱਕਵੇਂ ਉੱਤਰ*, ਸਫ਼ਾ 66 ਅਤੇ 8-ਸੀ, *ਰੋਜ਼ਾਨਾ ਕੌਮੀ ਦਰਦ*, 23-24 ਅਕਤੂਬਰ 1962.

(3) ਜ਼ਿੰਦਗੀ ਪਿਆਰੀ ਸਮਝ ਕੇ ਕੁਰਬਾਨੀਆਂ ਗੁਆਈਆਂ;
(4) ਪੰਥ ਖ਼ਤਰੇ ਦਾ ਨਾਅਰਾ ਲਾ ਕੇ ਕੌਮ ਦੀ ਤਾਕਤ ਨਸ਼ਟ ਕੀਤੀ;
(5) ਤੁਹਾਡੀ ਪਾਲਸੀ ਸ਼ੱਕ ਵਾਲੀ ਹੋ ਗਈ ਹੈ;
(6) ਗੁਰਦੁਆਰਾ ਕਮੇਟੀ ਅਤੇ ਅਕਾਲੀ ਦਲ ਤੋਂ ਅਸਤੀਫ਼ਾ ਦਿਉ;
(7) ਅਕਾਲ ਤਖ਼ਤ ਤੋਂ ਮੁਆਫ਼ੀ ਮੰਗੋ;
(8) ਅਕਾਲੀ ਦਲ ਦੇ ਡੈਲੀਗੇਟਾਂ ਦਾ ਇਜਲਾਸ ਸੱਦ ਕੇ ਵਿਸ਼ਵਾਸ ਦਾ ਵੋਟ ਹਾਸਿਲ ਕਰੋ;
(9) ਅਖ਼ਬਾਰਾਂ ਵਿਚ ਪੰਥ ਪਿਆਰਿਆਂ ਵਿਰੁੱਧ ਪ੍ਰਚਾਰ ਬੰਦ ਕਰੋ;
(10) ਸਿੱਖ ਕੌਮ ਦੇ ਅਧਿਕਾਰ, ਮਾਣ, ਤੁਹਾਡੇ ਹੱਥਾਂ ਵਿਚ ਮਹਿਫ਼ੂਜ਼ ਨਹੀਂ ਹਨ।

ਅਗਲੇ ਦਿਨ 16 ਨਵੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਉਮਰਾਨੰਗਲ ਨੂੰ ਮੁਅੱਤਲ ਕਰ ਦਿੱਤਾ ਤੇ 28 ਨਵੰਬਰ ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਰੱਖ ਲਈ। 19 ਨਵੰਬਰ ਨੂੰ ਫ਼ਤਹਿ ਸਿੰਘ ਗੰਗਾਨਗਰ ਤੋਂ ਆਇਆ ਤੇ ਉਸ ਨੇ ਮਾਸਟਰ ਤਾਰਾ ਸਿੰਘ ਤੇ ਹੁਡਿਆਰਾ ਨਾਲ ਵੱਖ-ਵੱਖ ਗੱਲਬਾਤ ਕੀਤੀ। ਇਸੇ ਦਿਨ ਗਿੱਲ, ਝਾਵਾਂ ਤੇ ਗੋਗੋਆਨੀ ਨੇ ਪ੍ਰੈਸ ਕਾਨਫ਼ਰੰਸ ਕਰ ਕੇ ਮੰਗ ਕੀਤੀ ਕਿ 30 ਨਵੰਬਰ ਦੇ ਦਿਨ ਸ਼੍ਰੋਮਣੀ ਕਮੇਟੀ ਦੀ ਚੋਣ 'ਚ ਮਾਸਟਰ ਤਾਰਾ ਸਿੰਘ ਪ੍ਰਧਾਨ ਨਹੀਂ ਬਣਨਾ ਚਾਹੀਦਾ। ਉਨ੍ਹਾਂ ਨੇ ਤੁੜ, ਟੌਹੜਾ, ਜ਼ੈਦ ਵਗੈਰਾ ਦੀ ਹਿਮਾਇਤ ਦਾ ਦਾਅਵਾ ਕੀਤਾ। 20 ਨਵੰਬਰ ਨੂੰ ਗਿੱਲ, ਹੁਡਿਆਰਾ, ਟੌਹੜਾ, ਪੂਹਲੀ ਅਤੇ ਅਕਾਲੀ ਦਲ ਦੇ 101 ਡੈਲੀਗੇਟਾਂ ਨੇ ਮਾਸਟਰ ਤਾਰਾ ਸਿੰਘ ਤੋਂ ਰਿਟਾਇਰ ਹੋ ਜਾਣ ਦੀ ਮੰਗ ਕੀਤੀ। 21 ਨਵੰਬਰ ਨੂੰ ਉਮਰਾਨੰਗਲ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਗੇਟ ਦੇ ਬਾਹਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। 23 ਨਵੰਬਰ ਨੂੰ ਦੋਹਾਂ ਪੱਖਾਂ ਦਾ ਆਪਸੀ ਸਮਝੌਤਾ ਹੋ ਗਿਆ ਕਿ ਇਹ ਕੇਸ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਕੀਤਾ ਜਾਵੇ। 25 ਨਵੰਬਰ 1961 ਦੇ ਦਿਨ ਜਥੇਦਾਰ ਅੱਛਰ ਸਿੰਘ, ਗਿਆਨੀ ਭੁਪਿੰਦਰ ਸਿੰਘ, ਗਿਆਨੀ ਚੇਤ ਸਿੰਘ, ਗਿਆਨੀ ਕਿਰਪਾਲ ਸਿੰਘ ਤੇ ਗਿਆਨੀ ਸ਼ਰਮ ਸਿੰਘ ਨੇ ਮਾਸਟਰ ਤਾਰਾ ਸਿੰਘ, ਫ਼ਤਹਿ ਸਿੰਘ, ਹਰਦਿਤ ਸਿੰਘ ਮਲਿਕ, ਗੁਰਨਾਮ ਸਿੰਘ ਜਸਟਿਸ, ਗੁਰਬਖ਼ਸ਼ ਸਿੰਘ ਐਡਵੋਕੇਟ, ਹਰਚਰਨ ਸਿੰਘ ਹੁਡਿਆਰਾ, ਉਮਰਾਨੰਗਲ, ਉਜਾਗਰ ਸਿੰਘ ਉਲਫ਼ਤ, ਹਰਿਗੁਰਅਨਾਦ ਸਿੰਘ, ਕੇਹਰ ਸਿੰਘ ਵੈਰਾਗੀ ਅਤੇ ਕਈ ਹੋਰਾਂ ਨੂੰ 28 ਤਾਰੀਖ਼ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਵਾਸਤੇ ਆਖਿਆ। ਪੰਜਾਂ ਗ੍ਰੰਥੀਆਂ ਨੇ ਇਨ੍ਹਾਂ ਸਾਰਿਆਂ ਨਾਲ ਵੱਖ-ਵੱਖ ਗੱਲਬਾਤ ਕੀਤੀ। ਇਸ ਮਗਰੋਂ ਉਨ੍ਹਾਂ ਨੇ ਸਾਰੀ ਹਾਲਤ ਤੇ ਵਿਚਾਰ ਕੀਤੀ ਅਤੇ ਅਗਲੇ ਦਿਨ ਸਾਰਿਆਂ ਨੂੰ ਤਖ਼ਤ ਸਾਹਿਬ ਤੋਂ ਹੁਕਮਨਾਮਾ ਸੁਣਨ ਲਈ ਪੇਸ਼ ਹੋਣ ਵਾਸਤੇ ਆਖਿਆ।

28 ਨਵੰਬਰ ਨੂੰ ਅਕਾਲ ਤਖ਼ਤ ਸਾਹਿਬ ਮੂਹਰੇ 10 ਹਜ਼ਾਰ ਸੰਗਤਾਂ ਹਾਜ਼ਿਰ ਸਨ। ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਪੰਜ ਗ੍ਰੰਥੀਆਂ ਨੇ ਮਾਸਟਰ ਤਾਰਾ ਸਿੰਘ, ਫ਼ਤਹਿ ਸਿੰਘ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ 8 ਮੈਂਬਰਾਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਤੇ ਹੇਠ ਲਿਖੀ ਤਨਖ਼ਾਹ ਲਾਈ :

ੴ ਵਾਹਿਗੁਰੂ ਜੀ ਕੀ ਫ਼ਤਹਿ॥
ਪੰਜਾਂ ਪਿਆਰਿਆਂ ਦਾ ਫ਼ੈਸਲਾ
ਮਿਤੀ 29 ਨਵੰਬਰ, 1961 ਈ: ਮੁਤਾਬਕ ਮਘਰ 14, 2018 ਦਿਨ ਬੁੱਧਵਾਰ

ਅਸਾਂ ਮਿਲੇ ਸਮੇਂ ਵਿਚ ਜਿੱਥੋਂ ਤਕ ਹੋ ਸਕਦਾ ਸੀ ਵੱਧ ਤੋਂ ਵੱਧ ਸੰਬੰਧਤ ਤੇ ਜਾਣਕਾਰ ਸੱਜਣਾਂ ਪਾਸੋਂ, ਇਸ ਸਮੇਂ ਦੀਆਂ ਪੁਰਾਣੀਆਂ ਲਿਖਤਾਂ, ਬਿਆਨਾਂ, ਚਿੱਠੀਆਂ ਤੇ ਅਖ਼ਬਾਰਾਂ ਰਾਹੀਂ ਜਾਂਚ ਪੜਤਾਲ ਕਰ ਕੇ ਅਸਲੀਅਤ ਸਮਝਣ ਦਾ ਪੂਰਾ ਪੂਰਾ ਯਤਨ ਕੀਤਾ ਹੈ ਅਤੇ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਦੋਹਾਂ ਮਰਨ-ਬਰਤਾਂ ਦੇ ਰੱਖਣ ਤੇ ਛੱਡਣ ਦੀਆਂ ਘਟਨਾਵਾਂ ਸਭ ਨੂੰ ਪਤਾ ਹੀ ਹੈ, ਇਸ ਲਈ ਇਹ ਸਾਨੂੰ ਦੋਹਰਾਨ ਦੀ ਏਥੇ ਕੋਈ ਲੋੜ ਪ੍ਰਤੀਤ ਨਹੀਂ ਹੁੰਦੀ। ਪਹਿਲਾ ਬਰਤ ਸੰਤ ਜੀ ਮਹਾਰਾਜ ਨੇ ਮਾਸਟਰ ਤਾਰਾ ਸਿੰਘ ਜੀ ਦੀ ਤਸੱਲੀ, ਵਰਕਿੰਗ ਕਮੇਟੀ ਤੇ ਮੋਰਚਾ ਕਮੇਟੀ ਅਤੇ ਸੰਗਤ ਦੀ ਪ੍ਰਵਾਨਗੀ ਤੋਂ ਉਪਰੰਤ ਪੰਜਾਂ ਪਿਆਰਿਆਂ ਦੀ ਆਗਿਆ ਲੈ ਕੇ ਛੱਡਿਆ ਸੀ, ਇਸ ਲਈ ਇਸ 'ਤੇ ਕੋਈ ਟੀਕਾ ਟਿੱਪਣੀ ਨਹੀਂ ਕੀਤੀ ਜਾ ਸਕਦੀ। ਦੂਸਰਾ ਮਰਨ-ਬਰਤ 15 ਅਗਸਤ, 1961 ਈ: ਨੂੰ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਮੰਜੀ ਸਾਹਿਬ, ਅਖੰਡ ਪਾਠਾਂ ਦੇ ਭੋਗ ਸਮੇਂ ਅਰਦਾਸਿਆਂ ਉਪਰੰਤ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਪ੍ਰਣ ਕਰ ਕੇ ਮਾਸਟਰ ਤਾਰਾ ਸਿੰਘ ਜੀ ਨੇ ਅਰੰਭ ਕੀਤਾ, ਜਿਸ ਨੂੰ ਅਠਤਾਲੀਵੇਂ ਦਿਨ ਕਮਿਸ਼ਨ ਨੂੰ ਪ੍ਰਵਾਨ ਕਰ ਕੇ ਆਪਣਾ ਮਰਨ-ਵਰਤ 1 ਅਕਤੂਬਰ ਨੂੰ ਛੱਡ ਦਿੱਤਾ, ਜਿਸ ਨਾਲ ਪੰਥ ਵਿਚ ਨਿਰਾਸਤਾ, ਪਰੇਸ਼ਾਨੀ, ਦੁਖ ਤੇ ਗ਼ੁੱਸੇ ਦੀ ਲਹਿਰ ਫੈਲ ਗਈ, ਕਿਉਂਕਿ ਮਾਸਟਰ ਜੀ ਨੇ ਕਈ ਵਾਰ ਇਹ ਗੱਲ ਪ੍ਰਗਟ ਤੌਰ 'ਤੇ ਕਹੀ ਸੀ ਕਿ ਹੁਣ ਕੋਈ ਹੋਰ ਰਾਹ ਨਹੀਂ ਜਾਂ ਪੰਜਾਬੀ ਸੂਬਾ ਬਣੇਗਾ ਜਾਂ ਮੇਰੀ ਮੌਤ ਹੋਵੇਗੀ। ਇਸ ਲਈ ਕਿਸੀ ਦਰਮਿਆਨੀ ਗੱਲ ਨੂੰ ਕਬੂਲਣ ਲਈ ਪੰਥ ਤਿਆਰ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਬਹਾਦਰ ਤੇ ਨਿਧੜਕ ਲੀਡਰ ਤੋਂ ਇਹ ਆਸ ਸੀ ਕਿ ਉਹ ਆਪਣਾ ਪ੍ਰਣ ਪੂਰਾ ਕੀਤੇ ਬਿਨਾਂ ਆਪਣਾ ਵਰਤ ਛੱਡ ਦੇਵੇਗਾ ਜਿਸ ਨਾਲ ਕੌਮ ਸਿਰ ਉੱਚਾ ਕਰਨ ਜੋਗੀ ਨਾ ਰਹੇ। ਇਹ ਕਹਿਆ ਜਾਂਦਾ ਹੈ ਕਿ ਵਰਕਿੰਗ ਕਮੇਟੀ ਵਰਤ ਛੁਡਾਉਣ ਦੇ ਹੱਕ ਵਿਚ ਨਹੀਂ ਸੀ, ਪਰ ਕਮੇਟੀ ਨੇ ਵਰਤ ਖੋਹਲਣ ਦੀ ਵਿਰੋਧਤਾ ਭੀ ਨਹੀਂ ਕੀਤੀ। ਇਹ ਗੱਲ ਭਾਵੇਂ ਕਿਸੇ ਭੀ ਮਸਲਹਤ ਕਰ ਕੇ ਕੀਤੀ ਗਈ ਹੋਵੇ ਤਾਂ ਭੀ ਇਹ ਰਵੱਈਆ ਵਰਤ ਛੁਡਾਉਣ ਦੇ ਹੱਕ ਵਿਚ ਹੀ ਜਾਂਦਾ ਹੈ। ਇਸ ਲਈ ਵਰਕਿੰਗ ਕਮੇਟੀ ਤੇ ਐਕਟਿੰਗ ਪ੍ਰਧਾਨ ਫਤਹ ਸਿੰਘ ਜੀ ਭੀ ਵਰਤ ਛੁਡਾਉਣ ਦੀ ਜ਼ਿੰਮੇਵਾਰੀ ਤੋਂ ਕਿਸੀ ਤਰ੍ਹਾਂ ਭੀ ਬਰੀ ਨਹੀਂ ਹੋ ਸਕਦੇ। ਸਾਡੀ ਇਹ ਸਪੱਸ਼ਟ ਰਾਇ ਹੈ ਕਿ ਮਾਸਟਰ ਜੀ ਨੇ ਐਸਾ ਕਰ ਕੇ ਪੁਰਾਤਨ ਸਿੱਖ ਸੂਰਬੀਰਾਂ ਅਕਾਲੀ ਫੂਲਾ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਸ: ਸ਼ਾਮ ਸਿੰਘ ਅਟਾਰੀ ਦੀਆਂ ਰਵਾਇਤਾਂ ਨੂੰ ਭਾਰੀ ਸੱਟ ਮਾਰੀ ਹੈ ਅਤੇ ਸਿੱਖੀ ਦੀ ਸ਼ਾਨ ਵਿਚ ਫ਼ਰਕ ਪਿਆ ਹੈ। ਨਾਲੇ ਲੀਤਾ ਹੋਇਆ ਪ੍ਰਣ ਸਹੀ ਰੂਪ ਵਿਚ ਪੂਰਾ ਨਹੀਂ ਕੀਤਾ, ਇਸ ਲਈ ਮਾਸਟਰ ਤਾਰਾ ਸਿੰਘ ਜੀ, ਫਤਹ ਸਿੰਘ ਜੀ ਅਤੇ ਵਰਕਿੰਗ ਕਮੇਟੀ ਦੇ ਹਾਜ਼ਿਰ ਮੈਂਬਰ ਹੋਈ ਅਵੱਗਿਆ ਬਖ਼ਸ਼ਾਉਣ ਲਈ ਅਕਾਲ ਤਖ਼ਤ ਸਾਹਿਬ ਪੰਜਾਂ ਪਿਆਰਿਆਂ ਦੇ ਪੇਸ਼ ਹੋਣ।

[ਪਹਿਲਾਂ ਮਾਸਟਰ ਤਾਰਾ ਸਿੰਘ ਜੀ ਨੂੰ ਜਥੇਦਾਰ ਅੱਛਰ ਸਿੰਘ ਜੀ ਨੇ ਕਿਹਾ ਕਿ ਮਾਸਟਰ ਜੀ, ਖੜੇ ਹੋ ਜਾਉ। ਮਾਸਟਰ ਜੀ ਖੜੇ ਹੋ ਗਏ, ਤਾਂ]

(ਪੰਜਾਂ ਪਿਆਰਿਆਂ ਵੱਲੋਂ ਨੀਯਤ ਕੀਤੀ ਤਨਖ਼ਾਹ :)

ਮਾਸਟਰ ਤਾਰਾ ਸਿੰਘ

1. ਅਕਾਲ ਤਖ਼ਤ ਸਾਹਿਬ, ਇਕ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਪ੍ਰਾਸਚਿਤ ਵਜੋਂ ਕਰਵਾਉਣ।
2. ਇਕ ਮਹੀਨਾ ਆਪਣੇ ਨਿੱਤਨੇਮ ਤੋਂ ਇਲਾਵਾ ਹਰ ਰੋਜ਼ ਇਕ ਜਾਪੁ ਸਾਹਿਬ ਦਾ ਪਾਠ ਕਰਨ।

3. ਸਵਾ ਸੌ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਉਣ।
4. ਸੰਗਤਾਂ ਦੀ ਜੋੜਿਆਂ ਦੀ ਸੇਵਾ ਪੰਜ ਦਿਨ ਕਰਨ।
5. ਲੰਗਰ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਪੰਜ ਦਿਨ ਕਰਨ।

ਫਤਹ ਸਿੰਘ

[ਫਿਰ ਫਤਹ ਸਿੰਘ ਨੇ ਖੜੇ ਹੋ ਕੇ ਲੱਗੀ ਤਨਖ਼ਾਹ ਸੁਣੀ]

1. ਮਹੀਨਾ ਆਪਣੇ ਨਿੱਤਨੇਮ ਤੋਂ ਇਲਾਵਾ ਹਰ ਰੋਜ਼ ਇਕ ਜਪੁਜੀ ਸਾਹਿਬ ਦਾ ਪਾਠ ਕਰਨ।
2. ਪੰਜ ਦਿਨ ਜੂਠੇ ਭਾਂਡੇ ਮਾਂਜਣ ਦੀ ਸੇਵਾ ਲੰਗਰ ਵਿਚ ਕਰਨ।

ਵਰਕਿੰਗ ਕਮੇਟੀ ਦੇ ਹਾਜ਼ਿਰ ਮੈਂਬਰ

[ਵਰਕਿੰਗ ਕਮੇਟੀ ਦੇ ਹਾਜ਼ਿਰ ਮੈਂਬਰਾਂ ਨੇ ਖੜੇ ਹੋ ਕੇ ਹੇਠ ਲਿਖੀ ਤਨਖ਼ਾਹ ਸੁਣੀ]

1. ਦੋ ਦਿਨ ਅੰਮ੍ਰਿਤਸਰ ਸਰੋਵਰ ਦੀ ਪਰਕਰਮਾ ਵਿਚ ਝਾੜੂ ਕਰਨ।
2. ਦੋ ਦਿਨ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਨ।

ਉਪਰੋਕਤ ਸਾਰਿਆਂ ਨੇ ਲੱਗੀ ਤਨਖ਼ਾਹ ਸਿਰ ਨਿਵਾ ਕੇ ਪ੍ਰਵਾਨ ਕੀਤੀ ਤੇ ਲੱਗੀ ਤਨਖ਼ਾਹ ਭੁਗਤਣ ਦਾ ਯਕੀਨ ਦਿਵਾਇਆ।

ਪ੍ਰਸਚਿਤ

ਅਸੀਂ ਸਮੂੰਹ ਸਿੱਖ ਸੰਗਤਾਂ ਦੀ ਸੇਵਾ ਵਿਚ ਅਪੀਲ ਕਰਦੇ ਹਾਂ ਕਿ ਸਾਰੇ ਸ਼ਹਿਰਾਂ ਕਸਬਿਆਂ ਤੇ ਪਿੰਡਾਂ ਵਿਚ 12 ਦਿਸੰਬਰ, 1961 ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਸਾਰੀ ਸੰਗਤ ਰਲ ਕੇ ਜਪੁਜੀ ਸਾਹਿਬ ਦਾ ਪਾਠ ਕਰੇ ਅਤੇ ਹੇਠ ਲਿਖਿਆ ਸ਼ਬਦ ਵੀ ਸੰਗਤ ਰਲ ਕੇ ਪੜ੍ਹੇ:

ਬਿਲਾਵਲੁ ਮ: ੫॥
ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥

ਉਪਰੰਤ ਅਰਦਾਸਾ ਕੀਤਾ ਜਾਏ ਅਤੇ ਇਸ ਸਮੇਂ ਕੋਈ ਲੈਕਚਰ ਆਦਿ ਨਾ ਦਿੱਤਾ ਜਾਵੇ।

(ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ)
ਹੈਡ ਗ੍ਰੰਥੀ
ਦਰਬਾਰ ਸਾਹਿਬ,
ਅੰਮ੍ਰਿਤਸਰ

(ਜਥੇਦਾਰ ਅੱਛਰ ਸਿੰਘ)
ਜਥੇਦਾਰ
ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ

(ਜਥੇਦਾਰ ਸਰਮ ਸਿੰਘ)
ਜਥੇਦਾਰ
ਤਖ਼ਤ ਕੇਸਗੜ੍ਹ ਸਾਹਿਬ,
ਅਨੰਦਪੁਰ ਸਾਹਿਬ

(ਸਿੰਘ ਸਾਹਿਬ ਗਿਆਨੀ ਚੇਤ ਸਿੰਘ)
ਗ੍ਰੰਥੀ
ਦਰਬਾਰ ਸਾਹਿਬ,
ਅੰਮ੍ਰਿਤਸਰ

(ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ)
ਗ੍ਰੰਥੀ
ਦਰਬਾਰ ਸਾਹਿਬ, ਅੰਮ੍ਰਿਤਸਰ

ਅਕਾਲ ਤਖ਼ਤ ਸਾਹਿਬ ਤੋਂ ਐਲਾਨ ਕੀਤਾ ਗਿਆ ਕਿ ਇਹ ਫ਼ੈਸਲਾ ਪੰਥ ਨੂੰ ਇਕ-ਮੁਠ ਰੱਖਣ ਦੀ ਕੋਸ਼ਿਸ਼ ਹੈ। ਸਾਰੇ ਆਗੂ 12 ਦਿਸੰਬਰ ਨੂੰ ਤਖ਼ਤ ਸਾਹਿਬ 'ਤੇ ਪੁੱਜਣ। ਤਨਖ਼ਾਹ ਮੁਕੰਮਲ ਹੋਣ ਮਗਰੋਂ ਇਸ ਸਵਾਲ ਨੂੰ ਫੇਰ ਨਾ ਛੇੜਿਆ ਜਾਵੇ ਤੇ ਪੰਥ ਵਿਚ ਏਕਤਾ ਹਰ ਹਾਲਤ ਵਿਚ ਕਾਇਮ ਰੱਖੀ ਜਾਵੇ।

ਭਾਵੇਂ ਅਕਾਲ ਤਖ਼ਤ ਸਾਹਿਬ ਨੇ ਪੰਥਕ ਏਕਤਾ ਵਾਸਤੇ ਕੋਸ਼ਿਸ਼ਾਂ ਕੀਤੀਆਂ ਪਰ ਇਹ ਏਕਤਾ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਅਗਲੇ ਦਿਨ ਜਦੋਂ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਨ੍ਹਾਂ ਦੇ ਮੁਖ਼ਾਲਿਫ਼ 70 ਮੈਂਬਰ ਸ਼੍ਰੋਮਣੀ ਕਮੇਟੀ ਇਜਲਾਸ 'ਚ ਹਾਜ਼ਿਰ ਨਾ ਹੋਏ। ਅਖ਼ੀਰ ਸੱਤ ਮਹੀਨੇ ਮਗਰੋਂ 22 ਜੁਲਾਈ 1962 ਨੂੰ ਅਕਾਲੀ ਦਲ ਦੋ ਟੁਕੜੇ ਹੋ ਗਿਆ। ਪਰ ਅਫ਼ਸੋਸ ਦੀ ਗੱਲ ਇਹ ਸੀ ਕਿ ਇਸ ਵੰਡ ਦਾ ਨਾਂ ਜੱਟ-ਭਾਪਾ ਵਖਰੇਵਾਂ ਗਿਣਿਆ ਗਿਆ। ਮਾਸਟਰ ਤਾਰਾ ਸਿੰਘ ਨੂੰ ਹਟਾਉਣ ਵਾਸਤੇ ਉਸ ਤੇ ਗ਼ੈਰ-ਜੱਟ ਹੋਣ ਦਾ ਇਲਜ਼ਾਮ ਲਾ ਕੇ ਫੁਟ ਪਾਈ ਜਾਣਾ ਪੰਥ ਨਾਲ ਵੱਡੀ ਬੇਇਨਸਾਫ਼ੀ ਸੀ। ਇਸ ਨੇ ਪੰਥ ਦਾ ਬਹੁਤ ਜ਼ਿਆਦਾ ਨੁਕਸਾਨ ਕੀਤਾ (ਤੇ ਅਜੇ ਵੀ ਜ਼ਾਤ ਦੀ ਬਿਨਾਅ ਤੇ ਨਫ਼ਰਤ ਜਾਰੀ ਹੈ)।

ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਜਹਾਦ ਦਾ ਪਹਿਲਾ ਵੱਡਾ ਪੜਾਅ 22 ਜੁਲਾਈ 1962 ਦੇ ਦਿਨ ਹੋਈ ਮੁੱਲਾਂਪੁਰ ਕਨਵੈਨਸ਼ਨ ਸੀ। ਇਸ ਵਿਚ ਸ਼੍ਰੋਮਣੀ ਕਮੇਟੀ ਦੇ 155 ਵਿਚੋਂ 78 ਮੈਂਬਰ ਤੇ 19 ਵਿਚੋਂ 8 ਐਮ.ਐਲ.ਏ. ਹਾਜ਼ਿਰ ਸਨ। ਫ਼ਤਹਿ ਸਿੰਘ, ਗਿੱਲ, ਉਮਰਾਨੰਗਲ ਅਤੇ ਹੋਰ ਬਹੁਤ ਸਾਰੇ ਅਕਾਲੀਆਂ ਤੋਂ ਇਲਾਵਾ ਊਧਮ ਸਿੰਘ ਨਾਗੋਕੇ ਵੀ, ਕਾਂਗਰਸੀ ਹੋਣ ਦੇ ਬਾਵਜੂਦ, ਉੱਥੇ ਹਾਜ਼ਿਰ ਸੀ ਅਤੇ ਮੈਂਬਰਾਂ ਤੋਂ ਕਸਮਾਂ ਚੁਕਾ ਰਿਹਾ ਸੀ। ਕੈਰੋਂ ਤੇ ਨਹਿਰੂ ਦੀ ਪੂਰੀ ਹਿਮਾਇਤ ਵੀ ਉਨ੍ਹਾਂ ਨੂੰ ਹਾਸਿਲ ਸੀ। 18 ਅਗਸਤ ਦੇ ਦਿਨ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਇਜਲਾਸ ਗੁਰੂ ਰਾਮਦਾਸ ਸਰਾਂ ਵਿਚ ਬੁਲਾਇਆ। ਉਸ ਦਿਨ ਲਛਮਣ ਸਿੰਘ ਗਿੱਲ ਨੇ ਵੀ ਆਪਣੇ ਧੜੇ ਦਾ ਇਜਲਾਸ ਉੱਥੇ ਹੀ ਕਰਨ ਦਾ ਐਲਾਨ ਕਰ ਦਿੱਤਾ। ਗੜਬੜ ਨੂੰ ਮੱਦੇ-ਨਜ਼ਰ ਰਖਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਚਕਸ਼ੇਰਾ ਨੇ ਪੁਲੀਸ ਬੁਲਾ ਲਈ। ਪੁਲੀਸ ਨੇ ਦੋਹਾਂ ਧੜਿਆਂ ਦੇ 10-10 ਬੰਦੇ ਗ੍ਰਿਫ਼ਤਾਰ ਕਰ ਲਏ। ਹੁਣ ਦੋਹਾਂ ਧੜਿਆਂ ਨੇ ਆਪੋ-ਆਪਣੇ ਇਜਲਾਸ ਅਕਾਲ ਤਖ਼ਤ ਸਾਹਿਬ 'ਤੇ ਕਰਨ ਦਾ ਫੈਸਲਾ ਕਰ ਲਿਆ। ਮਾਸਟਰ ਧੜੇ ਦਾ ਇਜਲਾਸ ਅਕਾਲ ਤਖ਼ਤ ਸਾਹਿਬ ਦੇ ਅੱਗੇ ਅਤੇ ਗਿੱਲ (ਮਗਰੋਂ ਫ਼ਤਹਿ ਸਿੰਘ) ਧੜੇ ਦਾ ਇਜਲਾਸ ਦਰਸ਼ਨੀ ਡਿਉੜੀ ਕੋਲ ਹੋਇਆ। ਫ਼ਤਹਿ ਸਿੰਘ ਦੇ ਨਾਲ 200 ਡੈਲੀਗੇਟ ਤੇ 9 ਐਮ.ਐਲ.ਏ. ਸਨ ਤੇ ਮਾਸਟਰ ਧੜੇ ਨਾਲ 230 ਡੈਲੀਗੇਟ ਤੇ 10 ਐਮ.ਐਲ.ਏ. ਸਨ। ਸ਼੍ਰੋਮਣੀ ਕਮੇਟੀ ਮੈਂਬਰ ਵੀ ਦੋਹੀਂ ਪਾਸੀਂ ਅੱਧੋ-ਅੱਧ ਸਨ। ਇੰਞ ਇਸ ਦਿਨ ਅਕਾਲੀ ਦਲ ਦੇ ਦੋ ਟੁਕੜੇ ਹੋ ਗਏ। ਇਕ ਧੜੇ ਨੇ ਮਾਸਟਰ ਤਾਰਾ ਸਿੰਘ ਤੇ ਦੂਜੇ ਨੇ ਫ਼ਤਹਿ ਸਿੰਘ ਨੂੰ ਪ੍ਰਧਾਨ ਚੁਣ ਲਿਆ। ਇਸ ਮਗਰੋਂ ਫ਼ਤਹਿ ਸਿੰਘ ਧੜੇ ਨੇ ਮਾਸਟਰ ਧੜੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਖ਼ਿਲਾਫ਼ ਬੇਵਿਸਾਹੀ ਦੇ ਮਤੇ ਦਾ ਨੋਟਿਸ ਦੇ ਦਿੱਤਾ।

2 ਅਕਤੂਬਰ ਨੂੰ ਬੇਵਿਸਾਹੀ ਦੇ ਮਤੇ ਵੋਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਮਾਸਟਰ ਤਾਰਾ ਸਿੰਘ ਧੜੇ ਨੂੰ 72 ਵੋਟਾਂ 'ਤੇ ਖ਼ਿਲਾਫ਼ 76 ਵੋਟਾਂ ਪਈਆਂ। ਹੁਣ ਫ਼ਤਹਿ ਸਿੰਘ ਦਾ ਸਾਥੀ ਚੰਨਣ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ।

ਉਦਾਸ ਪਲਾਂ ਦੀ ਦਾਸਤਾਨ
(1962 ਤੋਂ 1979)

ਚੰਨਣ ਸਿੰਘ ਦੇ ਪ੍ਰਧਾਨ ਬਣਨ ਤੋਂ ਬਾਅਦ ਦਰਬਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦਾ ਮਾਹੌਲ ਬਿਲਕੁਲ ਬਦਲ ਗਿਆ। ਬੁਰਛਾ ਗਰਦੀ ਦੇ ਮਾਹੌਲ ਦਾ ਬੋਲਬਾਲਾ ਹੋਣ ਲੱਗ ਪਿਆ। ਇਸ ਹਾਲਤ ਵਿਚ ਜਥੇਦਾਰ ਅੱਛਰ ਸਿੰਘ, ਜੋ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਸਨ, ਅਤੇ ਗਿਆਨੀ ਭੁਪਿੰਦਰ ਸਿੰਘ, ਹੈਡ-ਗ੍ਰੰਥੀ ਦਰਬਾਰ ਸਾਹਿਬ, ਨੇ ਆਪੋ-ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦਿੱਤੇ। ਜਥੇਦਾਰ ਅੱਛਰ ਸਿੰਘ ਦੀ ਥਾਂ ਫ਼ਤਹਿ ਸਿੰਘ ਨੇ ਮੋਹਣ ਸਿੰਘ ਤੁੜ ਨੂੰ ਮੁਖ ਸੇਵਾਦਾਰ ਲਾ ਦਿੱਤਾ। (4 ਨਵੰਬਰ 1962 ਦੇ ਦਿਨ ਮਾਸਟਰ ਅਕਾਲੀ ਦਲ ਨੇ ਨਵੀਂ ਚੋਣ ਕੀਤੀ ਤੇ ਜਥੇਦਾਰ ਅੱਛਰ ਸਿੰਘ ਨੂੰ ਆਪਣੇ ਦਲ ਦਾ ਪ੍ਰਧਾਨ ਚੁਣ ਲਿਆ)।

ਜਥੇਦਾਰ ਮੋਹਣ ਸਿੰਘ ਤੁੜ ਕੋਈ ਧਾਰਮਿਕ ਸ਼ਖ਼ਸੀਅਤ ਨਹੀਂ ਸੀ, ਪਰ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾ ਦਿੱਤਾ ਗਿਆ ਸੀ। ਉਨ੍ਹਾਂ ਦਿਨਾਂ ਵਿਚ ਉਹ ਇਕ ਵਾਰ ਬੰਬਈ ਗਿਆ, ਜਿੱਥੇ ਉਸ ਨੇ ਇਕ ਅਜਿਹੀ ਥਾਂ 'ਤੇ ਖਾਣਾ ਖਾਧਾ, ਜਿੱਥੇ ਕੁੱਠਾ ਮਾਸ ਖੁਆਇਆ ਜਾਂਦਾ ਸੀ। ਕੁਝ ਚਿਰ ਇਸ ਸਬੰਧੀ ਰੌਲਾ ਪੈਂਦਾ ਰਿਹਾ ਕਿ ਮੋਹਣ ਸਿੰਘ ਤੁੜ ਨੇ ਕੁੱਠਾ ਮਾਸ ਖਾ ਕੇ ਬਜਰ ਕੁਰਹਿਤ ਕੀਤੀ ਸੀ ਤੇ ਇੰਞ ਉਹ ਅਕਾਲ ਤਖ਼ਤ ਦਾ ਮੁਖ ਸੇਵਾਦਾਰ ਤਾਂ ਕੀ ਉਹ ਇਕ ਅੰਮ੍ਰਿਤਧਾਰੀ ਸਿੱਖ ਵੀ ਨਹੀਂ ਰਿਹਾ ਸੀ। ਪਰ ਮੋਹਣ ਸਿੰਘ ਤੁੜ ਨੇ ਇਸ ਦੀ ਪਰਵਾਹ ਨਾ ਕੀਤੀ। ਉਸ ਨੇ ਨਾ ਤਾਂ ਅਸਤੀਫ਼ਾ ਦਿੱਤਾ ਅਤੇ ਨਾ ਹੀ ਆਪਣੀ ਸਫ਼ਾਈ ਵਿਚ ਕੋਈ ਸਬੂਤ ਪੇਸ਼ ਕੀਤਾ।

ਚੋਣ ਹਾਰਿਆ ਸਾਧੂ ਸਿੰਘ ਭੌਰਾ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ

17 ਜਨਵਰੀ 1965 ਦੇ ਦਿਨ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਫ਼ਤਹਿ ਸਿੰਘ ਧੜਾ 90 ਅਤੇ ਮਾਸਟਰ ਤਾਰਾ ਸਿੰਘ 46 ਸੀਟਾਂ 'ਤੇ ਕਾਮਯਾਬ ਹੋਇਆ। ਬੰਗਾ ਹਲਕੇ ਤੋਂ ਮਾਸਟਰ ਧੜੇ ਦੇ ਸ: ਸਵਰਨ ਸਿੰਘ ਬਹਿਰਾਮ ਨੇ ਫ਼ਤਹਿ ਸਿੰਘ ਧੜੇ ਦੇ ਸਾਧੂ ਸਿੰਘ ਭੌਰਾ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਫ਼ਤਹਿ ਸਿੰਘ ਨੇ ਸਾਧੂ ਸਿੰਘ ਭੌਰਾ ਨੂੰ ਵਫ਼ਾਦਾਰੀ ਦਾ ਇਨਾਮ ਦੇਣ ਵਾਸਤੇ ਅਤੇ ਹਮਦਰਦੀ ਵਜੋਂ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ। ਇਹ ਅਜੀਬ ਗੱਲ ਸੀ ਕਿ ਜਿਹੜਾ ਸ਼ਖ਼ਸ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਇਕ ਹਲਕੇ

ਤੋਂ ਹਾਰ ਗਿਆ ਸੀ, ਫ਼ਤਹਿ ਸਿੰਘ ਨੇ ਉਸੇ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ ਸੀ।

ਅਕਾਲ ਤਖ਼ਤ ਸਾਹਿਬ ਦੀ ਗ਼ਲਤ ਵਰਤੋਂ ਉਂਞ ਤਾਂ ਸ: ਮੋਹਣ ਸਿੰਘ ਤੁੜ ਨੂੰ ਉਸ ਸੇਵਾ 'ਤੇ ਲਾਏ ਜਾਣ ਤੋਂ ਹੀ ਸ਼ੁਰੂ ਹੋ ਗਈ ਸੀ, ਕਿਉਂਕਿ ਸ: ਤੁੜ (ਭਾਵੇਂ ਉਸ ਨੂੰ ਕੈਰੋਂ ਦੇ ਧੱਕੇ ਤੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਸੀ) ਇਕ ਧਾਰਮਿਕ ਸ਼ਖ਼ਸੀਅਤ ਨਹੀਂ ਸੀ। ਪਰ ਹੁਣ 1965 ਵਿਚ ਸ਼੍ਰੋਮਣੀ ਕਮੇਟੀ ਦੀ ਚੋਣ ਹਾਰਨ ਵਾਲੇ ਨੂੰ ਇਹ ਅਹੁਦਾ ਦੇਣਾ ਤਾਂ ਅਕਾਲ ਤਖ਼ਤ ਸਾਹਿਬ ਦੀ ਸ਼ਰੇਆਮ ਤੌਹੀਨ ਸੀ (ਮਗਰੋਂ 1979 ਵਿਚ ਸਾਧੂ ਸਿੰਘ ਭੌਰਾ ਨੇ ਇਹ ਸਾਬਿਤ ਵੀ ਕਰ ਦਿੱਤਾ)।

ਫ਼ਤਹਿ ਸਿੰਘ ਦਾ ਦੂਜਾ ਮਰਨ ਵਰਤ

ਅਕਾਲੀ ਦਲ ਦੇ ਦੋ ਹਿੱਸੇ ਹੋ ਜਾਣ ਅਤੇ 1965 ਵਿਚ ਫ਼ਤਹਿ ਸਿੰਘ ਧੜੇ ਵਲੋਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋ ਜਾਣ ਮਗਰੋਂ ਮਾਸਟਰ ਅਕਾਲੀ ਦਲ ਨੇ ਪੰਜਾਬੀ ਸੂਬਾ ਤੇ ਸਿਖ ਪੰਥ ਦੀ ਆਜ਼ਾਦ ਹਸਤੀ ਦੀਆਂ ਗੱਲਾਂ ਵਧੇਰੇ ਜ਼ੋਰ-ਸ਼ੋਰ ਨਾਲ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਹਾਲਤ ਵਿਚ ਫ਼ਤਹਿ ਸਿੰਘ ਅਕਾਲੀ ਦਲ ਨੂੰ ਵੀ ਚੁਪ ਤੋੜਨੀ ਪਈ। ਉਂਞ ਵੀ ਦਿੱਲੀ ਤੇ ਪੰਜਾਬ ਵਿਚ ਮਾਹੌਲ ਬਦਲ ਚੁੱਕਾ ਸੀ। ਪੰਡਤ ਨਹਿਰੂ ਮਰ ਚੁੱਕਾ ਸੀ ਅਤੇ ਕੈਰੋਂ ਗੱਦੀ ਤੋਂ ਉਤਰਨ ਮਗਰੋਂ ਕਤਲ ਹੋ ਚੁੱਕਾ ਸੀ। ਇਸ ਹਾਲਤ ਵਿਚ ਫ਼ਤਹਿ ਸਿੰਘ ਦੇ ਦੋਵੇਂ ਵੱਡੇ ਹਮਦਰਦ ਅਤੇ ਮਾਸਟਰ ਤਾਰਾ ਸਿੰਘ ਦੇ ਵੱਡੇ ਮੁਖ਼ਾਲਿਫ਼ ਮਰ ਚੁੱਕੇ ਸਨ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਾਰਨ ਮਗਰੋਂ ਮਾਸਟਰ ਤਾਰਾ ਸਿੰਘ 20 ਜਨਵਰੀ 1965 ਤੋਂ (ਅਗਿਆਤਵਾਸ) ਵਿਚ ਜਾ ਚੁੱਕਿਆ ਸੀ। ਇਸ ਹਾਲਤ ਵਿਚ ਦੋਹਾਂ ਅਕਾਲੀ ਦਲਾਂ ਵਿਚ ਏਕਤਾ ਦੀ ਗੱਲਬਾਤ ਵੀ ਚੱਲੀ। ਏਕਤਾ ਦੀ ਗੱਲਬਾਤ ਕੁਝ ਨੁਕਤਿਆਂ ਤੇ ਅੜੀ ਹੋਣ ਕਰ ਕੇ 24 ਜੂਨ 1965 ਦੇ ਦਿਨ ਖ਼ਤਮ ਹੋ ਗਈ।

ਇਸੇ ਮਾਹੌਲ ਵਿਚ 4 ਜੁਲਾਈ 1965 ਦੇ ਦਿਨ ਲੁਧਿਆਣਾ ਵਿਚ 'ਸਿੱਖ ਸੈਂਟਰਲ ਬੋਰਡ' ਨਾਂ ਦੀ ਜਥੇਬੰਦੀ ਨੇ ਜਰਨੈਲ ਸ: ਹਰੀ ਸਿੰਘ ਨਲਵਾ ਦੀ ਯਾਦ ਵਿਚ 'ਨਲਵਾ ਕਾਨਫ਼ਰੰਸ' ਕਰਵਾਈ। ਇਸ ਕਾਨਫ਼ਰੰਸ ਵਿਚ ਸ: ਕਪੂਰ ਸਿੰਘ ਤੇ ਗਿਆਨੀ ਭੁਪਿੰਦਰ ਸਿੰਘ (ਮਾਸਟਰ ਅਕਾਲੀ ਦਲ) ਅਤੇ ਜਸਟਿਸ ਗੁਰਨਾਮ ਸਿੰਘ (ਫ਼ਤਹਿ ਸਿੰਘ ਅਕਾਲੀ ਦਲ) ਵੀ ਪੁੱਜੇ ਸਨ। ਕਾਨਫ਼ਰੰਸ ਵਿਚ ਪੰਥ ਦੀ ਆਜ਼ਾਦ ਹਸਤੀ ਬਾਰੇ ਵਿਚਾਰਾਂ ਹੋਈਆਂ। ਇਸ ਮੌਕੇ ਤੇ ਜਸਟਿਸ ਗੁਰਨਾਮ ਸਿੰਘ ਨੇ ਇਕ ਮਤਾ ਪੇਸ਼ ਕੀਤਾ ਜਿਸ ਦੇ ਲਫ਼ਜ਼ ਸਨ :

> **"ਇਹ ਕਾਨਫ਼ਰੰਸ ਵਿਚਾਰਾਂ ਉਪਰੰਤ ਇਸ ਸਿੱਟੇ 'ਤੇ ਪੁੱਜੀ ਹੈ ਕਿ ਸਿੱਖਾਂ ਕੋਲ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਭਾਰਤੀ ਰੀਪਬਲਿਕ ਅੰਦਰ ਆਤਮ-ਨਿਰਣੈ ਦਾ ਰਾਜਨੀਤਕ ਸਥਾਨ ਪ੍ਰਾਪਤ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ।"**[1]

ਇਸ ਮਤੇ ਦੀ ਤਾਈਦ ਮਾਸਟਰ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਭੁਪਿੰਦਰ ਸਿੰਘ ਨੇ ਕੀਤੀ। ਇੰਞ ਇਹ ਮਤਾ ਦੋਹਾਂ ਅਕਾਲੀ ਦਲਾਂ ਦਾ ਸਾਂਝਾ ਮਤਾ ਬਣ ਗਿਆ। ਮਾਸਟਰ ਧੜੇ ਦਾ ਵਿਚਾਰ ਸੀ ਕਿ ਭਾਵੇਂ ਇਹ ਮਤਾ ਪੂਰੀ ਤਰ੍ਹਾਂ ਪੰਥਕ ਜਜ਼ਬਾਤ ਦੀ

1. *The Tribune*, July 5, 1965.

ਤਰਜਮਾਨੀ ਨਹੀਂ ਸੀ ਕਰਦਾ, ਕਿਉਂਕਿ ਇਹ ਸਿੱਖਾਂ ਨੂੰ 'ਭਾਰਤੀ ਢਾਂਚੇ ਦੇ ਅੰਦਰ' ਖ਼ੁਦਮੁਖ਼ਤਿਆਰੀ ਦੇਂਦਾ ਸੀ, ਪਰ ਗ਼ੈਰ-ਸਿੱਖਾਂ ਨੂੰ ਏਨਾ ਵੀ ਮਨਜ਼ੂਰ ਨਹੀਂ ਸੀ ਹੋ ਸਕਦਾ। ਦੂਜਾ, ਲਛਮਣ ਸਿੰਘ ਗਿੱਲ ਨਹੀਂ ਚਾਹੁੰਦਾ ਕਿ ਉਸ ਦੀ ਪਾਰਟੀ ਵਿਚੋਂ ਕੋਈ ਸ਼ਖ਼ਸ ਉਸ ਤੋਂ ਅੱਗੇ ਨਿਕਲ ਜਾਵੇ। ਇਸ ਲਈ ਉਸ ਨੇ ਇਕ ਤਾਂ ਗੁਰਨਾਮ ਸਿੰਘ ਨੂੰ ਢਾਹੁਣ ਵਾਸਤੇ ਤੇ ਦੂਜਾ ਦਿੱਲੀ ਸਰਕਾਰ ਨੂੰ ਖ਼ੁਸ਼ ਕਰਨ ਵਾਸਤੇ ਇਕਦਮ ਬਿਆਨ ਦੇ ਮਾਰਿਆ ਕਿ ਇਹ 'ਆਤਮ-ਨਿਰਣੈ' ਵਾਲਾ ਮਤਾ 'ਸਿੱਖ ਸਟੇਟ' ਦੀ ਮੰਗ ਹੈ। ਉਸ ਦੇ ਕਈ ਹੋਰ ਸਾਥੀਆਂ ਨੇ ਵੀ ਇਸ ਮਤੇ ਦੀ ਭਰਵੀਂ ਮੁਖ਼ਾਲਫ਼ਤ ਕੀਤੀ। ਉਧਰ ਮਾਸਟਰ ਤਾਰਾ ਸਿੰਘ ਨੇ ਛੇ ਮਹੀਨੇ ਮਗਰੋਂ 24 ਜੁਲਾਈ ਨੂੰ ਆਪਣੀ ਰੂਪੋਸ਼ੀ ਖ਼ਤਮ ਕੀਤੀ ਤੇ ਫੇਰ ਸਿਆਸਤ ਵਿਚ ਵਾਪਿਸ ਪਰਤ ਆਇਆ। ਉਸ ਨੇ ਸਭ ਤੋਂ ਪਹਿਲਾ ਬਿਆਨ ਜਸਟਿਸ ਗੁਰਨਾਮ ਸਿੰਘ ਵਲੋਂ ਪੇਸ਼ ਹੋਏ 'ਆਤਮ ਨਿਰਣੈ' ਦੇ ਮਤੇ ਦੀ ਹਿਮਾਇਤ ਵਿਚ ਦਿੱਤਾ।

ਫ਼ਤਹਿ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਸੜ ਮਰਨ ਦਾ ਐਲਾਨ

ਮਾਸਟਰ ਤਾਰਾ ਸਿੰਘ ਵਲੋਂ ਦੋਬਾਰਾ ਸਿਆਸੀ ਜ਼ਿੰਦਗੀ ਵਿਚ ਦਾਖ਼ਿਲਾ ਕਰਨ ਮਗਰੋਂ ਫ਼ਤਹਿ ਸਿੰਘ ਨੂੰ ਵੀ ਮੈਦਾਨ ਵਿਚ ਆਉਣਾ ਪੈਣਾ ਸੀ। 10 ਅਗਸਤ 1965 ਦੇ ਦਿਨ ਫ਼ਤਹਿ ਸਿੰਘ ਧੜੇ ਦੀ ਵਰਕਿੰਗ ਕਮੇਟੀ ਨੇ ਫ਼ਤਹਿ ਸਿੰਘ ਨੂੰ ਅਖ਼ਤਿਆਰ ਦੇ ਦਿੱਤਾ ਕਿ ਉਹ ਪੰਜਾਬੀ ਸੂਬੇ ਵਾਸਤੇ ਕਾਰਵਾਈ ਕਰੇ। 16 ਅਗਸਤ 1965 ਦੇ ਦਿਨ ਫ਼ਤਹਿ ਸਿੰਘ ਨੇ ਅਕਾਲ ਤਖ਼ਤ ਸਾਹਿਬ ਅੱਗੇ ਇਕ ਦੀਵਾਨ ਕੀਤਾ। ਇਸ ਮੌਕੇ 'ਤੇ ਹਜ਼ਾਰਾਂ ਸੰਗਤਾਂ, ਸ਼੍ਰੋਮਣੀ ਕਮੇਟੀ ਦੇ 90 ਦੇ ਕਰੀਬ ਮੈਂਬਰ ਤੇ 8 ਐਮ.ਐਲ.ਏ. ਵੀ ਹਾਜ਼ਿਰ ਸਨ। ਦੀਵਾਨ ਵਿਚ ਫ਼ਤਹਿ ਸਿੰਘ ਨੇ ਐਲਾਨ ਕੀਤਾ ਕਿ **ਜੇ ਸਰਕਾਰ ਨੇ 10 ਸਿਤੰਬਰ ਤਕ ਪੰਜਾਬੀ ਸੂਬਾ ਬਣਾਨ ਦਾ ਐਲਾਨ ਨਾ ਕੀਤਾ ਤਾਂ ਮੈਂ ਮਰਨ ਵਰਤ ਰਖਾਂਗਾ ਤੇ 15 ਦਿਨ ਮਗਰੋਂ, 25 ਸਿਤੰਬਰ ਨੂੰ, ਆਪਣੇ ਆਪ ਨੂੰ ਅਗਨ-ਭੇਟ ਕਰ ਦਿਆਂਗਾ**। ਫ਼ਤਹਿ ਸਿੰਘ ਵਲੋਂ ਮਰਨ ਵਰਤ ਰੱਖਣ ਅਤੇ ਸੜ ਮਰਨ ਦੇ ਐਲਾਨ ਨਾਲ ਇਕ ਵਾਰ ਤਾਂ ਜ਼ਬਰਦਸਤ ਧਮਾਕਾ ਹੋਇਆ। 23 ਅਗਸਤ 1965 ਦੇ ਦਿਨ ਮੰਜੀ ਸਾਹਿਬ 'ਤੇ ਹੋਏ ਦੀਵਾਨ ਵਿਚ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਦਲ ਦੋਹਾਂ ਦੇ ਆਗੂ ਇਕੋ ਸਟੇਜ ਤੋਂ ਬੋਲੇ ਅਤੇ ਪੰਜਾਬੀ ਸੂਬੇ ਲਈ ਫ਼ਤਹਿ ਸਿੰਘ ਦੇ ਮਰਨ ਵਰਤ ਦੀ ਹਿਮਾਇਤ ਦਾ ਐਲਾਨ ਕੀਤਾ। 25 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਵੀ ਫ਼ਤਹਿ ਸਿੰਘ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। 27 ਅਗਸਤ ਨੂੰ ਮਾਸਟਰ-ਫ਼ਤਹਿ ਸਿੰਘ ਮੁਲਾਕਾਤ (37 ਮਹੀਨੇ ਮਗਰੋਂ) ਹੋਈ। ਦੂਜੇ ਪਾਸੇ ਕਾਂਗਰਸ ਪਾਰਟੀ ਦੇ 15 ਸਿਰਕਰਦਾ ਐਮ.ਐਲ.ਏਜ਼ ਨੇ ਵੀ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬੀ ਸੂਬਾ ਨੂੰ ਅਸੂਲੀ ਤੌਰ 'ਤੇ ਮੰਨ ਲਿਆ ਜਾਵੇ।

ਇਨ੍ਹਾਂ ਦਿਨਾਂ ਵਿਚ ਭਾਰਤ ਤੇ ਪਾਕਿਸਤਾਨ ਵਿਚ ਲੜਾਈ ਸ਼ੁਰੂ ਹੋਈ ਸੀ। ਕੁਝ ਆਗੂ ਜੰਗ ਦੇ ਬਹਾਨੇ ਇਸ ਵਰਤ ਨੂੰ ਮੁਲਤਵੀ ਕਰਵਾਉਣਾ ਚਾਹੁੰਦੇ ਸਨ। ਪਰ 3 ਸਿਤੰਬਰ ਦੇ ਦਿਨ ਫ਼ਤਹਿ ਸਿੰਘ ਨੇ ਬਿਆਨ ਦਿੱਤਾ ਕਿ "**ਮੈਨੂੰ ਦੇਸ਼ ਤੋਂ ਵਧੇਰੇ ਪੰਜਾਬੀ**

ਸੂਬਾ ਪਿਆਰਾ ਹੈ। ਜੇ 25 ਸਿਤੰਬਰ ਤੱਕ ਪੰਜਾਬੀ ਸੂਬਾ ਨਾ ਬਣਾਇਆ ਗਿਆ ਤਾਂ ਮੈਂ 10 ਸਿਤੰਬਰ ਨੂੰ ਮਰਨ ਵਰਤ ਸ਼ੁਰੂ ਕਰ ਕੇ 25 ਸਿਤੰਬਰ ਨੂੰ ਆਪਣੇ ਆਪ ਨੂੰ ਅਗਨ ਭੇਟ ਕਰ ਦਿਆਂਗਾ।"[2] ਪਰ ਫ਼ਤਹਿ ਸਿੰਘ ਨੇ ਮਰਨ ਵਰਤ ਰੱਖਣ ਤੋਂ ਇਕ ਦਿਨ ਪਹਿਲਾਂ ਭਾਰਤ-ਪਾਕਿ ਜੰਗ ਦਾ ਬਹਾਨਾ ਲਾ ਕੇ ਮਰਨ ਵਰਤ ਮੁਲਤਵੀ ਕਰ ਦਿੱਤਾ। ਫ਼ਤਹਿ ਸਿੰਘ ਨੇ 10 ਸਿਤੰਬਰ ਤੋਂ ਮਰਨ ਵਰਤ ਰੱਖਣ ਦਾ ਐਲਾਨ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਸੀ। ਇੰਞ ਇਹ ਇਕ ਤਰੀਕੇ ਨਾਲ ਅਕਾਲ ਤਖ਼ਤ ਸਾਹਿਬ ਦੇ ਕੀਤੇ ਪ੍ਰਣ ਤੋਂ ਮੁਕਰਨਾ ਹੀ ਸੀ। ਜਿਥੋਂ ਤੱਕ ਭਾਰਤ-ਪਾਕਿ ਜੰਗ ਦਾ ਸਵਾਲ ਹੈ ਅਜੇ 5 ਦਿਨ ਪਹਿਲਾਂ ਫ਼ਤਹਿ ਸਿੰਘ ਨੇ ਕਿਹਾ ਸੀ ਕਿ ਮੈਨੂੰ "ਦੇਸ਼ ਨਾਲੋਂ ਪੰਜਾਬੀ ਸੂਬਾ ਵਧ ਪਿਆਰਾ ਹੈ।"

ਭਾਰਤ-ਪਾਕਿ ਜੰਗ ਮਗਰੋਂ ਭਾਰਤ ਸਰਕਾਰ ਨੇ ਸਿੱਖਾਂ ਨੂੰ ਚੁਪ ਕਰਾਉਣ ਵਾਸਤੇ ਪੰਜਾਬੀ ਸੂਬਾ ਬਣਾਉਣ ਦੀ ਗੱਲ ਮੰਨ ਲਈ। ਇੰਦਰਾ ਗਾਂਧੀ ਦਿਲੋਂ ਇਸ ਨੂੰ ਮੰਨਣ ਵਾਸਤੇ ਤਿਆਰ ਨਹੀਂ ਸੀ, "ਕਿਉਂਕਿ ਇਸ ਨਾਲ ਕਾਂਗਰਸ ਤੋਂ ਹਿੰਦੂ ਵੋਟਾਂ ਟੁਟਣ ਦਾ ਖ਼ਤਰਾ ਸੀ।"[3] ਭਾਵੇਂ ਸਰਕਾਰ ਨੇ ਪੰਜਾਬੀ ਸੂਬਾ ਬਣਾ ਦਿੱਤਾ ਪਰ ਹੋਮ ਮਨਿਸਟਰ ਗੁਲਜ਼ਾਰੀ ਲਾਲ ਨੰਦਾ, ਜੋ ਸਿੱਖਾਂ ਨੂੰ ਬਹੁਤ ਨਫ਼ਰਤ ਕਰਦਾ ਸੀ, ਨੇ ਪੰਜਾਬੀ ਸੂਬਾ ਨੂੰ ਬੇਮਾਅਨਾ, ਤਾਕਤ-ਹੀਣ ਤੇ ਲੰਗੜਾ ਕਰਨ ਵਿਚ ਸਾਰਾ ਜ਼ੋਰ ਲਾਇਆ। ਉਸ ਨੇ ਭਾਖੜਾ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੇ ਸਾਰੇ ਸੋਮੇ ਖੋਹ ਲਏ ਤਾਂ ਜੋ ਪੰਜਾਬ ਮਾਲੀ ਪੱਖੋਂ ਕਦੇ ਵੀ ਨਾ ਉਠ ਸਕੇ। ਸ: ਕਪੂਰ ਸਿੰਘ ਨੇ 6 ਸਿਤੰਬਰ ਦੇ ਦਿਨ ਪਾਰਲੀਮੈਂਟ ਵਿਚ ਇਸ ਬਿਲ ਬਾਰੇ ਬੋਲਦਿਆਂ ਕਿਹਾ ਕਿ ਸਿੱਖ ਇਸ ਨੂੰ ਰੱਦ ਕਰਦੇ ਹਨ ਕਿਉਂਕਿ "ਇਹ ਪਾਪ ਦੀ ਪੈਦਾਇਸ਼ ਹੈ, ਇਸ ਨੂੰ ਇਕ ਨਾਕਾਬਿਲ ਦਾਈ ਨੇ ਜਨਮ ਦਿੱਤਾ ਹੈ, ਇਹ ਕੌਮੀ ਮੁਫ਼ਾਦ ਦੇ ਖ਼ਿਲਾਫ਼ ਹੈ ਅਤੇ ਇਹ ਕੌਮੀ ਏਕਤਾ ਨੂੰ ਸੱਟ ਮਾਰਦਾ ਹੈ।" ਸ: ਕਪੂਰ ਸਿੰਘ ਨੇ ਮਾਸਟਰ ਅਕਾਲੀ ਦਲ ਵਲੋਂ ਸਿੱਖ ਹੋਮਲੈਂਡ ਦੀ ਆਜ਼ਾਦੀ ਦੀ ਹਿਮਾਇਤ ਕੀਤੀ ਅਤੇ ਸਿੱਖਾਂ ਨਾਲ ਧੱਕਾ ਖ਼ਤਮ ਕਰਨ ਵਾਸਤੇ ਆਖਿਆ।[4] ਮਾਸਟਰ ਅਕਾਲੀ ਦਲ ਦੀ ਮੁਖ਼ਾਲਫ਼ਤ ਦੇ ਬਾਵਜੂਦ ਨਵਾਂ, ਪਰ ਲੰਗੜਾ, ਪੰਜਾਬ ਪਹਿਲੀ ਨਵੰਬਰ 1966 ਤੋਂ ਹੋਂਦ ਵਿਚ ਆ ਗਿਆ।

ਲੰਗੜਾ ਪੰਜਾਬੀ ਸੂਬਾ ਵਜੂਦ ਵਿਚ ਆਉਣ ਨਾਲ ਅੰਬਾਲਾ, ਸਿਰਸਾ, ਹਿਸਾਰ, ਫ਼ਤਹਾਬਾਦ, ਟੋਹਾਣਾ, ਗੂਹਲਾ, ਚੀਕਾ, ਰਤੀਆ, ਕਾਲਕਾ ਤੇ ਕਰਨਾਲ ਦੇ ਕੁਝ ਹਿੱਸੇ ਹਰਿਆਣਾ ਨੂੰ ਦੇ ਦਿੱਤੇ ਗਏ। ਗੰਗਾਨਗਰ ਦਾ ਪੰਜਾਬੀ ਬੋਲਦਾ ਇਲਾਕਾ ਪੰਜਾਬ ਨੂੰ ਨਾ ਦਿੱਤਾ ਗਿਆ। ਅੰਬ, ਊਨਾ, ਕਾਂਗੜਾ, ਡਲਹੌਜ਼ੀ, ਭਾਖੜਾ ਹਿਮਾਚਲ ਨੂੰ ਦੇ ਦਿੱਤੇ ਗਏ। ਭਾਖੜਾ ਡੈਮ, ਨੰਗਲ ਖਾਦ ਫੈਕਟਰੀ, ਬਿਆਸ ਡੈਮ ਪੰਜਾਬ ਤੋਂ ਖੋਹ ਲਏ ਗਏ। ਇਹ ਸਾਰਾ ਕੁਝ ਪੰਜਾਬ ਨਾਲ ਧੱਕਾ ਸੀ ਤੇ ਜਦੋਂ ਬਾਕੀ ਸੂਬਿਆਂ ਦੀ ਹੱਦਬੰਦੀ ਹੋਈ ਤਾਂ ਉਨ੍ਹਾਂ ਨਾਲ ਅਜਿਹਾ ਨਹੀਂ ਸੀ ਕੀਤਾ ਗਿਆ। ਪੰਜਾਬੀ ਸੂਬਾ ਨਾਲ ਅਜਿਹਾ ਕਰਨ ਦਾ ਕਾਰਨ ਸਿਰਫ਼ ਇਹੀ ਸੀ ਕਿ ਇਸ ਵਿਚ ਸਿੱਖਾਂ ਦੀ ਹਕੂਮਤ ਬਣਨ ਦੇ ਆਸਾਰ ਸਨ।

---

2. *The Tribune,* September 4, 1965.
3. Indra Gandhi, *My Truth,* Vision Book, 1981 Edition, p. 117.
4. Proceedings of Lower House of the Indian Parliament, dated September 6, 1966.

ਪੰਜਾਬ ਨਾਲ ਹੋਏ ਧੱਕੇ ਦੀ ਸਭ ਤੋਂ ਪਹਿਲੀ ਮੁਖ਼ਾਲਫ਼ਤ ਮਾਸਟਰ ਤਾਰਾ ਸਿੰਘ ਨੇ ਕੀਤੀ। ਮਾਸਟਰ ਅਕਾਲੀ ਦਲ ਨੇ ਪੰਜਾਬ ਨਾਲ ਧੱਕਾ ਖ਼ਤਮ ਕਰਵਾਉਣ ਵਾਸਤੇ 'ਸਿੱਖ ਹੋਮਲੈਂਡ' ਦਾ ਨਾਅਰਾ ਲਾਉਣਾ ਸ਼ੁਰੂ ਕਰ ਦਿੱਤਾ। ਪੰਜਾਬੀ ਸੂਬੇ ਦੀ ਕਾਇਮੀ ਦੇ ਦਿਨਾਂ ਵਿਚ ਫ਼ਤਹਿ ਸਿੰਘ ਇੰਗਲੈਂਡ ਦੀ ਸੈਰ ਕਰਨ ਗਿਆ ਹੋਇਆ ਸੀ। ਉਸ ਦੇ ਇਸ ਦੌਰੇ ਨੂੰ ਜ਼ਰੂਰਤ ਵੇਲੇ ਪੰਜਾਬ ਤੋਂ ਭਜ ਜਾਣਾ ਗਰਦਾਨਿਆ ਜਾ ਰਿਹਾ ਸੀ। ਇਕ ਵਾਰ ਫੇਰ ਫ਼ਤਹਿ ਸਿੰਘ ਨੇ ਮਹਿਸੂਸ ਕੀਤਾ ਕਿ ਜੇ ਮਾਸਟਰ ਤਾਰਾ ਸਿੰਘ ਨੇ ਇਕ ਲਹਿਰ ਪੈਦਾ ਕਰ ਲਈ ਤਾਂ ਮੈਂ ਦੂਜੇ ਨੰਬਰ 'ਤੇ ਆ ਜਾਵਾਂਗਾ।

ਆਪਣੀ ਗੁਆਚੀ ਸਾਖ ਨੂੰ ਮੁੜ ਹਰਾ ਕਰਨ ਵਾਸਤੇ ਫ਼ਤਹਿ ਸਿੰਘ ਨੇ 10 ਨਵੰਬਰ ਦੇ ਦਿਨ ਇਕ ਮੀਟਿੰਗ ਬੁਲਾਈ ਜਿਸ ਵਿਚ ਕਮਿਊਨਿਸਟ, ਸੋਸ਼ਲਿਸਟ, ਰੀਪਬਲੀਕਨ ਤੇ ਸੁਤੰਤਰ ਪਾਰਟੀ ਦੇ ਕੁਝ ਆਗੂ ਵੀ ਪੁੱਜੇ। ਮਾਸਟਰ ਅਕਾਲੀ ਦਲ, ਕਾਂਗਰਸ ਤੇ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਨੂੰ ਇਸ ਇਕੱਠੇ ਵਿਚ ਨਹੀਂ ਸੀ ਬੁਲਾਇਆ ਗਿਆ। ਇਸ ਮੀਟਿੰਗ ਵਿਚ ਫ਼ਤਹਿ ਸਿੰਘ ਨੇ ਪੰਜਾਬ ਦੇ ਇਲਾਕੇ, ਚੰਡੀਗੜ੍ਹ, ਭਾਖੜਾ ਅਤੇ ਹੋਰ ਮੰਗਾਂ ਵਾਸਤੇ ਮੋਰਚਾ ਲਾਉਣ ਦਾ ਐਲਾਨ ਕੀਤਾ। ਐਲਾਨ ਮੁਤਾਬਿਕ 20 ਨਵੰਬਰ ਤੋਂ ਰੋਜ਼ਾਨਾ ਚੰਡੀਗੜ੍ਹ ਨੂੰ 25-25 ਦੇ ਤਿੰਨ ਜਥੇ ਭੇਜੇ ਜਾਇਆ ਕਰਨੇ ਸਨ। ਜਦੋਂ ਦੂਜੀਆਂ ਪਾਰਟੀਆਂ ਨੇ ਇਹ ਕਿਹਾ ਕਿ ਇਹ ਮੋਰਚਾ ਚੋਣਾਂ ਦੇ ਪ੍ਰਚਾਰ ਵਾਸਤੇ ਹੈ ਤਾਂ 25 ਨਵੰਬਰ ਤੋਂ ਜਥੇ ਭੇਜਣੇ ਬੰਦ ਕਰ ਦਿੱਤੇ ਗਏ ਤੇ ਅਗਲਾ ਪ੍ਰੋਗਰਾਮ 5 ਦਿਸੰਬਰ ਤੇ ਮੁਲਤਵੀ ਕਰ ਦਿੱਤਾ ਗਿਆ।

ਫ਼ਤਹਿ ਸਿੰਘ ਦਾ ਤੀਜਾ ਮਰਨ ਵਰਤ

5 ਦਿਸੰਬਰ ਨੂੰ ਫ਼ਤਹਿ ਸਿੰਘ ਨੇ ਐਲਾਨ ਕੀਤਾ ਕਿ ਮੈਂ ਚੰਡੀਗੜ੍ਹ ਵਾਸਤੇ 17 ਦਿਸੰਬਰ ਨੂੰ ਮਰਨ ਵਰਤ ਰਖਾਂਗਾ ਅਤੇ 10 ਦਿਨ ਮਗਰੋਂ 27 ਦਿਸੰਬਰ ਨੂੰ ਹਵਨ ਕੁੰਡ (ਅਗਨ ਕੁੰਡ) ਵਿਚ ਆਪਣੇ ਆਪ ਨੂੰ ਸਾੜ ਲਵਾਂਗਾ। ਫ਼ਤਹਿ ਸਿੰਘ ਨੇ ਲਿਖਤੀ ਬਿਆਨ ਵਿਚ ਕਿਹਾ ਕਿ "ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ, ਭਾਖੜਾ ਤੇ ਹੋਰ ਪ੍ਰਾਜੈਕਟ ਪੰਜਾਬ ਨੂੰ ਮੋੜੇ ਜਾਣ ਤੇ ਹਰਿਆਣਾ-ਪੰਜਾਬ ਦੀਆਂ ਸਾਂਝੀਆਂ ਕੜੀਆਂ ਖ਼ਤਮ ਕੀਤੀਆਂ ਜਾਣ ਵਰਨਾ ਮੈਂ 27 ਦਿਸੰਬਰ ਨੂੰ ਆਪਣੇ ਆਪ ਨੂੰ ਸਾੜ ਲਵਾਂਗਾ।" ਫ਼ਤਹਿ ਸਿੰਘ ਦੇ ਸੜਨ ਮਗਰੋਂ, ਚੰਨਣ ਸਿੰਘ (ਪ੍ਰਧਾਨ ਸ਼੍ਰੋਮਣੀ ਕਮੇਟੀ) ਉਮਰਾਨੰਗਲ, ਮਲ ਸਿੰਘ ਚੜਿਕ, ਦਲੀਪ ਸਿੰਘ ਤਲਵੰਡੀ, ਹਜ਼ਾਰਾ ਸਿੰਘ ਗਿੱਲ ਤੇ ਜਗੀਰ ਸਿੰਘ ਫਗੂਵਾਲੀਆ ਨੇ ਵੀ ਸੜ ਮਰਨਾ ਸੀ।

6 ਦਿਸੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਵੀ ਫ਼ਤਹਿ ਸਿੰਘ ਦੀਆਂ ਮੰਗਾਂ ਦੀ ਹਿਮਾਇਤ ਕਰ ਦਿੱਤੀ। 10-11 ਦਿਸੰਬਰ 1966 ਦੇ ਦਿਨ ਮਾਸਟਰ ਅਕਾਲੀ ਦਲ ਦੀ ਸਾਲਾਨਾ ਕਾਨਫ਼ਰੰਸ ਲੁਧਿਆਣੇ ਵਿਚ ਹੋਈ। ਇਸ ਕਾਨਫ਼ਰੰਸ ਨੇ 'ਸਿੱਖ ਹੋਮਲੈਂਡ' ਦੀ ਕਾਇਮੀ ਦਾ ਮਤਾ ਪਾਸ ਕੀਤਾ।

13 ਦਿਸੰਬਰ ਨੂੰ ਯੋਗੀ ਸੂਰਜ ਦੇਵ ਨੇ ਫ਼ਤਹਿ ਸਿੰਘ ਦੇ ਮੁਕਾਬਲੇ ਵਿਚ ਮਰਨ ਵਰਤ ਰੱਖਣ ਦਾ ਐਲਾਨ ਕੀਤਾ। ਕੁਝ ਅਕਾਲੀਆਂ ਨੇ ਇਹ ਵੀ ਆਖਣਾ ਸ਼ੁਰੂ ਕਰ

ਦਿੱਤਾ ਸੀ ਕਿ ਫ਼ਤਹਿ ਸਿੰਘ ਨੇ ਕੋਈ ਨਹੀਂ ਜੇ ਮਰਨਾ।[5] ਇਸ ਮਾਹੌਲ ਵਿਚ ਤੈਸ਼ ਵਿਚ ਆ ਕੇ ਹਜ਼ਾਰਾ ਸਿੰਘ ਗਿੱਲ ਨੇ ਮਿੱਥੇ ਦਿਨ (17 ਦਿਸੰਬਰ) ਤੋਂ ਇਕ ਦਿਨ ਪਹਿਲਾਂ ਹੀ ਵਰਤ ਸ਼ੁਰੂ ਕਰ ਦਿੱਤਾ। ਹੁਣ ਫ਼ਤਹਿ ਸਿੰਘ ਵਾਸਤੇ ਮੈਦਾਨੋਂ ਭਜਣਾ ਸੌਖਾ ਨਹੀਂ ਸੀ। ਉਸ ਨੇ 17 ਦਿਸੰਬਰ ਦੁਪਹਿਰ 11 ਵਜੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਕਿ ਜੇ ਉਸ ਦੀਆਂ ਤਿੰਨੇ ਮੰਗਾਂ (ਚੰਡੀਗੜ੍ਹ, ਭਾਖੜਾ ਤੇ ਹੋਰ ਪ੍ਰਾਜੈਕਟ, ਸਾਂਝੀਆਂ ਕੜੀਆਂ ਤੋੜਨ ਦੀਆਂ ਮੰਗਾਂ) ਨਾ ਮੰਨੀਆਂ ਗਈਆਂ ਤਾਂ ਉਹ 27 ਦਿਸੰਬਰ ਨੂੰ ਸੜ ਮਰੇਗਾ।

ਫ਼ਤਹਿ ਸਿੰਘ ਦੇ ਮਰਨ ਵਰਤ ਦੀ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਨੇ ਕੋਈ ਪਰਵਾਹ ਨਾ ਕੀਤੀ। 23 ਦਿਸੰਬਰ ਨੂੰ ਹੁਕਮ ਸਿੰਘ ਨੇ ਵਿਚੋਲਗੀ ਕਰ ਕੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਅਗਲੇ ਦਿਨ ਹੀ ਉਸ ਨੇ ਹਥਿਆਰ ਸੁੱਟ ਦਿੱਤੇ। ਇਸੇ ਦਿਨ ਹਰਚਰਨ ਸਿੰਘ ਹੁਡਿਆਰਾ ਨੇ ਗਿਆਨੀ ਭੁਪਿੰਦਰ ਸਿੰਘ ਨੂੰ ਬੁਲਾ ਲਿਆਂਦਾ। ਦੋਵੇਂ ਅਕਾਲੀ ਦਲ ਇੱਕਠੇ ਹੋ ਗਏ। ਮੰਜੀ ਸਾਹਿਬ 'ਤੇ ਦੋਹਾਂ ਅਕਾਲੀ ਧੜਿਆਂ ਦੇ ਕਈ ਆਗੂਆਂ ਨੇ ਗਰਮਾ-ਗਰਮ ਤਕਰੀਰਾਂ ਕੀਤੀਆਂ। ਇਸ ਦੇ ਬਾਵਜੂਦ ਇੰਦਰਾ ਗਾਂਧੀ ਨੇ ਸਿੱਖਾਂ ਦੀ ਕੋਈ ਪਰਵਾਹ ਨਾ ਕੀਤੀ।

27 ਦਿਸੰਬਰ ਨੂੰ ਉਚੇਚਾ ਹਵਾਈ ਜਹਾਜ਼ ਲੈ ਕੇ ਉੱਤਮ ਸਿੰਘ ਦੁੱਗਲ, ਨਰਿੰਦਰ ਸਿੰਘ ਬਰਾੜ ਤੇ ਲਛਮਣ ਸਿੰਘ ਗਿੱਲ ਦਿੱਲੀ ਗਏ ਤੇ ਪੰਜਾਬ ਦੇ ਉਦੋਂ ਦੇ ਚੀਫ਼ ਮਨਿਸਟਰ ਗੁਰਮੁਖ ਸਿੰਘ ਮੁਸਾਫ਼ਿਰ ਨੂੰ ਮਿਲੇ। 27 ਦਿਸੰਬਰ ਸ਼ਾਮ ਦੇ ਚਾਰ ਵਜੇ ਫ਼ਤਹਿ ਸਿੰਘ ਨੇ ਸੜ ਮਰਨ ਦਾ ਐਲਾਨ ਕੀਤਾ ਹੋਇਆ ਸੀ ਤੇ ਇਸ ਮਕਸਦ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਹੋਈ ਸੀ। ਉਧਰ ਦਿੱਲੀ ਵਿਚ ਦੁੱਗਲ, ਬਰਾੜ ਤੇ ਗਿੱਲ ਨੇ ਮੁਸਾਫ਼ਿਰ ਤੇ ਇੰਦਰਾ ਨਾਲ ਸੌਦੇਬਾਜ਼ੀ ਕਰ ਲਈ। ਇਸ ਸੌਦੇਬਾਜ਼ੀ ਹੇਠ ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ 'ਸਮਝੌਤੇ' ਦਾ ਐਲਾਨ ਕਰਨਾ ਸੀ। ਇਸ 'ਸਮਝੌਤੇ' ਮੁਤਾਬਿਕ ਇੰਦਰਾ ਗਾਂਧੀ ਨੇ ਚੰਡੀਗੜ੍ਹ ਵਾਸਤੇ ਸਾਲਸੀ ਕਰਨੀ ਸੀ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣਾਉਣਾ ਸੀ। ਇਹ 'ਸਮਝੌਤਾ' ਫ਼ਤਹਿ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਪ੍ਰਣ ਨੂੰ ਪੂਰਾ ਨਹੀਂ ਕਰਦਾ ਸੀ ਪਰ ਫਿਰ ਵੀ ਉਸ ਦੇ ਸਾਥੀਆਂ ਨੇ ਇਸ ਨੂੰ ਕਬੂਲ ਕਰ ਲਿਆ ਤਾਂ ਜੋ "ਫ਼ਤਹਿ ਸਿੰਘ ਦੀ ਜਾਨ ਬਚਾਈ ਜਾ ਸਕੇ।" ਉਂਞ ਫ਼ਤਹਿ ਸਿੰਘ ਮਰਨ ਨੂੰ ਹਰਗਿਜ਼ ਤਿਆਰ ਨਹੀਂ ਸੀ। ਉਸ ਨੇ ਚਾਰ ਵਜੇ ਸੜ ਮਰਨਾ ਸੀ, ਪਰ ਇਸ 'ਸਮਝੌਤੇ' ਮਗਰੋਂ ਦੁਗਲ, ਬਰਾੜ ਗਿੱਲ ਦਾ ਉਚੇਚਾ ਹਵਾਈ ਜਹਾਜ਼ ਹੁਕਮ ਸਿੰਘ ਨੂੰ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ, ਸ਼ਾਮ ਸਾਢੇ ਪੰਜ ਵਜੇ ਤੱਕ, ਨਾ ਪੁੱਜ ਸਕਿਆ। ਸੜ ਮਰਨ ਦਾ ਵਕਤ ਡੇਢ ਘੰਟਾ ਉੱਪਰ ਹੋ ਚੁੱਕਾ ਸੀ ਤੇ ਅਕਾਲ ਤਖ਼ਤ ਸਾਹਿਬ ਦੇ ਬੁੰਗੇ ਦੀ ਛੱਤ ਤੇ ਬਣਾਏ ਅਗਨ ਕੁੰਡ ਅਜੇ ਤੱਕ ਫ਼ਤਹਿ ਸਿੰਘ ਦੀ ਦੇਹ ਦੀ ਉਡੀਕ ਕਰ ਰਹੇ ਸਨ। ਏਨੇ ਚਿਰ ਵਿਚ ਪਤਾ ਲੱਗਾ ਕਿ ਉਚੇਚਾ ਹਵਾਈ ਜਹਾਜ਼ ਹੁਕਮ ਸਿੰਘ ਨੂੰ ਲੈ ਕੇ ਅੰਮ੍ਰਿਤਸਰ ਹਵਾਈ ਅੱਡੇ ਤੇ ਪੁੱਜ ਗਿਆ ਹੈ। ਤਕਰੀਬਨ 6 ਕੁ ਵਜੇ ਹੁਕਮ ਸਿੰਘ ਦਰਬਾਰ ਸਾਹਿਬ ਪੁੱਜਾ ਤੇ ਸਵਾ 6 ਵਜੇ (ਸੜ ਮਰਨ ਦੇ ਵਕਤ ਤੋਂ ਸਵਾ ਦੋ ਘੰਟੇ ਬਾਅਦ) ਉਸ ਨੇ ਅਕਾਲ ਤਖ਼ਤ ਸਾਹਿਬ ਤੋਂ ਐਲਾਨ ਕੀਤਾ

5. ਹੁਕਮ ਸਿੰਘ ਦਾ ਲੇਖ, *ਕੌਮੀ ਏਕਤਾ*, ਨਵੰਬਰ 1974.

ਕਿ ਜੇ ਕਰ ਇੰਦਰਾ ਗਾਂਧੀ ਨੂੰ ਸਾਲਸ ਮੰਨ ਲਿਆ ਜਾਵੇ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੀ ਆਸ ਹੋ ਸਕਦੀ ਹੈ। ਜਦੋਂ ਹੁਕਮ ਸਿੰਘ ਨੇ ਇਹ ਬੋਲ ਬੋਲੇ ਤਾਂ ਉੱਥੇ ਹਾਜ਼ਿਰ ਸੰਗਤਾਂ ਨੇ 'ਨਹੀਂ-ਨਹੀਂ' ਆਖ ਕੇ ਇਸ ਨੂੰ ਨਾਕਬੂਲ ਕੀਤਾ ਪਰ ਇਸ ਦੇ ਬਾਵਜੂਦ ਫ਼ਤਹਿ ਸਿੰਘ ਨੇ ਆਪਣਾ ਵਰਤ ਖੋਲ੍ਹ ਦਿੱਤਾ।

ਫ਼ਤਹਿ ਸਿੰਘ ਦਾ ਮਰਨ ਵਰਤ ਤੇ ਸੜ ਮਰਨ ਤੋਂ ਭੱਜ ਜਾਣਾ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਤੋੜਨਾ ਸੀ। ਉਹ ਇਸ ਤੋਂ ਪਹਿਲਾਂ 9 ਜਨਵਰੀ 1961 ਅਤੇ 9 ਸਿਤੰਬਰ 1965 ਨੂੰ ਵੀ ਮੈਦਾਨੋਂ ਭੱਜ ਚੁੱਕਾ ਸੀ ਤੇ ਬਹੁਤੇ ਲੋਕ ਇਹ ਜਾਣਦੇ ਸਨ ਕਿ ਫ਼ਤਹਿ ਸਿੰਘ ਕਦੇ ਵੀ ਕੁਰਬਾਨੀ ਨਹੀਂ ਕਰ ਸਕੇਗਾ। ਹੁਣ ਵੀ ਫ਼ਤਹਿ ਸਿੰਘ ਦਾ ਅਕਾਲ ਤਖ਼ਤ ਸਾਹਿਬ 'ਤੇ ਪ੍ਰਣ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਨ, ਭਾਖੜਾ ਡੈਮ ਤੇ ਹੋਰ ਪ੍ਰਾਜੈਕਟ ਪੰਜਾਬ ਨੂੰ ਮੋੜਨ ਬਿਨਾਂ ਉਹ ਆਪਣੇ ਆਪ ਨੂੰ ਸਾੜਨ ਦਾ ਪ੍ਰਣ ਨਹੀਂ ਤੋੜੇਗਾ। ਪਰ, ਹੁਕਮ ਸਿੰਘ (ਜਿਸ ਨੂੰ ਅਕਾਲ ਤਖ਼ਤ ਸਾਹਿਬ 'ਤੇ ਬੋਲਣ ਦਾ ਹੱਕ ਨਹੀਂ ਸੀ) ਦੇ 'ਸਾਲਸੀ' ਐਲਾਨ ਮੁਤਾਬਿਕ ਫ਼ਤਹਿ ਸਿੰਘ ਦੀ ਤਿੰਨਾਂ ਵਿਚੋਂ ਕੋਈ ਮੰਗ ਵੀ ਪੂਰੀ ਨਹੀਂ ਹੁੰਦੀ ਸੀ। ਫ਼ਤਹਿ ਸਿੰਘ ਵਲੋਂ 'ਮੈਦਾਨੋਂ ਭੱਜਣ' ਦੀ ਹਰ ਪਾਸਿਉ ਨਿੰਦਾ ਹੋਈ। ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਫ਼ਤਹਿ ਸਿੰਘ ਨੇ ਸਿੱਖੀ ਦੀ ਤੌਹੀਨ ਕੀਤੀ ਹੈ।

ਫ਼ਤਹਿ ਸਿੰਘ ਨੇ ਆਪਣਾ ਮੂੰਹ ਬਚਾਉਣ ਵਾਸਤੇ ਪ੍ਰੈਸ ਨੂੰ ਇੰਟਰਵਿਊ ਦੇਂਦਿਆਂ ਆਖਿਆ ਕਿ ਉਸ ਕੋਲ ਲਿਖਤੀ ਵਾਇਦਾ ਹੈ ਕਿ ਉਸ ਦੀਆਂ ਮੰਗਾਂ ਮੰਨੀਆਂ ਗਈਆਂ ਹਨ। 29 ਦਿਸੰਬਰ ਨੂੰ ਜਦੋਂ ਪ੍ਰੈਸ ਵਾਲਿਆਂ ਨੇ ਫ਼ਤਹਿ ਸਿੰਘ ਨੂੰ ਲਿਖਤੀ ਸਬੂਤ ਦਿਖਾਉਣ ਵਾਸਤੇ ਕਿਹਾ ਤਾਂ ਉਸ ਨੇ ਦਿਖਾਉਣ ਤੋਂ ਇਨਕਾਰ ਕਰ ਦਿੱਤਾ। ਮਗਰੋਂ ਉਸ ਨੇ ਮੰਨ ਲਿਆ ਕਿ ਉਸ ਕੋਲ ਕੋਈ ਲਿਖਤੀ ਸਬੂਤ ਨਹੀਂ ਹੈ। ਫ਼ਤਹਿ ਸਿੰਘ ਦੀ ਇਸ ਹਰਕਤ 'ਤੇ ਗੁਰਮੁਖ ਸਿੰਘ ਮੁਸਾਫ਼ਿਰ ਤੇ ਹੁਕਮ ਸਿੰਘ ਨੇ ਬੜਾ ਬੁਰਾ ਮਨਾਇਆ। ਮੁਸਾਫ਼ਿਰ ਨੇ ਇਸ ਸਬੰਧੀ ਕਿਹਾ ਕਿ **"ਫ਼ਤਹਿ ਸਿੰਘ ਨੂੰ ਚੁਪ ਰਹਿਣਾ ਚਾਹੀਦਾ ਸੀ। ਅਸੀਂ ਤਾਂ ਉਸ ਦੀ ਇੱਜ਼ਤ (ਅਤੇ ਜਾਨ) ਕਾਇਮ ਰੱਖਣ ਲਈ ਸਹਾਈ ਹੋਵੇ, ਪਰ ਮਗਰਲੇ ਬਿਆਨਾਂ ਵਿਚ ਉਨ੍ਹਾਂ ਨੇ ਆਪ ਇਉਂ ਪ੍ਰਗਟ ਕਰ ਦਿੱਤਾ, ਜਿਵੇਂ ਕਿ ਉਨ੍ਹਾਂ ਨੇ ਕਮਜ਼ੋਰੀ ਵਿਖਾਈ ਹੈ। ਪਹਿਲਾਂ ਕਿਹਾ ਕਿ ਹੁਕਮ ਸਿੰਘ ਮੇਰੇ ਵਲ ਦਿੱਲੀਓਂ ਚਿੱਠੀ ਲਿਆਏ ਸਨ, ਜਿਸ ਵਿਚ ਸਭ ਮੰਗਾਂ ਮੰਨੀਆਂ ਗਈਆਂ ਸਨ। ਫਿਰ ਕਿਹਾ ਕਿ ਉਹ ਚਿੱਠੀ ਚੋਰੀ ਕਰ ਲਈ ਗਈ ਹੈ। ਹੁਕਮ ਸਿੰਘ, ਜਿਨ੍ਹਾਂ ਨੇ ਇਤਨੀ ਮਿਹਨਤ, ਸਾਫ਼-ਦਿਲੀ ਨਾਲ ਕੀਤੀ, ਉਨ੍ਹਾਂ ਨੂੰ ਵੀ ਨਾਰਾਜ਼ ਕਰ ਲਿਆ, ਗ਼ਲਤ ਗੱਲਾਂ ਆਖ ਕੇ। ਫਿਰ ਜਦ ਹੋਰ ਕਿਧਰੇ ਹੱਥ ਨਾ ਅੜਿਆ ਤਾਂ ਉਹ ਆਪ ਤੇ ਉਨ੍ਹਾਂ ਦੇ ਬੰਦੇ ਇਹ ਆਖਣ ਲੱਗ ਪਏ ਕਿ ਅਸੀਂ ਪ੍ਰਈਮ ਮਨਿਸਟਰ ਨੂੰ ਸਾਲਸ ਮੰਨਿਆ ਹੀ ਤਾਂ ਸੀ ਜਦੋਂ ਉਨ੍ਹਾਂ ਸਾਡੇ ਹੱਕ ਵਿਚ ਫ਼ੈਸਲਾ ਦੇਣ ਦਾ ਇਕਰਾਰ ਕਰ ਲਿਆ ਸੀ। ਇਹ ਆਖ ਕੇ ਆਪਣਾ ਸਾਰਾ ਕੇਸ ਹੀ ਖਰਾਬ ਕਰ ਲਿਆ।"**[6]

21 ਫ਼ਰਵਰੀ 1967 ਲੋਕ ਸਭਾ ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਦੋਹਾਂ ਅਕਾਲੀ ਦਲਾਂ ਦਾ ਸਮਝੌਤਾ ਤਕਰੀਬਨ ਹੋ ਗਿਆ ਸੀ, ਪਰ ਬਠਿੰਡਾ ਲੋਕ ਸਭਾ ਸੀਟ ਤੋਂ ਫ਼ਤਹਿ ਸਿੰਘ ਆਪਣੇ ਡਰਾਈਵਰ ਕਿਕਰ ਸਿੰਘ ਨੂੰ ਖੜਾ

6. ਹੁਕਮ ਸਿੰਘ ਦਾ ਲੇਖ, *ਕੌਮੀ ਏਕਤਾ*, ਨਵੰਬਰ 1974.

ਕਰਨਾ ਚਾਹੁੰਦਾ ਸੀ ਤੇ ਮਾਸਟਰ ਧੜਾ ਧੰਨਾ ਸਿੰਘ ਗੁਲਸ਼ਨ ਨੂੰ। ਕਿਕਰ ਸਿੰਘ, ਧੰਨਾ ਸਿੰਘ ਦੇ ਪੈਰਾਂ ਦੀ ਧੂੜ ਦੇ ਬਰਾਬਰ ਵੀ ਨਹੀਂ ਸੀ, ਪਰ ਫ਼ਤਹਿ ਸਿੰਘ ਦੀ ਅੜੀ ਕਰ ਕੇ ਇਹ ਸਮਝੌਤਾ ਸਿਰੇ ਨਾ ਚੜ੍ਹ ਸਕਿਆ। ਇੰਞ ਦੋਹਾਂ ਧੜਿਆਂ ਨੇ ਇਕ ਦੂਜੇ ਦੇ ਖ਼ਿਲਾਫ਼ ਉਮੀਦਵਾਰ ਖੜ੍ਹੇ ਕੀਤੇ। ਇਨ੍ਹਾਂ ਚੋਣਾਂ ਵਿਚ 104 ਸੀਟਾਂ ਵਿਚੋਂ 48 ਕਾਂਗਰਸ, 24 ਫ਼ਤਹਿ ਸਿੰਘ ਅਕਾਲੀ ਦਲ, 9 ਜਨਸੰਘ, 5 ਸੀ.ਪੀ.ਆਈ., 3 ਸੀ.ਪੀ.ਐਮ, ਤਿੰਨ ਸੋਸ਼ਲਿਸਟ, 1 ਪ੍ਰਜਾ ਸੋਸ਼ਲਿਸਟ, 2 ਮਾਸਟਰ ਅਕਾਲੀ ਦਲ ਤੇ 9 ਆਜ਼ਾਦ ਕਾਮਯਾਬ ਹੋਏ। ਅਕਾਲੀ ਦਲਾਂ ਤੇ ਹੋਰ ਗ਼ੈਰ-ਕਾਂਗਰਸੀ ਪਾਰਟੀਆਂ ਤੇ ਕੁਝ ਆਜ਼ਾਦ ਮੈਂਬਰ ਮਿਲਾ ਕੇ 53 ਮੈਂਬਰ ਹੋ ਗਏ। 8 ਮਾਰਚ 1967 ਦੇ ਦਿਨ ਜਸਟਿਸ ਗੁਰਨਾਮ ਸਿੰਘ ਨੇ ਚੀਫ਼ ਮਨਿਸਟਰ ਵਲੋਂ ਹਲਫ਼ ਲੈ ਲਿਆ।

ਜਸਟਿਸ ਦੀ ਅਗਵਾਈ ਵਾਲੀ ਸਰਕਾਰ ਵਿਚ ਫ਼ਤਹਿ ਸਿੰਘ ਅਕਾਲੀ ਦਲ ਦਾ ਲਛਮਣ ਸਿੰਘ ਗਿੱਲ ਵੀ ਵਜ਼ੀਰ ਸੀ। ਦੂਜੇ ਪਾਸੇ ਹਰਚਰਨ ਸਿੰਘ ਹੁਡਿਆਰਾ ਵਰਗੇ ਸੀਨੀਅਰ ਅਕਾਲੀ ਆਗੂ ਵੀ ਵਜ਼ੀਰੀ ਦੇ ਚਾਹਵਾਨ ਸਨ ਪਰ ਬਣ ਨਹੀਂ ਸਨ ਸਕੇ। ਹੋਰ ਤਾਂ ਹੋਰ ਜਸਟਿਸ ਤੇ ਗਿੱਲ, ਹੁਡਿਆਰਾ ਅਤੇ ਕਈ ਹੋਰ ਸੀਨੀਅਰ ਆਗੂਆਂ ਨੂੰ ਉਹ ਮਾਣ ਨਹੀਂ ਸਨ ਦੇਂਦੇ, ਜਿਸ ਦੀ ਉਹ ਆਸ ਰੱਖਦੇ ਸਨ। ਇਸ ਤਰ੍ਹਾਂ ਅਕਾਲੀਆਂ ਵਿਚ ਅੰਦਰੋਂ-ਅੰਦਰੀਂ ਲੱਤਾਂ ਖਿੱਚਣ ਦੀ ਕਾਰਵਾਈ ਚੱਲਦੀ ਰਹਿੰਦੀ ਸੀ। ਪਰ ਇਸ ਦੇ ਨਾਲ ਹੀ ਕਾਂਗਰਸ ਪਾਰਟੀ 'ਚੋਂ ਵੀ ਕਈ ਐਮ.ਐਲ.ਏ. ਵਜ਼ੀਰੀ ਦੀ ਖ਼ਾਹਿਸ਼ ਨਾਲ ਪਾਰਟੀ ਛੱਡਣ ਨੂੰ ਕਾਹਲੇ ਸਨ। 16 ਅਪਰੈਲ 1967 ਦੇ ਦਿਨ ਗਿਆਨੀ ਕਰਤਾਰ ਸਿੰਘ, 4 ਮਈ ਨੂੰ ਬਲਵੰਤ ਸਿੰਘ ਸੁਲਤਾਨਪੁਰੀ, 5 ਮਈ ਨੂੰ ਗੁਰਮੀਤ ਸਿੰਘ ਮੁਕਤਸਰ ਕਾਂਗਰਸ ਛੱਡ ਕੇ ਅਕਾਲੀ ਦਲ 'ਚ ਸ਼ਾਮਿਲ ਹੋ ਚੁੱਕੇ ਸਨ। 18 ਮਈ ਤੱਕ 10 ਤੋਂ ਵੱਧ ਕਾਂਗਰਸੀ ਪਾਰਟੀ ਨੂੰ ਛੱਡ ਕੇ, ਸਾਂਝਾ ਮੋਰਚਾ ਸਰਕਾਰ ਨੂੰ ਹਿਮਾਇਤ ਦੇ ਚੁੱਕੇ ਸਨ। ਇੰਞ ਜਾਪਦਾ ਸੀ ਕਿ ਹੁਣ ਗੁਰਨਾਮ ਸਿੰਘ ਸਰਕਾਰ ਪੱਕੇ ਪੈਰਾਂ 'ਤੇ ਹੋ ਗਈ ਹੈ। ਪਰ ਦੂਜੇ ਪਾਸੇ ਹੁਡਿਆਰਾ ਅਤੇ ਹਜ਼ਾਰਾ ਸਿੰਘ ਗਿੱਲ ਗੁਰਨਾਮ ਸਿੰਘ ਤੋਂ ਬਾਗ਼ੀ ਹੋ ਚੁੱਕੇ ਸਨ। ਇੰਞ ਹੀ ਯਾਦਵਿੰਦਰ ਸਿੰਘ (ਸਾਬਕ ਰਾਜਾ ਪਟਿਆਲਾ) ਨੇ ਡਾ. ਜਗਜੀਤ ਸਿੰਘ ਚੌਹਾਨ, ਦਰਬਾਰਾ ਸਿੰਘ ਮਲਸੀਆਂ, ਰਾਜਾ ਨਰਿੰਦਰ ਸਿੰਘ ਨਾਭਾ, ਸਰਦਾਰਾ ਸਿੰਘ ਕੋਹਲੀ ਤੇ ਕੁਝ ਹੋਰ ਐਮ.ਐਲ.ਏ. ਨਾਲ ਰਲਾ ਕੇ ਇਕ ਵਖਰਾ ਗਰੁੱਪ ਬਣਾ ਲਿਆ ਸੀ।

26 ਮਈ 1967 ਨੂੰ (2 ਮਹੀਨੇ 18 ਦਿਨ ਮਗਰੋਂ ਹੀ) ਕਾਂਗਰਸ ਨੇ ਗੁਰਨਾਮ ਸਿੰਘ ਸਰਕਾਰ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਲੈ ਆਂਦਾ। ਹੁਡਿਆਰਾ ਤੇ ਹਜ਼ਾਰਾ ਸਿੰਘ ਗਿੱਲ ਨੇ ਕਾਂਗਰਸ ਦਾ ਸਾਥ ਦਿੱਤਾ, ਪਰ ਐਨ ਮੌਕੇ ਤੇ ਡਾ. ਜਗਜੀਤ ਸਿੰਘ ਚੌਹਾਨ, ਸਰਦਾਰਾ ਸਿੰਘ ਕੋਹਲੀ, ਰਾਜਾ ਨਰਿੰਦਰ ਸਿੰਘ, ਦਰਬਾਰਾ ਸਿੰਘ ਤੇ ਤਿੰਨ ਹੋਰ ਐਮ.ਐਲ.ਏਜ਼. ਨੇ ਅਕਾਲੀ ਦਲ ਦਾ ਸਾਥ ਦਿੱਤਾ ਅਤੇ 46 ਦੇ ਮੁਕਾਬਲੇ 57 ਵੋਟਾਂ ਨਾਲ ਅਕਾਲੀ ਸਰਕਾਰ ਬਚ ਗਈ।

26 ਮਈ 1967 ਨੂੰ ਹੀ ਹੁਡਿਆਰਾ ਨੇ ਨਵਾਂ ਅਕਾਲੀ ਦਲ ਬਣਾ ਲਿਆ। 13 ਅਗਸਤ ਨੂੰ ਲਛਮਣ ਸਿੰਘ ਗਿੱਲ ਨੇ ਐਲਾਨ ਕਰ ਦਿੱਤਾ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਦਫ਼ਤਰੀ ਜ਼ਬਾਨ ਬਣਾਉਣ ਦਾ ਬਿਲ ਪੇਸ਼ ਕੀਤਾ ਜਾਏਗਾ। ਚਾਰ ਨਵੰਬਰ ਨੂੰ ਗਿੱਲ ਨੇ ਐਲਾਨ ਕੀਤਾ ਕਿ ਪਹਿਲੀ ਜਨਵਰੀ ਨੂੰ ਪੰਜਾਬ 'ਚ ਸਰਕਾਰੀ ਪੱਧਰ 'ਤੇ

ਪੰਜਾਬੀ ਪੂਰੀ ਤਰ੍ਹਾਂ ਲਾਗੂ ਕਰ ਦਿੱਤੀ ਜਾਵੇਗੀ। ਗੁਰਨਾਮ ਸਿੰਘ ਅਜੇ ਇਹ ਬਿਲ ਨਹੀਂ ਲਿਆਉਣਾ ਚਾਹੁੰਦਾ ਸੀ। ਹੋਰਾਂ ਗੱਲਾਂ ਕਰ ਕੇ ਵੀ ਗੁਰਨਾਮ ਸਿੰਘ ਤੇ ਗਿੱਲ ਵਿਚ ਜ਼ਬਰਦਸਤ ਫ਼ਰਕ ਆ ਚੁੱਕੇ ਸਨ। ਦੋਵੇਂ ਇਕ ਦੂਜੇ ਨੂੰ ਡੇਗਣਾ ਚਾਹੁੰਦੇ ਸਨ। ਕਾਂਗਰਸ ਵੀ ਮੌਕਾ ਤਾੜ ਰਹੀ ਸੀ। ਗਿੱਲ ਤੇ ਕਾਂਗਰਸ ਨੇ ਅੰਦਰੋਂ-ਅੰਦਰੀਂ ਗੰਢ-ਤਰੁਪ ਕਰ ਲਈ ਸੀ। ਗਿੱਲ ਨੂੰ ਸਿਰਫ਼ 15 ਐਮ.ਐਲ.ਏ. ਚਾਹੀਦੇ ਸਨ। ਨਵੰਬਰ ਦੀ 20 ਤਾਰੀਖ਼ ਤੱਕ ਗਿੱਲ ਨੇ ਏਨੇ ਕੁ ਐਮ.ਐਲ.ਏ. ਵਜ਼ੀਰ ਬਣਨ ਵਾਸਤੇ ਮਨਾ ਲਏ ਸਨ।

22 ਨਵੰਬਰ 1967 ਦੇ ਦਿਨ ਤੜਕਸਾਰ ਮਾਸਟਰ ਤਾਰਾ ਸਿੰਘ ਪੀ.ਜੀ.ਆਈ ਚੰਡੀਗੜ੍ਹ ਵਿਚ ਚੜ੍ਹਾਈ ਕਰ ਗਏ। ਮਾਸਟਰ ਜੀ ਦੇ ਨਾਲ ਪੰਜਾਬ ਦੀ, ਸਿੱਖਾਂ ਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਦਾ ਇਕ ਚੈਪਟਰ ਖ਼ਤਮ ਹੋ ਗਿਆ। ਇਸੇ ਦਿਨ ਲਛਮਣ ਸਿੰਘ ਗਿੱਲ ਨੇ ਜਨਤਾ ਪਾਰਟੀ ਬਣਾ ਲਈ ਤੇ ਗੁਰਨਾਮ ਸਿੰਘ ਸਰਕਾਰ ਤੋਂ ਬਗ਼ਾਵਤ ਦਾ ਐਲਾਨ ਕਰ ਦਿੱਤਾ, ਜਿਸ ਕਰ ਕੇ ਇਹ ਸਰਕਾਰ ਟੁੱਟ ਗਈ। 25 ਨਵੰਬਰ 1967 ਦੇ ਦਿਨ ਲਛਮਣ ਸਿੰਘ ਗਿੱਲ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ।

ਅਕਾਲ ਤਖ਼ਤ ਸਾਹਿਬ ’ਤੇ ਹਵਨ ਕੁੰਡ

ਫ਼ਤਹਿ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ’ਤੇ ਤੀਜੀ ਵਾਰੀ ਪ੍ਰਣ ਕਰ ਕੇ ਬਿਨਾਂ ਨਿਭਾਇਓਂ ਛੱਡ ਦੇਣ ਨਾਲ ਸਿੱਖਾਂ ਵਿਚ ਉਸ ਵਾਸਤੇ ਇੱਜ਼ਤ ਤੇ ਯਕੀਨ ਬਹੁਤ ਘੱਟ ਗਿਆ। ਉਸ ਨੇ ਆਪਣੇ ਆਪ ਨੂੰ ਸਾੜਨ ਵਾਸਤੇ ਹਵਨ-ਕੁੰਡ ਬਣਾਏ ਹੋਏ ਸਨ। ਇਨ੍ਹਾਂ ਹਵਨ-ਕੁੰਡਾਂ ਨੂੰ ਕਦੇ ਵੀ ਵਰਤਿਆ ਨਹੀਂ ਸੀ ਜਾਣਾ ਕਿਉਂਕਿ ਜਾਨ ’ਤੇ ਖੇਡ ਜਾਣ ਵਾਲੇ ਅਜਿਹੇ ਕੁੰਡ ਨਹੀਂ ਬਣਾਇਆ ਕਰਦੇ ਅਤੇ ਆਪਣੇ ਪ੍ਰਣ ਪੂਰੇ ਕਰਨ ਵਾਲਾ ਵਕਤ ਬੀਤ ਜਾਣ ਤੋਂ ਦੋ-ਸਵਾ ਦੋ ਘੰਟੇ ਬਾਅਦ ਤਕ (ਹੁਕਮ ਸਿੰਘ ਵਰਗੇ) ਵਿਚੋਲੇ ਦੀ ਉਡੀਕ ਨਹੀਂ ਕਰਿਆ ਕਰਦੇ। ਇਹ ਕੁੰਡ ਤਾਂ ਸਿਰਫ਼ ਨੁਮਾਇਸ਼ ਅਤੇ ਝੂਠੀ ਸ਼ੁਹਰਤ ਵਾਸਤੇ ਬਣਾਏ ਗਏ ਸਨ। ਅਕਾਲ ਤਖ਼ਤ ਸਾਹਿਬ ਦੇ ਉਪਰ ਇਨ੍ਹਾਂ ‘ਕੁੰਡਾਂ’ ਦੀ ਇਬਾਰਤ ਦਰਬਾਰ ਸਾਹਿਬ ਵਿਚ ਦੂਰ-ਦੂਰ ਤੋਂ ਪੜ੍ਹੀ ਜਾ ਸਕਦੀ ਸੀ। ਜਿਹੜਾ ਸ਼ਖ਼ਸ ਵੀ ਇਨ੍ਹਾਂ ਵੱਲ ਵੇਖਦਾ ਸੀ, ਉਸ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਸੀ, ਕਿਉਂਕਿ **ਇਹ ਕੁਰਬਾਨੀ ਤੇ ਬਹਾਦਰੀ ਦੀ ਨਿਸ਼ਾਨੀ ਨਹੀਂ ਸਨ, ਬਲਕਿ ਮਰਨੋਂ ਡਰਨ ਦੀ ਯਾਦਗਾਰ ਸਨ।** ਇਸ ਕਰ ਕੇ ਇਹ ਬਦਸੂਰਤ ਲਗਦੇ ਸਨ। ਉਹ ਤਖ਼ਤ ਸਾਹਿਬ, ਜਿਹੜਾ ਅਕਾਲ ਪੁਰਖ ਦਾ ਤਖ਼ਤ ਹੈ, ਦੀ ਛੱਤ ’ਤੇ ਅਜਿਹੀਆਂ ਬੁਜ਼ਦਿਲੀ ਦੀਆਂ ਨਿਸ਼ਾਨੀਆਂ ਕਾਲੇ ਧੱਬੇ ਵਾਂਗ ਨਜ਼ਰ ਆਉਂਦੀਆਂ ਸਨ। ਸੰਜੀਦਾ ਸਿੱਖ ਚਾਹੁੰਦੇ ਸਨ ਕਿ ਇਨ੍ਹਾਂ ਧੱਬਿਆਂ ਨੂੰ ਮਿਟਾਅ ਦਿੱਤਾ ਜਾਵੇ।

ਬੁਜ਼ਦਿਲੀ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਤਖ਼ਤ ਸਾਹਿਬ ਤੋਂ ਹਟਾਉਣ ਦੀ ਪਹਿਲੀ ਮੰਗ ਆਲ ਇੰਡੀਆ ਸਿੱਖ ਯੂਥ ਫ਼ੈਡਰੇਸ਼ਨ ਵਲੋਂ ਫ਼ਤਹਿ ਸਿੰਘ ਵਲੋਂ ਮਰਨੋਂ ਭਜਣ ਦੇ ਤਿੰਨ ਦਿਨ ਬਾਅਦ ਹੀ 30 ਦਿਸੰਬਰ 1966 ਦੇ ਦਿਨ ਕੀਤੀ ਗਈ। ਇੰਞ ਹੀ ਮਾਸਟਰ ਅਕਾਲੀ ਦਲ ਨੇ ਵੀ ਇਹ ਕੁੰਡ ਢਾਹੁਣ ਦੀ ਮੰਗ ਕੀਤੀ। ਫ਼ਤਹਿ ਸਿੰਘ ਧੜੇ ਨੇ ਇਹੋ ਜਿਹੇ ਬਿਆਨਾਂ ਦੀ ਪਰਵਾਹ ਨਾ ਕੀਤੀ, ਕਿਉਂਕਿ ਉਹ ਮਾਸਟਰ ਧੜੇ ਦੇ ਬਿਆਨਾਂ ਨੂੰ ਨਿੱਜੀ ਵਿਰੋਧ ’ਤੇ ਸਾੜਾ ਆਖ ਕੇ ਰੱਦ ਕਰ ਦੇਂਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਪੰਜਾਬ

ਅਸੈਂਬਲੀ ਦੀਆਂ ਚੋਣਾਂ ਹੋ ਗਈਆਂ ਅਤੇ ਦੋਹਾਂ ਧੜਿਆਂ ਦੀ ਸਾਂਝੀ ਸਰਕਾਰ ਬਣ ਗਈ। ਇਸ ਕਰ ਕੇ ਕੁਝ ਚਿਰ ਵਾਸਤੇ ਇਹ ਮਾਮਲਾ ਦਬਿਆ ਰਿਹਾ।

ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਬਣਨ ਮਗਰੋਂ ਤਾਕਤ ਵਿਚ ਭਾਈਵਾਲੀ ਨਾ ਮਿਲਣ ਕਰ ਕੇ ਹਰਚਰਨ ਸਿੰਘ ਹੁਡਿਆਰਾ ਫ਼ਤਹਿ ਸਿੰਘ ਨਾਲ ਨਾਰਾਜ਼ ਹੋ ਕੇ ਵਿੱਟਰ ਚੁੱਕਿਆ ਸੀ। 26 ਮਈ 1967 ਦੇ ਦਿਨ ਉਸ ਨੇ ਆਪਣਾ ਨਵਾਂ ਅਕਾਲੀ ਦਲ ਬਣਾ ਲਿਆ ਸੀ। ਹਜ਼ਾਰਾ ਸਿੰਘ ਗਿੱਲ, ਸ਼ਿਵ ਸਿੰਘ ਝਾਵਾਂ ਅਤੇ ਅਰਜਨ ਸਿੰਘ ਬੁਧੀਰਾਜਾ ਉਸ ਦੇ ਨਾਲ ਰਲ ਗਏ ਸਨ। ਇਹ ਸਾਰੇ ਹੀ ਫ਼ਤਹਿ ਸਿੰਘ ਨੂੰ ਤਾਕਤ ਵਿਚ ਲਿਆਉਣ ਅਤੇ ਮਾਸਟਰ ਤਾਰਾ ਸਿੰਘ ਨੂੰ 'ਬੰਨੇ ਕਰਨ' ਵਿਚ ਪੇਸ਼-ਪੇਸ਼ ਸਨ। ਇਨ੍ਹਾਂ ਨੇ ਫ਼ਤਹਿ ਸਿੰਘ ਤੇ ਇਲਜ਼ਾਮ ਲਾਉਣਾ ਸ਼ੁਰੂ ਕਰ ਦਿੱਤਾ ਕਿ ਉਸ ਨੇ ਬਿਨਾਂ ਕੁਝ ਹਾਸਿਲ ਕੀਤਿਆਂ, ਸੜ ਮਰਨ ਦਾ ਫ਼ੈਸਲਾ ਬਦਲ ਕੇ, ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾਈ ਸੀ। ਇਨ੍ਹਾਂ ਨੇ ਕਿਹਾ ਕਿ ਫ਼ਤਹਿ ਸਿੰਘ ਕੋਲ ਇੰਦਰਾ ਦਾ ਕੋਈ ਲਿਖਤੀ ਜਾਂ ਜ਼ਬਾਨੀ ਵਾਅਦਾ ਨਹੀਂ ਸੀ। ਇਸ 'ਤੇ ਪਹਿਲੀ ਜੂਨ 1967 ਨੂੰ ਫ਼ਤਹਿ ਸਿੰਘ ਨੇ ਇਕ ਬਿਆਨ ਵਿਚ ਮੰਨ ਲਿਆ ਕਿ ਇੰਦਰਾ ਨੇ ਉਸ ਨਾਲ ਕੋਈ ਲਿਖਤੀ ਵਾਅਦਾ ਨਹੀਂ ਕੀਤਾ। 19 ਜੂਨ ਦੇ ਦਿਨ ਹੁਡਿਆਰਾ ਨੇ ਫ਼ਤਹਿ ਸਿੰਘ ਤੋਂ ਮੰਗ ਕੀਤੀ ਕਿ ਅਕਾਲ ਤਖ਼ਤ ਸਾਹਿਬ 'ਤੇ ਬਣੇ ਅਗਨ ਕੁੰਡ (ਹਵਨ ਕੁੰਡ) ਢਾਹੇ ਜਾਣ ਨਹੀਂ ਤਾਂ ਮੈਂ ਇਸ ਸਬੰਧੀ ਸਰਬ ਸੰਸਾਰ ਸਿੱਖ ਕਨਵੈਨਸ਼ਨ ਬੁਲਾਵਾਂਗਾ। ਪਹਿਲੋਂ ਇਹ ਮੰਗ ਮਾਸਟਰ ਧੜਾ ਹੀ ਕਰਦਾ ਰਿਹਾ ਸੀ, ਇਸ ਕਰ ਕੇ ਕਿਸੇ ਨੇ ਇਸ ਨੂੰ ਗੌਲਿਆ ਤਕ ਨਹੀਂ ਸੀ। ਪਰ ਹੁਣ ਫ਼ਤਹਿ ਸਿੰਘ ਦੇ ਆਪਣੇ ਇਕ ਸਭ ਤੋਂ ਨੇੜਲੇ ਸਾਥੀ ਵਲੋਂ ਇਸ ਨੂੰ ਪ੍ਰਚਾਰੇ ਜਾਣ ਨਾਲ ਫ਼ਤਹਿ ਸਿੰਘ ਕੁੜਿੱਕੀ ਵਿਚ ਫਸ ਗਿਆ।

20 ਅਗਸਤ 1967 ਨੂੰ ਫ਼ਤਹਿ ਸਿੰਘ ਨੇ ਗ੍ਰੰਥੀਆਂ ਤੋਂ ਇਕ ਬਿਆਨ ਦਿਵਾਇਆ ਕਿ "ਕੁੰਡ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਉੱਤੇ ਨਹੀਂ ਉਸਾਰੇ ਗਏ। ਇਹ ਇਮਾਰਤ 1945 ਤੋਂ ਅਕਾਲ ਤਖ਼ਤ ਦੇ ਜਥੇਦਾਰਾਂ ਦੀ ਨਿਜੀ ਵਰਤੋਂ ਵਿਚ ਰਹੀ ਹੈ ਅਤੇ ਹਰਚਰਨ ਸਿੰਘ ਹੁਡਿਆਰਾ ਖ਼ੁਦ 1960 ਤੋਂ 1965 ਦੌਰਾਨ ਇਸ ਵਿਚ ਰਹਿੰਦਾ ਰਿਹਾ ਹੈ।" ਇਸ ਬਿਆਨ 'ਤੇ ਦਸਤਖ਼ਤ ਕਰਨ ਵਾਲੇ ਸਨ : ਸਾਧੂ ਸਿੰਘ ਭੌਰਾ (ਜਿਸ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਬੰਗੇ ਤੋਂ ਹਾਰਨ ਮਗਰੋਂ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ ਗਿਆ ਸੀ), ਗਿਆਨੀ ਚੇਤ ਸਿੰਘ, ਗਿਆਨੀ ਸ਼ਾਮ ਸਿੰਘ, ਗਿਆਨੀ ਮਨੀ ਸਿੰਘ ਤੇ ਭਾਈ ਲੱਖਾ ਸਿੰਘ। ਸਿਤੰਬਰ 1967 ਵਿਚ ਇਹ ਕੁੰਡ ਢਾਹੁਣ ਵਾਸਤੇ ਇਕ ਮੋਰਚਾ ਵੀ ਲਾਇਆ ਗਿਆ, ਜੋ ਸੰਗਤਾਂ ਦੀ ਕਾਫ਼ੀ ਹਿਮਾਇਤ ਨਾ ਮਿਲ ਸਕਣ ਕਰ ਕੇ ਕਾਮਯਾਬ ਨਾ ਹੋ ਸਕਿਆ।

22 ਨਵੰਬਰ ਨੂੰ ਗੁਰਨਾਮ ਸਿੰਘ ਦੀ ਸਰਕਾਰ ਟੁੱਟ ਗਈ ਤੇ 25 ਨਵੰਬਰ ਨੂੰ ਲਛਮਣ ਸਿੰਘ ਗਿਲ ਚੀਫ਼ ਮਨਿਸਟਰ ਬਣ ਗਿਆ। ਗਿੱਲ ਨੇ ਫ਼ਤਹਿ ਸਿੰਘ ਤੇ ਚੰਨਣ ਸਿੰਘ ਦੇ ਖ਼ਿਲਾਫ਼ ਬਹੁਤ ਪ੍ਰਾਪੇਗੰਡਾ ਕੀਤਾ। ਇਕ ਮੌਕੇ 'ਤੇ ਤਾਂ ਉਸ ਨੇ ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਦੇ ਸਕੈਂਡਲ ਵਿਚ ਚੰਨਣ ਸਿੰਘ (ਪ੍ਰਧਾਨ ਸ਼੍ਰੋਮਣੀ ਕਮੇਟੀ) ਨੂੰ ਗ੍ਰਿਫ਼ਤਾਰ ਕਰਨ ਦੀ ਪਲਾਨ ਵੀ ਤਿਆਰ ਕਰ ਲਈ ਸੀ। 12 ਫ਼ਰਵਰੀ 1968 ਦੇ ਦਿਨ ਸ਼੍ਰੋਮਣੀ ਕਮੇਟੀ

ਦਾ ਜਨਰਲ ਇਜਲਾਸ ਸ: ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਣਾ ਸੀ। ਜਦੋਂ ਚੰਨਣ ਸਿੰਘ ਨੂੰ ਆਪਣੀ ਗ੍ਰਿਫ਼ਤਾਰੀ ਦੀ ਭਿਣਕ ਪਈ ਤਾਂ ਉਹ ਅਕਾਲ ਤਖ਼ਤ ਸਾਹਿਬ ਦੇ ਬੁੰਗੇ 'ਚ ਜਾ ਲੁਕਿਆ ਅਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਦੀ ਥਾਂ ਵੀ ਸ: ਤੇਜਾ ਸਿੰਘ ਸਮੁੰਦਰੀ ਹਾਲ ਤੋਂ ਬਦਲ ਕੇ ਅਕਾਲ ਤਖ਼ਤ ਸਾਹਿਬ ਕਰ ਦਿੱਤੀ। 9 ਅਕਤੂਬਰ 1938 ਤੋਂ 30 ਸਾਲ ਮਗਰੋਂ ਪਹਿਲੀ ਵਾਰ ਇਹ ਇਜਲਾਸ ਸ: ਤੇਜਾ ਸਿੰਘ ਸਮੁੰਦਰੀ ਹਾਲ ਦੀ ਬਜਾਏ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਗਿਆ, ਚੰਨਣ ਸਿੰਘ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਵਾਸਤੇ।[7]

ਕੁੰਡ ਢਾਹੁਣ ਵਾਸਤੇ ਵਰਲਡ ਸਿੱਖ ਕਨਵੈਨਸ਼ਨਾਂ

11 ਅਗਸਤ 1968 ਦੇ ਦਿਨ ਇਕ ਆਲ ਪਾਰਟੀਜ਼ ਸਿੱਖ ਕਨਵੈਨਸ਼ਨ ਲੁਧਿਆਣੇ ਵਿਚ ਹੋਈ। ਇਸ ਵਿਚ ਕਈ ਜਗ੍ਹਾ ਤੋਂ ਸਿੱਖ ਆਗੂ ਤੇ ਸਰਗਰਮ ਕਾਰਕੁੰਨ ਸ਼ਾਮਿਲ ਹੋਏ। ਇਸ ਕਾਨਫ਼ਰੰਸ ਵਿਚ ਮਤਾ ਪਾਸ ਕੀਤਾ ਗਿਆ ਕਿ ਇਹ ਕੁੰਡ "ਡਰਪੋਕਤਾ ਦੀ ਨਿਸ਼ਾਨੀ ਹਨ ਤੇ ਸਿੱਖ ਪੰਥ ਦੀਆਂ ਰਿਵਾਇਤਾਂ ਦੇ ਉਲਟ ਹਨ। ਸਿੱਖ ਪੰਥ ਦੇ ਮੱਥੇ ਤੋਂ ਇਹ ਕਾਲਾ ਦਾਗ ਮਿਟਾਇਆ ਜਾਣਾ ਚਾਹੀਦਾ ਹੈ।"[8] ਇਸ ਤੋਂ ਕੁਝ ਦਿਨ ਬਾਅਦ ਫ਼ਤਹਿ ਸਿੰਘ ਧੜੇ ਨੇ ਵੀ ਆਪਣੀ ਆਲ-ਵਰਲਡ ਕਨਵੈਨਸ਼ਨ ਕਰ ਕੇ ਇਨ੍ਹਾਂ ਕੁੰਡਾਂ ਨੂੰ ਕਾਇਮ ਰੱਖਣ ਦੇ ਹੱਕ ਵਿਚ ਮਤਾ ਪਾਸ ਕਰਵਾ ਲਿਆ।

ਕੁੰਡ ਵਿਰੋਧੀ ਕਨਵੈਨਸ਼ਨ ਵਿਚ ਫ਼ਤਹਿ ਸਿੰਘ ਦੇ ਸਾਰੇ ਮੁਖ਼ਾਲਿਫ਼ ਪੁੱਜੇ ਹੋਏ ਸਨ, ਪਰ ਫ਼ਤਹਿ ਸਿੰਘ ਦੀ ਕਨਵੈਨਸ਼ਨ ਵਿਚ ਸਿਰਫ਼ ਉਸ ਦਾ ਆਪਣਾ ਧੜਾ ਹੀ ਆਇਆ ਸੀ। ਫ਼ਤਹਿ ਸਿੰਘ ਵਿਰੋਧੀ ਕਨਵੈਨਸ਼ਨ ਵਿਚ ਹੋਰਨਾਂ ਤੋਂ ਇਲਾਵਾ ਮੁਖ ਬੁਲਾਰਾ ਸਿਰਦਾਰ ਕਪੂਰ ਸਿੰਘ ਸੀ। ਉਸ ਨੇ ਆਪਣੀ ਤਕਰੀਰ ਵਿਚ ਕਿਹਾ ਕਿ "ਇਹ ਕੁੰਡ ਜੋ ਦਰਬਾਰ ਸਾਹਿਬ ਆਉਣ ਵਾਲੇ ਹਰ ਸ਼ਰਧਾਲੂ ਦੀ ਨਜ਼ਰ ਪੈਂਦੇ ਹਨ, ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਨੂੰ ਇਕ ਭੈੜੀ ਦਿੱਖ ਦੇਂਦੇ ਸਨ। ਇਹ ਬੇਹੂਦਾ ਢਾਂਚੇ ਇਸ ਢੰਗ ਨਾਲ ਖੜ੍ਹੇ ਕੀਤੇ ਗਏ ਸਨ ਕਿ ਇਹ ਅਕਾਲ ਤਖ਼ਤ ਸਾਹਿਬ, ਵਾਹਿਗੁਰੂ ਦੇ ਤਖ਼ਤ ਸਾਹਿਬ ਦੇ ਵਕਾਰ ਅਤੇ ਪਾਕੀਜ਼ਗੀ ਦੀ ਬਰਾਬਰੀ ਕਰਦੇ ਜਾਪਦੇ ਹਨ।" ਭਾਵੇਂ ਫ਼ਤਹਿ ਸਿੰਘ ਦੀ ਕਨਵੈਨਸ਼ਨ ਉਸ ਦੇ ਆਪਣੇ ਧੜੇ ਦੀ ਹੀ ਸੀ, ਪਰ ਇਸ ਨਾਲ ਕੁੰਡ ਇਕ ਬਹਿਸ-ਗੋਚਰਾ ਨੁਕਤਾ ਬਣ ਕੇ ਰਹਿ ਗਏ। ਇਸ ਕਰ ਕੇ ਇਨ੍ਹਾਂ ਨੂੰ ਢਾਹੁਣ ਦਾ ਮਸਲਾ ਉਵੇਂ ਦਾ ਉਵੇਂ ਬਣਿਆ ਰਹਿ ਗਿਆ।

ਇਸ ਮਾਹੌਲ ਵਿਚ 28 ਸਿਤੰਬਰ 1968 ਦੇ ਦਿਨ ਫ਼ਤਹਿ ਸਿੰਘ ਤੇ ਮਾਸਟਰ ਅਕਾਲੀ ਦਲ ਵਿਚ ਸਮਝੌਤਾ ਹੋ ਗਿਆ। ਦੋਹਾਂ ਅਕਾਲੀ ਦਲਾਂ ਵਿਚ ਏਕਤਾ ਬਾਰੇ ਹੋਏ ਸਮਝੌਤੇ ਵਿਚ ਇਕ ਇਹ ਸ਼ਰਤ ਵੀ ਸੀ ਕਿ ਇਹ ਕੁੰਡ ਢਾਹ ਦਿੱਤੇ ਜਾਣਗੇ। ਇਹ ਵੀ ਫ਼ੈਸਲਾ ਹੋਇਆ ਕਿ ਕੋਈ ਵੀ ਇਨ੍ਹਾਂ ਕੁੰਡਾਂ ਦੇ ਹੱਕ ਵਿਚ ਜਾਂ ਖ਼ਿਲਾਫ਼ ਬਿਆਨ ਜਾਰੀ ਨਹੀਂ ਕਰੇਗਾ। ਇਸ ਤਰ੍ਹਾਂ ਇਕ ਰਾਤ ਚੁਪ-ਚਾਪ ਇਹ ਕੁੰਡ ਢਾਹ ਕੇ ਉਸ ਥਾਂ

7. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਫ਼ਾ 390.

8. Sirdar Kapur Singh, 'The Havan Kunds', an article published in *The Sikh Review*, October 1968.

ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਗਿਆ। ਪਰ ਇਸ ਤੋਂ 18 ਸਾਲ ਮਗਰੋਂ 1986 ਵਿਚ (18 ਸਾਲ ਮਗਰੋਂ) ਇਹ ਇਮਾਰਤ ਪੂਰੀ ਤਰ੍ਹਾਂ ਢਹਿਣ ਮਗਰੋਂ ਇਨ੍ਹਾਂ ਬੁਜ਼ਦਿਲੀ ਦੀਆਂ ਨਿਸ਼ਾਨੀਆਂ ਦੀ ਬੂਅ ਤਕ ਵੀ ਸਦਾ ਵਾਸਤੇ ਇੱਥੋਂ ਖ਼ਤਮ ਹੋ ਗਈ।

ਜਥੇਦਾਰ ਫੇਰੂਮਾਨ ਦਾ ਵਰਤ

ਫ਼ਤਹਿ ਸਿੰਘ ਨੇ ਤਿੰਨ ਵਾਰ ਅਤੇ ਮਾਸਟਰ ਤਾਰਾ ਸਿੰਘ ਨੇ ਇਕ ਵਾਰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਪ੍ਰਣ ਤੋੜਿਆ ਹੋਇਆ ਸੀ। ਇਨ੍ਹਾਂ ਹਰਕਤਾਂ ਨੇ ਸਿੱਖ ਪੰਥ ਦਾ ਬਹੁਤ ਨੁਕਸਾਨ ਕੀਤਾ ਸੀ। ਸਿੱਖਾਂ ਵਿਚ ਇਹ ਅਹਿਸਾਸ ਹਾਵੀ ਸੀ ਕਿ ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ, ਭਾਈ ਲਛਮਣ ਸਿੰਘ ਧਾਰੋਵਾਲੀ ਵਰਗੇ ਸ਼ਹੀਦਾਂ ਵਾਂਗ ਗੁਰੂ ਅੱਗੇ ਅਰਦਾਸ ਕਰ ਕੇ ਪਿੱਠ ਨਾ ਦਿਖਾਉਣ ਵਾਲੀ ਗੱਲ ਹੁਣ ਨਹੀਂ ਰਹੀ। ਅਕਾਲੀ ਆਗੂਆਂ ਵਲੋਂ ਅਕਾਲ ਤਖ਼ਤ ਸਾਹਿਬ 'ਤੇ ਚਾਰ ਵਾਰ ਅਰਦਾਸ ਕਰ ਕੇ ਤੋੜਨ ਮਗਰੋਂ ਸਿੱਖ ਸੰਗਤਾਂ ਵਿਚ ਇਹ ਖ਼ਿਆਲ ਬਹੁਤ ਹਾਵੀ ਹੋ ਰਿਹਾ ਸੀ ਕਿ ਸਿੱਖ ਲੀਡਰ ਕਮਜ਼ੋਰ, ਡਰਪੋਕ, ਬੁਜ਼ਦਿਲ ਤੇ ਖ਼ੁਦਗਰਜ਼ ਹਨ। ਉਨ੍ਹਾਂ ਵਿਚ ਕੁਰਬਾਨੀ ਦਾ ਜਜ਼ਬਾ ਖ਼ਤਮ ਹੋ ਚੁੱਕਾ ਹੈ। ਉਹ ਅਕਾਲ ਤਖ਼ਤ ਸਾਹਿਬ ਦੇ ਭਗੌੜੇ ਹਨ। ਜਿਹੜੇ ਇਸ ਅਹਿਸਾਸ ਨਾਲ ਵਧੇਰੇ ਪਰੇਸ਼ਾਨ ਸਨ, ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਵੀ ਸੀ। ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਇਕ ਕੁਰਬਾਨੀ ਵਾਲਾ ਪੰਥਕ ਕਾਰਕੁੰਨ ਸੀ। ਉਸ ਨੇ 1947 ਤੋਂ ਪਹਿਲਾਂ ਪੰਥ ਦੀ ਜੱਦੋ-ਜਹਿਦ ਵਿਚ ਕਈ ਵਾਰ ਹਿੱਸਾ ਪਾਇਆ ਸੀ। ਪਰ, 1947 ਤੋਂ ਮਗਰੋਂ ਉਹ ਊਧਮ ਸਿੰਘ ਨਾਗੋਕੇ ਦੇ ਨੇੜੇ ਹੋਣ ਕਰ ਕੇ ਮਾਸਟਰ ਤਾਰਾ ਸਿੰਘ ਦਾ ਮੁਖ਼ਾਲਿਫ਼ ਬਣ ਗਿਆ ਸੀ। ਇਸ ਦੇ ਨਾਲ ਹੀ ਉਹ ਕਾਂਗਰਸ, ਕੈਰੋਂ ਅਤੇ ਨਹਿਰੂ ਦੇ ਨੇੜੇ ਵੀ ਆ ਗਿਆ ਸੀ। ਜਦੋਂ 1955 ਵਿਚ ਸ਼ੋਮਣੀ ਅਕਾਲੀ ਦਲ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾਇਆ ਤਾਂ ਇਸ ਫੇਰੂਮਾਨ ਨੇ ਨਹਿਰੂ ਨੂੰ ਖ਼ੁਸ਼ ਕਰਨ ਵਾਸਤੇ ਜਵਾਬੀ ਮੋਰਚਾ ਲਾਉਣ ਦਾ ਐਲਾਨ ਵੀ ਕੀਤਾ ਸੀ, ਪਰ ਸੰਗਤਾਂ ਦੇ ਰੋਹ ਤੋਂ ਡਰਦਿਆਂ ਉਹ ਪਿੱਛੇ ਹੱਟ ਗਿਆ ਸੀ। ਜਦੋਂ 4 ਜੁਲਾਈ 1955 ਦੇ ਦਿਨ ਪੁਲੀਸ ਦਰਬਾਰ ਸਾਹਿਬ 'ਚ ਦਾਖ਼ਿਲ ਹੋਈ ਤਾਂ ਇਕ ਸੋਮੇ ਮੁਤਾਬਿਕ ਉਸ ਨੇ ਪੰਜਾਬ ਦੇ ਚੀਫ਼ ਮਨਿਸਟਰ ਨੂੰ ਮੁਬਾਰਕਬਾਦ ਦੀ ਇਕ ਤਾਰ ਵੀ ਭੇਜੀ ਸੀ। 1969 ਵਿਚ, ਕੁਝ ਚਿਰ ਪਹਿਲੋਂ, ਜਥੇਦਾਰ ਫੇਰੂਮਾਨ ਦਾ ਸੀਨੀਅਰ ਸਾਥੀ ਜਥੇਦਾਰ ਊਧਮ ਸਿੰਘ ਨਾਗੋਕੇ ਲੰਬੀ ਬੀਮਾਰੀ ਮਗਰੋਂ ਚੜ੍ਹਾਈ ਕਰ ਗਿਆ ਸੀ। ਜਦੋਂ ਜਥੇਦਾਰ ਨਾਗੋਕੇ ਬੀਮਾਰ ਸੀ ਤਾਂ ਇਕ ਦਿਨ ਫੇਰੂਮਾਨ ਉਸ ਨੂੰ ਮਿਲਣ ਗਿਆ ਸੀ। ਇਸ ਮੁਲਾਕਾਤ ਦੌਰਾਨ ਜਥੇਦਾਰ ਨਾਗੋਕੇ ਨੇ ਜਥੇਦਾਰ ਫੇਰੂਮਾਨ ਨੂੰ ਕਿਹਾ ਕਿ "ਆਪਾਂ ਸਾਰੇ ਪੰਥ ਨੂੰ ਪਿੱਠ ਦੇ ਕੇ ਦੁਸ਼ਮਣਾਂ ਨਾਲ ਰਲਦੇ ਰਹੇ ਸਾਂ। ਸ਼ਾਇਦ ਉਸ ਗ਼ਦਾਰੀ ਦਾ ਖ਼ਮਿਆਜਾ ਭੁਗਤਣ ਵਾਸਤੇ ਅਸੀਂ ਬੀਮਾਰ ਹੋ ਕੇ ਬਿਸਤਰਿਆਂ 'ਤੇ ਰੁਲ-ਰੁਲ ਕੇ ਮਰ ਰਹੇ ਹਾਂ। ਮੈਂ ਤਾਂ ਹੁਣ ਛੇਤੀ ਟੁਰ ਜਾਣਾ ਹੈ। ਪਰ ਤੂੰ ਇੰਞ ਰੁਲ-ਰੁਲ ਕੇ ਨਾ ਮਰੀਂ। ਪੰਥ ਵਾਸਤੇ ਕੁਝ ਕਰ ਜਾਈਂ ਤਾਂ ਜੋ ਗ਼ਦਾਰੀ ਦਾ ਧੋਣਾ ਧੋ ਜਾਵੇਂ।" ਜਥੇਦਾਰ ਨਾਗੋਕੇ ਦੀ ਇਹ ਗੱਲ ਜਥੇਦਾਰ ਫੇਰੂਮਾਨ ਨੂੰ ਟੁੰਬ ਗਈ।

ਸਿਤੰਬਰ 1969 ਦੇ ਆਖ਼ਰੀ ਦਿਨ ਵਿਚ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਕੀਤਾ ਕਿ ਉਹ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਭੱਜ ਜਾਣ ਵਾਲਿਆਂ ਦਾ ਧੋਣਾ ਧੋਣ ਵਾਸਤੇ 15 ਅਗਸਤ 1969 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਮਰਨ ਵਰਤ ਰਖੇਗਾ ਅਤੇ (ਉਸ ਦੀ ਵਸੀਅਤ ਦੇ ਲਫ਼ਜ਼ਾਂ ਵਿਚ), ਸਿੱਖ ਹੋਮਲੈਂਡ ਦੀ ਆਜ਼ਾਦੀ ਤਕ ਵਰਤ ਨਹੀਂ ਛੱਡੇਗਾ। ਇਸ ਵੇਲੇ ਪੰਜਾਬ ਵਿਚ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਸੀ। ਫ਼ਤਹਿ ਸਿੰਘ ਦੀ ਹਿਦਾਇਤ 'ਤੇ ਪੰਜਾਬ ਸਰਕਾਰ ਨੇ 12 ਅਗਸਤ ਦੇ ਦਿਨ ਹੀ ਜਥੇਦਾਰ ਫੇਰੂਮਾਨ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ। ਭਾਵੇਂ ਜਥੇਦਾਰ ਫੇਰੂਮਾਨ ਨੂੰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਨਾ ਦਿੱਤੀ ਗਈ ਪਰ ਉਸ ਨੇ ਜੇਲ੍ਹ ਵਿਚ ਹੀ ਅਕਾਲ ਤਖ਼ਤ ਸਾਹਿਬ ਵੱਲ ਮੂੰਹ ਕਰ ਕੇ ਅਰਦਾਸ ਕੀਤੀ ਅਤੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੇ ਮੁਕਾਬਲੇ ਵਿਚ ਹਰਿਆਣਾ ਦੇ ਉਦੈ ਸਿੰਘ ਮਾਨ ਨੇ ਵੀ ਪਹਿਲੀ ਸਿਤੰਬਰ ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ (ਮਗਰੋਂ ਉਦੈ ਸਿੰਘ ਨੇ ਆਪਣਾ ਵਰਤ 15 ਅਕਤੂਬਰ ਨੂੰ ਛੱਡ ਦਿੱਤਾ)।

ਪਹਿਲੀ ਅਕਤੂਬਰ ਨੂੰ ਜਥੇਦਾਰ ਫੇਰੂਮਾਨ ਦੇ ਵਰਤ ਦਾ 47ਵਾਂ ਦਿਨ ਸੀ। ਇਸ ਦਿਨ ਦਰਬਾਰ ਸਾਹਿਬ ਦਾ ਸਾਬਕਾ ਹੈੱਡ ਗ੍ਰੰਥੀ, ਮਾਸਟਰ ਅਕਾਲੀ ਦਲ ਦਾ ਸਾਬਕ ਪ੍ਰਧਾਨ ਅਤੇ ਹੁਣ ਸਾਂਝੇ ਅਕਾਲੀ ਦੇ ਪਾਰਲੀਮੈਂਟਰੀ ਬੋਰਡ ਦਾ ਪ੍ਰਧਾਨ, ਗਿਆਨੀ ਭੂਪਿੰਦਰ ਸਿੰਘ ਜਥੇਦਾਰ ਫੇਰੂਮਾਨ ਨੂੰ ਮਿਲਿਆ ਤੇ ਮਰਨ ਵਰਤ ਛੱਡਣ ਦੀ ਅਪੀਲ ਕੀਤੀ। ਜਥੇਦਾਰ ਫੇਰੂਮਾਨ ਨੇ ਗਿਆਨੀ ਭੂਪਿੰਦਰ ਸਿੰਘ ਨੂੰ ਆਖਿਆ, "ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।" ਇਸ ਮਗਰੋਂ ਹੋਰਨਾਂ ਨੇ ਵੀ ਜਥੇਦਾਰ ਫੇਰੂਮਾਨ ਨੂੰ ਵਰਤ ਛੱਡਣ ਦੀ ਅਪੀਲ ਕੀਤੀ ਪਰ ਉਸ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਜਦੋਂ ਜਥੇਦਾਰ ਫੇਰੂਮਾਨ ਦਾ ਵਰਤ 59ਵੇਂ ਦਿਨ 'ਚ ਦਾਖ਼ਿਲ ਹੋ ਚੁੱਕਾ ਸੀ, ਪੰਜਾਬ ਸਰਕਾਰ ਨੇ ਉਨ੍ਹਾਂ ਤੋਂ ਪੁਲੀਸ ਦਾ ਪਹਿਰਾ ਹਟਾ ਲਿਆ ਅਤੇ ਉਨ੍ਹਾਂ 'ਤੇ ਦਾਇਰ ਕੀਤੇ ਸਾਰੇ ਮੁਕਦਮੇ ਵਾਪਿਸ ਲੈ ਲਏ। 17 ਅਕਤੂਬਰ ਨੂੰ ਸਾਰੀਆਂ ਪਾਰਟੀਆਂ ਵਲੋਂ ਚੰਡੀਗੜ੍ਹ 'ਚ ਇਕ ਵੱਡਾ ਜਲੂਸ ਕਢਿਆ ਗਿਆ, ਜਿਸ ਵਿਚ ਤਿੰਨ ਲੱਖ ਲੋਕ ਸ਼ਾਮਿਲ ਹੋਏ। ਪਰ ਕਿਸੇ ਵੀ ਸਿਆਸੀ ਪਾਰਟੀ ਨੇ ਜਥੇਦਾਰ ਫੇਰੂਮਾਨ ਦਾ ਵਰਤ ਨਾ ਅਪਣਾਇਆ। ਹੈਰਤ ਦੀ ਗੱਲ ਤਾਂ ਇਹ ਸੀ ਕਿ ਫ਼ਤਹਿ ਸਿੰਘ ਤੇ ਉਮਰਾਨੰਗਲ ਅਖ਼ੀਰਲੇ ਦਿਨ ਤਕ ਇਸ ਵਰਤ ਨੂੰ ਸਟੰਟ ਤੇ ਫ਼ਰਾਡ ਦਾ ਨਾਂ ਦੇਂਦੇ ਰਹੇ।

27 ਅਕਤੂਬਰ 1969 ਦੇ ਦਿਨ ਜਥੇਦਾਰ ਫੇਰੂਮਾਨ, ਆਪਣੇ ਮਰਨ ਵਰਤ ਦੇ 74ਵੇਂ ਦਿਨ, ਚੜ੍ਹਾਈ ਕਰ ਗਿਆ।[9] ਉਸ ਨੇ ਸੰਪੂਰਨ ਸਿੰਘ ਰਾਮਾ, ਮਾਸਟਰ ਤਾਰਾ ਸਿੰਘ ਤੇ ਫ਼ਤਹਿ ਸਿੰਘ ਵਲੋਂ ਅਰਦਾਸ ਕਰ ਕੇ ਇਸ 'ਤੇ ਪੂਰਾ ਨਾ ਉਤਰਨ ਦਾ ਦਾਗ਼ ਧੋ ਦਿੱਤਾ। ਉਸ ਨੇ ਸਿੱਖ ਦੀ ਅਰਦਾਸ 'ਤੇ ਅਮਲ ਕਰਨ ਦਾ ਪ੍ਰਣ ਜਾਨ ਦੇ ਕੇ ਨਿਭਾਇਆ।

---

9. ਵਧੇਰੇ ਤਫ਼ਸੀਲ ਵਾਸਤੇ ਵੇਖੋ : ਜੋਗਿੰਦਰ ਸਿੰਘ ਸੇਖੋਂ, *ਸਿੱਖ ਦੀ ਅਰਦਾਸ* ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਅਕਾਲੀ ਦਲ*।

ਇੱਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਸਿੱਖ ਫ਼ਲਸਫ਼ੇ ਵਿਚ ਮਰਨ ਵਰਤ ਰਖਣਾ ਜਾਇਜ਼ ਨਹੀਂ ਹੈ। ਹਾਂ, ਤਸੀਹੇ ਤੇ ਜ਼ੁਲਮ ਸਹਿੰਦਿਆਂ ਜਾਂ ਜੰਗ ਕਰਦਿਆਂ ਸ਼ਹੀਦ ਹੋਣਾ ਹੋਰ ਗੱਲ ਹੈ। ਜਥੇਦਾਰ ਫੇਰੂਮਾਨ ਦਾ ਨਾਂ ਤਾਰੀਖ਼ ਵਿਚ ਪੰਥ ਦੀ ਜੱਦੋ-ਜਹਿਦ ਵਿਚ ਸ਼ਹੀਦੀ ਕਰ ਕੇ ਨਹੀਂ ਬਲਕਿ 'ਅਰਦਾਸ ਕਰ ਕੇ ਥਿੜਕ ਜਾਨ' ਦਾ ਦਾਗ਼ ਧੋਣ ਕਰ ਕੇ ਲਿਆ ਜਾਵੇਗਾ। ਜਥੇਦਾਰ ਫੇਰੂਮਾਨ ਨੇ ਇਹ ਸਾਬਿਤ ਕਰ ਦਿੱਤਾ ਕਿ ਸਿੱਖ ਅਰਦਾਸ ਕਰ ਕੇ ਉਸ ਨੂੰ ਪੂਰੀ ਤਰ੍ਹਾਂ ਨਿਭਾਉਂਦਾ ਹੈ ਅਤੇ ਆਨੇ-ਬਹਾਨੇ ਆਪਣੀ ਜਾਨ ਬਚਾਉਣ ਲਈ ਮੈਦਾਨ ਨਹੀਂ ਛੱਡਦਾ।

ਫ਼ਤਹਿ ਸਿੰਘ ਦਾ ਆਖ਼ਰੀ ਵਰਤ

ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਦੇ ਕਾਰਨਾਮੇ ਨੇ ਫ਼ਤਹਿ ਸਿੰਘ ਦੀ ਸ਼ਖ਼ਸੀਅਤ ਨੂੰ ਬੁਰੀ ਤਰ੍ਹਾਂ ਬੌਣਾ ਕਰ ਦਿੱਤਾ ਸੀ। ਹੁਣ ਉਹ ਸਿੱਖਾਂ ਦੇ ਮਨਾਂ 'ਚੋਂ ਲਹਿ ਚੁਕਿਆ ਸੀ। ਹੋਰ ਤਾਂ ਹੋਰ, ਉਸ ਦੀ ਆਪਣੀ ਪਾਰਟੀ ਵਿਚ ਉਸ ਦੀ ਕਦਰ ਬਹੁਤ ਘੱਟ ਚੁੱਕੀ ਸੀ। ਉਸ ਨੇ ਅੱਗੇ ਲਿਆਉਣ ਵਾਲੇ ਉਮਰਾਨੰਗਲ, ਲਛਮਣ ਸਿੰਘ ਗਿਲ, ਹਰਚਰਨ ਸਿੰਘ ਹੁਡਿਆਰਾ, ਸ਼ਿਵ ਸਿੰਘ ਝਾਵਾਂ, ਹਜ਼ਾਰਾ ਸਿੰਘ ਗਿੱਲ ਤੇ ਟੌਹੜਾ ਵਗ਼ੈਰਾ ਸਨ। ਲਛਮਣ ਸਿੰਘ ਗਿੱਲ ਮਰ ਚੁਕਿਆ ਸੀ। ਹੁਡਿਆਰਾ, ਝਾਵਾਂ ਤੇ ਹਜ਼ਾਰਾ ਸਿੰਘ ਗਿੱਲ ਉਸ ਤੋਂ ਦੂਰ ਹੋ ਚੁੱਕੇ ਸਨ। ਉਮਰਾਨੰਗਲ, ਜਿਸ 'ਤੇ ਪੰਜਾਬੀ ਸੂਬਾ ਮੋਰਚੇ ਦੌਰਾਨ ਮੁਖ਼ਬਰੀ ਕਰਨ ਦਾ ਦੋਸ਼ ਵੀ ਲਗਦਾ ਸੀ ਤੇ ਕੈਰੋਂ ਨਾਲ ਸਾਂਝ ਦਾ ਵੀ, ਨੂੰ ਛੱਡ ਕੇ ਹੁਣ ਕੋਈ ਵੀ ਪੁਰਾਣਾ ਸਾਥੀ ਉਸ ਦੇ ਨਾਲ ਨਹੀਂ ਸੀ। ਉਦਾਸ, ਨਿੰਮੋਝੂਣਾ ਤੇ ਹਾਰਿਆ ਹੋਇਆ ਮਹਿਸੂਸ ਕਰਨ ਕਰ ਕੇ ਫ਼ਤਹਿ ਸਿੰਘ ਨੇ ਇਕ ਵਾਰ ਫੇਰ ਆਪਣਾ ਪੁਰਾਣਾ ਹਥਿਆਰ ਵਰਤਣ ਦੀ ਕੋਸ਼ਿਸ਼ ਕੀਤੀ ਤਾਂ ਕਿ, ਸ਼ਾਇਦ, ਉਸ ਦੀ ਡਿਗੀ ਸਾਖ ਫੇਰ ਹਰੀ ਹੋ ਸਕੇ। ਉਸ ਨੇ 24 ਨਵੰਬਰ 1969 (ਜਥੇਦਾਰ ਫੇਰੂਮਾਨ ਦੇ ਪੂਰੇ ਹੋਣ ਤੋਂ 27 ਦਿਨ ਮਗਰੋਂ) ਦੇ ਦਿਨ ਐਲਾਨ ਕੀਤਾ ਕਿ ਜੇ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਮੈਂ 26 ਜਨਵਰੀ 1970 ਦੇ ਦਿਨ ਮਰਨ ਵਰਤ ਰਖ ਕੇ ਪਹਿਲੀ ਫ਼ਰਵਰੀ 1970 ਦੇ ਦਿਨ ਸੜ ਮਰਾਂਗਾ।

ਫ਼ਤਹਿ ਸਿੰਘ ਨੇ 26 ਜਨਵਰੀ ਨੂੰ ਵਰਤ ਰਖ ਲਿਆ ਤੇ ਇਸ ਦੇ ਨਾਲ ਹੀ ਅਕਾਲੀਆਂ ਨੇ ਸਰਕਾਰ ਨਾਲ ਸੌਦੇਬਾਜ਼ੀ ਵੀ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੰਜਾਬ ਦੇ ਅਕਾਲੀ ਚੀਫ਼ ਮਨਿਸਟਰ ਗੁਰਨਾਮ ਸਿੰਘ ਨੇ ਕਈ ਵਾਰ ਇੰਦਰਾ ਗਾਂਧੀ ਨਾਲ ਗਲਬਾਤ ਕੀਤੀ। 29 ਜਨਵਰੀ ਨੂੰ ਇੰਦਰਾ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰ ਦਿੱਤਾ ਤੇ ਇਸ ਦੇ ਬਦਲੇ ਪੰਜਾਬ ਦੀਆਂ ਫ਼ਾਜ਼ਿਲਕਾ ਤੇ ਅਬੋਹਰ ਤਹਿਸੀਲਾਂ ਦੇ 114 ਪਿੰਡਾਂ ਦੀ 855 ਕਿਲੋਮੀਟਰ ਜ਼ਰਖ਼ੇਜ਼ ਜ਼ਮੀਨ ਹਰਿਆਣੇ ਨੂੰ ਦਿੱਤੀ ਜਾਣੀ ਸੀ। ਇਨ੍ਹਾਂ ਪਿੰਡਾਂ ਨੂੰ ਹਰਿਆਣਾ ਨਾਲ ਜੋੜਨ ਵਾਸਤੇ ਇਕ ਫ਼ਰਲਾਂਗ ਦੀ ਪੱਟੀ ਵੀ ਪੰਜਾਬ ਵਿਚੋਂ ਦਿੱਤੀ ਜਾਣੀ ਸੀ। ਇਸ ਤੋਂ ਇਲਾਵਾ 10 ਕਰੋੜ ਰੁਪਏ ਮਦਦ ਤੇ 10 ਕਰੋੜ ਰੁਪਏ ਕਰਜ਼ਾ ਵੀ ਹਰਿਆਣੇ ਨੂੰ ਨਵੀਂ ਰਾਜਧਾਨੀ ਵਸਾਉਣ ਵਾਸਤੇ ਮਿਲਣਾ ਸੀ। ਚੰਡੀਗੜ੍ਹ ਪੰਜਾਬ ਨੂੰ ਇਸ ਸਾਰਾ ਕੁਝ ਮਗਰੋਂ 5 ਸਾਲ ਬਾਅਦ 29 ਜਨਵਰੀ 1975 ਨੂੰ ਮਿਲਣਾ ਸੀ।

ਇੰਦਰਾ ਦਾ ਇਹ ਐਲਾਨ ਫ਼ਤਹਿ ਸਿੰਘ ਦੇ ਮਰਨ ਵਰਤ ਦੀ ਸ਼ਰਤ ਪੂਰੀ ਨਹੀਂ

ਸੀ ਕਰਦਾ। ਪੰਜਾਬ ਭਰ ਵਿਚ ਸਿੱਖਾਂ ਨੇ ਇਸ ਐਲਾਨ 'ਤੇ ਗ਼ੁੱਸੇ ਦਾ ਇਜ਼ਹਾਰ ਕੀਤਾ। ਰੋਪੜ, ਜਲੰਧਰ, ਫ਼ਾਜ਼ਿਲਕਾ, ਮੋਗਾ, ਅਬੋਹਰ, ਫ਼ਰੀਦਕੋਟ, ਮਲੇਰਕੋਟਲਾ, ਬਠਿੰਡਾ, ਸਰਹਿੰਦ, ਕਪੂਰਥਲਾ, ਲੁਧਿਆਣਾ, ਪਟਿਆਲਾ ਤੇ ਅੰਮ੍ਰਿਤਸਰ ਵਿਚ ਰੋਸ ਜਲੂਸ ਕੱਢੇ ਗਏ। ਕਈ ਥਾਂਈਂ ਫ਼ਤਹਿ ਸਿੰਘ ਦੇ ਪੁਤਲੇ ਵੀ ਸਾੜੇ ਗਏ। ਇਸ ਦੀ ਪਰਵਾਹ ਕੀਤੇ ਬਿਨਾਂ ਫ਼ਤਹਿ ਸਿੰਘ ਨੇ 30 ਜਨਵਰੀ ਨੂੰ ਸ਼ਾਮ ਸਾਢੇ ਪੰਜ ਵਜੇ ਆਪਣਾ ਵਰਤ ਖੋਲ੍ਹ ਦਿੱਤਾ। ਪਰ ਇਸ ਵਾਰ ਫ਼ਤਹਿ ਸਿੰਘ ਨੇ ਵਰਤ ਲੋਕਾਂ ਦੇ ਸਾਹਮਣੇ ਖੋਲ੍ਹਣ ਦੀ ਬਜਾਇ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਦੀ ਇਮਾਰਤ ਵਿਚ ਖੋਲ੍ਹਿਆ। ਚੌਥੀ ਵਾਰ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਤੋੜਨ ਮਗਰੋਂ ਫ਼ਤਹਿ ਸਿੰਘ ਕੋਲ ਲੋਕਾਂ ਸਾਹਵੇਂ ਆਉਣ ਦਾ ਹੀਆ ਨਹੀਂ ਪੈਂਦਾ ਸੀ।

ਪੰਜਾਬ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਨੇ 1 ਫ਼ਰਵਰੀ ਦੇ ਦਿਨ ਆਪਣੀ ਮੀਟਿੰਗ ਵਿਚ ਇੰਦਰਾ ਗਾਂਧੀ ਦੇ ਐਲਾਨ ਦੀ ਡੱਟ ਕੇ ਮੁਖ਼ਾਲਫ਼ਤ ਕੀਤੀ। ਉਸ ਨੇ ਇਸ ਨੂੰ 855 ਕਿਲੋਮੀਟਰ ਬਦਲੇ 55 ਕਿਲੋਮੀਟਰ ਜ਼ਮੀਨ ਲੈਣ ਨੂੰ 'ਚਿੱਟਾ ਹਾਥੀ' ਖ਼ਰੀਦਣ ਨਾਲ ਤਸ਼ਬੀਹ ਦਿੱਤੀ।[10] 23 ਫ਼ਰਵਰੀ ਨੂੰ ਪੰਜਾਬ ਅਸੈਂਬਲੀ ਦੇ ਸੈਸ਼ਨ ਵਿਚ ਕਾਂਗਰਸ ਤੇ ਹੋਰ ਪਾਰਟੀਆਂ ਨੇ ਅਕਾਲੀਆਂ ਦੀ ਇੰਦਰਾ ਨਾਲ ਸੌਦੇਬਾਜ਼ੀ ਨੂੰ ਫ਼ਤਹਿ ਸਿੰਘ ਦੀ ਜਾਨ ਬਚਾਉਣ ਵਾਸਤੇ ਪੰਜਾਬ ਨਾਲ ਧੋਖਾ ਤੇ ਧੱਕਾ ਆਖਿਆ।

ਭਾਵੇਂ ਫ਼ਤਹਿ ਸਿੰਘ ਜਾਂ ਅਕਾਲੀ ਦਲ (ਹੁਣ ਸਿਰਫ਼ ਇਕੋ ਅਕਾਲੀ ਦਲ ਸੀ) ਨੇ ਇਸ ਸੌਦੇਬਾਜ਼ੀ ਦੀ ਮੁਖ਼ਾਲਫ਼ਤ ਦੀ ਜ਼ਰਾ ਵੀ ਪਰਵਾਹ ਨਾ ਕੀਤੀ, ਪਰ ਲੋਕਾਂ ਵਿਚ ਦਲ ਦੀ ਸਾਖ ਨੂੰ ਬੜਾ ਧੱਕਾ ਲੱਗਾ। ਫ਼ਤਹਿ ਸਿੰਘ ਦੀ ਸਿਆਸੀ ਜ਼ਿੰਦਗੀ ਦਾ ਜ਼ਵਾਲ ਇਸ ਮੁਕਾਮ ਤੋਂ ਹੀ ਸ਼ੁਰੂ ਹੋ ਗਿਆ। ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਚਾਰ ਵਾਰ ਮੈਦਾਨੋਂ ਭੱਜ ਜਾਣ ਵਾਲਾ ਫ਼ਤਹਿ ਸਿੰਘ, ਜੋ 1960 ਵਿਚ ਸਿੱਖ ਪੰਥ ਵਿਚ ਹੀਰੋ ਬਣ ਕੇ ਉਭਰਿਆ ਸੀ ਅਤੇ 1962 ਵਿਚ ਕਾਂਗਰਸ, ਨਹਿਰੂ, ਕੈਰੋਂ, ਜਨਸੰਘ ਤੇ ਕਮਿਊਨਿਸਟਾਂ ਦੀ ਮਦਦ ਨਾਲ ਵੱਡੀ ਸਿਆਸੀ ਤਾਕਤ ਦਾ ਮਾਲਿਕ ਬਣ ਗਿਆ ਸੀ, ਸਿਰਫ਼ ਅੱਠ ਸਾਲ ਵਿਚ ਹੀ ਇਹ 'ਹੀਰੋ' ਤੋਂ 'ਜ਼ੀਰੋ' ਬਣ ਚੁੱਕਾ ਸੀ ਤੇ ਉਸ ਦੀ ਸ਼ਖ਼ਸੀਅਤ ਦੀ ਬੇਹਦ ਕਮਜ਼ੋਰ ਹੋ ਚੁੱਕੀ ਦੀਵਾਰ, ਇਕ ਨਿੱਕੇ ਜਿਹੇ ਧੱਕੇ ਦੀ ਉਡੀਕ ਕਰ ਰਹੀ ਸੀ।

ਮਾਰਚ 1970 ਵਿਚ ਰਾਜ ਸਭਾ ਦੀਆਂ ਸੀਟਾਂ ਦੀ ਵੰਡ ਦੇ ਮਸਲੇ 'ਤੇ ਗਿਆਨੀ ਭੂਪਿੰਦਰ ਸਿੰਘ ਅਤੇ ਜਥੇਦਾਰ ਸੰਤੋਖ ਸਿੰਘ (ਦਿੱਲੀ) ਵਿਚਕਾਰ ਟਕਰਾਅ ਆ ਜਾਣ ਵੇਲੇ ਜਸਟਿਸ ਗੁਰਨਾਮ ਸਿੰਘ ਨੇ ਗਿਆਨੀ ਭੂਪਿੰਦਰ ਸਿੰਘ ਦਾ ਸਾਥ ਦਿੱਤਾ। ਸੰਤੋਖ ਸਿੰਘ ਦੇ ਹਾਰਨ ਮਗਰੋਂ ਫ਼ਤਹਿ ਸਿੰਘ ਨੇ ਗੁਰਨਾਮ ਸਿੰਘ ਦੀ ਥਾਂ, 27 ਮਾਰਚ 1970 ਨੂੰ, ਪਰਕਾਸ਼ ਸਿੰਘ ਬਾਦਲ ਨੂੰ ਚੀਫ਼ ਮਨਿਸਟਰ ਬਣਾ ਦਿੱਤਾ। 31 ਮਾਰਚ ਨੂੰ ਫ਼ਤਹਿ ਸਿੰਘ ਨੇ ਗੁਰਨਾਮ ਸਿੰਘ, ਆਤਮਾ ਸਿੰਘ ਤੇ ਗੁਰਚਰਨ ਸਿੰਘ, ਨਿਹਾਲ ਸਿੰਘ ਵਾਲਾ ਨੂੰ ਪਾਰਟੀ 'ਚੋਂ ਕਢ ਦਿੱਤਾ। ਗਿਆਨੀ ਭੂਪਿੰਦਰ ਸਿੰਘ ਨੂੰ ਪਹਿਲਾਂ ਹੀ ਕੱਢਿਆ ਜਾ ਚੁੱਕਾ ਸੀ। ਇਸ 'ਤੇ ਗੁਰਨਾਮ ਸਿੰਘ ਨੇ ਫ਼ਤਹਿ ਸਿੰਘ ਤੇ ਕੈਰੋਂ ਵਿਚਕਾਰ ਹੋਈ ਖ਼ੁਫ਼ੀਆ ਖ਼ਤੋ-ਖ਼ਿਤਾਬਤ ਪ੍ਰੈਸ ਵਿਚ ਛਾਇਆ ਕਰ ਦਿੱਤੀ। ਇਸ ਨਾਲ ਫ਼ਤਹਿ ਸਿੰਘ ਦੀ ਬਹੁਤ

---

10. *The Tribune,* February 24, 1970.

ਬਦਨਾਮੀ ਹੋਈ। ਇਸ ਤੋਂ ਅਗਲੇ ਦਸ ਮਹੀਨਿਆਂ ਵਿਚ ਅਕਾਲੀ ਪਾਰਟੀ ਅੰਦਰ ਸਾਜ਼ਿਸ਼ੀ ਮਾਹੌਲ ਜਾਰੀ ਰਿਹਾ ਤੇ ਇਕ ਦੂਜੇ ਨੂੰ 'ਭੁੰਜੇ ਲਾਹੁਣ' ਦੀਆਂ ਤਰਕੀਬਾਂ ਬਣਦੀਆਂ ਰਹੀਆਂ।

ਮਾਰਚ 1971 ਵਿਚ ਲੋਕ ਸਭਾ ਦੀਆਂ ਚੋਣਾਂ ਆ ਗਈਆਂ। ਅਕਾਲੀਆਂ ਦੀ ਆਪਸੀ ਫੁਟ, ਚੰਡੀਗੜ੍ਹ ਦੇ ਮਸਲੇ ਤੇ ਫ਼ਤਹਿ ਸਿੰਘ ਵਲੋਂ ਮਰਨ ਵਰਤ ਰੱਖ ਕੇ ਪੰਜਾਬ ਨੂੰ ਕੁਝ ਲੈ ਕੇ ਦੇਣ ਦੀ ਬਜਾਇ ਸਗੋਂ ਨੁਕਸਾਨ ਕਰਨਾ, ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਮੈਦਾਨ ਛਡਣਾ ਇਕ ਪਾਸੇ ਤੇ ਸਰਕਾਰ ਦੀ ਕਾਰਗੁਜ਼ਾਰੀ ਦੇ ਹੱਕ ਵਿਚ ਪ੍ਰਚਾਰ ਦੀ ਅਣਹੋਂਦ ਨੇ ਦੂਜੇ ਪਾਸੇ, ਚੋਣਾਂ ਵਿਚ ਅਕਾਲੀਆਂ ਨੂੰ ਬੁਰੀ ਤਰ੍ਹਾਂ ਹਾਰ ਦਿਵਾਈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਅਕਾਲੀ 12 ਸੀਟਾਂ ਹਾਰ ਗਏ। ਲੋਕ ਸਭਾ 'ਚ 117 ਅਸੈਂਬਲੀ ਹਲਕਿਆਂ ਵਿਚੋਂ ਸਿਰਫ਼ 29 ਸੀਟਾਂ 'ਤੇ ਅਕਾਲੀਆਂ ਦੀਆਂ ਵੋਟਾਂ ਵੱਧ ਨਿਕਲੀਆਂ। ਇਸ ਤੋਂ ਸਾਫ਼ ਜ਼ਾਹਿਰ ਸੀ ਕਿ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਅਗਲੀ ਵਾਰ ਅਕਾਲੀ ਬੁਰੀ ਤਰ੍ਹਾਂ ਹਾਰ ਜਾਣਗੇ।

ਸਿਰਫ਼ ਇਹ ਹਾਰ ਹੀ ਨਹੀਂ ਬਲਕਿ ਅਕਾਲੀਆਂ ਦੀ ਅੰਦਰੂਨੀ ਫੁਟ ਨੇ ਵੀ ਸਾਜ਼ਿਸ਼ੀ ਸ਼ਕਲ ਅਤੇ ਸਿਵਲ ਵਾਰ ਦੀ ਹਾਲਤ ਅਖ਼ਤਿਆਰ ਕਰ ਲਈ ਸੀ। 13 ਜੂਨ 1971 ਦੇ ਦਿਨ ਬਾਦਲ ਨੇ ਗਵਰਨਰ ਨੂੰ ਅਸਤੀਫ਼ਾ ਦੇ ਕੇ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਕੀਤੀ।

ਇਸ ਤੋਂ ਕੁਝ ਦਿਨ ਪਹਿਲਾਂ ਹੀ ਬੀਬੀ ਨਿਰਲੇਪ ਕੌਰ ਨੇ ਦਿੱਲੀ ਦੇ ਗੁਰਦੁਆਰਿਆਂ 'ਤੇ ਕਬਜ਼ਾ ਕਰ ਕੇ ਫ਼ਤਹਿ ਸਿੰਘ ਧੜੇ ਤੋਂ ਗੁਰਦੁਆਰਾ ਇੰਤਜ਼ਾਮ ਖੋਹ ਲਿਆ ਸੀ। ਇਸ ਮਗਰੋਂ ਭਾਰਤ ਸਰਕਾਰ ਨੇ ਦਿੱਲੀ ਦੇ ਗੁਰਦੁਆਰਿਆਂ ਵਾਸਤੇ ਵੱਖਰੀ ਗੁਰਦੁਆਰਾ ਕਮੇਟੀ ਬਣਾਨ ਲਈ ਕਾਨੂੰਨ ਪਾਸ ਕਰ ਦਿੱਤਾ। ਫ਼ਤਹਿ ਸਿੰਘ ਨੇ ਇਸ ਦੇ ਖ਼ਿਲਾਫ਼ 21 ਜੁਲਾਈ 1971 ਦੇ ਦਿਨ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ 13 ਅਕਤੂਬਰ 1971 ਤਕ ਪੌਣੇ ਤਿੰਨ ਸਾਲ ਚਲਿਆ ਤੇ 7456 ਅਕਾਲੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। 3 ਦਿਸੰਬਰ ਨੂੰ ਭਾਰਤ-ਪਾਕਿ ਜੰਗ ਸ਼ੁਰੂ ਹੋ ਗਈ। ਫ਼ਤਹਿ ਸਿੰਘ ਨੇ ਜੰਗ ਦਾ ਬਹਾਨਾ ਲਾ ਕੇ 6 ਦਿਸੰਬਰ ਨੂੰ ਇਹ ਮੋਰਚਾ ਬੰਦ ਕਰ ਦਿੱਤਾ।

ਜੰਗ ਮੁਕਣ ਮਗਰੋਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। 12 ਮਾਰਚ 1972 ਦੇ ਦਿਨ ਹੋਈਆਂ ਚੋਣਾਂ ਵਿਚ ਕਾਂਗਰਸ ਨੇ 66 ਤੇ ਅਕਾਲੀਆਂ ਨੇ 24 ਸੀਟਾਂ ਹਾਸਿਲ ਕੀਤੀਆਂ। ਨੌਜਵਾਨ ਅਕਾਲੀ ਆਗੂਆਂ ਨੇ ਅਕਾਲੀ ਦਲ ਦੀ ਹਾਰ ਨੂੰ ਫ਼ਤਹਿ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖਿਆ। 17 ਮਾਰਚ 1972 ਦੇ ਦਿਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਫ਼ਤਹਿ ਸਿੰਘ ਤੋਂ ਮੰਗ ਕੀਤੀ ਕਿ ਉਹ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਣ। 19 ਮਾਰਚ ਨੂੰ ਫ਼ਤਹਿ ਸਿੰਘ ਨੇ ਸਿਆਸਤ ਛਡਣ ਦਾ ਐਲਾਨ ਕਰ ਦਿੱਤਾ। ਉਸ ਨੇ 25 ਮਾਰਚ ਨੂੰ ਜਥੇਦਾਰ ਮੋਹਨ ਸਿੰਘ ਤੁੜ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾ ਦਿੱਤਾ। 11 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਜਥੇਦਾਰ ਤੁੜ ਨੂੰ ਰਸਮੀ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ। ਫ਼ਤਹਿ ਸਿੰਘ ਨੂੰ ਆਸ ਸੀ ਕਿ ਜਨਰਲ ਇਜਲਾਸ 'ਚ ਉਸ ਨੂੰ ਸਰਪ੍ਰਸਤ, ਚੇਅਰਮੈਨ ਜਾਂ ਕੁਝ ਅਜਿਹਾ ਰਸਮੀ ਸਨਮਾਨ ਜ਼ਰੂਰ ਦਿੱਤਾ ਜਾਇਗਾ। ਪਰ ਜਦੋਂ ਅਜਿਹਾ

ਕੁਝ ਨਾ ਹੋਇਆ ਤਾਂ ਫ਼ਤਹਿ ਸਿੰਘ ਨੂੰ ਬੜਾ ਸਦਮਾ ਲਗਾ। ਇਸ ਬੇਇਜ਼ਤੀ ਨੇ ਉਸ ਦਾ ਦਿਲ ਤੋੜ ਦਿੱਤਾ। ਇਸ ਵੇਲੇ ਉਹ ਇਕ ਨਿੰਮੋਝੂਣਾ, ਉਦਾਸ, ਹਾਰਿਆ ਹੋਇਆ, ਬੇਬਸ, ਮੁਰਝਾਇਆ ਹੋਇਆ, ਬੇਦਿਲ, ਬੇਜਾਨ ਸ਼ਖ਼ਸ ਸੀ। ਇਸ ਹਾਲਤ ਵਿਚ ਉਹ 20 ਦਿਨ ਵੀ ਨਾ ਕੱਢ ਸਕਿਆ। 30 ਅਕਤੂਬਰ ਦੇ ਦਿਨ ਉਸ ਦੀ ਮੌਤ ਹੋ ਗਈ। ਉਸ ਦਾ ਯਾਰ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਚੰਨਣ ਸਿੰਘ ਵੀ ਉਸ ਤੋਂ 24 ਦਿਨ ਮਗਰੋਂ, 23 ਨਵੰਬਰ ਨੂੰ, ਦੁਨੀਆਂ ਛੱਡ ਗਿਆ।

ਕਰਨਾਲ ਮੋਰਚਾ

ਚੰਨਣ ਸਿੰਘ ਦੇ ਟੁਰ ਜਾਣ ਪਿੱਛੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੰਭਾਲੀ। ਜਥੇਦਾਰ ਤੁੜ ਤੇ ਜਥੇਦਾਰ ਟੌਹੜਾ ਦੀ ਅਗਵਾਈ ਹੇਠ ਨਵੀਂ ਲੀਡਰਸ਼ਿਪ ਵਾਸਤੇ ਪਹਿਲਾ ਚੈਲੰਜ ਮਈ 1973 ਵਿਚ ਆਇਆ। ਨਵੀਂ ਅਕਾਲੀ ਲੀਡਰਸ਼ਿਪ ਨੇ ਕਣਕ ਤੇ ਚਾਵਲਾਂ ਦੇ ਰੇਟ ਵਿਚ ਵਾਧੇ ਦੀ ਮੰਗ ਪੇਸ਼ ਕਰਨ ਵਾਸਤੇ ਕਰਨਾਲ ਵਿਚ ਇਕ ਕਾਨਫ਼ਰੰਸ ਰੱਖੀ। ਉਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਬੰਸੀ ਲਾਲ ਸੀ। ਉਸ ਨੇ ਇਸ ਕਾਨਫ਼ਰੰਸ 'ਤੇ ਪਾਬੰਦੀ ਲਾ ਦਿੱਤੀ। ਅਕਾਲੀ ਦਲ ਨੇ ਇਸ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। 2 ਹਜ਼ਾਰ ਤੋਂ ਵੱਧ ਅਕਾਲੀਆਂ ਨੇ ਇਸ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਅਖ਼ੀਰ 31 ਜੁਲਾਈ ਨੂੰ ਬੰਸੀ ਲਾਲ ਨੇ ਗੋਡੇ ਟੇਕ ਦਿੱਤੇ ਤੇ ਕਾਨਫ਼ਰੰਸ ਤੋਂ ਪਾਬੰਦੀ ਹਟਾ ਲਈ। ਇੰਞ ਨਵੀਂ ਲੀਡਰਸ਼ਿਪ ਇਹ ਮੋਰਚਾ ਜਿਤਣ ਨਾਲ ਆਪਣਾ ਦਬਦਬਾ ਕਾਇਮ ਕਰ ਗਈ।

ਅਨੰਦਪੁਰ ਸਾਹਿਬ ਦਾ ਮਤਾ

11 ਦਿਸੰਬਰ 1972 ਦੇ ਦਿਨ ਨਵੀਂ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ (ਪਾਲਿਸੀ ਪ੍ਰੋਗਰਾਮ) ਬਣਾਨ ਵਾਸਤੇ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਗੁਰਮੀਤ ਸਿੰਘ ਮੁਕਤਸਰ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਸਾਬਕ ਐਮ.ਐਲ.ਏ., ਅਮਰ ਸਿੰਘ ਅੰਬਾਲਵੀ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ, ਸੁਰਜੀਤ ਬਰਨਾਲਾ ਅਤੇ ਉਮਰਾਨੰਗਲ ਸ਼ਾਮਿਲ ਸਨ। ਇਸ ਕਮੇਟੀ ਨੇ ਅਕਾਲੀ ਦਲ ਦੇ ਸਿਆਸੀ, ਮਾਲੀ, ਧਾਰਮਿਕ ਤੇ ਸਮਾਜਿਕ ਪ੍ਰੋਗਰਾਮ ਬਾਰੇ ਨਵਾਂ ਮੈਨੀਫ਼ੈਸਟੋ ਤਿਆਰ ਕੀਤਾ। ਇਸ ਮੈਨੀਫ਼ੈਸਟੋ 'ਚ ਸਿਆਸੀ ਨਿਸ਼ਾਨੇ ਦੇ ਲਫ਼ਜ਼ ਸਨ :

> **ਪੰਥਕ ਸਿਆਸੀ ਨਿਸ਼ਾਨਾ ਨਿਸਚੇ ਤੌਰ 'ਤੇ ਦਸਮ ਪਾਤਿਸ਼ਾਹ ਦੇ ਹੁਕਮਾਂ, ਸਿੱਖ ਤਵਾਰੀਖ਼ ਦੇ ਸਫ਼ਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ਹੈ : ਖਾਲਸਾ ਜੀ ਦੇ ਬੋਲ ਬਾਲੇ। ਖਾਲਸਾ ਜੀ ਦੇ ਇਸ ਜਨਮ ਸਿੱਧ ਹੱਕ ਨੂੰ ਵਜੂਦ ਵਿਚ ਲਿਆਉਣ ਵਾਸਤੇ ਲੋੜੀਂਦੇ ਦੇਸ਼ ਕਾਲ ਅਤੇ ਸਿਆਸੀ ਆਈਨ ਨੂੰ ਬਣਾਉਣਾ ਤੇ ਕਾਇਮ ਕਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।**

ਸ਼੍ਰੋਮਣੀ ਅਕਾਲੀ ਦਲ ਦੇ ਇਸ ਮੈਨਫ਼ੈਸਟੋ ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ, ਜਿਹੜੀ ਕਿ 16-17 ਅਕਤੂਬਰ 1973 ਦੇ ਦਿਨ ਅਨੰਦਪੁਰ ਸਾਹਿਬ ਵਿਚ

ਹੋਈ ਸੀ, ਵਿਚ ਮਨਜ਼ੂਰੀ ਦਿੱਤੀ ਗਈ। ਇਸ ਕਰ ਕੇ ਇਸ ਨੂੰ **ਅਨੰਦਪੁਰ ਸਾਹਿਬ ਦਾ ਮਤਾ** ਆਖਿਆ ਜਾਣ ਲੱਗ ਪਿਆ। ਸ਼੍ਰੋਮਣੀ ਅਕਾਲੀ ਦਲ ਨੇ ਇਸ ਮਤੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਨਹੀਂ ਬਲਕਿ ਅਨੰਦਪੁਰ ਸਾਹਿਬ ਤੋਂ ਪਾਸ ਕੀਤਾ ਸੀ।

ਸਿਰਦਾਰ ਕਪੂਰ ਸਿੰਘ ਨੂੰ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਬਣਾਉਣਾ

ਅਨੰਦਪੁਰ ਸਾਹਿਬ ਦਾ ਮਤਾ ਰਸਮੀ ਤੌਰ 'ਤੇ ਪਾਸ ਕਰਨ ਤੋਂ ਤਿੰਨ ਦਿਨ ਪਹਿਲਾਂ 13 ਅਕਤੂਬਰ 1973 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਸਾਧੂ ਸਿੰਘ ਭੌਰਾ ਨੇ ਸਿਰਦਾਰ ਕਪੂਰ ਸਿੰਘ ਨੂੰ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦਾ ਅਹੁਦਾ, ਸਨਮਾਨ ਵਜੋਂ ਦੇਣ ਦੀ ਰਸਮ ਅਦਾ ਕੀਤੀ। ਇਸ ਸਬੰਧੀ ਆਪ ਨੂੰ ਚਾਂਦੀ ਦੀ ਸੁਨਹਿਰੇ ਚੌਖਟੇ ਵਾਲੀ ਇਕ ਤਸ਼ਤਰੀ ਭੇਟ ਕੀਤੀ ਗਈ ਤੇ ਨਾਲ ਹੀ ਸ੍ਰੀ ਸਾਹਿਬ ਅਤੇ ਸਿਰੋਪਾਓ ਵੀ ਭੇਟ ਕੀਤਾ ਗਿਆ। ਸਿਰਦਾਰ ਕਪੂਰ ਸਿੰਘ ਨੂੰ ਇਹ ਸਨਮਾਨ ਸਵੇਰੇ ਸੱਤ ਵਜੇ ਦਿੱਤਾ ਗਿਆ ਅਤੇ ਸ਼ਾਮ ਨੂੰ ਇਕ ਸ਼ਾਨਦਾਰ ਚਾਹ ਪਾਰਟੀ ਵੀ ਦਿੱਤੀ ਗਈ, ਜਿਸ ਵਿਚ ਟੌਹੜਾ ਅਤੇ ਅਕਾਲੀ ਆਗੂਆਂ ਤੋਂ ਸਿਵਾ ਮੁਕਾਮੀ ਸਿੱਖ ਵਿਦਵਾਨ ਵੀ ਹਾਜ਼ਿਰ ਸਨ। [ਪਰ ਸਿਰਦਾਰ ਕਪੂਰ ਸਿੰਘ ਨੂੰ ਇਹ ਸਨਮਾਨ ਦੇਣ ਮਗਰੋਂ, ਕਿਸੇ ਵੀ ਅਕਾਲੀ ਆਗੂ ਨੇ ਉਨ੍ਹਾਂ ਦੀ ਮੌਤ (13 ਅਗਸਤ 1986) ਤਕ ਉਨ੍ਹਾਂ ਦੀ ਕਦੇ ਵੀ ਸਾਰ ਨਹੀਂ ਲਈ।]

ਅੰਦਰੂਨੀ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ

1974 ਵਿਚ ਭਾਰਤ ਵਿਚ ਅਪੋਜ਼ੀਸ਼ਨ ਪਾਰਟੀਆਂ ਵਲੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਖ਼ਿਲਾਫ਼ ਜੱਦੋ-ਜਹਿਦ ਸ਼ੁਰੂ ਹੋ ਗਈ। ਇਸ ਜੱਦੋ-ਜਹਿਦ ਦਾ ਸਿਖ਼ਰ ਅਕਤੂਬਰ 1974 ਤਕ ਆ ਚੁੱਕਾ ਸੀ। 28 ਅਕਤੂਬਰ 1974 ਦੇ ਦਿਨ ਇਸ ਲਹਿਰ ਦਾ ਆਗੂ ਜੈ ਪ੍ਰਕਾਸ਼ ਨਾਰਾਇਣ ਲੁਧਿਆਣਾ ਵਿਚ ਆਇਆ। 7-8 ਲੱਖ ਨੀਲੀਆਂ ਪੱਗਾਂ ਦੇ ਜਲੂਸ ਨੇ ਸ਼੍ਰੋਮਣੀ ਅਕਾਲੀ ਦਲ ਦੀ 1929 ਤੇ 1956 ਦੇ ਜਲੂਸਾਂ ਵਾਲੀ ਸ਼ਾਨ ਦਾ ਜਲਵਾ ਇਕ ਵਾਰ ਫੇਰ ਪੇਸ਼ ਕਰ ਦਿੱਤਾ। ਉਦੋਂ ਅਕਾਲੀ ਦਲ ਦੇ ਆਗੂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਸਨ ਤੇ ਇਸ ਸਾਲ ਜਥੇਦਾਰ ਜਗਦੇਵ ਸਿੰਘ ਤਲਵੰਡੀ ਸੀ। ਅਗਲੇ 6-7 ਮਹੀਨਿਆਂ ਵਿਚ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਾਲੀ ਜੱਦੋ-ਜਹਿਦ ਭਾਰਤ ਭਰ ਵਿਚ ਇਕ ਜ਼ਬਰਦਸਤ ਲਹਿਰ ਬਣ ਚੁੱਕੀ ਸੀ।

ਇੱਤਫ਼ਾਕਨ ਇੰਦਰਾ ਗਾਂਧੀ ਦੇ ਖ਼ਿਲਾਫ਼ ਰਾਜ ਨਾਰਾਇਣ ਵਲੋਂ ਦਾਇਰ ਕੀਤੀ ਰਿਟ ਦਾ ਫ਼ੈਸਲਾ 12 ਜੂਨ 1975 ਦੇ ਦਿਨ ਸੁਣਾਇਆ ਗਿਆ ਤੇ ਇੰਦਰਾ ਦੀ ਚੋਣ ਰੱਦ ਕਰ ਦਿੱਤੀ ਗਈ। ਇੰਦਰਾ ਨੇ ਅਸਤੀਫ਼ਾ ਦੇਣ ਦੀ ਬਜਾਏ ਮੁਲਕ ਵਿਚ ਅੰਦਰੂਨੀ ਐਮਰਜੈਂਸੀ ਲਾਉਣ ਦਾ ਐਲਾਨ ਕਰ ਦਿੱਤਾ। 25 ਜੂਨ ਨੂੰ ਇੰਦਰਾ ਨੇ ਆਈਨ ਮੁਅੱਤਲ ਕਰ ਕੇ ਸਾਰੀ ਅਪੋਜ਼ੀਸ਼ਨ ਲੀਡਰਸ਼ਿਪ ਜੇਲ੍ਹਾਂ ਵਿਚ ਸੁੱਟ ਦਿੱਤੀ। ਗ੍ਰਿਫ਼ਤਾਰ ਕੀਤੇ ਆਗੂਆਂ ਵਿਚ ਕੋਈ ਵੀ ਅਕਾਲੀ ਨਹੀਂ ਸੀ। ਇਨ੍ਹਾਂ ਦਿਨਾਂ ਵਿਚ ਇੰਦਰਾ ਨੇ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਕੁਝ ਆਗੂ ਉਸ ਨਾਲ ਮਿਲਵਰਤਣ ਵਾਸਤੇ ਤਿਆਰ ਹੋ ਗਏ ਪਰ ਦੂਜੇ ਪਾਸੇ ਕੁਝ ਆਗੂ ਇੰਦਰਾ ਦੇ ਮੁਖ਼ਾਲਿਫ਼ ਪਾਰਟੀਆਂ ਨਾਲ

ਸਾਂਝ ਪਾਉਣਾ ਚਾਹੁੰਦੇ ਸਨ। 7 ਜੁਲਾਈ 1975 ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਇੰਦਰਾ ਦੇ ਮੁਖ਼ਾਲਿਫ਼ ਲਾਬੀ ਕਾਮਯਾਬ ਹੋ ਗਈ ਤੇ ਦਲ ਨੇ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਮਤਾ ਪਾਸ ਕਰ ਦਿੱਤਾ।

9 ਜੁਲਾਈ 1975 ਦੇ ਦਿਨ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਾਬਕ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ, ਸੀਨੀਅਰ ਆਗੂ ਬਸੰਤ ਸਿੰਘ ਖਾਲਸਾ ਵਗ਼ੈਰਾ ਨੇ ਪਹਿਲਾ ਜਥਾ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਾ ਸੋਧ ਕੇ ਗ੍ਰਿਫ਼ਤਾਰੀ ਦਿੱਤੀ। ਇਹ ਮੋਰਚਾ ਐਮਰਜੈਂਸੀ ਖ਼ਤਮ ਹੋਣ ਤਕ (ਜਨਵਰੀ 1977 ਤਕ) ਤਕਰੀਬਨ ਡੇਢ ਸਾਲ ਚਲਦਾ ਰਿਹਾ। ਇਸ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਲੇ ਜਥਿਆਂ ਵਿਚ 43000 ਦੇ ਕਰੀਬ ਲੋਕ ਸ਼ਾਮਿਲ ਹੋਏ। ਸ਼ੁਰੂ-ਸ਼ੁਰੂ ਵਿਚ ਤਾਂ ਇਸ ਮੋਰਚੇ ਵਿਚ ਕਾਫ਼ੀ ਅਕਾਲੀ ਵਰਕਰ ਜਾਂਦੇ ਰਹੇ ਪਰ ਅਖ਼ੀਰਲੇ 8-10 ਮਹੀਨੇ ਤਾਂ ਸਿਰਫ਼ ਰਸਮੀ ਮੋਰਚਾ ਹੀ ਰਹਿ ਗਿਆ ਸੀ ਤੇ ਸਰਕਾਰ ਵੀ ਜਥੇ ਦੇ ਲੀਡਰ ਨੂੰ ਗ੍ਰਿਫ਼ਤਾਰ ਕਰ ਕੇ ਬਾਕੀਆਂ ਨੂੰ ਰਿਹਾਅ ਕਰ ਦੇਂਦੀ ਸੀ। ਇਸ ਵੇਲੇ ਦਲ ਦੇ ਵਰਕਰਾਂ ਦਾ ਇਕ ਵੱਡਾ ਹਿੱਸਾ ਗ੍ਰਿਫ਼ਤਾਰੀਆਂ ਦੇਣ ਦੇ ਖ਼ਿਲਾਫ਼ ਹੋ ਚੁੱਕਾ ਸੀ। ਇਸ ਕਰ ਕੇ ਰਸਮੀ ਤੌਰ 'ਤੇ 5 ਤੋਂ 11 ਤਕ ਦਾ ਜਥਾ (ਜਿਸ ਵਿਚ ਕਈ ਵਾਰ ਤਾਂ ਲੀਡਰ ਨੂੰ ਛੱਡ ਕੇ ਬਾਕੀ ਸਾਰੇ ਗ਼ੈਰ-ਅਕਾਲੀ ਤੇ ਕਈ ਵਾਰ ਗ਼ੈਰ-ਪੰਜਾਬੀ ਵੀ ਹੁੰਦੇ ਸਨ) ਗ੍ਰਿਫ਼ਤਾਰੀ ਵਾਸਤੇ ਜਾਂਦਾ ਰਿਹਾ। ਉਹ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਟੁਰਦੇ ਸਨ ਤੇ ਬਾਕੀ ਸਭ ਕੁਝ ਖ਼ਾਨਾਪੂਰਤੀ ਹੀ ਸੀ। ਸ਼ਾਇਦ ਇਸ ਗੱਲ ਨੂੰ ਸਰਕਾਰ ਤੇ ਦਲ ਦੀ ਮੋਰਚਾ ਕਮੇਟੀ ਬ-ਖ਼ੂਬੀ ਸਮਝਦੀ ਸੀ।

ਜਨਵਰੀ 1977 ਵਿਚ ਐਮਰਜੈਂਸੀ ਖ਼ਤਮ ਕਰ ਕੇ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ। ਚੋਣਾਂ ਵਿਚ ਅਕਾਲੀ ਪਾਰਟੀ ਤੇ ਨਵੀਂ ਬਣੀ ਜਨਤਾ ਪਾਰਟੀ ਨੇ ਪੰਜਾਬ (ਤੇ ਸਾਰੇ ਉੱਤਰੀ, ਮੱਧ, ਪੂਰਬੀ ਤੇ ਪੱਛਮੀ ਭਾਰਤ) ਵਿਚ ਬੇਮਿਸਾਲ ਜਿੱਤ ਹਾਸਿਲ ਕੀਤੀ। ਜੂਨ 1977 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਵੀ ਕਰਵਾਈਆਂ ਗਈਆਂ। ਇਨ੍ਹਾਂ ਚੋਣਾਂ ਵਿਚ 117 ਸੀਟਾਂ ਵਿਚੋਂ 58 ਅਕਾਲੀ ਦਲ, 2 ਅਕਾਲੀ ਹਿਮਾਇਤੀ, 25 ਜਨਤਾ ਪਾਰਟੀ, 8 ਸੀ.ਪੀ.ਐਮ., 7 ਸੀ.ਪੀ.ਆਈ. ਨੇ ਜਿੱਤੀਆਂ। ਕਾਂਗਰਸ ਨੂੰ ਸਿਰਫ਼ 17 ਸੀਟਾਂ ਹੀ ਮਿਲੀਆਂ। ਭਾਵੇਂ ਅਕਾਲੀ ਪਾਰਟੀ ਇਕੱਲਿਆਂ ਸਰਕਾਰ ਬਣਾ ਸਕਦੀ ਸੀ, ਪਰ ਫਿਰ ਵੀ ਦਲ ਨੇ ਤੀਜਾ ਹਿੱਸਾ ਵਜ਼ੀਰੀਆਂ ਜਨਤਾ ਪਾਰਟੀ ਦੇ ਪੱਲੇ ਪਾਈਆਂ ਤੇ ਇਨ੍ਹਾਂ ਵਿਚੋਂ ਬਹੁਤੀਆਂ ਅਹਿਮ ਤੇ ਤਕੜੀਆਂ (ਕਮਾਈ ਵਾਲੀਆਂ) ਸਨ।

ਅਕਾਲੀ ਪਾਰਟੀ ਦੀ ਸਰਕਾਰ ਬਣਨ ਦੇ ਬਾਵਜੂਦ ਅਕਾਲੀ ਵਰਕਰ ਨਿਰਾਸ ਸਨ। ਐਂਟੀ-ਸਿੱਖ ਸੋਚ ਦਾ ਹਰ ਪਾਸੇ ਬੋਲਬਾਲਾ ਸੀ। ਅਕਾਲੀ ਵਜ਼ੀਰਾਂ ਦਾ ਆਪਣਾ ਆਲਾ-ਦੁਆਲਾ ਤਾਂ ਭਾਵੇਂ ਚੋਖਾ ਸੌਖਾ ਤੇ ਖ਼ੁਸ਼ਹਾਲ ਸੀ ਪਰ ਬਹੁਤੇ ਅਕਾਲੀ ਵਰਕਰ ਤੇ ਆਮ ਸਿੱਖ ਨਿਰਾਸ, ਉਦਾਸ ਤੇ ਨਾ-ਖ਼ੁਸ਼ ਸਨ, ਕਿਉਂਕਿ ਅਕਾਲੀ ਆਗੂ ਪੰਥ ਦੀ ਬੇਹਤਰੀ ਨੂੰ ਭੁੱਲ ਕੇ (ਮਹਾਰਾਜਾ) ਰਣਜੀਤ ਸਿੰਘ ਵਾਲੀ ਸ਼ਖ਼ਸੀ ਪਰ ਅਖੌਤੀ-ਨਿਰਪਖ ਹਕੂਮਤ ਕਾਇਮ ਕਰਨ ਦਾ ਦਿਖਾਵਾ ਕਰਨ ਵਿਚ ਮਾਣ ਮਹਿਸੂਸ ਕਰ ਰਹੇ ਸਨ।

ਇਸ ਮਾਹੌਲ ਵਿਚ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ ਜਾਂ ਪੰਥ ਤੇ ਕੌਮ ਦੀ ਗੱਲ ਓਪਰੀ ਸਮਝੀ ਜਾਂਦੀ ਸੀ, ਪਰ ਕੁਝ ਆਲਮ-ਫ਼ਾਜ਼ਲ ਸ਼ਖ਼ਸ, ਪ੍ਰੋਫ਼ੈਸਰ, ਵਕੀਲ,

ਲੇਖਕ, ਪਾੜ੍ਹੇ ਤੇ ਸੰਜੀਦਾ ਨੌਜਵਾਨ ਤੇ ਹੋਰ ਪੰਥ-ਦਰਦੀ ਤੜਫ਼ ਰਹੇ ਸਨ। ਉਨ੍ਹਾਂ ਦੇ ਸੀਨੇ ਵਿਚ ਇਕ ਜੱਦੋ-ਜਹਿਦ ਦਾ ਤੂਫ਼ਾਨ ਦਬਿਆ ਬੈਠਾ ਸੀ। ਜਾਪਦਾ ਸੀ ਕਿ ਇਕ ਤੂਫ਼ਾਨ ਆਵੇਗਾ, ਇਕ ਭਾਂਬੜ ਮਚੇਗਾ। ਇੰਤਜ਼ਾਰ ਸੀ ਸਿਰਫ਼ ਇਕ ਚਿੰਗਾੜੀ ਦੀ। ...ਤੇ ਉਹ ਚਿੰਗਾੜੀ 13 ਅਪਰੈਲ 1978 ਦੇ ਦਿਨ ਭੜਕ ਉਠੀ, ਜਿਸ ਨੇ ਪੰਥ, ਪੰਜਾਬ, ਭਾਰਤ ਤੇ ਸਾਰੀ ਦੁਨੀਆਂ ਦੇ ਸਿੱਖਾਂ ਨੂੰ ਹਿਲਾ ਕੇ ਰੱਖ ਦਿੱਤਾ।

13 ਅਪਰੈਲ 1978 ਦੇ ਦਿਨ, ਸਿੱਖ ਧਰਮ ਦੇ ਖ਼ਿਲਾਫ਼ ਪ੍ਰਚਾਰ ਕਰਨ ਵਾਲੇ, ਮਾਫ਼ੀਆ ਤਰੀਕੇ ਨਾਲ ਚੱਲਣ ਵਾਲੇ, 'ਸੰਤ ਨਿਰੰਕਾਰੀ' ਅਖਵਾਉਣ ਵਾਲੇ, ਦਿੱਲੀ ਦੇ ਇਕ ਡੇਰੇ ਵਾਲਿਆਂ ਨੇ ਆਪਣਾ ਇਕ ਇਕੱਠ ਅੰਮ੍ਰਿਤਸਰ ਵਿਚ ਕੀਤਾ। ਇਸ ਇਕੱਠ ਦੇ ਵੱਡੇ ਪ੍ਰਬੰਧਕਾਂ ਵਿਚ ਪੰਜਾਬ ਦੇ ਕੁਝ ਸੀਨੀਅਰ ਅਫ਼ਸਰ (ਡੀ.ਸੀ. ਤੇ ਐਸ.ਪੀ. ਵਗ਼ੈਰਾ) ਵੀ ਸਨ। ਜਿਸ ਦਿਨ ਇਹ ਇਕੱਠ ਹੋਇਆ, ਉਨ੍ਹੀਂ ਦਿਨੀਂ ਪੰਜਾਬ ਦਾ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਬੰਬਈ ਵਿਚ 'ਪੰਜਾਬ ਦੀ ਵਿਸਾਖੀ' ਦੇ ਨਾਂ ਦਾ ਜਸ਼ਨ (ਜੋ ਹਰ ਸਾਲ ਬੰਬਈ 'ਚ ਜ਼ੋਰ-ਸ਼ੋਰ ਨਾਲ ਮਨਾਇਆ ਜਾਂਦਾ ਹੈ) ਵਿਚ ਹਿੱਸਾ ਲੈਣ ਗਿਆ ਹੋਇਆ ਸੀ। ਉਸ ਦਿਨ ਦਰਬਾਰ ਸਾਹਿਬ ਵਿਚ ਇਕ ਵਜ਼ੀਰ ਉਮਰਾਨੰਗਲ ਹਾਜ਼ਿਰ ਸੀ। ਮੰਜੀ ਸਾਹਿਬ 'ਤੇ ਹੋ ਰਹੇ ਦੀਵਾਨ ਵਿਚ ਬਾਬਾ ਜਰਨੈਲ ਸਿੰਘ (ਮੁਖੀ ਭਿੰਡਰਾਂ-ਮਹਿਤਾ ਜਥਾ) ਅਤੇ ਭਾਈ ਫ਼ੌਜਾ ਸਿੰਘ (ਸੀਨੀਅਰ ਆਗੂ ਅਖੰਡ ਕੀਰਤਨੀ ਜਥਾ) ਤੇ ਹਜ਼ਾਰਾਂ ਸੰਗਤਾਂ ਹਾਜ਼ਿਰ ਸਨ। ਵੱਖ-ਵੱਖ ਆਗੂਆਂ ਨੇ ਨਿਰੰਕਾਰੀਆਂ ਵਲੋਂ ਇਕ ਦਿਨ ਪਹਿਲਾਂ ਕੱਢੇ ਜਲੂਸ ਤੇ ਉਸ ਦਿਨ ਹੋ ਰਹੇ ਜਲਸੇ ਵਿਚ ਕੀਤੀਆਂ ਜਾ ਰਹੀਆਂ ਹਰਕਤਾਂ ਬਾਰੇ ਤਕਰੀਰਾਂ ਕੀਤੀਆਂ। ਇਸ ਮੌਕੇ 'ਤੇ ਸੰਗਤ ਵਿਚ ਇਹ ਵਿਚਾਰ ਬਣਿਆ ਕਿ ਇਸ ਨਿਰੰਕਾਰੀ ਟੋਲੇ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਰੋਸ ਜ਼ਰੂਰ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਇਸ ਕਰ ਕੇ ਸਿੰਘਾਂ ਦਾ ਇਕ ਜਥਾ ਨਿਰੰਕਾਰੀ ਜਲਸੇ ਵਾਲੇ ਪਾਸੇ ਜਾ ਕੇ ਰੋਸ ਮੁਜ਼ਾਹਰਾ ਕਰਨ ਵਾਸਤੇ ਤਿਆਰ ਹੋ ਗਿਆ। ਬਾਬਾ ਜਰਨੈਲ ਸਿੰਘ ਨੇ ਇਸ ਜਥੇ ਨੂੰ ਟੋਰਿਆ। ਇਸ ਜਥੇ ਵਿਚ ਅਖੰਡ ਕੀਰਤਨੀ ਜਥਾ ਅਤੇ ਭਿੰਡਰਾਂ-ਮਹਿਤਾ ਜਥਾ ਦੇ ਰਲਵੇਂ-ਮਿਲਵੇਂ ਕਾਰਕੁੰਨ ਸ਼ਾਮਿਲ ਸਨ। ਜਥੇ ਦੀ ਕਮਾਨ ਭਾਈ ਫ਼ੌਜਾ ਸਿੰਘ ਕੋਲ ਸੀ। ਇਸ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵੀ ਸ਼ਾਮਿਲ ਸਨ। ਜਦੋਂ ਇਹ ਜਥਾ ਨਿਰੰਕਾਰੀ ਜਲਸੇ ਦੇ ਨੇੜੇ, ਬਲਾਕ-ਬੀ ਦੇ ਕੋਲ, ਪੁੱਜਾ ਤਾਂ ਨਿਰੰਕਾਰੀਆਂ ਦੇ ਚੀਫ਼ ਗੁਰਬਚਨ ਸਿੰਹ ਦੇ ਹੁਕਮ 'ਤੇ ਉਸ ਦੇ ਹਥਿਆਰਬੰਦ ਗੁੰਡਿਆਂ ਨੇ ਬੰਦੂਕਾਂ, ਤਲਵਾਰਾਂ, ਸੋਟੀਆਂ ਤੇ ਜੋ ਹਥਿਆਰ ਵੀ ਉਨ੍ਹਾਂ ਕੋਲ ਸਨ, ਨਾਲ ਇਨ੍ਹਾਂ ਸਿੰਘਾਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਭਾਈ ਫ਼ੌਜਾ ਸਿੰਘ ਤੇ 12 ਹੋਰ ਸਿੰਘ ਸ਼ਹੀਦ ਹੋ ਗਏ ਅਤੇ ਬਾਬਾ ਮਾਨੋਚਾਹਲ ਸਣੇ ਸੌ ਦੇ ਕਰੀਬ ਸਿੰਘ ਜ਼ਖ਼ਮੀ ਹੋ ਗਏ। ਭਾਵੇਂ ਪੰਜਾਬ ਵਿਚ ਅਕਾਲੀ ਸਰਕਾਰ ਸੀ ਤੇ ਪੁਲੀਸ ਉਸ ਥਾਂ ਤੋਂ ਬਹੁਤੀ ਦੂਰ ਨਹੀਂ ਸੀ ਪਰ ਕਾਤਲ ਨਿਰੰਕਾਰੀਆਂ ਨੂੰ ਕਿਸੇ ਵੀ ਨਾ ਵਰਜਿਆ ਅਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕੀਤਾ। ਨਿਰੰਕਾਰੀਆਂ ਦਾ ਜਲਸਾ ਇਸ ਮਗਰੋਂ ਵੀ ਬੇ-ਰੋਕ ਟੋਕ ਜਾਰੀ ਰਿਹਾ ਤੇ ਕੁਝ ਘੰਟੇ ਮਗਰੋਂ ਇਕ ਸੀਨੀਅਰ ਸਰਕਾਰੀ ਅਫ਼ਸਰ ਗੋਲੀ ਦਾ ਹੁਕਮ ਦੇਣ ਵਾਲੇ ਗੁਰਬਚਨ ਸਿੰਹ ਨੂੰ ਆਪਣੀ ਕਾਰ ਵਿਚ ਦਿੱਲੀ ਛੱਡ ਆਇਆ। ਸਿੱਖਾਂ ਦੇ ਕਤਲੇਆਮ ਦੇ ਖ਼ਿਲਾਫ਼ ਸਾਰੀ ਦੁਨੀਆਂ ਭਰ ਵਿਚ ਜ਼ਬਰਦਸਤ ਰੋਸ ਮੁਜ਼ਾਹਰੇ ਹੋਏ। ਇਹ ਮੁਜ਼ਾਹਰੇ ਕਈ ਦਿਨ ਤਕ ਜਾਰੀ ਰਹੇ। ਸਿੱਖਾਂ ਦੇ

ਰੋਹ ਤੋਂ ਡਰ ਕੇ ਪੰਜਾਬ ਸਰਕਾਰ ਨੇ ਗੁਰਬਚਨ ਸਿੰਘ ਅਤੇ ਕਈ ਹੋਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤੇ।

ਇਸ ਮਾਹੌਲ ਵਿਚ ਨਿਰੰਕਾਰੀਆਂ ਦੇ ਸਿੱਖਾਂ 'ਤੇ ਹੋ ਰਹੇ ਵਾਰ ਨੂੰ ਰੋਕਣ ਵਾਸਤੇ ਵਿਚਾਰਾਂ ਵੀ ਸ਼ੁਰੂ ਹੋ ਗਈਆਂ। ਹਰ ਪਾਸੇ ਇਸ ਟੋਲੇ 'ਤੇ ਪਾਬੰਦੀ ਲਾਉਣ ਦੀ ਮੰਗ ਹੋਈ। ਇਨ੍ਹਾਂ ਦੀਆਂ ਕਿਤਾਬਾਂ, ਜਿਨ੍ਹਾਂ ਵਿਚ ਸਿੱਖ ਧਰਮ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ ਹੋਇਆ ਸੀ, ਨੂੰ ਜ਼ਬਤ ਕਰਨ ਦੀ ਮੰਗ ਵੀ ਹਰ ਪਾਸਿਓਂ ਕੀਤੀ ਗਈ। ਪਰ ਬਾਦਲ ਦੀ ਸਰਕਾਰ ਨੇ ਇਨ੍ਹਾਂ ਕਿਤਾਬਾਂ 'ਤੇ ਪੰਜਾਬ ਵਿਚ ਪਾਬੰਦੀ ਤਾਂ ਕੀ ਲਾਉਣੀ ਸੀ, ਪੰਜਾਬ ਸਰਕਾਰ ਦਾ ਪਬਲਿਕ ਰੀਲੇਸ਼ਨ ਮਹਿਕਮਾ ਇਨ੍ਹਾਂ ਦੇ ਪ੍ਰਚਾਰ-ਰਿਸਾਲੇ 'ਏਕ ਨਜ਼ਰ' ਨੂੰ ਇਸ਼ਤਿਹਾਰ ਦੇ ਕੇ ਵੀ ਨਿਵਾਜਦਾ ਰਿਹਾ (ਇਸ ਵੇਲੇ ਇਸ਼ਤਿਹਾਰ ਦੇਣ ਵਾਲੇ ਇਸ ਮਹਿਕਮੇ ਦਾ ਵਜ਼ੀਰ ਆਤਮਾ ਸਿੰਘ ਸੀ)। ਇਸ ਸਾਰੀ ਹਾਲਤ ਨੂੰ ਮੱਦੇ-ਨਜ਼ਰ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ, ਵਿਦਵਾਨਾਂ ਤੇ ਹੋਰ ਸਿਰਕਰਦਾ ਸ਼ਖ਼ਸੀਅਤਾਂ ਦੀ ਇਕ ਕਨਵੈਨਸ਼ਨ ਅੰਮ੍ਰਿਤਸਰ ਵਿਚ 17 ਮਈ 1978 ਦੇ ਦਿਨ ਬੁਲਾ ਲਈ। ਇਸ ਕਨਵੈਨਸ਼ਨ ਵਿਚ ਗੁਰਮਤਾ ਪਾਸ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਅਰਜ਼ ਕੀਤੀ ਗਈ ਕਿ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰਨ ਵਾਸਤੇ ਇਕ ਹੁਕਮਨਾਮਾ ਜਾਰੀ ਕੀਤਾ ਜਾਵੇ। ਇਸ ਹੁਕਮਨਾਮੇ ਨੂੰ ਤਿਆਰ ਕਰਨ ਵਾਸਤੇ ਇਕ 7 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਸਿਰਦਾਰ ਕਪੂਰ ਸਿੰਘ, ਗਿਆਨੀ ਲਾਲ ਸਿੰਘ, ਗਿਆਨੀ ਗੁਰਦਿਤ ਸਿੰਘ ਵੀ ਸ਼ਾਮਿਲ ਸਨ। ਇਨ੍ਹਾਂ ਵਲੋਂ ਤਿਆਰ ਕੀਤਾ ਗਿਆ ਹੁਕਮਨਾਮਾ ਸਾਧੂ ਸਿੰਘ ਭੌਰਾ, ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ ਨੇ, 10 ਜੂਨ 1978 ਦੇ ਦਿਨ ਜਾਰੀ ਕੀਤਾ। ਇਸ ਹੁਕਮਨਾਮੇ ਵਿਚ ਸਿੱਖਾਂ ਨੂੰ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਤੇ ਹੋਰ ਸਬੰਧ ਰੱਖਣ ਤੋਂ ਰੋਕ ਦਿੱਤਾ ਗਿਆ (ਹੁਕਮਨਾਮੇ ਦੀ ਫ਼ੋਟੋ ਇਸ ਕਿਤਾਬ ਦੇ ਦਸਤਾਵੇਜ਼ੀ ਸੈਕਸ਼ਨ ਵਿਚ ਹਾਜ਼ਿਰ ਹੈ)।

ਇਸ ਹੁਕਮਨਾਮੇ ਅੱਗੇ ਸਾਰੇ ਪੰਥ ਨੇ ਸਿਰ ਝੁਕਾਇਆ। ਸੈਂਕੜੇ ਸਿੱਖਾਂ ਨੇ ਆਪਣੇ ਸੱਕੇ ਰਿਸ਼ਤੇਦਾਰਾਂ, ਦੋਸਤਾਂ ਤੇ ਹੋਰ ਵਾਕਿਫ਼ਾਂ, ਜੋ ਨਿਰੰਕਾਰੀ ਸਨ, ਨਾਲੋਂ ਸਬੰਧ ਤੋੜ ਲਏ। ਹਜ਼ਾਰਾਂ ਸਿੱਖ ਜੋ ਭੁਲੇਖੇ, ਬੇਇਲਮੀ ਤੇ ਬੇਸਮਝੀ ਕਰ ਕੇ ਨਿਰੰਕਾਰੀ ਬਣੇ ਹੋਏ ਸਨ, ਇਸ ਟੋਲੇ ਨੂੰ ਛੱਡ ਗਏ। ਪੰਜਾਬ ਵਿਚ ਕੋਈ ਵੀ ਆਦਮੀ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਲੋਕ ਇਨ੍ਹਾਂ ਨੂੰ 'ਨਕਲੀ ਨਿਰੰਕਾਰੀ' ਤੇ 'ਨਰਕਧਾਰੀ' ਆਖਣ ਲੱਗ ਪਏ ਸਨ। ਜਿਵੇਂ ਅਮਰੀਕਾ ਵਿਚ ਕਮਿਊਨਿਸਟ ਅਖਵਾਉਣਾ ਗੁਨਾਹ ਮੰਨਿਆ ਜਾਂਦਾ ਹੈ, ਇੰਞ ਹੀ ਪੰਜਾਬ ਵਿਚ ਕੋਈ ਸ਼ਖ਼ਸ ਵੀ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਪਰ ਦੂਜੇ ਪਾਸੇ ਉਮਰਾਨੰਗਲ ਵਰਗੇ ਕਈ 'ਅਕਾਲੀ' ਅਜੇ ਵੀ ਅੰਦਰੋਂ-ਅੰਦਰੀਂ ਹੀ ਨਹੀਂ, ਜ਼ਾਹਿਰਾ ਤੌਰ 'ਤੇ ਵੀ ਇਸ ਟੋਲੇ ਨਾਲ ਸਬੰਧ ਰਖ ਰਹੇ ਸਨ।

13 ਅਪਰੈਲ 1978 ਦੇ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਕਰਨਾਲ ਤਬਦੀਲ ਕਰ ਦਿੱਤਾ ਗਿਆ। ਇਸ ਮੁਕੱਦਮੇ ਵਿਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਕਮਜ਼ੋਰ ਕੇਸ ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਉਧਰ ਨਿਰੰਕਾਰੀਆਂ ਨੇ ਵੀ ਜੱਜ ਤਕ ਪਹੁੰਚ ਕਰ ਲਈ ਅਤੇ ਉਹ ਸਾਰੇ ਇਸ ਕੇਸ ਵਿਚੋਂ 4 ਜਨਵਰੀ 1980

ਨੂੰ ਬਰੀ ਹੋ ਗਏ। ਇਸ ਮਗਰੋਂ ਬਾਦਲ ਸਰਕਾਰ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਅਪੀਲ ਵੀ ਨਾ ਕੀਤੀ। ਪਰ ਦੂਜੇ ਪਾਸੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥਾ, ਕੈਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਬਹੁਤ ਸਾਰੇ ਸਰਗਰਮ ਪੰਥਕ ਕਾਰਕੁੰਨ ਇਸ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਯਕੀਨਨ ਸਜ਼ਾ ਦੇਣਾ ਚਾਹੁੰਦੇ ਸਨ। ਭਾਰਤ ਦੀਆਂ ਬੇਇਨਸਾਫ਼ ਅਦਾਲਤਾਂ ਤੋਂ ਇਨਸਾਫ਼ ਨਾ ਮਿਲ ਸਕਣ ਮਗਰੋਂ ਇਨ੍ਹਾਂ ਸਿੱਖਾਂ ਨੇ ਇਨਸਾਫ਼ ਆਪ ਕਰਨ ਦਾ ਗੁਰਮਤਾ ਪਾਸ ਕੀਤਾ। ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਭਾਈ ਕਾਬਲ ਸਿੰਘ ਅਤੇ ਭਾਈ ਰਣਜੀਤ ਸਿੰਘ ਤਿਆਰ ਹੋਏ ਅਤੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਉਨ੍ਹਾਂ ਨੇ ਆਪਣਾ ਮਿਸ਼ਨ ਸ਼ੁਰੂ ਕੀਤਾ। ਉਹ ਇਸ ਮਿਸ਼ਨ ਵਿਚ 24 ਅਪਰੈਲ 1980 ਦੇ ਦਿਨ ਕਾਮਯਾਬ ਹੋ ਕੇ ਗਿਆ। ਉਹ ਗੁਰਬਚਨ ਸਿੰਘ, ਜਿਸ ਦੀ ਭਾਰਤੀ ਅਦਾਲਤ ਹੱਥੋਂ ਬਚਣ ਦੀ ਤਰਕੀਬ ਤਾਂ ਕਾਮਯਾਬ ਹੋ ਗਈ ਸੀ, ਨੂੰ ਅਕਾਲ ਤਖ਼ਤ ਸਾਹਿਬ ਦੀ ਅਦਾਲਤ ਨੇ ਤਿੰਨ ਮਹੀਨੇ 20 ਦਿਨ ਮਗਰੋਂ ਸਜ਼ਾ ਦੇ ਦਿੱਤੀ। ਇਸ ਮਗਰੋਂ ਵੀ ਸਿੱਖ ਜੁਝਾਰੂਆਂ ਨੇ ਕਈ ਮਾਮਲਿਆਂ ਵਿਚ ਇਨਸਾਫ਼ ਨਾ ਮਿਲਣ 'ਤੇ ਇਨਸਾਫ਼ ਖੋਹਿਆ ਯਾਨਿ ਆਪ ਇਨਸਾਫ਼ ਕੀਤਾ (ਪਰ ਮਗਰੋਂ ਕਈ ਜੁਝਾਰੂ ਗੁਰਮਤਿ ਦੇ ਰਾਹ ਤੋਂ ਭਟਕ ਕੇ 'ਖਾੜਕੂ' ਅਤੇ ਕਈ ਤਾਂ ਮਾਫ਼ੀਆ ਸੋਚ ਵਾਲੇ ਵੀ ਬਣ ਗਏ, ਜਿਸ ਦਾ ਜ਼ਿਕਰ ਅੱਗੇ ਚਲ ਕੇ ਆਵੇਗਾ)।

ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ। ਜਿਵੇਂ ਕਿ ਪਹਿਲੋਂ ਆਖ ਚੁੱਕਾ ਹਾਂ ਕਿ ਇਸ ਨੂੰ ਪ੍ਰਗਟ ਕਰਨ ਪਿੱਛੇ ਗੁਰੂ ਹਰਿਗੋਬਿੰਦ ਸਾਹਿਬ ਦਾ ਮਕਸਦ ਸੀ ਇਨਸਾਨ ਨੂੰ ਦੁਨਿਆਵੀ ਹਾਕਮ ਦੀ ਜਬਰੀ ਠੋਸੀ ਵਫ਼ਾਦਾਰੀ ਤੋਂ ਨਿਜਾਤ ਦਿਵਾਣਾ ਤੇ ਇਨਸਾਨ ਵਿਚ ਰੱਬ ਦੀ ਰਿਆਇਆ ਹੋਣ ਦਾ ਅਹਿਸਾਸ ਅਤੇ ਮਾਣ ਪੈਦਾ ਕਰਨਾ। ਸਿੱਖ ਫ਼ਲਸਫ਼ੇ ਮੁਤਾਬਿਕ ਵਾਹਿਗੁਰੂ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਹੈ। ਸਿਰਫ਼ ਵਾਹਿਗੁਰੂ ਹੀ ਸੱਚਾ ਪਾਤਿਸ਼ਾਹ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਸ ਤਖ਼ਤ ਦੇ ਨਾਲ ਜੋੜਿਆ ਤਾਂ ਜੋ ਉਨ੍ਹਾਂ ਨੂੰ ਸੱਚੇ ਪਾਤਿਸ਼ਾਹ ਦਾ ਇਨਸਾਫ਼ ਮਿਲ ਸਕੇ। ਗੁਰੂ ਸਾਹਿਬ ਵੇਲੇ ਸਿੱਖ ਆਪਣੇ ਸਾਰੇ ਝਗੜੇ ਤੇ ਮਸਲੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਕਰਿਆ ਕਰਦੇ ਸਨ। ਗੁਰੂ ਸਾਹਿਬ ਆਪ ਉਨ੍ਹਾਂ ਦਾ ਹੱਲ ਕਢਦੇ ਤੇ ਇਨਸਾਫ਼ ਕਰਦੇ ਸਨ। ਗੁਰੂ ਸਾਹਿਬ ਸੱਚੇ ਅਦਲੀ (ਵਾਹਿਗੁਰੂ) ਦੇ ਨੁਮਾਇੰਦੇ ਸਨ ਤੇ ਵਾਹਿਗੁਰੂ ਦੇ ਹੁਕਮ ਮੁਤਾਬਿਕ ਸੱਚੋ-ਸੱਚ ਦਾ ਨਿਬੇੜਾ ਕਰਿਆ ਕਰਦੇ ਸਨ। ਗੁਰੂ ਸਾਹਿਬ ਦੀ ਸਿਖਿਆ ਸੀ ਕਿ ਸਿੱਖ ਆਪਣੇ ਝਗੜਿਆਂ ਨੂੰ ਮੁਗ਼ਲ ਅਫ਼ਸਰਾਂ ਜਾਂ ਕਾਜ਼ੀਆਂ ਕੋਲ ਜਾਂ ਮੁਗ਼ਲ ਦਰਬਾਰ ਵਿਚ ਨਾ ਲਿਜਾਣ ਅਤੇ ਆਪਸ ਵਿਚ ਬੈਠ ਕੇ, ਪੰਚਾਇਤੀ ਅਸੂਲਾਂ ਮੁਤਾਬਿਕ, ਸੱਚੇ ਤੇ ਗੁਰਮੁਖ 'ਪੰਚ' ਚੁਣ ਕੇ ਫ਼ੈਸਲਾ ਕਰਨ। ਇੰਞ ਇਨਸਾਫ਼ ਆਸਾਨੀ ਨਾਲ, ਸਹੀ ਤੇ ਸਸਤਾ ਮਿਲੇਗਾ ਅਤੇ ਆਪਸ ਵਿਚ ਭਾਈਚਾਰਕ ਸਾਂਝ ਵੀ ਵਧੇਗੀ। ਗੁਰੂ ਸਾਹਿਬ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤੇ ਮਗਰੋਂ ਤਖ਼ਤ ਸਾਹਿਬ ਦੇ ਦੂਜੇ ਮਰਕਜ਼ਾਂ, ਕੀਰਤਪੁਰ ਸਾਹਿਬ, ਬਕਾਲਾ, ਪਟਨਾ, ਚੱਕ ਨਾਨਕੀ, ਤਲਵੰਡੀ ਸਾਬੋ, ਪਾਉਂਟਾ ਸਾਹਿਬ, ਅਨੰਦਪੁਰ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਚਲਾਉਂਦੇ ਰਹੇ।

ਗੁਰੂ ਸਾਹਿਬ ਤੋਂ ਮਗਰੋਂ ਵੀ ਪੰਥ ਆਪਣੇ ਝਗੜਿਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਅਕਾਲ ਤਖ਼ਤ 'ਤੇ ਨਿਪਟਾਂਦਾ ਰਿਹਾ। ਜਦੋਂ 1721 ਵਿਚ (ਅਖੌਤੀ) ਤੱਤ ਖਾਲਸਾ

ਅਤੇ (ਅਖੌਤੀ) ਬੰਦਈ ਖਾਲਸਾ ਦਾ ਝਗੜਾ ਹੋਇਆ ਤਾਂ ਵੀ ਸਿੱਖਾਂ ਨੇ ਭਾਈ ਮਨੀ ਸਿੰਘ ਵਰਗੇ ਗੁਰਮੁਖ ਸੇਵਾਦਾਰ ਦੀ ਮਦਦ ਨਾਲ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਇਹ ਮਸਲਾ ਹੱਲ ਕੀਤਾ। ਇਸ ਮਗਰੋਂ ਅਗਲੀ ਅੱਧੀ ਸਦੀ ਮਿਸਲਾਂ ਦੇ ਜ਼ਮਾਨੇ ਵਿਚ ਪੰਥ ਦੇ ਸੇਵਾਦਾਰਾਂ (ਆਗੂਆਂ) ਨੇ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ ਪੰਥ ਦੀ ਬੇਹਤਰੀ ਵਾਸਤੇ ਗੁਰਮਤੇ ਕੀਤੇ ਅਤੇ ਕਾਮਯਾਬੀ ਹਾਸਿਲ ਕੀਤੀ। ਅਕਾਲ ਪੁਰਖ ਦੀ ਸਰਪ੍ਰਸਤੀ ਹੇਠ ਗੁਰਬਾਣੀ ਦੀ ਸਿਖਿਆ ਮੁਤਾਬਿਕ ਕੀਤੇ ਸਾਰੇ ਗੁਰਮਤੇ ਪੰਥ ਦੀ ਕਾਮਯਾਬੀ ਦੀ ਬੁਨਿਆਦ ਸਨ। ਪਰ ਜਦੋਂ ਮਿਸਲਾਂ ਦੇ ਆਗੂਆਂ ਨੇ ਤੇ ਮਗਰੋਂ ਰਣਜੀਤ ਸਿੰਘ ਨੇ ਗੁਰੂ ਦੀ ਸਿਖਿਆ ਵੱਲ ਪਿੱਠ ਕਰ ਲਈ ਤਾਂ ਵਾਹਿਗੁਰੂ ਨੇ ਪੰਥ ਨੂੰ ਫ਼ਤਹਿ ਨਹੀਂ ਬਖ਼ਸ਼ੀ ਤੇ ਇਨ੍ਹਾਂ ਚੌਧਰੀਆਂ ਦੀ ਝੋਲੀ ਵਿਚ ਖ਼ੁਆਰੀ ਹੀ ਪਾਈ। ਇਸ ਤੋਂ ਮਗਰੋਂ ਫੇਰ ਜਦੋਂ ਖਾਲਸਾ ਗੁਰੂ ਦੀ ਪਨਾਹ ਵਿਚ ਆਇਆ (15 ਨਵੰਬਰ 1920) ਤਾਂ ਅਕਾਲ ਪੁਰਖ ਨੇ ਫਿਰ ਕਾਮਯਾਬੀ ਬਖ਼ਸ਼ੀ। ਪਰ ਜਦੋਂ ਪੰਥ ਦੇ ਕਿਸੇ ਆਗੂ ਨੇ ਹਾਕਮ, ਤਾਕਤਵਰ ਸ਼ਖ਼ਸ, ਅਮੀਰ, ਚੌਧਰੀ ਹੋਣ ਦੇ ਅਹਿਸਾਸ ਨਾਲ ਗੁਰੂ ਸਾਹਿਬ ਵੱਲ ਪਿੱਠ ਕੀਤੀ ਤਾਂ ਉਸ ਨੂੰ ਮੂੰਹ ਦੀ ਖਾਣੀ ਪਈ। ਇੰਞ ਹੀ ਜੇ ਕਿਸੇ ਨੇ ਅਕਾਲ ਤਖ਼ਤ ਸਾਹਿਬ (ਯਾਨਿ ਗੁਰੂ) ਨਾਲ ਧੋਖਾ ਕੀਤਾ ਤਾਂ ਉਸ ਨੂੰ ਚਲਾਕੀ ਨਾਲ 'ਵਰਤਣ' ਦੀ ਕੋਸ਼ਿਸ਼ ਕੀਤੀ ਤਾਂ ਉਸ ਸ਼ਖ਼ਸ ਨੂੰ ਵੀ ਸਖ਼ਤ ਸਜ਼ਾ ਮਿਲੀ।

1790-95 ਤੋਂ ਮਗਰੋਂ ਮਿਸਲਾਂ ਨੇ, ਤੇ ਸਿਆਸੀ ਪੱਖ ਤੋਂ ਰਣਜੀਤ ਸਿੰਘ ਨੇ, ਅਕਾਲ ਤਖ਼ਤ ਸਾਹਿਬ ਦੀ ਹਸਤੀ ਤੇ ਸਰਪ੍ਰਸਤੀ ਕਬੂਲ ਨਹੀਂ ਕੀਤੀ। ਅਕਾਲੀ ਲਹਿਰ ਦੌਰਾਨ 1920 ਤੋਂ 1925 ਤਕ ਪੰਥ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਗੁਰੂ ਦੀ ਅਸੀਸ ਨਾਲ ਸਾਰੇ ਮੋਰਚੇ ਜਿਤੇ। 1947 ਤੋਂ ਮਗਰੋਂ ਫੇਰ ਕਈ ਸਿੱਖ ਆਗੂ ਅਕਾਲ ਤਖ਼ਤ ਸਾਹਿਬ ਨੂੰ ਭੁੱਲ ਗਏ। ਵਜ਼ੀਰੀਆਂ, ਅਹੁਦਿਆਂ, ਮਾਲੀ ਫ਼ਾਇਦਾ ਤੇ ਤਾਕਤ ਦੇ ਲਾਲਚ ਤੇ ਹਵਸ ਵਿਚ ਇਨ੍ਹਾਂ ਆਗੂਆਂ ਨੂੰ ਸਰਬਤ ਖ਼ਾਲਸਾ ਦੀ ਸਿਰਦਾਰੀ ਕਬੂਲ ਕਰਨੀ ਚੰਗੀ ਨਹੀਂ ਸੀ ਲਗ ਰਹੀ। ਉਨ੍ਹਾਂ ਨੂੰ ਜਾਪਿਆ ਕਿ ਹੁਣ ਉਨ੍ਹਾਂ ਦੇ ਮਸਲਿਆਂ ਦਾ ਹੱਲ ਦੁਨਿਆਵੀ ਸਹੂਲਤਾਂ ਅਤੇ ਦਿੱਲੀ ਦਰਬਾਰ ਦੀ ਨਿਗਾਹਬਾਨੀ ਨਾਲ ਹੋ ਜਾਵੇਗਾ। ਪਰ ਉਹ ਇਹ ਭੁੱਲ ਗਏ ਕਿ ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਵੇਲੇ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ ਕਿ ਸਿੱਖ ਅਕਾਲ ਪੁਰਖ ਦੀ ਰਿਆਇਆ ਹਨ। ਉਹ ਕਿਸੇ ਦੁਨਿਆਵੀ ਹਾਕਮ ਦੀ ਸਰਪ੍ਰਸਤੀ ਨੂੰ ਕਬੂਲ ਨਹੀਂ ਕਰਨਗੇ। ਉਹ ਸਿਰਫ਼ ਅਕਾਲ ਪੁਰਖ ਦੀ ਮਿਹਰ 'ਤੇ ਹੀ ਟੇਕ ਰਖਣਗੇ। **ਜਦੋਂ ਵੀ ਉਹ ਗੁਰੂ ਨੂੰ ਹਾਜ਼ਿਰ ਨਾਜ਼ਰ ਸਮਝ ਕੇ ਅਕਾਲ ਪੁਰਖ ਦੇ ਦਰਬਾਰ ਵਿਚ ਹਾਜ਼ਿਰ ਹੋ ਜਾਣਗੇ ਤਾਂ ਉਨ੍ਹਾਂ ਦੇ ਹਰ ਮਸਲੇ ਦਾ ਹੱਲ ਨਿਕਲ ਆਵੇਗਾ।** ਪਰ ਨਿੱਕੇ-ਮੋਟੇ ਲਾਲਚ ਵਿਚ ਫਸੇ ਇਹ ਲੋਕ ਰੱਬ ਦੇ ਤਖ਼ਤ ਤੋਂ ਮੁਨਕਰ ਹੋ ਗਏ। ਨਤੀਜੇ ਵਜੋਂ ਕੌਮ ਦਾ ਬੜਾ ਵੱਡਾ ਨੁਕਸਾਨ ਹੋਇਆ। ਇਸ ਦਾ ਖ਼ਮਿਆਜ਼ਾ ਸਾਰੇ ਸਿੱਖਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਭੁਗਤਣਾ ਪਿਆ। 1947 ਤੋਂ ਮਗਰੋਂ ਸਿੱਖਾਂ ਦੇ ਇਕ ਹਿੱਸੇ ਨੇ ਨਾ ਸਿਰਫ਼ ਤਖ਼ਤ ਸਾਹਿਬ ਵੱਲ ਪਿਠ ਕੀਤੀ, ਬਲਕਿ ਇਸ ਦੇ ਖ਼ਿਲਾਫ਼ ਵੀ ਖੜੇ ਹੋ ਗਏ।

ਗਿਆਨੀ ਭਾਗ ਸਿੰਘ ਨੂੰ 'ਤਨਖ਼ਾਹੀਆ' ਕਰਾਰ ਦੇਣ ਦੀ ਕਹਾਣੀ

1976-77 ਵਿਚ ਗਿਆਨੀ ਭਾਗ ਅੰਬਾਲਾ ਨੇ *ਦਸਮ ਗ੍ਰੰਥ ਨਿਰਣੈ* ਕਿਤਾਬ

ਛਾਪੀ। ਇਸ ਕਿਤਾਬ ਵਿਚ ਅਖੌਤੀ ਦਸਮ ਗ੍ਰੰਥ (ਕਿਉਂਕਿ ਇਹ ਬਹਿਸ ਗੋਚਰਾ ਹੈ, ਇਸ ਕਰ ਕੇ ਇਸ ਨੂੰ 'ਅਖੌਤੀ' ਕਹਿਣਾ ਢੁਕਵਾਂ ਹੈ) ਦੀਆਂ ਕੁਝ ਰਚਨਾਵਾਂ, ਖ਼ਾਸ ਕਰ ਕੇ 'ਚੌਪਈ' ਅਤੇ ਮੌਜੂਦਾ ਰਿਵਾਇਤੀ ਅਰਦਾਸ (ਸ਼੍ਰੋਮਣੀ ਕਮੇਟੀ ਵੱਲੋਂ ਛਪੀ ਰਹਿਤ-ਮਰਿਆਦਾ ਵਾਲੀ) ਦੇ ਪਹਿਲੇ ਹਿੱਸੇ (ਵਾਰ ਭਗਉਤੀ ਜੀ ਕੀ) ਬਾਰੇ ਲੇਖਕ ਨੇ ਆਪਣੀ ਰਾਇ ਪੇਸ਼ ਕਰਦਿਆਂ ਕਿਹਾ ਸੀ ਕਿ ਇਹ ਦੋਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਲਿਖਤਾਂ ਨਹੀਂ ਜਾਪਦੀਆਂ। ਗਿਆਨੀ ਭਾਗ ਸਿੰਘ ਕੋਈ ਪਹਿਲਾ ਲੇਖਕ ਨਹੀਂ ਸੀ, ਜਿਸ ਨੇ ਇਹ ਗੱਲ ਕਹੀ ਸੀ। ਇਸ ਤੋਂ ਪਹਿਲਾਂ ਸ: ਸ਼ਮਸ਼ੇਰ ਸਿੰਘ ਅਸ਼ੋਕ ਤੇ ਡਾ. ਰਤਨ ਸਿੰਘ ਜੱਗੀ ਵੀ ਅਜਿਹਾ ਲਿਖ ਚੁੱਕੇ ਸਨ। ਹੋਰ ਤਾਂ ਹੋਰ ਪ੍ਰੋ: ਸਾਹਿਬ ਸਿੰਘ ਨੇ ਵੀ ਚੌਪਈ ਨੂੰ ਗੁਰੂ ਰਚਨਾ ਨਾ ਮੰਨਦਿਆਂ ਹੋਇਆਂ, ਰਹਿਰਾਸਿ ਵਿਚ ਇਸ ਦਾ ਟੀਕਾ ਨਹੀਂ ਸੀ ਕੀਤਾ (ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਨਾਂ 'ਤੇ ਛਪਿਆ ਟੀਕਾ ਮਗਰੋਂ ਕਿਸੇ ਹੋਰ ਦੀ 'ਕਲਮ ਦੀ ਕਰਾਮਾਤ' ਹੈ)। ਖ਼ੈਰ, ਉਸ ਮਗਰੋਂ ਵੀ ਕਈ ਲੇਖਕ ਅਖੌਤੀ ਦਸਮ ਗ੍ਰੰਥ ਅਤੇ ਹੋਰ ਕਈ ਰਚਨਾਵਾਂ ਅਤੇ ਕਈ ਹੋਰ ਪੰਥਕ ਮਸਲਿਆਂ (ਰਾਗਮਾਲਾ, ਮਾਸ, ਕੇਸਰੀ, 'ਮੂਲ ਮੰਤਰ', ਰਹਿਰਾਸ ਦਾ ਆਕਾਰ ਵਗ਼ੈਰਾ) ਬਾਰੇ ਆਪਣੀ ਰਾਏ ਪੇਸ਼ ਕਰਦੇ ਰਹਿੰਦੇ ਹਨ। ਪਰ ਕਿਉਂਕਿ ਇਨ੍ਹਾਂ ਮਸਲਿਆਂ ਬਾਰੇ ਪੰਥ ਇਕ ਰਾਏ ਨਹੀਂ, ਇਸ ਕਰਕੇ ਇਨ੍ਹਾਂ ਮਸਲਿਆਂ ਦੇ ਹੱਕ ਵਿਚ ਜਾਂ ਖ਼ਿਲਾਫ਼ ਲਿਖੀ ਕੋਈ ਵੀ ਰਚਨਾ ਪੰਥਕ ਗੁਨਾਹ ਨਹੀਂ ਬਣ ਸਕਦੀ।

1977 ਵਿਚ ਗਿਆਨੀ ਭਾਗ ਸਿੰਘ ਦੀ ਲਿਖੀ ਕਿਤਾਬ ਦੇ ਖ਼ਿਲਾਫ਼ ਵੀ ਰੌਲਾ ਪਾਇਆ ਗਿਆ, ਪਰ ਗਿਆਨੀ ਭਾਗ ਸਿੰਘ ਤੇ ਹੋਰ ਪੰਥਕ ਵਿਦਵਾਨਾਂ ਨੇ ਇਸ ਨੂੰ 'ਗੁਨਾਹ' ਮੰਨਣ ਤੋਂ ਨਾਂਹ ਕਰ ਦਿੱਤਾ। ਅਖ਼ੀਰ ਇਸ ਮਸਲੇ ਬਾਰੇ ਬਣੀ ਕਮੇਟੀ ਨੇ 'ਫ਼ਾਈਲ ਬੰਦ' ਕਰਨ ਦਾ ਫ਼ੈਸਲਾ ਕਰ ਲਿਆ ਗਿਆ। ਪਰ ਕੁਝ ਹੀ ਦਿਨਾਂ ਮਗਰੋਂ ਕਥਾਕਾਰ ਭਾਈ ਸੰਤ ਸਿੰਘ ਮਸਕੀਨ (ਅਲਵਰ ਵਾਲੇ) ਨੇ ਸਾਧੂ ਸਿੰਘ ਭੌਰਾ ਨੂੰ ਚੁੱਕ-ਚੁਕਾ ਕੇ ਗਿਆਨੀ ਭਾਗ ਸਿੰਘ ਦੇ ਖ਼ਿਲਾਫ਼ 'ਫ਼ਤਵਾ' ਜਾਰੀ ਕਰਵਾ ਦਿੱਤਾ ਗਿਆ।[11] ਇਸ ਲੇਖਕ ਨੂੰ ਇਹ ਵੀ ਦੱਸਿਆ ਗਿਆ ਕਿ ਪ੍ਰਿੰਸੀਪਲ ਹਰਭਜਨ ਸਿੰਘ (ਚੰਡੀਗੜ੍ਹ) ਨੂੰ ਇਸ ਬਾਰੇ ਸਾਰੇ ਸੱਚੋ-ਸੱਚ ਪਤਾ ਸੀ, ਪਰ ਉਹ ਚੁੱਪ ਰਹੇ। ਜਿਸ ਦਾ ਉਨ੍ਹਾਂ ਨੂੰ ਮਗਰੋਂ ਪਛਤਾਵਾ ਵੀ ਹੋਇਆ, ਪਰ :

ਕੀ ਮੇਰੇ ਕਤਲ ਕੇ ਬਾਦ ਉਸ ਨੇ ਜ਼ਫ਼ਾ ਸੇ ਤੌਬਾ,
ਹਾਏ ਉਸ ਜ਼ੂਦ-ਪਸ਼ੇਮਾਂ ਕਾ ਪਸ਼ੇਮਾਂ ਹੋਣਾ।

ਖ਼ੈਰ ਇਹ ਸਾਧੂ ਸਿੰਘ ਭੌਰਾ ਨੇ ਮਸਕੀਨ ਹੋਰਾਂ ਨੂੰ ਖ਼ੁਸ਼ ਕਰਨ ਵਾਸਤੇ 5 ਜੁਲਾਈ, 1977 ਦੇ ਦਿਨ 'ਹੁਕਮਨਾਮਾ' ਜਾਰੀ ਕਰ ਕੇ ਗਿਆਨੀ ਭਾਗ ਸਿੰਘ ਨੂੰ 'ਮਜ਼ਾ ਚਖਾਉਣ' ਦਾ ਕਾਰਨਾਮਾ ਕੀਤਾ। ਇਸ ਦੇ ਲਫ਼ਜ਼ ਇਹ ਸਨ :

> ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ, ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੈ ਰੱਛਾ) ਭੀ ਹਨ, ਜੋ ਸਿੱਖ ਧਰਮ ਦੇ ਥੰਮ੍ਹ ਰੂਪ ਹਨ, ਜਿਨ੍ਹਾਂ ਦਾ ਸਮੁੱਚੇ ਤੌਰ 'ਤੇ ਸਾਰੇ ਸਿੱਖ ਜਗਤ ਨਾਲ ਸਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜ਼ਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੇ ਸਮੁੱਚੇ

11. ਮਹਿੰਦਰ ਸਿੰਘ ਜੋਸ਼, *ਅਕਾਲ ਤਖ਼ਤ ਸਾਹਿਬ ਤੇ ਇਸ ਦਾ ਜਥੇਦਾਰ*, ਲੁਧਿਆਣਾ, 2004, ਸਫ਼ਾ 9-10.

ਫ਼ੈਸਲੇ ਤੋਂ ਬਿਨਾਂ ਗਿਆਨੀ ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ *ਦਸਮ ਗ੍ਰੰਥ ਨਿਰਣੈ* ਪੁਸਤਕ ਲਿਖ ਕੇ ਵਿਅਕਤੀਗਤ ਕਿੰਤੂ ਕਰ ਕੇ ਸਿੱਖ ਪੰਥ ਦੇ ਬੁਨਿਆਦੀ ਅਸੂਲਾਂ 'ਤੇ ਭਾਰੀ ਸੱਟ ਮਾਰ ਕੇ **ਘੋਰ ਅਪਰਾਧ** ਕੀਤਾ ਹੈ। ਇਸ ਲਈ **ਮੈਂ** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਦੇਸ ਅਤੇ ਪਰਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ **ਸੂਚਿਤ ਕਰਦਾ** ਹਾਂ ਕਿ ਜਦ ਤੀਕ ਅਕਾਲ ਤਖ਼ਤ ਸਾਹਿਬ ਆਪ ਹਾਜ਼ਿਰ ਹੋ ਕੇ ਗਿਆਨੀ ਭਾਗ ਸਿੰਘ ਇਸ ਕੀਤੇ ਘੋਰ ਅਪਰਾਧ ਦੀ ਪ੍ਰਾਸਚਿਤ ਵਜੋਂ ਮੁਆਫ਼ੀ ਨਹੀਂ ਮੰਗਦਾ, ਸਿੱਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਸਮਾਗਮਾਂ ਵਿਚ ਕਿਸੇ ਸੂਰਤ ਵਿਚ ਭੀ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ 'ਤੇ ਸਖ਼ਤੀ ਨਾਲ ਅਮਲ ਕਰਨ।

—*ਦਸਤਖ਼ਤ* : ਸਾਧੂ ਸਿੰਘ ਭੌਰਾ

ਇਹ ਗੱਲ ਦਿਲਚਸਪ ਹੈ ਕਿ ਇਸ 'ਅਖੌਤੀ ਹੁਕਮਨਾਮੇ' 'ਤੇ ਪੰਜ ਗ੍ਰੰਥੀਆਂ ਦੇ ਦਸਤਖ਼ਤ ਵੀ ਨਹੀਂ, ਕਿਉਂਕਿ ਇਸ ਬਾਰੇ ਕੋਈ 'ਅਖੌਤੀ ਸਿੰਘ ਸਾਹਿਬਾਨ' ਦਾ ਇਕੱਠ ਨਹੀਂ ਸੀ ਹੋਇਆ ਅਤੇ (ਸ਼ਾਇਦ) ਗਿਆਨੀ ਸੰਤ ਸਿੰਘ ਮਸਕੀਨ ਦੀ ਡਿਕਟੇਸ਼ਨ ਨੂੰ ਹੀ ਜਾਰੀ ਕਰ ਦਿੱਤਾ ਗਿਆ ਸੀ। ਇਸ ਅਖੌਤੀ 'ਹੁਕਮਨਾਮੇ' ਵਿੱਚੋਂ ਸਾਫ਼ ਜ਼ਾਹਿਰ ਹੈ ਕਿ ਇਹ 'ਸੂਚਨਾ' ਹੈ ਅਤੇ ਇਹ ਇਕ ਬੰਦੇ ਦਾ 'ਹੁਕਨਾਮਾ/ਸੂਚਨਾ/ਬਿਆਨ' ਹੈ : (*ਮੈਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਦੇਸ ਅਤੇ ਪਰਦੇਸ ਦੀਆਂ ਸਮੂਹ ਸੰਗਤਾਂ ਨੂੰ ਸੂਚਿਤ ਕਰਦਾ ਹਾਂ*)।

ਪਹਿਲਾਂ ਤਾਂ ਵਿਦਵਾਨਾਂ ਦੀ ਸਲਾਹ 'ਤੇ ਗਿਆਨੀ ਭਾਗ ਸਿੰਘ ਨੇ ਸਾਧੂ ਸਿੰਘ ਭੌਰਾ ਦੇ ਐਲਾਨ ਦੀ ਪਰਵਾਹ ਨਾ ਕੀਤੀ, ਪਰ ਮਗਰੋਂ ਸੰਤ ਸਿੰਘ ਮਸਕੀਨ ਨੇ ਚਾਲਾਕੀ ਨਾਲ ਉਸ ਤੋਂ 'ਮੁਆਫ਼ੀ' ਵਾਲੀ ਚਿੱਠੀ 'ਤੇ ਦਸਤਖ਼ਤ ਕਰਵਾ ਲਏ।

ਗਿਆਨੀ ਭਾਗ ਸਿੰਘ ਨੂੰ 'ਤਨਖ਼ਾਹੀਆ' ਕਰਾਰ ਦੇਣ ਅਤੇ ਉਸ ਵੱਲੋਂ ਅਖੌਤੀ ਮੁਆਫ਼ੀ ਮੰਗਣ ਬਾਰੇ ਪ੍ਰਿੰਸੀਪਲ ਹਰਭਜਨ ਸਿੰਘ (ਚੰਡੀਗੜ੍ਹ) ਅਤੇ ਗਿਆਨੀ ਸੁਰਜੀਤ ਸਿੰਘ ਦਿੱਲੀ ਨੇ ਦੋ ਮਜ਼ਮੂਨ ਲਿਖੇ, ਜਿਨ੍ਹਾਂ ਵਿੱਚੋਂ ਗਿਆਨੀ ਭਾਗ ਸਿੰਘ ਦੇ ਖ਼ਿਲਾਫ਼ ਕੀਤੀ ਗਈ ਸਾਜ਼ਿਸ਼ ਦਾ ਪਤਾ ਲਗਦਾ ਹੈ। ਇਹ ਦੋ ਲੇਖ ਇੰਞ ਹਨ :

ਪ੍ਰਿੰਸੀਪਲ ਹਰਿਭਜਨ ਸਿੰਘ ਦਾ ਲੇਖ

ਗਿਆਨੀ ਭਾਗ ਸਿੰਘ ਵਿਰੁੱਧ 'ਹੁਕਮਨਾਮੇ' ਬਾਰੇ ਸੱਚੀ ਸਾਖੀ

ਵਿਦਵਾਨ ਬਜ਼ੁਰਗ ਪ੍ਰਚਾਰਕ, ਗਿਆਨੀ ਭਾਗ ਸਿੰਘ 'ਅਬਾਲਾ' ਨੇ ਪਹਿਲੀ ਵਾਰ ਸੰਨ 1976 ਵਿਚ *ਦਸਮ ਗ੍ਰੰਥ ਨਿਰਣੈ* ਨਾਮ ਦੀ ਪੁਸਤਕ ਲਿਖੀ ਤੇ ਛਾਪੀ, ਜਿਸ ਵਿਚਲੇ ਲੇਖਾਂ ਬਾਰੇ ਪੰਥ ਦੇ ਵਿਦਵਾਨਾਂ, ਜਿਨ੍ਹਾਂ ਵਿਚ ਭਾਈ ਅਰਦਮਨ ਸਿੰਘ ਬਾਗੜੀਆਂ, ਸ: ਮਨੋਹਰ ਸਿੰਘ ਮਾਰਕੋ, ਸ: ਕਰਤਾਰ ਸਿੰਘ ਬਾੜੀ, ਸ: ਰਤਨ ਸਿੰਘ ਜੱਗੀ, ਸ: ਮਾਨ ਸਿੰਘ ਮਾਨਸਰੋਵਰ ਤੇ ਪ੍ਰਿੰ. ਜਗਜੀਤ ਸਿੰਘ ਸਲੂਜਾ ਆਦਿ ਨਾਮ ਸ਼ਾਮਿਲ ਸਨ ਅਤੇ ਜੋ ਬਿਪਰ ਸੰਸਕਾਰਾਂ ਦੇ ਕੱਟੜ ਵਿਰੋਧੀ ਤੇ ਨਿਰੋਲ ਇਕ ਅਕਾਲ ਪੁਰਖੀ ਸਨ, ਨੇ ਤਾਂ ਇਸ ਦੀ ਪ੍ਰਸ਼ੰਸਾ ਕੀਤੀ, ਪਰ ਪਰੰਪਰਾਵਾਦੀਆਂ ਨੇ ਜਜ਼ਬਾਤੀਆਂ ਵਿਰੋਧਤਾ। ਆਖ਼ਰ, ਅਜੀਬ ਹਾਲਤਾਂ ਵਿਚ, 1977 ਈ: ਨੂੰ, ਜਥੇਦਾਰ, ਅਕਾਲ ਤਖ਼ਤ ਸਾਹਿਬ ਵੱਲੋਂ 'ਹੁਕਮਨਾਮਾ' ਮਿਤੀ 5-7-1977 ਰਾਹੀਂ ਗਿਆਨੀ ਜੀ ਨੂੰ ਪੰਥ ਵਿੱਚੋਂ ਖ਼ਾਰਿਜ ਕਰ ਦਿੱਤਾ ਗਿਆ ਆਦਿਕ। ਅੱਜ, ਇਸ ਦੁਰਭਾਗੀ ਘਟਨਾ ਬਾਰੇ, ਪੰਥ ਵਿਚ ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਆਧਾਰਿਤ, ਵੱਖ ਵੱਖ ਧਾਰਨਾਵਾਂ ਪ੍ਰਚਲਿਤ ਹਨ। ਇਹ ਲੇਖਕ, ਸੰਬੰਧਿਤ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤਰਤਾ, ਜੋ 1977 ਈ: ਨੂੰ

ਪੂਰੀ-ਪੂਰੀ ਈਮਾਨਦਾਰੀ ਤੇ ਸੱਚਾਈ ਨਾਲ 'ਸਾਚੀ ਸਾਖੀ' ਵਜੋਂ ਕਲਮਬੰਦ ਕਰਨਾ ਯੋਗ ਤੇ ਲਾਭਦਾਇਕ ਸਮਝਦਾ ਹੈ। ਸੋ, ਸਹੀ ਜਾਣਕਾਰੀ ਇਸ ਪ੍ਰਕਾਰ ਹੈ :

ਜਾਣਕਾਰੀ

ਸੰਬੰਧਿਤ ਪੁਸਤਕ ਛਪਣ ਉਪਰੰਤ, ਆਮ ਸਿੱਖ ਸੰਗਤਾਂ ਵਿਚ, ਇਸ ਵਿਰੁੱਧ ਉਠੀ ਆਵਾਜ਼ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਮੈਂਬਰਾਂ ਦੇ ਆਧਾਰਿਤ, ਧਾਰਮਿਕ ਸਲਾਹਕਾਰਾਂ ਦੀ ਇਕੱਤਰਤਾ ਬੁਲਾਈ : 1. ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ ਅਕਾਲ ਤਖ਼ਤ ਸਾਹਿਬ; 2. ਗਿਆਨੀ ਗੁਰਦਿਆਲ ਸਿੰਘ ਅਜਨੋਹਾ, ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ; 3. ਗਿਆਨੀ ਚੇਤ ਸਿੰਘ, ਹੈੱਡ ਗ੍ਰੰਥੀ ਦਰਬਾਰ ਸਾਹਿਬ, ਅੰਮ੍ਰਿਤਸਰ; 4. ਗਿਆਨੀ ਕਿਰਪਾਲ ਸਿੰਘ, ਗ੍ਰੰਥੀ ਦਰਬਾਰ ਸਾਹਿਬ, ਅੰਮ੍ਰਿਤਸਰ; 5. ਸ: ਗੁਰਬਖ਼ਸ਼ ਸਿੰਘ, ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; 6. ਪ੍ਰਿੰ. ਸਤਿਬੀਰ ਸਿੰਘ, ਮੈਂਬਰ ਧਰਮ ਪ੍ਰਚਾਰ ਕਮੇਟੀ; 7. ਸ: ਸ਼ਮਸ਼ੇਰ ਸਿੰਘ ਅਸ਼ੋਕ, ਇਤਿਹਾਸਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ; 8. ਸ: ਸਰਮੁਖ ਸਿੰਘ ਚਮਕ; 9. ਪ੍ਰੋ: ਪ੍ਰਕਾਸ਼ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ; 10. ਡਾ. ਮਾਨ ਸਿੰਘ ਨਿਰੰਕਾਰੀ; 11. ਲੇਖਕ (ਦਾਸ, ਪ੍ਰਿੰ. ਹਰਿਭਜਨ ਸਿੰਘ)।

(ਨੋਟ : ਉਪਰੋਕਤ ਮੈਂਬਰਾਂ ਤੋਂ ਬਿਨਾਂ ਪੰਜ ਕੁ ਮੈਂਬਰ ਹੋਰ ਸਨ, ਜਿਨ੍ਹਾਂ ਦੇ ਨਾਮ ਮੈਨੂੰ ਵਿਸਰ ਗਏ ਹਨ। ਹਾਂ, 'ਦਰਬਾਰ ਸਾਹਿਬ' ਦੇ ਬਾਕੀ ਤਿੰਨੇ ਗ੍ਰੰਥੀ ਸਾਹਿਬਾਨ ਅਵੱਸ਼ ਇਸ ਇਕੱਤਰਤਾ ਵਿਚ ਸ਼ਾਮਿਲ ਸਨ।)

ਕਾਰਵਾਈ

1. ਇਹ ਇਕੱਤਰਤਾ 'ਗੁਰੂ ਨਾਨਕ ਨਿਵਾਸ' ਦੇ ਮੀਟਿੰਗ ਹਾਲ ਵਿਚ, ਜਥੇਦਾਰ, 'ਅਕਾਲ ਤਖ਼ਤ ਸਾਹਿਬ' ਦੀ ਪ੍ਰਧਾਨਗੀ ਹੇਠ ਆਰੰਭ ਹੋਈ। ਇਕੱਤਰਤਾ ਵਿਚ ਦੋ-ਤਿੰਨ ਮੈਂਬਰ, ਜਿਹਾ ਕਿ ਜਥੇਦਾਰ ਅਜਨੋਹਾ, ਵੱਡੇ ਜੋਸ਼ ਤੇ ਕ੍ਰੋਧ ਗ੍ਰਸਤ ਸਨ। ਉਹ ਵਾਰੀ-ਵਾਰੀ ਗਿਆਨੀ ਜੀ ਵਿਰੁੱਧ ਤੁਰੰਤ ਫ਼ਤਵਾ ਦਿੱਤੇ ਜਾਣ ਵਾਲੇ ਜਜ਼ਬਾਤ ਦਾ ਪ੍ਰਗਟਾ ਕਰ ਰਹੇ ਸਨ। ਜਦ ਸ: ਸ਼ਮਸ਼ੇਰ ਸਿੰਘ ਅਸ਼ੋਕ, ਜਿਨ੍ਹਾਂ ਨੇ *ਦਸਮ ਗ੍ਰੰਥ ਬਾਰੇ* ਨਾਮ ਦੀ ਪੁਸਤਕ ਵੀ ਲਿਖੀ ਸੀ, ਜਿਸ ਵਿਚ 'ਦਸਮ ਗ੍ਰੰਥ' ਵਿਚਲੀਆਂ ਬਹੁਤੀਆਂ ਰਚਨਾਵਾਂ 'ਦਸਮੇਸ਼ ਜੀ' ਦੀ ਕ੍ਰਿਤ ਨਹੀਂ ਮੰਨੀਆਂ ਸਨ, ਆਪਣੇ ਵਿਚਾਰ ਦੱਸਣ ਲਈ ਕੁਝ ਕਹਿਣ ਲੱਗੇ ਤਾਂ ਕੁਝ ਮੈਂਬਰਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਝਾੜਿਆ ਅਤੇ ਉਹ ਉੱਥੇ ਹੀ ਸਹਿਮ ਕੇ ਬੈਠ ਗਏ। ਇਹ ਝਾੜ ਏਨੀ ਗੰਭੀਰ ਸੀ ਕਿ ਫੇਰ 'ਅਸ਼ੋਕ' ਜੀ ਨੇ ਸਾਰੀ ਇਕੱਤਰਤਾ ਵਿਚ ਜ਼ਰਾ ਵੀ ਚੂੰ ਚਾਂ ਨਹੀਂ ਕੀਤੀ; ਖ਼ਾਮੋਸ਼ ਬੈਠੇ ਰਹੇ। ਇਹ ਲੇਖਕ (ਦਾਸ, ਹਰਿਭਜਨ ਸਿੰਘ) ਲਗਭਗ 45 ਕੁ ਮਿੰਟ ਪੂਰਨ ਖ਼ਾਮੋਸ਼ੀ ਧਾਰੀ, ਵੇਖਦਾ-ਸੁਣਦਾ ਰਿਹਾ।
2. ਆਖ਼ਰ, ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਮੈਨੂੰ ਸੰਬੋਧਨ ਕਰਦਿਆਂ ਕਹਿਣ ਲੱਗੇ, "ਬਾਬਾ ਜੀ, ਹੁਣ ਕੁਝ ਬੋਲੋ ਵੀ।" ਮੈਂ ਅੱਗੋਂ ਬੜੀ ਗੰਭੀਰਤਾ ਨਾਲ ਬੇਨਤੀ ਕੀਤੀ ਕਿ ਮੈਂ ਹੈਰਾਨ ਹਾਂ ਕਿ ਕੀ ਇਹ ਇਕੱਤਰਤਾ ਉੱਚੀਆਂ ਪਦਵੀਆਂ ਦੇ ਅਧਿਕਾਰੀਆਂ ਤੇ ਪੰਥ ਦੇ ਚੁਣੇ ਵਿਦਵਾਨਾਂ ਦੀ ਹੈ ? ਅਸੀਂ ਇਕ ਬਜ਼ੁਰਗ ਧਾਰਮਿਕ ਵਿਅਕਤੀ ਨੂੰ, ਬਿਨਾਂ ਉਸ ਦਾ ਪੱਖ ਸੁਣੇ, ਫ਼ਾਹੇ ਲਾਉਣ ਲਈ ਬੜੇ ਉਤਵਾਲੇ ਹਾਂ।
3. ਮੇਰੀ ਸਨਿਮਰ ਪੁੱਛ ਹੈ ਕਿ ਇਸ ਇਕੱਤਰਤਾ ਵਿਚ ਹਾਜ਼ਿਰ ਸਤਿਕਾਰਤ ਵਿਅਕਤੀਆਂ 'ਚੋਂ, ਕੀ ਕਿਸੇ ਨੇ ਸਾਰੇ 'ਦਸਮ ਗ੍ਰੰਥ' ਨੂੰ ਪੜਚੋਲੀਆ ਨਜ਼ਰ ਨਾਲ ਘੋਖ ਕੇ ਵਾਚਿਆ ਵੀ ਹੈ ? ਸਭ ਖ਼ਾਮੋਸ਼ ਸਨ।
4. ਕੀ 'ਦਸਮ ਗ੍ਰੰਥ' ਦੀ ਪ੍ਰਮਾਣਕਤਾ ਦਾ ਮਸਲਾ ਓਨਾ ਹੀ ਪੁਰਾਣਾ ਨਹੀਂ, ਜਿੰਨਾ ਪੁਰਾਣਾ ਇਹ ਗ੍ਰੰਥ ਹੈ ?
5. ਕੀ ਜੂਨ 1973 ਨੂੰ, ਜਥੇਦਾਰ, ਅਕਾਲ ਤਖ਼ਤ ਸਾਹਿਬ ਤੇ ਪੰਜਾਂ ਗ੍ਰੰਥੀ ਸਿੰਘ ਸਾਹਿਬਾਨ ਨੇ ਭਾਈ ਸੰਤੋਖ ਸਿੰਘ, ਚੰਡੀਗੜ੍ਹ ਦੀ ਪੁੱਛ ਦੇ ਉੱਤਰ ਵਿਚ, ਮੀਤ ਸਕੱਤਰ ਸ: ਗੁਰਬਖ਼ਸ਼

ਸਿੰਘ ਰਾਹੀਂ, ਇਹ ਉਤਰ ਨਹੀਂ ਸੀ ਦਿੱਤਾ ਕਿ 'ਚਰਿਤ੍ਰੋ- ਪਖਿਆਨ' ਦਸਮੇਸ਼ ਜੀ ਦੀ ਰਚਨਾ ਨਹੀਂ, ਕਿਸੇ ਹਿੰਦੂ ਮਿਥਿਹਾਸਕ ਰਚਨਾ ਦਾ ਉਤਾਰਾ ਹੈ ? ਫੇਰ ਮੇਰੀ ਪੁੱਛ ਸੀ ਕਿ ਐਸੀ ਪੁਜ਼ੀਸ਼ਨ ਵਿਚ ਕੀ ਇਹ ਹਕੀਕਤ ਸੂਰਜ-ਵੱਤ ਰੌਸ਼ਨ ਨਹੀਂ ਕਿ ਸਾਰਾ 'ਦਸਮ ਗ੍ਰੰਥ' ਦਸਮੇਂ ਪਾਤਿਸ਼ਾਹ ਜੀ ਦੀ ਲਿਖਤ ਰਚਨਾ ਨਹੀਂ ? ਮੈਂ ਸਨਿਮਰ ਇਹ ਵੀ ਕਿਹਾ ਕਿ ਮੈਂ ਇਸ ਸਟੇਜ ਉੱਤੇ ਗਿਆਨੀ ਭਾਗ ਸਿੰਘ ਵਿਰੁੱਧ ਲਏ ਕਿਸੇ ਫ਼ੈਸਲੇ ਨਾਲ ਸਹਿਮਤ ਨਹੀਂ। ਸੋ, ਮੇਰੀ ਅਸੰਮਤੀ ਨੋਟ ਕਰ ਕੇ ਆਪ ਕੋਈ ਵੀ ਫ਼ੈਸਲਾ ਲੈ ਸਕਦੇ ਹੋ। ਪਰ, ਐਸਾ ਕਰਨੋਂ ਉਨ੍ਹਾਂ ਇਨਕਾਰ ਕੀਤਾ ਅਤੇ ਮੈਨੂੰ ਹੀ ਆਦੇਸ਼ ਦਿੱਤਾ ਕਿ ਪ੍ਰਿੰ. ਸਤਿਬੀਰ ਸਿੰਘ ਨਾਲ ਰਲ ਕੇ ਯੋਗ ਮਤਾ ਤਿਆਰ ਕਰਾਂ।

ਮਤਾ

(ੳ) ਅੱਜ ਇੱਥੇ ਜੁੜੀ ਧਾਰਮਿਕ ਸਲਾਹਕਾਰ ਕਮੇਟੀ ਦਾ ਫ਼ੈਸਲਾ ਹੈ ਕਿ ਗਿਆਨੀ ਭਾਗ ਸਿੰਘ ਨੂੰ ਚਾਹੀਦਾ ਸੀ ਕਿ ਕੁਝ ਪੰਥ ਪ੍ਰਵਾਣਿਤ ਫ਼ੈਸਲਿਆਂ ਬਾਰੇ ਕਤਈ ਦੋ ਟੁੱਕ ਆਪਣਾ ਮੱਤ ਪ੍ਰਗਟ ਕਰਨ ਦੀ ਥਾਂ, ਆਪਣਾ ਪੱਖ ਪੰਥ ਦੇ ਰੂ-ਬ-ਰੂ ਰੱਖਦੇ ਅਤੇ ਅੰਤਮ ਫ਼ੈਸਲਾ ਸਮੁੱਚੇ ਪੰਥ ਉੱਤੇ ਛੱਡ ਦਿੰਦੇ ਇਤਿਆਦਿਕ।

(ਅ) ਇਹ ਕਮੇਟੀ ਵੱਡੀ ਨਿਮਰਤਾ ਤੇ ਜ਼ੋਰ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਇਹ ਬਿਨੈ ਵੀ ਕਰਦੀ ਹੈ ਕਿ ਕਿਉਂਕਿ ਸਮਾਂ ਗੁਜ਼ਰਨ ਨਾਲ ਇਹ ਕੰਮ ਚੂੰ ਕਿ ਹੋਰ ਕਠਿਨ ਹੁੰਦਾ ਜਾ ਰਿਹਾ ਹੈ, ਇਸ ਲਈ, ਉਹ ਪਹਿਲੀ ਫ਼ੁਰਸਤ ਵਿਚ ਪੰਥ ਦੇ ਚੋਟੀ ਦੇ ਵਿਦਵਾਨਾਂ ਦੀ ਸਬ-ਕਮੇਟੀ ਬਣਾਵੇ, ਜੋ ਪੂਰੀ- ਪੂਰੀ ਘੋਖ ਤੇ ਦੂਰ ਅੰਦੇਸ਼ੀ ਨਾਲ, ਗੁਰਬਾਣੀ ਤੇ ਗੁਰਮਤਿ ਦੀ ਰੌਸ਼ਨੀ ਵਿਚ, ਇਹ ਨਿਰਣਾ ਦੇਵੇ ਕਿ 'ਦਸਮ ਗ੍ਰੰਥ' ਦੀਆਂ ਕਿਹੜੀਆਂ-ਕਿਹੜੀਆਂ ਰਚਨਾਵਾਂ 'ਗੁਰੂ ਗ੍ਰੰਥ ਸਾਹਿਬ' ਤੇ ਸਤਿਗੁਰੂਆਂ ਦੇ ਆਸ਼ੇ ਅਨੁਕੂਲ ਹਨ ਅਤੇ ਕਿਹੜੀਆਂ 'ਬਿਪਰ-ਸੰਸਕਾਰੀ' ਰੀਤਾਂ, ਰਸਮਾਂ ਤੇ ਮਨਮੱਤ ਦੀਆਂ ਮਨੌਤਾਂ ਨਾਲ ਭਰਪੂਰ ?

ਪ੍ਰਵਾਨਗੀ

ਆਖ਼ਰ ਇਹ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਅਤੇ ਗਿਆਨੀ ਭਾਗ ਸਿੰਘ ਨੂੰ ਕੋਈ ਢੰਡ ਦੇਣਾ ਯੋਗ ਨਾ ਜਾਤਾ। ਧਾਰਮਿਕ ਸਲਾਹਕਾਰ ਕਮੇਟੀ ਵਿਚ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਮਤਾ ਅਗਲੀ ਕਾਰਵਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਦਿੱਤਾ ਗਿਆ।

ਫੇਰ ਗਿਆਨੀ ਭਾਗ ਸਿੰਘ ਵਿਰੁੱਧ ਹੁਕਮਨਾਮਾ ਕਿਉਂ ਤੇ ਕਿਵੇ ?

ਧਾਰਮਿਕ ਸਲਾਹਕਾਰ ਕਮੇਟੀ ਦੇ ਉਪਰੋਕਤ ਸਰਬ-ਸੰਮਤੀ ਫ਼ੈਸਲੇ ਉਪਰੰਤ ਕਮੇਟੀ ਦੇ ਕਿਸੇ ਵਿਅਕਤੀ ਨੂੰ ਹੱਕ ਨਹੀਂ ਪਹੁੰਚਦਾ ਸੀ ਕਿ ਉਹ ਆਪਣੀ ਹੀ ਹਾਜ਼ਰੀ ਵਿਚ ਹੋਏ ਫ਼ੈਸਲੇ ਦੀ ਕਿਸੇ ਤਰ੍ਹਾਂ ਮਿੱਟੀ ਪਲੀਤ ਕਰੇ। ਜਥੇਦਾਰ 'ਅਕਾਲ ਤਖ਼ਤ ਸਾਹਿਬ' ਜੇ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤਰਤਾ ਦੇ ਸਰਬ-ਸੰਮਤ ਫ਼ੈਸਲੇ ਵਿਚ ਆਪ ਸ਼ਾਮਿਲ ਨਾ ਹੁੰਦੇ ਤਾਂ ਗੱਲ ਹੋਰ ਸੀ। ਹਾਂ, ਜੇ ਉਨ੍ਹਾਂ ਦਾ ਆਪਣੇ ਹੀ ਸਾਂਝੇ ਤੇ ਸਰਬ-ਸੰਮਤ ਫ਼ੈਸਲੇ ਬਾਰੇ ਮਨ ਬਦਲ ਗਿਆ ਸੀ ਤਾਂ ਉਹ ਫੇਰ ਧਾਰਮਿਕ ਸਲਾਹਕਾਰਾਂ ਦੀ ਇਕੱਤਰਤਾ ਸੱਦਦੇ ਅਤੇ ਸਰਬ-ਸੰਮਤੀ ਨਾਲ ਹੋਇਆ ਫ਼ੈਸਲਾ ਬਦਲਵਾ ਲੈਂਦੇ, ਪਰ ਮੈਂਬਰ ਸਾਹਿਬਾਨ ਵਿਰੁੱਧ ਐਸਾ ਹੱਤਕ ਭਰਿਆ ਤਾਨਾਸ਼ਾਹੀ ਫ਼ੈਸਲਾ ਨਾ ਕਰਦੇ।

ਪਿਛੋਕੜ

ਇਸ ਸਾਰੀ ਘਟਨਾ ਦਾ ਪਿਛੋਕੜ, ਜੋ ਬਾਅਦ ਵਿਚ ਗਿਆਨੀ ਭਾਗ ਸਿੰਘ ਤੇ ਉਨ੍ਹਾਂ ਦੇ ਨਿਕਟਵਰਤੀਆਂ ਪਾਸੋਂ ਸੁਣਨ ਵਿਚ ਆਇਆ, ਉਹ ਸੰਖੇਪ ਵਿਚ ਇਸ ਪ੍ਰਕਾਰ ਸੀ :

ਗਿਆਨੀ ਭਾਗ ਸਿੰਘ ਜੀ ਤੇ ਗਿਆਨੀ ਸੰਤ ਸਿੰਘ ਮਸਕੀਨ ਦੀ ਇੰਦੌਰ ਵਿਖੇ ਕਿਸੇ

ਸਮਾਗਮ ਸਮੇਂ ਮੁੱਠਭੇੜ ਹੋ ਗਈ, ਜਿਸ ਵਿਚ ਭਾਗ ਸਿੰਘ ਦਾ ਹੱਥ ਉੱਤੇ ਰਿਹਾ। ਮਸਕੀਨ ਜੀ ਨੇ ਇਸ ਦੀ ਸ਼ਿਕਾਇਤ, ਆਪਣੇ ਹਿਤੂ ਤੇ ਵੱਡੇ ਨਿਕਟਵਰਤੀ, ਗਿਆਨੀ ਚੇਤ ਸਿੰਘ, ਹੈੱਡ ਗ੍ਰੰਥੀ, ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਕੀਤੀ, ਜਿਨ੍ਹਾਂ ਦੀ ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ, ਅਕਾਲ ਤਖ਼ਤ ਸਾਹਿਬ ਨਾਲ ਡਾਢੀ ਸਮੀਪਤਾ ਸੀ। ਸੋ, ਇਨ੍ਹਾਂ ਦੋਹਾਂ ਸਾਥੀਆਂ ਨੇ ਜਥੇਦਾਰ ਭੌਰਾ ਉੱਤੇ ਦਬਾਅ ਪਾਇਆ ਕਿ ਉਹ ਗਿਆਨੀ ਭਾਗ ਸਿੰਘ ਵਿਰੁੱਧ 'ਹੁਕਮਨਾਮਾ' ਜਾਰੀ ਕਰਨ। ਇਉਂ ਇਹ ਭਾਣਾ ਵਰਤਿਆ। ਗਿਆਨੀ ਭਾਗ ਸਿੰਘ ਦੀ ਅੰਤਲੀ ਜਾਨ-ਲੇਵਾ ਬੀਮਾਰੀ ਸਮੇਂ, ਮੈਂ ਉਨ੍ਹਾਂ ਦੀ (ਸੈਕਟਰ 37) ਸੁੱਖ-ਸਾਂਦ ਪੁੱਛਣ ਗਿਆ, ਤਾਂ ਉਨ੍ਹਾਂ ਪਾਸੋਂ ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ 'ਮਸਕੀਨ' ਜੀ ਨੇ ਕਿਵੇਂ ਪਲੋਸ-ਪਲਾਸ ਕੇ, ਗਿਆਨੀ ਹੁਰਾਂ ਪਾਸੋਂ ਪੁਸਤਕ ਲਿਖੇ ਜਾਣ ਦੀ 'ਲਿਖਤੀ ਮਾਫ਼ੀ' ਮੰਗਵਾਈ ਹੈ। ਮੈਂ ਗਿਆਨੀ ਜੀ ਨੂੰ ਸਖ਼ਤ ਪਰੇਸ਼ਾਨੀ ਤੇ ਬੇਬਸੀ ਵਿਚ ਵੇਖਿਆ। ਉਹ 'ਮੁਆਫ਼ੀ' ਦੇ ਮਸ਼ਕੀਨ ਜੀ ਨੂੰ ਲਿਖ ਕੇ ਦਿੱਤੇ ਚੰਦ ਅੱਖਰਾਂ ਉੱਤੇ ਪਛਤਾ ਰਹੇ ਸਨ ਅਤੇ ਕਿਸੇ ਨੂੰ ਕੁਝ ਲਿਖਾਉਣਾ ਚਾਹੁੰਦੇ ਸਨ। ਮੈਂ ਇਸ ਸੇਵਾ ਲਈ ਆਪਣੇ-ਆਪ ਨੂੰ ਪੇਸ਼ ਕੀਤਾ ਅਤੇ ਇਕਰਾਰ ਅਨੁਸਾਰ ਦੂਜੇ ਦਿਨ ਸਵੇਰੇ ਉਨ੍ਹਾਂ ਪਾਸ ਪੁੱਜ ਗਿਆ, ਪਰ ਅਫ਼ਸੋਸ! ਉਹ ਉਦੋਂ ਤਕ ਇੰਨੇ ਬੇ-ਸੁਰਤ ਹੋ ਚੁੱਕੇ ਸਨ ਕਿ ਇਕ ਅੱਖਰ ਵੀ ਮੈਨੂੰ ਨਾ ਲਿਖਾ ਸਕੇ। ਦੂਜੇ ਦਿਨ ਉਨ੍ਹਾਂ ਦੀ ਚੇਤਨ ਸੱਤਾ ਸਦਾ ਲਈ ਉਡਾਰੀ ਮਾਰ ਗਈ। ਸੋ, ਇਹ ਹੈ ਸੰਖੇਪ ਵਿਚ ਗਿਆਨੀ ਭਾਗ ਸਿੰਘ ਜੀ ਜਹੇ ਵੱਡੇ ਜਬ੍ਹੇ ਵਾਲੇ ਵਿਦਵਾਨ, ਗੁਰਸਿੱਖ ਪ੍ਰਚਾਰਕ ਨਾਲ ਪਰੇਸ਼ਾਨੀ-ਭਰਪੂਰ ਵਰਤੇ ਦੁਖਾਂਤ ਦੀ 'ਸੱਚੀ ਸਾਖੀ'।

—ਹਰਿਭਜਨ ਸਿੰਘ

ਗਿਆਨੀ ਸੁਰਜੀਤ ਸਿੰਘ ਦਿੱਲੀ ਦਾ ਲੇਖ

ਵੱਲੋਂ :
ਗਿਆਨੀ ਸੁਰਜੀਤ ਸਿੰਘ, ਸਿੱਖ ਮਿਸ਼ਨਰੀ,
ਮੈਂਬਰ, ਧਰਮ ਪ੍ਰਚਾਰ ਕਮੇਟੀ, ਦਿਲੀ ਸਿਖ ਗੁ: ਪ੍ਰ: ਕਮੇਟੀ,
ਫ਼ਾਉਂਡਰ ਅਤੇ ਪ੍ਰਚਾਰਕ ਸਿੱਖ ਮਿਸ਼ਨਰੀ ਕਾਲਜ (ਰਜਿ:),
ਗੁਰਮਤਿ ਲੈਕਚਰਾਰ, ਕਥਾਵਾਚਕ ਅਤੇ ਲੇਖਕ,
ਮੈਂਬਰ, ਵਿਸ਼ਵ ਸਿੱਖ ਕਾਉਂਸਲ, ਅਕਾਲ ਤਖ਼ਤ ਸਾਹਿਬ,
ਪ੍ਰਿੰਸੀਪਲ, ਗੁਰਮਤਿ ਐਜੂਕੇਸ਼ਨ ਸੈਂਟਰ, ਦਿੱਲੀ।

ਮਿਤੀ : 6-12-1997

ਸਤਿਕਾਰਯੋਗ ਪ੍ਰਿੰ. ਹਰਿਭਜਨ ਸਿੰਘ ਜੀਉ,
ਵਾਹਿਗੂਰੂ ਜੀ ਕਾ ਖਾਲਸਾ,
ਵਾਹਿਗੂਰੂ ਜੀ ਕੀ ਫ਼ਤਹਿ।

ਆਪ ਜੀ ਦਾ ਪੱਤਰ ਪ੍ਰਾਪਤ ਹੋ ਗਿਆ ਸੀ ਅਤੇ ਆਪ ਜੀ ਦੇ ਤਿੰਨ ਲੇਖ ਵੀ ਨਾਲ ਨੱਥੀ ਸਨ। ਸਭ ਤੋਂ ਕੀਮਤੀ ਚੀਜ਼, ਜੋ ਇਸ ਪੱਤਰ ਨਾਲ ਦਾਸ ਨੂੰ ਪ੍ਰਾਪਤ ਹੋਈ ਹੈ, 'ਹੁਕਮਨਾਮੇ' ਸਬੰਧੀ ਜੋ ਵੇਰਵਾ ਆਪ ਜੀ ਨੇ ਲਿਖਿਆ ਹੈ।

ਕੁਝ ਬੇਨਤੀਆਂ ਇਸ ਪ੍ਰਕਾਰ ਹਨ

ਗਿਆਨੀ ਭਾਗ ਸਿੰਘ ਜੀ ਬਾਰੇ ਆਪ ਜੀ ਨੇ ਲਿਖਿਆ ਹੈ ਕਿ 'ਉਹ ਕੁਝ ਵੇਰਵਾ' ਦੇਣਾ ਚਾਹੁੰਦੇ ਸਨ, ਪਰ ਉਸ ਤੋਂ ਪਹਿਲਾਂ ਗੁਰਪੁਰਵਾਸੀ ਹੋ ਗਏ। ਸੰਖੇਪ ਵਿਚ ਉਹ ਵੇਰਵਾ ਇਸ ਪ੍ਰਕਾਰ ਹੈ: ਦਿੱਲੀ ਵਿਚ ਸ: ਮਿਲਾਪ ਸਿੰਘ ਜੀ ਦੇ ਉਦਮ ਨਾਲ ਭਾਈ ਅਮਰ ਸਿੰਘ ਜੀ ਅਲੀਗੜ੍ਹ ਵਾਲਿਆਂ ਨਾਲ ਇਹ ਫ਼ੈਸਲਾ ਹੋਇਆ ਕਿ ਉਹ ਜਥੇਦਾਰ ਸਾਧੂ ਸਿੰਘ ਭੌਰਾ ਨਾਲ ਮਿਲ ਕੇ ਇਹ ਹੁਕਮਨਾਮਾ, ਜੋ ਮੂਲੋਂ ਗ਼ਲਤ ਹੈ, ਵਾਪਸ ਕਰਵਾ ਲੈਣਗੇ। (ਧਿਆਨ ਰਹੇ ਭਾਈ

ਅਮਰ ਸਿੰਘ ਜੀ ਦੀ ਦਿੱਲੀ ਵਿਚ ਟਰਾਂਸਪੋਰਟ ਹੈ) ਇਸ ਵਕਤ ਉਹਨਾਂ ਨਾਲ ਦਾਸ ਦਾ ਵੀ ਵਿਚਾਰ-ਵਟਾਂਦਰਾ ਹੋਇਆ। ਉਹਨਾਂ ਦੇ ਲਫ਼ਜ਼ਾਂ ਵਿਚ 'ਮੈਨੂੰ ਸਾਰੀ ਗੱਲ ਸਮਝ ਆ ਗਈ ਹੈ।' ਭੌਰਾ ਜੀ ਤਾਂ ਸਾਡੇ ਹੀ ਉੱਤੇ ਗੁੰਥੀ ਹੁੰਦਾ ਸੀ। ਮੈਂ ਉਸ ਨਾਲ ਸਾਰੀ ਗੱਲ ਵੀ ਕਰ ਲਈ ਹੈ। ਬੱਸ, ਗਿਆਨੀ ਜੀ ਨਾਲ ਚੱਲਣਗੇ। ਉਹ (ਭੌਰਾ ਸਾਹਿਬ) ਆਪਣੀ ਗ਼ਲਤੀ ਨੂੰ ਮਹਿਸੂਸ ਕਰਦਾ ਹੈ। ਦਾਸ ਤੇ ਸ: ਮਿਲਾਪ ਸਿੰਘ ਜੀ ਨੇ ਗਿਆਨੀ ਜੀ ਨਾਲ 'ਅਕਾਲ ਤਖ਼ਤ ਸਾਹਿਬ' ਜਾਣਾ ਸੀ, ਇਸ ਦੀ ਭਿਣਕ 'ਮਸਕੀਨ ਸਾਹਿਬ' ਨੂੰ ਪੈ ਗਈ। ਉਨ੍ਹਾਂ ਵੱਲੋਂ ਫਟਾਫਟ ਗਿਆਨੀ ਜੀ ਨੂੰ ਇਕ ਚਿੱਠੀ ਪੁੱਜੀ ਕਿ ਮੈਂ ਫਲਾਣੀ ਤਾਰੀਖ਼ ਨੂੰ ਦਿੱਲੀ ਸਟੇਸ਼ਨ 'ਤੇ ਤੁਹਾਨੂੰ ਮਿਲਾਂਗਾ, ਤੁਹਾਡੀ ਵੀ ਮੈਂ ਟਿਕਟ ਲੈ ਰੱਖੀ ਹੈ। ਤੁਸੀਂ ਮੇਰੇ ਨਾਲ ਅੰਮ੍ਰਿਤਸਰ ਚੱਲਣਾ, ਕੰਮ ਮੁਕਾ ਲਵਾਂਗੇ। ਉਸ ਵਕਤ ਗਿਆਨੀ ਜੀ, ਸ਼ਾਇਦ ਉੱਕ ਗਏ ਜਾਂ ਸਾਡੇ ਨਾਲ ਮੇਲ ਨਾ ਬਣ ਸਕਿਆ। ਉਹ ਮਸਕੀਨ ਸਾਹਿਬ ਦੀ ਨਵੀਂ ਚਾਲ ਦਾ ਸ਼ਿਕਾਰ ਹੋ ਗਏ। ਸਟੇਸ਼ਨ 'ਤੇ ਚਲੇ ਗਏ ਅਤੇ ਮਸਕੀਨ ਸਾਹਿਬ ਨਾਲ ਅੰਮ੍ਰਿਤਸਰ ਪਹੁੰਚ ਗਏ। ਜਿਸ ਵਕਤ ਸਾਨੂੰ ਰਾਤੀਂ ਪਤਾ ਲੱਗਾ ਤਾਂ ਸਾਨੂੰ ਫ਼ਿਕਰ ਸੀ, ਬਲਕਿ ਘਬਰਾਹਟ ਸੀ ਕਿ ਮਸਕੀਨ ਸਾਹਿਬ ਦੀ ਇਸ ਵਿਚ ਸ਼ਾਇਦ ਕੋਈ ਚਾਲ ਨਾ ਹੋਵੇ, ਆਖ਼ਰ ਇਹੀ ਹੋਇਆ। ਗਿਆਨੀ ਜੀ, ਅੰਮ੍ਰਿਤਸਰ ਸਾਹਿਬ ਤੋਂ ਵਾਪਸ ਪੁੱਜੇ ਤਾਂ ਸਿੱਧੇ ਲਾਜਪਤ ਨਗਰ ਦਿੱਲੀ ਵਿਖੇ ਸ: ਨਰਿੰਦਰਜੀਤ ਸਿੰਘ ਦੇ ਘਰ ਗਏ। ਦਾਸ ਨੂੰ ਵੀ ਫ਼ੋਨ ਕਰ ਕੇ ਬੁਲਾਇਆ ਗਿਆ। ਤਦ, ਇਸ ਵਡੇਰੀ ਉਮਰ ਵਿਚ ਗਿਆਨੀ ਜੀ ਦੀਆਂ ਅੱਖਾਂ ਵਿਚ ਅੱਥਰੂ ਸਨ। ਕਹਿਣ ਲੱਗੇ, "ਮਸਕੀਨ ਜੀ ਨੇ ਮੇਰੇ ਨਾਲ ਧੋਖਾ ਕੀਤਾ ਹੈ; ਹੁਣ ਰਾਜੌਰੀ ਗਾਰਡਨ ਉਹ ਮੇਰਾ ਇੰਤਜ਼ਾਰ ਕਰ ਰਿਹਾ ਹੈ।" ਕਹਿੰਦਾ ਹੈ, 'ਮੇਰੇ ਨਾਲ ਅਲਵਰ ਦੇ ਸਮਾਗਮ 'ਤੇ ਚੱਲੋ। ਉੱਥੇ ਸੰਗਤਾਂ ਦੇ ਵੱਡੇ ਇਕੱਠ ਵਿਚ ਤੁਹਾਡੇ ਕੋਲੋਂ ਕਥਾ ਕਰਵਾਵਾਂਗੇ।' ਗਿਆਨੀ ਜੀ ਦਿਆਂ ਲਫ਼ਜ਼ਾਂ ਵਿਚ, ਅੰਮ੍ਰਿਤਸਰ ਜਾਂਦਿਆਂ ਭੌਰਾ ਜੀ ਪਹਿਲਾਂ ਤੋਂ ਤਿਆਰ ਬੈਠਾ ਸੀ। ਇਕ ਪੈਡ 'ਤੇ ਕੁਝ ਟਾਈਪ ਹੋਇਆ ਸੀ। ਮੈਂ ਪੜ੍ਹਨ ਲੱਗਾ ਤਾਂ ਮੇਰੇ ਹੱਥੋਂ ਐਨਕ ਥੱਲੇ ਡਿੱਗ ਪਈ। ਅਸੀਂ ਸਾਰੇ ਅਕਾਲ ਤਖ਼ਤ ਸਾਹਿਬ 'ਤੇ ਬੈਠੇ ਸੀ। (ਚੇਤੇ ਰਹੇ, ਇਤਨੀ ਵਡੇਰੀ ਉਮਰ ਵਿਚ ਗਿਆਨੀ ਜੀ ਦੇ ਹੱਥ ਕੰਬਦੇ ਸਨ, ਜਿਸ ਕਰਕੇ ਉਹਨਾਂ ਦੇ ਹੱਥਾਂ ਵਿੱਚੋਂ ਐਨਕ ਡਿੱਗੀ। ਨਜ਼ਰ ਵੀ ਕਮਜ਼ੋਰ ਪੈ ਚੁੱਕੀ ਸੀ)। ਭੌਰਾ ਸਾਹਿਬ ਤੇ ਮਸਕੀਨ ਜੀ ਦੋਵੇਂ ਕਹਿਣ ਲੱਗੇ, "ਗਿਆਨੀ ਜੀ, ਛੱਡੋ ਐਨਕ, ਤੁਹਾਨੂੰ ਸਾਡੇ 'ਤੇ ਯਕੀਨ ਨਹੀਂ? ਫ਼ਟਾਫ਼ਟ ਸਾਈਨ ਕਰੋ ਅਤੇ ਦੇਗ਼ ਕਰਵਾਉ।" ਇਸ ਤਰ੍ਹਾਂ ਗਿਆਨੀ ਜੀ ਨੇ ਬਿਨਾਂ ਪੜ੍ਹੇ ਉਹਨਾਂ ਦੇ ਪ੍ਰਭਾਵ ਵਿਚ ਆ ਕੇ ਸਾਈਨ ਕਰ ਦਿੱਤੇ। ਕੜਾਹ ਪ੍ਰਸ਼ਾਦ ਕਰਵਾਇਆ ਤਾਂ ਗਿਆਨੀ ਜੀ ਕਹਿਣ ਲੱਗੇ, "ਲਿਆਉ, ਹੁਣ ਮੈਂ ਪੜ੍ਹ ਤਾਂ ਲਵਾਂ।" ਪੜ੍ਹਿਆ ਤਾਂ ਉਸ ਵਿਚ ਟਾਈਪ ਕੀਤਾ ਹੋਇਆ ਸੀ ਕਿ 'ਚੌਪਈ ਅਤੇ ਅਰਦਾਸ' ਦੇ ਮੁਆਮਲੇ ਵਿਚ ਗਿਆਨੀ ਜੀ ਨੇ ਮੁਆਫ਼ੀ ਮੰਗ ਲਈ ਹੈ। ਗਿਆਨੀ ਜੀ ਨੇ ਦੱਸਿਆ ਕਿ ਜਦੋਂ ਮੈਂ ਇਹ ਪੜ੍ਹਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਮੈਂ ਉਹਨਾਂ ਨੂੰ ਕਿਹਾ, "ਮਸਕੀਨ, ਤੂੰ ਮੇਰੇ ਨਾਲ ਧੋਖਾ ਕੀਤਾ ਹੈ; ਮੈਂ ਆਪਣੀ ਗੱਲ 'ਤੇ ਹੁਣ ਵੀ ਪੂਰੀ ਤਰ੍ਹਾਂ ਕਾਇਮ ਹਾਂ ਕਿ 'ਚੌਪਈ ਅਤੇ ਅਰਦਾਸ ਦੀ ਪਹਿਲੀ ਪਉੜੀ, ਦਸਮੇਸ਼ ਜੀ ਦੀ ਰਚਨਾ ਨਹੀਂ।" ਅਸਲ ਵਿਚ ਗਿਆਨੀ ਜੀ ਇਸੇ ਕਰ ਕੇ ਮਸਕੀਨ ਜੀ ਨੂੰ ਰਾਜੌਰੀ ਗਾਰਡਨ ਛੱਡ ਕੇ, ਉਸ ਤੋਂ ਸਮਾਂ ਲੈ ਕੇ ਲਾਜਪਤ ਨਗਰ ਚੱਲੇ ਆਏ ਕਿ ਮੈਂ ਕੁਝ ਸੱਜਣਾਂ ਨਾਲ ਸਲਾਹ ਕਰਨੀ ਹੈ। ਮੈਂ ਆਪਣੀ ਆਖ਼ਰੀ ਉਮਰ ਵਿਚ ਇਸ ਮਾਫ਼ੀ ਵਾਲੇ ਝੂਠ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦਾ। ਖ਼ੈਰ, ਦਾਸ ਅਤੇ ਸ: ਨਰਿੰਦਰਜੀਤ ਸਿੰਘ ਗਿਆਨੀ ਜੀ ਨਾਲ ਗੁਰਦੁਆਰਾ ਰਾਜੌਰੀ ਗਾਰਡਨ ਦਿੱਲੀ ਪੁੱਜੇ। ਅੱਗੇ ਮਸਕੀਨ ਸਾਹਿਬ, ਸਾਈਡ ਦੇ ਬਰਾਂਡੇ ਵਿਚ ਇਕ ਚਾਰਪਾਈ 'ਤੇ ਬੈਠੇ ਹਨ। ਗਿਆਨੀ ਜੀ ਬੋਲੇ, "ਮਸਕੀਨ, ਤੂੰ ਪਹਿਲਾਂ ਮੇਰੀ ਪੱਗ ਲਾਹ ਕੇ ਮੇਰੇ ਪੈਰਾਂ ਵਿਚ ਸੁੱਟ ਦਿੱਤੀ, ਫਿਰ ਕਹਿ ਦਿੱਤਾ ਕਿ ਮੈਂ ਤੇਰੇ ਸਿਰ 'ਤੇ ਪੱਗ ਰੱਖ ਰਿਹਾ ਹਾਂ।" ਇਸ ਤਰ੍ਹਾਂ ਦੇ ਲਫ਼ਜ਼ ਸਨ, ਮਸਕੀਨ ਜੀ ਨਾਲ। ਮਸਕੀਨ ਜੀ ਨੇ ਸਾਡੇ 'ਤੇ ਬਹੁਤ ਜ਼ੋਰ ਪਾਇਆ ਕਿ ਗਿਆਨੀ ਜੀ ਕੋਲੋਂ ਕਥਾ ਕਰਾਵਾਂਗਾ, ਮੁਆਮਲਾ ਰਫ਼ਾ-ਦਫ਼ਾ ਹੋ ਜਾਵੇਗਾ। ਠੀਕ ਜਾਂ

ਗ਼ਲਤ, ਪਰ ਗਿਆਨੀ ਜੀ ਦੇ ਦ੍ਰਿੜ੍ਹ ਇਰਾਦੇ ਕਾਰਨ ਸਾਡੀ ਵੀ ਇਹੀ ਰਾਏ ਸੀ ਕਿ ਜਦੋਂ ਮੁਆਫ਼ੀ ਮੰਗੀ ਹੀ ਨਹੀਂ ਤਾਂ ਸੰਗਤਾਂ ਨੂੰ ਧੋਖੇ ਨਾਲ ਕੁਝ ਹੋਰ ਦੱਸਣਾ ਗੁਰੂ ਪਾਤਿਸ਼ਾਹ ਦੇ ਸਤਿਕਾਰ ਦੇ ਵਿਰੁੱਧ ਹੈ। ਜਦੋਂ ਗਿਆਨੀ ਜੀ ਨੇ ਪੱਕੀ ਕਹਿ ਦਿੱਤਾ ਕਿ "ਮੇਰਾ ਫ਼ੈਸਲਾ, ਚੌਪਈ ਅਤੇ ਅਰਦਾਸ ਦੀ ਪਹਿਲੀ ਪਉੜੀ ਬਾਰੇ, ਉਹੀ ਹੈ।" ਸੋ ਗਿਆਨੀ ਜੀ ਨੇ, ਮਸਕੀਨ ਜੀ, ਇਸ ਝੂਠੇ ਢੰਗ ਨਾਲ ਅਲਵਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਤਾਂ ਮਸਕੀਨ ਸਾਹਿਬ ਆਪਣੀ ਕਾਰ ਵਿਚ ਬੈਠ ਕੇ ਅਲਵਰ ਚਲੇ ਗਏ। ਇਸ ਸਾਰੀ ਗੱਲਬਾਤ ਦੇ ਦੌਰਾਨ, ਗਿਆਨੀ ਜੀ ਦੇ ਅੱਥਰੂ ਨਹੀਂ ਸਨ ਰੁਕਦੇ। ਗਿਆਨੀ ਜੀ ਦੇ ਵਿਰੁੱਧ ਹੁਕਮਨਾਮੇ ਬਾਰੇ ਕਾਫ਼ੀ ਕਿੰਤੂ-ਪਰੰਤੂ ਵੱਧ ਚੁੱਕੀ ਸੀ। ਭਾਰਤ ਭਰ ਵਿੱਚੋਂ ਹੀ 1000 ਤੋਂ ਵੱਧ ਚਿੱਠੀਆਂ, ਇਸ ਫ਼ੈਸਲੇ ਵਿਰੁੱਧ ਜਾ ਚੁੱਕੀਆਂ ਸਨ। ਮਸਕੀਨ ਜੀ ਰਾਹੀਂ ਇਸ ਨੂੰ ਜਾਰੀ ਕਰਵਾਉਣ ਵਾਸਤੇ ਪੜਦੇ ਪਿਛਲੀ ਗੱਲ ਵੀ ਮਸਕੀਨ ਜੀ ਦੇ ਸਤਿਕਾਰ 'ਤੇ ਹਾਵੀ ਹੋ ਰਹੀ ਸੀ ਅਤੇ ਉਹਨਾਂ ਨੂੰ ਵੀ ਜਗ੍ਹਾ-ਜਗ੍ਹਾ ਜਵਾਬ ਦੇਣਾ ਮੁਸ਼ਕਿਲ ਹੋ ਰਿਹਾ ਸੀ।

ਵਿੱਥ ਵਧੀ ਕਿੱਥੋਂ

ਗਿਆਨੀ ਜੀ, ਇੰਦੌਰ ਦੇ ਪ੍ਰੋਗਰਾਮ 'ਤੇ ਸਨ ਅਤੇ ਮਸਕੀਨ ਜੀ ਵੀ ਉੱਥੇ ਹੀ ਪ੍ਰੋਗਰਾਮ ਕਰ ਰਹੇ ਸਨ। ਮਸਕੀਨ ਜੀ ਨੇ ਆਪਣੀ ਆਦਤ ਮੁਤਾਬਿਕ ਇਕ ਜਗ੍ਹਾ 'ਤੇ ਕਿਹਾ, "ਅਖੰਡ ਪਾਠ ਗੁਰਮਤਿ ਅਨੁਸਾਰ ਨਹੀਂ।" ਦੂਜੀ ਜਗ੍ਹਾ 'ਤੇ ਇਕ ਵੱਧ 'ਅਖੰਡ ਪਾਠ' ਰੱਖੇ ਹੋਏ ਸਨ, ਉਹਨਾਂ ਨੂੰ ਗੁਰਮਤਿ ਅਨੁਸਾਰ ਦੱਸ ਦਿੱਤਾ। ਕਿਸੇ ਜਗ੍ਹਾ 'ਤੇ ਗਿਆਨੀ ਜੀ ਨੇ, ਉਸ ਦੀ ਇਸ ਦੋਰੰਗੀ ਕਥਾ ਬਾਰੇ ਜ਼ਿਕਰ ਕੀਤਾ, ਤਾਂ ਗਿਆਨੀ ਜੀ ਅਤੇ ਮਸਕੀਨ ਸਾਹਿਬ ਵਿਚ ਥੋੜੀ ਖਿੱਚਾ-ਤਾਣੀ ਹੋਈ। ਇਸ ਘਟਨਾ ਬਾਰੇ, ਗਿਆਨੀ ਜੀ ਨੇ ਆਪ ਦਿੱਲੀ ਵਿਚ ਦਾਸ ਨਾਲ ਜ਼ਿਕਰ ਕੀਤਾ ਸੀ। ਪੁਸਤਕ *ਦਸਮ ਗ੍ਰੰਥ ਨਿਰਣੈ* ਉਹਨੀ ਦਿਨੀਂ, ਗਿਆਨੀ ਜੀ ਨੇ ਲਿਖੀ ਤੇ ਪ੍ਰਕਾਸ਼ਤ ਕੀਤੀ ਹੋਈ ਸੀ। ਮਸਕੀਨ ਜੀ ਨੇ ਰਾਜੌਰੀ ਗਾਰਡਨ ਗੁਰਦੁਆਰੇ ਕੁਝ ਦਿਨ ਕਥਾ ਕੀਤੀ ਤਾਂ 'ਦਸਮ ਗ੍ਰੰਥ' ਵਿਚਲੀ ਕੱਚੀ ਬਾਣੀ ਵਿੱਚੋਂ ਕੁਝ ਮਿਸਾਲਾਂ ਵਰਤੀਆਂ। ਦਿੱਲੀ ਵਿਚ ਨੌਜੁਆਨਾਂ ਦੀ ਇਸ ਪੱਖੋਂ ਤਿਆਰੀ ਤਾਂ ਸੀ, ਪਰ ਇਸ ਉਮਰ ਵਿਚ ਜੋਸ਼ ਵੱਧ ਹੁੰਦਾ ਹੈ ਅਤੇ ਦੂਰ-ਦ੍ਰਿਸ਼ਟਤਾ ਘੱਟ। ਕੁਝ ਨੌਜੁਆਨਾਂ ਨੇ ਮਸਕੀਨ ਸਾਹਿਬ ਨਾਲ ਬਹਿਸ ਕੀਤੀ ਕਿ ਜੋ ਪ੍ਰਮਾਣ ਉਹਨਾਂ ਵਰਤੇ ਹਨ, ਉਹ ਦਸਮੇਸ਼ ਜੀ ਦੀ ਰਚਨਾ ਨਹੀਂ। ਮਸਕੀਨ ਜੀ ਦਾ ਉੱਤਰ ਹਠ ਵਾਲਾ ਅਤੇ ਆਪਣੇ-ਆਪ ਨੂੰ ਠੀਕ ਦੱਸਣ ਵਾਲਾ ਸੀ, ਹਾਲਾਂਕਿ ਸੰਬੰਧਿਤ ਨੌਜਵਾਨ ਮੂਲੋਂ ਠੀਕ ਸਨ। ਦੂਜੇ ਦਿਨ, ਉਹਨਾਂ ਨੇ 'ਦਸਮ ਗ੍ਰੰਥ' ਵਿੱਚੋਂ ਕੁਝ ਰਚਨਾ ਛਪਵਾ ਕੇ ਸੰਗਤਾਂ ਵਿਚ ਵੰਡ ਦਿੱਤੀ ਅਤੇ ਮਸਕੀਨ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਕਰ ਉਹ ਠੀਕ ਹਨ ਤਾਂ ਇਸ਼ਤਿਹਾਰ ਵਿਚ ਦਿੱਤੀ 'ਦਸਮ ਗ੍ਰੰਥ' ਵਿਚਲੀ ਰਚਨਾ ਦੀ ਕਥਾ ਸੰਗਤਾਂ ਵਿਚ ਕਰਨ। ਮਸਕੀਨ ਜੀ ਨੇ ਇਸ ਵਿਚ ਆਪਣੀ ਬੇਇਜ਼ਤੀ ਸਮਝੀ। ਆਪਣੇ ਅਸਰ-ਰਸੂਖ ਦਾ ਫ਼ਾਇਦਾ ਉਠਾ ਕੇ ਉਹਨਾਂ, ਗਿਆਨੀ ਚੇਤ ਸਿੰਘ ਤੇ ਭੌਰਾ ਸਾਹਿਬ ਨੂੰ ਵਰਤਿਆ ਅਤੇ ਭੜਕਾਇਆ ਕਿ ਗਿਆਨੀ ਜੀ ਨੇ ਆਪਣੇ ਗੁੰਡਿਆਂ ਕੋਲੋਂ ਮੇਰੀ ਬੇਇੱਜ਼ਤੀ ਕਰਵਾਈ ਹੈ। ਇਸ ਤਰ੍ਹਾਂ ਇਹ ਖੇਡ ਅੱਗੇ ਤੁਰੀ। ਜਦੋਂ ਕਿ ਇਕ ਵਿਦਵਾਨ ਹੋਣ ਦੇ ਨਾਤੇ, ਮਸਕੀਨ ਜੀ ਦਾ ਇਹ ਫ਼ਰਜ਼ ਬਣਦਾ ਸੀ ਕਿ ਇਹ ਘਟਨਾ ਗਿਆਨੀ ਜੀ ਦੇ ਨੋਟਿਸ ਵਿਚ ਲਿਆਉਂਦੇ, ਕਿਉਂਕਿ ਇਕ ਤਾਂ ਗਿਆਨੀ ਜੀ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ; ਦੂਜਾ, ਉਹ ਨੌਜਵਾਨ ਵੀ ਗੁੰਡੇ ਨਹੀਂ ਸਨ। ਇਸ ਗੱਲ ਨੂੰ ਮਸਕੀਨ ਜੀ ਵੀ ਚੰਗੀ ਤਰ੍ਹਾਂ ਜਾਣਦੇ ਸਨ। ਵੈਸੇ ਵੀ, ਜਿਸ ਨੂੰ ਗਿਆਨੀ ਜੀ ਦਾ 'ਮੁਆਫ਼ੀਨਾਮਾ' ਦੱਸਿਆ ਗਿਆ, ਉਹ ਕੇਵਲ ਇਕ 'ਅਕਾਲ ਤਖ਼ਤ ਸਾਹਿਬ' ਦੇ ਪੈਡ 'ਤੇ ਸੀ, ਜਿਸ ਉਪਰ ਨਾ ਕੋਈ ਐਂਟਰੀ ਨੰਬਰ ਅਤੇ ਨਾ ਹੀ 'ਅਕਾਲ ਤਖ਼ਤ ਸਾਹਿਬ' ਦੀ ਮੋਹਰ ਸੀ। ਗਿਆਨੀ ਜੀ ਆਪਣੇ ਫ਼ੈਸਲੇ ਤੋਂ ਅੰਤਮ ਸਮੇਂ ਤੀਕ ਅਡਿੱਗ ਸਨ।

ਗੁਰੂ ਪੰਥ ਦਾ ਦਾਸ,
ਸੁਰਜੀਤ ਸਿੰਘ

ਅਕਾਲੀ ਆਗੂਆਂ ਵਿਚ ਤਾਕਤ ਦੀ ਜੰਗ

ਜੂਨ 1977 ਵਿਚ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੀ ਸੀ। ਪਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਅਕਾਲੀ ਦਲ ਸਨ। ਬਾਦਲ ਕੋਲ ਸਰਕਾਰ ਹੋਣ ਕਰ ਕੇ ਸਾਰੀ ਸਿਆਸੀ ਤਾਕਤ ਉਸ ਦੇ ਹੱਥ ਵਿਚ ਸੀ। ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਚਾਹੁੰਦੇ ਸਨ ਕਿ ਉਹ ਵੀ ਸਰਕਾਰੀ ਤਾਕਤ ਦਾ ਨਿਘ, ਅਨੰਦ ਤੇ ਨਸ਼ਾ ਮਾਨਣ। ਦੂਜੇ ਪਾਸੇ, ਪਰਕਾਸ਼ ਸਿੰਘ ਬਾਦਲ ਸਾਰੀ ਤਾਕਤ ਆਪਣੇ ਹੱਥ ਵਿਚ ਰਖਣੀ ਚਾਹੁੰਦਾ ਸੀ। ਉਸ ਦੀ ਖ਼ਾਹਿਸ਼ ਸੀ ਕਿ ਉਹ ਕਿਸੇ ਅਜਿਹੇ ਬੰਦੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਵੇ, ਜੋ ਉਸ ਦਾ ਜੀ-ਹਜ਼ੂਰ ਹੋਵੇ ਤੇ ਇਸ ਮਗਰੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਆਪਣੇ ਕਿਸੇ ਵਫ਼ਾਦਾਰ ਨੂੰ ਦਿੱਤੀ ਜਾਵੇ। ਇੰਵ ਇਹ ਤਿੰਨ-ਧਿਰੀ ਸਾਜ਼ਿਸ਼ੀ ਮਾਹੌਲ ਕਾਫ਼ੀ ਦੇਰ ਪਨਪਦਾ ਰਿਹਾ।

ਸਿਤੰਬਰ 1979 ਦੇ ਆਖ਼ਰੀ ਦਿਨਾਂ ਵਿਚ ਬਾਦਲ ਧੜੇ ਦੇ 50 ਸਰਗਰਮ ਵਰਕਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਚੋਣ ਵਾਸਤੇ 10 ਅਕਤੂਬਰ ਨੂੰ ਮੀਟਿੰਗ ਬੁਲਾਉਣ ਦਾ ਨੋਟਿਸ ਦੇ ਦਿੱਤਾ। ਇਸ ਚਿੱਠੀ ਉੱਤੇ ਉਮਰਾਨੰਗਲ, ਵੈਦ ਕਰਤਾਰ ਸਿੰਘ, ਹਰੀ ਸਿੰਘ ਜ਼ੀਰਾ ਵਗ਼ੈਰਾ ਦੇ ਦਸਤਖ਼ਤ ਸਨ। ਜਥੇਦਾਰ ਤਲਵੰਡੀ ਨੇ ਮੀਟਿੰਗ ਬੁਲਾਉਣ ਦੀ ਥਾਂ ਇਨ੍ਹਾਂ 50 ਵਿਚੋਂ ਪੰਜ ਮੁਖ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਇਸ ਐਕਸ਼ਨ 'ਤੇ ਬਾਦਲ ਦੇ ਹਿਮਾਇਤੀ ਬਹੁਤ ਨਾਰਾਜ਼ ਹੋਏ। ਇਸ ਦੇ ਨਾਲ ਹੀ ਤਲਵੰਡੀ ਨੇ ਇਕ ਬਿਆਨ ਵਿਚ ਆਖਿਆ ਕਿ ਮੀਟਿੰਗ ਬੁਲਾਉਣ ਦੀ ਚਿੱਠੀ ਤੇ ਦਸਤਖ਼ਤ ਕਰਨ ਵਾਲਿਆਂ ਵਿਚੋਂ ਬਹੁਤੇ ਤਾਂ ਪਾਰਟੀ ਵਿਚੋਂ ਕੱਢੇ ਜਾ ਚੁੱਕੇ ਹਨ। ਇਨ੍ਹਾਂ ਨੂੰ ਇਕ ਸਬ-ਕਮੇਟੀ, ਜਿਸ ਵਿਚ ਬਾਦਲ ਖ਼ੁਦ ਇਕ ਮੈਂਬਰ ਸੀ, ਨੇ ਪਾਰਟੀ ਵਿਚੋਂ ਇਸ ਕਰ ਕੇ ਖ਼ਾਰਿਜ ਕਰ ਦਿੱਤਾ ਸੀ, ਕਿਉਂਕਿ ਇਨ੍ਹਾਂ ਨੇ ਮਾਰਚ 1979 ਦੀਆਂ ਗੁਰਦੁਆਰਾ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਦੇ ਖ਼ਿਲਾਫ਼ ਚੋਣਾਂ ਲੜੀਆਂ ਸਨ ਜਾਂ ਮੁਖ਼ਾਲਿਫ਼ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ।

ਦਰਅਸਲ ਤਲਵੰਡੀ ਖ਼ੁਦ ਨਹੀਂ ਸੀ ਚਾਹੁੰਦਾ ਕਿ ਪਾਰਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਕਰਵਾਈ ਜਾਏ। ਉਹ ਅਜੇ ਕਾਫ਼ੀ ਚਿਰ ਹੋਰ ਪਾਰਟੀ ਪ੍ਰਧਾਨ ਬਣਿਆ ਰਹਿਣਾ ਚਾਹੁੰਦਾ ਸੀ। ਉਨ੍ਹੀਂ ਦਿਨੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਤਲਵੰਡੀ ਇਕ ਦੂਜੇ ਦੇ ਬਹੁਤ ਨੇੜੇ ਸਨ; ਸ਼ਾਇਦ ਇਸ ਕਰ ਕੇ ਕਿ ਦੋਵੇਂ ਬਾਦਲ ਦੇ ਹੱਥ ਆਈ ਸਰਕਾਰੀ ਤਾਕਤ ਤੋਂ ਮਹਿਰੂਮ ਸਨ। ਇਸ ਹਾਲਤ ਵਿਚ ਜਥੇਦਾਰ ਤਲਵੰਡੀ ਨੇ ਪਾਰਟੀ ਦਾ ਜਨਰਲ ਇਜਲਾਸ ਬੁਲਾਉਣ ਦੀ ਬਜਾਇ ਜਥੇਦਾਰ ਟੌਹੜਾ ਦਾ ਸਾਥ ਹਾਸਿਲ ਕਰ ਕੇ ਅਕਾਲ ਤਖ਼ਤ ਸਾਹਿਬ ਦਾ ਸਹਾਰਾ ਲੈਣ ਨੂੰ ਤਰਜੀਹ ਦਿੱਤੀ। ਉਨ੍ਹਾਂ ਦੋਹਾਂ ਆਗੂਆਂ ਨੇ 26 ਸਿਤੰਬਰ 1979 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਕੋਲ ਇਕ 'ਪਟੀਸ਼ਨ' ਪੇਸ਼ ਕੀਤੀ, ਜਿਸ ਵਿਚ ਬਾਦਲ ਉੱਤੇ ਪੰਥ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਏ ਅਤੇ ਨਾਲ ਹੀ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫ਼ੇ ਵੀ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਪੇਸ਼ ਕਰ ਦਿੱਤੇ। ਇਸ ਵੇਲੇ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਜਥੇਦਾਰ ਸਾਧੂ ਸਿੰਘ ਭੌਰਾ ਸੀ। ਜਥੇਦਾਰ ਭੌਰਾ ਦੀ ਆਪਣੀ ਸ਼ਖ਼ਸੀਅਤ ਬੜੀ ਨਿਗੂਣੀ ਸੀ। ਉਹ ਤਾਂ 1965 ਵਿਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ

ਬੰਗਾ-ਨਵਾਂਸ਼ਹਿਰ ਸੀਟ ਤੋਂ ਜਥੇਦਾਰ ਸਵਰਨ ਸਿੰਘ ਬਹਿਰਾਮ ਤੋਂ ਹਾਰ ਵੀ ਚੁੱਕਾ ਸੀ। ਜੋ ਸ਼ਖ਼ਸ ਇਕ ਹਲਕੇ ਤੋਂ ਚੋਣ ਤਕ ਨਹੀਂ ਸੀ ਜਿਤ ਸਕਿਆ, ਫ਼ਤਹਿ ਸਿੰਘ ਨੇ ਉਸ ਨੂੰ ਵਫ਼ਾਦਾਰੀ ਦਾ ਮੁਆਵਜ਼ਾ ਦੇਣ ਵਾਸਤੇ ਅਕਾਲ ਪੁਰਖ ਦੇ ਤਖ਼ਤ ਦਾ ਮੁਖ ਸੇਵਾਦਾਰ ਬਣਾ ਦਿੱਤਾ ਸੀ। ਅਜਿਹੇ ਸ਼ਖ਼ਸ ਤੋਂ ਕੌਮ ਵਾਸਤੇ ਕੋਈ ਜਮ੍ਹਾਂ-ਪੱਖੀ ਕਾਰਵਾਈ ਦੀ ਉਮੀਦ ਨਹੀਂ ਸੀ ਹੋ ਸਕਦੀ। ਪਰ ਫਿਰ ਵੀ ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਨੇ ਉਸ ਕੋਲ ਪੰਥ ਦੇ ਅਹਿਮ ਮਸਲੇ ਵਾਸਤੇ 'ਦਰਖ਼ਾਸਤ' ਪੇਸ਼ ਕਰ ਦਿੱਤੀ।

ਜਥੇਦਾਰ ਸਾਧੂ ਸਿੰਘ ਭੌਰਾ ਨੇ ਇਕ ਦਮ ਤਾਰ ਦੇ ਕੇ ਪਰਕਾਸ਼ ਸਿੰਘ ਬਾਦਲ ਅਤੇ ਹਰਚੰਦ ਸਿੰਘ ਲੌਂਗੋਵਾਲ ਨੂੰ ਤਖ਼ਤ 'ਤੇ ਤਲਬ ਕਰ ਲਿਆ। ਲੌਂਗੋਵਾਲ 30 ਸਿਤੰਬਰ ਨੂੰ ਸਾਧੂ ਸਿੰਘ ਭੌਰਾ ਨੂੰ ਮਿਲਿਆ। ਇਸੇ ਦਿਨ ਬਾਦਲ ਨੇ ਬਿਆਨ ਦਿੱਤਾ ਕਿ ਮੈਂ ਚੀਫ਼ ਮਨਿਸਟਰ ਵਜੋਂ ਨਹੀਂ ਬਲਕਿ ਇਕ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਵਾਂਗਾ। (ਬਾਦਲ ਦਾ ਇਹ ਬਿਆਨ ਸਹੀ ਨਹੀਂ ਸੀ, ਕਿਉਂਕਿ ਚੀਫ਼ ਮਨਿਸਟਰੀ ਸਿੱਖੀ ਤੋਂ ਵੱਡੀ ਚੀਜ਼ ਨਹੀਂ। ਪਰ ਇਸ ਦਾ ਮਤਲਬ ਹਰਗਿਜ਼ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਾਂ ਪੁਜਾਰੀ ਨੂੰ ਜਾਂ ਉਸ ਦੇ ਐਕਸ਼ਨ ਨੂੰ ਸਹੀ ਕਰਾਰ ਦੇਣਾ ਨਹੀਂ)। ਬਾਦਲ ਪਹਿਲੀ ਅਕਤੂਬਰ ਨੂੰ ਸਾਧੂ ਸਿੰਘ ਭੌਰਾ ਨੂੰ ਮਿਲਿਆ।

ਇਨ੍ਹਾਂ ਦੋਹਾਂ ਨਾਲ ਗਲਬਾਤ ਮਗਰੋਂ ਜਥੇਦਾਰ ਸਾਧੂ ਸਿੰਘ ਭੌਰਾ ਨੇ ਲੌਂਗੋਵਾਲ, ਬਾਦਲ, ਟੌਹੜਾ ਤੇ ਤਲਵੰਡੀ ਨੂੰ 4 ਅਕਤੂਬਰ ਦੇ ਦਿਨ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਇਨ੍ਹੀਂ ਦਿਨੀਂ ਹੀ ਬਾਬਾ ਨਿਹਾਲ ਸਿੰਘ (ਹਰੀਆਂ ਵੇਲਾਂ), ਗੁਰਬਚਨ ਸਿੰਘ (ਕਾਲੀ ਕੰਬਲੀ ਵਾਲੇ) ਅਤੇ ਕਈ ਹੋਰ ਸਿਰਕਰਦਾ ਸਿੱਖ ਜਥੇਦਾਰ ਸਾਧੂ ਸਿੰਘ ਭੌਰਾ ਨੂੰ ਮਿਲੇ। ਇਨ੍ਹਾਂ ਨੇ ਜਥੇਦਾਰ ਭੌਰਾ ਨੂੰ ਅਪੀਲ ਕੀਤੀ ਕਿ ਉਹ ਪੰਥਕ ਰਿਵਾਇਤਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ। ਉਨ੍ਹਾਂ ਇਹ ਵੀ ਮਸ਼ਵਰਾ ਦਿੱਤਾ ਕਿ "ਪੰਥਕ ਮਸਲਿਆਂ ਬਾਰੇ ਫ਼ੈਸਲਾ ਪੰਜ ਤਖ਼ਤਾਂ ਦੇ ਮੁਖ ਸੇਵਾਦਾਰ ਹੀ ਕਰ ਸਕਦੇ ਹਨ।" ਰਿਵਾਇਤ ਮੁਤਾਬਿਕ ਹਜ਼ੂਰ ਸਾਹਿਬ ਦੇ ਮੁਖ ਸੇਵਾਦਾਰ ਨੰਦੇੜ ਤੋਂ ਬਾਹਰ ਨਹੀਂ ਸਨ ਜਾ ਸਕਦੇ ਤੇ ਇੰਞ ਹੀ ਪਟਨਾ ਸਾਹਿਬ ਦੇ ਮੁਖ ਸੇਵਾਦਾਰ ਦੇ ਵੀ ਅੰਮ੍ਰਿਤਸਰ ਆਉਣ ਦੀ ਆਸ ਨਹੀਂ ਸੀ। ਇੰਞ, ਪੰਜਾਂ ਤਖ਼ਤਾਂ ਦਾ ਨੁਕਤਾ ਉਠਾਉਣ ਵਾਲਿਆਂ ਦਾ ਮਾਅਨਾ ਇਹੀ ਜਾਪਦਾ ਸੀ ਕਿ ਨਾ ਉਹ ਪੰਜੇ ਇਕੱਠੇ ਹੋਣਗੇ ਤੇ ਨਾ ਹੀ ਜਥੇਦਾਰ ਭੌਰਾ ਉਸ ਪਟੀਸ਼ਨ 'ਤੇ ਕੋਈ ਐਕਸ਼ਨ ਕਰ ਸਕਣਗੇ।

ਜਥੇਦਾਰ ਭੌਰਾ ਵਲੋਂ ਕੀਤੀ ਤਲਬੀ ਮੁਤਾਬਿਕ ਬਾਦਲ ਤੇ ਲੌਂਗੋਵਾਲ 4 ਅਕਤੂਬਰ ਦੇ ਦਿਨ ਅੰਮ੍ਰਿਤਸਰ ਪਹੁੰਚ ਗਏ, ਪਰ ਜਥੇਦਾਰ ਟੌਹੜਾ ਤੇ ਤਲਵੰਡੀ ਨਾ ਪੁੱਜੇ। ਅਗਲੇ ਦਿਨ 5 ਅਕਤੂਬਰ ਨੂੰ ਇਹ ਚਾਰੇ ਆਗੂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਏ। ਇਨ੍ਹਾਂ ਚੌਹਾਂ ਨਾਲ ਜਥੇਦਾਰ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ (ਕੇਸਗੜ੍ਹ ਸਾਹਿਬ), ਗਿਆਨੀ ਕਿਰਪਾਲ ਸਿੰਘ (ਹੈੱਡ ਗ੍ਰੰਥੀ ਦਰਬਾਰ ਸਾਹਿਬ), ਗ੍ਰੰਥੀ ਸੋਹਨ ਸਿੰਘ ਤੇ ਪ੍ਰੀਤਮ ਸਿੰਘ ਨੇ ਗੱਲਬਾਤ ਕੀਤੀ। ਗੱਲਬਾਤ ਮਗਰੋਂ ਇਨ੍ਹਾਂ ਪੰਜਾਂ ਨੇ ਇਕ ਸਾਂਝਾ ਬਿਆਨ ਤਿਆਰ ਕੀਤਾ, ਜਿਸ ਨੂੰ ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਦੀ ਪਟੀਸ਼ਨ ਦਾ ਫ਼ੈਸਲਾ ਆਖਿਆ ਗਿਆ (ਇਸ ਨੂੰ 'ਹੁਕਮਨਾਮਾ' ਨਹੀਂ ਸੀ ਆਖਿਆ ਗਿਆ)। ਇਹ ਫ਼ੈਸਲਾ ਜੋ 6 ਅਕਤੂਬਰ ਨੂੰ ਸੁਣਾਇਆ ਗਿਆ, ਇੰਞ ਸੀ:[12]

---

12. *ਰੋਜ਼ਾਨਾ ਅਜੀਤ*, 7 ਅਕਤੂਬਰ 1979.

ਫ਼ੈਸਲਾ

27-9-1979 ਨੂੰ ਸ਼ੋਮਣੀ ਅਕਾਲੀ ਦਲ ਦੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼ੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਅਕਾਲ ਤਖ਼ਤ ਸਾਹਿਬ ਜੀ ਦੇ ਮੁਖ ਸੇਵਾਦਾਰ ਸਾਹਿਬ ਨੂੰ ਆਪਣੇ ਅਹੁਦਿਆਂ ਤੋਂ ਦਿੱਤੇ ਅਸਤੀਫ਼ਿਆਂ ਕਰ ਕੇ ਪੰਥ ਵਿਚ ਪੈਦਾ ਹੋਈ ਹਾਲਤ ਨੂੰ ਹੱਲ ਕਰਨ ਵਾਸਤੇ ਅਸੀਂ ਹੇਠ ਲਿਖਿਆ ਫ਼ੈਸਲਾ ਕੀਤਾ ਹੈ :

1. 10 ਅਕਤੂਬਰ 1979 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਦੋਹਾਂ ਧੜਿਆਂ ਵਲੋਂ ਸੱਦੀਆਂ ਗਈਆਂ ਦੋਵੇਂ ਮੀਟਿੰਗਾਂ ਕੈਂਸਲ ਕੀਤੀਆਂ ਜਾਂਦੀਆਂ ਹਨ।
2. ਇਕ ਸਿਤੰਬਰ 1979 ਤੋਂ ਅੱਜ ਤਕ ਅਕਾਲੀ ਪਾਰਟੀ ਵਿਚੋਂ ਕੱਢੇ ਗਏ ਡੈਲੀਗੇਟ, ਮੁਅੱਤਲ ਕੀਤੇ ਅਹੁਦੇਦਾਰ, ਤੋੜੇ ਗਏ ਅਕਾਲੀ ਜਥਿਆਂ ਨੂੰ ਬਹਾਲ ਕੀਤਾ ਜਾਂਦਾ ਹੈ।
3. ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਦੋਹਾਂ ਦੇ ਪ੍ਰਧਾਨਾਂ ਨੂੰ ਹੁਕਮ ਕਰਦੇ ਹਾਂ ਕਿ ਉਹ ਆਪਣੇ ਅਸਤੀਫ਼ੇ ਵਾਪਸ ਲੈ ਲੈਣ।
4. ਆ ਰਹੀਆਂ ਚੋਣਾਂ ਵਿਚ ਪੰਥਕ ਏਕਤਾ ਨੂੰ ਮੱਦੇ-ਨਜ਼ਰ ਰਖਦਿਆਂ ਪੰਥ ਦੀ ਚੜ੍ਹਦੀ ਕਲਾ ਵਾਸਤੇ ਪਾਰਲੀਮੈਂਟਰੀ ਚੋਣਾਂ ਤੋਂ ਇਕ ਦਮ ਬਾਦ ਡੈਲੀਗੇਟਾਂ ਦੀ ਲਿਸਟ ਦੀ ਛਾਣ-ਬੀਣ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਸੀਂ ਆਜ਼ਾਦਾਨਾ ਕਰਵਾਵਾਂਗੇ।
5. ਸਾਰੇ ਸਿੱਖਾਂ ਨੂੰ ਆਖਿਆ ਜਾਂਦਾ ਹੈ ਕਿ ਪੰਥ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਨੂੰ ਸਭ ਤੋਂ ਵੱਧ ਸੁਪਰੀਮ ਮੰਨਿਆ ਜਾਵੇ।
6. ਪੰਥਕ ਟਿਕਟ ਉੱਤੇ ਕਾਮਯਾਬ ਹੋਏ ਸਾਰੇ ਅਕਾਲੀ ਲੈਜਿਸਲੇਚਰਾਂ ਨੂੰ ਹਿਦਾਇਤ ਕਰਦੇ ਹਾਂ ਕਿ ਪੰਥ ਦੀ ਆਨ ਨੂੰ ਉੱਚਿਆਂ ਰੱਖਣ ਅਤੇ ਚੜ੍ਹਦੀ ਕਲਾ ਵਾਸਤੇ ਪੰਜਾਬ ਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਮੁੱਠ ਹੋ ਕੇ ਪੰਜਾਬ ਸਰਕਾਰ ਨੂੰ ਮਜ਼ਬੂਤੀ ਨਾਲ ਚਲਾਉਣ ਅਤੇ ਸੂਬੇ ਦੀ ਸੇਵਾ ਕਰਨ।
7. ਸ਼੍ਰੋਮਣੀ ਕਮੇਟੀ ਦੇ ਸਾਰੇ ਪੰਥਕ ਮੈਂਬਰਾਂ ਨੂੰ ਤਾਕੀਦ ਕਰਦੇ ਹਾਂ ਕਿ ਗੁਰਦਵਾਰਿਆਂ ਦੇ ਇੰਤਜ਼ਾਮ ਨੂੰ ਬੇਹਤਰ ਬਣਾਉਣ ਵਾਸਤੇ ਅਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਤੇਜ਼ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਮਿਲ ਕੇ ਕੰਮ ਕਰਨ।
8. ਪਾਰਲੀਮੈਂਟ ਦੀਆਂ ਚੋਣਾਂ ਵੇਲੇ ਟਿਕਟਾਂ ਦੀ ਵੰਡ ਅਤੇ ਦੂਜੀਆਂ ਪਾਰਟੀਆਂ ਨਾਲ ਐਡਜਸਟਮੈਂਟ ਕਰਨ ਵਾਸਤੇ ਹੇਠ ਲਿਖੇ 7 ਮੈਂਬਰਾਂ ਦੀ ਕਮੇਟੀ ਬਣਾਈ ਜਾਂਦੀ ਹੈ :
   (ੳ) ਹਰਚੰਦ ਸਿੰਘ ਲੌਂਗੋਵਾਲ
   (ਅ) ਜਗਦੇਵ ਸਿੰਘ ਤਲਵੰਡੀ
   (ੲ) ਗੁਰਚਰਨ ਸਿੰਘ ਟੌਹੜਾ
   (ਸ) ਪਰਕਾਸ਼ ਸਿੰਘ ਬਾਦਲ
   (ਹ) ਬਲਵੰਤ ਸਿੰਘ
   (ਕ) ਸ਼ਸ਼ਪਾਲ ਸਿੰਘ
   (ਖ) ਨਿਰੰਜਨ ਸਿੰਘ ਪੱਟੀ
9. ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੇ ਉਲਟ ਅਰਦਾਸ ਕਰਨ ਵਾਲਿਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਉਹ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਆਪਣੀ ਗ਼ਲਤੀ ਬਖ਼ਸ਼ਾਉਣ।
10. ਪੰਥਕ ਏਕੇ ਵਾਸਤੇ ਕੀਤੇ ਗਏ ਇਸ ਫ਼ੈਸਲੇ ਦੀ ਮੁਖ਼ਾਲਫ਼ਤ ਕਰਨ ਵਾਲੇ ਸ਼ਖ਼ਸ ਦੇ ਖ਼ਿਲਾਫ਼ ਕਰੜੀ ਕਾਰਵਾਈ ਕੀਤੀ ਜਾਏਗੀ।

—ਦਸਤਖ਼ਤ—

ਸਾਧੂ ਸਿੰਘ ਭੌਰਾ — ਗੁਰਦਿਆਲ ਸਿੰਘ ਅਜਨੋਹਾ

ਕਿਰਪਾਲ ਸਿੰਘ — ਸੋਹਨ ਸਿੰਘ — ਪਰੀਤਮ ਸਿੰਘ

ਪਰ ਇਹ ਫ਼ੈਸਲਾ ਸੁਣਨ ਦੇ ਬਾਵਜੂਦ ਇਨ੍ਹਾਂ ਆਗੂਆਂ ਵਿਚ ਫ਼ਰਕ ਖ਼ਤਮ ਨਾ ਹੋਏ। ਸਾਰੇ ਆਪੋ-ਆਪਣੀ ਚੜ੍ਹਦੀ ਕਲਾ ਦੇ ਚਾਹਵਾਨ ਸਨ ਨਾ ਕਿ ਪੰਥ ਦੇ ਬੋਲਬਾਲੇ ਚਾਹੁੰਦੇ ਸਨ। ਇਸ ਕਰ ਕੇ ਅੰਦਰੋ-ਅੰਦਰੀਂ ਸਾਜ਼ਿਸ਼ਾਂ ਚਲਦੀਆਂ ਰਹੀਆਂ। 9 ਨਵੰਬਰ 1979 ਨੂੰ ਜਥੇਦਾਰ ਤਲਵੰਡੀ 7 ਮੈਂਬਰੀ ਪਾਰਲੀਮੈਂਟਰੀ ਬੋਰਡ ਤੋਂ ਮੁਨਕਰ ਹੋ ਗਿਆ। 11 ਨਵੰਬਰ ਨੂੰ ਤਲਵੰਡੀ ਨੇ ਫ਼ੈਸਲੇ ਦੀਆਂ ਕਈ ਹੋਰ ਮੱਦਾਂ ਮੰਨਣ ਤੋਂ ਨਾਂਹ ਕਰ ਦਿੱਤੀ। ਉਸ ਨੂੰ 14 ਨਵੰਬਰ ਦੀ ਸ਼ਾਮ ਨੂੰ 'ਤਖ਼ਤ 'ਤੇ ਪੇਸ਼ ਹੋਣ' ਵਾਸਤੇ ਹਿਦਾਇਤ ਕੀਤੀ ਗਈ। ਪਹਿਲੋਂ ਨਾਂਹ ਕਰ ਕੇ ਫੇਰ ਉਹ 14 ਨਵੰਬਰ ਨੂੰ ਹਾਜ਼ਿਰ ਹੋਇਆ, ਪਰ 15 ਨਵੰਬਰ ਨੂੰ ਫੇਰ ਆਪਣੇ ਸਟੈਂਡ 'ਤੇ ਅੜ ਗਿਆ। ਦੂਜੇ ਪਾਸੇ ਉਮਰਾਨੰਗਲ ਨੇ ਜਨਤਾ ਪਾਰਟੀ ਦੇ ਇਕ ਉਮੀਦਵਾਰ ਦੀ ਹਿਮਾਇਤ ਵਿਚ ਮੁਹਿੰਮ ਸ਼ੁਰੂ ਕਰ ਦਿੱਤੀ। ਤਲਵੰਡੀ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਤੇ ਚਾਰ ਹੋਰ ਗ੍ਰੰਥੀਆਂ ਦੇ 'ਹੁਕਮ' ਨੂੰ ਠੁੱਠ ਦਿਖਾਉਣ ਅਤੇ ਉਮਰਾਨੰਗਲ ਵੱਲੋਂ 'ਲਾਪਰਵਾਹੀ' ਦਿਖਾਉਣ ਕਾਰਨ ਸਾਧੂ ਸਿੰਘ ਭੌਰਾ, ਗਿਆਨੀ ਕਿਰਪਾਲ ਸਿੰਘ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਸੋਹਣ ਸਿੰਘ ਤੇ ਪ੍ਰੀਤਮ ਸਿੰਘ (ਪੰਜਾਂ ਗ੍ਰੰਥੀਆਂ) ਨੇ ਜਗਦੇਵ ਸਿੰਘ ਤਲਵੰਡੀ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਅਤੇ (ਇਸੇ 'ਹੁਕਮ' ਵਿਚ) ਜੀਵਨ ਸਿੰਘ ਉਮਰਾਨੰਗਲ ਨੂੰ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੁ ਸਫ਼ਾਈ ਪੇਸ਼ ਕਰਨ ਵਾਸਤੇ ਕਿਹਾ ਗਿਆ। 16 ਨਵੰਬਰ ਦੇ ਦਿਨ ਜਾਰੀ ਕੀਤਾ, ਇਹ ਹੁਕਮ ਇੰਞ ਸੀ :

ਸ਼੍ਰੋਮਣੀ ਅਕਾਲੀ ਦਲ ਵਿਚ ਆਏ ਸੰਕਟ ਨੂੰ ਦੂਰ ਕਰਨ ਲਈ ਪੰਜਾਂ ਪਿਆਰਿਆਂ ਵੱਲੋਂ ਜੋ **ਫ਼ੈਸਲਾ**[13] 6 ਅਕਤੂਬਰ, 1979 ਨੂੰ ਅਕਾਲ ਤਖ਼ਤ ਸਾਹਿਬ ਤੋਂ ਸੁਣਾਇਆ ਗਿਆ ਸੀ, ਉਸ ਨੂੰ ਅਕਾਲੀ ਦਲ ਦੇ ਦੋਹਾਂ ਧੜਿਆਂ ਵੱਲੋਂ ਪ੍ਰਵਾਨ ਕੀਤਾ ਗਿਆ ਅਤੇ ਸਾਰੇ ਸਿੱਖ ਜਗਤ ਨੇ ਉਸ ਦੀ ਭਾਰੀ ਪ੍ਰਸੰਸਾ ਕੀਤੀ। ਪਰ ਬੜੇ ਅਫ਼ਸੋਸ ਅਤੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਅਕਾਰਣ ਹੀ 9 ਨਵੰਬਰ 1979 ਦੀਆਂ ਅਖ਼ਬਾਰਾਂ ਵਿਚ ਇਕ ਬਿਆਨ ਦੇ ਕੇ ਸੱਤ ਮੈਂਬਰੀ ਕਮੇਟੀ ਨੂੰ ਰੱਦ ਕਰ ਕੇ ਆਪਣੇ ਵੱਲੋਂ ਦੋ ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ, ਜਿਸ ਨਾਲ ਉਪਰੋਕਤ ਫ਼ੈਸਲੇ ਦੀ ਭਾਰੀ ਉਲੰਘਣਾ ਕੀਤੀ ਗਈ।

ਫਿਰ 11 ਨਵੰਬਰ 1879 ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਵੱਲੋਂ ਇਕ ਹੋਰ ਬਿਆਨ ਦੇ ਕੇ ਫ਼ੈਸਲੇ ਦੀਆਂ ਬਹੁਤ ਸਾਰੀਆਂ ਮੱਦਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਜਿਸ 'ਤੇ ਅਸੀਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ 14 ਨਵੰਬਰ 1979 ਨੂੰ 4 ਵਜੇ ਸ਼ਾਮ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਅਤੇ ਉਸ ਤੋਂ ਇਨ੍ਹਾਂ ਬਿਆਨਾਂ ਦਾ ਸਪੱਸ਼ਟੀਕਰਨ ਮੰਗਿਆ ਅਤੇ ਇਨ੍ਹਾਂ ਬਿਆਨਾਂ ਦੀ ਤਸਦੀਕ ਕਰਨ ਨੂੰ ਕਿਹਾ, ਜਿਸ 'ਤੇ ਉਸ ਨੇ ਸਾਫ਼ ਇਨਕਾਰ ਕਰ ਦਿੱਤਾ ਤੇ ਇਕ ਲਫ਼ਜ਼ ਵੀ ਲਿਖ ਕੇ ਦੇਣ ਨੂੰ ਤਿਆਰ ਨਾ ਹੋਇਆ, ਪਰ ਸਾਡੇ **ਹੁਕਮ** ਦੇਣ 'ਤੇ ਰਾਤ ਨੂੰ 8 ਵਜੇ ਸੱਤ ਮੈਂਬਰੀ ਕਮੇਟੀ ਵਿਚ ਸ਼ਾਮਿਲ ਹੋ ਗਿਆ।

ਅਸੀਂ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਪੰਥਕ ਏਕਤਾ ਲਈ ਸਾਰੇ ਯਤਨ ਕੀਤੇ ਤੇ ਅਪੀਲਾਂ ਕੀਤੀਆਂ, ਜਿਸ ਦਾ ਜਥੇਦਾਰ ਜਗਦੇਵ ਸਿੰਘ ਤਲਵੰਡੀ 'ਤੇ ਕੋਈ ਅਸਰ ਨਾ ਹੋਇਆ ਤੇ ਉਹ ਜਾਣ-ਬੁੱਝ ਕੇ 15 ਨਵੰਬਰ ਨੂੰ ਦੋ ਵਜੇ ਹੋਣ ਵਾਲੀ ਸੱਤ ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਸਾਡੇ **ਹੁਕਮ** ਦੇਣ ਦੇ ਬਾਵਜੂਦ ਵੀ ਸ਼ਾਮਿਲ ਹੋਣ ਲਈ ਤਿਆਰ ਨਾ ਹੋਇਆ ਅਤੇ ਸਾਡੀਆਂ ਸਾਰੀਆਂ ਦਲੀਲਾਂ ਤੇ ਅਪੀਲਾਂ ਨੂੰ ਠੁਕਰਾ ਦਿੱਤਾ। ਹੁਣ ਅਸੀਂ ਇਸ ਸਿੱਟੇ 'ਤੇ ਪੁੱਜੇ

13. 6 ਅਕਤੂਬਰ 1979 ਵਾਲਾ 'ਫ਼ੈਸਲਾ' ਸੀ, ਅਖੌਤੀ 'ਹੁਕਮਨਾਮਾ' ਨਹੀਂ।

ਹਾਂ ਕਿ ਜਗਦੇਵ ਸਿੰਘ ਤਲਵੰਡੀ ਜਾਣ ਬੁੱਝ ਕੇ ਖ਼ੁਦਗ਼ਰਜ਼ੀ ਨੂੰ ਮੁਖ ਰਖਦਿਆਂ ਪੰਥਕ ਕਾਜ ਨੂੰ ਨੁਕਸਾਨ ਪੁਚਾਣ ਲਈ, ਪੰਥਕ ਏਕਤਾ ਨੂੰ ਤੋੜ ਕੇ ਸਾਡੇ ਫ਼ੈਸਲੇ ਤੋਂ ਬਾਗ਼ੀ ਹੋ ਗਿਆ ਹੈ। ਇਸ ਲਈ ਅਸੀਂ ਅਕਾਲ ਤਖ਼ਤ ਸਾਹਿਬ ਦੀ ਸਿੱਖ ਜਗਤ ਅਤੇ ਸਾਰੇ ਸੰਸਾਰ ਅੰਦਰ ਮਹਾਨਤਾ ਨੂੰ ਕਾਇਮ ਰੱਖਣ ਲਈ ਉਪਰੋਕਤ ਦੋਸ਼ਾਂ ਦੇ ਆਧਾਰ 'ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਤਨਖ਼ਾਹੀਆ ਕਰਾਰ ਦੇਂਦੇ ਹਾਂ ਤੇ ਸਿੱਖ ਜਗਤ ਨੂੰ ਅਪੀਲ ਕਰਦੇ ਹਾਂ ਕਿ ਜਦ ਤਕ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਆਪਣੀ ਭੁਲ ਨਹੀਂ ਬਖ਼ਸ਼ਾ ਲੈਂਦਾ, ਉਦੋਂ ਤਕ ਇਸ ਨੂੰ ਕਿਸੇ ਸਿੱਖ ਸਟੇਜ 'ਤੇ ਬੁਲਾਇਆ ਨਾ ਜਾਵੇ ਅਤੇ ਕਿਸੇ ਸਿੱਖ ਜਥੇਬੰਦੀ ਵਿਚ ਪ੍ਰਤੀਨਿਧਤਾ ਨਾ ਦਿੱਤੀ ਜਾਵੇ।

ਸਾਡੇ ਨੋਟਿਸ ਵਿਚ ਲਿਆਂਦਾ ਗਿਆ ਹੈ ਕਿ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਜੋ ਸੱਤ ਮੈਂਬਰੀ ਕਮੇਟੀ ਦੇ ਫ਼ੈਸਲੇ ਤੋਂ ਪਹਿਲਾਂ ਹੀ ਅਜਨਾਲਾ ਵਿਖੇ ਜਨਤਾ ਪਾਰਟੀ ਨਾਲ ਗੱਠਜੋੜ ਦਾ ਐਲਾਨ ਕਰ ਦਿੱਤਾ, ਜਿਸ ਨਾਲ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਇਹ ਦੋਸ਼ੀ ਹੈ। ਇਹ ਇਕ ਹਫ਼ਤੇ ਦੇ ਅੰਦਰ ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣਾ ਸਪੱਸ਼ਟੀਕਰਨ ਦੇਵੇ, ਨਹੀਂ ਤਾਂ ਸਖ਼ਤ ਐਕਸ਼ਨ ਲਿਆ ਜਾਏਗਾ।

ਪਹਿਲਾਂ ਤਾਂ ਜਥੇਦਾਰ ਤਲਵੰਡੀ ਨੇ ਇਸ 'ਹੁਕਮ' ਦੀ ਪਰਵਾਹ ਨਾ ਕੀਤੀ, ਪਰ ਅਖ਼ੀਰ ਸਲਾਹਕਾਰਾਂ ਦੇ ਕਹਿਣ 'ਤੇ ਉਹ 23 ਨਵੰਬਰ, 1979 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਗਿਆ। ਸਾਧੂ ਸਿੰਘ ਭੌਰਾ ਨੇ ਉਸ ਨੂੰ ਹੇਠ ਲਿਖੀ ਸਜ਼ਾ[14] ਲਾਈ:

1. ਇਕ ਹਫ਼ਤਾ ਗੁਰੂ ਦੇ ਲੰਗਰ ਵਿਚ ਸੰਗਤਾਂ ਦੇ ਜੂਠੇ ਭਾਂਡੇ ਸਾਫ਼ ਕਰੇ।
2. ਅਕਾਲ ਤਖ਼ਤ ਸਾਹਿਬ ਦੀ ਗੋਲਕ ਵਿਚ 101/- ਰੁਪਏ ਪਾਵੇ।
3. ਅਕਾਲ ਤਖ਼ਤ ਸਾਹਿਬ 'ਤੇ 21/- ਰੁਪਏ ਦਾ ਕੜ੍ਹਾਹ ਪ੍ਰਸ਼ਾਦ ਚੜ੍ਹਾਵੇ।
4. ਇਕ ਮਹੀਨੇ ਲਈ ਰੋਜ਼ਾਨਾ ਚੌਪਈ ਸਾਹਿਬ ਦਾ ਪਾਠ ਕਰੇ ਅਤੇ ਆਪਣਾ ਰੋਜ਼ਾਨਾ ਪਾਠ ਵੀ ਕਰੇ।

ਇਕ ਮਹੀਨੇ ਬਾਅਦ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਦਸੇ ਕਿ ਉਸ ਨੇ ਸਜ਼ਾ[15] ਭੁਗਤ ਲਈ ਹੈ।

ਸਾਧੂ ਸਿੰਘ ਭੌਰਾ ਨੇ ਤਲਵੰਡੀ ਨੂੰ ਇਹ ਵੀ 'ਹੁਕਮ' ਦਿੱਤਾ ਕਿ ਉਹ ਸੱਤ ਮੈਂਬਰੀ ਕਮੇਟੀ ਦੀਆਂ ਮੀਟਿੰਗਾਂ ਵਿਚ ਜਾ ਕੇ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਅਜਿਹੀ ਕੋਈ ਗੱਲ ਨਾ ਕਰਨ, ਜਿਸ ਨਾਲ ਮਾਹੌਲ ਖ਼ਰਾਬ ਹੁੰਦਾ ਹੋਵੇ। ਇਹ ਆਖ ਕੇ ਸਾਧੂ ਸਿੰਘ ਭੌਰਾ ਨੇ ਜਥੇਦਾਰ ਤਲਵੰਡੀ ਤੋਂ ਇਹ ਪੁੱਛਿਆ ਕਿ "ਕੀ ਇਸ ਸਭ ਕੁਝ ਤੁਹਾਨੂੰ ਪ੍ਰਵਾਨ ਹੈ।" ਤਾਂ ਜਥੇਦਾਰ ਤਲਵੰਡੀ ਨੇ ਕਿਹਾ, "ਹਾਂ, ਪ੍ਰਵਾਨ ਹੈ।"

ਇਸੇ ਦਿਨ ਹੀ ਜੀਵਨ ਸਿੰਘ ਉਮਰਾਨੰਗਲ ਨੂੰ ਸੰਗਤ ਵਿਚ ਖੜਾ ਕੀਤਾ ਗਿਆ ਅਤੇ 'ਸੱਤ ਮੈਂਬਰੀ ਕਮੇਟੀ ਦੇ ਫ਼ੈਸਲੇ ਤੋਂ ਬਿਨਾਂ ਹੀ ਚੋਣ ਸਬੰਧੀ ਕਿਸੇ ਉਮੀਦਵਾਰ ਲਈ ਪ੍ਰਚਾਰ ਕਰਨ' ਦੇ ਦੋਸ਼ ਵਿਚ ਤਨਖ਼ਾਹ ਲਾਈ ਗਈ:

1. ਸਵਾ ਯਾਰ੍ਹਾਂ ਰੁਪਏ ਦਾ ਕੜ੍ਹਾਹ ਪ੍ਰਸ਼ਾਦਿ ਅਕਾਲ ਤਖ਼ਤ ਸਾਹਿਬ 'ਤੇ ਚੜ੍ਹਾਵੇ।
2. ਅਕਾਲ ਤਖ਼ਤ ਸਾਹਿਬ ਦੀ ਗੋਲਕ ਵਿਚ 51/- ਰੁਪਏ ਪਾਵੇ।

---

14 ਤੇ 15. ਸਾਧੂ ਸਿੰਘ ਭੌਰਾ ਦੇ ਲਫ਼ਜ਼ 'ਸਜ਼ਾ' (ਤਨਖ਼ਾਹ ਨਹੀਂ) ਵਰਤਿਆ ਸੀ, ਜੋ ਸਿੱਖ ਫ਼ਲਸਫ਼ੇ ਦੇ ਮੂਲੋਂ ਹੀ ਉਲਟ ਹੈ।

3. 15 ਦਿਨਾਂ ਲਈ ਜਪੁਜੀ ਸਾਹਿਬ ਦਾ ਪਾਠ ਕਰੇ।
4. ਜਦ ਉਹ ਇਹ ਤਨਖ਼ਾਹ ਪੂਰੀ ਕਰ ਲਵੇ ਤਾਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਦੱਸੇ।

ਇਨ੍ਹਾਂ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਬਾਰੇ ਬਹਿਸ ਸ਼ੁਰੂ ਹੋ ਗਈ। ਕੁਝ ਵਰਕਰਾਂ ਨੇ ਜਥੇਦਾਰ ਭੌਰਾ ਤੋਂ ਅਸਤੀਫ਼ੇ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਹਾਲਤ ਵਿਚ ਇਕ ਪਾਸੇ ਤਾਂ ਸਾਧੂ ਸਿੰਘ ਭੌਰਾ ਦੀ ਸ਼ਖ਼ਸੀਅਤ ਸ਼ੱਕੀ ਹੋ ਗਈ ਤੇ ਦੂਜੇ ਪਾਸੇ ਤਖ਼ਤ ਸਾਹਿਬ ਦੇ ਮੁਖ ਸੇਵਦਾਰ ਦੇ ਰੋਲ, ਤਾਕਤ, ਹੱਕ, ਫ਼ਰਜ਼ ਅਤੇ ਰੁਤਬੇ ਬਾਰੇ ਵੀ ਚਰਚਾ ਸ਼ੁਰੂ ਹੋ ਗਈ।

ਇਸ ਮਾਹੌਲ ਵਿਚ ਜਥੇਦਾਰ ਤਲਵੰਡੀ ਇਕ ਵਾਰ ਫੇਰ 7-ਮੈਂਬਰੀ ਪਾਰਲੀਮੈਂਟਰੀ ਬੋਰਡ ਤੋਂ ਮੁਕਰ ਗਿਆ। 7 ਦਿਸੰਬਰ ਨੂੰ ਭੌਰਾ ਨੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ (ਕੇਸਗੜ੍ਹ ਸਾਹਿਬ) ਨੂੰ ਅੰਮ੍ਰਿਤਸਰ ਆਉਣ ਵਾਸਤੇ ਆਖਿਆ। ਇਸ 'ਤੇ ਜਥੇਦਾਰ ਅਜਨੋਹਾ ਨੇ ਕਿਹਾ ਕਿ "ਮੈਂ ਇਸ ਤਮਾਸ਼ੇ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦਾ।"

10 ਦਿਸੰਬਰ ਨੂੰ ਜਥੇਦਾਰ ਤਲਵੰਡੀ ਅਤੇ ਸੇਠ ਰਾਮ ਨਾਥ ਨੇ ਭੌਰਾ ਨਾਲ ਮੁਲਾਕਾਤ ਕੀਤੀ। ਮਗਰੋਂ ਸੇਠ ਰਾਮ ਨਾਥ ਇਕੱਲਿਆਂ ਵੀ ਭੌਰਾ ਨੂੰ ਮਿਲਿਆ। ਸੇਠ ਰਾਮ ਨਾਥ, ਭਾਵੇਂ ਉਹ ਪੰਜਾਬ ਜਾਂ ਸਿੱਖਾਂ ਦਾ ਕਿੰਨਾ ਵੀ ਖ਼ੈਰ-ਖ਼੍ਵਾਹ ਸੀ, ਦਾ ਅਕਾਲ ਤਖ਼ਤ ਸਾਹਿਬ ਦੀ ਕਾਰਗੁਜ਼ਾਰੀ ਵਿਚ ਰੋਲ ਅਦਾ ਕਰਨਾ ਸਹੀ ਨਹੀਂ ਸੀ। ਉਹ ਬਾਦਲ, ਟੌਹੜਾ, ਤਲਵੰਡੀ, ਲੌਂਗੋਵਾਲ ਕਿਸੇ ਨੂੰ ਵੀ ਮਿਲ ਕੇ ਜੋ ਵੀ ਰੋਲ ਅਦਾ ਕਰਦਾ, ਕਿਸੇ ਨੂੰ ਕੋਈ ਇਤਰਾਜ਼ ਨਾ ਹੁੰਦਾ, ਪਰ ਉਸ ਦਾ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਵਿਚ ਦਖ਼ਲ ਅੰਦਾਜ਼ੀ ਕਰਨਾ ਸਿੱਖ ਵਿਦਵਾਨਾਂ ਨੂੰ ਚੰਗਾ ਨਾ ਲਗਿਆ।

ਅਕਾਲੀਆਂ ਦੀ ਇਹ ਲੜਾਈ 8 ਦਿਸੰਬਰ 1979 ਤਕ ਚਲਦੀ ਰਹੀ, ਪਰ ਅਖ਼ੀਰ ਜਥੇਦਾਰ ਤਲਵੰਡੀ ਨੇ ਹਥਿਆਰ ਸੁੱਟ ਦਿੱਤੇ। ਅਜਿਹਾ ਜਾਪਦਾ ਸੀ ਕਿ ਸਾਰੇ ਮਸਲੇ ਤੈਅ ਹੋ ਗਏ ਸਨ ਤੇ ਬਾਕੀ ਸਾਰੀ ਕਾਰਵਾਈ ਸਿਰਫ਼ ਅੱਖਾਂ ਪੂੰਝਣ ਵਾਲੀ ਗੱਲ ਸੀ।

1980 ਵਿਚ ਲੋਕ ਸਭਾ ਦੀਆਂ ਚੋਣਾਂ ਹੋਈਆਂ। ਚੋਣਾਂ ਵਿਚ ਅਕਾਲੀ ਪਾਰਟੀ ਨੂੰ ਜ਼ਬਰਦਸਤ ਸ਼ਿਕੱਸਤ ਹੋਈ। ਇਸ ਮਗਰੋਂ ਦੋਹਾਂ ਧੜਿਆਂ ਨੇ ਇਕ ਦੂਜੇ 'ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ (ਜੋ ਸੱਚੇ ਸਨ)। 12 ਜਨਵਰੀ 1980 ਦੇ ਦਿਨ ਹਰਚੰਦ ਸਿੰਘ ਲੌਂਗੋਵਾਲ ਨੇ ਅਕਾਲੀ ਦਲ ਦੀ ਮੀਤ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।

12 ਜਨਵਰੀ 1980 ਦੇ ਦਿਨ ਜਥੇਦਾਰ ਟੌਹੜਾ ਨੇ ਅਖ਼ਬਾਰਾਂ ਦੇ ਨਾਂ ਇਕ ਬਿਆਨ ਵਿਚ ਆਖਿਆ ਕਿ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਪੂਰੀ ਜ਼ਿੰਦਗੀ ਵਾਸਤੇ ਤਖ਼ਤ ਸਾਹਿਬ ਦਾ 'ਜਥੇਦਾਰ' ਹੁੰਦਾ ਹੈ। ਉਸ ਉੱਤੇ ਸ਼੍ਰੋਮਣੀ ਕਮੇਟੀ ਦੀਆਂ ਨੌਕਰੀ ਦੀਆਂ ਸ਼ਰਤਾਂ (ਸਰਵਿਸ-ਰੂਲਜ਼) ਲਾਗੂ ਨਹੀਂ ਹੁੰਦੀਆਂ। ਅਗਲੇ ਦਿਨ ਸਿਰਦਾਰ ਕਪੂਰ ਸਿੰਘ (ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ) ਨੇ ਇਸ ਬਾਰੇ *ਇੰਡੀਅਨ ਐਕਸਪਰੈੱਸ* ਦੇ ਇਕ ਨੁਮਾਇੰਦੇ ਨੂੰ ਇਕ ਬਿਆਨ ਵਿਚ ਆਖਿਆ ਕਿ "ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਵਲੋਂ ਦੱਸਿਆ ਗਿਆ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ, ਜਿਸ ਨੂੰ ਜਥੇਦਾਰ ਕਿਹਾ ਗਿਆ ਹੈ, ਜ਼ਿੰਦਗੀ ਭਰ ਬਰਕਰਾਰ ਰਹੇਗਾ। ਮੈਨੂੰ ਇਸ ਐਲਾਨ 'ਤੇ ਅਫ਼ਸੋਸ ਹੋਇਆ ਹੈ, ਹੈਰਾਨੀ ਨਹੀਂ, ਕਿਉਂਕਿ ਗੁਰਦੁਆਰਿਆਂ ਦੇ ਇੰਤਜ਼ਾਮ ਉੱਤੇ ਹਾਵੀ ਲੋਕ ਸਿੱਖ ਅਸੂਲਾਂ

ਬਾਰੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਵਾਕਿਫ਼ ਨਹੀਂ। ...(ਤਖ਼ਤਾਂ ਦੇ) ਜਥੇਦਾਰ ਉਦੋਂ ਤਕ ਨਹੀਂ ਹੋ ਸਕਦੇ, ਜਦੋਂ ਤਕ ਖਾਲਸਾ ਖ਼ੁਦਮੁਖ਼ਤਿਆਰੀ ਹਾਸਿਲ ਨਹੀਂ ਕਰ ਲੈਂਦਾ। ਖ਼ੁਦਮੁਖ਼ਤਿਆਰੀ ਵਾਲੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਸਤੇ ਖ਼ੁਦਮੁਖ਼ਤਿਆਰ ਸ਼ਖ਼ਸ ਤੋਂ ਇਲਾਵਾ ਇਸ ਤਖ਼ਤ 'ਤੇ ਕੌਣ ਬੈਠ ਸਕਦਾ ਹੈ ? ਅਜਿਹੀ ਖ਼ੁਦਮੁਖ਼ਤਿਆਰੀ ਦੇ ਅਸੂਲਾਂ ਦਾ ਜਥੇਦਾਰ ਕੌਣ ਹੋ ਸਕਦਾ ਹੈ, ਜਦੋਂ ਤਕ ਕਿ ਉਹ ਖ਼ੁਦਮੁਖ਼ਤਿਆਰ ਖਾਲਸੇ ਵਲੋਂ ਮਨਜ਼ੂਰ ਨਹੀਂ ਹੋ ਜਾਂਦਾ। ਸ਼੍ਰੋਮਣੀ ਕਮੇਟੀ ਸਰਕਾਰੀ ਕਾਨੂੰਨ ਮੁਤਾਬਿਕ ਬਣੀ ਹੈ ਅਤੇ ਵੋਟਰਾਂ ਦੇ ਇਕ 'ਕਾਲਜ' ਵਲੋਂ ਚੁਣੀ ਜਾਂਦੀ ਹੈ, ਜਿਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਵੀ ਹੁੰਦੇ ਹਨ, ਜੋ ਖਾਲਸਾ ਅਖਵਾਉਣ ਦੇ ਹੱਕਦਾਰ ਨਹੀਂ ਹੁੰਦੇ ਅਤੇ ਪੈਸਾ, ਸ਼ਰਾਬ ਜਾਂ ਆਪਣੇ ਧੜਿਆਂ, ਰਿਸ਼ਤੇਦਾਰਾਂ ਕਰ ਕੇ ਆਪਣੀਆਂ ਵੋਟਾਂ ਪਾਉਂਦੇ ਹਨ। ਕੀ ਸ਼੍ਰੋਮਣੀ ਕਮੇਟੀ ਅਜਿਹੇ ਜਥੇਦਾਰ ਨੂੰ ਚੁਣਨ ਜਾਂ ਰੱਖਣ ਦੇ ਕਾਬਿਲ ਹੈ, ਜੋ ਖਾਲਸੇ ਦੀ ਅੰਮ੍ਰਿਤ ਦੀ ਹਸਤੀ ਦਾ ਵੀ ਹਾਫ਼ਿਜ਼ ਹੁੰਦਾ ਹੈ।"[15]

ਪਰ ਸਿਰਦਾਰ ਕਪੂਰ ਸਿੰਘ ਦੀ ਆਵਾਜ਼ ਇਕੱਲੀ-ਇਕਹਿਰੀ ਸੀ ਤੇ ਉਸ 'ਤੇ ਗ਼ੌਰ ਕਰਨ ਵਾਸਤੇ ਕੋਈ ਵੀ ਤਿਆਰ ਨਹੀਂ ਸੀ, ਹਾਲਾਂਕਿ ਇਸੇ ਅਕਾਲ ਤਖ਼ਤ ਸਾਹਿਬ ਤੋਂ ਉਸ ਨੂੰ 13 ਅਕਤੂਬਰ 1973 ਦੇ ਦਿਨ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦਾ ਖ਼ਿਤਾਬ ਦਿੱਤਾ ਗਿਆ ਸੀ। ਸਿਰਫ਼ ਸਿਰਦਾਰ ਕਪੂਰ ਸਿੰਘ ਹੀ ਨਹੀਂ, ਕਿਸੇ ਵੀ ਵਿਦਵਾਨ ਦੇ ਬੋਲਾਂ ਨੂੰ ਅਕਾਲੀ ਆਗੂਆਂ ਨੇ ਕਦੇ ਵੀ ਮੌਕੇ ਸਿਰ ਗੌਲਿਆ ਨਹੀਂ (ਹਾਂ, ਮਗਰੋਂ ਪਛਤਾਵਾ ਜ਼ਰੂਰ ਕੀਤਾ ਹੈ)।

ਅਕਾਲੀਆਂ ਵਿਚ ਧੜੇਬੰਦੀ ਹੌਲੀ-ਹੌਲੀ ਫੇਰ ਜ਼ਾਹਿਰ ਹੋਣ ਲੱਗ ਪਈ। ਜਥੇਦਾਰ ਟੌਹੜਾ ਤੇ ਤਲਵੰਡੀ ਦੇ ਦੋ ਸਾਥੀਆਂ ਜਸਵਿੰਦਰ ਸਿੰਘ ਬਰਾੜ ਅਤੇ ਰਣਧੀਰ ਸਿੰਘ ਚੀਮਾ ਨੇ ਬਾਦਲ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ। ਅਖ਼ੀਰ ਦੋਹਾਂ ਧੜਿਆਂ ਨੇ ਦੋ-ਟੁੱਕ ਫ਼ੈਸਲਾ ਕਰਨ ਵਾਸਤੇ ਦਲ ਦੀ ਪ੍ਰਧਾਨਗੀ ਚੋਣ ਕਰਵਾਉਣ ਦਾ ਫ਼ੈਸਲਾ ਕਰ ਲਿਆ। ਚੋਣ ਵਾਸਤੇ 5 ਮਾਰਚ 1980 ਦੀ ਤਾਰੀਖ਼ ਮਨਜ਼ੂਰ ਕੀਤੀ ਗਈ। ਚੋਣ ਵਾਸਤੇ ਡੈਲੀਗੇਟਾਂ ਦੀ ਸੂਚੀ ਫ਼ਰਵਰੀ ਵਿਚ ਜਾਰੀ ਕਰ ਦਿੱਤੀ ਗਈ। ਇਸ ਸੂਚੀ ਵਿਚ ਉਹ ਸ਼ਖ਼ਸ ਸ਼ਾਮਿਲ ਨਹੀਂ ਸਨ, ਜਿਨ੍ਹਾਂ ਨੂੰ ਪਾਰਟੀ ਦੀ ਸਬ-ਕਮੇਟੀ (ਜਿਸ ਵਿਚ ਬਾਦਲ ਵੀ ਸ਼ਾਮਿਲ ਸੀ) ਨੇ ਮਾਰਚ 1979 ਦੀਆਂ ਗੁਰਦੁਆਰਾ ਚੋਣਾਂ ਵਿਚ ਪਾਰਟੀ ਦੇ ਉਮੀਦਵਾਰਾਂ ਦੀ ਮੁਖ਼ਾਲਫ਼ਤ ਕਰਨ ਕਰ ਕੇ ਪਾਰਟੀ ਵਿਚੋਂ 6-6 ਸਾਲ ਵਾਸਤੇ ਕੱਢਿਆ ਹੋਇਆ ਸੀ।

ਜਦੋਂ ਸਾਧੂ ਸਿੰਘ ਭੌਰਾ ਦੇ ਦਸਤਖ਼ਤਾਂ ਹੇਠ ਇਹ ਸੂਚੀ ਜਾਰੀ ਹੋਈ ਤਾਂ ਬਾਦਲ ਨੇ ਉਸ ਨਾਲ ਰਾਬਤਾ ਕਾਇਮ ਕੀਤਾ। ਇਕ ਸੋਮੇ ਮੁਤਾਬਿਕ ਬਾਦਲ ਨੇ, ਭੌਰਾ ਦੇ ਮੁੰਡੇ ਨੂੰ (ਜੋ ਪੰਜਾਬ ਸਰਕਾਰ ਦਾ ਮੁਲਾਜ਼ਮ ਸੀ) ਤਰੱਕੀ ਦੇ ਕੇ, ਭੌਰਾ ਨੂੰ ਆਪਣੇ ਨਾਲ ਰਲਾ ਲਿਆ ਸੀ। ਬਾਦਲ ਨੇ ਭੌਰਾ ਨੂੰ ਕਿਹਾ ਕਿ ਉਹ ਉਸ ਸੂਚੀ ਨੂੰ ਰੱਦ ਕਰ ਦੇਵੇ। ਇਸ 'ਤੇ ਭੌਰਾ ਨੇ ਪਹਿਲਾਂ ਜਾਰੀ ਕੀਤੀ ਡੈਲੀਗੇਟ ਸੂਚੀ ਨੂੰ ਰੱਦ ਕਰਦਿਆਂ ਆਖਿਆ ਕਿ ਇਸ ਵਿਚ 134 ਸਹੀ ਡੈਲੀਗੇਟਾਂ ਦੇ ਨਾਂ ਸ਼ਾਮਿਲ ਨਹੀਂ ਹਨ ਤੇ 94 ਨਾਂ ਉਨ੍ਹਾਂ ਦੇ ਹਨ, ਜੋ ਕਦੇ ਡੈਲੀਗੇਟ ਨਹੀਂ ਚੁਣੇ ਗਏ ਸਨ। ਇਸ ਦੇ ਨਾਲ ਹੀ ਭੌਰਾ ਨੇ ਨਵੀਂ ਡੈਲੀਗੇਟ ਸੂਚੀ ਜਾਰੀ ਕਰ ਦਿੱਤੀ।

---

15. *The Indian Express,* January 13, 1980.

ਦੋ ਡੈਲੀਗੇਟ ਸੂਚੀਆਂ ਜਾਰੀ ਹੋਣ ਮਗਰੋਂ ਹਾਲਾਤ ਅਜਿਹੇ ਬਣ ਗਏ ਸਨ ਕਿ ਬਾਦਲ ਅਤੇ ਤਲਵੰਡੀ ਧੜਾ, ਦੋਵੇਂ, ਆਪੋ-ਆਪਣੀ ਸੂਚੀ ਮੁਤਾਬਿਕ ਚੋਣ ਕਰਵਾਉਣ 'ਤੇ ਡਟ ਗਏ ਸਨ। ਜਾਪਦਾ ਸੀ ਕਿ ਹੁਣ ਅਕਾਲੀ ਦਲ ਦੇ ਦੋ ਜਨਰਲ ਇਜਲਾਸ ਹੋਣਗੇ ਤੇ ਇਸ ਸੂਰਤ ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਖ਼ੂਨ-ਖ਼ਰਾਬਾ ਹੋਣ ਦਾ ਖ਼ਦਸ਼ਾ ਸੀ।

ਪਰ ਪਹਿਲੀ ਮਾਰਚ ਨੂੰ ਦੋਵੇਂ ਧੜੇ ਆਪੋ-ਆਪਣੀ ਮੀਟਿੰਗ ਰੱਦ ਕਰਨ ਵਾਸਤੇ ਰਾਜ਼ੀ ਹੋ ਗਏ। ਨਵੇਂ ਸਮਝੌਤੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋੜ ਦਿੱਤੀ ਗਈ ਅਤੇ ਪਾਰਟੀ ਨੂੰ ਚਲਾਉਣ ਵਾਸਤੇ ਇਕ ਸੱਤ-ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਸ ਕਮੇਟੀ ਦੇ ਮੈਂਬਰ ਸਨ : ਜਗਦੇਵ ਸਿੰਘ ਤਲਵੰਡੀ, ਹਰਚੰਦ ਸਿੰਘ ਲੌਂਗੋਵਾਲ, ਪਰਕਾਸ਼ ਸਿੰਘ ਬਾਦਲ, ਅਜੀਤ ਸਿੰਘ ਸਰਹੱਦੀ, ਆਤਮਾ ਸਿੰਘ, ਜਸਵਿੰਦਰ ਸਿੰਘ ਬਰਾੜ, ਪ੍ਰੇਮ ਸਿੰਘ ਲਾਲਪੁਰਾ। ਪਰ ਅਕਾਲੀ ਦਲ ਦੇ ਦੋਹਾਂ ਧੜਿਆਂ ਦਾ ਇਹ ਸਮਝੌਤਾ ਬਹੁਤੀ ਦੇਰ ਨਾ ਰਹਿ ਸਕਿਆ ਤੇ ਅਖ਼ੀਰ ਦੋਵੇਂ ਵੱਖ-ਵੱਖ ਹੋ ਗਏ। ਇਕ ਅਕਾਲੀ ਦਲ ਦਾ ਪ੍ਰਧਾਨ ਫੇਰ ਜਗਦੇਵ ਸਿੰਘ ਤਲਵੰਡੀ ਬਣ ਗਿਆ ਅਤੇ ਦੂਜੇ ਦਾ ਹਰਚੰਦ ਸਿੰਘ ਲੌਂਗੋਵਾਲ। ਲੌਂਗੋਵਾਲ ਧੜੇ ਨਾਲ ਪਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੋਵੇਂ ਸਨ, ਇਸ ਕਰ ਕੇ ਦਲ ਦੇ ਵਰਕਰਾਂ ਦਾ ਵੱਡਾ ਹਿੱਸਾ ਇਨ੍ਹਾਂ ਦੇ ਨਾਲ ਜੁੜ ਗਿਆ ਤੇ ਹੌਲੀ-ਹੌਲੀ ਤਲਵੰਡੀ ਦੇ ਬਹੁਤ ਸਾਰੇ ਸਾਥੀ ਕਿਰ ਕੇ ਵੱਡੇ ਧੜੇ ਦੇ ਨਾਲ ਜੁੜ ਗਏ।

ਸਾਧੂ ਸਿੰਘ ਭੌਰਾ ਨੂੰ ਹਟਾਇਆ ਗਿਆ

ਹੁਣ ਸਾਧੂ ਸਿੰਘ ਭੌਰਾ ਬਾਰੇ ਵੱਖ-ਵੱਖ ਅਕਾਲੀ ਹਲਕਿਆਂ ਵਿਚ ਇਹ ਚਰਚਾ ਸ਼ੁਰੂ ਹੋ ਗਿਆ ਕਿ ਉਸ ਨੇ ਇਕ ਤੋਂ ਵੱਧ ਵਾਰ ਜੁਦਾ-ਜੁਦਾ ਬੰਦਿਆਂ ਨਾਲ ਸੌਦੇਬਾਜ਼ੀ ਕੀਤੀ ਸੀ ਅਤੇ ਉਹ ਕਦੇ ਵੀ ਕਿਸੇ ਲਾਲਚ ਹੇਠ ਆ ਕੇ ਕਿਸੇ ਵੀ ਅਸਰ-ਰਸੂਖ ਵਾਲੀ ਤਾਕਤ ਨਾਲ ਰਲ ਸਕਦਾ ਹੈ। ਇਸ ਨੂੰ ਮਹਿਸੂਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਉਸ ਨੂੰ ਅਸਤੀਫ਼ਾ ਦੇਣ ਵਾਸਤੇ ਆਖਿਆ। ਪਹਿਲਾਂ ਤਾਂ ਉਸ ਨੇ ਅੜੀ ਕਰਨ ਦੀ ਕੋਸ਼ਿਸ਼ ਕੀਤੀ ਪਰ ਅਖ਼ੀਰ ਹਥਿਆਰ ਸੁੱਟ ਹੀ ਦਿੱਤੇ। ਉਹ 10 ਮਾਰਚ 1980 ਦੇ ਦਿਨ ਅਸਤੀਫ਼ਾ ਦੇ ਕੇ ਵਾਪਿਸ ਆਪਣੇ ਪਿੰਡ ਚਲਾ ਗਿਆ।

ਸਾਧੂ ਸਿੰਘ ਭੌਰਾ ਵਲੋਂ ਅਕਾਲ ਤਖ਼ਤ ਸਾਹਿਬ ਦੀ ਸੇਵਾ ਛੱਡਣ ਮਗਰੋਂ ਸਿੱਖ ਵਿਦਵਾਨਾਂ ਨੇ ਇਕ ਵਾਰ ਤਾਂ ਸੁਖ ਦਾ ਸਾਹ ਲਿਆ। ਭੌਰਾ ਉਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਤਵਾਰੀਖ਼ ਵਿਚ ਸਭ ਤੋਂ ਕਮਜ਼ੋਰ ਸੇਵਾਦਾਰ ਸਾਬਿਤ ਹੋਇਆ ਸੀ। ਹਾਲਾਂਕਿ ਪਹਿਲੋਂ ਮੋਹਣ ਸਿੰਘ ਨਾਗੋਕੇ ਵੀ ਧੜੇਬੰਦੀ ਵਾਲੀਆਂ ਕਾਰਵਾਈਆਂ ਕਰਨ ਕਰ ਕੇ ਬਦਨਾਮ ਹੋ ਚੁੱਕਾ ਸੀ, ਪਰ ਉਸ ਤੇ 'ਵਿਕਾਊ' ਹੋਣ ਦਾ ਦੋਸ਼ ਨਹੀਂ ਸੀ ਲੱਗਾ। ਸਾਧੂ ਸਿੰਘ ਭੌਰਾ ਵਲੋਂ ਵੱਖ-ਵੱਖ ਮੌਕਿਆਂ 'ਤੇ ਸੌਦੇਬਾਜ਼ੀ ਕਰਨ, ਲਾਲਚ ਹੇਠ ਆਉਣ, ਤਾਕਤ ਹੇਠ ਅਸਰ-ਅੰਦਾਜ਼ ਹੋ ਜਾਣ ਅਤੇ ਪੁੱਤਰ-ਮੋਹ ਵਿਚ ਸਟੈਂਡ ਬਦਲਣ ਨਾਲ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ ਹਸਤੀ ਨੂੰ ਠੇਸ ਪੁੱਜੀ। ਭਾਵੇਂ ਇਸ ਸੇਵਾ 'ਤੇ

ਤਾਈਨਾਤ ਸ਼ਖ਼ਸ ਅਕਾਲ ਪੁਰਖ ਦੇ ਤਖ਼ਤ ਦਾ ਮਾਲਿਕ ਨਹੀਂ, ਪਰ ਉਹ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਹੋਣ ਨਾਤੇ ਇਕ ਪਾਕਿ ਤੇ ਬੇਦਾਗ਼ ਸ਼ਖ਼ਸੀਅਤ ਹੋਣਾ ਚਾਹੀਦਾ ਹੈ। ਪਰ, ਸਾਧੂ ਸਿੰਘ ਭੌਰਾ ਦਾ ਕਿਰਦਾਰ ਸ਼ੱਕੀ ਤੇ ਕਮਜ਼ੋਰ ਸਾਬਿਤ ਹੋਇਆ। ਉਸ ਦੇ ਜਾਣ ਮਗਰੋਂ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ (ਕੇਸਗੜ੍ਹ ਸਾਹਿਬ) ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾਇਆ ਗਿਆ। ਉਨ੍ਹਾਂ ਨੇ 12 ਮਾਰਚ 1980 ਦੇ ਦਿਨ ਅੰਮ੍ਰਿਤਸਰ ਆ ਕੇ ਸੇਵਾ-ਸੰਭਾਲ ਲਈ।

•

ਬਾਬਾ ਜਰਨੈਲ ਸਿੰਘ ਦਾ ਜ਼ਮਾਨਾ

(1980 ਤੋਂ 1984)

ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੇ 12 ਮਾਰਚ 1980 ਦੇ ਦਿਨ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ। ਸਾਧੂ ਸਿੰਘ ਭੌਰਾ ਦੇ ਕਿਰਦਾਰ ਤੋਂ ਨਿਰਾਸ, ਉਦਾਸ ਅਤੇ ਪਰੇਸ਼ਾਨ ਸਿੱਖ ਵਿਦਵਾਨਾਂ ਨੇ ਜਥੇਦਾਰ ਗੁਰਦਿਆਲ ਵਲੋਂ ਇਸ ਸੇਵਾ ਨੂੰ ਸੰਭਾਲਣ 'ਤੇ ਸਕੂਨ ਜਿਹਾ ਮਹਿਸੂਸ ਕੀਤਾ। ਵਿਦਵਾਨਾਂ, ਨੌਜਵਾਨਾਂ ਅਤੇ ਹੋਰ ਸੰਜੀਦਾ ਸਿੱਖ-ਦਰਦੀਆਂ ਨੂੰ ਜਥੇਦਾਰ ਅਜਨੋਹਾ ਤੋਂ ਕਾਫ਼ੀ ਆਸਾਂ ਸਨ। ਪਰ ਕੁਝ ਵਿਦਵਾਨ, ਜੋ ਸਾਧੂ ਸਿੰਘ ਭੌਰਾ ਦੇ ਕਿਰਦਾਰ ਤੋਂ ਏਨੇ ਤਰਬਕ ਗਏ ਸਨ, ਉਹ ਜਥੇਦਾਰ ਅਜਨੋਹਾ ਤੋਂ ਵੀ ਵੱਡੀਆਂ ਉਮੀਦਾਂ ਨਹੀਂ ਰਖਦੇ ਸਨ। ਅਜਿਹੇ ਮਾਹੌਲ ਵਿਚ, ਪਰ, ਬਹੁਤੇ ਲੋਕ ਇਹ ਮਹਿਸੂਸ ਕਰਦੇ ਸਨ ਕਿ ਜਥੇਦਾਰ ਅਜਨੋਹਾ ਘਟੋ-ਘੱਟ ਸਾਧੂ ਸਿੰਘ ਭੌਰਾ ਤੋਂ ਤਾਂ ਬਿਹਤਰ ਹੀ ਹੋਣਗੇ।

ਇਨ੍ਹਾਂ ਦਿਨਾਂ ਵਿਚ ਕਮਿਊਨਿਸਟਾਂ ਤੇ ਫ਼ਿਰਕਾਪ੍ਰਸਤ ਹਿੰਦੂਆਂ ਨੇ ਸਿੱਖ ਧਰਮ ਅਤੇ ਇਸ ਦੀ ਵੱਖਰੀ ਪਛਾਣ ਅਤੇ ਵਜੂਦ ਦੇ ਖ਼ਿਲਾਫ਼ ਫੇਰ ਵੱਡੀ ਮੁਹਿੰਮ ਵਿੱਢੀ ਹੋਈ ਸੀ। ਇੰਞ ਹੀ ਈਸਾਈ ਮਿਸ਼ਨਰੀਆਂ ਦੇ ਇਕ ਸਿੱਖ-ਮੁਖ਼ਾਲਿਫ਼ ਟੋਲੇ ਨੇ ਵੀ ਸਿੱਖ ਧਰਮ ਦੀ ਅੱਡਰੀ ਹਸਤੀ ਦੇ ਖ਼ਿਲਾਫ਼ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਹੋਈ ਸੀ। ਇਸ ਸਿੱਖ-ਮੁਖ਼ਾਲਿਫ਼ ਟੋਲੇ ਦਾ ਮੁਖੀ ਹਿਊ ਮਕਲਾਊਡ ਸੀ ਅਤੇ ਖ਼ੁਸ਼ਵੰਤ ਸਿੰਘ ਤੇ ਜੇ.ਐਸ. ਗਰੇਵਾਲ ਵਰਗੇ ਇਨ੍ਹਾਂ ਦਾ ਤਹਿ-ਦਿਲੋਂ ਸਾਥ ਦੇ ਰਹੇ ਸਨ। ਪੱਛਮੀ ਮੁਲਕਾਂ ਦੀਆਂ ਯੂਨੀਵਰਸਿਟੀਆਂ ਅਤੇ 'ਪੈਂਗੁਇਨ' ਸਣੇ ਕਈ ਪਬਲਿਸ਼ਰ ਇਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇ ਰਹੇ ਸਨ।

ਇਸ ਮਾਹੌਲ ਤੋਂ ਸਿੱਖ ਉੱਲਮਾ (ਵਿਦਵਾਨ) ਅਤੇ ਜਵਾਨੀ (ਵਿਦਿਆਰਥੀ ਤੇ ਨੌਜਵਾਨ ਜਥੇਬੰਦੀਆਂ) ਅਵੇਸਲੇ ਨਹੀਂ ਸਨ। ਪਰ ਉਹ ਅਜੇ ਜਥੇਬੰਦ ਨਹੀਂ ਸਨ। ਭਾਵੇਂ 13 ਅਪਰੈਲ 1978 ਦੇ ਦਿਨ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਹੱਥੋਂ ਹੋਏ ਕਤਲੇਆਮ ਨੇ ਸੰਜੀਦਾ ਸਿੱਖ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਸਨ, ਪਰ ਅਜੇ ਉਹ ਇਕ ਜਥੇਬੰਦਕ ਤਰੀਕੇ ਨਾਲ ਇਸ ਹਮਲੇ ਦਾ ਮੁਕਾਬਲਾ ਕਰਨ ਵਾਸਤੇ ਇਕੱਠੇ ਨਹੀਂ ਹੋਏ ਸਨ।

ਸਿੱਖ ਇਕ ਕੌਮ ਹਨ

ਇਨ੍ਹਾਂ ਦਿਨਾਂ ਵਿਚ ਹੀ ਚੀਫ਼ ਖਾਲਸਾ ਦੀਵਾਨ ਦੀ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਚੰਡੀਗੜ੍ਹ ਵਿਚ ਕਰਵਾਈ ਗਈ। ਇਸ ਦੇ 15 ਮਾਰਚ 1981 ਦੇ ਸੈਸ਼ਨ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਅਤੇ ਵਿਦਵਾਨ ਹਾਜ਼ਿਰ ਸਨ। ਇਸ ਕਾਨਫ਼ਰੰਸ ਵਿਚ ਅਚਾਨਕ

ਹੀ ਅਜਿਹਾ ਮਾਹੌਲ ਬਣ ਗਿਆ ਕਿ ਇਸ ਮੌਕੇ 'ਤੇ ਹਾਜ਼ਿਰ ਵਿਦਵਾਨਾਂ ਅਤੇ ਨੌਜਵਾਨਾਂ ਨੇ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸੀਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਜ਼ੋਰ ਪਾ ਕੇ ਪਾਸ ਕਰਵਾ ਲਿਆ।[1] ਆਰੀਆ ਸਮਾਜ ਅਤੇ ਹੋਰ ਫ਼ਿਰਕੂ ਹਿੰਦੂ ਜਮਾਤਾਂ ਤਾਂ ਪਹਿਲਾਂ ਹੀ ਸਿੱਖਾਂ ਦੀ ਅੱਡਰੀ ਪਛਾਣ ਅਤੇ ਆਜ਼ਾਦ ਹਸਤੀ ਦੇ ਖ਼ਿਲਾਫ਼ ਪ੍ਰਚਾਰ ਕਰਦੀਆਂ ਰਹਿੰਦੀਆਂ ਸਨ; ਹੁਣ ਇਸ ਮਤੇ ਦੇ ਪਾਸ ਹੋਣ 'ਤੇ ਉਨ੍ਹਾਂ ਨੇ ਹੋਰ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਸਿਰਫ਼ ਸਿੱਖ ਉੱਲਮਾ ਤੇ ਜਵਾਨੀ ਹੀ ਨਹੀਂ ਬਲਕਿ ਸਾਰੇ ਸਿਰਕਰਦਾ ਸਿੱਖ ਇਸ ਮੁਹਾਜ਼ ਵਿਚ ਇਕ ਪਲੇਟਫ਼ਾਰਮ 'ਤੇ ਇਕੱਠੇ ਹੋ ਗਏ। ਤਕਰੀਬਨ ਹਰ ਸਰਗਰਮ ਵਰਕਰ ਅਤੇ ਆਗੂ, ਹਰ ਪੰਥਕ ਜਥੇਬੰਦੀ ਤੇ ਹਰ ਇਕ ਸਿੱਖ ਵਿਦਵਾਨ ਨੇ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖਾਂ ਦੀ ਨੁਮਾਇੰਗੀ' ਦੇ ਹੱਕ ਵਿਚ ਡੱਟ ਕੇ ਸਟੈਂਡ ਲਿਆ। ਦੂਜੇ ਪਾਸੇ ਚੀਫ਼ ਖਾਲਸਾ ਦੀਵਾਨ ਨੇ ਆਪਣੇ ਇਕ ਰਜਵਾੜਾ ਕਿਸਮ ਦੇ (ਹਰ ਸਰਕਾਰ ਦੇ ਚਾਪਲੂਸ) ਮੈਂਬਰ ਉੱਜਲ ਸਿੰਘ ਦੇ ਪ੍ਰੋਟੈਸਟ ਮਗਰੋਂ 15 ਮਾਰਚ 1981 ਨੂੰ ਪਾਸ ਕੀਤਾ ਮਤਾ ਵਾਪਿਸ ਲੈ ਲਿਆ। (ਇਸ ਉੱਜਲ ਸਿੰਘ ਦੀ ਤਾਰੀਖ਼ ਪਹਿਲੋਂ ਵੀ ਸਿੱਖ ਮਸਲਿਆਂ ਬਾਰੇ 'ਦੁਸ਼ਮਣਾਂ ਵਰਗੀ' ਸੀ। ਹੋਰ ਤਾਂ ਹੋਰ ਜਦੋਂ 4 ਜੁਲਾਈ 1955 ਦੇ ਦਿਨ ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖ਼ਿਲ ਹੋਈ ਸੀ ਤੇ ਚੀਫ਼ ਖਾਲਸਾ ਦੀਵਾਨ ਨੇ ਇਸ 'ਤੇ ਰੋਸ ਜ਼ਾਹਿਰ ਕੀਤਾ ਸੀ ਤਾਂ ਉਦੋਂ ਵੀ ਇਸ ਉੱਜਲ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਸੀ। ਉਹ ਹਰ ਸਿੱਖ-ਮੁਫ਼ਾਦ ਦੇ ਨੁਕਤੇ 'ਤੇ ਪੰਥ ਦੇ ਮੁਖ਼ਾਲਿਫ਼ਾਂ ਦਾ ਸਾਥ ਦੇ ਕੇ ਪੰਥ-ਦੁਸ਼ਮਣਾਂ ਤੋਂ ਜ਼ਾਤੀ ਫ਼ਾਇਦਾ ਲੈਂਦਾ ਰਹਿੰਦਾ ਸੀ)।

'ਸਿੱਖ ਇਕ ਕੌਮ ਹਨ' ਦਾ ਮਤਾ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਪਾਸ ਕੀਤਾ ਸੀ ਤੇ ਚੀਫ਼ ਖਾਲਸਾ ਦੀਵਾਨ ਵਲੋਂ ਇਸ ਨੂੰ ਵਾਪਿਸ ਨਹੀਂ ਸੀ ਲਿਆ ਜਾ ਸਕਦਾ। ਉਂਞ ਵੀ ਇਸ ਜਥੇਬੰਦੀ ਵਲੋਂ ਇਹ ਮਤਾ 'ਵਾਪਿਸ' ਲੈਣ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ, ਕਿਉਂਕਿ ਇਸ ਜਥੇਬੰਦੀ ਦੀ ਆਮ ਲੋਕਾਂ ਵਿਚ ਕੋਈ ਹਸਤੀ ਨਹੀਂ ਸੀ। ਉਲਟਾ, ਇਸ ਕਾਰਵਾਈ ਮਗਰੋਂ ਹਰ ਪਾਸੇ ਸਿੱਖ ਦੀਵਾਨਾਂ, ਜਲਸਿਆਂ, ਮੀਟਿੰਗਾਂ, ਸੈਮੀਨਾਰਾਂ ਤੇ ਹੋਰ ਇਕੱਠਾਂ ਵਿਚ 'ਸਿੱਖ ਇਕ ਕੌਮ ਹਨ' ਅਤੇ 'ਯੂ.ਐਨ.ਓ. ਵਿਚ ਸਿੱਖ ਨੁਮਾਇੰਦਗੀ' ਦੀ ਹਿਮਾਇਤ ਵਿਚ ਸੈਂਕੜੇ ਵਾਰ ਮਤੇ ਪਾਸ ਕਰ ਕੇ ਸਿੱਖਾਂ ਨੇ ਆਪਣੇ ਇੱਤਹਾਦ ਦਾ ਇਜ਼ਹਾਰ ਕੀਤਾ।

ਇਸ ਵੇਲੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਕੋਲ ਸੀ। ਕੁਝ ਸਿੱਖ ਵਿਦਵਾਨ ਉਨ੍ਹਾਂ ਨੂੰ ਮਿਲੇ ਅਤੇ ਅਰਜ਼ ਕੀਤੀ ਕਿ ਜੇ ਉਹ ਇਸ ਬਾਰੇ ਕੁਝ ਬਿਆਨ ਜਾਂ ਹੁਕਮਨਾਮਾ ਜਾਰੀ ਕਰ ਦੇਣ ਤਾਂ ਇਹ ਨੁਕਤਾ ਸਦਾ ਵਾਸਤੇ ਹੱਲ ਹੋ ਜਾਵੇਗਾ। ਇਸ 'ਤੇ ਜਥੇਦਾਰ ਅਜਨੋਹਾ ਨੇ 21 ਅਪਰੈਲ 1981 ਦੇ ਦਿਨ ਇਕ ਬਿਆਨ ਜਾਰੀ ਕਰ ਕੇ 'ਸਿੱਖ ਇਕ ਕੌਮ ਹਨ' 'ਤੇ ਅਕਾਲ ਤਖ਼ਤ ਸਾਹਿਬ ਦੀ ਮੋਹਰ ਲਾ ਦਿੱਤੀ ਅਤੇ ਨਾਲ ਹੀ ਇਹ ਹੁਕਮ ਵੀ ਜਾਰੀ ਕੀਤਾ ਕਿ "ਇਹ ਮਸਲਾ ਸਦਾ ਵਾਸਤੇ ਹੱਲ ਕਰ ਦਿੱਤਾ ਗਿਆ ਹੈ ਅਤੇ ਕੋਈ ਵੀ ਸ਼ਖ਼ਸ ਇਸ ਬਾਰੇ ਕੋਈ ਬਿਆਨ ਨਾ ਦੇਵੇ।"[2] (ਮਗਰੋਂ 28 ਮਾਰਚ 1983 ਦੇ ਦਿਨ ਬ੍ਰਿਟਿਸ਼ 'ਹਾਊਸ ਆਫ਼ ਲਾਰਡ' ਨੇ

1. *The Tribune*, March 16, 1981.
2. *ਰੋਜ਼ਾਨਾ ਅਜੀਤ*, 22 ਅਪਰੈਲ 1981.

ਇਕ ਕੇਸ ਦੇ ਸਬੰਧ ਵਿਚ ਫ਼ੈਸਲਾ ਦੇਂਦਿਆਂ ਤਾਂ ਏਥੋਂ ਤਕ ਆਖਿਆ ਕਿ 'ਸਿੱਖ ਇਕ ਕੌਮ ਹਨ, ਏਥੋਂ ਤਕ ਕਿ ਉਹ ਤਾਂ ਇਕ ਨਸਲ ਹਨ')।[3]

ਸੰਤੋਖ ਸਿੰਘ ਦਿੱਲੀ ਤੇ ਲਾਲਾ ਜਗਤ ਨਰੈਣ

ਇਨ੍ਹਾਂ ਦਿਨਾਂ ਵਿਚ ਹੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੇ ਪੱਛਮੀ ਮੁਲਕਾਂ ਦਾ ਦੌਰਾ ਕੀਤਾ। ਇੰਗਲੈਂਡ ਵਿਚ ਉਨ੍ਹਾਂ ਦੀ ਸ਼ਾਨ ਵਿਚ ਕੀਤੇ ਇਕੱਠ ਵਿਚ ਖਾਲਿਸਤਾਨ ਦੀ ਹਿਮਾਇਤੀ ਵੀ ਕਾਫ਼ੀ ਗਿਣਤੀ ਵਿਚ ਪੁੱਜੇ। ਖਾਲਿਸਤਾਨੀ ਆਗੂਆਂ ਨੇ ਆਪਣੇ ਪ੍ਰੋਗਰਾਮ ਸਬੰਧੀ ਤਕਰੀਰਾਂ ਵੀ ਕੀਤੀਆਂ। ਖਾਲਿਸਤਾਨ ਦੇ ਕੁਝ ਮੁਖ਼ਾਲਿਫ਼ਾਂ ਨੇ ਇੰਦਰਾ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਜਥੇਦਾਰ ਅਜਨੋਹਾ 'ਤੇ ਖਾਲਿਸਤਾਨੀ ਪ੍ਰਾਪੇਗੰਡਾ ਕਰਨ ਅਤੇ ਖਾਲਿਸਤਾਨ ਦੀ ਆਜ਼ਾਦੀ ਦੀ ਤਹਿਰੀਕ ਵਾਸਤੇ ਫ਼ੰਡ ਇਕੱਠੇ ਕਰਨ ਦਾ ਦੋਸ਼ ਲਾਇਆ। ਦਿੱਲੀ ਦਾ ਜਥੇਦਾਰ ਸੰਤੋਖ ਸਿੰਘ ਇਹੋ ਜਿਹੇ ਬਿਆਨ ਦੇਣ ਵਾਲਿਆਂ ਵਿਚ ਆਮ ਤੌਰ 'ਤੇ ਸਭ ਤੋਂ ਮੂਹਰੇ ਹੋਇਆ ਕਰਦਾ ਸੀ। ਜਲੰਧਰ ਦਾ ਫ਼ਿਰਕੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਇਹੋ ਜਿਹੇ ਬਿਆਨ ਅਕਸਰ ਲੂਣ-ਮਿਰਚਾਂ ਲਾ ਕੇ ਜਾਂ ਵੱਡੀਆਂ ਸੁਰਖ਼ੀਆਂ ਨਾਲ ਟਾਈਟਲ ਸਫ਼ੇ 'ਤੇ ਛਾਪਿਆ ਕਰਦਾ ਸੀ। ਜਥੇਦਾਰ ਸੰਤੋਖ ਦੇ ਨਾਂ 'ਤੇ ਜਥੇਦਾਰ ਅਜਨੋਹਾ ਦੇ ਖ਼ਿਲਾਫ਼ ਇਕ ਅਜਿਹਾ ਹੀ ਬਿਆਨ 6 ਅਗਸਤ 1981 ਦੇ *ਹਿੰਦ ਸਮਾਚਾਰ, ਪੰਜਾਬ ਕੇਸਰੀ* ਵਗ਼ੈਰਾ ਅਖ਼ਬਾਰਾਂ ਵਿਚ ਛਪਿਆ। ਇਸ ਤੋਂ ਅਗਲੇ ਦਿਨ ਲਾਲਾ ਜਗਤ ਨਰੈਣ ਨੇ *ਹਿੰਦ ਸਮਾਚਾਰ* ਵਿਚ ਐਡੀਟੋਰੀਅਲ ਵਿਚ ਲਿਖਿਆ ਕਿ "ਅਜਨੋਹਾ ਦੇਸ਼ ਦਾ ਗ਼ਦਾਰ ਹੈ, ਜੋ ਖ਼ਾਲਿਸਤਾਨ ਵਾਸਤੇ ਵਿਦੇਸ਼ਾਂ 'ਚੋਂ ਪੈਸੇ ਇਕੱਠੇ ਕਰ ਰਿਹੈ।" ਇਕ ਹਫ਼ਤੇ ਮਗਰੋਂ ਜਥੇਦਾਰ ਅਜਨੋਹਾ ਵਾਪਿਸ ਆ ਗਏ। ਉਨ੍ਹਾਂ ਕਿਰਪਾਲ ਸਿੰਘ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ "ਮੇਰੇ 'ਤੇ ਇਲਜ਼ਾਮ ਲਾਇਆ ਗਿਆ ਹੈ। ਜਦ ਤਕ ਇਸ ਦਾ ਨਿਤਾਰਾ ਨਹੀਂ ਹੁੰਦਾ, ਮੈਂ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਜਾਵਾਂਗਾ। ਉਦੋਂ ਤਕ ਤੁਸੀਂ ਸੇਵਾ ਸੰਭਾਲੋ।" ਪਹਿਲਾਂ ਤਾਂ ਕਿਰਪਾਲ ਸਿੰਘ ਨੇ ਨਾਂਹ ਕੀਤੀ, ਪਰ ਜਦੋਂ ਜਥੇਦਾਰ ਅਜਨੋਹਾ ਨੇ ਫ਼ੈਸਲਾ ਬਦਲਣ ਤੋਂ ਨਾਂਹ ਕਰ ਦਿੱਤੀ ਤਾਂ ਮਜਬੂਰਨ ਗਿਆਨੀ ਕਿਰਪਾਲ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਗਿਆਨੀ ਕਿਰਪਾਲ ਸਿੰਘ ਨੇ ਲਾਲੇ ਦੀਆਂ ਅਖ਼ਬਾਰਾਂ ਦੀਆਂ ਫ਼ਾਈਲਾਂ ਮੰਗਵਾ ਲਈਆਂ। ਜਦੋਂ ਇਹ ਸਾਰੀ ਛਪੀ ਸਮਗਰੀ ਕਿਰਪਾਲ ਸਿੰਘ ਕੋਲ ਪੇਸ਼ ਕੀਤੀ ਗਈ ਤਾਂ ਉਨ੍ਹਾਂ ਨੇ ਜਥੇਦਾਰ ਸੰਤੋਖ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਜਥੇਦਾਰ ਸੰਤੋਖ ਸਿੰਘ ਨੇ ਆਪ ਆਉਣ ਦੀ ਬਜਾਏ ਗਿਆਨੀ ਭਜਨ ਸਿੰਘ ਨੂੰ ਭੇਜ ਦਿੱਤਾ। ਗਿਆਨੀ ਭਜਨ ਸਿੰਘ, ਕੁਝ ਸਾਥੀਆਂ ਸਣੇ ਜਥੇਦਾਰਾਂ ਨੂੰ ਮਿਲਿਆ ਅਤੇ ਜਥੇਦਾਰ ਸੰਤੋਖ ਸਿੰਘ ਦੀ ਲਿਖਤੀ ਸਫ਼ਾਈ ਪੇਸ਼ ਕੀਤੀ ਕਿ ਉਸ ਨੇ ਜਥੇਦਾਰ ਅਜਨੋਹਾ ਦੇ ਇੰਗਲੈਂਡ ਟੂਰ ਬਾਰੇ ਕੋਈ ਬਿਆਨ ਨਹੀਂ ਦਿੱਤਾ ਸੀ। ਗਿਆਨੀ ਭਜਨ ਸਿੰਘ ਨੇ ਇਹ ਵੀ ਆਖਿਆ ਕਿ ਕਿ ਜਥੇਦਾਰ ਸੰਤੋਖ ਸਿੰਘ ਆਪ ਵੀ ਪੇਸ਼ ਹੋਣਾ ਚਾਹੁੰਦਾ ਹੈ ਪਰ ਉਹ ਆਪਣੀ ਜਾਨ ਨੂੰ ਖ਼ਤਰਾ ਮਹਿਸੂਸ ਕਰਦਿਆਂ ਤਖ਼ਤ ਸਾਹਿਬ 'ਤੇ ਪੇਸ਼ ਨਹੀਂ ਹੋ ਰਿਹਾ। ਜਥੇਦਾਰਾਂ ਨੇ

---

3. Proceedings of the House of Lords; *ਰੋਜ਼ਾਨਾ ਅਜੀਤ ਤੇ ਅਕਾਲੀ ਪਤਰਕਾ*, 13 ਮਾਰਚ 1982.

ਸੰਤੋਖ ਸਿੰਘ ਦੇ ਸਾਥੀਆਂ ਨੂੰ ਸਾਫ਼ ਲਫ਼ਜ਼ਾਂ ਵਿਚ ਆਖਿਆ ਕਿ ਅਕਾਲ ਤਖ਼ਤ ਸਾਹਿਬ 'ਤੇ ਬੁਲਾਏ ਗਏ ਬੰਦੇ ਨੂੰ ਜ਼ਾਤੀ ਤੌਰ 'ਤੇ ਪੇਸ਼ ਹੋਣਾ ਪਵੇਗਾ ਅਤੇ ਉਸ ਦੀ ਨੁਮਾਇੰਦਗੀ ਦਾ ਹੱਕ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ।

23 ਅਗਸਤ 1981 ਦੇ ਦਿਨ ਪੰਜ ਗ੍ਰੰਥੀਆਂ (ਜਿਨ੍ਹਾਂ ਵਿਚ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਆਪ ਸ਼ਾਮਿਲ ਨਹੀਂ ਸੀ) ਨੇ ਜਥੇਦਾਰ ਸੰਤੋਖ ਸਿੰਘ ਵੱਲੋਂ ਭੇਜੇ ਲਿਖਤੀ ਸਪੱਸ਼ਟੀਕਰਨ ਬਾਰੇ ਵਿਚਾਰਾਂ ਕੀਤੀ ਤੇ ਉਸ ਦੀ ਸਫ਼ਾਈ ਨੂੰ ਕਬੂਲ ਕਰ ਲਿਆ, ਪਰ ਉਸ ਵੱਲੋਂ ਨਿਜੀ ਤੌਰ 'ਤੇ ਪੇਸ਼ ਨਾ ਹੋਣ ਦੀ 'ਹਿਮਾਕਤ' ਅਤੇ ਚਿੱਠੀ ਤੇ ਅਖ਼ਬਾਰਾਂ ਵਿਚ ਦਿੱਤੀਆਂ ਧਮਕੀਆਂ ਨੂੰ ਸਾਹਵੇਂ ਰਖਦਿਆਂ ਉਸ ਨੂੰ ਤਨਖ਼ਾਹੀਆ ਕਰਾਰ ਦੇ ਕੇ ਜ਼ਾਤੀ ਤੌਰ 'ਤੇ ਤਖ਼ਤ ਸਾਹਿਬ 'ਤੇ ਪੇਸ਼ ਹੋਣ ਵਾਸਤੇ 21 ਦਿਨ ਦਾ ਸਮਾਂ ਦਿੱਤਾ। ਇਸ ਸਬੰਧੀ ਹਰਚਰਨ ਸਿੰਘ ਮਾਹਲੋਂ, ਗਿਆਨੀ ਕਿਰਪਾਲ ਸਿੰਘ, ਲੱਖਾ ਸਿੰਘ, ਸੋਹਣ ਸਿੰਘ ਤੇ ਮਨੀ ਸਿੰਘ ਗ੍ਰੰਥੀਆਂ ਵੱਲੋਂ ਜਾਰੀ ਕੀਤਾ ਗਿਆ 'ਹੁਕਮ' (ਫ਼ਤਵਾ/ਬਿਆਨ) ਇਹ ਸੀ :

1. ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦੇ ਵਿਦੇਸ਼ੀ ਦੌਰੇ ਸਬੰਧੀ ਜਥੇਦਾਰ ਸੰਤੋਖ ਸਿੰਘ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਿਹੜਾ ਬਿਆਨ 6-8-1981 ਨੂੰ *ਹਿੰਦ ਸਮਾਚਾਰ* ਪਰਿਵਾਰ ਦੇ ਅਖ਼ਬਾਰਾਂ ਵਿਚ ਛਪਿਆ ਸੀ ਤੇ ਜਿਸ ਦਾ ਸਪੱਸ਼ਟੀਕਰਨ ਦੇਣ ਲਈ ਉਨ੍ਹਾਂ ਨੂੰ 20-8-1981 ਨੂੰ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋਣ ਲਈ ਲਿਖਿਆ ਗਿਆ ਸੀ, ਉਸ ਬਾਰੇ ਜਥੇਦਾਰ ਸੰਤੋਖ ਸਿੰਘ ਨੇ ਜੋ ਪਹਿਲਾ ਸਪੱਸ਼ਟੀਕਰਨ ਭੇਜਿਆ ਹੈ, ਉਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ 'ਜਿਸ ਬਿਆਨ ਦਾ ਤੁਸਾਂ ਜ਼ਿਕਰ ਕੀਤਾ ਹੈ, ਉਹ ਨਾ ਤਾਂ ਮੇਰੇ ਦਸਖ਼ਤਾਂ ਨਾਲ ਲਿਖਤੀ ਰੂਪ ਵਿਚ ਜਾਰੀ ਹੋਇਆ ਹੈ ਤੇ ਨਾ ਹੀ *ਹਿੰਦ ਸਮਾਚਾਰ* ਪਰਿਵਾਰ ਦੇ ਅਖ਼ਬਾਰਾਂ ਤੋਂ ਬਿਨਾਂ ਹੋਰ ਕਿਸੇ ਅਖ਼ਬਾਰ ਵਿਚ ਛਪਿਆ ਹੈ, ਤੇ ਉਹ ਬਿਆਨ ਮੈਂ ਇਉਂ ਦਿੱਤਾ ਹੀ ਨਹੀਂ।' ਇਸ ਉਪਰੋਕਤ ਸਪੱਸ਼ਟੀਕਰਨ ਤੋਂ ਸਾਡੀ ਤਸੱਲੀ ਹੋ ਗਈ ਹੈ ਕਿ ਇਹ ਬਿਆਨ ਜਥੇਦਾਰ ਸੰਤੋਖ ਸਿੰਘ ਨੇ ਉਸ ਰੂਪ ਵਿਚ ਨਹੀਂ ਦਿੱਤਾ, ਜਿਸ ਰੂਪ ਵਿਚ ਅਖ਼ਬਾਰਾਂ ਵਿਚ ਛਪਿਆ ਹੈ। ਇਸ ਲਈ ਇਸ ਦੋਸ਼ ਤੋਂ ਜਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਬਰੀ ਕੀਤਾ ਜਾਂਦਾ ਹੈ।
2. ਅੱਜ ਤਕ ਸਿੱਖ ਇਤਿਹਾਸ ਵਿਚ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅਕਾਲ ਤਖ਼ਤ ਸਾਹਿਬ ਦੇ ਸੱਦੇ 'ਤੇ ਕੋਈ ਪੰਥਕ ਲੀਡਰ ਜਾਂ ਧਾਰਮਿਕ ਮੁਖੀ ਜਾਂ ਕੋਈ ਵੀ ਸਿੱਖ ਹਾਜ਼ਿਰ ਨਾ ਹੋਵੇ, ਪਰ ਜਥੇਦਾਰ ਸੰਤੋਖ ਸਿੰਘ ਨੇ ਜਾਨ ਨੂੰ ਖ਼ਤਰੇ ਦਾ ਬਹਾਨਾ ਬਣਾ ਕੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਤੋਂ ਇਨਕਾਰ ਕਰ ਕੇ ਸਿੱਖ ਪਰੰਪਰਾ ਦੀ ਸਖ਼ਤ ਉਲੰਘਣਾ ਕੀਤੀ ਹੈ।
3. ਦੂਜੇ ਸਪੱਸ਼ਟੀਕਰਨ ਵਿਚ ਜਥੇਦਾਰ ਸੰਤੋਖ ਸਿੰਘ ਨੇ ਸਫ਼ਾ 3 'ਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ, ਗ੍ਰੰਥੀ ਸਾਹਿਬਾਨ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਧਾਰਮਿਕ ਮਾਮਲਿਆਂ ਬਾਰੇ ਫ਼ੈਸਲੇ ਕਰਨ ਦੀ ਪਰੰਪਰਾ ਤੋਂ ਚੱਲੀ ਆ ਰਹੀ ਅਥਾਰਟੀ (ਅਧਿਕਾਰ) ਨੂੰ ਮੰਨਣ ਤੋਂ ਇਨਕਾਰ ਕਰ ਕੇ **ਮਹਾਂ ਅਪਰਾਧ** ਕੀਤਾ ਹੈ। ਜਿਵੇਂ ਕਿ ਉਸ ਨੇ ਲਿਖਿਆ ਹੈ ਕਿ 'ਜੇ ਫਿਰ ਵੀ ਤੁਸੀਂ ਮੇਰੇ ਕਹੇ ਜਾਂਦੇ ਸ਼ਬਦਾਂ ਬਾਰੇ ਪੜਤਾਲ ਕਰਾਉਣੀ ਚਾਹੁੰਦੇ ਹੋ ਤਾਂ ਬੇਸ਼ਕ ਕਰਵਾਓ, ਪਰ ਇਸ ਪੜਤਾਲ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਕਿਸੇ ਗੁਰਦੁਆਰੇ ਦਾ ਕੋਈ ਜਥੇਦਾਰ ਜਾਂ ਗ੍ਰੰਥੀ ਸ਼ਾਮਿਲ ਨਹੀਂ ਹੋਣਾ ਚਾਹੀਦਾ।' ਜਦ ਕਿ ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ, ਫ਼ਤਹਿ ਸਿੰਘ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਆਦਿਕ ਪੰਥਕ ਮੁਖੀਆਂ ਨੇ ਇਸ ਧਾਰਮਿਕ ਅਥਾਰਟੀ ਦੇ ਫ਼ੈਸਲਿਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਹੈ।

4. ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਅੱਜ ਕੀਤੇ ਜਾਣ ਵਾਲੇ ਫ਼ੈਸਲੇ ਤੋਂ ਪਹਿਲਾਂ ਹੀ ਉਸ ਵਿਰੁੱਧ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘਾਂ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਵਿਰੁੱਧ ਮੁਕੱਦਮਾ ਚਲਾ ਕੇ ਇਨ੍ਹਾਂ ਨੂੰ ਆਪਣੀਆਂ ਮਹਾਨ ਪਦਵੀਆਂ ਤੋਂ ਹਟਾਉਣ ਦੀਆਂ ਧਮਕੀਆਂ ਦਿੱਤੀਆਂ ਹਨ ਅਤੇ ਜਨਰਲ ਐਡਵਾਇਰ ਨੂੰ ਸਿਰੋਪਾਓ ਦੇਣ ਵਾਲੇ ਪੁਜਾਰੀ ਨਾਲ ਤੁਲਨਾ ਦੇ ਕੇ ਹਰਿਮੰਦਰ ਸਾਹਿਬ ਅਤੇ ਤਖ਼ਤ ਸਾਹਿਬਾਨ ਦਾ ਘੋਰ ਅਪਮਾਨ ਕੀਤਾ ਹੈ। ਐਉਂ ਸਿੱਖ ਕੌਮ ਦੀ ਧਾਰਮਿਕ ਸੁਪਰੀਮ ਕੋਰਟ ਦੀ ਹੱਤਕ ਕੀਤੀ ਹੈ।

ਇਨ੍ਹਾਂ ਉਪਰੋਕਤ 2, 3 ਅਤੇ 4 ਨੰਬਰ ਮਾਮਲਿਆਂ ਵਿਚ ਦੋਸ਼ੀ ਹੋਣ ਕਰ ਕੇ ਜਥੇਦਾਰ ਸੰਤੋਖ ਸਿੰਘ, ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। 21 ਦਿਨਾਂ ਦੇ ਅੰਦਰ ਅੰਦਰ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਤਨਖ਼ਾਹ ਲਵਾਵੇ, ਨਹੀਂ ਤਾਂ ਸਖ਼ਤ ਐਕਸ਼ਨ ਲਿਆ ਜਾਵੇਗਾ।

ਪੁਜਾਰੀਆਂ ਤੇ ਗ੍ਰੰਥੀਆਂ ਦੀਆਂ ਭਬਕੀਆਂ ਤੋਂ ਡਰ ਕੇ ਜਥੇਦਾਰ ਸੰਤੋਖ ਸਿੰਘ 18 ਦਿਨ ਮਗਰੋਂ 10 ਸਿਤੰਬਰ 1981 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਗਿਆ (ਇਸ ਤੋਂ ਇਕ ਦਿਨ ਪਹਿਲਾਂ *ਹਿੰਦ ਸਮਾਚਾਰ* ਪਰਿਵਾਰ ਦੀਆਂ ਅਖ਼ਬਾਰਾਂ ਦੇ ਚੀਫ਼ ਐਡੀਟਰ ਅਤੇ ਮਾਲਿਕ ਲਾਲਾ ਜਗਤ ਨਰੈਣ ਨੂੰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਭਤੀਜੇ ਸਵਰਨ ਸਿੰਘ ਨੇ ਸਾਥੀਆਂ ਨਾਲ ਮਿਲ ਕੇ ਕਤਲ ਕਰ ਦਿੱਤਾ ਸੀ ਤੇ ਇਸ ਕਤਲ ਦਾ ਪਿਛੋਕੜ ਲਾਲੇ ਵੱਲੋਂ 6 ਅਗਸਤ 1981 ਦੇ ਦਿਨ ਛਾਪੀ ਖ਼ਬਰ ਅਤੇ ਅਗਲੇ ਦਿਨ ਲਿਖੇ ਐਡੀਟੋਰੀਅਲ ਸੀ)।

10 ਸਿਤੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ 23 ਅਗਸਤ ਵਾਲੇ ਪੰਜ ਗ੍ਰੰਥੀਆਂ ਨੇ ਜਥੇਦਾਰ ਸੰਤੋਖ ਸਿੰਘ ਨੂੰ ਹੇਠ ਲਿਖੀ ਤਨਖ਼ਾਹ ਲਾਈ :

1. ਆਪਣੇ ਨਿਤਨੇਮ ਤੋਂ ਇਲਾਵਾ ਦੋ ਹਫ਼ਤੇ ਹਰ ਰੋਜ਼ ਇਕ ਜਪੁਜੀ ਸਾਹਿਬ ਅਤੇ ਇਕ ਜਾਪੁ ਸਾਹਿਬ ਦਾ ਪਾਠ ਕਰਨਾ।
2. ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਇਕ ਹਫ਼ਤਾ ਗੁਰੂ ਦੇ ਲੰਗਰ ਵਿਚ ਸੰਗਤਾਂ ਦੇ ਜੂਠੇ ਭਾਂਡੇ ਮਾਂਜਣਾ।
3. ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਇਕ ਹਫ਼ਤਾ ਸੰਗਤ ਦੇ ਜੋੜੇ ਸਾਫ਼ ਕਰਨੇ।

ਉਪਰੋਕਤ ਸਾਰੀ ਤਨਖ਼ਾਹ ਭੁਗਤਣ ਤੋਂ ਮਗਰੋਂ ਅਕਾਲ ਤਖ਼ਤ ਸਾਹਿਬ ਵਿਖੇ 101/- ਰੁਪਏ ਦੀ ਦੇਗ ਲੈ ਕੇ ਹਾਜ਼ਿਰ ਹੋਣਾ ਅਤੇ ਅਰਦਾਸ ਕਰਾਉਣੀ।

'ਤਖ਼ਤ ਦਾ ਮੁਖ ਸੇਵਾਦਾਰ ਅਦਾਲਤ 'ਚ ਪੇਸ਼ ਨਹੀਂ ਹੁੰਦਾ'

ਇਨ੍ਹਾਂ ਦਿਨਾਂ ਵਿਚ ਹੀ ਅਸੈਂਬਲੀ ਚੋਣਾਂ ਦੇ ਸਬੰਧ ਵਿਚ ਕੁਝ ਹਾਰੇ ਹੋਏ ਉਮੀਦਵਾਰਾਂ ਨੇ ਰਿੱਟ-ਪਟੀਸ਼ਨ ਦਾਇਰ ਕੀਤੀਆਂ ਹੋਈਆਂ ਸਨ। ਪਟੀਸ਼ਨ ਕਰਨ ਵਾਲਿਆਂ ਵਿਚ ਕਾਦੀਆਂ ਦਾ ਸਤਨਾਮ ਸਿੰਘ ਬਾਜਵਾ ਵੀ ਸੀ। ਸਤਨਾਮ ਸਿੰਘ ਨੇ ਆਪਣੀ ਪਟੀਸ਼ਨ ਵਿਚ ਇਹ ਨੁਕਤਾ ਵੀ ਉਠਾਇਆ ਸੀ ਕਿ ਅਕਾਲੀ ਉਮੀਦਵਾਰ ਨੇ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਵੋਟਾਂ ਲਈਆਂ ਸਨ (ਭਾਰਤ ਸਰਕਾਰ ਨੇ ਕੁਝ ਚਿਰ ਪਹਿਲਾਂ ਹੀ ਇਕ ਧਰਮ-ਵਿਰੋਧੀ ਕਾਨੂੰਨ ਪਾਸ ਕੀਤਾ ਸੀ, ਜਿਸ ਮੁਤਾਬਿਕ ਧਰਮ ਦੇ ਨਾਂ 'ਤੇ ਜਾਂ ਇਕ ਧਾਰਮਿਕ ਫ਼ਿਰਕੇ ਨੂੰ ਅਪੀਲ ਕਰ ਕੇ ਵੋਟਾਂ ਮੰਗਣ ਵਾਲੇ ਦੀ ਚੋਣ

ਰੱਦ ਹੋ ਸਕਦੀ ਹੈ)। ਹਾਈਕੋਰਟ ਨੇ ਬਾਜਵੇ ਦੀ ਪਟੀਸ਼ਨ ਦੇ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਅਦਾਲਤ ਵਿਚ ਪੇਸ਼ ਹੋਣ ਵਾਸਤੇ ਸੰਮਨ ਭੇਜੇ। ਜਥੇਦਾਰ ਅਜਨੋਹਾ ਨੇ ਇਨ੍ਹਾਂ ਸੰਮਨਾਂ ਦੀ ਤਾਮੀਲ ਵਿਚ ਅਦਾਲਤ ਵਿਚ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕਿਸੇ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦਾ। ਉਹ ਕਿਸੇ ਦੁਨਿਆਵੀ ਅਦਾਲਤ ਵਿਚ ਜਵਾਬ-ਦੇਹ ਨਹੀਂ ਹੈ। ਇਸ ਬਿਆਨ ਮਗਰੋਂ ਸਤਨਾਮ ਸਿੰਘ ਬਾਜਵਾ ਨੇ ਪੰਥ ਦੇ ਰੋਹ ਤੋਂ ਡਰਦਿਆਂ ਅਦਾਲਤ ਵਿਚ ਬਿਆਨ ਦੇ ਦਿੱਤਾ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਗਵਾਹੀ ਵਾਸਤੇ ਤਲਬ ਨਹੀਂ ਕਰਨਾ ਚਾਹੁੰਦਾ। ਇਸ ਕਰ ਕੇ ਇਕ ਨਵਾਂ ਮਾਮਲਾ ਖੜ੍ਹਾ ਹੋਣੋਂ ਰੁਕ ਗਿਆ।

ਨਿਰੰਕਾਰੀ ਦੀ ਦਰਖ਼ਾਸਤ ਰੱਦ

13 ਅਪਰੈਲ 1978 ਦੇ ਦਿਨ ਦਿੱਲੀ ਦੇ ਨਿਰੰਕਾਰੀ ਟੋਲੇ ਵਲੋਂ ਅੰਮ੍ਰਿਤਸਰ ਵਿਚ ਸਿੱਖਾਂ ਦੇ ਕਤਲੇਆਮ ਮਗਰੋਂ 10 ਜੂਨ 1978 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ 'ਹੁਕਮਨਾਮੇ' ਕਰ ਕੇ ਲੋਕ ਇਸ ਟੋਲੇ ਤੋਂ ਅਲਹਿਦਾ ਹੋਣੇ ਸ਼ੁਰੂ ਹੋ ਗਏ ਸਨ। ਹਾਲਾਤ ਇੱਥੋਂ ਤਕ ਆ ਗਏ ਕਿ ਲੋਕ ਨਿਰੰਕਾਰੀ ਅਖਵਾਣ ਤੋਂ ਡਰਨ ਲੱਗ ਪਏ। ਇਸ ਨਾਲ ਨਿਰੰਕਾਰੀ ਟੋਲੇ ਦੀ ਆਮਦਨ ਬਹੁਤ ਘੱਟ ਗਈ। ਪੰਜਾਬ ਵਿਚ ਤਾਂ ਨਿਰੰਕਾਰੀਆਂ ਦਾ ਤਕਰੀਬਨ ਸਫ਼ਾਇਆ ਹੀ ਹੋ ਗਿਆ। ਉਧਰ ਨਿਰੰਕਾਰੀ ਟੋਲੇ ਦੇ ਮੁਖੀ ਗੁਰਬਚਨ ਸਿੰਹ ਦੇ ਕਤਲ ਮਗਰੋਂ ਉਸ ਦਾ ਮੁੰਡਾ, ਹਰਦੇਵ ਭੋਲਾ, ਜੋ ਨਵਾਂ ਮੁਖੀ ਬਣ ਗਿਆ ਸੀ, ਨੂੰ ਆਪਣੀ ਜਾਨ ਦਾ ਵੀ ਡਰ ਸੀ।

ਅਕਾਲ ਤਖ਼ਤ ਸਾਹਿਬ ਵਲੋਂ ਸਿੱਖਾਂ ਨੂੰ ਹੁਕਮ ਸੀ ਕਿ ਕੋਈ ਵੀ ਸਿੱਖ ਨਿਰੰਕਾਰੀ ਟੋਲੇ ਦੇ ਕਿਸੇ ਮੈਂਬਰ ਜਾਂ ਹਿਮਾਇਤੀ ਨਾਲ ਸਬੰਧ ਨਹੀਂ ਰਖੇਗਾ। ਪਰ ਫਿਰ ਵੀ ਸੰਤੋਖ ਸਿੰਘ ਦਿੱਲੀ, ਕਰਨਲ ਪ੍ਰਤਾਪ ਸਿੰਘ ਗਿੱਲ (ਸਾਬਕ ਲੈਫ਼ਟੀਨੈਂਟ ਗਵਰਨਰ ਗੋਆ) ਤੇ ਮਨਜੀਤ ਖਹਿਰਾ ਐਡਵੋਕੇਟ ਚੰਡੀਗੜ੍ਹ ਨੇ ਇਸ ਟੋਲੇ ਨਾਲ ਗੂੜ੍ਹੇ ਸਬੰਧ ਰਖੇ ਹੋਏ ਸਨ। ਉਹ ਇਸ ਟੋਲੇ ਦੇ ਚੀਫ਼ ਹਰਦੇਵ 'ਭੋਲਾ' ਨੂੰ ਮਿਲਦੇ ਰਹਿੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਭੋਲਾ ਅਤੇ ਖਹਿਰਾ ਨੇ ਇਕ ਤਰਕੀਬ ਬਣਾਈ, ਜਿਸ ਹੇਠ ਉਨ੍ਹਾਂ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀ ਟੋਲੇ ਨੂੰ ਮੁਆਫ਼ੀ ਦਿਵਾਣੀ ਸੀ। ਮਨਜੀਤ ਖਹਿਰਾ ਨੇ ਹਰਦੇਵ ਭੋਲਾ ਤੋਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਇਕ ਚਿੱਠੀ ਭਿਜਵਾਈ, ਜਿਸ ਵਿਚ ਉਸ ਨੇ ਲਿਖਵਾਇਆ ਕਿ ਨਿਰੰਕਾਰੀ ਟੋਲਾ ਆਪਣੀਆਂ ਕਿਤਾਬਾਂ ਵਿਚੋਂ ਸਿੱਖ ਧਰਮ ਦੀ ਨਿੰਦਾ ਵਾਲੇ ਲਫ਼ਜ਼ ਕੱਢਣ ਵਾਸਤੇ ਤਿਆਰ ਹੈ। ਭੋਲਾ ਤੇ ਖਹਿਰਾ ਦੀ ਤਰਕੀਬ ਸੀ ਕਿ ਕੁਝ ਇਕ ਫ਼ਿਕਰੇ ਕੱਢਣ ਮਗਰੋਂ 10 ਜੂਨ 1978 ਵਾਲਾ ਹੁਕਮਨਾਮਾ ਵਾਪਿਸ ਕਰਵਾ ਲਿਆ ਜਾਵੇ ਤਾਂ ਜੋ ਨਿਰੰਕਾਰੀ ਟੋਲੇ ਦਾ ਹਲਵਾ-ਮਾਂਡਾ ਫੇਰ ਚਲਣ ਲੱਗ ਪਵੇ ਅਤੇ ਨਾਲ ਹੀ ਉਨ੍ਹਾਂ ਦੀ ਜਾਨ ਵੀ ਬਚ ਜਾਵੇ। ਗੁਰਬਚਨ ਸਿੰਹ ਤੇ ਲਾਲਾ ਜਗਤ ਨਰੈਣ ਦੇ ਕਤਲ ਮਗਰੋਂ ਹੁਣ ਹਰ ਪੰਥ ਦੁਸ਼ਮਣ ਡਰਿਆ ਹੋਇਆ ਸੀ।

ਨਿਰੰਕਾਰੀ ਹਰਦੇਵ 'ਭੋਲਾ' ਨੇ ਇਹ ਚਿੱਠੀ 13 ਦਿਸੰਬਰ 1981 ਦੇ ਦਿਨ ਲਿਖੀ ਸੀ। ਇਸ ਚਿੱਠੀ ਦੀ ਮੁਖ ਇਬਾਰਤ ਇੰਞ ਸੀ:

1. ਅਸੀਂ ਸਿੱਖ ਗੁਰੂ ਸਾਹਿਬਾਨ ਨੂੰ ਰੱਬੀ ਅਵਤਾਰ ਮੰਨਦੇ ਹਾਂ ਤੇ ਉਨ੍ਹਾਂ ਪ੍ਰਤੀ ਸਾਡੀਆਂ ਭਾਵਨਾਵਾਂ ਪੂਰਨ ਸ਼ਰਧਾ ਨਾਲ ਭਰਪੂਰ ਹਨ।
2. ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਧੁਰ ਕੀ ਬਾਣੀ ਮੰਨਦੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਚ ਕੋਈ ਵੀ ਬੁਰੀ ਭਾਵਨਾ ਮਨ ਵਿਚ ਨਹੀਂ ਰੱਖਦੇ ਹਾਂ ਤੇ ਨਾ ਹੀ ਇਸ ਕਿਸਮ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਾਂ। ਅਸੀਂ ਸਿੱਖ ਪਰੰਪਰਾ ਅਤੇ ਮਰਿਆਦਾ ਦਾ ਪੂਰਾ ਆਦਰ ਕਰਦੇ ਹਾਂ, ਉਨ੍ਹਾਂ ਬਾਰੇ ਮੰਦੇ ਸ਼ਬਦਾਂ ਦੀ ਵਰਤੋਂ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।
3. ਨਿਰੰਕਾਰੀ ਮਿਸ਼ਨ ਦੀਆਂ ਪੁਸਤਕਾਂ, *ਅਵਤਾਰ ਬਾਣੀ* ਤੇ *ਯੁਗ ਪੁਰਸ਼* ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਲਿਖੀਆਂ ਗਈਆਂ, ਫੇਰ ਵੀ ਜੇ ਕੁਝ ਗੱਲਾਂ ਸਿੱਖ ਸੰਗਤਾਂ ਨੂੰ ਇਤਰਾਜ਼ਯੋਗ ਲਗਦੀਆਂ ਹੋਣ ਤਾਂ ਉਨ੍ਹਾਂ ਦੀ ਸ਼ੁੱਧੀ ਵਿਚ ਫ਼ੈਸਲਾ ਦੋਹਾਂ ਧਿਰਾਂ ਦੀ ਸਾਂਝੀ ਕਮੇਟੀ ਕਰ ਦੇਵੇਗੀ।

ਦਾਸ ਨੂੰ ਆਸ ਹੈ ਕਿ ਉਪਰੋਕਤ ਸਪੱਸ਼ਟੀਕਰਨ ਤੋਂ ਬਾਅਦ ਆਪ ਸਿੱਖ ਸੰਗਤਾਂ ਅਤੇ ਨਿਰੰਕਾਰੀਆਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਸਮਾਪਤ ਕਰਨ ਵਿਚ ਸਫਲ ਹੋਵੋਗੇ।

ਜਦੋਂ ਹਰਦੇਵ ਭੋਲਾ ਦੀ ਚਿੱਠੀ ਦੀ ਲੱਫ਼ਾਜ਼ੀ ਅਖ਼ਬਾਰਾਂ ਵਿਚ ਛਪੀ ਤਾਂ ਕੁਝ ਸਿੱਖ ਵਿਦਵਾਨ ਜਥੇਦਾਰ ਅਜਨੋਹਾ ਨੂੰ ਮਿਲੇ ਤੇ ਨਿਰੰਕਾਰੀ ਦੇ ਖ਼ਤ ਬਾਰੇ ਵਿਚਾਰਾਂ ਕੀਤੀਆਂ। ਇਨ੍ਹਾਂ ਵਿਦਵਾਨਾਂ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ, ਸ: ਅਜੀਤ ਸਿੰਘ ਬਾਘਾ, ਪ੍ਰੋ: ਹਰਪਾਲ ਸਿੰਘ ਪੰਨੂ ਵੀ ਸ਼ਾਮਿਲ ਸਨ। ਇਨ੍ਹਾਂ ਵਿਦਵਾਨਾਂ ਨੇ ਜਥੇਦਾਰ ਅਜਨੋਹਾ ਨਾਲ ਵਿਚਾਰਾਂ ਕੀਤੀਆਂ ਕਿ ਜੇ ਹਰਦੇਵ ਭੋਲਾ ਦੀ ਚਿੱਠੀ 'ਤੇ ਅਮਲ ਵਜੋਂ ਨਿਰੰਕਾਰੀ ਟੋਲੇ ਦੀਆਂ ਕਿਤਾਬਾਂ 'ਚੋਂ ਘਟੀਆ ਫ਼ਿਕਰੇ ਕੱਢਣ ਮਗਰੋਂ ਮੁਆਫ਼ੀ ਦੇ ਦਿੱਤੀ ਗਈ ਤਾਂ ਇਸ ਨਾਲ ਦੋ ਗ਼ਲਤੀਆਂ ਹੋਣਗੀਆਂ : ਇਕ, ਨਿਰੰਕਾਰੀ ਟੋਲਾ ਅਕਾਲ ਤਖ਼ਤ ਸਾਹਿਬ ਸਾਹਮਣੇ ਇਕ ਧਿਰ ਵਜੋਂ ਆ ਜਾਵੇਗਾ ਅਤੇ ਦੂਜਾ, ਕਿਤਾਬਾਂ ਦੀ ਸੋਧ ਮਗਰੋਂ ਨਿਰੰਕਾਰੀ ਟੋਲੇ ਨੂੰ ਮੁਆਫ਼ੀ ਦਾ ਮਤਲਬ ਇਹ ਹੋਵੇਗਾ ਕਿ ਸਿੱਖਾਂ ਨੂੰ ਨਿਰੰਕਾਰੀ ਟੋਲੇ ਵਿਚ ਸ਼ਾਮਿਲ ਹੋਣ ਜਾਂ ਉਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਰਖਣ ਦੀ ਇਜਾਜ਼ਤ ਹੋ ਜਾਵੇਗੀ ਯਾਨਿ ਇਹ ਅਸਿੱਧੇ ਤਰੀਕੇ ਨਾਲ ਨਿਰੰਕਾਰੀਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਦੇਣਾ ਹੋਵੇਗਾ। ਇਨ੍ਹਾਂ ਵਿਦਵਾਨਾਂ ਨੇ ਜਥੇਦਾਰ ਅਜਨੋਹਾ ਨੂੰ ਅਰਜ਼ ਕੀਤੀ ਕਿ ਉਹ ਨਿਰੰਕਾਰੀ ਚੀਫ਼ ਹਰਦੇਵ ਭੋਲਾ ਦੀ ਚਿੱਠੀ ਨੂੰ ਰੱਦ ਕਰ ਦੇਣ।

ਨਵੰਬਰ-ਦਿਸੰਬਰ 1981 ਵਿਚ ਕੈਪਟਨ ਅਮਰਿੰਦਰ ਸਿੰਘ ਜਥੇਦਾਰ ਅਜਨੋਹਾ ਨੂੰ ਪਟਿਆਲਾ ਵਿਚ ਮਿਲਿਆ ਤੇ ਗੱਲਬਾਤ ਕਰਨੀ ਚਾਹੀ ਤੇ ਜਥੇਦਾਰ ਅਜਨੋਹਾ ਨੇ ਕਿਹਾ ਕਿ ਜੇ ਪੰਥਕ ਮਸਲੇ ਬਾਰੇ ਗੱਲ ਕਰਨੀ ਹੈ ਤਾਂ ਸਮਾਂ ਲੈ ਕੇ ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ 'ਤੇ ਆਓ। ਇਸ 'ਤੇ ਦਿਸੰਬਰ ਦੇ ਆਖ਼ਰੀ ਦਿਨਾਂ ਵਿਚ, ਜ਼ੈਲ ਸਿੰਘ ਨਾਲ ਗੱਲਬਾਤ ਕਰਨ ਮਗਰੋਂ, ਅਮਰਿੰਦਰ ਸਿੰਘ ਤੇ ਰਵੀਇੰਦਰ ਸਿੰਘ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਮਿਲਣ ਆਏ। ਅਮਰਿੰਦਰ ਸਿੰਘ ਨੇ ਜਥੇਦਾਰ ਅਜਨੋਹਾ ਨੂੰ ਕਿਹਾ, "ਮੈਂ ਮੈਡਮ ਦਾ ਸੁਨੇਹਾ ਲੈ ਕੇ ਆਇਆ ਹਾਂ।" ਜਥੇਦਾਰ ਅਜਨੋਹਾ ਨੇ ਜਵਾਬ ਦਿੱਤਾ, "ਕੌਮ ਨੇ ਤਾਂ ਤੁਹਾਨੂੰ ਮਹਾਰਾਜੇ ਬਣਾਇਆ ਸੀ; ਤੁਸੀਂ ਸੁਨੇਹੇ ਵਾਲੇ ਕਦ ਬਣੇ।" ਕੁਝ ਪਲ ਦੀ ਚੁੱਪ ਮਗਰੋਂ ਅਮਰਿੰਦਰ ਸਿੰਘ ਨੇ ਹਰਦੇਵ ਭੋਲਾ ਦੀ ਚਿੱਠੀ ਦੇ ਸਬੰਧ ਵਿਚ ਸਿਫ਼ਾਰਸ਼ ਕੀਤੀ। ਜਥੇਦਾਰ ਅਜਨੋਹਾ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਕਾਂਗਰਸੀ ਹੋ, ਜੋ

ਦਰਬਾਰਾ ਕਰ ਰਿਹੈ, ਉਹ ਜ਼ਕਰੀਆ ਤੇ ਮੀਰ ਮਨੂੰ ਨੇ ਵੀ ਨਹੀਂ ਕੀਤਾ ਸੀ। ਜਾਓ! ਪਹਿਲਾਂ ਦਰਬਾਰੇ ਵੱਲੋਂ ਗ੍ਰਿਫ਼ਤਾਰ ਕੀਤੇ ਸਿੱਖ ਜੁਝਾਰੂਆਂ ਦੇ ਪਰਿਵਾਰ ਰਿਹਾਅ ਕਰਵਾਓ ਤੇ ਫੇਰ ਮੇਰੇ ਨਾਲ ਆ ਕੇ ਗੱਲ ਕਰਨਾ।" ਨਿਰੰਕਾਰੀ ਦੀ ਚਿੱਠੀ ਬਾਰੇ ਉਨ੍ਹਾਂ ਕਿਹਾ, "ਹੁਕਮਨਾਮਾ ਵਾਪਿਸ ਨਹੀਂ ਹੋ ਸਕਦਾ। ਜੇ ਉਹ ਮਨ ਸਾਫ਼ ਕਰ ਕੇ ਆਉਣ ਤੇ ਗਿੜਗਿੜਾ ਕੇ ਮੁਆਫ਼ੀ ਮੰਗਣ ਤਾਂ ਵਿਚਾਰਾਂਗੇ।" (ਚੇਤੇ ਰਹੇ ਕਿ ਇਨ੍ਹਾਂ ਦਿਨਾਂ ਵਿਚ ਪੰਜਾਬ ਦੀ ਦਰਬਾਰਾ ਸਰਕਾਰ ਨੇ ਤਰਸੇਮ ਸਿੰਘ ਕਾਲਾ ਸੰਘਾ, ਰੇਸ਼ਮ ਸਿੰਘ ਤੇ ਹੋਰ ਖਾੜਕੂਆਂ ਦੇ ਪਰਿਵਾਰਾਂ ਨੂੰ ਫੜ ਕੇ ਨਾਜਾਇਜ਼ ਹਿਰਾਸਤ ਵਿਚ ਰਖਿਆ ਹੋਇਆ ਸੀ ਅਤੇ ਇਨ੍ਹਾਂ ਨੂੰ ਤਸੀਹੇ ਦਿੱਤੇ ਜਾ ਰਹੇ ਸਨ।)

ਜਥੇਦਾਰ ਅਜਨੋਹਾ ਦੀ ਗੱਲ ਸੁਣ ਕੇ ਅਮਰਿੰਦਰ ਸਿੰਘ ਚੁੱਪ ਰਿਹਾ। ਇਸ 'ਤੇ ਜਥੇਦਾਰ ਨੇ ਫੇਰ ਕਿਹਾ, "ਮੈਂ ਜੋ ਕਿਹੈ ਉਹ ਪੂਰਾ ਕਰ ਕੇ ਫੇਰ ਮੇਰੇ ਕੋਲ ਆਉਣਾ।" ਬਸ ਸਿਰਫ਼ ਦਸ ਕੁ ਮਿੰਟ ਦੀ ਇਹ ਮੁਖ਼ਤਸਰ (ਸੰਖੇਪ) ਜਿਹੀ ਗੱਲਬਾਤ ਸੀ। (ਇਸ ਮੌਕੇ 'ਤੇ ਸ: ਵਰਿਆਮ ਸਿੰਘ, ਜੋ ਮਗਰੋਂ ਸ਼੍ਰੋਮਣੀ ਕਮੇਟੀ ਦਾ ਐਡੀਸ਼ਨਲ ਸਕੱਤਰ ਬਣਿਆ, ਵੀ ਹਾਜ਼ਿਰ ਸੀ) ਨਾ ਦਰਬਾਰੇ ਨੇ ਸਿੱਖ ਪਰਿਵਾਰ ਰਿਹਾਅ ਕੀਤੇ ਅਤੇ ਨਾ ਹੀ ਸਿੱਖਾਂ 'ਤੇ ਜ਼ੁਲਮ ਕਰਨਾ ਬੰਦ ਕੀਤਾ। ਇਹ ਪਰਿਵਾਰ 'ਤਾਰਕੁੰਡੇ ਕਮਿਸ਼ਨ' ਦੇ ਦਖ਼ਲ ਦੇਣ ਮਗਰੋਂ 9 ਜਨਵਰੀ 1982 ਦੇ ਦਿਨ, 55 ਦਿਨ ਦੀ ਨਾਜਾਇਜ਼ ਕੈਦ ਮਗਰੋਂ, ਰਿਹਾਅ ਕੀਤੇ ਗਏ। ਇਸ ਮਗਰੋਂ ਜਥੇਦਾਰ ਅਜਨੋਹਾ ਨੂੰ ਨਿਰੰਕਾਰੀਆਂ ਬਾਰੇ ਕਿਸੇ ਹੋਰ ਕਾਂਗਰਸੀ ਨੇ ਸਲਾਹ ਨਹੀਂ ਦਿੱਤੀ। ਇਸ ਦੇ ਨਾਲ ਹੀ ਸਿੱਖ ਵਿਦਵਾਨਾਂ ਵੱਲੋਂ ਲਿਖੇ ਸੈਂਕੜੇ ਖ਼ਤ, ਦਿੱਤੀਆਂ ਸਾਲਾਹਾਂ ਅਤੇ ਘੁਰਕੀਆਂ ਨੇ ਵੀ ਜਥੇਦਾਰ ਅਜਨੋਹਾ ਨੂੰ ਮਜਬੂਤ ਕਰ ਦਿੱਤਾ ਕਿ ਉਹ ਨਿਰੰਕਾਰੀਆਂ ਦੀ ਚਿੱਠੀ ਨੂੰ ਬਿਲਕੁਲ ਹੀ ਨਕਾਰ (ਰੱਦ) ਕਰ ਦੇਣ।

12 ਮਾਰਚ 1982 ਦੇ ਦਿਨ ਜਥੇਦਾਰ ਅਜਨੋਹਾ ਨੂੰ ਹਰਦੇਵ ਭੋਲਾ ਦੀ ਚਿੱਠੀ ਨੂੰ ਰੱਦ ਕਰਦਿਆਂ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਹੁਕਮਨਾਮਾ ਵਾਪਿਸ ਨਹੀਂ ਹੋ ਸਕਦਾ। ਨਿਰੰਕਾਰੀਆਂ ਵਿਚੋਂ ਜੇ ਕੋਈ ਨਿਜੀ ਤੌਰ 'ਤੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਭੁੱਲ ਬਖ਼ਸ਼ਾਵੇ ਅਤੇ ਅੰਮ੍ਰਿਤ ਛਕ ਲਵੇ ਤਾਂ ਉਸ ਨੂੰ ਪੰਥ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਸਮੁੱਚੇ ਨਿਰੰਕਾਰੀ ਟੋਲੇ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਕੋਈ ਮੁਆਫ਼ੀ ਜਾਂ ਛੋਟ ਨਹੀਂ ਦਿੱਤੀ ਜਾ ਸਕਦੀ।[4]

[ਹਰਦੇਵ ਭੋਲਾ ਦੀ ਚਿੱਠੀ ਵਿਚ ਇਹ ਵੀ ਜ਼ਿਕਰ ਸੀ ਕਿ ਉਸ ਨੇ ਉਹ ਚਿੱਠੀ ਮਨਜੀਤ ਖਹਿਰਾ ਨਾਲ ਹੋਈ ਗੱਲਬਾਤ ਮੁਤਾਬਿਕ ਲਿਖੀ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ ਮਨਜੀਤ ਖਹਿਰਾ ਨੂੰ ਕਦੇ ਵੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਨਾ ਕੀਤਾ ਗਿਆ। ਸਗੋਂ 1985 ਵਿਚ ਤਾਂ ਉਹ ਸੁਰਜੀਤ ਬਰਨਾਲਾ ਦੇ ਅਕਾਲੀ ਦਲ ਦਾ ਜਨਰਲ ਸਕੱਤਰ ਵੀ ਬਣ ਗਿਆ।]

ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਨਿਰੰਕਾਰੀ ਦੀ ਚਿੱਠੀ ਰੱਦ ਕਰਨ ਤੋਂ ਛੇ ਦਿਨ ਮਗਰੋਂ, 18 ਜੂਨ 1982 ਦੇ ਦਿਨ ਵਾਹਿਗੁਰੂ ਦੇ ਕਦਮਾਂ ਵਿਚ ਹਾਜ਼ਿਰ ਹੋ ਗਏ। ਪਰ ਉਹ ਆਪਣੇ ਦੋ ਸਾਲ ਦੇ ਅਹਿਦ ਵਿਚ (ੳ) ਸਿੱਖ ਇਕ ਕੌਮ ਹਨ,

---

4. *ਰੋਜ਼ਾਨਾ ਅਕਾਲੀ ਪਤਰਕਾ*, 20 ਜੁਲਾਈ 1982.

(ਅ) ਮੈਂ ਕਿਸੇ ਅਦਾਲਤ ਵਿਚ ਪੇਸ਼ ਨਹੀਂ ਹੋਵਾਂਗਾ (ੲ) ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਵਾਪਿਸ ਨਹੀਂ ਹੋ ਸਕਦਾ ਅਤੇ (ਸ) ਨਿਰੰਕਾਰੀ ਪੰਥ ਵਿਚ ਧੜੇ ਵਜੋਂ ਕਬੂਲ ਨਹੀਂ ਹੋ ਸਕਦੇ ਤੇ ਹਰ ਕੋਈ ਇਕੱਲੇ ਦੇ ਤੌਰ 'ਤੇ ਅੰਮ੍ਰਿਤ ਛੱਕ ਕੇ ਹੀ ਪੰਥ ਵਿਚ ਆ ਸਕਦਾ ਹੈ; ਚਾਰ ਅਹਿਮ ਨੁਕਤਿਆਂ ਬਾਰੇ ਅਕਾਲ ਤਖ਼ਤ ਸਾਹਿਬ ਦੇ 'ਫ਼ਤਵੇ' ਜਾਰੀ ਕਰ ਗਏ। ਉਹ ਭਾਵੇਂ ਸਿਰਫ਼ ਦੋ ਸਾਲ ਹੀ ਇਸ ਸੇਵਾ 'ਤੇ ਰਹੇ ਪਰ ਉਨ੍ਹਾਂ ਨੇ ਆਪਣੀ ਸੇਵਾ ਨਾਲ ਇਨਸਾਫ਼ ਕਰਨ ਵਿਚ ਕਮਾਲ ਕਰ ਦਿਖਾਈ। ਜਥੇਦਾਰ ਤੇਜਾ ਸਿੰਘ ਭੁੱਚਰ, ਜਥੇਦਾਰ ਅੱਛਰ ਸਿੰਘ ਤੇ ਬਾਬਾ ਵਿਸਾਖਾ ਸਿੰਘ ਤੋਂ ਬਾਅਦ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਕਾਲ ਤਖ਼ਤ ਸਾਹਿਬ ਦੀ ਸੇਵਾ ਨੂੰ ਪੰਥਕ ਤਰੀਕੇ ਨਾਲ, ਮਰਿਆਦਾ ਮੁਤਾਬਿਕ, ਸੱਚੇ-ਸੁੱਚੇ ਸਿੱਖ ਵਾਂਗ ਨਿਭਾ ਗਏ।

ਜਥੇਦਾਰ ਅਜਨੋਹਾ ਤੋਂ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਗ੍ਰੰਥੀ ਪ੍ਰੀਤਮ ਸਿੰਘ ਨੂੰ ਕਾਇਮ-ਮੁਕਾਮ ਮੁਖ ਸੇਵਾਦਾਰ ਲਾਇਆ ਗਿਆ। ਉਹ ਸਿਰਫ਼ ਦੋ ਦਿਨ ਇਸ ਸੇਵਾ 'ਤੇ ਰਿਹਾ। ਉਸ ਮਗਰੋਂ ਗਿਆਨੀ ਕਿਰਪਾਲ ਸਿੰਘ ਨੂੰ ਆਰਜ਼ੀ ਮੁਖ ਸੇਵਾਦਾਰ ਲਾਇਆ ਗਿਆ। ਇਸ ਦੌਰਾਨ ਕੁਝ ਸਰਗਰਮ ਪੰਥਕ ਕਾਰਕੁੰਨ ਇਹ ਕੋਸ਼ਿਸ਼ ਕਰਦੇ ਰਹੇ ਕਿ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਹਰਚਰਨ ਸਿੰਘ ਮਹਾਲੋਂ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਜਾਵੇ। ਕੁਝ ਵਿਦਵਾਨਾਂ ਨੇ ਜਥੇਦਾਰ ਮਹਾਲੋਂ ਨੂੰ ਇਹ ਸੇਵਾ ਕਬੂਲ ਕਰ ਵਾਸਤੇ ਮਨਾ ਵੀ ਲਿਆ। ਪਰ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਆਗੂ ਜਥੇਦਾਰ ਮਹਾਲੋਂ ਨੂੰ ਇਕ ਸਖ਼ਤ ਸ਼ਖ਼ਸ ਸਮਝਦੇ ਸਨ ਤੇ ਉਹ ਇਸ ਵਾਸਤੇ ਤਿਆਰ ਨਹੀਂ ਸਨ। (ਉਂਞ, ਮਗਰੋਂ, ਇਹ ਸਾਬਿਤ ਹੋ ਗਿਆ ਕਿ ਵਿਦਵਾਨਾਂ ਵਲੋਂ ਉਸ 'ਤੇ ਲਾਈਆਂ ਆਸਾਂ ਵੀ ਗ਼ਲਤ ਸਨ ਅਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਆਗੂਆਂ ਦੀ ਉਸ ਬਾਰੇ ਸੋਚ ਗ਼ਲਤ ਸੀ)। ਕਿਰਪਾਲ ਸਿੰਘ ਨੂੰ ਤਕਰੀਬਨ ਇਕ ਸਾਲ ਆਰਜ਼ੀ ਤੌਰ 'ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਗਈ (ਮਗਰੋਂ 1983 ਵਿਚ ਉਸ ਨੂੰ 'ਪੱਕਾ' ਕਰ ਦਿੱਤਾ ਗਿਆ)।

ਗਿਆਨੀ ਕਿਰਪਾਲ ਸਿੰਘ ਦੀ 'ਅਦਾਲਤ' ਵਿਚ ਸਭ ਤੋਂ ਪਹਿਲਾ ਕੇਸ ਅਨੰਦਪੁਰ ਸਾਹਿਬ ਦੇ ਸ਼ਿਵ ਸਿੰਘ ਬੇਲਾ ਦਾ ਆਇਆ। ਸ਼ਿਵ ਸਿੰਘ ਬੇਲਾ ਉਨ੍ਹੀਂ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਗਜ਼ੈਕਟਿਵ ਮੈਂਬਰ ਸੀ। (ਦਿਲਚਸਪ ਗੱਲ ਇਹ ਹੈ ਕਿ ਉਹ 'ਖ਼ਾਲਿਸਤਾਨ' ਅਤੇ ਹੋਰ ਖਾੜਕੂ ਨਾਅਰਿਆਂ ਵਾਲੇ ਮੌਕਿਆਂ 'ਤੇ ਵੀ ਮੂਹਰੇ ਰਿਹਾ ਕਰਦਾ ਸੀ। ਦਰਅਸਲ ਉਹ ਆਪਣਾ ਨਾਂ ਬਣਾਉਣ ਵਾਲੇ ਹਮੇਸ਼ਾ ਹੀ ਗਰਮੀ ਵਾਲੇ, ਧਮਾਕੇ ਵਾਲੇ ਜਾਂ ਅਣੋਖੇ ਤਰੀਕੇ ਵਰਤਿਆ ਕਰਦਾ ਸੀ। ਉਂਞ ਉਹ ਇਕ ਆਮ ਸਿਆਸੀ ਚੌਧਰ ਸੀ, ਉਸ ਦਾ ਧਰਮ, ਪੰਥ ਜਾਂ ਸਿੱਖੀ ਨਾਲ ਕੋਈ ਜਜ਼ਬਾਤੀ ਰਿਸ਼ਤਾ ਨਹੀਂ ਸੀ।)

ਬਬਰ ਖਾਲਸਾ ਦਾ ਜਨਮ ਤੇ ਇਸ ਦਾ ਐਕਸ਼ਨ

1981 ਵਿਚ ਜਦੋਂ ਜਥੇਦਾਰ ਤਲਵਿੰਦਰ ਸਿੰਘ ਨੇ 'ਬਬਰ ਖਾਲਸਾ' ਜਥੇਬੰਦੀ ਦੀ ਨੀਂਹ ਰੱਖੀ ਅਤੇ ਸਿੱਖਾਂ ਦੇ ਵੱਡੇ ਵੱਡੇ ਦੁਸ਼ਮਣਾਂ ਨੂੰ ਸਜ਼ਾਵਾਂ ਦੇਣੀਆਂ ਸ਼ੁਰੂ ਕੀਤੀਆਂ। ਇਸ ਮੁਹਿੰਮ ਦੌਰਾਨ ਮਾਰੇ ਗਏ ਪੰਥ ਦੋਖੀਆਂ ਵਿਚ ਅਨੰਦਪੁਰ ਸਾਹਿਬ ਦਾ ਨਿਰੰਕਾਰੀ

ਸ਼ਾਦੀ ਲਾਲ ਅੰਗਾਰਾ ਵੀ ਸੀ। ਉਸ ਨੂੰ 5 ਅਗਸਤ 1981 ਦੇ ਦਿਨ ਮਾਰਿਆ ਗਿਆ ਸੀ। ਉਸ ਦੀ ਅੰਤਿਮ ਕਿਰਿਆ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਸ਼ਿਵ ਸਿੰਘ ਬੇਲਾ ਵੀ ਸੀ। (ਚੇਤੇ ਰਹੇ ਕਿ 10 ਜੂਨ 1978 ਤੋਂ ਅਕਾਲ ਤਖ਼ਤ ਸਾਹਿਬ ਦੇ ਇਕ ਹੁਕਮਨਾਮੇ ਰਾਹੀਂ ਸਿੱਖਾਂ ਨੂੰ ਨਿਰੰਕਾਰੀਆਂ ਨਾਲ ਸਬੰਧ ਰੱਖਣ 'ਤੇ ਪਾਬੰਦੀ ਲੱਗ ਚੁੱਕੀ ਸੀ।) ਸ਼ਿਵ ਸਿੰਘ ਬੇਲਾ ਵੱਲੋਂ ਇਸ ਸਮਾਗਮ ਵਿਚ ਸ਼ਾਮਿਲ ਹੋਣ ਦੀ ਇਕ ਤਸਵੀਰ ਕਾਫ਼ੀ ਚਿਰ ਮਗਰੋਂ ਅਜੀਤ ਸਿੰਘ ਪਰਿਵਾਰ ਵਿਛੋੜਾ (ਪ੍ਰਧਾਨ, ਅਕਾਲੀ ਜਥਾ ਰੋਪੜ) ਦੇ ਹੱਥ ਆ ਗਈ। ਉਸ ਨੇ ਇਕ ਦਰਖ਼ਾਸਤ ਲਾ ਕੇ ਇਹ ਫ਼ੋਟੋ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਭੇਜ ਦਿੱਤੀ ਸੀ। ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੇ ਸ਼ਿਵ ਸਿੰਘ ਬੇਲਾ ਨੂੰ 20 ਅਪਰੈਲ 1982 ਦੇ ਦਿਨ 'ਤਨਖ਼ਾਹੀਆ' ਕਰਾਰ ਦੇ ਦਿੱਤਾ। ਤਨਖ਼ਾਹੀਆ ਕਰਾਰ ਦੇਣ ਦਾ 'ਹੁਕਮ' ਇੰਞ ਸੀ:

> 10 ਜੂਨ 1978 ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਸਬੰਧੀ ਸ: ਸ਼ਿਵ ਸਿੰਘ ਬੇਲਾ, ਮੈਂਬਰ ਐਗਜ਼ੈਕਟਿਵ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਿਰੁੱਧ ਨਕਲੀ ਨਿਰੰਕਾਰੀ ਸ਼ਾਦੀ ਲਾਲ ਅਨੰਦਪੁਰ ਸਾਹਿਬ ਦੇ ਅੰਤਿਮ ਸ਼ੋਕ ਸਮਾਗਮ ਵਿਚ ਸ਼ਾਮਿਲ ਹੋਣ ਬਾਰੇ ਜ਼ਿਲ੍ਹਾ ਅਕਾਲੀ ਜਥਾ ਰੋਪੜ ਦੇ ਪ੍ਰਧਾਨ ਅਜੀਤ ਸਿੰਘ, ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਪੁੱਜੀ ਸ਼ਿਕਾਇਤ ਦੇ ਆਧਾਰ 'ਤੇ ਪੰਜਾਂ ਪਿਆਰਿਆਂ ਵੱਲੋਂ ਪੜਤਾਲ ਕੀਤੀ ਗਈ। ਜਿਸ ਵਿਚ ਉਸ ਸਮੇਂ ਦੀ ਫ਼ੋਟੋ ਦੇਖੀ ਗਈ, ਜਿਸ ਤੋਂ ਸਾਨੂੰ ਤਸੱਲੀ ਹੋ ਗਈ ਕਿ ਸ਼ਿਵ ਸਿੰਘ ਬੇਲਾ ਨੇ ਅਜਿਹਾ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਘੋਰ ਉਲੰਘਣਾ ਕੀਤੀ ਹੈ। ਇਸ ਲਈ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ।
>
> ਜਦ ਤਕ ਉਹ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਲਿਖਤੀ ਯਾਚਨਾ ਨਹੀਂ ਕਰਦਾ ਅਤੇ ਅੱਗੋਂ ਤੋਂ ਅਜਿਹੀ ਗ਼ਲਤੀ ਨਾ ਕਰਨ ਦਾ ਭਰੋਸਾ ਦੁਆ ਕੇ ਤਨਖ਼ਾਹ ਨਹੀਂ ਲੁਆ ਲੈਂਦਾ, ਉਦੋਂ ਤਕ ਸ਼ਿਵ ਸਿੰਘ ਬੇਲਾ ਨੂੰ ਕਿਸੇ ਸਿੱਖ ਸੰਸਥਾ ਜਾਂ ਜਥੇਬੰਦੀ ਦਾ ਮੈਂਬਰ ਨਾ ਲਿਆ ਜਾਵੇ, ਅਗਰ ਲਿਆ ਹੋਵੇ ਤਾਂ ਕੱਢ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਪੰਥਕ ਸਟੇਜ ਉਪਰ ਬੋਲਣ ਦਿੱਤਾ ਜਾਵੇ, ਇਸ ਦਾ ਸਿੱਖ ਪੰਥ ਵਿਚ ਮੁਕੰਮਲ ਬਾਈਕਾਟ ਕੀਤਾ ਜਾਵੇ।"

ਇਸ 'ਤੇ ਸ਼ਿਵ ਸਿੰਘ ਬੇਲਾ 27 ਅਪਰੈਲ 1982 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਗਿਆ। ਉਸ ਨੂੰ ਤਨਖ਼ਾਹ ਲਾਉਣ ਦੇ 'ਹੁਕਮ' ਵਿਚ ਇਹ ਕਿਹਾ ਗਿਆ:

> ਅੱਜ ਮਿਤੀ 27-4-1982 ਨੂੰ ਸ਼ਿਵ ਸਿੰਘ ਬੇਲਾ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਇਆ। ਪੰਜਾਂ ਪਿਆਰਿਆਂ ਦੇ ਸਾਹਮਣੇ ਪੇਸ਼ ਹੋ ਕੇ ਉਸ ਨੇ ਲਿਖਤੀ ਤੌਰ 'ਤੇ ਆਪਣਾ ਦੋਸ਼ ਮੰਨਿਆ ਤੇ ਮੁਆਫ਼ੀ ਦੀ ਯਾਚਨਾ ਕੀਤੀ।
>
> ਇਸ ਨੂੰ ਮਿਤੀ 20-4-1982 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸ਼ਾਦੀ ਲਾਲ ਨਕਲੀ ਨਿਰੰਕਾਰੀ ਦੇ ਅੰਤਿਮ ਸ਼ੋਕ ਸਮਾਗਮ ਵਿਚ ਸ਼ਾਮਿਲ ਹੋਣ ਕਰਕੇ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਸਿੱਖ ਪੰਥ ਵੱਲੋਂ ਇਸਦਾ ਬਾਈਕਾਟ ਕਰਨ ਲਈ ਕਿਹਾ ਗਿਆ ਸੀ।
>
> ਸ: ਸ਼ਿਵ ਸਿੰਘ ਬੇਲਾ ਦੀ ਮੁਆਫ਼ੀ ਦੀ ਯਾਚਨਾ 'ਤੇ ਅਕਾਲ ਤਖ਼ਤ ਸਾਹਿਬ ਵੱਲੋਂ ਹੇਠ ਲਿਖੇ ਅਨੁਸਾਰ ਤਨਖ਼ਾਹ ਲਾਈ ਜਾਂਦੀ ਹੈ:
>
> 1. ਇਕ ਹਫ਼ਤਾ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਲੰਗਰ ਦੇ ਜੂਠੇ ਭਾਂਡੇ ਸਾਫ਼ ਕਰੇ।
> 2. ਇਕ ਹਫ਼ਤਾ ਉੱਥੇ ਹੀ ਸੰਗਤ ਦੇ ਜੋੜੇ ਸਾਫ਼ ਕਰੇ।

3. ਇਕ ਹਫ਼ਤਾ ਨਿਤਨੇਮ ਤੋਂ ਇਲਾਵਾ ਹਰ ਰੋਜ਼ ਇਕ ਜਪੁਜੀ ਸਾਹਿਬ ਦਾ ਪਾਠ ਕਰੇ।

ਉਪਰੋਕਤ ਤਨਖ਼ਾਹ ਪੂਰੀ ਕਰਨ ਉਪਰੰਤ 101/- ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਅਰਦਾਸ ਕਰਵਾਵੇ।

ਧਰਮ-ਯੁੱਧ ਮੋਰਚਾ

19 ਜੁਲਾਈ 1982 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਭਿੰਡਰਾਂ-ਮਹਿਤਾ ਜਥਾ ਦੇ ਹੈੱਡਕੁਆਰਟਰ ਚੌਂਕ ਮਹਿਤਾ ਦੇ ਮੁਖ ਸੇਵਾਦਾਰ ਬਾਬਾ ਠਾਰ੍ਹਾ ਸਿੰਘ ਨੂੰ ਬੇਮਾਅਨਾ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਦੋਹਾਂ ਦੀ ਗ੍ਰਿਫ਼ਤਾਰੀ ਦਾ ਮਕਸਦ ਬਾਬਾ ਜਰਨੈਲ ਸਿੰਘ ਨੂੰ ਪਰੇਸ਼ਾਨ ਕਰਨਾ ਸੀ। ਹਾਲਾਂਕਿ 20 ਅਪਰੈਲ 1980 ਦੇ ਗੁਰਬਚਨ ਸਿੰਹ ਨਿਰੰਕਾਰੀ ਦੇ ਕਤਲ ਅਤੇ ਮਗਰੋਂ 9 ਸਿਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਕੇਸ ਵਿਚ ਵੀ ਸਰਕਾਰ ਨੇ ਬਾਬਾ ਜਰਨੈਲ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਦੋਂ ਪੰਥ ਦੇ ਰੋਹ ਤੋਂ ਡਰ ਕੇ ਸਰਕਾਰ ਨੂੰ ਹਥਿਆਰ ਸੁਟਣੇ ਪਏ ਸਨ। ਹੁਣ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰ੍ਹਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਜਾਪਦਾ ਸੀ ਕਿ ਇਸ ਵਾਰ ਸਰਕਾਰ ਬਾਬਾ ਜਰਨੈਲ ਸਿੰਘ ਨੂੰ ਜ਼ਰੂਰ ਕਿਸੇ ਨਾ ਕਿਸੇ ਕੇਸ ਵਿਚ ਜੇਲ੍ਹ ਭੇਜ ਦੇਵੇਗੀ। ਜਿਸ ਦਿਨ ਭਾਈ ਅਮਰੀਕ ਸਿੰਘ ਤੇ ਬਾਬਾ ਠਾਰ੍ਹਾ ਸਿੰਘ ਗ੍ਰਿਫ਼ਤਾਰ ਕੀਤੇ ਗਏ, ਉਸੇ ਦਿਨ ਸ਼ਾਮ ਤਕ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਪੁੱਜ ਗਏ। ਉਨ੍ਹਾਂ ਉਸੇ ਦਿਨ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਮੋਰਚਾ ਲਾਉਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਕਿ "ਵਾਹਿਗੁਰੂ ਜੇ ਮੈਂ ਆਪਣੀ ਨਿਜੀ ਸ਼ੁਹਰਤ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਨੂੰ ਕਾਮਯਾਬੀ ਨਾ ਬਖ਼ਸ਼ਿਓ, ਪਰ ਜੇ ਕਰ ਮੈਂ ਪੰਥਕ ਹਿਤਾਂ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਂ ਆਪਣਾ ਸਿਰ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਦਾ ਹਾਂ।" ਪਹਿਲੇ ਦਿਨ 51 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਜਥੇ ਰੋਜ਼ਾਨਾ ਭੇਜੇ ਜਾਣ ਦੇ ਨਾਲ ਬਾਬਾ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।[5]

25 ਜੁਲਾਈ ਨੂੰ ਜਦੋਂ ਬਾਬਾ ਜਰਨੈਲ ਸਿੰਘ ਵਲੋਂ ਜਾਰੀ ਹੋਣ ਵਾਲੇ ਐਲਾਨ ਦੀ ਤਿਆਰੀ ਹੋ ਰਹੀ ਸੀ ਤਾਂ ਜਥੇਦਾਰ ਟੌਹੜਾ ਤੇ ਸ: ਭਾਨ ਸਿੰਘ ਬਾਬਾ ਜਰਨੈਲ ਸਿੰਘ ਕੋਲ ਆਏ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਦਾ ਮੋਰਚਾ ਅਪਣਾਉਣ ਦਾ ਵਾਅਦਾ ਕੀਤਾ। ਇਸ 'ਤੇ ਬਾਬਾ ਜਰਨੈਲ ਸਿੰਘ ਨੇ ਤਿਆਰ ਕੀਤਾ ਜਾਣ ਵਾਲਾ ਐਲਾਨ ਰੋਕ ਦਿੱਤਾ ਅਤੇ 'ਮੋਰਚਾ ਕਾਮਯਾਬੀ ਤਕ ਜਾਰੀ ਰਹੇਗਾ' ਦਾ ਐਲਾਨ ਕਰ ਦਿੱਤਾ। ਉਧਰ ਵਾਅਦੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਨੇ 26 ਤਾਰੀਖ਼ ਨੂੰ ਫ਼ਤਹਿਗੜ੍ਹ ਸਾਹਿਬ 'ਚ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਕੀਤੀ ਅਤੇ 4 ਅਗਸਤ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਸ ਵਿਚ ਇਹ ਮੱਦ ਵੀ ਸ਼ਾਮਿਲ ਸੀ ਕਿ 'ਗ੍ਰਿਫ਼ਤਾਰ ਕੀਤੇ

5. *ਰੋਜ਼ਾਨਾ ਅਕਾਲੀ ਪਤਰਕਾ*, 20 ਜੁਲਾਈ 1982.

ਬੇਗੁਨਾਹ ਸਿੱਖ ਰਿਹਾਅ ਕੀਤੇ ਜਾਣ।' ਅਕਾਲੀ ਦਲ ਨੇ ਬਹਾਨੇ ਨਾਲ ਬਾਬਾ ਜਰਨੈਲ ਸਿੰਘ ਦਾ ਮੋਰਚਾ ਅਪਣਾ ਲਿਆ। ਦਰਅਸਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਇਹ ਅਹਿਸਾਸ ਸੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਮੋਰਚਾ ਜ਼ਿਆਦਾ ਦੇਰ ਚਲਦਾ ਰਿਹਾ ਤਾਂ ਸਿੱਖ ਅਵਾਮ ਉਸ ਦੇ ਨਾਲ ਜੁੜ ਜਾਏਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਧਾਰ ਨੂੰ ਬਹੁਤ ਧੱਕਾ ਲਗੇਗਾ।

ਇਸ ਮੋਰਚੇ ਤੋਂ ਕੁਝ ਦਿਨ ਮਗਰੋਂ ਹੀ ਅਕਾਲੀ ਦਲਾਂ ਦੀ ਏਕਤਾ ਦੀਆਂ ਕਾਰਵਾਈਆਂ ਵੀ ਸ਼ੁਰੂ ਹੋ ਗਈਆਂ। 31 ਅਗਸਤ ਨੂੰ ਨਿਰਲੇਪ ਕੌਰ ਵੀ ਲੌਂਗੋਵਾਲ-ਬਾਦਲ-ਟੌਹੜਾ ਅਕਾਲੀ ਦਲ ਨਾਲ ਆ ਰਲੀ। 3 ਸਿਤੰਬਰ ਨੂੰ ਸੁਖਜਿੰਦਰ ਸਿੰਘ ਵੀ ਇਨ੍ਹਾਂ ਨਾਲ ਆ ਰਲਿਆ। 8 ਸਿਤੰਬਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਜਗਦੇਵ ਸਿੰਘ ਤਲਵੰਡੀ ਨੂੰ 'ਹਿਦਾਇਤ' ਦਿੱਤੀ ਗਈ ਕਿ ਉਹ ਵੀ ਇਸ ਮੋਰਚੇ ਵਿਚ ਸ਼ਾਮਿਲ ਹੋ ਜਾਵੇ। ਜਥੇਦਾਰ ਤਲਵੰਡੀ ਨੇ ਵੀ ਆਪਣੀ 'ਇਜ਼ਤ ਰਖਣ ਵਾਸਤੇ' ਆਪਣਾ ਮੋਰਚਾ 9 ਸਿਤੰਬਰ ਨੂੰ ਦਿੱਲੀ ਤੋਂ ਅੰਮ੍ਰਿਤਸਰ ਬਦਲਣ ਦਾ ਐਲਾਨ ਕਰ ਦਿੱਤਾ। ਦਰਅਸਲ ਇਹ ਅਸਿੱਧੇ ਤਰੀਕੇ ਨਾਲ ਹਾਸਿਲ ਕੀਤੀ ਗਈ ਏਕਤਾ ਹੀ ਸੀ।

ਸਿੱਖਾਂ 'ਤੇ ਜ਼ੁਲਮ ਦਾ ਨਵਾਂ ਦੌਰ

ਏਸ਼ੀਅਨ ਖੇਡਾਂ ਅਤੇ ਸਿੱਖਾਂ 'ਤੇ ਜ਼ੁਲਮ

ਸਿਤੰਬਰ ਤੇ ਅਕਤੂਬਰ ਵਿਚ 30 ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਹੁਣ ਸਰਕਾਰ ਕੋਲ ਜੇਲ੍ਹਾਂ ਵਿਚ ਥਾਂ ਨਹੀਂ ਸੀ ਬਚੀ। ਇਸ ਦੌਰਾਨ ਸਾਬਕ ਵਜ਼ੀਰ ਸਵਰਨ ਸਿੰਘ ਨੇ ਇੰਦਰਾ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਵੀ ਇੰਦਰਾ ਦੀ 'ਬਦ-ਦਿਆਨਤੀ' ਨੂੰ ਨੰਗਿਆਂ ਕਰ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ। 4 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਦਲ 19 ਨਵੰਬਰ ਤੋਂ 4 ਦਿਸੰਬਰ 1982 ਤਕ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਦੌਰਾਨ ਪ੍ਰੋਟੈਸਟ ਕਰੇਗਾ। ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਜਥੇ ਭੇਜਣ ਦਾ ਐਲਾਨ ਵੀ ਕੀਤਾ ਗਿਆ।

ਇਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਭਜਨ ਲਾਲ ਸੀ। ਉਸ ਨੇ ਹਰਿਆਣਾ ਪੁਲੀਸ, ਬੀ.ਐਸ.ਐਫ਼., ਸੀ.ਆਰ.ਪੀ.ਐਫ਼. ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਸੂਬੇ ਵਿਚ ਹਰ ਇਕ ਸੜਕ, ਜੋ ਪੰਜਾਬ 'ਚੋਂ ਆਉਂਦੀ ਸੀ, 'ਤੇ ਕਈ-ਕਈ ਨਾਕੇ ਲਾਉਣ ਅਤੇ ਪੰਜਾਬ 'ਚੋਂ ਹਰਿਆਣਾ ਵਿਚ ਦਾਖ਼ਿਲ ਹੋਣ ਵਾਲੇ ਹਰ ਸਿੱਖ ਨੂੰ ਰੋਕਣ ਦੇ ਹੁਕਮ ਜਾਰੀ ਕਰ ਦਿੱਤੇ। ਇੰਞ ਹੀ ਹਰਿਆਣੇ ਵਿਚੋਂ ਜੋ ਸੜਕ ਵੀ ਦਿੱਲੀ ਵਿਚ ਦਾਖ਼ਿਲ ਹੁੰਦੀ ਸੀ, ਉੱਥੇ ਵੀ ਨਾਕੇ ਲਾ ਦਿੱਤੇ ਤਾਂ ਜੋ ਇਕ ਵੀ ਸਿੱਖ ਦਿੱਲੀ ਵਿਚ ਦਾਖ਼ਿਲ ਨਾ ਹੋ ਸਕੇ। ਸਾਰੀਆਂ ਸਰਹੱਦਾਂ 'ਤੇ, ਇਮੀਗਰੇਸ਼ਨ ਵਾਂਗ, ਬਾਰਡਰ ਸੀਲ ਕਰ ਕੇ, ਹਰ ਕਾਰ, ਟਰੱਕ, ਬੱਸ ਤੇ ਗੱਡੀ ਨੂੰ ਰੋਕ ਕੇ ਉਸ ਵਿਚੋਂ ਹਰ ਪੱਗ ਵਾਲੇ ਸ਼ਖ਼ਸ ਨੂੰ ਉਤਾਰਿਆ ਗਿਆ, ਉਸ ਦੀ ਤਲਾਸ਼ੀ ਲਈ ਗਈ ਤੇ ਬੇਇਜ਼ਤ ਕਰ ਕੇ ਵਾਪਿਸ ਭੇਜ ਦਿੱਤਾ ਗਿਆ। ਇਨ੍ਹਾਂ ਬੇਇਜ਼ਤ ਹੋਣ ਵਾਲਿਆਂ ਵਿਚ ਹਾਈਕੋਰਟ ਦੇ ਜੱਜ, ਸੀਨੀਅਰ ਬਾ-ਵਰਦੀ ਫ਼ੌਜੀ ਅਫ਼ਸਰ,

ਸੀਨੀਅਰ ਸਰਕਾਰੀ ਅਫ਼ਸਰ, ਵੱਡੇ-ਵੱਡੇ ਵਪਾਰੀ ਤੇ ਕਈ ਮੋਹਤਬਰ ਸ਼ਖ਼ਸੀਅਤਾਂ ਵੀ ਸਨ। ਭਜਨ ਨਾਲ ਦੇ ਇਸ ਹੁਕਮ ਨੇ ਸਾਰੇ ਸਿੱਖਾਂ ਨੂੰ ਇੰਦਰਾ ਤੇ ਭਜਨ ਲਾਲ ਦੇ ਦੁਸ਼ਮਣ ਬਣਾ ਦਿੱਤਾ। ਪਰ ਇਸ ਬੇ-ਇਜ਼ਤੀ ਨੇ ਸਿੱਖਾਂ ਵਿਚ ਗ਼ੁਲਾਮ ਹੋਣ ਅਤੇ ਖਾਲਿਸਤਾਨ ਦੀ ਜੱਦੋ-ਜਹਿਦ ਦਾ ਹਿਮਾਇਤੀ ਹੋਣ ਦਾ ਅਹਿਸਾਸ ਵੀ ਬੜੀ ਸ਼ਿੱਦਤ ਨਾਲ ਭਰ ਦਿੱਤਾ। ਉਂਞ ਦਿੱਲੀ 'ਚ ਰੋਸ ਦਾ ਇਜ਼ਹਾਰ ਕਰਨ ਵਾਸਤੇ ਹਜ਼ਾਰਾਂ ਸਿੱਖ ਫਿਰ ਵੀ ਪਹੁੰਚ ਹੀ ਗਏ, ਕੁਝ ਹਿਮਾਂਚਲ ਵਲੋਂ, ਕੁਝ ਰਾਜਿਸਥਾਨ ਵਲੋਂ ਹੋ ਕੇ ਅਤੇ ਹਜ਼ਾਰਾਂ ਹੀ ਦਿੱਲੀ, ਯੂ.ਪੀ., ਐਮ.ਪੀ. ਅਤੇ ਕਈ ਹੋਰ ਸੂਬਿਆਂ ਵਿਚੋਂ ਵੀ।

17 ਨਵੰਬਰ 1982 ਦੇ ਦਿਨ ਮੇਜਰ ਜਨਰਲ ਮਹਿੰਦਰ ਸਿੰਘ ਅਤੇ ਗੁਰਬਖ਼ਸ਼ ਸਿੰਘ ਦੀ ਕਮਾਨ ਹੇਠ ਬਹੁਤ ਸਾਰੇ ਸਾਬਕ ਫ਼ੌਜੀ ਅੰਮ੍ਰਿਤਸਰ ਆਏ ਅਤੇ ਹਰਚੰਦ ਸਿੰਘ ਲੌਂਗੋਵਾਲ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਇਸ 'ਤੇ ਹਰਚੰਦ ਸਿੰਘ ਲੌਂਗੋਵਾਲ ਨੇ ਸਾਬਕ ਫ਼ੌਜੀਆਂ ਦੀ ਇਕ ਕਨਵੈਨਸ਼ਨ 23 ਦਿਸੰਬਰ 1982 ਦੇ ਦਿਨ ਅੰਮ੍ਰਿਤਸਰ ਵਿਚ ਬੁਲਾ ਲਈ। ਇਸ ਕਨਵੈਨਸ਼ਨ ਵਿਚ ਇਕ ਮਤਾ ਇਹ ਵੀ ਪੇਸ਼ ਕੀਤਾ ਗਿਆ ਕਿ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ ਜਾਵੇ।[6] ਕੁਝ ਸਾਬਕ ਫ਼ੌਜੀਆਂ ਅਤੇ ਹੋਰ ਸਰਗਰਮ ਵਰਕਰਾਂ ਦਾ ਖ਼ਿਆਲ ਸੀ ਕਿ ਇਸ ਨਾਲ ਪੰਥ ਦੇ ਮਸਲਿਆਂ ਦਾ ਹੱਲ ਹੋ ਜਾਵੇਗਾ। ਦੂਜੇ ਪਾਸੇ ਕੁਝ ਲੋਕ ਇਸ ਦੇ ਸਖ਼ਤ ਖ਼ਿਲਾਫ਼ ਸਨ। ਉਨ੍ਹਾਂ ਦਾ ਇਤਰਾਜ਼ ਸੀ ਕਿ ਬਾਬੇ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਨਾਲੋਂ ਵੱਖਰੀ ਰਹਿਤ ਮਰਿਆਦਾ ਵਿਚ ਯਕੀਨ ਰਖਦੇ ਸਨ ਤੇ ਉਨ੍ਹਾਂ ਦੇ ਆਉਣ ਨਾਲ ਮਰਿਆਦਾ ਬਦਲ ਜਾਵੇਗੀ।

ਇਸ ਤੋਂ ਬਾਅਦ 9 ਜਨਵਰੀ 1983 ਦੇ ਦਿਨ ਸਿੱਖ ਵਿਦਵਾਨਾਂ ਦਾ ਵੀ ਇਕ ਇਕੱਠ ਬੁਲਾਇਆ ਗਿਆ। ਇਸ ਇਕੱਠ ਨੇ ਬਾਬਾ ਜਰਨੈਲ ਸਿੰਘ ਦੀ ਹਿਮਾਇਤ ਵਿਚ ਕੋਈ ਮਤਾ ਤਾਂ ਨਾ ਪਾਸ ਕੀਤਾ ਪਰ ਅਕਾਲੀ ਮੋਰਚੇ ਦੀ ਹਿਮਾਇਤ ਜ਼ਰੂਰ ਕੀਤੀ।[7] 27 ਜਨਵਰੀ ਨੂੰ ਅਕਾਲੀ ਐਮ.ਐਲ.ਏਜ਼. ਅਤੇ ਐਮ.ਪੀਜ਼. ਨੇ ਸਿੱਖਾਂ ਦੀਆਂ ਮੰਗਾਂ ਨਾ ਮੰਨੇ ਜਾਣ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਅਸਤੀਫ਼ੇ ਦੇਣ ਦਾ ਐਲਾਨ ਕਰ ਦਿੱਤਾ। ਪਰ ਇਸ 'ਤੇ ਅਸਤੀਫ਼ਾ ਦੇਣ ਦੀ ਤਾਰੀਖ਼ 21 ਫ਼ਰਵਰੀ ਲਿੱਖੀ ਹੋਈ ਸੀ।[8] (ਭਾਵੇਂ ਇਹ ਅਸਤੀਫ਼ੇ ਪਹਿਲਾਂ 18 ਨਵੰਬਰ 1982 ਨੂੰ ਦੇਣ ਦੀ ਪਲਾਨ ਸੀ, ਪਰ ਕਈ ਆਗੂ ਅੰਦਰੋਂ-ਅੰਦਰੀਂ ਗੱਦੀ ਛੱਡਣ ਦੇ ਹੱਕ ਵਿਚ ਨਹੀਂ ਸਨ। 27 ਜਨਵਰੀ ਨੂੰ ਵੀ ਡਾਕਟਰ ਰਜਿੰਦਰ ਕੌਰ ਅਤੇ ਜਥੇਦਾਰ ਤਲਵੰਡੀ ਵਲੋਂ ਦਬਕਾ ਮਾਰਨ ਕਰ ਕੇ ਹੀ ਇਹ ਅਸਤੀਫ਼ੇ ਦੇਣ ਦਾ ਐਲਾਨ ਹੋਇਆ ਸੀ)।

ਅਕਾਲੀ ਲੈਜਿਸਲੇਚਰਾਂ ਦੇ ਅਸਤੀਫ਼ਿਆਂ ਦੇ ਬਾਵਜੂਦ ਜਦੋਂ ਸਰਕਾਰ ਟੱਸ ਤੋਂ ਮੱਸ ਨਾ ਹੋਈ ਤਾਂ ਇਕ ਪਾਸੇ ਤਾਂ ਮੋਰਚਾ ਜਾਰੀ ਰਿਹਾ ਤੇ ਦੂਜੇ ਪਾਸੇ ਦਲ ਨੇ 4 ਅਪਰੈਲ 1983 ਦੇ ਦਿਨ 'ਰਸਤਾ ਰੋਕੋ' ਦੇ ਨਾਂ ਹੇਠ ਰੋਸ ਦਿਨ ਮਨਾਉਣ ਦਾ ਐਲਾਨ ਕੀਤਾ। ਪੰਜਾਬ ਪੁਲੀਸ ਨੇ ਇਸ ਦਿਨ ਪੁਰਅਮਨ ਮੁਜ਼ਾਹਰਾ ਕਰ ਰਹੇ ਸਿੰਘਾਂ 'ਤੇ ਕਈ ਥਾਈਂ

---

6. *ਰੋਜ਼ਾਨਾ ਅਜੀਤ ਤੇ ਅਕਾਲੀ ਪਤਰਕਾ*, 24 ਦਿਸੰਬਰ 1982.
7. *ਉਹੀ*, 10 ਜਨਵਰੀ 1983.
8. *ਉਹੀ*, 28 ਜਨਵਰੀ 1983.

ਗੋਲੀ ਚਲਾਈ ਤੇ 24 ਸਿੱਖ ਸ਼ਹੀਦ ਕਰ ਦਿੱਤੇ। ਇਸ ਤੋਂ ਬਿਨਾਂ ਹੋਰ ਵੀ ਸੈਂਕੜੇ ਸਿੱਖ ਹੁਣ ਤਕ ਵੱਖ-ਵੱਖ ਮੌਕਿਆਂ ਅਤੇ ਤਰੀਕਿਆਂ ਨਾਲ ਸ਼ਹੀਦ ਕੀਤੇ ਜਾ ਚੁੱਕੇ ਸਨ।

ਮਰਜੀਵੜਿਆਂ ਦੀ ਭਰਤੀ

ਸਿੱਖਾਂ ਤੇ ਜ਼ੁਲਮ ਵਧਦਾ ਵੇਖ ਕੇ ਅਕਾਲੀਆਂ ਨੇ ਧਰਮ-ਯੁੱਧ ਮੋਰਚੇ ਦੀ ਕਾਮਯਾਬੀ ਵਾਸਤੇ **'ਮਰਜੀਵੜਿਆਂ'** ਦੀ ਭਰਤੀ ਦਾ ਐਲਾਨ ਕੀਤਾ। 12 ਅਪਰੈਲ 1983 ਦੇ ਦਿਨ ਬਾਬਾ ਜਰਨੈਲ ਸਿੰਘ ਨੇ ਇਸ ਇਕ ਲੱਖ ਸਿੰਘਾਂ ਦੀ 'ਮਰਜੀਵੜਾ ਸ਼ਹੀਦੀ ਫ਼ੌਜ' ਦੇ ਪਹਿਲੇ ਸਿਪਾਹੀ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਨਾਂ ਪੇਸ਼ ਕੀਤਾ।[10] ਇਸ ਮਗਰੋਂ ਕੁਝ ਹੀ ਦਿਨਾਂ ਵਿਚ ਦੋ ਲੱਖ ਤੋਂ ਵੱਧ ਮਰਜੀਵੜੇ ਸ਼ਹੀਦਾਂ ਦੀ ਭਰਤੀ ਹੋਈ। ਪਰ ਜਿਹਾ ਕਿ ਆਸ ਸੀ ਕਿ ਇਹ ਸਭ ਇਕ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਸੀ।

ਜਥੇਦਾਰ ਤਲਵਿੰਦਰ ਸਿੰਘ ਦੀ ਗ੍ਰਿਫ਼ਤਾਰੀ

ਨਿਰੰਕਾਰੀ ਗੁਰਬਚਨ ਸਿਹੁੰ ਅਤੇ ਹੋਰਨਾਂ ਕਈ ਸਿੱਖ ਦੁਸ਼ਮਣਾਂ ਦੇ ਕਤਲ ਕਰਨ ਦੇ ਐਕਸ਼ਨ ਬਬਰ ਖਾਲਸਾ ਨਾਂ ਦੀ ਜਥੇਬੰਦੀ ਨੇ ਕੀਤੇ ਸਨ। ਦਲ ਖਾਲਸਾ ਵਲੋਂ 29 ਸਿਤੰਬਰ 1981 ਦੀ ਹਾਈਜੈਕਿੰਗ ਵਿਚ ਵੀ ਮਾਲੀ ਰੋਲ ਬਬਰ ਖਾਲਸੇ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ ਦਾ ਹੀ ਸੀ। ਜਦੋਂ ਇਸ ਜਥੇ ਦੇ ਰਾਜ਼ ਜ਼ਾਹਿਰ ਹੋਏ ਤਾਂ ਜਥੇਦਾਰ ਤਲਵਿੰਦਰ ਸਿੰਘ ਭਾਰਤ ਛੱਡ ਕੇ ਕੈਨੇਡਾ ਵਾਪਿਸ ਚਲੇ ਗਏ। ਉਹ ਉੱਥੋਂ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਜਥੇ ਨੂੰ ਜਥੇਬੰਦ ਕਰਦੇ ਰਹੇ। ਜੂਨ 1983 ਵਿਚ ਉਨ੍ਹਾਂ ਨੂੰ ਹਾਲੈਂਡ ਤੋਂ ਜਰਮਨ ਦਾਖ਼ਿਲ ਹੁੰਦਿਆਂ, ਜਥੇਬੰਦੀ 'ਚ ਛੁਪੇ ਇਕ 'ਬਲੈਕ ਕੈਟ' ਦੀ ਮੁਖ਼ਬਰੀ ਦੇ ਆਧਾਰ 'ਤੇ, ਜਰਮਨ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਇਕ ਸਾਲ ਨਾਜਾਇਜ਼ ਹਿਰਾਸਤ ਵਿਚ ਰਖਿਆ।

ਪੰਜਾਬ 'ਚ ਗਵਰਨਰੀ ਹਕੂਮਤ

5 ਅਕਤੂਬਰ ਨੂੰ ਢਿਲਵਾਂ ਨੇੜੇ ਇਕ ਬੱਸ ਨੂੰ ਰੋਕ ਕੇ 6 ਹਿੰਦੂ ਮੁਸਾਫ਼ਿਰਾਂ ਨੂੰ ਉਤਾਰ ਕੇ ਕਤਲ ਕਰ ਦਿੱਤਾ ਗਿਆ।[11] ਇਕ ਸੋਮੇ ਮੁਤਾਬਿਕ ਇਹ ਕਤਲ ਇਕ ਸਿਆਸੀ ਆਗੂ ਨੇ ਆਪਣੇ ਭਾੜੇ ਦੇ ਬੰਦਿਆਂ ਤੋਂ ਕਰਵਾਏ ਸਨ ਤਾਂ ਜੋ ਪੰਜਾਬ 'ਚ ਗਵਰਨਰੀ ਰਾਜ ਕਾਇਮ ਕੀਤਾ ਜਾ ਸਕੇ ਤੇ 6 ਅਕਤੂਬਰ ਨੂੰ ਅਜਿਹਾ ਹੀ ਹੋਇਆ। ਇਸ ਮਗਰੋਂ ਪੰਜਾਬ 'ਚ ਹੋਰ ਵੀ ਬੇਗੁਨਾਹਾਂ ਦੇ ਕਤਲ ਹੋਏ। ਇਨ੍ਹਾਂ ਵਿਚੋਂ ਬਹੁਤੇ ਕਤਲ ਸਰਕਾਰੀ ਏਜੰਸੀਆਂ ਨੇ ਕਰਵਾਏ ਸਨ ਤੇ ਜਾਂ ਉਨ੍ਹਾਂ ਦੀ ਸਾਜ਼ਿਸ਼ ਤੇ ਭੜਕਾਹਟ ਹੇਠ ਹੋਏ ਸਨ।

---

9. *ਰੋਜ਼ਾਨਾ ਅਜੀਤ ਤੇ ਅਕਾਲੀ ਪਤਰਕਾ*, 5 ਅਪਰੈਲ 1983.
10. *ਉਹੀ*, 13 ਅਪਰੈਲ 1983.
11. *ਉਹੀ*, 6 ਅਕਤੂਬਰ 1983.

ਬਾਬਾ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ 'ਤੇ

ਦਿਸੰਬਰ 1983 ਵਿਚ ਬਾਬਾ ਜਰਨੈਲ ਸਿੰਘ ਅਤੇ ਬਬਰ ਖਾਲਸਾ ਵਿਚ ਟੱਕਰ ਹੋਣ ਦੇ ਆਸਾਰ ਪੈਦਾ ਹੋ ਗਏ ਸਨ। ਭਾਵੇਂ ਦੋਹਾਂ ਵਿਚ ਝਗੜਾ 1982 'ਚ ਹੀ ਸ਼ੁਰੂ ਹੋ ਗਿਆ ਸੀ ਪਰ 1983 ਦੀਆਂ ਗਰਮੀਆਂ ਵਿਚ ਦੋਵੇਂ ਧੜੇ ਇਕ ਦੂਜੇ ਨੂੰ ਬਹੁਤ ਨਫ਼ਰਤ ਕਰਨ ਲੱਗ ਪਏ ਸਨ। ਇਧਰ ਦਰਬਾਰ ਸਾਹਿਬ ਕੰਪਲੈਕਸ ਵਿਚ ਦੋਹਾਂ ਵਿਚਕਾਰ 'ਆਪਣਾ ਦਬਕਾ ਕਾਇਮ ਕਰਨ' ਦੀ ਕਸ਼ਮਕਸ਼ ਵੀ ਚੱਲ ਰਹੀ ਸੀ। ਇਸ ਕਸ਼ਮਕਸ਼ ਨੇ 15 ਦਿਸੰਬਰ ਤਕ ਖ਼ਤਰਨਾਕ ਹਾਲਤ ਅਖ਼ਤਿਆਰ ਕਰ ਲਈ ਸੀ ਅਤੇ ਜਾਪਦਾ ਸੀ ਕਿ ਜੇ ਕਰ ਇਸ ਝਗੜੇ ਨੂੰ ਨਾ ਰੋਕਿਆ ਜਾ ਸਕਿਆ ਤਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਭਾਰੀ ਖ਼ੂਨ ਖ਼ਰਾਬਾ ਹੋ ਜਾਣ ਦੇ ਆਸਾਰ ਸਨ। ਕੁਝ ਸੱਜਣਾਂ ਦੇ ਆਖਣ 'ਤੇ ਬਾਬਾ ਜਰਨੈਲ ਸਿੰਘ ਗੁਰੂ ਨਾਨਕ ਨਿਵਾਸ ਛੱਡ ਕੇ ਅਕਾਲ ਤਖ਼ਤ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਚਲੇ ਗਏ। ਹੁਣ ਗੁਰੂ ਨਾਨਕ ਨਿਵਾਸ 'ਤੇ ਸਿਰਫ਼ ਬਬਰ ਖਾਲਸਾ ਦਾ ਕਬਜ਼ਾ ਹੀ ਰਹਿ ਗਿਆ ਸੀ। ਬਬਰ ਖਾਲਸਾ ਵਲੋਂ ਸੁਖਦੇਵ ਸਿੰਘ ਬਬਰ ਨੇ ਇਕ ਪ੍ਰੈਸ ਕਾਨਫ਼ਰੰਸ ਕਰ ਕੇ 35 ਨਿਰੰਕਾਰੀਆਂ ਅਤੇ ਪੁਲਸੀਆਂ ਦਾ ਕਤਲ ਕਰਨਾ ਆਪਣੀ ਜਥੇਬੰਦੀ ਦੇ ਸਿਰ ਲੈ ਲਿਆ।[12] ਇਸ ਵੇਲੇ ਬੱਬਰ ਖਾਲਸਾ ਦੇ ਫ਼ਾਊਂਡਰ ਤੇ ਮੁਖੀ ਜਥੇਦਾਰ ਤਲਵਿੰਦਰ ਸਿੰਘ ਜਰਮਨ ਦੀ ਇਕ ਜੇਲ੍ਹ ਵਿਚ ਸਨ। ਜਥੇਦਾਰ ਸੁਖਦੇਵ ਸਿੰਘ ਨੇ ਇਹ ਬਿਆਨ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਦਿੱਤਾ ਸੀ। ਇਸ ਮਗਰੋਂ ਬੱਬਰ ਖਾਲਸਾ ਦੇ ਵੀ ਦੋ ਹਿੱਸੇ ਹੋ ਗਏ। ਕੁਝ ਚਿਰ ਮਗਰੋਂ ਬੱਬਰ ਖਾਲਸਾ ਦੇ ਐਕਸ਼ਨਾਂ ਦੇ ਅਸਲ ਹੀਰੋ ਸ: ਅਮਰਜੀਤ ਸਿੰਘ ਖੇਮਕਰਨ, ਸ: ਗੁਰਨਾਮ ਸਿੰਘ ਤੇਂ ਸ: ਸੁਰਜੀਤ ਸਿੰਘ, ਜਥੇਦਾਰ ਸੁਖਦੇਵ ਸਿੰਘ ਨੂੰ ਛੱਡ ਕੇ, ਬਾਬਾ ਜਰਨੈਲ ਸਿੰਘ ਦੇ ਕੈਂਪ ਵਿਚ ਸ਼ਾਮਿਲ ਹੋ ਗਏ।

8 ਫ਼ਰਵਰੀ ਨੂੰ ਅਕਾਲੀ ਦਲ ਨੇ ਪੰਜਾਬ 'ਚ ਹੜਤਾਲ ਕਰਵਾਈ। ਇਸ ਦੌਰਾਨ ਵੱਖ-ਵੱਖ ਸ਼ਹਿਰਾਂ ਵਿਚ ਦਹਿਸ਼ਤਗਰਦ ਹਿੰਦੂਆਂ, ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ 11 ਤੋਂ ਵੱਧ ਬੇਗੁਨਾਹ ਸਿੱਖ ਮਾਰ ਦਿੱਤੇ। 17 ਫ਼ਰਵਰੀ ਦੇ ਦਿਨ ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ 'ਤੇ ਫਾਈਰਿੰਗ ਕਰ ਕੇ ਤਿੰਨ ਸਿੱਖ ਮਾਰ ਦਿੱਤੇ। 19-20 ਫ਼ਰਵਰੀ ਨੂੰ ਹਰਿਆਣਾ 'ਚ ਭਜਨ ਲਾਲ ਸਰਕਾਰ ਦੀ ਸ਼ਹਿ ਨਾਲ 20 ਤੋਂ ਵੱਧ ਸਿੱਖ ਕਤਲ ਕੀਤੇ ਗਏ। 19 ਮਾਰਚ ਨੂੰ ਸਰਕਾਰ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਜਥੇਬੰਦੀ ਕਰਾਰ ਦੇ ਦਿੱਤਾ। ਇਸ ਮਗਰੋਂ ਖਾੜਕੂਆਂ ਨੇ ਵੀ ਬਹੁਤ ਸਾਰੇ ਸਿੱਖ-ਮੁਖ਼ਾਲਿਫ਼ ਆਗੂਆਂ ਅਤੇ ਪੁਲਸੀਆਂ ਦਾ ਕਤਲ ਕੀਤਾ। ਇਨ੍ਹਾਂ ਵਿਚ ਡੀ.ਐਸ.ਪੀ. ਬਚਨ ਸਿੰਘ (30 ਅਪਰੈਲ 1984), ਪ੍ਰਤਾਪ ਸਿੰਘ ਜਥੇਦਾਰ (10 ਮਈ 1984), ਲਾਲਾ ਰਮੇਸ਼ ਚੰਦਰ ਪੁੱਤਰ ਲਾਲਾ ਜਗਤ ਨਰੈਣ (12 ਮਈ 1984) ਖ਼ਾਸ ਸਨ।

ਇਨ੍ਹਾਂ ਦਿਨਾਂ ਵਿਚ ਵੀ ਸਿੱਖਾਂ ਦਾ ਕਤਲੇਆਮ ਜਾਰੀ ਰਿਹਾ ਤੇ ਤਕਰੀਬਨ 100 ਦੇ ਕਰੀਬ ਸਿੱਖਾਂ ਨੂੰ ਮਾਰਿਆ ਗਿਆ। ਇਸੇ ਦੌਰਾਨ ਇਕ ਸਾਜ਼ਿਸ਼ ਹੇਠ ਬਾਬਾ ਜਰਨੈਲ ਸਿੰਘ ਦਾ ਇਕ ਅਹਿਮ ਸਾਥੀ ਸੋਢੀ ਸੁਰਿੰਦਰ ਸਿੰਘ ਵੀ 14 ਅਪਰੈਲ 1984 ਦੇ ਦਿਨ ਕਤਲ ਕੀਤਾ ਜਾ ਚੁੱਕਿਆ ਸੀ। ਇਸ ਕਤਲ ਵਿਚ ਹਰਚੰਦ ਸਿੰਘ ਲੌਂਗੋਵਾਲ ਦਾ ਇਕ

---

12. *ਰੋਜ਼ਾਨਾ ਅਜੀਤ ਤੇ ਅਕਾਲੀ ਪਤਰਕਾ*, 16 ਦਿਸੰਬਰ 1983.

ਨਜ਼ਦੀਕੀ, ਗੁਰਚਰਨ ਸਿੰਘ (ਸਕੱਤਰ ਅਕਾਲੀ ਦਲ), ਵੀ ਸ਼ਾਮਿਲ ਸੀ, ਜਿਸ ਨੂੰ ਲੌਂਗੋਵਾਲ ਨੇ ਪੂਰੀ ਹਿਫ਼ਾਜ਼ਤ ਦੇ ਕੇ ਆਪਣੀ ਪਨਾਹ ਵਿਚ ਰਖਿਆ। ਇਸ ਕਤਲ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹਰਚੰਦ ਸਿੰਘ ਲੌਂਗੋਵਾਲ ਵਿਚ ਕਦੇ ਨਾ ਪੂਰਾ ਹੋਣ ਵਾਲਾ ਪਾੜਾ ਪਾ ਦਿੱਤਾ।

ਦਰਬਾਰ ਸਾਹਿਬ 'ਚ ਅਸਲਾ ਨਹੀਂ

20 ਅਪਰੈਲ 1984 ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਗਿਆਨੀ ਕਿਰਪਾਲ ਸਿੰਘ ਨੇ ਇਕ 'ਅਪੀਲ' ਜਾਰੀ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ ਕੋਈ ਵੀ ਸਿੱਖ ਹਰਿਮੰਦਰ ਸਾਹਿਬ ਵਿਚ ਹਥਿਆਰ ਲੈ ਕੇ ਨਹੀਂ ਜਾ ਸਕਦਾ। ਕਿਰਪਾਲ ਸਿੰਘ ਦਾ ਨਿਸ਼ਾਨਾ, ਦਰਅਸਲ ਬਾਬਾ ਜਰਨੈਲ ਸਿੰਘ ਸਨ, ਜੋ ਹਰ ਰੋਜ਼ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਇਆ ਕਰਦੇ ਸਨ। ਇਸ 'ਅਪੀਲ' ਦੇ ਜਾਰੀ ਹੋਣ ਮਗਰੋਂ ਬਾਬਾ ਜਰਨੈਲ ਸਿੰਘ ਨੇ ਦਰਸ਼ਨੀ ਡਿਓਢੀ 'ਤੇ ਹੀ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਕਿਰਪਾਲ ਸਿੰਘ ਨੇ ਇਸ ਨੂੰ ਚਾਲਾਕੀ ਕਰਦਿਆਂ 'ਅਪੀਲ' ਆਖਿਆ ਨਾ ਕਿ 'ਹੁਕਮਨਾਮਾ'।

"ਅਸੀਂ ਪਿਛਲੇ ਕੁਝ ਦਿਨਾਂ ਤੋਂ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਵਿਚਰ ਰਹੀਆਂ ਜਥੇਬੰਦੀਆਂ ਵਿਚ ਪਰਸਪਰ ਸਦਭਾਵਨਾ ਬਣਾਉਣ, ਮਾਹੌਲ ਸੁਖਾਵਾਂ ਕਰਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਏਕਤਾ ਕਰਨ ਲਈ ਵਿਚਾਰਾਂ ਕੀਤੀਆਂ ਹਨ। ਵਿਸ਼ੇਸ਼ ਕਰਕੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਅਕਾਲੀ ਦਲ ਤਲਵੰਡੀ ਗਰੁੱਪ, ਅਖੰਡ ਕੀਰਤਨੀ ਜਥਾ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਬਬਰ ਖਾਲਸਾ, ਯੂਥ ਵਿੰਗ ਅਤੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਨੂੰ ਬੁਲਾ ਕੇ ਸੁਣਿਆ ਹੈ ਅਤੇ ਪਰਸਪਰ ਵਿਚਾਰਾਂ ਉਪਰੰਤ ਸਭ ਨੇ ਹੇਠ ਲਿਖੇ ਵਿਚਾਰਾਂ ਨਾਲ ਸੰਮਤੀ ਪ੍ਰਗਟ ਕੀਤੀ ਹੈ :

1. ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਕੰਪਲੈਕਸ ਦੇ ਅੰਦਰ ਕੋਈ ਵਿਅਕਤੀ ਆਪਣੇ ਵੱਲੋਂ ਕਿਸੇ ਸਮੇਂ ਵੀ ਫ਼ਾਇਰਿੰਗ ਨਾ ਕਰੇ।
2. ਕਿਸੇ ਵਿਅਕਤੀ ਨੂੰ ਮਾਰਨ, ਕੁੱਟਣ, ਤਸੀਹੇ ਦੇਣ ਤੇ ਤਸ਼ੱਦਦ ਕਰਨ ਤੋਂ ਹਰ ਵਿਅਕਤੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ।
3. ਇਸ ਕੰਪਲੈਕਸ ਦੇ ਸਾਰੇ ਏਰੀਏ ਅੰਦਰ ਕਿਸੇ ਢੰਗ ਨਾਲ ਵੀ ਕਿਸੇ ਵਿਅਕਤੀ ਦੀ ਹੱਤਿਆ ਨਾ ਕੀਤੀ ਜਾਵੇ।
4. ਇਕ ਦੂਜੇ ਵਿਰੁੱਧ ਬਿਆਨਬਾਜ਼ੀ ਬੰਦ ਕੀਤੀ ਜਾਵੇ। ਜਿਸ ਤੋਂ ਧੜੇਬੰਦੀ ਦਾ ਪ੍ਰਗਟਾਵਾ ਹੁੰਦਾ ਹੋਵੇ ਜਾਂ ਜਿਸ ਨਾਲ ਮਤਭੇਦ ਵਧਣ ਦਾ ਡਰ ਹੋਵੇ ਤੇ ਜੋ ਫੁੱਟ ਦਾ ਕਾਰਨ ਬਣੇ।
5. ਐਸੇ ਉਪਾਓ ਕੀਤੇ ਜਾਣ ਜਿਸ ਨਾਲ ਪੰਥਕ ਜਥੇਬੰਦੀ ਨੂੰ ਸ਼ਕਤੀ ਮਿਲੇ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਹੋਵੇ।
6. ਹਰਿਮੰਦਰ ਸਾਹਿਬ ਦੀ ਪਵਿੱਤਰਤਾ ਹਰ ਹਾਲਤ ਵਿਚ ਕਾਇਮ ਰੱਖੀ ਜਾਵੇ, ਹਮੇਸ਼ਾ ਲਈ ਕਦੀ ਕੋਈ ਮਾੜੀ ਘਟਨਾ ਨਾ ਵਾਪਰੇ, ਜਿਸ ਦੇ ਸੰਗਤਾਂ ਦੇ ਆਉਣ ਜਾਣ ਵਿਚ ਵਿਘਨ ਪੈਂਦਾ ਹੋਵੇ।
7. ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਆਪਣੇ ਮਤਭੇਦ ਭੁਲਾ ਕੇ ਵੱਧ ਚੜ੍ਹ ਕੇ ਡਟਵੀਂ ਮਦਦ ਕਰਨੀ ਚਾਹੀਦੀ ਹੈ ਜਿਸ ਨਾਲ ਮੋਰਚੇ ਦੀ ਸਫਲਤਾ ਹੋਵੇ।

ਅਸੀਂ ਮਹਿਸੂਸ ਕਰਦੇ ਹਾਂ ਕਿ ਖਾਲਸਾ ਪੰਥ ਬੜੇ ਹੀ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ, ਜਦ ਕਿ ਪੰਥ ਆਪਣੀ ਅੱਡਰੀ ਹਸਤੀ ਦੀ ਕਾਇਮੀ ਅਤੇ ਗੁਰਧਾਮਾਂ ਦੀ ਪਵਿੱਤਰਤਾ ਅਤੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਧਰਮ ਯੁੱਧ ਮੋਰਚਾ ਲੜ ਰਿਹਾ ਹੈ। ਜਿਸ ਵਿਚ ਲੱਖਾਂ ਸਿੰਘਾਂ ਨੇ ਜੇਲ੍ਹਾਂ ਕੱਟੀਆਂ। ਹਜ਼ਾਰਾਂ ਜੇਲ੍ਹਾਂ ਵਿਚ ਬੈਠੇ ਹਨ ਅਤੇ ਸੈਂਕੜੇ ਹੀ ਸਿੰਘ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਹਨ ਅਤੇ ਅਜੇ ਭੀ ਜਬਰ ਤੇ ਜ਼ੁਲਮ ਦੇ ਬੱਦਲ ਸਾਡੀ ਮਾਣ-ਮਰਿਆਦਾ ਅਤੇ ਹੋਂਦ ਖ਼ਤਮ ਕਰਨ ਲਈ ਮੰਡਰਾ ਰਹੇ ਹਨ। ਅਜਿਹੀ ਹਾਲਤ ਵਿਚ ਸਮੇਂ ਦੀ ਵੱਡੀ ਲੋੜ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਅਤੇ ਧਰਮ ਯੁੱਧ ਮੋਰਚੇ ਦੀ ਸਫਲਤਾ ਲਈ ਉੱਦਮ ਕਰਨ ਦੀ ਹੈ। ਇਸ ਲਈ ਅਸੀਂ ਦਰਬਾਰ ਸਾਹਿਬ ਕੰਪਲੈਕਸ ਵਿਚ ਪਿਛਲੇ ਸਮੇਂ ਵਿਚ ਹੋਈਆਂ ਮੰਦਭਾਗੀਆਂ ਘਟਨਾਵਾਂ ਪੁਰ ਚਿੰਤਾ ਪ੍ਰਗਟ ਕਰਦੇ ਹੋਏ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਸਭਾਵਾਂ, ਪੰਥ ਦਰਦੀਆਂ ਅਥਵਾ ਸਮੂੰਹ ਖਾਲਸਾ ਪੰਥ ਨੂੰ ਅਪੀਲ ਕਰਦੇ ਹਾਂ ਕਿ ਉਹ ਆਪੋ ਆਪਣੇ ਮਤਭੇਦ, ਵਖਰੇਵੇਂ ਅਤੇ ਗ਼ੁੱਸੇ ਗਿਲੇ ਲਾਂਭੇ ਰੱਖ ਕੇ ਪੰਥ ਦੀ ਚੜ੍ਹਦੀ ਕਲਾ, ਗੁਰਧਾਮਾਂ ਦੀ ਪਵਿੱਤਰਤਾ ਅਤੇ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਦੀ ਸਫਲਤਾ ਹਿਤ ਕੋਈ ਅਜਿਹੀ ਕਾਰਵਾਈ ਜਾਂ ਗੱਲ ਨਾ ਕਰਨ, ਜਿਸ ਨਾਲ ਪੰਥਕ ਮਾਣ-ਮਰਿਆਦਾ ਭੰਗ ਹੁੰਦੀ ਹੋਵੇ ਜਾਂ ਗੁਰਧਾਮਾਂ ਦੀ ਬੇਅਦਬੀ ਹੁੰਦੀ ਹੋਵੇ ਜਾਂ ਗੁਰੂ ਸਾਹਿਬਾਨ ਦੇ ਸੱਚੇ, ਸੁੱਚੇ ਅਤੇ ਉਚੇ ਆਸ਼ੇ ਉਪਦੇਸ਼ਾਂ ਅਤੇ ਮਰਿਆਦਾ ਨੂੰ ਸੱਟ ਵੱਜਦੀ ਹੋਵੇ ਜਾਂ ਸਚਖੰਡ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਮਹਿਮਾ ਅਤੇ ਪਵਿੱਤਰਤਾ ਨੂੰ ਘਟਾਉਂਦੀ ਹੋਵੇ। ਦੇਗ ਚਲਾਉ, ਗੁਰੂ ਗੁਨ ਗਾਉ, ਬੰਦ ਰੱਖੋ ਜਿਹਬਾ; ਸਤਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਸਭ ਨੂੰ ਸਮੁੱਤ ਬਖ਼ਸ਼ਣ, ਧਰਮ ਯੁੱਧ ਮੋਰਚੇ ਨੂੰ ਸਫਲ ਕਰ ਕੇ ਪੰਥ ਨੂੰ ਚੜ੍ਹਦੀਆਂ ਕਲਾਂ ਅਤੇ ਖ਼ੁਸ਼ੀਆਂ ਬਖ਼ਸ਼ਣ।

ਸਾਡੀ ਇਸ **ਅਪੀਲ** ਉਪਰੰਤ ਜੇਕਰ ਕੋਈ ਵਿਅਕਤੀ ਜਾਂ ਜਥੇਬੰਦੀ, ਕੀਤੀ ਜਾ ਰਹੀ ਪੰਥਕ ਏਕਤਾ ਵਿਚ ਵਿਘਨ ਪਾਉਣ ਦਾ ਯਤਨ ਕਰੇਗਾ ਤਾਂ ਉਸ ਵਿਰੁੱਧ ਸਾਨੂੰ ਸਖ਼ਤ ਐਕਸ਼ਨ ਲੈਣ ਲਈ ਮਜਬੂਰ ਹੋਣਾ ਪਵੇਗਾ।

(ਸਾਹਿਬ ਸਿੰਘ)
ਹੈਡ ਗ੍ਰੰਥੀ
ਦਰਬਾਰ ਸਾਹਿਬ, ਅੰਮ੍ਰਿਤਸਰ

(ਕਿਰਪਾਲ ਸਿੰਘ)
ਜਥੇਦਾਰ
ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

(ਹਰਿਚਰਨ ਸਿੰਘ ਮਹਾਲੋਂ)
ਜਥੇਦਾਰ
ਤਖ਼ਤ ਕੇਸਗੜ੍ਹ ਸਾਹਿਬ,
ਅਨੰਦਪੁਰ ਸਾਹਿਬ

(ਸੰਤ ਲੱਖਾ ਸਿੰਘ)
ਜਥੇਦਾਰ
ਤਖ਼ਤ ਦਮਦਮਾ ਸਾਹਿਬ
ਤਲਵੰਡੀ ਸਾਬੋ

(ਪ੍ਰੀਤਮ ਸਿੰਘ)
ਹੈਡ ਗ੍ਰੰਥੀ
ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

(*ਨੋਟ :* ਇਕ ਪਾਸੇ ਇਸ ਨੂੰ 'ਅਪੀਲ' ਕਿਹਾ ਗਿਆ ਸੀ, ਪਰ ਅਖ਼ੀਰਲੇ ਫ਼ਿਕਰੇ ਵਿਚ ਇਹ 'ਧਮਕੀ' ਵੀ ਦਿੱਤੀ ਗਈ ਸੀ ਕਿ ਜੇ ਕੋਈ ਇਸ ਨੂੰ ਮੰਨਣ 'ਚ ਵਿਘਨ ਪਾਵੇਗਾ ਤਾਂ ਉਸ 'ਤੇ ਸਖ਼ਤ ਐਕਸ਼ਨ ਲਿਆ ਜਾਵੇਗਾ।)

ਨਾ-ਮਿਲਵਰਤਣ ਦਾ ਐਲਾਨ

ਇਨ੍ਹਾਂ ਦਿਨਾਂ ਵਿਚ ਅਕਾਲੀਆਂ ਅਤੇ ਇੰਦਰਾ ਗਾਂਧੀ ਵਿਚਕਾਰ ਸਮਝੌਤੇ ਵਾਸਤੇ ਖ਼ੁਫ਼ੀਆ ਗੱਲਬਾਤ ਚੱਲ ਰਹੀ ਸੀ। ਉਂਞ ਤਾਂ ਅਕਾਲੀ ਦਲ, ਸਰਕਾਰ ਅਤੇ ਅਪੋਜ਼ੀਸ਼ਨ

ਪਾਰਟੀਆਂ ਦੇ ਆਗੂਆਂ ਵਿਚ ਤਿੰਨ-ਧਿਰੀ ਗਲਬਾਤ ਪਹਿਲੋਂ ਵੀ ਚਲੀ ਸੀ ਤੇ ਨਾਕਾਮਯਾਬ ਰਹੀ ਸੀ ਪਰ ਹੁਣ ਇਹ ਗੱਲਬਾਤ ਨਵੰਬਰ 1982 ਤੋਂ ਫੇਰ ਜਾਰੀ ਸੀ ਅਤੇ 16-17 ਨਵੰਬਰ 1982, 17 ਜਨਵਰੀ 1983, 24 ਜਨਵਰੀ 1984, 27-28 ਤੇ 29 ਮਾਰਚ 1984, 21 ਅਪਰੈਲ 1984 ਨੂੰ ਵੀ ਅਹਿਮ ਮੁਲਾਕਾਤਾਂ ਹੋਈਆਂ ਸਨ। ਇਸ ਦੌਰ ਦੀ ਆਖ਼ਰੀ ਮੁਲਾਕਾਤ 26 ਮਈ 1984 ਦੇ ਦਿਨ ਹੋਈ ਸੀ।[13] ਇੰਦਰਾ ਗਾਂਧੀ ਵਲੋਂ ਇਹ ਮੁਲਾਕਾਤਾਂ ਸਿਰਫ਼ ਦਿਖਾਵੇ ਦੀ ਕਾਰਵਾਈ ਸੀ ਤਾਂ ਜੋ ਅਕਾਲੀ ਇਹ ਸਮਝਣ ਕਿ ਗੱਲਬਾਤ ਨਾਲ ਨਤੀਜਾ ਨਿਕਲ ਸਕਦਾ ਹੈ। ਪਰ, ਦੂਜੇ ਪਾਸੇ ਇੰਦਰਾ ਗਾਂਧੀ ਨੇ ਦੇਹਰਾਦੂਨ ਦੀਆਂ ਪਹਾੜੀਆਂ ਵਿਚ ਚਕਰਾਤਾ ਨਾਂ ਦੀ ਫ਼ੌਜੀ ਛਾਉਣੀ ਵਿਚ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਮਾਡਲ ਬਣਾ ਕੇ ਹਮਲਾ ਕਰਨ ਦੀਆਂ ਕਈ ਚਿਰ ਤੋਂ ਮਸ਼ਕਾਂ ਕਰਨੀਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇੰਦਰਾ ਗਾਂਧੀ ਚਾਹੁੰਦੀ ਸੀ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰ ਕੇ ਹਜ਼ਾਰਾਂ ਜਾਂ ਸੈਂਕੜੇ ਸਿੱਖਾਂ ਦਾ ਕਤਲੇਆਮ ਕਰ ਕੇ ਇਕ ਪਾਸੇ ਤਾਂ ਸਿੱਖਾਂ ਵਿਚ ਦਹਿਸ਼ਤ ਫ਼ੈਲਾਈ ਜਾਵੇ ਅਤੇ ਦੂਜਾ ਸਿੱਖਾਂ ਦੇ ਖ਼ਿਲਾਫ਼ ਦਹਿਸ਼ਤਗਰਦੀ ਅਤੇ ਮੁਲਕ ਨਾਲ ਗ਼ਦਾਰੀ ਦਾ ਪ੍ਰਾਪੇਗੰਡਾ ਕਰ ਕੇ ਹਿੰਦੂ ਵੋਟ ਹਾਸਿਲ ਕੀਤੀ ਜਾ ਸਕੇ। ਲੋਕ ਸਭਾ ਦੀਆਂ ਚੋਣਾਂ ਅਗਲੇ ਸਾਲ ਹੋਣ ਵਾਲੀਆਂ ਸਨ। ਇਸ ਸੂਰਤ ਵਿਚ ਐਂਟੀ-ਸਿੱਖ ਕਾਰਡ ਵਧੀਆ ਕੈਸ਼ ਹੋ ਸਕਦਾ ਸੀ। ਉਦੋਂ ਗ਼ੈਰ-ਕਾਂਗਰਸੀ ਪਾਰਟੀਆਂ ਨੂੰ ਇੰਦਰਾ ਗਾਂਧੀ ਦੀ ਇਸ ਤਰਕੀਬ ਦਾ ਪਤਾ ਨਾ ਲਗਿਆ ਅਤੇ ਉਹ ਬੇਧਿਆਨੇ ਹੀ ਇੰਦਰਾ ਗਾਂਧੀ ਦੇ ਜਾਲ ਵਿਚ ਫਸਦੇ ਗਏ।

ਮਈ ਦੇ ਆਖ਼ਰੀ ਹਫ਼ਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਇਸ ਹਾਲਤ ਵਿਚ ਇੰਦਰਾ ਗਾਂਧੀ ਨੇ ਅਕਾਲੀਆਂ ਨਾਲ ਗੱਲਬਾਤ ਫੇਲ੍ਹ ਹੋਣ ਦਾ ਐਲਾਨ ਕਰ ਦਿੱਤਾ, ਹਾਲਾਂਕਿ 27 ਮਈ 1984 ਦੇ ਦਿਨ ਅਕਾਲੀਆਂ ਅਤੇ ਸਰਕਾਰੀ ਨੁੰਮਾਇੰਦਿਆਂ ਵਿਚਕਾਰ ਤਕਰੀਬਨ ਹਰ ਨੁਕਤੇ 'ਤੇ ਸਮਝੌਤਾ ਹੋ ਚੁੱਕਿਆ ਸੀ ਤੇ ਸਿਰਫ਼ 'ਮੈਡਮ' (ਇੰਦਰਾ ਗਾਂਧੀ) ਦੀ ਮਨਜ਼ੂਰੀ ਲੈਣੀ ਹੀ ਬਾਕੀ ਸੀ। ਪਰ ਮੈਡਮ ਤਾਂ ਮਸਲੇ ਦੇ ਹੱਲ ਵਿਚ ਕੋਈ ਦਿਲਚਸਪੀ ਨਹੀਂ ਰਖਦੀ ਸੀ। ਉਸ ਦਾ ਨਿਸ਼ਾਨਾ ਤਾਂ ਆ ਰਹੀਆਂ ਚੋਣਾਂ ਨੂੰ ਕਿਸੇ ਹੀਲੇ ਨਾਲ ਜਿਤਣਾ ਸੀ।

28 ਮਈ ਨੂੰ ਅਕਾਲੀ ਦਲ ਨੇ ਪੰਜਾਬ ਵਿਚ 3 ਜੂਨ 1984 ਤੋਂ ਨਾ-ਮਿਲਵਰਤਣ ਲਹਿਰ ਚਲਾਉਣ ਦਾ ਐਲਾਨ ਕਰ ਦਿੱਤਾ। ਅਕਾਲੀਆਂ ਦੀ ਇਸ ਲਹਿਰ ਨਾਲ ਸਰਕਾਰ ਨੂੰ ਕੋਈ ਖ਼ਾਸ ਫ਼ਰਕ ਨਹੀਂ ਸੀ ਪੈਂਦਾ, ਪਰ ਇਸ ਦਾ ਬਹਾਨਾ ਲਾ ਕੇ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਅਤੇ ਵੋਟਾਂ ਨੂੰ ਹੂੰਝਾ ਫੇਰਨ ਦੀ ਸੋਚ ਨਾਲ ਫ਼ੌਜੀ ਐਕਸ਼ਨ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਜੂਨ 1984 ਦੇ ਇੰਦਰਾ ਦੇ ਉਸ ਐਕਸ਼ਨ ਨੇ ਪੰਜਾਬ ਤੇ ਭਾਰਤ ਦੀ ਤਾਰੀਖ਼ ਨੂੰ ਹੈਰਾਨੀਕੁੰਨ ਪਰ ਖ਼ਤਰਨਾਕ ਮੋੜ ਦੇਣਾ ਸੀ, ਜਿਸ ਨਾਲ ਸਿੱਖ ਤੇ ਪੰਜਾਬ ਸਿਆਸਤ ਹੀ ਨਹੀਂ, ਬਲਕਿ ਸਿੱਖ-ਭਾਰਤ ਸਬੰਧਾਂ ਅਤੇ ਸਿੱਖ-ਹਿੰਦੂ ਸਬੰਧਾਂ ਵਿਚ ਵੀ ਕਦੇ ਨਾ ਪੂਰੀਆਂ ਹੋਣ ਵਾਲੀਆਂ ਤਰੇੜਾਂ ਪੈ ਜਾਣੀਆਂ ਸਨ। ਪਰ, ਇੰਦਰਾ ਗਾਂਧੀ ਨੂੰ ਸਿਰਫ਼ ਤੇ ਸਿਰਫ਼ ਅਗਲੀਆਂ ਚੋਣਾਂ ਹੀ ਨਜ਼ਰ ਆ ਰਹੀਆਂ ਸਨ।

---

13. White Paper (Published by Govt. of India), pp. 92-93.

ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ 'ਤੇ ਹਮਲਾ

ਇੰਦਰਾ ਗਾਂਧੀ ਨੇ ਫ਼ੌਜ ਨੂੰ ਕਈ ਮਹੀਨੇ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ। ਉੱਞ ਤਾਂ ਉਹ ਪਹਿਲਾਂ ਵੀ ਦੋ ਵਾਰ ਅਜਿਹਾ ਕਰਨ ਲੱਗੀ ਸੀ ਪਰ ਉਸ ਦਾ ਹੌਸਲਾ ਨਹੀਂ ਪਿਆ ਸੀ। ਪਰ ਇਸ ਵਾਰ ਰਾਜੀਵ ਗਾਂਧੀ ਵਲੋਂ ਜ਼ੋਰ ਦੇਣ 'ਤੇ 31 ਮਈ ਨੂੰ ਉਸ ਨੇ ਫ਼ੌਜ ਨੂੰ ਇਕਦਮ ਤਿਆਰ ਹੋ ਜਾਣ ਦਾ ਹੁਕਮ ਦੇ ਦਿੱਤਾ। ਉਸੇ ਦਿਨ ਹੀ ਫ਼ੌਜ ਦੇ ਚੀਫ਼ ਨੇ ਪੂਰੀ ਤਿਆਰੀ ਦੀ ਇਤਲਾਹ ਦੇ ਦਿੱਤੀ। ਇਸ 'ਤੇ ਇੰਦਰਾ ਨੇ ਫ਼ੌਜ ਨੂੰ ਅੰਮ੍ਰਿਤਸਰ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। ਫ਼ੌਜ ਇਕ ਜੂਨ ਨੂੰ ਤੜਕਸਾਰ ਹੀ ਅੰਮ੍ਰਿਤਸਰ ਵੱਲ ਚੱਲ ਪਈ। ਇਕ ਅੰਦਾਜ਼ੇ ਮੁਤਾਬਿਕ ਤਕਰੀਬਨ ਤਿੰਨ ਲੱਖ ਫ਼ੌਜਾਂ ਇਸ ਸਾਰੀ ਮੁਹਿੰਮ ਵਿਚ ਇਕ ਜਾਂ ਦੂਜੇ ਤਰੀਕੇ ਨਾਲ ਸ਼ਾਮਿਲ ਸਨ। ਇਨ੍ਹਾਂ ਵਿਚ ਆਰਮੀ, ਨੇਵੀ ਤੇ ਏਅਰਫ਼ੋਰਸ, ਤਿੰਨੇ ਸ਼ਾਮਿਲ ਸਨ। ਪਹਿਲੀ ਜੂਨ ਨੂੰ ਚੰਡੀਗੜ੍ਹ ਕੋਲ ਚੰਡੀ ਮੰਦਰ '2 ਕੋਰ' ਦੇ ਹੈੱਡਕੁਆਟਰ ਵਿਚ ਕੇ.ਐਸ. ਬਰਾੜ, ਲੈਫ਼ਟੀਨੈਂਟ ਜਨਰਲ ਕੇ. ਸੁੰਦਰਜੀ, ਆਰ.ਐਸ. ਦਿਆਲ ਅਤੇ ਕਈ ਹੋਰ ਫ਼ੌਜੀ ਅਫ਼ਸਰ ਇਕੱਠੇ ਹੋਏ। ਇਨ੍ਹਾਂ ਵਿਚੋਂ ਸੁੰਦਰਜੀ ਪਾਕਿਸਤਾਨ ਨਾਲ ਹੋਈ 1965 ਦੀ ਲੜਾਈ ਵਿਚ ਇਕ ਮਾਹਿਰ ਰਜਮੈਂਟ ਦਾ ਕਮਾਂਡਰ ਰਿਹਾ ਸੀ ਤੇ ਦਿਆਲ ਇਸੇ ਲੜਾਈ ਵਿਚ ਹਿੱਸਾ ਲੈ ਰਹੀ ਪੈਰਾਸ਼ੂਟ ਰਜਮੈਂਟ ਦਾ ਇਕ ਮੇਜਰ ਸੀ। ਚੰਡੀ ਮੰਦਰ ਛਾਉਣੀ ਵਿਚ ਹੋਈ ਇਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਦਰਬਾਰ ਸਾਹਿਬ 'ਤੇ ਇੰਦਰਾ ਵਲੋਂ ਦਿੱਤੀ ਹਿਦਾਇਤ ਮੁਤਾਬਿਕ ਹਮਲਾ ਤੇ ਸਾਰੇ ਕੰਪਲੈਕਸ ਪੂਰਾ ਕਬਜ਼ਾ 48 ਤੋਂ 72 ਘੰਟੇ ਵਿਚ ਮੁਕੰਮਲ ਕੀਤਾ ਜਾਣਾ ਹੈ। ਇਸ ਐਕਸ਼ਨ ਦੇ ਦੋ ਮੁਖ ਹਿੱਸੇ ਸਨ: ਦਰਬਾਰ ਸਾਹਿਬ 'ਤੇ ਹਮਲਾ ਅਤੇ ਕਬਜ਼ਾ ਕਰਨਾ (ਐਕਸ਼ਨ ਬਲੂ ਸਟਾਰ) ਅਤੇ ਅੰਮ੍ਰਿਤਸਰ ਦੀ ਪਾਕਿਸਤਾਨ ਵੱਲ ਅਤੇ ਬਾਕੀ ਪੰਜਾਬ ਨਾਲ ਸਰਹੱਦ ਸੀਲ ਕਰਨਾ (ਐਕਸ਼ਨ ਵੁੱਡ ਰੋਜ਼)। ਸਰਹੱਦ ਸੀਲ ਕਰਨ ਦਾ ਕੰਮ 11 ਕੋਰ ਯੂਨਿਟ, ਜਿਸ ਦਾ ਮੁਖੀ ਲੈਫ਼ਟੀਨੈਂਟ ਜਨਰਲ ਕੇ. ਗੌਰੀ ਸ਼ੰਕਰ ਸੀ, ਨੂੰ ਸੌਂਪਿਆ ਗਿਆ।

ਕੇ.ਐਸ. ਬਰਾੜ ਪਹਿਲੀ ਜੂਨ ਨੂੰ ਸਵੇਰੇ ਤੜਕਸਾਰ ਆਪਣੇ ਡਿਪਟੀ ਬਰਗੇਡੀਅਰ ਐਨ.ਕੇ. ਤਲਵਾੜ ਨਾਲ ਅੰਮ੍ਰਿਤਸਰ ਪੁੱਜ ਚੁੱਕਾ ਸੀ। ਇਸ ਵੇਲੇ ਤਕ 15 ਪਿਆਦਾ ਡਵੀਜ਼ਨ ਫ਼ੌਜ ਨੂੰ ਤਿਆਰ ਕਰ ਲਿਆ ਗਿਆ ਹੋਇਆ ਸੀ। ਫ਼ੌਜ ਦੇ ਹੈੱਡਕੁਆਟਰ ਵਿਚ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਹੋਰ ਸਾਰੇ ਪਾਸਿਓਂ ਮਿੰਟ-ਮਿੰਟ ਦੀ ਖ਼ਬਰ ਪਹੁੰਚ ਰਹੀ ਸੀ। ਦਿੱਲੀ ਨਾਲ ਸਿੱਧਾ ਰਾਬਤਾ, ਫ਼ੋਨ ਰਾਹੀਂ, ਹਾੱਟ-ਲਾਈਨ 'ਤੇ ਹੋ ਰਿਹਾ ਸੀ। ਇਸ ਦੇ ਨਾਲ ਹੀ ਬਰਗੇਡੀਅਰ ਡੀ.ਵੀ. ਰਾਓ ਦੀ ਅਗਵਾਈ ਹੇਠ, ਲੈਫ਼ਟੀਨੈਂਟ ਕਰਨਲ ਕੇ.ਐਸ. ਰੰਧਾਵਾ, ਦਰਬਾਰ ਸਾਹਿਬ 'ਚੋਂ ਸੂਹਾਂ ਹਾਸਿਲ ਕਰਨ ਦੀ ਨਿਗਰਾਨੀ ਕਰ ਰਿਹਾ ਸੀ।[14] ਇਸ ਸਬੰਧ ਵਿਚ ਉਨ੍ਹਾਂ ਦੀ ਮਦਦ ਵਾਸਤੇ 12 ਬਿਹਾਰ ਬਟਾਲੀਅਨ ਤੇ 10 ਗਾਰਡ ਤਿਆਰ ਖੜ੍ਹੀਆਂ ਸਨ। ਵਧੇਰੇ ਸੂਹ ਲੈਣ ਵਾਸਤੇ ਕੈਪਟਨ ਜਸਬੀਰ ਰੈਣਾ ਦਰਬਾਰ ਸਾਹਿਬ 'ਚ ਸਾਦੇ ਕਪੜਿਆਂ ਵਿਚ ਗਿਆ ਅਤੇ ਚੋਖੀ ਵਾਕਫ਼ੀ ਲੈ ਕੇ ਆਇਆ।[15] ਇੰਞ 2 ਤਾਰੀਖ਼ ਸ਼ਾਮ ਤਕ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਪੂਰੀ

---

14. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ੇ 59-64.
15. *ਉਹੀ*, ਸਫ਼ਾ 60.

ਤਿਆਰੀ ਕਰ ਲਈ। ਇਸੇ ਰਾਤ ਸਵਾ ਨੌਂ ਵਜੇ ਇੰਦਰਾ ਨੇ ਟੀ.ਵੀ. 'ਤੇ ਤਕਰੀਰ ਕੀਤੀ। ਟੀ.ਵੀ. 'ਤੇ ਬੋਲਣ ਲਗਿਆਂ ਇੰਦਰਾ ਥਕੀ ਹੋਈ, ਡਰੀ ਹੋਈ ਤੇ 'ਖ਼ੁਦਕੁਸ਼ੀ ਤੋਂ ਪਹਿਲਾਂ ਵਾਲੀ ਹਾਲਤ' ਵਿਚ ਨਜ਼ਰ ਆ ਰਹੀ ਸੀ। ਇਸ ਤਕਰੀਰ ਵਿਚ ਉਸ ਨੇ ਫ਼ੌਜੀ ਹਮਲੇ ਦੀ ਗੱਲ ਨਹੀਂ ਕੀਤੀ, ਪਰ ਜਿਸ ਵੇਲੇ ਉਹ ਟੀ.ਵੀ. 'ਤੇ ਬੋਲ ਰਹੀ ਸੀ, ਉਸ ਵੇਲੇ ਇਕ ਪਿਆਦਾ ਬਟਾਲੀਅਨ, 12 ਬਿਹਾਰ, ਦੇ ਫ਼ੌਜੀ ਦਰਬਾਰ ਸਾਹਿਬ ਨੂੰ ਘੇਰਾ ਪਾ ਰਹੇ ਸਨ। ਸੀ.ਆਰ.ਪੀ.ਐਫ਼. ਨੇ ਪਹਿਲੋਂ ਹੀ ਦਰਬਾਰ ਸਾਹਿਬ ਦੇ ਦੁਆਲੇ ਪੁਜ਼ੀਸ਼ਨਾਂ ਲਈਆਂ ਹੋਈਆਂ ਸਨ।

ਦਿੱਲੀ ਵਿਚ ਅਪਰੇਸ਼ਨ ਬਲੂ ਸਟਾਰ ਦੀ ਸਾਰੀ ਕਾਰਵਾਈ ਦੀ ਨਿਗਰਾਨੀ ਇੰਦਰਾ, ਰਾਜੀਵ, ਅਰੁਣ ਨਹਿਰੂ, ਅਰੁਣ ਸਿੰਘ, ਵਗ਼ੈਰਾ ਕਰ ਰਹੇ ਸਨ।

3 ਜੂਨ ਨੂੰ ਤੜਕੇ ਹੀ 12 ਬਿਹਾਰ ਦੇ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਾਰੀਆਂ ਇਮਾਰਤਾਂ ਵਿਚ ਮੋਰਚੇ ਸੰਭਾਲ ਲਏ ਸਨ। ਉਨ੍ਹਾਂ ਕੋਲ ਹਰ ਤਰ੍ਹਾਂ ਦੇ ਮਾਰੂ ਹਥਿਆਰ ਸਨ। ਇਸ ਯੂਨਿਟ ਦਾ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਰੰਧਾਵਾ ਸੀ। ਉਸ ਨੇ ਹਮਲੇ ਵਾਸਤੇ ਟਿਕਾਣਿਆਂ ਦੀ ਨਿਸ਼ਾਨ-ਦੇਹੀ ਕਰ ਲਈ। ਪਹਿਲੋਂ, ਪਹਿਲੀ ਜੂਨ ਨੂੰ ਸੀ.ਆਰ.ਪੀ.ਐਫ਼. ਨੇ ਵੀ ਦਰਬਾਰ ਸਾਹਿਬ 'ਤੇ ਅੰਨ੍ਹੇ-ਵਾਹ ਫ਼ਾਇਰਿੰਗ ਕਰ ਕੇ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਪਤਾ ਲਗ ਸਕੇ ਕਿ ਮੁਕਾਬਲਾ ਕਿੱਥੋਂ-ਕਿੱਥੋਂ ਹੋਣਾ ਹੈ। ਪਰ ਉਸ ਦਿਨ ਖਾੜਕੂਆਂ ਨੇ ਸੀ.ਆਰ.ਪੀ.ਐਫ਼. ਦੀ ਕਾਰਵਾਈ ਦਾ ਜਵਾਬ ਨਹੀਂ ਦਿੱਤਾ ਸੀ, ਕਿਉਂਕਿ ਉਹ ਅਸਲਾ ਗੁਆਉਣਾ ਨਹੀਂ ਸਨ ਚਾਹੁੰਦੇ।

3 ਜੂਨ ਨੂੰ ਰਾਤ ਦੇ 9 ਵਜੇ ਸਾਰੇ ਪੰਜਾਬ ਵਿਚ 36 ਘੰਟੇ ਵਾਸਤੇ ਕਰਫ਼ਿਊ ਲਾ ਦਿੱਤਾ ਗਿਆ (ਮਗਰੋਂ ਇਸ ਨੂੰ ਹੋਰ ਵਧਾ ਦਿੱਤਾ ਗਿਆ ਸੀ)। ਇਸ ਤੋਂ ਸਾਫ਼ ਸਮਝਿਆ ਜਾ ਸਕਦਾ ਸੀ ਕਿ ਫ਼ੌਜ ਦਰਬਾਰ ਸਾਹਿਬ 'ਤੇ ਹਮਲਾ ਕਰ ਦੇਵੇਗੀ। ਦਰਬਾਰ ਸਾਹਿਬ ਦੇ ਅੰਦਰ ਬੈਠੇ ਖਾੜਕੂਆਂ ਦੀ ਕਮਾਨ ਜਨਰਲ ਸੁਬੇਗ ਸਿੰਘ ਕੋਲ ਸੀ। ਉਸ ਨੇ ਇਸ ਹਮਲੇ ਦਾ ਪੂਰਾ ਅੰਦਾਜ਼ਾ ਲਾ ਲਿਆ ਸੀ ਅਤੇ ਵੱਖ-ਵੱਖ ਥਾਵਾਂ ਤੇ ਮੋਰਚਿਆਂ ਵਿਚ ਖਾੜਕੂਆਂ ਨੂੰ ਤਾਈਨਾਤ ਕਰ ਦਿੱਤਾ ਸੀ।

3 ਤਾਰੀਖ਼ ਦੀ ਰਾਤ ਨੂੰ ਹੀ ਹਰਿਮੰਦਰ ਸਾਹਿਬ ਤੋਂ ਸਿਰਫ਼ 300 ਮੀਟਰ ਦੂਰ ਫ਼ੌਜ ਨੇ ਆਪਣਾ ਕੰਟਰੋਲ ਰੂਮ ਕਾਇਮ ਕਰ ਲਿਆ। ਇਹ ਇਕ ਉੱਚੀ ਇਮਾਰਤ ਦੀ ਉਪਰਲੀ ਮੰਜ਼ਿਲ 'ਤੇ ਸੀ। ਇਸ ਜਗ੍ਹਾ 'ਆਰਡਰਜ਼ ਗੁਰਪ', ਜਿਸ ਨੂੰ ਬਰਾੜ ਨੇ ਹੁਕਮ ਦੇ ਕੇ ਲਾਗੂ ਕਰਵਾਉਣਾ ਸੀ ਅਤੇ ਹੋਰ ਅਫ਼ਸਰ ਹਾਜ਼ਿਰ ਸਨ। ਇਨ੍ਹਾਂ ਵਿਚ 350 ਪਿਆਦਾ ਬਰਗੇਡ ਦਾ ਕਮਾਂਡਰ ਅਤੇ ਇਸ ਹੇਠ ਰਖੀਆਂ ਚਾਰ ਪਿਆਦਾ ਬਟਾਲੀਅਨਾਂ ਦੇ ਕਮਾਂਡਿੰਗ ਅਫ਼ਸਰ ਵੀ ਸਨ। ਇਹ ਚਾਰ ਬਟਾਲੀਅਨ ਸਨ : 10 ਗਾਰਦ, 26 ਮਦਰਾਸ, 12 ਬਿਹਾਰ ਤੇ 9 ਕਮਾਊਂ। ਇਸੇ ਸ਼ਾਮ ਨੂੰ ਜਨਰਲ ਸੁੰਦਰਜੀ ਅਤੇ ਦਿਆਲ ਵੀ ਡਵੀਜ਼ਨ ਦੇ ਹੈੱਡ-ਕੁਆਟਰਜ਼ 'ਤੇ ਪਹੁੰਚ ਗਏ।[16]

4 ਜੂਨ 1984 ਦੀ ਸਵੇਰ ਨੂੰ ਚਾਰ ਵਜੇ ਕੇ ਚਾਲੀ ਮਿੰਟ 'ਤੇ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਅੱਗੇ ਭੇਜੀਆਂ ਜਾਣ ਵਾਲੀਆਂ ਚਾਰ ਪਿਆਦਾ ਬਟਾਲੀਅਨਾਂ ਅਤੇ ਦੋ ਕੰਪਨੀਆਂ ਦੀ ਗਿਣਤੀ ਦੇ ਬਰਾਬਰ ਕਮਾਂਡੋ ਸਨ।

---

16. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 69-70.

ਇਸ ਪਹਿਲੀ ਹਮਾਲਵਰ ਫ਼ੌਜ ਨੂੰ ਇੰਞ ਵੰਡਿਆ ਗਿਆ ਸੀ : (ੳ) ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਉੱਤਰ-ਪੱਛਮੀ ਬਾਹੀਆਂ (ਘੰਟਾ ਘਰ ਤੋਂ ਅਕਾਲ ਤਖ਼ਤ ਸਾਹਿਬ ਤਕ ਦਾ ਇਲਾਕਾ) = ਇਕ ਪਿਆਦਾ ਬਟਾਲੀਅਨ, ਇਕ ਕੰਪਨੀ ਪੈਰਾ ਕਮਾਂਡੋ, ਇਕ ਕੰਪਨੀ ਸਪੈਸ਼ਲ ਬਾਰਡਰ ਫ਼ੋਰਸ (ਐਸ.ਐਫ਼.ਐਸ.)। (ਅ) ਹਰਿਮੰਦਰ ਸਾਹਿਬ ਵਾਸਤੇ = ਕਮਾਂਡੋ ਟੋਭਿਆਂ ਦੀ ਹੱਲਾ-ਬੋਲ ਟੋਲੀ। (ੲ) ਹਰਿਮੰਦਰ ਸਾਹਿਬ ਦੀਆਂ ਦੱਖਣੀ ਤੇ ਪੂਰਬੀ ਬਾਹੀਆਂ (ਆਟਾ ਮੰਡੀ, ਸਿੱਖ ਰੈਫ਼ਰੈਂਸ ਲਾਇਬਰੇਰੀ, ਮੰਜੀ ਸਾਹਿਬ, ਬਾਬਾ ਅਟਲ) = ਇਕ ਪਿਆਦਾ ਬਟਾਲੀਅਨ। (ਸ) ਇਨ੍ਹਾਂ ਸਾਰਿਆਂ ਵਾਸਤੇ ਰੀਜ਼ਰਵ = ਇਕ ਪਿਆਦਾ ਬਟਾਲੀਅਨ। (ਹ) ਘੇਰਾਬੰਦੀ = ਇਕ ਪਿਆਦਾ ਬਟਾਲੀਅਨ।[17]

ਫ਼ੌਜ ਨੇ ਹਮਲਾ ਕਰਨ ਵੇਲੇ ਸਭ ਤੋਂ ਪਹਿਲਾਂ ਰਾਮਗੜ੍ਹੀਆ ਬੁੰਗਿਆਂ ਅਤੇ ਗੁਰੂ ਰਾਮਦਾਸ ਸਰਾਂ ਦੇ ਪਿੱਛੇ ਵਾਲੀ ਟੈਂਕੀ, ਜਿੱਥੇ ਬਬਰ ਖਾਲਸਾ (ਸੁਖਦੇਵ ਸਿੰਘ ਦੇ ਸਾਥੀਆਂ) ਨੇ ਮੋਰਚੇ ਸੰਭਾਲੇ ਹੋਏ ਸਨ, 106 ਐਮ.ਐਮ. ਦੀ ਤੋਪ ਅਤੇ 3.7 ਇੰਚ ਦੀ ਹਾਊਵਿਟਜ਼ਰ ਨਾਲ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਲਗਾਤਾਰ ਗੋਲਾਬਾਰੀ ਨਾਲ ਟੈਂਕੀ ਟੁੱਟ ਗਈ ਅਤੇ ਬੁੰਗਿਆਂ ਦਾ ਉਪਰਲਾ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਹੀ ਇਹ ਮੋਰਚੇ ਬਿਨਾਂ ਕਿਸੇ ਲੜਾਈ ਤੋਂ ਖ਼ਤਮ ਹੋ ਗਏ।[18]

ਭਾਵੇਂ ਬਹੁਤੇ ਸੋਮੇ ਅਸਲ ਲੜਾਈ 4 ਜੂਨ ਸਵੇਰੇ 4 ਵਜ ਕੇ 40 ਮਿੰਟ ਤੋਂ ਸ਼ੁਰੂ ਹੋਈ ਦਸਦੇ ਹਨ, ਪਰ ਫ਼ੌਜੀ ਹਮਲੇ ਦਾ ਚੀਫ਼ ਬਰਾੜ ਝੂਠ ਲਿਖਦਾ ਹੋਇਆ ਇਸ ਨੂੰ 5 ਜੂਨ ਸ਼ਾਮ ਸਾਢੇ ਚਾਰ ਵਜੇ ਤੋਂ ਮੰਨਦਾ ਹੈ, ਜਦੋਂ ਉਸ ਮੁਤਾਬਿਕ, ਫ਼ੌਜ ਨੇ ਲਾਊਡ ਸਪੀਕਰਾਂ ਰਾਹੀਂ ਲੋਕਾਂ ਨੂੰ ਦਰਬਾਰ ਸਾਹਿਬ 'ਚੋਂ ਬਾਹਰ ਆ ਜਾਣ ਵਾਸਤੇ ਆਖਿਆ। ਬਰਾੜ ਮੁਤਾਬਿਕ ਇਹ ਐਲਾਨ ਸ਼ਾਮ 7 ਵਜੇ ਤਕ ਕੀਤੇ ਜਾਂਦੇ ਰਹੇ। ਉਸ ਦਾ ਕਹਿਣਾ ਹੈ ਕਿ 7 ਵਜੇ ਦੇ ਕਰੀਬ ਸਿਰਫ਼ 129 ਆਦਮੀ, ਔਰਤਾਂ ਅਤੇ ਬੱਚੇ ਹੀ ਬਾਹਰ ਆਏ। ਇਨ੍ਹਾਂ ਬਾਲਗਾਂ ਵਿਚੋਂ ਬਹੁਤੇ ਬੀਮਾਰ ਸਨ। ਪਰ, ਬਰਾੜ ਦੀ ਦਿੱਤੀ ਤਾਰੀਖ਼ ਅਤੇ ਵਕਤ ਦੋਵੇਂ ਗ਼ਲਤ ਹਨ। ਬਰਾੜ ਵੱਲੋਂ ਹਮਲੇ ਦੀ ਦਿੱਤੀ ਤਾਰੀਖ਼ 6 ਦਰਅਸਲ 'ਆਖ਼ਰੀ ਵੱਡੇ ਹਮਲੇ' ਦੀ ਸ਼ੁਰੂਆਤ ਦੀ ਤਾਰੀਖ਼ ਹੈ।

ਬਰਾੜ ਮੁਤਾਬਿਕ ਫ਼ੌਜ ਨੇ ਉਸ ਰਾਤ 10 ਵਜੇ ਤਕ ਹੋਟਲ ਟੈਂਪਲ ਵਿਊ ਅਤੇ ਬ੍ਰਹਮ ਬੂਟਾ ਅਖਾੜਾ 'ਚ ਖਾੜਕੂਆਂ ਦਾ ਸਫ਼ਾਇਆ ਕਰ ਕੇ ਕਬਜ਼ਾ ਕਰ ਲਿਆ ਸੀ। ਇਸ ਤੋਂ ਤਿੰਨ ਘੰਟੇ ਤੋਂ ਵੀ ਘੱਟ ਸਮੇਂ ਦੇ ਅੰਦਰ-ਅੰਦਰ ਭਾਰਤੀ ਫ਼ੌਜ ਦੀ '10 ਗਾਰਦ' ਘੰਟਾ ਘਰ ਵਲੋਂ ਹਰਿਮੰਦਰ ਸਾਹਿਬ ਵੱਲ ਦਾਖ਼ਿਲ ਹੋਈ। ਦਾਖ਼ਿਲ ਹੁੰਦਿਆਂ ਹੀ ਇਸ ਦੇ 50 ਫ਼ੌਜੀ ਖਾੜਕੂਆਂ ਹਥੋਂ ਮਾਰੇ ਗਏ। ਜ਼ਖ਼ਮੀ ਹੋਣ ਵਾਲਿਆਂ ਵਿਚ ਜਸਬੀਰ ਰੈਣਾ ਵੀ ਸੀ (ਜੋ 3 ਜੂਨ ਨੂੰ ਦਰਬਾਰ ਸਾਹਿਬ ਦੀਆਂ ਸਾਰੀਆਂ ਪੁਜ਼ੀਸ਼ਨਾਂ ਵੇਖ ਕੇ ਆਇਆ ਸੀ)। ਜਸਬੀਰ ਰੈਣਾ ਨੂੰ ਲਗੀਆਂ ਗੋਲੀਆਂ ਕਾਰਨ ਮਗਰੋਂ ਉਸ ਦੀ ਲੱਤ ਵੀ ਕਟਣੀ ਪਈ ਸੀ (ਇਨ੍ਹਾਂ ਲੱਤਾਂ ਨਾਲ ਟੁਰ ਕੇ ਹੀ ਉਹ ਦਰਬਾਰ ਸਾਹਿਬ 'ਚ ਸੂਹਾਂ ਲੈਣ ਗਿਆ ਸੀ)। ਇਸ ਮਗਰੋਂ ਘੰਟਾ ਘਰ ਵਲੋਂ 10 ਗਾਰਦ ਦੇ ਨਾਲ ਪੈਰਾ ਕਮਾਂਡੋ ਅਤੇ ਐਸ.ਐਸ.ਐਫ਼. ਨੇ ਅਪਰੇਸ਼ਨ ਸ਼ੁਰੂ ਕੀਤਾ ਸੀ।

---

17. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 77-78.
18. *ਉਹੀ*, ਸਫ਼ਾ 93.

ਸੈਂਕੜੇ ਫ਼ੌਜੀ ਥੋੜ੍ਹਾ-ਥੋੜ੍ਹਾ ਕਰ ਕੇ ਇਧਰੋਂ ਅਕਾਲ ਤਖ਼ਤ ਸਾਹਿਬ ਵੱਲ ਵਧਦੇ ਗਏ ਤੇ ਮਾਰੇ ਜਾਂਦੇ ਰਹੇ। ਉਨ੍ਹਾਂ ਦਾ ਨਿਸ਼ਾਨਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੇੜੇ ਪਹੁੰਚ ਕੇ ਇਸ ਦੇ ਅੰਦਰ ਗੈਸ ਦੇ ਗੋਲੇ ਸੁੱਟਣਾ ਸੀ, ਜਿਸ ਨਾਲ ਖਾੜਕੂ ਬੇਹੋਸ਼ ਹੋ ਜਾਂਦੇ ਜਾਂ ਮਾਰੇ ਜਾਂਦੇ। ਪਰ ਇਸ ਨਿਸ਼ਾਨੇ 'ਚ ਫ਼ੌਜ ਨੂੰ ਕਾਮਯਾਬੀ ਹਾਸਿਲ ਨਾ ਹੋਈ ਤੇ ਸੈਂਕੜੇ ਫ਼ੌਜੀ ਮਾਰੇ ਗਏ। ਉਨ੍ਹਾਂ ਜ਼ਮੀਨ 'ਤੇ ਸਰਕ-ਸਰਕ ਕੇ, ਰਿੜ੍ਹ-ਰਿੜ੍ਹ ਕੇ ਵੀ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਪਰ ਫ਼ਰਸ਼ 'ਤੇ ਫ਼ਿਟ ਕੀਤੀ ਮਸ਼ੀਨਗੰਨ ਨੇ ਸੈਂਕੜੇ ਫ਼ੌਜੀ ਮਾਰ ਦਿੱਤੇ। ਕਈ ਘੰਟਿਆਂ ਬਾਅਦ ਕਈ ਭਾਰਤੀ ਫ਼ੌਜੀ ਦਰਸ਼ਨੀ ਡਿਉੜੀ ਦੇ ਨੇੜੇ ਪੁੱਜਣ 'ਚ ਕਾਮਯਾਬ ਵੀ ਹੋ ਗਏ, ਪਰ ਉਦੋਂ ਹੀ ਹਵਾ ਦਾ ਰੁਖ਼ ਉਨ੍ਹਾਂ ਵੱਲ ਹੋ ਗਿਆ, ਜਿਸ ਨਾਲ ਗੈਸ ਦੇ ਗੋਲੇ ਉਲਟਾ ਉਨ੍ਹਾਂ ਵਾਸਤੇ ਹੀ ਮੁਸੀਬਤ ਬਣ ਗਏ। ਹੁਣ ਤਕ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ ਤੇ ਨਿਸ਼ਾਨ ਸਾਹਿਬ ਦੇ ਵਿਚਕਾਰ ਸਿਰਫ਼ ਲਾਸ਼ਾਂ ਹੀ ਲਾਸ਼ਾਂ ਸਨ ਤੇ ਕੋਈ ਵੀ ਫ਼ੌਜੀ ਬਚ ਨਹੀਂ ਸੀ ਸਕਿਆ।[19]

ਇਸ ਅਪਰੇਸ਼ਨ ਦੌਰਾਨ ਫ਼ੌਜ ਨੇ ਪਰਿਕਰਮਾ ਦੇ ਸਾਰੇ ਕਮਰਿਆਂ, ਜਿੱਥੋਂ-ਜਿੱਥੋਂ ਫ਼ੌਜ ਲੰਘਦੀ ਗਈ, ਵਿਚ ਗਰਨੇਡ ਸੁੱਟ ਕੇ ਉੱਥੇ ਹਾਜ਼ਿਰ ਹਰ ਇਕ ਸ਼ਖ਼ਸ ਨੂੰ ਮਾਰ ਦਿੱਤਾ। ਪਰ ਅਜਿਹਾ ਕਰਦਿਆਂ ਵੀ ਦਰਜਨਾਂ ਫ਼ੌਜੀ ਮਾਰੇ ਗਏ। ਰਹਿੰਦੇ ਫ਼ੌਜੀਆਂ ਦੀ ਅਗਵਾਈ ਲੈਫ਼ਟੀਨੈਂਟ ਜਨਰਲ ਇਸਰਾਰ ਖ਼ਾਂ ਨੇ ਸੰਭਾਲੀ ਹੋਈ ਸੀ।

ਦੂਜੇ ਪਾਸੇ ਰੀਜ਼ਰਵ ਕੰਪਨੀ ਨੇ ਅਲਮੀਨੀਅਮ ਦੀ ਪੌੜੀ ਲਾਈ ਤੇ ਉਹ ਪਰਿਕਰਮਾ ਦੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਪੁੱਜ ਗਈ। ਉਨ੍ਹਾਂ ਨੇ ਗਰਨੇਡ ਸੁੱਟ ਕੇ ਅਤੇ ਗੋਲੀਆਂ ਦੀ ਵਾਛੜ ਕਰ ਕੇ ਘੰਟਾ ਘਰ ਦੇ ਬਿਲਕੁਲ ਨੇੜੇ ਦੇ ਕਮਰਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਐਕਸ਼ਨ ਵਿਚ ਵੀ ਬਹੁਤ ਸਾਰੀ ਫ਼ੌਜ ਮਾਰੀ ਗਈ ਤੇ ਕਈ ਖਾੜਕੂ ਵੀ ਜਾਨ ਗੁਆ ਬੈਠੇ। ਪਰ ਖਾੜਕੂ ਲੜੇ ਜਾਨ ਤੋੜ ਕੇ!

ਉਧਰ ਅਕਾਲ ਤਖ਼ਤ ਸਾਹਿਬ ਵੱਲ ਭਾਵੇਂ ਫ਼ੌਜੀਆਂ ਨੂੰ ਮੌਤ ਤੋਂ ਸਿਵਾ ਕੁਝ ਨਹੀਂ ਸੀ ਹਾਸਿਲ ਹੋ ਸਕਿਆ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਐਕਸ਼ਨ ਜਾਰੀ ਰੱਖਿਆ। ਹੁਣ ਲੈਫ਼ਟੀਨੈਂਟ ਜਰਨਲ ਕੇ.ਸੀ. ਪੱਡਾ ਆਪਣੇ ਸੂਬੇਦਾਰ ਮੇਜਰ ਤੇ 30 ਕਮਾਂਡੋ ਲੈ ਕੇ ਅੱਗੇ ਵਧਿਆ। ਪਰ ਉਹ ਸਾਰੇ ਹੀ ਮਾਰੇ ਗਏ। ਇਸ ਤੋਂ ਬਾਅਦ ਫ਼ੌਜ ਦੀ ਇਕ ਟੁਕੜੀ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਪੁੱਜ ਗਈ ਤੇ ਅਕਾਲ ਤਖ਼ਤ ਸਾਹਿਬ 'ਤੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿੱਤੇ। ਉਧਰ ਹੌਲੀ-ਹੌਲੀ ਐਸ.ਐਸ.ਐਫ਼. ਦੀ ਗੈਸ ਸੁੱਟਣ ਵਾਲੀ ਟੋਲੀ ਦਰਸ਼ਨੀ ਡਿਉੜੀ ਵਲ ਵੱਧੀ ਤੇ 20 ਮੀਟਰ ਤੋਂ ਅਕਾਲ ਤਖ਼ਤ ਸਾਹਿਬ 'ਤੇ ਅੰਨੇ-ਵਾਹ ਗੋਲੇ ਸੁੱਟਣੇ ਸ਼ੁਰੂ ਕੀਤੇ ਪਰ ਵਰ੍ਹਦੀਆਂ ਗੋਲੀਆਂ ਨੇ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ। ਇਨ੍ਹਾਂ ਗੋਲਿਆਂ ਦਾ ਵੀ ਖਾੜਕੂਆਂ ਤੇ ਕੋਈ ਅਸਰ ਨਾ ਹੋ ਸਕਿਆ, ਕਿਉਂਕਿ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਦਰਵਾਜ਼ੇ, ਖਿੜਕੀਆਂ ਤੇ ਰੌਸ਼ਨਦਾਨ ਸਭ ਪੂਰੀ ਤਰ੍ਹਾਂ ਬੰਦ ਸਨ। ਦੂਜਾ, ਝਰੋਖਿਆਂ 'ਚੋਂ ਗੋਲਾਬਾਰੀ ਹੋ ਰਹੀ ਸੀ। ਇਸ ਤੋਂ ਇਲਾਵਾ ਬਹੁਤੇ ਗੋਲਿਆਂ ਦੇ ਗੈਸ ਡਿਸਪੈਂਨਸਰ ਕੰਧਾਂ ਨਾਲ ਵੱਜ ਕੇ ਪਰਿਕਰਮਾ ਵਿਚ ਆ ਡਿਗਦੇ ਸਨ। ਇਸ ਗੈਸ ਦਾ ਅਸਰ ਉਲਟਾ ਫ਼ੌਜੀਆਂ 'ਤੇ ਹੀ ਹੋ ਰਿਹਾ ਸੀ।

---

19. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 102-107.

ਤੀਜਾ, ਗੈਸ ਦੇ ਧੂੰਏ ਦਾ ਰੁਖ਼ ਫ਼ੌਜ ਵਾਲੇ ਪਾਸੇ ਹੋਣ ਕਰ ਕੇ ਵੀ ਫ਼ੌਜ ਦਾ ਬਹੁਤ ਨੁਕਸਾਨ ਹੋ ਰਿਹਾ ਸੀ।[20]

ਉਧਰ 26 ਮਦਰਾਸ ਰਜਮੈਂਟ ਨੇ ਰਾਤ 10 ਵਜੇ ਜਲ੍ਹਿਆਂ ਵਾਲਾ ਬਾਗ਼ ਤੋਂ ਗੁਰੂ ਰਾਮਦਾਸ ਸਰਾਂ ਵੱਲ ਹਮਲਾ ਕਰਨਾ ਸੀ। ਜਦੋਂ ਇਹ ਰਜਮੈਂਟ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਦੇ ਮੇਨ ਗੇਟ 'ਤੇ ਪੁੱਜੀ ਤਾਂ ਉਸ ਕੋਲੋਂ ਇਹ ਗੇਟ ਖੁੱਲ੍ਹ ਹੀ ਨਾ ਸਕਿਆ। ਅਖ਼ੀਰ ਉਨ੍ਹਾਂ ਨੇ ਟੈਂਕ ਮੰਗਵਾ ਲਏ ਤੇ ਟੈਂਕਾਂ ਨਾਲ ਸਰਾਂ ਵਾਲੇ ਪਾਸੇ ਦਾ ਮੇਨ ਗੇਟ ਤੋੜਿਆ। ਇਸ ਵੇਲੇ ਸਰਾਂ, ਲੰਗਰ ਅਤੇ ਬਾਬਾ ਅਟਲ ਵਾਲੇ ਮੋਰਚਿਆਂ ਤੋਂ ਗੋਲਾਬਾਰੀ ਨੇ ਭਾਰਤੀ ਫ਼ੌਜ ਦਾ ਅੱਗੇ ਵਧਣਾ ਰੋਕ ਦਿੱਤਾ। ਹੁਣ ਟੈਂਕਾਂ ਨੇ ਖਾੜਕੂਆਂ ਦੇ ਮੋਰਚਿਆਂ ਤੇ ਜ਼ਬਰਦਸਤ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਸ ਦੇ ਬਾਵਜੂਦ 26 ਮਦਰਾਸ ਬਹੁਤਾ ਅੱਗੇ ਨਾ ਵੱਧ ਸਕੀ। ਹਾਲਾਂਕਿ ਇਸ ਦਾ ਨਿਸ਼ਾਨਾ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਕੇ ਪਰਿਕਰਮਾ ਵਿਚ ਦੱਖਣੀ ਪਾਸਿਓਂ ਅਕਾਲ ਤਖ਼ਤ ਸਾਹਿਬ ਵੱਲ ਵਧਣਾ ਸੀ, ਪਰ ਇਹ ਰਜਮੈਂਟ ਕਈ ਘੰਟੇ ਸਰਾਂ ਦੇ ਨੇੜੇ ਹੀ ਗਹਿ-ਗੱਚ ਲੜਾਈ ਵਿਚ ਫਸੀ ਰਹੀ।

ਜਦੋਂ 26 ਮਦਰਾਸ ਬੁਰੀ ਤਰ੍ਹਾਂ ਦੀ ਲੜਾਈ 'ਚ ਉਲਝ ਗਈ ਤਾਂ 9 ਗੜ੍ਹਵਾਲ ਦੀਆਂ ਦੋ ਕੰਪਨੀਆਂ ਨੂੰ ਆਟਾ ਮੰਡੀ ਵਾਲੇ ਘੰਟਾ ਘਰ ਵਲੋਂ ਹਮਲਾ ਕਰਨ ਵਾਸਤੇ ਆਖਿਆ ਗਿਆ। ਉਨ੍ਹਾਂ ਦੇ ਪਿੱਛੇ 15 ਕਮਾਊਂ (2 ਕੰਪਨੀਆਂ ਘਟ) ਨੇ ਆਉਣਾ ਸੀ। 15 ਕਮਾਊਂ ਦੀ ਇਹ ਫ਼ੌਜ ਗੁਰੂ ਰਾਮਦਾਸ ਨਿਵਾਸ, ਅਕਾਲ ਰੈਸਟ ਹਾਊਸ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ ਕਰਨ ਵਾਸਤੇ ਰੀਜ਼ਰਵ ਰੱਖੀ ਹੋਈ ਸੀ। ਹੁਣ ਇਸ ਨੂੰ ਇਸ ਦੀ ਜਗ੍ਹਾ ਦੱਖਣੀ ਦਰਵਾਜ਼ੇ ਵੱਲ ਟੋਰ ਦਿੱਤਾ ਗਿਆ।

9 ਗੜ੍ਹਵਾਲ ਦੀਆਂ ਕੰਪਨੀਆਂ ਨੇ ਤੜਕੇ ਡੇਢ ਵਜੇ ਤਕ ਸਿੱਖ ਰੈਫ਼ਰੈਂਸ ਲਾਇਬੇਰਰੀ ਅਤੇ ਇਸ ਦੇ ਦੋਹੀਂ ਪਾਸੀਂ ਮਕਾਨਾਂ 'ਤੇ ਕਬਜ਼ਾ ਕਰ ਲਿਆ ਸੀ। ਇਸ ਵੇਲੇ ਤਕ 15 ਕਮਾਊਂ ਐਕਸ਼ਨ ਫ਼ੋਰਸ, ਲੈਫ਼ਟੀਨੈਂਟ ਜਨਰਲ ਐਨ.ਸੀ. ਪੰਤ ਦੀ ਕਮਾਨ ਹੇਠ ਐਕਸ਼ਨ ਵਿਚ ਰੁਝੀ ਹੋਈ ਸੀ।

ਬਰਾੜ ਮੁਤਾਬਿਕ 6 ਜੂਨ ਤੜਕੇ 2 ਵਜੇ ਤਕ ਹਾਲਾਤ ਇੰਞ ਸੀ:

(1) 10 ਗਾਰਦ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਸੀ ਤੇ ਉਸ ਨੇ ਉੱਤਰੀ ਘੰਟਾ ਘਰ 'ਤੇ ਕਬਜ਼ਾ ਕਰ ਲਿਆ ਸੀ, ਪਰ ਅਜੇ ਵੀ ਪਰਿਕਰਮਾ ਦੇ ਕਮਰਿਆਂ ਵਿਚ ਖਾੜਕੂਆਂ ਦੀਆਂ ਗੋਲੀਆਂ ਭਾਰਤੀ ਫ਼ੌਜੀਆਂ ਦੀਆਂ ਜਾਨਾਂ ਲੈ ਰਹੀਆਂ ਸਨ।

(2) 26 ਮਦਰਾਸ ਦੱਖਣੀ ਬਾਹੀ ਵਿਚ ਪਹੁੰਚ ਚੁੱਕੀ ਸੀ।

(3) 9 ਗੜ੍ਹਵਾਲ ਰਾਈਫ਼ਲ ਦੀਆਂ ਦੋ ਕੰਪਨੀਆਂ ਦੱਖਣੀ ਦੁਆਰ (ਸਿੱਖ ਰੈਫ਼ਰੈਂਸ ਲਾਇਬਰੇਰੀ) ਦੇ ਦੋਹੀਂ ਪਾਸੀਂ ਕਬਜ਼ਾ ਕਰ ਚੁੱਕੀਆਂ ਸਨ।

(4) 1 ਪੈਰਾ-ਕਮਾਂਡੋ ਅਤੇ ਐਸ.ਐਸ.ਐਫ਼ ਵਲੋਂ ਅਕਾਲ ਤਖ਼ਤ ਸਾਹਿਬ ਤਕ ਪੁੱਜਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਸਨ ਤੇ ਉਹ ਸਾਰੇ ਉੱਥੇ ਜਾਣ ਦੀ ਕੋਸ਼ਿਸ਼ ਵਿਚ ਮਾਰੇ ਜਾ ਚੁੱਕੇ ਸਨ।[21]

---

20. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 108-111.
21. *ਉਹੀ*, ਸਫ਼ਾ 113-114.

ਇਸ ਵੇਲੇ ਬਰਗੇਡੀਅਰ ਏ.ਕੇ. ਦੀਵਾਨ (ਚਿਕੀ) ਸਿੱਖ ਰੈਫ਼ਰੈਂਸ ਲਾਇਬਰੇਰੀ ਕੋਲ ਆ ਗਿਆ। ਬਰਾੜ ਨੇ 26 ਮਦਰਾਸ, 15 ਕਮਾਊਂ ਤੇ 9 ਗੜ੍ਹਵਾਲ ਨੂੰ ਦੀਵਾਨ ਦੀ ਕਮਾਨ ਹੇਠ ਕਰ ਦਿੱਤਾ। ਉਨ੍ਹਾਂ ਨੂੰ ਹਿਦਾਇਤ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਹੀ ਨਿਸ਼ਾਨਾ ਰੱਖਣ। ਤੜਕੇ ਢਾਈ ਵਜੇ ਤਕ ਦੀਵਾਨ ਨੇ ਗੜ੍ਹਵਾਲ ਤੇ ਕਮਾਊਂ ਦੀ ਕਮਾਨ ਸੰਭਾਲ ਕੇ ਐਕਸ਼ਨ ਸ਼ੁਰੂ ਕਰ ਦਿੱਤਾ ਸੀ। ਉਸ ਵਲੋਂ ਸਖ਼ਤ ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਪਰ ਇਸ ਦੇ ਬਾਵਜੂਦ ਭਾਰਤੀ ਫ਼ੌਜ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵੱਲ ਇਕ ਸੈਂਟੀਮੀਟਰ ਵੀ ਨਹੀਂ ਸੀ ਵੱਧ ਸਕੀ। ਇਸ ਹਾਲਾਤ ਵਿਚ ਦੀਵਾਨ ਤੇ ਬਰਾੜ ਨੇ ਟੈਂਕਾਂ ਨਾਲ ਹਮਲਾ ਕਰਨ ਦੀ ਪਲਾਨ ਬਣਾਈ। ਪਰ ਉਹ ਸੁੰਦਰਜੀ ਨਾਲ ਰਾਬਤਾ ਨਾ ਬਣਾ ਸਕੇ। ਜਿਉਂ ਹੀ ਸੁੰਦਰਜੀ ਨਾਲ ਬਰਾੜ ਦਾ ਰਾਬਤਾ ਹੋਇਆ, ਉਸ ਨੇ ਸਿੱਧਾ ਇੰਦਰਾ ਗਾਂਧੀ ਤੋਂ ਹੁਕਮ ਲੈ ਕੇ ਪਰਿਕਰਮਾ ਵਿਚ ਟੈਂਕ ਭੇਜਣ ਦੀ ਇਜਾਜ਼ਤ ਦੇ ਦਿੱਤੀ।

ਢਾਈ ਪੌਣੇ ਤਿੰਨ ਵਜੇ ਪਹਿਲਾ ਟੈਂਕ ਗੁਰੂ ਰਾਮਦਾਸ ਸਰਾਂ (ਪੂਰਬੀ ਬਾਹੀ) ਵਲੋਂ ਲਿਆਂਦਾ ਗਿਆ। ਟੈਂਕ ਨੇ ਪਰਿਕਰਮਾ ਵਿਚ ਦਾਖ਼ਿਲ ਹੋ ਕੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵਲ ਸਰਚ ਲਾਈਟ ਸੁੱਟੀ ਅਤੇ ਨਾਲ ਹੀ ਗੋਲੀਆਂ ਦੀ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਹੁਣ ਟੈਂਕ ਤੋਂ ਅਤੇ ਸਾਰੀਆਂ ਫ਼ੌਜੀ ਟੁਕੜੀਆਂ ਵਲੋਂ ਆਖ਼ਰਾਂ ਦੀ ਗੋਲਾਬਾਰੀ ਸ਼ੁਰੂ ਹੋ ਗਈ। ਪਰ ਇਹ ਐਕਸ਼ਨ ਵੀ ਬਹੁਤੀ ਦੇਰ ਨਾ ਚੱਲ ਸਕਿਆ, ਕਿਉਂਕਿ ਸਰਚ ਲਾਈਟ ਦੀਆਂ ਬੱਤੀਆਂ ਇਕ ਮਿੰਟ ਤੋਂ ਵੱਧ ਜਗਾਉਣ ਨਾਲ ਹਰ ਵਾਰ ਇਨ੍ਹਾਂ ਬਲਬਾਂ ਦੀ ਤਾਰ ਸੜ ਜਾਂਦੀ ਸੀ। ਇਸ ਹਾਲਤ ਵਿਚ ਭਾਰਤੀ ਫ਼ੌਜ ਨੇ ਇਕ ਹੋਰ ਟੈਂਕ ਲੈ ਆਂਦਾ। ਜਦੋਂ ਦੂਜੇ ਟੈਂਕ ਦੇ ਬਲਬਾਂ ਦੀਆਂ ਤਾਰਾਂ ਸੜ ਗਈਆਂ ਤਾਂ ਤੀਜਾ ਟੈਂਕ ਵੀ ਅੰਦਰ ਲਿਆਂਦਾ ਗਿਆ। ਦਰਬਾਰ ਸਾਹਿਬ ਵਿਚ ਕੁਲ 6 ਟੈਂਕ ਲਿਆਂਦੇ ਗਏ ਸਨ। ਥੋੜ੍ਹੀ ਦੇਰ ਮਗਰੋਂ ਤਕਰੀਬਨ ਚਾਰ ਕੁ ਵਜੇ ਇਕ ਬਖ਼ਤਰਬੰਦ ਗੱਡੀ ਵੀ ਪਰਿਕਰਮਾ ਵਿਚ ਲਿਆਂਦੀ ਗਈ। ਇਸ ਗੱਡੀ ਨੂੰ ਲਿਆਉਣ ਵਾਸਤੇ ਪਰਿਕਰਮਾ ਦੀਆਂ ਪੌੜੀਆਂ ਟੈਂਕ ਨਾਲ ਤੋੜਨੀਆਂ ਪਈਆਂ, ਕਿਉਂਕਿ ਪਹੀਆਂ ਵਾਲੀ ਸਕੌਟ ਇਨ੍ਹਾਂ ਪੌੜੀਆਂ ਤੋਂ ਲੰਘ ਨਹੀਂ ਸੀ ਸਕਦੀ।

ਇਸ ਵੇਲੇ ਤਕ 84 ਐਮ.ਐਮ. ਦੇ ਕਾਰਲ ਗੁਸਤਾਵ (ਸਵੀਡਨ ਦੇ ਬਣੇ) ਰੌਂਦ ਅਕਾਲ ਤਖ਼ਤ ਸਾਹਿਬ ਦੀ ਇਮਾਰਤ 'ਤੇ ਸੁੱਟੇ ਜਾ ਰਹੇ ਸਨ। ਹੁਣ 15 ਕਮਾਊਂ ਦੇ ਕੁਝ ਦਸਤੇ ਬਖ਼ਤਰਬੰਦ ਗੱਡੀ ਵਿਚ ਬੈਠ ਕੇ ਪਰਿਕਰਮਾ ਵਿਚੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵਲ ਵੱਧੇ ਤਾਂ ਜੋ ਉਹ ਭਾਰਤੀ ਫ਼ੌਜ ਦੇ ਰਾਕਟਾਂ ਦੇ ਹਮਲਿਆਂ ਦੀ ਆੜ ਵਿਚ ਲੰਘਦੇ ਅਕਾਲ ਤਖ਼ਤ ਸਾਹਿਬ ਤਕ ਜਾ ਪੁੱਜਣ। ਪਰ ਇਹ ਬਖ਼ਤਰਬੰਦ ਗੱਡੀ ਜਦੋਂ ਸਾਢੇ ਚਾਰ ਕੁ ਵਜੇ ਅਕਾਲ ਤਖ਼ਤ ਸਾਹਿਬ ਦੇ ਨੇੜੇ ਪੁੱਜੀ ਤਾਂ ਇਕ ਐਂਟੀ-ਟੈਂਕ ਗੋਲਾ ਇਸ 'ਤੇ ਆ ਵੱਜਾ ਤੇ ਇਹ ਉੱਥੇ ਹੀ ਜਾਮ ਹੋ ਗਈ। ਹੁਣ ਸਰਘੀ ਵੇਲਾ ਹੋ ਗਿਆ ਸੀ ਅਤੇ ਨਿੰਮ੍ਹੀ-ਨਿੰਮ੍ਹੀ ਰੌਸ਼ਨੀ ਹੋ ਗਈ ਸੀ। ਸਵੇਰੇ 5 ਵਜ ਕੇ 10 ਮਿੰਟ 'ਤੇ ਇੰਦਰਾ ਗਾਂਧੀ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਟੈਂਕਾਂ ਰਾਹੀਂ ਉਡਾ ਦੇਣ ਦਾ ਹੁਕਮ ਦੇ ਦਿੱਤਾ। 5 ਵਜੇ ਕੇ 21 ਮਿੰਟ ਤੇ ਤਿੰਨਾਂ ਟੈਂਕਾਂ ਨੇ ਅੰਨ੍ਹੇ-ਵਾਹ ਗੋਲਾਬਾਰੀ

ਸ਼ੁਰੂ ਕਰ ਦਿੱਤੀ।[22] ਜਿਸ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਘੱਟੋ-ਘੱਟ ਤੀਜਾ ਹਿੱਸਾ ਜਾਂ ਤਾਂ ਬਿਲਕੁਲ ਹੀ ਢਹਿ ਢੇਰੀ ਹੋ ਗਿਆ ਤੇ ਜਾਂ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਭਾਰਤੀ ਫ਼ੌਜ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਸੀ। ਅਖ਼ੀਰ ਪੌਣੇ ਕੁ ਛੇ ਵਜੇ ਏ-ਕਮਾਂਡੋ ਕੰਪਨੀ ਦਾ ਮੇਜਰ ਬੀ.ਕੇ. ਮਿਸ਼ਰਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀਆਂ ਪੌੜੀਆਂ ਲਾਗੇ ਪੁੱਜ ਗਿਆ ਪਰ ਉਹ ਤੇ ਉਸਦੇ ਸਾਥੀ ਪਲਾਂ ਵਿਚ ਹੀ ਪੌੜੀਆਂ ਵਿਚ ਹੀ ਢੇਰੀ ਹੋ ਗਏ। ਇਸ ਤੋਂ ਇਲਾਵਾ ਦੋਵੇਂ ਕੰਪਨੀਆਂ, ਜੋ ਤਖ਼ਤ ਸਾਹਿਬ ਦੀ ਇਮਾਰਤ ਵੱਲ ਵੱਧ ਰਹੀਆਂ ਸਨ, ਵੀ ਖਾੜਕੂਆਂ ਦੀ ਜ਼ਬਰਦਸਤ ਗੋਲਾਬਾਰੀ ਦਾ ਸ਼ਿਕਾਰ ਹੋ ਗਈਆਂ। ਉਨ੍ਹਾਂ ਵਿਚੋਂ ਬਹੁਤ ਸਾਰੇ ਮਾਰੇ ਗਏ ਤੇ ਬਚੇ-ਖੁਚੇ ਪਰਿਕਰਮਾ ਦੇ ਬਰਾਂਡੇ ਵਿਚ ਆ ਕੇ ਲੁਕ ਗਏ।

ਸਵੇਰੇ 6 ਵਜ ਕੇ 20 ਮਿੰਟ ਤਕ ਭਾਰਤੀ ਫ਼ੌਜ ਸਿਰਫ਼ ਬੰਦੇ ਮਰਵਾਉਣ ਵਿਚ ਹੀ ਕਾਮਯਾਬ ਹੋ ਸਕੀ ਸੀ ਤੇ ਅਕਾਲ ਤਖ਼ਤ ਸਾਹਿਬ ਦੇ ਮੋਰਚੇ 'ਚ ਹੋਰ ਕੁਝ ਵੀ ਹਾਸਿਲ ਨਹੀਂ ਸੀ ਕਰ ਸਕੀ। ਇਸ ਮਗਰੋਂ ਸੂਬੇਦਾਰ ਕੇ.ਪੀ. ਰਮਨ ਰਵੀ ਦੀ ਅਗਵਾਈ ਹੇਠ ਕੁਝ ਕਮਾਂਡੋ ਜਾਨ ਤਲੀ 'ਤੇ ਰਖ ਕੇ ਤਖ਼ਤ ਸਾਹਿਬ ਦੀ ਇਮਾਰਤ ਵੱਲ ਵਧੇ। ਉਹ ਸਾਰੇ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ 'ਚ ਪੁੱਜ ਗਏ। ਖਾੜਕੂਆਂ ਨੇ ਰਵੀ ਨੂੰ ਕਾਬੂ ਕਰ ਲਿਆ ਅਤੇ ਉਸ ਦੇ ਦੁਆਲੇ ਬਾਰੂਦ ਦੀਆਂ ਲੜੀਆਂ ਬੰਨ੍ਹ ਕੇ ਉਸ ਨੂੰ ਉਡਾ ਦਿੱਤਾ ਤੇ ਬਾਕੀ ਕਮਾਂਡੋ ਵੀ ਮਾਰ ਦਿੱਤੇ।[23]

ਸਵੇਰੇ ਸਾਢੇ ਸੱਤ ਵਜੇ ਤਕ ਭਾਰਤੀ ਫ਼ੌਜੀਆਂ ਦੀਆਂ ਲਾਸ਼ਾਂ ਦਾ ਢੇਰ ਲੱਗ ਚੁੱਕਾ ਸੀ। ਹੁਣ ਵਿਜਯੰਤ ਟੈਂਕਾਂ ਦੇ 105 ਐਮ.ਐਮ. ਦੇ ਘੱਟੋ-ਘੱਟ 80 ਧਮਾਕਾ ਖੇਜ਼ ਸੁਕੈਸ਼ ਹੈੱਡ ਗੋਲੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ 'ਤੇ ਸੁੱਟਣੇ ਸ਼ੁਰੂ ਕਰ ਦਿੱਤੇ ਗਏ। ਇਕ ਸੋਮੇ ਮੁਤਾਬਿਕ ਦੁਪਹਿਰ 11 ਵਜੇ ਤਕ ਇਹ ਲੜਾਈ ਚਲਦੀ ਰਹੀ। ਇਸ ਦੌਰਾਨ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਦਰਜਨਾਂ ਹੋਰ ਸਿੰਘ ਸ਼ਹੀਦ ਹੋ ਚੁੱਕੇ ਸਨ। ਅਕਾਲ ਤਖ਼ਤ ਸਾਹਿਬ 'ਚੋਂ ਕੁਝ ਸਿੰਘ ਪਿਛਲੇ ਪਾਸਿਓਂ ਨਿਕਲ ਵੀ ਚੁੱਕੇ ਸਨ। ਭਾਰਤੀ ਫ਼ੌਜ ਨੂੰ ਸਿਰਫ਼ ਖਾੜਕੂਆਂ ਦੀਆਂ ਲਾਸ਼ਾਂ ਅਤੇ ਚੰਦ ਇਕ ਹਥਿਆਰਾਂ ਤੋਂ ਸਿਵਾ ਕੁਝ ਵੀ ਨਾ ਮਿਲਿਆ। ਭਾਵੇਂ ਭਾਰਤੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ 6 ਜੂਨ ਨੂੰ ਦੁਪਹਿਰੇ 11 ਵਜੇ ਤਕ ਖਾੜਕੂ ਅਕਾਲ ਤਖ਼ਤ ਸਾਹਿਬ ਦੀ ਇਮਾਰਤ 'ਚੋਂ ਨਿਕਲ ਕੇ ਸਰੋਵਰ ਵਲ ਭੱਜੇ ਤਾਂ ਜੋ ਤੈਰ ਕੇ ਹਰਿਮੰਦਰ ਸਾਹਿਬ ਜਾ ਸਕਣ, ਪਰ ਫ਼ੌਜ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਤੇ ਇੰਞ ਹੀ 10 ਖਾੜਕੂ ਚਿੱਟਾ ਝੰਡਾ ਲਹਿਰਾ ਤਖ਼ਤ ਸਾਹਿਬ ਦੀ ਇਮਾਰਤ 'ਚੋਂ ਬਾਹਰ ਆਏ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਇਹ ਗ਼ਲਤ ਪ੍ਰਚਾਰ ਹੈ। ਅਕਾਲ ਤਖ਼ਤ ਸਾਹਿਬ ਦੀ ਇਮਾਰਤ 'ਚੋਂ ਨਿਕਲ ਕੇ ਸਰੋਵਰ ਤਕ ਪੁੱਜਣ ਤਕ ਹਜ਼ਾਰਾਂ ਗੋਲੀਆਂ ਦੀ ਵਾਛੜ ਤੋਂ ਬਚਣਾ ਨਾਮੁਮਕਿਨ ਸੀ ਤੇ ਇੰਞ ਹੀ ਚਿੱਟਾ ਝੰਡਾ ਲੈ ਕੇ ਆਉਣ ਵਾਲੇ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਵੀ ਝੂਠੀ ਹੈ, ਕਿਉਂਕਿ ਫ਼ੌਜ ਨੇ ਇਸ ਮੌਕੇ 'ਤੇ ਕਿਸੇ ਵੀ ਖਾੜਕੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ, ਬਲਕਿ ਸਿਰਫ਼ ਗੋਲੀ ਨਾਲ ਹੀ ਉਡਾਇਆ ਸੀ। ਸ਼ਾਇਦ ਬਰਾੜ ਹਥਿਆਰ

---

22. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 118.
23. *ਉਹੀ*, ਸਫ਼ਾ 120-21.

ਸੁੱਟਣ ਦੀ ਗੱਲ ਆਖ ਕੇ ਫ਼ੌਜ ਦੀ ਕੋਈ 'ਕਾਮਯਾਬੀ' ਸਾਬਿਤ ਕਰਨੀ ਚਾਹੁੰਦਾ ਹੋਵੇ। ਦਰਅਸਲ ਅਕਾਲ ਤਖ਼ਤ ਸਾਹਿਬ ਦੇ ਬਾਹਰ ਗਹਿ-ਗੱਚ ਲੜਾਈ ਹੋਈ ਸੀ ਤੇ ਚਸ਼ਮਦੀਦ ਗਵਾਹਾਂ ਮੁਤਾਬਿਕ ਇਕ ਵੀ ਖਾੜਕੂ ਉੱਥੋਂ ਜਿਊਂਦਾ ਫੜਿਆ ਨਹੀਂ ਸੀ ਗਿਆ।

ਸਰਾਵਾਂ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ

ਭਾਰਤੀ ਫ਼ੌਜ ਦੇ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ 5 ਤੇ 6 ਜੂਨ ਦੀ ਰਾਤ ਨੂੰ 9 ਕਮਾਊਂ ਰਜਮੈਂਟ ਅਤੇ 15 ਕਮਾਊਂ ਰਜਮੈਂਟ ਦੀਆਂ ਦੋ ਕੰਪਨੀਆਂ ਨੇ ਸਰਾਵਾਂ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ ਨੂੰ ਕਬਜ਼ੇ ਵਿਚ ਲੈਣ ਦੀ ਕਾਰਵਾਈ 5 ਤਾਰੀਖ਼ ਦੀ ਰਾਤ ਨੂੰ 10 ਵਜੇ ਸ਼ੁਰੂ ਕੀਤੀ ਸੀ। ਇਨ੍ਹਾਂ ਦੋ ਰਜਮੈਂਟਾਂ ਨੇ ਟੈਂਕਾਂ ਦੀਆਂ ਮਸ਼ੀਨਗੰਨਾਂ ਦੀ ਮਦਦ ਨਾਲ ਗੁਰੂ ਰਾਮਦਾਸ ਸਰਾਂ ਵੱਲ ਦਾ ਗੇਟ ਤੋੜਿਆ ਅਤੇ ਦਰਬਾਰ ਸਾਹਿਬ ਕੰਪਲੈਕਸ ਦੇ ਇਸ ਹਿੱਸੇ ਵਿਚ ਵੜਦਿਆਂ ਹੀ ਲੰਗਰ, ਗੁਰੂ ਰਾਮਦਾਸ ਸਰਾਂ ਅਤੇ ਤੇਜਾ ਸਿੰਘ ਸਮੁੰਦਰੀ ਹਾਲ 'ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹੀ ਇਕ ਬਟਾਲੀਅਨ ਗੁਰੂ ਰਾਮਦਾਸ ਨਿਵਾਸ ਦੇ ਅੰਦਰ ਜਾ ਵੜੀ। ਇਕ ਕੰਪਨੀ ਨੇ ਪੌੜੀਆਂ ਚੜ੍ਹ-ਚੜ੍ਹ ਕੇ ਤਿੰਨਾਂ ਮੰਜ਼ਿਲਾਂ 'ਤੇ ਕਬਜ਼ੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਦਾ ਮੁਕਾਬਲਾ ਕੁਝ ਖਾੜਕੂਆਂ ਨੇ ਕੀਤਾ। ਇਸ ਲੜਾਈ ਵਿਚ ਵੀ ਕਾਫ਼ੀ ਫ਼ੌਜੀ ਮਾਰੇ ਗਏ, ਪਰ ਕਿਉਂਕਿ ਭਾਰਤੀ ਫ਼ੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਉਸ ਕੋਲ ਅਸਲਾ ਵੀ ਵਧੇਰੇ ਚੰਗਾ ਅਤੇ ਬਹੁਤ ਜ਼ਿਆਦਾ ਸੀ, ਇਸ ਕਰ ਕੇ ਭਾਰਤੀ ਫ਼ੌਜ ਛੇਤੀ ਹੀ ਗੁਰੂ ਰਾਮਦਾਸ ਨਿਵਾਸ 'ਤੇ ਕਾਬਜ਼ ਹੋ ਗਈ। ਭਾਰਤੀ ਫ਼ੌਜ ਨੇ ਆਪਣੇ ਨਾਲ ਬਹੁਤ ਸਾਰੇ ਬੰਬ, ਹੱਥ-ਗੋਲੇ, ਲਿਆਂਦੇ ਹੋਏ ਸਨ। ਚਸ਼ਮਦੀਦ ਗਵਾਹਾਂ ਮੁਤਾਬਿਕ ਫ਼ੌਜ ਨੇ ਸਰਾਂ ਦੇ ਹਰ ਕਮਰੇ ਵਿਚ ਇਕ-ਇਕ, ਦੋ-ਦੋ ਬੰਬ ਸੁੱਟੇ ਤੇ ਅੰਦਰ ਠਹਿਰੇ ਮੁਸਾਫ਼ਿਰਾਂ ਅਤੇ ਅਕਾਲੀ ਮੋਰਚੇ ਵਿਚ ਗ੍ਰਿਫ਼ਤਾਰੀ ਵਾਸਤੇ ਆਏ ਜਥੇ ਦੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਇਸ ਅਪਰੇਸ਼ਨ ਵਿਚ ਸੈਂਕੜੇ ਸਿੱਖ ਮਾਰੇ ਗਏ। ਇਕ ਸੋਮਾ ਇਸ ਥਾਂ 'ਤੇ ਮਰਨ ਵਾਲੇ ਸਿੱਖਾਂ ਦੀ ਗਿਣਤੀ ਡੇਢ ਹਜ਼ਾਰ ਦੇ ਕਰੀਬ ਮੰਨਦਾ ਹੈ। ਇਸ ਮੌਕੇ 'ਤੇ ਕੁਝ ਮੁਸਾਫ਼ਿਰਾਂ ਨੇ ਹੱਥ ਖੜ੍ਹੇ ਕਰ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਵੀ ਪੇਸ਼ ਕੀਤਾ ਸੀ। ਇਨ੍ਹਾਂ ਵਿਚ ਬਹੁਤ ਸਾਰੇ ਬੰਗਲਾ ਦੇਸ਼ੀ ਸਨ, ਜੋ ਅਗਲੀ ਸਵੇਰ ਨੂੰ ਲਾਹੌਰ ਜਾਣ ਵਾਲੀ ਗੱਡੀ ਫੜਨ ਆਏ ਸਨ ਅਤੇ ਸਰਾਂ ਵਿਚ ਠਹਿਰੇ ਹੋਏ ਸਨ। ਜਦੋਂ ਭਾਰਤੀ ਫ਼ੌਜ ਨੇ ਇਸ ਸਰਾਂ 'ਤੇ ਪੂਰਾ ਕਬਜ਼ਾ ਕਰ ਲਿਆ ਤਾਂ ਦੋ ਕੰਪਨੀਆਂ ਨੂੰ ਇੱਥੇ ਛੱਡ ਦਿੱਤਾ ਗਿਆ ਅਤੇ ਬਾਕੀ ਦੋ ਕੰਪਨੀਆਂ ਨੇ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਕੇ. ਭਾਊਮੀਕ ਦੀ ਅਗਵਾਈ ਹੇਠ 'ਤੇਜਾ ਸਿੰਘ ਸਮੁੰਦਰੀ ਹਾਲ' ਵੱਲ ਕੂਚ ਕਰ ਦਿੱਤਾ। ਤੇਜਾ ਸਿੰਘ ਸਮੁੰਦਰੀ ਹਾਲ ਅਤੇ ਗੁਰੂ ਨਾਨਕ ਨਿਵਾਸ (ਸਰਾਂ) ਇਕ ਦੂਜੇ ਦੇ ਨਾਲ-ਨਾਲ ਹਨ ਤੇ ਵਿਚੋਂ ਹੀ ਰਸਤਾ ਵੀ ਦੋਹਾਂ ਨੂੰ ਜੋੜਦਾ ਹੈ। ਅਕਾਲੀ ਦਲ ਦੇ ਸਾਰੇ ਆਗੂ ਇਨ੍ਹਾਂ ਦੋਹਾਂ ਇਮਾਰਤਾਂ ਵਿਚ ਹੀ ਬੈਠੇ ਸਨ। ਸ਼੍ਰੋਮਣੀ ਕਮੇਟੀ ਦਾ ਦਫ਼ਤਰ ਵੀ ਇੱਥੇ ਹੀ ਸੀ।[24]

ਰਾਤ ਢਾਈ ਵਜੇ ਦੇ ਕਰੀਬ ਭਾਊਮੀਕ ਨੇ ਇਨ੍ਹਾਂ ਦੋਹਾਂ ਇਮਾਰਤਾਂ ਨੂੰ ਘੇਰ ਲਿਆ ਅਤੇ ਉੱਥੋਂ ਬਾਹਰ ਨਿਕਲਣ ਦੇ ਰਸਤੇ ਸੀਲ ਕਰ ਦਿੱਤੇ। ਉਸ ਵੇਲੇ ਦਰਬਾਰ ਸਾਹਿਬ

---

24. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 124-27.

ਕੰਪਲੈਕਸ ਦੀ ਬਿਜਲੀ ਬਿਲਕੁਲ ਬੰਦ ਸੀ ਤੇ ਉੱਪਰੋਂ ਇਹ ਹਨੇਰੀ ਰਾਤ ਸੀ। ਇੰਦਰਾ ਵਲੋਂ ਫ਼ੌਜ ਨੂੰ ਇਹ ਹਿਦਾਇਤ ਸੀ ਕਿ ਲੌਂਗੋਵਾਲ ਅਤੇ ਉਸ ਦੇ ਸਾਥੀ ਅਕਾਲੀ ਆਗੂਆਂ ਨੂੰ ਮਾਰਨਾ ਨਹੀਂ ਬਲਕਿ ਗ੍ਰਿਫ਼ਤਾਰ ਕਰਨਾ ਹੈ। ਦਰਅਸਲ ਇੰਦਰਾ ਚਾਹੁੰਦੀ ਸੀ ਕਿ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਇਕ ਤਾਂ 'ਹੱਥ ਖੜ੍ਹੇ ਕਰ ਕੇ ਗ੍ਰਿਫ਼ਤਾਰੀ ਦਿੱਤੀ' ਆਖ ਕੇ ਬਦਨਾਮ ਕੀਤਾ ਜਾਏ, ਅਤੇ ਦੂਜਾ, ਇਹ ਸਾਬਿਤ ਕੀਤਾ ਜਾਏ ਕਿ ਫ਼ੌਜ ਨੇ 'ਹਥਿਆਰ ਸੁੱਟਣ ਵਾਲੇ' ਕਿਸੇ ਵੀ ਸ਼ਖ਼ਸ ਨੂੰ ਮਾਰਿਆ ਨਹੀਂ ਸੀ। ਪਰ ਖਾੜਕੂਆਂ ਦਾ ਕਹਿਣਾ ਹੈ ਕਿ ਫ਼ੌਜ ਤਾਂ ਟੌਹੜਾ, ਲੌਂਗੋਵਾਲ ਤੇ ਬਲਵੰਤ ਸਿੰਘ ਸੁਲਤਾਨਪੁਰੀ ਦੀ ਮਰਜ਼ੀ ਨਾਲ ਹੀ ਆਈ ਸੀ ਤੇ ਇਹ ਗ੍ਰਿਫ਼ਤਾਰੀ ਪਹਿਲਾਂ ਕੀਤੀ ਪਲਾਨਿੰਗ ਮੁਤਾਬਿਕ ਹੀ ਹੋਈ ਸੀ।

ਬਰਾੜ ਦਾ ਕਹਿਣਾ ਹੈ ਕਿ ਜਦੋਂ ਭਾਊਮੀਕ ਨੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਗੇਟ ਸੀਲ ਕਰ ਦਿੱਤੇ ਤਾਂ ਗੁਰੂ ਰਾਮਦਾਸ ਸਰਾਂ ਵਿਚੋਂ ਗ੍ਰਿਫ਼ਤਾਰ ਕੀਤੇ ਬੰਦਿਆਂ ਵਿਚੋਂ 2 ਜਣਿਆਂ ਨੇ ਅਕਾਲੀ ਆਗੂਆਂ ਦੇ ਅਸਲ ਟਿਕਾਣੇ ਦਾ ਪਤਾ ਹੋਣ ਦਾ ਦਾਅਵਾ ਕੀਤਾ ਤਾਂ ਉਨ੍ਹਾਂ ਨੂੰ ਇਨ੍ਹਾਂ ਆਗੂਆਂ ਦਾ ਪਤਾ ਕਰਨ ਵਾਸਤੇ ਭੇਜਿਆ ਗਿਆ। ਜਦੋਂ ਇਨ੍ਹਾਂ ਦੋਹਾਂ ਨੇ ਵਾਪਿਸ ਆ ਕੇ ਲੌਂਗੋਵਾਲ, ਟੌਹੜਾ ਵਗ਼ੈਰਾ ਦੇ ਉੱਥੇ ਹੋਣ ਦੀ ਤਾਈਦ ਕੀਤੀ ਤਾਂ ਮੇਜਰ ਐਚ.ਕੇ. ਪਲਟਾ, ਇਕ ਫ਼ੌਜੀ ਟੁਕੜੀ ਅਤੇ ਇਨ੍ਹਾਂ ਦੋਹਾਂ ਸਿੱਖਾਂ ਨੂੰ ਲੈ ਕੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਕਮਰੇ ਵਿਚ ਗਏ। ਇੱਥੇ ਇਨ੍ਹਾਂ ਅਕਾਲੀ ਆਗੂਆਂ ਤੋਂ ਇਲਾਵਾ ਬੀਬੀ ਅਮਰਜੀਤ ਕੌਰ ਤੇ ਕਈ ਹੋਰ ਸਿਰਕਰਦਾ ਵਰਕਰ ਵੀ ਹਾਜ਼ਿਰ ਸਨ। ਭਾਰਤੀ ਫ਼ੌਜ ਨੇ ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸਿਰਫ਼ ਇਕ ਹਫ਼ਤਾ ਪਹਿਲਾਂ ਹੀ ਟੌਹੜਾ ਲੌਂਗੋਵਾਲ ਨੇ ਇਕ ਬਿਆਨ ਵਿਚ ਕਿਹਾ ਸੀ ਕਿ "ਫ਼ੌਜ ਨੂੰ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਣ ਤੋਂ ਪਹਿਲਾਂ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਜਾਣਾ ਪਵੇਗਾ।" ਉਂਞ ਜਿਸ ਤਰੀਕੇ ਨਾਲ ਇਨ੍ਹਾਂ ਗ੍ਰਿਫ਼ਤਾਰੀ ਦਿੱਤੀ ਸੀ, ਇਹ 'ਬੇਗ਼ੈਰਤ ਲਾਸ਼ਾਂ' ਹੀ ਤਾਂ ਸਨ।

ਇਸ ਵੇਲੇ ਤਕ ਫ਼ੌਜ ਨੇ ਵੱਖ-ਵੱਖ ਮੁਸਾਫ਼ਿਰ ਕਮਰਿਆਂ ਵਿਚੋਂ 350 ਦੇ ਕਰੀਬ ਮੁਸਾਫ਼ਿਰ ਤੇ ਸਿੱਖ ਵਰਕਰ ਗ੍ਰਿਫ਼ਤਾਰ ਕਰ ਕੇ ਬਾਹਰ ਲੈ ਆਂਦੇ ਸਨ। ਇਸ ਮੌਕੇ 'ਤੇ ਇਕ ਗਰਨੇਡ ਉੱਥੇ ਡਿਗਿਆ, ਜਿਸ ਨਾਲ ਗੁਰਚਰਨ ਸਿੰਘ (ਸਕੱਤਰ ਅਕਾਲੀ ਦਲ), ਜੋ ਸੋਢੀ ਸੁਰਿੰਦਰ ਸਿੰਘ ਦੇ ਕਤਲ 'ਚ ਸ਼ਾਮਿਲ ਸੀ, ਅਤੇ ਹੋਰ ਦਰਜਨਾਂ ਸਿੱਖ ਮਾਰੇ ਗਏ। ਇਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸਨ। ਭਾਰਤੀ ਫ਼ੌਜ ਮੁਤਾਬਿਕ ਇਹ ਗਰਨੇਡ ਖਾੜਕੂਆਂ ਨੇ ਸੁੱਟਿਆ ਸੀ ਅਤੇ ਇਸ ਦੇ ਜਵਾਬ ਵਿਚ ਫ਼ੌਜ ਨੇ ਗੋਲੀ ਚਲਾਈ ਸੀ। ਇਸ ਦੋ-ਪਾਸੜ ਜੰਗ 'ਚ 70 ਤੋਂ ਵੱਧ ਲੋਕ ਮਾਰੇ ਗਏ ਸਨ।[25] ਦੂਜੇ ਪਾਸੇ ਖਾੜਕੂਆਂ ਦਾ ਕਹਿਣਾ ਹੈ ਕਿ ਇਹ ਗਰਨੇਡ ਫ਼ੌਜ ਨੇ ਹੀ ਸੁੱਟਿਆ ਸੀ, ਕਿਉਂਕਿ ਫ਼ੌਜ ਨੂੰ ਗ੍ਰਿਫ਼ਤਾਰ ਕਰਨ ਦਾ ਨਹੀਂ, ਬਲਕਿ ਹਰ ਇਕ ਨੂੰ (ਅਕਾਲੀ ਆਗੂਆਂ ਨੂੰ ਛੱਡ ਕੇ) ਮਾਰ ਦੇਣ ਦਾ ਹੀ ਹੁਕਮ ਹਾਸਿਲ ਸੀ। ਇਹ ਗੱਲ ਇਸ ਵਾਕਿਆ ਤੋਂ ਵੀ ਸਾਬਿਤ ਹੁੰਦੀ ਹੈ ਕਿ ਸਾਢੇ ਚਾਰ ਵਜੇ ਇਕ ਵਾਰ ਫੇਰ ਇਹੋ ਜਿਹਾ ਬੰਬ ਉੱਥੇ ਹੀ ਸੁਟਿਆ ਗਿਆ। ਸਾਢੇ ਤਿੰਨ ਵਜੇ ਫ਼ੌਜ ਦਾ ਕਬਜ਼ਾ ਹੋਣ ਮਗਰੋਂ ਖਾੜਕੂਆਂ ਵਲੋਂ ਬੰਬ ਨਹੀਂ ਸੀ ਸੁਟਿਆ ਜਾ ਸਕਦਾ। ਇਸ ਦੂਜੇ ਗਰਨੇਡ ਨਾਲ ਵੀ ਬਹੁਤ ਸਾਰੇ ਸਿੱਖ ਮਾਰੇ ਗਏ। ਇਨ੍ਹਾਂ ਮਰਨ ਵਾਲਿਆਂ

25. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 128-30.

ਵਿਚ ਇਕ ਵੀ ਫ਼ੌਜੀ ਨਹੀਂ ਸੀ। ਜੇ ਖਾੜਕੂਆਂ ਨੇ ਅਜਿਹਾ ਐਕਸ਼ਨ ਕੀਤਾ ਹੁੰਦਾ ਤਾਂ ਘੱਟੋ-ਘੱਟ ਉਹ ਫ਼ੌਜੀਆਂ ਦੇ ਉੱਤੇ ਵੀ ਬੰਬ ਸੁੱਟਦੇ।

ਤੇਜਾ ਸਿੰਘ ਸਮੁੰਦਰੀ ਹਾਲ ਤੋਂ ਬਾਅਦ ਸਵਾ ਪੰਜ ਵਜੇ ਗੁਰੂ ਨਾਨਕ ਨਿਵਾਸ 'ਤੇ ਵੀ ਕਬਜ਼ਾ ਕਰ ਲਿਆ ਗਿਆ। ਇੱਥੋਂ ਵੀ ਢਾਈ ਤਿੰਨ ਸੌ ਮੁਸਾਫ਼ਿਰ ਗ੍ਰਿਫ਼ਤਾਰ ਕੀਤੇ ਗਏ। ਸਵੇਰੇ 9 ਵਜੇ ਗੁਰੂ ਰਾਮਦਾਸ ਨਿਵਾਸ ਦੇ ਤਹਿਖ਼ਾਨਿਆਂ 'ਚੋਂ ਵੀ ਸਿੱਖ ਗ੍ਰਿਫ਼ਤਾਰ ਕੀਤੇ ਗਏ। ਸਵੇਰੇ 10 ਵਜੇ ਤਕ ਫ਼ੌਜ ਨੇ ਗੁਰੂ ਰਾਮਦਾਸ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਗੁਰੂ ਨਾਨਕ ਨਿਵਾਸ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਸੀ। ਇਸ ਵੇਲੇ 9 ਕਮਾਊਂ ਦੀਆਂ ਦੋ ਕੰਪਨੀਆਂ ਗੁਰੂ ਰਾਮਦਾਸ ਸਰਾਂ ਅਤੇ ਇਕ-ਇਕ ਗੁਰੂ ਨਾਨਕ ਨਿਵਾਸ ਅਤੇ ਤੇਜਾ ਸਿੰਘ ਸਮੁੰਦਰੀ ਹਾਲ 'ਤੇ ਕਾਬਜ਼ ਸਨ। ਇਨ੍ਹਾਂ ਤਿੰਨਾਂ ਥਾਵਾਂ 'ਤੇ ਕਬਜ਼ੇ ਦੌਰਾਨ ਫ਼ੌਜ ਨੂੰ ਹਰਮਿੰਦਰ ਸਿੰਘ ਸੰਧੂ ਤੇ ਮਨਜੀਤ ਸਿੰਘ (ਭਰਾ ਭਾਈ ਅਮਰੀਕ ਸਿੰਘ), ਸੀਨੀਅਰ ਅਕਾਲੀ ਆਗੂਆਂ (ਜਥੇਦਾਰ ਟੌਹੜਾ, ਲੌਂਗੋਵਾਲ), ਬੀਬੀ ਅਮਰਜੀਤ ਕੌਰ, ਭਾਨ ਸਿੰਘ, ਰਾਮੂਵਾਲੀਆ ਤੋਂ ਇਲਾਵਾ ਹੋਰ ਕੋਈ ਵੀ ਸਰਗਰਮ ਆਗੂ, ਵਰਕਰ ਜਾਂ ਖਾੜਕੂ ਹੱਥ ਨਹੀਂ ਆਇਆ ਸੀ। ਇਨ੍ਹਾਂ ਮੋਰਚਿਆਂ ਵਿਚ ਹਾਜ਼ਿਰ ਬਬਰ ਖਾਲਸਾ ਵਰਕਰ ਤਾਂ 5-6 ਜੂਨ ਦੀ ਰਾਤ ਨੂੰ ਹੀ ਚੁੱਪਚਾਪ ਉੱਥੋਂ ਨਿਕਲ ਗਏ ਸਨ।

ਇਸ ਪਾਸੇ ਤਾਂ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਕਬਜ਼ਾ ਕਰ ਰਹੀ ਸੀ ਤੇ ਦੂਜੇ ਪਾਸੇ ਸ਼ਹਿਰ ਵਿਚ ਅਤੇ ਸ਼ਹਿਰ ਨੂੰ ਆਉਣ ਵਾਲੇ ਸਾਰੇ ਰਸਤਿਆਂ 'ਤੇ ਵੀ ਫ਼ੌਜਾਂ ਤਾਈਨਾਤ ਸਨ। ਦਰਬਾਰ ਸਾਹਿਬ ਦੇ ਦੁਆਲੇ 12 ਬਿਹਾਰ ਰਜਮੈਂਟ ਦਾ ਘੇਰਾ ਸੀ, ਜਿਸ ਨੇ ਉੱਥੇ ਨਜ਼ਰ ਆਉਂਦੇ ਹਰ ਸਿੱਖ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ। 54 ਪਿਆਦਾ ਡਵੀਜ਼ਨ ਅੰਮ੍ਰਿਤਸਰ ਨੇ ਸਾਰੇ ਪਾਸਿਆਂ ਤੋਂ ਨਾਕਾਬੰਦੀ ਕੀਤੀ ਹੋਈ ਸੀ।

ਬਰਾੜ ਮੁਤਾਬਿਕ 6 ਜੂਨ ਦੀ ਰਾਤ ਤਕ ਅਕਾਲ ਤਖ਼ਤ ਸਾਹਿਬ 'ਤੇ ਪੂਰਾ ਕਬਜ਼ਾ ਹੋ ਚੁੱਕਾ ਸੀ। 26 ਮਦਰਾਸ ਰਜਮੈਂਟ ਨੇ ਤਖ਼ਤ ਸਾਹਿਬ ਦੇ ਅੰਦਰ ਦਾਖ਼ਿਲ ਹੋ ਕੇ ਸਿਰਫ਼ ਇਕ ਬੰਦਾ ਹੀ ਗ੍ਰਿਫ਼ਤਾਰ ਕੀਤਾ। ਬਾਕੀ ਸਾਰੇ ਸ਼ਹੀਦ ਹੋ ਚੁੱਕੇ ਸਨ। ਬਰਾੜ ਮੁਤਾਬਿਕ ਇਸ ਵੇਲੇ ਤਕ ਬਾਬਾ ਜਰਨੈਲ ਸਿੰਘ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ 38 ਹੋਰ ਸਿੰਘਾਂ ਦੀਆਂ ਲਾਸ਼ਾਂ ਅਕਾਲ ਤਖ਼ਤ ਸਾਹਿਬ ਦੇ ਤਹਿਖ਼ਾਨੇ ਵਿਚੋਂ ਮਿਲੀਆਂ।[26] ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਿਰਫ਼ 41 ਸਿੱਖਾਂ ਨੇ ਹਜ਼ਾਰਾਂ ਭਾਰਤੀ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਅਤੇ ਤਿੰਨ ਦਿਨ ਤਕ ਇਕ ਇੰਚ ਵੀ ਅੱਗੇ ਨਹੀਂ ਸੀ ਵਧਣ ਦਿੱਤਾ।

ਆਖ਼ਰੀ ਨਕਸ਼ਾ

ਭਾਰਤੀ ਫ਼ੌਜ ਨੇ 6 ਜੂਨ ਸਵੇਰ ਤਕ ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ 'ਤੇ ਕਬਜ਼ਾ ਕਰ ਲਿਆ ਸੀ। ਇੰਵ ਹੀ ਦੂਜੇ ਪਾਸੇ ਸਿੱਖ

26. ਕੇ.ਐਸ. ਬਰਾੜ, *ਓਪਰੇਸ਼ਨ ਬਲੂ ਸਟਾਰ* (1993), ਪੰਜਾਬੀ ਐਡੀਸ਼ਨ, ਸਫ਼ਾ 132-137, ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੀ ਤਫ਼ਸੀਲ ਦਾ ਕਾਫ਼ੀ ਹਿੱਸਾ ਕੇ.ਐਸ. ਬਰਾੜ ਦੀ ਕਿਤਾਬ 'ਚ ਪੇਸ਼ ਕੀਤੀ ਹੋਈ ਸਮਗਰੀ 'ਚੋਂ ਲਿਆ ਗਿਆ ਹੈ। ਫ਼ੌਜੀ ਕੰਪਨੀਆਂ, ਸਮਾਂ, ਅਸਲਾ ਬਾਰੇ ਉਸ ਦੀ ਜਾਣਕਾਰੀ ਸਹੀ ਹੋ ਸਕਦੀ ਸੀ। ਉਂਵ ਬਾਕੀ ਦੀ ਇਹ ਕਿਤਾਬ ਸਰਕਾਰੀ ਬਿਆਨ ਤੋਂ ਸਿਵਾ ਕੁਝ ਵੀ ਨਹੀਂ ਅਤੇ ਵਧੇਰੇ ਕਰ ਕੇ ਝੂਠੀ ਤੇ ਬੇ-ਬੁਨਿਆਦ ਪ੍ਰਾਪੇਗੰਡਾ ਸਮੱਗਰੀ ਨਾਲ ਭਰੀ ਹੋਈ ਹੈ।

ਰੈਫ਼ਰੈਂਸ ਲਾਇਬਰੇਰੀ 'ਤੇ ਤਾਂ 5 ਜੂਨ ਦੀ ਅੱਧੀ ਰਾਤ ਤੋਂ ਕੁਝ ਚਿਰ ਬਾਅਦ (ਤਕਰੀਬਨ ਡੇਢ ਵਜੇ) ਭਾਰਤੀ ਫ਼ੌਜ ਕਾਬਜ਼ ਹੋ ਚੁੱਕੀ ਸੀ। ਇਨ੍ਹਾਂ ਸਾਰੀਆਂ ਥਾਵਾਂ 'ਤੇ ਕਬਜ਼ਾ ਕਰਨ ਮਗਰੋਂ ਭਾਰਤੀ ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚੋਂ ਸਾਰਾ ਸਮਾਨ ਚੁੱਕ ਲਿਆ ਅਤੇ ਅਲਮਾਰੀਆਂ ਵਗ਼ੈਰਾ ਨੂੰ ਅੱਗ ਲਾ ਦਿੱਤੀ। ਇਹ ਸਾਰੀਆਂ ਕਿਤਾਬਾਂ ਅਤੇ ਕੀਮਤੀ ਦਸਤਾਵੇਜ਼ 200 ਤੋਂ ਵੱਧ ਨਵੇਂ ਖ਼ਰੀਦੇ ਬਕਸਿਆਂ ਵਿਚ ਪਾ ਕੇ ਫ਼ੌਜ ਆਪਣੇ ਨਾਲ ਲੈ ਗਈ। ਇੰਞ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੇ ਰਿਕਾਰਡ ਵੀ ਫ਼ੌਜ ਚੁੱਕ ਕੇ ਲੈ ਗਈ ਤੇ ਇਨ੍ਹਾਂ ਇਮਾਰਤਾਂ ਨੂੰ ਵੀ ਅੱਗ ਲਾ ਦਿੱਤੀ ਗਈ। ਬਰਾੜ ਨੇ ਆਪਣੀ ਪ੍ਰਾਪੇਗੰਡਾ ਵਾਸਤੇ ਲਿਖੀ ਕਿਤਾਬ ਵਿਚ ਇਸ ਕਿਤੇ ਵੀ ਜ਼ਿਕਰ ਨਹੀਂ ਕੀਤਾ ਕਿ 5 ਜੂਨ ਤਕ ਹੋਈ ਫ਼ਾਇਰਿੰਗ ਵਿਚ ਲਾਇਬਰੇਰੀ ਜਾਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਦਫ਼ਤਰਾਂ ਨੂੰ ਅੱਗ ਲਗੀ ਸੀ। ਇਨ੍ਹਾਂ ਦਾ ਰਿਕਾਰਡ ਚੁੱਕਣ ਅਤੇ ਮਗਰੋਂ ਇਮਾਰਤ ਨੂੰ ਅੱਗ ਲਾਉਣ ਬਾਰੇ ਕਈ ਚਸ਼ਮਦੀਦ ਗਵਾਹਾਂ ਨੇ ਵੀ ਤਸਦੀਕ ਕੀਤੀ ਹੈ।

ਇਸ ਹਮਲੇ ਦੌਰਾਨ ਭਾਰਤੀ ਫ਼ੌਜਾਂ ਨੇ ਹਰਿਮੰਦਰ ਸਾਹਿਬ 'ਤੇ ਵੀ ਬਹੁਤ ਸਾਰੀਆਂ ਗੋਲੀਆਂ ਚਲਾਈਆਂ। ਇੱਥੇ ਤਕਰੀਬਨ 350 ਨਿਸ਼ਾਨ ਵੇਖੇ ਗਏ ਸਨ। ਭਾਰਤੀ ਫ਼ੌਜ ਦੀਆਂ ਦੋ ਪਾਸਿਆਂ ਤੋਂ ਆਈਆਂ ਦੋ ਗੋਲੀਆਂ ਨਾਲ ਕੀਰਤਨ ਕਰ ਰਹੇ ਇਕ ਭਾਈ ਅਵਤਾਰ ਸਿੰਘ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਮਗਰੋਂ ਸ਼ਹੀਦ ਹੋਏ ਸਨ ਅਤੇ ਇਕ ਗੋਲੀ ਸੰਨ 1830 ਦੇ ਗੁਰੂ ਗ੍ਰੰਥ ਸਾਹਿਬ ਦੇ ਉਸ ਸਰੂਪ ਨੂੰ ਵੀ ਲਗੀ ਸੀ, ਜਿਸ ਦਾ ਕਿ ਹਰਿਮੰਦਰ ਸਾਹਿਬ ਵਿਚ ਉਸ ਵੇਲੇ (6 ਜੂਨ ਦੀ ਸਵੇਰ ਨੂੰ) ਪ੍ਰਕਾਸ਼ ਕੀਤਾ ਹੋਇਆ ਸੀ। ਇਸ ਮੌਕੇ 'ਤੇ ਗਿਆਨੀ ਮੋਹਨ ਸਿੰਘ, ਗਿਆਨੀ ਪੂਰਨ ਸਿੰਘ, ਇਕ ਸੂਰਮਾ ਸਿੰਘ ਤੇ (ਸ਼ਹੀਦ ਹੋਏ) ਭਾਈ ਅਵਤਾਰ ਸਿੰਘ ਹੀ ਹਾਜ਼ਿਰ ਸਨ। ਇਸੇ ਦਿਨ ਫ਼ੌਜ ਨੇ ਹਰਿਮੰਦਰ ਸਾਹਿਬ ਦੀ ਤਲਾਸ਼ੀ ਵੀ ਲਈ ਸੀ। ਫ਼ੌਜ ਨੂੰ ਹਰਿਮੰਦਰ ਸਾਹਿਬ ਦੇ ਅੰਦਰੋਂ ਇਕ ਵੀ ਖਾੜਕੂ ਜਾਂ ਮਾੜਾ-ਮੋਟਾ ਵੀ ਅਸਲਾ ਨਹੀਂ ਸੀ ਲੱਭਿਆ।

ਹਰਿਮੰਦਰ ਸਾਹਿਬ 'ਤੇ ਭਾਰਤੀ ਫ਼ੌਜ ਦੀਆਂ ਗੋਲੀਆਂ ਨਾਲ ਤੋਸ਼ੇਖ਼ਾਨਾ ਵਿਚ ਅੱਗ ਵੀ ਲੱਗ ਗਈ ਸੀ। ਇਸ ਅੱਗ ਨਾਲ ਨਵਾਬ ਹੈਦਰਾਬਾਦ ਵਲੋਂ ਰਣਜੀਤ ਸਿੰਘ ਨੂੰ ਤੋਹਫ਼ੇ ਵਿਚ ਮਿਲੀ ਚਾਨਣੀ ਸੜ ਕੇ ਸੁਆਹ ਹੋ ਗਈ ਸੀ ਤੇ ਹੋਰ ਵੀ ਬਹੁਤ ਨੁਕਸਾਨ ਹੋਇਆ ਸੀ।

ਫ਼ੌਜ ਮੁਤਾਬਿਕ ਲੜਾਈ 6 ਤਾਰੀਖ਼ ਦੀ ਅੱਧੀ ਰਾਤ ਤਕ ਚਲਦੀ ਰਹੀ ਸੀ। ਇਸ ਦੇ ਨਾਲ ਹੀ ਸਾਰਾ ਦਿਨ ਲਾਸ਼ਾਂ ਢੋਣ ਦਾ ਕੰਮ ਵੀ ਚਲਦਾ ਰਿਹਾ। ਹਜ਼ਾਰਾਂ ਫ਼ੌਜੀਆਂ ਦੀਆਂ ਲਾਸ਼ਾਂ ਫ਼ੌਜੀ ਟਰੱਕਾਂ ਵਿਚ ਲਿਜਾਈਆਂ ਗਈਆਂ ਅਤੇ ਸਿੱਖਾਂ ਦੀਆਂ ਲਾਸ਼ਾਂ ਢੋਣ ਵਾਸਤੇ ਮਿਊਂਸਪਲ ਕਮੇਟੀ ਦੀਆਂ ਕੂੜਾਂ ਚੁੱਕਣ ਵਾਲੀਆਂ ਟਰਾਲੀਆਂ ਲਿਆਂਦੀਆਂ ਗਈਆਂ। ਇਨ੍ਹਾਂ ਲਾਸ਼ਾਂ ਨੂੰ ਅੰਮ੍ਰਿਤਸਰ ਤੇ ਆਲੇ-ਦੁਆਲੇ ਦੇ ਸ਼ਮਸ਼ਾਨ ਘਾਟਾਂ ਵਿਚ ਇਕੱਠੀਆਂ ਕਰ ਕੇ ਬਿਨਾਂ ਕਿਸੇ ਧਾਰਮਿਕ ਰਸਮਾਂ ਦੇ ਫੂਕ ਦਿੱਤਾ ਗਿਆ।

ਦਰਬਾਰ ਸਾਹਿਬ ਵਿਚ ਤਕਰੀਬਨ 1000 ਦੇ ਕਰੀਬ ਯਾਤਰੂ ਗ੍ਰਿਫ਼ਤਾਰ ਕੀਤੇ ਗਏ ਸਨ। ਇਨ੍ਹਾਂ ਵਿਚ ਕੁਝ ਉਹ ਵੀ ਸਨ, ਜੋ ਨੱਛਤਰ ਸਿੰਘ ਭਲਵਾਨ ਦੇ ਜਥੇ ਵਿਚ ਅਗਲੇ ਦਿਨ ਗ੍ਰਿਫ਼ਤਾਰੀ ਦੇਣ ਵਾਸਤੇ ਆਏ ਹੋਏ ਸਨ। ਇਨ੍ਹਾਂ ਵਿਚੋਂ ਇਕ ਵੀ ਖਾੜਕੂ ਨਹੀਂ ਸੀ, ਕਿਉਂਕਿ ਖਾੜਕੂ ਜਾਂ ਤਾਂ ਲੜਦੇ ਜਾਨ ਦੇ ਗਏ ਸਨ ਤੇ ਜਾਂ ਮਕਾਨਾਂ ਦੇ ਵਿਚੋਂ

ਹੁੰਦੇ ਹੋਏ ਖਿਸਕ ਗਏ ਸਨ। ਦੋ ਚਾਰ ਨੌਜਵਾਨ ਅਜਿਹੇ ਸਨ, ਜਿਨ੍ਹਾਂ ਦੇ ਹੱਥਾਂ ਨੂੰ ਸੁੰਘ ਕੇ ਫ਼ੌਜ ਨੇ ਪਤਾ ਲਾਇਆ ਕਿ ਉਨ੍ਹਾਂ ਨੇ ਗੋਲੀਆਂ ਚਲਾਈਆਂ ਸਨ। ਜਿਹੜੇ ਇਸ ਕਿਸਮ ਦੇ ਲੋਕ ਨਿਕਲੇ ਫ਼ੌਜ ਨੇ ਉਨ੍ਹਾਂ ਨੂੰ ਲਾਈਨ ਵਿਚ ਖੜਾ ਕਰ ਕੇ ਗੋਲੀ ਮਾਰ ਦਿੱਤੀ। ਇੰਞ ਹੀ ਫੜੇ ਹੋਏ ਲੋਕਾਂ ਵਿਚੋਂ ਕੋਈ 20 ਕੁ ਨੌਜਵਾਨਾਂ ਦੇ ਹੱਥ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ। ਇਹ ਖ਼ਬਰ ਬਰਤਾਨਵੀ ਪ੍ਰੈਸ ਨੇ ਵੀ ਦਿੱਤੀ ਸੀ ਤੇ ਇਸ ਦੀ ਤਾਈਦ ਪੋਸਟ ਮਾਰਟਮ ਕਰਨ ਵਾਲੇ ਡਾਕਟਰਾਂ ਨੇ ਵੀ ਕੀਤੀ ਸੀ। ਗ੍ਰਿਫ਼ਤਾਰ ਸਿੱਖਾਂ ਨੂੰ ਟਰੱਕਾਂ ਵਿਚ ਤੁੰਨ ਕੇ ਛਾਉਣੀ 'ਚ ਲਿਜਾਇਆ ਗਿਆ ਅਤੇ ਛੋਟੇ-ਛੋਟੇ ਬੰਦ ਕਮਰਿਆਂ ਵਿਚ ਡੱਕ ਦਿੱਤਾ ਗਿਆ। ਇਨ੍ਹਾਂ ਵਿਚੋਂ ਕਈ ਸਾਹ ਘੁੱਟਣ ਕਰ ਕੇ ਅਤੇ ਕਈ ਪਿਆਸ ਨਾਲ ਤੜਫ਼ ਕੇ ਮਰ ਗਏ। ਦਰਬਾਰ ਸਾਹਿਬ ਵਿਚ ਵੀ ਗ੍ਰਿਫ਼ਤਾਰ ਕੀਤੇ ਸਿੱਖਾਂ ਵਿਚੋਂ ਕਈ ਫ਼ੌਜੀਆਂ ਦੇ ਬੱਟਾਂ ਨਾਲ ਅਤੇ ਕਈ ਪਿਆਸ ਨਾਲ ਮਰ ਗਏ।

ਕਿੰਨੇ ਫ਼ੌਜੀ ਮਰੇ

ਭਾਵੇਂ ਸਰਕਾਰ ਰਿਪੋਰਟ ਵਿਚ ਮਰਨ ਵਾਲਿਆਂ ਵਿਚ ਸਿਰਫ਼ 83 ਫ਼ੌਜੀ ਤੇ 493 ਸਿੱਖ ਸਨ, ਪਰ ਗ਼ੈਰ-ਸਰਕਾਰੀ ਰਿਪੋਰਟਾਂ ਮੁਤਾਬਿਕ 1208 ਫ਼ੌਜੀ, 122 ਦੇ ਕਰੀਬ ਖਾੜਕੂ ਸਿੱਖ ਅਤੇ 3228 ਆਮ ਸਿੱਖ ਤੇ ਬੰਗਲਾਦੇਸ਼ੀ ਮੁਸਾਫ਼ਿਰ ਮਾਰੇ ਗਏ ਸਨ। ਸਰਕਾਰੀ ਵਾਈਟ ਪੇਪਰ ਮੁਤਾਬਿਕ ਹੋਰ ਗੁਰਦੁਆਰਿਆਂ ਵਗ਼ੈਰਾਂ 'ਚ ਹਮਲੇ ਦੌਰਾਨ 9 ਹੋਰ ਫ਼ੌਜੀ ਤੇ 60 ਸਿੱਖ ਮਾਰੇ ਗਏ ਸਨ। ਸਰਕਾਰ ਨੇ 287 ਫ਼ੌਜੀਆਂ ਦਾ ਜ਼ਖ਼ਮੀ ਹੋਣਾ ਅਤੇ 121 ਸਿੱਖਾਂ ਦਾ ਫੱਟੜ ਹੋਣਾ ਮੰਨਿਆ ਹੈ। ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ ਜ਼ਖ਼ਮੀਆਂ ਵਿਚ 3000 ਫ਼ੌਜੀ, 12 ਖਾੜਕੂ ਅਤੇ 1526 ਸਿੱਖ ਤੇ ਬੰਗਲਾਦੇਸ਼ੀ ਮੁਸਾਫ਼ਿਰ ਸ਼ਾਮਿਲ ਸਨ। ਇਸੇ ਰਿਪੋਰਟ 'ਚ ਸਰਕਾਰ ਨੇ ਦਰਬਾਰ ਸਾਹਿਬ 'ਚ 1592, ਹੋਰ ਗੁਰਦੁਆਰਿਆਂ 'ਚੋਂ 796 ਤੇ ਬਾਕੀ ਜਗ੍ਹਾਂ ਤੋਂ 2324 (ਕੁਲ 4712) ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਮੰਨੀਆਂ ਹਨ।[27]

ਦਰਬਾਰ ਸਾਹਿਬ ਕੰਪਲੈਕਸ ਵਿਚ ਭਾਰਤੀ ਫ਼ੌਜ ਨੇ 1965 ਤੇ 1971 ਦੀ ਭਾਰਤ-ਪਾਕਿ ਲੜਾਈ ਤੋਂ ਵੀ ਵੱਧ ਅਸਲਾ ਵਰਤਿਆ ਅਤੇ ਉਸ ਤੋਂ ਵੀ ਵੱਧ ਫ਼ੌਜੀ ਮਰਵਾਏ। ਜਿੱਥੋਂ ਤਕ ਸਿੱਖਾਂ ਦੀ ਲੜਾਈ ਦਾ ਸਵਾਲ ਹੈ, ਉਹ ਪੰਜਾਹ ਅਤੇ ਸੌ ਦੇ ਵਿਚਕਾਰ ਹੋਣ ਦੇ ਬਾਵਜੂਦ ਹਜ਼ਾਰਾਂ ਫ਼ੌਜੀਆਂ ਦੇ ਨਾਲ ਐਵੇਂ ਜ਼ਰਾ ਮਾਸਾ ਹਥਿਆਰਾਂ ਨਾਲ ਹੈਰਾਨੀਕੁੰਨ ਹੱਦ ਤਕ ਲੜੇ। ਦਰਅਸਲ ਇਹ ਇਕ ਦਿੱਖ ਦੀ (Symbolic) ਲੜਾਈ ਸੀ, ਜਿਸ ਵਿਚ ਅਸਲ ਜਿਤ ਖਾੜਕੂਆਂ ਦੀ ਹੋਈ ਸੀ, ਜਿੰਨ੍ਹਾਂ ਨੇ ਐਨੀ ਵੱਡੀ ਫ਼ੌਜ, ਜਿਸ ਕੋਲ ਦੁਨੀਆਂ ਦੇ ਸਭ ਤੋਂ ਵਧੀਆ ਹਥਿਆਰ ਸਨ, ਨੂੰ ਐਨੇ ਥੋੜ੍ਹੇ ਅਸਲੇ ਅਤੇ ਚੰਦ ਇਕ ਸਾਥੀਆਂ ਦੀ ਮਦਦ ਨਾਲ ਤਿੰਨ ਦਿਨ ਤਕ ਇਕ ਇੰਚ ਜਗ੍ਹਾ ਵੀ ਜਿੱਤਣ ਨਾ ਦਿੱਤੀ। ਸਿੱਖਾਂ ਨੇ ਇਹੋ ਜਿਹੀਆਂ ਲੜਾਈਆਂ ਪਹਿਲਾਂ 7-8 ਦਿਸੰਬਰ 1705 ਨੂੰ ਚਮਕੌਰ ਸਾਹਿਬ, 29 ਦਿਸੰਬਰ 1705 ਨੂੰ ਖਿਦਰਾਣੇ ਦੀ ਢਾਬ 'ਤੇ, 11 ਨਵੰਬਰ 1757 ਨੂੰ ਅੰਮ੍ਰਿਤਸਰ ਵਿਚ ਤੇ

27. White Paper, p. 169.

1 ਦਿਸੰਬਰ 1764 ਨੂੰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਮੂਹਰੇ ਪਹਿਲਾਂ ਵੀ ਲੜੀਆਂ ਸਨ। ਇਸ ਤੋਂ ਇਲਾਵਾ ਬੋਤਾ ਸਿੰਘ ਗਰਜਾ ਸਿੰਘ ਦਾ ਕਾਰਨਾਮਾ ਵੀ ਸਿੱਖ ਤਵਾਰੀਖ਼ 'ਚ ਇਕ ਮਿਸਾਲ ਵਜੋਂ ਹਰ ਇਕ ਨੂੰ ਚੇਤੇ ਹੈ।

ਹਿੰਦੂਆਂ ਨੇ ਭੰਗੜੇ ਪਾਏ

ਦਰਬਾਰ ਸਾਹਿਬ 'ਚ ਤਬਾਹੀ ਕਰਨ ਮਗਰੋਂ ਜਦੋਂ ਫ਼ੌਜੀ ਬਾਹਰ ਨਿਕਲੇ ਤਾਂ ਸ਼ਹਿਰ ਦੇ ਹਿੰਦੂਆਂ ਨੇ ਫ਼ੌਜੀਆਂ ਨੂੰ ਇਸ 'ਕਾਰਨਾਮੇ' 'ਤੇ ਮਿਠਾਈਆਂ, ਫਲਾਂ, ਦੁੱਧ ਵਗ਼ੈਰਾ ਨਾਲ ਸੇਵਾ ਕੀਤੀ ਤੇ ਮੁਬਾਰਕਾਂ ਦਿੱਤੀਆਂ। ਹਿੰਦੂਆਂ ਨੇ ਇਸ ਮੌਕੇ 'ਤੇ ਭੰਗੜੇ ਵੀ ਪਾਏ ਤੇ ਖ਼ੁਸ਼ੀਆਂ ਮਨਾਈਆਂ। ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਇਹ ਲੜਾਈ ਹਿੰਦੂ-ਸਿੱਖ ਲੜਾਈ ਬਣਾ ਕੇ ਲੜੀ ਗਈ ਸੀ ਨਾ ਕਿ ਖਾੜਕੂਆਂ ਜਾਂ ਭਿੰਡਰਾਂਵਾਲਿਆਂ ਦੇ ਖ਼ਿਲਾਫ਼। ਫਿਰ ਏਨਾ ਹੀ ਬਸ ਨਹੀਂ, ਭਾਰਤੀ ਫ਼ੌਜ ਨੇ ਤਿੰਨ ਦਰਜਨ ਤੋਂ ਵੱਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ। ਇਨ੍ਹਾਂ ਹਮਲਿਆਂ ਵਿਚ ਸਭ ਤੋਂ ਵੱਧ ਨੁਕਸਾਨ ਪਟਿਆਲਾ, ਤਰਨ ਤਾਰਨ, ਮੁਕਤਸਰ, ਮੋਗਾ, ਫ਼ਤਹਿਗੜ੍ਹ ਵਗ਼ੈਰਾ ਵਿਚ ਹੋਇਆ ਸੀ, ਜਿਥੇ ਸੈਂਕੜੇ ਸਿੱਖ ਮਾਰੇ ਗਏ ਸਨ।

ਦਰਬਾਰ ਸਾਹਿਬ ਅਤੇ ਹੋਰ ਥਾਂਵਾਂ 'ਤੇ ਹਮਲਾਵਰ ਫ਼ੌਜੀਆਂ ਨੇ ਸਾਰੀ ਲੜਾਈ ਸ਼ਾਇਦ ਸ਼ਰਾਬੀ ਹੋ ਕੇ ਲੜੀ ਸੀ। ਇਕ ਰਿਪੋਰਟ ਮੁਤਾਬਿਕ ਫ਼ੌਜ ਨੇ ਸਿਰਫ਼ ਪੰਜਾਬ ਵਿਚੋਂ ਹੀ 7 ਲੱਖ ਬੋਤਲਾਂ ਰੰਮ ਦੀਆਂ, 30 ਹਜ਼ਾਰ ਵਿਸਕੀ ਦੇ ਅਧੀਏ, 60 ਹਜ਼ਾਰ ਬਰਾਂਡੀ ਦੇ ਅਧੀਏ ਤੇ ਇਕ ਲੱਖ 60 ਹਜ਼ਾਰ ਬੀਅਰ ਦੀਆਂ ਬੋਤਲਾਂ ਖ਼ਰੀਦੀਆਂ ਸਨ। ਇਹ ਸਾਰੀਆਂ ਪੰਜਾਬ ਸਰਕਾਰ ਨੇ 'ਟੈਕਸ ਅਤੇ ਐਕਸਾਈਜ਼' ਮਹਿਕਮੇ ਨੇ ਇਕ ਨੋਟੀਫ਼ੀਕੇਸ਼ਨ ਰਾਹੀਂ ਟੈਕਸ-ਫ਼ਰੀ ਕਰ ਕੇ ਫ਼ੌਜ ਨੂੰ 'ਅਪਰੇਸ਼ਨ ਬਲੂ ਸਟਾਰ' ਵਾਸਤੇ ਮੁਹੱਈਆ ਕੀਤੀਆਂ ਸਨ।

ਸੈਂਕੜੇ ਮੁਜ਼ਾਹਰੀਨ ਸਿੱਖਾਂ ਦਾ ਕਤਲ

ਦੂਜੇ ਪਾਸੇ ਜਦੋਂ ਪੰਜਾਬ ਭਰ ਵਿਚ ਸਿੱਖਾਂ ਨੂੰ ਖ਼ਬਰਾਂ ਮਿਲੀਆਂ ਕਿ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ ਤਾਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਮਾਲਵੇ, ਦੁਆਬੇ ਤੇ ਮਾਝੇ ਵਲੋਂ ਸਿੱਖ ਅੰਮ੍ਰਿਤਸਰ ਵੱਲ ਚੱਲ ਪਏ। ਭਾਰਤੀ ਫ਼ੌਜ ਨੇ ਹਰ ਪਾਸੇ ਨਾਕੇ ਲਾਏ ਹੋਏ ਸਨ ਤੇ ਤੋਪਾਂ ਬੀੜੀਆਂ ਹੋਈਆਂ ਸਨ, ਖ਼ਾਸ ਕਰ ਕੇ ਹਰੀਕੇ ਪੱਤਣ 'ਤੇ ਅਤੇ ਤਰਨ ਤਾਰਨ ਵੱਲ। ਫ਼ੌਜ ਨੇ ਇਧਰ ਆਉਂਦੇ ਸਿੱਖਾਂ 'ਤੇ ਗੋਲੀਆਂ ਚਲਾਈਆਂ, ਜਿਸ ਨਾਲ ਸ: ਗੁਰਬਚਨ ਸਿੰਘ ਤੁੜ ਸਾਬਕ ਐਮ.ਪੀ. ਅਤੇ ਸੈਂਕੜੇ ਸਿੱਖ ਮਾਰੇ ਗਏ। ਇਕ ਸੋਮੇ ਮੁਤਾਬਿਕ ਫ਼ੌਜ ਨੇ ਹੈਲੀਕਾਪਟਰਾਂ ਰਾਹੀਂ ਵੀ ਗੋਲੀਆਂ ਚਲਾਈਆਂ।

ਫ਼ੌਜ ਦੀ ਬਗ਼ਾਵਤ

ਜਦੋਂ ਇਸ ਹਮਲੇ ਦੀਆਂ ਖ਼ਬਰਾਂ ਫ਼ੌਜੀ ਸਿੱਖਾਂ ਤਕ ਪੁੱਜੀਆਂ ਤਾਂ ਉਨ੍ਹਾਂ ਨੇ ਵੀ ਭਾਰਤੀ ਫ਼ੌਜ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਅਤੇ ਅੰਮ੍ਰਿਤਸਰ ਵੱਲ ਚੱਲ ਪਏ। ਸਭ

ਤੋਂ ਵੱਡੀ ਬਗ਼ਾਵਤ ਸਿੱਖ ਰਜਮੈਂਟਾਂ ਵਿਚ ਰਾਮਗੜ੍ਹ, ਗੰਗਾਨਗਰ ਅਤੇ ਜੰਮੂ ਵਿਚ ਹੋਈ ਸੀ। ਸਭ ਤੋਂ ਪਹਿਲਾਂ ਤੇ ਵੱਡਾ ਗ਼ਦਰ ਰਾਮਗੜ੍ਹ (ਬਿਹਾਰ) ਵਿਚ ਹੋਇਆ। ਸ: ਗੁਰਨਾਮ ਸਿੰਘ ਦੀ ਅਗਵਾਈ ਵਿਚ 1461 ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਇਸ ਦੇ ਨਾਲ ਹੀ ਸਿੱਖ ਰਜਮੈਂਟ ਦੀ 9ਵੀਂ ਬਟਾਲੀਅਨ ਦੇ 600 ਜਵਾਨਾਂ ਨੇ ਬਗ਼ਾਵਤ ਕੀਤੀ। ਰਾਮਗੜ੍ਹ ਦੇ 1461 ਜਵਾਨ ਬਰਗੇਡੀਅਰ ਪੁਰੀ ਨੂੰ ਮਾਰਨ ਮਗਰੋਂ ਭਾਰੀ ਅਸਲਾ ਲੈ ਕੇ ਅੰਮ੍ਰਿਤਸਰ ਵੱਲ ਟੁਰ ਪਏ। ਇਨ੍ਹਾਂ ਨੂੰ ਰਾਮਗੜ੍ਹ ਤੋਂ 190 ਮੀਲ ਦੂਰ ਸ਼ਕਤੇਸ਼ਗੜ੍ਹ ਰੇਲਵੇ ਸਟੇਸ਼ਨ 'ਤੇ ਘੇਰ ਲਿਆ ਗਿਆ। ਇਸ ਘੇਰੇ ਵਿਚੋਂ ਵੀ ਕੁਝ ਟਰੱਕ ਬੱਚ ਕੇ ਨਿਕਲ ਗਏ। ਇਨ੍ਹਾਂ ਨੂੰ 21ਵੀਂ ਮਕੈਨਾਈਜ਼ਡ ਇਨਫ਼ੈਂਟਰੀ ਰਜਮੈਂਟ ਨੇ ਘੇਰ ਲਿਆ। ਬਾਕੀ ਅੱਧਿਆਂ ਨੂੰ ਕੁਝ ਦੂਰ ਜਾ ਕੇ 20ਵੀਂ ਇਨਫ਼ੈਂਟਰੀ ਨੇ ਘੇਰ ਲਿਆ। ਇਸ ਸਾਰੀ ਮੁਹਿੰਮ ਵਿਚ 25 ਫ਼ੌਜੀ ਮਾਰੇ ਗਏ। ਗੰਗਾਨਗਰ ਦੇ 600 ਫ਼ੌਜੀਆਂ ਵਿਚੋਂ ਬਹੁਤੇ ਗ੍ਰਿਫ਼ਤਾਰ ਕਰ ਲਏ ਗਏ ਤੇ ਕੁਝ ਪਾਕਿਤਾਨ ਵੀ ਨਿਕਲ ਗਏ। ਜੰਮੂ ਦੇ ਬਾਗ਼ੀਆਂ ਵਿਚੋਂ ਵੀ ਕੁਝ ਪਾਕਿਸਤਾਨ ਨਿਕਲ ਗਏ। ਉਂਞ ਪੂਨਾ, ਮੁੰਬਈ ਅਤੇ ਚੰਡੀਗੜ੍ਹ ਦੇ ਨੇੜੇ ਵੀ ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਇਨ੍ਹਾਂ ਸਿੱਖਾਂ ਨੂੰ ਭਾਰਤੀ ਫ਼ੌਜ ਨੇ ਰਾਹ ਵਿਚ ਰੋਕ ਕੇ ਮੁਕਾਬਲਾ ਕਰ ਕੇ ਜਾਂ ਤਾਂ ਮਾਰ ਦਿੱਤਾ ਜਾਂ ਗ੍ਰਿਫ਼ਤਾਰ ਕਰ ਲਿਆ। ਇਕ ਸਰਕਾਰੀ ਸੋਮੇ ਮੁਤਾਬਿਕ ਤਿੰਨ ਹਜ਼ਾਰ ਤੋਂ ਵੱਧ ਫ਼ੌਜੀਆਂ ਨੇ ਬਗ਼ਾਵਤ ਕੀਤੀ ਸੀ, ਜਿਨ੍ਹਾਂ ਵਿਚੋਂ ਕਈਆਂ ਦਾ ਕਦੇ ਵੀ ਥਹੁ ਪਤਾ ਨਾ ਲਗਿਆ। ਕਈ ਲੋਕਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਵਿਚੋਂ ਕਈ ਪਾਕਿਸਤਾਨ ਚਲੇ ਗਏ ਤੇ ਉੱਥੇ ਕੈਦ ਕਰ ਲਏ ਗਏ ਸਨ। ਭਾਰਤ ਵਿਚ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਧਰਮੀ ਫ਼ੌਜੀਆਂ ਦੇ ਫ਼ੌਜ ਨੇ ਕੋਰਟ ਮਾਰਸ਼ਲ ਸਮਰੀ-ਟਰਾਇਲ ਕੀਤੇ ਤੇ ਉਨ੍ਹਾਂ ਨੂੰ ਕੈਦਾਂ ਦੀਆਂ ਸਜ਼ਾਵਾਂ ਦਿੱਤੀਆਂ ਤੇ ਨਾਲ ਹੀ ਨੌਕਰੀ ਤੋਂ ਵੀ ਬਰਤਰਫ਼ ਕਰ ਦਿੱਤਾ। ਇਨ੍ਹਾਂ ਵਿੱਚੋਂ ਕੁਝ ਸੈਂਕੜੇ ਫ਼ੌਜੀਆਂ ਦੀ ਜਾਣਕਾਰੀ *ਸਪੋਕਸਮੈਨ* ਅਖ਼ਬਾਰ ਨੇ ਕਿਤਾਬੀ ਰੂਪ ਵਿਚ ਛਾਪੀ ਹੈ।

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਡਾ. ਗੰਡਾ ਸਿੰਘ, ਭਗਤ ਪੂਰਨ ਸਿੰਘ, ਸਾਧੂ ਸਿੰਘ ਹਮਦਰਦ, ਖ਼ੁਸ਼ਵੰਤ ਸਿੰਘ ਵਗ਼ੈਰਾ ਨੇ ਪਦਮਸ੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਤੇ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਵੀ ਅਸਤੀਫ਼ੇ ਦੇ ਦਿੱਤੇ। ਸਿਮਰਨਜੀਤ ਸਿੰਘ ਮਾਨ ਨੇ ਸ਼ਾਨਦਾਰ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ ਸਨ।

ਵਿਦੇਸ਼ਾਂ ਵਿਚ ਸਿੱਖਾਂ ਨੇ ਹਰ ਪਾਸੇ ਜ਼ਬਰਦਸਤ ਰੋਸ ਜਲੂਸ ਕੱਢੇ। ਸਭ ਤੋਂ ਵੱਡੇ ਜਲੂਸ ਲੰਡਨ, ਵਾਸ਼ਿੰਗਟਨ, ਵੈਨਕੂਵਰ, ਟਰਾਂਟੋ, ਓਸਲੋ ਵਗ਼ੈਰਾ ਵਿਚ ਕੱਢੇ ਗਏ ਸਨ। ਇਨ੍ਹਾਂ ਵਿਚ ਲੱਖਾਂ ਸਿੱਖਾਂ ਨੇ ਹਿੱਸਾ ਲਿਆ।

ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿਚ ਫ਼ੌਜ ਨੇ ਹਜ਼ਾਰਾਂ ਨੌਜਵਾਨ ਸਿੱਖ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚੋਂ ਕਈ ਤਾਂ ਫ਼ੌਜ ਨੇ ਮਾਰ ਮੁਕਾਏ ਤੇ ਕੁਝ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ।

ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਸਿਤੰਬਰ 1984 ਤਕ (4 ਮਹੀਨੇ) ਕਬਜ਼ਾ ਕਾਇਮ ਰਖਿਆ। 6 ਜੂਨ ਤੋਂ 8 ਜੂਨ ਤਕ ਦਰਬਾਰ ਸਾਹਿਬ ਵਿਚ ਕੀਰਤਨ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਹੀਂ ਹੋਣ ਦਿੱਤਾ

ਗਿਆ ਸੀ। ਅਜਿਹਾ ਪਿਛਲੇ 220 ਸਾਲ 'ਚ ਪਹਿਲੀ ਵਾਰੀ ਹੋਇਆ ਸੀ। ਇਸ ਮਗਰੋਂ ਵੀ ਦਰਬਾਰ ਸਾਹਿਬ ਫ਼ੌਜ ਦੀ ਨਿਗਰਾਨੀ ਹੇਠ ਹੀ ਖੁਲ੍ਹਦਾ ਤੇ ਬੰਦ ਹੁੰਦਾ ਰਿਹਾ, ਪਰ ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੁੰਦੀ ਸੀ।

ਹਮਲੇ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਗਈ ਸੀ, ਪਰ ਇੱਥੋਂ ਦਾ ਮੁਖ ਸੇਵਾਦਾਰ ਕਿਰਪਾਲ ਸਿੰਘ ਟੀ.ਵੀ. 'ਤੇ ਰੀਲੇਅ ਕੀਤੀ ਗਈ ਇਕ ਕੈਸਟ ਵਿਚ 'ਕੋਠਾ ਸਾਹਿਬ ਠੀਕ ਠਾਕ ਹੈ' ਆਖ ਕੇ ਝੂਠ ਬੋਲ ਰਿਹਾ ਸੀ, ਸ਼ਾਇਦ ਫ਼ੌਜ ਦੀ ਗੋਲੀ ਤੋਂ ਡਰ ਕੇ ਆਪਣੀ ਜਾਨ ਬਚਾਣ ਵਾਸਤੇ।

ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਦਾਰੀ, ਆਮ ਤੌਰ 'ਤੇ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਕਾਂਗਰਸ ਪਾਰਟੀ 'ਤੇ ਲਾਈ ਜਾਂਦੀ ਹੈ। ਬਹੁਤੇ ਤਾਰੀਖ਼ਦਾਨ ਇਨ੍ਹਾਂ ਨੂੰ ਹੀ ਮੁਜਰਿਮ ਆਖਦੇ ਹਨ। ਪਰ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟਾਂ ਨੇ ਵੀ ਇੰਦਰਾ ਦੀ ਰੱਜਵੀਂ ਹਿਮਾਇਤ ਕੀਤੀ ਸੀ। ਉਂਞ ਇਹ ਪਾਰਟੀਆਂ ਅੰਦਰੋਂ-ਅੰਦਰੀਂ ਮੰਨਦੀਆਂ ਰਹੀਆਂ ਕਿ ਇੰਦਰਾ ਗਾਂਧੀ ਦੇ ਇਸ ਐਕਸ਼ਨ ਦੇ ਪਿਛੋਕੜ ਵਿਚ ਨਿਸ਼ਾਨਾ ਸਿੱਖਾਂ ਦਾ ਪੱਤਾ ਵਰਤ ਕੇ ਹਿੰਦੂ ਵੋਟ ਲੈ ਕੇ ਚੋਣਾਂ ਜਿੱਤਣਾ ਹੀ ਸੀ। ਪਰ ਦੂਜੇ ਪਾਸੇ, ਇੰਦਰਾ ਤੋਂ ਬਾਅਦ ਜਦੋਂ ਵੀ.ਪੀ. ਸਿੰਹ, ਚੰਦਰ ਸ਼ੇਖਰ, ਦੇਵਗੌੜਾ, ਗੁਜਰਾਲ, ਵਾਜਪਾਈ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਕਦੇ ਵੀ ਇਸ ਹਮਲੇ ਨੂੰ ਗ਼ਲਤ ਨਹੀਂ ਆਖਿਆ ਅਤੇ ਨਾ ਹੀ ਕਿਸੇ ਨੇ ਇਸ ਦੀ ਮੁਆਫ਼ੀ ਹੀ ਮੰਗੀ। ਸਾਰੇ ਸਿਰਫ਼ ਇਸ ਨੂੰ 'ਅਫ਼ਸੋਸਨਾਕ', 'ਮੰਦਭਾਗਾ', 'ਮੁੜ ਕੇ ਨਾ ਹੋਵੇ' ਆਖ ਕੇ ਲਿਫ਼ਾਫ਼ੇਬਾਜ਼ੀ ਕਰਦੇ ਰਹੇ। ਹੋਰ ਤਾਂ ਹੋਰ ਚੰਦਰ ਸ਼ੇਖਰ, ਜਾਰਜ ਫ਼ਰਨਾਂਡਿਸ, ਆਈ.ਕੇ. ਗੁਜਰਾਲ, ਕੁਲਦੀਪ ਨਈਅਰ ਵਰਗੇ ਆਗੂ, ਜਿਨ੍ਹਾਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਨਿੰਦਾ ਕੀਤੀ ਸੀ, ਵੀ ਜਦੋਂ ਸਰਕਾਰ ਵਿਚ ਆਏ ਤਾਂ ਉਨ੍ਹਾਂ ਦੀ ਬੋਲੀ ਬਦਲ ਗਈ।

•

ਖਾੜਕੂ ਲਹਿਰ ਦੌਰਾਨ

(1985 ਤੋਂ 1992)

ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਨਾਲ ਬਹੁਤ ਜ਼ਿਆਦਾ ਤਬਾਹੀ ਹੋਈ। ਹਰਿਮੰਦਰ ਸਾਹਿਬ 'ਤੇ 350 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਸਨ (ਜਿਨ੍ਹਾਂ ਨੂੰ, ਮਗਰੋਂ, ਟੌਹੜਾ ਨੇ ਹਟਵਾ ਦਿੱਤਾ ਸੀ), ਤੋਸ਼ੇਖ਼ਾਨੇ ਦਾ ਕੀਮਤੀ ਸਾਮਾਨ ਤਬਾਹ ਹੋ ਚੁੱਕਾ ਸੀ। ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਕੀਮਤੀ ਖ਼ਜ਼ਾਨਾ ਚੁੱਕ ਕੇ ਈਮਾਰਤ ਨੂੰ ਸਾੜ ਦਿੱਤਾ ਸੀ। ਫ਼ੌਜ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰਿਕਾਰਡ ਵੀ ਚੁੱਕ ਲਏ ਸਨ ਅਤੇ ਇਨ੍ਹਾਂ ਈਮਾਰਤਾਂ ਨੂੰ ਅੱਗ ਲਾ ਦਿੱਤੀ ਸੀ। ਰੈਫ਼ਰੈਂਸ ਲਾਇਬਰੇਰੀ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰਿਕਾਰਡ ਚੁੱਕ ਕੇ ਕਮਰਿਆਂ ਵਿਚ ਪਈਆਂ ਅਖ਼ਬਾਰਾਂ ਨੂੰ ਸਾੜ ਕੇ ਇਹ ਕਿਹਾ ਗਿਆ ਸੀ ਕਿ ਇਹ ਸਭ ਰਿਕਾਰਡ ਅੱਗ ਲਗਣ ਨਾਲ ਸੜ ਗਏ ਹਨ। ਸਭ ਤੋਂ ਵੱਧ ਤਬਾਹੀ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਹੋਈ ਸੀ। ਇਸ ਦਾ ਸਾਰਾ ਮੱਥਾ ਛੇ-ਛੇ ਫ਼ੁਟ ਅੰਦਰ ਤਕ ਤੋਪਾਂ ਦੇ ਗੋਲਿਆਂ ਦੀ ਮਾਰ ਨਾਲ ਉੱਡ ਚੁੱਕਾ ਸੀ। ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦਾ ਕੋਈ ਵੀ ਥੰਮ੍ਹਲਾ ਸਬੂਤਾ ਨਹੀਂ ਸੀ ਨਜ਼ਰ ਆ ਰਿਹਾ। ਤੋਪਾਂ ਦੀ ਮਾਰ ਨੇ ਦੋਹਾਂ ਬਾਹੀਆਂ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਉਪਰਲੀ ਮੰਜ਼ਿਲ ਵੀ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਈਮਾਰਤ ਦੇ ਸਿਖ਼ਰ 'ਤੇ ਸੋਨੇ ਦੇ ਗੁੰਬਦ ਦਾ ਵੀ ਬੁਰਾ ਹਾਲ ਹੋ ਚੁੱਕਾ ਸੀ ਤੇ ਉਸ ਵਿਚ ਪਏ ਵੱਡੇ ਮਘੋਰੇ ਦੂਰੋਂ ਦਿਸ ਰਹੇ ਸਨ। ਅਕਾਲ ਤਖ਼ਤ ਸਾਹਿਬ ਵੱਲ ਵੇਖ ਕੇ ਅਜਿਹਾ ਜਾਪਦਾ ਸੀ ਕਿ ਕੋਈ ਜ਼ਲਜ਼ਲਾ ਆਇਆ ਹੋਵੇ, ਜਿਸ ਨੇ ਇਸ ਈਮਾਰਤ ਦੀ ਇਹ ਹਾਲਤ ਕੀਤੀ ਹੋਵੇ। ਪਹਿਲੀ ਅਤੇ ਦੂਜੀ ਵੱਡੀ ਜੰਗ ਵਿਚ ਵੀ ਕਿਸੇ ਈਮਾਰਤ ਦੀ ਏਨੀ ਤਬਾਹੀ ਨਹੀਂ ਹੋਈ ਹੋਣੀ, ਜਿੰਨੀ ਅਕਾਲ ਪੁਰਖ ਦੇ ਤਖ਼ਤ ਦੀ ਈਮਾਰਤ ਦੀ ਹੋਈ ਸੀ। ਦੁਨੀਆ ਭਰ ਦੇ ਕਿਸੇ ਜੰਗ ਵਿਚ ਕਿਸੇ ਵੀ ਧਾਰਮਿਕ ਈਮਾਰਤ 'ਤੇ ਅੱਜ ਤਕ ਹਮਲਾ ਨਹੀਂ ਸੀ ਕੀਤਾ ਗਿਆ। ਇਹ 'ਮਹਾਨ ਕਾਰਨਾਮਾ' ਸਿਰਫ਼ ਭਾਰਤ ਸਰਕਾਰ ਦੀ ਹੀ ਕਮਾਲ ਸੀ!

ਇਸ ਤਬਾਹੀ ਨੂੰ ਜਿਹੜਾ ਵੀ ਸਿੱਖ ਵੇਖਦਾ ਉਸ ਦੇ ਅੰਦਰ ਭਾਰਤ ਵਾਸਤੇ ਤੇ ਇੰਦਰਾ ਗਾਂਧੀ ਵਾਸਤੇ ਰੋਹ ਅਤੇ ਨਫ਼ਰਤ ਸੁਤੇ-ਸਿੱਧ ਆਉਣੀ ਹੀ ਸੀ। ਇਸ ਸਾਰੇ 'ਤੇ ਪਰਦਾ ਪਾਉਣ ਵਾਸਤੇ ਤੇ ਸਿੱਖਾਂ ਦੇ ਰੋਹ ਨੂੰ ਠੰਡਿਆਂ ਕਰਨ ਵਾਸਤੇ ਭਾਰਤ ਦਾ ਰਾਸ਼ਟਰਪਤੀ ਜ਼ੈਲ 8 ਜੂਨ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਕਿਉਂਕਿ ਉਹ ਭਾਰਤੀ ਫ਼ੌਜਾਂ ਦਾ (ਭਾਵੇਂ ਰਸਮੀ ਹੀ ਸਹੀ) ਮੁਖੀ ਸੀ, ਇਸ ਕਰ ਕੇ ਉਸ ਨੇ ਆਪਣੀ ਫ਼ੌਜ ਦੀ

ਕਾਮਯਾਬੀ ਨੂੰ ਵੇਖਣਾ ਹੀ ਸੀ। ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਹਰਿਮੰਦਰ ਸਾਹਿਬ 'ਤੇ 350 ਤੋਂ ਵੱਧ ਗੋਲੀਆਂ ਦੇ ਨਿਸ਼ਾਨ, ਸੜੀ ਹੋਈ ਕਰੋੜਾਂ ਰੁਪਿਆਂ ਦੀ ਚਾਨਣੀ, ਗੋਲੀ ਨਾਲ ਜ਼ਖ਼ਮੀ ਹੋਇਆ ਹਰਿਮੰਦਰ ਸਾਹਿਬ 'ਚ ਪਿਆ ਗੁਰੂ ਗ੍ਰੰਥ ਸਾਹਿਬ ਦਾ 1830 ਦਾ ਸਰੂਪ, ਚੋਰੀ ਕੀਤੀ ਹੋਈ ਸਿੱਖ ਰੈਫ਼ਰੈਂਸ ਲਾਇਬਰੇਰੀ, ਹਰਿਮੰਦਰ ਸਾਹਿਬ ਵਿਚ ਸਿਗਰਟਾਂ ਪੀਂਦੇ ਭਾਰਤੀ ਫ਼ੌਜੀ ਵੇਖ ਕੇ ਉਸ ਦੇ ਦਿਲ ਵਿਚ ਪੰਥ ਦਾ ਦਰਦ ਨਾ ਜਾਗਿਆ। ਉਸ ਦੀ ਮੁਰਦਾ-ਰੂਹ ਨੂੰ ਜ਼ਖ਼ਮੀ ਹੋਏ-ਹੋਏ ਦਰਬਾਰ ਸਾਹਿਬ ਕੰਪਲੈਕਸ ਨੇ ਨਾ ਟੁੰਬਿਆ। ਇਕ ਬੇਗ਼ੈਰਤ, ਜਜ਼ਬਾਤ-ਰਹਿਤ, ਮੁਰਦਾ-ਰੂਹ ਵਾਂਗ ਉਹ ਆਇਆ ਅਤੇ ਟੀ.ਵੀ. ਅਤੇ ਅਖ਼ਬਾਰਾਂ ਵਿਚ ਤਸਵੀਰਾਂ ਛਪਵਾ ਕੇ ਅਤੇ ਸ਼ੁਹਰਤ ਲੈ ਕੇ ਚਲਾ ਗਿਆ। ਇੱਥੇ ਹੀ ਬਸ ਨਹੀਂ ਇੰਦਰਾ ਗਾਂਧੀ ਦੇ ਇਸ ਝਾੜੂ-ਬਰਦਾਰ ਨੇ ਇਕ ਤਕਰੀਰ ਵਿਚ ਇਸ 'ਮਹਾਨ ਕਾਰਨਾਮੇ' ਨੂੰ ਹੱਕ-ਬਜਾਨਬ ਵੀ ਠਹਿਰਾਇਆ। ਜ਼ੈਲ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ 23 ਜੂਨ ਨੂੰ ਆਪਣੀ ਕਾਮਯਾਬੀ ਵੇਖਣ ਵਾਸਤੇ ਦਰਬਾਰ ਸਾਹਿਬ ਪੁੱਜੀ। ਇੰਦਰਾ ਦਾ ਦੌਰਾ ਅਕਾਲ ਤਖ਼ਤ ਸਾਹਿਬ ਜਾਂ ਹਰਿਮੰਦਰ ਸਾਹਿਬ ਵਿਚ ਸ਼ਰਧਾ ਦਾ ਇਜ਼ਹਾਰ ਕਰਨਾ ਨਹੀਂ ਸੀ, ਬਲਕਿ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤਣਾ ਸੀ। ਇੰਦਰਾ ਦੀ ਇਸ ਫੇਰੀ 'ਤੇ, ਜ਼ੈਲ ਦੀ ਫੇਰੀ ਵਾਂਗ, ਦੋਹਾਂ ਗ੍ਰੰਥੀਆਂ—ਕਿਰਪਾਲ ਸਿੰਘ ਅਤੇ ਸਾਹਿਬ ਸਿੰਘ, ਨੇ ਉਸ ਨੂੰ ਜੀ ਆਇਆਂ ਆਖਿਆ ਤੇ ਉਸ ਦੇ ਅੱਗੇ-ਪਿੱਛੇ ਫਿਰਦੇ ਰਹੇ।

ਕਿਰਪਾਲ ਸਿੰਘ 6 ਜੂਨ 1984 ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਸੀ ਅਤੇ ਸਾਹਿਬ ਸਿੰਘ ਦਰਬਾਰ ਸਾਹਿਬ ਦਾ ਹੈੱਡ-ਗ੍ਰੰਥੀ ਸੀ। ਜਦੋਂ ਫ਼ੌਜ ਦਾ ਹਮਲਾ ਹੋਇਆ ਤਾਂ ਦੋਵੇਂ ਲੁਕੇ ਰਹੇ ਅਤੇ ਆਪਣੀ-ਆਪਣੀ ਸੇਵਾ 'ਤੇ ਹਾਜ਼ਿਰ ਹੋਣੋਂ ਡਰਦੇ ਰਹੇ। ਉਨ੍ਹਾਂ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਨੂੰ ਪਿੱਠ ਦਿਖਾਈ। ਕਿਰਪਾਲ ਸਿੰਘ ਨੇ ਤਾਂ ਟੀ.ਵੀ. 'ਤੇ ਇਹ ਬਿਆਨ ਵੀ ਦਿੱਤਾ ਕਿ "ਅਕਾਲ ਤਖ਼ਤ ਸਾਹਿਬ ਦਾ ਕੋਠਾ ਸਾਹਿਬ ਠੀਕ-ਠਾਕ ਹੈ।" ਉਸ ਨੇ ਇਸ ਈਮਾਰਤ ਦੀ ਹੋਈ ਦਿਲ-ਕੰਬਾਊ ਤਬਾਹੀ ਦਾ ਜ਼ਿਕਰ ਤਕ ਨਹੀਂ ਕੀਤਾ। ਇਹ ਮੰਨਿਆ ਜਾ ਸਕਦਾ ਹੈ ਕਿ ਕਿਰਪਾਲ ਸਿੰਘ ਨੇ ਇਹ ਬਿਆਨ ਫ਼ੌਜ ਦੀ ਗੋਲੀ ਤੋਂ ਡਰਦਿਆਂ ਦਿੱਤਾ ਹੋਵੇਗਾ। ਪਰ, ਇਸ ਸੂਰਤ ਵਿਚ ਵੀ ਉਸ ਨੇ ਬੁਜ਼ਦਿਲੀ ਤਾਂ ਦਿਖਾਈ ਸੀ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬੁਜ਼ਦਿਲ, ਕਮਜ਼ੋਰ, ਅਧਰਮੀ, ਬੇਇਨਸਾਫ਼ ਨਹੀਂ ਹੋ ਸਕਦਾ। ਇਸ ਕਰ ਕੇ ਅਸੂਲਨ ਕਿਰਪਾਲ ਸਿੰਘ ਦੀ ਇਹ ਕਾਰਵਾਈ ਉਸ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਦੇ ਕਾਬਿਲ ਨਹੀਂ ਰਹਿਣ ਦੇਂਦੀ। ਇਸ ਪਹਿਲੂ ਤੋਂ ਅਕਾਲ ਤਖ਼ਤ ਸਾਹਿਬ 6 ਜੂਨ 1984 ਤੋਂ ਸੇਵਾ-ਸੰਭਾਲ ਤੋਂ ਵਾਂਝਾ ਤੇ ਫ਼ੌਜ ਦੇ ਨਾਜਾਇਜ਼ ਕਬਜ਼ੇ ਹੇਠ ਮੰਨਿਆ ਜਾਏਗਾ ਅਤੇ ਜਦੋਂ ਫ਼ੌਜ ਉਸ ਨੂੰ ਕਿਸੇ ਕਾਰਵਾਈ ਵਾਸਤੇ ਲਿਆਂਦੀ ਹੋਵੇਗੀ ਤਾਂ ਇਸ ਨੂੰ ਕਿਰਪਾਲ ਸਿੰਘ ਦਾ ਨਾਜਾਇਜ਼ ਕਬਜ਼ਾ ਮੰਨਿਆ ਜਾਵੇਗਾ।

ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਏਨੀ ਦਿਲ-ਕੰਬਾਊ ਤਬਾਹੀ ਹੋਈ ਸੀ ਕਿ ਇਸ ਨੂੰ ਵੇਖ-ਵੇਖ ਕੇ ਕਮਜ਼ੋਰ ਤੋਂ ਕਮਜ਼ੋਰ ਅਤੇ ਵੱਡੇ ਤੋਂ ਵੱਡੇ ਗੁਨਾਹਗਾਰ ਸਿੱਖ ਦੀ ਰੂਹ ਨੇ ਵੀ ਉਬਾਲਾ ਖਾਣਾ ਹੀ ਸੀ। ਇਸ ਕਰ ਕੇ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਨੂੰ ਸਿੱਖਾਂ ਵਾਸਤੇ ਸੀਲ ਕਰੀ ਰਖਿਆ। 3 ਜੂਨ 1984 ਤੋਂ 24 ਜੂਨ ਤਕ 21 ਦਿਨ

ਦਰਬਾਰ ਸਾਹਿਬ ਕੰਪਲੈਕਸ ਵਿਚ ਕਿਸੇ ਇਕ ਵੀ ਸਿੱਖ ਨੂੰ ਵੜਨ ਤਕ ਨਾ ਦਿੱਤਾ ਗਿਆ। 25 ਜੂਨ ਨੂੰ ਸਿਰਫ਼ ਦੋ ਘੰਟੇ ਵਾਸਤੇ ਦਰਬਾਰ ਸਾਹਿਬ 'ਚ ਗਿਣੇ-ਚੁਣੇ ਸਿੱਖਾਂ ਨੂੰ ਦਾਖ਼ਿਲ ਹੋਣ ਦੀ ਇਜਾਜ਼ਤ ਦਿੱਤੀ ਗਈ। ਇਨ੍ਹਾਂ ਨੂੰ ਵੀ ਸਿਰਫ਼ ਏਨਾ ਹੱਕ ਸੀ ਕਿ ਉਹ ਘੰਟਾ ਘਰ ਵਲੋਂ ਦਰਸ਼ਨੀ ਡਿਉੜੀ ਤੇ ਅੰਦਰ ਹਰਿਮੰਦਰ ਸਾਹਿਬ ਤਕ ਜਾ ਕੇ ਮੱਥਾ ਟੇਕ ਸਕਦੇ ਸਨ। ਪਰ ਇਨ੍ਹਾਂ ਗਿਣਵੇਂ-ਚੁਣਵੇਂ ਸਿੱਖਾਂ ਨੇ ਵੀ ਜਦੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਹਾਲਤ ਵੇਖੀ ਤਾਂ ਉਨ੍ਹਾਂ ਦੀਆਂ ਵੀ ਭੁੱਬਾਂ ਨਿਕਲ ਗਈਆਂ। ਲੋਕਾਂ ਦੀਆਂ ਅੱਖਾਂ ਵਿਚ ਰੋਹ ਅਤੇ ਨਫ਼ਰਤ ਵੇਖ ਕੇ ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਫੇਰ ਸੀਲ ਕਰ ਦਿੱਤਾ। ਇਸ ਦੌਰਾਨ ਹੀ ਸਿੱਖ ਆਗੂਆਂ ਅਤੇ ਵਿਦਵਾਨਾਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇਗਾ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫ਼ੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਨਾ ਹੋ ਜਾਵੇ।

ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਕਈ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ-ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਇਸ ਮੌਕੇ 'ਤੇ 5 ਜੁਲਾਈ 1984 ਦੇ ਦਿਨ ਗਿਆਨੀ ਕਿਰਪਾਲ ਸਿੰਘ, ਗਿਆਨੀ ਸਾਹਿਬ ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ), ਗਿਆਨੀ ਹਰਿਚਰਨ ਸਿੰਘ ਮਹਾਲੋਂ (ਅਨੰਦਪੁਰ ਸਾਹਿਬ), ਭਾਈ ਲੱਖਾ ਸਿੰਘ (ਤਲਵੰਡੀ ਸਾਬੋ), ਗਿਆਨੀ ਪ੍ਰੀਤਮ ਸਿੰਘ (ਹੈੱਡ-ਗ੍ਰੰਥੀ, ਅਕਾਲ ਤਖ਼ਤ ਸਾਹਿਬ), ਪੰਜਾਂ ਗ੍ਰੰਥੀਆਂ ਨੇ ਇਕ 'ਗੁਰਮਤਾ' ਪਾਸ ਕਰਨ ਦਾ ਡਰਾਮਾ ਕੀਤਾ ਅਤੇ ਸਰਕਾਰ ਨੂੰ ਦਰਬਾਰ ਸਾਹਿਬ ਕੰਪਲੈਕਸ 'ਚੋਂ ਕੱਢਣ ਦੀ ਹਿਦਾਇਤ ਦਿੱਤੀ। **ਦਿਲਚਸਪ ਗੱਲ ਇਹ ਹੈ ਕਿ ਇਸ 'ਗੁਰਮਤਾ' ਦੀਆਂ ਨਕਲਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਰਾਜਪਾਲ ਨੂੰ ਭੇਜੀਆਂ ਗਈਆਂ।** ਇਸ 'ਗੁਰਮਤੇ' ਦੇ ਲਫ਼ਜ਼ ਸਨ :

> ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਅੱਠ ਦਿਨਾਂ ਦੇ ਅੰਦਰ ਫ਼ੌਜ ਹਟਾਈ ਜਾਵੇ ਤਾਂਕਿ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਪੂਰੀ ਮਰਿਆਦਾ ਅਰੰਭ ਕੀਤੀ ਜਾ ਸਕੇ ਅਤੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਇਸ਼ਨਾਨ ਅਤੇ ਕਾਰ-ਸੇਵਾ ਦਾ ਮੌਕਾ ਮਿਲ ਸਕੇ। ਇਸ ਦੇ ਨਾਲ ਹੀ ਲੰਗਰ ਤੇ ਦਫ਼ਤਰ ਦਾ ਕੰਮ ਵੀ ਚਾਲੂ ਹੋ ਸਕੇ।
>
> ਜੇ ਦਿੱਤੇ ਗਏ ਅੱਠ ਦਿਨਾਂ ਦੇ ਸਮੇਂ ਵਿਚ ਫ਼ੌਜ ਨਾ ਹਟਾਈ ਗਈ ਤਾਂ ਉਸ ਪਿੱਛੋਂ ਅਸੀਂ ਸ਼ਾਂਤਮਈ ਢੰਗ ਨਾਲ ਯੋਗ ਕਾਰਵਾਈ ਲਈ ਮਜਬੂਰ ਹੋਵਾਂਗੇ ਅਤੇ ਉਸ ਕਾਰਵਾਈ ਸਮੇਂ ਸਾਡੇ ਨਾਲ **ਕੇਵਲ ਧਾਰਮਿਕ ਵਿਅਕਤੀ** ਹੀ ਸ਼ਾਮਿਲ ਹੋ ਸਕਣਗੇ।
>
> ਇਹ ਭੀ ਪ੍ਰਵਾਨ ਕੀਤਾ ਜਾਂਦਾ ਹੈ ਕਿ ਇਸ ਮਤੇ ਦੀਆਂ ਨਕਲਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਰਾਜਪਾਲ ਨੂੰ ਭੇਜੀਆਂ ਜਾਣ।

ਪਰ ਇੰਦਰਾ ਗਾਂਧੀ ਨੇ ਪੰਜਾਂ ਗ੍ਰੰਥੀਆਂ ਦੇ 'ਗੁਰਮਤੇ' ਨੂੰ 'ਰੱਦੀ ਦੀ ਟੋਕਰੀ' ਵਿਚ ਸੁਟਦਿਆਂ, ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਫ਼ੌਜ ਦੀ ਨਿਗਰਾਨੀ ਹੇਠ ਕਰਵਾਉਣ ਦਾ ਫ਼ੈਸਲਾ ਕਰ ਲਿਆ। ਇੰਦਰਾ ਨੇ ਬੂਟਾ ਸਿੰਘ ਰਾਹੀਂ ਬਹੁਤ ਸਾਰੇ ਕਾਰ-ਸੇਵਾ ਗੁਰੱਪਾਂ ਨਾਲ ਰਾਬਤਾ ਕੀਤਾ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਕਰਵਾਈ ਜਾ ਸਕੇ। ਜਦ ਇਸ ਦੀ ਭਿਣਕ ਗ੍ਰੰਥੀਆਂ ਨੂੰ ਪਈ ਤਾਂ ਉਨ੍ਹਾਂ ਨੂੰ ਬਹੁਤ ਗ਼ੁੱਸਾ ਆਇਆ ਕਿ ਸਰਕਾਰ ਅਤੇ ਫ਼ੌਜ ਨਾਲ ਉਨ੍ਹਾਂ (ਗ੍ਰੰਥੀਆਂ) ਦੇ ਪੂਰੇ ਮਿਲਵਰਤਣ ਦੇ ਬਾਵਜੂਦ ਸਰਕਾਰ ਨੇ ਉਨ੍ਹਾਂ ਨੂੰ ਠਿੱਠ ਕੀਤਾ ਸੀ। ਇਸ 'ਤੇ ਉਨ੍ਹਾਂ ਨੇ 11 ਜੁਲਾਈ ਨੂੰ (5 ਜੁਲਾਈ ਦੇ ਗੁਰਮਤੇ ਦੇ ਨੋਟਿਸ ਦੇ 8 ਦਿਨ ਪੂਰੇ ਹੋਣ ਤੋਂ ਦੋ ਦਿਨ ਪਹਿਲਾਂ) ਇਕ 'ਹੁਕਮ' (ਇਸ ਨੂੰ ਹੁਕਮ ਲਿਖਿਆ ਹੈ 'ਹੁਕਮਨਾਮਾ' ਨਹੀਂ) ਜਾਰੀ ਕਰ ਦਿੱਤਾ। ਜਿਸ ਵਿਚ 'ਸਰਕਾਰੀ' ਕਾਰ-ਸੇਵਾ ਖ਼ਿਲਾਫ਼ 'ਵਾਰਨਿੰਗ' ਦਿੱਤੀ ਹੋਈ ਸੀ। ਇਸ 'ਹੁਕਮ' ਵਿਚ ਕਿਹਾ ਗਿਆ ਸੀ :

ਸਿੰਘ ਸਾਹਿਬਾਨ ਵੱਲੋਂ ਹੁਕਮ

> ਸਰਕਾਰੀ ਸੂਤਰਾਂ ਤੋਂ ਸਾਨੂੰ ਪਤਾ ਲੱਗਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਕਰਨ ਦੀ ਸੇਵਾ ਸਰਕਾਰ ਫ਼ੌਜ ਦੀ ਨਿਗਰਾਨੀ ਹੇਠ, ਜ਼ੋਰ ਜਬਰ ਨਾਲ ਆਪਣੀ ਮਾਰਫ਼ਤ ਕਿਸੇ ਦੂਸਰੀ ਸੰਸਥਾ, ਜਥੇਬੰਦੀ ਜਾਂ ਵਿਅਕਤੀ ਆਦਿ ਤੋਂ ਕਰਵਾਉਣਾ ਚਾਹੁੰਦੀ ਹੈ, ਜੋ ਖਾਲਸਾ ਪੰਥ ਨੂੰ ਕਦੇ ਵੀ ਪ੍ਰਵਾਨ ਨਹੀਂ ਹੋਵੇਗਾ। ਇਸ ਨੂੰ ਪੰਥ ਵਿਰੋਧੀ ਕਾਰਵਾਈ ਸਮਝਿਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਤੇ ਸਾਡੀ ਪ੍ਰਵਾਨਗੀ ਤੋਂ ਬਿਨਾਂ ਕੋਈ ਸੰਸਥਾ ਜਾਂ ਵਿਅਕਤੀ ਫਿਰ ਵੀ ਅਜਿਹਾ ਯਤਨ ਕਰੇਗਾ, ਉਸ ਨੂੰ ਪੰਥ ਦੋਖੀ ਸਮਝਿਆ ਜਾਵੇਗਾ ਅਤੇ ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੰਗਤਾਂ ਅਜਿਹੇ ਵਿਅਕਤੀ ਨੂੰ ਬਿਲਕੁਲ ਮੂੰਹ ਨਾ ਲਾਉਣ।

ਪਰ ਗ੍ਰੰਥੀਆਂ ਦੇ ਇਸ 'ਹੁਕਮ' ਦੀ ਪਰਵਾਹ ਕੀਤੇ ਬਿਨਾ ਇੰਦਰਾ ਗਾਂਧੀ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। 17 ਜੁਲਾਈ 1984 ਦੇ ਦਿਨ ਸੰਤਾ ਸਿੰਘ ਨੇ ਫ਼ੌਜ ਦੀ ਸਰਪ੍ਰਸਤੀ ਹੇਠ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਸ਼ੁਰੂ ਕਰ ਦਿੱਤੀ (ਉਸ ਨੂੰ ਇਸ ਨੂੰ ਵੀ 'ਕਾਰ-ਸੇਵਾ' ਦਾ ਨਾਂ ਦਿੱਤਾ)। ਇਸ 'ਤੇ ਗਿਆਨੀ ਕਿਰਪਾਲ ਸਿੰਘ ਨੇ ਸੰਤਾ ਸਿੰਘ ਨੂੰ ਅਗਲੇ ਦਿਨ 18 ਜੁਲਾਈ ਨੂੰ ਸ਼ਾਮ ਚਾਰ ਵਜੇ ਤਕ ਲਿਖਤੀ ਤੌਰ 'ਤੇ ਆਪਣੀ ਸਫ਼ਾਈ ਪੇਸ਼ ਕਰਨ ਵਾਸਤੇ ਹਿਦਾਇਤ ਦਿੱਤੀ। ਪਰ ਸੰਤਾ ਸਿੰਘ ਨੇ ਇਸ 'ਹਿਦਾਇਤ' ਦੀ ਪਰਵਾਹ ਕਰਨ ਦੀ ਥਾਂ ਅਖ਼ਬਾਰਾਂ ਅਤੇ ਰੇਡੀਓ ਰਾਹੀਂ ਬਿਆਨ ਦੇ ਕੇ ਆਪਣੇ ਆਪ 'ਪੰਜ ਗ੍ਰੰਥੀਆਂ' ਤੋਂ ਸੀਨੀਅਰ ਐਲਾਨਿਆ। ਇਸ 'ਤੇ 19 ਜੁਲਾਈ 1984 ਦੇ ਦਿਨ ਪੰਜਾਂ ਗ੍ਰੰਥੀਆਂ ਨੇ 'ਤਨਖ਼ਾਹੀਆ' ਕਰਾਰ ਦੇ ਕੇ 21 ਜੁਲਾਈ ਨੂੰ ਉਨ੍ਹਾਂ ਅੱਗੇ ਪੇਸ਼ ਹੋਣ ਦਾ 'ਹੁਕਮ' ਜਾਰੀ ਕੀਤਾ। ਉਸ ਵੇਲੇ ਅਕਾਲ ਤਖ਼ਤ ਸਾਹਿਬ ਦੀ ਖੋਲੇ ਹੋਈ ਈਮਾਰਤ ਦੀ ਮੁਰੰਮਤ ਸੰਤਾ ਸਿੰਘ ਕਰਵਾ ਰਿਹਾ ਸੀ, ਇਸ ਕਰ ਕੇ ਉਸ 'ਤੇ ਉਸੇ ਦਾ ਕਬਜ਼ਾ ਸੀ। ਇਨ੍ਹਾਂ ਪੰਜਾਂ ਗ੍ਰੰਥੀਆਂ ਨੇ ਇਹ 'ਹੁਕਮ' ਦਰਸ਼ਨੀ ਡਿਉਢੀ ਤੋਂ ਜਾਰੀ ਕੀਤਾ ਸੀ। ਇਸ 'ਹੁਕਮ' ਦੇ ਲਫ਼ਜ਼ ਇਹ ਸਨ :

> ਮਿਤੀ 11-7-84 ਨੂੰ ਪੰਜ ਸਿੰਘ ਸਾਹਿਬਾਨ ਦੇ ਦਸਖ਼ਤਾਂ ਹੇਠ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਜਾਰੀ ਕੀਤਾ ਗਿਆ ਸੀ, ਜਿਸ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਤੇ ਪੰਜ ਸਿੰਘ ਸਾਹਿਬਾਨ ਦੀ ਪ੍ਰਵਾਨਗੀ ਲਏ ਬਿਨਾਂ ਜਿਹੜੀ ਕੋਈ ਸੰਸਥਾ ਜਾਂ ਵਿਅਕਤੀ ਸਰਕਾਰ ਦੀ ਮਾਰਫ਼ਤ ਫ਼ੌਜ ਦੀ ਨਿਗਰਾਨੀ ਹੇਠ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਕੰਪਲੈਕਸ ਦੀ ਕਾਰ-ਸੇਵਾ ਦਾ ਯਤਨ ਕਰੇਗਾ, ਉਸਨੂੰ ਪੰਥ ਦੋਖੀ ਸਮਝਿਆ ਜਾਵੇਗਾ ਅਤੇ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਹੁਕਮ ਦੀ ਉਲੰਘਣਾ ਕਰਦਿਆਂ ਹੋਇਆਂ ਬੁੱਢਾ ਦਲ ਦੇ ਜਥੇਦਾਰ ਭਾਈ ਸੰਤਾ ਸਿੰਘ ਨੇ ਸਰਕਾਰੀ ਸਰਪ੍ਰਸਤੀ ਹੇਠ ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਮਿਤੀ 17-7-84 ਨੂੰ ਫ਼ੌਜੀ ਸੁਰੱਖਿਆ ਥੱਲੇ ਅਰੰਭ ਕਰ ਦਿੱਤੀ। ਭਾਈ ਸੰਤਾ ਸਿੰਘ ਨੂੰ ਮਿਤੀ 17-7-84 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਦਿੱਤਾ ਗਿਆ ਕਿ ਉਹ ਉਪਰੋਕਤ ਹੁਕਮਨਾਮੇ ਦੀ ਉਲੰਘਣਾ ਕਰਨ ਬਾਰੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦਰਸ਼ਨੀ ਡਿਉਢੀ ਵਿਖੇ ਮਿਤੀ 18-7-84 ਨੂੰ ਸ਼ਾਮ ਦੇ 4.00 ਵਜੇ ਤਕ ਲਿਖਤੀ ਰੂਪ ਵਿਚ ਆਪਣੀ ਪੁਜ਼ੀਸ਼ਨ ਸਪੱਸ਼ਟ ਕਰੇ।

ਭਾਈ ਸੰਤਾ ਸਿੰਘ ਨੇ ਮਿਤੀ 18-7-84 ਚਾਰ ਵਜੇ ਤਕ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ, ਸਗੋਂ ਉਸ ਨੇ ਅਖ਼ਬਾਰਾਂ ਅਤੇ ਰੇਡੀਉ ਨੂੰ ਇਹ ਬਿਆਨ ਦਿੱਤਾ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਚਿੱਠੀ ਦਾ ਜਵਾਬ ਦੇਣ ਦਾ ਪਾਬੰਦ ਨਹੀਂ ਅਤੇ ਉਸ (ਭਾਈ ਸੰਤਾ ਸਿੰਘ) ਦੀ ਪੁਜ਼ੀਸ਼ਨ ਪੰਜ ਸਿੰਘ ਸਾਹਿਬਾਨ ਤੋਂ ਉੱਚੀ ਹੈ। ਉਸ ਨੇ ਇਹ ਵੀ ਕਿਹਾ ਕਿ ਜਦੋਂ ਅਕਾਲ ਤਖ਼ਤ ਹੀ ਨਹੀਂ ਤਾਂ ਉਸ ਦਾ ਜਥੇਦਾਰ ਕਿਵੇਂ ਹੋ ਸਕਦਾ ਹੈ।

ਭਾਈ ਸੰਤਾ ਸਿੰਘ ਦੇ ਉਪਰੋਕਤ ਬਿਆਨ ਤੋਂ ਸਪੱਸ਼ਟ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਹੋਂਦ ਅਤੇ ਪੰਜ ਸਿੰਘ ਸਾਹਿਬਾਨ ਦੀ ਅਥਾਰਿਟੀ ਤੋਂ ਆਕੀ ਹੈ। ਉਸ ਨੇ ਅਜਿਹਾ ਕਰ ਕੇ ਅਕਾਲ ਤਖ਼ਤ ਸਾਹਿਬ, ਪੰਜ ਸਿੰਘ ਸਾਹਿਬਾਨ ਅਤੇ ਸਿੱਖ ਰਵਾਇਤਾਂ ਦੀ ਉਲੰਘਣਾ ਅਤੇ ਅਪਮਾਨ ਕੀਤਾ ਹੈ। ਅਜਿਹੀ ਹਾਲਤ ਵਿਚ ਉਸ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ।

ਉਸ ਨੂੰ ਹੁਕਮ ਕੀਤਾ ਜਾਂਦਾ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਕਾਰ- ਸੇਵਾ ਤੁਰੰਤ ਬੰਦ ਕਰੇ ਅਤੇ ਮਿਤੀ 21-7-84 ਨੂੰ ਸਵੇਰੇ ਅੱਠ ਵਜੇ ਆਪ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਪਾਸੋਂ ਆਪਣੀ ਕੀਤੀ ਗ਼ਲਤੀ ਦੀ ਭੁੱਲ ਬਖ਼ਸ਼ਾਵੇ ਤੇ ਤਨਖ਼ਾਹ ਲਵਾਵੇ। ਐਸਾ ਨਾ ਕਰਨ ਦੀ ਸੂਰਤ ਵਿਚ ਉਸ ਵਿਰੁੱਧ ਸਿੱਖ ਪਰੰਪਰਾਵਾਂ ਅਨੁਸਾਰ ਅਗਲੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸਰਬਤ ਸਿੱਖ ਸੰਗਤ ਨੂੰ ਵੀ ਭਾਈ ਸੰਤਾ ਸਿੰਘ ਦੀ ਅਰੰਭੀ **ਕਾਰ-ਸੇਵਾ** ਵਿਚ ਕਿਸੇ ਕਿਸਮ ਦਾ ਸਹਿਯੋਗ ਦੇਣ ਤੋਂ ਵਰਜਿਤ ਕੀਤਾ ਜਾਂਦਾ ਹੈ। ਨਾ ਹੀ ਉਹ ਇਸ ਤਨਖ਼ਾਹੀਏ ਨੂੰ ਮੂੰਹ ਲਾਉਣ ਤੇ ਨਾ ਹੀ ਕਿਸੇ ਪ੍ਰਕਾਰ ਦੇ ਮੇਲ-ਮਿਲਾਪ ਰੱਖਣ। (*ਨੋਟ : ਇਹ ਦਿਲਚਸਪ ਗੱਲ ਹੈ ਕਿ ਇਸ 'ਹੁਕਮ' ਵਿਚ ਵੀ ਸੰਤਾ ਸਿੰਘ ਦੀ ਮੁਰੰਮਤ ਨੂੰ 'ਕਾਰ-ਸੇਵਾ' ਮੰਨਿਆ ਗਿਆ ਹੈ ਨਾ ਕਿ 'ਸਰਕਾਰ-ਸੇਵਾ' ਜਾਂ 'ਅਖੌਤੀ ਕਾਰ-ਸੇਵਾ'।*)

ਪਰ ਸੰਤਾ ਸਿੰਘ ਨੇ ਇਸ 'ਹੁਕਮ' ਨੂੰ ਵੀ ਰੱਦ ਕਰ ਦਿੱਤਾ ਤੇ ਇਸਦੀ ਜ਼ਰਾ-ਮਾਸਾ ਵੀ ਪ੍ਰਵਾਹ ਕੀਤੇ ਬਿਨਾ ਆਪਣਾ ਕੰਮ ਜਾਰੀ ਰਖਿਆ। ਅਖ਼ੀਰ 22 ਜੁਲਾਈ 1984 ਦੇ ਦਿਨ ਪੰਜਾਂ ਗ੍ਰੰਥੀਆਂ ਨੇ ਸੰਤਾ ਸਿੰਘ ਨੂੰ 'ਪੰਥ' 'ਚੋਂ 'ਖ਼ਾਰਿਜ' ਕਰਨ ਦਾ 'ਹੁਕਮਨਾਮਾ' ਇਉਂ ਸੀ :

ਅਕਾਲ ਤਖ਼ਤ ਸਾਹਿਬ ਦਾ

ਹੁਕਮਨਾਮਾ

ਨਿਹੰਗ ਸੰਤਾ ਸਿੰਘ ਪੰਥ ਵਿੱਚੋਂ ਖ਼ਾਰਿਜ

ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 19-7-84 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਰਾਹੀਂ ਬੁੱਢਾ ਦਲ ਦੇ ਜਥੇਦਾਰ ਭਾਈ ਸੰਤਾ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਤੇ ਉਸ ਨੂੰ ਹੁਕਮ

ਕੀਤਾ ਗਿਆ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਤੁਰੰਤ ਬੰਦ ਕਰੇ ਅਤੇ ਮਿਤੀ 21-7-84 ਨੂੰ ਸਵੇਰੇ 8 ਵਜੇ ਆਪ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਪਾਸੋਂ ਕੀਤੀ ਗ਼ਲਤੀ ਦੀ ਭੁੱਲ ਬਖ਼ਸ਼ਾਵੇ ਅਤੇ ਤਨਖ਼ਾਹ ਲਵਾਵੇ।

ਭਾਈ ਸੰਤਾ ਸਿੰਘ ਨੇ ਮਿੱਥੀ ਤਰੀਕ ਤੇ ਸਮੇਂ ਉੱਤੇ ਅਕਾਲ ਤਖ਼ਤ ਸਾਹਿਬ ਸਾਹਮਣੇ ਹਾਜ਼ਰ ਹੋ ਕੇ ਆਪਣੀ ਭੁੱਲ ਨਹੀਂ ਬਖ਼ਸ਼ਾਈ। ਸਗੋਂ ਪ੍ਰੈੱਸ ਅਤੇ ਰੇਡੀਓ ਦੇ ਨਾਮਾ-ਨਿਗਾਰਾਂ ਨੂੰ ਬਿਆਨ ਦੇਂਦਿਆਂ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਉਪਰੋਕਤ ਵਰਣਿਤ ਹੁਕਮਨਾਮੇ ਨੂੰ ਚੁਣੌਤੀ ਦਿੱਤੀ ਹੈ ਅਤੇ ਕਿਹਾ ਹੈ ਕਿ ਉਹ ਇਸ ਹੁਕਮਨਾਮੇ ਦਾ ਪਾਬੰਦ ਨਹੀਂ ਹੈ। ਉਸ ਦਾ ਇਹ ਕਰਤਵ ਅਕਾਲ ਤਖ਼ਤ ਸਾਹਿਬ ਦੀ ਖੁੱਲ੍ਹਮ-ਖੁੱਲ੍ਹੀ ਬਗ਼ਾਵਤ ਹੈ।

ਸੋ, ਬੁੱਢਾ ਦਲ ਦੇ ਜਥੇਦਾਰ ਭਾਈ ਸੰਤਾ ਸਿੰਘ ਦੇ ਸੰਗੀਨ ਦੋਸ਼ ਨੂੰ ਮੁਖ ਰੱਖਦਿਆਂ ਉਸ ਨੂੰ ਸਿਖ ਪੰਥ ਵਿੱਚੋਂ ਖ਼ਾਰਿਜ ਕੀਤਾ ਜਾਂਦਾ ਹੈ।

ਉਪਰੋਕਤ ਭਾਈ ਸੰਤਾ ਸਿੰਘ ਵੱਲੋਂ ਅਰੰਭ ਕੀਤੀ ਹੋਈ ਅਕਾਲ ਤਖ਼ਤ ਸਾਹਿਬ ਦੀ ਸੇਵਾ 'ਕਾਰ-ਸੇਵਾ' ਨਹੀਂ 'ਸਰਕਾਰ ਸੇਵਾ' ਹੈ। ਕੋਈ ਗੁਰੂ ਦਾ ਸਿੱਖ ਇਸ 'ਸਰਕਾਰ ਸੇਵਾ' ਵਿਚ ਕਿਸੇ ਕਿਸਮ ਦਾ ਸਹਿਯੋਗ ਨਾ ਦੇਵੇ। ਜੋ ਕੋਈ ਪੰਥ ਦਾ ਇਹ ਹੁਕਮ ਮੰਨੇਗਾ ਸੋ ਨਿਹਾਲ ਹੋਏਗਾ।

ਪਹਿਲੀ ਅਗਸਤ ਨੂੰ ਇਨ੍ਹਾਂ ਪੰਜਾਂ ਗ੍ਰੰਥੀਆਂ ਨੇ ਸੰਤਾ ਸਿੰਘ ਨਾਲ ਰਲ ਕੇ ਕਾਰ-ਸੇਵਾ ਸ਼ੁਰੂ ਕਰਨ ਵਾਲੇ ਬਾਬਾ ਨਿਹਾਲ ਸਿੰਘ, ਮੰਗਲ ਸਿੰਘ ਤੇ ਗੋਪਾਲ ਸਿੰਘ (ਗੁਰੂਸਰ ਸਤਲਾਣੀ), ਬਿਕਰਮਜੀਤ ਸਿੰਘ (ਡੇਰਾ ਬਾਬਾ ਮਹਾਰਾਜ ਸਿੰਘ) ਤੇ ਨਰੈਣ ਸਿੰਘ ਕਲੇਰਾਂ ਵਾਲਿਆਂ ਨੂੰ ਵੀ 10 ਅਗਸਤ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ।

ਉਧਰ ਸੰਤਾ ਸਿੰਘ ਨੇ 22 ਜੁਲਾਈ ਦੇ 'ਹੁਕਮਨਾਮੇ' ਨੂੰ ਰੱਦ ਕਰਦਿਆਂ 11 ਅਗਸਤ 1984 ਦੇ ਦਿਨ ਅਖੌਤੀ 'ਸਰਬਤ ਖਾਲਸਾ' ਇਕੱਠ ਬੁਲਾਉਣ ਦਾ ਐਲਾਨ ਕਰ ਦਿੱਤਾ। ਇਸ ਐਲਾਨ 'ਤੇ ਪੰਜਾਂ ਗ੍ਰੰਥੀਆਂ ਨੇ ਸਿੱਖ ਪੰਥ ਨੂੰ ਇਕ ਅਪੀਲ ਜਾਰੀ ਕੀਤੀ ਤੇ ਕਿਹਾ ਕਿ 'ਸਰਕਾਰੀ ਇਕੱਤਰਤਾ' ਵਿਚ ਕੋਈ ਸਿੱਖ ਸ਼ਾਮਿਲ ਨਾ ਹੋਵੇ। 5 ਅਗਸਤ 1984 ਨੂੰ ਜਾਰੀ ਕੀਤੀ ਗ੍ਰੰਥੀਆਂ ਦੀ ਇਸ ਅਪੀਲ ਦੇ ਲਫ਼ਜ਼ ਇਹ ਸਨ :

ਸਤਿਕਾਰਯੋਗ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

5-6 ਜੂਨ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਫ਼ੌਜੀ ਐਕਸ਼ਨ ਦੇ ਫਲਸਰੂਪ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ ਅਤੇ ਹੋਰ ਬਿਲਡਿੰਗਾਂ ਦੀ ਅੰਨ੍ਹੇਵਾਹ ਕੀਤੀ ਕਈ ਤਬਾਹੀ[1] ਨੂੰ ਵੇਖ ਕੇ ਕਠੋਰ ਤੋਂ ਕਠੋਰ ਹਿਰਦਾ ਵੀ ਤਰਾਸ ਤਰਾਸ ਕਰ ਉਠਿਆ ਹੈ।

ਸਰਕਾਰ ਨਹੀਂ ਸੀ ਚਾਹੁੰਦੀ ਕਿ ਦਰਬਾਰ ਸਾਹਿਬ ਦੀ ਇਹ ਭਿਆਨਕ ਤਬਾਹੀ ਦਾ ਦ੍ਰਿਸ਼ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਨਜ਼ਰੀਂ ਪਵੇ। ਉਹ ਆਪਣੀਆਂ ਕਾਲੀਆਂ ਕਰਤੂਤਾਂ 'ਤੇ ਤੁਰੰਤ ਪੜਦਾ ਪਾਉਣਾ ਚਾਹੁੰਦੀ ਸੀ। ਇਸ ਲਈ ਸਰਕਾਰ ਨੇ ਸਿੱਖ ਪੰਥ ਦੀਆਂ ਜ਼ਿੰਮੇਵਾਰ ਸੰਸਥਾਵਾਂ (ਪੰਜ ਸਿੰਘ ਸਾਹਿਬਾਨ, ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਜੋ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਦੀਆਂ ਹਾਮੀ ਸਨ, ਨਾਲੋਂ ਗੱਲ ਤੋੜ ਕੇ ਆਪਣੇ ਹੱਥ ਲੈ ਕੇ ਨਿਹੰਗ ਸੰਤਾ ਸਿੰਘ ਨੂੰ ਰਾਤੋ-ਰਾਤ ਬੁਲਾ ਕੇ ਫ਼ੌਜੀ ਪ੍ਰਸਤ ਪਨਾਹ ਥੱਲੇ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਦਾ ਕੰਮ ਸੌਂਪ ਦਿੱਤਾ। ਨਿਹੰਗ ਸੰਤਾ ਸਿੰਘ ਨੂੰ ਸਿੱਖ ਕੌਮ ਦੀ ਮਨਸ਼ਾ ਮਰਜ਼ੀ ਵਿਰੁੱਧ ਅਜਿਹਾ ਕਰਨ ਤੋਂ ਵਰਜਿਆ ਗਿਆ, ਪਰ ਉਹ ਅਕਾਲ ਤਖ਼ਤ

1. ਟੀ.ਵੀ. 'ਤੇ 'ਕੋਠਾ ਸਾਹਿਬ ਠੀਕ-ਠਾਕ ਹੈ' ਕਹਿਣ ਵੇਲੇ ਗਿਆਨੀ ਕਿਰਪਾਲ ਸਿੰਘ ਨੂੰ ਇਹ 'ਤਬਾਹੀ' ਨਜ਼ਰ ਨਹੀਂ ਆਈ ਸੀ।

ਸਾਹਿਬ ਦੇ ਹੁਕਮਨਾਮੇ ਰਾਹੀਂ ਪੰਥ ਵਿਚੋਂ ਖ਼ਾਰਿਜ ਕੀਤਾ ਗਿਆ ਅਤੇ ਇਸੇ ਹੁਕਮਨਾਮੇ ਵਿਚ ਸਾਰੇ ਗੁਰਸਿੱਖਾਂ ਨੂੰ ਸੰਤਾ ਸਿੰਘ ਨੂੰ ਕਿਸੇ ਕਿਸਮ ਦਾ ਸਹਿਯੋਗ ਤੋਂ ਵਰਜਿਤ ਕੀਤਾ ਗਿਆ।

ਸਿੱਖ ਕੌਮ ਦੀਆਂ ਉਪਰੋਕਤ ਜ਼ਿੰਮੇਵਾਰ ਸੰਸਥਾਵਾਂ ਅਤੇ ਸਮੁੱਚੇ ਸੰਤ ਸਮਾਜ ਵੱਲੋਂ ਮਤਾ ਪਾਸ ਕਰ ਕੇ ਦਰਬਾਰ ਸਾਹਿਬ ਦੀ ਕਾਰ-ਸੇਵਾ ਦਾ ਕੰਮ ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਜੀ ਨੂੰ ਕਦੇ ਦਾ ਸੌਂਪਿਆ ਜਾ ਚੁੱਕਾ ਹੈ ਤੇ ਉਹ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਉਣ ਦੇ ਹਾਮੀ ਹਨ।

ਖਾਲਸਾ ਰਵਾਇਤ ਅਨੁਸਾਰ ਕੋਈ ਤਨਖ਼ਾਹੀਆ ਜਾਂ ਪਤਿਤ ਵਿਅਕਤੀ ਅਕਾਲ ਤਖ਼ਤ ਸਾਹਿਬ ਦੀ ਪਰਕਰਮਾ ਨਹੀਂ ਕਰ ਸਕਦਾ, ਉਸ ਦੀ ਇਸ ਪਾਵਨ ਅਸਥਾਨ ਤੇ ਅਰਦਾਸ ਨਹੀਂ ਕੀਤੀ ਜਾ ਸਕਦੀ, ਨਾ ਹੀ ਉਸ ਦਾ ਇੱਥੇ ਪ੍ਰਸਾਦਿ ਪ੍ਰਵਾਨ ਕੀਤਾ ਜਾ ਸਕਦਾ ਹੈ। ਪਰ ਹਠ ਦੀ ਗੱਲ ਹੈ ਕਿ ਪੰਥ ਵਿਚੋਂ ਛੇਕਿਆ ਹੋਇਆ ਉਪਰੋਕਤ ਨਿਹੰਗ ਸੰਤਾ ਸਿੰਘ ਫ਼ੌਜੀ ਬਲ ਬੋਤੇ 'ਤੇ ਸਿੱਖ ਸਿਧਾਂਤਾਂ ਅਤੇ ਸਿੱਖ ਜਜ਼ਬਾਤ ਨੂੰ ਕੁਚਲ ਰਿਹਾ ਹੈ।

ਭਾਰਤ ਸਰਕਾਰ ਅਤੇ ਪੰਥ ਵਿਚੋਂ ਛੇਕਿਆ ਹੋਇਆ ਭਾਈ ਸੰਤਾ ਸਿੰਘ, ਦੋਵੇਂ ਹੁਣ ਹੋਰ ਹੋਛੇ ਹਥਿਆਰਾਂ 'ਤੇ ਆ ਗਏ ਹਨ। ਆਪਣੀਆਂ ਕਾਲੀਆਂ ਕਰਤੂਤਾਂ ਲੁਕਾਉਣ ਲਈ ਉਨ੍ਹਾਂ ਨੇ ਇਕ ਹੋਰ ਪਰਪੰਚ ਰਚਿਆ ਹੈ। ਕੁਝ ਸਰਕਾਰੀ ਹੱਥ-ਠੋਕੇ ਪਿੱਠੂਆਂ ਦੁਆਰਾ 11-8-84 ਨੂੰ ਅੰਮ੍ਰਿਤਸਰ ਵਿਖੇ ਸਰਕਾਰੀ ਇਕੱਤਰਤਾ ਬੁਲਾਉਣ ਦਾ ਨਵਾਂ ਢੌਂਗ ਰਚਿਆ ਜਾ ਰਿਹਾ ਹੈ। ਸਰਬਤ ਖ਼ਾਲਸੇ ਦਾ ਇਕੱਠ ਕੇਵਲ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਹੀ ਸੱਦਿਆ ਜਾ ਸਕਦਾ ਹੈ। ਇਸ ਇਕੱਤਰਤਾ ਦਾ ਪਲਾਨ ਅਤੇ ਸਮੁੱਚਾ ਪ੍ਰਬੰਧ ਹੁਕਮਰਾਨ ਪਾਰਟੀ ਵੱਲੋਂ ਸਰਕਾਰੀ ਪੱਧਰ 'ਤੇ ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ, ਸਾਰੀ ਸਰਕਾਰੀ ਮਸ਼ੀਨਰੀ ਵੱਲੋਂ ਕੀਤਾ ਜਾ ਰਿਹਾ ਹੈ।

ਸਾਰੇ ਸਿੱਖ ਜਗਤ ਨੂੰ ਸਰਕਾਰ ਅਤੇ ਉਸ ਦੇ ਹੱਥ-ਠੋਕੇ ਪਿੱਠੂਆਂ ਦੀਆਂ ਜਟਿਲ ਚਾਲਾਂ ਤੋਂ ਜਾਣੂੰ ਕਰਾਉਂਦਿਆਂ ਹੋਇਆਂ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਗੁਰੂ ਕਾ ਸਿੱਖ, ਭਾਵੇਂ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਰੱਖਦਾ ਹੈ, ਪੰਥ ਦੋਖੀਆਂ ਦੀ ਇਸ ਇਕੱਤਰਤਾ ਵਿਚ ਸ਼ਾਮਿਲ ਨਾ ਹੋਵੇ।

ਆਓ ਸਾਰੇ ਇਕ-ਮੁੱਠ ਹੋ ਕੇ ਪੰਥ ਵਿਰੋਧੀ ਸ਼ਕਤੀਆਂ ਦਾ ਇਸ ਸਾਜ਼ਿਸ਼ ਨੂੰ ਅਸਫਲ ਬਣਾਉਣ ਅਤੇ ਕਾਰ-ਸੇਵਾ, ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਜੀ ਨੂੰ ਦਿਵਾਉਣ ਲਈ ਭਰਪੂਰ ਹੰਭਲਾ ਮਾਰੀਏ।

ਜਦੋਂ ਤੀਕ ਭਾਰਤ ਸਰਕਾਰ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਨਹੀਂ ਦਿੰਦੀ, ਉਦੋਂ ਤੀਕ ਸਾਰੀਆਂ ਸਿੱਖ ਸੰਗਤਾਂ ਹਰ ਗੁਰਦੁਆਰੇ ਵਿਚ ਭਾਦਰੋਂ ਦੀ ਸੰਗਰਾਂਦ ਵਾਲੇ ਦਿਨ ਤੋਂ ਹੇਠ ਲਿਖੇ ਅਨੁਸਾਰ ਅਰਦਾਸ ਕਰਿਆ ਕਰਨ:

"ਹੇ ਸਤਿਗੁਰੂ ਜੀ, ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਖੁੱਲ੍ਹੇ ਦਰਸ਼ਨ ਇਸ਼ਨਾਨ ਅਤੇ ਸੇਵਾ-ਸੰਭਾਲ ਆਪ ਦੇ ਖਾਲਸਾ ਪੰਥ ਨੂੰ ਬਖ਼ਸ਼ੋ।"

10 ਅਗਸਤ 1984 ਦੇ ਦਿਨ ਤਲਬ ਕੀਤੇ ਪੰਜਾਂ [ਬਾਬਾ ਨਿਹਾਲ ਸਿੰਘ, ਮੰਗਲ ਸਿੰਘ ਤੇ ਗੋਪਾਲ ਸਿੰਘ (ਗੁਰੂਸਰ ਸਤਲਾਣੀ), ਬਿਕਰਮਜੀਤ ਸਿੰਘ (ਡੇਰਾ ਬਾਬਾ ਮਹਾਰਾਜ ਸਿੰਘ) ਤੇ ਨਰੈਣ ਸਿੰਘ (ਕਲੇਰਾਂ)] ਵਿੱਚੋਂ ਬਿਕਰਮਜੀਤ ਸਿੰਘ ਤੇ ਨਰੈਣ ਸਿੰਘ ਪੇਸ਼ ਨਾ ਹੋਏ। ਪੰਜਾਂ ਗ੍ਰੰਥੀਆਂ ਨੇ ਇਨ੍ਹਾਂ ਦੋਹਾਂ ਨੂੰ 'ਤਨਖ਼ਾਹੀਏ' ਕਰਾਰ ਕਰਨ ਦਾ ਐਲਾਨ ਕੀਤਾ। 12 ਅਗਸਤ ਨੂੰ ਜਾਰੀ ਕੀਤੇ ਇਸ ਐਲਾਨ ਦੇ ਲਫ਼ਜ਼ ਇਹ ਸਨ:

ਮਿਤੀ 1-8-84 ਨੂੰ ਜਿਨ੍ਹਾਂ ਵਿਅਕਤੀਆਂ ਨੇ ਪੰਥ ਵਿੱਚੋਂ ਖ਼ਾਰਿਜ ਕੀਤੇ ਨਿਹੰਗ ਸੰਤਾ ਸਿੰਘ ਨਾਲ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਅਰੰਭ ਕਰਨ ਦੇ ਕੰਮ ਵਿਚ ਭਾਈਵਾਲੀ

ਪਾ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਸੀ, ਉਨ੍ਹਾਂ ਨੂੰ ਹਿਦਾਇਤ ਕੀਤੀ ਗਈ ਸੀ ਕਿ ਇਸ ਦੋਸ਼ ਸਬੰਧੀ ਮਿਤੀ 10-8-84 ਨੂੰ ਸਵੇਰੇ ਸੱਤ ਵਜੇ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ, ਉਨ੍ਹਾਂ ਵਿੱਚੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਭਾਈ ਮੰਗਲ ਸਿੰਘ ਅਤੇ ਭਾਈ ਗੋਪਾਲ ਸਿੰਘ ਗੁਰੂਸਰ ਸਤਲਾਨੀ ਵਾਲਿਆਂ ਨੇ ਲਿਖਤੀ ਮੁਆਫ਼ੀ ਮੰਗ ਲਈ ਹੈ। ਇਸ ਲਈ ਉਨ੍ਹਾਂ ਨੂੰ ਮੁਆਫ਼ ਕੀਤਾ ਜਾਂਦਾ ਹੈ। ਪਰ ਬਿਕਰਮਾ ਜੀਤ ਸਿੰਘ ਡੇਰਾ ਬਾਬਾ ਮਹਾਰਾਜ ਸਿੰਘ ਅੰਮ੍ਰਿਤਸਰ ਅਤੇ ਨਰਾਇਣ ਸਿੰਘ ਕਲੇਰਾਂ ਵਾਲਾ ਜਗਰਾਉਂ, ਦੋ ਸੱਜਣ ਸਮੇਂ ਸਿਰ ਹਾਜ਼ਰ ਨਹੀਂ ਹੋਏ। ਇਸ ਦੋਸ਼ ਵਿਚ ਇਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਸਮੂੰਹ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਦੋਂ ਤਕ ਇਹ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਪੰਜਾਂ ਸਿੰਘ ਸਾਹਿਬਾਨ ਪਾਸੋਂ ਆਪਣੀ ਭੁੱਲ ਬਖ਼ਸ਼ਾ ਕੇ ਤਨਖ਼ਾਹ ਨਹੀਂ ਲਵਾ ਲੈਂਦੇ, ਉਦੋਂ ਤਕ ਸਿੱਖ ਸੰਗਤਾਂ ਇਨ੍ਹਾਂ ਨਾਲ ਕਿਸੇ ਪ੍ਰਕਾਰ ਦੀ ਮਿਲਵਰਤਨ ਨਾ ਕਰਨ।

ਸੰਤਾ ਸਿੰਘ ਨੇ ਇਨ੍ਹਾਂ 'ਹੁਕਮਨਾਮਿਆਂ', 'ਤਨਖ਼ਾਹੀਆ' ਕਰਾਰ ਦੇਣ ਦੀਆਂ ਕਾਰਵਾਈਆਂ ਅਤੇ ਉਸ ਦੇ ਤਿੰਨ ਮਿਲਵਰਤਣੀਆਂ (ਬਾਬਾ ਨਿਹਾਲ ਸਿੰਘ, ਮੰਗਲ ਸਿੰਘ ਤੇ ਗੋਪਾਲ ਸਿੰਘ) ਵੱਲੋਂ ਮੁਆਫ਼ੀ ਮੰਗਣ ਦੀ ਕੋਈ ਪਰਵਾਹ ਨਾ ਕੀਤੀ। ਉਸ ਨੇ ਆਪਣਾ ਮੁਰੰਮਤ ਦਾ ਕੰਮ ਜਾਰੀ ਰੱਖਿਆ। ਪਰ, ਜਦੋਂ ਉਸ ਦੀ 'ਸਰਕਾਰੀ ਕਾਰ-ਸੇਵਾ' ਵਿਚ ਹਿੱਸਾ ਪਾਉਣ ਵਾਸਤੇ ਸਿੱਖ ਤਿਆਰ ਨਾ ਹੋਏ ਤਾਂ ਸਰਕਾਰ ਨੇ ਸਰਕਾਰੀ ਠੇਕੇਦਾਰਾਂ ਤੇ ਬਿਲਡਰਾਂ ਰਾਹੀਂ ਇਹ ਕੰਮ ਕਰਵਾਉਣ ਦਾ ਫ਼ੈਸਲਾ ਕੀਤਾ। ਦਿੱਲੀ ਦੀ ਫ਼ਰਮ 'ਸਕਿੱਪਰ ਬਿਲਡਰਜ਼' (ਮਾਲਕ ਤੇਜਵੰਤ ਸਿੰਘ) ਦੀ ਮਦਦ ਨਾਲ ਈਮਾਰਤ ਦੀ ਮੁਰੰਤ ਸ਼ੁਰੂ ਕਰਵਾਈ ਗਈ। ਅਜਮੇਰ ਤੇ ਉਦੈਪੁਰ (ਰਾਜਿਸਥਾਨ) ਤੋਂ ਸੰਗਮਰਮਰ ਦੇ ਮਾਹਿਰ 250 ਮਿਸਤਰੀ ਲਿਆਂਦੇ ਗਏ। ਪੀ.ਡਬਲਯੂ.ਡੀ. ਦੇ ਸਾਬਕ ਚੀਫ਼ ਇੰਜੀਨੀਅਰ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਮਲਬਾ ਪੰਜਾਬ ਦੇ ਹਰੀਜਨਾਂ ਤੋਂ ਜਬਰੀ ਚੁਕਵਾਇਆ ਗਿਆ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਰੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ 'ਤੇ ਆਪਣੀ ਸਲਾਹ ਤੇ ਅਗਵਾਈ ਦੇਂਦੇ ਰਹੇ।

ਪਹਿਲੋਂ ਪੰਜ ਗ੍ਰੰਥੀ 5 ਜੁਲਾਈ 1984 ਦੇ ਦਿਨ ਫ਼ੌਜ ਹਟਾ ਕੇ ਦਰਬਾਰ ਸਾਹਿਬ ਕੰਪਲੈਕਸ ਸਿੱਖਾਂ ਦੇ ਹਵਾਲੇ ਕਰਨ ਦਾ 'ਗੁਰਮਤਾ' ਕਰ ਚੁੱਕੇ ਸਨ ਤੇ 'ਸਰਕਾਰ ਕਾਰ-ਸੇਵਾ' ਰੋਕਣ ਲਈ ਧਮਕੀਆਂ ਵੀ ਦੇ ਚੁੱਕੇ ਸਨ। ਹੁਣ 17 ਅਗਸਤ ਨੂੰ ਉਨ੍ਹਾਂ ਨੇ ਇਸ ਸਰਕਾਰੀ ਕਾਰ-ਸੇਵਾ ਨੂੰ 'ਰੱਦ' ਕਰ ਕੇ ਆਪਣੀ ਵੱਲੋਂ ਬਾਬਾ ਹਰਬੰਸ ਸਿੰਘ ਦਿੱਲੀ ਨੂੰ ਕਾਰ-ਸੇਵਾ ਸੌਂਪਣ ਦਾ ਐਲਾਨ ਕਰ ਦਿੱਤਾ। 17 ਅਗਸਤ 1984 ਦੇ ਦਿਨ ਜਾਰੀ ਕੀਤੇ ਇਸ ਐਲਾਨ ਦਾ ਕੋਈ ਕੀਮਤ ਨਹੀਂ ਸੀ ਤੇ ਨਾ ਹੀ ਕੋਈ ਤੁਕ ਸੀ, ਕਿਉਂਕਿ ਸੰਤਾ ਸਿੰਘ ਸਰਕਾਰ ਤੇ ਫ਼ੌਜ ਦੀ ਮਦਦ ਨਾਲ ਠੇਕੇਦਾਰਾਂ ਰਾਹੀਂ ਕੰਮ ਕਰਵਾ ਰਿਹਾ ਸੀ। ਅੰਦਰੋਂ-ਅੰਦਰੀਂ ਇਹ ਤਿੰਨੇ ਗ੍ਰੰਥੀ ਫ਼ੌਜ ਤੇ ਠੇਕੇਦਾਰਾਂ ਨਾਲ ਮਿਲਵਰਤਣ ਕਰ ਰਹੇ ਸੀ। ਇਸ ਹਾਲਤ ਵਿਚ ਬਾਬਾ ਹਰਬੰਸ ਸਿੰਘ ਤਾਂ ਉੱਥੇ ਪੁੱਜ ਵੀ ਨਹੀਂ ਸੀ ਸਕਦਾ। ਅਜਿਹੀ ਸੂਰਤ ਵਿਚ ਇਹੋ ਜਿਹੇ ਬਿਆਨ/ਹੁਕਮ ਦਾ ਕੋਈ ਮਤਲਬ ਨਹੀਂ ਸੀ ਬਣਦਾ (ਉਂਞ ਵੀ

ਇਹ ਖ਼ਾਨਾ-ਪੂਰਤੀ ਅਤੇ ਦਿਖਾਵੇ ਦੀ ਕਾਰਵਾਈ ਸੀ, ਜਿਸ ਦਾ ਮਕਸਦ ਸਿੱਖ ਸੰਗਤਾਂ ਨੂੰ ਭੁਲੇਖੇ ਵਿਚ ਰਖਣਾ ਸੀ)। ਖ਼ੈਰ, ਇਸ 'ਹੁਕਮ' ਦੇ ਲਫ਼ਜ਼ ਸਨ :

ਅੱਜ ਮਿਤੀ 17-8-1984 ਨੂੰ ਸ਼ਾਮ ਦੇ 4-00 ਵਜੇ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਹੋਈ, ਜਿਸ ਵਿਚ ਹੇਠ ਲਿਖਿਆ ਫ਼ੈਸਲਾ ਸਰਬ-ਸੰਮਤੀ ਨਾਲ ਕੀਤਾ ਗਿਆ :

1. ਅਕਾਲ ਤਖ਼ਤ ਸਾਹਿਬ ਦੀ ਮੌਜੂਦਾ ਈਮਾਰਤ, ਜੋ ਫ਼ੌਜੀ ਐਕਸ਼ਨ ਨਾਲ ਢਹਿ ਗਈ ਹੈ ਤੇ ਬਾਕੀ ਖ਼ਸਤਾ ਹੋ ਗਈ ਹੈ। ਇਸ ਲਈ ਇਸ ਨੂੰ ਨਵੇਂ ਸਿਰੇ ਤੋਂ ਉਸਾਰਿਆ ਜਾਵੇ। ਤਖ਼ਤ ਸਾਹਿਬ ਦਾ ਨਕਸ਼ਾ ਪਹਿਲੇ ਵਾਲਾ ਰੱਖਿਆ ਜਾਵੇ।
2. ਅਕਾਲ ਤਖ਼ਤ ਸਾਹਿਬ ਦੀ ਨਵੀਂ ਈਮਾਰਤ ਦੀ ਸੇਵਾ ਬਾਬਾ ਹਰਬੰਸ ਸਿੰਘ ਜੀ ਤੇ ਬਾਬਾ ਕਰਨੈਲ ਸਿੰਘ ਜੀ ਨੂੰ ਸੌਂਪੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੇਵਾ ਦੇ ਕਾਰਜ ਨੂੰ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਿਆ ਜਾਵੇ।

12 ਸਿਤੰਬਰ 1984 ਦੇ ਦਿਨ ਪਹਿਲੀ ਅਗਸਤ ਦੇ ਤਨਖ਼ਾਹੀਏ ਅਤੇ 12 ਅਗਸਤ ਨੂੰ ਪੰਥ 'ਚੋਂ 'ਖ਼ਾਰਿਜ' ਕੀਤੇ ਬਿਕਰਮਾਜੀਤ ਸਿੰਘ ਨੇ ਵੀ ਪੰਜ ਗ੍ਰੰਥੀਆਂ ਕੋਲ ਪੇਸ਼ ਹੋ ਕੇ ਮੁਆਫ਼ੀ ਮੰਗ ਲਈ। ਉਸ ਨੂੰ ਹੇਠ ਲਿਖੀ ਤਨਖ਼ਾਹ ਲਾਈ ਗਈ :

ਅੱਜ ਮਿਤੀ 12-9-84 ਨੂੰ ਭਾਈ ਬੀਰ ਬਿਕ੍ਰਮਾਜੀਤ ਸਿੰਘ ਛਾਉਣੀ ਨਿਹੰਗਾਂ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਪਾਸ ਤਨਖ਼ਾਹ ਲਗਵਾਉਣ ਵਾਸਤੇ ਪੇਸ਼ ਹੋਇਆ। ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਦੀ ਇਸ ਨੇ ਲਿਖਤੀ ਮੁਆਫ਼ੀ ਮੰਗ ਲਈ ਹੈ। ਸਿੰਘ ਸਾਹਿਬਾਨ ਵੱਲੋਂ ਲਗਾਈ ਜਾਣ ਵਾਲੀ ਤਨਖ਼ਾਹ ਨੂੰ ਪ੍ਰਵਾਨ ਕਰਨਾ ਮੰਨ ਲਿਆ ਹੈ। ਇਸ ਲਈ ਇਸ ਨੂੰ **ਬਖ਼ਸ਼ ਕੇ** ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਆਪਣੇ ਨਿੱਤਨੇਮ ਤੋਂ ਇਲਾਵਾ 21 ਦਿਨ ਹਰ ਰੋਜ਼ ਇਕ ਜਾਪੁ ਸਾਹਿਬ ਦਾ ਪਾਠ ਕਰੇ।
2. ਗੁਰਦੁਆਰਾ ਬਾਬਾ ਦੀਪ ਸ਼ਿੰਘ ਜੀ ਸ਼ਹੀਦ ਵਿਖੇ ਇਕ ਹਫ਼ਤਾ ਸੰਗਤਾਂ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰੇ।
3. ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਇਕ ਹਫ਼ਤਾ ਸੰਗਤਾਂ ਦੇ ਜੋੜੇ ਸਾਫ਼ ਕਰਨ ਦੀ ਸੇਵਾ ਕਰੇ।
4. ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਇਕ ਹਫ਼ਤਾ ਝਾੜੂ ਮਾਰਨ ਦੀ ਸੇਵਾ ਕਰੇ।
5. ਗੁਰੂ ਦੀ ਗੋਲਕ ਵਿਚ 101/- ਰੁਪਏ ਜਮ੍ਹਾਂ ਕਰਵਾ ਕੇ ਰਸੀਦ ਲਵੇ।

ਉਪਰੋਕਤ ਸਾਰੀਆਂ ਤਨਖ਼ਾਹਾਂ ਪੂਰੀਆਂ ਕਰਨ ਤੋਂ ਬਾਅਦ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾ ਲਵੇ।

ਇਸ ਦੌਰਾਨ 2 ਸਿਤੰਬਰ 1984 ਦੇ ਦਿਨ ਇਨ੍ਹਾਂ ਪੰਜ ਸੀਨੀਅਰ ਗ੍ਰੰਥੀਆਂ ਨੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਤਨਖ਼ਾਹੀਆ ਕਰਾਰ ਦੇ ਦਿੱਤਾ। ਇਸ 'ਹੁਕਮਨਾਮੇ' ਵਿਚ ਉਸ ਨੂੰ ਦਰਬਾਰ ਸਾਹਿਬ 'ਤੇ ਹਮਲੇ ਅਤੇ ਸਾਰੀ ਤਬਾਹੀ ਦਾ ਮੁੱਖ ਦੋਸ਼ੀ ਗਰਦਾਨਿਆ ਗਿਆ। ਇਸ 'ਹੁਕਮ' ਦੇ ਲਫ਼ਜ਼ ਇਹ ਸਨ :

ਨੰਬਰ 3/9.84 2-9-1984

4, 5 ਤੇ 6 ਜੂਨ, 1984 ਨੂੰ ਜ਼ੈਲ ਸਿੰਘ ਦੇ ਆਰਡਰ ਅਨੁਸਾਰ ਭਾਰਤੀ ਫ਼ੌਜ ਵੱਲੋਂ ਤੋਪਾਂ, ਟੈਂਕਾਂ ਨਾਲ ਲੈਸ ਹੋ ਕੇ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ ਪੰਜਾਬ ਭਰ ਦੇ 38 ਸਿੱਖ ਗੁਰਦੁਆਰਾ ਸਾਹਿਬਾਨ 'ਤੇ ਧਾਵਾ ਬੋਲ ਕੇ, ਹਰਿਮੰਦਰ ਸਾਹਿਬ ਨੂੰ ਗੋਲੀਆਂ ਮਾਰੀਆਂ ਗਈਆਂ।

ਸਿੱਖ ਕੌਮ ਦੇ ਸ਼੍ਰੋਮਣੀ ਤਖ਼ਤ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਢਾਹਿਆ ਗਿਆ। ਦਰਸ਼ਨੀ ਡਿਉਢੀ ਨੂੰ ਤੋਪ ਦੇ ਗੋਲਿਆਂ ਨਾਲ ਵਿੰਨ੍ਹਿਆ ਗਿਆ। ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਗੋਲੀ ਨਾਲ ਜ਼ਖ਼ਮੀ ਕੀਤਾ ਗਿਆ। ਢਾਈ ਹਜ਼ਾਰ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਪੁਰਾਤਨ ਹੱਥ ਲਿਖਤ ਬੀੜਾਂ **ਅਗਨ ਭੇਟ ਕੀਤੀਆਂ ਗਈਆਂ**। ਸਿੱਖ ਗੁਰੂ ਸਾਹਿਬਾਨ ਤੇ ਮਹਾਨ ਸ਼ਹੀਦ ਸਿੰਘਾਂ ਤੇ ਪਾਵਨ ਸ਼ਸਤਰ, ਤੋਸ਼ਾਖ਼ਾਨਾ ਦੀ ਕੀਮਤੀ ਚਾਨਣੀ ਅਤੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚ ਸਾਂਭੇ ਵਡਮੁੱਲੇ ਸਭਿਆਚਾਰਕ ਵਿਰਸੇ ਨੂੰ **ਸਾੜ ਕੇ ਸੁਆਹ ਕੀਤਾ ਗਿਆ**। ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਗੁਰੂ ਨਾਨਕ ਨਿਵਾਸ ਨੂੰ ਜਾਣ ਬੁੱਝ ਕੇ ਬਰਬਾਦ ਕੀਤਾ ਗਿਆ। ਵੱਖ ਵੱਖ ਗੁਰਧਾਮਾਂ ਵਿਚ ਦਰਸ਼ਨਾਂ ਲਈ ਆਏ ਹਜ਼ਾਰਾਂ ਸਿੰਘਾਂ, ਸਿੰਘਣੀਆਂ ਤੇ ਬੱਚੇ ਬੱਚੀਆਂ ਦਾ ਕਤਲੇਆਮ ਕੀਤਾ ਗਿਆ ਅਤੇ ਪੰਜਾਬ ਭਰ ਵਿਚ ਸਿੱਖਾਂ ਵਿਰੁੱਧ ਇਹ ਦਮਨ ਚੱਕਰ ਹਾਲੀ ਤੀਕ ਵੀ ਜਾਰੀ ਹੈ। ਇਹ ਇਕ ਐਸਾ ਵਹਿਸ਼ੀਆਨਾ ਤੇ ਕਾਤਲਾਨਾ ਕਾਰਾ ਹੈ, ਜਿਸ ਨੇ ਸਮੁੱਚੀ ਸਿੱਖ ਕੌਮ ਦੇ ਹਿਰਦੇ ਨੂੰ ਲਹੂ-ਲੁਹਾਨ ਕਰ ਸੁੱਟਿਆ ਹੈ।

ਜ਼ੈਲ ਸਿੰਘ ਨੇ 8 ਜੂਨ, 1984 ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਜ਼ੁਲਮਾਂ ਦੇ ਦ੍ਰਿਸ਼ ਦੇਖਣ ਤੋਂ ਬਾਅਦ ਵੀ ਰੇਡੀਉ ਅਤੇ ਦੂਰਦਰਸ਼ਨ 'ਤੇ ਦਿੱਤੀ ਆਪਣੀ ਸਪੀਚ ਵਿਚ ਸਿੱਖ ਕੌਮ ਨਾਲ ਕੀਤੇ ਦਿਲ ਕੰਬਾਊ ਜ਼ੁਲਮਾਂ ਬਾਰੇ ਇਕ ਲਫ਼ਜ਼ ਤਕ ਨਾ ਕਿਹਾ ਅਤੇ ਨਾ ਹੀ ਆਹ ਦਾ ਨਾਅਰਾ ਮਾਰਿਆ। ਭਾਰਤ ਸਰਕਾਰ ਵੱਲੋਂ ਸਿੱਖ ਕੌਮ ਨਾਲ ਲਗਾਤਾਰ ਕੀਤੇ ਜਾ ਰਹੇ ਜ਼ੁਲਮਾਂ ਦੀ ਜ਼ਿੰਮੇਵਾਰੀ ਭਾਰਤੀ ਫ਼ੌਜ ਦੇ ਸੁਪਰੀਮ ਕਮਾਂਡਰ ਹੋਣ ਦੇ ਨਾਤੇ ਜ਼ੈਲ ਸਿੰਘ ਉਪਰ ਆਉਂਦੀ ਹੈ। ਜ਼ੈਲ ਸਿੰਘ ਨੇ 8 ਜੂਨ, 1984 ਨੂੰ ਆਪਣੇ ਸਿਰ 'ਤੇ ਛਤਰ ਲੈ ਕੇ ਤੇ ਜੁੱਤੀ ਪਾ ਕੇ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਪੁੱਜ ਕੇ ਮਹਾਨ ਸਿੱਖ ਰਵਾਇਤਾਂ ਅਤੇ ਸਿੱਖ ਰਹਿਤ ਮਰਿਆਦਾ ਦਾ ਘੋਰ ਅਪਮਾਨ ਕੀਤਾ ਹੈ।

ਉਪਰੋਕਤ ਦੋਸ਼ਾਂ ਦੇ ਕਾਰਨ ਉਸ ਨੂੰ ਸਿੱਖ ਹੋਣ ਦੇ ਨਾਤੇ ਖ਼ਾਲਸਾਈ ਮਰਿਆਦਾ ਅਨੁਸਾਰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਸਰਬ ਸੰਸਾਰ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਦੋਂ ਤਕ ਜ਼ੈਲ ਸਿੰਘ ਅਕਾਲ ਤਖ਼ਤ ਸਾਹਿਬ ਖ਼ੁਦ ਹਾਜ਼ਰ ਹੋ ਕੇ ਭੁੱਲ ਬਖ਼ਸ਼ਵਾ ਕੇ ਤਨਖ਼ਾਹ ਨਹੀਂ ਲਵਾ ਲੈਂਦਾ, ਉਦੋਂ ਤਕ ਕੋਈ ਸਿੱਖ ਸੰਗਤ ਕਿਸੇ ਪ੍ਰਕਾਰ ਦੀ ਇਸ ਨਾਲ ਮਿਲਵਰਤਨ ਨਾ ਕਰੇ। ਜਿਹੜਾ ਸਿੱਖ ਉਪਰੋਕਤ ਹੁਕਮਨਾਮੇ ਦੀ ਉਲੰਘਣਾ ਕਰੇਗਾ, ਉਸਦੇ ਖ਼ਿਲਾਫ਼ ਵੀ ਗੁਰਮਤਿ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸੇ ਦਿਨ (2 ਸਿਤੰਬਰ 1984) ਹੀ ਬੂਟਾ ਸਿੰਘ ਨੂੰ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ। ਉਸ ਖ਼ਿਲਾਫ਼ ਜਾਰੀ ਕੀਤੇ ਗਏ 'ਹੁਕਮ' ਦੇ ਲਫ਼ਜ਼ ਇਹ ਸਨ:

ਕੇਂਦਰੀ ਸਰਕਾਰ ਦੇ ਮੰਤਰੀ ਬੂਟਾ ਸਿੰਘ ਨੇ ਮਿਤੀ 16 ਅਤੇ 17 ਜੂਨ 1984 ਦੀਆਂ **ਸਾਡੇ ਨਾਲ ਹੋਈਆਂ ਮੀਟਿੰਗਾਂ** ਵਿਚ ਸਾਨੂੰ ਭਰੋਸਾ ਦਿਵਾਇਆ ਸੀ ਕਿ ਸਾਡੇ ਵੱਲੋਂ ਲਿਖ ਕੇ ਦਿੱਤੇ 14 ਪੁਆਇੰਟ ਪ੍ਰਧਾਨ ਮੰਤਰੀ ਤੋਂ ਮਨਜ਼ੂਰ ਕਰਵਾ ਕੇ ਐਲਾਨ ਕਰਵਾ ਦਿਆਂਗਾ, ਜਿਨ੍ਹਾਂ ਵਿਚ ਪਹਿਲਾ ਨੁਕਤਾ ਇਹ ਸੀ ਕਿ ਫ਼ੌਜ ਨੂੰ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਬਾਹਰ ਕੱਢਿਆ ਜਾਵੇ ਅਤੇ ਕਾਰ-ਸੇਵਾ ਪੰਜ ਸਿੰਘ ਸਾਹਿਬਾਨ ਵੱਲੋਂ ਜੋ ਬਾਬਾ ਹਰਬੰਸ ਸਿੰਘ ਨੂੰ ਸੌਂਪੀ ਗਈ ਹੈ, ਸਰਕਾਰ ਉਸ ਨਾਲ ਸਹਿਮਤ ਹੋਵੇਗੀ ਪਰ ਬਾਅਦ ਵਿਚ ਦਿੱਲੀ ਜਾ ਕੇ ਮੁਕਰ ਗਿਆ। ਦੂਜੀ ਵਾਰ ਬਾਬਾ ਖੜਕ ਸਿੰਘ ਦੀ ਸਰਪ੍ਰਸਤੀ ਹੇਠ ਬਾਬਾ ਹਰਬੰਸ ਸਿੰਘ ਨੇ ਸੇਵਾ ਕਰਨੀ ਮੰਨ ਲਈ, ਜਿਸ ਨੂੰ ਸਿੰਘ ਸਾਹਿਬਾਨ ਨੇ ਪ੍ਰਵਾਨਗੀ ਦੇ ਦਿੱਤੀ। ਨਾਲ ਹੀ ਬੂਟਾ ਸਿੰਘ ਨੇ ਸਰਕਾਰ ਵੱਲੋਂ ਸੰਮਤੀ ਪ੍ਰਗਟਾਈ। ਬਾਅਦ ਵਿਚ ਬੂਟਾ ਸਿੰਘ ਸਾਫ਼ ਮੁਕਰ ਗਿਆ। ਸਿੰਘ ਸਾਹਿਬਾਨ ਨੂੰ ਗੱਲਬਾਤ ਦੇ ਚੱਕਰ ਵਿਚ ਪਾ ਕੇ ਸਮਾਂ ਲੰਘਾ ਕੇ ਸਾਡੀ ਮਰਜ਼ੀ ਤੇ ਸਿੱਖ ਪਰੰਪਰਾਵਾਂ ਦੇ ਉਲਟ ਨਿਹੰਗ ਸੰਤਾ ਸਿੰਘ ਨੂੰ ਲੈ ਆਇਆ। ਪੰਜਾਂ ਸਿੰਘ ਸਾਹਿਬਾਨਾਂ ਵੱਲੋਂ ਦਿੱਤੇ ਗਏ

ਨੋਟਿਸ ਦੀ ਪਰਵਾਹ ਨਾ ਕਰਦਿਆਂ ਸੰਤਾ ਸਿੰਘ ਤੋਂ ਸੇਵਾ ਸ਼ੁਰੂ ਕਰਵਾ ਦਿੱਤੀ। ਫਿਰ ਸੰਤਾ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਕੇ ਪੰਥ ਵਿੱਚੋਂ ਖ਼ਾਰਿਜ ਕੀਤੇ ਜਾਣ ਦੇ ਬਾਵਜੂਦ ਵੀ ਇਸ ਨੂੰ ਸੇਵਾ ਤੋਂ ਨਾ ਹਟਾਇਆ, ਸਗੋਂ 11 ਅਗਸਤ ਨੂੰ ਸਰਕਾਰੀ ਸਰਬਤ ਖਾਲਸਾ ਨਾਂ ਦਾ ਇਕੱਠ ਸਰਕਾਰੀ ਮਸ਼ੀਨਰੀ ਵਰਤ ਕੇ ਸਿੱਖਾਂ ਨੂੰ ਗੁੰਮਰਾਹ ਕਰਨ ਲਈ ਸੱਦ ਲਿਆ। ਉਸ ਅਖੌਤੀ ਸਰਬਤ ਖਾਲਸਾ ਸੰਮੇਲਨ ਵਿਚ ਸਿੰਘ ਸਾਹਿਬਾਨ ਦੀ ਸ਼ਾਨ ਤੇ ਪਦਵੀ ਵਿਰੁੱਧ ਅਪਮਾਨਜਨਕ ਸ਼ਬਦ ਕਹੇ। ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਚੈਲਿੰਜ ਕੀਤਾ ਗਿਆ।

ਉਪਰੋਕਤ ਦੋਸ਼ਾਂ ਦੇ ਆਧਾਰ 'ਤੇ ਬੂਟਾ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਸਰਬ ਸੰਸਾਰ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜਦੋਂ ਤਕ ਬੂਟਾ ਸਿੰਘ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਭੁੱਲ ਬਖ਼ਸ਼ਵਾ ਕੇ ਤਨਖ਼ਾਹ ਨਹੀਂ ਲਵਾ ਲੈਂਦਾ, ਉਦੋਂ ਤਕ ਕੋਈ ਵੀ ਸਿੱਖ ਸੰਗਤ ਕਿਸੇ ਪ੍ਰਕਾਰ ਦਾ ਇਸ ਨਾਲ ਮਿਲਵਰਤਨ ਨਾ ਕਰੇ।

ਸੰਤਾ ਸਿੰਘ ਦੀ 'ਸਰਕਾਰੀ ਕਾਰ-ਸੇਵਾ' ਦੇ ਹਿਮਾਇਤੀਆਂ ਵਿਚ ਦਿੱਲੀ ਦਾ ਰਛਪਾਲ ਸਿੰਘ ਅਤੇ ਅੰਬਾਲਾ (ਹਰਿਆਣਾ) ਦਾ ਕਰਤਾਰ ਸਿੰਘ ਟੱਕਰ ਵੀ ਸ਼ਾਮਿਲ ਸਨ। ਰਛਪਾਲ ਸਿੰਘ ਨੂੰ ਵੀ ਗਿਆਨੀ ਕਿਰਪਾਲ ਸਿੰਘ (ਮੁਖ ਸੇਵਾਦਾਰ, ਅਕਾਲ ਤਖ਼ਤ ਸਾਹਿਬ) ਨੇ ਵਾਰਨਿੰਗ ਦਿੱਤੀ ਹੋਈ ਸੀ ਕਿ ਉਹ ਸੰਤਾ ਸਿੰਘ ਦੀ ਹਿਮਾਇਤ ਨਾ ਕਰੇ। ਪਰ ਉਸ ਨੇ ਉਲਟਾ ਗਿਆਨੀ ਕਿਰਪਾਲ ਸਿੰਘ ਦੇ ਖ਼ਿਲਾਫ਼ ਬਿਆਨ ਦੇ ਦਿੱਤਾ ਸੀ। ਇਸ ਬਿਆਨ 'ਤੇ ਗਿਆਨੀ ਕਿਰਪਾਲ ਸਿੰਘ ਨੇ 12 ਜੁਲਾਈ 1984 ਨੂੰ ਉਸ ਨੂੰ ਇਕ ਖ਼ਤ ਲਿਖ ਕੇ 'ਤਰਦੀਦ' ਕਰਨ ਵਾਸਤੇ ਕਿਹਾ ਸੀ ਤੇ ਤਰਦੀਦ ਨਾ ਕਰਨ ਦੀ ਸੂਰਤ ਵਿਚ ਐਕਸ਼ਨ ਲੈਣ ਦੀ ਧਮਕੀ ਵੀ ਦਿੱਤੀ ਸੀ। ਇਹ ਚਿੱਠੀ ਇੰਵ ਸੀ :

ਅੱਜ ਦੀਆਂ ਅਖ਼ਬਾਰਾਂ ਵਿਚ ਆਪ ਵੱਲੋਂ ਸਿੰਘ ਸਾਹਿਬਾਨ ਪੁਰ ਨੁਕਤਾਚੀਨੀ ਕੀਤੀ ਗਈ ਹੈ। ਇਹ ਨੁਕਤਾਚੀਨੀ ਬਿਲਕੁਲ ਗ਼ਲਤ ਹੈ। ਸਿੰਘ ਸਾਹਿਬਾਨ ਨੇ ਆਪਣਾ ਸਟੈਂਡ ਕਦੀ ਨਹੀਂ ਬਦਲਿਆ ਅਤੇ ਨਾ ਹੀ ਬਦਲਣ ਦਾ ਸਵਾਲ ਪੈਦਾ ਹੁੰਦਾ ਹੈ। ਆਪ ਆਪਣੇ ਭੁਲੇਖਾ ਪਾਊ ਬਿਆਨ ਦੀ ਤਰਦੀਦ ਕਰੋ। ਨਹੀਂ ਤਾਂ ਆਪ ਵਿਰੁੱਧ ਸਿੰਘ ਸਾਹਿਬਾਨ ਐਕਸ਼ਨ ਲੈਣ ਲਈ ਮਜਬੂਰ ਹੋਣਗੇ।

ਇੰਵ ਹੀ 29 ਅਗਸਤ 1984 ਦੇ ਦਿਨ ਕਰਤਾਰ ਸਿੰਘ ਟੱਕਰ ਤੇ ਰਛਪਾਲ ਸਿੰਘ ਨੂੰ ਸੰਤਾ ਸਿੰਘ ਦੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਦੇ 'ਦੋਸ਼' ਵਿਚ 'ਸਪੱਸ਼ਟੀਕਰਨ' ਦੇਣ ਵਾਸਤੇ ਚਿੱਠੀ ਲਿਖੀ ਗਈ। ਇਸ ਚਿੱਠੀ ਦੇ ਲਫ਼ਜ਼ ਇਹ ਸਨ :

ਜਥੇਦਾਰ, ਕਰਤਾਰ ਸਿੰਘ ਟੱਕਰ, ਅੰਬਾਲਾ
ਜਥੇਦਾਰ, ਰਛਪਾਲ ਸਿੰਘ, ਦਿੱਲੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 19-7-1984 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮਿਤੀ 22-7-1984 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿਚ ਨਿਹੰਗ ਸੰਤਾ ਸਿੰਘ ਨੂੰ ਸਿੱਖ ਪੰਥ ਵਿੱਚੋਂ ਖ਼ਾਰਿਜ ਕੀਤਾ ਗਿਆ ਸੀ। ਸੰਗਤਾਂ ਨੂੰ ਉਸ ਨਾਲ ਕਿਸੇ ਪ੍ਰਕਾਰ ਦਾ ਵੀ ਸਹਿਯੋਗ ਕਰਨ ਤੋਂ ਵਰਜਿਆ ਗਿਆ ਸੀ। ਪਰ ਤੁਸਾਂ ਨੇ ਸਿੱਖ ਪੰਥ ਵਿੱਚੋਂ ਖ਼ਾਰਿਜ ਨਿਹੰਗ ਸੰਤਾ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ ਮਿਤੀ 11-8-1984 ਨੂੰ ਬੁਲਾਈ ਗਈ ਕਨਵੈਨਸ਼ਨ ਵਿਚ ਸ਼ਾਮਿਲ ਹੋ ਕੇ, ਉਸ ਨੂੰ ਪੂਰਾ ਸਹਿਯੋਗ ਦੇ ਕੇ ਉਕਤ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ਅਤੇ ਸਿੰਘ ਸਾਹਿਬਾਨ ਦੀ ਸ਼ਾਨ ਵਿਚ

ਬੜੇ ਅਪਮਾਨਜਨਕ ਸ਼ਬਦ ਵਰਤ ਕੇ ਸਿੰਘ ਸਾਹਿਬਾਨ ਦੀ ਸਰਬ-ਉੱਚ ਪਦਵੀ ਦਾ ਨਿਰਾਦਰ ਕੀਤਾ ਹੈ ਅਤੇ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਚੈਲਿੰਜ ਕੀਤਾ ਹੈ। ਇਸ ਸਬੰਧੀ ਤੁਸੀਂ ਮਿਤੀ 11-9-1984 ਦਿਨ ਮੰਗਲਵਾਰ ਨੂੰ ਸਵੇਰੇ 7-00 ਵਜੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ੁਦ ਹਾਜ਼ਰ ਹੋ ਕੇ ਲਿਖਤੀ ਸਪੱਸ਼ਟੀਕਰਨ ਦਿਓ। ਨਾ ਹਾਜ਼ਰ ਹੋਣ ਜਾਂ ਤਸੱਲੀਬਖ਼ਸ਼ ਸਪੱਸ਼ਟੀਕਰਨ ਨਾ ਦੇ ਸਕਣ ਦੀ ਸੂਰਤ ਵਿਚ ਆਪ ਦੇ ਵਿਰੁੱਧ ਖ਼ਾਲਸਾਈ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। —ਕਿਰਪਾਲ ਸਿੰਘ

ਰਛਪਾਲ ਸਿੰਘ ਨੇ ਇਸ ਚਿੱਠੀ ਦੇ ਜਵਾਬ ਵਿਚ 9 ਸਿਤੰਬਰ, 1984 ਦੇ ਦਿਨ ਇਕ ਚਿੱਠੀ ਗਿਆਨੀ ਕਿਰਪਾਲ ਸਿੰਘ ਨੂੰ ਲਿਖੀ, ਜੋ ਇੰਦ ਸੀ:

9 ਸਿਤੰਬਰ 1984

੧ਓ ਵਾਹਿਗੁਰੂ ਜੀ ਕੀ ਫ਼ਤਹਿ॥

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ,
ਜਥੇਦਾਰ ਕਿਰਪਾਲ ਸਿੰਘ ਜੀ,
ਸ੍ਰੀਮਾਨ ਜੀਓ,

ਆਪ ਜੀ ਵੱਲੋਂ ਲਿਖੇ ਪੱਤਰ ਮਿਤੀ 29-8-1984 ਦੇ ਸਬੰਧ ਵਿਚ ਬੇਨਤੀ ਹੈ ਕਿ ਜੋ ਦੋਸ਼ ਇਸ ਵਿਚ ਮੇਰੇ 'ਤੇ ਲੱਗੇ ਹਨ, ਉਹ ਸੱਚਾਈ ਦੇ ਉਲਟ ਹਨ। ਅਸਲੀਅਤ ਇਹ ਹੈ ਕਿ 11-8-1984 ਦੀ ਕਨਵੈਨਸ਼ਨ ਦੇਸ਼ ਭਰ ਦੇ 50 ਦੇ ਲਗਭਗ ਉੱਘੇ ਵਿਅਕਤੀਆਂ ਵੱਲੋਂ ਸੱਦੀ ਗਈ ਸੀ। ਸੱਦੇ ਪੱਤਰ ਦਾ ਇਸ਼ਤਿਹਾਰ ਆਪ ਜੀ ਨੂੰ ਭੇਜ ਰਿਹਾ ਹਾਂ। ਕਨਵੈਨਸ਼ਨ ਵਿਚ ਮੈਂ ਕਿਤੇ ਵੀ ਸਿੰਘ ਸਾਹਿਬਾਨ ਦੀ ਸ਼ਾਨ ਵਿਚ ਅਪਮਾਨਜਨਕ ਸ਼ਬਦ ਨਹੀਂ ਵਰਤੇ।

ਪੰਜ ਸਿੰਘ ਸਾਹਿਬਾਨ ਦੀ ਸਰਬਉੱਚ ਪਦਵੀ ਦਾ ਮੈਂ ਨਿਰਾਦਰ ਵੀ ਨਹੀਂ ਕੀਤਾ। ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨ ਦੀ ਅਥਾਰਟੀ ਨੂੰ ਵੀ ਮੈਂ ਕਨਵੈਨਸ਼ਨ ਵਿਚ ਅਤੇ ਨਾ ਕਦੇ ਅੱਗੇ ਪਿੱਛੇ ਚੈਲਿੰਜ ਕੀਤਾ ਹੈ ਅਤੇ ਨਾ ਹੀ ਕਦੇ ਕਰਾਂਗਾ। ਤੁਹਾਡੇ ਹੁਕਮ ਅਨੁਸਾਰ ਮੈਂ 11-9-1984 ਨੂੰ ਸਵੇਰੇ 7-00 ਵਜੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ੁਦ ਹਾਜ਼ਰ ਹੋ ਕੇ ਲਿਖਤੀ ਸਪੱਸ਼ਟੀਕਰਨ ਦਿਆਂਗਾ। ਐਸਾ ਇਸ ਲਈ ਕਿਉਂਕਿ ਮੈਂ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਅਥਾਰਟੀ ਮੰਨਦਾ ਹਾਂ ਅਤੇ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਅੱਗੇ ਸਿਰ ਝੁਕਾਉਣਾ ਆਪਣਾ ਮੁੱਖ ਕਰਤੱਵ ਸਮਝਦਾ ਹਾਂ। ਮੈਂ ਕਿਸੇ ਨੂੰ ਇਹ ਕਹਿਣ ਦਾ ਸਮਾਂ ਨਹੀਂ ਦੇਣਾ ਚਾਹੁੰਦਾ ਕਿ ਰਛਪਾਲ ਸਿੰਘ ਨੇ ਕਿਸੇ ਵੀ ਹਾਲਤ ਵਿਚ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ।

ਗੁਰੂ ਪੰਥ ਦਾ ਦਾਸ,
ਰਛਪਾਲ ਸਿੰਘ

ਰਛਪਾਲ ਸਿੰਘ ਨੇ ਇਹ ਚਿੱਠੀ ਤਾਂ ਲਿਖ ਦਿੱਤੀ, ਪਰ ਉਹ ਆਪ ਪੇਸ਼ ਨਾ ਹੋਇਆ। (ਕਰਤਾਰ ਸਿੰਘ ਟੱਕਰ ਨੇ ਤਾਂ ਚਿੱਠੀ ਵੀ ਨਾ ਲਿਖੀ)। ਰਛਪਾਲ ਸਿੰਘ ਦੀ ਚਿੱਠੀ ਨੂੰ ਪੰਜਾਂ ਗ੍ਰੰਥੀਆਂ ਨੇ ਨਾ-ਤਸੱਲੀਬਖ਼ਸ਼ ਕਰਾਰ ਦੇਂਦਿਆਂ ਉਸ ਨੇ ਅਤੇ ਕਰਤਾਰ ਸਿੰਘ ਟੱਕਰ, ਦੋਹਾਂ ਨੂੰ ਤਨਖ਼ਾਹੀਏ ਕਰਾਰ ਦੇ ਦਿੱਤਾ। 11 ਸਿਤੰਬਰ 1984 ਦੇ ਦਿਨ ਜਾਰੀ ਕੀਤੇ ਗਏ 'ਹੁਕਮਨਾਮੇ' ਦੇ ਲਫ਼ਜ਼ ਇੰਵ ਸਨ:

ਅੱਜ ਮਿਤੀ 11-9-1984 ਨੂੰ ਸਵੇਰੇ 7 ਵਜੇ ਸ: ਰਛਪਾਲ ਸਿੰਘ ਦਿੱਲੀ ਅਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਵੱਲੋਂ ਦਿੱਤਾ ਗਿਆ ਸਪੱਸ਼ਟੀਕਰਨ ਨਾ ਤਸੱਲੀਬਖ਼ਸ਼ ਹੈ। ਕਿਉਂਕਿ ਪੰਜਾਂ ਸਿੰਘ ਸਾਹਿਬਾਨ ਵੱਲੋਂ ਭੇਜੇ ਗਏ ਨੋਟਿਸ ਵਿਚ ਲਾਏ ਗਏ ਦੋਸ਼ਾਂ ਨੂੰ ਨਾ ਤਾਂ ਇਨ੍ਹਾਂ ਨੇ ਮੰਨਿਆ ਹੈ ਤੇ ਨਾ ਹੀ ਉਨ੍ਹਾਂ ਦੋਸ਼ਾਂ ਦੀ ਮੁਆਫ਼ੀ ਮੰਗੀ ਹੈ। ਸਗੋਂ ਉਲਟਾ ਸਿੰਘ

ਸਾਹਿਬਾਨ ਨੂੰ ਆਪਣੇ ਵੱਲੋਂ ਉਪਦੇਸ਼ ਦੇਣ ਦਾ ਯਤਨ ਕੀਤਾ ਹੈ ਅਤੇ ਸਿੰਘ ਸਾਹਿਬਾਨ ਉਪਰ ਨੁਕਤਾਚੀਨੀ ਕੀਤੀ ਹੈ। ਇਸ ਲਈ ਜਥੇਦਾਰ ਰਛਪਾਲ ਸਿੰਘ ਦਿੱਲੀ ਅਤੇ ਜਥੇਦਾਰ ਕਰਤਾਰ ਸਿੰਘ ਟੱਕਰ ਅੰਬਾਲਾ ਨੂੰ ਸਿੰਘ ਸਾਹਿਬਾਨ ਦੇ ਫ਼ੈਸਲੇ ਅਨੁਸਾਰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹੀਏ ਕਰਾਰ ਦਿੱਤਾ ਜਾਂਦਾ ਹੈ। ਇਹ ਦੋਨੋਂ **ਸੱਜਣ** 20-9-84 ਨੂੰ ਸਵੇਰੇ 8 ਵਜੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖ਼ੁਦ ਹਾਜ਼ਰ ਹੋ ਕੇ ਆਪਣੀ ਭੁੱਲ ਦੀ ਮੁਆਫ਼ੀ ਮੰਗਣ ਅਤੇ ਤਨਖ਼ਾਹ ਲੁਆਉਣ। ਐਸਾ ਨਾ ਕਰਨ ਦੀ ਸੂਰਤ ਵਿਚ ਖ਼ਾਲਸਾਈ ਮਰਿਆਦਾ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ। ਜਦ ਤਕ ਇਹ ਦੋਨੋਂ ਗੁਰ-ਮਰਿਆਦਾ ਅਨੁਸਾਰ ਭੁੱਲ ਬਖ਼ਸ਼ਵਾ ਕੇ ਤਨਖ਼ਾਹ ਨਹੀਂ ਲਗਵਾ ਲੈਂਦੇ, ਉਦੋਂ ਤਕ ਸਿੱਖ ਸੰਗਤਾਂ ਇਨ੍ਹਾਂ ਨਾਲ ਕਿਸੇ ਪ੍ਰਕਾਰ ਦਾ ਮਿਲਵਰਤਨ ਨਾ ਕਰਨ।

ਪਰ ਰਛਪਾਲ ਸਿੰਘ ਤੇ ਕਰਤਾਰ ਸਿੰਘ ਟੱਕਰ ਬਹੁਤੀ ਦੇਰ ਅੜ ਨਾ ਸਕੇ ਅਤੇ 20 ਸਿਤੰਬਰ 1984 ਦੇ ਦਿਨ ਪੰਜਾਂ ਗ੍ਰੰਥੀਆਂ ਕੋਲ ਪੇਸ਼ ਹੋ ਗਏ। ਰਛਪਾਲ ਸਿੰਘ ਨੇ ਤਾਂ ਲਿਖਤੀ ਮੁਆਫ਼ੀ ਵੀ ਮੰਗੀ, ਜੋ ਇੰਞ ਸੀ:

ਬੇਨਤੀ ਪੱਤਰ

ੴ

20 ਸਿਤੰਬਰ 1984

ਮੈਂ ਅੱਜ ਮਿਤੀ 20-9-1984 ਨੂੰ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਸੰਤਾ ਸਿੰਘ ਨਿਹੰਗ ਜਿਸ ਨੂੰ ਕਿ ਅਕਾਲ ਤਖ਼ਤ ਸਾਹਿਬ ਨੇ ਸਿੱਖ ਪੰਥ ਵਿੱਚੋਂ ਖ਼ਾਰਿਜ ਕੀਤਾ ਹੋਇਆ ਹੈ, ਨਾਲੋਂ ਆਪਣੇ ਸਬੰਧ ਤੋੜ ਲੈਣ ਦਾ ਐਲਾਨ ਕਰਦਾ ਹਾਂ ਅਤੇ ਸੰਤਾ ਸਿੰਘ ਨਿਹੰਗ ਵੱਲੋਂ ਸਦੀ ਗਈ ਅਖੌਤੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਅਤੇ ਉਸ ਇਕੱਤਰਤਾ ਵਿਚ ਸਿੰਘ ਸਾਹਿਬਾਨ ਦੀ ਸ਼ਾਨ ਦੇ ਵਿਰੁੱਧ ਗੁਸਤਾਖ਼ੀ ਭਰੇ ਸ਼ਬਦ ਬੋਲਣ ਦੀ ਖਿਮਾ ਮੰਗਦਾ ਹਾਂ। ਮੈਂ ਅਕਾਲ ਤਖ਼ਤ ਸਾਹਿਬ ਨੂੰ ਸਭ ਤੋਂ ਸੁਪਰੀਮ ਮੰਨਦਾ ਹਾਂ ਤੇ ਪੰਜਾਂ ਸਿੰਘਾਂ ਸਾਹਿਬਾਨਾਂ ਦੀ ਅਥਾਰਟੀ ਨੂੰ ਮੰਨਦਾ ਹੋਇਆ, ਉਨ੍ਹਾਂ ਦੇ ਹਰ ਫ਼ੈਸਲੇ ਅੱਗੇ ਸਿਰ ਨਿਵਾਉਂਦਾ ਹਾਂ। ਸਿੰਘ ਸਾਹਿਬਾਨ ਨੂੰ ਬਿਨੈ ਕਰਦਾ ਹਾਂ ਕਿ ਉਹ ਮੇਰੀਆਂ ਭੁੱਲਾਂ ਤੇ ਗੁਨਾਹ ਨੂੰ ਬਖ਼ਸ਼ ਦੇਣ ਤੇ ਖਿਮਾ ਕਰ ਦੇਣ। ਸਿੰਘ ਸਾਹਿਬਾਨ ਇਨ੍ਹਾਂ ਗੁਨਾਹਾਂ ਬਦਲੇ ਮੈਨੂੰ ਜੋ ਵੀ ਤਨਖ਼ਾਹ ਲਾਉਣਗੇ, ਉਹ ਮੈਂ ਭੁਗਤਣ ਲਈ ਤਿਆਰ ਹਾਂ।

ਦਾਸ,

ਰਛਪਾਲ ਸਿੰਘ ਦਿੱਲੀ

(*ਨੋਟ:* ਇਸ ਲਿਖਤ ਵਿਚ ਰਛਪਾਲ ਸਿੰਘ ਨੇ ਸੰਤਾ ਸਿੰਘ ਨਿਹੰਗ ਤੋਂ ਸਬੰਧ ਤੋੜ ਲੈਣ ਦਾ ਐਲਾਨ ਵੀ ਕੀਤਾ ਅਤੇ ਬਿਨਾ ਸ਼ਰਤ ਮੁਆਫ਼ੀ ਵੀ ਮੰਗੀ।)

ਰਛਪਾਲ ਸਿੰਘ ਅਤੇ ਕਰਤਾਰ ਸਿੰਘ ਟੱਕਰ ਨੂੰ ਇਸ ਦਿਨ (20 ਸਿਤੰਬਰ 1984) ਦੇ ਦਿਨ ਪੰਜਾਂ ਸੀਨੀਅਰ ਗ੍ਰੰਥੀਆਂ ਨੇ ਤਨਖ਼ਾਹ ਲਾਈ। ਇਸ 'ਹੁਕਮਨਾਮਾ' ਦੇ ਅਖ਼ੀਰ ਵਿਚ ਇਹ ਲਾਈਨ ਵੀ ਦਰਜ ਹੈ: **ਇਸ ਦੀ ਇਕ ਇਕ ਕਾਪੀ ਸਾਰੇ ਸਿੰਘ ਸਾਹਿਬਾਨ ਨੂੰ ਦੇ ਦਿੱਤੀ ਹੈ ਅਤੇ ਇਕ ਪੀ.ਏ. ਸਾਹਿਬ ਨੂੰ ਦੇ ਦਿੱਤੀ ਗਈ ਹੈ। ਇਨ੍ਹਾਂ ਸਾਰੇ ਗ੍ਰੰਥੀਆਂ ਨੂੰ 'ਇਕ ਇਕ' ਕਾਪੀ ਦੇਣ ਦਾ ਕੋਈ ਤੁਕ ਨਹੀਂ ਸੀ ਅਤੇ ਪੀ.ਏ. ਸਾਹਿਬ ਪ੍ਰਧਾਨ ਸ਼੍ਰੋਮਣੀ ਕਮੇਟੀ [(ਉਦੋਂ ਗੁਰਚਰਨ ਸਿੰਘ ਟੌਹੜਾ) ਦੇ ਪੀ.ਏ. (ਅਬਿਨਾਸ਼ੀ ਸਿੰਘ)] ਨੂੰ ਦਿੱਤੀ ਗਈ ਸੀ (ਪਤਾ ਨਹੀਂ ਕਿਸ ਵਾਸਤੇ ?)।** ਇਹ 'ਹੁਕਮਨਾਮਾ' ਇੰਞ ਸੀ:

ਅੱਜ ਮਿਤੀ 20-9-84 ਨੂੰ ਭਾਈ ਰਛਪਾਲ ਸਿੰਘ ਦਿੱਲੀ ਅਤੇ ਭਾਈ ਕਰਤਾਰ ਸਿੰਘ ਟੱਕਰ

ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੰਘ ਸਾਹਿਬਾਨ ਦੇ ਸਾਹਮਣੇ ਤਨਖ਼ਾਹ ਲੁਆਉਣ ਲਈ ਹਾਜ਼ਰ ਹੋਏ। ਇਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਕੀਤੀ ਉਲੰਘਣਾ ਅਤੇ ਸਿੰਘ ਸਾਹਿਬਾਨ ਦੀ ਸ਼ਾਨ ਵਿਰੁੱਧ ਵਰਤੇ ਸ਼ਬਦਾਂ ਦੀ ਲਿਖਤੀ ਮੁਆਫ਼ੀ ਮੰਗ ਲਈ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਲਾਈ ਜਾਣ ਵਾਲੀ ਤਨਖ਼ਾਹ ਨੂੰ ਪ੍ਰਵਾਨ ਕਰ ਲਿਆ ਹੈ।

ਇਨ੍ਹਾਂ ਦੋਹਾਂ ਨੂੰ ਹੇਠ ਲਿਖੇ ਅਨੁਸਾਰ ਤਨਖ਼ਾਹ ਲਾਈ ਜਾਂਦੀ ਹੈ :

1. ਆਪਣੇ ਨਿੱਤਨੇਮ ਤੋਂ ਇਲਾਵਾ 21 ਦਿਨਾਂ ਲਈ ਹਰ ਰੋਜ਼ ਇਕ ਪਾਠ ਜਾਪੁ ਸਾਹਿਬ ਅਤੇ ਇਕ ਪਾਠ ਬੇਨਤੀ ਚੌਪਈ ਦਾ ਕਰਿਆ ਕਰਨ।
2. ਸਥਾਨਕ ਗੁਰਦੁਆਰਾ ਸਾਹਿਬ ਵਿਖੇ ਇਕ ਹਫ਼ਤਾ ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਕਰਨ।
3. ਸਥਾਨਕ ਗੁਰਦੁਆਰਾ ਸਾਹਿਬ ਵਿਖੇ ਇਕ ਹਫ਼ਤਾ ਜੋੜੇ ਸਾਫ਼ ਕਰਨ ਦੀ ਸੇਵਾ ਕਰਨ।
4. ਸਥਾਨਕ ਗੁਰਦੁਆਰਾ ਸਾਹਿਬ ਵਿਖੇ 10 ਦਿਨ ਝਾੜੂ ਫੇਰਨ ਦੀ ਸੇਵਾ ਕਰਨ।
5. ਗੁਰੂ ਕੀ ਗੋਲਕ ਵਿਖੇ 250/- ਹਰ ਇਕ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ।

ਉਪਰੋਕਤ ਸਾਰੀਆਂ ਤਨਖ਼ਾਹਾਂ ਪੂਰੀਆਂ ਕਰਨ ਤੋਂ ਬਾਅਦ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾਉਣ।

ਦਸਤਖ਼ਤ : ਕਿਰਪਾਲ ਸਿੰਘ, ਸਾਹਿਬ ਸਿੰਘ, ਹਰਿਚਰਨ ਸਿੰਘ ਮਹਾਲੋਂ,
ਪ੍ਰੀਤਮ ਸਿੰਘ, ਸੰਤ ਲੱਖਾ ਸਿੰਘ

(ਨੋਟ : ਇਸ ਦੀ ਇਕ ਇਕ ਕਾਪੀ ਸਾਰੇ ਸਿੰਘ ਸਾਹਿਬਾਨ ਨੂੰ ਦੇ ਦਿੱਤੀ ਗਈ ਹੈ ਅਤੇ ਇਕ ਪੀ.ਏ. ਸਾਹਿਬ ਨੂੰ ਦੇ ਦਿੱਤੀ ਗਈ ਹੈ।)

ਇਕ ਪਾਸੇ ਤਾਂ ਇਹ ਤਿੰਨੇ ਗ੍ਰੰਥੀ ਸਰਕਾਰੀ ਸੇਵਾ ਦੀ ਅਣ-ਐਲਾਨੀ ਸਰਪ੍ਰਸਤੀ ਕਰਦੇ ਰਹੇ ਤੇ ਦੂਜੇ ਪਾਸੇ ਸਰਕਾਰ ਵਲੋਂ ਮੁਰੰਮਤ ਕਰਵਾਉਣ ਦੀ ਮੁਖ਼ਾਲਫ਼ਤ ਵਿਚ ਬਿਆਨ ਵੀ ਜਾਰੀ ਕਰਦੇ ਰਹੇ। ਭਾਰਤ ਸਰਕਾਰ ਦਾ ਨਿਸ਼ਾਨਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਨੂੰ ਸਿਤੰਬਰ ਦੇ ਆਖ਼ਰੀ ਹਫ਼ਤੇ ਤਕ ਆਖ਼ਰੀ ਛੋਹ ਦੇ ਦੇਵੇਗੀ। ਉਸ ਨੇ ਕਿਰਪਾਲ ਸਿੰਘ ਨੂੰ ਇਸ ਬਾਰੇ ਇਤਲਾਹ ਦੇ ਦਿੱਤੀ ਸੀ। ਇਸ 'ਤੇ ਕਿਰਪਾਲ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ 'ਵਿਸ਼ਵ ਸਿੱਖ ਕਾਨਫ਼ਰੰਸ' ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ '**ਸਰਬਤ ਖਾਲਸਾ ਇਕੱਠ**' ਵਜੋਂ ਨਹੀਂ ਸੀ ਬੁਲਾਈ ਗਈ। ਉਂਵ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ 'ਤੇ ਪਾਬੰਦੀ ਲਗੀ ਹੋਈ ਸੀ)। ਇਸ 'ਕਾਨਫ਼ਰੰਸ' ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਜੇ ਕਰ ਸਿਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਇਕ ਮਜ਼ਾਕ ਸੀ, ਪਰ ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਿਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ ਤੇ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉੱਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। (ਇਸ ਇਕੱਠ ਵਲੋਂ ਜ਼ੈਲ ਸਿੰਹ, ਬੂਟਾ ਸਿੰਹ, ਸੰਤਾ ਸਿੰਹ ਨਿਹੰਗ, ਨਰੈਣ ਸਿੰਹ ਕਲੇਰਾਂ ਵਾਲੇ ਨੂੰ ਪੰਥ 'ਚੋਂ ਖ਼ਾਰਿਜ ਵੀ ਕੀਤਾ ਗਿਆ)।

ਇਕ ਪਾਸੇ ਤਾਂ ਕਿਰਪਾਲ ਸਿੰਘ ਨੇ ਇਹ 'ਡਰਾਮਾ' ਕੀਤਾ ਅਤੇ ਦੂਜੇ ਪਾਸੇ ਉਸ ਦੀ ਜ਼ੈਲ ਨਾਲ ਵੀ ਗੰਢ-ਤਰੁੱਪ ਚੱਲ ਰਹੀ ਸੀ। ਉਨ੍ਹਾਂ ਦਿਨਾਂ ਵਿਚ ਉਸ ਵੱਲੋਂ ਅਖ਼ਬਾਰਾਂ ਵਿਚ ਇਹ ਚਰਚਾ ਵੀ ਚਲਾਇਆ ਗਿਆ ਸੀ ਕਿ ਜ਼ੈਲ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਨ ਵਾਲੇ ਹੁਕਮਾਂ 'ਤੇ ਦਸਤਖ਼ਤ ਨਹੀਂ ਕੀਤੇ ਸਨ। ਇਹ ਵੀ ਆਖਿਆ ਗਿਆ ਸੀ ਕਿ ਇਸ ਬਾਰੇ ਸਾਰੇ ਕਾਗ਼ਜ਼ ਕਿਰਪਾਲ ਸਿੰਘ ਨੂੰ 'ਦਿਖਾਏ ਜਾ ਸਕਦੇ' ਹਨ। ਫਿਰ ਇਹ ਵੀ ਬਿਆਨ ਛਾਪਿਆ ਗਿਆ ਕਿ 'ਕਾਗ਼ਜ਼ ਦਿਖਾ ਦਿੱਤੇ ਗਏ ਹਨ'। ਇਹ ਸਾਰਾ ਕੁਝ ਮਹਿਜ ਇਕ ਡਰਾਮਾ ਸੀ। **ਜ਼ੈਲ ਭਾਰਤ ਦਾ ਰਾਸ਼ਟਰਪਤੀ ਹੋਣ ਦੇ ਨਾਤੇ ਸਾਰੀਆਂ ਫ਼ੌਜਾਂ ਦਾ ਮੁਖੀ ਸੀ। ਭਾਵੇਂ ਉਹ ਹੁਕਮਾਂ ਦੇ ਦਸਤਖ਼ਤ ਕਰੇ ਜਾਂ ਨਾ ਕਰੇ, ਪਰ ਜੇ ਉਹ ਨਾ ਚਾਹੁੰਦਾ ਤਾਂ ਇਹ ਹਮਲਾ ਉਸੇ ਵੇਲੇ ਰੁਕ ਸਕਦਾ ਸੀ। ਉਹ ਹਮਲਾ ਹੋਣ ਮਗਰੋਂ ਰੋਸ ਵਜੋਂ (ਸਿਮਰਨਜੀਤ ਸਿੰਘ ਮਾਨ, ਚਰਨਜੀਤ ਸਿੰਘ ਕੋਕਾ ਕੋਲਾ ਤੇ ਅਮਰਿੰਦਰ ਸਿੰਘ ਵਾਂਗ) ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦੇ ਸਕਦਾ ਸੀ। ਦਰਅਸਲ, ਉਸ ਦੀ ਮਰਜ਼ੀ ਇਸ ਹਮਲੇ ਵਿਚ ਸ਼ਾਮਿਲ ਸੀ। ਉਸ ਨੇ 8 ਜੂਨ 1984 ਦੇ ਦਰਬਾਰ ਸਾਹਿਬ ਦੀ ਤਬਾਹੀ ਵੇਖਣ ਮਗਰੋਂ ਟੀ.ਵੀ. 'ਤੇ ਇਸ ਨੂੰ ਹੱਕ-ਬਜਾਨਬ ਠਹਿਰਾਇਆ ਸੀ ਅਤੇ ਮਗਰੋਂ ਇਸ ਹਮਲੇ ਵਿਚ ਸ਼ਾਮਿਲ ਫ਼ੌਜੀਆਂ ਨੂੰ 'ਬਹਾਦਰੀ ਦਿਖਾਉਣ ਬਦਲੇ' ਮੈਡਲ ਵੀ ਦਿੱਤੇ ਸਨ।**

ਦਰਅਸਲ ਜ਼ੈਲ ਸਿੰਘ ਨੇ ਰਵੇਲ ਸਿੰਘ (ਸਾਬਕਾ ਸਕੱਤਰ, ਅਕਾਲੀ ਦਲ ਤੇ ਸਾਬਕ ਵਜ਼ੀਰ ਪੰਜਾਬ) ਰਾਹੀਂ ਪਹਿਲਾਂ ਤਾਂ ਗਿਆਨੀ ਕਿਰਪਾਲ ਸਿੰਘ ਨਾਲ ਖ਼ਾਲੀ ਗਲਬਾਤ ਚਲਾਈ ਅਤੇ ਮੂੰਹ-ਜ਼ਬਾਨੀ 'ਮੁਆਫ਼ੀ' ਲੈਣ ਦੀ ਕੋਸ਼ਿਸ਼ ਕੀਤੀ। ਪਰ ਜਦ ਗਿਆਨੀ ਕਿਰਪਾਲ ਸਿੰਘ ਨੇ ਮਜਬੂਰੀ ਜ਼ਾਹਿਰ ਕੀਤੀ ਤੇ ਕਿਹਾ, "ਸਾਡਾ ਮੂੰਹ ਰੱਖਣ ਵਾਸਤੇ ਕੁਝ ਕਾਰਵਾਈ ਤਾਂ ਪਾ ਦਿਓ।" ਤਾਂ ਰਵੇਲ ਸਿੰਘ ਫੇਰ ਦਿੱਲੀ ਗਿਆ ਅਤੇ ਗਿਆਨੀ ਜ਼ੈਲ ਸਿੰਘ ਨੇ ਰਵੇਲ ਸਿੰਘ ਅਤੇ ਆਪਣੇ ਪੀ.ਏ. ਕੁਲਵੰਤ ਸਿੰਘ ਰਾਹੀਂ ਇਕ 'ਦਿਖਾਵੇ ਦੀ' ਚਿੱਠੀ ਭੇਜ ਦਿੱਤੀ। ਇਸ ਚਿੱਠੀ ਵਿਚ ਨਾ ਤਾਂ ਮੁਆਫ਼ੀ ਸੀ ਅਤੇ ਨਾ ਹੀ ਪਛਤਾਵਾ ਸੀ। ਇਸ ਚਿੱਠੀ ਮੁਤਾਬਿਕ ਵੀ ਜ਼ੈਲ ਸਿੰਘ ਨੇ ਦਰਬਾਰ ਸਾਹਿਬ 'ਤੇ ਹਮਲੇ ਨੂੰ ਗ਼ਲਤ ਨਹੀਂ ਸੀ ਕਿਹਾ। ਗਿਆਨੀ ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਤੇ (ਛੇਵੇਂ) ਜੋਗਿੰਦਰ ਸਿੰਘ (ਮੁੱਖ ਸੇਵਾਦਾਰ, ਹਜ਼ੂਰ ਸਾਹਿਬ ਨੰਦੇੜ) ਨੇ ਇਸ ਚਿੱਠੀ ਨੂੰ 'ਤਸੱਲੀਬਖ਼ਸ਼' ਸਪੱਸ਼ਟੀਕਰਨ ਆਖ ਕੇ ਜ਼ੈਲ ਸਿੰਘ ਨੂੰ ਮੁਆਫ਼ ਕਰ ਦਿੱਤਾ। ਜ਼ੈਲ ਸਿੰਘ ਦੀ ਰਿਕਾਰਡ ਵਿਚ ਪਈ ਚਿੱਠੀ, ਉਸ 'ਤੇ 'ਟਿੱਪਣੀ' ਅਤੇ 'ਫ਼ੈਸਲਾ' (ਹੁਕਮ/ਹੁਕਮਨਾਮਾ ਨਹੀਂ) ਇਹ ਸਨ :

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਸਪੱਸ਼ਟੀਕਰਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਸ: ਰਵੇਲ ਸਿੰਘ ਐਡਵੋਕੇਟ ਅੰਮ੍ਰਿਤਸਰ ਆਏ ਤੇ ਸਿੰਘ ਸਾਹਿਬਾਨ ਨੂੰ ਮਿਲੇ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਜਵਾਬੀ ਸਪੱਸ਼ਟੀਕਰਨ ਦੇਣ ਲੱਗੇ। ਅਸੀਂ ਕਿਹਾ, ਇਸ ਤਰ੍ਹਾਂ ਨਹੀਂ, ਤੁਸੀਂ ਉਨ੍ਹਾਂ ਪਾਸੋਂ ਲਿਖਤੀ ਸਪੱਸ਼ਟੀਕਰਨ ਲੈ ਕੇ ਆਓ। ਫਿਰ ਉਸ ਉਪਰ ਵਿਚਾਰ ਕਰਾਂਗੇ।

25-9-84 ਨੂੰ ਸ: ਰਵੇਲ ਸਿੰਘ ਗਿਆਨੀ ਜ਼ੈਲ ਸਿੰਘ ਵੱਲੋਂ ਲਿਖਤੀ ਸਪੱਸ਼ਟੀਕਰਨ ਲੈ ਕੇ ਪੰਜ ਸਿੰਘ ਸਾਹਿਬਾਨ ਪਾਸ ਹਾਜ਼ਰ ਹੋਏ। ਸਪੱਸ਼ਟੀਕਰਨ ਦੀ ਹੂਬਹੂ ਨਕਲ ਹੇਠ ਦਰਜ ਕਰਦੇ ਹਾਂ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀਉ,
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਦੇ ਦਸਤਖ਼ਤਾਂ ਹੇਠਾਂ ਜਾਰੀ ਕੀਤੇ ਹੁਕਮਨਾਮੇ ਦੀ ਕਾਪੀ ਮੈਨੂੰ ਮਿਲ ਗਈ ਹੈ। ਉਸ ਸਬੰਧੀ ਮੇਰੇ ਨਾਲ ਬਹੁਤ ਸਾਰੇ ਪੂਰਨ ਗੁਰਸਿੱਖਾਂ ਦੀ ਬਾਤਚੀਤ ਹੁੰਦੀ ਰਹੀ ਹੈ ਜਿਨ੍ਹਾਂ ਵਿਚ ਤੁਹਾਡੇ ਖ਼ਾਸ ਨਿਕਟਵਰਤੀ ਵੀ ਸਨ। ਜਿਨ੍ਹਾਂ ਨੇ ਲੋੜੀਂਦੇ ਕਾਗ਼ਜ਼ ਅਤੇ ਹੋਰ ਪੂਰੀ ਵਾਕਫ਼ੀਅਤ ਲੈ ਕੇ ਤੁਹਾਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਹੋਵੇਗਾ।

ਫਿਰ ਮੈਂ ਇਸ ਪੱਤਰ ਰਾਹੀਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਦਰਬਾਰ ਸਾਹਿਬ ਪਰਕਰਮਾ ਵਿਚ ਜੋੜੇ ਪਾ ਕੇ ਨਹੀਂ ਗਿਆ। ਛਤਰੀ ਲਾ ਕੇ ਜਾਣਾ ਵੀ ਗ਼ਲਤ ਹੈ। ਮੇਰੇ ਸਟਾਫ਼ ਵਿੱਚੋਂ ਇਕ ਸਰਕਾਰੀ ਮੁਲਾਜ਼ਮ ਸਿਖ਼ਾਵਤ ਖ਼ਾਂ ਨੇ ਛਤਰੀ ਖੋਲ੍ਹ ਕੇ ਮੇਰੇ ਵੱਲ ਲਿਆਉਣੀ ਚਾਹੀ, ਜੋ ਮੈਂ ਤੁਰੰਤ ਬੰਦ ਕਰਵਾ ਦਿੱਤੀ।

ਫ਼ੌਜ ਭੇਜਣ ਦਾ ਮਾਮਲਾ ਦੇਸ ਦੇ ਸੰਵਿਧਾਨ ਅਤੇ ਕਾਨੂੰਨ ਨਾਲ ਸਬੰਧ ਰੱਖਦਾ ਹੈ, ਜਿਸ ਦੀ ਆਪ ਨੂੰ ਵਾਕਫ਼ੀਅਤ ਹੈ, ਪਰ ਮੇਰੇ ਮਨ ਦੀ ਭਾਵਨਾ ਦਾ ਦੁਖਦਾਈ ਪ੍ਰਗਟਾਵਾ, ਮੇਰੀ ਉਹ ਤਕਰੀਰ ਹੈ, ਜੋ ਮੈਂ ਰਾਸ਼ਟਰ ਦੇ ਨਾਮ ਸੰਦੇਸ਼ ਵਿਚ 17 ਜੂਨ, 1984 ਨੂੰ ਕੀਤੀ ਸੀ, ਜਿਸ ਨੂੰ ਆਪ ਨੇ ਸੁਣ ਵੀ ਲਿਆ ਹੋਵੇਗਾ ਅਤੇ ਪੜ੍ਹ ਵੀ ਲਿਆ ਹੋਵੇਗਾ।

ਮੈਂ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਉਪਦੇਸ਼ ਮੁਤਾਬਿਕ ਹਰ ਧਾਰਮਿਕ ਅਸਥਾਨ ਦਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜੋ ਸਰਬ ਉਤਮ ਧਾਰਮਿਕ ਅਸਥਾਨ ਹਨ, ਉਨ੍ਹਾਂ ਦਾ ਸਤਿਕਾਰ ਅਤੇ ਸ਼ਰਧਾ ਮੇਰੇ ਲਈ ਅਟੁੱਟ ਹੈ।

ਆਪ ਦਾ ਸ਼ੁਭ ਚਿੰਤਕ,
ਜ਼ੈਲ ਸਿੰਘ

ਗਿਆਨੀ ਜ਼ੈਲ ਸਿੰਘ ਦੀ ਇਸ ਚਿੱਠੀ ਵਿਚ ਕਿਤੇ ਵੀ ਦਰਬਾਰ ਸਾਹਿਬ ਦੇ ਹਮਲੇ ਨੂੰ ਗ਼ਲਤ ਨਹੀਂ ਕਿਹਾ ਗਿਆ ਤੇ ਨਾ ਹੀ 'ਅਫ਼ਸੋਸ' ਜਾਂ 'ਦੁੱਖ' ਜ਼ਾਹਿਰ ਕੀਤਾ ਗਿਆ ਹੈ। ਇਸ ਦੇ ਬਾਵਜੂਦ ਪੰਜਾਂ ਗ੍ਰੰਥੀਆਂ ਨੇ ਇਹ 'ਫ਼ੈਸਲਾ' (ਹੁਕਮਾਨਾਮ ਨਹੀਂ) ਦਿੱਤਾ :

ਫ਼ੈਸਲਾ

ਅਕਾਲ ਤਖ਼ਤ ਸਾਹਿਬ ਵੱਲੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਰੁੱਧ 2 ਸਿਤੰਬਰ, 1984 ਨੂੰ ਜਾਰੀ ਕੀਤੇ ਹੁਕਮਨਾਮੇ ਸਬੰਧੀ 24 ਸਿਤੰਬਰ, 1984 ਨੂੰ ਉਨ੍ਹਾਂ ਦੇ ਵਿਸ਼ੇਸ਼ ਦੂਤ ਸ: ਰਵੇਲ ਸਿੰਘ ਐਡਵੋਕੇਟ ਸਿੰਘ ਸਾਹਿਬਾਨ ਪਾਸ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਪੱਤਰ ਲੈ ਕੇ ਹਾਜ਼ਰ ਹੋਏ। ਸਿੰਘ ਸਾਹਿਬਾਨ ਨੇ ਸਪੱਸ਼ਟੀਕਰਨ ਪੱਤਰ 'ਤੇ ਸੋਚ ਵਿਚਾਰ ਕੀਤੀ ਤੇ ਇਸ ਸਬੰਧੀ ਹੋਰ ਜਾਣਕਾਰੀ ਮੰਗੀ।

26 ਸਿਤੰਬਰ, 1984 ਨੂੰ ਸ: ਰਵੇਲ ਸਿੰਘ ਐਡਵੋਕੇਟ ਅਤੇ ਸ: ਕੁਲਵੰਤ ਸਿੰਘ ਨਿੱਜੀ ਸਕੱਤਰ ਗਿਆਨੀ ਜ਼ੈਲ ਸਿੰਘ, ਦੋਹਾਂ ਨੇ ਹਾਜ਼ਰ ਹੋ ਕੇ ਲੋੜੀਂਦੀ ਜਾਣਕਾਰੀ ਦਿੱਤੀ। ਯਾਤਰਾ ਸਮੇਂ ਲਈਆਂ ਗਈਆਂ ਤਸਵੀਰਾਂ ਅਤੇ ਹੋਰ ਰਿਕਾਰਡ ਵੀ ਵੇਖਿਆ।

ਪੁੱਜੇ ਸਪੱਸ਼ਟੀਕਰਨ ਨੂੰ ਵਿਚਾਰਨ ਅਤੇ ਪ੍ਰਤੀਨਿਧਾਂ ਨੂੰ ਸੁਣਨ ਉਪਰੰਤ ਫ਼ੈਸਲਾ ਕੀਤਾ ਗਿਆ ਕਿ ਪੁੱਜਾ ਸਪੱਸ਼ਟੀਕਰਨ ਤਸੱਲੀਬਖ਼ਸ਼ ਹੈ ਅਤੇ ਹੁਣ ਕਿਸੇ ਕਾਰਵਾਈ ਦੀ ਲੋੜ ਨਹੀਂ।

ਜੋਗਿੰਦਰ ਸਿੰਘ (ਪੰਜ ਸਿੰਘ ਸਾਹਿਬਾਨ)
ਜਥੇਦਾਰ
ਤਖ਼ਤ ਹਜ਼ੂਰ ਸਾਹਿਬ, ਸੱਚਖੰਡ, ਨੰਦੇੜ

26 ਸਿਤੰਬਰ ਨੂੰ ਕਿਰਪਾਲ ਸਿੰਘ, ਸਾਹਿਬ ਸਿੰਘ, ਹਰਚਰਨ ਸਿੰਘ ਮਹਾਲੋਂ (ਜਿਸ ਨੂੰ ਕੁਝ ਵਿਦਵਾਨ ਪਹਿਲੋਂ 'ਖਾੜਕੂ' ਸਮਝਦੇ ਸਨ), ਲੱਖਾ ਸਿੰਘ ਤੇ ਪ੍ਰੀਤਮ ਸਿੰਘ ਨੇ ਮੀਟਿੰਗ ਕਰ ਕੇ ਜ਼ੈਲ ਨੂੰ ਮੁਆਫ਼ ਕਰ ਦਿੱਤਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸਰਕਾਰ ਦੇ 'ਖ਼ੁਫ਼ੀਆ ਕਾਗ਼ਜ਼' ਵੇਖੇ ਸਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਿਚ ਜ਼ੈਲ ਦੀ ਇਜਾਜ਼ਤ ਸ਼ਾਮਿਲ ਨਹੀਂ ਸੀ। ਏਥੇ ਸਵਾਲ ਇਹ ਉਠਦਾ ਹੈ ਕਿ ਕੀ ਸਰਕਾਰ ਦੇ ਜਾਂ ਫ਼ੌਜ ਦੇ ਖ਼ੁਫ਼ੀਆ ਕਾਗ਼ਜ਼ ਕਿਸੇ ਨੂੰ ਵਿਖਾਏ ਜਾ ਸਕਦੇ ਹਨ? ਦੂਜਾ, ਜ਼ੈਲ ਵਲੋਂ ਇਸ ਹਮਲੇ ਨੂੰ ਹੱਕ-ਬਜਾਨਬ ਕਰਾਰ ਦੇਣ ਵਾਲੀ ਟੀ.ਵੀ. 'ਤੇ ਕੀਤੀ ਤਕਰੀਰ ਵੀ ਤਾਂ ਉਸ ਦਾ ਜੁਰਮ ਸਾਬਿਤ ਕਰਦੀ ਹੈ। ਪਰ, ਇਹ ਪੰਜੇ ਗ੍ਰੰਥੀ ਜਾਂ ਤਾਂ ਸਰਕਾਰ ਤੋਂ ਡਰ ਕੇ ਤੇ ਜਾਂ ਕਿਸੇ ਲਾਲਚ ਹੇਠ ਸੌਦੇਬਾਜ਼ੀ ਕਰ ਕੇ ਜ਼ੈਲ ਨੂੰ ਮੁਆਫ਼ ਕਰਨਾ ਹੀ ਚਾਹੁੰਦੇ ਸਨ। ਇਹ ਦਿਲਚਸਪ ਗੱਲ ਇਹ ਹੈ ਕਿ ਜ਼ੈਲ ਉਨ੍ਹਾਂ ਅੱਗੇ ਪੇਸ਼ ਨਹੀਂ ਹੋਇਆ, ਪਰ ਫਿਰ ਵੀ ਉਸ ਨੂੰ 'ਮੁਆਫ਼' ਕਰ ਦਿੱਤਾ ਗਿਆ। ਫਿਰ ਜ਼ੈਲ 27 ਨੂੰ ਦਰਬਾਰ ਸਾਹਿਬ ਆਇਆ ਅਤੇ ਅਕਾਲ ਤਖ਼ਤ ਸਾਹਿਬ ਦੇ ਪਲੇਟਫ਼ਾਰਮ 'ਤੇ ਵੀ ਚੜ੍ਹਿਆ। ਇਹ ਪੰਜੇ ਗ੍ਰੰਥੀ ਉਸ ਦਿਨ ਉਚੇਚੇ ਤੌਰ 'ਤੇ ਅੰਮ੍ਰਿਤਸਰ ਪੁੱਜੇ ਹੋਏ ਸਨ ਤੇ ਇਸ ਮੌਕੇ 'ਤੇ ਲਈ ਤਸਵੀਰ ਵਿਚ ਉਨ੍ਹਾਂ ਨੂੰ ਇਕ ਦੂਜੇ ਤੋਂ ਅੱਗੇ ਹੋ ਕੇ 'ਫ਼ੋਟੋ ਖਿਚਵਾਉਣ ਵਾਸਤੇ' ਤਰਲੋ-ਮੱਛੀ ਹੁੰਦੇ ਵੇਖਿਆ ਜਾ ਸਕਦਾ ਸੀ। ਜਦੋਂ ਇਹ ਤਸਵੀਰਾਂ ਤੇ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ ਤਾਂ ਨੌਜਵਾਨ ਤੇ ਦੂਜੇ ਖਾੜਕੂਆਂ ਨੂੰ ਇਨ੍ਹਾਂ ਗ੍ਰੰਥੀਆਂ ਦੀ ਹਰਕਤ 'ਤੇ ਬੜਾ ਰੋਹ ਆਇਆ ਪਰ ਉਸ ਦਿਨ ਦਰਬਾਰ ਸਾਹਿਬ 'ਚ ਵੱਡੀ ਗਿਣਤੀ ਵਿਚ ਫ਼ੌਜ ਦੀ ਮੌਜੂਦਗੀ ਵਿਚ ਉਹ ਕੁਝ ਨਹੀਂ ਸਨ ਕਰ ਸਕੇ।

ਦੂਜੇ ਪਾਸੇ, ਜਿਹਾ ਕਿ ਭਾਰਤ ਸਰਕਾਰ ਦਾ ਕਿਰਪਾਲ ਸਿੰਘ ਨਾਲ ਵਾਅਦਾ ਸੀ, ਫ਼ੌਜ ਨੇ 29 ਸਿਤੰਬਰ ਨੂੰ ਦਰਬਾਰ ਸਾਹਿਬ ਦਾ ਅੰਦਰੂਨੀ ਹਿੱਸਾ ਖ਼ਾਲੀ ਕਰ ਦਿੱਤਾ। ਪਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰ ਮੋੜ 'ਤੇ ਹੀ ਨਹੀਂ ਬਲਕਿ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ 'ਤੇ ਅਜੇ ਵੀ ਬਾਵਰਦੀ ਤੇ ਹਥਿਆਰਬੰਦ ਭਾਰਤੀ ਫ਼ੌਜ ਤਾਈਨਾਤ ਸੀ। ਇਸ ਤੋਂ ਇਲਾਵਾ ਸਿਵਲੀਅਨ ਪਹਿਰਾਵੇ ਵਿਚ ਫ਼ੌਜ, ਸੀ.ਆਰ.ਪੀ. ਐਫ਼ ਅਤੇ ਪੰਜਾਬ ਪੁਲੀਸ ਦੇ ਸੈਂਕੜੇ ਮੁਲਾਜ਼ਮ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਹਾਜ਼ਿਰ ਸਨ।

ਪਹਿਲੀ ਅਕਤੂਬਰ ਸਵੇਰ ਨੂੰ ਹੀ ਦਰਬਾਰ ਸਾਹਿਬ ਵਿਚ ਸਿੱਖਾਂ ਦੇ ਕਾਫ਼ਲੇ ਪੁੱਜਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਬਹੁਤ ਸਾਰੇ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਨੇ ਦਰਬਾਰ ਸਾਹਿਬ ਵਿਚ ਕਈ ਥਾਂਈਂ ਖਾਲਿਸਤਾਨੀ ਝੰਡੇ ਗੱਡ ਦਿੱਤੇ। ਇਸ ਦੇ ਨਾਲ ਹੀ ਕੁਝ ਨੌਜਵਾਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵਲੋਂ ਮੁਰੰਮਤ ਕੀਤੀ ਗਈ ਈਮਾਰਤ 'ਤੇ ਵੀ ਗਏ। ਉਨ੍ਹਾਂ ਨੇ ਕਿਰਪਾਲ ਸਿੰਘ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ। ਇਸ 'ਤੇ ਕਿਰਪਾਲ ਸਿੰਘ ਨੇ ਫ਼ੌਜ ਦੋਬਾਰਾ ਬੁਲਾ ਲਈ ਤੇ 300 ਨੌਜਵਾਨ ਗ੍ਰਿਫ਼ਤਾਰ ਕਰਵਾ ਦਿੱਤੇ।

ਸਰਕਾਰ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਕਰਵਾ ਕੇ ਦੇਣ ਅਤੇ ਜ਼ੈਲ ਸਿੰਘ ਵੱਲੋਂ 'ਸਪੱਸ਼ਟੀਕਰਨ' ਦਾ ਡਰਾਮਾ ਕਰਨ ਦੀ ਕਾਰਵਾਈ ਖ਼ਤਮ ਹੋਣ

ਮਗਰੋਂ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਸਰੋਵਰ ਦੀ ਸਫ਼ਾਈ (ਜਿਸ ਵਿਚ ਸਿੱਖਾਂ ਦਾ ਖ਼ੂਨ ਵੀ ਡੁਲ੍ਹਿਆ ਹੋਇਆ ਸੀ ਅਤੇ ਜਿਸ ਵਿਚ ਹਿੰਦੁਸਤਾਨੀ ਫ਼ੌਜੀ ਗੰਦੇ ਹੱਥ ਵੀ ਧੋਂਦੇ ਰਹੇ ਸਨ) ਕਰਨ ਦਾ ਫ਼ੈਸਲਾ ਕੀਤਾ। 12 ਅਕਤੂਬਰ 1984 ਦੇ ਦਿਨ ਇਸ ਕਾਰ-ਸੇਵਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਰੋਵਰ ਦੇ ਅੱਧ ਵਿਚਕਾਰ ਇਕ ਕੰਧ ਬਣਾ ਕੇ 'ਪੱਕਾ' ਬੰਨ੍ਹ ਲਾਇਆ ਗਿਆ। ਇਸ ਬੰਨ੍ਹ ਦੇ ਖ਼ਿਲਾਫ਼ ਬੇਸਮਝ ਲੋਕਾਂ ਨੇ ਵਾਧੂ ਰੌਲਾ ਪਾ ਕੇ ਇਸ ਨੂੰ ਬ੍ਰਾਹਮਣੀ ਸੋਚ ਮੁਤਾਬਿਕ 'ਅਪਵਿੱਤਰ' ਕਾਰਵਾਈ ਗਰਦਾਨਿਆ। ਇਸ 'ਤੇ ਪੰਜ ਗ੍ਰੰਥੀਆਂ ਨੇ 14 ਅਕਤੂਬਰ 1984 ਨੂੰ ਬਾਬਾ ਖੜਕ ਸਿੰਘ (ਕਾਰ ਸੇਵਾ ਵਾਲੇ) ਨੂੰ ਹਿਦਾਇਤ ਜਾਰੀ ਕੀਤੀ ਕਿ ਉਹ ਪੱਕੀ ਕੰਧ ਨੂੰ ਚੁੱਕ (ਢਾਹ) ਦੇਣ ਅਤੇ ਕੱਚੇ ਬੰਨ੍ਹ ਤੋਂ ਹੀ 'ਕੰਮ ਸਾਰੇ'। ਇਹ ਹੁਕਮ ਇੰਞ ਸੀ :

> ਬਾਬਾ ਖੜਕ ਸਿੰਘ ਜੀ ਕਾਰ-ਸੇਵਾ ਵਾਲਿਆਂ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਅੱਜ ਮਿਤੀ 14-10-84 ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਵਿਚ ਹੋਈ, ਜਿਸ ਵਿਚ ਸਰੋਵਰ ਸਾਹਿਬ ਦੇ ਕੱਚੇ ਬੰਨ੍ਹ ਦੀ ਥਾਂ ਪੱਕੀ ਕੰਧ ਉਸਾਰੇ ਜਾਣ ਬਾਰੇ ਮਾਮਲਾ ਪੇਸ਼ ਹੋਇਆ। ਦੀਰਘ ਵੀਚਾਰ ਉਪਰੰਤ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਖੇ ਪੁਰਾਤਨ ਮਰਿਆਦਾ ਨੂੰ ਮੁਖ ਰੱਖਦਿਆਂ ਨਵੀਂ ਦੀਵਾਰ ਨਾ ਉਸਾਰੀ ਜਾਵੇ। ਕਾਰ-ਸੇਵਾ ਸਮੇਂ ਕੱਚੇ ਬੰਨ੍ਹ ਤੋਂ ਹੀ ਕੰਮ ਲਿਆ ਜਾਵੇ। ਬੰਨ੍ਹ ਲਈ ਉਸਾਰੀ ਜਾ ਰਹੀ ਸਾਰੀ ਦੀਵਾਰ ਚੁੱਕ ਦਿੱਤੀ ਜਾਵੇ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਂ ਗ੍ਰੰਥੀਆਂ ਨੇ ਇਕ 'ਗੁਰਮਤਾ' ਇਹ ਵੀ ਕੀਤਾ ਕਿ ਕੋਈ ਜਮਾਤ ਹਰਿਮੰਦਰ ਸਾਹਿਬ ਜਾਂ ਦਰਬਾਰ ਸਾਹਿਬ ਦੇ ਨਾਂ 'ਤੇ ਸੁਸਾਇਟੀ ਨਾ ਬਣਾਵੇ। 25 ਅਕਤੂਬਰ 1984 ਨੂੰ ਪਾਸ ਹੋਇਆ ਇਹ 'ਗੁਰਮਤਾ' ਇੰਞ ਸੀ :

ਗੁਰਮਤਾ

> ਅੱਜ ਮਿਤੀ 25-10-84 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਹਰਿਮੰਦਰ ਸਾਹਿਬ ਤੇ ਦਰਬਾਰ ਸਾਹਿਬ ਦੇ ਨਾਮ 'ਤੇ ਕੋਈ ਸਭਾ ਜਾਂ ਸੁਸਾਇਟੀ ਨਹੀਂ ਬਣਾਈ ਜਾ ਸਕਦੀ। ਜੋ ਸਭਾ ਸੁਸਾਇਟੀ ਹੁਣ ਤਕ ਉਕਤ ਨਾਂਵਾਂ ਹੇਠ ਕਾਇਮ ਹਨ, ਉਹਨਾਂ ਨੂੰ ਭੰਗ ਕੀਤਾ ਜਾਂਦਾ ਹੈ। ਇਸ ਨਾਮ ਦੀਆਂ ਸਾਰੀਆਂ ਸਭਾ ਸੁਸਾਇਟੀਆਂ ਤੁਰੰਤ ਹੀ ਆਪਣੇ ਨਾਮ ਬਦਲ ਲੈਣ। ਸਰਬਤ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਹਰਿਮੰਦਰ ਸਾਹਿਬ ਅਤੇ ਦਰਬਾਰ ਸਾਹਿਬ ਦੀ ਸੇਵਾ ਲਈ ਜੋ ਮਾਇਆ ਭੇਜਣੀ ਹੋਵੇ, ਉਹ ਸਿੱਧੇ ਹੀ ਮੈਨੇਜਰ, ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾਮ ਭੇਜਣ ਦੀ ਕ੍ਰਿਪਾਲਤਾ ਕਰਨ। ਉਪਰੋਕਤ ਮੌਜੂਦਾ ਸਭਾ ਸੁਸਾਇਟੀਆਂ ਨੂੰ ਦਰਬਾਰ ਸਾਹਿਬ ਜਾਂ ਹਰਿਮੰਦਰ ਸਾਹਿਬ ਦੇ ਨਾਂ 'ਤੇ ਬਿਲਕੁਲ ਹੀ ਮਾਇਆ ਨਾ ਦੇਣ।

12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਸੀ। ਇਸ ਕਾਰ-ਸੇਵਾ ਵਿਚ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ। ਕਾਰ-ਸੇਵਾ ਵਿਚ ਹਿੱਸਾ ਪਾਉਣ, ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਹਾਲਾਤ ਵੇਖਣ ਆਉਣ ਵਾਲਿਆਂ ਵਿਚ ਹੋਰਨਾਂ ਤੋਂ ਇੰਦਰਾ ਦੀ ਕੋਠੀ ਦੇ ਸਕਿਉਰਟੀ ਗਾਰਡ ਬੇਅੰਤ ਸਿੰਘ ਵੀ ਸਨ। ਬੇਅੰਤ ਸਿੰਘ ਕੋਈ ਧਾਰਮਿਕ ਸੋਚ ਵਾਲੀ ਜ਼ਿੰਦਗੀ ਜੀਣ ਵਾਲਾ ਸਿੱਖ ਨਹੀਂ ਸੀ, ਪਰ ਭਾਰਤੀ ਫ਼ੌਜ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਕੀਤੀ ਤਬਾਹੀ ਅਤੇ

ਬੇਹੁਰਮਤੀ ਵੇਖ ਕੇ ਉਹ ਵੀ ਫੁਟ-ਫੁਟ ਕੇ ਰੋ ਪਿਆ। ਅਖ਼ੀਰ ਉਸ ਦੇ ਅੰਦਰ ਦਾ ਸੁੱਖਾ ਸਿੰਘ-ਮਹਿਤਾਬ ਸਿੰਘ, ਬੋਤਾ ਸਿੰਘ-ਗਰਜਾ ਸਿੰਘ ਜਾਗ ਪਿਆ ਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਨੂੰ ਸਜ਼ਾ ਦੇਣ ਦਾ ਪ੍ਰਣ ਕੀਤਾ। ਸ: ਬੇਅੰਤ ਸਿੰਘ ਨੇ ਆਪਣੇ ਨਾਲ ਇਕ ਹੋਰ ਸਕਿਉਰਿਟੀ ਗਾਰਡ ਸ: ਸਤਵੰਤ ਸਿੰਘ ਨੂੰ ਵੀ ਸ਼ਾਮਿਲ ਕਰ ਲਿਆ। ਸ: ਬੇਅੰਤ ਸਿੰਘ ਨੇ ਆਪਣਾ ਰਾਜ਼ ਸ਼ਾਇਦ ਆਪਣੇ ਮਾਮੇ ਸ: ਕਿਹਰ ਸਿੰਘ ਨਾਲ ਵੀ ਸਾਂਝਾ ਕੀਤਾ। ਪੱਕਾ ਇਰਾਦਾ ਕਰਨ ਮਗਰੋਂ ਸ: ਬੇਅੰਤ ਸਿੰਘ ਤੇ ਸ: ਸਤਵੰਤ ਸਿੰਘ ਮੁਨਾਸਿਬ ਮੌਕੇ ਦੀ ਉਡੀਕ ਕਰਨ ਲੱਗੇ। ਅਖ਼ੀਰ 31 ਅਕਤੂਬਰ ਦੇ ਦਿਨ ਇਨ੍ਹਾਂ ਦੋਹਾਂ ਨੇ ਇੰਦਰਾ ਗਾਂਧੀ ਨੂੰ ਸਿੱਖਾਂ ’ਤੇ ਜ਼ੁਲਮ ਕਰਨ, ਸਿੱਖਾਂ ਦੇ ਮੁਕੱਦਸ ਮੁਕਾਮ ਦੀ ਬੇਹੁਰਮਤੀ ਕਰਨ ਅਤੇ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਕਰਨ ਦੀ ਸਜ਼ਾ ਦੇ ਦਿੱਤੀ। ਇੰਦਰਾ ਨੂੰ ਕਤਲ ਕਰਨ ਮਗਰੋਂ ਦੋਹਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਦੋਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ’ਤੇ ਗੋਲੀਆਂ ਦੀ ਵਾਛੜ ਕੀਤੀ ਗਈ। ਇਨ੍ਹਾਂ ਗੋਲੀਆਂ ਨਾਲ ਸ: ਬੇਅੰਤ ਸਿੰਘ ਦੀ ਮੌਤ ਹੋ ਗਈ ਤੇ ਸ: ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। (ਸ: ਸਤਵੰਤ ਸਿੰਘ ਨੂੰ ਮਗਰੋਂ ਬਚਾ ਲਿਆ ਗਿਆ)। ਸ: ਬੇਅੰਤ ਸਿੰਘ ਨੂੰ ਮਾਰਨ ਮਗਰੋਂ ਉਸ ਦੀ ਲਾਸ਼ ਦਾ ਕੀ ਕੀਤਾ ਗਿਆ, ਇਸ ਬਾਰੇ ਕੋਈ ਨਹੀਂ ਜਾਣਦਾ, ਕਿਉਂਕਿ ਜੇ ਉਸ ਦਾ ਸਸਕਾਰ ਪੁਲੀਸ ਨੇ ਕੀਤਾ ਵੀ ਤਾਂ ਵੀ ਉਸ ਦੀਆਂ ਅਸਥੀਆਂ ਤਕ ਸ: ਬੇਅੰਤ ਸਿੰਘ ਦੇ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ ਸਨ।

ਮਗਰੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੀ ਫ਼ੌਜ ਦੇ ਮੁਖੀ ਜਰਨਲ ਵੈਦਯ ਨੂੰ ਵੀ ਸ: ਹਰਜਿੰਦਰ ਸਿੰਘ ਜਿੰਦਾ ਅਤੇ ਸ: ਸੁਖਦੇਵ ਸਿੰਘ ਸੁੱਖਾ ਨੇ ਪੂਨਾ ਵਿਚ ਕਤਲ ਕਰ ਦਿੱਤਾ। ਇਨ੍ਹਾਂ ਦੋਹਾਂ ਨੂੰ ਅਕਤੂਬਰ 1992 ਵਿਚ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਹਜ਼ਾਰਾਂ ਸਿੱਖਾਂ ਦਾ ਕਤਲੇਆਮ (ਖ਼ੂਨੀ ਨਵੰਬਰ)

ਇੰਦਰਾ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਦੀ ਹਿਦਾਇਤ ’ਤੇ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਦੀ ਹਨੇਰੀ ਚਲਾਈ ਗਈ। ਰਾਜੀਵ ਗਾਂਧੀ ਦੇ ਸਭ ਤੋਂ ਨਜ਼ਦੀਕੀ ਸਾਥੀਆਂ (ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਤੇ ਹੋਰ ਦਰਜਨਾਂ ਬੰਦਿਆਂ)[2] ਨੇ ਦਿੱਲੀ ਵਿਚ ਪੁਲੀਸ ਦੀ ਮਦਦ ਨਾਲ, ਹਜ਼ਾਰਾਂ ਸਿੱਖਾਂ ਨੂੰ, ਵਹਿਸ਼ੀਆਨਾ ਤਰੀਕੇ ਨਾਲ, ਬੁੱਚੜਾਂ ਵਾਂਗ ਕਤਲ ਕਰਵਾਇਆ। ਕਈਆਂ ਨੂੰ ਜ਼ਖ਼ਮੀ ਕਰ ਕੇ ਤੇ ਕਈਆਂ ਨੂੰ ਜਿਊਂਦਿਆਂ ਨੂੰ ਹੀ ਮਿੱਟੀ ਦਾ ਤੇਲ ਤੇ ਪਟਰੌਲ ਪਾ ਕੇ ਸਾੜ ਦਿੱਤਾ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ, ਸਕੂਲਾਂ ਤੇ ਗੁਰਦੁਆਰਿਆਂ ਨੂੰ ਲੁਟਿਆ ਗਿਆ ਤੇ ਮਗਰੋਂ ਸਾੜ ਦਿੱਤਾ ਗਿਆ। ਹਜ਼ਾਰਾਂ ਸਿੱਖ ਕੁੜੀਆਂ ਤੇ ਔਰਤਾਂ ਨੂੰ ਅਗਵਾ ਕਰ ਕੇ ਰੇਪ ਕੀਤੇ ਗਏ। ਜ਼ੁਲਮ ਦੀ ਇਹ ਇੰਤਹਾ

---

2. ਮਗਰੋਂ ਇਨ੍ਹਾਂ ਕਾਤਿਲਾਂ ਦੇ ਬਚਾਅ ਜਾਂ ਉਨ੍ਹਾਂ ਨੂੰ ਸਨਮਾਨ ਦੇਣ ਦੀ ਹਰਕਤ ਕਰਨ ਵਾਲਿਆਂ ਵਿਚ ਆਤਮਾ ਸਿੰਘ ਲੁਬਾਣਾ, ਅਵਤਾਰ ਸਿੰਘ ਹਿਤ, ਪ੍ਰਹਿਲਾਦ ਸਿੰਘ ਚੰਡੋਕ ਵਗ਼ੈਰਾ ਵੀ ਸ਼ਾਮਿਲ ਸਨ।

ਦਿੱਲੀ ਹੀ ਨਹੀਂ, ਭਜਨ ਲਾਲ ਦੀ ਅਗਵਾਈ ਵਿਚ ਹਰਿਆਣਾ ਵਿਚ ਤੇ ਹੋਰ ਕਾਂਗਰਸੀਆਂ ਦੀ ਅਗਵਾਈ ਵਿਚ ਕਾਂਗਰਸੀ ਹਕੂਮਤ ਵਾਲੇ ਸੂਬਿਆਂ (ਖ਼ਾਸ ਕਰ ਕੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਗੁਜਰਾਤ ਦੇ ਮਹਾਂਰਾਸ਼ਟਰ) ਵਿਚ ਵੀ ਹੋਈ। ਭਾਵੇਂ ਸਰਕਾਰ ਨੇ 3000 ਸਿੱਖਾਂ ਦਾ ਕਤਲੇਆਮ ਮੰਨਿਆ ਸੀ, ਪਰ ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ 20 ਤੋਂ 25 ਹਜ਼ਾਰ ਤਕ ਸਿੱਖ ਕਤਲ ਕੀਤੇ ਗਏ ਸਨ। **ਕਾਬਲੇ-ਜ਼ਿਕਰ ਗੱਲ ਇਹ ਵੀ ਹੈ ਕਿ ਜਿਸ ਵੇਲੇ ਇਹ ਕਤਲ ਹੋ ਰਹੇ ਸਨ, ਉਸ ਵੇਲੇ ਜ਼ੈਲ ਰਾਸ਼ਟਰਪਤੀ, ਬੂਟਾ ਸਿੰਘ ਵਜ਼ੀਰ ਦਿੱਲੀ ਵਿਚ ਹੀ ਸਨ ਤੇ ਇਸ ਤੋਂ ਇਲਾਵਾ ਇੰਦਰਾ ਦੇ ਸਸਕਾਰ ਵਿਚ ਸ਼ਾਮਿਲ ਹੋਣ ਵਾਸਤੇ ਆਏ ਦਰਜਨਾਂ ਵਿਦੇਸ਼ੀ ਡਿਪਲੋਮੇਟ ਵੀ ਇਸ ਕਤਲੇਆਮ ਨੂੰ ਚੁੱਪ-ਚਾਪ ਵੇਖ ਰਹੇ ਸਨ। (ਇਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਵਹਿਸ਼ੀਆਨਾ ਕਤਲੇਆਮ 'ਤੇ ਹਾਅ ਦਾ ਨਾਅਰਾ ਨਹੀਂ ਮਾਰਿਆ ਅਤੇ 1939-45 ਦੌਰਾਨ ਯਹੂਦੀਆਂ 'ਤੇ ਹੋਏ ਜ਼ੁਲਮ ਵਾਂਗ ਇਸ ਵਾਰ ਵੀ ਅੱਖਾਂ ਮੀਟ ਕੇ ਗੂੰਗੇ ਬਣੇ ਰਹੇ। ਹੋਰ ਤਾਂ ਹੋਰ ਯਹੂਦੀਆਂ ਦੀ ਜ਼ਬਾਨ 'ਚੋਂ ਵੀ ਇਸ ਕਤਲੇਆਮ 'ਤੇ ਉਫ਼ ਨਾ ਨਿਕਲੀ)। ਹੋਰ ਵੀ ਸ਼ਰਮਨਾਕ ਸੀ ਰਾਜੀਵ ਗਾਂਧੀ ਦਾ ਇਹ ਬਿਆਨ ਕਿ "ਜਦੋਂ ਕੋਈ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ।" ਇਹ ਬਿਆਨ ਸਿੱਖਾਂ ਦੇ ਵਹਿਸ਼ੀਆਨਾ ਕਤਲੇਆਮ ਨੂੰ ਹੱਕ-ਬਜਾਨਬ ਠਹਿਰਾਣਾ ਸੀ।** (ਉਂਞ ਵਹਿਸ਼ੀਆਨਾ ਤੇ ਜ਼ਾਲਮਾਨਾ ਕਤਲੇਆਮ ਨੂੰ ਸਹੀ ਠਹਿਰਾਉਣ, ਦਰਅਸਲ ਉਕਸਾਉਣ ਵੀ, ਵਾਲੇ ਦੀ ਆਪਣੀ ਮੌਤ ਤਾਮਿਲਾਂ ਹੱਥੋਂ ਅਜਿਹੇ ਤਰੀਕੇ ਨਾਲ ਹੋਈ ਤੇ ਉਸ ਦੀ ਲਾਸ਼ ਨਾਲ ਉਸੇ ਤਰ੍ਹਾਂ ਹੋਇਆ, ਜਿਹੋ-ਜਿਹਾ ਨਵੰਬਰ 1984 ਵਿਚ ਜਿਊਂਦੇ ਸਾੜੇ ਜਾ ਰਹੇ ਸਿੱਖਾਂ ਨਾਲ ਹੋਇਆ ਸੀ)।

ਤਵਾਰੀਖ਼ ਗਵਾਹ ਹੈ ਕਿ ਜਿਸ ਨੇ ਵੀ ਅਕਾਲ ਤਖ਼ਤ ਸਾਹਿਬ ਜਾਂ ਇਸ ਦੀ ਈਮਾਰਤ ਬਾਰੇ ਮਾੜੀ ਸ਼ੈਤਾਨੀ ਸੋਚ ਰਖੀ ਹੈ, ਉਸ ਦਾ ਹਸ਼ਰ ਅਕਾਲ ਪੁਰਖ ਨੇ ਮਾੜਾ ਹੀ ਕੀਤਾ ਹੈ। ਉਹ ਮੱਸਾ ਰੰਘੜ ਸੀ ਜਾਂ ਲਖਪਤ ਰਾਏ, ਜ਼ਕਰੀਆ ਸੀ ਜਾਂ ਮੀਰ ਮਨੂ, ਅਹਿਮਦ ਸ਼ਾਹ ਦੁਰਾਨੀ ਸੀ, ਜਾਂ ਇੰਦਰਾ ਗਾਂਧੀ। ਇੰਞ ਹੀ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਦੀ ਸਜ਼ਾ ਦੇਣ ਵਾਲੇ ਨਾਲ ਮਾੜਾ ਕਰਨ ਵਾਲੇ ਨੂੰ ਵੀ ਅਕਾਲ ਪੁਰਖ ਨੇ ਸਖ਼ਤ ਸਜ਼ਾ ਹੀ ਦਿੱਤੀ ਹੈ। ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਣ ਵਾਲੇ ਦਾ ਹਸ਼ਰ ਵੀ ਮਾੜਾ ਹੀ ਹੁੰਦਾ ਆਇਆ ਹੈ।

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਸ ਵਹਿਸ਼ੀਆਨਾ ਕਤਲੇਆਮ ਨੇ ਕਿਸੇ ਅਦੀਬ ਦੀ ਰੂਹ ਨੂੰ ਨਾ ਟੁੰਬਿਆ। ਸਿਰਫ਼ ਅਜੀਤ ਕੌਰ[3] ਨੇ ਦਲੇਰੀ ਨਾਲ ਕਲਮ ਉਠਾਈ ਤੇ ਜਾਂ ਫਿਰ ਕੁਝ ਇਨਸਾਨੀ ਹਕੂਕ ਦੀਆਂ ਜਥੇਬੰਦੀਆਂ ਨੇ ਜਿੰਨਾਂ ਨੇ *ਹੂ ਆਰ ਗਿਲਟੀ* ਕਿਤਾਬ ਲਿਖ ਕੇ ਸੱਚੋ-ਸੱਚ ਸਾਹਮਣੇ ਲਿਆਂਦਾ।

ਭਾਰਤ ਭਰ ਵਿਚ ਸਿੱਖਾਂ ਦੇ ਕਤਲੇਆਮ ਮਗਰੋਂ ਪੰਜ ਗ੍ਰੰਥੀਆਂ ਨੇ ਸਿੱਖਾਂ ਨੂੰ ਕਿਹਾ (ਅਪੀਲ, ਪੈਗ਼ਾਮ, ਹਿਦਾਇਤ ਦਾ ਜ਼ਿਕਰ ਨਹੀਂ) ਕਿ ਉਹ 'ਰੋਸ' ਵਜੋਂ ਦੀਵਾਲੀ ਜਾਂ ਗੁਰਪੁਰਬਾਂ 'ਤੇ ਰੌਸ਼ਨੀ (ਦੀਪਮਾਲਾ) ਨਾ ਕਰਨ ਅਤੇ ਆਤਿਸ਼ਬਾਜ਼ੀ ਨਾ ਚਲਾਉਣ। ਇਹ ਬਿਆਨ/ਮਤਾ/ਗੁਰਮਤਾ ਇੰਞ ਸੀ :

---

3. ਅਜੀਤ ਕੌਰ ਦੀਆਂ ਕਿਤਾਬਾਂ, *ਖ਼ੂਨੀ ਚੌਰਾਸੀ* ਤੇ ਹੋਰ।

ਦੇਸ਼ ਭਰ ਵਿਚ ਸਿੱਖਾਂ ਦੇ ਵਹਿਸ਼ੀ ਕਤਲਿਆਮ ਵਿਰੁਧ
ਰੋਸ ਵਜੋਂ ਗੁਰਪੁਰਬ ਸਮੇਂ ਦੀਪਮਾਲਾ ਨਾ ਕੀਤੀ ਜਾਵੇ
ਨਗਰ ਕੀਰਤਨ ਨਾ ਕੱਢੇ ਜਾਣ
ਅਤੇ
ਆਤਸ਼ਬਾਜ਼ੀ ਨਾ ਚਲਾਈ ਜਾਵੇ

ਦੇਸ਼ ਭਰ ਦੇ ਸਿੱਖਾਂ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਭਾਰਤ ਭਰ ਵਿਚ ਸਿੱਖਾਂ 'ਤੇ ਕੀਤੇ ਗਏ ਅੰਨ੍ਹੇ ਕਤਲਿਆਮ, ਪਵਿੱਤਰ ਗੁਰਧਾਮਾਂ ਨੂੰ ਅਗਨ ਭੇਟ ਕਰਨ ਅਤੇ ਸਿੱਖਾਂ ਦੀ ਅਰਬਾਂ-ਖਰਬਾਂ ਦੀ ਜਾਇਦਾਦ ਨੂੰ ਤਬਾਹ ਕਰਨ ਵਿਰੁੱਧ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਸਾਹਿਬ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਉਤਸਵ 1984 ਸਮੇਂ ਨਾ ਤਾਂ ਨਗਰ ਕੀਰਤਨ ਕੱਢਣ ਅਤੇ ਨਾ ਹੀ ਦੀਪਮਾਲਾ ਕਰਨ ਤੇ ਨਾ ਹੀ ਆਤਸ਼ਬਾਜ਼ੀ ਚਲਾਉਣ।

ਸਿੱਖ ਸੰਗਤਾਂ ਪ੍ਰਕਾਸ਼ ਉਤਸਵ ਸਮੇਂ ਕੇਵਲ ਦੀਵਾਨ ਸਜਾ ਕੇ, ਕੀਰਤਨ ਕਥਾ ਤੇ ਗੁਰੂ ਜੱਸ ਗਾਇਨ ਕਰਨ ਅਤੇ ਮਰਿਆਦਾ ਅਨੁਸਾਰ ਗੁਰੂ ਕਾ ਲੰਗਰ ਅਤੁੱਟ ਵਰਤੇ।

ਖਾੜਕੂਆਂ ਦਾ ਜ਼ਮਾਨਾ

ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਹਜ਼ਾਰਾਂ ਸਿੱਖਾਂ ਦੇ ਵਹਿਸ਼ੀਆਨਾ ਕਤਲ ਨੇ ਜੂਨ 1984 ਵਿਚ ਸਿੱਖਾਂ ਦੇ ਦਿਲ ਵਿਚ ਕਾਂਗਰਸ ਪਾਰਟੀ ਹੀ ਨਹੀਂ, ਭਾਰਤ ਨਾਲ ਵੀ, ਨਫ਼ਰਤ 'ਚ ਵਾਧਾ ਹੋਇਆ। ਖ਼ੁਫ਼ੀਆ ਪੁਲੀਸ, ਅਖ਼ਬਾਰ ਨਵੀਸ ਅਤੇ ਸਮਝਦਾਰ ਲੋਕ ਖ਼ੂਬ ਸਮਝ ਰਹੇ ਸਨ ਕਿ ਪਹਿਲੋਂ ਇੰਦਰਾ ਗਾਂਧੀ ਅਤੇ ਹੁਣ ਰਾਜੀਵ ਗਾਂਧੀ ਸਿੱਖਾਂ ਵਿਚ ਦੁਸ਼ਮਣਾਂ ਦਾ ਦਰਜਾ ਹਾਸਿਲ ਕਰ ਚੁੱਕੇ ਹਨ। ਇਸ ਹਾਲਤ ਵਿਚ ਸਿੱਖਾਂ ਵਿਚ ਮੁਲਕ ਨਾਲੋਂ ਅਲਹਿਦਾ ਹੋਣ ਦੀ ਸੋਚ ਵਧੇਰੇ ਭਾਰੂ ਹੋਣੀ ਹੀ ਸੀ। ਹਾਲਾਤ ਇਹੋ ਜਿਹੇ ਬਣ ਗਏ ਸਨ ਕਿ ਕੋਈ ਵੀ ਸਿੱਖ ਆਪਣੇ ਆਪ ਨੂੰ ਕਾਂਗਰਸੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਜੂਨ ਅਤੇ ਨਵੰਬਰ ਵਿਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਤੇ ਕਾਂਗਰਸ ਨੇ ਸਿੱਖਾਂ ਵਾਸਤੇ ਬਲਦੀ 'ਤੇ ਹੋਰ ਤੇਲ ਉਦੋਂ ਪਾਇਆ, ਜਦੋਂ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਐਂਟੀ-ਸਿੱਖ ਪੱਤਾ ਵਰਤਿਆ। ਕਾਂਗਰਸ ਦਾ ਨਾਅਰਾ ਹੀ 'ਸਰਦਾਰ—ਦੇਸ਼ ਕੇ ਗ਼ਦਾਰ' ਸੀ। ਇਸ ਨਾਅਰੇ ਨੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਜ਼ਬਰਦਸਤ ਕਾਮਯਾਬੀ ਦਿੱਤੀ। ਹੋਰ ਤਾਂ ਹੋਰ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੇ ਹਿਮਾਇਤੀਆਂ ਨੂੰ ਵੀ ਬੁਰੀ ਤਰ੍ਹਾਂ ਹਾਰ ਹੋਈ, ਹਾਲਾਂਕਿ ਇਸ ਧੜੇ ਨੇ ਵੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੀ ਡਟਵੀਂ ਹਿਮਾਇਤ ਕੀਤੀ ਸੀ ਅਤੇ ਦਰਬਾਰ ਸਾਹਿਬ ਕੰਪਲੈਕਸ 'ਤੇ ਫ਼ੌਜ ਦੇ ਕਬਜ਼ੇ ਦੀਆਂ ਮੁਬਾਰਕਾਂ ਦਿੱਤੀਆਂ ਸਨ। ਇਨ੍ਹਾਂ ਪਾਰਟੀਆਂ ਨੇ ਉਦੋਂ ਇਹ ਸੋਚਿਆ ਸੀ ਕਿ ਇੰਦਰਾ ਦੀ ਸਿੱਖਾਂ ਦੇ ਖ਼ਿਲਾਫ਼ ਜੰਗ ਸਹੀ ਸੀ। ਪਰ, ਲੋਕ ਸਭਾ ਚੋਣਾਂ 'ਚ ਜ਼ਬਰਦਸਤ ਹਾਰ ਮਗਰੋਂ ਗ਼ੈਰ-ਕਾਂਗਰਸੀ ਪਾਰਟੀਆਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਵਲੋਂ ਸਿੱਖਾਂ ਦੇ ਖ਼ਿਲਾਫ਼ ਇੰਦਰਾ ਦੀ ਹਿਮਾਇਤ ਬੇਵਕੂਫ਼ੀ ਵਾਲੀ ਹਰਕਤ ਸੀ। ਪਰ ਹੁਣ ਪਛਤਾਵਾ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ। ਰਾਜੀਵ ਗਾਂਧੀ ਨੇ ਅਗਲੇ ਪੰਜ ਸਾਲ ਮੁਲਕ 'ਤੇ ਕਾਬਜ਼ ਰਹਿਣਾ ਸੀ। ਇਸ ਹਾਲਤ ਵਿਚ ਭਾਜਪਾ ਤੇ ਜਨਤਾ ਪਾਰਟੀ ਵਿਚ ਨਿਰਾਸ਼ਾ ਫ਼ੈਲਣੀ ਵੱਡੀ ਗੱਲ ਨਹੀਂ ਸੀ।

ਇੰਞ ਹੀ ਇਧਰ ਸਿੱਖਾਂ ਵਿਚ ਅਕਾਲੀ ਪਾਰਟੀ ਵਾਸਤੇ ਹਿਮਾਇਤ ਬੁਰੀ ਤਰ੍ਹਾਂ ਘੱਟ ਚੁੱਕੀ ਸੀ। ਆਮ ਸਿੱਖ ਜਿੱਥੇ ਕਾਂਗਰਸ ਪਾਰਟੀ, ਫ਼ਿਰਕੂ ਤੇ ਦਹਿਸ਼ਤਗਰਦ ਹਿੰਦੂ ਸੋਚ ਅਤੇ ਭਾਰਤ ਨਾਲ ਨਫ਼ਰਤ ਕਰਨ ਲੱਗ ਪਿਆ ਸੀ, ਉੱਥੇ ਉਹ ਅਕਾਲੀ ਦਲ ਨਾਲ ਵੀ ਗ਼ੈਰ-ਸਾਲੀ ਰੱਖਣ ਲੱਗ ਪਿਆ ਸੀ। ਆਮ ਸਿੱਖ ਇਹ ਸੋਚਦੇ ਸਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਕੋਲ ਹੁਣ ਕੋਈ ਪ੍ਰੋਗਰਾਮ ਨਹੀਂ ਤੇ ਸਿੱਖਾਂ ਦੇ ਮਸਲਿਆਂ ਦਾ ਹੱਲ ਖ਼ਾਲਿਸਤਾਨ ਹੈ, ਜਿਸ ਨੂੰ ਉਹ ਖਾੜਕੂਆਂ ਦੀ ਅਗਵਾਈ ਵਿਚ ਹੀ ਹਾਸਿਲ ਕਰ ਸਕਦੇ ਸਨ।

ਇਸ ਵੇਲੇ ਸਾਰੇ ਸੀਨੀਅਰ ਅਕਾਲੀ ਆਗੂ ਜੇਲ੍ਹਾਂ ਵਿਚ ਸਨ। ਰਾਜੀਵ ਗਾਂਧੀ ਨੇ ਅਰਜਨ ਸਿੰਹ, ਅਰੁਣ ਸਿੰਹ, ਅਰਣੂ ਨਹਿਰੂ ਵਰਗੇ ਸਾਥੀਆਂ ਦੀ ਡਿਊਟੀ ਲਾਈ ਕਿ ਉਹ ਅਜਿਹੇ ਬੰਦੇ ਢੂੰਡਣ ਜੋ ਜੇਲ੍ਹਾਂ ਵਿਚ ਬੈਠੇ ਅਕਾਲੀ ਆਗੂਆਂ ਨੂੰ ਸਰਕਾਰ ਨਾਲ ਗਲਬਾਤ (ਸੌਦੇਬਾਜ਼ੀ) ਕਰਨ ਵਾਸਤੇ ਮਨਾ ਸਕਣ। ਇਸ ਕੋਸ਼ਿਸ਼ ਵਿਚ ਸੁਰਜੀਤ ਬਰਨਾਲਾ, ਬਲਵੰਤ ਸਿੰਘ ਸੁਲਤਾਨਪੁਰੀ, ਮਨਜੀਤ ਖਹਿਰਾ, ਰਾਮੂਵਾਲੀਆ, ਪ੍ਰੋ: ਅਤਰ ਸਿੰਘ, ਪ੍ਰਿਥੀਪਾਲ ਸਿੰਘ ਕਪੂਰ ਅਤੇ ਬਰਜਿੰਦਰ ਸਿੰਘ ਹਮਦਰਦ ਨੇ ਰਾਜੀਵ ਗਾਂਧੀ ਦੇ ਏਲਚੀਆਂ ਦਾ ਪੂਰਾ-ਪੂਰਾ ਸਾਥ ਦਿੱਤਾ। ਇਹ ਲੋਕ ਦਿਸੰਬਰ 1984 ਵਿਚ ਅਕਾਲੀ ਆਗੂਆਂ ਨੂੰ ਮਿਲੇ ਪਰ ਜੇਲ੍ਹੀਂ ਬੈਠੇ ਆਗੂਆਂ ਨੇ ਕੋਈ ਵੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। 3 ਜਨਵਰੀ 1985 ਨੂੰ ਰਾਜੀਵ ਨੇ ਪੰਜਾਬ ਬਾਰੇ ਇਕ ਤਿੰਨ ਮੈਂਬਰੀ ਪੈਨਲ ਬਣਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਅਰਜਨ ਸਿੰਹ ਵੀ ਸ਼ਾਮਿਲ ਸੀ। ਇਹ ਪੈਨਲ ਭਾਵੇਂ ਕੋਈ ਵੱਡੀ ਕਾਮਯਾਬੀ ਹਾਸਿਲ ਨਾ ਕਰ ਸਕਿਆ, ਪਰ ਇਸ ਨਾਲ ਬਰਨਾਲਾ, ਬਲਵੰਤ ਸਿੰਘ, ਮਨਜੀਤ ਖਹਿਰਾ, ਰਾਮੂਵਾਲੀਆ, ਅਤਰ ਸਿੰਘ ਤੇ ਕਪੂਰ, ਅਰਜਨ ਸਿੰਹ ਅਤੇ ਕਾਂਗਰਸ ਪਾਰਟੀ ਦੇ ਬਹੁਤ ਨੇੜੇ ਆ ਗਏ।

ਕਿਰਪਾਲ ਸਿੰਘ 'ਤੇ ਹਮਲਾ

1 ਅਕਤੂਬਰ 1984 ਦੇ ਦਿਨ ਸਿੱਖ ਨੌਜਵਾਨਾਂ ਨੇ ਕਿਰਪਾਲ ਸਿੰਘ ('ਸਾਬਕਾ' ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ) ਦੀ ਸਿਰਫ਼ ਕੁੱਟ-ਮਾਰ ਹੀ ਕੀਤੀ ਸੀ। ਉਸ ਨੇ ਫ਼ੌਜ ਨੂੰ ਆਖ ਕੇ 300 ਦੇ ਕਰੀਬ ਨੌਜਵਾਨ ਗ੍ਰਿਫ਼ਤਾਰ ਕਰਵਾ ਦਿੱਤੇ ਸਨ। 16 ਜਨਵਰੀ 1985 ਦੇ ਦਿਨ ਜਦ ਕਿਰਪਾਲ ਸਿੰਘ ਲੁਧਿਆਣੇ ਨੇੜੇ ਇਕ ਕਾਰ 'ਚ ਜਾ ਰਿਹਾ ਸੀ ਤਾਂ ਖਾੜਕੂਆਂ ਨੇ ਉਸ 'ਤੇ ਹਮਲਾ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਜਦੋਂ ਇਹ ਖ਼ਬਰ ਰਾਜੀਵ ਗਾਂਧੀ ਤਕ ਪੁੱਜੀ ਤਾਂ ਉਸ ਨੇ ਖ਼ਾਸ ਹਿਦਾਇਤਾਂ ਦੇ ਕੇ ਕਿਰਪਾਲ ਸਿੰਘ ਦਾ ਸਪੈਸ਼ਲ ਇਲਾਜ ਕਰਵਾਇਆ। ਇਸ ਹਮਲੇ ਵਿਚ ਪੁਲੀਸ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ, ਦਰਸ਼ਨ ਸਿੰਘ, ਖੈਬਰ ਸਿੰਘ, ਸਤਨਾਮ ਸਿੰਘ, ਡਾ. ਗੁਰਚਰਨ ਸਿੰਘ, ਦਵਿੰਦਰ ਸਿੰਘ ਤੇ ਸੁਖਜੀਤ ਸਿੰਘ ਨੂੰ ਨਾਮਜ਼ਦ ਕੀਤਾ। 12 ਫ਼ਰਵਰੀ ਦੇ ਦਿਨ ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਪ੍ਰੀਤਮ ਸਿੰਘ 'ਤੇ ਵੀ ਹਮਲਾ ਕੀਤਾ ਪਰ ਉਹ ਵੀ ਬਚ ਗਿਆ।

ਆਓ ਮੁਆਫ਼ੀਆਂ ਮੰਗ ਲਓ!

ਸਿਤੰਬਰ 1984 ਵਿਚ ਗਿਆਨੀ ਕਿਰਪਾਲ ਸਿੰਘ ਤੇ ਚਾਰ ਹੋਰ ਗ੍ਰੰਥੀਆਂ ਨੇ ਅਕਾਲ ਤਖ਼ਤ ਸਾਹਿਬ ਵੱਲੋਂ 'ਹੁਕਮਨਾਮਾ' ਜਾਰੀ ਕਰ ਕੇ ਬੂਟਾ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਸੀ। ਇੰਞ ਹੀ 12 ਅਗਸਤ 1984 ਨੂੰ ਨਰੈਣ ਸਿੰਘ ਕਲੇਰਾਂਵਾਲੇ ਨੂੰ ਵੀ ਪਹਿਲੋਂ ਤਨਖ਼ਾਹੀਆ ਕਰਾਰ ਦਿੱਤਾ ਸੀ ਤੇ ਫਿਰ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ ਸੀ। ਇਨ੍ਹਾਂ ਤੋਂ ਇਲਾਵਾ ਬਾਬਾ ਨਿਹਾਲ ਸਿੰਘ, ਰਛਪਾਲ ਸਿੰਘ ਦਿੱਲੀ, ਕਰਤਾਰ ਸਿੰਘ ਟੱਕਰ ਅੰਬਾਲਾ, ਮੰਗਲ ਸਿੰਘ ਤੇ ਗੋਪਾਲ ਸਿੰਘ (ਗੁਰੂਸਰ ਸਤਲਾਣੀ) ਅਤੇ ਬਿਕਰਮਾਜੀਤ ਸਿੰਘ ਨੂੰ ਵੀ 'ਤਨਖ਼ਾਹੀਏ' ਕਰਾਰ ਦੇ ਦਿੱਤਾ ਸੀ। ਇਨ੍ਹਾਂ ਵਿੱਚੋਂ ਬੂਟਾ ਸਿੰਘ, ਸੰਤਾ ਸਿੰਘ ਤੇ ਨਰੈਣ ਸਿੰਘ ਨੂੰ ਛੱਡ ਕੇ ਬਾਕੀਆਂ ਨੇ 'ਮੁਆਫ਼ੀ' ਮੰਗ ਕੇ 'ਤਨਖ਼ਾਹ' ਲੁਆ ਲਈ ਸੀ। ਹੁਣ ਮਾਰਚ 1985 ਵਿਚ ਕਿਰਪਾਲ ਸਿੰਘ ਨੇ ਇਨ੍ਹਾਂ ਨੂੰ ਅਸਿੱਧੇ ਤੌਰ 'ਤੇ 'ਹੋਕਾ' ਦਿੱਤਾ ਅਤੇ ਕਿਹਾ ਕਿ ਉਹ ਪੰਜ ਗ੍ਰੰਥੀਆਂ ਕੋਲ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਤਨਖ਼ਾਹ ਲੁਆ ਲੈਣ। ਉਨ੍ਹਾਂ ਇਸ ਮਕਸਦ ਵਾਸਤੇ 31 ਮਾਰਚ 1985 ਤਕ ਦਾ ਸਮਾਂ ਵੀ ਦਿੱਤਾ। ਸੰਤਾ ਸਿੰਘ ਨੇ ਤਾਂ ਇਸ ਨੂੰ ਪਹਿਲੋਂ ਰੱਦ ਕੀਤਾ ਹੋਇਆ ਸੀ, ਪਰ ਬੂਟਾ ਸਿੰਘ ਤੇ ਨਰੈਣ ਸਿੰਘ ਵੀ 31 ਮਾਰਚ ਨੂੰ ਅੰਮ੍ਰਿਤਸਰ ਨਾ ਪੁੱਜੇ। (ਇਕ ਸੋਮੇ ਮੁਤਾਬਿਕ ਬੂਟਾ ਸਿੰਘ ਤੇ ਕਿਰਪਾਲ ਸਿੰਘ ਵਿਚਕਾਰ ਰਾਏ ਹੋਈ ਸੀ ਕਿ ਉਹ ਤਨਖ਼ਾਹ ਲੁਆਉਣ ਵਾਸਤੇ ਤਿਆਰ ਹੈ, **ਬਸ਼ਰਤੇ ਕਿ ਸਖ਼ਤ ਤਨਖ਼ਾਹ ਨਾ ਲਾਈ ਜਾਵੇ।**) ਪਰ ਜਦ ਗ੍ਰੰਥੀ ਨਾ ਮੰਨੇ ਤਾਂ ਬੂਟਾ ਸਿੰਘ ਨੇ ਵੀ 'ਪੇਸ਼' ਹੋਣ ਦਾ ਇਰਾਦਾ ਬਦਲ ਲਿਆ।

ਪਹਿਲੀ ਅਪਰੈਲ 1985 ਨੂੰ ਪੰਜਾਂ ਗ੍ਰੰਥੀਆਂ ਨੇ ਨਰੈਣ ਸਿੰਘ ਤੇ ਬੂਟਾ ਸਿੰਘ ਨੂੰ ਪੰਥ 'ਚੋਂ 'ਖ਼ਾਰਿਜ' ਕਰਨ ਦਾ ਐਲਾਨ ਕਰ ਦਿੱਤਾ। ਇਨ੍ਹਾਂ ਹੁਕਮਨਾਮਿਆਂ ਦੇ ਲਫ਼ਜ਼ ਇਹ ਸਨ:

ਹੁਕਮਨਾਮਾ

ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਅਨੁਸਾਰ ਮਿਤੀ 12-8-84 ਨੂੰ ਭਾਈ ਨਰਾਇਣ ਸਿੰਘ ਕਲੇਰਾਂ ਵਾਲਿਆਂ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਉਸਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ 31 ਮਾਰਚ, 1985 ਤਕ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਆਪਣੀ ਕੀਤੀ ਗ਼ਲਤੀ ਦੀ ਭੁੱਲ ਬਖ਼ਸ਼ਾਵੇ ਤੇ ਤਨਖ਼ਾਹ ਲਗਵਾਵੇ।

ਭਾਈ ਨਰਾਇਣ ਸਿੰਘ ਕਲੇਰਾਂ ਵਾਲਿਆਂ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਦੀ ਬਜਾਇ ਇਕ ਪੱਤਰ ਭੇਜਿਆ ਗਿਆ ਹੈ। ਜਿਸ ਵਿਚ ਉਸ ਨੇ ਆਪਣੀ ਗ਼ਲਤੀ ਨੂੰ ਨਹੀਂ ਮੰਨਿਆ। ਇਹ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਕਰਨ ਦਾ ਦੋਸ਼ੀ ਹੈ। ਇਸ ਲਈ ਇਸ ਨੂੰ ਸਿੱਖ ਪੰਥ ਵਿੱਚੋਂ ਖ਼ਾਰਿਜ ਕੀਤਾ ਜਾਂਦਾ ਹੈ।

ਸਮੂਹ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਜਾਂਦਾ ਹੈ ਕਿ ਉਹ ਭਾਈ ਨਰਾਇਣ ਸਿੰਘ ਨਾਲ ਕਿਸੇ ਪ੍ਰਕਾਰ ਮਿਲਵਰਤਣ ਤੇ ਸਹਿਯੋਗ ਨਾ ਕਰਨ। ਕਿਸੇ ਪੰਥਕ ਸਟੇਜ 'ਤੇ ਬੋਲਣ ਨਾ ਦੇਣ। ਜੋ ਕੋਈ ਪੰਥ ਦਾ ਇਹ ਹੁਕਮ ਮੰਨੇਗਾ, ਉਹ ਨਿਹਾਲ ਹੋਵੇਗਾ।

ਹੁਕਮਨਾਮਾ

ਅਕਾਲ ਤਖ਼ਤ ਸਾਹਿਬ ਵੱਲੋਂ 2 ਸਿਤੰਬਰ, 1984 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਰਾਹੀਂ ਬੂਟਾ ਸਿੰਘ ਕੇਂਦਰੀ ਮੰਤਰੀ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ

ਦੇ ਦੋਸ਼ ਵਿਚ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਤੇ ਉਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ 31 ਮਾਰਚ, 1985 ਤਕ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਹਾਜ਼ਰ ਹੋ ਕੇ ਆਪਣੀ ਗ਼ਲਤੀ ਦੀ ਭੁੱਲ ਬਖ਼ਸ਼ਾਵੇ ਤੇ ਤਨਖ਼ਾਹ ਲੁਆਵੇ।

ਬੂਟਾ ਸਿੰਘ ਨੀਯਤ ਮਿਤੀ 'ਤੇ ਤਨਖ਼ਾਹ ਲੁਆਉਣ ਤੇ ਭੁੱਲ ਬਖ਼ਸ਼ਾਉਣ ਲਈ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਨਹੀਂ ਹੋਇਆ। ਅਜੇਹਾ ਕਰ ਕੇ ਬੂਟਾ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਘੋਰ ਉਲੰਘਣਾ ਕੀਤੀ ਹੈ। ਇਸ ਕਰ ਕੇ ਬੂਟਾ ਸਿੰਘ ਅਕਾਲ ਤਖ਼ਤ ਸਾਹਿਬ ਦੇ ਅਪਮਾਨ ਦਾ ਦੋਸ਼ੀ ਹੈ। ਸੋ, ਬੂਟਾ ਸਿੰਘ ਨੂੰ ਖ਼ਾਲਸਾਈ ਮਰਿਆਦਾ ਅਨੁਸਾਰ ਸਿੱਖ ਪੰਥ ਵਿੱਚੋਂ ਖ਼ਾਰਿਜ ਕੀਤਾ ਜਾਂਦਾ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਸਮੂੰਹ ਸਿੱਖ ਸੰਗਤਾਂ ਪ੍ਰਤੀ ਹੁਕਮ ਕੀਤਾ ਜਾਂਦਾ ਹੈ ਕਿ ਉਹ ਬੂਟਾ ਸਿੰਘ ਨਾਲ ਕਿਸੇ ਪ੍ਰਕਾਰ ਦੀ ਸਾਂਝ ਨਾ ਰੱਖਣ, ਉਸ ਨੂੰ ਕਿਸੇ ਵੀ ਸਿੱਖ ਸਟੇਜ 'ਤੇ ਬੋਲਣ ਨਾ ਦੇਣ ਅਤੇ ਉਸ ਨਾਲ ਕੋਈ ਮਿਲਵਰਤਣ ਤੇ ਸਹਿਯੋਗ ਨਾ ਕਰਨ।

ਜੋ ਕੋਈ ਪੰਥ ਦਾ ਇਹ ਹੁਕਮ ਮੰਨੇਗਾ, ਉਹ ਨਿਹਾਲ ਹੋਵੇਗਾ।

ਨਿਤਨੇਮ ਦੀਆਂ ਬਾਣੀਆਂ ਬਦਲੀਆਂ

28 ਅਪਰੈਲ 1985 ਦੇ ਦਿਨ ਗਿਆਨੀ ਕਿਰਪਾਲ ਸਿੰਘ (ਜੋ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧ ਰਖਦਾ ਸੀ) ਨੇ 'ਸਿੱਖ ਰਹਿਤ ਮਰਿਆਦਾ' ਵਿਚ ਚਾਰ ਹੋਰ ਗ੍ਰੰਥੀਆਂ ਨਾਲ ਮਿਲ ਕੇ ਤਬਦੀਲੀ ਕਰਨ ਦਾ ਫ਼ੈਸਲਾ ਕਰ ਦਿੱਤਾ। **ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਈ ਰਹਿਤ ਮਰਿਆਦਾ ਪੰਜ ਸੀਨੀਅਰ ਗ੍ਰੰਥੀਆਂ ਨੇ ਨਹੀਂ ਸੀ ਬਣਾਈ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਤਬਦੀਲੀ ਦਾ ਹੱਕ ਸੀ। ਇਸ ਨੂੰ ਸਾਰੀਆਂ ਪੰਥਕ ਜਥੇਬੰਦੀਆਂ ਦੀ ਸਾਂਝੀ ਰਾਏ ਨਾਲ ਹੀ ਬਦਲਿਆ ਜਾ ਸਕਦਾ ਸੀ।** ਪਰ ਧੱਕੇ ਸ਼ਾਹੀ ਦੇ ਮਾਹੌਲ ਵਿਚ ਉਨ੍ਹਾਂ ਨੇ ਸਾਰੇ ਅਸੂਲਾਂ ਨੂੰ ਛਿੱਕੇ 'ਤੇ ਟੰਗਦਿਆਂ 'ਨਿਤਨੇਮ' ਦੀਆਂ ਸਵੇਰ ਦੀਆਂ ਤਿੰਨ (ਸ਼ਾਮ ਤੇ ਰਾਤ ਦੀਆਂ ਦੋ ਪਾ ਕੇ ਪੰਜ ਬਣਦੀਆਂ ਹਨ) ਦੀ ਥਾਂ ਪੰਜ ਕਰਨ ਦਾ ਐਲਾਨ ਕਰ ਦਿੱਤਾ। ਪਾਠ ਕਰਨਾ ਸਿੱਖ ਦੇ ਨਿਜ ਵਾਸਤੇ ਹੈ ਅਤੇ ਜੇ ਕੋਈ ਮਿੱਥੇ ਨਿਤਨੇਮ ਤੋਂ ਵੱਧ ਕਰਦਾ ਹੈ ਤਾਂ ਉਸ ਦੀ ਖ਼ੁਸ਼ੀ ਹੈ। *ਸਿੱਖ ਰਹਿਤ ਮਰਿਆਦਾ* ਵਿਚ ਸਰਬਤ ਸਿੱਖ ਜਥਿਆਂ, ਜਮਾਤਾਂ ਤੇ ਵਿਦਵਾਨਾਂ ਨਾਲ ਵਿਚਾਰ ਕੀਤੇ ਬਿਨਾਂ ਤਬਦੀਲੀ ਕਰਨਾ ਧੱਕਾ ਅਤੇ ਬੇਅਸੂਲੀ ਹਰਕਤ ਸੀ। ਇਨ੍ਹਾਂ ਗ੍ਰੰਥੀਆਂ ਵੱਲੋਂ ਪਾਸ ਕੀਤਾ ਅਖੌਤੀ 'ਮਤਾ' ਇਹ ਸੀ :

ਅੱਜ ਮਿਤੀ 28-4-85 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਹੇਠ ਲਿਖਿਆ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ।

'ਸਿੱਖ ਰਹਿਤ ਮਰਿਆਦਾ' ਦੇ ਪੰਨਾ 9 ਅਤੇ ਪੰਨਾ 26 ਉਪਰ ਨਿੱਤਨੇਮ ਦੀਆਂ ਬਾਣੀਆਂ ਵਿਚ ਇਸ ਤਰ੍ਹਾਂ ਸੋਧ ਕਰ ਦਿੱਤੀ ਜਾਵੇ :

ਜਪ, ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ ਤੇ ਅਨੰਦ।

ਇਸੇ ਮੀਟਿੰਗ ਵਿਚ ਪੰਜਾਂ ਗ੍ਰੰਥੀਆਂ ਨੇ ਸ਼੍ਰੋਮਣੀ ਕਮੇਟੀ ਨੂੰ **'ਹਿਦਾਇਤ'** ਦਿੱਤੀ ਕਿ *"ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਣ ਵਾਲੇ ਨਿਤਨੇਮ ਦੇ ਗੁਟਕੇ ਜਾਂ ਨਿਤਨੇਮ ਸਟੀਕ ਦੇ ਗੁਟਕਿਆਂ ਵਿਚ ਪੂਰਾ ਅਨੰਦ ਸਾਹਿਬ ਛਾਪਿਆ ਜਾਵੇ।"* (ਨੋਟ : ਇਸ ਮਤੇ ਵਿਚ 'ਸ਼੍ਰੋਮਣੀ ਕਮੇਟੀ' ਨੂੰ ਹਿਦਾਇਤ ਹੈ ਨਾ ਕਿ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੂੰ।)

ਇਸ ਦਿਨ ਇਹ ਗੁਰਮਤਾ ਵੀ ਪਾਸ ਕੀਤਾ ਗਿਆ ਕਿ "ਕੋਈ ਸਿੰਘ ਜਾਂ ਸਿੰਘਣੀ

ਆਪਣੇ ਨਾਮ ਨਾਲ ਜ਼ਾਤ, ਗੋਤ ਦੀ ਵਰਤੋਂ ਨਾ ਕਰੇ। ਜ਼ਾਤ, ਗੋਤ ਦੀ ਵਰਤੋਂ ਕਰਨੀ ਮਨਮਤ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤ ਦੇ ਉਲਟ ਹੈ।" ਉਂਞ ਇਹ 'ਗੁਰਮਤਾ' ਜਾਂ 'ਹਿਦਾਇਤ' ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ 'ਤੇ ਸ਼ਾਇਦ ਲਾਗੂ ਨਹੀਂ ਹੁੰਦੀ, ਕਿਉਂਕਿ ਅੱਜ ਵੀ ਅੱਧੇ ਤੋਂ ਵੱਧ ਅਕਾਲੀ ਆਗੂਆਂ ਦੇ ਨਾਂਵਾਂ ਨਾਲ ਜ਼ਾਤ-ਗੋਤ ਜ਼ਰੂਰ ਲਗੀ ਹੁੰਦੀ ਹੈ। (ਵੇਖੋ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਾਰਵਾਈਆਂ, ਮੈਂਬਰਾਂ ਦੇ ਨਾਂ ਅਤੇ ਲਿਸਟਾਂ। ਇੰਞ ਹੀ ਅਕਾਲੀ ਦਲਾਂ ਦਾ ਵੀ ਇਹੀ ਹਾਲ ਹੈ। ਸਿਮਰਨਜੀਤ ਸਿੰਘ ਦਾ ਅਕਾਲੀ ਦਲ ਤਾਂ ਅਕਾਲੀ ਦਲ (ਮਾਨ) ਵਜੋਂ ਵਧੇਰੇ ਜਾਣਿਆ ਜਾਂਦਾ ਹੈ।)

ਇਨ੍ਹੀਂ ਦਿਨੀਂ ਬਾਬਾ ਚਰਨ ਸਿੰਘ ਕਾਰ-ਸੇਵਾ ਵਾਲੇ ਨੇ ਇਕ ਵਾਰ ਤਰਾਵੜੀ (ਹਰਿਆਣਾ) ਦੇ ਗੁਰਦੁਆਰੇ ਵਿਚ 'ਪੰਥ' 'ਚੋਂ ਖ਼ਾਰਿਜ ਬੂਟਾ ਸਿੰਘ ਨੂੰ ਸਿਰੋਪਾ ਭੇਟ ਕੀਤਾ। ਇਸ ਦੇ ਖ਼ਿਲਾਫ਼ ਬਹੁਤਾ ਰੌਲਾ ਪਿਆ। ਚਰਨ ਸਿੰਘ 28 ਅਗਸਤ 1985 ਦੇ ਦਿਨ ਪੰਜਾਂ ਗ੍ਰੰਥੀਆਂ ਕੋਲ ਪੇਸ਼ ਹੋ ਗਿਆ, ਜਿਨ੍ਹਾਂ ਨੇ ਉਸ ਨੂੰ ਹੇਠ ਲਿਖੀ ਤਨਖ਼ਾਹ ਲਾਈ:

ਬਾਬਾ ਚਰਨ ਸਿੰਘ ਸੇਵਾ ਵਾਲਿਆਂ ਨੇ ਅੱਜ ਮਿਤੀ 28-8-85 ਨੂੰ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਨੂੰ ਲਿਖਤੀ ਸਪੱਸ਼ਟੀਕਰਨ ਦਿੱਤਾ। ਸਪੱਸ਼ਟੀਕਰਨ ਵੀਚਾਰਨ ਉਪਰੰਤ ਪੰਜ ਸਿੰਘ ਸਾਹਿਬਾਨ ਨੇ ਹੇਠ ਲਿਖੇ ਅਨੁਸਾਰ ਫ਼ੈਸਲਾ ਕੀਤਾ। ਬਾਬਾ ਚਰਨ ਸਿੰਘ ਨੇ ਆਪਣੇ ਸਪੱਸ਼ਟੀਕਰਨ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਤਰਾਵੜੀ ਦੇ ਗੁਰਦੁਆਰਾ ਸਾਹਿਬ ਵਿਖੇ ਬੂਟਾ ਸਿੰਘ ਕੇਂਦਰੀ ਮੰਤਰੀ ਨੂੰ ਸਿਰੋਪਾਉ ਦੇਣ ਦੀ ਭੁੱਲ ਭਾਵੇਂ ਸੁਤੇ-ਸਿੱਧ ਕੀਤੀ ਹੈ, ਫਿਰ ਵੀ ਪੰਜ ਸਿੰਘ ਸਾਹਿਬਾਨ ਜੋ ਤਨਖ਼ਾਹ ਮੈਨੂੰ ਲਾਉਣਗੇ ਉਹ ਮੈਨੂੰ ਪ੍ਰਵਾਨ ਹੋਵੇਗੀ।

ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੇ ਅਨੁਸਾਰ **ਤਨਖ਼ਾਹ ਲਾ ਕੇ ਮੁਆਫ਼ੀ**[4] ਦਿੱਤੀ ਜਾਂਦੀ ਹੈ:

1. ਆਪਣੇ ਨਿੱਤਨੇਮ ਤੋਂ ਬਿਨਾਂ 11 ਦਿਨ ਅੱਧਾ ਘੰਟਾ ਹਰ ਰੋਜ਼ ਗੁਰ-ਮੰਤਰ ਦਾ ਜਾਪ ਕਰਨਾ।
2. ਅਕਾਲ ਤਖ਼ਤ ਸਾਹਿਬ ਵਿਖੇ ਗੋਲਕ ਵਿਚ 101/- ਰੁਪਏ ਮਾਇਆ ਭੇਟਾ ਕਰਨਾ।
3. 11 ਦਿਨ ਗੁਰਦੁਆਰਾ ਸਾਹਿਬ ਵਿਖੇ ਝਾੜੂ ਦੀ ਸੇਵਾ ਕਰਨੀ।

ਉਪਰੋਕਤ ਤਨਖ਼ਾਹ ਪੂਰੀ ਹੋਣ 'ਤੇ ਕੜਾਹ ਪ੍ਰਸਾਦਿ ਲੈ ਕੇ ਸਥਾਨਕ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾਉਣ।"

ਚਰਨ ਸਿੰਘ ਵਾਂਗ ਗੁਰਦੁਆਰਾ ਸੀਸ ਗੰਜ ਦਿੱਲੀ ਦੇ ਹੈੱਡ ਗ੍ਰੰਥੀ ਗਿਆਨੀ ਗੁਰਬਚਨ ਸਿੰਘ ਨੇ ਵੀ ਬੂਟਾ ਸਿੰਘ ਨੂੰ ਪਹਿਲੀ ਅਪਰੈਲ 1985 ਦੇ ਦਿਨ ਸਿਰੋਪਾ ਭੇਟ ਕੀਤਾ ਸੀ। ਉਸ ਦਾ ਕਹਿਣਾ ਸੀ ਕਿ ਉਸ ਨੇ 'ਪ੍ਰਬੰਧਕਾਂ ਦੇ ਕਹਿਣ 'ਤੇ ਇਹ ਕੀਤਾ ਸੀ' (ਉਸ ਨੂੰ ਪ੍ਰਬੰਧਕ ਅਕਾਲ ਤਖ਼ਤ ਸਾਹਿਬ ਤੋਂ ਵਧੇਰੇ ਤਾਕਤਵਰ/ਸੀਨੀਅਰ ਜਾਪੇ ਸਨ)। 7 ਸਿਤੰਬਰ 1985 ਨੂੰ ਗੁਰਬਚਨ ਸਿੰਘ ਨੇ ਵੀ 'ਮੁਆਫ਼ੀ' ਮੰਗਣ ਵਾਲੀ ਚਿੱਠੀ ਗਿਆਨੀ ਕਿਰਪਾਲ ਸਿੰਘ ਨੂੰ ਲਿਖੀ। ਚਾਰ ਅਕਤੂਬਰ ਨੂੰ ਉਹ ਆਪ ਵੀ ਅਕਾਲ ਤਖ਼ਤ 'ਤੇ ਪੇਸ਼ ਹੋਇਆ। ਉਸ ਨੂੰ ਹੇਠ ਲਿਖੀ ਤਨਖ਼ਾਹ ਲਾਈ ਗਈ:

ਅੱਜ ਮਿਤੀ 4-10-85 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਜ਼ਰੂਰੀ ਇਕੱਤਰਤਾ ਹੋਈ, ਜਿਸ ਵਿਚ ਗਿਆਨੀ ਗੁਰਬਚਨ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸੀਸ ਗੰਜ, ਦਿੱਲੀ ਵੱਲੋਂ ਮਿਤੀ 7-9-85 ਦੇ ਭੇਜੇ ਬੇਨਤੀ ਪੱਤਰ 'ਤੇ ਵਿਚਾਰ ਕੀਤੀ ਗਈ, ਜਿਸ ਵਿਚ ਉਹਨਾਂ ਨੇ ਮਿਤੀ 1-4-85 ਨੂੰ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਵੱਲੋਂ ਕੀਤੇ ਗਏ

4. ਨਾਲੇ 'ਤਨਖ਼ਾਹ' ਤੇ ਨਾਲੇ 'ਮੁਆਫ਼ੀ' ਅਜੀਬ ਗੱਲ ਸੀ।

ਸੰਮੇਲਨ ਵਿਚ ਕਮੇਟੀ ਦੇ ਪ੍ਰਬੰਧਕਾਂ ਦੇ ਕਹਿਣ 'ਤੇ[5] ਕੇਂਦਰੀ ਮੰਤਰੀ ਬੂਟਾ ਸਿੰਘ ਨੂੰ ਸਿਰੋਪਾਉ ਦਿੱਤਾ, ਕਿਉਂਕਿ ਬੂਟਾ ਸਿੰਘ ਪੰਥ ਵਿੱਚੋਂ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ ਹੋਇਆ ਹੈ। ਇਸ ਲਈ ਗਿਆਨੀ ਗੁਰਬਚਨ ਸਿੰਘ ਜੀ ਇਸ ਨੂੰ ਆਪਣੀ ਭੁੱਲ ਮੰਨਦੇ ਹਨ ਅਤੇ ਇਸ ਭੁੱਲ ਨੂੰ ਬਖ਼ਸ਼ਾਉਣ ਲਈ ਉਹ ਖ਼ੁਦ ਅਕਾਲ ਤਖ਼ਤ ਸਾਹਿਬ ਪੰਜ ਸਿੰਘ ਸਾਹਿਬਾਨ ਦੇ ਪੇਸ਼ ਹੋਏ। ਪੰਜ ਸਿੰਘ ਸਾਹਿਬਾਨ ਵੱਲੋਂ ਵੀਚਾਰ ਉਪਰੰਤ ਹੇਠ ਲਿਖਿਆ ਫ਼ੈਸਲਾ ਕੀਤਾ ਗਿਆ। ਗਿਆਨੀ ਗੁਰਬਚਨ ਸਿੰਘ ਨੂੰ ਉਪਰੋਕਤ ਕੀਤੀ ਭੁੱਲ ਦੀ ਹੇਠ ਲਿਖੇ ਅਨੁਸਾਰ ਤਨਖ਼ਾਹ ਲਗਾਈ ਜਾਂਦੀ ਹੈ :

1. ਆਪਣੇ ਨਿੱਤਨੇਮ ਤੋਂ ਇਲਾਵਾ ਇਕ ਹਫ਼ਤੇ ਲਈ ਹਰ ਰੋਜ਼ ਇਕ ਜਾਪੁ ਸਾਹਿਬ ਦਾ ਪਾਠ ਕੀਤਾ ਕਰਨ।
2. ਅਕਾਲ ਤਖ਼ਤ ਸਾਹਿਬ ਦੀ ਗੋਲਕ ਵਿਚ ਇਕ ਸੌ ਇਕ ਰੁਪਏ ਪਾਉਣ।
3. ਗੁਰਦੁਆਰਾ ਸੀਸ ਗੰਜ, ਦਿੱਲੀ ਵਿਖੇ ਇਕ ਹਫ਼ਤਾ ਝਾੜੂ ਦੀ ਸੇਵਾ ਕਰਨ।

ਉਪਰੋਕਤ ਲੱਗੀਆਂ ਸੇਵਾਵਾਂ ਪੂਰੀਆਂ ਕਰਨ ਤੋਂ ਉਪਰੰਤ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾਉਣ। ਇਸ ਪਿੱਛੋਂ ਉਸ ਦਿਨ ਤੋਂ ਇਹਨਾਂ ਦੀ ਉਪਰੋਕਤ ਭੁੱਲ ਦੀ ਮਾਫ਼ੀ ਸਮਝੀ ਜਾਵੇ।

ਅਕਾਲੀ ਆਗੂ ਰਿਹਾਅ

ਜਦੋਂ ਰਾਜੀਵ ਗਾਂਧੀ ਨੇ ਮਹਿਸੂਸ ਕੀਤਾ ਕਿ ਹੁਣ ਪੰਜਾਬ ਵਿਚ ਅਕਾਲੀ ਆਗੂਆਂ ਦਾ ਆਧਾਰ ਖ਼ਤਮ ਹੋ ਰਿਹਾ ਹੈ ਅਤੇ ਖਾੜਕੂ ਹਾਵੀ ਹੋ ਰਹੇ ਹਨ ਤਾਂ ਉਸ ਨੇ 11 ਮਾਰਚ 1985 ਦੇ ਦਿਨ 8 ਵੱਡੇ ਅਕਾਲੀ ਆਗੂ ਰਿਹਾਅ ਕਰ ਦਿੱਤੇ। 12 ਮਾਰਚ ਨੂੰ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ ਗਿਆ। ਇਸੇ ਦਿਨ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਹਟਾ ਲਈ ਗਈ।

ਰਿਹਾਈ ਮਗਰੋਂ ਅਕਾਲੀ ਆਗੂ ਇਕੱਠੇ ਹੋਏ ਤੇ ਪੰਥਕ ਹਾਲਤ 'ਤੇ ਵਿਚਾਰਾਂ ਕੀਤੀਆਂ। ਉਨ੍ਹਾਂ ਮਹਿਸੂਸ ਕੀਤਾ ਕਿ ਉਹ ਖਾੜਕੂਆਂ ਤੋਂ ਵਖਰੇ ਰਹਿ ਕੇ ਹੁਣ ਥਾਂ ਨਹੀਂ ਬਣਾ ਸਕਣਗੇ। ਇਹ ਸੋਚ ਕੇ ਉਨ੍ਹਾਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਦਾ ਫ਼ਾਇਦਾ ਉਠਾਉਣ ਦੀ ਤਰਕੀਬ ਘੜੀ। ਇਸ ਤਰਕੀਬ ਦੇ ਇਕ ਪੜਾਅ ਵਜੋਂ ਲੌਂਗੋਵਾਲ, ਟੌਹੜਾ, ਤਲਵੰਡੀ, ਬਾਦਲ ਤੇ ਆਤਮਾ ਸਿੰਘ, ਬਾਬਾ ਜੋਗਿੰਦਰ ਸਿੰਘ ਕੋਲ, ਪਿੰਡ ਰੋਡੇ ਗਏ। ਬਾਬਾ ਜੋਗਿੰਦਰ ਸਿੰਘ ਇਕ ਅਨਪੜ੍ਹ, ਸਾਦਾ ਜਿਹਾ, ਜੱਟ ਸੀ। ਉਸ ਨੂੰ ਸਿਆਸਤ ਦਾ ੳ, ਅ ਵੀ ਨਹੀਂ ਪਤਾ ਸੀ। ਅਕਾਲੀ ਆਗੂ ਉਸ ਦਾ ਮੋਢਾ ਫੜ ਕੇ ਆਪਣੀ ਸਾਖ ਬਚਾਉਣਾ ਚਾਹੁੰਦੇ ਸਨ। ਇਧਰ, ਬਾਬਾ ਜੋਗਿੰਦਰ ਸਿੰਘ ਨੇ ਵੀ ਹੱਥ ਆਏ ਮੌਕੇ ਦਾ ਫ਼ਾਇਦਾ ਉਠਾਉਣ ਦਾ ਫ਼ੈਸਲਾ ਕਰ ਲਿਆ। ਉਸ ਨੇ ਪਹਿਲੀ ਮਈ ਨੂੰ ਲੌਂਗੋਵਾਲ ਅਤੇ ਤਲਵੰਡੀ ਦੇ ਅਕਾਲੀ ਦਲ ਤੋੜ ਕੇ ਇਕ 9 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ ਨੂੰ ਬਣਾਇਆ ਗਿਆ। ਉਸ ਤੋਂ ਇਲਾਵਾ ਇਸ ਵਿਚ ਬਾਦਲ, ਟੌਹੜਾ, ਤਲਵੰਡੀ ਤੇ ਸੁਖਜਿੰਦਰ ਸਿੰਘ ਵੀ ਸ਼ਾਮਿਲ ਕੀਤੇ ਗਏ। ਸਿਮਰਨਜੀਤ ਸਿੰਘ ਮਾਨ

---

5. ਪਰ ਇਨ੍ਹਾਂ ਗ੍ਰੰਥੀਆਂ ਨੇ, 'ਸਿਰੋਪਾਉ' ਦੇਣ ਦੀ ਹਦਾਇਤ ਦੇਣ ਵਾਲੇ, ਦਿੱਲੀ ਗੁਰਦੁਆਰਾ ਕਮੇਟੀ ਦੇ 'ਪ੍ਰਬੰਧਕਾਂ' ਨੂੰ ਕਦੇ ਵੀ ਤਲਬ ਨਾ ਕੀਤਾ।

ਕਿਉਂਕਿ ਜੇਲ੍ਹ ਵਿਚ ਸੀ, ਇਸ ਕਰ ਕੇ ਬਾਬਾ ਜੋਗਿੰਦਰ ਸਿੰਘ ਆਪ ਇਸ ਸਾਂਝੇ ਅਕਾਲੀ ਦਲ ਦਾ ਐਕਟਿੰਗ ਕਨਵੀਨਰ ਬਣ ਗਿਆ। ਇਸ ਮਗਰੋਂ ਬਾਬੇ ਨੇ ਇਕ 51 ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਵਿਚ ਟਕਸਾਲੀ ਅਕਾਲੀ ਵਰਕਰ ਐਵੇਂ ਦੋ-ਚਾਰ ਹੀ ਸਨ। ਨਤੀਜਾ ਇਹ ਹੋਇਆ ਕਿ ਅਕਾਲੀ ਆਗੂ ਬਾਬੇ ਤੋਂ ਨਿਰਾਸ ਹੋ ਗਏ। ਏਨੇ ਵਿਚ ਅਕਾਲੀ ਆਗੂਆਂ ਨੇ, ਆਪਣੇ ਵਾਸਤੇ ਪੰਥ ਦੀ ਮੁਖ਼ਾਲਫ਼ਤ ਖ਼ਤਮ ਕਰਨ ਵਾਸਤੇ, ਖਾੜਕੂ ਬਿਆਨ ਦੇ ਕੇ ਨਵਾਂ ਪੈਂਤੜਾ ਅਪਣਾ ਲਿਆ ਸੀ। ਉਧਰ ਅਰਜਨ ਸਿੰਘ, ਜੋ ਪੰਜਾਬ ਦਾ ਨਵਾਂ ਗਵਰਨਰ ਬਣ ਚੁੱਕਾ ਸੀ, ਨੇ ਮਨਜੀਤ ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ, ਅਤਰ ਸਿੰਘ ਵਗ਼ੈਰਾ ਦੀ ਮਦਦ ਨਾਲ ਅਕਾਲੀਆਂ ਨਾਲ ਰਾਬਤਾ ਬਣਾਉਣਾ ਸ਼ੁਰੂ ਕੀਤਾ ਹੋਇਆ ਸੀ। ਇਸ ਮਗਰੋਂ ਲੌਂਗੋਵਾਲ ਧੜੇ ਨੇ ਵਰਕਰਾਂ ਦਾ ਇਕ ਇਜਲਾਸ 26 ਮਈ ਨੂੰ ਬੁਲਾ ਲਿਆ। ਇਸ ਇਜਲਾਸ ਵਿਚ ਇਸ ਧੜੇ ਨੇ ਬਾਬਾ ਜੋਗਿੰਦਰ ਸਿੰਘ ਤੋਂ ਤੋੜ-ਵਿਛੋੜਾ ਕਰਨ ਦਾ ਮਤਾ ਪਾਸ ਕੀਤਾ। ਹੁਣ ਦੋ ਅਕਾਲੀ ਦਲ ਕਾਇਮ ਹੋ ਚੁੱਕੇ ਸਨ : ਮਾਨ ਅਤੇ ਲੌਂਗੋਵਾਲ ਦੀ ਪ੍ਰਧਾਨਗੀ ਵਾਲੇ। ਮਾਨ (ਬਾਬਾ ਜੋਗਿੰਦਰ ਸਿੰਘ) ਧੜਾ ਨਾਲ ਲੌਂਗੋਵਾਲ ਧੜੇ ਵਿਚੋਂ ਆਤਮਾ ਸਿੰਘ, ਉਜਾਗਰ ਸਿੰਘ ਸੇਖਵਾਂ, ਪ੍ਰਕਾਸ਼ ਸਿੰਘ ਮਜੀਠਾ ਵਗ਼ੈਰਾ ਹੀ ਰਹਿ ਗਏ ਸਨ ਤੇ ਬਾਕੀ ਸਾਰੇ ਰਿਵਾਇਤੀ ਅਕਾਲੀ ਲੌਂਗੋਵਾਲ ਦੇ ਨਾਲ ਸਨ। ਹੌਲੀ-ਹੌਲੀ ਦੋਹਾਂ ਧੜਿਆਂ ਵਿਚ ਟਕਰਾਅ ਵੀ ਸ਼ੁਰੂ ਹੋ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਅਰਜਨ ਸਿੰਘ ਨੇ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਮਨਜੀਤ ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ ਤੇ ਅਤਰ ਸਿੰਘ ਦੀ ਮਦਦ ਨਾਲ ਲੌਂਗੋਵਾਲ ਨਾਲ ਬੜੀ ਨੇੜਤਾ ਕਾਇਮ ਕਰ ਲਈ ਸੀ। ਬਰਨਾਲਾ, ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ ਤੇ ਅਤਰ ਸਿੰਘ ਨੇ ਅਕਾਲੀਆਂ ਦਾ ਸਰਕਾਰ ਨਾਲ ਰਾਬਤਾ ਬਣਾਉਣ ਵਿਚ ਸਭ ਤੋਂ ਵਧੇਰੇ ਰੋਲ ਅਦਾ ਕੀਤਾ ਸੀ। ਜੂਨ ਵਿਚ ਤਾਂ ਲੌਂਗੋਵਾਲ ਤੇ ਰਾਜੀਵ ਗਾਂਧੀ ਵਿਚ ਸਿੱਧਾ ਰਾਬਤਾ ਵੀ ਕਾਇਮ ਹੋ ਚੁੱਕਿਆ ਸੀ। ਲੌਂਗੋਵਾਲ ਏਨਾ ਸਿੱਧਾ ਤੇ ਬੇਸਮਝ ਸੀ ਕਿ ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਬਰਨਾਲਾ, ਕਪੂਰ ਤੇ ਅਤਰ ਸਿੰਘ ਉਸ ਤੋਂ ਕੀ ਕਰਵਾਈ ਜਾ ਰਹੇ ਹਨ। ਲੌਂਗੋਵਾਲ ਇਨ੍ਹਾਂ ਤਿੰਨਾਂ ਦਾ ਗ਼ੁਲਾਮ ਜਿਹਾ ਬਣਦਾ ਗਿਆ। ਉਸ ਨੇ ਜਥੇਦਾਰ ਟੌਹੜਾ ਤੇ ਬਾਦਲ ਨਾਲ ਤਾਂ ਸਲਾਹ ਕਰਨੀ ਵੀ ਬੰਦ ਕਰ ਦਿੱਤੀ ਸੀ। ਹੌਲੀ-ਹੌਲੀ ਰਾਜੀਵ ਤੇ ਲੌਂਗੋਵਾਲ ਵਿਚ ਇਕ ਸਮਝੌਤੇ ਬਾਰੇ ਰਜ਼ਾਮੰਦੀ ਹੋ ਗਈ। ਇਹ 'ਸਮਝੌਤਾ' ਉਲਟਾ ਸਿੱਖਾਂ ਅਤੇ ਪੰਜਾਬ ਵਾਸਤੇ ਹੀ ਘਾਟੇਵੰਦਾ ਸੀ, ਪਰ ਬਰਨਾਲਾ, ਕਪੂਰ, ਅਤਰ ਸਿੰਘ ਤਿਕੜੀ ਨੇ ਲੌਂਗੋਵਾਲ ਨੂੰ ਸੋਚਣ ਦਾ ਮੌਕਾ ਹੀ ਨਾ ਦਿੱਤਾ ਅਤੇ 'ਕਰੋ ਜੀ, ਕਰੋ ਜੀ' ਆਖ ਕੇ ਉਸ ਤੋਂ ਹਾਂ ਕਰਵਾ ਲਈ। ਅਖ਼ੀਰ 23 ਜੁਲਾਈ ਨੂੰ ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਖਾੜਕੂਆਂ ਨੇ ਇਸ ਨੂੰ 'ਸ਼ਰਮਨਾਕ ਹੇਠੀ' ਤੇ 'ਕੌਮ ਦੀ ਪਗ ਮਿੱਟੀ ਵਿਚ ਰੋਲਣਾ' ਆਖਿਆ। ਇਸ ਦੇ ਨਤੀਜੇ ਵਜੋਂ 20 ਅਗਸਤ ਨੂੰ ਪਿੰਡ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਇਕ ਰੈਲੀ ਦੌਰਾਨ ਦੋ ਖਾੜਕੂਆਂ ਗਿਆਨ ਸਿੰਘ ਲੀਲ੍ਹਾਂ ਅਤੇ ਪਰਵਿੰਦਰ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਪਰਵਿੰਦਰ ਸਿੰਘ ਨੂੰ ਉਸੇ ਦਿਨ ਪੁਲੀਸ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਤੇ ਗਿਆਨ ਸਿੰਘ ਨੂੰ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ (ਜਿਸ ਨੂੰ ਮਗਰੋਂ ਉਮਰ ਕੈਦ ਵਿਚ ਬਦਲਾ ਦਿੱਤਾ ਗਿਆ। ਉਹ 2003 ਵਿਚ ਰਿਹਾ ਹੋਇਆ)।

ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸੀਨੀਅਰ ਟਕਸਾਲੀ ਆਗੂਆਂ ਨੇ ਮਨਜ਼ੂਰ ਨਹੀਂ ਕੀਤਾ ਸੀ ਤੇ ਇਹ ਸਾਰੀ ਖੇਡ ਪੁਰਾਣੇ ਅਕਾਲੀਆਂ ਵਿਚੋਂ ਸਿਰਫ਼ ਬਰਨਾਲਾ ਦੀ ਸੀ। ਇਸ ਕਰ ਕੇ ਰਾਜੀਵ ਤੇ ਅਰਜਨ ਸਿੰਘ ਨੇ ਆਪਣਾ ਅਸਰ ਰਸੂਖ ਵਰਤ ਕੇ ਬਰਨਾਲੇ ਨੂੰ 25 ਸਿਤੰਬਰ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਵਾ ਦਿੱਤਾ। ਇਸ ਦੇ ਨਾਲ ਹੀ ਪੰਜਾਬ 'ਚ ਚੋਣਾਂ ਦਾ ਐਲਾਨ ਵੀ ਹੋ ਗਿਆ।

22 ਸਿਤੰਬਰ ਨੂੰ ਪੰਜਾਬ 'ਚ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਵਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਿਤੰਬਰ ਨੂੰ ਬਰਨਾਲਾ ਚੀਫ਼ ਮਨਿਸਟਰ ਵੀ ਬਣ ਗਿਆ। ਬਰਨਾਲਾ ਨੇ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਕ ਵੀ ਅਕਾਲੀ ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਦੀ ਭਰਪੂਰ ਨਿੰਦਾ ਕੀਤੀ। ਰਾਜੀਵ ਗਾਂਧੀ ਨੇ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (Proxy) ਲੜਾਈ ਲੜੀ ਜਾ ਸਕੇ। ਸ਼ੁਰੂ ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ, 500 ਦੇ ਕਰੀਬ ਹਰਿਆਣੇ ਵਿਚ ਸਨ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ। ਪੰਜਾਬ 'ਚ ਕੈਦ ਸਿੱਖਾਂ ਬਾਰੇ ਬਰਨਾਲਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ- ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਮੈਂਬਰ ਸੀ। ਇਸ ਕਮੇਟੀ ਨੇ ਬਰਨਾਲੇ ਨੂੰ ਸਿਫ਼ਾਰਸ਼ ਕੀਤੀ ਕਿ ਸਾਰੇ ਬੇਗੁਨਾਹ ਸਿੱਖ ਰਿਹਾਅ ਕਰ ਦਿੱਤੇ ਜਾਣ। ਪਰ ਬਰਨਾਲੇ ਨੇ ਸਿਰਫ਼ 26 ਸਿੱਖ ਹੀ ਰਿਹਾਅ ਕੀਤੇ। ਹੋਰ ਤਾਂ ਹੋਰ ਉਸ ਵੇਲੇ 224 ਬੇਗੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ 'ਚ 'ਨਜ਼ਰਬੰਦ' ਤੇ ਹਜ਼ਾਰਾਂ ਕੈਦ ਸਨ।

ਬਰਨਾਲਾ ਤਾਂ ਏਨੇ ਨੀਵੇਂ ਪੱਧਰ ਤਕ ਆ ਗਿਆ ਕਿ ਉਸ ਨੇ ਬੇਗੁਨਾਹ ਸਿੱਖਾਂ ਨੂੰ ਰਿਹਾਅ ਕਰਨ ਦੀ ਥਾਂ ਸਗੋਂ ਹੋਰ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਚੀਫ਼ ਮਨਿਸਟਰੀ ਦੇ ਪਹਿਲੇ ਇਕ ਮਹੀਨੇ ਵਿਚ 100 ਤੋਂ ਵੱਧ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ। ਇਸ ਤੋਂ ਬਾਅਦ ਵੀ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਏਨਾ ਹੀ ਨਹੀਂ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਤਸੀਹੇ ਵੀ ਦਿੱਤੇ ਜਾਂਦੇ ਰਹੇ।

ਦਰਅਸਲ ਪੰਜਾਬ ਵਿਚ ਅਖੌਤੀ-ਅਕਾਲੀ ਸਰਕਾਰ ਆਉਣ ਨਾਲ ਜ਼ਰਾ ਮਾਸਾ ਵੀ ਫ਼ਰਕ ਨਹੀਂ ਸੀ ਪਿਆ। ਸਿਰਫ਼ ਵਜ਼ੀਰ ਬਦਲੇ ਸਨ। ਫ਼ਰਕ ਏਨਾ ਸੀ ਕਿ ਉਹ ਬਰਨਾਲੇ ਦੀ ਸਾਥੀ ਸਨ, ਕਾਂਗਰਸੀ ਨਹੀਂ ਸਨ। ਹੋਰ ਸਾਰਾ ਕੁਝ ਪਹਿਲਾਂ ਵਾਂਗ ਹੀ ਸੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਸੀ ਕਿ ਹਰ ਦੂਜੇ-ਚੌਥੇ ਦਿਨ ਪੁਲੀਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਕੇ, ਸਰਾਂ ਦੇ ਕਮਰਿਆਂ ਦੇ ਤਾਲੇ ਤੋੜ ਕੇ, ਤਲਾਸ਼ੀਆਂ ਲੈਂਦੀ ਅਤੇ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰਦੀ ਰਹਿੰਦੀ ਸੀ (ਦਰਬਾਰ ਸਾਹਿਬ ਦੀ

ਮਰਿਆਦਾ ਮੁਤਾਬਿਕ ਬਾਵਰਦੀ ਪੁਲੀਸ ਨੂੰ ਉੱਥੇ ਵੜਨ ਤਕ ਦੀ ਇਜਾਜ਼ਤ ਨਹੀਂ ਸੀ। 7 ਜਨਵਰੀ 1924 ਦੇ ਦਿਨ ਜਦੋਂ ਅੰਗਰੇਜ਼ੀ ਹੁਕਮਾਂ ਹੇਠ ਪੁਲੀਸ ਨੇ ਅਕਾਲ ਤਖ਼ਤ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਸਰਕਾਰ ਨੂੰ ਵਾਰਨਿੰਗ ਦਿੱਤੀ ਗਈ ਸੀ। ਇੰਞ ਹੀ 4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ 'ਚ ਪੁਲੀਸ ਦਾਖ਼ਿਲੇ ਦੇ ਖ਼ਿਲਾਫ਼ ਅਕਾਲੀ ਦਲ ਨੇ ਜ਼ਬਰਦਸਤ ਤੂਫ਼ਾਨ ਲਿਆਂਦਾ ਸੀ, ਜਿਸ ਨੇ ਨਤੀਜੇ ਵਜੋਂ ਪੰਜਾਬ ਦੇ ਚੀਫ਼ ਮਨਿਸਟਰ ਭੀਮਸੈਨ ਸਚਰ ਨੇ 10 ਨਵੰਬਰ 1955 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਮੁਆਫ਼ੀ ਮੰਗੀ ਸੀ। ਪਰ ਹੁਣ ਤਾਂ ਅਖੌਤੀ-ਅਕਾਲੀ ਸਰਕਾਰ ਆਪ ਵਾਰ-ਵਾਰ ਪੁਲੀਸ ਨੂੰ ਦਰਬਾਰ ਸਾਹਿਬ ਵਿਚ ਭੇਜ ਰਹੀ ਸੀ। ਯਾਨਿ ਪੰਥਕ ਮਰਿਆਦਾ, ਅਕਾਲੀ ਦਲ ਦੀ ਪਾਲਿਸੀ, ਦਰਬਾਰ ਸਾਹਿਬ ਦੀ ਪਵਿੱਤਰਤਾ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਸਨ)। **ਬਰਨਾਲਾ ਇਹ ਸਾਰਾ ਕੁਝ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਕਰ ਰਿਹਾ ਸੀ ਤੇ ਰਾਜੀਵ ਗਾਂਧੀ ਚਾਹੁੰਦਾ ਸੀ ਕਿ ਜੂਨ 1984 ਦੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੂੰ ਹੱਕ-ਬਜਾਨਬ ਠਹਿਰਾਇਆ ਜਾਵੇ ਅਤੇ ਅਗੋਂ ਵੀ ਦਰਬਾਰ ਸਾਹਿਬ ਵਿਚ ਪੁਲੀਸ ਭੇਜਣਾ 'ਪੰਥ ਵਲੋਂ ਮਨਜ਼ੂਰ-ਸ਼ੁਦਾ' ਕਾਰਵਾਈ ਮੰਨੀ ਜਾਏ। ਹੈਰਾਨੀ ਦੀ ਗੱਲ ਇਹੋ ਹੈ ਕਿ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੇ ਖ਼ਿਲਾਫ਼ ਕੋਈ ਵੀ ਅਕਾਲੀ ਨਹੀਂ ਬੋਲਿਆ।** ਸਭ ਤੋਂ ਵੱਧ ਦਿਲਚਸਪ ਬਿਆਨ, ਖੜਕੂ ਅਖਵਾ ਕੇ ਖ਼ੁਸ਼ ਹੋਣ ਵਾਲੇ, ਇਕ (ਅਕਾਲੀ) ਵਜ਼ੀਰ ਸੁਖਜਿੰਦਰ ਸਿੰਘ ਦਾ ਸੀ। ਉਸ ਨੇ 11 ਨਵੰਬਰ ਨੂੰ ਬਿਆਨ ਦਿੱਤਾ ਕਿ **"ਮੈਂ ਕੋਸ਼ਿਸ਼ ਕਰਾਂਗਾ ਕਿ ਅਗੋਂ ਪੁਲੀਸ ਚੀਫ਼ ਮਨਿਸਟਰ ਤੋਂ ਇਜਾਜ਼ਤ ਲਏ ਬਿਨਾਂ ਦਰਬਾਰ ਸਾਹਿਬ 'ਚ ਦਾਖ਼ਿਲ ਨਾ ਹੋਵੇ।"** ਸੁਖਜਿੰਦਰ ਸਿੰਘ ਦਾ ਕਹਿਣਾ ਸੀ ਕਿ ਉਹ 'ਕੋਸ਼ਿਸ਼ ਕਰੇਗਾ' ਅਤੇ ਦੂਜਾ 'ਚੀਫ਼ ਮਨਿਸਟਰ ਦੀ ਇਜਾਜ਼ਤ ਨਾਲ ਦਰਬਾਰ ਸਾਹਿਬ 'ਚ ਪੁਲੀਸ ਦਾ ਦਾਖ਼ਿਲ ਹੋਣਾ ਸਹੀ ਹੈ।' ਇਹ ਤਾਂ ਹਾਲਤ ਸੀ ਬਰਨਾਲਾ ਦਲ ਨਾਲ ਸਬੰਧ ਰਖਣ ਵਾਲੇ ਅਕਾਲੀਆਂ ਦਾ। ਦੂਜੇ ਲਫ਼ਜ਼ਾਂ ਵਿਚ ਬਰਨਾਲਾ ਤੇ ਉਸ ਦੇ ਸਾਥੀਆਂ ਦਾ ਨਿਸ਼ਾਨਾ ਸਿਰਫ਼ ਵਜ਼ੀਰੀਆਂ ਸੀ ਤੇ ਇਸ ਵਾਸਤੇ ਉਹ ਅਸੂਲ ਅਤੇ ਧਰਮ ਛੱਡਣ ਵਾਸਤੇ ਵੀ ਤਿਆਰ ਸਨ।

ਅਕਾਲ ਤਖ਼ਤ ਸਾਹਿਬ ਦੀ ਈਮਾਰਤ ਢਾਹੁਣ ਦਾ ਐਲਾਨ

ਖਾੜਕੂਆਂ ਨੇ ਸਰਕਾਰ ਵਲੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਦੀ ਕਾਰਵਾਈ ਕਰਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ ਅਤੇ ਪਹਿਲਾਂ ਹੀ ਖ਼ਬਰਦਾਰ ਕੀਤਾ ਸੀ ਕਿ ਸਿੱਖ ਪੰਥ ਇਸ ਸਰਕਾਰੀ ਢਾਂਚੇ ਨੂੰ ਕਬੂਲ ਨਹੀਂ ਕਰੇਗਾ। ਇਸ ਮਾਹੌਲ ਵਿਚ 31 ਅਕਤੂਬਰ 1985 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸ: ਬੇਅੰਤ ਸਿੰਘ ਦਾ ਸ਼ਹੀਦੀ ਦਿਨ ਮੰਜੀ ਸਾਹਿਬ (ਦਰਬਾਰ ਸਾਹਿਬ) ਵਿਚ ਮਨਾਇਆ ਗਿਆ। ਇਸ ਮੌਕੇ 'ਤੇ ਸ: ਬੇਅੰਤ ਸਿੰਘ, ਸ: ਸਤਵੰਤ ਸਿੰਘ, ਸੋਢੀ ਸੁਰਿੰਦਰ ਸਿੰਘ, ਬੀਬੀ ਉਪਕਾਰ ਕੌਰ, ਸ: ਕੁਲਵੰਤ ਸਿੰਘ, ਸ: ਗੁਰਮੀਤ ਸਿੰਘ ਧੂਲਕੋਟ, ਬਾਬਾ ਜਰਨੈਲ ਸਿੰਘ, ਸ: ਸੁਰਿੰਦਰ ਸਿੰਘ ਨਾਗੋਕੇ ਅਤੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਵਿਚ ਖਾੜਕੂਆਂ ਨੇ ਐਲਾਨ ਕੀਤਾ ਕਿ ਨਾਪਾਕ ਹੱਥਾਂ ਨਾਲ ਤਿਆਰ ਹੋਏ ਅਕਾਲ ਤਖ਼ਤ

ਸਾਹਿਬ ਦੀ ਈਮਾਰਤ ਦਾ ਨਵਾਂ ਹਿੱਸਾ ਢਾਹ ਕੇ ਮੁੜ ਉਸਾਰਿਆ ਜਾਵੇਗਾ। ਮਗਰੋਂ ਇਹ ਫ਼ੈਸਲਾ ਹੋਇਆ ਕਿ ਸਾਰੀ ਹੀ ਈਮਾਰਤ ਢਾਹ ਕੇ ਦੋਬਾਰਾ ਬਣਾਈ ਜਾਵੇ। ਇਸ ਸ਼ਹੀਦੀ ਦੀਵਾਨ ਮਗਰੋਂ ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦਾ ਨਵਾਂ ਬਣਿਆ 55 ਫ਼ੁਟ ਦਾ ਜੰਗਲਾ ਢਾਹ ਦਿੱਤਾ। ਇਹ ਇਸ ਈਮਾਰਤ ਦੇ ਢਾਹੁਣ ਅਤੇ ਇਸ ਦੀ ਨਵੀਂ ਉਸਾਰੀ ਕਰਨ ਦੀ ਸ਼ੁਰੂਆਤ ਸੀ।

ਹੁਣ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਭਿੰਡਰਾ-ਮਹਿਤਾ ਜਥੇ ਦੇ ਕੁਝ ਸਰਗਰਮ ਸੇਵਾਦਾਰਾਂ ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਨੂੰ ਢਾਹੁਣ 'ਤੇ ਇਸ ਦੀ ਥਾਂ ਨਵੀਂ ਈਮਾਰਤ ਖੜੀ ਕਰਨ ਵਾਸਤੇ 26 ਜਨਵਰੀ 1986 ਨੂੰ 'ਕਾਰ-ਸੇਵਾ' ਸ਼ੁਰੂ ਕੀਤੀ ਜਾਵੇਗੀ। ਭਿੰਡਰਾਂ-ਮਹਿਤਾ ਜਥੇ ਦੇ ਇਸ ਐਲਾਨ 'ਤੇ ਸ਼੍ਰੋਮਣੀ ਕਮੇਟੀ ਦੇ ਆਗੂ ਤਿਲਮਿਲਾ ਉਠੇ। ਉਨ੍ਹਾਂ ਨੇ 16 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਤੇ ਚਾਰ ਹੋਰ ਗ੍ਰੰਥੀਆਂ ਕੋਲੋਂ 'ਅਪੀਲ' ਜਾਰੀ ਕਰਵਾਈ, ਜਿਸ ਵਿਚ ਸ਼੍ਰੋਮਣੀ ਕਮੇਟੀ ਨੂੰ ਦੂਜੀਆਂ ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਕਰਨ ਵਾਸਤੇ ਕਿਹਾ ਸੀ। ਦਰਅਸਲ ਇਹ ਭਿੰਡਰਾਂ-ਮਹਿਤਾ ਜਥੇ ਵੱਲੋਂ ਕੀਤੀ ਜਾਣ ਵਾਲੀ ਧੱਕੇ-ਸ਼ਾਹੀ ਨੂੰ ਰੋਕਣ ਦਾ ਇਕ 'ਤਰਲਾ' ਸੀ। ਇਸ 'ਅਪੀਲ' ਦੇ ਲਫ਼ਜ਼ ਇਹ ਸਨ :

ਸਿੱਖ ਪੰਥ ਅੱਜ ਬੜੇ ਨਾਜ਼ਕ ਤੇ ਸੰਕਟਮਈ ਭਿਆਨਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸਮੁੱਚੇ ਪੰਥ ਦੀ ਏਕਤਾ ਅਤੇ ਪੰਥਕ ਰਵਾਇਤਾਂ ਦੀ ਗੌਰਵਤਾ ਨੂੰ ਕਾਇਮ ਰੱਖਣਾ ਅੱਜ ਦੇ ਸਮੇਂ ਦੀ ਸਭ ਤੋਂ ਮੁੱਖ ਲੋੜ ਹੈ। ਮਹਾਨ ਪਵਿੱਤਰ ਅਸਥਾਨ ਅਕਾਲ ਤਖ਼ਤ ਸਾਹਿਬ ਜੀ ਦੀ ਮਰਿਆਦਾ ਅਨੁਸਾਰ ਕਾਰ-ਸੇਵਾ ਰਾਹੀਂ ਮੁੜ ਉਸਾਰੀ ਸਿੱਖ ਜਗਤ ਦੀ ਲੋਚਨਾ ਹੈ। ਸਿੱਖ ਜਗਤ ਦੀ ਇਸ ਲੋਚਨਾ ਤੇ ਭਾਵਨਾ ਨੂੰ ਮੁੱਖ ਰੱਖ ਕੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 24 ਸਿਤੰਬਰ, 1984 ਨੂੰ ਹੋਏ ਸਰਬਤ ਖਾਲਸਾ ਸਮਾਗਮ ਵੱਲੋਂ ਹੋਏ ਫ਼ੈਸਲੇ ਅਨੁਸਾਰ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਮਿਤੀ 27 ਜਨਵਰੀ, 1986 ਨੂੰ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਲਈ ਕਾਰ-ਸੇਵਾ ਅਰੰਭ ਕਰਨ ਦਾ ਫ਼ੈਸਲਾ ਕੀਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੰਸਾਰ ਦੀ ਚੁਣੀ ਹੋਈ ਸਰਬ-ਉੱਤਮ ਜਥੇਬੰਦੀ ਹੈ, ਜਿਸ ਰਾਹੀਂ ਸਿੱਖ ਜਗਤ ਆਪਣੇ ਪਵਿੱਤਰ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਲੋਕ-ਰਾਜੀ ਢੰਗ ਨਾਲ ਪ੍ਰਬੰਧ ਚਲਾਉਂਦਾ ਹੈ।

ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਜਗਤ ਵੱਲੋਂ ਅੰਗਰੇਜ਼ੀ ਸਾਮਰਾਜ ਤੇ ਉਸ ਦੇ ਪਿੱਠੂ 'ਮਹੰਤਾਂ' ਵਿਰੁੱਧ ਇਕ ਲੰਮੇ ਤੇ ਲਹੂ ਡੋਲਵੇਂ ਸੰਘਰਸ਼ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ। ਗੁਰਦੁਆਰਾ ਸੁਧਾਰ ਜਾਂ ਅਕਾਲੀ ਲਹਿਰ ਦੇ ਇਸ ਸੰਘਰਸ਼ ਵਿਚ ਸਿੱਖ ਕੌਮ ਨੇ ਲਾ-ਮਿਸਾਲ ਕੁਰਬਾਨੀਆਂ ਦਿੱਤੀਆਂ ਸੀ। ਛੇ ਸੌ ਦੇ ਲਗਭਗ ਸਿੱਖ ਸੂਰਬੀਰਾਂ ਨੇ ਸ਼ਹਾਦਤ ਦਾ ਜਾਮ ਪੀਤਾ। 45 ਹਜ਼ਾਰ ਸਿੰਘਾਂ ਨੇ ਇਕ ਤੋਂ 14 ਸਾਲ ਤਕ ਦੀਆਂ ਸਜ਼ਾਵਾਂ ਭੁਗਤੀਆਂ ਤੇ 16 ਲੱਖ ਰੁਪਏ ਦੇ ਲਗਭਗ ਜੁਰਮਾਨੇ ਭਰਨ ਉਪਰੰਤ ਖਾਲਸਾ ਪੰਥ ਗੁਰਧਾਮਾਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਰਜਣਾ ਵਿਚ ਸਫਲ ਹੋ ਸਕਿਆ।

ਅੱਜ ਜਦੋਂ ਖਾਲਸਾ ਪੰਥ ਨਾਜ਼ਕ ਦੌਰ ਵਿੱਚੋਂ ਲੰਘ ਰਿਹਾ ਹੈ ਤਾਂ ਗੌਰਵਮਈ ਖ਼ਾਲਸਾਈ ਪਰੰਪਰਾਵਾਂ ਤੇ ਮਰਿਆਦਾ ਨੂੰ ਕਾਇਮ ਰੱਖਣਾ ਸਮੁੱਚੇ ਖਾਲਸਾ ਪੰਥ ਦੀ ਮੁੱਖ ਜ਼ੁੰਮੇਵਾਰੀ ਹੈ। ਇਹ ਜ਼ੁੰਮੇਵਾਰੀ ਪੰਥ ਦੀਆਂ ਮਹਾਨ ਸੰਪ੍ਰਦਾਵਾਂ ਸਮੇਂ ਸਮੇਂ ਨਿਭਾਉਂਦੀਆਂ ਰਹੀਆਂ ਹਨ।

ਦਮਦਮੀ ਟਕਸਾਲ ਵੀ, ਸਿੱਖ ਕੌਮ ਦੀ ਇਕ ਮਹਾਨ ਧਾਰਮਿਕ ਤੇ ਵਿਦਿਅਕ ਸੇਵਾ ਕਰਨ ਵਾਲੀ ਜਥੇਬੰਦੀ ਹੈ, ਜਿਸ ਦੇ ਸਮੇਂ ਸਮੇਂ ਸਤਿਕਾਰਯੋਗ ਮੁਖੀ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਗਿਆਨੀ ਮੋਹਣ ਸਿੰਘ ਜੀ ਭਿੰਡਰਾਂਵਾਲੇ, ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਪੂਰਾ ਪੂਰਾ ਸਹਿਯੋਗ ਕਰ ਕੇ ਇਸ ਮਹਾਨ ਜਥੇਬੰਦੀ ਦੀ ਮਾਨ ਮਰਿਆਦਾ ਨੂੰ ਵਧਾਉਂਦੇ ਰਹੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੁਮਾਇੰਦਾ ਹੈਸੀਅਤ ਨੂੰ ਸਵੀਕਾਰਦੇ ਰਹੇ ਹਨ।

ਮਹਾਨ ਪਵਿੱਤਰ ਅਸਥਾਨ ਅਕਾਲ ਤਖ਼ਤ ਸਾਹਿਬ ਜੀ ਦੀ ਕਾਰ-ਸੇਵਾ ਸਬੰਧੀ ਚੱਲ ਰਹੇ, ਦੁਖਦਾਈ ਤੇ ਮੰਦਭਾਗੀ ਵਾਦ-ਵਿਵਾਦ ਕਾਰਨ, ਆਪਣਾ ਫ਼ਰਜ਼ ਪਛਾਣਦੇ ਹੋਏ ਅਸੀਂ ਸਮੁੱਚੇ ਸਿੱਖ ਜਗਤ, ਖਾਲਸਾ ਪੰਥ ਦੀਆਂ ਸਮੂੰਹ ਧਾਰਮਿਕ ਜਥੇਬੰਦੀਆਂ, ਸੰਪ੍ਰਦਾਵਾਂ, ਟਕਸਾਲਾਂ ਅਤੇ ਸਭਾ ਸੁਸਾਇਟੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਪੁਨਰ ਉਸਾਰੀ ਲਈ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਕਾਰ-ਸੇਵਾ ਵਿਚ ਪੂਰਾ ਪੂਰਾ ਸਹਿਯੋਗ ਦੇ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਸਾਰੀਆਂ ਪੰਥਕ ਜਥੇਬੰਦੀਆਂ ਤੇ ਸੰਪ੍ਰਦਾਵਾਂ ਦੇ ਸਹਿਯੋਗ ਤੇ ਆਪਸੀ ਸਲਾਹ ਮਸ਼ਵਰੇ ਨਾਲ ਮਹਾਨ ਪਵਿੱਤਰ ਅਸਥਾਨ ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਅਰੰਭ ਕਰਾਉਣ, ਤਾਂ ਜੋ ਆਪਸੀ ਸਹਿਯੋਗ ਨਾਲ ਇਸ ਪਵਿੱਤਰ ਕਾਰਜ ਦੀ ਅਰੰਭਤਾ ਹੋ ਸਕੇ। ਇਹ ਖਾਲਸਾ ਪੰਥ ਦੇ ਰੌਸ਼ਨ ਭਵਿੱਖ ਅਤੇ ਚੜ੍ਹਦੀ ਕਲਾ ਲਈ ਅਤਿਅੰਤ ਜ਼ਰੂਰੀ ਹੈ।

ਪਰ ਸ਼੍ਰੋਮਣੀ ਕਮੇਟੀ ਦੇ ਆਗੂਆਂ ਵੱਲੋਂ ਪੰਜ ਗ੍ਰੰਥੀਆਂ ਵੱਲੋਂ ਜਾਰੀ ਕਰਵਾਈ ਅਪੀਲ ਦਾ ਭਿੰਡਰਾਂ-ਮਹਿਤਾ ਜਥੇ ਦੇ ਲੀਡਰਾਂ 'ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਆਪਣੀ ਪਲਾਨ ਮੁਤਾਬਿਕ ਕਾਰਵਾਈ ਜਾਰੀ ਰੱਖੀ। ਭਿੰਡਰਾਂ-ਮਹਿਤਾ ਜਥੇ ਨੇ 16 ਜਨਵਰੀ ਨੂੰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਅਖੰਡ ਪਾਠ ਵੀ ਸ਼ੁਰੂ ਕਰ ਦਿੱਤਾ। 19 ਜਨਵਰੀ ਨੂੰ ਚੀਫ਼ ਮਨਿਸਟਰ ਬਰਨਾਲਾ ਦੇ ਇਕ ਵਜ਼ੀਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਸਾਥੀਆਂ ਨੇ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਨੂੰ ਘੇਰਾ ਪਾ ਲਿਆ ਅਤੇ ਹਵਾਈ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਤਕਰੀਬਨ 200 ਰੌਂਦ ਚਲਾਏ, ਜਿਸ ਨਾਲ 2 ਫ਼ੈਡਰੇਸ਼ਨ ਵਰਕਰ ਅਤੇ ਇਕ ਮੁਸਾਫ਼ਿਰ ਜ਼ਖ਼ਮੀ ਹੋ ਗਏ। ਚੰਦੂਮਾਜਰਾ ਦੇ ਹਿਮਾਇਤੀਆਂ ਨੇ ਅਖੰਡ ਪਾਠ ਵਿਚ ਵੀ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਅਕਾਲੀਆਂ ਨੇ ਉਨ੍ਹਾਂ ਨੂੰ ਇਸ ਹਰਕਤ ਤੋਂ ਰੋਕ ਲਿਆ। ਜਦੋਂ ਇਹ ਗਰੁੱਪ ਅਕਾਲ ਤਖ਼ਤ ਸਾਹਿਬ ਦੇ ਨੇੜੇ ਤੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਐਕਸ਼ਨ ਕਰ ਰਿਹਾ ਸੀ, ਉਸ ਵੇਲੇ ਬਰਨਾਲੇ ਦਾ ਪੁੱਤਰ ਗਗਨਦੀਪ ਅੰਮ੍ਰਿਤਸਰ ਦੇ ਸਰਕਟ ਹਾਊਸ ਤੋਂ ਇਸ ਦੀ ਨਿਗਰਾਨੀ ਕਰ ਰਿਹਾ ਸੀ। ਭਿੰਡਰਾਂ-ਮਹਿਤਾ ਜਥੇ ਦੇ ਇਕ ਬੁਲਾਰੇ ਨੇ ਇਨ੍ਹਾਂ ਹਮਲਾਵਰਾਂ 'ਤੇ ਦੋਸ਼ ਲਾਇਆ ਕਿ ਉਹ ਜਥੇ ਦੇ ਦਫ਼ਤਰ 'ਚੋਂ ਸਾਢੇ ਚਾਰ ਲੱਖ ਰੁਪਏ ਲੁੱਟ ਕੇ ਲੈ ਗਏ ਸਨ। ਇਸ ਦਿਨ ਭਿੰਡਰਾਂ-ਮਹਿਤਾ ਜਥੇ ਦੇ ਦਫ਼ਤਰ 'ਤੇ ਇਸ ਟੋਲੇ ਦਾ ਕਬਜ਼ਾ ਹੀ ਰਿਹਾ। ਪਰ ਅਗਲੇ ਦਿਨ ਹੀ ਫ਼ੈਡਰੇਸ਼ਨ ਵਰਕਰਾਂ ਨੇ ਆਪਣਾ ਦਫ਼ਤਰ ਮੁੜ ਵਾਪਿਸ ਲੈ ਲਿਆ। ਇਸ ਦਿਨ ਪੁਲੀਸ ਦਰਬਾਰ ਸਾਹਿਬ 'ਚ ਫਿਰ ਦਾਖ਼ਿਲ ਹੋਈ ਤੇ ਕੁਝ ਨੌਜਵਾਨ ਗ੍ਰਿਫ਼ਤਾਰ ਕਰ ਲਏ। 21 ਜਨਵਰੀ ਨੂੰ ਚੰਦੂਮਾਜਰਾ ਅਤੇ ਗਗਨਦੀਪ ਦੇ ਸਾਥੀ ਫਿਰ ਬੰਦੂਕਾਂ ਲੈ ਕੇ ਉੱਥੇ ਪੁੱਜੇ ਪਰ ਫ਼ੈਡਰੇਸ਼ਨ ਦੇ ਵਰਕਰਾਂ ਨੇ ਉਨ੍ਹਾਂ ਦੀਆਂ 14 ਦੋਨਾਲੀਆਂ ਬੰਦੂਕਾਂ

ਖੋਹ ਲਈਆਂ। ਇਸ 'ਤੇ ਪੁਲੀਸ ਬੁਲਾ ਲਈ ਗਈ। ਪੁਲੀਸ ਨੇ 500 ਨੌਜਵਾਨ ਗ੍ਰਿਫ਼ਤਾਰ ਕਰ ਲਏ ਅਤੇ ਮਗਰੋਂ **ਪੁਲੀਸ ਤੇ ਸੀ.ਆਰ.ਪੀ.ਐਫ਼ ਨੇ ਗੁਰੂ ਰਾਮਦਾਸ ਸਰਾਂ ਵਿਚ ਫ਼ਲੈਗ ਮਾਰਚ ਕੀਤਾ**। ਸ਼ਾਮ ਤਕ ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਦੀਆਂ ਦਰਜਨਾਂ ਕੰਪਨੀਆਂ ਉੱਥੇ ਪੁੱਜ ਗਈਆਂ।

22 ਜਨਵਰੀ ਨੂੰ ਬਰਨਾਲੇ ਦਾ ਪੁੱਤਰ ਗਗਨਦੀਪ ਦਰਜਨਾਂ ਸਾਥੀਆਂ ਨੂੰ ਟਰੱਕਾਂ ਵਿਚ ਲੱਦ ਕੇ ਫ਼ੈਡਰੇਸ਼ਨ ਅਤੇ ਭਿੰਡਰਾਂ-ਮਹਿਤਾ ਜਥੇ ਨਾਲ ਦੋ-ਹੱਥ ਕਰਨ ਵਾਸਤੇ ਅੰਮ੍ਰਿਤਸਰ ਆ ਰਿਹਾ ਸੀ ਕਿ ਰਸਤੇ ਵਿਚ ਹੀ ਉਸ ਦਾ ਐਕਸੀਡੈਂਟ ਹੋ ਗਿਆ, ਜਿਸ ਨਾਲ ਉਸ ਦੀ ਲੱਤ ਟੁੱਟ ਗਈ। ਇਸ ਨਾਲ ਲੋਕਾਂ ਵਿਚ ਇਹ ਵਿਚਾਰ ਫੈਲ ਗਿਆ ਕਿ ਉਸ ਨੂੰ ਇਹ ਸਜ਼ਾ ਅਕਾਲ ਤਖ਼ਤ ਸਾਹਿਬ 'ਤੇ ਗੁੰਡਿਆਂ ਦਾ ਹਮਲਾ ਕਰਵਾਉਣ ਦੀ ਹਰਕਤ ਕਰਨ ਕਰ ਕੇ ਮਿਲੀ ਸੀ।

ਸਿੱਖਾਂ ਵਿਚ ਟਕਰਾਅ ਨੂੰ ਰੋਕਣ ਵਾਸਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ 22 ਜਨਵਰੀ 1986 ਨੂੰ ਐਲਾਨ ਕਰ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਕਾਰ-ਸੇਵਾ ਪੰਜ ਬਾਬਿਆਂ ਨੂੰ ਸੌਂਪ ਦਿੱਤੀ ਗਈ ਹੈ। ਇਹ ਪੰਜ ਸਨ: ਬਾਬਾ ਠਾਕੁਰ ਸਿੰਘ (ਭਿੰਡਰਾਂ-ਮਹਿਤਾ ਜਥਾ), ਬਾਬਾ ਜਗਤਾਰ ਸਿੰਘ ਖਡੂਰ ਸਾਹਿਬ, ਬਾਬਾ ਹਰਬੰਸ ਸਿੰਘ ਦਿੱਲੀ, ਬਾਬਾ ਉੱਤਮ ਸਿੰਘ ਖਡੂਰ ਸਾਹਿਬ ਤੇ ਬਾਬਾ ਦੀਵਾਨ ਸਿੰਘ ਛਾਬੜੀ। ਦਰਅਸਲ, ਇਹ ਐਲਾਨ ਹਾਲਾਤ ਤੋਂ ਖਹਿੜਾ ਛੁੜਾਉਣ ਦੀ ਇਕ ਕੋਸ਼ਿਸ਼ ਸੀ।

ਸਰਬਤ ਖ਼ਾਲਸਾ ਦਾ ਨਵਾਂ ਪੈਟਰਨ

26 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰਨ ਦੇ ਐਲਾਨ ਦੇ ਨਾਲ ਹੀ ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕਰ ਦਿੱਤਾ ਕਿ ਉਹ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬਤ ਖ਼ਾਲਸਾ' ਸਮਾਗਮ ਕਰਨਗੇ। ਜਦੋਂ ਭਿੰਡਰਾਂ-ਮਹਿਤਾ ਜਥੇ ਨੇ ਇਸ 'ਸਰਬਤ ਖ਼ਾਲਸਾ' ਦਾ ਐਲਾਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਬਹੁਤੀ ਸੰਜੀਦਗੀ ਨਾਲ ਨਾ ਲਿਆ, ਕਿਉਂਕਿ ਉਹ ਸਮਝਦੇ ਸਨ ਕਿ ਕੁਝ ਖਾੜਕੂ ਧੜੇ 31 ਅਕਤੂਬਰ 1985 ਦੇ ਮੰਜੀ ਸਾਹਿਬ ਦੇ ਦੀਵਾਨ ਵਾਂਗ ਇਕ ਜਲਸਾ ਕਰ ਲੈਣਗੇ।

26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥੇ ਦਾ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਉਨ੍ਹੀਂ ਦਿਨੀਂ ਲੋਕ ਭਾਰਤੀ ਫ਼ੌਜ ਦੀ ਦਹਿਸ਼ਤ 'ਤੇ ਗ਼ੁੱਸੇ ਵਿਚ ਸਨ ਅਤੇ ਕਿਉਂਕਿ ਬਰਨਾਲੇ ਨੇ ਹਕੂਮਤ ਵਿਚ ਆ ਕੇ ਉਨ੍ਹਾਂ ਜ਼ੁਲਮਾਂ ਨੂੰ ਜਾਰੀ ਰਖਿਆ ਸੀ, ਇਸ ਕਰ ਕੇ ਰੋਸ ਵਜੋਂ ਲੋਕ ਇਕ ਪਲੇਟਫ਼ਾਰਮ 'ਤੇ ਜੁੜਨਾ ਚਾਹੁੰਦੇ ਸਨ। ਇਸ ਵਜਹ ਕਰ ਕੇ 26 ਜਨਵਰੀ ਦੇ ਇਕੱਠ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਉਂਞ ਇਸ ਨੂੰ ਸਰਬਤ ਖ਼ਾਲਸਾ ਇਕੱਠ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਾ ਤਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਇਕੱਠ ਸੀ ਤੇ ਨਾ ਹੀ ਇਸ ਵਿਚ ਦੂਜੀਆਂ ਪੰਥਕ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਸਹੀ ਮਾਅਨਿਆਂ ਵਿਚ ਇਹ ਭਿੰਡਰਾਂ-ਮਹਿਤਾ ਜਥੇ

ਦਾ ਇਕ ਵੱਡਾ ਦੀਵਾਨ (ਜਲਸਾ) ਸੀ, ਜਿਸ ਵਿਚ ਤਕਰੀਬਨ 25 ਹਜ਼ਾਰ ਸਿੱਖ ਹਾਜ਼ਿਰ ਹੋਏ ਸਨ।

26 ਜਨਵਰੀ ਦੇ ਇਸ ਦੀਵਾਨ ਵਿਚ ਜ਼ੈਲ, ਬੂਟਾ, ਸੰਤਾ ਸਿੰਹ, ਕਿਰਪਾਲ ਸਿੰਹ, ਸਾਹਿਬ ਸਿੰਹ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਮਤਾ ਇਕ ਵਾਰ ਫੇਰ ਪਾਸ ਕੀਤਾ ਗਿਆ। ਇਸ ਇਕੱਠ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਤੋੜਨ' ਦਾ 'ਮਤਾ' ਵੀ ਪਾਸ ਕੀਤਾ ਗਿਆ। ਇਸ ਦੀ ਥਾਂ ਇਕ ਪੰਜ ਮੈਂਬਰੀ 'ਪੰਥਕ ਕਮੇਟੀ' ਕਾਇਮ ਕੀਤੀ ਗਈ। ਇਸ ਕਮੇਟੀ ਵਿਚ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿਘ, ਧੰਨਾ ਸਿੰਘ, ਅਰੂੜ ਸਿੰਘ ਤੇ ਗੁਰਦੇਵ ਸਿੰਘ ਉਸਮਾਨ ਵਾਲਾ ਸ਼ਾਮਿਲ ਸਨ। ਇਸ ਇਕੱਠ ਨੇ ਭਾਈ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਬਣਾਨ ਦਾ ਐਲਾਨ ਵੀ ਕਰ ਦਿੱਤਾ। ਕਿਉਂਕਿ ਉਹ ਉਸ ਵੇਲੇ ਜੇਲ੍ਹ ਵਿਚ ਸੀ, ਇਸ ਕਰ ਕੇ ਉਸ ਦੀ ਥਾਂ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਐਕਟਿੰਗ ਮੁਖ ਸੇਵਾਦਾਰ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਸਾਹਿਬ ਸਿੰਘ ਨੂੰ 'ਹਟਾ ਕੇ' ਉਸ ਦੀ ਥਾਂ ਭਿੰਡਰਾਂ-ਮਹਿਤਾ ਜਥੇ ਦੇ ਭਾਈ ਬਖ਼ਸ਼ੀਸ਼ ਸਿੰਘ ਨੂੰ ਲਾ ਦਿੱਤਾ ਗਿਆ। ਇਸ ਦੀਵਾਨ ਵਿਚ ਬਾਬਾ ਜਰਨੈਲ ਸਿੰਘ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ, ਭਾਈ ਅਮਰੀਕ ਸਿੰਘ ਦੀ ਸਿੰਘਣੀ ਬੀਬੀ ਹਰਮੀਤ ਕੌਰ ਤੇ ਜਰਨਲ ਸੁਬੇਗ ਸਿੰਘ ਦੀ ਮਾਤਾ ਨੂੰ 'ਮੈਡਲ' ਭੇਟ ਕੀਤੇ ਗਏ। ਇਸ ਦੇ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਕਾਰ ਸੇਵਾ ਪੰਜ ਬਾਬਿਆਂ ਨੇ ਟੱਕ ਲਾ ਕੇ ਸ਼ੁਰੂ ਕੀਤੀ।

ਸਰਬਤ ਖਾਲਸਾ ਦੇ ਨਾਂ 'ਤੇ ਕੀਤੇ ਇਸ ਦੀਵਾਨ ਬਾਰੇ ਪਹਿਲਾਂ ਤਾਂ ਕੋਈ ਸੰਜੀਦਾ ਨਹੀਂ ਸੀ, ਪਰ ਜਦੋਂ ਇਸ ਦੀਵਾਨ ਵਿਚ ਸ਼੍ਰੋਮਣੀ ਕਮੇਟੀ ਤੋੜਨ ਅਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਬਦਲਣ ਦਾ ਐਲਾਨ ਕੀਤਾ ਗਿਆ ਤਾਂ ਇਸ ਬਾਰੇ ਸਿੱਖਾਂ ਵਿਚ ਦੋ ਤਰ੍ਹਾਂ ਦੇ ਖ਼ਿਆਲ ਉਭਰਨੇ ਸ਼ੁਰੂ ਹੋ ਗਏ। ਖਾੜਕੂਆਂ ਦੇ ਇਕ ਧੜੇ ਨੇ ਇਸ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ, ਪਰ ਟਕਸਾਲੀ ਅਕਾਲੀਆਂ ਤੇ ਦੂਜੇ ਖਾੜਕੂ ਗਰੁੱਪਾਂ ਨੇ ਇਸ 'ਤੇ ਗ਼ੁੱਸਾ ਮਨਾਇਆ। ਉਂਵ ਤਾਂ ਸ਼੍ਰੋਮਣੀ ਕਮੇਟੀ ਤੋੜਨ ਦੇ 'ਮਤੇ' ਦੀ ਕੋਈ ਅਹਿਮੀਅਤ ਨਹੀਂ ਸੀ, ਕਿਉਂਕਿ ਉਹ ਇਕ ਕਾਨੂੰਨ ਹੇਠ ਬਣੀ ਹੋਈ ਸੀ। ਪਰ, ਇਸ ਦਾ ਅਕਾਲੀ ਹਲਕਿਆਂ ਹੀ ਨਹੀਂ, ਬਹੁਤ ਸਾਰੇ ਵਿਦਵਾਨਾਂ ਨੇ ਵੀ ਬੁਰਾ ਮਨਾਇਆ। ਸਰਕਾਰ ਤਾਂ ਖ਼ੁਦ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਚਾਹਵਾਨ ਸੀ। ਇਹ ਤਾਂ ਇਕ ਤਰ੍ਹਾਂ ਨਾਲ ਸਰਕਾਰ ਨੂੰ ਰਾਹ ਦੇਣ ਵੱਲ ਇਸ਼ਾਰਾ ਸੀ। ਦੂਜਾ, ਸ਼੍ਰੋਮਣੀ ਕਮੇਟੀ ਸੈਂਕੜੇ ਸ਼ਹੀਦੀਆਂ, ਹਜ਼ਾਰਾਂ ਗ੍ਰਿਫ਼ਤਾਰੀਆਂ, ਤਸੀਹਿਆਂ ਅਤੇ ਮਾਲੀ ਨੁਕਸਾਨ ਮਗਰੋਂ ਹਾਸਿਲ ਹੋਈ ਸੀ। ਇਸ ਕਰ ਕੇ ਵੀ ਬਹੁਤੇ ਲੋਕਾਂ ਨੇ ਇਸ 'ਮਤੇ' ਨੂੰ ਪਸੰਦ ਨਾ ਕੀਤਾ। ਉਂਵ ਵੀ ਇਸ 'ਮਤੇ' ਨੂੰ ਅਮਲ ਵਿਚ ਹਰਗਿਜ਼ ਨਹੀਂ ਸੀ ਲਿਆਂਦਾ ਜਾ ਸਕਦਾ, ਕਿਉਂਕਿ ਸ਼੍ਰੋਮਣੀ ਕਮੇਟੀ ਸੈਂਕੜੇ ਗੁਰਦੁਆਰਿਆਂ ਦਾ ਇੰਤਜ਼ਾਮ ਚਲਾਉਂਦੀ ਸੀ ਤੇ ਇਹ ਖਾੜਕੂ ਸਿਰਫ਼ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹੀ ਕਬਜ਼ਾ ਕਰਨ ਦੇ ਚਾਹਵਾਨ ਸਨ।

ਇਸ ਹਾਲਤ ਵਿਚ 29 ਜਨਵਰੀ ਦੇ ਦਿਨ ਫ਼ੌਜ ਅਤੇ ਪੁਲੀਸ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਫਿਰ ਮੋਰਚੇ ਬਣਾ ਲਏ ਤੇ ਬੰਕਰ ਵੀ ਬਣਾ ਲਏ। ਫ਼ੌਜ ਨੇ ਹਰ ਪਾਸੇ

ਬੰਦੂਕਾਂ ਤੇ ਹੋਰ ਹਥਿਆਰਾਂ ਨਾਲ ਹਮਲੇ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਇਸੇ ਦਿਨ ਹੀ ਸ਼੍ਰੋਮਣੀ ਕਮੇਟੀ ਨੇ 16 ਫ਼ਰਵਰੀ ਨੂੰ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਜਵਾਬੀ ਸਰਬਤ ਖਾਲਸਾ ਕਾਨਫ਼ਰੰਸ ਕਰਨ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਅਤੇ ਚਾਰ ਹੋਰ ਗ੍ਰੰਥੀਆਂ ਤੋਂ 'ਸਰਬਤ ਖਾਲਸਾ ਸਮਾਗਮ' ਸੱਦਣ ਸਬੰਧੀ ਐਲਾਨ ਵੀ ਜਾਰੀ ਕਰਵਾ ਲਿਆ। 29 ਜਨਵਰੀ 1986 ਦਾ ਗ੍ਰੰਥੀਆਂ ਦਾ ਇਹ ਐਲਾਨ ਇੰਵ ਸੀ :

> ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਕਾਰ-ਸੇਵਾ ਦੇ ਅਰੰਭ ਸਮੇਂ ਹੁੱਲੜਬਾਜ਼ੀ ਅਤੇ ਤਾਕਤ ਦੇ ਪ੍ਰਦਰਸ਼ਨ ਨਾਲ ਡਰ, ਭੈ ਅਤੇ ਨਫ਼ਰਤ ਦਾ ਵਾਤਾਵਰਣ ਬਣਾ ਕੇ ਜੋ ਆਪ-ਹੁਦਰੀਆਂ ਕਾਰਵਾਈਆਂ ਕੀਤੀਆਂ, ਜਿਨ੍ਹਾਂ ਰਾਹੀਂ ਸਿੱਖੀ ਸ਼ਰਧਾ ਉੱਤੇ ਭਾਰੀ ਸੱਟ ਮਾਰੀ ਗਈ ਅਤੇ ਪੰਥਕ ਰਹੁ-ਰੀਤੀ ਤੇ ਧਾਰਮਿਕ ਮਰਿਆਦਾ ਦਾ ਘੋਰ ਉਲੰਘਣ ਕੀਤਾ ਗਿਆ ਅਤੇ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ। ਉਸ ਤੋਂ ਉਪਜੀ ਸਥਿਤੀ ਅਤਿ ਗੰਭੀਰ ਅਤੇ ਚਿੰਤਾਜਨਕ ਹੈ, ਜੋ ਸਿੱਖ ਧਰਮ ਦੇ ਮੂਲ ਸਿਧਾਂਤਾਂ ਦਾ ਵਿਰੋਧ ਅਤੇ ਪੰਥਕ ਹਿੱਤਾਂ ਦੇ ਉਲਟ ਹੈ। ਉਪਰੋਕਤ ਹਾਲਾਤ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ 28-1-86 ਦੇ ਜਨਰਲ ਸਮਾਗਮ ਵਿਚ ਸਾਨੂੰ ਬੇਨਤੀ ਕੀਤੀ ਹੈ, ਅੱਜ ਅਸੀਂ ਆਪਸ ਵਿਚ ਵਿਚਾਰ-ਵਟਾਂਦਰੇ ਉਪਰੰਤ ਇਹ ਫ਼ੈਸਲਾ ਕੀਤਾ ਹੈ ਕਿ ਸਰਬਤ ਖਾਲਸਾ ਸਮਾਗਮ 16 ਫ਼ਰਵਰੀ, 1986 ਨੂੰ ਸਵੇਰੇ 11 ਵਜੇ ਅਕਾਲ ਤਖ਼ਤ ਸਾਹਿਬ 'ਤੇ ਸੱਦਿਆ ਜਾਵੇ। ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੰਦੇ ਹਾਂ ਕਿ ਉਹ ਸਰਬਤ ਖਾਲਸਾ ਸਮਾਗਮ ਸਬੰਧੀ ਤੁਰੰਤ ਲੋੜੀਂਦੇ ਪ੍ਰਬੰਧ ਕਰਨ। (ਇਕ ਦਿਲਚਸਪ ਗੱਲ ਇਹ ਹੈ ਕਿ ਇਸ ਐਲਾਨ ਵਿਚ ਹਿੰਦੀ-ਨੁਮਾ ਪੰਜਾਬੀ ਦੀ ਵਰਤੋਂ ਕੀਤੀ ਹੋਈ ਸੀ, ਜਿਸ ਤੋਂ ਸ਼ੱਕ ਪੈਂਦਾ ਹੈ ਕਿ ਇਸ ਨੂੰ ਕਿਸੇ ਹਿੰਦੀ ਜਾਂ ਅੰਗਰੇਜ਼ੀ ਇਬਾਰਤ ਤੋਂ ਤਰਜਮਾ ਕਰਵਾ ਕੇ ਐਲਾਨਿਆ ਗਿਆ ਸੀ।)

22 ਜਨਵਰੀ 1986 ਨੂੰ ਦਿੱਲੀ ਦੀ ਇਕ ਅਦਾਲਤ ਨੇ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਤੇ ਭਾਈ ਬਲਬੀਰ ਸਿੰਘ ਨੂੰ ਇੰਦਰਾ ਕਤਲ ਕੇਸ 'ਚ ਫ਼ਾਂਸੀ ਦੀ ਸਜ਼ਾ ਸੁਣਾਈ ਸੀ। ਇਨ੍ਹਾਂ ਤਿਨਾਂ ਦੀ ਚੜ੍ਹਦੀ ਕਲਾ ਵਾਸਤੇ 11 ਫ਼ਰਵਰੀ ਨੂੰ ਅਕਾਲ ਤਖ਼ਤ ਸਾਹਿਬ ਦੀ ਥਾਂ 'ਤੇ 'ਅਖੰਡ ਪਾਠ' ਰਖਿਆ ਗਿਆ। ਇਨ੍ਹਾਂ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਦਾ ਪੁਰਾਣਾ ਢਾਂਚਾ ਢਾਹਿਆ ਜਾ ਚੁੱਕਾ ਸੀ। ਉਸ ਦੀ ਥਾਂ ਤੇ ਨਵੀਂ ਈਮਾਰਤ ਦਾ ਨੀਂਹ ਪੱਥਰ 14 ਫ਼ਰਵਰੀ ਨੂੰ ਰੱਖਣ ਦਾ ਐਲਾਨ ਕੀਤਾ ਹੋਇਆ ਸੀ। ਸ਼੍ਰੋਮਣੀ ਕਮੇਟੀ ਵਲੋਂ 16 ਫ਼ਰਵਰੀ ਨੂੰ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਅਖੌਤੀ ਸਰਬਤ ਖਾਲਸਾ ਕਾਨਫ਼ਰੰਸ ਕਰਨ ਦੇ ਐਲਾਨ ਨੂੰ ਸਾਹਵੇਂ ਰਖਦਿਆਂ ਭਿੰਡਰਾਂ-ਮਹਿਤਾ ਜਥਾ ਨੇ ਨੀਂਹ ਪੱਥਰ ਰੱਖਣ ਦਾ ਦਿਨ 14 ਤੋਂ 16 ਫ਼ਰਵਰੀ 'ਤੇ ਮੁਲਤਵੀ ਕਰ ਦਿੱਤਾ। ਇਸ ਨਾਲ ਯਕੀਨੀ ਤੌਰ 'ਤੇ ਟਕਰਾਅ ਹੋਣ ਦੀ ਆਸ ਸੀ।

16 ਫ਼ਰਵਰੀ ਨੂੰ ਟਕਰਾਅ ਤੋਂ ਬਚਾਅ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ ਅਖੌਤੀ ਸਰਬਤ ਖਾਲਸਾ ਕਾਨਫ਼ਰੰਸ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕਰਨ ਦੀ ਥਾਂ ਅਨੰਦਪੁਰ ਸਾਹਿਬ 'ਚ ਕਰਨ ਦਾ ਐਲਾਨ ਕਰ ਦਿੱਤਾ। 16 ਫ਼ਰਵਰੀ 1986 ਦੇ ਇਕੱਠ ਨੂੰ ਸਹੀ ਠਹਿਰਾਉਣ ਅਤੇ ਆਪਣੀ ਪੁਜ਼ੀਸ਼ਨ ਸਾਫ਼ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਗ੍ਰੰਥੀਆਂ ਵੱਲੋਂ 'ਸਪੱਸ਼ਟੀਕਰਨ' ਵੀ ਜਾਰੀ ਕਰਵਾਇਆ। 11 ਫ਼ਰਵਰੀ 1986 ਨੂੰ ਜਾਰੀ ਹੋਇਆ ਇਹ ਬਿਆਨ ਇੰਵ ਸੀ :

16 ਫ਼ਰਵਰੀ, 1986 ਦਾ ਸਰਬਤ ਖਾਲਸਾ ਸਮਾਗਮ
ਖ਼ਾਲਸੇ ਦੇ ਜਨਮ ਅਸਥਾਨ ਤਖ਼ਤ ਕੇਸਗੜ੍ਹ ਸਾਹਿਬ ਵਿਖੇ
ਕਿਉਂ ?

ਅੱਜ ਮਿਤੀ 11 ਫ਼ਰਵਰੀ, 1986 ਨੂੰ ਤਖ਼ਤ ਕੇਸਗੜ੍ਹ ਸਾਹਿਬ ਦੇ ਪਾਵਨ ਅਸਥਾਨ 'ਤੇ ਇਕੱਤਰ ਹੋ ਕੇ ਅਸੀਂ ਸਰਬਤ ਖਾਲਸਾ ਸਮਾਗਮ ਸੱਦਣ ਉਪਰੰਤ ਜੋ ਚਿੰਤਾ-ਜਨਕ ਹਾਲਾਤ ਪੈਦਾ ਹੋਏ, ਉਸ ਉੱਤੇ ਦੀਰਘ ਵਿਚਾਰ ਕੀਤੀ। ਅਸੀਂ ਸਰਬਤ ਖਾਲਸਾ ਸਮਾਗਮ ਸੱਦਣ ਦਾ ਫ਼ੈਸਲਾ ਇਸ ਮੰਤਵ ਨਾਲ ਕੀਤਾ ਸੀ ਕਿ ਪੰਥ ਵਿਚ ਪਈ ਦੁਬਿਧਾ ਦੂਰ ਹੋਵੇ ਅਤੇ ਕੁਝ ਵਿਅਕਤੀਆਂ ਵੱਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਕਰ, ਸਾਂਝੀ ਪੰਥਕ ਮਰਿਆਦਾ ਤੋੜ, ਜੋ ਆਪ-ਹੁਦਰੇ ਫ਼ੈਸਲੇ ਕਰ ਸਿੱਖ ਕੌਮ ਵਿਚ ਭਰਾ-ਮਾਰੂ ਜੰਗ ਕਰਨ ਦੀ ਸਾਜ਼ਿਸ਼ ਰਚੀ, ਉਸ ਸਬੰਧੀ ਸਮੁੱਚੀ ਸਿੱਖ ਕੌਮ ਦੇ ਪ੍ਰਤੀਨਿਧ ਰਲ-ਮਿਲ ਬਹਿ ਪਰਸਪਰ ਵਿਚਾਰਾਂ ਨਾਲ ਪੰਥਕ ਏਕਤਾ ਤੇ ਸ਼ਕਤੀ ਮਜ਼ਬੂਤ ਕਰਨ ਦਾ ਸਫਲ ਉਪਰਾਲਾ ਕਰ ਸਕਣ।

ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵੱਲੋਂ ਸਾਡੇ ਵੱਲੋਂ ਸੱਦੇ ਸਰਬਤ ਖਾਲਸਾ ਸਮਾਗਮ ਵਿਚ ਸ਼ਾਮਿਲ ਹੋਣ ਲਈ ਜੋ ਉਤਸ਼ਾਹ ਭਰਪੂਰ ਹੁੰਗਾਰਾ ਮਿਲਿਆ, ਉਸ ਤੋਂ ਡਰ ਕੇ ਪੰਥ ਦੋਖੀ ਤਾਕਤਾਂ ਨੇ ਸਿੱਖ ਕੌਮ ਵਿਚ ਦਹਿਸ਼ਤ ਫੈਲਾਉਣ ਲਈ ਕਤਲੋ-ਗ਼ਾਰਤ ਸ਼ੁਰੂ ਕਰ ਦਿੱਤੀ। ਪੰਥਕ ਲੋਕ ਰਾਇ ਦੀ ਕਚਹਿਰੀ ਵਿਚ ਆਪਣੀ ਪ੍ਰਤੱਖ ਹਾਰ ਦੇਖਦਿਆਂ ਹੋਇਆਂ ਸਰਬਤ ਖਾਲਸਾ ਸਮਾਗਮ ਤੋਂ ਸੰਗਤਾਂ ਨੂੰ ਰੋਕਣ ਲਈ ਪੰਥ ਸੇਵਕ ਅੰਮ੍ਰਿਤਧਾਰੀ ਸਿੰਘਾਂ ਦੇ ਪਰਿਵਾਰਾਂ ਅਤੇ ਘਰਾਂ ਉੱਤੇ ਹਮਲੇ ਕੀਤੇ ਅਤੇ ਮਾਸੂਮ ਭੁਝੰਗੀਆਂ ਅਤੇ ਸਿੰਘਾਂ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ। ਦਰਬਾਰ ਸਾਹਿਬ ਸਮੂਹ ਵਿਚ ਦਹਿਸ਼ਤ ਅਤੇ ਹਿੰਸਾ ਦਾ ਵਾਤਾਵਰਣ ਪੈਦਾ ਕਰ ਸਿੱਖ ਸੰਗਤਾਂ ਦੇ 16 ਫ਼ਰਵਰੀ, 1986 ਨੂੰ ਹੋਣ ਵਾਲੇ ਇਕੱਠ ਵਿਚ ਹਮਲਾ ਕਰਨ ਦੇ ਮਨਸੂਬੇ ਬਣਾਏ ਤਾਂ ਜੋ ਸਿੱਖ ਸੰਗਤਾਂ ਨੂੰ ਇਕੱਤਰ ਹੋਣ ਤੋਂ ਰੋਕਿਆ ਜਾ ਸਕੇ। ਇਸ ਸਬੰਧੀ ਅਨੇਕ ਪੰਥ ਹਿਤੈਸ਼ੀਆਂ ਨੇ ਪੱਤਰਾਂ ਅਤੇ ਸੁਨੇਹਿਆਂ ਰਾਹੀਂ ਚਿੰਤਾ ਪ੍ਰਗਟਾਈ ਅਤੇ ਸਰਬਤ ਖਾਲਸਾ ਸਮਾਗਮ ਮੁਲਤਵੀ ਕਰਨ ਜਾਂ ਅਸਥਾਨ ਬਦਲੀ ਕਰਨ ਸਬੰਧੀ ਬੇਨਤੀ ਕੀਤੀ।

ਉਪਰੋਕਤ ਗੰਭੀਰ ਅਤੇ ਚਿੰਤਾਜਨਕ ਸੰਕਟ ਨੂੰ ਟਾਲਣ ਲਈ ਦੀਰਘ ਵਿਚਾਰਾਂ ਉਪਰੰਤ ਅਸੀਂ ਇਸ ਨਤੀਜੇ 'ਤੇ ਪੁੱਜੇ ਕਿ ਸਰਬਤ ਖਾਲਸਾ ਸਮਾਗਮ ਅਤਿ ਜ਼ਰੂਰੀ ਹੈ, ਇਸ ਲਈ ਮੁਲਤਵੀ ਨਹੀਂ ਕੀਤਾ ਜਾ ਸਕਦਾ ਅਤੇ ਇੱਕੋ ਇਕ ਰਾਹ ਸਮਾਗਮ ਦਾ ਅਸਥਾਨ ਬਦਲੀ ਕਰਨਾ ਹੈ, ਤਾਂ ਜੋ ਸਿੱਖਾਂ ਦਾ ਖ਼ੂਨ ਅਜਾਈਂ ਡੁਲ੍ਹਣੋਂ ਰੋਕਿਆ ਜਾ ਸਕੇ। ਗੁਰ-ਇਤਿਹਾਸ ਗਵਾਹ ਹੈ ਕਿ ਜਦੋਂ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਪ੍ਰਵੇਸ਼ ਕਰਨ ਤੋਂ ਕੁਝ ਮਨਮਤੀਆਂ ਨੇ ਰੋਕਿਆ ਤਾਂ ਆਪਸੀ ਟਕਰਾ ਟਾਲਣ ਲਈ ਗੁਰੂ ਸਾਹਿਬ ਬਾਹਰੋਂ ਹੀ ਨਮਸਕਾਰ ਕਰ ਵਾਪਿਸ ਆ ਗਏ।

ਅੱਜ ਅਸੀਂ ਫ਼ੈਸਲਾ ਕੀਤਾ ਹੈ ਕਿ ਸਰਬਤ ਖਾਲਸਾ ਸਮਾਗਮ ਪਹਿਲਾਂ ਮਿਥੀ ਤਿਥੀ ਅਨੁਸਾਰ 16 ਫ਼ਰਵਰੀ, 1986 ਨੂੰ ਸਵੇਰੇ 11 ਵਜੇ ਖਾਲਸਾ ਪੰਥ ਦੇ ਪ੍ਰਕਾਸ਼ ਅਸਥਾਨ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਪਾਵਨ ਤਖ਼ਤ ਕੇਸਗੜ੍ਹ ਅਨੰਦਪੁਰ ਸਾਹਿਬ ਵਿਖੇ ਹੋਵੇਗਾ, ਤਾਂ ਜੋ ਖਾਲਸਾ ਪੰਥ ਦਾ ਇਹ ਮਹਾਨ ਸਮਾਗਮ ਨਿਰਵਿਘਨਤਾ ਸਹਿਤ ਸੰਪੂਰਨ ਹੋਵੇ, ਭਰਾ-ਮਾਰੂ ਜੰਗ ਰੋਕੀ ਜਾ ਸਕੇ ਅਤੇ ਪੰਥ ਦੀ ਏਕਤਾ ਤੇ ਸ਼ਕਤੀ ਨੂੰ ਪਰਪੱਕ ਕੀਤਾ ਜਾ ਸਕੇ। ਸਮੂਹ ਖਾਲਸਾ ਜੀ ! ਹਰ ਪਿੰਡ, ਨਗਰ ਅਤੇ ਸ਼ਹਿਰ ਵਿੱਚੋਂ ਜਥੇ ਬੰਨ੍ਹ ਅਨੰਦਪੁਰ ਸਾਹਿਬ ਵਹੀਰਾਂ ਘੱਤ ਦਿਉ; ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ ਪੁੱਜੋ ਤਾਂ ਜੋ 'ਪੰਥ ਤੇਰੇ ਦੀਆਂ ਗੂੰਜਾਂ' ਚਹੁੰ ਕੁੰਟੀ ਪੈਣ ਅਤੇ ਪੰਥ ਖਾਲਸਾ ਦੀ ਚੜ੍ਹਦੀ ਕਲਾ ਹੋਵੇ।

ਜਿਵੇਂ 26 ਜਨਵਰੀ ਨੂੰ ਭਿੰਡਰਾਂ-ਮਹਿਤਾ ਜਥੇ ਨੇ ਆਪਣਾ ਸਰਬਤ ਖਾਲਸਾ ਦੀਵਾਨ ਕੀਤਾ ਸੀ, ਉਹੋ ਜਿਹਾ ਦੀਵਾਨ ਹੀ 16 ਫ਼ਰਵਰੀ ਨੂੰ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਵਿਚ ਕਰ ਲਿਆ। ਇਸ ਦੀਵਾਨ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ

ਸ਼੍ਰੋਮਣੀ ਕਮੇਟੀ ਪ੍ਰਧਾਨਗੀ ਛੱਡਣ ਦਾ ਐਲਾਨ ਕਰ ਦਿੱਤਾ। ਇਸ ਮੌਕੇ 'ਤੇ **ਪਰਕਾਸ਼ ਸਿੰਘ ਬਾਦਲ ਨੇ ਤਕਰੀਰ ਕਰਦਿਆਂ ਖ਼ਬਰਦਾਰ ਕੀਤਾ ਕਿ ਖਾੜਕੂਆਂ ਨੂੰ ਦਰਬਾਰ ਸਾਹਿਬ 'ਚੋਂ ਕੱਢਣ ਵਾਸਤੇ ਪੁਲੀਸ ਭੇਜਣ ਦੀ ਕਾਰਵਾਈ ਇਕ ਗ਼ਲਤ ਹਰਕਤ ਹੋਵੇਗੀ।** ਇਸ ਦੀਵਾਨ ਨੇ ਮਤਾ ਪਾਸ ਕੀਤਾ ਕਿ ਸ਼੍ਰੋਮਣੀ ਕਮੇਟੀ ਖਾੜਕੂਆਂ ਤੋਂ ਦਰਬਾਰ ਸਾਹਿਬ ਨੂੰ ਹਰ ਹਾਲਤ ਵਿਚ ਖ਼ਾਲੀ ਕਰਵਾਵੇਗੀ।

ਉਧਰ 16 ਫ਼ਰਵਰੀ, ਦਿਨ ਦੇ 11 ਵਜੇ, ਬਾਬਾ ਉਤਮ ਸਿੰਘ, ਬਾਬਾ ਜਗਤਾਰ ਸਿੰਘ, ਬਾਬਾ ਦੀਵਾਨ ਸਿੰਘ, ਭਾਈ ਮੋਹਕਮ ਸਿੰਘ ਦੇ ਬਾਬਾ ਜੋਗਿੰਦਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਨਵੀਂ ਈਮਾਰਤ ਦਾ ਨੀਂਹ ਪੱਥਰ ਰੱਖਿਆ। ਬਾਬਾ ਠਾਕੁਰ ਸਿੰਘ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ। ਅਜਿਹਾ ਜਾਪਦਾ ਸੀ ਕਿ ਖਾੜਕੂਆਂ ਵਿਚ ਵੀ ਇਕਸੁਰਤਾ ਨਹੀਂ ਸੀ ਰਹੀ। ਇਸ ਦਾ ਸਬੂਤ 26 ਫ਼ਰਵਰੀ ਨੂੰ ਹੀ ਮਿਲ ਗਿਆ, ਜਦੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਾਬਾ ਜੋਗਿੰਦਰ ਸਿੰਘ ਦੇ ਅਕਾਲੀ ਦਲ ਨਾਲੋਂ ਨਾਤਾ ਤੋੜਨ ਦਾ ਐਲਾਨ ਕਰ ਦਿੱਤਾ।

ਜਿਉਂ-ਜਿਉਂ ਖਾੜਕੂ ਆਪਣੀ ਥਾਂ ਬਣਾਉਂਦੇ ਜਾ ਰਹੇ ਸਨ, ਤਿਉਂ-ਤਿਉਂ ਹੀ ਬਰਨਾਲਾ ਸਿੱਖ ਨੌਜਵਾਨਾਂ 'ਤੇ ਵੱਧ ਜ਼ੁਲਮ ਕਰਦਾ ਜਾ ਰਿਹਾ ਸੀ। ਹਾਲਾਂਕਿ ਰਾਜੀਵ ਗਾਂਧੀ ਨੇ ਬਰਨਾਲੇ ਨੂੰ ਠਿੱਠ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਹੋਰ ਤਾਂ ਹੋਰ 26 ਜਨਵਰੀ 1986 ਦੇ ਦਿਨ ਪੰਜਾਬ ਨੂੰ ਚੰਡੀਗੜ੍ਹ ਦੇਣ ਦੀ 'ਰਾਜੀਵ-ਲੌਂਗੋਵਾਲ ਸਮਝੌਤਾ' ਦੀ ਨਿਗੂਣੀ-ਜਿਹੀ ਮਦ ਨੂੰ ਪੂਰੀ ਨਹੀਂ ਸੀ ਕੀਤੀ ਗਈ। ਇਸ ਮੌਕੇ 'ਤੇ ਬਰਨਾਲੇ ਵਲੋਂ ਸੈਂਟਰ ਦੇ ਧੰਨਵਾਦ ਲਈ ਛਪਵਾਏ ਵੱਡੇ-ਵੱਡੇ ਸਾਈਜ਼ ਦੇ ਲੱਖਾਂ ਪੋਸਟਰ ਪਏ ਰਹਿ ਗਏ। ਇਸ ਬੇਇਜ਼ਤੀ ਦੇ ਬਾਵਜੂਦ ਬਰਨਾਲਾ ਰਾਜੀਵ ਨੂੰ ਖ਼ੁਸ਼ ਕਰਨ ਦੀ ਖ਼ਾਹਿਸ਼ ਨਾਲ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰੀ ਜਾ ਰਿਹਾ ਸੀ। ਪੁਲੀਸ ਵਲੋਂ ਦਰਜਨਾਂ ਨੌਜਵਾਨ ਕਤਲ ਕੀਤੇ ਜਾ ਚੁੱਕੇ ਸਨ ਤੇ ਕੀਤੇ ਜਾ ਰਹੇ ਸਨ। (ਪੁਲੀਸ ਵਲੋਂ 2 ਫ਼ਰਵਰੀ ਨੂੰ ਨਕੋਦਰ 'ਚ ਚਾਰ, 21 ਮਾਰਚ ਨੂੰ ਚੰਡੀਗੜ੍ਹ 'ਚ 10, 25 ਮਾਰਚ ਨੂੰ ਅਨੰਦਪੁਰ ਸਾਹਿਬ 'ਚ 15 ਸਿੱਖ ਮਾਰੇ ਜਾ ਚੁੱਕੇ ਸਨ)। ਇਸ ਤੋਂ ਇਲਾਵਾ ਹਿੰਦੂ ਦਹਿਸ਼ਤਗਰਦਾਂ ਨੇ ਵੀ ਕਈ ਥਾਂਈਂ ਸਿੱਖਾਂ 'ਤੇ ਹਮਲੇ ਕਰ ਕੇ ਸਿੱਖਾਂ ਨੂੰ ਕਤਲ ਤੇ ਜ਼ਖ਼ਮੀ ਕੀਤਾ ਸੀ।

ਸੁਰਜੀਤ ਬਰਨਾਲਾ ਨੇ ਏਥੇ ਹੀ ਬਸ ਨਹੀਂ ਕੀਤੀ। ਉਸ ਨੇ ਇਕ 'ਬੁੱਚੜ' ਜਾਣੇ ਜਾਂਦੇ ਪੁਲੀਸ ਅਫ਼ਸਰ ਜੂਲੀਓ ਰਬੈਰੋ ਨੂੰ 28 ਮਾਰਚ 1986 ਨੂੰ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ। ਉਸ ਨੇ ਆਉਂਦਿਆਂ ਹੀ ਖਾੜਕੂਆਂ ਵਿਚ ਦਹਿਸ਼ਤ ਫੈਲਾਣ ਵਾਸਤੇ ਪਹਿਲੇ ਦਿਨ ਹੀ 15 ਨੌਜਵਾਨ ਘਰਾਂ 'ਚੋਂ ਫੜ ਕੇ ਮਾਰ ਦਿੱਤੇ। ਹੁਣ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ। ਰਬੈਰੋ ਨੇ 10 ਅਪਰੈਲ ਨੂੰ ਇਕ ਬਿਆਨ ਵਿਚ ਐਲਾਨ ਕੀਤਾ ਕਿ **ਮੈਂ ਖਾੜਕੂਆਂ ਨੂੰ ਗ੍ਰਿਫ਼ਤਾਰ ਨਹੀਂ ਕਰਾਂਗਾ ਅਤੇ "ਗੋਲੀ ਦਾ ਜਵਾਬ ਗੋਲੀ 'ਚ ਦਿੱਤਾ ਜਾਵੇਗਾ।"** ਸਰਦਾਰ ਮਨਜੀਤ ਸਿੰਘ ਕਲਕਤਾ ਅਤੇ ਹੋਰ ਅਕਾਲੀ ਆਗੂਆਂ (ਜੋ ਅਜੇ ਬਰਨਾਲਾ ਦਲ ਦੇ ਨਾਲ ਸਨ) ਨੇ ਇਸ ਬਿਆਨ ਦੀ ਜ਼ਬਰਦਸਤ ਨਿੰਦਾ ਕੀਤੀ। ਪਰ, ਇਸ ਦੇ ਬਾਵਜੂਦ ਬਰਨਾਲਾ ਨੇ ਰਬੈਰੋ ਵਲੋਂ ਕੀਤੇ ਜਾ ਰਹੇ ਕਤਲਾਂ ਦੀ ਹਿਮਾਇਤ ਜਾਰੀ ਰਖੀ।

ਇਸ ਮਾਹੌਲ ਵਿਚ ਭਿੰਡਰਾਂ-ਮਹਿਤਾ ਜਥਾ ਨੇ 13 ਅਪਰੈਲ 1986 ਦੇ ਦਿਨ

ਸਰਬਤ ਖਾਲਸਾ ਦੇ ਨਾਂ 'ਤੇ ਇਕ ਕਾਨਫ਼ਰੰਸ ਕਰਨ ਦਾ ਐਲਾਨ ਕਰ ਦਿੱਤਾ। 11 ਅਪਰੈਲ ਨੂੰ ਬਰਨਾਲਾ ਤੇ ਬਲਵੰਤ ਸਿੰਘ ਨੇ ਕਿਹਾ ਕਿ "ਪੁਲੀਸ ਹਾਲਾਤ ਮੁਤਾਬਿਕ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਸਕਦੀ ਹੈ।" ਇਸੇ ਦਿਨ ਰਬੈਰੋ ਨੇ ਕਿਹਾ ਕਿ "ਦਰਬਾਰ ਸਾਹਿਬ 'ਚ ਸੁਖਦੇਵ ਸਿੰਘ ਸਖੀਰਾ, ਸੁਖਦੇਵ ਸਿੰਘ ਸੁਖਾ, ਗੁਰਬਚਨ ਸਿੰਘ ਮਾਨੋਚਾਹਲ, ਜਰਨੈਲ ਸਿੰਘ, ਮਨਬੀਰ ਸਿੰਘ, ਵਸਣ ਸਿੰਘ, ਧੰਨਾ ਸਿੰਘ ਬੈਠੇ ਹਨ ਅਤੇ ਇਹ ਸਾਰੇ ਸਾਡੀ ਹਿੱਟ ਲਿਸਟ 'ਤੇ ਹਨ।" 12 ਅਪਰੈਲ ਨੂੰ ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਸਾਰੇ ਪਾਸੇ ਰੋਕਾਂ ਖੜ੍ਹੀਆਂ ਕਰ ਦਿੱਤੀਆਂ।

13 ਅਪਰੈਲ 1986 ਦੇ ਦਿਨ ਭਿੰਡਰਾਂ-ਮਹਿਤਾ ਜਥੇ ਨੇ ਆਪਣਾ 'ਸਰਬਤ ਖਾਲਸਾ' ਦੀਵਾਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਕੀਤਾ। ਇਸ ਜਲਸੇ ਵਿਚ ਯੂ.ਐਨ.ਓ. ਤੋਂ ਮੰਗ ਕੀਤੀ ਗਈ ਕਿ ਜੂਨ ਤੇ ਨਵੰਬਰ 1984 ਵਿਚ ਹਜ਼ਾਰਾਂ ਸਿੱਖਾਂ ਦੇ ਕਤਲਾਂ ਦੇ ਸਬੰਧ ਵਿਚ ਇੰਦਰਾ ਗਾਂਧੀ, ਜ਼ੈਲ ਸਿੰਘ, ਰਾਜੀਵ ਗਾਂਧੀ, ਨਰਸਿੰਮ੍ਹਾ ਰਾਓ, ਵੈਦਯ, ਸੁੰਦਰਜੀ ਵਗ਼ੈਰਾ ਤੇ ਕੌਮਾਂਤਰੀ ਅਦਾਲਤ ਵਿਚ ਮੁਕਦਮਾ ਚਲਾਇਆ ਜਾਵੇ। ਇਕ ਹੋਰ ਮਤੇ ਵਿਚ ਪੰਥ ਨੂੰ ਖਾਲਸੇ ਦੀ ਆਜ਼ਾਦ ਹਸਤੀ ਵਾਸਤੇ ਜੂਝਣ ਦੀ ਅਪੀਲ ਕੀਤੀ ਗਈ।

ਪੰਥਕ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ 'ਚ ਝਗੜਾ

13 ਅਪਰੈਲ ਨੂੰ 'ਸਰਬਤ ਖਾਲਸਾ' ਇਕੱਠ ਪੰਥਕ ਕਮੇਟੀ ਦੇ ਥਾਪੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੇ ਬੁਲਾਇਆ ਸੀ। ਇਸ ਸਬੰਧ ਵਿਚ ਉਸ ਨੇ 'ਪੰਥਕ ਕਮੇਟੀ' ਨਾਲ ਮਸ਼ਵਰਾ ਨਹੀਂ ਕੀਤਾ ਸੀ। ਇਸ 'ਤੇ ਵਸਣ ਸਿੰਘ ਜ਼ਫ਼ਰਵਾਲ (ਮੈਂਬਰ 'ਪੰਥਕ ਕਮੇਟੀ') ਨੇ ਇਕ ਬਿਆਨ ਜਾਰੀ ਕਰਦਿਆਂ ਆਖਿਆ ਕਿ ਪੰਥਕ ਕਮੇਟੀ ਸਭ ਤੋਂ 'ਸੁਪਰੀਮ' ਹੈ। ਭਾਈ ਗੁਰਦੇਵ ਸਿੰਘ ਕਾਉਂਕੇ ਨੇ ਇਸ ਦਾ ਜਵਾਬ ਦੇਂਦਿਆਂ ਆਖਿਆ ਸੀ ਕਿ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ 'ਪੰਥਕ ਕਮੇਟੀ' ਤੋਂ 'ਸੁਪਰੀਮ' ਹੈ। ਇਸ ਸਬੰਧ ਵਿਚ ਚਰਚਾ ਕਾਫ਼ੀ ਦੇਰ ਚਲਦੀ ਰਹੀ। ਵਸਣ ਸਿੰਘ ਨੇ ਭਾਈ ਗੁਰਦੇਵ ਸਿੰਘ ਦੇ ਖ਼ਿਲਾਫ਼ ਕਾਫ਼ੀ ਬਿਆਨਬਾਜ਼ੀ ਕੀਤੀ। ਇਸ 'ਤੇ ਉਸ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਗਿਆ। ਪਹਿਲਾਂ ਤਾਂ ਉਹ ਮੁਕਰ ਗਿਆ ਕਿ ਮੈਂ ਬਿਆਨ ਦਿੱਤੇ ਹੀ ਨਹੀਂ, ਪਰ ਜਦੋਂ ਉਸ ਨੂੰ ਅਖ਼ਬਾਰਾਂ ਦਿਖਾਈਆਂ ਗਈਆਂ ਤਾਂ ਉਹ ਮੰਨ ਗਿਆ। ਇਸ ਤੋਂ ਬਾਅਦ ਉਸ ਨੂੰ ਤਨਖ਼ਾਹ ਲਾਈ ਗਈ। ਭਾਵੇਂ ਇਸ ਮਗਰੋਂ ਇਕ ਵਾਰ ਇਹ ਮਸਲਾ ਹੱਲ ਹੋ ਗਿਆ, ਪਰ ਖਾੜਕੂਆਂ ਵਿਚੋਂ ਅੰਦਰੋਂ-ਅੰਦਰੀ ਫੁੱਟ ਪੈ ਚੁੱਕੀ ਸੀ। ਉਨ੍ਹਾਂ ਵਿਚ ਟੈਂਅ ਦਿਖਾਉਣ, ਦਬਕਾ ਕਾਇਮ ਕਰਨ ਤੇ ਤਾਕਤ ਹੱਥ ਵਿਚ ਰੱਖਣ ਦੀ ਹਵਸ ਤੇ ਹੈਂਕੜ ਦਿਨ-ਬ-ਦਿਨ ਵਧਦੀ ਜਾ ਰਹੀ ਸੀ।

ਖਾਲਿਸਤਾਨ ਦਾ ਐਲਾਨ

29 ਅਪਰੈਲ 1986 ਦੇ ਦਿਨ, ਭਿੰਡਰਾਂ-ਮਹਿਤਾ ਜਥਾ ਦੇ ਹਿਮਾਇਤੀ ਖਾੜਕੂਆਂ ਵਲੋਂ ਬਣਾਈ ਗਈ, ਪੰਜ ਮੈਂਬਰੀ ਪੰਥਕ ਕਮੇਟੀ ਨੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ 'ਖਾਲਿਸਤਾਨ' ਦੀ ਆਜ਼ਾਦੀ ਦਾ ਐਲਾਨ ਕਰ ਦਿੱਤਾ ਗਿਆ। ਉਨ੍ਹਾਂ ਵਲੋਂ ਇਕ ਪੰਜ-ਮੈਂਬਰੀ ਵਜ਼ਾਰਤ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਪਰ ਇਨ੍ਹਾਂ ਦੇ ਨਾਂ ਨਹੀਂ

ਸਨ ਦੱਸੇ ਗਏ। ਖਾਲਿਸਤਾਨ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ ਇਸ ਮੁਲਕ ਦੀ ਰਾਜਧਾਨੀ ਦਿੱਲੀ ਹੋਵੇਗੀ। ਐਲਾਨ ਵਿਚ ਇਹ ਵੀ ਕਿਹਾ ਗਿਆ ਕਿ "ਪੰਜਾਬ ਵਿਚ ਸਿੰਘਾਂ ਉੱਤੇ ਤਸ਼ੱਦਦ ਦਾ ਬੇਮੁਹਾਰਾ ਦੌਰ ਸ਼ੁਰੂ ਹੋ ਗਿਆ ਹੈ। ਅਣਗਿਣਤ ਸਿੰਘ ਘਰਾਂ 'ਚੋਂ ਫੜ ਕੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾ ਚੁੱਕੇ ਹਨ।" ਉਨ੍ਹਾਂ ਆਖਿਆ ਕਿ ਪੁਲੀਸ ਵਲੋਂ ਮਾਰਿਆ ਗਿਆ ਹਰ ਇਕ ਸਿੱਖ ਖਾਲਿਸਤਾਨ ਦਾ ਸ਼ਹੀਦ ਹੋਵੇਗਾ। ਉਨ੍ਹਾਂ 'ਖਾਲਿਸਤਾਨ ਕਮਾਂਡੋ ਫ਼ੋਰਸ' ਦੀ ਕਾਇਮੀ ਦਾ ਐਲਾਨ ਵੀ ਕੀਤਾ ਤੇ ਕਿਹਾ ਕਿ ਇਹ ਕਮਾਂਡੋ ਫ਼ੌਜ ਖਾਲਿਸਤਾਨ ਦੀ ਫ਼ੌਜ ਦੇ ਧੁਰੇ ਵਜੋਂ ਕੰਮ ਕਰੇਗੀ। ਨਵੀਂ ਸਰਕਾਰ ਨੇ ਐਲਾਨ ਕੀਤਾ ਕਿ ਖਾਲਿਸਤਾਨ ਦੀ ਨੀਂਹ ਤਾਂ 4 ਜੂਨ 1984 ਦੇ ਦਿਨ ਸਵੇਰੇ 4 ਵਜ ਕੇ 40 ਮਿੰਟ 'ਤੇ ਰੱਖੀ ਗਈ ਸੀ। ਦਸ ਸਫ਼ਿਆਂ ਦਾ ਇਹ ਐਲਾਨ ਗੁਰੂ ਨਾਨਕ ਨਿਵਾਸ ਤੋਂ ਜਾਰੀ ਕੀਤਾ ਗਿਆ।

ਖਾਲਿਸਤਾਨ ਸਰਕਾਰ ਦਾ ਐਲਾਨ ਕਰਨ ਮਗਰੋਂ ਪੰਥਕ ਕਮੇਟੀ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਵਿਚੋਂ ਚਲੇ ਗਏ ਤੇ ਛੇਤੀ ਹੀ ਦੂਰ-ਦੁਰਾਡੇ ਇਲਾਕਿਆਂ ਵਿਚ ਪਹੁੰਚ ਗਏ। ਜਦੋਂ ਪੰਜਾਬ ਦੇ ਚੀਫ਼ ਮਨਿਸਟਰ ਨੂੰ ਖਾਲਿਸਤਾਨ ਦੇ ਐਲਾਨ ਦੀ ਖ਼ਬਰ ਮਿਲੀ ਤਾਂ ਉਸ ਨੇ ਵਜ਼ਾਰਤ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਉਸ ਨੇ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੀ ਤਜਵੀਜ਼ ਰਖੀ। ਬਰਨਾਲੇ ਨੂੰ ਕੁਝ ਵਜ਼ੀਰਾਂ ਨੇ ਦਸਿਆ ਕਿ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਦਰਬਾਰ ਸਾਹਿਬ 'ਚੋਂ ਜਾ ਚੁੱਕੇ ਹਨ, ਇਸ ਕਰ ਕੇ ਇਹ ਹਰਕਤ ਨਹੀਂ ਕਰਨੀ ਚਾਹੀਦੀ। ਪੰਜਾਬ ਪੁਲੀਸ ਦੇ ਆਈ.ਜੀ. ਦੇ ਵੀ ਇਹੀ ਵਿਚਾਰ ਸਨ।[6] ਇਸ ਮਗਰੋਂ ਬਰਨਾਲਾ ਰਾਜੀਵ ਗਾਂਧੀ ਦੇ ਦਰਬਾਰ ਵਿਚ ਹਾਜ਼ਿਰ ਹੋ ਗਿਆ। ਬਰਨਾਲਾ ਪਹਿਲਾਂ ਵੀ ਰਾਜੀਵ ਨੂੰ ਖ਼ੁਸ਼ ਕਰਨ ਵਾਸਤੇ ਕਈ ਵਾਰ ਦਰਬਾਰ ਸਾਹਿਬ ਵਿਚ ਪੁਲੀਸ ਭੇਜ ਚੁੱਕਾ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਵੀ ਕਰਵਾ ਚੁੱਕਾ ਸੀ ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ 'ਚ ਡੱਕੀ ਬੈਠਾ ਸੀ। ਪਰ ਦੂਜੇ ਪਾਸੇ 26 ਜਨਵਰੀ ਨੂੰ ਰਾਜੀਵ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਨਾਂਹ ਕਰ ਕੇ ਬਰਨਾਲੇ ਨੂੰ ਬੁਰੀ ਤਰ੍ਹਾਂ ਜ਼ਲੀਲ ਕਰ ਚੁੱਕਾ ਸੀ। ਇਸ ਦੇ ਬਾਵਜੂਦ ਬਰਨਾਲਾ ਇਕ ਬੇਗ਼ੈਰਤ ਸ਼ਖ਼ਸ ਵਾਂਗ ਰਾਜੀਵ ਗਾਂਧੀ ਦਾ ਝਾੜੂ-ਬਰਦਾਰ ਬਣਿਆ ਹੋਇਆ ਸੀ। 29 ਤਾਰੀਖ਼ ਦੀ ਰਾਤ ਨੂੰ ਉਸ ਨੂੰ ਦਿਲੀ ਦਰਬਾਰ ਨੇ ਹੁਕਮ ਦਿੱਤਾ ਕਿ ਦਰਬਾਰ 'ਤੇ ਹਮਲਾ ਕੀਤਾ ਜਾਵੇ। ਦਰਅਸਲ ਰਾਜੀਵ 4 ਜੂਨ 1984 ਦਾ ਫ਼ੌਜੀ ਹਮਲਾ ਹੱਕ-ਬਜਾਨਬ ਸਾਬਿਤ ਕਰਨ ਵਾਸਤੇ ਇਕ ਪਗੜੀਧਾਰੀ, ਅਖੌਤੀ-ਅਕਾਲੀ, ਸੁਰਜੀਤ ਬਰਨਾਲੇ ਹੱਥੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣਾ ਚਾਹੁੰਦਾ ਸੀ।

29-30 ਅਪਰੈਲ ਦੀ ਅੱਧੀ ਰਾਤ ਵੇਲੇ ਸੁਰਜੀਤ ਬਰਨਾਲਾ ਦਿੱਲੀ ਤੋਂ ਬੀ.ਐਸ.ਐਫ਼. ਦੇ ਸਪੈਸ਼ਲ ਜਹਾਜ਼ 'ਤੇ ਅੰਮ੍ਰਿਤਸਰ ਭੇਜਿਆ ਗਿਆ। ਉਸ ਨੂੰ ਇਕੱਲਾ ਨਹੀਂ ਭੇਜਿਆ ਗਿਆ ਤਾਂ ਜੋ ਕਿਤੇ ਕੋਈ ਸ਼ਖ਼ਸ ਉਸ ਦਾ ਇਰਾਦਾ ਹੀ ਨਾ ਬਦਲਾ ਦੇਵੇ। ਉਸ ਦੇ ਨਾਲ ਅਰੁਣ ਸਿੰਘ ਅਤੇ ਅਰਜਨ ਸਿੰਘ ਵੀ ਉਸੇ ਸਪੈਸ਼ਲ ਜਹਾਜ਼ ਵਿਚ ਭੇਜੇ ਗਏ। ਉਨ੍ਹਾਂ ਨੇ ਚਲਣ ਤੋਂ ਪਹਿਲਾਂ ਪੁਲੀਸ ਚੀਫ਼ ਰਬੈਰੋ ਨੂੰ ਵੀ ਫ਼ੋਨ ਕਰ ਕੇ ਅਗਲੀ ਸਵੇਰ, 30 ਅਪਰੈਲ ਨੂੰ, ਤੜਕੇ 2 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਣ ਦਾ

---

6. Julio Ribeiro, *Bullet for Bullet*, pp. 284-85.

ਹੁਕਮ ਕੀਤਾ। ਏਅਰ ਪੋਰਟ 'ਤੇ ਬਰਨਾਲੇ ਨੇ ਰਬੈਰੋ ਨੂੰ ਦਸਿਆ ਕਿ ਮੈਂ ਦਰਬਾਰ ਸਾਹਿਬ 'ਚੋਂ ਖਾੜਕੂਆਂ ਨੂੰ ਕੱਢ ਦੇਣਾ ਹੈ। ਰਬੈਰੋ ਨੇ ਬਰਨਾਲੇ ਨੂੰ ਕਿਹਾ ਕਿ ਖਾੜਕੂ ਤਾਂ ਖਾਲਿਸਤਾਨ ਦਾ ਐਲਾਨ ਕਰਨ ਮਗਰੋਂ ਖਿਸਕ ਚੁੱਕੇ ਹਨ ਤੇ ਜੇ ਕੋਈ ਇਕ ਅੱਧ ਬਚਿਆ ਵੀ ਹੈ ਤਾਂ ਉਹ ਫ਼ੌਜ ਤੇ ਪੁਲੀਸ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਖਿਸਕ ਜਾਵੇਗਾ। ਬਰਨਾਲੇ ਨੇ ਰਬੈਰੋ ਦੀ ਗੱਲ ਦੀ ਤਾਈਦ ਕੀਤੀ ਪਰ ਨਾਲ ਹੀ ਕਿਹਾ ਕਿ ਹਮਲਾ ਕਰਨਾ ਜ਼ਰੂਰੀ ਹੈ। ਦਿੱਲੀ ਤੋਂ ਸਪੈਸ਼ਲ ਕਮਾਂਡੋ ਥੋੜ੍ਹੀ ਹੀ ਦੇਰ ਤਕ ਅੰਮ੍ਰਿਤਸਰ ਪਹੁੰਚ ਜਾਣਗੇ।[7]

30 ਮਈ 1986 ਦੇ ਦਿਨ ਸ਼ਾਮ ਦੇ 4 ਵੱਜ ਕੇ 50 ਮਿੰਟ 'ਤੇ ਬੀ.ਐਸ.ਐਫ਼. ਅਤੇ ਸੀ.ਆਰ.ਪੀ.ਐਫ਼. ਦੀਆਂ 25 ਕੰਪਨੀਆਂ ਅਤੇ ਪੰਜਾਬ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਨੇ ਫ਼ੌਜ ਦੇ ਸਪੈਸ਼ਲ ਟਰੇਨ ਕੀਤੇ ਕਮਾਂਡੋਆਂ ਦੀ ਮਦਦ ਨਾਲ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਫ਼ੌਜ ਦੀਆਂ 7 ਕੰਪਨੀਆਂ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਦਾਖ਼ਿਲ ਹੋਈਆਂ। ਇਸ ਦੇ ਨਾਲ ਹੀ 6 ਕੰਪਨੀਆਂ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦਾਖ਼ਿਲ ਹੋ ਗਈਆਂ। 12 ਹੋਰ ਕੰਪਨੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ, ਕਿਉਂਕਿ ਦਰਬਾਰ ਸਾਹਿਬ ਵਿਚ ਇਕ ਵੀ ਖਾੜਕੂ ਨਹੀਂ ਸੀ, ਇਸ ਕਰ ਕੇ ਮੁਕਾਬਲਾ ਤਾਂ ਹੋਣਾ ਹੀ ਨਹੀਂ ਸੀ। ਦਾਖ਼ਿਲ ਹੁੰਦਿਆਂ ਹੀ ਫ਼ੋਰਸਿਜ਼ ਨੇ ਪਰਿਕਰਮਾ, ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਆਲੇ-ਦੁਆਲੇ 200 ਸੱਟਨ ਗਰਨੇਡ ਸੁੱਟੇ, ਜਿਸ ਨਾਲ ਪਰਿਕਰਮਾ ਵਿਚ ਜਗ੍ਹਾ-ਜਗ੍ਹਾ 'ਤੇ ਨੁਕਸਾਨ ਹੋਇਆ। ਕਈ ਜਗ੍ਹਾ ਅੱਗ ਲੱਗ ਗਈ। ਹਰਿਮੰਦਰ ਸਾਹਿਬ ਵਿਚ ਕੀਰਤਨ ਬੰਦ ਹੋ ਗਿਆ। ਫ਼ੋਰਸਿਜ਼ ਨੇ 377 ਸਿੱਖ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਵਿਚ 30 ਔਰਤਾਂ, 25 ਬੰਗਲਾਦੇਸ਼ੀ ਮੁਸਾਫ਼ਿਰ ਅਤੇ 321 ਸਿੱਖ ਮੁਸਾਫ਼ਿਰ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਸਿਰਫ਼ ਇਕ ਸ਼ਖ਼ਸ ਹੀ ਖਾੜਕੂਆਂ ਦਾ ਸਾਥੀ ਸੀ: ਉਹ ਸੀ ਭਾਈ ਗੁਰਦੇਵ ਸਿੰਘ ਕਾਉਂਕੇ, ਜੋ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ। ਉਸ ਨੂੰ ਗਿਆਨੀ ਪੂਰਨ ਸਿੰਘ (ਜਿਸ ਨੂੰ 10 ਫ਼ਰਵਰੀ 1999 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਬਣਾਇਆ ਗਿਆ ਸੀ ਅਤੇ 28 ਮਾਰਚ 2000 ਦੇ ਦਿਨ ਬਰਤਰਫ਼ ਕੀਤਾ ਗਿਆ ਸੀ) ਦੀ ਮਦਦ ਨਾਲ ਅਗਲੇ ਦਿਨ ਤੜਕੇ ਪੰਜ ਵਜੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਬਰਨਾਲੇ ਨੇ ਸਿਰਫ਼ ਦਰਬਾਰ ਸਾਹਿਬ ਹੀ ਨਹੀਂ, ਸਗੋਂ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਦਰਬਾਰ ਸਾਹਿਬ (ਤਰਨ ਤਾਰਨ), ਸਤਿ ਕਰਤਾਰੀਆ ਗੁਰਦੁਆਰਾ (ਬਟਾਲਾ), ਬਾਠ ਸਾਹਿਬ, ਨੌਸ਼ਹਿਰਾ ਮੱਝਾ ਸਿੰਘ, ਦਮਦਮਾ ਸਾਹਿਬ, ਬੁਰਜ ਸਾਹਿਬ, ਕੰਧ ਸਾਹਿਬ, ਰਾਮ ਥੰਮਣ, ਖਜਾਲਾ, ਭੂੰਬਲੀ, ਹਰਿਗੋਬਿੰਦਪੁਰ ਤੇ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ।

ਬਰਨਾਲਾ ਦਲ ਦੋ ਟੋਟੇ

ਅਕਾਲੀ ਪਾਰਟੀ ਦੇ ਕੁਝ ਵਜ਼ੀਰਾਂ ਵਲੋਂ ਇਸ ਐਕਸ਼ਨ ਦੀ ਮੁਖ਼ਾਲਫ਼ਤ ਦੇ ਬਾਵਜੂਦ ਬਰਨਾਲੇ ਨੇ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ। ਉਸ ਵੱਲੋਂ ਹਮਲਾ ਕਰਨ ਦੀ ਹਰਕਤ ਦੇ ਖ਼ਿਲਾਫ਼ ਹਰ ਪਾਸਿਓਂ ਜ਼ਬਰਦਸਤ ਰੋਸ

---

7. Julio Ribeiro, *Bullet for Bullet*, pp. 284-85.

ਹੋਇਆ। ਹੋਰ ਤਾਂ ਹੋਰ ਬਰਨਾਲੇ ਦੇ 27 (ਸਪੀਕਰ ਰਵੀਇੰਦਰ ਸਿੰਘ ਸਣੇ 28) ਐਮ.ਐਲ.ਏ. ਵੀ ਉਸ ਨੂੰ ਛੱਡ ਗਏ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਹਮਲੇ ਦੇ ਖ਼ਿਲਾਫ਼ ਰੋਸ ਦਾ ਇਜ਼ਹਾਰ ਕਰਨ ਵਾਲੇ ਵਜ਼ੀਰ ਅਤੇ ਐਮ.ਐਲ.ਏ. ਇਹ ਸਨ : ਪਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਅਮਰਿੰਦਰ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਸੁੱਚਾ ਸਿੰਘ ਛੋਟੇਪੁਰ, ਤਾਰਾ ਸਿੰਘ, ਬਚਿਤਰ ਸਿੰਘ, ਕਿਰਪਾਲ ਸਿੰਘ, ਹਰਦਿਆਲ ਸਿੰਘ, ਰਾਜਾ ਨਰਿੰਦਰ ਸਿੰਘ, ਜਸਦੇਵ ਸਿੰਘ ਸੰਧੂ, ਸਤਵੰਤ ਸਿੰਘ ਮੋਹੀ, ਸੁਖਦੇਵ ਸਿੰਘ ਢੀਂਡਸਾ, ਇੰਦਰਜੀਤ ਸਿੰਘ ਜੇਜੀ, ਬਲਵਿੰਦਰ ਸਿੰਘ, ਜਸਮੇਲ ਸਿੰਘ ਨਥਾਣਾ, ਸੁਜਾਨ ਸਿੰਘ, ਗੁਰਦੇਵ ਸਿੰਘ ਬਾਦਲ, ਮਹਿੰਦਰ ਸਿੰਘ ਬਰਾੜ, ਗਿਆਨੀ ਅਰਜਨ ਸਿੰਘ, ਦਵਿੰਦਰ ਸਿੰਘ ਗਰਚਾ, ਸੁਖਦੇਵ ਸਿੰਘ ਲਿਬੜਾ, ਤਾਲਬ ਸਿੰਘ ਸੰਧੂ, ਕੁਲਦੀਪ ਸਿੰਘ ਵਡਾਲਾ, ਡਾ. ਰਤਨ ਸਿੰਘ, ਜਗਦੀਸ਼ ਕੌਰ। ਬਾਕੀ ਦੇ 45 ਐਮ.ਐਲ.ਏ. ਬਰਨਾਲੇ ਦੇ ਨਾਲ ਰਹੇ। ਬਰਨਾਲੇ ਦੇ ਸਭ ਤੋਂ ਵੱਡੇ ਹਿਮਾਇਤੀ ਸਨ : ਕੈਪਟਨ ਕੰਵਲਜੀਤ ਸਿੰਘ, ਬਲਵੰਤ ਸਿੰਘ ਸੁਲਤਾਨਪੁਰੀ, ਤਾਰਾ ਸਿੰਘ ਲਾਇਲਪੁਰੀ, ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਹਰੀ ਸਿੰਘ ਜ਼ੀਰਾ, ਪ੍ਰੇਮ ਸਿੰਘ ਚੰਦੂਮਾਜਰਾ। ਪਰ ਬਰਨਾਲੇ ਨੂੰ ਕਮਿਊਨਿਸਟਾਂ, ਕਾਂਗਰਸ ਤੇ ਭਾਜਪਾ ਨੇ ਬਿਨਾਂ ਸ਼ਰਤ ਹਿਮਾਇਤ ਦੇ ਦਿੱਤੀ, ਜਿਸ ਨਾਲ ਉਸ ਦੀ ਸਰਕਾਰ ਬਚੀ ਰਹੀ। ਉਂਞ ਬਰਨਾਲੇ ਨੂੰ ਆਪਣੇ ਨਾਲ ਰਹਿਣ ਵਾਲਿਆਂ 'ਤੇ ਵੀ ਤਸੱਲੀ ਨਹੀਂ ਸੀ। ਉਸ ਨੇ 45 ਐਮ.ਐਲ.ਏਜ਼. ਵਿਚੋਂ 29 ਵਜ਼ੀਰ, 2 ਪਾਰਲੀਮੈਂਟਰੀ ਸੈਕਟਰੀ, 8 ਕਾਰਪੋਰੇਸ਼ਨਾਂ ਦੇ ਚੇਅਰਮੈਨ ਬਣਾ ਲਏ। ਸਿਰਫ਼ 8 ਐਮ.ਐਲ.ਏ. ਬਿਨਾਂ ਵਜ਼ੀਰੀ ਜਾਂ ਹੋਰ ਅਹੁਦੇ ਤੋਂ ਸਨ। ਬਰਨਾਲੇ ਵਲੋਂ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਨਿੰਦਾ ਕਰਨ ਵਾਲਿਆਂ ਵਿਚ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਅਕਾਲੀ ਦਲ ਵੀ ਸਨ। ਨਕੋਦਰ ਬਾਰ ਐਸੋਸੀਏਸ਼ਨ ਨੇ ਵੀ ਇਸ ਦੀ ਨਿੰਦਾ ਕੀਤੀ। ਭਾਵੇਂ ਗ਼ੈਰ-ਸਿੱਖਾਂ ਅਤੇ ਪੰਥ ਦੇ ਮੁਖ਼ਾਲਿਫ਼ਾਂ ਨੇ ਬਰਨਾਲਾ ਸਰਕਾਰ ਟੁੱਟਣ ਤੋਂ ਬਚਾ ਲਈ ਤੇ ਉਸ ਦੀ ਪੂਰੀ ਮਦਦ ਕੀਤੀ ਪਰ ਸਿੱਖਾਂ ਵਿਚ ਬਰਨਾਲਾ ਦਾ ਨਾਂ ਨਫ਼ਰਤ ਨਾਲ ਲਿਆ ਜਾਣ ਲੱਗ ਪਿਆ।

ਬਰਨਾਲੇ ਨੂੰ ਛੱਡ ਕੇ ਨਵਾਂ ਅਕਾਲੀ ਗਰੁਪ ਬਣਾਨ ਵਾਲੇ 27 ਐਮ.ਐਲ.ਏਜ਼. ਨੂੰ ਸਪੀਕਰ ਰਵੀਇੰਦਰ ਸਿੰਘ ਨੇ ਵਖਰੇ ਗਰੁਪ ਵਜੋਂ ਮਾਨਤਾ ਦੇ ਦਿੱਤੀ। ਇਸ 'ਤੇ ਬਰਨਾਲੇ ਨੇ ਰਵੀਇੰਦਰ ਸਿੰਘ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਲੈ ਆਂਦਾ। ਬਰਨਾਲੇ ਨੇ ਜਲੰਧਰ ਦੇ ਸੁਰਜੀਤ ਮਿਨਹਾਸ ਨੂੰ ਸਪੀਕਰ ਬਣਾ ਦਿੱਤਾ। ਮਿਨਹਾਸ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਲੇ ਅਕਾਲੀ ਐਮ.ਐਲ.ਏਜ਼. 'ਚੋਂ ਕਈਆਂ ਨੂੰ ਐਂਟੀ-ਡਿਫੈਕਸ਼ਨ ਐਕਟ ਦੇ ਬਹਾਨੇ ਨਾਲ ਮੈਂਬਰੀ ਤੋਂ ਅਲਹਿਦਾ ਕਰ ਦਿੱਤਾ। ਇਸ 'ਤੇ ਗ਼ੁੱਸੇ ਵਜੋਂ 19 ਜੂਨ ਦੇ ਦਿਨ ਕੁਝ ਐਮ.ਐਲ.ਏਜ਼. ਨੇ ਸੁਰਜੀਤ ਮਿਨਹਾਸ ਦੀ ਕੁੱਟਮਾਰ ਕੀਤੀ ਤੇ ਪੱਗ ਵੀ ਲਾਹ ਲਈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਕਰਨ ਵਾਲਿਆਂ ਦੀ ਅਸੈਂਬਲੀ ਮੈਂਬਰਸ਼ਿਪ ਖੋਹਣ ਵਾਲਾ ਸਿੱਖ ਅਖਵਾਣ ਅਤੇ ਪੱਗ ਰੱਖਣ ਦੇ ਕਾਬਿਲ ਨਹੀਂ।

ਸੁਰਜੀਤ ਬਰਨਾਲਾ ਤੇ ਪੰਜ ਗ੍ਰੰਥੀਆਂ ਵਿਚ ਘਾਲਾ-ਮਾਲਾ

ਇਨ੍ਹਾਂ ਦਿਨਾਂ ਵਿਚ ਸੁਰਜੀਤ ਬਰਨਾਲਾ ਨੇ ਪੰਜਾਂ ਗ੍ਰੰਥੀਆਂ ਨੂੰ ਪਹੁੰਚ ਕੀਤੀ ਅਤੇ

ਦਰਬਾਰ ਸਾਹਿਬ 'ਤੇ ਕੀਤੇ ਹਮਲੇ ਕਾਰਨ ਹੋਈ ਆਪਣੀ ਬਦਨਾਮੀ ਤੋਂ ਛੁਟਕਾਰਾ ਪਾਉਣ ਦਾ ਰਸਤਾ ਲਭਣ ਵਿਚ ਮਦਦ ਮੰਗੀ। ਗਿਆਨੀ ਕਿਰਪਾਲ ਸਿੰਘ ਨੇ ਬਰਨਾਲਾ ਨੂੰ ਦਰਬਾਰ ਸਾਹਿਬ 'ਤੇ ਇਸ ਹਮਲੇ ਨੂੰ ਹਮਲਾ ਨਾ ਕਹਿ ਕੇ ਅਣਸੁਖਾਵੀਂ ਘਟਨਾ ਕਰਾਰ ਦੇ ਕੇ 'ਸਪੱਸ਼ਟੀਕਰਨ' ਮੰਗਿਆ। ਸੁਰਜੀਤ ਬਰਨਾਲਾ ਨੂੰ ਗਿਆਨੀ ਕਿਰਪਾਲ ਸਿੰਘ ਵੱਲੋਂ 15 ਮਈ 1986 ਨੂੰ ਲਿਖੀ ਚਿੱਠੀ ਇੰਞ ਸੀ:

ਪੰਜ ਸਿੰਘ ਸਾਹਿਬਾਨ ਦੀ ਇਕ ਜ਼ਰੂਰੀ ਮੀਟਿੰਗ 15-5-86 ਨੂੰ ਬੁਲਾਈ ਗਈ। ਉਸ ਵਿਚ ਸ਼ਿਕਾਇਤਾਂ ਤੇ ਸੁਝਾਵਾਂ ਉਪਰ ਦੀਰਘ ਵੀਚਾਰ ਕੀਤੀ ਗਈ। ਉਸੇ ਦਿਨ ਸੁਰਜੀਤ ਸਿੰਘ ਬਰਨਾਲਾ ਨੂੰ ਹੇਠ ਲਿਖਿਆ ਪੱਤਰ ਲਿਖਿਆ:

ਸਪੱਸ਼ਟੀਕਰਨ ਲਈ ਆਦੇਸ਼

ਸੁਰਜੀਤ ਸਿੰਘ ਜੀ[8] ਬਰਨਾਲਾ

ਪਿਛਲੇ ਕੁਝ ਸਮੇਂ ਵਿਚ ਹਰਿਮੰਦਰ ਸਾਹਿਬ ਸਮੂੰਹ ਵਿਚ ਕੁਝ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਬਾਰੇ ਪੰਥ ਵਿਚ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਇਨ੍ਹਾਂ ਘਟਨਾਵਾਂ ਦਾ ਆਪ ਨਾਲ ਸਿੱਧਾ ਸਬੰਧ ਹੈ, ਇਸ ਲਈ ਉਨ੍ਹਾਂ ਘਟਨਾਵਾਂ ਸਬੰਧੀ ਸਪੱਸ਼ਟੀਕਰਨ ਦੇਣ ਵਾਸਤੇ ਤੁਸਾਂ 17-5-86 ਨੂੰ ਸੁਬ੍ਹਾ 7 ਵਜੇ **ਅਕਾਲ ਤਖ਼ਤ ਸਾਹਿਬ ਨਜ਼ਦੀਕ** ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਵੋ। —ਕਿਰਪਾਲ ਸਿੰਘ

ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ

17 ਮਈ 1986 ਦੇ ਦਿਨ ਬਰਨਾਲਾ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਸਾਹਵੇਂ ਪੇਸ਼ ਹੋਣ ਦਾ 'ਡਰਾਮਾ' ਕੀਤਾ। ਇਸ ਡਰਾਮੇ ਨੂੰ ਟੀ.ਵੀ. ਤੇ ਹੋਰ ਮੀਡੀਆ ਨੇ ਬਹੁਤ ਪਬਲਿਸਟੀ ਦਿੱਤੀ। ਸੁਰਜੀਤ ਬਰਨਾਲਾ ਦੇ ਦਰਬਾਰ ਸਾਹਿਬ 'ਤੇ ਹਮਲੇ, ਜਿਸ 'ਤੇ 27 ਅਕਾਲੀ ਐਮ.ਐਲ.ਏਜ਼. ਨੇ ਰੋਸ ਵਜੋਂ ਅਸਤੀਫ਼ੇ ਦੇ ਦਿੱਤੇ ਸਨ, ਨੂੰ ਗਿਆਨੀ ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਨੇ ਸਿਰਫ਼ 'ਦੁਖਦਾਈ ਤੇ ਅਫ਼ਸੋਸਨਾਕ' ਕਰਾਰ ਦਿੱਤਾ ਅਤੇ ਮਾਮੂਲੀ ਜਿਹੀ 'ਤਨਖ਼ਾਹ' ਲਾ ਕੇ ਉਸ ਨੂੰ ਬਰੀ ਕਰ ਦਿੱਤਾ। ਪੰਜਾਂ ਗ੍ਰੰਥੀਆਂ ਦਾ ਬਰਨਾਲੇ ਨਾਲ ਕੀ ਸੌਦਾ ਹੋਇਆ ਸੀ, ਅੱਜ ਤਕ ਪਤਾ ਨਹੀਂ ਲੱਗ ਸਕਿਆ, ਪਰ ਯਕੀਨਨ ਦਾਲ ਵਿਚ ਕੁਝ ਕਾਲਾ-ਕਾਲਾ ਜ਼ਰੂਰ ਸੀ (ਸ਼ਾਇਦ ਸਾਰੀ ਦਾਲ ਹੀ ਕਾਲੀ ਸੀ)। ਬਰਨਾਲੇ ਨੂੰ ਲਾਈ 'ਸਜ਼ਾ' ਦਾ ਹੁਕਮ ਹੇਠ ਲਿਖਿਆ ਸੀ:

ਹੁਕਮਨਾਮਾ

ਅੱਜ ਮਿਤੀ 17-5-86 ਨੂੰ ਸਾਡੇ ਵੱਲੋਂ ਭੇਜੇ ਆਦੇਸ਼ ਅਨੁਸਾਰ ਦਰਬਾਰ ਸਾਹਿਬ ਕੰਪਲੈਕਸ ਵਿਖੇ ਪੁਲੀਸ ਕਾਰਵਾਈ ਸਬੰਧੀ ਸਪੱਸ਼ਟੀਕਰਨ ਦੇਣ ਹਿੱਤ ਸੁਰਜੀਤ ਸਿੰਘ ਬਰਨਾਲਾ *ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਮੰਤਰੀ ਪੰਜਾਬ*[9] ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ ਨੇ ਆਪਣਾ ਲਿਖਿਆ ਸਪੱਸ਼ਟੀਕਰਨ ਪੜ੍ਹ ਕੇ ਸੁਣਾਇਆ ਤੇ ਸਾਨੂੰ ਦੇ ਦਿੱਤਾ। ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਸਾਰੇ ਪੱਖਾਂ ਤੋਂ ਗਹੁ ਨਾਲ ਵਿਚਾਰਨ ਉਪਰੰਤ ਹੇਠ ਲਿਖਿਆ ਫ਼ੈਸਲਾ ਸੁਣਾਇਆ।

---

8. ਇਸ ਘਾਲੇ-ਮਾਲੇ ਦਾ ਪਤਾ ਬਰਨਾਲਾ ਵਾਸਤੇ 'ਜੀ' ਦੀ ਵਰਤੋਂ ਤੋਂ ਲਗਦਾ ਹੈ।
9. ਇਸ ਅਖੌਤੀ ਹੁਕਮਨਾਮੇ ਵਿਚ 'ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਮੰਤਰੀ ਪੰਜਾਬ' ਲਿਖਣ ਦਾ ਕੋਈ ਤੁਕ ਨਹੀਂ ਸੀ। ਇਸ ਤੋਂ ਲਗਦਾ ਹੈ ਕਿ ਜਿਵੇਂ ਕਿਰਪਾਲ ਸਿੰਘ ਬੜੀ ਨਿਮਰਤਾ ਨਾਲ ਆਪਣੇ 'ਬੌਸ' ਨਾਲ ਗੱਲ ਕਰ ਰਿਹਾ ਹੋਵੇ।

ਭਾਵੇਂ ਸੁਰਜੀਤ ਸਿੰਘ ਬਰਨਾਲਾ ਨੇ ਸਪੱਸ਼ਟੀਕਰਨ ਵਿਚ ਦੱਸਿਆ ਹੈ ਕਿ ਮੈਂ ਇਹ ਕਾਰਵਾਈ 16 ਫ਼ਰਵਰੀ, 1986 ਦੇ ਸਰਬਤ ਖਾਲਸਾ ਸਮਾਗਮ ਦੇ ਆਦੇਸ਼ ਅਨੁਸਾਰ ਖ਼ਾਸ ਮਜਬੂਰੀਆਂ ਕਰ ਕੇ ਕੀਤੀ, ਪਰ ਫਿਰ ਵੀ ਸਾਡੇ ਖ਼ਿਆਲ ਅਨੁਸਾਰ ਪੁਲੀਸ ਕਾਰਵਾਈ *ਦੁਖਦਾਈ ਅਤੇ ਅਫ਼ਸੋਸਨਾਕ* ਸੀ ਅਤੇ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਹੋਈਆਂ ਹਨ। ਇਸ ਕਰ ਕੇ ਸਾਡੇ ਵੱਲੋਂ ਸੁਰਜੀਤ ਸਿੰਘ ਬਰਨਾਲਾ ਨੂੰ ਪਸਚਾਤਾਪ ਕਰਨ ਹਿੱਤ ਹੇਠ ਲਿਖੀਆਂ **ਸੇਵਾਵਾਂ**[10] ਲਾਈਆਂ ਜਾਂਦੀਆਂ ਹਨ :

1. ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਅਖੰਡ ਪਾਠ ਕਰਵਾਇਆ ਜਾਵੇ।
2. ਨਿੱਤਨੇਮ ਤੋਂ ਇਲਾਵਾ 24 ਪਾਠ ਜਪੁਜੀ ਸਾਹਿਬ ਦੇ ਕੀਤੇ ਜਾਣ।
3. ਪੰਜ ਸੌ ਇਕ ਰੁਪਏ ਅਕਾਲ ਤਖ਼ਤ ਸਾਹਿਬ ਦੀ ਗੋਲਕ 'ਚ ਪਾਏ ਜਾਣ।
4. ਕਿਸੇ ਵੀ ਸਥਾਨਕ ਗੁਰਦੁਆਰੇ ਵਿਚ ਇਕ ਹਫ਼ਤੇ ਲਈ ਜੋੜੇ ਝਾੜਨ ਦੀ ਸੇਵਾ ਕੀਤੀ ਜਾਵੇ।
5. ਉਪਰੰਤ ਅਕਾਲ ਤਖ਼ਤ ਸਾਹਿਬ ਜੀ ਵਿਖੇ 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲਿਆ ਕੇ ਅਰਦਾਸ ਕਰਵਾਈ ਜਾਵੇ।

ਇਸ ਤੋਂ ਬਾਅਦ ਬਰਨਾਲੇ ਦੇ ਹੁਕਮ 'ਤੇ ਪੰਜਾਬ ਪੁਲੀਸ ਨੇ ਫਿਰ ਦਰਜਨਾਂ ਬੇਗੁਨਾਹ ਸਿੱਖ ਨੌਜਵਾਨ ਮਾਰ ਦਿੱਤੇ ਤੇ ਸੈਂਕੜੇ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ।

30 ਅਪਰੈਲ ਦੇ ਹਮਲੇ ਮਗਰੋਂ ਬਰਨਾਲੇ ਨੇ ਦਰਬਾਰ ਸਾਹਿਬ ਵਿਚ ਸੈਂਕੜੇ ਬਾ-ਵਰਦੀ ਪੁਲੀਸ ਸਿਪਾਹੀ ਤਾਈਨਾਤ ਕੀਤੇ ਹੋਏ ਸਨ। ਪਰਿਕਰਮਾ ਵਿਚ ਹਰ 10 ਫ਼ੁਟ 'ਤੇ ਇਕ ਪੁਲੀਸ ਮੁਲਾਜ਼ਮ ਖੜ੍ਹਾ ਹੋਇਆ ਸੀ। ਦਿਨ-ਬ-ਦਿਨ ਸਿੱਖਾਂ ਵਿਚ ਬਰਨਾਲੇ ਵਾਸਤੇ ਨਫ਼ਰਤ ਵੱਧ ਰਹੀ ਸੀ, ਅਖ਼ੀਰ ਬਰਨਾਲੇ ਨੇ ਇਕ ਮਹੀਨੇ ਬਾਅਦ, 31 ਮਈ ਨੂੰ, ਪੁਲੀਸ ਨੂੰ ਪਰਿਕਰਮਾ ਵਿਚੋਂ ਹਟਾ ਲਿਆ, ਪਰ ਸਰਾਂਵਾਂ, ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇ ਹੋਰ ਸਾਰੇ ਪਾਸੇ ਅਜੇ ਵੀ ਸੈਂਕੜੇ ਸਿਪਾਹੀਆਂ ਦਾ ਘੇਰਾ ਕਾਇਮ ਸੀ। ਭਾਵੇਂ ਬਰਨਾਲੇ ਨੇ ਪਰਿਕਰਮਾ ਵਿਚੋਂ ਪੁਲੀਸ ਹਟਾਈ ਸੀ, ਪਰ ਉਸ ਦੀ ਥਾਂ ਸ਼੍ਰੋਮਣੀ ਕਮੇਟੀ ਵਲੋਂ ਭਰਤੀ ਕੀਤੀ ਹੋਈ 'ਟਾਸਕ ਫ਼ੋਰਸ' ਤਾਈਨਾਤ ਕਰ ਦਿੱਤੀ ਗਈ ਸੀ। ਇਹ 'ਟਾਸਕ ਫ਼ੋਰਸ' ਬਰਨਾਲੇ ਵਲੋਂ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਾਬਲ ਸਿੰਘ ਨੇ ਬਰਨਾਲੇ ਦੇ ਕਹਿਣ 'ਤੇ ਬਣਾਈ ਸੀ। 4 ਜੂਨ ਨੂੰ ਟਾਸਕ ਫ਼ੋਰਸ ਦਾ ਇਕ ਮੁਲਾਜ਼ਮ ਅਵਤਾਰ ਸਿੰਘ ਹੱਥੋ-ਪਾਈ 'ਚ ਮਾਰਿਆ ਗਿਆ। ਇਸ 'ਤੇ ਪੁਲੀਸ ਫੇਰ ਪਰਿਕਰਮਾ ਵਿਚ ਆ ਗਈ ਅਤੇ 15 ਜੂਨ ਤਕ ਉੱਥੇ ਕਾਬਜ਼ ਰਹੀ।

ਸਿੱਖਾਂ ਦਾ ਕਤਲੇਆਮ

ਅਗਸਤ ਤੋਂ ਅਕਤੂਬਰ ਤਕ ਬਰਨਾਲੇ ਨੇ ਪੰਜਾਬ ਵਿਚੋਂ ਘਟੋ-ਘੱਟ ਪੰਜ ਸੌ ਸਿੱਖ ਗ੍ਰਿਫ਼ਤਾਰ ਕੀਤੇ। ਉਧਰ 26 ਜੁਲਾਈ 1986 ਦੇ ਦਿਨ ਦਿੱਲੀ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਪੰਜ ਬੇਗੁਨਾਹ ਸਿੱਖਾਂ ਨੂੰ ਨਵੰਬਰ '84 ਵਾਂਗ ਕਤਲ ਕਰ ਦਿੱਤਾ ਤੇ ਦਰਜਨਾਂ ਸਿੱਖਾਂ ਨੂੰ ਜ਼ਖ਼ਮੀ ਕੀਤਾ। ਕਈ ਸਿੱਖਾਂ ਦੇ ਘਰ ਤੇ ਦੁਕਾਨਾਂ ਲੁੱਟੀਆਂ ਤੇ ਸਾੜ ਦਿੱਤੀਆਂ ਗਈਆਂ। ਇਕ ਸੋਮੇ ਮੁਤਾਬਿਕ ਜੁਲਾਈ 1986 ਵਿਚ ਦਿੱਲੀ ਵਿਚ 15, ਹਰਿਆਣਾ

---

10. ਇਹ ਨਾ ਤਨਖ਼ਾਹ ਸੀ ਤੇ ਨਾ ਸਜ਼ਾ। ਇਹ ਤਾਂ 'ਸੇਵਾ' ਲਾਈ ਗਈ ਸੀ।

ਵਿਚ 13, ਯੂ.ਪੀ. ਦੇ ਸ਼ਹਿਰ ਰੁੜਕੀ ਵਿਚ 12 ਸਿੱਖ ਕਤਲ ਕੀਤੇ ਗਏ ਸਨ। ਇਕੱਲੇ ਯੂ.ਪੀ. ਵਿਚ ਸਿੱਖਾਂ ਦੇ 350 ਟਰੱਕ, 70 ਟੈਕਸੀਆਂ, 42 ਥਰੀ ਵੀਲ੍ਹਰ, 12 ਗੁਰਦੁਆਰੇ ਸਾੜ ਦਿੱਤੇ ਗਏ ਸਨ। ਬਿਹਾਰ ਅਤੇ ਰਾਜਿਸਥਾਨ ਵਿਚ ਵੀ ਸਿੱਖਾਂ 'ਤੇ ਬੇਪਨਾਹ ਜ਼ੁਲਮ ਕੀਤੇ ਗਏ ਸਨ।

ਪੰਜਾਬ ਤੋਂ ਬਾਹਰ ਸਿੱਖਾਂ ਦੇ ਕਤਲੇਆਮ ਦੇ ਖ਼ਿਲਾਫ਼ ਬਰਨਾਲਾ ਦਲ ਨੂੰ ਛੱਡ ਕੇ ਹਰ ਸਿੱਖ ਜਥੇਬੰਦੀ ਨੇ ਰੋਸ ਜ਼ਾਹਿਰ ਕੀਤਾ। ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪਰਕਾਸ਼ ਸਿੰਘ ਬਾਦਲ ਕਤਲ ਕੀਤੇ ਤੇ ਲੁੱਟੇ ਗਏ ਸਿੱਖਾਂ ਦੇ ਪਰਿਵਾਰਾਂ ਨਾਲ ਹਮਦਰਦੀ ਕਰਨ ਵਾਸਤੇ ਦਿੱਲੀ ਗਏ। ਦਿੱਲੀ ਦੀ ਕਾਂਗਰਸੀ ਸਰਕਾਰ ਨੇ ਦੋਹਾਂ ਨੂੰ ਦਿੱਲੀ ਵਿਚੋਂ ਨਿਕਲ ਜਾਣ ਦਾ ਹੁਕਮ ਜਾਰੀ ਕੀਤਾ। ਉਨ੍ਹਾਂ ਵਲੋਂ ਨਾਂਹ ਕਰਨ 'ਤੇ 9 ਅਗਸਤ ਨੂੰ ਉਨ੍ਹਾਂ ਨੂੰ ਪੰਜਾਬ ਸਕਿਉਰਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਇਕ ਮਹੀਨੇ ਬਾਅਦ 10 ਸਿਤੰਬਰ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ।

ਦੂਜੇ ਪਾਸੇ ਬਰਨਾਲੇ ਨੇ ਪੰਜਾਬ ਵਿਚ ਸਿੱਖ ਨੌਜਵਾਨਾਂ ਦਾ ਕਤਲੇਆਮ ਜਾਰੀ ਰੱਖਿਆ। ਇਕੱਲੇ ਅਗਸਤ 1986 ਵਿਚ 50 ਤੋਂ ਵੱਧ ਸਿੱਖ ਕਤਲ ਕੀਤੇ ਗਏ। ਇਨ੍ਹਾਂ ਵਿਚੋਂ ਬਹੁਤੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਮਾਰੇ ਗਏ ਸਨ। ਉਧਰ ਖਾੜਕੂਆਂ ਨੇ ਜਨਰਲ ਲਾਭ ਸਿੰਘ ਦੀ ਅਗਵਾਈ ਵਿਚ ਪੀ.ਏ.ਪੀ. ਕੰਪਲੈਕਸ ਜਲੰਧਰ ਵਿਚ ਰਬੈਰੋ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਰਬੈਰੋ ਕੁਝ ਡਰ ਗਿਆ, ਜਿਸ ਨਾਲ ਕੁਝ ਚਿਰ ਸਿੱਖ ਨੌਜਵਾਨਾਂ ਦੇ ਨਕਲੀ ਪੁਲੀਸ ਮੁਕਾਬਲੇ ਰੁਕ ਗਏ। ਪਰ, ਕੁਝ ਦਿਨ ਮਗਰੋਂ ਹੀ ਰਬੈਰੋ ਫੇਰ ਆਪਣੀਆਂ ਹਰਕਤਾਂ 'ਤੇ ਉਤਰ ਆਇਆ।

ਇਨ੍ਹਾਂ ਦਿਨਾਂ ਵਿਚ ਹੀ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਡਬਵਾਲੀ ਢਾਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਕੇਸ ਵੀ ਗ੍ਰੰਥੀਆਂ ਕੋਲ ਪੁੱਜਾ। (ਬੀਤੀ 17 ਮਈ 1986 ਦੇ ਦਿਨ ਜਿੰਨੀ ਕੁ ਸਜ਼ਾ ਸੁਰਜੀਤ ਬਰਨਾਲਾ ਨੂੰ ਲਾਈ ਗਈ ਸੀ, ਉਸ ਤੋਂ ਕੁਝ ਵੱਧ ਜਾਂ ਤਕਰੀਬਨ ਓਨੀ ਹੀ ਤਨਖ਼ਾਹ 'ਪਾਠ ਖੰਡਤ ਕਰਨ' ਵਾਲਿਆਂ ਨੂੰ ਲਾਈ ਗਈ। ਯਾਨਿ ਪਾਠ ਖੰਡਤ ਕਰਨਾ ਅਤੇ ਰਾਜੀਵ ਨੂੰ ਖ਼ੁਸ਼ ਕਰਨ ਵਾਸਤੇ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਇੱਕੋ ਜਿਹੇ ਜੁਰਮ ਸਨ। ਇਸ ਤੋਂ ਸਾਫ਼ ਲਗਦਾ ਹੈ ਕਿ ਬਰਨਾਲੇ ਅਤੇ ਪੰਜਾਂ ਗ੍ਰੰਥੀਆਂ ਵਿਚ ਕੋਈ ਘਾਲਾ-ਮਾਲਾ ਹੋਇਆ ਸੀ।) ਡਬਵਾਲੀ ਢਾਬ ਦੇ ਬਲਕਾਰ ਸਿੰਘ ਅਤੇ ਗੰਡਾ ਸਿੰਘ ਨੂੰ ਲਾਈ ਗਈ ਸਜ਼ਾ ਇੰਞ ਸੀ :

> ਅੱਜ ਮਿਤੀ 3-8-86 ਨੂੰ ਸਵੇਰੇ 7-00 ਵਜੇ ਭਾਈ ਗੁਰਦੀਪ ਸਿੰਘ ਜੀ ਦੇ ਦੋ **ਸਪੁੱਤਰਾਂ** ਭਾਈ ਬਲਕਾਰ ਸਿੰਘ, ਭਾਈ ਗੰਡਾ ਸਿੰਘ (ਜੋਗਿੰਦਰ ਸਿੰਘ), ਪਿੰਡ ਡੱਬਵਾਲੀ ਢਾਬ, ਜ਼ਿਲ੍ਹਾ ਫ਼ਰੀਦਕੋਟ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋਏ। ਇਨ੍ਹਾਂ ਨੇ ਸ: ਅਜੈਬ ਸਿੰਘ ਸਪੁੱਤਰ ਸ: ਗੁਰਦਿਆਲ ਸਿੰਘ ਦੇ ਘਰ ਚੱਲਦੇ ਅਖੰਡ ਪਾਠ ਸਮੇਂ ਜ਼ਬਰਦਸਤੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਰੂਪ ਨੂੰ ਮੰਜੀ ਸਾਹਿਬ ਸਮੇਤ ਚੁੱਕ ਕੇ ਆਪਣੇ ਘਰ ਲੈ ਗਏ। ਇਸ ਤਰ੍ਹਾਂ ਕਰਨ ਨਾਲ ਜਿੱਥੇ ਚੱਲਦਾ ਅਖੰਡ ਪਾਠ ਖੰਡਨ ਹੋਇਆ ਉੱਥੇ ਇਸ ਤਰ੍ਹਾਂ ਪ੍ਰਕਾਸ਼ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ। ਇਹ ਇਹਨਾਂ ਵੱਲੋਂ ਕੀਤੀ ਭਾਰੀ ਅਵੱਗਿਆ ਹੈ। ਇਨ੍ਹਾਂ ਨੇ ਆਪਣੇ ਇਸ ਦੋਸ਼ ਨੂੰ ਸਵੀਕਾਰ ਕੀਤਾ ਹੈ। ਇਸ ਸਮੇਂ ਇਹ ਆਪਣੀ ਕੀਤੀ ਅਵੱਗਿਆ ਤੇ ਦੋਸ਼ ਨੂੰ ਬਖ਼ਸ਼ਾਉਣ ਹਿੱਤ ਅਕਾਲ ਤਖ਼ਤ ਸਾਹਿਬ ਜੀ ਵਿਖੇ ਪੰਜਾਂ ਪਿਆਰਿਆਂ ਦੇ ਪੇਸ਼ ਹੋਏ ਹਨ। ਇਹਨਾਂ ਨੂੰ ਇਸ ਦੋਸ਼ ਦੇ ਸਬੰਧ ਵਿਚ ਹੇਠ ਲਿਖੇ ਅਨੁਸਾਰ ਤਨਖ਼ਾਹ ਲਾਈ ਜਾਂਦੀ ਹੈ :

1. ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਇਕ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਆਪਣੇ ਵੱਲੋਂ ਕਰਵਾਉਣ ਤੇ ਭੋਗ ਉਪਰੰਤ ਉਸ ਸਮੇਂ ਜੁੜੀ ਸਾਧ ਸੰਗਤ ਪਾਸੋਂ ਖੜੇ ਹੋ ਕੇ ਮਾਫ਼ੀ ਮੰਗਣ।
2. ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ 15 ਦਿਨ ਸੰਗਤ ਦੇ ਜੋੜੇ ਝਾੜਨ।
3. ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ 15 ਦਿਨ ਝਾੜੂ ਦੀ ਸੇਵਾ ਕਰਨ।
4. ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ 15 ਦਿਨ ਲੰਗਰ ਦੇ ਜੂਠੇ ਬਰਤਨ ਸਾਫ਼ ਕਰਨ।
5. 101/- ਰੁਪਏ ਅਕਾਲ ਤਖ਼ਤ ਸਾਹਿਬ ਦੀ ਗੋਲਕ ਵਿਚ ਪਾਉਣ।

ਉਪਰੋਕਤ ਲੱਗੀ ਤਨਖ਼ਾਹ ਦੇ ਪੂਰਾ ਹੋਣ ਉਪਰੰਤ ਅਕਾਲ ਤਖ਼ਤ ਸਾਹਿਬ ਜੀ ਵਿਖੇ ਹਾਜ਼ਿਰ ਹੋ ਕੇ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਵਾ ਲੈਣ।

(ਨੋਟ: ਇਸ ਹੁਕਮ ਵਿਚ ਕਿਰਪਾਲ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ 'ਸਪੁੱਤਰ' ਲਿਖਦੇ ਹਨ।)

ਗ੍ਰੰਥੀਆਂ ਵੱਲੋਂ ਸਿੱਖ ਕੈਦੀਆਂ ਦੀ ਰਿਹਾਈ, ਪੰਜਾਬ 'ਚੋਂ ਫ਼ੌਜਾਂ ਦੀ ਵਾਪਸੀ ਤੇ ਹੋਰ ਮੰਗਾਂ

16 ਸਿਤੰਬਰ ਨੂੰ ਪੰਜਾਂ ਗ੍ਰੰਥੀਆਂ ਨੇ ਸੈਂਟਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਜੋਧਪੁਰ ਦੇ ਬੇਕਸੂਰ ਸਿੱਖ ਕੈਦੀ ਰਿਹਾਅ ਕਰ ਦੇਵੇ, ਧਰਮੀ ਫ਼ੌਜੀਆਂ ਨੂੰ ਬਹਾਲ ਕਰ ਦੇਵੇ, 1984 ਦੇ ਕਤਲੇਆਮ (**ਗ੍ਰੰਥੀ ਇਸ ਨੂੰ 'ਦੰਗੇ' ਲਿਖ ਰਹੇ ਸਨ**) ਦੀ ਪੀੜਤ ਪਰਿਵਾਰਾਂ ਦਾ ਮੁੜ ਵਸੇਬਾ ਕਰੇ, ਨੀਮ ਫ਼ੌਜੀ ਫ਼ੋਰਸਿਜ਼ ਨੂੰ ਪੰਜਾਬ 'ਚੋਂ ਵਾਪਿਸ ਮੰਗਵਾਏ ਅਤੇ ਗ੍ਰਿਫ਼ਤਾਰ ਕੀਤੇ ਸਾਰੇ ਸਿੱਖਾਂ ਨੂੰ ਆਮ ਮੁਆਫ਼ੀ ਦੇਵੇ। ਇਹ ਜਾਪਦਾ ਹੈ ਕਿ ਇਹ 'ਅਪੀਲ' ਸੁਰਜੀਤ ਬਰਨਾਲਾ ਦੇ ਕਹਿਣ 'ਤੇ ਕੀਤੀ ਗਈ ਸੀ, ਕਿਉਂਕਿ ਬਰਨਾਲਾ ਸਰਕਾਰ ਨੇ ਵੀ ਪੰਜਾਬ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਜੇਲ੍ਹਾਂ ਵਿਚ ਸੁੱਟੇ ਸਨ ਅਤੇ ਸ਼ਹੀਦ ਕੀਤੇ ਸਨ (ਤੇ ਸਿਤੰਬਰ '86 ਵਿਚ ਵੀ ਸ਼ਹੀਦ ਤੇ ਗ੍ਰਿਫ਼ਤਾਰ ਕੀਤੇ ਜਾ ਰਹੇ ਸਨ), ਪਰ ਗ੍ਰੰਥੀਆਂ ਨੇ ਬਰਨਾਲੇ ਨੂੰ ਕੋਈ ਅਜਿਹੀ ਹਿਦਾਇਤ ਜਾਂ ਅਪੀਲ ਨਹੀਂ ਕੀਤੀ। ਗ੍ਰੰਥੀਆਂ ਵੀ ਅਪੀਲ ਹੇਠ ਲਿਖੀ ਸੀ:

ਅੱਜ ਮਿਤੀ 16-9-86 ਨੂੰ ਪੰਜ ਸਿੰਘ ਸਾਹਿਬਾਨ ਦੀ ਇਕ ਹੰਗਾਮੀ ਮੀਟਿੰਗ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਨਿਵਾਸ ਸਥਾਨ 'ਤੇ ਹੋਈ, ਜਿਸ ਵਿਚ ਮੌਜੂਦਾ ਪੰਥਕ ਫੁੱਟ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਪੰਥ ਦੇ ਸਾਰੇ ਮੁਖੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਛੇਤੀ ਤੋਂ ਛੇਤੀ ਆਪਣੇ ਸਾਰੇ ਮਤਭੇਦ ਭੁਲਾ ਕੇ ਪੰਥ ਦੀ ਚੜ੍ਹਦੀ ਕਲਾ ਲਈ ਪੰਜਾਬ ਤੇ ਸਿੱਖ ਕੌਮ ਦੇ ਭਲੇ ਲਈ ਖ਼ੁਦਗਰਜ਼ੀ ਦਾ ਤਿਆਗ ਕਰ ਕੇ ਕੇਸਰੀ ਨਿਸ਼ਾਨ ਥੱਲੇ ਇਕੱਠੇ ਹੋ ਜਾਓ, ਕਿਉਂਕਿ ਖਾਲਸਾ ਪੰਥ ਇਕ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ, ਕੇਵਲ ਏਕਤਾ ਹੀ ਸਾਰੇ ਸੰਕਟ ਅਤੇ ਕੌਮੀ ਮਸਲਿਆਂ ਦਾ ਹੱਲ ਹੈ। ਕੇਂਦਰ ਸਰਕਾਰ ਦੀ ਨੀਤੀ ਸਮੁੱਚੇ ਸਿੱਖ ਪੰਥ ਵਾਸਤੇ ਸਖ਼ਤ ਹਾਨੀਕਾਰਕ ਹੈ। ਸਿੱਖ ਆਗੂਆਂ ਵਿਚ ਫੁੱਟ ਪਵਾ ਕੇ ਕੌਮ ਤੇ ਪੰਜਾਬ ਦੇ ਹਿੱਤਾਂ ਨੂੰ ਖ਼ਤਮ ਕਰਨ ਦੀ ਡੂੰਘੀ ਸਾਜ਼ਿਸ਼ ਬਣਾਈ ਹੋਈ ਹੈ, ਜਿਸ ਨੂੰ ਅਸੀਂ ਪੰਥਕ ਏਕਤਾ ਨਾਲ ਹੀ ਅਸਫਲ ਬਣਾ ਸਕਦੇ ਹਾਂ।

ਕੌਮ ਦੇ ਆਗੂਆਂ ਤੇ ਪੰਜਾਬ ਦੇ ਵਾਰਸਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰ ਸਿੱਖਾਂ ਲਈ ਈਮਾਨਦਾਰ ਨਹੀਂ, ਜਿਸ ਦਾ ਪੱਕਾ ਸਬੂਤ ਇਹ ਹੈ:

1. ਉਸ ਨੇ ਅਜੇ ਤਕ ਜੋਧਪੁਰ ਵਿਚ ਕੈਦ ਬੇਕਸੂਰ ਸਿੱਖ ਨੌਜਵਾਨਾਂ ਨੂੰ ਰਿਹਾਅ ਨਹੀਂ ਕੀਤਾ।

2. ਧਾਰਮਿਕ ਜਜ਼ਬੇ ਅਧੀਨ ਬੈਰਕਾਂ ਛੱਡਣ ਵਾਲੇ ਫ਼ੌਜੀ ਜਵਾਨਾਂ ਨੂੰ ਅਜੇ ਤਕ ਬਹਾਲ ਨਹੀਂ ਕੀਤਾ, ਸਗੋਂ ਇਸ ਦੇ ਉਲਟ ਉਹਨਾਂ ਬੇਕਸੂਰਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।
3. 1984 ਦੇ **ਦੰਗਾ ਪੀੜਤ** ਪਰਿਵਾਰਾਂ ਨੂੰ ਅਜੇ ਤਕ ਨਾ ਮੁੜ ਕੇ ਵਸਾਇਆ ਗਿਆ, ਨਾ ਹੀ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਹਨ, ਸਗੋਂ ਸਾਜ਼ਿਸ਼ ਅਧੀਨ ਦਿੱਲੀ ਵਿਚ **ਦੋਬਾਰਾ ਦੰਗੇ-ਫ਼ਸਾਦ ਕਰਵਾ** ਕੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਭੈ-ਭੀਤ ਕਰਨ ਦਾ ਯਤਨ ਕੀਤਾ ਗਿਆ।
4. ਪੰਜਾਬ ਵਿਚ ਸਰਹੱਦੀ ਸੁਰੱਖਿਆ ਦੇ ਪੜਦੇ ਹੇਠ ਨੀਮ ਫ਼ੌਜੀ ਦਲਾਂ ਤੋਂ ਅਖੌਤੀ ਮੁਕਾਬਲੇ ਬਣਾ ਕੇ ਆਤਮ-ਸਮਰਪਣ ਕਰਨ ਆਏ ਨੌਜਵਾਨਾਂ ਨੂੰ ਸੈਕਟਰ ਖੇਮਕਰਨ ਅਤੇ ਡੇਹਰਾ ਬਾਬਾ ਨਾਨਕ ਵਿਖੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਅਸੀਂ ਇਹਨਾਂ ਝੂਠੇ ਕਾਂਡਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਇਹ ਸਿੱਖ ਨੌਜਵਾਨਾਂ ਨੂੰ ਮਾਰਨ ਦੀ ਡੂੰਘੀ ਸਾਜ਼ਿਸ਼ ਹੈ। ਕੇਂਦਰ ਸਰਕਾਰ ਇਸ ਖ਼ੂਨੀ ਕਾਂਡ ਦੀ ਪੜਤਾਲ ਕਰਵਾ ਕੇ ਜ਼ੁੰਮੇਵਾਰ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇ।
5. ਜੇ ਕੇਂਦਰੀ ਸਰਕਾਰ ਸਿੱਖਾਂ ਪ੍ਰਤੀ ਇਮਾਨਦਾਰ ਹੈ, ਤਾਂ ਉਸ ਨੂੰ ਪੰਜਾਬ ਵਿਚ ਅਮਨ ਸ਼ਾਂਤੀ ਖ਼ੁਸ਼ਹਾਲੀ ਲਈ ਹੁਣ ਤਕ ਸਾਰੇ ਗ੍ਰਿਫ਼ਤਾਰ ਕੀਤੇ ਗਏ ਸਿੱਖ ਨੌਜਵਾਨਾਂ ਨੂੰ ਆਮ ਮੁਆਫ਼ੀ ਦੇਵੇ। ਜੇ ਮਿਜ਼ੋਰਮ ਦੇ ਬਾਗ਼ੀਆਂ ਨੂੰ ਆਮ ਮੁਆਫ਼ੀ ਦਿੱਤੀ ਜਾ ਸਕਦੀ ਹੈ ਤਾਂ ਇਹਨਾਂ ਬੇਕਸੂਰ ਸਿੱਖ ਨੌਜਵਾਨਾਂ ਨੂੰ ਕਿਉਂ ਨਹੀਂ ?

ਨਵਾਂ ਸਰਬਤ ਖਾਲਸਾ

1 ਨਵੰਬਰ 1986 ਨੂੰ ਭਿੰਡਰਾਂ-ਮਹਿਤਾ ਜਥਾ ਨੇ ਅਕਾਲ ਤਖ਼ਤ ਸਾਹਿਬ ਦੇ ਮੂਹਰਲੇ ਮੈਦਾਨ ਵਿਚ ਸਰਬਤ ਖਾਲਸਾ ਦੇ ਨਾਂ 'ਤੇ ਇਕ ਹੋਰ ਦੀਵਾਨ ਕੀਤਾ। ਇਸ ਵਿਚ ਬਰਨਾਲਾ ਤੇ ਬਲਵੰਤ ਸਿੰਘ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਐਲਾਨ ਕੀਤਾ ਗਿਆ ਤੇ ਲੌਂਗੋਵਾਲ ਨੂੰ ਪੰਥ ਦਾ ਗ਼ਦਾਰ ਗਰਦਾਨਿਆ ਗਿਆ।

ਬਰਨਾਲੇ ਅਤੇ ਪੰਜਾਂ ਗ੍ਰੰਥੀਆਂ ਵਿਚ ਹੋ ਰਿਹਾ ਘਾਲਾ-ਮਾਲਾ ਟੌਹੜਾ ਤੇ ਬਾਦਲ ਨੂੰ ਵੀ ਪਤਾ ਲੱਗ ਗਿਆ। ਇਸ ਵੇਲੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਾਬਲ ਸਿੰਘ ਸੀ, ਜੋ ਬਰਨਾਲੇ ਦਾ 'ਜੀ-ਹਜ਼ੂਰ' ਸੀ। ਕਾਬਲ ਸਿੰਘ ਨੇ ਹੀ ਗ੍ਰੰਥੀਆਂ ਰਾਹੀਂ ਬਰਨਾਲੇ ਨੂੰ 'ਮੁਆਫ਼ੀ' ਦਿਵਾਈ ਸੀ। ਇਸ ਵਾਸਤੇ ਟੌਹੜਾ-ਬਾਦਲ ਨੇ ਸ਼੍ਰੋਮਣੀ ਕਮੇਟੀ ਨੂੰ ਬਰਨਾਲੇ ਤੋਂ ਖੋਹਣ ਦੀ ਪਲਾਨ ਬਣਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਨਵੰਬਰ 1986 ਵਿਚ ਹੋਣ ਵਾਲੀ ਸੀ। ਟੌਹੜਾ-ਬਾਦਲ ਨੇ ਕਾਬਲ ਸਿੰਘ ਨੂੰ ਹਟਾਉਣ ਵਾਸਤੇ ਪੂਰਾ ਜ਼ੋਰ ਲਾਇਆ। ਦੂਜੇ ਪਾਸੇ ਬਰਨਾਲੇ ਨੇ ਤਾਕਤ, ਲਾਲਚ, ਰਿਸ਼ਵਤ ਤੇ ਹੋਰ ਹਰਬੇ ਵਰਤ ਕੇ ਕਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਖ਼ਰੀਦ ਲਏ। 30 ਨਵੰਬਰ 1986 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 74 ਵੋਟਾਂ ਲੈ ਕੇ ਕਾਬਲ ਸਿੰਘ ਨੂੰ 16 ਵੋਟਾਂ 'ਤੇ ਹਰਾਇਆ। ਕਾਬਲ ਸਿੰਘ ਦਾ ਨਾਂ ਅਮਰ ਸਿੰਘ ਨਲਨੀ ਨੇ ਪੇਸ਼ ਕੀਤਾ ਸੀ ਤੇ ਹਰਚਰਨ ਸਿੰਘ ਹੁਡਿਆਰੇ ਨੇ ਤਾਈਦ ਕੀਤੀ ਸੀ। ਚੋਣ ਮਗਰੋਂ ਜਥੇਦਾਰ ਟੌਹੜਾ ਨੇ (ਬਰਨਾਲੇ ਦੀ ਬਣਾਈ) 'ਟਾਸਕ ਫ਼ੋਰਸ' ਖ਼ਤਮ ਕਰਨ ਅਤੇ ਦਰਬਾਰ ਸਾਹਿਬ ਵਿਚ ਬਰਨਾਲੇ ਵਲੋਂ ਪੁਲੀਸ ਹਮਲੇ ਦੀ ਨਿੰਦਾ ਦੇ ਮਤੇ ਪਾਸ ਕਰਵਾਏ। ਟਾਸਕ ਫ਼ੋਰਸ ਤੋੜਨ ਮਗਰੋਂ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਕਬਜ਼ਾ ਕੀਤੇ

ਕਮਰੇ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇ ਬਰਨਾਲਾ ਕਹੇਗਾ ਤਾਂ ਅਸੀਂ ਨਿਕਲਾਂਗੇ। ਜਦੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ 53 ਬੰਦਿਆਂ ਦੇ ਕਮਰਿਆਂ ਦੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕਟ ਦਿੱਤੇ ਤਾਂ ਉਹ ਕਮਰੇ ਖ਼ਾਲੀ ਕਰ ਕੇ ਭੱਜ ਗਏ।

ਉਧਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 'ਚ ਆਪਣੀ ਹਾਰ ਤੋਂ ਖਿਝ ਕੇ ਬਰਨਾਲੇ ਨੇ ਜਥੇਦਾਰ ਟੌਹੜਾ, ਪਰਕਾਸ਼ ਸਿੰਘ ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁੱਚਾ ਸਿੰਘ ਛੋਟੇਪੁਰ, ਸੁਖਜਿੰਦਰ ਸਿੰਘ ਵਗ਼ੈਰਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ, ਤਕਲੀਫ਼ਾਂ ਲਈ ਮਸ਼ਹੂਰ ਜੇਲ੍ਹਾਂ ਵਿਚ ਭੇਜ ਦਿੱਤਾ।

ਰਾਗੀ ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ 'ਤੇ

ਜਥੇਦਾਰ ਟੌਹੜਾ ਦੇ ਜੇਲ੍ਹ ਵਿਚ ਹੁੰਦਿਆਂ ਸ਼੍ਰੋਮਣੀ ਕਮੇਟੀ ਨੇ ਸੁਰਜੀਤ ਬਰਨਾਲਾ ਦੇ ਆਖ਼ਰੀ ਸਾਥੀ ਵੀ ਹਟਾਉਣ ਦਾ ਫ਼ੈਸਲਾ ਕਰ ਲਿਆ। 24 ਦਿਸੰਬਰ ਨੂੰ ਕਿਰਪਾਲ ਸਿੰਹ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਅਸੂਲਨ ਤਾਂ ਕਿਰਪਾਲ ਸਿਹੁੰ 6 ਜੂਨ 1984 ਤੋਂ ਹੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਤੋਂ ਹਟਾਇਆ ਸਮਝਿਆ ਜਾਣਾ ਚਾਹੀਦਾ ਸੀ, ਕਿਉਂਕਿ ਉਸ ਨੇ ਜਾਨ ਪਿਆਰੀ ਸਮਝ ਕੇ ਟੀ.ਵੀ. ਵਾਸਤੇ ਕੈਮਰੇ ਸਾਹਮਣੇ ਝੂਠ ਬੋਲਿਆ ਸੀ ਕਿ "ਕੋਠਾ ਸਾਹਿਬ ਠੀਕ-ਠਾਕ ਹੈ।" ਝੂਠ ਬੋਲਣ ਵਾਲਾ, ਬੁਜ਼ਦਿਲ, ਬੇਗ਼ੈਰਤ ਤੇ ਬੇਈਮਾਨ ਸ਼ਖ਼ਸ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਦਾਰ ਨਹੀਂ ਲਾਇਆ ਜਾ ਸਕਦਾ। ਅੰਮ੍ਰਿਤ ਛੱਕਣ ਮਗਰੋਂ ਕੋਈ ਕੁਰਹਿਤ ਕਰਨ ਵਾਲਾ ਇਸ ਸੇਵਾ ਦੇ ਕਾਬਿਲ ਨਹੀਂ ਹੋ ਸਕਦਾ। ਇਸ ਸੇਵਾ 'ਤੇ ਆਉਣ ਮਗਰੋਂ ਅਜਿਹੀਆਂ ਹਰਕਤਾਂ ਕਰਨ ਵਾਲੇ ਸ਼ਖ਼ਸ ਨੂੰ ਆਪਣੇ ਆਪ ਇਸ ਸੇਵਾ ਤੋਂ ਮੁਸਤਫ਼ੀ ਹੋ ਜਾਣਾ ਚਾਹੀਦਾ ਸੀ। ਇਸ ਹਿਸਾਬ ਨਾਲ ਕਿਰਪਾਲ ਸਿੰਹ 6 ਜੂਨ 1984 ਤੋਂ 24 ਦਿਸੰਬਰ 1986 ਤਕ, ਢਾਈ ਸਾਲ ਤਕ ਅਕਾਲ ਤਖ਼ਤ ਸਾਹਿਬ 'ਤੇ ਨਾਜਾਇਜ਼ ਤੌਰ 'ਤੇ ਕਾਬਜ਼ ਹੀ ਮੰਨਿਆ ਜਾਵੇਗਾ।

ਹੋਰ ਨਵੇਂ ਮੁਖ ਸੇਵਾਦਾਰ

24 ਦਿਸੰਬਰ ਨੂੰ ਹੀ ਸ਼੍ਰੋਮਣੀ ਕਮੇਟੀ ਨੇ ਸਾਹਿਬ ਸਿੰਘ ਨੂੰ ਵੀ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਦੇ ਅਹੁਦੇ ਤੋਂ ਬਰਤਰਫ਼ ਕਰ ਦਿੱਤਾ। 23 ਜਨਵਰੀ 1987 ਨੂੰ ਸ਼੍ਰੋਮਣੀ ਕਮੇਟੀ ਨੇ ਲੱਖਾ ਸਿੰਘ, ਹਰਚਰਨ ਸਿੰਘ ਮਹਾਲੋਂ ਅਤੇ ਪ੍ਰੀਤਮ ਸਿੰਘ ਨੂੰ ਵੀ ਉਨ੍ਹਾਂ ਦੀਆਂ ਸੇਵਾਵਾਂ ਤੋਂ ਫ਼ਾਰਿਗ ਕਰ ਦਿੱਤਾ। 26 ਜਨਵਰੀ 1987 ਦੇ ਵਿਚ ਮੰਜੀ ਸਾਹਿਬ 'ਤੇ ਹੋਏ 'ਸਰਬਤ ਖ਼ਾਲਸਾ' ਨਾਂ ਦੇ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਨੇ ਭਾਈ ਜਸਬੀਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਮੰਨ ਲਿਆ ਤੇ ਉਸ ਦੀ ਗ਼ੈਰ-ਹਾਜ਼ਿਰੀ ਵਿਚ ਰਾਗੀ ਦਰਸ਼ਨ ਸਿੰਘ ਨੂੰ ਐਕਟਿੰਗ ਮੁਖ ਸੇਵਾਦਾਰ ਬਣਾ ਦਿੱਤਾ। ਬਰਨਾਲੇ ਨੂੰ ਠਿੱਠ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ ਖਾੜਕੂਆਂ ਵਲੋਂ ਲਾਏ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਸਵਿੰਦਰ ਸਿੰਘ, ਅਕਾਲ ਤਖ਼ਤ ਸਾਹਿਬ ਹੈੱਡ-ਗ੍ਰੰਥੀ ਕਸ਼ਮੀਰ ਸਿੰਘ, ਦਮਦਮਾ

ਸਾਹਿਬ ਦੇ ਮੁਖ ਸੇਵਾਦਾਰ ਜਸਵੰਤ ਸਿੰਘ ਤੇ ਹਰਿਮੰਦਰ ਸਾਹਿਬ ਦੇ ਹੈੱਡ-ਗ੍ਰੰਥੀ ਪੂਰਨ ਸਿੰਘ ਨੂੰ ਵੀ ਮਾਨਤਾ ਦੇ ਦਿੱਤੀ। ਇਸ ਮੌਕੇ 'ਤੇ 'ਪੰਥਕ ਕਮੇਟੀ' ਨੂੰ ਮੁੜ ਜਥੇਬੰਦ ਕੀਤਾ। ਇਸ ਵਿਚ ਵਸਣ ਸਿੰਘ, ਗੁਰਦੇਵ ਸਿੰਘ, ਉਦੈ ਸਿੰਘ, ਸੁਬੇਗ ਸਿੰਘ ਤੇ ਗੁਰਬਚਨ ਸਿੰਘ ਮਾਨੋਚਾਹਲ ਸ਼ਾਮਿਲ ਕੀਤੇ ਗਏ। ਮਾਨੋਚਾਹਲ ਨੇ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਹੋਣ ਦਾ ਦਾਅਵਾ ਵੀ ਛੱਡ ਦਿੱਤਾ। ਦੀਵਾਨ ਵਿਚ ਅਕਾਲ ਤਖ਼ਤ ਸਾਹਿਬ ਵਾਸਤੇ ਪੰਜ ਮੈਂਬਰੀ ਸਲਾਹਕਾਰ ਕਮੇਟੀ ਵੀ ਨਾਮਜ਼ਦ ਕੀਤੀ ਗਈ। ਇਸ ਦੇ ਮੈਂਬਰ ਸਨ : ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਸ: ਮਨਜੀਤ ਸਿੰਘ ਕਲਕੱਤਾ, ਡਾ. ਹਰਿੰਦਰ ਸਿੰਘ, ਸ: ਅਜਾਇਬ ਸਿੰਘ ਤੇ ਸ: ਅਵਤਾਰ ਸਿੰਘ।

ਉਧਰ ਬਰਨਾਲੇ ਨੇ ਸਿੱਖ ਨੌਜਵਾਨਾਂ ਨੂੰ ਘਰਾਂ 'ਚੋਂ ਫੜ ਕੇ ਨਕਲੀ ਪੁਲੀਸ ਮੁਕਾਬਲੇ ਬਣਾ ਕੇ ਕਤਲ ਕਰਨਾ ਜਾਰੀ ਰਖਿਆ। ਹਰ ਮਹੀਨੇ ਦਰਜਨਾਂ ਨੌਜਵਾਨ ਫੜ ਕੇ ਮਾਰ ਦਿੱਤੇ ਜਾਂਦੇ ਰਹੇ ਤਾਂ ਜੋ ਖਾੜਕੂਆਂ ਵਿਚ ਦਹਿਸ਼ਤ ਫੈਲ ਜਾਵੇ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਸੀ। ਇਸ ਦੇ ਨਾਲ ਹੀ ਹਰ ਮਹੀਨੇ ਸੈਂਕੜੇ ਨੌਜਵਾਨ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟੇ ਜਾ ਰਹੇ ਸਨ। ਇਸ ਸਾਰੇ 'ਤੇ ਰੋਹ ਵਿਚ ਆ ਕੇ ਖਾੜਕੂ ਵੀ ਆਪਣੇ ਮੁਖ਼ਾਲਿਫ਼ਾਂ ਦੇ ਨਾਲ-ਨਾਲ ਪੁਲਸੀਆਂ ਅਤੇ ਬੇਗੁਨਾਹਾਂ ਦੇ ਕਤਲ ਵੀ ਕਰ ਰਹੇ ਸਨ।

ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ

ਰਾਗੀ ਦਰਸ਼ਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਮਗਰੋਂ ਕੋਈ 'ਮਾਅਰਕੇ ਦੀ ਗੱਲ ਕਰਨ' ਦੇ ਨਿਸ਼ਾਨੇ ਨਾਲ ਸਾਰੇ ਸ਼੍ਰੋਮਣੀ ਅਕਾਲੀ ਦਲਾਂ ਨੂੰ ਇਕ ਕਰਨ ਦੀ ਤਰਕੀਬ ਬਣਾਈ। ਉਸ ਨੇ 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ ਅਤੇ ਇਹ ਵੀ ਕਿਹਾ ਕਿ 5 ਫ਼ਰਵਰੀ 1987 ਤਕ ਅਸਤੀਫ਼ਾ ਨਾ ਦੇਣ ਵਾਲਾ ਅਕਾਲੀ ਆਗੂ **"ਪੰਥਕ ਅਤੇ ਮਨੁੱਖੀ ਹਿੱਤਾਂ ਦਾ ਵਿਰੋਧੀ ਸਮਝਿਆ ਜਾਵੇਗਾ।"** ਇਹ ਹਿਦਾਇਤ ਇੰਞ ਸੀ :

> ਸ਼੍ਰੋਮਣੀ ਅਕਾਲੀ ਦਲ ਕੇਵਲ ਇਕ 'ਰਾਜਨੀਤਕ' ਪਾਰਟੀ ਨਹੀਂ, ਬਲਕਿ ਸਿੱਖਾਂ ਦੀ ਕੌਮੀ ਜਥੇਬੰਦੀ ਹੈ। ਮੀਰੀ-ਪੀਰੀ ਦੇ ਸੁਮੇਲ ਵਿੱਚੋਂ ਜਨਮੀ ਇਹ ਪੰਥਕ ਜਥੇਬੰਦੀ 'ਖਾਲਸਾ ਜੀ ਕੇ ਬੋਲਬਾਲੇ' ਤੇ 'ਸਰਬਤ ਦਾ ਭਲਾ' ਦੇ ਮਹਾਨ ਉਦੇਸ਼ਾਂ ਨੂੰ ਲੈ ਕੇ ਸਿੱਖ ਹਿੱਤਾਂ ਦੇ ਪਹਿਰੇਦਾਰ ਦੇ ਰੂਪ ਵਿਚ ਉਭਰੀ।
>
> ਪਰ ਪਿਛਲੇਰੇ ਸਮੇਂ ਵਿਚ ਕੁਝ ਸਿਆਸੀ ਮੋੜ ਅਤੇ ਖ਼ੁਦ.ਗਰਜ਼ੀਆਂ ਕਾਰਨ ਅਕਾਲੀ ਦਲ ਛੋਟੀਆਂ ਛੋਟੀਆਂ ਜਥੇਬੰਦੀਆਂ ਵਿਚ ਵੰਡਿਆ ਗਿਆ, ਜਿਸ ਕਾਰਨ ਪੰਥਕ ਸ਼ਕਤੀ ਕਮਜ਼ੋਰ ਹੋਈ, ਜਿਸ ਤੋਂ ਹਰ ਸਿੱਖ ਚਿੰਤਤ ਹੈ। ਅੱਜ ਜਿਸ ਗੰਭੀਰ ਸੰਕਟ ਵਿੱਚੋਂ ਸਿੱਖ ਕੌਮ ਗੁਜ਼ਰ ਰਹੀ ਹੈ, ਉਸ ਲਈ ਇਹ ਅਤਿ ਜ਼ਰੂਰੀ ਹੈ ਕਿ ਪੰਥਕ ਸ਼ਕਤੀ ਇਕਮੁੱਠ ਹੋਵੇ।
>
> ਸੋ, ਦੀਰਘ ਵਿਚਾਰ ਉਪਰੰਤ ਪੰਜ ਸਿੰਘ ਸਾਹਿਬਾਨ ਵੱਲੋਂ ਲਏ ਨਿਰਣੇ ਦੀ ਰੌਸ਼ਨੀ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਦਿੱਤਾ ਜਾਂਦਾ ਹੈ ਕਿ ਹਰ ਉਸ ਜਥੇਬੰਦੀ ਜਿਸ ਦੇ ਨਾਮ ਨਾਲ 'ਅਕਾਲੀ ਦਲ' ਸ਼ਬਦ ਲਗਦਾ ਹੈ, ਉਸ ਦੇ ਮੁਖੀ/ਪ੍ਰਧਾਨ/ਜਥੇਦਾਰ ਮਿਤੀ 5 ਫ਼ਰਵਰੀ 1987 ਦਿਨ ਵੀਰਵਾਰ ਸ਼ਾਮ ਦੇ ਪੰਜ ਵਜੇ ਤਕ ਅਸਤੀਫ਼ਾ ਦਫ਼ਤਰ ਅਕਾਲ ਤਖ਼ਤ ਸਾਹਿਬ (ਦਰਸ਼ਨੀ ਡਿਓਢੀ, ਦਰਬਾਰ ਸਾਹਿਬ, ਅੰਮ੍ਰਿਤਸਰ) ਵਿਖੇ ਪਹੁੰਚਾ ਦੇਣ। ਇਸ ਉਪਰੰਤ ਸਮੂਹ

ਅਕਾਲੀ ਦਲ ਭੰਗ ਸਮਝੇ ਜਾਣਗੇ ਅਤੇ ਕੁਝ ਕੁ ਦਿਨਾਂ ਵਿਚ ਪੰਜ ਸਿੰਘ ਸਾਹਿਬਾਨ ਮਿਲ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਜਥੇਬੰਦੀ ਦੇ ਰੂਪ ਵਿਚ ਪੁਨਰ ਗਠਿਤ ਕਰਨਗੇ। ਜੇ ਕਰ ਕੋਈ ਵਿਅਕਤੀ ਮਿਤੀ 5-2-87 ਤੋਂ ਬਾਦ ਅਕਾਲੀ ਦਲ ਦਾ ਨਾਮ ਵਰਤ ਕੇ ਆਪਣੀ ਪਾਰਟੀ ਬਰਕਰਾਰ ਰੱਖਦਾ ਹੈ ਜਾਂ ਨਵੀਂ ਬਣਾਉਂਦਾ ਹੈ ਤਾਂ ਉਸ ਨੂੰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਤੇ ਪੰਥਕ ਅਤੇ ਮਨੁੱਖੀ ਹਿੱਤਾਂ ਦੇ ਵਿਰੋਧੀ ਸਮਝਿਆ ਜਾਵੇਗਾ।

(ਨੋਟ : ਇਸਤਰੀ ਅਕਾਲੀ ਦਲ ਵਿਚ ਮਤਭੇਦ ਨਾ ਹੋਣ ਕਾਰਨ ਇਹ ਆਦੇਸ਼ ਉਸ 'ਤੇ ਲਾਗੂ ਨਹੀਂ।)

ਪ੍ਰੋ: ਦਰਸ਼ਨ ਸਿੰਘ (ਤੇ ਚਾਰ ਸੀਨੀਅਰ ਗ੍ਰੰਥੀਆਂ) ਦੀ ਹਿਦਾਇਤ 'ਤੇ ਪਹਿਲੇ ਦਿਨ ਹੀ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਅਤੇ ਪਰਕਾਸ਼ ਸਿੰਘ ਬਾਦਲ (ਸ਼੍ਰੋਮਣੀ ਅਕਾਲੀ ਦਲ) ਨੇ ਆਪਣੇ ਅਸਤੀਫ਼ੇ ਦੇ ਦਿੱਤੇ। ਸੁਰਜੀਤ ਬਰਨਾਲਾ ਨੇ ਆਪਣਾ ਅਸਤੀਫ਼ਾ ਦੇਣ ਦੀ ਬਜਾਇ ਇਕ ਪੰਜ-ਮੈਂਬਰੀ ਕਮੇਟੀ ਬਣਾ ਦਿੱਤੀ, ਜੋ ਰਾਗੀ ਦਰਸ਼ਨ ਸਿੰਘ ਨੂੰ ਮਿਲ ਕੇ ਗਲਬਾਤ ਕਰੇ।

ਰਾਗੀ ਦਰਸ਼ਨ ਸਿੰਘ ਵਲੋਂ ਸਾਰੇ ਅਕਾਲੀ ਦਲਾਂ ਨੂੰ ਇਕ ਕਰਨ ਦਾ ਕੋਈ ਤੁਕ ਨਹੀਂ ਸੀ ਬਣਦਾ, ਕਿਉਂਕਿ ਬਰਨਾਲਾ ਅਕਾਲੀ ਦਲ ਤੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪਰਕਾਸ਼ ਸਿੰਘ ਬਾਦਲ, ਦੋ ਦਰਜਨ ਐਮ.ਐਲ.ਏਜ਼. ਅਤੇ ਹਜ਼ਾਰਾਂ ਅਕਾਲੀ ਵਰਕਰਾਂ ਵਲੋਂ ਵੱਖਰਾ ਹੋਣ ਦਾ ਪਿਛੋਕੜ ਬਰਨਾਲੇ ਵਲੋਂ ਦਰਬਾਰ ਸਾਹਿਬ 'ਤੇ ਪੁਲੀਸ ਐਕਸ਼ਨ ਕਰਨਾ ਸੀ। ਦੂਜਾ, ਬਰਨਾਲਾ ਅਜੇ ਵੀ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਕਰਵਾਈ ਜਾ ਰਿਹਾ ਸੀ। ਤੀਜਾ, ਉਸ ਨੇ ਦਰਬਾਰ ਸਾਹਿਬ 'ਤੇ ਹਮਲੇ ਨੂੰ ਨਾ ਤਾਂ ਗ਼ਲਤ ਮੰਨਿਆ ਸੀ ਤੇ ਨਾ ਹੀ ਉਸ ਦੀ ਮੁਆਫ਼ੀ ਮੰਗੀ ਸੀ। ਰਾਗੀ ਦੀ ਇਹ ਕਾਰਵਾਈ ਨਾ ਤਾਂ ਅਸੂਲੀ ਸੀ ਅਤੇ ਨਾ ਹੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਤੇ ਰਿਵਾਇਤ ਮੁਤਾਬਿਕ। ਇੰਞ ਅਕਾਲ ਤਖ਼ਤ ਸਾਹਿਬ ਦਾ ਸਿੱਖ ਜਥੇਬੰਦੀਆਂ ਦੇ ਮਾਮਲੇ ਵਿਚ ਦਖ਼ਲ ਦੇਣਾ ਬੇਮਾਅਨਾ ਸੀ।

ਸੁਰਜੀਤ ਬਰਨਾਲਾ ਦੀ ਪੰਜ-ਮੈਂਬਰੀ ਕਮੇਟੀ ਵਲੋਂ ਵਜ਼ੀਰ ਹਰਭਜਨ ਸਿੰਘ ਸੰਧੂ ਰਾਗੀ ਦਰਸ਼ਨ ਸਿੰਘ ਨੂੰ ਮਿਲਿਆ ਅਤੇ ਉਸ ਨੇ ਵੀ ਹਥਿਆਰ ਸੁੱਟ ਦਿੱਤੇ , ਪਰ ਸੁਰਜੀਤ ਬਰਨਾਲਾ ਨੇ, ਰਾਜੀਵ ਗਾਂਧੀ ਦੀ ਹਿਦਾਇਤ ਮਿਲਣ ਮਗਰੋਂ, ਨਵੇਂ ਦਲ ਵਿਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ। ਹਾਂ, ਬਰਨਾਲਾ ਦਲ ਦੇ ਹਰਭਜਨ ਸਿੰਘ ਸੰਧੂ ਨੇ ਅਕਾਲ ਤਖ਼ਤ ਸਾਹਿਬ ਦਾ 'ਹੁਕਮ' ਮੰਨਦਿਆਂ ਵਜ਼ੀਰੀ ਛੱਡ ਦਿੱਤੀ ਤੇ ਸਾਂਝੇ ਅਕਾਲੀ ਦਲ ਵਿਚ ਆ ਗਿਆ। ਉਸ ਨੇ ਨਾਲ ਹੀ ਮੇਜਰ ਸਿੰਘ ਉਬੋਕੇ, ਨਿਰੰਜਨ ਸਿੰਘ ਪੱਟੀ, ਨਿਰਮਲ ਸਿੰਘ ਕਾਹਲੋਂ ਅਤੇ ਬਸੰਤ ਸਿੰਘ ਖਾਲਸਾ ਐਮ.ਐਲ.ਏਜ਼. ਵੀ ਸਾਂਝੇ ਅਕਾਲੀ ਦਲ 'ਚ ਆ ਗਏ। ਇਨ੍ਹਾਂ ਪੰਜਾਂ ਐਮ.ਐਲ.ਏਜ਼. ਨੇ ਬਰਨਾਲੇ ਵਲੋਂ ਦਰਬਾਰ ਸਾਹਿਬ 'ਤੇ ਹਮਲੇ ਵੇਲੇ ਉਸ ਦਾ ਸਾਥ ਦਿੱਤਾ ਸੀ।

5 ਫ਼ਰਵਰੀ ਨੂੰ ਨਵੇਂ ਅਕਾਲੀ ਦਲ ਦੇ ਨੇਮ 'ਤੇ ਆਈਨ ਜਾਰੀ ਕਰ ਦਿੱਤਾ ਗਿਆ। ਇਸ ਨਵੇਂ ਦਲ ਦੀ ਇਕ ਪ੍ਰੀਜ਼ੀਡੀਅਮ ਬਣਾਈ ਗਈ। ਇਸ ਪ੍ਰੀਜ਼ੀਡੀਅਮ ਵਿਚ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸੀ ਤੇ ਬਾਕੀ ਮੈਂਬਰ ਸਨ : ਪਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਬਾਬਾ ਜੋਗਿੰਦਰ ਸਿੰਘ ਤੇ ਗੱਜਾ ਸਿੰਘ। ਇਸ ਦੇ ਨਾਲ ਹੀ ਦਲ ਦੀ ਇਕ ਕੌਂਸਲ (ਐਗਜ਼ੈਕਟਿਵ) ਵੀ ਬਣਾਈ ਗਈ।

ਇਸ ਵਿਚ ਸ਼ਾਮਿਲ ਸਨ : ਮਨਜੀਤ ਸਿੰਘ ਕਲਕੱਤਾ, ਗੁਰਦੇਵ ਸਿੰਘ ਬਾਦਲ, ਪ੍ਰੇਮ ਸਿੰਘ ਲਾਲਪੁਰਾ, ਰਣਜੀਤ ਸਿੰਘ ਬ੍ਰਹਮਪੁਰਾ, ਮੇਜਰ ਨਰਿੰਦਰ ਸਿੰਘ, ਸੁਖਜਿੰਦਰ ਸਿੰਘ, ਉਜਾਗਰ ਸਿੰਘ ਸੇਖਵਾਂ, ਕੈਪਟਨ ਹਰਚਰਨ ਸਿੰਘ ਰੋਡੇ।

6 ਫ਼ਰਵਰੀ ਨੂੰ ਰਾਗੀ ਦਰਸ਼ਨ ਸਿੰਘ ਨੇ ਬਰਨਾਲੇ ਦੇ ਸਾਥੀ ਐਮ.ਐਲ.ਏਜ਼. ਨੂੰ ਅਕਾਲ ਤਖ਼ਤ ਸਾਹਿਬ ਨਾਲ ਵਫ਼ਾਦਾਰੀ ਸਾਬਿਤ ਕਰਨ ਦਾ ਹੁਕਮ ਜਾਰੀ ਕੀਤਾ। ਪਹਿਲਾਂ ਤਾਂ ਬਲਵੰਤ ਸਿੰਘ ਸੁਲਤਾਨਪੁਰੀ, ਪ੍ਰੇਮ ਸਿੰਘ ਚੰਦੂਮਾਜਰਾ, ਮਹਿੰਦਰ ਸਿੰਘ ਸਾਈਆਂਵਾਲਾ, ਸੁਰਿੰਦਰਪਾਲ ਸਿੰਘ, ਹਰਦੀਪ ਇੰਦਰ ਸਿੰਘ, ਬਲਦੇਵ ਸਿੰਘ ਖਿਆਲਾ, ਦਲੀਪ ਸਿੰਘ ਪਾਂਧੀ, ਸਰਵਣ ਸਿੰਘ ਫ਼ਿਲੌਰ, ਅਮਰਜੀਤ ਸਿੰਘ ਸਮਰਾਲਾ, ਗੁਰਦੀਪ ਸਿੰਘ ਭੈਣੀ, ਤਾਰਾ ਸਿੰਘ ਅਟਾਰੀ ਅਤੇ ਜਸਵੰਤ ਸਿੰਘ ਨੇ ਰਾਗੀ ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਨਾਲ ਵਫ਼ਾਦਾਰੀ ਬਾਰੇ ਲਿਖ ਕੇ ਦੇ ਦਿੱਤਾ, ਪਰ ਬਾਅਦ ਵਿਚ ਇਹ ਸਾਰੇ 12 ਦੇ 12 ਮੁਕਰ ਗਏ।

8 ਫ਼ਰਵਰੀ ਨੂੰ ਬਰਨਾਲੇ ਨੇ ਰਾਗੀ ਦਰਸ਼ਨ ਸਿੰਘ ਦੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। 9 ਫ਼ਰਵਰੀ ਨੂੰ ਰਾਗੀ ਨੇ ਬਰਨਾਲੇ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ। ਰਾਗੀ ਨੇ ਬਰਨਾਲੇ ਨੂੰ ਅਕਾਲ ਤਖ਼ਤ ਸਾਹਿਬ 'ਤੇ ਵੀ ਤਲਬ ਕਰ ਲਿਆ। ਬਰਨਾਲੇ ਨੂੰ ਤਨਖ਼ਾਹੀਆ ਕਰਾਰ ਦੇਣ ਵਾਲਾ 'ਹੁਕਮ' ਹੇਠ ਲਿਖਿਆ ਸੀ :

ਮਿਤੀ : 9-2-1987

ਹੁਕਮ

1. ਪੰਥਕ ਏਕਤਾ ਦੇ ਮਨੋਰਥ ਲਈ ਸ਼੍ਰੋਮਣੀ ਅਕਾਲੀ ਦਲ ਦੇ ਏਕੀਕਰਨ ਕਰਨ ਸਬੰਧੀ ਅਕਾਲੀ ਦਲ ਦੇ ਸਭ ਧੜਿਆਂ ਦੇ ਪ੍ਰਧਾਨਾਂ ਤੋਂ ਮਿਤੀ 5 ਫ਼ਰਵਰੀ ਨੂੰ ਸ਼ਾਮ ਦੇ ਪੰਜ ਵਜੇ ਤੀਕ ਅਸਤੀਫ਼ੇ ਭੇਜਣ ਲਈ ਅਕਾਲ ਤਖ਼ਤ ਸਾਹਿਬ ਤੋਂ ਜੋ ਆਦੇਸ਼ ਜਾਰੀ ਕੀਤਾ ਗਿਆ, ਸੁਰਜੀਤ ਸਿੰਘ ਬਰਨਾਲਾ ਅਸਤੀਫ਼ਾ ਨਾ ਦੇ ਕੇ ਹੁਕਮ ਦੀ ਅਵੱਗਿਆ ਕਰਨ ਦਾ ਦੋਸ਼ੀ ਹੈ।
2. ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਜਾ ਰਹੇ ਏਕਤਾ ਯਤਨਾਂ ਸਬੰਧੀ ਸੁਰਜੀਤ ਸਿੰਘ ਬਰਨਾਲਾ, ਕੂੜ, ਕੁਸੱਤ ਤੇ ਮੰਦ ਬਚਨ ਬੋਲ ਕੇ **ਸਿੰਘ ਸਾਹਿਬਾਨ ਦੀ ਮਹਾਨ ਪਦਵੀਆਂ ਦੇ ਅਪਮਾਨ ਦਾ ਦੋਸ਼ੀ ਹੈ।**[11]
3. ਆਪਣੇ ਬਚਨਾਂ ਤੋਂ ਖਿਸਕ ਕੇ ਅਤੇ ਆਪਣੇ ਵੱਲੋਂ ਭੇਜੇ ਪ੍ਰਤੀਨਿਧ ਦੇ ਦਿਵਾਏ ਲਿਖਤੀ ਵਿਸ਼ਵਾਸ ਤੋਂ ਮੁਨਕਰ ਹੋ ਕੇ ਸੁਰਜੀਤ ਸਿੰਘ ਬਰਨਾਲਾ ਅਕਾਲ ਤਖ਼ਤ ਸਾਹਿਬ ਨਾਲ ਵਿਸ਼ਵਾਸਘਾਤ ਦਾ ਦੋਸ਼ੀ ਹੈ।
4. ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੇ ਸਭ ਧੜੇ ਭੰਗ ਕਰਨ ਦੇ ਐਲਾਨ ਉਪਰੰਤ ਵੀ ਸੁਰਜੀਤ ਸਿੰਘ ਬਰਨਾਲਾ ਨੇ ਧੜੇ ਦੀ ਹੋਂਦ ਅਤੇ ਆਪਣੇ ਪ੍ਰਧਾਨ ਹੋਣ ਦਾ ਦਾਅਵਾ ਅਖ਼ਬਾਰਾਂ ਰਾਹੀਂ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਕੀਤੀ, ਪੰਥਕ ਏਕਤਾ ਦੇ ਕਾਜ ਨੂੰ ਸੱਟ ਮਾਰੀ ਅਤੇ ਸਿੱਖ ਕੌਮ ਵਿਚ ਖਿਚੋਤਾਨ, ਪਾਟੋਧਾੜ ਅਤੇ ਆਪਾ-ਧਾਪੀ ਪਾਉਣ ਦਾ **ਅਪਰਾਧ**[12] ਕਮਾਇਆ ਹੈ।

ਇਸ ਲਈ ਅੱਜ ਅਸੀਂ ਸੁਰਜੀਤ ਸਿੰਘ ਬਰਨਾਲਾ ਨੂੰ ਬਤੌਰ ਸਿੱਖ ਦੇ ਤਨਖ਼ਾਹੀਆ ਕਰਾਰ

---

11. ਆਪਣੇ ਆਪ ਨੂੰ ਹੀ 'ਮਹਾਨ ਪਦਵੀਆਂ' ਵਾਲੇ ਆਖਿਆ ਹੈ।
12. ਧਾਰਮਿਕ ਬੋਲੀ ਵਿਚ ਸ਼ਾਇਦ ਇਹ 'ਪਾਪ/ਗੁਨਾਹ' ਤਾਂ ਕਿਹਾ ਜਾ ਸਕਦਾ ਹੋਵੇ, ਪਰ ਇਹ 'ਅਪਰਾਧ' ਹਰਗਿਜ਼ ਨਹੀਂ ਬਣਦਾ।

ਦਿੰਦੇ ਹਾਂ। ਸੁਰਜੀਤ ਸਿੰਘ ਬਰਨਾਲਾ ਮਿਤੀ 11 ਫ਼ਰਵਰੀ, 1987 (29 ਮਾਘ ਸੰਮਤ ਬਿਕ੍ਰਮੀ 2045) ਦਿਨ ਬੁਧਵਾਰ ਦੁਪਹਿਰ ਦੇ ਦੋ ਵਜੇ ਲਿਖਤੀ ਸਪੱਸ਼ਟੀਕਰਨ ਲੈ ਕੇ ਆਪ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਵੇ, ਨਹੀਂ ਤਾਂ ਪੰਥਕ ਮਰਿਆਦਾ ਅਨੁਸਾਰ ਅਕਾਲ ਤਖ਼ਤ ਸਾਹਿਬ ਅਗਲੀ ਕਾਰਵਾਈ ਕਰਨਗੇ।

ਸਰਬ ਸਿੱਖ ਸੰਸਾਰ ਸੁਰਜੀਤ ਸਿੰਘ ਬਰਨਾਲਾ ਨਾਲ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮ ਤਕ ਕੋਈ ਸਬੰਧ ਨਾ ਰੱਖੇ ਅਤੇ ਕੋਈ ਮਿਲਵਰਤਨ ਨਾ ਦੇਵੇ। ਜੋ ਕੋਈ ਪੰਥ ਦਾ ਹੁਕਮ ਮੰਨੇਗਾ, ਉਹ ਨਿਹਾਲ ਹੋਵੇਗਾ ਅਤੇ ਸਤਿਗੁਰੂ ਹਲਤ-ਪਲਤ ਉਸਦੇ ਸਹਾਈ ਹੋਣਗੇ।

ਬਰਨਾਲਾ, ਜਿਹਾ ਕਿ ਆਸ ਸੀ, 11 ਤਾਰੀਖ਼ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਾ ਹੋਇਆ। ਇਸ 'ਤੇ ਰਾਗੀ ਨੇ ਉਸ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਬਰਨਾਲਾ ਨੂੰ 'ਪੰਥ 'ਚੋਂ ਖ਼ਾਰਿਜ' ਕਰਨ ਦਾ 'ਹੁਕਮਨਾਮਾ' ਇੰਵ ਸੀ :

ਮਿਤੀ : 11-2-1987

ਅਕਾਲ ਸਹਾਇ॥

ਹੁਕਮਨਾਮਾ

ਅਕਾਲ ਤਖ਼ਤ ਸਾਹਿਬ

॥ ਮ: ੪ ॥

ਪੂਰੇ ਗੁਰ[13] ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ॥
ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ॥
ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ॥
ਪਹਿਲਾ ਅਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ॥
ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ॥੨॥

ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖੀ ਦੇ ਵਾਧੇ ਲਈ ਤੇ ਪੰਥਕ ਹਿਤਾਂ ਨੂੰ ਸਨਮੁਖ ਰੱਖ ਕੇ ਸਿੱਖ ਕੌਮ ਵਿਚ ਪਈ ਫੁਟ ਤੇ ਦੁਫੇੜ ਖ਼ਤਮ ਕਰਨ ਅਤੇ ਜਥੇਬੰਦਕ ਏਕਤਾ ਤੇ ਮਨੋਰਥ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਦੇ ਮੁਖੀਆਂ ਨੂੰ ਅਹੁਦੇ ਤਿਆਗਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। ਜਿਸ ਨੂੰ ਮੰਨਣ ਤੋਂ ਸੁਰਜੀਤ ਸਿੰਘ ਬਰਨਾਲਾ ਇਨਕਾਰੀ ਹੋਇਆ ਹੈ। ਇਸ 'ਤੇ 9 ਫ਼ਰਵਰੀ 1987 ਨੂੰ ਜਾਰੀ ਕੀਤੇ ਹੁਕਮ ਅਨੁਸਾਰ ਸੁਰਜੀਤ ਸਿੰਘ ਬਰਨਾਲਾ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ 11 ਫ਼ਰਵਰੀ 1987 ਦੁਪਹਿਰ ਦੋ ਵਜੇ ਲਿਖਤੀ ਸਪੱਸ਼ਟੀਕਰਨ ਲੈ ਕੇ ਆਪ ਹਾਜ਼ਿਰ ਹੋਣ ਦਾ ਹੁਕਮ ਦਿੱਤਾ ਸੀ। ਉਹ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਨਾ ਹੋ ਕੇ ਹੁਕਮ ਉਲੰਘਣਾ ਦਾ ਦੋਸ਼ੀ ਹੈ :

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ॥

ਹੁਣ ਪ੍ਰਮਾਣਿਤ ਹੈ ਕਿ ਸੁਰਜੀਤ ਸਿੰਘ ਬਰਨਾਲਾ ਅਕਾਲ ਤਖ਼ਤ ਸਾਹਿਬ ਦੇ ਆਦੇਸ਼

---

13. ਸ਼ਾਇਦ ਇਸ ਦਾ ਮਤਲਬ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਦਾ ਹੁਕਮ ਕੀਤਾ ਗਿਆ ਸੀ। ਵਰਨਾ ਏਥੇ ਇਹ ਖ਼ਾਸ ਸ਼ਬਦ ਲਿਖਣ ਦਾ ਕੋਈ ਮਕਸਦ ਨਹੀਂ ਸੀ ਬਣਦਾ। ਇਸ ਸਾਰੇ ਐਲਾਨ ਵਿਚ ਥਾਂ-ਥਾਂ 'ਤੇ ਗੁਰਬਾਣੀ ਦੀ ਵਰਤੋਂ ਕੀਤੀ ਹੋਈ ਹੈ, ਜੋ ਅ-ਢੁਕਵੀਂ ਅਤੇ ਗ਼ਲਤ ਹੈ, ਕਿਉਂਕਿ ਇਹ ਸਾਰੇ ਸ਼ਬਦ ਗੁਰੂ ਤੇ ਅਕਾਲ ਪੁਰਖ ਵਾਸਤੇ ਹਨ, ਨਾ ਕਿ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ/ਗ੍ਰੰਥੀ/ਮੁਖ ਸੇਵਾਦਾਰ ਵਾਸਤੇ।

ਅਨੁਸਾਰ ਅਪਣੇ ਧੜੇ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਨਾ ਦੇਣ ਦਾ ਦੋਸ਼ੀ ਹੈ। ਏਕਤਾ ਯਤਨਾਂ ਸਬੰਧੀ ਨਿਰਮੂਲ ਤੇ ਕੂੜੇ ਦੂਸ਼ਨ ਲਾ ਕੇ ਪੰਜ ਸਿੰਘ ਸਾਹਿਬਾਨ ਦੇ ਮਾਨ ਤੇ ਪ੍ਰਤਿਸ਼ਟਤਾ ਘਟਾਉਣ ਦਾ ਦੋਸ਼ੀ ਹੈ।

ਉਸ ਦੇ ਭੇਜੇ ਹੋਏ ਪ੍ਰਤੀਨਿਧ ਨੇ ਪੂਰੀ ਤਸੱਲੀ ਉਪਰੰਤ ਆਪਣੇ ਦਲ ਦੀਆਂ ਸੇਵਾਵਾਂ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਕਰਨ ਦਾ ਲਿਖਤੀ ਬਚਨ ਦਿੱਤਾ, ਜਿਸ ਤੋਂ ਮੁਨਕਰ ਹੋ ਕੇ ਸੁਰਜੀਤ ਸਿੰਘ ਬਰਨਾਲਾ ਅਕਾਲ ਤਖ਼ਤ ਸਾਹਿਬ ਨਾਲ ਧੋਖਾ ਤੇ ਵਿਸ਼ਵਾਸਘਾਤ ਦਾ ਦੋਸ਼ੀ ਹੈ। ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਦਾ ਦੋਸ਼ੀ ਹੈ। ਆਪਣੇ ਧੜੇ ਦੀ ਹੋਂਦ ਤੇ ਆਪਣੀ ਪ੍ਰਧਾਨਗੀ ਬਰਕਰਾਰ ਰੱਖਣ ਦਾ ਦਾਅਵਾ ਕਰ ਕੇ ਗੁਰੂ ਕੇ ਸਿੱਖਾਂ ਵਿਚ ਫੁਟ ਪਾਉਣ ਦਾ ਅਤੇ ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਣ ਦਾ ਘੋਰ ਅਪਰਾਧੀ ਹੈ।

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥

ਸੁਰਜੀਤ ਸਿੰਘ ਬਰਨਾਲਾ ਦੀਆਂ ਉਪਰੋਕਤ ਪੰਥ ਵਿਰੋਧੀ ਕਾਰਵਾਈਆਂ ਤੇ ਉਸ ਦਾ ਪਿਛਲਾ ਆਚਰਨ ਜਿਸ ਰਾਹੀਂ **ਦਰਬਾਰ ਸਾਹਿਬ ਤੇ ਪੁਲਿਸ ਹਮਲੇ ਦੀ ਤਨਖ਼ਾਹ ਲਵਾ ਕੇ ਭੁੱਲ ਬਖ਼ਸ਼ਾਉਣ ਉਪਰੰਤ ਵੀ ਬਾਰ ਬਾਰ ਪੁਲਿਸ ਦਾਖ਼ਿਲ ਕਰ ਕੇ ਗੁਰਧਾਮਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰਨ ਦਾ ਅਪਰਾਧ ਹੈ**, ਨੂੰ ਵਿਚਾਰਦਿਆਂ ਹੋਇਆਂ ਸਪੱਸ਼ਟ ਪ੍ਰਗਟ ਹੁੰਦਾ ਹੈ ਕਿ ਉਹ ਜ਼ਾਤੀ ਸਵਾਰਥ ਅਧੀਨ ਗੁਰੂ ਪ੍ਰੰਥ ਤੋਂ ਬੇਮੁਖ ਹੋ ਚੁੱਕਾ ਹੈ।

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥

ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਣ, ਗੁਰਧਾਮਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਪਮਾਨ ਕਰਨ ਅਤੇ ਸਿੱਖ ਕੌਮ ਵਿਚ ਫੁਟ ਪਾਉਣ ਦੇ ਘੋਰ ਅਪਰਾਧ ਵਿਚ ਸੁਰਜੀਤ ਸਿੰਘ ਬਰਨਾਲਾ ਨੂੰ ਪੰਥਕ ਰਵਾਇਤਾਂ ਤੇ ਖ਼ਾਲਸਾਈ ਮਰਿਆਦਾ ਅਨੁਸਾਰ ਸਿੱਖ ਪੰਥ ਵਿਚੋਂ ਖ਼ਾਰਿਜ ਕੀਤਾ ਜਾਂਦਾ ਹੈ।

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥

ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠ ਸਮੂੰਹ ਸਿੱਖ ਮਾਈ ਭਾਈ ਨੂੰ ਹੁਕਮ ਹੈ: ਕਿ ਉਹ ਸੁਰਜੀਤ ਸਿੰਘ ਬਰਨਾਲਾ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ, ਪੰਥਕ ਸਟੇਜ ਤੋਂ ਨਾ ਬੋਲਣ ਦਿੱਤਾ ਜਾਵੇ, ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਕੋਈ ਮਿਲਵਰਤਨ ਤੇ ਸਹਿਯੋਗ ਨਾ ਕਰਨ। ਜੋ ਕੋਈ ਹੁਕਮ ਦੀ ਉਲੰਘਣਾ ਕਰੇਗਾ ਪੰਥ ਦਾ ਦੋਖੀ ਹੋਵੇਗਾ। ਇਹ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ, ਜੋ ਮੰਨੇਗਾ ਨਿਹਾਲ ਹੋਵੇਗਾ ਅਤੇ ਸਤਿਗੁਰੂ ਉਸਦੇ ਹਲਤ-ਪਲਤ ਸਹਾਈ ਹੋਣਗੇ।

ਇੰਞ ਹੀ ਰਛਪਾਲ ਸਿੰਘ ਦਿੱਲੀ ਨੂੰ ਵੀ 14 ਫ਼ਰਵਰੀ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ ਗਿਆ। ਉਹ ਵੀ ਉਸ ਦਿਨ ਨਾ ਆਇਆ ਤਾਂ ਉਸ ਨੂੰ ਵੀ 'ਖ਼ਾਰਿਜ' ਕਰ ਦਿੱਤਾ ਗਿਆ। ਰਛਪਾਲ ਸਿੰਘ ਨੂੰ **'ਤਨਖ਼ਾਹੀਆ'** ਕਰਾਰ ਦੇਣ ਵਾਲਾ ਹੁਕਮ ਇੰਞ ਸੀ:

ਮਿਤੀ: 11-2-1987

ਹੁਕਮ

ਅਕਾਲ ਤਖ਼ਤ ਸਾਹਿਬ ਦੇ ਹੁਕਮ ਦਾ ਉਲੰਘਣ ਕਰ ਕੇ, ਜਿਨ੍ਹਾਂ ਧੜਿਆਂ ਦੇ ਮੁਖੀਆਂ ਨੇ ਅਸਤੀਫ਼ੇ ਨਹੀਂ ਭੇਜੇ, ਉਨ੍ਹਾਂ ਦਲਾਂ ਦੇ ਸਮੂੰਹ ਅਹੁਦੇਦਾਰਾਂ, ਮੈਂਬਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਐਮ.ਐਲ.ਏਜ਼., ਐਮ.ਪੀਜ਼., ਆਦਿ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ 14-2-87 ਨੂੰ ਦੁਪਹਿਰ 12 ਵਜੇ ਤੀਕ ਸ਼੍ਰੋਮਣੀ ਅਕਾਲੀ ਦਲ ਦੀ ਵਫ਼ਾਦਾਰੀ ਦਾ ਹਲਫ਼ਨਾਮਾ ਭਰ ਕੇ ਭੇਜਣ।

ਅਕਾਲ ਤਖ਼ਤ ਸਾਹਿਬ ਦਾ ਹੁਕਮ ਨਾ ਮੰਨਣ ਕਾਰਨ ਅਤੇ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਵਿਰੁੱਧ ਕੂੜ ਤੇ ਨਿਰਮੂਲ ਪ੍ਰਚਾਰ ਕਰਨ ਲਈ ਦਿੱਲੀ ਦਾ ਰਛਪਾਲ ਸਿੰਘ, ਜੋ ਆਪਣੇ ਆਪ ਨੂੰ ਅਕਾਲੀ ਦਲ (ਮਾਸਟਰ) ਦਾ ਪ੍ਰਧਾਨ ਅਖਵਾਂਦਾ ਹੈ, ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ 14-2-87 ਨੂੰ ਦੁਪਹਿਰ 12 ਵਜੇ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਲਿਖਤੀ ਸਪੱਸ਼ਟੀਕਰਨ ਲੈ ਕੇ ਪੇਸ਼ ਹੋਵੇ।"

ਪਰ ਰਛਪਾਲ ਸਿੰਘ 14 ਫ਼ਰਵਰੀ ਨੂੰ ਹਾਜ਼ਿਰ ਨਾ ਹੋਇਆ ਤਾਂ ਉਸ ਨੂੰ 'ਪੰਥ 'ਚੋਂ ਖ਼ਾਰਿਜ' ਕਰ ਦਿੱਤਾ ਗਿਆ। ਉਸ ਨੂੰ 'ਖ਼ਾਰਿਜ' ਕਰਨ ਵਾਲਾ ਹੁਕਮ ਇੰਞ ਸੀ:

ਮਿਤੀ: 14-2-1987

ਅਕਾਲ ਸਹਾਇ॥

ਹੁਕਮਨਾਮਾ

ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖੀ ਦੇ ਵਾਧੇ ਲਈ ਤੇ ਪੰਥਕ ਹਿੱਤਾਂ ਨੂੰ ਸਨਮੁਖ ਰੱਖ ਕੇ ਸਿੱਖ ਕੌਮ ਵਿਚ ਪਈ ਫੁੱਟ ਤੇ ਦੁਫੇੜ ਖ਼ਤਮ ਕਰਨ ਅਤੇ ਜਥੇਬੰਦਕ ਏਕਤਾ ਦੇ ਮਨੋਰਥ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਦੇ ਪ੍ਰਧਾਨਾਂ ਨੂੰ ਅਹੁਦੇ ਤਿਆਗਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ, ਜਿਸ ਨੂੰ ਮੰਨਣ ਤੋਂ ਦਿੱਲੀ ਦਾ ਰਛਪਾਲ ਸਿੰਘ ਇਨਕਾਰੀ ਹੋਇਆ। ਇਸ 'ਤੇ 11 ਫ਼ਰਵਰੀ 1987 ਨੂੰ ਜਾਰੀ ਕੀਤੇ ਹੁਕਮ ਅਨੁਸਾਰ ਰਛਪਾਲ ਸਿੰਘ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ 14 ਫ਼ਰਵਰੀ 1987 ਦੁਪਹਿਰ 12 ਵਜੇ ਲਿਖਤੀ ਸਪੱਸ਼ਟੀਕਰਨ ਲੈ ਕੇ ਆਪ ਹਾਜ਼ਿਰ ਹੋਣ ਵਾਸਤੇ ਕਿਹਾ ਗਿਆ ਸੀ, ਪਰ ਉਹ ਹਾਜ਼ਿਰ ਨਹੀਂ ਹੋਇਆ। ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਉਲੰਘਣਾ ਦਾ ਦੋਸ਼ੀ ਹੈ। ਅਕਾਲ ਤਖ਼ਤ ਸਾਹਿਬ ਦੀ ਹਸਤੀ ਤੇ ਅਧਿਕਾਰ ਨੂੰ ਚੁਣੌਤੀ ਦੇਣ ਲਈ ਜੋ ਕੂੜ ਪ੍ਰਚਾਰ ਸਰਕਾਰੀ ਸਾਧਨਾਂ ਰਾਹੀਂ ਆਰੰਭਿਆ ਹੈ, ਰਛਪਾਲ ਸਿੰਘ ਦਿੱਲੀ ਸਰਕਾਰ ਵੱਲੋਂ ਉਸਦਾ ਮੋਹਰੀ ਹੋਣ ਦਾ ਦੋਸ਼ੀ ਹੈ।

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ॥

ਇਸ ਤੋਂ ਪਹਿਲਾਂ ਵੀ ਉਹ ਅਕਾਲ ਤਖ਼ਤ ਸਾਹਿਬ ਦੀ ਅਵੱਗਿਆ ਕਰਨ ਦੀ ਭੁੱਲ ਬਖ਼ਸ਼ਾ ਕੇ ਤਨਖ਼ਾਹ ਭੁਗਤ ਚੁੱਕਾ ਹੈ।

ਹੁਣ ਪ੍ਰਮਾਣਿਤ ਹੈ ਕਿ ਦਿੱਲੀ ਦਾ ਰਛਪਾਲ ਸਿੰਘ:

1. ਆਪਣੇ ਧੜੇ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਨਾ ਦੇ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਉਲੰਘਣ ਦਾ ਦੋਸ਼ੀ ਹੈ।
2. ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚਤਾ ਤੇ ਅਧਿਕਾਰ ਘਟਾਉਣ ਅਤੇ ਸਿੰਘ ਸਾਹਿਬਾਨ ਦੀ ਮਾਨ-ਹਾਨੀ ਕਰਨ ਦਾ ਦੋਸ਼ੀ ਹੈ।
3. ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ 'ਤੇ ਇਨਕਾਰੀ ਹੋ ਕੇ ਹੁਕਮ ਉਲੰਘਣ ਦਾ ਦੋਸ਼ੀ ਹੈ।

ਆਪਣੇ ਧੜੇ ਦੀ ਹੋਂਦ ਤੇ ਪ੍ਰਧਾਨਗੀ ਕਾਇਮ ਰੱਖ ਕੇ ਦਿੱਲੀ ਸਰਕਾਰ ਦੀ ਖ਼ੁਸ਼ਨੂਦੀ ਲੈਣ ਲਈ ਸਿੱਖਾਂ ਵਿਚ ਫੁਟ ਤੇ ਦੁਫੇੜ ਪਾਉਣ ਦਾ ਘੋਰ ਅਪਰਾਧ ਕਮਾ ਰਿਹਾ ਹੈ ਅਤੇ ਗੁਰੂ ਪੰਥ ਤੋਂ ਬੇਮੁਖ ਹੋ ਚੁੱਕਾ ਹੈ।

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥

ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠ ਰਛਪਾਲ ਸਿੰਘ ਨੂੰ ਪੰਥ ਵਿਚੋਂ ਖ਼ਾਰਿਜ ਕੀਤਾ ਜਾਂਦਾ ਹੈ। ਸਮੂਹ ਸਿੱਖ ਮਾਈ ਭਾਈ ਨੂੰ ਹੁਕਮ ਹੈ ਕਿ ਉਹ ਦਿੱਲੀ ਦੇ ਰਛਪਾਲ ਸਿੰਘ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ, ਪੰਥਕ ਸਟੇਜ ਤੋਂ ਨਾ ਬੋਲਣ ਦਿੱਤਾ ਜਾਵੇ, ਹਰ ਯੋਗ

ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਕੋਈ ਮਿਲਵਰਤਣ ਤੇ ਸਹਿਯੋਗ ਨਾ ਕਰਨ। ਜੋ ਕੋਈ ਹੁਕਮ ਦੀ ਉਲੰਘਣਾ ਕਰੇਗਾ ਪੰਥ ਦਾ ਦੋਖੀ ਹੋਵੇਗਾ।

ਇਹ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ, ਜੋ ਮੰਨੇਗਾ ਨਿਹਾਲ ਹੋਵੇਗਾ ਅਤੇ ਸਤਿਗੁਰੂ ਉਸਦੇ ਹਲਤ-ਪਲਤ ਸਹਾਈ ਹੋਣਗੇ।

15 ਫ਼ਰਵਰੀ 1987 ਨੂੰ ਰਾਗੀ ਨੇ ਐਮ.ਐਲ.ਏ. ਨੂੰ 21 ਫ਼ਰਵਰੀ ਤਕ ਦੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਵਾਸਤੇ ਮੁਹਲਤ ਦਿੱਤੀ, ਪਰ ਕਿਸੇ ਵੀ ਐਮ.ਐਲ.ਏ. ਨੇ ਰਾਗੀ ਦੀ ਪਰਵਾਹ ਨਾ ਕੀਤੀ।

ਬਰਨਾਲੇ ਵਲੋਂ ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਬਗ਼ਾਵਤ ਦਾ ਐਲਾਨ

15 ਫ਼ਰਵਰੀ ਨੂੰ ਕਮਿਊਨਿਸਟਾਂ ਅਤੇ ਕਾਂਗਰਸੀਆਂ ਨੇ ਸੁਰਜੀਤ ਬਰਨਾਲਾ ਦੀ ਪਿੱਠ ਠੋਕੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਕਰਨ ਵਾਸਤੇ ਉਕਸਾਇਆ। ਇਸ 'ਤੇ ਬਰਨਾਲੇ ਨੇ 20 ਫ਼ਰਵਰੀ ਦੇ ਦਿਨ ਪਿੰਡ ਲੌਂਗੋਵਾਲ 'ਚ ਇਕ ਇਕੱਠ ਬੁਲਾ ਲਿਆ। ਇਸ ਇਕੱਠ ਵਿਚ ਹਾਜ਼ਿਰ ਹੋਣ ਵਾਲਿਆਂ ਵਿਚ 90 ਫ਼ੀ ਸਦੀ ਤੋਂ ਵੱਧ ਹਿੰਦੂ, ਨਾਮਧਾਰੀ, ਰਾਧਾ ਸੁਆਮੀ, ਨਕਲੀ ਨਿਰੰਕਾਰੀ, ਕਮਿਊਨਿਸਟ ਅਤੇ ਹੋਰ ਗ਼ੈਰ-ਸਿੱਖ ਸ਼ਾਮਿਲ ਸਨ। **ਬਰਨਾਲੇ ਦਾ ਇਹ ਐਕਸ਼ਨ ਸਿਰਫ਼ ਰਾਗੀ ਨੂੰ ਚੈਲੰਜ ਨਹੀਂ ਸੀ ਬਲਕਿ ਗ਼ੈਰ-ਸਿੱਖਾਂ ਦੀ ਹਿਮਾਇਤ ਨਾਲ ਇਹ ਸਿੱਖੀ ਦੇ ਖ਼ਿਲਾਫ਼ ਬਗ਼ਾਵਤ ਕਰਨਾ ਸੀ।** ਉਧਰ, ਰਾਗੀ ਵਲੋਂ ਐਮ.ਐਲ.ਏਜ਼. ਨੂੰ ਜਾਰੀ 21 ਫ਼ਰਵਰੀ ਦਾ ਨੋਟਿਸ ਬਿਨਾਂ ਤਾਮੀਲ ਦੇ ਲੰਘ ਗਿਆ। ਪਰ ਕਾਬਲੇ-ਜ਼ਿਕਰ ਗੱਲ ਇਹ ਹੈ ਕਿ ਰਾਗੀ ਨੇ ਬਰਨਾਲੇ ਦੇ ਨਾਲ ਰਹੇ ਇਨ੍ਹਾਂ 37 ਐਮ.ਐਲ.ਏਜ਼. ਦੇ ਖ਼ਿਲਾਫ਼ ਕਦੇ ਵੀ ਕੋਈ ਐਕਸ਼ਨ ਨਾ ਲਿਆ। ਹੋਰ ਤਾਂ ਹੋਰ ਇਨ੍ਹਾਂ 37 ਵਿਚੋਂ ਇਕ ਉਮਰਾਨੰਗਲ (ਜੋ 1960 ਤੋਂ ਲੈ ਕੇ ਆਪਣੀ ਮੌਤ ਤੋਂ ਇਕ ਸਾਲ ਪਹਿਲਾਂ ਤਕ ਅਕਾਲੀ ਦਲ ਦੇ ਆਗੂਆਂ, ਪੰਥਕ ਮਸਲਿਆਂ, ਪੰਥਕ ਹਿਤਾਂ, ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਪੰਥ-ਵਿਰੋਧੀ ਤੇ ਜ਼ਹਿਰੀਲੇ ਬਿਆਨ ਦੇਂਦਾ ਰਿਹਾ ਸੀ) ਨੇ ਰਾਗੀ ਦਰਸ਼ਨ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਲਗਾਤਾਰ ਬਿਆਨ ਦੇਣੇ ਜਾਰੀ ਰਖੇ ਪਰ ਰਾਗੀ ਦਰਸ਼ਨ ਸਿੰਘ ਨੇ ਉਸ ਨੂੰ ਇਕ ਵਾਰੀ ਵੀ ਤਖ਼ਤ ਸਾਹਿਬ 'ਤੇ ਤਲਬ ਨਾ ਕੀਤਾ।

ਬਰਨਾਲੇ ਵਲੋਂ ਰਾਗੀ ਦੇ ਆਖਿਆਂ ਨਵੇਂ ਸਾਂਝੇ ਅਕਾਲੀ ਦਲ ਵਿਚ ਸ਼ਾਮਿਲ ਨਾ ਹੋਣ ਦਾ ਉਂਵ ਸਿੱਖ ਪੰਥ ਨੂੰ ਉਸ ਵੇਲੇ ਫ਼ਾਇਦਾ ਹੀ ਹੋਇਆ। ਜੇ ਬਰਨਾਲਾ ਇਸ ਅਕਾਲੀ ਦਲ ਦਾ ਹਿੱਸਾ ਬਣ ਜਾਂਦਾ ਤਾਂ ਇਕ ਤਰੀਕੇ ਨਾਲ ਉਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਮਿਲ ਜਾਣੀ ਸੀ ਅਤੇ ਦਰਬਾਰ ਸਾਹਿਬ 'ਤੇ ਕੀਤਾ ਗਿਆ ਹਮਲਾ ਅਤੇ ਸਿੱਖਾਂ ਦਾ ਕਤਲੇਆਮ ਅਕਾਲ ਤਖ਼ਤ ਸਾਹਿਬ ਵਲੋਂ **'ਮੁਆਫ਼'** ਹੀ ਨਹੀਂ, ਬਲਕਿ **'ਮਨਜ਼ੂਰ'** ਮੰਨਿਆ ਜਾਣਾ ਸੀ। ਇੱਥੇ ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਰਾਗੀ ਨੂੰ ਵਿਚੋਲਿਆਂ ਨੇ ਯਕੀਨ ਦਿਵਾਇਆ ਸੀ ਕਿ ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਜਾਣ ਵਾਸਤੇ ਰਾਜ਼ੀ ਹੋ ਜਾਵੇਗਾ ਪਰ ਜਦੋਂ ਐਨ ਮੌਕੇ 'ਤੇ ਬਰਨਾਲਾ ਵਿੱਟਰ ਗਿਆ ਤਾਂ ਰਾਗੀ ਨੂੰ ਉਸੇ ਦਿਨ ਹਾਰਟ-ਅਟੈਕ ਹੋ ਗਿਆ।

ਭਾਰਤ ਦੇ ਰਾਸ਼ਟਰਪਤੀ ਜ਼ੈਲ ਸਿੰਘ ਨੇ 23 ਫ਼ਰਵਰੀ ਨੂੰ ਪਾਰਲੀਮੈਂਟ ਵਿਚ ਲੈਕਚਰ

ਦੇਂਦਿਆਂ ਬਰਨਾਲੇ ਨੂੰ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਲੈਣ 'ਤੇ ਮੁਬਾਰਕਾਂ ਦਿੱਤੀਆਂ ਅਤੇ ਨਾਲ ਹੀ ਸਿੱਖਾਂ ਨੂੰ ਧਮਕੀ ਦਿੱਤੀ ਕਿ "ਸਰਕਾਰ ਧਰਮ ਦੀ ਕੁਵਰਤੋਂ ਦੀ ਇਜਾਜ਼ਤ ਨਹੀਂ ਦੇਵੇਗੀ।"

ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਲੋਂ ਛੇਕੇ ਜਾਣ 'ਤੇ ਖਿਝ ਵਿਚ ਆ ਕੇ ਬਰਨਾਲੇ ਨੇ ਪਹਿਲੀ ਮਾਰਚ ਨੂੰ ਗੁਰਦੁਆਰਾ ਸ਼ਹੀਦਾਂ (ਅੰਮ੍ਰਿਤਸਰ) 'ਤੇ ਹਮਲਾ ਕਰਵਾ ਦਿੱਤਾ। ਇਸ ਵਿਚ 5 ਸਿੱਖ ਮਾਰੇ ਗਏ। 7 ਮਾਰਚ ਨੂੰ ਉਸ ਨੇ ਦਰਬਾਰ ਸਾਹਿਬ 'ਤੇ ਵੀ ਇਕ ਵਾਰ ਫਿਰ ਹਮਲਾ ਕੀਤਾ। 12 ਮਾਰਚ ਨੂੰ ਤਰਨਤਾਰਨ ਗੁਰਦੁਆਰੇ 'ਤੇ ਵੀ ਹਮਲਾ ਕੀਤਾ ਗਿਆ। ਇਸ ਤੋਂ ਇਲਾਵਾ ਕਈ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਤੇ ਦਰਜਨਾਂ ਗ੍ਰਿਫ਼ਤਾਰ ਵੀ ਕੀਤੇ ਗਏ।

ਬਰਨਾਲੇ ਵਲੋਂ ਕੀਤੀ ਬਗ਼ਾਵਤ ਨੇ ਉਸ ਨੂੰ ਹਿੰਦੂਆਂ, ਨਿਰੰਕਾਰੀਆਂ, ਨਾਮਧਾਰੀਆਂ, ਕਾਂਗਰਸੀਆਂ ਤੇ ਕਮਿਊਨਿਸਟਾਂ ਦੀ ਹਿਮਾਇਤ ਤਾਂ ਦਿਵਾਈ ਪਰ ਸਿੱਖਾਂ ਵਿਚ ਉਸ ਨੂੰ ਹੋਰ ਵੀ ਨਫ਼ਰਤ ਨਾਲ ਵੇਖਿਆ ਜਾਣ ਲੱਗ ਪਿਆ। 30 ਨਵੰਬਰ 1986 ਦੇ ਦਿਨ ਉਸ ਨਾਲ ਸ਼੍ਰੋਮਣੀ ਕਮੇਟੀ ਦੇ 58 ਮੈਂਬਰ ਸਨ, ਪਰ 29 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਉਸ ਦੇ 21 ਸਾਥੀਆਂ ਨੇ ਉਸ ਦਾ ਸਾਥ ਛੱਡਣ ਦਾ ਐਲਾਨ ਕਰ ਦਿੱਤਾ। ਇਹ ਸਨ: ਬਲਦੇਵ ਸਿੰਘ ਮਾਹਿਲਪੁਰੀ, ਦਲੀਪ ਸਿੰਘ ਮੱਲੂ ਨੰਗਲ, ਓਂਕਾਰ ਸਿੰਘ ਮੱਤੇਨੰਗਲ, ਜਗੀਰ ਸਿੰਘ, ਕੇਸਰ ਸਿੰਘ ਪਠਾਨਕੋਟ, ਪ੍ਰਿ. ਗੁਲਜ਼ਾਰ ਸਿੰਘ, ਸੁਰਜੀਤ ਸਿੰਘ ਫੱਤੂਵਾਲ, ਹਜ਼ਾਰਾ ਸਿੰਘ, ਨਾਰੰਗ ਸਿੰਘ ਕਪੂਰਥਲਾ, ਤੀਰਥ ਸਿੰਘ ਸੰਗਢੇਸੀਆਂ, ਗੁਰਦੀਪ ਸਿੰਘ, ਜੋਗਿੰਦਰ ਸਿੰਘ ਜੋਗੀ, ਕਰਤਾਰ ਸਿੰਘ ਟੱਕਰ, ਰਣ ਸਿੰਘ ਮਚਾਕੀ, ਹਰਦਿਤ ਸਿੰਘ ਪੂਹਲੀ, ਲੈਫ਼ਟੀਨੈਂਟ ਹਰਬੰਸ ਸਿੰਘ, ਨੌਰੰਗ ਸਿੰਘ ਤੇ ਹਰਬੰਸ ਸਿੰਘ ਪਨੇਸਰ।

ਇਸ ਤੋਂ ਖਿਝ ਕੇ ਬਰਨਾਲੇ ਨੇ 200 ਤੋਂ ਵੱਧ ਨੌਜਵਾਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਤੇ ਕਈਆਂ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। 8 ਮਈ 1987 ਦੇ ਦਿਨ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਧੜੇ ਨੇ ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਬੋਲਣ ਵਾਲੇ ਉਮਰਾਨੰਗਲ ਦੇ ਪੁੱਤਰ ਸੁਖਦੇਵ ਨੂੰ ਕਤਲ ਕਰ ਦਿੱਤਾ।

ਭਾਵੇਂ ਬਰਨਾਲੇ ਵਲੋਂ ਸਿੱਖ ਨੌਜਵਾਨਾਂ ਦੇ ਕਤਲ ਤੇ ਗ੍ਰਿਫ਼ਤਾਰੀਆਂ ਜਾਰੀ ਸਨ, ਪਰ ਦੂਜੇ ਪਾਸੇ ਪੁਲੀਸ ਚੀਫ਼ ਰਬੈਰੋ ਦੀ ਚੰਦੂਮਾਜਰਾ ਅਤੇ ਬਲਵੰਤ ਸਿੰਘ ਸੁਲਤਾਨਪੁਰੀ ਨਾਲ ਵਿਗੜ ਵੀ ਚੁਕੀ ਸੀ। ਹੌਲੀ-ਹੌਲੀ ਇਨ੍ਹਾਂ ਨੇ ਬਿਆਨਬਾਜ਼ੀ ਵੀ ਸ਼ੁਰੂ ਕਰ ਦਿੱਤੀ ਸੀ। ਅਖ਼ੀਰ ਜਦੋਂ ਰਾਜੀਵ ਨੇ ਵੇਖਿਆ ਕਿ ਹੁਣ ਸੁਰਜੀਤ ਬਰਨਾਲਾ ਸਿੱਖ ਕੌਮ ਨੇ ਰੱਦ ਕਰ ਦਿੱਤਾ ਹੈ ਤੇ ਉਸ ਦੀ ਕੀਮਤ 'ਜ਼ੀਰੋ' ਹੋ ਚੁੱਕੀ ਹੈ ਤਾਂ ਉਸ ਨੇ 11 ਮਈ 1987 ਦੇ ਦਿਨ ਬਰਨਾਲੇ ਦੀ ਸਰਕਾਰ ਵੀ ਤੋੜ ਦਿੱਤੀ। ਰਬੈਰੋ ਨੇ ਅਗਲੇ ਦਿਨ ਹੀ ਬਰਨਾਲੇ ਦੇ ਵਜ਼ੀਰ ਪ੍ਰੇਮ ਸਿੰਘ ਚੰਦੂਮਾਜਰੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੀ ਬਹੁਤ ਜ਼ਿਆਦਾ ਕੁੱਟਮਾਰ ਕੀਤੀ ਤੇ ਨਾਲ ਹੀ ਉਸ 'ਤੇ ਬਹੁਤ ਸਾਰੇ ਕੇਸ ਪਾ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ।

ਸਮੁੱਚੇ ਤੌਰ 'ਤੇ ਬਰਨਾਲਾ ਇਕ ਜ਼ਲੀਲ ਤੇ ਬੇਇਜ਼ਤ ਹੋਏ ਹਾਰੇ ਜੁਆਰੀਏ ਵਾਂਗ ਗੱਦੀ ਤੋਂ ਲਾਹਿਆ ਗਿਆ। ਉਸ ਦੀ ਥਾਂ ਰਾਜੀਵ ਦੇ ਘਰ ਵਿਚ ਵੀ ਨਾ ਰਹੀ ਤੇ ਪੰਥ 'ਚੋਂ ਵੀ ਖ਼ਾਰਿਜ ਹੋਇਆ। ਸੈਂਕੜੇ ਸਿੱਖਾਂ ਨੂੰ ਕਤਲ ਕਰਵਾਉਣ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸੁਟਣ ਤੋਂ ਸਿਵਾ ਉਸ ਦੀ ਕੋਈ ਕਾਮਯਾਬੀ ਨਹੀਂ ਸੀ। ਉਸ ਨੇ ਦਰਬਾਰ

ਸਾਹਿਬ 'ਤੇ ਬੇਵਜ੍ਹਾ ਹਮਲਾ ਕੀਤਾ, ਦਰਜਨਾਂ ਵਾਰ ਗੁਰਦੁਆਰਿਆਂ 'ਚ ਪੁਲੀਸ ਐਕਸ਼ਨ ਕਰਵਾਏ, ਅਕਾਲ ਤਖ਼ਤ ਸਾਹਿਬ ਤੋਂ ਬਗ਼ਾਵਤ ਦਾ ਐਲਾਨ ਕੀਤਾ, ਗੁਰਧਾਮਾਂ ਦੀ ਬੇਅਦਬੀ ਕੀਤੀ। ਰਾਜੀਵ ਗਾਂਧੀ ਨੂੰ ਏਨਾ ਖ਼ੁਸ਼ ਕਰਨ ਦੇ ਬਾਵਜੂਦ ਉਹ ਨਿਗੂਣੀ ਜਿਹੀ ਚੀਜ਼, ਚੰਡੀਗੜ੍ਹ, ਵੀ ਪੰਜਾਬ ਨੂੰ ਨਾ ਦਿਵਾ ਸਕਿਆ। ਸਿੱਖਾਂ ਦਾ ਘਾਣ ਕਰ ਕੇ ਵੀ ਉਹ ਆਪਣੀ ਨਾਮ-ਨਿਹਾਦ ਤਾਕਤ ਵਾਲੀ ਸਰਕਾਰ ਵੀ ਕਾਇਮ ਨਾ ਰਖ ਸਕਿਆ। ਪੰਜਾਬ ਦੀ ਸਿਆਸੀ ਤਵਾਰੀਖ਼ 'ਚ ਏਨੀ ਜ਼ਲਾਲਤ ਵਾਲਾ ਸ਼ਖ਼ਸ ਅਜ ਤਕ ਨਹੀਂ ਸੀ ਵੇਖਿਆ ਗਿਆ। ਉਂਞ ਬਾਅਦ ਵਿਚ ਤਰਸ ਖਾ ਕੇ ਬਰਨਾਲੇ ਨੂੰ ਗਵਰਨਰ ਲਾ ਦਿੱਤਾ ਗਿਆ।

ਬਰਨਾਲੇ ਦੀ ਸਰਕਾਰ ਦੇ ਖ਼ਤਮ ਹੋਣ ਮਗਰੋਂ ਰਬੈਰੋ ਨੇ ਸਿਰਫ਼ ਦੋ ਮਹੀਨੇ ਵਿਚ ਹੀ 100 ਤੋਂ ਵੱਧ ਸਿੱਖ ਨੌਜਵਾਨ ਫੜ ਕੇ ਮਾਰ ਦਿੱਤੇ। ਇਸ ਤੋਂ ਇਲਾਵਾ ਸੱਤ ਸੌ ਤੋਂ ਵੱਧ ਸਿੱਖ ਨੌਜਵਾਨ ਅਤੇ ਇਕ ਦਰਜਨ ਤੋਂ ਵੱਧ ਸਿੱਖ ਬੀਬੀਆਂ ਵੀ ਗ੍ਰਿਫ਼ਤਾਰ ਕੀਤੀਆਂ ਗਈਆਂ।

ਦਰਬਾਰ ਸਾਹਿਬ ਸੀਲ ਕਰ ਦਿੱਤਾ

ਇਨ੍ਹਾਂ ਦਿਨਾਂ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਸ: ਗੁਰਜੀਤ ਸਿੰਘ (ਹਰੀ ਹਰ ਝੋਕ) ਨੇ ਐਲਾਨ ਕੀਤਾ ਕਿ 6 ਜੂਨ 1987 ਦੇ ਦਿਨ ਦਰਬਾਰ ਸਾਹਿਬ 'ਚ ਘੱਲੂਘਾਰਾ ਦਿਨ ਮਨਾਇਆ ਜਾਏਗਾ। ਰਬੈਰੋ ਨੇ ਇਸ ਦਿਨ ਅੰਮ੍ਰਿਤਸਰ ਸ਼ਹਿਰ ਵਿਚ ਕਰਫ਼ਿਊ ਲਾ ਦਿੱਤਾ ਤੇ ਇਕ ਵੀ ਸਿੱਖ ਨੂੰ ਦਰਬਾਰ ਸਾਹਿਬ ਨਾ ਜਾਣ ਦਿੱਤਾ। ਇਸ 'ਤੇ ਫ਼ੈਡਰੇਸ਼ਨ ਨੇ ਐਲਾਨ ਕੀਤਾ ਕਿ ਘੱਲੂਘਾਰਾ ਦਿਨ 25 ਜੂਨ ਨੂੰ ਮਨਾਇਆ ਜਾਏਗਾ। ਪੁਲੀਸ ਨੇ ਇਸ ਦਿਨ ਵੀ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ। ਇਸ 'ਤੇ ਖਾੜਕੂਆਂ ਨੇ ਘੱਲੂਘਾਰਾ ਦਿਨ ਮੰਜੀ ਸਾਹਿਬ ਦੀ ਥਾਂ ਅਕਾਲ ਤਖ਼ਤ ਸਾਹਿਬ 'ਤੇ ਮਨਾਇਆ। ਪੁਲੀਸ ਨੇ ਦਰਬਾਰ ਸਾਹਿਬ 'ਤੇ ਐਕਸ਼ਨ ਕਰ ਕੇ 400 ਨੌਜਵਾਨ ਗ੍ਰਿਫ਼ਤਾਰ ਕਰ ਲਏ।

ਖਾੜਕੂਆਂ ਵਲੋਂ ਅਕਾਲ ਤਖ਼ਤ ਸਾਹਿਬ ਦੀ ਮੋਹਰ ਦੀ ਵਰਤੋਂ

ਜੂਨ 1987 ਵਿਚ ਖਾੜਕੂਆਂ ਦੇ ਇਕ ਧੜੇ, ਪੰਥਕ ਕਮੇਟੀ, ਨੇ ਇਕ ਇਸ਼ਤਿਹਾਰ ਵਿਚ ਅਕਾਲ ਤਖ਼ਤ ਸਾਹਿਬ ਦੀ ਮੋਹਰ ਦੀ ਵਰਤੋਂ ਕੀਤੀ। ਇਸ 'ਤੇ ਰਾਗੀ ਦਰਸ਼ਨ ਸਿੰਘ ਨੇ ਇਤਰਾਜ਼ ਕੀਤਾ। ਇਕ ਗੁਰਜੀਤ ਸਿੰਘ ਨੂੰ ਛੱਡ ਕੇ ਹਰ ਇਕ ਨੇ ਅਕਾਲ ਤਖ਼ਤ ਸਾਹਿਬ ਦੀ ਮੋਹਰ ਦੀ ਵਰਤੋਂ ਕਰਨ ਦੀ ਮੁਖ਼ਾਲਫ਼ਤ ਕੀਤੀ।

ਰਾਗੀ ਦਰਸ਼ਨ ਸਿੰਘ ਵੱਲੋਂ ਖਾੜਕੂਆਂ ਨੂੰ ਭਰਮਾਉਣ ਦੀ ਕੋਸ਼ਿਸ਼

ਜੂਨ 1987 ਵਿਚ ਹਰਿਆਣਾ ਵਿਚ ਹੋਈਆਂ ਚੋਣਾਂ ਵਿਚ ਚੌਧਰੀ ਦੇਵੀ ਲਾਲ ਨੇ ਜ਼ਬਰਦਸਤ ਕਾਮਯਾਬੀ ਹਾਸਿਲ ਕੀਤੀ। ਇਸ ਦੌਰਾਨ ਚੌਧਰੀ ਦੇਵੀ ਲਾਲ ਨੇ ਰਾਗੀ ਦਰਸ਼ਨ ਸਿੰਘ 'ਤੇ ਦਰਜ ਕੇਸ ਵਾਪਿਸ ਲੈਣ ਦਾ ਵਾਅਦਾ ਕੀਤਾ। ਉਸ ਨੇ 3 ਜੁਲਾਈ 1987 ਦੇ ਦਿਨ ਇਕ ਬਿਆਨ ਵਿਚ ਕਿਹਾ ਕਿ "ਪੰਜਾਬ ਮਸਲੇ ਦਾ ਹੱਲ ਬੰਦੂਕਾਂ ਨਹੀਂ ਹੈ। ਇਹ ਮਸਲਾ ਗਲਬਾਤ ਨਾਲ ਹੱਲ ਹੋਵੇਗਾ। ਅਜ ਤਰਕ (ਦਲੀਲ) ਦਾ ਜ਼ਮਾਨਾ

ਹੈ। ਅਜੇ ਅਸੀਂ ਖਾਲਿਸਤਾਨ ਨਹੀਂ ਮੰਗਦੇ।" ਇਸ ਦੇ ਨਾਲ ਹੀ ਰਾਗੀ ਨੇ 4 ਅਗਸਤ 1987 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਰੇ ਖਾੜਕੂ ਧੜਿਆਂ, ਅਕਾਲੀ ਦਲਾਂ, ਨੌਜਵਾਨ ਜਥੇਬੰਦੀਆਂ ਤੇ ਹੋਰ ਪੰਥ-ਦਰਦੀਆਂ ਦੀ ਇਕ ਕਨਵੈਨਸ਼ਨ ਬੁਲਾ ਲਈ। ਕਨਵੈਨਸ਼ਨ ਦੇ ਏਜੰਡੇ ਵਿਚ 'ਜੋਧਪੁਰ ਦੇ ਕੈਦੀ ਸਿੰਘਾਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ, ਬੇਗੁਨਾਹ ਸਿੱਖਾਂ ਦੇ ਕਤਲ ਬੰਦ ਕਰਨ' ਦੇ ਨੁਕਤਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ। **ਇਹ ਕਨਵੈਨਸ਼ਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬੁਲਾਈ ਗਈ ਸੀ ਨਾ ਕਿ ਅਕਾਲ ਤਖ਼ਤ ਸਾਹਿਬ 'ਤੇ।**

ਰਾਗੀ ਵਲੋਂ ਐਲਾਨੀ ਕਨਵੈਨਸ਼ਨ ਵਿਚ ਇਕ ਮਹੀਨਾ ਅਜੇ ਬਾਕੀ ਸੀ। ਇਸ ਇਕ ਮਹੀਨੇ ਵਿਚ ਰਬੈਰੋ ਨੇ ਘੱਟੋ-ਘੱਟ 500 ਨੌਜਵਾਨ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ। ਇਸ ਤੋਂ ਇਲਾਵਾ ਕਈ ਨੌਜਵਾਨ ਘਰੋਂ ਫੜ ਕੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਵੀ ਕੀਤੇ ਗਏ। ਸੈਂਟਰ ਦੇ ਵਜ਼ੀਰ ਬੂਟਾ ਸਿੰਘ ਨੇ ਅਗਸਤ ਦੇ ਪਹਿਲੇ ਹਫ਼ਤੇ ਲੋਕ ਸਭਾ 'ਚ ਮੰਨਿਆ ਕਿ 1 ਜਨਵਰੀ ਤੋਂ 31 ਜੁਲਾਈ 1987 ਤਕ ਪੰਜਾਬ ਪੁਲੀਸ ਨੇ 235 ਸਿੱਖ ਨੌਜਵਾਨ ਕਤਲ ਕੀਤੇ ਹਨ। ਉਂਞ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਸੀ। ਪਰ ਇਸ ਦੇ ਬਾਵਜੂਦ ਅੰਮ੍ਰਿਤਸਰ ਵਿਚ ਕਨਵੈਨਸ਼ਨ ਦੀਆਂ ਤਿਆਰੀਆਂ ਚਲਦੀਆਂ ਰਹੀਆਂ।

4 ਅਗਸਤ 1987 ਦੀ ਕਨਵੈਨਸ਼ਨ

4 ਅਗਸਤ ਦੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਵਾਲੇ ਹਰ ਸ਼ਖ਼ਸ ਦੀ ਸਕਰੀਨਿੰਗ ਕੀਤੀ ਗਈ। ਕਨਵੈਨਸ਼ਨ ਦਾ ਏਜੰਡਾ ਜੋਧਪੁਰ ਕੈਦੀਆਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ ਤੇ ਬੇਗੁਨਾਹ ਸਿੱਖਾਂ ਦੇ ਕਤਲ ਰੋਕਣਾ ਸੀ, ਪਰ ਜਿਉਂ ਹੀ ਕਨਵੈਨਸ਼ਨ ਦੀ ਕਾਰਵਾਈ ਸ਼ੁਰੂ ਹੋਈ ਰਾਗੀ ਦਰਸ਼ਨ ਸਿੰਘ ਨੇ ਬੁਲਾਰਿਆਂ ਨੂੰ ਸਿਰਫ਼ ਤਿੰਨ ਨੁਕਤਿਆਂ 'ਤੇ ਵਿਚਾਰ ਕਰਨ ਵਾਲੇ ਆਖਿਆ। ਇਹ ਨੁਕਤੇ ਸਨ : **ਪੰਥ ਦਾ ਨਿਸ਼ਾਨਾ ਕੀ ਹੈ ? ਇਸ ਨੂੰ ਹਾਸਿਲ ਕਿਵੇਂ ਕੀਤਾ ਜਾਏ ? ਇਸ ਜੱਦੋ-ਜਹਿਦ ਦੀ ਅਗਵਾਈ ਕੌਣ ਕਰੇ ?** ਮਿੱਥੇ ਪ੍ਰੋਗਰਾਮ ਮੁਤਾਬਿਕ ਖਾੜਕੂ ਜਥੇਬੰਦੀਆਂ ਨੂੰ ਸਭ ਤੋਂ ਪਹਿਲਾਂ ਵਕਤ ਦਿੱਤਾ ਗਿਆ। ਉਨ੍ਹਾਂ ਸਾਰਿਆਂ ਨੇ ਆਖਿਆ ਕਿ "ਪੰਥ ਦਾ ਨਿਸ਼ਾਨਾ ਖਾਲਿਸਤਾਨ ਪਹਿਲੋਂ ਹੀ ਮਿੱਥਿਆ ਜਾ ਚੁੱਕਾ ਹੈ। ਸੋ, ਨਵੇਂ ਐਲਾਨ ਦੀ ਕੋਈ ਜ਼ਰੂਰਤ ਨਹੀਂ।" ਦੂਜੇ ਪਾਸੇ ਰਾਗੀ ਦਰਸ਼ਨ ਸਿੰਘ ਨੇ ਵਿਚ-ਵਿਚ ਕਰ ਕੇ ਆਪਣੇ ਬੁਲਾਏ ਸਾਥੀਆਂ ਤੋਂ 'ਨਵੇਂ ਪ੍ਰੋਗਰਾਮ' ਦੀ ਧੁਨ ਜਾਰੀ ਕਰਵਾਈ ਰਖੀ। ਪਰ ਅਖ਼ੀਰ ਤਕ ਖਾੜਕੂ-ਸੁਰ ਭਾਰੀ ਰਹੀ। ਅਖ਼ੀਰ ਰਾਗੀ ਨੇ ਮਾਈਕ ਹੱਥ ਵਿਚ ਫੜ ਕੇ ਆਖਣਾ ਸ਼ੁਰੂ ਕੀਤਾ, **"ਰਾਜ ਸ਼ਸਤਰਾਂ ਦੇ ਅਧੀਨ ਹੀ ਹੁੰਦਾ ਹੈ ਪਰ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਸ਼ਸਤਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਜਿਸ ਵੇਲੇ ਦੀ ਗੱਲ ਖਾੜਕੂ ਕਰਦੇ ਹਨ, ਉਸ ਵੇਲੇ ਦੇ ਸ਼ਸਤਰ ਮਨੁੱਖ ਨੂੰ ਕਤਲ ਕਰਨ ਦੀ ਸਮਰਥਾ ਰਖਦੇ ਸਨ, ਪਰ ਅਜ ਸਮਾਂ ਵਿਚਾਰ ਤੇ ਵੋਟ ਦਾ ਹੈ। ਅੱਜ ਤੁਹਾਨੂੰ ਰਾਜ ਹਥਿਆਉਣ ਵਾਸਤੇ ਵਿਚਾਰ ਤੇ ਵੋਟ ਦੇ ਸ਼ਸਤਰ ਵਰਤਣੇ ਪੈਣਗੇ ਤਾਂ ਹੀ ਰਾਜ ਦੀ ਪ੍ਰਾਪਤੀ ਹੋ ਸਕਦੀ ਹੈ।"** ਰਾਗੀ ਨੇ ਹਰਿਆਣੇ ਵਿਚ ਚੌਧਰੀ ਦੇਵੀ ਲਾਲ ਦੀ ਜਿੱਤ ਨੂੰ ਮਿਸਾਲ ਵਜੋਂ ਪੇਸ਼ ਕੀਤਾ। ਇਸ 'ਤੇ ਇਕ ਖਾੜਕੂ ਨੇ ਆਵਾਜ਼ਾ ਦੱਸਿਆ ਕਿ ਰਾਗੀ ਸਰਕਾਰੀ ਬੋਲੀ ਬੋਲਦਾ

ਹੈ। ਅਖ਼ੀਰ ਰਾਗੀ ਨੇ ਇਕ ਮਤਾ ਪੇਸ਼ ਕਰਵਾਇਆ, ਜਿਸ ਦੇ ਬੋਲ ਸਨ, **"ਸਿੱਖ ਪੰਥ ਦਾ ਨਿਸ਼ਾਨਾ ਉੱਤਰੀ ਭਾਰਤ ਵਿਚ ਅਜਿਹਾ ਇਲਾਕਾ ਤੇ ਸਿਆਸੀ ਢਾਂਚਾ ਹਾਸਿਲ ਕਰਨਾ ਹੈ, ਜਿੱਥੇ ਸਿੱਖ ਪੂਰੀ ਆਜ਼ਾਦੀ ਮਾਣ ਸਕਣ। ਇਸ ਦੇ ਹਾਸਿਲ ਕਰਨ ਵਾਸਤੇ ਅਗਵਾਈ ਅਕਾਲ ਤਖ਼ਤ ਸਾਹਿਬ ਕੋਲ ਹੋਵੇ।"** ਇਸ ਦੇ ਨਾਲ ਹੀ ਰਾਗੀ ਨੇ ਖਾੜਕੂਆਂ ਨਾਲ ਰਾਬਤਾ ਕਾਇਮ ਕਰਨ ਵਾਸਤੇ ਇਕ ਕਮੇਟੀ ਵੀ ਬਣਾਈ। ਇਸ ਕਮੇਟੀ ਵਿਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਕੰਵਲ ਵੀ ਸ਼ਾਮਿਲ ਸੀ। ਖਾੜਕੂਆਂ ਨੇ ਰਾਗੀ ਦਾ ਮਤਾ ਪੰਜਾਬੀ ਸੂਬਾ ਵਰਗਾ ਗਰਦਾਨ ਕੇ ਰੱਦ ਕਰ ਦਿੱਤਾ। ਸਾਰੀਆਂ ਖਾੜਕੂ ਜਥੇਬੰਦੀਆਂ, ਬੱਬਰ ਖਾਲਸਾ, ਪੰਥਕ ਕਮੇਟੀ, ਖਾਲਿਸਤਾਨ ਲਿਬਰੇਸ਼ਨ ਫ਼ੋਰਸ, ਖਾਲਿਸਤਾਨ ਕਮਾਂਡੋ ਫ਼ੋਰਸ, ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਗੁਰਜੀਤ ਸਿੰਘ), ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖਾਲਿਸਤਾਨ ਤੇ ਹੋਰਾਂ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸਾਡਾ ਨਿਸ਼ਾਨਾ ਸਿਰਫ਼ ਖਾਲਿਸਤਾਨ ਹੈ ਤੇ ਇਸ ਦੀ ਅਗਵਾਈ ਬੇਸ਼ਕ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਰਾਗੀ ਦਰਸ਼ਨ ਸਿੰਘ ਕਰ ਲਵੇ। ਸਿਰਫ਼ ਹਰਮਿੰਦਰ ਸਿੰਘ ਸੰਧੂ ਨੇ ਰਾਗੀ ਦੀ ਹਿਮਾਇਤ ਕੀਤੀ ਤੇ ਰਾਗੀ ਦੇ ਵਿਰੋਧੀ ਖਾੜਕੂਆਂ ਨੂੰ 'ਸਰਕਾਰ ਦੇ ਏਜੰਟ' ਦਸਿਆ।

ਖਾੜਕੂਆਂ ਦਾ ਵਿਚਾਰ ਸੀ ਕਿ ਰਾਗੀ ਦਰਸ਼ਨ ਸਿੰਘ ਸਿੱਖ ਨੌਜਵਾਨਾਂ ਨੂੰ 'ਸ਼ਸਤਰ' ਅਤੇ 'ਸ਼ਾਸਤਰ' ਦੇ ਲਫ਼ਜ਼ਾਂ ਵਿਚ ਉਲਝਾ ਕੇ ਉਨ੍ਹਾਂ ਦਾ ਧਿਆਨ ਤੇ ਤਾਕਤ ਵੰਡਣਾ ਚਾਹੁੰਦਾ ਸੀ, ਜਿਸ ਵਿਚ ਉਹ ਬੁਰੀ ਤਰ੍ਹਾਂ ਨਾਕਾਮ ਰਿਹਾ। ਖਾੜਕੂਆਂ ਵਲੋਂ 'ਸਰਕਾਰੀਆ' ਦਾ ਲੇਬਲ ਲੁਆਉਣ ਮਗਰੋਂ ਰਾਗੀ ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ ਦੀ ਸੇਵਾ ਛੱਡ ਕੇ ਚੁਪਚਾਪ ਆਪਣੇ ਘਰ ਜ਼ੀਰਕਪੁਰ ਚਲਾ ਗਿਆ। ਦੂਜੇ ਪਾਸੇ 18 ਅਗਸਤ ਨੂੰ ਗਿਆਨੀ ਪੂਰਨ ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ), ਜਸਵੰਤ ਸਿੰਘ (ਮੁਖ ਸੇਵਾਦਾਰ ਦਮਦਮਾ ਸਾਹਿਬ ਤਲਵੰਡੀ ਸਾਬੋ), ਸਵਿੰਦਰ ਸਿੰਘ (ਮੁਖ ਸੇਵਾਦਾਰ ਕੇਸਗੜ੍ਹ ਸਾਹਿਬ), ਕਸ਼ਮੀਰ ਸਿੰਘ (ਹੈੱਡ-ਗ੍ਰੰਥੀ ਅਕਾਲ ਤਖ਼ਤ ਸਾਹਿਬ) ਨੇ ਇਕ ਸਾਂਝੇ ਬਿਆਨ ਵਿਚ ਖਾੜਕੂਆਂ ਦੀ ਹਿਮਾਇਤ ਕੀਤੀ ਤੇ ਉਨ੍ਹਾਂ ਨੂੰ ਆਪਣਾ ਘੋਲ ਜਾਰੀ ਰਖਣ ਤੇ ਆਪਸ ਵਿਚ ਏਕਤਾ ਕਰਨ ਵਾਸਤੇ ਹੁਕਮ ਜਾਰੀ ਕੀਤਾ। ਇਨ੍ਹਾਂ ਦੋਹਾਂ ਘਟਨਾਵਾਂ ਨਾਲ ਖਾੜਕੂਆਂ ਦੀ ਸੁਰ ਹੋਰ ਭਾਰੀ ਹੋ ਗਈ ਅਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਨਰਮ ਕਰਨ ਦੀ ਕੋਸ਼ਿਸ਼ ਇਕ ਤਰ੍ਹਾਂ ਨਾਲ ਬਿਲਕੁਲ ਨਾਕਾਮ ਹੋ ਗਈ। ਇਸ ਹਾਲਤ ਵਿਚ ਖਾੜਕੂਆਂ ਨੇ 'ਸਰਬਤ ਖਾਲਸਾ' ਦੇ ਨਾਂ 'ਤੇ ਇਕ ਹੋਰ ਦੀਵਾਨ ਕਰਨ ਦਾ ਫ਼ੈਸਲਾ ਕਰ ਲਿਆ।

'ਸਰਬਤ ਖਾਲਸਾ' ਰੋਕਿਆ ਗਿਆ

15 ਅਕਤੂਬਰ 1987 ਨੂੰ ਗਿਆਨੀ ਪੂਰਨ ਸਿੰਘ, ਜਸਵੰਤ ਸਿੰਘ, ਸਵਿੰਦਰ ਸਿੰਘ ਤੇ ਕਸ਼ਮੀਰ ਸਿੰਘ ਨੇ 22 ਅਕਤੂਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਸਰਬਤ ਖਾਲਸਾ ਕਾਨਫ਼ਰੰਸ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਹੀ ਭਾਈ ਜਸਬੀਰ ਸਿੰਘ ਨੇ ਜੇਲ੍ਹ 'ਚੋਂ ਰਾਗੀ ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਵਜੋਂ ਹਟਾਉਣ ਦਾ ਐਲਾਨ ਕਰ ਦਿੱਤਾ। ਬੱਬਰ ਖਾਲਸਾ ਦੇ ਇਕ ਧੜੇ (ਸੁਖਦੇਵ ਸਿੰਘ) ਨੇ ਵੀ ਰਾਗੀ ਦੀ ਹਿਮਾਇਤ ਵਾਪਿਸ ਲੈ ਲਈ। 18 ਅਕਤੂਬਰ ਨੂੰ ਪੁਲੀਸ ਨੇ ਗਿਆਨੀ ਜਸਵੰਤ ਸਿੰਘ, ਸਵਿੰਦਰ ਸਿੰਘ ਤੇ ਕਸ਼ਮੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਗਿਆਨੀ ਪੂਰਨ ਸਿੰਘ ਨੂੰ, ਦਰਬਾਰ ਸਾਹਿਬ 'ਚ ਡਿਊਟੀ 'ਤੇ ਹੋਣ ਕਰ ਕੇ, ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ।

ਪੰਜਾਬ ਸਰਕਾਰ ਨੇ 22 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਕਰਫ਼ਿਊ ਲਾ ਦਿੱਤਾ ਤਾਂ ਜੋ ਦਰਬਾਰ ਸਾਹਿਬ ਵਿਚ ਕੋਈ ਵੀ ਸਿੱਖ ਦਾਖ਼ਿਲ ਨਾ ਹੋ ਸਕੇ। ਹੋਰ ਤਾਂ ਹੋਰ ਪੁਲੀਸ ਨੇ ਰਾਗੀ ਅਤੇ ਗ੍ਰੰਥੀ ਸਿੰਘਾਂ ਨੂੰ ਵੀ ਦਰਬਾਰ ਸਾਹਿਬ 'ਚ ਦਾਖ਼ਿਲ ਨਾ ਹੋਣ ਦਿੱਤਾ। ਇਸ ਨਾਲ ਹਰਿਮੰਦਰ ਸਾਹਿਬ ਵਿਚ ਕੀਰਤਨ ਰੁਕ ਗਿਆ। ਭਾਵੇਂ ਪੰਥਕ ਕਮੇਟੀ ਸਰਬਤ ਖਾਲਸਾ ਦੇ ਨਾਂ 'ਤੇ ਸੱਦਿਆ ਦੀਵਾਨ ਨਾ ਕਰ ਸਕੀ, ਪਰ ਇਸ ਦੇ ਇਕ ਮੈਂਬਰ ਗੁਰਬਚਨ ਸਿੰਘ ਮਾਨੋਚਾਹਲ ਨੇ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਐਲਾਨ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਖਾਲਿਸਤਾਨ ਲਿਬਰੇਸ਼ਨ ਫ਼ੋਰਸ (ਕੁਲਦੀਪ ਸਿੰਘ ਮੁੱਛਲ) ਨੇ ਇਕ ਬਿਆਨ ਵਿਚ ਕਿਹਾ ਕਿ ਉਹ ਪੰਥਕ ਕਮੇਟੀ ਨੂੰ ਸੁਪਰੀਮ ਨਹੀਂ ਮੰਨਦੇ। ਅਜਿਹਾ ਹੀ ਇਕ ਬਿਆਨ ਬਬਰ ਖਾਲਸਾ ਨੇ ਵੀ ਦਿੱਤਾ।

4 ਅਗਸਤ 1987 ਦੀ ਕਨਵੈਨਸ਼ਨ ਮਗਰੋਂ ਰਾਗੀ ਦਰਸ਼ਨ ਸਿੰਘ ਜ਼ੀਰਕਪੁਰ ਚਲਾ ਗਿਆ ਸੀ। ਤਕਰੀਬਨ ਚਾਰ ਕੁ ਮਹੀਨੇ ਚੁਪ ਰਹਿਣ ਪਿੱਛੋਂ 17 ਨਵੰਬਰ ਨੂੰ ਉਸ ਨੇ ਐਲਾਨ ਕੀਤਾ ਕਿ ਉਹ 5 ਦਿਸੰਬਰ 1988 ਨੂੰ ਦਿੱਲੀ ਵਿਚ 'ਇਨਸਾਫ਼ ਮਾਰਚ' ਕਰੇਗਾ। ਇਸ ਮਕਸਦ ਵਾਸਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਅਸਤੀਫ਼ਾ ਦੇ ਦਿੱਤਾ। ਪਰ, ਰਾਗੀ ਦਰਸ਼ਨ ਸਿੰਘ ਦੀ ਸਾਖ ਖਾੜਕੂਆਂ ਵਿਚ ਖ਼ਤਮ ਹੋ ਚੁੱਕੀ ਸੀ। ਰਾਜੀਵ ਗਾਂਧੀ ਵਾਸਤੇ ਉਹ 'ਚੱਲ ਚੁੱਕਿਆ ਕਾਰਤੂਸ' ਹੀ ਸੀ। ਇਸ ਕਰ ਕੇ ਭਾਰਤ ਸਰਕਾਰ ਉਸ ਨੂੰ ਇਹੋ ਜਿਹਾ 'ਮਾਰਚ' ਕਰਨ ਦੀ ਇਜਾਜ਼ਤ ਵੀ ਨਹੀਂ ਦੇਣਾ ਚਾਹੁੰਦੀ ਸੀ। 31 ਦਿਸੰਬਰ 1987 ਨੂੰ ਰਾਗੀ ਨੂੰ ਉਸ ਦੇ ਘਰ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ। ਇਹ ਸੀ ਭਾਰਤ ਸਰਕਾਰ ਦੀ ਪਾਲਿਸੀ ਕਿ ਜਿਹੜਾ ਸਿੱਖ ਆਗੂ 'ਵਰਤਿਆ' ਨਾ ਜਾ ਸਕੇ, ਉਸ ਨੂੰ ਮੱਖਣ 'ਚੋਂ ਵਾਲ ਵਾਂਗ ਕੱਢ ਦਿੱਤਾ ਜਾਵੇ ਤੇ ਇਹੀ ਉਨ੍ਹਾਂ ਨੇ ਪਹਿਲੋਂ ਸੁਰਜੀਤ ਬਰਨਾਲਾ ਤੇ ਹੁਣ ਰਾਗੀ ਨਾਲ ਕੀਤਾ ਸੀ।

ਬਾਦਲ ਦਾ ਪੰਜ-ਨੁਕਾਤੀ ਪ੍ਰੋਗਰਾਮ

12 ਦਿਸੰਬਰ ਨੂੰ ਪਰਕਾਸ਼ ਸਿੰਘ ਬਾਦਲ ਨੇ ਇਕ ਬਿਆਨ ਵਿਚ ਸੈਂਟਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਸਿੱਖਾਂ ਵਿਚ ਆਪਣਾ ਗੁਆਚਿਆ ਵਕਾਰ ਤੇ ਇਤਬਾਰ ਬਹਾਲ ਕਰੇ। ਉਸ ਨੇ ਸੈਂਟਰ ਨਾਲ ਗੱਲਬਾਤ ਵਾਸਤੇ ਪੰਜ-ਨੁਕਾਤੀ ਪ੍ਰੋਗਰਾਮ ਦੀ ਪੂਰਤੀ ਦੀ ਸ਼ਰਤ ਰੱਖੀ। ਇਹ ਪੰਜ ਨੁਕਤੇ ਸਨ : **ਪੰਜਾਬ 'ਚ ਪੂਰੀ ਮੁਆਫ਼ੀ ਦਾ ਐਲਾਨ ਕੀਤਾ ਜਾਵੇ, ਝੂਠੇ ਪੁਲੀਸ ਮੁਕਾਬਲੇ ਬੰਦ ਹੋਣ, ਨਵੰਬਰ '84 ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਕਾਲੇ ਕਾਨੂੰਨ ਮਨਸੂਖ਼ ਕੀਤੇ ਜਾਣ, ਧਰਮੀ ਫ਼ੌਜੀ ਬਹਾਲ ਕੀਤੇ ਜਾਣ।** ਬਾਦਲ ਨੇ ਇਹ ਵੀ ਕਿਹਾ ਕਿ ਅੱਜ ਤਕ ਸਿੱਖਾਂ ਦੀ ਕੋਈ ਵੀ ਮੰਗ ਮੰਨੀ ਨਹੀਂ ਗਈ।

ਫ਼ਤਹਿਗੜ੍ਹ ਸਾਹਿਬ 'ਚ ਖਾਲਿਸਤਾਨ ਦਾ ਮਤਾ

27 ਦਿਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ

ਦੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਡਾ. ਗੁਰਨਾਮ ਸਿੰਘ ਬੁੱਟਰ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਾਨੋਚਾਹਲ) ਨੇ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ। ਹਾਜ਼ਰੀਨ ਸਾਰੇ ਸਿੱਖਾਂ ਨੇ ਇਕ-ਰਾਇ ਨਾਲ, ਹੱਥ ਖੜੇ ਕਰ ਕੇ, ਇਸ ਮਤੇ ਦੀ ਹਿਮਾਇਤ ਕੀਤੀ। ਇਸ 'ਤੇ ਸਰਕਾਰ ਨੇ ਕਈ ਅਕਾਲੀ ਆਗੂਆਂ ਦੇ ਖ਼ਿਲਾਫ਼ ਮੁਕਦਮੇ ਦਾਇਰ ਕੀਤੇ।

ਭਾਈ ਜਸਬੀਰ ਸਿੰਘ ਦੀ ਰਿਹਾਈ

ਰਾਗੀ ਦਰਸ਼ਨ ਸਿੰਘ ਵਾਲਾ ਹਥਿਆਰ ਫ਼ੇਲ੍ਹ ਹੋਣ ਮਗਰੋਂ ਰਾਜੀਵ ਗਾਂਧੀ ਨੇ ਇਕ ਸਾਧੂ ਸੁਸ਼ੀਲ ਮੁਨੀ ਜੈਨ ਦੀ ਮਦਦ ਨਾਲ ਭਾਈ ਜਸਬੀਰ ਸਿੰਘ ਰੋਡੇ ਨਾਲ ਰਾਬਤਾ ਬਣਾਇਆ। ਜਸਬੀਰ ਸਿੰਘ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਭਤੀਜਾ ਸੀ ਤੇ ਖਾੜਕੂਆਂ ਨੇ ਉਸ ਨੂੰ ਜੇਲ੍ਹ ਵਿਚ ਬੈਠੇ ਨੂੰ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ ਸੀ। ਉਸ ਨੂੰ ਅਕਾਲ ਤਖ਼ਤ ਸਾਹਿਬ ਤਾਂ ਕੀ ਸਿੱਖ ਫ਼ਲਸਫ਼ੇ ਦੇ ਮੁੱਢਲੇ ਸਿਧਾਂਤਾਂ ਦਾ ਵੀ ਸ਼ਾਇਦ ਪਤਾ ਨਹੀਂ ਸੀ, ਪਰ ਭਿੰਡਰਾਂਵਾਲੇ ਬਾਬਿਆਂ ਦਾ ਭਤੀਜਾ ਹੋਣ ਅਤੇ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਵਾਸਤੇ ਉਸ ਨੂੰ ਇਹ 'ਅਹੁਦਾ' ਦਿੱਤਾ ਗਿਆ ਸੀ (ਮਗਰੋਂ ਭਾਈ ਰਣਜੀਤ ਸਿੰਘ ਨੂੰ ਵੀ ਇੰਞ ਹੀ ਲਿਆਂਦਾ ਗਿਆ ਸੀ)। ਰਾਜੀਵ ਗਾਂਧੀ ਚਾਹੁੰਦਾ ਸੀ ਕਿ ਖਾੜਕੂਆਂ ਵਿਚ ਫ਼ੁਟ ਪਾ ਕੇ ਤਹਿਰੀਕ ਨੂੰ ਜੇ ਖ਼ਤਮ ਨਹੀਂ ਕੀਤਾ ਜਾ ਸਕਦਾ ਤਾਂ ਘਟੋ-ਘਟ ਕਮਜ਼ੋਰ ਤਾਂ ਕੀਤਾ ਜਾਵੇ। ਇਸ ਦੇ ਨਾਲ ਹੀ ਸੁਸ਼ੀਲ ਮੁਨੀ ਨੇ ਗ੍ਰਿਫ਼ਤਾਰ ਦੂਜੇ ਚੌਹਾਂ ਗ੍ਰੰਥੀਆਂ ਨਾਲ ਵੀ ਗਲਬਾਤ ਕੀਤੀ। ਜਦੋਂ ਗਲਬਾਤ ਦੇ ਕੁਝ ਨੁਕਤਿਆਂ ਤੇ ਰਜ਼ਾਮੰਦੀ ਹੋ ਗਈ ਤਾਂ ਸੁਸ਼ੀਲ ਮੁਨੀ ਨੇ ਰਾਜੀਵ ਗਾਂਧੀ ਨੂੰ ਅਪੀਲ ਕੀਤੀ ਕਿ 'ਪੰਜੇ ਗ੍ਰੰਥੀ' ਰਿਹਾਅ ਕਰ ਦਿੱਤੇ ਜਾਣ।

4 ਮਾਰਚ 1988 ਦੇ ਦਿਨ ਭਾਈ ਜਸਬੀਰ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦੇ ਨਾਲ 4 ਹੋਰ ਗ੍ਰੰਥੀ ਤੇ ਜੋਧਪੁਰ ਜੇਲ੍ਹ 'ਚੋਂ ਉਸ ਦੇ 40 ਹਿਮਾਇਤੀ ਵੀ ਰਿਹਾਅ ਕਰ ਦਿੱਤੇ ਗਏ। ਜਸਬੀਰ ਸਿੰਘ ਨੇ ਰਿਹਾਅ ਹੁੰਦਿਆਂ ਹੀ ਪਹਿਲਾਂ ਬਿਆਨ ਇਹ ਦਿਤਾ ਕਿ "ਪੰਥ ਦਾ ਨਿਸ਼ਾਨਾ ਪੂਰਨ ਆਜ਼ਾਦੀ ਹੈ।" ਪਰ ਛੇ ਮਾਰਚ ਨੂੰ ਹੀ ਉਸ ਨੇ ਇਕ ਬਿਆਨ ਵਿਚ ਆਖ ਦਿੱਤਾ ਕਿ "ਮੈਂ ਸਰਬਤ ਖਾਲਸਾ ਦੀ ਮਤਿਆਂ ਦੀ ਪੂਰੀ ਸੂਝ-ਬੂਝ ਨਾਲ ਨਜ਼ਰਸਾਨੀ ਕਰਾਂਗਾ।"

ਅਕਾਲ ਤਖ਼ਤ ਸਾਹਿਬ 'ਤੇ 'ਤਾਜਪੋਸ਼ੀ'

ਜਸਬੀਰ ਸਿੰਘ ਦੀ ਰਿਹਾਈ ਮਗਰੋਂ ਉਸ ਦੇ ਦਾਦੇ ਬਾਬਾ ਜੋਗਿੰਦਰ ਸਿੰਘ ਨੇ ਐਲਾਨ ਕੀਤਾ ਕਿ 9 ਮਾਰਚ ਨੂੰ ਜਸਬੀਰ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਵਲੋਂ 'ਤਾਜਪੋਸ਼ੀ' ਕੀਤੀ ਜਾਵੇਗੀ। ਲਫ਼ਜ਼ 'ਤਾਜਪੋਸ਼ੀ' ਸਿੱਖ ਤਾਰੀਖ਼ ਤੇ ਫ਼ਲਸਫ਼ੇ ਵਿਚ ਨਵਾਂ, ਓਪਰਾ ਅਤੇ ਗ਼ਲਤ ਸੀ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕੋਈ ਬਾਦਸ਼ਾਹ ਨਹੀਂ; ਉਹ ਪ੍ਰਧਾਨ ਜਾਂ ਚੇਅਰਮੈਨ ਵੀ ਨਹੀਂ; ਉਹ ਈਸਾਈਆਂ ਦੇ 'ਪੋਪ' ਵਾਂਗ ਵੀ ਨਹੀਂ, ਉਹ ਇਸਲਾਮ ਦਾ 'ਖ਼ਲੀਫ਼ਾ' ਵੀ ਨਹੀਂ, ਉਹ ਹਿੰਦੂਆਂ ਵਾਂਗ

'ਜਗਤ ਗੁਰੂ' ਵੀ ਨਹੀਂ; ਉਹ ਬੋਧੀਆਂ ਦੇ 'ਲਾਮਾ' ਵਾਂਗ ਵੀ ਨਹੀਂ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਤਾਂ ਇਕ ਕਿਸਮ ਦਾ ਸੀਨੀਅਰ ਪੁਜਾਰੀ ਹੈ। ਉਹ ਤਾਂ 'ਪੁਜਾਰੀਆਂ ਦਾ ਵੱਡਾ ਪੁਜਾਰੀ' ਹੈ। ਫਿਰ ਇਸ ਤਾਜਪੋਸ਼ੀ ਦਾ ਮਤਲਬ ਤਾਂ ਉਸ ਨੂੰ ਸਿੱਖ ਪੰਥ ਦਾ ਬਾਦਸ਼ਾਹ, ਮਾਲਿਕ ਤੇ ਸ਼ਾਇਦ ਨੀਮ-ਗੁਰੂ ਬਣਾਨ ਵਾਲੀ ਕਾਰਵਾਈ ਸੀ। ਉਂਞ ਬਾਬਾ ਜੋਗਿੰਦਰ ਸਿੰਘ ਦਾ ਇਹੋ ਜਿਹਾ ਬਿਆਨ ਦੇਣ ਦੀ ਕੋਈ ਤੁਕ ਵੀ ਨਹੀਂ ਸੀ, ਕਿਉਂਕਿ ਬਾਬਾ ਅਕਾਲ ਤਖ਼ਤ ਸਾਹਿਬ ਦਾ ਕੋਈ ਬੁਲਾਰਾ ਨਹੀਂ ਸੀ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਵਕਤ ਦੀ ਨਜ਼ਾਕਤ ਨੂੰ ਸਮਝਦਿਆਂ 8 ਮਾਰਚ ਨੂੰ ਐਲਾਨ ਕੀਤਾ ਕਿ ਉਸ ਨੇ ਰਾਗੀ ਦਰਸ਼ਨ ਸਿੰਘ ਦਾ 17 ਨਵੰਬਰ 1987 ਵਾਲਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਜਸਬੀਰ ਸਿੰਘ ਨੂੰ ਸੌਂਪ ਦਿੱਤੀ ਹੈ।

9 ਮਾਰਚ 1988 ਦੇ ਦਿਨ ਭਾਈ ਜਸਬੀਰ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਦਰਜਨਾਂ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਕੋਲੋਂ ਸਿਰੋਪਾਓ ਕਬੂਲ ਕੀਤੇ। ਇਨ੍ਹਾਂ ਵਿਚੋਂ ਬਹੁਤੇ ਉਹ ਸਨ, ਜਿਨ੍ਹਾਂ ਦਾ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਇੱਟ-ਖੜਿੱਕਾ ਚਲਦਾ ਰਹਿੰਦਾ ਸੀ।

ਭਾਈ ਜਸਬੀਰ ਸਿੰਘ ਨੇ (ਸ਼ਾਇਦ ਪਹਿਲੋਂ ਕੀਤੇ ਵਾਅਦੇ ਮੁਤਾਬਿਕ) 10 ਮਾਰਚ ਨੂੰ ਬੇਗੁਨਾਹਾਂ ਦੇ ਕਤਲਾਂ ਦੀ ਨਿੰਦਾ ਕੀਤੀ। ਇਸੇ ਦਿਨ ਇਕ ਜਰਨਲਿਸਟ ਕੁਲਦੀਪ ਸਿੰਘ ਅਰੋੜਾ ਨੇ ਭਾਈ ਜਸਬੀਰ ਸਿੰਘ ਦਾ ਖਾਲਿਸਤਾਨ ਦੇ ਹੱਕ ਵਿਚ ਬਿਆਨ ਜਾਰੀ ਕਰਵਾ ਦਿੱਤਾ (ਅਗਲੇ ਦਿਨ ਹੀ ਅਰੋੜਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ)। 14 ਮਾਰਚ ਨੂੰ ਸੁਸ਼ੀਲ ਮੁਨੀ ਨੇ ਕਿਹਾ ਕਿ ਜਸਬੀਰ ਸਿੰਘ ਦੀ ਰਿਹਾਈ ਬਾਬਾ ਠਾਕਰ ਸਿੰਘ ਤੇ ਬਾਬਾ ਜੋਗਿੰਦਰ ਸਿੰਘ ਦੀ ਮਨਜ਼ੂਰੀ ਨਾਲ ਕੀਤੀ ਗਈ ਹੈ। **ਸਰਕਾਰ ਨੇ ਵੀ ਇਸ ਬਾਰੇ ਕਿਹਾ ਕਿ ਸਾਡਾ ਜਸਬੀਰ ਸਿੰਘ ਨਾਲ ਇਕ-ਇਕ ਮਿੰਟ ਦਾ ਰਾਬਤਾ ਹੈ।** ਜਸਬੀਰ ਸਿੰਘ 'ਤੇ **ਸਰਕਾਰੀਏ** ਹੋਣ ਦਾ ਪਹਿਲਾ ਇਲਜ਼ਾਮ ਮਹਿਤਾ ਚੌਕ 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਬੁੰਡਾਲਾ) ਵਲੋਂ ਪੋਸਟਰ ਲਾ ਕੇ ਲਾਇਆ ਗਿਆ ਸੀ।

ਸਿੱਖ ਰਹਿਤ ਮਰਿਆਦਾ 'ਚ ਤਬਦੀਲੀ

ਭਾਈ ਜਸਬੀਰ ਸਿੰਘ ਰੋਡੇ ਨੇ ਅਕਾਲ ਤਖ਼ਤ ਸਾਹਿਬ ਦਾ ਕਬਜ਼ਾ ਲੈਣ ਮਗਰੋਂ ਪਹਿਲੀ ਹਰਕਤ ਇਹ ਕੀਤੀ ਕਿ ਹਰਿਮੰਦਰ ਸਾਹਿਬ ਦੀ ਮਰਿਆਦਾ ਅਤੇ 'ਰਹਿਤ ਮਰਿਆਦਾ' ਵਿਚ ਆਪ-ਹੁਦਰੀਆਂ ਤਬਦੀਲੀਆਂ ਕਰ ਦਿੱਤੀਆਂ। ਪੰਜ ਗ੍ਰੰਥੀਆਂ ਨੂੰ ਇਹ ਕੋਈ ਹੱਕ ਨਹੀਂ ਸੀ (ਤੇ ਨਾ ਹੈ) ਕਿ ਉਹ ਰਹਿਤ ਮਰਿਆਦਾ ਵਿਚ ਕੋਈ ਤਬਦੀਲੀ ਕਰ ਲੈਣ। ਇਹ ਹੱਕ ਸਿਰਫ਼ ਸਰਬਤ ਖਾਲਸਾ, ਯਾਨਿ ਸਾਰੀਆਂ ਪੰਥਕ ਜਥੇਬੰਦੀਆਂ ਦੇ ਇਕੱਠ, ਨੂੰ ਹਾਸਿਲ ਹੈ। ਜਸਬੀਰ ਸਿੰਘ ਰੋਡੇ ਦਾ **ਧੱਕੇ-ਸ਼ਾਹੀ 'ਹੁਕਮ'** ਇੰਞ ਸੀ:

ਮਿਤੀ: 29-3-1988

ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਜੀ ਦੀ ਦਰਸ਼ਨੀ ਡਿਉਢੀ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕ ਅਤਿ ਜ਼ਰੂਰੀ ਇਕੱਤਰਤਾ ਹੋਈ, ਜਿਸ ਵਿਚ ਹੇਠ ਲਿਖਿਆਂ ਗੁਰਮਤਿਆਂ ਉੱਤੇ ਲੰਮੀ ਵਿਚਾਰ ਤੋਂ ਬਾਅਦ ਪ੍ਰਵਾਨਗੀ ਦਿੱਤੀ ਗਈ:

1. ਪੁਰਾਤਨ ਪੰਜ ਗ੍ਰੰਥੀ ਵਿਚ ਜੋ ਭਾਈ ਮਨੀ ਸਿੰਘ ਜੀ ਵਾਲੀ ਸੰਪੂਰਨ ਰਹਿਰਾਸ ਸਾਹਿਬ ਹੈ, ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਪੜ੍ਹੀ ਜਾਵੇ।
2. ਰਹਿਰਾਸ ਸਾਹਿਬ ਜੀ ਦੇ ਭੋਗ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ।
3. ਮੂਲ ਮੰਤਰ ਸਾਹਿਬ ਜੀ ਦਾ ਮੰਗਲ "ਨਾਨਕ ਹੋਸੀ ਭੀ ਸਚੁ" ਤਕ ਉਚਾਰਨ ਕੀਤਾ ਜਾਵੇ।

(ਨੋਟ: ਉਪਰੋਕਤ ਗੁਰਮਤਿਆਂ ਨੂੰ ਲਾਗੂ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਜਾਂਦੀ ਹੈ।)

ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪੰਥ-ਵਿਰੋਧੀ 'ਹੁਕਮ' ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਮਿਤੀ 30-5-1988 ਨੂੰ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ, **"ਹਰਿਮੰਦਰ ਸਾਹਿਬ ਅੰਦਰ ਪਹਿਲੀ ਮਰਿਆਦਾ ਹੀ ਲਾਗੂ ਰਹੇਗੀ। ਉਸ ਵਿਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ, ਬੁੱਧੀਜੀਵੀਆਂ, ਸਿੱਖ ਸੰਸਥਾਵਾਂ ਦੀ ਰਾਏ ਲਈ ਜਾਵੇਗੀ। ਉਪਰੰਤ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਪ੍ਰਵਾਨਗੀ ਦੇਵੇਗਾ।" ਉਂਞ ਸ਼੍ਰੋਮਣੀ ਕਮੇਟੀ ਨੇ ਜਸਬੀਰ ਸਿੰਘ ਰੋਡੇ ਵੱਲੋਂ ਧੱਕੇ ਨਾਲ ਬਦਲੀ ਮਰਿਆਦਾ ਨੂੰ ਕਦੇ ਵੀ ਮੁੜ ਸਹੀ ਨਹੀਂ ਕੀਤਾ, ਅੱਜ ਤਕ ਵੀ ਨਹੀਂ।**

ਦਰਬਾਰ ਸਾਹਿਬ 'ਤੇ ਇਕ ਹੋਰ ਹਮਲਾ

ਇਨ੍ਹਾਂ ਦਿਨਾਂ ਵਿਚ ਰਾਜੀਵ ਗਾਂਧੀ ਨੇ ਪੰਜਾਬ ਨੂੰ ਕਸ਼ਮੀਰ ਵਾਲਾ ਦਰਜਾ ਦੇਣ ਦੀ ਪੇਸ਼ਕਸ਼ ਕੀਤੀ ਤੇ ਭਾਈ ਜਸਬੀਰ ਸਿੰਘ ਨੂੰ ਖਾੜਕੂਆਂ ਨਾਲ ਇਸ ਬਾਰੇ ਗਲਬਾਤ ਕਰਨ ਵਾਸਤੇ ਕਿਹਾ। ਜਸਬੀਰ ਸਿੰਘ ਨੇ ਖਾੜਕੂਆਂ ਨਾਲ ਰਾਬਤਾ ਬਣਾਇਆ ਪਰ ਕਿਸੇ ਨੇ ਵੀ ਪੰਜਾਬ ਨੂੰ ਕਸ਼ਮੀਰ ਵਾਲਾ ਦਰਜਾ ਦੇਣ ਦੀ ਪੇਸ਼ਕਸ਼ ਨਾ ਮੰਨੀ। 27 ਮਾਰਚ ਨੂੰ ਮੋਹਕਮ ਸਿੰਘ ਤੇ ਗੱਜਾ ਸਿੰਘ ਰਿਹਾਅ ਕਰ ਦਿੱਤੇ ਗਏ। ਇਸ ਮਗਰੋਂ ਮੇਜਰ ਜਨਰਲ ਨਰਿੰਦਰ ਸਿੰਘ ਤੇ ਭਾਈ ਸੂਰਤ ਸਿੰਘ ਵੀ ਰਿਹਾਅ ਕਰ ਦਿੱਤੇ ਗਏ। ਦੂਜੇ ਪਾਸੇ ਪੰਥਕ ਕਮੇਟੀ ਦੇ ਇਕ ਕਾਰਕੁੰਨ ਜਗੀਰ ਸਿੰਘ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਕਮਰਾ ਨੰਬਰ 47 ਤੋਂ ਖਾਲਿਸਤਾਨ ਦਾ ਇਕ ਅਜੀਬੋ-ਗ਼ਰੀਬ ਤੇ ਹਾਸੋ-ਹੀਣਾ ਨਕਸ਼ਾ ਜਾਰੀ ਕਰ ਦਿੱਤਾ (ਇਸ ਨਕਸ਼ੇ 'ਚ ਸਾਰੇ ਭਾਰਤ ਨੂੰ ਹੀ ਖਾਲਿਸਤਾਨ ਕਿਹਾ ਹੋਇਆ ਸੀ)।

ਅਪਰੈਲ '88 ਵਿਚ 'ਬਲੈਕ ਕੈਟਜ਼ ਕਮਾਂਡੋਜ਼' ਜਥੇਬੰਦੀ ਨੇ ਜਸਬੀਰ ਸਿੰਘ 'ਤੇ 26 ਇਲਜ਼ਾਮ ਲਾ ਕੇ ਉਸ ਨੂੰ ਸਰਕਾਰ ਨਾਲ ਮਿਲਿਆ ਹੋਇਆ ਆਖਿਆ। ਇਸ ਦੇ ਜਵਾਬ ਵਿਚ ਪੰਥਕ ਕਮੇਟੀ ਨੇ ਬਲੈਕ ਕੈਟਜ਼ ਕਮਾਂਡੋ ਨੂੰ 'ਸਰਕਾਰੀਏ' ਆਖਿਆ (ਮਗਰੋਂ ਪੰਥਕ ਕਮੇਟੀ ਨੇ ਖ਼ੁਦ ਵੀ ਜਸਬੀਰ ਸਿੰਘ 'ਤੇ ਇਹੀ ਇਲਜ਼ਾਮ ਲਾਏ)।

ਇਧਰ ਸਰਕਾਰ ਦਾ ਜਸਬੀਰ ਸਿੰਘ ਨਾਲ ਰਾਬਤਾ ਸੀ ਤੇ ਸਰਕਾਰ ਚਾਹੁੰਦੀ ਸੀ ਕਿ ਜਸਬੀਰ ਸਿੰਘ ਨੂੰ ਵਰਤ ਕੇ ਖਾੜਕੂਆਂ ਨੂੰ ਨਰਮ ਕਰ ਲਿਆ ਜਾਵੇ। ਦੂਜੇ ਪਾਸੇ ਸਰਕਾਰ ਨੇ 6 ਮਾਰਚ ਨੂੰ ਪੰਜਾਬ ਅਸੈਂਬਲੀ ਤੋੜ ਦਿੱਤੀ। ਇਸ ਪਿੱਛੇ ਮੁਖ ਕਾਰਨ ਸੀ ਸਿਮਰਨਜੀਤ ਸਿੰਘ ਮਾਨ ਨੂੰ ਰਾਜ ਸਭਾ ਵਾਸਤੇ ਚੁਣੇ ਜਾਣ ਤੋਂ ਰੋਕਣਾ। ਇਕ ਸੋਮੇ

ਨੇ ਤਾਂ ਇੱਥੋਂ ਤਕ ਕਿਹਾ ਕਿ ਜਸਬੀਰ ਸਿੰਘ ਖ਼ੁਦ ਚਾਹੁੰਦਾ ਸੀ ਕਿ ਮਾਨ ਐਮ.ਪੀ. ਚੁਣਿਆ ਨਾ ਜਾਵੇ ਵਰਨਾ ਉਸ ਨੂੰ ਰਿਹਾਅ ਕਰਨਾ ਪਵੇਗਾ ਤੇ ਰਿਹਾਅ ਹੋਣ ਮਗਰੋਂ ਉਹ ਪੰਥ ਦਾ ਲੀਡਰ ਬਣ ਜਾਵੇਗਾ। 15 ਮਾਰਚ ਨੂੰ ਤਾਂ ਰਾਜੀਵ ਗਾਂਧੀ ਨੇ ਪੰਜਾਬ 'ਚ ਤਿੰਨ ਸਾਲ ਵਾਸਤੇ ਐਮਰਜੈਂਸੀ ਲਾਉਣ ਦਾ ਬਿਲ ਵੀ ਪਾਸ ਕਰ ਦਿੱਤਾ। ਇਨ੍ਹੀਂ ਦਿਨੀਂ ਹੀ **ਸ਼ਿਵ ਸੈਨਾ ਦੇ ਬਾਲ ਠਾਕਰੇ ਨੇ ਇਕ ਬਿਆਨ ਵਿਚ ਹਿੰਦੂਆਂ ਨੂੰ ਸਿੱਖਾਂ ਦਾ ਬਾਈਕਾਟ ਕਰਨ ਵਾਸਤੇ ਕਿਹਾ।**

11 ਅਪਰੈਲ 1988 ਦੇ ਦਿਨ ਪੰਥਕ ਕਮੇਟੀ ਨੇ ਐਲਾਨ ਕੀਤਾ ਕਿ ਖ਼ਾਲਿਸਤਾਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕੀਤਾ ਜਾਵੇਗਾ। 13 ਅਪਰੈਲ ਦੇ ਦਿਨ ਤਲਵੰਡੀ ਸਾਬੋ ਵਿਚ ਹੋਈ ਇਕ ਪੰਥਕ ਕਾਨਫ਼ਰੰਸ ਵਿਚ ਭਾਈ ਜਸਬੀਰ ਸਿੰਘ ਨੇ ਐਲਾਨ ਕੀਤਾ ਕਿ ਸਿੱਖਾਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲੱਥਣ ਤਕ ਪੰਥਕ ਜੱਦੋ-ਜਹਿਦ ਜਾਰੀ ਰਹੇਗੀ। ਉਸ ਨੇ ਇਕ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਮੈਂ ਵਿਸਾਖੀ 'ਤੇ ਪੰਥ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ ਪਰ ਪੰਥਕ ਕਮੇਟੀ ਦੇ ਰੋਹ ਤੋਂ ਡਰਦਿਆਂ ਉਹ ਇਸ 'ਨਵੇਂ ਪ੍ਰੋਗਰਾਮ' ਦਾ ਐਲਾਨ ਨਾ ਕਰ ਸਕਿਆ। ਦਰਅਸਲ ਜਸਬੀਰ ਸਿੰਘ ਦੇ ਬੋਲਣ ਤੋਂ ਪਹਿਲਾਂ ਉਸ ਦੇ ਜੀਜੇ ਭਾਈ ਗੁਰਜੀਤ ਸਿੰਘ (ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ) ਦੇ ਇਕ ਨੁਮਾਇੰਦੇ ਨੇ ਐਲਾਨ ਕੀਤਾ ਸੀ ਕਿ "ਖ਼ਾਲਿਸਤਾਨ ਤੋਂ ਘੱਟ ਕੁਝ ਵੀ ਨਹੀਂ ਮੰਨਿਆ ਜਾਵੇਗਾ ਅਤੇ ਭਾਰਤ ਦੇ ਆਈਨ 'ਚ ਰਹਿ ਕੇ ਗੱਲ ਕਰਨ ਵਾਲਿਆਂ ਦਾ ਹਸ਼ਰ ਲੌਂਗੋਵਾਲ ਵਾਲਾ ਹੋਵੇਗਾ।" ਉਧਰ 13 ਅਪਰੈਲ ਦੇ ਦਿਨ ਦਰਬਾਰ ਸਾਹਿਬ ਵਿਚ ਜਗੀਰ ਸਿੰਘ ਤੇ ਨਿਰਵੈਰ ਸਿੰਘ ਦੀ ਅਗਵਾਈ ਵਿਚ ਇਕ 'ਜਲੂਸ' ਕੱਢ ਕੇ ਖ਼ਾਲਿਸਤਾਨ ਦਿਨ ਮਨਾਇਆ ਗਿਆ।

ਤਲਵੰਡੀ ਸਾਬੋ ਅਤੇ ਦਰਬਾਰ ਸਾਹਿਬ ਵਿਚ ਹੋ ਰਹੀਆਂ ਕਾਰਵਾਈਆਂ ਤੋਂ ਰਾਜੀਵ ਗਾਂਧੀ ਨੂੰ ਸਮਝ ਲੱਗ ਚੁੱਕੀ ਸੀ ਕਿ ਖਾੜਕੂ ਜਸਬੀਰ ਸਿੰਘ ਦੀ ਇਕ ਵੀ ਸੁਣਨ ਵਾਸਤੇ ਤਿਆਰ ਨਹੀਂ ਸਨ। ਦਰਬਾਰ ਸਾਹਿਬ ਦਾ ਘੇਰਾ 10 ਅਪਰੈਲ ਤੋਂ ਹੀ ਤੰਗ ਕੀਤਾ ਜਾ ਚੁੱਕਾ ਸੀ ਤੇ 'ਵੇਖਦਿਆਂ ਗੋਲੀ ਮਾਰਨ' ਦੇ ਹੁਕਮ ਦਿੱਤੇ ਜਾ ਚੁੱਕੇ ਸਨ। 15-16 ਅਪਰੈਲ ਨੂੰ ਅਖ਼ਬਾਰਾਂ ਵਿਚ ਵੀ ਇਹ ਚਰਚਾ ਆ ਚੁੱਕੀ ਸੀ ਕਿ ਸਰਕਾਰ ਦਰਬਾਰ ਸਾਹਿਬ 'ਤੇ ਨਵਾਂ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ।

20 ਅਪਰੈਲ ਨੂੰ ਰਬੈਰੋ ਨੂੰ ਗਵਰਨਰ ਦਾ ਸਲਾਹਕਾਰ ਬਣਾ ਕੇ ਕੇ.ਪੀ.ਐਸ. ਗਿੱਲ ਨੂੰ ਪੰਜਾਬ ਦਾ ਪੁਲੀਸ ਚੀਫ਼ ਲਾ ਦਿੱਤਾ ਗਿਆ। 29 ਅਪਰੈਲ 1988 ਨੂੰ (1 ਜੂਨ 1984 ਵਾਂਗ) ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ 'ਤੇ ਭਾਰੀ ਗੋਲਾਬਾਰੀ ਕੀਤੀ, ਜਿਸ ਨਾਲ ਇਕ ਬਜ਼ੁਰਗ ਔਰਤ ਮਾਰੀ ਗਈ। ਇਨ੍ਹੀਂ ਦਿਨੀਂ ਹੀ ਖਾੜਕੂਆਂ ਦੇ, ਭਿੰਡਰਾਂ-ਮਹਿਤਾ ਜਥੇ ਦੇ ਹਿਮਾਇਤੀਆਂ ਦੇ, ਦੋ ਧੜੇ ਬਣ ਚੁੱਕੇ ਸਨ। ਇਕ ਧੜਾ ਗੁਰਜੀਤ ਸਿੰਘ ਦਾ ਤੇ ਦੂਜਾ ਮਾਨੋਚਾਹਲ ਦਾ। ਮਾਨੋਚਾਹਲ ਨੇ ਜਗੀਰ ਸਿੰਘ ਤੇ ਨਿਰਵੈਰ ਸਿੰਘ (ਜਿਨ੍ਹਾਂ ਨੇ ਖ਼ਾਲਿਸਤਾਨ ਦਾ ਨਕਸ਼ਾ ਜਾਰੀ ਕੀਤਾ ਸੀ) ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। ਦੋਹਾਂ ਧੜਿਆਂ ਵਿਚ ਬਿਆਨਬਾਜ਼ੀ ਵਲ ਇਸ਼ਾਰਾ ਕਰਦਿਆਂ ਰਬੈਰੋ ਨੇ 4 ਮਈ ਨੂੰ ਇਕ ਬਿਆਨ ਵਿਚ ਕਿਹਾ ਕਿ "ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਲੜਾਈ ਹੋਣ 'ਤੇ ਸਿਰਫ਼ ਲਾਸ਼ਾਂ ਚੁੱਕਣ ਹੀ ਜਾਵੇਗੀ। ਸਾਨੂੰ ਪਤਾ ਹੈ ਕਿ ਉੱਥੇ ਨਵੀਂ ਮੋਰਚਾਬੰਦੀ ਹੋ ਰਹੀ ਹੈ।"

ਇਸ ਵੇਲੇ ਦਰਬਾਰ ਸਾਹਿਬ ਵਿਚ 30-35 ਖਾੜਕੂ ਇਕੱਠੇ ਹੋਏ-ਹੋਏ ਸਨ। ਉਹ ਸਾਰੇ ਸੁਰਜੀਤ ਸਿੰਘ ਪੈਂਟਾ ਦੀ ਭੈਣ ਦੇ ਵਿਆਹ ਵਾਸਤੇ ਉੱਥੇ ਪਹੁੰਚੇ ਸਨ। ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਕਿ 4 ਜੂਨ 1984 ਅਤੇ 30 ਅਪਰੈਲ 1986 ਨੂੰ ਦਰਬਾਰ ਸਾਹਿਬ 'ਤੇ ਹਮਲੇ ਹੋ ਚੁੱਕੇ ਹਨ, ਪਰ ਫਿਰ ਵੀ ਉਹ ਉੱਥੇ ਇਕੱਠੇ ਹੋਏ ਸਨ।

ਸਰਕਾਰ ਨੇ ਪਲਾਨਿੰਗ ਮੁਤਾਬਿਕ 9 ਮਈ ਨੂੰ ਸਵੇਰੇ 11 ਵਜੇ ਦਰਬਾਰ ਸਾਹਿਬ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਅੰਦਰ ਬੈਠੇ ਖਾੜਕੂਆਂ ਕੋਲ ਥੋੜ੍ਹੇ ਜਿਹੇ ਹੀ ਹਥਿਆਰ ਸਨ। ਉਸੇ ਦਿਨ ਰੋਡੇ ਜਸਬੀਰ ਸਿੰਘ ਅੰਮ੍ਰਿਤਸਰੋਂ ਨਿਕਲ ਕੇ ਲੁਧਿਆਣੇ ਚਲਾ ਗਿਆ। ਫ਼ੌਜ ਨੇ ਅੰਮ੍ਰਿਤਸਰ 'ਚ ਕਰਫ਼ਿਊ ਲਾ ਦਿੱਤਾ। ਅਗਲੇ ਦਿਨ ਫ਼ੌਜ ਨੇ ਮੁਸਾਫ਼ਿਰਾਂ ਨੂੰ ਬਾਹਰ ਕਢ ਲਿਆ। 12 ਮਈ ਨੂੰ 5 ਗ੍ਰੰਥੀਆਂ (ਜਸਬੀਰ ਸਿੰਘ, ਪੂਰਨ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ) ਨੇ ਅੰਮ੍ਰਿਤਸਰ ਆ ਕੇ 'ਗ੍ਰਿਫ਼ਤਾਰੀ ਦੇਣ' ਦਾ ਡਰਾਮਾ ਕੀਤਾ। ਇਸ ਮਗਰੋਂ ਫੇਰ ਫ਼ਾਇਰਿੰਗ ਸ਼ੁਰੂ ਹੋ ਗਈ। 14 ਮਈ ਤਕ ਜਗੀਰ ਸਿੰਘ ਮਾਰਿਆ ਜਾ ਚੁੱਕਾ ਸੀ। 15 ਮਈ ਨੂੰ 146 ਹੋਰ ਬੰਦੇ ਹੱਥ ਖੜ੍ਹੇ ਕਰ ਕੇ, ਮੁਸਾਫ਼ਿਰ ਬਣ ਕੇ, ਬਾਹਰ ਆ ਗਏ। ਇਨ੍ਹਾਂ ਵਿਚ ਸੁਰਜੀਤ ਸਿੰਘ ਪੈਂਟਾ ਵੀ ਸੀ। ਜਦੋਂ ਉਸ ਨੂੰ ਪਤਾ ਲਗਾ ਕਿ ਉਸ ਨੂੰ ਪਛਾਣ ਲਿਆ ਗਿਆ ਹੈ ਤਾਂ ਉਸ ਨੇ ਸਾਈਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਇਸ ਤੋਂ ਬਾਅਦ ਵੀ ਛੋਟੀ-ਮੋਟੀ ਗੋਲਾਬਾਰੀ ਚਲਦੀ ਰਹੀ, ਪਰ 18 ਮਈ ਨੂੰ ਰਹਿੰਦੇ 46 ਬੰਦਿਆਂ ਨੇ ਵੀ ਹਥਿਆਰ ਸੁੱਟ ਦਿੱਤੇ। ਇਨ੍ਹਾਂ ਵਿਚ ਸੁਰਜੀਤ ਸਿੰਘ ਪੈਂਟਾ ਦੀ ਭੈਣ, ਉਸ ਦਾ ਪਤੀ ਚੈਂਚਲ ਸਿੰਘ ਤੇ ਨਿਰਵੈਰ ਸਿੰਘ ਵੀ ਸਨ। ਐਨ ਆਖ਼ਰੀ ਮੌਕੇ 'ਤੇ ਇਕ ਖਾੜਕੂ ਕਾਰਜ ਸਿੰਘ ਥਾਂਦੇ (ਜੋ ਧਰਮੀ ਫ਼ੌਜੀ ਸੀ) ਨੇ ਸਾਈਨਾਈਡ ਖਾ ਕੇ ਜਾਨ ਦੇ ਦਿੱਤੀ। ਭਾਰਤੀ ਟੀ.ਵੀ. ਨੇ ਇਸ ਸਾਰੀ ਲੜਾਈ ਨੂੰ ਦੁਨੀਆਂ ਭਰ ਵਿਚ ਦਿਖਾਇਆ, ਜਿਸ ਨਾਲ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਇਸ ਹਮਲੇ ਵਿਚ ਕੁਲ 36 ਖਾੜਕੂ ਮਾਰੇ ਗਏ ਸਨ (ਅਜਿਹਾ ਜਾਪਦਾ ਹੈ ਕਿ ਖਾੜਕੂਆਂ ਵਿਚ ਬਹੁਤ ਸਾਰੇ ਮੈਂਬਰ ਖ਼ੁਫ਼ੀਆ ਮਹਿਕਮੇ ਦੇ ਸ਼ਾਮਿਲ ਹੋ ਚੁੱਕੇ ਸਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਗ੍ਰਿਫ਼ਤਾਰ ਕੀਤੇ ਇਨ੍ਹਾਂ ਆਖ਼ਰੀ 46 ਬੰਦਿਆਂ ਵਿਚੋਂ ਕਿਸੇ 'ਤੇ ਵੀ ਮੁਕਦਮਾ ਨਹੀਂ ਸੀ ਚਲਾਇਆ ਗਿਆ, ਜਿਸ ਤੋਂ ਸ਼ੱਕ ਪੈਂਦਾ ਹੈ ਕਿ ਇਹ ਖ਼ੁਫ਼ੀਆ ਮਹਿਕਮੇ ਨਾਲ ਜੁੜੇ ਹੋਏ ਹੋਣਗੇ)।

ਇਸ ਦੌਰਾਨ ਹਰਿਮੰਦਰ ਸਾਹਿਬ ਦੀ ਮਰਿਆਦਾ 10 ਮਈ ਤੋਂ 18 ਮਈ ਤਕ ਨਾ ਨਿਭਾਈ ਜਾ ਸਕੀ। ਇਸ ਮਗਰੋਂ ਸਰਕਾਰ ਨੇ ਦਰਬਾਰ ਸਾਹਿਬ 'ਤੇ ਪੂਰਾ ਕਬਜ਼ਾ ਕਰ ਲਿਆ। ਅਕਾਲ ਤਖ਼ਤ ਸਾਹਿਬ ਦੀ ਕਾਰ-ਸੇਵਾ ਬਾਬਾ ਉੱਤਮ ਸਿੰਘ ਨੇ ਪਹਿਲੋਂ ਹੀ ਬੰਦ ਕਰ ਦਿੱਤੀ ਹੋਈ ਸੀ। 21 ਮਈ ਨੂੰ ਸਰਕਾਰ ਨੇ 10 ਸ਼ਰਤਾਂ ਮੰਨਣ ਦੀ ਸੂਰਤ ਵਿਚ ਦਰਬਾਰ ਸਾਹਿਬ ਦਾ ਕਬਜ਼ਾ ਦੇਣ ਦੀ ਪੇਸ਼ ਕੀਤੀ, ਜੋ ਸ਼੍ਰੋਮਣੀ ਕਮੇਟੀ ਨੇ ਠੁਕਰਾ ਦਿੱਤੀ। 27 ਮਈ ਨੂੰ ਬੂਟਾ ਸਿੰਘ ਨੇ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੇ ਦੁਆਲੇ 100 ਮੀਟਰ ਚੌੜੀ ਫਿਰਨੀ ਬਣਾਈ ਜਾਏਗੀ (ਤਾਂ ਜੋ ਫ਼ੌਜ ਤੇ ਪੁਲੀਸ ਦੀਆਂ ਗੱਡੀਆਂ ਅਸਾਨੀ ਨਾਲ ਲੰਘ ਸਕਣ !)।

ਪੰਜੇ ਗ੍ਰੰਥੀ ਬਰਖ਼ਾਸਤ

28 ਮਈ 1988 ਨੂੰ ਸ਼੍ਰੋਮਣੀ ਕਮੇਟੀ ਨੇ ਪੰਜ ਗ੍ਰੰਥੀ (ਜਸਬੀਰ ਸਿੰਘ ਰੋਡੇ, ਗਿਆਨੀ ਪੂਰਨ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ) ਬਰਤਰਫ਼ ਕਰ ਦਿੱਤੇ। ਅਗਲੇ ਦਿਨ ਸਰਕਾਰ ਨੇ ਇਨ੍ਹਾਂ ਗ੍ਰੰਥੀਆਂ ਵਾਸਤੇ ਜੇਲ੍ਹ 'ਚ ਪ੍ਰੈਸ ਕਾਨਫ਼ਰੰਸ ਦਾ ਇੰਤਜ਼ਾਮ ਕੀਤਾ ਤੇ ਇਨ੍ਹਾਂ ਦੀ ਪ੍ਰੈਸ ਰਲੀਜ਼ ਪਬਲਿਕ ਰੀਲੇਸ਼ਨ ਮਹਿਕਮੇ ਨੇ ਜਾਰੀ ਕੀਤੀ (ਏਥੋਂ ਪਤਾ ਲਗਦਾ ਹੈ ਕਿ ਇਹ ਸਾਰੇ ਸਰਕਾਰ ਨਾਲ ਮਿਲ ਕੇ ਚਲ ਰਹੇ ਸਨ)। ਇਸ ਦੇ ਨਾਲ ਹੀ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਮੱਲ ਸਿੰਘ ਘੁਮਾਣ (ਜਥੇਦਾਰ ਟੌਹੜਾ ਉਸ ਵੇਲੇ ਜੇਲ੍ਹ ਵਿਚ ਸੀ) ਨੂੰ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਗ੍ਰੰਥੀਆਂ ਦੀ ਬਰਖ਼ਾਸਤਗੀ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਬਾਦਲ, ਠੇਕੇਦਾਰ ਸੁਰਜਨ ਸਿੰਘ, ਸੁਖਜਿੰਦਰ ਸਿੰਘ, ਢੀਂਡਸਾ, ਵਡਾਲਾ ਤੇ ਸ਼ੇਰ ਸਿੰਘ ਡੂਮਸ਼ੇਰੀ ਨੂੰ ਵੀ ਨਜ਼ਰਬੰਦੀ ਐਕਟ ਹੇਠ ਫੇਰ ਜੇਲ੍ਹ ਭੇਜ ਦਿੱਤਾ ਗਿਆ।

ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਦਿੱਲੀ ਦੇ ਹਰਚਰਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਐਲਾਨ ਕਰ ਦਿੱਤਾ। ਹਰਚਰਨ ਸਿੰਘ, ਜੋ ਉਸ ਸਮੇਂ ਦਾੜ੍ਹੀ ਬੰਨ੍ਹਦਾ ਸੀ (ਤੇ ਸ਼ਾਇਦ ਕਲਫ਼ ਵੀ ਲਾਂਦਾ ਰਿਹਾ ਸੀ), ਨੇ ਇਕ ਦਮ ਦਾੜ੍ਹੀ ਖੋਲ੍ਹ ਦਿੱਤੀ। ਹਰਚਰਨ ਸਿੰਘ ਦੀ ਨਾਮਜ਼ਦਗੀ ਬਹੁਤੇ ਲੋਕਾਂ ਨੇ ਨਾਪਸੰਦ ਕੀਤੀ। ਦੂਜੇ ਪਾਸੇ ਹਰਚਰਨ ਸਿੰਘ ਨੇ ਵੀ ਅੰਮ੍ਰਿਤਸਰ ਆ ਕੇ ਚਾਰਜ ਹੀ ਨਾ ਲਿਆ।

ਅਕਾਲ ਤਖ਼ਤ ਸਾਹਿਬ ਦੇ ਮਲਬੇ ਹੇਠੋਂ ਲਾਸ਼ਾਂ ਬਰਾਮਦ

ਪੁਲੀਸ ਨੇ ਦਰਬਾਰ ਸਾਹਿਬ ਦਾ ਕਬਜ਼ਾ ਲੈਣ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਮਲਬੇ ਹੇਠੋਂ 30-40 ਲਾਸ਼ਾਂ ਲੱਭੀਆਂ। ਪੁਲੀਸ ਨੇ ਇਸ ਸਬੰਧੀ ਰਾਜ਼ ਫੜੇ ਗਏ ਅਖੌਤੀ-ਖਾੜਕੂਆਂ ਤੋਂ ਹਾਸਿਲ ਕੀਤੇ ਸਨ। ਹੋ ਸਕਦਾ ਹੈ ਕਿ ਲਾਸ਼ਾਂ ਦੀ ਗਿਣਤੀ ਸਰਕਾਰ ਨੇ ਵਧਾ ਚੜ੍ਹਾ ਕੇ ਦਸੀ ਹੋਵੇ, ਪਰ ਇਹ ਸੱਚ ਹੈ ਕਿ ਇਸ ਮਲਬੇ ਹੇਠਾਂ ਕਈ ਲਾਸ਼ਾਂ ਪਈਆਂ ਸਨ। ਇਹ ਲਾਸ਼ਾਂ ਪੁਲੀਸ ਮੁਖ਼ਬਰਾਂ ਦੀਆਂ ਵੀ ਸਨ, ਫ਼ਿਰੌਤੀ ਨਾ ਦੇਣ ਵਾਲਿਆਂ ਦੀਆਂ ਵੀ ਤੇ ਮੁਖ਼ਾਲਿਫ਼ ਧੜਿਆਂ ਦੇ ਖਾੜਕੂਆਂ ਦੀਆਂ ਵੀ। ਇਸ ਸ਼ਰਮਨਾਕ ਹਰਕਤ ਨੇ ਸਿੱਖਾਂ ਦਾ ਸਿਰ ਨੀਵਾਂ ਕੀਤਾ। ਇਸ ਦੇ ਨਾਲ ਹੀ ਹਰਿਮੰਦਰ ਸਾਹਿਬ ਦੇ ਅੰਦਰ ਪਾਖ਼ਾਨਾ ਤੇ ਪਿਸ਼ਾਬ ਨਾਲ ਭਰੇ ਡਰੰਮ ਵੀ ਮਿਲੇ। ਅੰਦਰ ਫਸੇ ਖਾੜਕੂ ਇਨ੍ਹਾਂ ਡਰੰਮਾਂ ਵਿਚ ਪਾਖਾਨਾ ਕਰਦੇ ਰਹੇ ਸਨ।

15 'ਜਥੇਦਾਰ' ਤੇ ਗ੍ਰੰਥੀ

ਸ਼੍ਰੋਮਣੀ ਕਮੇਟੀ ਵਲੋਂ ਪੰਜ ਗ੍ਰੰਥੀ ਬਰਤਰਫ਼ ਕੀਤੇ ਜਾਣ ਮਗਰੋਂ ਮਾਨੋਚਾਹਲ ਨੇ ਵੀ ਪੰਜ ਨਵੇਂ ਅਖੌਤੀ 'ਜਥੇਦਾਰਾਂ ਤੇ ਗ੍ਰੰਥੀਆਂ' ਦੇ ਨਾਂਵਾਂ ਦਾ ਐਲਾਨ ਕਰ ਦਿੱਤਾ। ਉਧਰ ਸ਼੍ਰੋਮਣੀ ਕਮੇਟੀ ਨੇ ਵੀ ਪੰਜ ਨਵੇਂ ਨਾਂ ਐਲਾਨ ਕਰ ਦਿੱਤੇ। ਇਧਰ ਜੇਲ੍ਹ 'ਚ ਬੈਠੇ ਪੰਜੇ ਆਪਣੇ ਆਪ ਨੂੰ ਅਜੇ ਵੀ ਅਖੌਤੀ 'ਜਥੇਦਾਰ' ਮੰਨ ਰਹੇ ਸਨ। ਇੰਝ ਇਸ ਵੇਲੇ 15 ਬੰਦੇ ਆਪਣੇ ਆਪ ਨੂੰ ਅਖੌਤੀ 'ਜਥੇਦਾਰ' ਤੇ 'ਹੈੱਡ-ਗ੍ਰੰਥੀ' ਆਖ ਰਹੇ ਸਨ, ਪਰ

ਪੰਥ ਨੂੰ ਇਨ੍ਹਾਂ ਵਿਚੋਂ ਕੋਈ ਵੀ ਪੰਥਕ ਸੇਵਾਵਾਂ ਦੇ ਕਾਬਿਲ ਨਹੀਂ ਸੀ ਜਾਪਦਾ। 28 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ 133 'ਚੋਂ 100 ਮੈਂਬਰਾਂ ਨੇ ਜਸਬੀਰ ਸਿੰਘ ਦੀ ਬਰਖ਼ਾਸਤਗੀ ਦੀ ਹਿਮਾਇਤ ਕੀਤੀ।

ਬਰਨਾਲੇ ਦਾ ਨਵਾਂ ਡਰਾਮਾ

7 ਜੁਲਾਈ 1988 ਦੇ ਦਿਨ ਸੁਰਜੀਤ ਬਰਨਾਲਾ (ਜਿਸ ਨੇ ਫ਼ਰਵਰੀ 1987 ਵਿਚ ਅਕਾਲ ਤਖ਼ਤ ਸਾਹਿਬ ਤੋਂ ਐਲਾਨੀਆ ਬਗ਼ਾਵਤ ਕੀਤੀ ਸੀ) ਇਕ ਵਾਰ ਫੇਰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਗਿਆ। ਉਸ ਦੀ ਪੇਸ਼ੀ ਵਾਸਤੇ ਸੋਹਣ ਸਿੰਘ, ਪ੍ਰੀਤਮ ਸਿੰਘ, ਬਲਬੀਰ ਸਿੰਘ, ਮੋਹਨ ਸਿੰਘ ਤੇ ਜਗੀਰ ਸਿੰਘ ਪੂਹਲਾ (ਸ਼੍ਰੋਮਣੀ ਕਮੇਟੀ ਵਲੋਂ ਲਾਏ ਗ੍ਰੰਥੀ) ਉਚੇਚੇ ਤੌਰ 'ਤੇ ਹਾਜ਼ਿਰ ਹੋਏ-ਹੋਏ ਸਨ। (ਬਰਨਾਲੇ ਦੀ ਇਸ ਪੇਸ਼ੀ ਤੋਂ ਪਹਿਲਾਂ ਉਸ ਦੀ ਇਨ੍ਹਾਂ ਨਾਲ ਆਪਸੀ ਗੱਲਬਾਤ ਹੋਈ ਸੀ)।

10 ਜੁਲਾਈ ਦੇ ਦਿਨ ਚੰਨਣ ਸਿੰਘ ਸਿਧੂ ਵਕੀਲ ਨੇ ਜਸਬੀਰ ਸਿੰਘ ਰੋਡੇ ਦੀ ਬਰਖ਼ਾਸਤਗੀ ਨੂੰ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਅੱਗੇ ਚੈਲੰਜ ਕਰ ਦਿੱਤਾ। 13 ਅਗਸਤ 1988 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਰਾਗੀ ਦਰਸ਼ਨ ਸਿੰਘ ਨੂੰ ਫੇਰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ (31 ਅਗਸਤ ਨੂੰ ਰਾਗੀ ਦਰਸ਼ਨ ਸਿੰਘ ਨੇ ਚਾਰਜ ਲੈ ਲਿਆ)। ਰਾਗੀ ਦੇ ਮੁੜ ਪਰਤ ਆਉਣ ਮਗਰੋਂ ਸਰਕਾਰ ਨੇ ਜਸਬੀਰ ਸਿੰਘ ਤੇ ਉਸ ਦੇ ਸਾਰੇ ਸਾਥੀ ਰਿਹਾਅ ਕਰ ਦਿੱਤੇ ਤਾਂ ਜੋ ਰਾਗੀ ਤੇ ਰੋਡੇ ਵਿਚ ਟਕਰਾਅ ਹੋ ਸਕੇ। ਇਸ ਦੇ ਬਾਵਜੂਦ ਜਸਬੀਰ ਸਿੰਘ ਰੋਡੇ ਰਾਗੀ ਦਰਸ਼ਨ ਸਿੰਘ ਜਾਂ ਸ਼੍ਰੋਮਣੀ ਕਮੇਟੀ ਵਾਸਤੇ ਕੋਈ ਮਸਲਾ ਖੜ੍ਹਾ ਨਾ ਕਰ ਸਕਿਆ, ਕਿਉਂਕਿ ਉਹ ਖਾੜਕੂਆਂ ਤੋਂ ਤਾਂ ਟੁੱਟ ਹੀ ਚੁੱਕਾ ਸੀ ਤੇ ਅਕਾਲੀਆਂ ਵਿਚ ਉਸ ਦਾ ਕੋਈ ਆਧਾਰ ਹੈ ਈ ਨਹੀਂ ਸੀ।

ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ

5 ਦਿਸੰਬਰ 1988 ਦੇ ਦਿਨ ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ। ਬਰਨਾਲੇ ਨੇ ਇਸ ਸਬੰਧ ਵਿਚ ਪਹਿਲਾਂ ਹੀ ਪੂਰੀ ਤਰ੍ਹਾਂ ਗੱਲ ਤੈਅ ਕੀਤੀ ਹੋਈ ਸੀ ਕਿ ਉਸ ਨੂੰ ਮਾਮੂਲੀ ਜਿਹੀ ਤਨਖ਼ਾਹ ਲਾ ਦਿੱਤੀ ਜਾਵੇਗੀ (ਜਿਵੇਂ ਪਹਿਲਾਂ ਗਿਆਨੀ ਕਿਰਪਾਲ ਸਿੰਘ ਨੇ 1986 ਵਿਚ ਕੀਤਾ ਸੀ)। ਰਾਗੀ ਕੋਲ ਬਰਨਾਲਾ ਸਾਂਝਾ ਅਕਾਲੀ ਦਲ ਬਣਾਉਣ ਬਾਰੇ ਹੁਕਮਨਾਮਾ ਨਾ ਮੰਨਣ ਦੇ ਨੁਕਤੇ 'ਤੇ ਪੇਸ਼ ਹੋਇਆ ਸੀ ਨਾ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਜੁਰਮ ਵਿਚ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ **ਬਰਨਾਲੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਕੋਈ ਗੁਨਾਹ ਨਹੀਂ ਮੰਨਿਆ ਤੇ ਸਿਰਫ਼ ਇਹੀ ਕਿਹਾ ਕਿ 'ਜੇ' ਮੈਥੋਂ ਕੋਈ ਗ਼ਲਤੀ ਹੋਈ ਹੈ ਤਾਂ ਮੈਨੂੰ ਮੁਆਫ਼ ਕਰ ਦਿੱਤਾ ਜਾਵੇ।** ਬਰਨਾਲੇ ਨੂੰ ਲਾਈ ਗਈ 'ਤਨਖ਼ਾਹ' ਇੰਞ ਸੀ :

ਮਿਤੀ : 5-12-1988

ਸੁਰਜੀਤ ਸਿੰਘ (ਬਰਨਾਲਾ) ਦੋਸ਼ੀ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਗਈ ਤਨਖ਼ਾਹ :

1. ਅਕਾਲ ਤਖ਼ਤ ਸਾਹਿਬ ਜੀ ਦੇ ਸੱਜੇ ਹੱਥ ਦੇ ਥੰਮਲੇ ਨਾਲ ਬੰਨ੍ਹ ਕੇ ਪੰਜ ਵਾਰ ਮੂਲ ਮੰਤਰ ਦੇ ਪਾਠ ਉਪਰੰਤ ਦੋ ਚੌਪਈ ਸਾਹਿਬ ਦੇ ਪਾਠ ਕਰਾਏ ਜਾਣ।

2. ਇਕ ਤਖ਼ਤੀ ਗਲ ਵਿਚ ਲਟਕਾਈ ਜਾਏ ਜਿਸ ਵਿਚ ਗੁਰੂ ਮਹਾਰਾਜ ਜੀ ਪਾਸੋਂ ਆਪਣੇ ਅਪਰਾਧ ਦੀ ਮੁਆਫ਼ੀ ਦੀ ਜੋਦੜੀ ਕੀਤੀ ਗਈ ਹੋਵੇ। ਜਿਤਨੇ ਦਿਨ ਸਜ਼ਾ (ਤਨਖ਼ਾਹ)[14] ਚੱਲਦੀ ਰਹੇ, ਇਹ ਤਖ਼ਤੀ ਬਖ਼ਸ਼ੇ ਜਾਣ ਦੀ ਅਰਦਾਸ ਹੋਣ ਤਕ ਗਲ ਵਿਚ ਹਰ ਸਮੇਂ ਪਾਈ ਰੱਖੇ।
3. ਪੰਜ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਅਖੰਡ ਪਾਠ ਜਿੱਥੇ ਆਤਮਾ ਦੀ ਪਵਿੱਤਰਤਾ ਤੇ ਬਲਵਾਨ ਹੋਣ ਲਈ ਕਰਾਏ ਤੇ ਖ਼ੁਦ ਸੁਣੇ। ਅਖੰਡ ਪਾਠ ਸਾਹਿਬ ਇਕੱਠੇ ਨਹੀਂ, ਇਕ ਤੋਂ ਬਾਅਦ ਦੂਜਾ, ਦੂਜੇ ਬਾਅਦ ਤੀਜਾ।
4. ਉਸ ਤੋਂ ਬਾਅਦ ਸੱਤ (7) ਦਿਨ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਜੋੜਿਆਂ, ਝਾੜੂ ਅਤੇ ਝੂਠੇ ਬਰਤਨ ਮਾਂਜਣ ਦੀਆਂ ਤਿੰਨੇ ਸੇਵਾਵਾਂ ਕਰਨੀਆਂ ਜ਼ਰੂਰੀ ਹਨ।
5. ਇਹ ਸਾਰੀ ਲੱਗੀ ਤਨਖ਼ਾਹ ਪੂਰੀ ਹੋਣ ਉਪਰੰਤ 1100/- ਗੋਲਕ, 1100/- ਰੁਪਏ ਦੀ ਦੇਗ ਹਰਿਮੰਦਰ ਸਾਹਿਬ, 1100/- ਰੁਪਏ ਦੀ ਦੇਗ ਤੇ 1100/- ਰੁਪਏ ਗੋਲਕ ਅਕਾਲ ਤਖ਼ਤ ਸਾਹਿਬ ਪਾਉਣੀ ਲਾਜ਼ਮੀ ਹੈ।

ਉਪਰੰਤ ਬਖ਼ਸ਼ਿਸ਼ ਲਈ ਅਰਦਾਸ ਕੀਤੀ ਜਾਏਗੀ, ਇਸ ਨੂੰ ਪੰਥ ਵਿਚ ਸ਼ਾਮਿਲ ਕੀਤਾ ਜਾਏਗਾ।

6 ਜਨਵਰੀ 1989 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ ਦੇ ਜੁਰਮ ਵਿਚ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫ਼ਾਂਸੀ ਦੇ ਦਿੱਤੀ ਗਈ। ਉਨ੍ਹਾਂ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ 11 ਜਨਵਰੀ ਨੂੰ ਅਰਦਾਸ ਕੀਤੀ ਗਈ। 6 ਮਾਰਚ 1989 ਦੇ ਦਿਨ 188 ਸਿੱਖ ਜੋਧਪੁਰ ਜੇਲ੍ਹ 'ਚੋਂ ਰਿਹਾਅ ਕਰ ਦਿੱਤੇ ਗਏ। ਇਨ੍ਹਾਂ ਦਿਨਾਂ ਵਿਚ ਹੀ ਦਿੱਲੀ ਦੇ ਪੰਜ ਸਿੱਖਾਂ ਨੇ ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਐਚ.ਕੇ.ਐਲ. ਭਗਤ ਨੂੰ 'ਸਿਰੋਪਾਓ' ਦੇ ਕੇ ਬੇਗ਼ੈਰਤਾਂ, ਗੀਦੀਆਂ, ਪੰਥ ਦੋਖੀਆਂ ਤੇ ਗ਼ਦਾਰਾਂ ਵਾਲੀ ਕਾਰਵਾਈ ਕੀਤੀ। ਇਸ ਹਰਕਤ ਵਿਚ ਗੁਰਬਚਨ ਸਿੰਘ ਭਾਈਆ, ਸ਼ੇਰ ਸਿੰਘ, ਗੁਰਬਚਨ ਸਿੰਘ ਸਭਰਵਾਲ, ਇਕਬਾਲ ਸਿੰਘ ਤੇ ਅਮਰ ਸਿੰਘ ਸ਼ਾਮਿਲ ਸਨ। ਇਹ ਸਾਰੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ। 17 ਮਈ 1989 ਦੇ ਦਿਨ ਇਨ੍ਹਾਂ ਨੂੰ ਪੰਜਾਂ ਗ੍ਰੰਥੀਆਂ ਨੇ ਹੇਠ ਲਿਖੀ ਤਨਖ਼ਾਹ ਲਾਈ :

ਦੋਸ਼

ਸਿੱਖੀ ਮਰਿਆਦਾ ਮੁਤਾਬਕ ਸਿਰੋਪਾਉ ਕਿਸੇ ਪੰਥਕ ਸੇਵਾ ਜਾਂ ਮਨੁੱਖੀ ਸੇਵਾ ਦੇ ਬਦਲੇ ਹੀ ਕਿਸੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ।

ਪੰਥਕ ਪਰਿਵਾਰ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਹਰ ਇਕ ਪਰਿਵਾਰ ਮੈਂਬਰ ਦਾ ਫ਼ਰਜ਼ ਹੈ। ਇਕ ਐਸੇ ਵਿਅਕਤੀ ਜਿਸ 'ਤੇ ਘ੍ਰਿਣਤ ਅਪਰਾਧਾਂ ਦਾ ਇਲਜ਼ਾਮ ਹੈ ਫਿਰ ਇਹ ਇਲਜ਼ਾਮ ਵੀ ਮਨੁੱਖੀ ਹਿੱਤਾਂ ਵਿਚ ਕੰਮ ਕਰ ਰਹੀਆਂ ਗ਼ੈਰ-ਸਿੱਖ ਸ਼ਖ਼ਸੀਅਤਾਂ ਅਤੇ ਜਥੇਬੰਦੀਆਂ ਨੇ ਲਿਖਤੀ ਰੂਪ ਵਿਚ ਲਾਇਆ ਹੈ। ਸਿੱਖ ਲੋਕਤੰਤਰੀ ਢੰਗ ਨੂੰ ਮੰਨਦੇ ਹਨ। ਇਸ ਲਈ ਲੋਕਤੰਤਰੀ ਢੰਗ ਨਾਲ ਹੀ ਪੰਥ ਉਨ੍ਹਾਂ ਜ਼ੁਲਮਾਂ ਵਿਰੁੱਧ ਆਵਾਜ਼ ਉਠਾ ਰਿਹਾ ਹੈ। ਕੀ ਉਸ ਵਿਅਕਤੀ ਨੇ ਆਪਣੀ ਬੇਗੁਨਾਹੀ ਲਈ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਸੰਤੁਸ਼ਟ ਕੀਤਾ ਹੈ। ਜੇ ਨਹੀਂ ਤਾਂ ਐਸੇ ਵਿਅਕਤੀ ਨੂੰ ਸਿਰੋਪਾਉ ਦੇ ਕੇ ਤੁਸੀਂ ਪੰਥਕ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।

ਦੋਸ਼ੀਆਂ ਦੇ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋਣ 'ਤੇ ਸੁਣਾਈ ਗਈ ਤਨਖ਼ਾਹ :

---

14. ਇਸ 'ਐਲਾਨ/ਹੁਕਮ' ਵਿਚ ਸਜ਼ਾ ਤੇ ਤਨਖ਼ਾਹ ਇੱਕੋ ਗੱਲ ਲਿਖੀ ਗਈ ਸੀ।

1. ਪੰਜ ਦਿਨ ਹਰ ਰੋਜ਼ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਅਰਦਾਸ ਤੋਂ ਬਾਦ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਵਿਖੇ ਗਲ ਪੱਲਾ ਪਾ ਕੇ ਸੰਗਤ ਵਿਚ ਖੜੇ ਹੋਣਾ ਅਤੇ ਧਾਰਨਾ ਨਾਲ ਇਕ ਵਾਰ ਇਹ ਸ਼ਬਦ ਪੜ੍ਹਨਾ :

ਟੋਡੀ ਮਹਲਾ ੫॥

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ਰਹਾਉ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥੧॥
ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥

ਉਪਰੰਤ ਸੰਗਤ ਦੀ ਹਜ਼ੂਰੀ ਵਿਚ ਖਿਮਾ ਮੰਗਣੀ ਕਿ ਹੇ ਸਤਿਗੁਰੂ ਅਤੇ ਗੁਰੂ ਕੀ ਸੰਗਤ ! ਸਾਡੀਆਂ ਭੁੱਲਾਂ ਦੀ ਖਿਮਾ ਬਖ਼ਸ਼ਣੀ।

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥

2. ਹਰ ਰੋਜ਼ ਇਕ ਘੰਟਾ ਲੰਗਰ ਵਿਚ ਬਰਤਨ ਮਾਂਜਣ ਦੀ ਸੇਵਾ ਕਰਨੀ। ਹਰ ਰੋਜ਼ ਪੰਜ ਪਾਠ ਜਪੁਜੀ ਸਾਹਿਬ ਦੇ ਕਰਨੇ।
3. ਪੰਜਵੇਂ ਦਿਨ 21-21 ਰੁਪਏ ਦਾ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੀ ਕੜਾਹ ਪ੍ਰਸਾਦਿ ਕਰਵਾ ਕੇ ਗ੍ਰੰਥੀ ਸਿੰਘ ਕੋਲੋਂ ਸੰਗਤ ਵਿਚ ਬਖ਼ਸ਼ੇ ਜਾਣ ਦੀ ਅਰਦਾਸ ਕਰਨੀ।

ਗੋਬਿੰਦ ਰਾਮ ਦਾ ਜ਼ੁਲਮ

ਇਨ੍ਹਾਂ ਦਿਨਾਂ ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ੱਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਸਨ : ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ ਤੇ ਹੋਰ ਕਈ। ਗੋਬਿੰਦ ਰਾਮ ਨੇ 21 ਅਗਸਤ ਨੂੰ ਬੱਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ ਦੀ ਸਿੰਘਣੀ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਉਸ ਨੂੰ ਬਹੁਤ ਤਸੀਹੇ ਦਿੱਤੇ। ਗੋਬਿੰਦ ਰਾਮ ਨੇ ਆਪਣਾ ਪਖਾਨਾ ਜਬਰੀ ਗੁਰਦੇਵ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ "ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।" ਗੁਰਦੇਵ ਕੌਰ 'ਤੇ ਜ਼ੁਲਮ ਕਰਨ ਦੇ ਖ਼ਿਲਾਫ਼ ਰਾਗੀ ਨੇ ਪਹਿਲੀ ਸਿਤੰਬਰ ਨੂੰ ਇਕ ਪ੍ਰੋਟੈਸਟ ਜਲੂਸ ਦੀ ਅਗਵਾਈ ਕੀਤੀ। (ਮਗਰੋਂ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੰਵਲਜੀਤ ਸਿੰਘ ਤੇ ਉਸ ਦੇ ਸਾਥੀਆਂ ਵਲੋਂ ਗੋਬਿੰਦ ਰਾਮ ਨੂੰ ਬੰਬ ਨਾਲ ਉਡਾ ਦਿੱਤਾ ਗਿਆ ਸੀ)।

ਖਾਲਿਸਤਾਨੀਆਂ ਦੀ ਜਿੱਤ ਤੇ ਕਿਰਪਾਨ

26 ਨਵੰਬਰ 1989 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਤੇ ਹੋਰ ਖਾਲਿਸਤਾਨੀ ਹਿਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ ਹਾਸਿਲ ਹੋਈ। 2 ਦਿਸੰਬਰ 1989 ਦੇ ਦਿਨ ਮਾਨ ਤੇ ਜਥੇਦਾਰ ਟੌਹੜਾ ਰਿਹਾਅ ਕਰ ਦਿੱਤੇ ਗਏ। ਪਰ 22 ਦਿਸੰਬਰ ਦੇ ਦਿਨ ਜਦੋਂ ਧਿਆਨ ਸਿੰਘ ਮੰਡ ਐਮ.ਪੀ. ਆਪਣੀ ਵੱਡੀ ਕਿਰਪਾਨ ਸਣੇ ਲੋਕ ਸਭਾ ਵਿਚ ਜਾਣ ਲਗਾ ਤਾਂ ਉਸ ਨੂੰ ਦਾਖ਼ਿਲ ਹੋਣੋਂ ਰੋਕ

ਦਿੱਤਾ ਗਿਆ। ਮਾਨ ਨੇ ਵੀ ਬਿਨਾਂ ਕਿਰਪਾਨ ਤੋਂ ਲੋਕ ਸਭਾ 'ਚ ਦਾਖ਼ਿਲ ਹੋਣ ਤੋਂ ਨਾਂਹ ਕਰ ਦਿੱਤੀ। (ਮਗਰੋਂ ਦਿਸੰਬਰ 1999 ਵਿਚ ਮਾਨ ਬਿਨਾਂ ਕਿਰਪਾਨ ਤੋਂ ਲੋਕ ਸਭਾ ਵਿਚ ਚਲਾ ਗਿਆ)।

ਰਾਗੀ ਦਾ ਅਸਤੀਫ਼ਾ

28 ਮਾਰਚ 1990 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਸ਼ੈਸ਼ਨ ਵਿਚ ਅਕਾਲੀ ਆਗੂਆਂ ਵਿਚਕਾਰ ਕਿਸੇ ਨੁਕਤੇ 'ਤੇ ਬਹਿਸ ਸ਼ੁਰੂ ਹੋ ਗਈ। ਦੋਹਾਂ ਧਿਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲੜਾਈ ਕਰ ਕੇ ਬੇਅਦਬੀ ਕੀਤੀ। ਇਸ 'ਤੇ ਰਾਗੀ ਦਰਸ਼ਨ ਸਿੰਘ ਨੇ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾ ਲੜਨ ਵਾਸਤੇ ਆਖਿਆ। ਜਥੇਦਾਰ ਟੌਹੜਾ ਨੇ ਉਸ ਨੂੰ ਸਮਝਾਇਆ ਕਿ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਵਿਚ ਬਹਿਸ-ਮੁਬਹਿਸਾ ਹੁੰਦਾ ਹੀ ਰਹਿੰਦਾ ਹੈ। ਇਸ 'ਤੇ ਰਾਗੀ ਨੇ ਗ਼ੁੱਸੇ ਵਿਚ ਆ ਕੇ ਬਿਨਾਂ ਅਰਦਾਸ ਕੀਤਿਓਂ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕਰ ਦਿੱਤਾ ਅਤੇ ਉੱਥੋਂ ਚਾਲੇ ਪਾਏ ਤੇ ਨਾਲ ਹੀ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਗੁਰਚਰਨ ਸਿੰਘ ਟੌਹੜਾ ਤਾਂ ਪਹਿਲਾ ਹੀ (ਰਾਗੀ) ਦਰਸ਼ਨ ਸਿੰਘ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ, ਇਸ ਕਰ ਕੇ ਉਸ ਨੇ 9 ਜੂਨ 1990 ਦੀ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਵਿਚ ਰਾਗੀ ਦਾ ਅਸਤੀਫ਼ਾ ਮਨਜ਼ੂਰ ਕਰ ਕੇ (ਨਿਰੰਕਾਰੀ ਨੂੰ ਕਤਲ ਕਰਨ ਦੀ ਸਜ਼ਾ ਭੁਗਤ ਰਹੇ) ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾ ਦਿੱਤਾ।

ਦਰਬਾਰ ਸਾਹਿਬ ਫੇਰ ਸੀਲ

ਖਾੜਕੂਆਂ ਅਤੇ ਮਾਨ ਅਕਾਲੀ ਦਲ ਨੇ 6 ਜੂਨ 1990 ਨੂੰ 'ਘੱਲੂਘਾਰਾ ਦਿਨ' ਮਨਾਉਣ ਦਾ ਐਲਾਨ ਕੀਤਾ। ਪਰ 6 ਜੂਨ 1990 ਦੇ ਦਿਨ ਦਰਬਾਰ ਸਾਹਿਬ ਨੂੰ ਇਕ ਵਾਰ ਫੇਰ ਸੀਲ ਕਰ ਦਿੱਤਾ ਗਿਆ ਤਾਂ ਜੋ ਉੱਥੇ ਘੱਲੂਘਾਰਾ ਦਿਨ ਨਾ ਮਨਾਇਆ ਜਾ ਸਕੇ। ਇਸ ਵੇਲੇ ਦਿੱਲੀ ਵਿਚ ਕਾਂਗਰਸ ਪਾਰਟੀ ਦੀ ਨਹੀਂ ਬਲਕਿ ਵੀ.ਪੀ. ਸਿੰਹ ਦੀ ਸਰਕਾਰ ਸੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਕਾਂਗਰਸ ਹੋਵੇ ਜਾਂ ਜਨਤਾ ਪਾਰਟੀ ਸਿੱਖਾਂ ਵਾਸਤੇ ਉਨ੍ਹਾਂ ਕੋਲ ਇਕੋ ਹੀ ਪੈਮਾਨਾ ਹੈ।

ਇਨ੍ਹਾਂ ਦਿਨਾਂ ਵਿਚ ਵੀ ਪੰਜਾਬ 'ਚ ਸਿੱਖ ਨੌਜਵਾਨਾਂ ਦੇ ਕਤਲ ਅਤੇ ਗ੍ਰਿਫ਼ਤਾਰੀਆਂ ਬ-ਦਸਤੂਰ ਚਲਦੀਆਂ ਰਹੀਆਂ। ਇਸ ਦੇ ਪਰੋਟੈਸਟ ਵਜੋਂ ਸ਼੍ਰੋਮਣੀ ਕਮੇਟੀ ਨੇ 26 ਜਨਵਰੀ, 15 ਅਗਸਤ ਤੇ 2 ਅਕਤੂਬਰ ਦੀਆਂ ਭਾਰਤ ਸਰਕਾਰ ਦੀਆਂ ਨੈਸ਼ਨਲ ਛੁੱਟੀਆਂ ਕੈਂਸਲ ਕਰਨ ਦਾ ਮਤਾ ਪਾਸ ਕੀਤਾ (ਜਿਸ 'ਤੇ ਪਿਛਲੇ 15 ਸਾਲ ਤੋਂ ਅਮਲ ਹੋ ਰਿਹਾ ਹੈ)।

ਸਿੱਖਾਂ ਵਲੋਂ ਪੰਜਾਬ 'ਚ ਚੋਣਾਂ ਦਾ ਬਾਈਕਾਟ

ਪੰਜਾਬ ਅਸੈਂਬਲੀ ਦੀਆਂ ਚੋਣਾਂ 22 ਜੂਨ 1991 ਨੂੰ ਹੋਣੀਆਂ ਸਨ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਯਕੀਨਨ ਬੁਰੀ ਤਰ੍ਹਾਂ ਹਾਰ ਜਾਣਾ ਸੀ। ਇਲੈਕਸ਼ਨ ਕਮਿਸ਼ਨਰ ਟੀ.ਐਨ. ਸੇਸ਼ਨ ਨੇ ਨਵੇਂ ਪ੍ਰਾਈਮ ਮਨਿਸਟਰ ਨਰਸਿੰਮ੍ਹਾ ਰਾਓ ਨੂੰ ਖ਼ੁਸ਼ ਕਰਨ ਵਾਸਤੇ ਪੋਲਿੰਗ ਤੋਂ

ਸਿਰਫ਼ ਪੰਜ ਘੰਟੇ ਪਹਿਲਾਂ ਚੋਣਾਂ ਮੁਲਤਵੀ ਕਰ ਦਿੱਤੀਆਂ। ਮਗਰੋਂ ਨਰਸਿੰਮ੍ਹਾ ਰਾਓ ਨੇ 19 ਫ਼ਰਵਰੀ 1992 ਦੇ ਦਿਨ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਕਾਂਗਰਸ ਨੇ ਖਾੜਕੂਆਂ ਵਿਚ ਆਪਣੇ ਅੰਸਰਾਂ ਰਾਹੀਂ ਜ਼ੋਰ ਪੁਆ ਕੇ, ਅਕਾਲੀਆਂ ਨੂੰ ਧਮਕੀਆਂ ਦੇ ਕੇ, ਤੇ ਕਈ ਅਕਾਲੀ ਉਮੀਦਵਾਰਾਂ, ਆਗੂਆਂ ਤੇ ਵਰਕਰਾਂ ਨੂੰ ਕਤਲ ਕਰਵਾ ਕੇ, ਅਕਾਲੀਆਂ ਨੂੰ ਚੋਣਾਂ ਦਾ ਬਾਈਕਾਟ ਕਰਨ 'ਤੇ ਮਜਬੂਰ ਕਰ ਦਿੱਤਾ। ਇਸ ਸਾਰੇ ਗੁਨਾਹ ਦਾ ਨਤੀਜਾ ਖਾੜਕੂਆਂ ਨੂੰ ਹੀ ਨਹੀਂ, ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਵੀ ਭੁਗਤਣਾ ਪਿਆ। ਚੋਣਾਂ ਵਿਚ ਸਿੱਖਾਂ ਵਲੋਂ ਬਾਈਕਾਟ ਕਰਨ ਕਰ ਕੇ ਸਿਰਫ਼ 15-20 ਫ਼ੀ ਸਦੀ ਪੋਲਿੰਗ ਹੋਈ। ਕਾਂਗਰਸ ਪਾਰਟੀ ਦਾ ਬੇਅੰਤ ਚੀਫ਼ ਮਨਿਸਟਰ ਬਣ ਗਿਆ। ਉਸ ਨੇ ਚੀਫ਼ ਮਨਿਸਟਰ ਬਣਦਿਆਂ ਹੀ ਕੇ.ਪੀ.ਐਸ ਗਿੱਲ ਨੂੰ ਸਿੱਖਾਂ ਦਾ ਕਤਲੇਆਮ ਸ਼ੁਰੂ ਕਰਨ ਵਾਸਤੇ ਹਰੀ ਝੰਡੀ ਦੇ ਦਿੱਤੀ। ਅਗਲੇ ਤਿੰਨ ਸਾਲ ਪੰਜ ਮਹੀਨੇ, ਬੇਅੰਤ ਦੇ ਕਤਲ (31 ਅਗਸਤ 1995) ਤਕ, ਪੰਜਾਬ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਮਾਰ ਦਿੱਤੇ ਗਏ। ਖਾੜਕੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕੀਤਾ ਗਿਆ। ਉਂਞ ਬੇਅੰਤ ਦਾ ਆਪਣਾ ਹਸ਼ਰ ਵੀ, ਰਾਜੀਵ ਗਾਂਧੀ ਵਾਂਗ, ਮਾੜਾ ਹੀ ਹੋਇਆ। ਉਸ ਨੂੰ ਖਾੜਕੂਆਂ ਨੇ, ਦਿਲਾਵਰ ਸਿੰਘ ਨੂੰ 'ਇਨਸਾਨੀ ਬੰਬ' ਬਣਾ ਕੇ, ਉਡਾ ਦਿੱਤਾ ਤੇ ਉਸ ਦੀ ਲਾਸ਼ ਦਾ ਵੀ ਤੂੰਬਾ-ਤੂੰਬਾ ਹੋ ਗਿਆ।

ਖਾੜਕੂ ਤਹਿਰੀਕ ਵਿਚ, ਸਰਕਾਰ ਮੁਤਾਬਿਕ, 1981 ਤੋਂ 1993 ਤਕ 21469 ਸ਼ਖ਼ਸ ਮਾਰੇ ਗਏ। ਇਨ੍ਹਾਂ ਵਿਚ 19676 ਸਿੱਖ ਅਤੇ ਦੂਜੇ ਸ਼ਹਿਰੀ, 1475 ਪੁਲਸੀਏ, 174 ਸੀ.ਆਰ.ਪੀ.ਐਫ਼. ਦੇ, 107 ਬੀ.ਐਸ.ਐਫ਼. ਦੇ, 11 ਇੰਡੋ-ਤਿਬਤਨ ਪਰੋਟੈਕਸ਼ਨ ਫ਼ੋਰਸ ਦੇ ਅਤੇ 26 ਦੂਜੀਆਂ ਫ਼ੋਰਸਿਜ਼ ਦੇ ਮੈਂਬਰ ਸ਼ਾਮਿਲ ਸਨ। ਸਭ ਤੋਂ ਵਧੇਰੇ ਕਤਲ 1990-91 ਵਿਚ ਹੋਏ। ਇਨ੍ਹਾਂ ਵਿਚ 3497 ਸਿੱਖ, 1561 ਦੂਜੇ ਸ਼ਹਿਰੀ ਤੇ 1003 ਪੁਲਸੀਏ ਸਨ। 1992-93 ਵਿਚ 1566 ਸਿੱਖ ਤੇ ਦੂਜੇ ਸਿਵਲੀਅਨ ਅਤੇ 277 ਪੁਲਸੀਏ ਮਾਰੇ ਗਏ। ਇਨ੍ਹਾਂ 1566 ਵਿਚੋਂ 379 ਸੀਨੀਅਰ ਖਾੜਕੂ, 11 ਚੋਟੀ ਦੇ ਖਾੜਕੂ ਲੀਡਰ ਅਤੇ 20 ਡਿਪਟੀ ਚੀਫ਼ ਸਨ। 1992 ਵਿਚ, ਪੁਲੀਸ ਮੁਤਾਬਿਕ, 537 'ਖਾੜਕੂਆਂ' ਨੇ ਹਥਿਆਰ ਸੁੱਟੇ ਸਨ। (ਇਹ ਸਾਰੇ ਅੰਕੜੇ ਕੇ.ਪੀ.ਐਸ. ਗਿੱਲ, ਪੁਲੀਸ ਚੀਫ਼ ਦੇ ਇਕ ਲੇਖ 'ਚੋਂ ਲਏ ਗਏ ਹਨ)।

ਇਹ ਸੀ ਡਰਾਪਸੀਨ ਖਾੜਕੂਆਂ ਦੀ ਚੜ੍ਹਤ, ਉਨ੍ਹਾਂ ਦੇ ਜ਼ਵਾਲ ਅਤੇ ਪੰਜਾਬ ਵਿਚ ਕਤਲੋਗਾਰਤ ਦੇ ਜ਼ਮਾਨੇ ਦਾ। ਇਨ੍ਹਾਂ 11 ਸਾਲਾਂ (1984 ਤੋਂ 1995) ਵਿਚ ਖਾੜਕੂਆਂ ਨੇ ਵੀ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਤਰੀਕੇ ਤੇ ਆਪਣੇ ਫ਼ਾਇਦੇ ਵਾਸਤੇ ਵਰਤਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਸਰਬਤ ਖਾਲਸਾ ਨੂੰ ਵੀ ਆਪਣੇ ਹੀ ਮਾਅਨੇ ਦੇਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਅਕਾਲ ਤਖ਼ਤ ਸਾਹਿਬ 'ਤੇ ਕਿਰਪਾਲ ਸਿੰਘ, ਗੁਰਦੇਵ ਸਿੰਘ ਕਾਓਂਕੇ, ਰਾਗੀ ਦਰਸ਼ਨ ਸਿੰਘ ਤੇ ਜਸਬੀਰ ਸਿੰਘ ਰੋਡੇ ਨੇ ਸੇਵਾ ਸੰਭਾਲੀ। ਗੁਰਦੇਵ ਸਿੰਘ ਕਾਓਂਕੇ ਸਿਰਫ਼ ਤਿੰਨ ਮਹੀਨੇ ਹੀ ਇੱਥੇ ਰਿਹਾ (ਮਗਰੋਂ ਉਸ ਨੂੰ ਬੇਅੰਤ ਸਰਕਾਰ ਨੇ ਗ੍ਰਿਫ਼ਤਾਰ ਕਰ ਕੇ ਤਸੀਹੇ ਦੇ ਕੇ 3 ਜਨਵਰੀ 1993 ਦੇ ਦਿਨ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤਾ)। ਕਿਰਪਾਲ ਸਿੰਘ, ਰਾਗੀ ਦਰਸ਼ਨ ਸਿੰਘ, ਜਸਬੀਰ ਸਿੰਘ ਵਿਚੋਂ ਕੋਈ ਵੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦਾ ਸਹੀ ਰੋਲ ਅਦਾ ਨਾ ਕਰ ਸਕਿਆ।

ਇਨ੍ਹਾਂ ਸਾਰਿਆਂ ਨੂੰ ਆਪਣੀ ਸੇਵਾ ਵਿਚੋਂ ਛੱਡ ਕੇ ਜਾਣਾ ਪਿਆ ਜਾਂ ਬਰਤਰਫ਼ ਹੋਏ। ਅਕਾਲ ਤਖ਼ਤ ਸਾਹਿਬ ਨੂੰ ਹਰ ਜਮਾਤ, ਹਰ ਮੁਖ ਸੇਵਾਦਾਰ ਨੇ ਆਪਣੇ ਮੁਫ਼ਾਦ ਵਾਸਤੇ ਵਰਤਣ ਦੀ ਕੋਸ਼ਿਸ਼ ਕੀਤੀ। ਕਿਸੇ ਕੋਲ ਵੀ ਕੌਮੀ ਸੋਚ ਨਹੀਂ ਸੀ, ਬਲਕਿ ਹਰ ਇਕ ਅੰਦਰ ਆਪਣੇ ਧੜੇ ਦੀ ਅਤੇ ਆਪਣੀ ਸ਼ਖ਼ਸੀ ਤਾਕਤ ਕਾਇਮ ਕਰਨ ਦਾ ਨਿਸ਼ਾਨਾ ਹੀ ਸੀ। ਕਿਉਂਕਿ ਇਸ ਵੇਲੇ ਦੌਰਾਨ ਸਾਰੇ ਆਗੂ ਤੇ ਸੇਵਾਦਾਰ ਖ਼ੁਦਗਰਜ਼ੀ ਦੀ ਸੋਚ 'ਤੇ ਚਲ ਰਹੇ ਸਨ, ਇਸ ਕਰ ਕੇ ਅਕਾਲ ਤਖ਼ਤ ਸਾਹਿਬ ਨੇ ਉਨ੍ਹਾਂ ਦੀ ਨਿਗਹਬਾਨੀ ਨਹੀਂ ਕੀਤੀ।

ਜਥੇਦਾਰ ਟੌਹੜਾ ਨੇ 4 ਫ਼ਰਵਰੀ 1993 ਦੇ ਦਿਨ (ਪ੍ਰੋ:) ਮਨਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਥਾਪ ਦਿੱਤਾ ਤੇ ਇਸ ਨਾਲ ਅਕਾਲ ਤਖ਼ਤ ਸਾਹਿਬ ਦੀ ਤਾਰੀਖ਼ ਵਿਚ ਇਕ ਹੋਰ ਅਫ਼ਸੋਸਨਾਕ ਅਤੇ ਸ਼ਰਮਨਾਕ ਦੌਰ ਸ਼ੁਰੂ ਹੋ ਗਿਆ।

•

ਅਕਾਲ ਤਖ਼ਤ ਸਾਹਿਬ ਦਾ ਅਗਵਾ

(1993 ਤੋਂ 2000)

ਫ਼ਰਵਰੀ 1992 ਵਿਚ ਬੇਅੰਤ ਦੇ ਚੀਫ਼ ਮਨਿਸਟਰ ਬਣਨ ਤੋਂ ਉਸ ਦੀ ਮੌਤ (31 ਅਗਸਤ 1995) ਤੱਕ ਖਾੜਕੂਆਂ ਦਾ ਜ਼ਵਾਲ ਆਪਣੇ 'ਸਿਖਰ' 'ਤੇ ਸੀ। ਇਕ ਇਕ ਕਰ ਕੇ ਸਾਰੇ ਖਾੜਕੂ ਆਗੂ ਕਤਲ ਕਰ ਦਿੱਤੇ ਗਏ। ਉਹ ਵੇਲਾ ਵੀ ਆ ਗਿਆ, ਜਦੋਂ ਖਾੜਕੂ ਪੰਜਾਬ 'ਚ ਹੀ ਨਹੀਂ ਬਲਕਿ ਭਾਰਤ ਵਿਚ ਵੀ ਰਹਿਣਾ ਨਹੀਂ ਸਨ ਚਾਹੁੰਦੇ, ਕਿਉਂਕਿ ਹਰ ਪਾਸੇ ਉਨ੍ਹਾਂ ਦੀ ਭਾਲ 'ਚ ਬੇਅੰਤ ਤੇ ਕੇ.ਪੀ.ਐਸ. ਗਿੱਲ ਦੀ ਪੁਲੀਸ ਇਨਾਮਾਂ ਦੇ ਲਾਲਚ ਵਿਚ ਆਦਮ-ਬੋਅ, ਆਦਮ-ਬੋਅ ਕਰਦੀ ਫਿਰਦੀ ਸੀ। ਖਾੜਕੂਆਂ ਵਿਚ ਦਾਖ਼ਿਲ ਹੋ ਚੁੱਕੇ ਸਰਕਾਰੀ ਏਜੰਟਾਂ ਅਤੇ ਆਮ ਮੁਜਰਿਮਾਂ ਨੇ ਕਤਲਾਂ, ਫਿਰੌਤੀਆਂ, ਜਬਰ ਜ਼ਨਾਹ, ਧੱਕੇ-ਸ਼ਾਹੀ, ਬੁਰਛਾਗਰਦੀ ਅਤੇ ਹੋਰ ਸਿੱਖ-ਦੁਸ਼ਮਣ ਕਾਰਵਾਈਆਂ ਕਰ ਕੇ ਮਾਫ਼ੀਆ ਗੈਂਗ ਵਾਲਾ ਜਾਲ ਬੁਣ ਲਿਆ ਸੀ। ਇਸ ਮਾਫ਼ੀਆ ਪੈਟਰਨ ਨੇ ਸੱਚੇ-ਸੁਚੇ ਖਾਲਿਸਤਾਨੀ ਜੁਝਾਰੂਆਂ ਦਾ ਇਤਬਾਰ ਵੀ ਆਮ ਲੋਕਾਂ ਵਿਚ ਖ਼ਤਮ ਕਰ ਦਿੱਤਾ ਸੀ, ਕਿਉਂਕਿ ਸਹੀ ਤੇ ਗ਼ਲਤ ਦੀ ਪਛਾਣ ਔਖੀ ਹੋ ਗਈ ਸੀ। ਨਤੀਜਾ ਇਹ ਹੋਇਆ ਕਿ ਬੇਅੰਤ-ਕੇ.ਪੀ.ਐਸ. ਗਿੱਲ ਵਲੋਂ ਕੀਤੇ ਗਏ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਕਤਲ ਦੇ ਖ਼ਿਲਾਫ਼ ਲੋਕਾਂ ਵਿਚ ਕੋਈ ਵੱਡਾ ਜਵਾਬੇ-ਅਮਲ (reaction) ਨਾ ਹੋ ਸਕਿਆ। ਹੌਲੀ-ਹੌਲੀ ਇਹ ਲਹਿਰ ਕਮਜ਼ੋਰ ਹੁੰਦੀ ਗਈ ਅਤੇ ਬਚੇ-ਖੁਚੇ ਖਾੜਕੂ ਆਪਣੀਆਂ ਪਨਾਹਗਾਰਾਂ ਵਿਚ ਮਹਿਦੂਦ ਹੋ ਗਏ। ਇਸ ਵੇਲੇ ਤੱਕ ਪਹਿਲੀ ਸਫ਼ 'ਚੋਂ ਸਿਰਫ਼ ਪਰਮਜੀਤ ਸਿੰਘ ਪੰਜਵੜ, ਮਹਿਲ ਸਿੰਘ, ਵਧਾਵਾ ਸਿੰਘ, ਵਸਣ ਸਿੰਘ ਵਗੈਰਾ ਹੀ ਬਚੇ ਸਨ ਤੇ ਉਨ੍ਹਾਂ ਨਾਲ ਗਿਣਤੀ ਦੇ ਚੰਦ ਇਕ ਸਾਥੀ ਸਨ।

ਖਾੜਕੂਆਂ ਨੇ ਆਪਣੇ ਬੋਲ-ਬਾਲੇ ਦੇ ਵੇਲਿਆਂ ਵਿਚ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਮੁਖ ਸੇਵਾਦਾਰ ਨੂੰ ਆਪਣੀ ਮੁੱਠ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਇਸ ਕੋਸ਼ਿਸ਼ ਵਿਚ ਸਿਰਫ਼ ਕੁਝ ਹੱਦ ਤਕ ਭਿੰਡਰਾਂ-ਮਹਿਤਾ ਜਥਾ ਹੀ ਕਾਮਯਾਬ ਹੋ ਸਕਿਆ ਸੀ। ਉਨ੍ਹਾਂ ਕੁਝ ਚਿਰ ਵਾਸਤੇ ਭਾਈ ਗੁਰਦੇਵ ਸਿੰਘ ਕਾਓਂਕੇ ਅਤੇ ਭਾਈ ਜਸਬੀਰ ਸਿੰਘ ਰੋਡੇ ਨੂੰ ਇਸ ਸੇਵਾ ਤੇ ਲਾਈ ਰਖਿਆ ਅਤੇ ਖ਼ਾਸ ਕਰ ਕੇ ਜਸਬੀਰ ਸਿੰਘ ਨੂੰ ਤਾਂ 'ਬਾਦਸ਼ਾਹ' ਵਾਂਗ ਲਿਆਂਦਾ ਗਿਆ (ਉਸ ਦੀ ਤਾਂ 'ਤਾਜਪੋਸ਼ੀ' ਵੀ ਕੀਤੀ ਗਈ), ਪਰ ਉਸ ਨੂੰ ਵੀ ਜ਼ਲੀਲ ਹੋ ਕੇ ਹਟਣਾ ਪਿਆ। ਰੋਡੇ ਤੋਂ ਇਲਾਵਾ ਰਾਗੀ ਦਰਸ਼ਨ ਸਿੰਘ ਵੀ ਖਾੜਕੂਆਂ ਦੀ ਮਰਜ਼ੀ ਨਾਲ ਨਾ ਸਹੀ, ਉਨ੍ਹਾਂ ਤੋਂ ਡਰ ਕੇ, ਜਾਂ ਘੱਟੋ-ਘੱਟ ਸੰਭਲ ਕੇ, ਚੱਲਦਾ ਰਿਹਾ। ਸ਼ਾਇਦ ਕੋਈ ਵੀ ਬੰਦੂਕਾਂ ਤੋਂ ਡਰਦਿਆਂ ਆਪਣੀ ਮਰਜ਼ੀ ਕਰਨ ਵਾਸਤੇ ਤਿਆਰ ਨਹੀਂ

ਸੀ। ਅਕਾਲੀਆਂ ਨੂੰ ਵੀ ਇਹ ਸਾਰਾ ਮਾਹੌਲ ਸੁਖਾਂਦਾ ਸੀ। ਉਹ ਖਾੜਕੂਆਂ ਨਾਲ ਟੱਕਰ ਲੈਣ ਦੀ ਬਜਾਏ ਉਨ੍ਹਾਂ ਨਾਲ ਹਮਦਰਦੀ ਵਾਲਾ ਸਲੂਕ ਕਰਦੇ ਸਨ ਤਾਂ ਜੋ ਖਾੜਕੂ ਵੀ ਅਕਾਲੀਆਂ ਦੀ ਵਿਰੋਧਤਾ ਘੱਟ ਕਰਨ ਅਤੇ ਸੰਗਤਾਂ ਵਿਚ ਵੀ ਅਕਾਲੀਆਂ ਵਾਸਤੇ ਹਮਦਰਦੀ ਪੈਦਾ ਹੋਵੇ ਅਤੇ ਉਨ੍ਹਾਂ ਦੀ ਮੁਖ਼ਾਲਫ਼ਤ ਘੱਟ ਹੋਵੇ। ਇਸ ਦੌਰਾਨ ਅਕਾਲੀਆਂ ਨੇ ਕੋਈ ਮੋਰਚਾ ਵੀ ਨਹੀਂ ਲਾਇਆ, ਇਸ ਕਰ ਕੇ ਸਰਕਾਰ ਦੀ ਟੱਕਰ ਅਕਾਲੀਆਂ ਦੇ ਖ਼ਿਲਾਫ਼ ਹੋਣ ਦੀ ਬਜਾਏ ਖਾੜਕੂਆਂ ਨਾਲ ਰਹੀ। ਇਸ ਨਾਲ ਖਾੜਕੂਆਂ 'ਤੇ ਹੋਣ ਵਾਲੇ ਜ਼ੁਲਮ ਅਤੇ ਖਾੜਕੂਆਂ ਦੀ ਕਾਮਯਾਬੀ ਦੋਹਾਂ ਦਾ ਫ਼ਾਇਦਾ ਅਕਾਲੀਆਂ ਨੂੰ ਹੁੰਦਾ ਰਿਹਾ।

ਜਦੋਂ ਬੇਅੰਤ ਅਤੇ ਕੇ.ਪੀ.ਐਸ. ਗਿੱਲ ਨੇ ਖਾੜਕੂਆਂ ਤੇ ਉਨ੍ਹਾਂ ਦੇ ਹਮਦਰਦਾਂ ਤੇ ਬੇਪਨਾਹ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਅਤੇ ਅੰਨ੍ਹੇ-ਵਾਹ ਕਤਲੇਆਮ ਸ਼ੁਰੂ ਕਰ ਦਿੱਤਾ ਤਾਂ ਪੰਜਾਬ ਵਿਚ ਅਕਾਲੀ ਪਾਰਟੀ 'ਤੇ ਖਾੜਕੂਆਂ ਦਾ ਦਬਾਅ ਵੀ ਘੱਟ ਗਿਆ। ਹੁਣ ਖਾੜਕੂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਦਬਕੇ ਮਾਰਨ ਜੋਗੇ ਵੀ ਨਹੀਂ ਰਹੇ ਸਨ। ਇਸ ਮਾਹੌਲ ਵਿਚ ਸ਼੍ਰੋਮਣੀ ਕਮੇਟੀ ਨੇ ਇਕ ਤਕਰੀਬਨ-ਗੁੰਮਨਾਮ ਗ੍ਰੰਥੀ (ਪ੍ਰੋ:)ਮਨਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਬਣਾ ਦਿੱਤਾ। (ਪ੍ਰੋ:) ਮਨਜੀਤ ਸਿੰਘ ਨੂੰ ਇਹ ਨੌਕਰੀ 4 ਫ਼ਰਵਰੀ 1993 ਨੂੰ ਸੌਂਪੀ ਗਈ।

(ਪ੍ਰੋ:) ਮਨਜੀਤ ਸਿੰਘ ਦੇ ਅਕਾਲ ਤਖ਼ਤ ਸਾਹਿਬ ਤੇ ਆਉਂਦਿਆਂ ਹੀ ਡਾਕਟਰ ਪਿਆਰ ਸਿੰਘ ਦਾ ਮਸਲਾ ਸਾਹਮਣੇ ਆ ਗਿਆ। ਉਸ ਦੀ ਇਕ ਕਿਤਾਬ, ਜੋ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਨੇ ਛਾਪੀ ਸੀ, ਵਿਚ ਕੁਝ ਇਤਰਾਜ਼ ਵਾਲੀ ਸਮੱਗਰੀ ਸਬੰਧੀ ਬਹੁਤ ਰੌਲਾ ਪਾਇਆ ਗਿਆ। ਪ੍ਰੋ: ਪਿਆਰ ਸਿੰਘ ਦੀ ਕਿਤਾਬ *ਗਾਥਾ ਸ੍ਰੀ ਆਦਿ ਗ੍ਰੰਥ* ਵਿਚ ਕਈ ਗੱਲਾਂ ਅਜਿਹੀਆਂ ਸਨ, ਜਿਹੜੀਆਂ ਬੇਦਲੀਲੀਆਂ ਤਾਂ ਸਨ ਹੀ ਪਰ ਸਿੱਖ ਨੁਕਤਾ ਨਿਗਾਹ ਤੋਂ ਇਹ ਗੁਰੂ ਗ੍ਰੰਥ ਸਾਹਿਬ 'ਤੇ ਇਕ ਤਰ੍ਹਾਂ ਦਾ ਗੁੱਝਾ ਵਾਰ ਵੀ ਸਨ। ਪਿਆਰ ਸਿੰਘ ਬਜ਼ਾਤੇ-ਖ਼ੁਦ ਇਕ ਭਲਾ ਸਿੱਖ ਸੀ, ਪਰ ਅਜਿਹਾ ਜਾਪਦਾ ਹੈ ਕਿ ਉਹ ਸਿੱਖ ਦੁਸ਼ਮਣ ਮਕਲਾਊਡ ਦੇ ਸੋਚਣ ਦੇ ਅੰਦਾਜ਼ ਦੇ ਅਸਰ ਹੇਠ ਆ ਗਿਆ ਸੀ ਤੇ ਇਸ ਕਰ ਕੇ ਉਹ ਕੁਝ ਬੇਥਵੀਆਂ ਮਾਰ ਗਿਆ। ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਇਹ ਅਹਿਸਾਸ ਵੀ ਨਾ ਹੋਵੇ ਕਿ ਉਹ ਕੀ ਲਿਖ ਬੈਠਾ ਸੀ। ਖ਼ੈਰ ਮਨਜੀਤ ਸਿੰਘ (ਪੋ.) ਨੇ ਪਿਆਰਾ ਸਿੰਘ ਨੂੰ ਪਹਿਲੀ ਅਪਰੈਲ 1993 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕਰ ਲਿਆ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਮਨਜੀਤ ਸਿੰਘ ਤੇ ਪਿਆਰ ਸਿੰਘ ਦੀ ਮੁਲਾਕਾਤ ਵੀ ਹੋਈ ਸੀ, ਜਿਸ ਵਿਚ ਪਿਆਰ ਸਿੰਘ ਨੂੰ ਯਕੀਨ ਦਿਵਾਇਆ ਗਿਆ ਸੀ ਕਿ ਉਸ ਦਾ ਛੁਟਕਾਰਾ 'ਥੋੜ੍ਹੇ' ਨਾਲ ਹੀ ਹੋ ਜਾਵੇਗਾ। ਸੋ ਪਿਆਰ ਸਿੰਘ ਮਨਜੀਤ ਸਿੰਘ ਕੋਲ ਮਿੱਥੇ ਦਿਨ 'ਹਾਜ਼ਿਰ' ਹੋ ਗਿਆ। ਪਿਆਰ ਸਿੰਘ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ:

> ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਤਖ਼ਤ ਸਾਹਿਬ 'ਤੇ ਪੇਸ਼ ਹੋਏ ਡਾਕਟਰ ਪਿਆਰ ਸਿੰਘ ਜੀ ਨੇ ਆਪਣੀ ਲਿਖੀ ਪੁਸਤਕ 'ਗਾਥਾ ਸ੍ਰੀ ਆਦਿ ਗ੍ਰੰਥ' ਵਿਚਲੇ ਉਹ ਸਾਰੇ ਇਤਰਾਜ਼ ਯੋਗ ਤੱਥ ਇਕ ਇਕ ਕਰ ਕੇ ਸਵੀਕਾਰ ਕੀਤੇ ਹਨ ਜਿਨ੍ਹਾਂ ਦੁਆਰਾ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣੀਕਤਾ 'ਤੇ ਕਿੰਤੂ ਪ੍ਰੰਤੂ ਕਰਨ ਅਤੇ ਇਸ ਤਰ੍ਹਾਂ ਸਿੱਖ ਜਗਤ ਦੀ ਸ਼ਰਧਾ ਭਾਵਨਾ ਨੂੰ ਠੇਸ ਲਾਉਣ ਦੇ ਦੋਸ਼ੀ ਬਣਦੇ ਹਨ।

ਆਪਣੇ ਦੋਸ਼ ਸਵੀਕਾਰ ਕਰਦਿਆਂ ਡਾਕਟਰ ਪਿਆਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਜੀ ਦੇ ਹਰ ਫ਼ੈਸਲੇ ਨੂੰ ਪੂਰਨ ਰੂਪ ਵਿਚ ਮੰਨਣ ਦੀ ਵਚਨਬਧਤਾ ਦਰਸਾਈ ਹੈ। ਅਕਾਲ ਤਖ਼ਤ ਸਾਹਿਬ ਨੇ ਆਪਣੇ ਨਿਆਂਸ਼ੀਲ ਬਿਰਦ ਅਨੁਸਾਰ ਉਨ੍ਹਾਂ ਦੀ ਇਸ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਹੇਠ ਲਿਖੇ ਮੁਤਾਬਿਕ ਤਨਖ਼ਾਹ ਨੀਯਤ ਕੀਤੀ ਹੈ :

1. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਸਬੰਧਤ ਪਾਵਨ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਵਿਖੇ 40 ਦਿਨ ਇਕ ਪਾਠ ਜਪੁਜੀ ਸਾਹਿਬ ਦਾ ਕੀਤਾ ਜਾਵੇ।
2. ਇਸੇ ਪਾਵਨ ਅਸਥਾਨ ਉੱਤੇ 40 ਦਿਨ ਇਕ ਪਾਠ ਸੁਖਮਨੀ ਸਾਹਿਬ ਦਾ ਕੀਤਾ ਜਾਵੇ।
3. ਇਸੇ ਪਾਵਨ ਅਸਥਾਨ ਉੱਤੇ 40 ਦਿਨ ਸਿੱਖ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕੀਤੀ ਜਾਵੇ।
4. ਇਸੇ ਪਾਵਨ ਅਸਥਾਨ ਉੱਤੇ 40 ਦਿਨ ਝਾੜੂ ਦੇਣ ਦੀ ਸੇਵਾ ਕੀਤੀ ਜਾਵੇ।
5. ਸਾਰੀ ਤਨਖ਼ਾਹ ਪੂਰੀ ਹੋਣ ਤੋਂ ਮਗਰੋਂ 101 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਅਰਦਾਸ ਕਰਵਾਈ ਜਾਵੇ।

ਉਪਰੋਕਤ ਸਾਰੀ ਕਾਰਵਾਈ ਤੋਂ ਮਗਰੋਂ ਡਾਕਟਰ ਪਿਆਰ ਸਿੰਘ ਸਤਿਗੁਰੂ ਜੀ ਅਤੇ ਸਿੱਖ ਸੰਗਤਾਂ ਵੱਲੋਂ ਬਖ਼ਸ਼ੇ ਜਾਣ ਉਪਰੰਤ ਸੁਰਖ਼ਰੂ ਹੋ ਜਾਣਗੇ। ਅਕਾਲ ਤਖ਼ਤ ਸਾਹਿਬ ਦੇ ਇਸ ਨਿਰਣੇ ਉਪਰੰਤ ਅੱਜ ਤੋਂ ਮਗਰੋਂ ਇਸ ਪੁਸਤਕ ਬਾਰੇ ਕਿਸੇ ਕਿਸਮ ਦੀ ਚਰਚਾ ਪ੍ਰੈੱਸ ਵਿਚ ਜਾਂ ਕਿਸੇ ਹੋਰ ਢੰਗ ਨਾਲ ਅਕਾਲ ਤਖ਼ਤ ਸਾਹਿਬ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੱਲੋਂ ਵੀ ਨਾ ਕੀਤੀ ਜਾਵੇ।

ਗ਼ੁਲਾਮ ਗੁਰੂ ਦਾ,
ਮਨਜੀਤ ਸਿੰਘ

ਨੋਟ: (1) ਇੱਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਹ 'ਹੁਕਮਨਾਮਾ' ਮਨਜੀਤ ਸਿੰਘ ਇਕੱਲੇ ਦੇ ਦਸਤਖ਼ਤਾਂ ਹੇਠ ਜਾਰੀ ਕੀਤਾ ਗਿਆ ਸੀ। (2) ਮਨਜੀਤ ਸਿੰਘ ਆਪਣੇ ਨਾਂ ਨਾਲ 'ਗ਼ੁਲਾਮ ਗੁਰੂ ਦਾ' ਲਿਖ ਕੇ ਨਿਮਰਤਾ ਦੇ ਦੰਭ ਦਾ ਇਜ਼ਹਾਰ ਕਰਦਾ ਹੁੰਦਾ ਸੀ। ਉਂਵ ਉਸ ਵਿਚ ਹੱਦ ਦਰਜੇ ਦੀ ਆਕੜ, ਗ਼ਰੂਰ ਤੇ ਹਉਮੈ ਸੀ। ਉਹ ਅਕਾਲ ਤਖ਼ਤ ਸਾਹਿਬ ਦੀ ਅਖੌਤੀ ਜਥੇਦਾਰੀ (ਉਹ ਵੀ ਐਕਟਿੰਗ) ਹਾਸਿਲ ਕਰ ਕੇ ਇੰਞ ਮਹਿਸੂਸ ਕਰਦਾ ਸੀ, ਜਿਵੇਂ ਕਿਸੇ ਚੂਹੇ ਨੂੰ ਸੁੰਢ ਦੀ ਗੱਠੀ ਹਾਸਿਲ ਹੋ ਗਈ ਹੋਵੇ। ਉਹ ਮਨਜੀਤ ਸਿੰਘ, ਜੋ ਪਹਿਲਾਂ ਸੱਚਮੁੱਚ 'ਨਿਮਾਣਾ' ਜਿਹਾ ਹੁੰਦਾ ਸੀ, ਛੇਤੀ ਹੀ ਇਕ ਆਫ਼ਰੇ ਹੋਏ ਸਾਨ੍ਹ ਵਾਂਗ ਵਿਚਰਨ ਲੱਗ ਪਿਆ ਸੀ।

ਇਨ੍ਹੀਂ ਦਿਨੀਂ ਹੀ ਕੈਲਗਰੀ (ਕੈਨੇਡਾ) ਦੇ ਇਕ ਸਾਬਕ ਗ੍ਰੰਥੀ ਪਿਸ਼ੌਰਾ ਸਿੰਘ ਨੇ ਪੀ-ਐਚ.ਡੀ. ਅਤੇ ਨੌਕਰੀ ਹਾਸਿਲ ਕਰਨ ਵਾਸਤੇ, ਸਿੱਖ ਧਰਮ ਦੇ ਖ਼ਿਲਾਫ਼ ਲਿਖਣ ਵਾਲਿਆਂ ਦੇ ਆਗੂ ਹਿਊ ਮਕਲਾਉਡ ਹੇਠ, ਖੋਜ ਦੇ ਨਾਂ 'ਤੇ ਇਕ ਐਂਟੀ-ਸਿੱਖ ਥੀਸਿਸ ਯੂਨੀਵਰਸਿਟੀ ਨੂੰ ਪੇਸ਼ ਕੀਤਾ। ਥੀਸਿਸ ਦੇ ਮਿਆਰ ਦੇ ਪੱਖੋਂ ਤਾਂ ਇਹ ਲਿਖਤ ਬੀ.ਏ. ਦੇ ਦਰਜੇ ਦੀ ਵੀ ਨਹੀਂ ਸੀ, ਪਰ, ਇਸ ਨੂੰ ਇਕਦਮ ਪੀ-ਐਚ.ਡੀ. ਦੇ ਦਿੱਤੀ ਗਈ ਤਾਂ ਜੋ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਨੂੰ ਤਾਕਤ ਮਿਲ ਸਕੇ (ਨਾਲ ਹੀ ਪਿਸ਼ੌਰਾ ਸਿੰਘ ਨੂੰ ਮਿਸ਼ੀਗਨ ਯੂਨੀਵਰਸਿਟੀ 'ਚ ਪ੍ਰੋਫ਼ੈਸਰ ਵੀ ਲਾ ਦਿੱਤਾ ਗਿਆ)।

ਸਿੱਖ ਵਿਦਵਾਨਾਂ ਨੇ ਇਸ ਥੀਸਿਸ ਦੇ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਨੂੰ ਲਿਖਿਆ। ਇਸ 'ਤੇ ਮਨਜੀਤ ਸਿੰਘ ਨੇ ਪਿਸ਼ੌਰਾ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਪਰ ਪਿਸ਼ੌਰਾ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਾ ਹੋਇਆ।

6 ਜੂਨ 1993 ਦੇ ਦਿਨ ਪਿਸ਼ੌਰਾ ਸਿੰਘ ਨੂੰ ਦੋਬਾਰਾ ਸੰਮਨ ਭੇਜੇ ਗਏ। ਪਿਸ਼ੌਰਾ ਸਿੰਘ ਨੇ ਪੇਸ਼ ਹੋਣ ਦੀ ਬਜਾਏ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਉਸ ਨੇ (ਪ੍ਰੋ:) ਮਨਜੀਤ ਸਿੰਘ ਦਾ ਮੁਕਾਬਲਾ ਔਰੰਗਜ਼ੇਬ ਨਾਲ ਕੀਤਾ ਹੋਇਆ ਸੀ। ਉਸ ਨੇ ਆਪਣੀ ਚਿੱਠੀ ਨੂੰ 'ਜ਼ਫ਼ਰਨਾਮਾ' ਆਖ ਕੇ ਗੁਰੂ ਸਾਹਿਬ ਨਾਲ ਬਰਾਬਰੀ ਕਰਨ ਦੀ ਵੀ ਹਿਮਾਕਤ ਕੀਤੀ ਸੀ। ਚਿੱਠੀ ਵਿਚ ਪਿਸ਼ੌਰਾ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦੀ ਬਜਾਏ ਆਪਣਾ ਕੇਸ ਪੰਜ ਲੇਖਕਾਂ (ਜਿਨ੍ਹਾਂ ਵਿਚੋਂ ਚਾਰ ਕਮਿਊਨਿਸਟ ਸੋਚ ਦੇ ਸਨ ਤੇ ਐਂਟੀ-ਸਿੱਖ ਲਿਖਤਾਂ ਕਰ ਕੇ ਬਦਨਾਮ ਸਨ) ਸਾਹਮਣੇ ਰੱਖਣ ਦੀ ਪੇਸ਼ਕਸ਼ ਕੀਤੀ ਤੇ ਕਿਹਾ ਕਿ ਜੇ ਉਹ ਆਖ ਦੇਣਗੇ ਤਾਂ ਉਹ ਆਪਣਾ 'ਥੀਸਿਸ ਛਾਪਣ ਤੋਂ ਪਹਿਲਾਂ', ਉਸ ਵਿਚ, ਇਨ੍ਹਾਂ ਪੰਜਾਂ ਲੇਖਕਾਂ ਵਲੋਂ ਸੁਝਾਈ, ਸੋਧ ਕਰ ਦੇਵੇਗਾ।

ਪਿਸ਼ੌਰਾ ਸਿੰਘ ਦੀ ਇਹ ਚਿੱਠੀ ਅਕਾਲ ਤਖ਼ਤ ਸਾਹਿਬ ਨੂੰ ਸਿੱਧਾ ਚੈਲੰਜ ਸੀ। ਇਸ 'ਤੇ (ਪ੍ਰੋ:) ਮਨਜੀਤ ਸਿੰਘ ਨੇ ਪਿਸ਼ੌਰਾ ਸਿੰਘ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਅਤੇ ਉਸ ਦੇ ਸੋਸ਼ਲ ਬਾਈਕਾਟ ਵਾਸਤੇ 'ਹੁਕਮਨਾਮਾ' ਜਾਰੀ ਕਰ ਦਿੱਤਾ।

(ਇਸ ਤੋਂ ਇਕ ਸਾਲ ਬਾਅਦ 27 ਜੂਨ 1994 ਦੇ ਦਿਨ ਪਿਸ਼ੌਰਾ ਸਿੰਘ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਗਿਆ। ਪਰ ਉਸ ਨੇ 8 ਘੰਟੇ ਸਿੱਖ ਵਿਦਵਾਨਾਂ ਨਾਲ ਬਹਿਸ ਕਰਨ ਵੇਲੇ ਅੜੀ ਕੀਤੀ ਰੱਖੀ ਅਤੇ ਅਖ਼ੀਰ ਇਕ ਲਿਖਿਆ-ਲਿਖਾਇਆ, ਸ਼ਾਇਦ ਮਕਲਾਊਡ ਦਾ ਲਿਖਵਾਇਆ, ਬਿਆਨ ਪੜ੍ਹਿਆ ਤੇ 'ਮੁਆਫ਼ੀ' ਮੰਗ ਲਈ। ਹਾਜ਼ਿਰ ਵਿਦਵਾਨਾਂ ਨੇ ਇਤਰਾਜ਼ ਕੀਤਾ ਕਿ ਇਸ ਬਿਆਨ ਵਿਚ ਕੋਈ ਮੁਆਫ਼ੀ ਨਹੀਂ ਮੰਗੀ ਗਈ। ਪਰ ਪਿਸ਼ੌਰੇ ਨੇ ਆਪਣੇ ਬਿਆਨ 'ਚ ਕੋਈ ਵੀ ਤਬਦੀਲੀ ਕਰਨ ਤੋਂ ਨਾਂਹ ਕਰ ਦਿੱਤੀ। ਪਿਸ਼ੌਰਾ ਉਸ ਹਾਲ ਵਿਚੋਂ ਤਿੰਨ ਵਾਰ ਬਾਹਰ ਆਇਆ ਅਤੇ ਅਮਰਜੀਤ ਸਿੰਘ ਗਰੇਵਾਲ ਤੇ ਹੋਰਾਂ (ਕਾਮਰੇਡਾਂ) ਨਾਲ ਸਲਾਹ ਕੀਤੀ। ਅਖ਼ੀਰ ਉਸ ਨੇ ਹਥਿਆਰ ਸੁੱਟ ਦਿੱਤੇ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗ ਲਈ। ਉਸ ਨੂੰ ਪ੍ਰੋ: ਮਨਜੀਤ ਸਿੰਘ ਨੇ 'ਹੁਕਮ' ਜਾਰੀ ਕੀਤਾ ਕਿ ਉਹ ਆਪਣਾ ਥੀਸਿਸ ਛਾਪਣ ਤੋਂ ਪਹਿਲਾਂ ਇਸ ਵਿਚੋਂ ਗ਼ਲਤੀਆਂ ਦੀ ਸੋਧ ਕਰੇ ਤੇ ਛਾਪਣ ਤੋਂ ਪਹਿਲਾਂ ਤਖ਼ਤ ਸਾਹਿਬ ਤੇ ਪੇਸ਼ ਕਰ ਕੇ ਮਨਜ਼ੂਰੀ ਲਵੇ। ਪਿਸ਼ੌਰਾ ਸਿੰਘ ਨੂੰ ਮਾਮੂਲੀ ਜਹੀ ਤਨਖ਼ਾਹ ਲਾਈ ਗਈ ਸੀ। ਪਿਆਰ ਸਿੰਘ ਨੂੰ 40 ਦਿਨ ਰਾਮਸਰ ਵਿਖੇ ਪਾਠ ਸੁਣਨ, 40 ਦਿਨ ਸੁਖਮਨੀ ਸਾਹਿਬ ਦਾ ਪਾਠ ਕਰਨ, 40 ਦਿਨ ਜੋੜੇ ਝਾੜਨ, 40 ਦਿਨ ਝਾੜੂ ਦੇਣ ਦੀ ਸਜ਼ਾ ਲਾਈ ਗਈ ਸੀ, ਪਰ ਪਿਸ਼ੌਰਾ ਸਿੰਘ ਨੂੰ ਸਿਰਫ਼ ਦੋ ਦਿਨ ਕੀਰਤਨ ਸੁਣਨ, ਪਾਠ ਕਰਨ ਤੇ ਪੰਜ ਦਿਨ ਅਮਰੀਕਾ ਵਿਚ ਜੋੜੇ ਝਾੜਨ ਦੀ ਤਨਖ਼ਾਹ ਲਾਈ ਗਈ ਸੀ। ਇਹ ਫ਼ਰਕ ਸੀ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ-ਮੁਖ-ਸੇਵਾਦਾਰ ਵਲੋਂ ਡਾ: ਪਿਆਰ ਸਿੰਘ ਤੇ ਪਿਸ਼ੌਰੇ ਦੇ ਸਬੰਧ ਵਿਚ ਕੀਤੇ ਫ਼ੈਸਲੇ ਵਿਚ। ਕਿਹਾ ਜਾਂਦਾ ਹੈ ਕਿ ਇਸ ਸਬੰਧ ਵਿਚ ਸੁੱਚਾ ਸਿੰਘ ਜੱਵਦੀ ਅਤੇ ਜਸਬੀਰ ਕੌਰ ਨੇ ਅਹਿਮ ਰੋਲ ਅਦਾ ਕੀਤਾ ਸੀ)। ਪਿਸ਼ੌਰਾ ਸਿੰਘ ਨੂੰ ਜਾਰੀ ਕੀਤਾ ਗਏ 'ਖ਼ਤ' (ਇਸ ਚਿੱਠੀ 'ਤੇ ਹੁਕਮਨਾਮਾ/ਹੁਕਮ/ਗੁਰਮਤਾ/ਫ਼ੈਸਲਾ ਕੁਝ ਵੀ ਨਹੀਂ ਸੀ ਲਿਖਿਆ ਗਿਆ) ਦੇ ਲਫ਼ਜ਼ਾਂ ਤੋਂ ਅਜਿਹਾ ਜਾਪਦਾ ਸੀ, ਜਿਵੇਂ ਇਕ ਜੂਨੀਅਰ ਬੰਦਾ ਕਿਸੇ ਸੀਨੀਅਰ ਬੌਸ ਨੂੰ ਮੁਖ਼ਾਤਿਬ ਹੋ ਰਿਹਾ ਹੋਵੇ। ਹੇਠਾਂ ਉਹ 'ਖ਼ਤ' ਹੂ-ਬ-ਹੂ ਦਰਜ ਹੈ :

ਡਾ: ਪਿਸ਼ੌਰਾ ਸਿੰਘ,

"ਤੁਸੀਂ ਆਪਣੇ ਵਿਵਾਦ-ਗ੍ਰਸਤ ਥੀਸਿਸ "ਦ ਟੈਕਸਟ ਐਂਡ ਮੀਨਿੰਗ ਆਫ਼ ਆਦਿ ਗ੍ਰੰਥ" ਸਬੰਧੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਮਿਤੀ 25 ਜੂਨ ਨੂੰ ਤਖ਼ਤ ਸਾਹਿਬ ਵਿਖੇ ਪੇਸ਼ ਹੋਏ। ਸਿੱਖ ਵਿਦਵਾਨਾਂ ਦੀ ਸੰਗਤ ਰੂਪ ਹਾਜ਼ਰੀ ਵਿਚ ਲੰਬੀ ਵਿਚਾਰ ਉਪਰੰਤ ਤੁਸੀਂ ਮਨ, ਬਚਨ, ਕਰਮ ਕਰ ਕੇ ਗੁਰੂ ਗ੍ਰੰਥ ਸਾਹਿਬ ਸਬੰਧੀ ਆਪਣੇ ਥੀਸਿਸ ਵਿਚ ਕੀਤੀਆਂ ਗਈਆਂ ਗ਼ਲਤ ਬਿਆਨੀਆਂ ਜਿਹੜੀਆਂ ਤੁਹਾਨੂੰ 5 ਦੋਸ਼ਾਂ ਦੇ ਰੂਪ ਵਿਚ ਲਿਖਤੀ ਤੌਰ 'ਤੇ ਦਿੱਤੀਆਂ ਗਈਆਂ, ਨੂੰ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਹੈ[1]। ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਅੱਗੇ ਸਿਰ ਝੁਕਾਉਣ ਦਾ ਵੀ ਲਿਖਤੀ ਪ੍ਰਣ ਕੀਤਾ ਹੈ।

ਤੁਹਾਡੇ ਵੱਲੋਂ ਲਿਖੇ ਥੀਸਿਸ ਵਿਚ ਦਿੱਤੇ ਵਿਚਾਰਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਜਾਗਤ-ਜੋਤ ਸਤਿਗੁਰੂ ਮੰਨਣ ਵਾਲਿਆਂ ਦੇ ਸਿੱਖ ਹਿਰਦਿਆਂ ਨੂੰ ਅਤਿਅੰਤ ਠੇਸ ਪਹੁੰਚਾਈ, ਜਿਸ ਦਾ ਪ੍ਰਗਟਾਵਾ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦੀਆਂ ਵੱਡੀ ਗਿਣਤੀ ਵਿਚ ਅਕਾਲ ਤਖ਼ਤ ਸਾਹਿਬ ਵਿਖੇ ਪੱਤਰਕਾਵਾਂ, ਸੰਦੇਸ਼ਿਆਂ ਅਤੇ ਪੁਸਤਕਾਂ ਰਾਹੀਂ, ਪਿਛਲੇ ਲਗਭਗ ਡੇਢ ਦੋ ਸਾਲ ਤੋਂ ਹੁੰਦਾ ਰਿਹਾ ਹੈ। ਸਿੱਖ ਸੰਗਤ ਦੀਆਂ ਇਨ੍ਹਾਂ ਸੁੱਚੀਆਂ ਅਤੇ ਗੁਰੂ-ਪਿਆਰ ਵਾਲੀਆਂ ਭਾਵਨਾਵਾਂ ਦੀ ਸਦਾ ਹੀ ਅਕਾਲ ਤਖ਼ਤ ਸਾਹਿਬ ਰਾਹੀਂ ਤਰਜਮਾਨੀ ਹੁੰਦੀ ਰਹੀ ਹੈ।

ਇਕ ਸਿੱਖ ਵਿਦਵਾਨ[2] ਹੋਣ ਦੇ ਨਾਤੇ ਤੁਹਾਡੇ ਕੋਲੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਤੁਸੀਂ ਪੂਰਨ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਤ ਹੋ ਕੇ ਸਰਬਤ ਦੇ ਭਲੇ ਲਈ ਲਿਖਤਾਂ ਲਿਖਦੇ, ਪ੍ਰੰਤੂ ਹੋਇਆ ਇਸ ਦੇ ਉਲਟ ਹੀ। ਇਸ ਸਾਰੀ ਪੰਥਕ ਸਥਿਤੀ ਨੂੰ ਸਨਮੁਖ ਰੱਖਦਿਆਂ ਅਕਾਲ ਤਖ਼ਤ ਸਾਹਿਬ ਵੱਲੋਂ ਤੁਹਾਡੇ ਲਈ ਹੇਠ ਲਿਖੇ ਆਦੇਸ਼ ਜਾਰੀ ਕੀਤੇ ਜਾਂਦੇ ਹਨ:

1. ਇਸ ਵਿਵਾਦ-ਗ੍ਰਸਤ ਥੀਸਿਸ ਨੂੰ ਇਸ ਰੂਪ ਵਿਚ ਆਪ ਨਹੀਂ ਛਾਪੋਗੇ, ਨਾ ਹੀ ਕਿਸੇ ਨੂੰ ਛਪਵਾਉਣ ਦੀ ਇਜਾਜ਼ਤ ਦਿਉਗੇ।
2. ਸਿੱਖ ਵਿਦਵਾਨਾਂ ਵੱਲੋਂ ਇਸ ਥੀਸਿਸ ਵਿਚ ਜੋ ਦੋਸ਼ ਦੱਸੇ ਗਏ ਅਤੇ ਤੁਹਾਨੂੰ ਲਿਖਤੀ ਰੂਪ ਵਿਚ ਦਿੱਤੇ ਗਏ ਹਨ ਅਤੇ ਜਿਨ੍ਹਾਂ ਨੂੰ ਤੁਸੀਂ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਹੈ, ਉਨ੍ਹਾਂ ਨੂੰ ਸਿਧਾਂਤ, ਸ਼ਬਦਾਵਲੀ ਜਾਂ ਪੇਸ਼ਕਾਰੀ ਦੇ ਪੱਖੋਂ, ਇਸ ਥੀਸਿਸ ਵਿਚ ਜਿਥੇ ਜਿਥੇ ਵੀ ਅੰਕਿਤ ਹਨ, ਉਨ੍ਹਾਂ ਨੂੰ ਪੂਰਨ ਭਾਂਤ, ਨੇਕ ਨੀਤੀ ਨਾਲ ਕੱਢੋਗੇ ਅਤੇ ਜੇ ਥੀਸਿਸ ਨੂੰ ਭਵਿੱਖ ਵਿਚ ਛਪਵਾਉਣਾ ਹੈ ਤਾਂ ਇਹ ਸਿੱਖ ਕੌਮ ਦੀਆਂ ਗੁਰਮਤਿ ਅਨੁਸਾਰੀ ਭਾਵਨਾਵਾਂ ਨੂੰ ਸਨਮੁਖ ਰੱਖਦੇ ਹੋਏ, ਉਸ ਅਨੁਸਾਰ ਹੀ ਛਪਵਾਉਗੇ।[3]
3. ਪਿਛਲੇ ਸਮੇਂ ਵਿਚ ਤੁਸੀਂ ਜੋ ਲੇਖ ਜਾਂ ਰਚਨਾਵਾਂ ਇਨ੍ਹਾਂ ਹੀ ਲੀਹਾਂ 'ਤੇ ਲਿਖੀਆਂ ਹਨ, ਜਿਸ ਦਾ ਚਰਚਾ ਵਿਦਵਾਨਾਂ ਵਿਚ ਹੋ ਚੁੱਕਾ ਹੈ, ਉਨ੍ਹਾਂ ਨੂੰ ਤੁਸੀਂ ਗੁਰੂ ਪੰਥ ਦੀਆਂ ਭਾਵਨਾਵਾਂ ਨੂੰ ਸਾਹਮਣੇ ਰੱਖਦੇ ਹੋਏ ਨਹੀਂ ਛਪਵਾਉਗੇ। ਭਵਿੱਖ ਵਿਚ ਵੀ ਇਸ ਤਰ੍ਹਾਂ ਦੀਆਂ ਲਿਖਤਾਂ ਦੀ ਬਜਾਏ ਗੁਰੂ ਪੰਥ ਦੀ ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਦੀ ਭਾਵਨਾ ਨੂੰ ਸਨਮੁਖ ਰੱਖ ਕੇ ਗੁਰਬਾਣੀ ਅਤੇ ਗੁਰੂ ਇਤਿਹਾਸ ਦੀ ਖੋਜ ਕਰਦਿਆਂ ਹੋਇਆਂ, ਜਾਗਤ-ਜੋਤ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦੀਆਂ ਅਸੀਸਾਂ ਦੇ ਪਾਤਰ ਬਣੋਗੇ।

---

1. ਇਹ ਝੂਠ ਹੈ। ਉਸ ਨੇ ਤਾਂ ਕਈ ਘੰਟੇ ਬਹਿਸ ਕੀਤੀ ਤੇ ਲਿਖਿਆ ਬਿਆਨ ਪੜ੍ਹਨ ਮਗਰੋਂ ਬਾਈਕਾਟ ਦੀ ਧਮਕੀ ਵੀ ਦਿੱਤੀ ਸੀ।
2. ਅਕਾਲ ਤਖ਼ਤ ਸਾਹਿਬ (ਜਾਂ ਮਨਜੀਤ ਸਿੰਘ ਹੀ ਸਹੀ) ਨੇ ਉਸ ਨੂੰ 'ਸਿਖ ਵਿਦਵਾਨ' ਦਾ ਖ਼ਿਤਾਬ ਦੇ ਦਿੱਤਾ।
3. ਪਿਸ਼ੌਰਾ ਸਿੰਘ ਨੇ ਇਸ ਥੀਸਿਸ ਨੂੰ ਬਿਨਾਂ ਕਿਸੇ ਤਬਦੀਲੀ ਦੇ ਕਿਤਾਬੀ ਰੂਪ ਵਿਚ ਛਪਵਾਇਆ। ਉਸ ਨੇ ਹੋਰ ਵੀ ਕਈ ਐਂਟੀ-ਸਿੱਖ ਕਿਤਾਬਾਂ ਲਿਖੀਆਂ। ਪਰ ਕਿਸੇ ਅਖੌਤੀ ਜਥੇਦਾਰ ਨੇ ਉਸ ਦੀ 'ਵਾ ਵੱਲ ਵੀ ਨਾ ਵੇਖਿਆ। ਧੰਨ ਸਿੱਖੀ! (ਨਾ ਸੱਚ) ਧੰਨ ਅਖੌਤੀ ਜਥੇਦਾਰੀ!!

ਤੁਹਾਡੇ ਥੀਸਿਸ ਵਿਚਲੇ ਦੋਸ਼ਾਂ ਨੂੰ ਸਨਮੁਖ ਰੱਖਦੇ ਹੋਏ ਤੁਹਾਨੂੰ ਹੇਠ ਲਿਖੇ ਅਨੁਸਾਰ ਤਨਖ਼ਾਹ ਲਾਈ ਜਾਂਦੀ ਹੈ:

1. ਗੁਰੂ ਪਾਤਿਸ਼ਾਹ ਦੇ ਦਰ ਤੋਂ ਬਿਬੇਕ ਬੁੱਧੀ ਦੀ ਪ੍ਰਾਪਤੀ ਵਾਸਤੇ ਦਰਬਾਰ ਸਾਹਿਬ ਵਿਖੇ ਮਿਤੀ 27 ਅਤੇ 28 ਜੂਨ ਨੂੰ ਇਕ ਇਕ ਘੰਟਾ ਕੀਰਤਨ ਸਰਵਣ ਕਰਨਾ ਹੈ।
2. ਇਕ ਇਕ ਘੰਟਾ ਇਨ੍ਹਾਂ ਹੀ ਦਿਨਾਂ ਵਿਚ ਆਪਣੇ ਨਿੱਤਨੇਮ ਤੋਂ ਇਲਾਵਾ ਪੰਜ ਪਾਠ ਜਪੁਜੀ ਸਾਹਿਬ ਦੇ ਕਰਨੇ ਹਨ।
3. ਇਨ੍ਹਾਂ ਹੀ ਦਿਨਾਂ ਵਿਚ ਗੁਰੂ ਸੰਗਤ ਦੀ ਅਸੀਸ ਪ੍ਰਾਪਤੀ ਲਈ ਬਾਅਦ ਦੁਪਹਿਰ ਸਿੱਖ ਸੰਗਤਾਂ ਨਾਲ ਰਲ ਕੇ ਦਰਬਾਰ ਸਾਹਿਬ ਦੀ ਪਰਕਰਮਾ ਦੇ ਇਸ਼ਨਾਨ ਦੀ ਸੇਵਾ ਕਰਨੀ ਹੈ।
4. ਅਮਰੀਕਾ ਵਿਖੇ, ਜਿਥੇ ਤੁਹਾਡਾ ਨਿਵਾਸ ਹੈ, ਉੱਥੋਂ ਦੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਿਰ ਹੋ ਕੇ ਪੰਜ ਐਤਵਾਰ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ ਹੈ। ਇਕ ਇਕ ਘੰਟਾ ਗੁਰਬਾਣੀ ਦਾ ਕੀਰਤਨ ਸਰਵਣ ਕਰਨਾ ਹੈ। ਜਪੁਜੀ ਸਾਹਿਬ ਦੇ ਪੰਜ ਪਾਠ ਨਿੱਤਨੇਮ ਤੋਂ ਇਲਾਵਾ ਇਨ੍ਹਾਂ ਦਿਨਾਂ ਵਿਚ ਕਰਨੇ ਹਨ।

ਉਪਰੰਤ ਸਥਾਨਕ ਸੰਗਤ ਵਿਚ ਹਾਜ਼ਿਰ ਹੋ ਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਪਾਸੋਂ ਖਿਮਾ-ਜਾਚਨਾ ਦੀ ਅਰਦਾਸ ਕਰਵਾਉਣੀ।

ਪਿਸ਼ੌਰਾ ਸਿੰਘ ਨੂੰ ਇਹ 'ਮਾਮੂਲੀ ਜਿਹੀ ਤਨਖ਼ਾਹ' ਲਾਉਣ ਤੋਂ ਛੇਤੀ ਮਗਰੋਂ ਹੀ ਮਨਜੀਤ ਸਿੰਘ ਅਮਰੀਕਾ ਅਤੇ ਕੈਨੇਡਾ ਦੇ ਦੌਰ 'ਤੇ ਚਲਾ ਗਿਆ। ਉੱਥੇ ਅਖ਼ਬਾਰਾਂ ਵਿਚ ਇਹ ਚਰਚਾ ਚਲਦਾ ਰਿਹਾ ਕਿ ਮਨਜੀਤ ਸਿੰਘ ਨੇ ਪਿਸ਼ੌਰੇ ਤੋਂ ਰਿਸ਼ਵਤ ਲੈ ਕੇ ਉਸ ਦੀ ਸਜ਼ਾ ਨਰਮ ਕੀਤੀ ਸੀ। ਮਨਜੀਤ ਸਿੰਘ ਨੇ ਇਸ ਗੱਲ ਤੋਂ ਇਨਕ਼ਾਰ ਕੀਤਾ, ਪਰ ਉਹ ਅਖ਼ਬਾਰਾਂ ਦੇ ਨੁਮਾਇੰਦਿਆਂ ਅਤੇ ਸੰਗਤਾਂ ਨੂੰ ਇਹ ਤਸੱਲੀ ਨਾ ਕਰਵਾ ਸਕਿਆ, ਕਿ ਉਸ ਨੇ ਪਿਸ਼ੌਰੇ ਨੂੰ ਪ੍ਰੋ: ਪਿਆਰ ਸਿੰਘ ਦੇ ਮੁਕਾਬਲੇ ਵਿਚ ਵੀਹਵਾਂ ਹਿੱਸਾ (40 ਦਿਨ ਬਨਾਮ ਦੋ ਦਿਨ) ਤੋਂ ਵੀ ਕਿਤੇ ਘੱਟ ਸਜ਼ਾ ਕਿਉਂ ਲਾਈ ਸੀ ? ਪਰ ਇਸ ਮਗਰੋਂ ਮਨਜੀਤ ਸਿੰਘ ਦਾ ਕੱਦ ਵਿਦਵਾਨਾਂ ਵਿਚ ਬੜਾ ਨੀਵਾਂ ਹੋ ਗਿਆ।

ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕਮੇਟੀ

ਜੂਨ 1993 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਸਾਹਿਬ (ਦੇ ਮੁਖ ਸੇਵਾਦਾਰ) ਵਾਸਤੇ ਇਕ 59-ਮੈਂਬਰੀ ਸਲਾਹਕਾਰ ਕਮੇਟੀ ਬਣਾ ਦਿੱਤੀ। ਇਕ ਤਾਂ ਇਸ ਵਿਚ (ਪ੍ਰੋ:) ਮਨਜੀਤ ਸਿੰਘ ਦਾ ਨੰਬਰ ਪੰਜਵਾਂ ਸੀ, ਦੂਜਾ, ਇਸ ਵਿਚ ਬਹੁਤ ਸਾਰੇ ਮੈਂਬਰ ਅਜਿਹੇ ਵੀ ਸਨ ਜੋ ਅੰਮ੍ਰਿਤਧਾਰੀ ਵੀ ਨਹੀਂ ਸਨ।

ਅਕਾਲ ਤਖ਼ਤ ਸਾਹਿਬ 'ਤੇ ਪੁਲੀਸ ਦੀ ਹੁੱਲੜਬਾਜ਼ੀ

31 ਅਕਤੂਬਰ 1993 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਯਾਦ ਵਿਚ ਅਖੰਡ ਪਾਠ ਰਖਿਆ ਹੋਇਆ ਸੀ। ਇਸ ਮੌਕੇ 'ਤੇ ਬੇਅੰਤ ਸਰਕਾਰ ਦੇ ਹੁਕਮ ਤੇ ਕੇ.ਪੀ.ਐਸ. ਗਿੱਲ ਨੇ ਦਰਬਾਰ ਸਾਹਿਬ ਦੇ ਚਾਰੇ ਪਾਸੇ ਪੁਲੀਸ ਤਾਈਨਾਤ ਕਰ ਦਿੱਤੀ। ਸਿਰਫ਼ ਬਾਹਰ ਹੀ ਨਹੀਂ, ਸਾਰੀ ਪਰਿਕਰਮਾ ਅਤੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਦੇ ਮੈਦਾਨ 'ਤੇ ਵੀ ਪੁਲੀਸ ਨੇ ਕਬਜ਼ਾ ਕਰ ਲਿਆ। ਪਹਿਲੀ ਨਵੰਬਰ ਦੇ ਦਿਨ ਵੀ ਪੁਲੀਸ ਉੱਥੇ ਹਾਜ਼ਿਰ ਰਹੀ ਸੀ ਤਾਂ ਜੋ ਸ਼ਹੀਦਾਂ ਦੀ ਯਾਦ

ਵਿਚ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਨਾ ਹੋ ਸਕੇ। ਇਸ ਮੌਕੇ ਤੇ ਗੁਰਿੰਦਰ ਢਿਲੋਂ ਨਾਂ ਦੇ ਇਕ ਪੁਲੀਸ ਅਫ਼ਸਰ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਦਹਿਸ਼ਤ ਵਾਲਾ ਮਾਹੌਲ ਬਣਾਈ ਰਖਿਆ। ਇਕ ਵਾਰ ਤਾਂ (ਪ੍ਰੋ:) ਮਨਜੀਤ ਸਿੰਘ ਏਥੋਂ ਤਕ ਆਖਿਆ ਕਿ "ਪੁਲੀਸ ਨੂੰ ਦਰਬਾਰ ਸਾਹਿਬ 'ਚ ਬਾਹਰ ਲੈ ਜਾਓ ਵਰਨਾ ਮੈਂ ਕੌਮ ਨੂੰ ਕੋਈ ਨਵਾਂ ਪ੍ਰੋਗਰਾਮ ਦੇ ਦੇਵਾਂਗਾ।" ਇਸ ਤੇ ਗੁਰਿੰਦਰ ਢਿਲੋਂ ਨੇ ਜਵਾਬ ਦਿੱਤਾ, "ਤੁਹਾਡੇ ਪ੍ਰੋਗਰਾਮਾਂ ਦੀ ਕੌਣ ਪਰਵਾਹ ਕਰਦਾ ਏ।" ਨਾਲ ਹੀ ਗੁਰਿੰਦਰ ਢਿਲੋਂ ਨੇ ਕੰਟਰੋਲ ਰੂਮ ਨੂੰ ਵਾਇਰਲੈਸ ਕੀਤੀ ਤੇ ਆਖਿਆ, "ਇਹ ਜਥੇਦਾਰ ਬਹੁਤ ਬੋਲਦਾ ਏ, ਮੈਂ ਇਸ ਦਾ ਕੀ ਕਰਾਂ।" ਇਸ ਤੇ ਦੂਜੇ ਪਾਸਿਓਂ ਸ਼ਾਇਦ ਇਹ ਆਵਾਜ਼ ਆਈ ਕਿ ਇਸ ਨੂੰ ਨਜ਼ਰ-ਅੰਦਾਜ਼ ਕਰੋ। ਉਹ ਸਾਰਾ ਦਿਨ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰੀ ਰਖਿਆ।

ਇਸ ਤੋਂ ਬਾਅਦ (ਪ੍ਰੋ:) ਮਨਜੀਤ ਸਿੰਘ ਨੇ ਗੁਰਿੰਦਰ ਢਿਲੋਂ ਤੇ ਕਦੇ ਕੋਈ ਐਕਸ਼ਨ ਨਹੀਂ ਲਿਆ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ 1923 ਵਿਚ ਅਖੰਡ ਪਾਠ ਖੰਡਿਤ ਕਰਨ ਵਿਚ ਜ਼ਿੰਮੇਦਾਰ ਹੋਣ 'ਤੇ ਗੁਰਦਿਆਲ ਸਿੰਹ ਨਾਭਾ ਨੂੰ ਪੰਥ 'ਚੋਂ ਖ਼ਾਰਿਜ ਕੀਤਾ ਗਿਆ ਸੀ, 7 ਜਨਵਰੀ 1924 ਨੂੰ ਦਰਬਾਰ ਸਾਹਿਬ 'ਚ ਪੁਲੀਸ ਵਲੋਂ ਦਾਖ਼ਿਲ ਹੋਣ ਤੇ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜੂਨ 1984 'ਚ ਫ਼ੌਜੀ ਹਮਲੇ ਮਗਰੋਂ ਵੀ ਕੁਝ ਬੰਦੇ ਪੰਥ 'ਚੋਂ ਖ਼ਾਰਿਜ ਕੀਤੇ ਗਏ ਸਨ, ਪਰ ਗੁਰਿੰਦਰ ਢਿਲੋਂ ਵਲੋਂ ਹੱਦ ਦਰਜੇ ਦੀ ਬੇਹੁਰਮਤੀ ਕਰਨ ਦੇ ਬਾਵਜੂਦ ਉਸ ਦੇ ਖ਼ਿਲਾਫ਼ ਕੋਈ ਹੁਕਮਨਾਮਾ ਜਾਰੀ ਨਾ ਕੀਤਾ ਗਿਆ।

ਅਕਾਲ ਤਖ਼ਤ ਸਾਹਿਬ ਤੋਂ ਮਾਨ ਧੜੇ ਨੂੰ ਸਿਰੋਪਾਓ ਨਹੀਂ

19 ਸਿਤੰਬਰ 1993 ਦੇ ਦਿਨ ਪੁਲੀਸ ਨੇ ਗੁਜਰਵਾਲ ਵਿਚ ਹੋ ਰਹੇ ਇਕ ਅਖੰਡ ਪਾਠ ਨੂੰ ਰੋਕ ਦਿੱਤਾ। ਇਸ ਸਮੇਂ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੇ ਬੇਹੁਰਮਤੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਦੇ ਖ਼ਿਲਾਫ਼ ਚਾਰੇ ਪਾਸੇ ਰੋਸ ਜ਼ਾਹਿਰ ਕੀਤਾ ਗਿਆ। ਇਸ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ ਕੁਝ ਦਿਨ ਚਲਿਆ। ਜਦੋਂ ਪੁਲੀਸ ਅਕਾਲੀ ਵਰਕਰਾਂ ਤੇ ਜ਼ੁਲਮ ਕਰਨ ਲੱਗ ਪਈ ਤਾਂ ਬਾਦਲ ਧੜੇ ਨੇ 14 ਸਿਤੰਬਰ ਨੂੰ ਇਹ ਮੋਰਚਾ ਮੁਲਤਵੀ (ਦਰਅਸਲ ਬੰਦ) ਕਰਨ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਅਕਾਲੀ ਦਲ (ਮਾਨ) ਤੇ ਇਹ ਮੋਰਚਾ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਪਰ, 15 ਨਵੰਬਰ ਨੂੰ, ਜਦੋਂ ਮਾਨ ਅਕਾਲੀ ਦਲ ਦਾ ਜੱਥਾ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਗਿਆ ਤਾਂ ਅਕਾਲ ਤਖ਼ਤ ਸਾਹਿਬ ਤੇ ਹਾਜ਼ਿਰ ਪੁਜਾਰੀਆਂ (ਗ੍ਰੰਥੀਆਂ) ਨੇ ਜਥੇ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਸਿਰਫ਼ ਕਾਬਜ਼ ਧੜੇ ਵਲੋਂ ਲਾਏ ਗਏ ਮੋਰਚੇ ਵਿਚ ਜਾਣ ਵਾਲੇ ਜਥਿਆਂ ਨੂੰ ਹੀ ਸਿਰੋਪਾਓ ਬਖ਼ਸ਼ਿਸ਼ ਕੀਤੇ ਜਾਂਦੇ ਹਨ। ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਜਾਂ ਹੈਡ-ਗ੍ਰੰਥੀ) ਦੀ ਇਹ ਕਾਰਵਾਈ ਉਵੇਂ ਸੀ, ਜਿਵੇਂ ਮੋਹਨ ਸਿੰਘ ਨਾਗੋਕੇ ਨੇ 2 ਮਾਰਚ 1949 ਦੇ ਦਿਨ ਮਾਸਟਰ ਤਾਰਾ ਸਿੰਘ ਦੇ ਸਾਥੀਆਂ ਨਾਲ ਕੀਤਾ ਸੀ।

ਇੱਥੇ ਇਕ ਹੋਰ ਗੱਲ ਵੀ ਕਾਬਲੇ-ਜ਼ਿਕਰ ਹੈ ਕਿ 1923 ਵਿਚ ਜੈਤੋ ਵਿਚ ਅਖੰਡ ਪਾਠ ਰੋਕਣ ਦੀ ਹਰਕਤ ਵਿਚ ਸ਼ਾਮਿਲ ਹੋਣ ਦੇ ਜੁਰਮ ਵਿਚ ਗੁਰਦਿਆਲ ਸਿੰਘ ਨੂੰ ਪੰਥ 'ਚੋਂ ਖ਼ਾਰਿਜ ਕੀਤਾ ਗਿਆ ਸੀ, ਪਰ ਗੁਜਰਵਾਲ ਦੇ ਮਾਮਲੇ ਵਿਚ ਬੇਅੰਤ ਜਾਂ ਕੇ.ਪੀ.ਐਸ. ਗਿੱਲ ਨਾਲ ਅਜਿਹਾ ਨਹੀਂ ਸੀ ਕੀਤਾ ਗਿਆ।

14 ਨਵੰਬਰ 1993 ਦੇ ਦਿਨ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। (ਮਹਾਰਾਜਾ) ਰਣਜੀਤ ਸਿੰਘ ਜਾਂ ਉਸ ਤੋਂ ਬਾਅਦ ਦਰਬਾਰ ਸਾਹਿਬ ਤੇ ਕਾਬਜ਼ ਮਹੰਤਾਂ ਨੇ ਵੀ ਕਿਸੇ ਵੇਲੇ ਦਰਬਾਰ ਸਾਹਿਬ 'ਚ ਹਿੰਦੂ ਦੀਵਾਲੀ ਦਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਇਸ ਦਿਨ ਦੇ ਨਾਂ 'ਤੇ ਚੜ੍ਹਾਵਾ ਵਧੇਰੇ ਆ ਸਕੇ। ਉਨ੍ਹਾਂ ਨੇ ਇਸ ਮਕਸਦ ਵਾਸਤੇ ਬਹਾਨਾ ਵੀ ਲੱਭ ਲਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਇਸ ਦਿਨ ਅੰਮ੍ਰਿਤਸਰ ਪੁੱਜੇ ਸਨ। (ਉਂਞ ਇਹ ਗੱਲ ਗ਼ਲਤ ਹੈ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ 'ਚ ਰਿਹਾਈ ਮਗਰੋਂ ਪਹਿਲੀ ਮਾਘ 1677 ਬਿਕਰਮੀ, ਯਾਨਿ 28 ਦਿਸੰਬਰ 1620, ਦੇ ਦਿਨ ਅੰਮ੍ਰਿਤਸਰ ਆਏ ਸਨ, ਨਾ ਕਿ ਦੀਵਾਲੀ ਵਾਲੇ ਦਿਨ)। ਪੰਥ ਨੇ 1984 ਤੋਂ ਦਰਬਾਰ ਸਾਹਿਬ 'ਚ ਦੀਵਾਲੀ ਮਨਾਉਣਾ ਬੰਦ ਕੀਤਾ ਹੋਇਆ ਸੀ। ਪਿਛਲੇ 13 ਸਾਲਾਂ ਤੋਂ ਕੌਮ ਏਨਾ ਦਰਦ ਹੰਡਾ ਰਹੀ ਸੀ ਕਿ ਕਿਸੇ ਨੂੰ ਹਿੰਦੂਆਂ ਦੀ ਦੀਵਾਲੀ ਮਨਾ ਕੇ 'ਖ਼ੁਸ਼ੀਆਂ' ਦਾ ਦਿਖਾਵਾ ਕਰਨ ਦਾ ਖਿਆਲ ਤੱਕ ਨਹੀਂ ਸੀ ਆ ਸਕਦਾ। ਫਿਰ ਇਹ ਵੀ ਨਹੀਂ ਸੀ ਕਿ ਉਹ ਦਰਦ ਖ਼ਤਮ ਜਾਂ ਘੱਟ ਹੋ ਗਿਆ ਸੀ। ਅਜੇ 13 ਦਿਨ ਪਹਿਲਾਂ, ਭਾਈ ਬੇਅੰਤ ਸਿੰਘ ਦੀ ਯਾਦ 'ਚ ਰੱਖੇ ਸਮਾਗਮ ਨੂੰ ਰੋਕਣ ਵਾਸਤੇ, ਗੁਰਿੰਦਰ ਢਿਲੋਂ ਦੀ ਅਗਵਾਈ ਹੇਠ ਪੰਜਾਬ ਪੁਲੀਸ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਕੇ ਕਰਫ਼ਿਊ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ। (ਇਸ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਕੌਮ ਨੂੰ ਕੋਈ ਪੈਗ਼ਾਮ ਦਿੱਤਾ ਜਾਣਾ ਚਾਹੀਦਾ ਸੀ ਨਾ ਕਿ ਹਿੰਦੂਆਂ ਦੇ ਤਿਉਹਾਰ ਦੀ ਖ਼ੁਸ਼ੀ 'ਚ ਦੀਵੇ ਜਗਾਣੇ ਚਾਹੀਦੇ ਸਨ)। ਧੰਨ ਮਨਜੀਤ ਸਿੰਘ ਤੇ ਧੰਨ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ!

26 ਜਨਵਰੀ 1994 ਦੇ ਦਿਨ (ਪ੍ਰੋ:) ਮਨਜੀਤ ਸਿੰਘ ਨੇ ਬੂਟਾ ਸਿੰਘ (ਜਿਸ ਨੇ ਦਰਬਾਰ ਸਾਹਿਬ 'ਤੇ 4 ਜੂਨ 1984 ਦੇ ਹਮਲੇ ਵੇਲੇ ਇੰਦਰਾ ਦਾ ਸਾਥ ਦਿੱਤਾ ਸੀ ਤੇ ਜਿਸ ਨੇ ਸੰਤਾ ਸਿੰਘ ਨੂੰ ਲਿਆ ਕੇ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਸਰਕਾਰੀ ਖ਼ਰਚ 'ਤੇ ਬਣਵਾਈ ਸੀ) ਨੂੰ ਮੁਆਫ਼ ਕਰ ਦਿੱਤਾ। ਬੂਟਾ ਸਿੰਘ ਨੂੰ ਬਹੁਤ ਥੋੜ੍ਹੀ ਜਹੀ ਤਨਖ਼ਾਹ ਲਾਈ ਗਈ (ਉਸ ਦਾ ਜੁਰਮ ਤਾਂ ਬਹੁਤ ਹੀ ਵੱਡਾ ਸੀ)। ਇਸ ਸਬੰਧ ਵਿਚ (ਪ੍ਰੋ:) ਮਨਜੀਤ ਸਿੰਘ ਨੇ ਇਹ ਵੀ ਦਸਿਆ ਕਿ ਬੂਟਾ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਵਾਸਤੇ 26 ਦਿਸੰਬਰ 1993 ਨੂੰ ਚਿੱਠੀ ਦਿੱਤੀ ਸੀ (ਮਨਜੀਤ ਸਿੰਘ ਨੇ ਬੂਟਾ ਸਿੰਘ ਨਾਲ ਪੂਰੀ ਗਲਬਾਤ ਕਰ ਲਈ ਸੀ, ਪਰ ਇਹ ਸਾਰੀ ਕਾਰਵਾਈ ਇਕ ਮਹੀਨਾ ਗੁੱਝੀ ਰਹੀ ਸੀ)। ਮਨਜੀਤ ਸਿੰਘ ਵੱਲੋਂ ਬੂਟਾ ਸਿੰਘ ਨੂੰ ਲਾਈ ਤਨਖ਼ਾਹ ਇੰਞ ਸੀ:

ਬੂਟਾ ਸਿੰਘ,

ਸੰਨ 1984 ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਹੋਏ ਖ਼ੂਨੀ ਘੱਲੂਘਾਰੇ ਵੇਲੇ, ਸਮੇਂ ਦੇ ਸਰਕਾਰੀ ਜਾਬਰਾਂ ਵੱਲੋਂ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਉਪਰੰਤ ਉਸ ਸਮੇਂ ਦੀ ਸਰਕਾਰ ਰਾਹੀਂ ਦੋਬਾਰਾ ਉਸਾਰੀ ਦੇ ਵਿਸ਼ੇ ਨੂੰ ਲੈ ਕੇ ਉਸ ਸਮੇਂ ਦੇ ਪੰਜ ਸਿੰਘ ਸਾਹਿਬਾਨ

ਨੇ ਕੁਝ ਆਦੇਸ਼ ਜਾਰੀ ਕੀਤੇ ਸਨ, ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਨ ਦੇ ਦੋਸ਼ ਹੇਠ ਤੁਹਾਨੂੰ ਪੰਥ ਵਿੱਚੋਂ ਖ਼ਾਰਿਜ ਕਰ ਦਿੱਤਾ ਗਿਆ ਸੀ।

ਅੱਜ ਦੋਬਾਰਾ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ, ਆਪਣੀਆਂ ਸਾਰੀਆਂ ਭੁੱਲਾਂ ਨੂੰ ਪੂਰਨ ਰੂਪ ਵਿਚ ਪ੍ਰਵਾਨ ਕਰਨ ਅਤੇ ਉਨ੍ਹਾਂ ਨੂੰ ਬਖ਼ਸ਼ਾਉਣ ਲਈ, ਤੁਹਾਡੇ, ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਅੱਗੇ ਪੂਰਨ ਸਮਰਪਣ ਨੂੰ ਧਿਆਨ ਵਿਚ ਰੱਖਦਿਆਂ ਤੁਹਾਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ:

1. ਸੱਤ ਦਿਨ ਨਿਰੰਤਰ ਹਰਿਮੰਦਰ ਸਾਹਿਬ ਵਿਖੇ ਇਕ ਸ਼ਬਦ ਚੌਂਕੀ ਦਾ ਕੀਰਤਨ ਸੁਣਨਾ ਹੋਵੇਗਾ। ਉਸ ਉਪਰੰਤ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਝਾੜੂ ਦੀ ਸੇਵਾ ਕਰਨੀ ਹੋਵੇਗੀ।
2. ਇਨ੍ਹਾਂ ਦਿਨਾਂ ਦੇ ਸਮੇਂ ਦੌਰਾਨ ਕਿਸੇ ਵੇਲੇ ਵੀ ਇਕ ਘੰਟਾ ਲੰਗਰ ਵਿਚ ਭਾਂਡੇ ਮਾਂਜਣ ਦੀ ਸੇਵਾ ਕਰਨੀ ਹੋਵੇਗੀ।
3. ਇਸੇ ਸਮੇਂ ਦੌਰਾਨ ਕਿਸੇ ਵੇਲੇ ਵੀ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ ਹੋਵੇਗੀ।
4. ਇਸੇ ਸਮੇਂ ਦੌਰਾਨ ਕਿਸੇ ਵੇਲੇ ਵੀ ਇਕ ਘੰਟਾ ਅਕਾਲ ਤਖ਼ਤ ਸਾਹਿਬ ਵਿਖੇ ਬੈਠ ਕੇ ਪਾਠ ਤੇ ਸਿਮਰਨ ਕਰਨਾ ਹੋਵੇਗਾ।
5. ਇਸ ਪਿੱਛੋਂ ਇਕ ਇਕ ਹਫ਼ਤਾ ਬਾਕੀ ਚਾਰ ਤਖ਼ਤ ਸਾਹਿਬਾਨ 'ਤੇ ਵੀ ਇਹੋ ਸੇਵਾ ਕਰਨੀ ਹੋਵੇਗੀ। ਦਿੱਲੀ ਦੇ ਤਿੰਨ ਇਤਿਹਾਸਕ ਗੁਰ-ਅਸਥਾਨਾਂ 'ਤੇ ਵੀ ਤਿੰਨ ਹਫ਼ਤੇ ਇਹ ਸੇਵਾ ਕਰਨੀ ਹੋਵੇਗੀ।
6. ਇਹ ਸਾਰੀ ਸੇਵਾ ਸੰਪੂਰਨ ਕਰਨ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾ ਕੇ ਆਪਣੀਆਂ ਭੁੱਲਾਂ ਬਖ਼ਸ਼ਵਾਉਣ ਲਈ ਅਰਦਾਸ ਕਰਵਾਈ ਜਾਵੇ।
7. ਪੰਜਾਂ ਤਖ਼ਤਾਂ ਅਤੇ ਹਰਿਮੰਦਰ ਸਾਹਿਬ ਵਿਖੇ ਕ੍ਰਮਵਾਰ 1100/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਅਤੇ 1100/- ਰੁਪਏ ਗੋਲਕ ਵਿਚ ਪਾਉਣ ਦੀ ਸੇਵਾ ਕੀਤੀ ਜਾਵੇ।
8. ਇਸ ਸਾਰੀ ਸੇਵਾ ਦੇ ਆਖ਼ਰੀ ਦਿਨ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣ ਤੋਂ ਪਹਿਲਾਂ ਦਰਬਾਰ ਸਾਹਿਬ ਦੀ ਸੰਪੂਰਨ ਪਰਕਰਮਾ ਵਿਚ ਝਾੜੂ ਦੇਣ ਦੀ ਸੇਵਾ ਕੀਤੀ ਜਾਵੇ। ਸੇਵਾ ਦੌਰਾਨ ਤਖ਼ਤੀ ਗਲ ਵਿਚ ਪਈ ਰਹੇ।
9. ਅੱਜ ਤੋਂ ਹੀ ਗੁਰੂ ਸਾਹਿਬ ਦੀ ਬਖ਼ਸ਼ੀ ਬਾਣੀ ਅਤੇ ਬਾਣੇ ਦੀ ਪੰਥਕ ਮਰਿਆਦਾ ਦਾ ਪਾਲਣ ਪੂਰੀ ਤਨਦੇਹੀ ਨਾਲ ਕੀਤਾ ਜਾਵੇ।

ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ

ਜਿਵੇਂ ਫ਼ਰਵਰੀ 1987 ਰਾਗੀ (ਪ੍ਰੋ:) ਦਰਸ਼ਨ ਸਿੰਘ ਨੇ ਸਾਰੇ ਅਕਾਲੀ ਦਲਾਂ ਨੂੰ ਇੱਕਠਾ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਬਣਾਨ ਦੀ ਕੋਸ਼ਿਸ਼ ਕੀਤੀ ਸੀ, ਉਵੇਂ ਹੀ (ਪ੍ਰੋ:) ਮਨਜੀਤ ਸਿੰਘ ਨੇ ਵੀ ਅਪਰੈਲ 1994 ਵਿਚ ਇਕ ਸਾਂਝਾ ਅਕਾਲੀ ਦਲ ਬਣਾਨ ਵਾਸਤੇ ਕਾਰਵਾਈ ਕੀਤੀ।[4] ਉਸ ਨੇ ਇਹ ਕਾਰਵਾਈ ਕਰਨ ਤੋਂ ਪਹਿਲਾਂ 12 ਅਪਰੈਲ ਨੂੰ ਸੁਲਤਾਨਪੁਰ ਤੋਂ ਤਲਵੰਡੀ ਸਾਬੋ ਵੱਲ ਇਕ 'ਖਾਲਸਾ ਮਾਰਚ' ਦਾ

4. ਕਦੇ ਕਿਸੇ ਅਖੌਤੀ ਜਥੇਦਾਰ ਨੇ ਕਾਂਗਰਸ ਅਤੇ ਹੋਰ ਪਾਰਟੀਆਂ ਵਿਚ ਬੈਠੇ ਸਿੱਖਾਂ ਨੂੰ ਇਹ ਹਿਦਾਇਤ ਨਹੀਂ ਸੀ ਦਿੱਤੀ ਕਿ ਉਹ ਸਾਰੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ 'ਪੰਥਕ ਜਥੇਬੰਦੀ' ਅਕਾਲੀ ਦਲ ਵਿਚ ਸ਼ਾਮਿਲ ਹੋ ਜਾਣ।

ਇੰਤਜ਼ਾਮ ਕੀਤਾ। 13 ਅਪਰੈਲ ਨੂੰ ਤਲਵੰਡੀ ਸਾਬੋ ਵਿਚ ਸਾਰੇ ਅਕਾਲੀ ਦਲਾਂ ਨੇ ਇਕ ਸਾਂਝੀ ਸਟੇਜ ਤੇ ਇੱਕਠੇ ਹੋਣਾ ਸੀ। ਬੇਅੰਤ ਸਰਕਾਰ ਨੂੰ ਇਹ ਖ਼ਦਸ਼ਾ ਸੀ ਕਿ ਜੇ ਸਾਰੇ ਅਕਾਲੀ ਧੜੇ ਇਕ ਪਲੇਟਫ਼ਾਰਮ 'ਤੇ ਆ ਕੇ ਖੜ੍ਹੇ ਹੋ ਗਏ ਤਾਂ ਇਹ ਇਕ ਵੱਡੀ ਤਾਕਤ ਬਣ ਜਾਣਗੇ। ਉਸ ਨੂੰ ਇਹ ਵੀ ਡਰ ਸੀ ਕਿ ਇਹ ਸਾਰੇ ਮਿਲ ਕੇ ਮੋਰਚਾ ਲਾ ਕੇ ਉਸ ਦੀ 5-7 ਫ਼ੀ ਸਦੀ ਵੋਟਾਂ ਨਾਲ ਬਣੀ ਸਰਕਾਰ ਤੋੜ ਕੇ ਮੁੜ ਅਸੈਂਬਲੀ ਚੋਣਾਂ ਦੀ ਮੰਗ ਕਰਨਗੇ। ਇਹ ਸੋਚ ਕੇ ਬੇਅੰਤ ਨੇ 12 ਅਪਰੈਲ ਨੂੰ ਜਸਬੀਰ ਸਿੰਘ ਰੋਡੇ ਨੂੰ ਰਿਹਾਅ ਕਰ ਦਿੱਤਾ (ਜਸਬੀਰ ਸਿੰਘ ਨੂੰ ਨਾਜਾਇਜ਼ ਅਸਲੇ ਦੇ ਵਪਾਰ ਸਬੰਧੀ ਗ੍ਰਿਫ਼ਤਾਰ ਕੀਤਾ ਹੋਇਆ ਸੀ)। ਜਸਬੀਰ ਸਿੰਘ ਨੂੰ ਰਿਹਾਅ ਕਰਨ ਪਿੱਛੇ ਬੇਅੰਤ ਦਾ ਨਿਸ਼ਾਨਾ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਅਹੁਦੇ ਪਿੱਛੇ ਜਸਬੀਰ ਸਿੰਘ ਅਤੇ ਮਨਜੀਤ ਸਿੰਘ ਵਿਚ ਟਕਰਾਅ ਕਰਵਾਉਣਾ ਸੀ। ਪਰ, ਜਸਬੀਰ ਸਿੰਘ ਕੋਲ ਸੰਗਤਾਂ ਦੀ ਹਿਮਾਇਤ ਨਹੀਂ ਸੀ, ਇਸ ਕਰ ਕੇ ਉਹ ਕੁਝ ਵੀ ਨਾ ਕਰ ਸਕਿਆ।

13 ਅਪਰੈਲ 1994 ਦੇ ਦਿਨ ਇਕ ਡਰਾਮਾਈ ਤਰੀਕੇ ਨਾਲ (ਪ੍ਰੋ:) ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਆਪੋ ਆਪਣੇ ਅਸਤੀਫ਼ੇ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਾਉਣ ਵਾਸਤੇ ਹੁਕਮ ਜਾਰੀ ਕੀਤਾ। ਅਗਲੇ ਦਿਨ ਮਨਜੀਤ ਸਿੰਘ ਨੇ ਆਖਿਆ ਕਿ ਮੈਂ ਅਸਤੀਫ਼ੇ ਨਹੀਂ ਮੰਗੇ ਸੀ, ਬਲਕਿ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਵਾਸਤੇ ਲਿਖਤ ਦੀ ਮੰਗ ਕੀਤੀ ਸੀ। ਖ਼ੈਰ, ਬਾਕੀ ਅਕਾਲੀ ਪ੍ਰਧਾਨਾਂ ਨੇ ਤਾਂ ਅਸਤੀਫ਼ੇ ਪੇਸ਼ ਕਰ ਦਿੱਤੇ, ਪਰ ਪਰਕਾਸ਼ ਸਿੰਘ ਬਾਦਲ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ 17 ਅਪਰੈਲ ਨੂੰ (ਪ੍ਰੋ:) ਮਨਜੀਤ ਸਿੰਘ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਅਜਿਹਾ ਨਾ ਕਰਨ ਦਾ ਕਾਰਨ ਲਿਖਿਆ ਸੀ। ਇਹ ਚਿੱਠੀ ਇੰਞ ਸੀ :

ੴ

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਦੀਆਂ ਤੋਂ ਮਹਾਨ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਹਰ ਸਿੱਖ ਹਿਰਦੇ ਵਿਚ ਕਾਇਮ ਰਿਹਾ ਹੈ। ਅਨੰਤਕਾਲ ਤੱਕ ਸ਼ਰਧਾਵਾਨ ਇਸ ਅੱਗੇ ਆਪਣਾ ਸਿਰ ਝੁਕਾਉਂਦੇ ਰਹਿਣਗੇ। ਇਹ ਪਵਿੱਤਰ ਅਸਥਾਨ ਹਮੇਸ਼ਾ ਸਮੁੱਚੀ ਕੌਮ ਲਈ ਉਤਸ਼ਾਹ ਦਾ ਸੋਮਾ ਬਣਿਆ ਰਿਹਾ ਹੈ। ਸਾਨੂੰ ਇਸ ਤੋਂ ਹਮੇਸ਼ਾ ਪ੍ਰੇਰਨਾ ਮਿਲਦੀ ਹੈ। ਅਸੀਂ ਇਸ ਰੌਸ਼ਨ ਮਿਨਾਰ ਅੱਗੇ ਨਤਮਸਤਕ ਹਾਂ।

ਵੱਖ ਵੱਖ ਰੂਪ ਵਿਚ ਵਿਚਰਦੇ ਅਕਾਲੀ ਦਲਾਂ ਵਿਚ ਏਕਤਾ ਦੀ ਗੱਲ ਚਲਦੀ ਰਹੀ ਹੈ। ਬਹੁਤੇ ਲੋਕ ਵੀ ਅਕਾਲੀ ਦਲਾਂ ਨੂੰ ਏਕਤਾ ਦੀ ਲੜੀ ਵਿਚ ਪਰੁੱਤਾ ਵੇਖਣ ਦੇ ਚਾਹਵਾਨ ਹਨ। ਵੱਖ ਵੱਖ ਪੱਧਰਾਂ 'ਤੇ ਇਸ ਲਈ ਅਨੇਕਾਂ ਯਤਨ ਵੀ ਹੁੰਦੇ ਰਹੇ ਹਨ। ਮੈਂ ਅਤੇ ਮੇਰੇ ਸਾਥੀ ਹਮੇਸ਼ਾ ਹੀ ਅਕਾਲੀ ਏਕਤਾ ਦੇ ਚਾਹਵਾਨ ਰਹੇ ਹਾਂ। ਇਸ ਲਈ ਅਸੀਂ ਸਦਾ ਹੀ ਇਨ੍ਹਾਂ ਯਤਨਾਂ ਦੇ ਪ੍ਰਸ਼ੰਸਕ ਵੀ ਰਹੇ ਹਾਂ ਅਤੇ ਇਨ੍ਹਾਂ ਦੀ ਪੂਰਤੀ ਲਈ ਆਪਣਾ ਹਿੱਸਾ ਵੀ ਪਾਉਂਦੇ ਰਹੇ ਹਾਂ। ਇਹ ਗੱਲ ਕਿਸੇ ਤੋਂ ਭੁੱਲੀ ਨਹੀਂ ਕਿ ਮੈਂ ਤੇ ਮੇਰੇ ਸਾਥੀਆਂ ਨੇ ਇਸੇ ਏਕਤਾ ਦੀ ਖ਼ਾਤਰ ਆਪਣੇ ਅਹੁਦੇ ਤਿਆਗ ਦਿੱਤੇ ਸਨ ਅਤੇ ਅਕਾਲੀ ਦਲ ਦੀ ਪ੍ਰਧਾਨਗੀ ਸ: ਸਿਮਰਨਜੀਤ ਸਿੰਘ ਨੂੰ ਸੌਂਪ ਦਿੱਤੀ ਸੀ। ਪਰ ਬਾਅਦ ਵਿਚ ਕੁਝ ਵਿਅਕਤੀਆਂ ਦੀ ਹਉਮੈ ਅਤੇ ਸੰਕੁਚਿਤ ਸੋਚ ਕਰ

ਕੇ ਇਸ ਪੱਖੋਂ ਕੌਮ ਦੇ ਪੱਲੇ ਨਿਰਾਸ਼ਾ ਹੀ ਪਈ ਸੀ। ਇਸ ਦੇ ਬਾਵਜੂਦ ਅਸੀਂ ਇਸ ਗੱਲ ਲਈ ਆਸਵੰਦ ਰਹੇ। ਅੱਜ ਵੀ ਅਸੀਂ ਇਸ ਸਬੰਧੀ ਨਿਰਾਸ਼ ਨਹੀਂ ਹੋਏ ਸਗੋਂ ਵੱਖ ਵੱਖ ਪੱਧਰਾਂ 'ਤੇ ਕੀਤੇ ਜਾ ਰਹੇ ਯਤਨਾਂ ਦਾ ਅਸੀਂ ਸਵਾਗਤ ਹੀ ਕੀਤਾ ਹੈ। ਆਪ ਵੀ ਇਸ ਸਬੰਧੀ ਕੁਝ ਯਤਨਸ਼ੀਲ ਰਹੇ ਹੋ। ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਆਪ ਦਾ ਇਸ ਬਾਰੇ ਪੱਖ ਕਦੀ ਵੀ ਸਪੱਸ਼ਟ ਨਹੀਂ ਰਿਹਾ। ਆਪ ਵਲੋਂ ਸਮੇਂ ਸਮੇਂ ਅਜਿਹੇ ਬਿਆਨ ਦਿੱਤੇ ਜਾਂਦੇ ਰਹੇ ਜੋ ਭੁਲੇਖਾ ਪਾਊ ਅਤੇ ਆਪਾ-ਵਿਰੋਧੀ ਸਨ। ਉਦਾਹਰਣ ਲਈ 20 ਮਾਰਚ 1994 ਨੂੰ ਲੁਧਿਆਣਾ ਤੋਂ ਜਾਰੀ ਕੀਤੇ ਆਪਣੇ ਇਕ ਬਿਆਨ ਵਿਚ ਆਪ ਨੇ ਕਿਹਾ ਸੀ ਕਿ ਅਕਾਲੀ ਆਗੂ ਏਕਤਾ ਕਰ ਲੈਣ ਨਹੀਂ ਤਾਂ ਅਕਾਲ ਤਖ਼ਤ ਸਾਹਿਬ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ, ਪਰ ਇਸ ਬਿਆਨ ਤੋਂ ਚਾਰ ਦਿਨ ਬਾਅਦ ਹੀ ਅੰਮ੍ਰਿਤਸਰ ਵਿਚ ਆਪ ਨੇ ਇਸ ਭਾਵਨਾ ਦੇ ਬਿਲਕੁਲ ਉਲਟ ਬਿਆਨ ਦਿੱਤਾ। ਆਪ ਨੇ ਕਿਹਾ ਕਿ ਆਪ ਅਕਾਲੀ ਏਕਤਾ ਤੇ ਪੰਥਕ ਏਕਤਾ ਨੂੰ ਇਕੋ ਨਹੀਂ ਸਮਝਦੇ। ਆਪ ਨੇ ਕਿਹਾ ਕਿ ਅਕਾਲੀ ਪੰਥ ਦਾ ਇਕ ਹਿੱਸਾ ਹਨ, ਪਰ ਸਮੁੱਚਾ ਪੰਥ ਨਹੀਂ ਹਨ। ਆਪ ਨੇ ਇਹ ਵੀ ਕਿਹਾ ਕਿ ਇਸ ਮਸਲੇ 'ਤੇ ਉਹ ਅਕਾਲ ਤਖ਼ਤ ਸਾਹਿਬ ਨੂੰ ਕਿਸੇ ਵਾਦ-ਵਿਵਾਦ ਵਾਲੇ ਘੇਰੇ ਵਿਚ ਖੜ੍ਹਾ ਨਹੀਂ ਕਰਨਾ ਚਾਹੁੰਦੇ। ਇਸੇ ਹੀ ਬਿਆਨ ਵਿਚ ਆਪ ਨੇ ਸਪੱਸ਼ਟ ਰੂਪ ਵਿਚ ਕਿਹਾ ਕਿ ਅਕਾਲੀ ਦਲਾਂ ਦੀ ਏਕਤਾ-ਮੁਹਿੰਮ ਦੀ ਦਲਦਲ ਵਿਚ ਖੁੱਭਣ ਦੀ ਆਪ ਦੀ ਕੋਈ ਮਨਸ਼ਾ ਨਹੀਂ।

10 ਅਪਰੈਲ 1994 ਤੋਂ 12 ਅਪਰੈਲ 1994 ਤੱਕ ਹੋਏ ਖਾਲਸਾ ਮਾਰਚ ਨੂੰ ਆਪ ਨੇ ਧਾਰਮਿਕ ਅਤੇ ਸਮਾਜਿਕ ਖੇਤਰ ਤਕ ਹੀ ਸੀਮਤ ਰੱਖਣ ਦਾ ਐਲਾਨ ਕੀਤਾ ਸੀ। ਮੈਨੂੰ ਤੇ ਮੇਰੇ ਸਾਥੀਆਂ ਨੂੰ ਵੀ ਇਸ ਮਾਰਚ ਵਿਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਆਪ ਨੇ ਇਸ ਸਮੇਂ ਦੌਰਾਨ ਵਾਰ-ਵਾਰ ਇਹ ਸਪੱਸ਼ਟ ਕੀਤਾ ਸੀ ਕਿ ਇਸ ਖਾਲਸਾ ਮਾਰਚ ਦਾ ਉਦੇਸ਼ ਨਿਰੋਲ ਧਾਰਮਿਕ ਹੈ ਅਤੇ ਆਪ ਜੀ ਦਾ ਅਕਾਲੀ ਧੜਿਆਂ ਦੀ ਸਿਆਸਤ ਵਿਚ ਦਖ਼ਲ ਦੇਣ ਦਾ ਕਦਾਚਿਤ ਕੋਈ ਇਰਾਦਾ ਨਹੀਂ ਹੈ। ਪਰ ਇਸ ਮਹਾਨ ਮਾਰਚ ਦੇ 12 ਅਪਰੈਲ ਨੂੰ ਖ਼ਤਮ ਹੋਣ ਤੋਂ ਬਾਅਦ ਰਾਤ ਨੂੰ ਲੱਗੀ ਧਾਰਮਿਕ ਸਟੇਜ 'ਤੇ ਜੋ ਕੁਝ ਹੋਇਆ, ਜਿਸ ਤਰ੍ਹਾਂ ਇੱਥੇ ਕਿਸੇ ਖ਼ਾਸ ਸਾਜ਼ਿਸ਼ ਤਹਿਤ ਜਬਰੀ ਸਿਆਸਤ ਨੂੰ ਘੁਸੇੜਨ ਦਾ ਯਤਨ ਕੀਤਾ ਗਿਆ, ਉਸ ਨੇ ਬਹੁਤੇ ਸ਼ਰਧਾਵਾਨ ਹਿਰਦਿਆਂ ਨੂੰ ਬੇਹੱਦ ਨਿਰਾਸ਼ ਹੀ ਕੀਤਾ। ਹੋਰ ਵੀ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਆਪ ਦੀ ਮੌਜੂਦਗੀ ਵਿਚ ਵਾਪਰਿਆ ਜਦੋਂ ਕਿ ਆਪ ਨੇ ਇਹ ਸਪੱਸ਼ਟ ਆਦੇਸ਼ ਵੀ ਦਿੱਤੇ ਸਨ ਕਿ ਇਸ ਸਟੇਜ ਤੋਂ ਕੋਈ ਵੀ ਸਿਆਸੀ ਗੱਲ ਨਾ ਕੀਤੀ ਜਾਏ।

ਹੁਣ ਦੀ ਸ਼੍ਰੋਮਣੀ ਕਮੇਟੀ 1979 ਵਿਚ ਹੋਈਆਂ ਚੋਣਾਂ ਰਾਹੀਂ ਹੋਂਦ ਵਿਚ ਆਈ ਸੀ। ਉਸ ਸਮੇਂ ਇਹ ਸਿਰਫ਼ ਪੰਜ ਸਾਲ ਲਈ ਚੁਣੀ ਗਈ ਸੀ। ਸਮੇਂ ਦੀਆਂ ਸਰਕਾਰਾਂ ਦੀ ਬਦਨੀਅਤੀ ਕਾਰਨ ਅਤੇ ਇਸ ਤੋਂ ਇਲਾਵਾ ਕਈ ਹੋਰ ਅਦਿੱਖ ਕਾਰਨਾਂ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੰਬੇ ਸਮੇਂ ਤੱਕ ਲਮਕਾਇਆ ਗਿਆ। ਇਸ ਦੌਰਾਨ ਅਨੇਕਾਂ ਸਿੱਖ ਸੰਸਥਾਵਾਂ ਵਲੋਂ ਸਮਾਂ ਬੀਤ ਜਾਣ ਤੋਂ ਬਾਅਦ ਕਮੇਟੀ ਦੀ ਵਾਜਬੀਅਤਾ ਨੂੰ ਵੀ ਵੰਗਾਰਿਆ ਗਿਆ। ਇਸ ਅਧਾਰ 'ਤੇ ਕਮੇਟੀ ਵਲੋਂ ਕੀਤੇ ਗਏ ਫ਼ੈਸਲਿਆਂ 'ਤੇ ਕਿੰਤੂ ਪ੍ਰੰਤੂ ਵੀ ਕੀਤਾ ਗਿਆ ਅਤੇ ਇਸ ਦੇ ਪ੍ਰਧਾਨ ਸਮੇਤ ਕਮੇਟੀ ਦੇ ਮੈਂਬਰਾਂ ਨੂੰ ਅਸਤੀਫ਼ੇ ਦੇਣ ਲਈ ਜ਼ੋਰ ਦਿੱਤਾ ਗਿਆ। ਅਸੀਂ ਵੀ ਵਾਰ-ਵਾਰ ਸਰਕਾਰ ਉੱਤੇ ਇਸੇ ਗੱਲ ਲਈ ਜ਼ੋਰ ਦਿੰਦੇ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ ਤਾਂ ਜੋ ਇਸ ਦੀ ਸਾਖ ਮੁੜ ਬਹਾਲ ਹੋ ਸਕੇ। ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਨਜ਼ਰਬੰਦ ਹਨ ਇਸ ਲਈ ਅਜਿਹੀ ਅਨਿਸਚਿਤ ਹਾਲਤ ਵਿਚ ਸ਼੍ਰੋਮਣੀ ਕਮੇਟੀ ਵਲੋਂ ਆਪ ਨੂੰ **ਕਾਰਜਕਾਰੀ ਜਥੇਦਾਰ** ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਹੁਣ ਜਦੋਂ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆ ਹਨ ਤਾਂ ਇਹੀ ਠੀਕ ਹੋਵੇਗਾ ਕਿ ਸਿੱਖ ਲੀਡਰਸ਼ਿਪ ਅਤੇ ਹੋਰ ਅਹਿਮ ਮੁੱਦਿਆਂ ਬਾਰੇ ਕੌਮ ਦੇ ਫ਼ਤਵੇ ਦੀ ਉਡੀਕ ਕੀਤੀ ਜਾਵੇ।

ਮੈਂ ਫ਼ੇਰ, 12 ਅਪਰੈਲ ਤਲਵੰਡੀ ਸਾਬੋ ਦੇ ਧਾਰਮਿਕ ਦੀਵਾਨ, ਜਿਸ ਨੂੰ ਇਕ ਯੋਜਨਾ ਤਹਿਤ ਸਿਆਸੀ ਰੂਪ ਦਿੱਤਾ ਗਿਆ, ਵੱਲ ਆਪ ਦਾ ਧਿਆਨ ਦਵਾਉਣਾ ਚਾਹੁੰਦਾ ਹਾਂ। ਮੈਂ ਪਹਿਲਾਂ ਵੀ ਲਿਖ ਚੁੱਕਾ ਹਾਂ ਕਿ ਇਕ ਨੀਤੀ ਤਹਿਤ ਜਿਸ ਤਰ੍ਹਾਂ ਕੁਝ ਵਿਅਕਤੀਆਂ ਵਲੋਂ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਅਕਾਲੀ ਏਕਤਾ ਦੀ ਗੱਲ ਕੀਤੀ ਗਈ, ਉਸ ਨੇ ਨਾ ਸਿਰਫ਼ ਵੱਡੀ ਪੱਧਰ 'ਤੇ ਨਿਰਾਸ਼ਾ ਹੀ ਪੈਦਾ ਕੀਤੀ, ਸਗੋਂ ਪਹਿਲਾਂ ਹੀ ਕਿਆਸੇ ਜਾ ਰਹੇ ਸ਼ੰਕਿਆਂ ਦੀ ਭਾਵਨਾ ਨੂੰ ਹੋਰ ਵੀ ਮਜ਼ਬੂਤ ਕੀਤਾ। ਇਨ੍ਹਾਂ ਵਿਅਕਤੀਆਂ ਵਲੋਂ ਜਾਣ ਬੁਝ ਕੇ ਓਪਰੀ ਅਤੇ ਸਤੱਹੀ ਏਕਤਾ ਦੀ ਭਾਵਨਾ ਨੂੰ ਇਕ ਤਰ੍ਹਾਂ ਨਾਲ ਦੂਸਰਿਆਂ 'ਤੇ ਜਬਰੀ ਠੋਸਣ ਦਾ ਯਤਨ ਕੀਤਾ ਗਿਆ। ਸਾਡਾ ਉਸ ਸਮੇਂ ਇਹ ਪੱਕਾ ਯਕੀਨ ਸੀ ਕਿ ਅਕਾਲੀ ਏਕਤਾ ਦੇ ਨਾਂ 'ਤੇ ਇਹ ਮੱਗਰਮਛ ਦੇ ਹੰਝੂ ਹੀ ਵਹਾਏ ਜਾ ਰਹੇ ਹਨ। ਅਸਲੀ ਏਕਤਾ ਦਿਲਾਂ ਦੀ ਹੁੰਦੀ ਹੈ। ਇਮਾਨਦਾਰੀ ਵਾਲੀ ਪਹੁੰਚ ਨੂੰ ਅਪਣਾਉਣ ਨਾਲ ਹੁੰਦੀ ਹੈ। ਦੂਸਰਿਆਂ ਨੂੰ ਅੱਗੇ ਵਧਦਾ ਦੇਖ ਕੇ ਕਿਸੇ ਨਾ ਕਿਸੇ ਤਰ੍ਹਾਂ ਠਿੱਬੀ ਲਾਉਣ ਦੀ ਭਾਵਨਾ ਨਾਲ ਨਹੀਂ ਹੁੰਦੀ। ਕੋਈ ਵੀ ਸਥਾਈ ਤੇ ਚਿਰਕਾਲੀ ਕਦਮ ਉਠਾਉਣ ਤੋਂ ਪਹਿਲਾਂ ਦਿਲ ਸਾਫ਼ ਕੀਤੇ ਜਾਣੇ ਜ਼ਰੂਰੀ ਹੁੰਦੇ ਹਨ ਅਤੇ ਇਨ੍ਹਾਂ 'ਚੋਂ ਸਾੜਿਆਂ ਅਤੇ ਕੀਠਿਆਂ ਭਰੀ ਸਿਆਸੀ ਮੈਲ ਧੋਣੀ ਜ਼ਰੂਰੀ ਹੁੰਦੀ ਹੈ। ਸਾਡਾ ਇਹ ਵਿਸ਼ਵਾਸ ਉਸ ਸਮੇਂ ਹੋਰ ਵੀ ਮਜ਼ਬੂਤ ਹੋਇਆ ਜਦੋਂ ਰਾਤ ਨੂੰ ਇਕ ਧਾਰਮਿਕ ਸਟੇਜ ਨੂੰ ਸਿਆਸੀ ਸਟੇਜ ਵਿਚ ਬਦਲਣ ਵਾਲੇ ਇਸ ਸਟੇਜ ਤੋਂ ਪੰਥ ਦੇ ਭਲੇ ਅਤੇ ਅਕਾਲੀ ਏਕਤਾ ਦੀਆਂ ਟਾਹਰਾਂ ਮਾਰਨ ਵਾਲਿਆਂ ਦੇ ਮਨ ਅੰਦਰ ਛੁਪੀਆਂ ਗੱਲਾਂ ਦੂਸਰੀ ਹੀ ਸਵੇਰ ਸਾਹਮਣੇ ਆ ਗਈਆਂ। ਜਦੋਂ ਨਾ ਸਿਰਫ਼ ਵੱਖ ਵੱਖ ਸਟੇਜਾਂ ਹੀ ਲੱਗੀਆਂ ਸਗੋਂ ਇਨ੍ਹਾਂ ਤੋਂ ਇਕ ਦੂਸਰੇ ਦੇ ਖ਼ਿਲਾਫ਼ ਪਹਿਲਾਂ ਤੋਂ ਵੀ ਵੱਧ ਭੰਡੀ ਕੀਤੀ ਗਈ। ਕੀ ਕਦੀ ਇਸ ਤਰ੍ਹਾਂ ਦੇ ਦ੍ਰਿਸ਼ ਵਿਚ ਸੱਚੀ ਤੇ ਸੁੱਚੀ ਏਕਤਾ ਦੀ ਗੱਲ ਸਿਰੇ ਚੜ੍ਹ ਸਕਦੀ ਹੈ ?

ਇੱਥੇ ਗੱਲ ਆਧਾਰ ਦੀ ਆ ਜਾਂਦੀ ਹੈ। ਅੱਜ ਹਰ ਅਕਾਲੀ ਦਲ ਆਪਣੇ ਵੱਖੋ ਵੱਖਰੇ ਸਿਧਾਂਤਾਂ 'ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਆਪਣੇ ਵੱਖੋ ਵੱਖਰੇ ਨਿਸ਼ਾਨੇ ਨਿਸਚਤ ਕੀਤੇ ਹੋਏ ਹਨ। ਕਈ ਮੁੱਢਲੇ ਨਿਸ਼ਾਨੇ ਇਕ ਦੂਸਰੇ ਤੋਂ ਬਹੁਤ ਹੀ ਵੱਖਰੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਸਭ ਤੋਂ ਪਹਿਲਾਂ ਵਿਚਾਰਕ ਤੌਰ 'ਤੇ ਇਕ ਦੂਸਰੇ ਦੇ ਨੇੜੇ ਆਉਣ ਤੋਂ ਬਗ਼ੈਰ ਏਕਤਾ ਦਾ ਆਧਾਰ ਕਿਸੇ ਵੀ ਤਰ੍ਹਾਂ ਮਜ਼ਬੂਤ ਨਹੀਂ ਹੋ ਸਕਦਾ। ਇਸ ਤੋਂ ਬਗ਼ੈਰ ਕੋਈ ਵੀ ਠੋਸੀ ਗਈ ਏਕਤਾ ਕੁਝ ਹੀ ਸਮੇਂ ਵਿਚ ਖੱਖੜੀਆਂ ਹੋ ਸਕਦੀ ਹੈ।

ਸਤਿਕਾਰਯੋਗ ਸਿੰਘ ਸਾਹਿਬ! ਅਸੀਂ ਆਪ ਦਾ ਧਿਆਨ ਇਕ ਹੋਰ ਪਹਿਲੂ ਵੱਲ ਵੀ ਦਿਵਾਉਣਾ ਚਾਹੁੰਦੇ ਹਾਂ। ਬਿਨਾਂ ਸ਼ੱਕ ਸਿੱਖ ਕੌਮ ਧਰਮ ਅਤੇ ਸਿਆਸਤ ਦੇ ਸੁਮੇਲ ਵਿਚ ਯਕੀਨ ਰੱਖਦੀ ਹੈ। ਅਕਾਲੀ ਸਿੱਖ ਸਮਾਜ ਦਾ ਇਕ ਅਹਿਮ ਹਿੱਸਾ ਹਨ। ਪਰ ਆਪ ਲਈ ਸੋਚਣ ਅਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਕਾਲ ਤਖ਼ਤ ਸਿਰਫ਼ ਅਕਾਲੀਆਂ ਦਾ ਹੀ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਮਹਾਨ ਤਖ਼ਤ ਦੀ ਸਾਂਭ ਸੰਭਾਲ ਕਰਨ ਵਾਲੇ ਸੇਵਾਦਾਰ ਨੂੰ ਇਸੇ ਭਾਵਨਾ ਅਧੀਨ ਹੀ ਕੰਮ ਕਰਨਾ ਚਾਹੀਦਾ ਹੈ। ਅਸੀਂ ਆਪ ਜੀ ਤੋਂ ਇਹੀ ਉਮੀਦ ਰੱਖਦੇ ਹਾਂ ਕਿ ਆਪ ਸਮੁੱਚੀ ਕੌਮ ਲਈ ਸਰਬ ਸਾਂਝੇ ਹੋਣ ਦਾ ਪ੍ਰਭਾਵ ਦਿਓਗੇ। ਸਾਨੂੰ ਆਪ ਤੋਂ ਇਹ ਵੀ ਪੂਰੀ ਉਮੀਦ ਹੈ ਕਿ ਆਪ ਇਸ ਮਹਾਨ ਤਖ਼ਤ ਦੇ ਸੇਵਾਦਾਰ ਹੁੰਦੇ ਹੋਏ ਇਸ ਦੀ ਆਨ ਤੇ ਸ਼ਾਨ ਦੀ ਕਾਇਮੀ ਲਈ ਕਿਸੇ ਵੀ ਵਾਦ-ਵਿਵਾਦ ਵਿਚ ਪੈਣ ਤੋਂ ਗੁਰੇਜ਼ ਕਰੋਗੇ।

12 ਅਪਰੈਲ ਦੀ ਧਾਰਮਿਕ ਸਟੇਜ 'ਤੇ ਜੋ ਕੁਝ ਉੱਥੇ ਜਿਸ ਤਰ੍ਹਾਂ ਆਪ ਦੀ ਮੌਜੂਦਗੀ ਵਿਚ ਚਾਲਾਂ ਚੱਲਣ ਦਾ ਯਤਨ ਕੀਤਾ ਗਿਆ ਉਸ ਤੋਂ ਭਾਵੁਕ ਹੋ ਕੇ ਅਤੇ ਉਸ ਤੇ ਰੋਸ ਵਜੋਂ ਮੈਂ ਆਪ ਨੂੰ ਕੋਰੇ ਕਾਗਜ਼ 'ਤੇ ਦਸਤਖ਼ਤ ਕਰ ਕੇ ਦਿੱਤੇ, ਪਰ ਆਪ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਤੇ ਭਰੀ ਸੰਗਤ ਵਿਚ ਮੇਰੀ ਇਸ ਗੱਲ ਨੂੰ ਨਾ-ਮਨਜ਼ੂਰ ਕਰ ਦਿੱਤਾ ਤੇ ਮੇਰੇ ਦਸਤਖ਼ਤਾਂ ਵਾਲੇ ਕਾਗਜ਼ ਨੂੰ ਸਟੇਜ 'ਤੇ ਹੀ ਸੁੱਟ ਦਿੱਤਾ ਸੀ। ਆਪ ਨੇ ਪਹਿਲਾਂ ਵੀ ਵਾਰ-ਵਾਰ ਅਤੇ

14 ਅਪਰੈਲ 1994 ਦੇ ਲਿਖਤੀ ਬਿਆਨ ਵਿਚ ਕਿਹਾ ਹੈ ਕਿ ਆਪ ਨੇ ਅਕਾਲੀ ਆਗੂਆਂ ਤੋਂ ਕਦੀ ਵੀ ਅਸਤੀਫ਼ੇ ਨਹੀਂ ਮੰਗੇ ਬਲਕਿ ਸਪੱਸ਼ਟ ਕੀਤਾ ਹੈ ਕਿ ਆਪ ਤਾਂ ਹੀ ਇਸ ਮਾਮਲੇ ਉਤੇ ਵਿਚਾਰ ਕਰੋਗੇ "ਜੇ ਅਕਾਲੀ ਆਗੂ ਆਪਣੇ ਏਕਤਾ ਮਸਲੇ ਵਿਚ ਮੇਰਾ ਫੈਸਲਾ ਚਾਹੁੰਦੇ ਹਨ।" ਆਪ ਜੀ ਦੇ ਇਸ ਸਪੱਸ਼ਟ ਬਿਆਨ ਦੀ ਰੌਸ਼ਨੀ ਵਿਚ ਮੈਂ ਆਪਣਾ ਅਸਤੀਫ਼ਾ ਇਸ ਪੱਤਰ ਨਾਲ ਨੱਥੀ ਨਹੀਂ ਕਰ ਰਿਹਾ। ਇਸ ਪੱਤਰ ਵਿਚ ਦਰਜ ਭਾਵਨਾਵਾਂ ਦੇ ਮੱਦੇਨਜ਼ਰ ਅਸੀਂ ਆਪ ਜੀ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਇਸ ਮਸਲੇ ਵਿਚ ਦਖ਼ਲ ਦੇਣ ਦੀ ਖੇਚਲ ਨਾ ਕਰ ਕੇ ਪੰਥਕ ਸੰਘਰਸ਼ ਦੀ ਅਗਵਾਈ ਦਾ ਮਸਲਾ ਪੰਥ ਦੇ ਫ਼ਤਵੇ ਉਤੇ ਹੀ ਛੱਡਣ ਦੀ ਕ੍ਰਿਪਾਲਤਾ ਕਰੋ ਜੀ।"

ਗੁਰੂ ਪੰਥ ਦਾ ਦਾਸ,
ਪਰਕਾਸ਼ ਸਿੰਘ ਬਾਦਲ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ

18 ਅਪਰੈਲ 1994 ਦੇ ਦਿਨ ਪੰਜਾਬ ਦੇ ਤਿੰਨ ਸਾਬਕ ਐਡਵੋਕੇਟ ਜਨਰਲਜ਼ (ਅਜੀਤ ਸਿੰਘ ਸਰਹੱਦੀ, ਹਰਚਰਨ ਸਿੰਘ ਮੱਤੇਵਾਲ, ਗੁਰਦਰਸ਼ਨ ਸਿੰਘ ਗਰੇਵਾਲ) ਨੇ (ਪ੍ਰੋ:) ਮਨਜੀਤ ਸਿੰਘ ਨੂੰ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਪਿਛਲੇ ਦਿਨੀਂ ਦਿੱਤੇ ਫ਼ੈਸਲੇ ਨੂੰ ਮੱਦੇ-ਨਜ਼ਰ ਰੱਖੇ ਤੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਨਾ ਬਣਾਵੇ, ਕਿਉਂਕਿ ਸੁਪਰੀਮ ਕੋਰਟ ਦੇ ਫ਼ੈਸਲੇ ਮੁਜਬ ਇੰਞ ਬਣੀ ਪਾਰਟੀ ਚੋਣਾਂ 'ਚ ਹਿੱਸਾ ਨਹੀਂ ਲੈ ਸਕੇਗੀ। ਇਸੇ ਦਿਨ ਸੁਰਿੰਦਰ ਸਿੰਘ ਨਾਂ ਦੇ ਇਕ ਬੰਦੇ ਨੇ ਅਜਨਾਲਾ ਦੇ ਐਡੀਸ਼ਨਲ ਜ਼ਿਲਾ ਜੱਜ ਦੀ ਅਦਾਲਤ ਵਿਚ ਇਸ ਪਟੀਸ਼ਨ ਦਾਇਰ ਕੀਤੀ, ਜਿਸ ਵਿਚ (ਪ੍ਰੋ:) ਮਨਜੀਤ ਸਿੰਘ ਨੂੰ ਸਿਆਸਤ ਵਿਚ ਦਖ਼ਲ ਦੇਣ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ। ਅਦਾਲਤ ਨੇ (ਪ੍ਰੋ:) ਮਨਜੀਤ ਸਿੰਘ ਨੂੰ 3 ਮਈ ਨੂੰ ਅਦਾਲਤ ਵਿਚ ਹਾਜ਼ਿਰ ਹੋਣ ਵਾਸਤੇ ਸੰਮਨ ਜਾਰੀ ਕਰ ਦਿੱਤੇ। ਸੁਰਿੰਦਰ ਸਿੰਘ ਦੀ ਇਸ ਹਰਕਤ ਦੀ ਕਈ ਪਾਸਿਓਂ ਭਰਪੂਰ ਨਿੰਦਾ ਹੋਈ, ਜਿਸ ਤੇ ਉਸ ਨੇ ਆਪਣੀ ਪਟੀਸ਼ਨ 26 ਅਪਰੈਲ ਨੂੰ ਵਾਪਿਸ ਲੈ ਲਈ।

21 ਅਪਰੈਲ ਨੂੰ ਬਾਦਲ ਨੇ ਆਪਣੇ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਇਕ ਪੰਜ ਮੈਂਬਰੀ ਪ੍ਰੀਜ਼ੀਡੀਅਮ ਬਣਾ ਦਿੱਤੀ। ਇਹ ਪੰਜ ਸਨ : ਕੁਲਦੀਪ ਸਿੰਘ ਵਡਾਲਾ, ਪ੍ਰਕਾਸ਼ ਸਿੰਘ ਮਜੀਠਾ, ਰਣਜੀਤ ਸਿੰਘ ਬ੍ਰਹਮਪੁਰਾ, ਗੁਰਦੇਵ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ। ਇਸ ਪ੍ਰੀਜ਼ੀਡੀਅਮ ਨੇ ਦਲ ਦੀ ਸਿਆਸੀ ਕਾਰਵਾਈ ਅਣਮਿਥੇ ਸਮੇਂ ਤੱਕ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ।

25 ਅਪਰੈਲ ਨੂੰ (ਬਾਦਲ ਧੜਾ ਛੱਡ ਕੇ) ਸਾਰੇ ਅਕਾਲੀ ਧੜਿਆਂ ਦੇ ਆਗੂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਏ। ਇਸ ਮੌਕੇ 'ਤੇ ਮੁਖ ਸੇਵਾਦਾਰ ਨੇ ਸਾਰੇ ਦੇ ਸਾਰੇ ਆਗੂਆਂ ਨੂੰ 5 ਦਿਨ ਆਪਣੀ ਰੂਹ ਦੀ ਪਾਕੀਜ਼ਗੀ ਵਾਸਤੇ ਕੀਰਤਨ ਸੁਣਨ, ਲੰਗਰ ਦੇ ਬਰਤਨ ਸਾਫ਼ ਕਰਨ, ਜੋੜੇ-ਘਰਾਂ ਵਿਚ ਜੋੜੇ ਸਾਫ਼ ਕਰਨ, ਦਰਬਾਰ ਸਾਹਿਬ ਦੀ ਪਰਿਕਰਮਾ 'ਚ ਝਾੜੂ ਦੇਣ ਦੀ ਤਨਖ਼ਾਹ ਲਾਈ। ਇਨ੍ਹਾਂ ਆਗੂਆਂ ਵਿਚੋਂ ਬਹੁਤਿਆਂ ਨੇ ਇਕ ਅੱਧ ਦਿਨ ਤਨਖ਼ਾਹ 'ਤੇ ਅਮਲ ਕਰਦਿਆਂ ਫ਼ੋਟੋਆਂ ਖਿਚਵਾਈਆਂ। ਸਿਰਫ਼ ਸਿਮਰਨਜੀਤ ਸਿੰਘ ਮਾਨ ਨੇ ਪੰਜ ਦਿਨ ਦੀ ਤਨਖ਼ਾਹ ਪੂਰੀ ਕੀਤੀ। ਅਮਰਿੰਦਰ ਸਿੰਘ ਨੇ ਕਦੇ ਵੀ ਇਸ ਤੇ ਅਮਲ ਨਾ ਕੀਤਾ।

ਨਵਾਂ ਅਕਾਲੀ ਦਲ ਬਣਾਉਣ ਦਾ ਮਾਮਲਾ ਅਜੇ ਵਿੱਚੇ ਹੀ ਲਟਕਦਾ ਰਿਹਾ, ਕਿਉਂਕਿ (ਪ੍ਰੋ:) ਮਨਜੀਤ ਸਿੰਘ ਪਰਕਾਸ਼ ਸਿੰਘ ਬਾਦਲ ਨੂੰ ਉਡੀਕ ਰਿਹਾ ਸੀ। ਉਸ ਨੇ ਬਾਦਲ ਨੂੰ 2 ਮਈ ਨੂੰ ਪੇਸ਼ ਹੋਣ ਵਾਸਤੇ ਫੇਰ ਸੰਮਨ ਭੇਜੇ (ਮਗਰੋਂ ਇਹ ਤਾਰੀਖ਼ 6 ਮਈ ਕਰ ਦਿੱਤੀ ਗਈ ਸੀ)।

ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ

2 ਮਈ 1994 ਦੇ ਦਿਨ (ਪ੍ਰੋ:) ਮਨਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਐਲਾਨ ਕਰ ਦਿੱਤਾ। ਇਸ ਅਕਾਲੀ ਦਲ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)' ਰਖਿਆ ਗਿਆ। ਇਸ ਅਕਾਲੀ ਦਲ ਦੀ ਇਕ 6 ਮੈਂਬਰੀ ਐਡ-ਹਾਕ ਕਮੇਟੀ ਬਣਾ ਦਿੱਤੀ ਗਈ। ਇਹ 6 ਸਨ: ਸਿਮਰਨਜੀਤ ਸਿੰਘ ਮਾਨ, ਜਗਦੇਵ ਸਿੰਘ ਤਲਵੰਡੀ, ਮਨਜੀਤ ਸਿੰਘ (ਭਰਾ ਭਾਈ ਅਮਰੀਕ ਸਿੰਘ), ਜਸਮੇਰ ਸਿੰਘ ਬਾਲਾ, ਅਮਰਿੰਦਰ ਸਿੰਘ, ਸੁਰਜੀਤ ਬਰਨਾਲਾ। ਸਤਵੀਂ ਥਾਂ ਪਰਕਾਸ਼ ਸਿੰਘ ਬਾਦਲ ਵਾਸਤੇ ਖ਼ਾਲੀ ਰੱਖੀ ਗਈ (ਮਗਰੋਂ ਬਾਦਲ ਦੇ ਨਾ ਆਉਣ 'ਤੇ ਸੁਖਜਿੰਦਰ ਸਿੰਘ ਨੂੰ ਸਤਵਾਂ ਮੈਂਬਰ ਪਾਇਆ ਗਿਆ)।

ਇਸ ਨਵੇਂ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ ਵੀ ਐਲਾਨਿਆ ਗਿਆ। ਇਸ ਮੈਨੀਫ਼ੈਸਟੋ ਵਿਚ ਬੁਨਿਆਦੀ ਨੁਕਤਾ ਸੀ, "ਭਾਰਤ ਅਤੇ ਸਿੱਖਾਂ ਦੀ ਕਨਫ਼ੈਡਰੇਸ਼ਨ ਕਾਇਮ ਕਰਨਾ।" ਇਸ ਦਾ ਪੈਟਰਨ ਰੂਸੀ ਸੂਬਿਆਂ ਦੇ ਆਧਾਰ ਵਾਲਾ ਸੀ। ਇਸ ਮੈਨੀਫ਼ੈਸਟੋ ਨੂੰ 'ਅੰਮ੍ਰਿਤਸਰ ਐਲਾਨਨਾਮਾ' ਅਤੇ 'ਖਾਲਸਾ ਪੰਥ ਨਾਲ ਪ੍ਰਣ ਪੱਤਰ' ਵੀ ਆਖਿਆ ਗਿਆ। ਇਸ ਦੇ ਲਫ਼ਜ਼ ਇਹ ਸਨ:

> ਸ਼੍ਰੋਮਣੀ ਪੰਥ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਆਧਾਰਿਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜੱਦੋ-ਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ, ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਹੋਂਦ ਵਿਚ ਨਹੀਂ ਆਇਆ। ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੀਆਂ ਸੰਭਾਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇਕ ਪਾਸੇ ਜੇ ਦੱਖਣ-ਪੂਰਬੀ ਏਸ਼ੀਆ ਬੇਚੈਨ ਹੈ ਤਾਂ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਨ ਲਈ ਕਦਰਾਂ-ਕੀਮਤਾਂ ਦੇ ਨਵੇਂ ਮਾਡਲ ਦੀ ਤਲਾਸ਼ ਵਿਚ ਹਨ। ਇਹ ਕੌਮਾਂ ਆਪਣੇ ਵਿਲੱਖਣ ਸਭਿਆਚਾਰ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਵੀ ਯਤਨ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ, ਸੰਬਾਦ, ਸ਼ਾਇਰਾਨਾ ਤਰਜ਼ਿ-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਪੀਲ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉਤੇ ਉਸਰੀਆਂ ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ ਕਰਨਗੀਆਂ ਜੋ ਪਿਛਲੇ ਸਮੇਂ

ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖੀ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ-ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁੱਖ ਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਾਨਫ਼ੈਡਰਲ ਵਿਧਾਨ ਰਾਹੀਂ ਨਵੇਂ ਸਿਰਿਓ ਸੰਗਠਤ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ ਖ਼ੁਸ਼ਬੂ ਵਿਸ਼ਵ ਸਭਿਆਚਾਰ ਦੇ ਬਾਗ਼ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫ਼ੈਡਰਲ ਨਵ-ਸੰਗਠਤ ਢਾਂਚਾ, ਹਿੰਦੁਸਤਾਨੀ ਹੁਕਮਰਾਨਾਂ ਵਲੋਂ ਪਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।

(ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ,
ਜਸਮੇਰ ਸਿੰਘ ਬਾਲਾ, ਸੁਰਜੀਤ ਸਿੰਘ ਬਰਨਾਲਾ, ਮਨਜੀਤ ਸਿੰਘ।)

ਖਾਲਸਾ ਪੰਥ ਨਾਲ ਪ੍ਰਣ ਪੱਤਰ :

ਅਸੀਂ ਅਕਾਲ ਤਖ਼ਤ ਸਾਹਿਬ ਜੀ ਅਤੇ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਬੈਠ ਕੇ ਪਿਛਲੇ ਦਿਨਾਂ ਤੋਂ ਆਪਸੀ ਏਕਤਾ ਦੀਆਂ ਸਿਧਾਂਤ ਆਧਾਰਤ ਵਿਚਾਰਾਂ ਕਰਨ ਉਪਰੰਤ ਇਹ ਪ੍ਰਣ ਅੱਜ ਦੇ ਇਸ ਪੰਥਕ ਇੱਕਠ ਵਿਚ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ।

ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਅਧੀਨ ਆਪਸੀ ਖਿੱਚੋਤਾਣ ਦੇ ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ।

ਸਾਡੀ ਸੋਚ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰਜ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ ਜੋ ਸਾਨੂੰ ਖਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਅਤੇ ਪ੍ਰਾਪਤ ਹੋਵੇਗਾ। ਖਾਲਸਾਈ ਰਵਾਇਤ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦੇ ਹਾਂ। ਅਸੀਂ ਹਰ ਸੰਭਵ ਯਤਨ ਕਰ ਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠੇ ਕਰ ਕੇ ਕੌਮੀ ਕਾਰਜ ਲਈ ਲੋਕਤੰਤਰੀ ਢੰਗ-ਤਰੀਕੇ ਨਾਲ ਸਦੀਵੀ ਤੌਰ 'ਤੇ ਜੂਝਦੇ ਰਹਾਂਗੇ। ਕਿਸੇ ਵੀ ਸੂਰਤ ਵਿਚ ਕੌਮ ਨਾਲ ਵਿਸ਼ਵਾਸਘਾਤ ਨਹੀਂ ਕਰਾਂਗੇ। ਇਕ ਸੇਵਕ ਦੀ ਹੈਸੀਅਤ ਵਿਚ ਵਿਚਰਾਂਗੇ।

ਗੁਰੂ ਪੰਥ ਦੇ ਦਾਸ,
ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ,
ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ,
ਗੁਰਚਰਨ ਸਿੰਘ ਟੌਹੜਾ, ਭਾਈ ਮਨਜੀਤ ਸਿੰਘ, ਸੁਰਜੀਤ ਸਿੰਘ ਬਰਨਾਲਾ।

6 ਮਈ ਨੂੰ ਬਾਦਲ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ। ਉਸ ਦੇ ਨਾਲ ਉਸ ਦੇ ਹਜ਼ਾਰਾਂ ਹਿਮਾਇਤੀ ਵੀ ਸਨ। (ਪ੍ਰੋ:) ਮਨਜੀਤ ਸਿੰਘ ਤੇ ਬਾਦਲ ਕੁਝ ਚਿਰ ਇਕੱਠੇ ਰਹੇ, ਪਰ ਇਸ ਵਿਚੋਂ ਕੁਝ ਵੀ ਨਾ ਨਿਕਲਿਆ। ਇਸ ਮੌਕੇ 'ਤੇ ਭੀੜ 'ਚੋਂ ਕਈਆਂ ਨੇ ਮਨਜੀਤ ਸਿੰਘ ਨੂੰ ਗਾਲ੍ਹਾਂ ਕੱਢੀਆਂ, ਧੱਕੇ ਮਾਰੇ ਅਤੇ ਪੱਗ ਵੀ ਲਾਹ ਦਿੱਤੀ। ਇਸ 'ਤੇ ਖ਼ੁਫ਼ੀਆ ਪੁਲਿਸ ਅਤੇ ਬਾਡੀਗਾਰਡਾਂ ਨੇ ਮਨਜੀਤ ਸਿੰਘ ਨੂੰ ਕਮਰੇ ਵਿਚ ਬੰਦ ਕਰ ਕੇ ਬਾਹਰ ਪਹਿਰਾ ਲਾ ਕੇ ਇਸ ਦੀ ਜਾਨ ਬਣਾਈ।[5] ਮੀਟਿੰਗ ਮਗਰੋਂ (ਪ੍ਰੋ:) ਮਨਜੀਤ ਸਿੰਘ

5. ਮਨਜੀਤ ਸਿੰਘ ਕੋਲ ਏਨੀ ਵੀ ਜੁਰਅਤ ਨਹੀਂ ਸੀ ਕਿ ਉਹ ਆਪਣੀ ਪੱਗ ਲਾਹੁਣ ਵਾਲਿਆਂ 'ਤੇ ਵੀ ਕੋਈ ਐਕਸ਼ਨ ਲੈ ਸਕਦਾ।

ਨੇ ਕੋਈ ਐਲਾਨ ਨਾ ਕੀਤਾ ਅਤੇ ਸਿਰਫ਼ ਏਨਾ ਹੀ ਆਖਿਆ ਕਿ (ਬਾਦਲ ਵਲੋਂ ਨਵੇਂ ਅਕਾਲੀ ਦਲ 'ਚ ਸ਼ਾਮਿਲ ਨਾ ਹੋਣ ਦੀ ਕਾਰਵਾਈ ਦਾ) "ਨਿਬੇੜਾ ਪੰਥ ਹੀ ਕਰੇਗਾ।" ਦੂਜੇ ਪਾਸੇ ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ (ਪ੍ਰੋ:) ਮਨਜੀਤ ਸਿੰਘ ਨੇ ਉਸ ਨੂੰ ਆਪਣੇ ਦਲ ਦੀ ਵੱਖਰੀ ਹੋਂਦ ਰੱਖਣ ਦੀ ਇਜਾਜ਼ਤ ਦਿੱਤੀ ਹੈ। ਉਂਞ (ਪ੍ਰੋ:) ਮਨਜੀਤ ਸਿੰਘ ਨੇ ਬਾਦਲ ਨੂੰ ਕੋਈ 'ਹੁਕਮ' ਵੀ ਨਹੀਂ ਜਾਰੀ ਕੀਤਾ।

ਇਸ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਟਕਸਾਲੀ ਵਰਕਰ ਦੋਹਾਂ ਦਲਾਂ 'ਚ ਏਕੇ ਵਾਸਤੇ ਕੋਸ਼ਿਸ਼ਾਂ ਕਰਦੇ ਰਹੇ। ਪਰ ਦੂਜੇ ਪਾਸੇ ਦੋਹਾਂ ਪਾਸਿਆਂ ਤੋਂ ਵਰਕਰ ਤੋੜਨ ਦੀਆਂ ਕਾਰਵਾਈਆਂ ਵੀ ਬ-ਦਸਤੂਰ ਚਲਦੀਆਂ ਰਹੀਆਂ। ਇਸ ਨਾਲ ਏਕਤਾ ਦੀਆਂ ਆਸਾਂ 'ਤੇ ਨਫ਼ੀ-ਅਸਰ ਪੈਂਦਾ ਸੀ। 7 ਅਕਤੂਬਰ ਦੇ ਦਿਨ ਜਥੇਦਾਰ ਟੌਹੜਾ ਨੇ ਇਸ ਹਾਲਤ ਬਾਰੇ ਇਕ ਦੇਂਦਿਆਂ ਆਖਿਆ ਕਿ "ਜੇ ਮੂਹਰਲੀ ਕਤਾਰ ਦੇ 5-6 ਅਕਾਲੀ ਆਗੂਆਂ ਨੂੰ ਪਲੇਗ ਹੋ ਜਾਏ ਤਾਂ ਸ਼ਾਇਦ ਏਕਤਾ ਹੋ ਜਾਏ।" ਇਸ ਤੋਂ ਇਹ ਸਾਫ਼ ਪਤਾ ਲਗਦਾ ਹੈ ਕਿ ਸੰਜੀਦਾ ਅਕਾਲੀ ਆਗੂ ਅਤੇ ਵਰਕਰ ਏਕਤਾ ਦੇ ਚਾਹਵਾਨ ਸਨ। ਪਰ ਦੂਜੇ ਪਾਸੇ ਕੁਝ ਆਗੂ ਏਕਤਾ ਨਹੀਂ ਸਨ ਚਾਹੁੰਦੇ। ਉਨ੍ਹਾਂ ਵਿਚ ਖ਼ੁਦਗਰਜ਼ੀ, ਹੰਕਾਰ ਤੇ ਗੱਦੀ ਦੀ ਭੁੱਖ ਬਹੁਤ ਜ਼ਿਆਦਾ ਸੀ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਨਫ਼ੀ ਰੋਲ ਬਾਦਲ ਦਾ ਸੀ। ਇੰਞ ਹੀ ਕੁਝ ਅਕਾਲੀ ਵਰਕਰਾਂ ਨੂੰ ਇਹ ਵੀ ਆਸ ਸੀ ਕਿ ਹੋ ਸਕਦਾ ਹੈ ਕਿ ਭਲਕੇ ਬਾਦਲ ਦੇ ਹੱਥ ਵਿਚ ਹਕੂਮਤ ਆ ਜਾਵੇ ਤੇ ਉਹ ਵੀ ਹਕੂਮਤ 'ਚੋਂ ਹਿੱਸਾ ਹਾਸਿਲ ਕਰ ਸਕਣ। ਅਜਿਹੇ ਅਕਾਲੀ ਵਰਕਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਛੱਡ ਕੇ ਬਾਦਲ ਵੱਲ ਰੁਖ ਕਰੀ ਬੈਠੇ ਸਨ। 16 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਉਂਕਾਰ ਸਿੰਘ ਮੱਤੇ ਨੰਗਲ ਬਾਦਲ ਧੜੇ ਵਿਚ ਸ਼ਾਮਿਲ ਹੋ ਗਿਆ। ਉਸ ਨੂੰ ਸ਼ਾਇਦ ਇਹ ਆਸ ਸੀ ਕਿ ਆਉਂਦੀਆਂ ਚੋਣਾਂ ਵਿਚ ਉਹ ਬਾਦਲ ਧੜੇ ਵੱਲੋਂ ਪ੍ਰਧਾਨਗੀ ਦਾ ਉਮੀਦਵਾਰ ਬਣ ਜਾਵੇਗਾ। ਇੰਞ ਹੀ 23 ਅਕਤੂਬਰ ਨੂੰ ਰਣਧੀਰ ਸਿੰਘ ਚੀਮਾ ਵੀ ਜਥੇਦਾਰ ਟੌਹੜਾ ਨਾਲ ਨਿੱਜੀ ਮੁਖ਼ਾਲਫ਼ਤ ਕਰ ਕੇ ਬਾਦਲ ਨਾਲ ਜਾ ਰਲਿਆ।

27 ਅਕਤੂਬਰ ਨੂੰ ਬਾਦਲ ਧੜੇ ਦੀ ਮੀਟਿੰਗ ਕੁਲਦੀਪ ਸਿੰਘ ਵਡਾਲਾ ਦੇ ਘਰ ਹੋਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਦੋਹਾਂ ਦਲਾਂ ਵਿਚ ਏਕਤਾ ਸਬੰਧੀ ਬਾਦਲ ਧੜਾ ਆਪਣੀ ਪਹਿਲੀ ਪੁਜ਼ੀਸ਼ਨ 'ਤੇ ਕਾਇਮ ਰਹੇਗਾ।

ਉਧਰ ਅਕਾਲੀ ਦਲ (ਅੰਮ੍ਰਿਤਸਰ) ਵਿਚ ਵੀ ਫ਼ੁਟ ਪੈ ਗਈ। ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਉਸ ਦਾ ਇਲਜ਼ਾਮ ਸੀ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਵਿਚ ਉਸ ਦੀ ਪਾਰਟੀ ਦੇ ਦੂਜੇ ਧੜੇ ਦੇ ਕਈ ਸੀਨੀਅਰ ਵਰਕਰਾਂ ਨੇ ਉਸ ਦੇ ਉਮੀਦਵਾਰ ਦੇ ਖ਼ਿਲਾਫ਼ ਵੋਟਾਂ ਪਾ ਕੇ ਉਸ ਨੂੰ ਹਰਾਇਆ ਸੀ। ਇਸ ਅਸਤੀਫ਼ੇ ਮਗਰੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਕਈ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਤੋਂ ਮੁਆਫ਼ੀ ਮੰਗੀ ਤੇ ਬੜੀ ਮੁਸ਼ਕਿਲ ਨਾਲ ਉਸ ਨੂੰ ਅਸਤੀਫ਼ਾ ਵਾਪਿਸ ਲੈਣ ਵਾਸਤੇ ਮਨਾਇਆ।

ਰਛਪਾਲ ਸਿੰਘ ਦਿੱਲੀ ਦਾ ਡਰਾਮਾ

ਦਿੱਲੀ ਦਾ ਰਛਪਾਲ ਸਿੰਘ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ

ਨੇ 'ਪੰਥ 'ਚੋਂ ਖ਼ਾਰਿਜ' ਕੀਤਾ ਹੋਇਆ ਸੀ, ਵੀ ਡਰਾਮਾ ਕਰਨ ਵਾਸਤੇ ਤਰਲੋ-ਮੱਛੀ ਹੋ ਰਿਹਾ ਸੀ। 11 ਮਈ 1994 ਨੂੰ (ਪ੍ਰੋ:) ਮਨਜੀਤ ਸਿੰਘ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ 'ਸਮਝੌਤਾ' ਕਰਵਾਉਣ ਵਾਸਤੇ ਦਿੱਲੀ ਪੁੱਜਾ। 15 ਮਈ ਨੂੰ ਉਸ ਨੇ ਕਮੇਟੀ ਦੇ ਕੁਝ ਮੈਂਬਰਾਂ ਨਾਲ ਗਲਬਾਤ ਕੀਤੀ। 17 ਮਈ ਨੂੰ ਰਛਪਾਲ ਸਿੰਘ ਵੀ ਉਸ ਨੂੰ ਮਿਲਿਆ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਦੀ ਖ਼ਾਹਿਸ਼ ਦਾ ਇਜ਼ਹਾਰ ਕਰਦਿਆਂ ਇਕ ਚਿੱਠੀ ਪੇਸ਼ ਕੀਤੀ। (ਪ੍ਰੋ:) ਮਨਜੀਤ ਸਿੰਘ ਨੇ ਉਸ ਨੂੰ 24 ਮਈ 1994 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਆਖਿਆ। ਜਦੋਂ ਰਛਪਾਲ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ ਤਾਂ ਉਸ ਨੂੰ 21 ਦਿਨ ਗੁਰਦੁਆਰਿਆਂ ਵਿਚ ਜੋੜੇ ਝਾੜਨ ਤੇ ਭਾਂਡੇ ਮਾਂਜਣ ਦੀ ਤਨਖ਼ਾਹ ਲਾਈ ਗਈ। ਰਛਪਾਲ ਸਿੰਘ ਨੂੰ ਲਾਈ ਗਈ 'ਨਵੀਂ' ਤਨਖ਼ਾਹ ਇੰਞ ਸੀ :

ਰਛਪਾਲ ਸਿੰਘ,

1. ਤੁਸੀਂ ਆਪਣਾ ਧੜਾ, ਜਿਸਦੇ ਨਾਲ ਮਿਲ ਕੇ ਤੁਸੀਂ ਪੰਥ ਵਿਰੋਧੀ ਅਤੇ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ ਦੇ ਵਿਰੁੱਧ ਕਾਰਵਾਈਆਂ ਕਰਦੇ ਰਹੇ ਹੋ, ਉਸਨੂੰ ਬਿਨਾਂ ਦੇਰੀ ਤੋਂ ਭੰਗ ਕਰ ਕੇ ਪੰਥਕ ਮੁਖਧਾਰਾ ਵਿਚ ਸ਼ਾਮਿਲ ਹੋਇਆ ਜਾਵੇ।
2. ਅੱਜ ਤੋਂ ਬਾਅਦ ਕੋਈ ਵੀ ਐਸੀ ਰਾਜਸੀ ਜਾਂ ਹੋਰ ਸਰਗਰਮੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਹੀਂ ਕਰਨੀ, ਜਿਸ ਨਾਲ ਗੁਰੂ ਪੰਥ ਨੂੰ ਨਮੋਸ਼ੀ ਅਥਵਾ ਅਪਮਾਨ ਦਾ ਸਾਹਮਣਾ ਕਰਨਾ ਪਵੇ।
3. ਬਾਕੀ ਰਹਿੰਦੀ ਜ਼ਿੰਦਗੀ ਮਨ ਬਚਨ, ਕਰਮ ਕਰ ਕੇ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦਾ ਸੇਵਕ ਬਣ ਕੇ ਸੇਵਾ ਨਿਭਾਉਣੀ ਹੋਵੇਗੀ।
4. ਪਿਛਲੀਆਂ ਭੁੱਲਾਂ ਦੀ ਪਸ਼ਚਾਤਾਪ ਭਾਵਨਾ ਵਜੋਂ ਰੋਜ਼ਾਨਾ ਇਕ ਘੰਟਾ ਇਕ ਹਫ਼ਤੇ ਲਈ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੁਣਨਾ ਹੋਵੇਗਾ।
5. ਰੋਜ਼ਾਨਾ ਇਕ ਘੰਟਾ ਇਕ ਹਫ਼ਤੇ ਲਈ ਜੋੜੇ ਝਾੜਨ ਦੀ ਸੇਵਾ ਕਰਨੀ।
6. ਰੋਜ਼ਾਨਾ ਇਕ ਘੰਟਾ ਇਕ ਹਫ਼ਤੇ ਲਈ ਗੁਰੂ ਕੇ ਲੰਗਰ ਵਿਚ ਭਾਂਡੇ ਮਾਂਜਣ ਦੀ ਸੇਵਾ ਕਰਨੀ।
7. ਉਪਰੋਕਤ ਸਾਰੀ ਸੇਵਾ ਦੋ ਹਫ਼ਤੇ ਲਈ ਦਿੱਲੀ ਦੇ ਦੋ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਨਿਭਾਉਣੀ।
8. ਇਹ ਸਾਰੀ ਸੇਵਾ ਸਮਾਪਤ ਹੋਣ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਵਾਉਣ।
9. ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਖਿਮਾ-ਜਾਚਨਾ ਅਤੇ ਭਵਿੱਖ ਵਿਚ ਗੁਰੂ ਦਾ ਨਿਰਮਲ ਭੈਅ ਅਤੇ ਬਿਬੇਕ ਬੁੱਧੀ ਦੀ ਪ੍ਰਾਪਤੀ ਲਈ ਸੰਗਤ ਵਿਚ 1100/- ਰੁਪਏ ਦੀ ਦੇਗ ਸਹਿਤ ਹਾਜ਼ਿਰ ਹੋ ਕੇ ਅਰਦਾਸ ਕਰਵਾਨੀ।

ਰਛਪਾਲ ਸਿੰਘ ਨੇ ਉਸ ਵੇਲੇ 'ਤਨਖ਼ਾਹ' ਪੂਰੀ ਕਰਨ ਦਾ ਪ੍ਰਣ ਕੀਤਾ। ਉਸ ਨੇ 5 ਦਿਨ ਇਸ 'ਤੇ ਅਮਲ ਕੀਤਾ, ਪਰ ਦਿੱਲੀ ਦਰਬਾਰ ਦੀ ਹਿਦਾਇਤ 'ਤੇ ਪਹਿਲੀ ਜੂਨ ਨੂੰ ਬਗ਼ਾਵਤ ਕਰਨ ਦਾ ਐਲਾਨ ਕਰ ਦਿੱਤਾ। ਉਸ ਨੇ (ਪ੍ਰੋ:) ਮਨਜੀਤ ਸਿੰਘ ਨੂੰ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦਾ ਇਕ ਮੁਲਾਜ਼ਮ ਹੈ ਤੇ ਉਸ ਦਾ ਹੁਕਮਨਾਮਾ ਇਕ 'ਫ਼ਰਾਡ' ਹੈ। ਇਸ 'ਤੇ (ਪ੍ਰੋ:) ਮਨਜੀਤ ਸਿੰਘ ਨੇ 2 ਜੂਨ 1994 ਨੂੰ ਰਛਪਾਲ ਸਿੰਘ ਨੂੰ ਪੰਥ 'ਚੋਂ

ਖ਼ਾਰਿਜ ਕਰਨ ਦਾ 'ਹੁਕਮਨਾਮਾ' ਜਾਰੀ ਕਰ ਦਿੱਤਾ। ਪਰ ਮਨਜੀਤ ਸਿੰਘ ਨੇ ਇਸ ਨੂੰ 'ਹੁਕਮਨਾਮਾ' ਦੀ ਥਾਂ 'ਪੰਥ ਦੇ ਨਾਂ ਸੰਦੇਸ਼' (ਪੈਗ਼ਾਮ) ਆਖਿਆ :

ਸਮੁੱਚੇ ਸਿੱਖ ਪੰਥ ਦੇ ਨਾਮ ਸੰਦੇਸ਼

ਰਛਪਾਲ ਸਿੰਘ ਨਾਮ ਦਾ ਵਿਅਕਤੀ ਮਿਤੀ 14 ਫ਼ਰਵਰੀ 1987 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਸਿੱਖ ਪੰਥ ਵਿਚੋਂ ਖ਼ਾਰਿਜ ਕੀਤਾ ਗਿਆ ਸੀ। ਪੰਥ ਵਿਚੋਂ ਖ਼ਾਰਿਜ ਕਰਨ ਦਾ ਕਾਰਨ ਹੇਠ ਲਿਖਿਆ ਸੀ :

1. ਆਪਣੇ ਧੜੇ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਨਾ ਦੇ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਉਲੰਘਣ ਦਾ ਦੋਸ਼ੀ ਹੈ।
2. ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚਤਾ ਤੇ ਅਧਿਕਾਰ ਘਟਾਉਣ[6] ਅਤੇ ਸਿੰਘ ਸਾਹਿਬਾਨ ਦੀ ਮਾਨ-ਹਾਨੀ ਕਰਨ ਦਾ ਦੋਸ਼ੀ ਹੈ।
3. ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ 'ਤੇ ਇਨਕਾਰੀ ਹੋ ਕੇ ਹੁਕਮ ਉਲੰਘਣ ਦਾ ਦੋਸ਼ੀ ਹੈ। ਆਪਣੇ ਧੜੇ ਦੀ ਹੋਂਦ ਤੇ ਪ੍ਰਧਾਨਗੀ ਕਾਇਮ ਰੱਖ ਕੇ ਦਿੱਲੀ ਸਰਕਾਰ ਦੀ ਖ਼ੁਸ਼ਨੂਦੀ ਲੈਣ ਲਈ ਸਿੱਖਾਂ ਵਿਚ ਫੁੱਟ ਤੇ ਦੁਫੇੜ ਪਾਉਣ ਦਾ ਘੋਰ ਅਪਰਾਧ ਕਮਾ ਰਿਹਾ ਹੈ ਅਤੇ ਗੁਰੂ ਪੰਥ ਤੋਂ ਬੇਮੁੱਖ ਹੋ ਚੁੱਕਾ ਹੈ।

ਸੱਤ ਸਾਲ ਤੋਂ ਪਿੱਛੋਂ ਇਸ ਨੇ ਆਪਣੇ ਆਪ ਨੂੰ ਸਿੱਖ ਪੰਥ ਵਿਚ ਸ਼ਾਮਿਲ ਕਰਨ ਲਈ ਮਿਤੀ 10 ਮਈ ਨੂੰ ਬੇਨਤੀ-ਪੱਤਰ ਲਿਖਿਆ ਸੀ, ਜਿਸ ਵਿਚ ਇਸਨੇ ਲਿਖਿਆ ਸੀ ਕਿ ਮੈਂ ਸਿੰਘ ਸਾਹਿਬਾਨ ਦੇ ਹਰ ਹੁਕਮ ਦਾ ਪਾਲਣਾ ਕਰਾਂਗਾ।

ਰਛਪਾਲ ਸਿੰਘ ਦੇ ਇਸ ਬੇਨਤੀ-ਪੱਤਰ ਨੂੰ ਧਿਆਨ ਵਿਚ ਰੱਖਦਿਆਂ ਪੰਜ ਸਿੰਘ ਸਾਹਿਬਾਨ ਨੇ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ। ਇਸ ਦੀਆਂ ਪਿਛਲੀਆਂ ਪੰਥ ਵਿਰੋਧੀ ਸਰਗਰਮੀਆਂ ਬਾਰੇ ਸਪੱਸ਼ਟੀਕਰਨ ਲਿਆ ਗਿਆ। ਇਸ ਪਿੱਛੋਂ ਇਸ ਕੋਲੋਂ ਪੁੱਛਿਆ ਗਿਆ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਜੋ ਵੀ ਹੁਕਮ ਲਾਇਆ ਗਿਆ, ਉਹ ਪ੍ਰਵਾਨ ਕਰੋਗੇ ਤਾਂ ਇਸ ਨੇ ਪ੍ਰਵਾਨ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਚਨਬਧਤਾ ਪ੍ਰਗਟਾਈ। ਇਸ ਉਪਰੰਤ ਸਿੰਘ ਸਾਹਿਬਾਨ ਨੇ ਜਿਤਨੀ ਕੁ ਬੁੱਧੀ ਗੁਰੂ ਨੇ ਬਖ਼ਸ਼ਿਸ਼ ਕੀਤੀ, ਗੁਰੂ ਭੈ ਵਿਚ ਰਹਿੰਦਿਆਂ **ਸਰਬ-ਸੰਮਤੀ ਨਾਲ ਫ਼ੈਸਲਾ**[7] ਲਿਆ, ਜਿਹੜਾ ਰਛਪਾਲ ਸਿੰਘ ਨੇ ਅਕਾਲ ਤਖ਼ਤ ਸਾਹਿਬ ਵਿਖੇ ਜੁੜ ਬੈਠੀ ਸੰਗਤ ਦੀ ਹਾਜ਼ਰੀ ਵਿਚ ਪ੍ਰਵਾਨ ਕੀਤਾ।

ਪਿਛਲੇ ਦਿਨੀਂ ਪੰਜ ਦਿਨ ਦਿੱਲੀ ਵਿਖੇ ਇਸ ਵਿਅਕਤੀ ਨੇ ਇਸ ਆਦੇਸ਼ ਦੀ ਪਾਲਣਾ ਬਿਨਾਂ ਹੀਲ-ਹੁਜਤ ਦੇ ਕੀਤੀ। ਪਰ ਉਸ ਪਿੱਛੋਂ ਇਸ ਦੀ ਬੁੱਧੀ ਦੇ ਭ੍ਰਿਸ਼ਟ ਹੋ ਜਾਣ ਕਾਰਨ, ਇਹ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਸਾਹਿਬ ਅਤੇ ਗੁਰੂ ਸੰਗਤ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਤੋਂ ਬੇਮੁਖ ਹੋ ਗਿਆ।

ਗੁਰੂ ਸਵਾਰੇ ਖਾਲਸਾ ਜੀਓ!

ਇਹ ਵਿਅਕਤੀ ਪਹਿਲਾਂ ਵੀ ਪੰਥ ਵਿਰੋਧੀ ਸਰਗਰਮੀਆਂ ਕਾਰਨ ਸਿੱਖ ਸੰਗਤਾਂ ਵਿਚ ਬਦਨਾਮ ਸੀ। ਸਿੰਘ ਸਾਹਿਬਾਨ ਨੇ ਫਿਰ ਵੀ ਗੁਰੂ ਹੁਕਮ ਕਿ 'ਗੁਰੂ ਸ਼ਰਣ ਆਏ ਨੂੰ ਬਖ਼ਸ਼ਣ ਸਮੇਂ ਹੱਠ ਨਹੀਂ ਕਰਨਾ' ਦੀ ਪਾਲਣਾ ਕਰਦਿਆਂ ਇਸ ਦੇ ਪਿਛਲੇ ਕੁਕਰਮਾਂ ਅਤੇ ਉਸ ਸਮੇਂ ਦੇ ਸਿੰਘ ਸਾਹਿਬਾਨ ਵੱਲੋਂ ਲਏ ਫ਼ੈਸਲਿਆਂ ਨੂੰ ਧਿਆਨ ਵਿਚ ਰੱਖਦਿਆਂ ਇਹ ਆਦੇਸ਼ ਜਾਰੀ ਕੀਤਾ ਸੀ, ਜਿਸ ਨੂੰ ਨਾ ਮੰਨ ਕੇ ਇਹ ਵਿਅਕਤੀ ਗੁਰੂ ਅਤੇ ਪੰਥ ਵੱਲੋਂ ਫਿਟਕਾਰਿਆ ਗਿਆ ਹੈ।

---

6. ਇਹ ਲਫ਼ਜ਼ ਬੇਮਾਅਨਾ ਸੀ।
7. ਕੀ ਕਦੇ ਕੋਈ 'ਫ਼ੈਸਲਾ' ਬਿਨਾਂ ਸਰਬ-ਸੰਮਤੀ ਤੋਂ ਵੀ ਲਿਆ ਗਿਆ ਸੀ ? ਕੀ 'ਫ਼ੈਸਲਾ' ਤੇ 'ਗੁਰਮਤਾ' ਵੱਖਰੇ ਹਨ ?

ਗੁਰੂ ਹੁਕਮ ਹੈ :

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ, ਨ ਦੇਈ ਮਿਲਣ ਕਰਤਾਰੇ॥
ਸਤਸੰਗਤਿ ਢੋਈ ਨਾ ਲਹਨਿ, ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ, ਤਿਸੁ ਮਾਰੇ ਜਮੁ ਜੰਦਾਰੇ॥

(ਗਉੜੀ ਮ: ੪)

ਸੋ ਗੁਰੂ ਹੁਕਮ ਅਨੁਸਾਰ ਸਮੁੱਚੀ ਸਿੱਖ ਸੰਗਤ ਪ੍ਰਤੀ ਇਹ ਸੰਦੇਸ਼ ਹੈ ਕਿ ਇਸ ਗੁਰੂ ਫਿਟਕੇ ਬੇਮੁੱਖ ਵਿਅਕਤੀ ਨੂੰ ਮੂੰਹ ਨਾ ਲਾਉਣ। ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸਿੱਖ ਜਥੇਬੰਦੀਆਂ ਇਸ ਨੂੰ ਕਿਸੇ ਵੀ ਧਾਰਮਿਕ ਜਾਂ ਪੰਥਕ ਸਰਗਰਮੀ ਵਿਚ ਕਿਸੇ ਵੀ ਅਸਥਾਨ 'ਤੇ ਸ਼ਾਮਿਲ ਨਾ ਹੋਣ ਦੇਣ। ਪਹਿਲੇ ਸਿੰਘ ਸਾਹਿਬਾਨ ਦੇ ਫ਼ੈਸਲੇ ਨੂੰ ਬਰਕਰਾਰ ਰੱਖਦਿਆਂ ਇਸ ਦੀ ਹਰ ਪੰਥਕ ਸਟੇਜ ਤੋਂ ਨਿਖੇਧੀ ਕਰ ਕੇ ਸਖ਼ਤੀ ਨਾਲ ਛੇਕ ਦਿੱਤਾ ਜਾਵੇ। ਇਸ ਨਾਲ ਹਰ ਤਰ੍ਹਾਂ ਦੀ ਰੋਟੀ-ਬੇਟੀ ਦੀ ਸਾਂਝ ਤੋੜ ਦਿੱਤੀ ਜਾਵੇ। ਇਸ ਵਿਅਕਤੀ ਦੇ ਨਾਲ ਦੇ ਕੁਝ ਕੁ ਸੰਸਾਰਕ ਬਿਰਤੀਆਂ ਵਾਲੇ ਟੁਕੜਬੋਚ ਗੁਰੂ ਦੋਖੀਆਂ ਨੂੰ ਵੀ ਚੇਤਾਵਨੀ ਹੈ ਕਿ ਉਹ ਆਪਣੀਆਂ ਪੰਥ ਵਿਰੋਧੀ ਬਿਆਨਬਾਜ਼ੀਆਂ ਅਤੇ ਸਰਗਰਮੀਆਂ ਤੋਂ ਬਾਜ਼ ਆ ਜਾਣ, ਨਹੀਂ ਤਾਂ ਗੁਰੂ ਪੰਥ ਦੀ ਕਰੋਪੀ ਤੋਂ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਣਗੇ।

—2 ਜੂਨ 1994

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਪਹਿਲਾਂ

25 ਨਵੰਬਰ 1994 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ਸਾਲਾਨਾ ਚੋਣ ਹੋਣੀ ਸੀ। ਬਾਦਲ ਨੇ ਐਲਾਨ ਕੀਤਾ ਸੀ ਕਿ ਉਹ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਕਾਬਲੇ 'ਤੇ ਆਪਣੇ ਉਮੀਦਵਾਰ ਖੜੇ ਕਰਕੇ ਚੋਣਾਂ ਜਿਤਣਗੇ। 31 ਅਕਤੂਬਰ ਨੂੰ ਅਕਾਲੀ ਦਲ (ਅੰਮ੍ਰਿਤਸਰ) ਨੇ ਗੁਰਚਰਨ ਸਿੰਘ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਾਸਤੇ ਆਪਣਾ ਉਮੀਦਵਾਰ ਐਲਾਨ ਕਰ ਦਿੱਤਾ। 6 ਨਵੰਬਰ ਨੂੰ ਬਾਦਲ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਧੜਾ ਪ੍ਰਧਾਨਗੀ ਚੋਣ 'ਚ ਆਪਣਾ ਉਮੀਦਵਾਰ ਖੜ੍ਹਾ ਕਰੇਗਾ, ਪਰ ਜੇ ਜਥੇਦਾਰ ਟੌਹੜਾ ਚੋਣ ਨਾ ਲੜੇ ਤਾਂ ਅਸੀਂ ਮੁਕਾਬਲਾ ਨਹੀਂ ਕਰਾਂਗੇ। 8 ਨਵੰਬਰ ਨੂੰ ਬਾਦਲ ਨੇ ਫੇਰ ਐਲਾਨ ਕੀਤਾ ਕਿ ਮੈਂ ਜਥੇਦਾਰ ਟੌਹੜਾ ਨੂੰ ਲਾਹੁਣ ਦੀ ਪੱਕੀ ਧਾਰੀ ਹੋਈ ਹੈ। ਇਸੇ ਦਿਨ ਜਥੇਦਾਰ ਟੌਹੜਾ ਨੇ ਆਖਿਆ ਕਿ ਜੇ ਬਾਦਲ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਭੁੱਲ ਬਖ਼ਸ਼ਵਾ ਲਵੇ ਤਾਂ ਮੈਂ ਪ੍ਰਧਾਨਗੀ ਚੋਣ ਤੋਂ ਪੱਕਾ ਲਾਂਭੇ ਹੋ ਜਾਵਾਂਗਾ। ਇਸੇ ਦਿਨ ਬਰਨਾਲਾ, ਤਲਵੰਡੀ ਤੇ ਜਸਮੇਰ ਸਿੰਘ ਬਾਲਾ ਨੇ ਵੀ ਬਾਦਲ ਦੇ ਖ਼ਿਲਾਫ਼ ਬਿਆਨ ਦਿੱਤੇ।

ਮਨਜੀਤ ਸਿੰਘ ਵੱਲੋਂ ਬਾਦਲ ਨੂੰ ਇਕ ਹੋਰ ਖ਼ਤ

10 ਨਵੰਬਰ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਨੇ ਬਾਦਲ ਨੂੰ ਇਕ ਹੋਰ ਖ਼ਤ ਲਿਖ ਕੇ ਰਾਜ-ਹਠ ਛੱਡਣ ਤੇ ਤਖ਼ਤ ਸਾਹਿਬ ਤੋਂ ਭਗੌੜੇ ਨਾ ਹੋਣ ਵਾਸਤੇ ਲਿਖਿਆ। ਇਹ ਚਿੱਠੀ ਇੰਞ ਸੀ :

ਪਿਆਰੇ ਸ: ਪਰਕਾਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਪਿਛਲੇ ਦਿਨੀਂ ਮੈਂ ਤੁਹਾਨੂੰ ਸਾਰੇ ਅਕਾਲੀ ਸੱਜਣਾਂ ਨੂੰ ਸੰਬੋਧਿਤ ਹੁੰਦਿਆਂ ਇਕ ਪੱਤਰ ਲਿਖਿਆ ਸੀ, ਜਿਸ ਰਾਹੀਂ ਆਪਸ ਵਿਚ ਸਿਰ ਤੋੜਨ ਦੀ ਬਜਾਏ ਸਿਰ ਜੋੜਨ ਦੀ ਗੱਲ ਆਖੀ ਸੀ, ਕਿਉਂਕਿ ਸਿੱਖ ਸੰਗਤਾਂ ਦੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੀ ਇਹ ਅੰਦਰੂਨੀ ਤੜਪ ਹੈ। ਮੈਂ ਸਮਝਦਾ ਹਾਂ ਕਿ ਇਹ ਆਪਣੇ ਆਪ ਵਿਚ ਵੱਡੀ ਨਮੋਸ਼ੀ ਦੀ ਗੱਲ ਹੈ ਕਿ ਦੋ ਢਾਈ ਕਰੋੜ ਦੀ ਇਹ ਕੌਮ ਲੰਬੇ ਅਰਸੇ ਦੇ ਖ਼ੂਨੀ ਸੰਘਰਸ਼ ਅਤੇ ਬਹੁਤ ਸਾਰਾ ਕੁਝ ਲੁਟਾਉਣ ਮਗਰੋਂ ਏਕਤਾ ਲਿਆਉਣ ਵਿਚ ਸਫਲ ਨਹੀਂ ਹੋਈ। ਉਹੀ ਪੁਰਾਣੀ ਲੀਡਰਸ਼ਿਪ ਅੱਜ ਫਿਰ ਆਪਣੇ ਆਪ ਨੂੰ ਪੰਥ ਦੇ ਰਹਿਨੁਮਾ ਕਹਾ ਰਹੇ ਹਨ, ਜਿਨ੍ਹਾਂ ਨੂੰ ਕੌਮ ਵੇਲਾ ਵਿਹਾ ਚੁੱਕੀ ਗਰਦਾਨ ਚੁੱਕੀ ਸੀ। ਹਾਲਾਤ ਵੱਸ ਹੋ ਕੇ ਕੌਮ ਨੇ ਤੁਹਾਨੂੰ ਸਾਰਿਆਂ ਨੂੰ ਫਿਰ ਗੱਲ ਨਾਲ ਲਾ ਲਿਆ, ਪਰ ਤੁਸੀਂ ਦੋਬਾਰਾ ਆਪਣਾ ਖ਼ੁਦਗ਼ਰਜ਼ੀ ਅਤੇ ਹਉਮੈ ਭਰਿਆ ਕਰੂਪ ਚਿਹਰਾ ਦਿਖਾਉਣ ਤੋਂ ਬਾਜ਼ ਨਹੀਂ ਆ ਰਹੇ। ਜਿਸ ਦਾ ਪ੍ਰਤੱਖ ਪ੍ਰਮਾਣ ਫ਼ਤਹਿਗੜ੍ਹ ਸਾਹਿਬ ਵਿਖੇ ਵਾਪਰੀ ਘਿਨਾਉਣੀ ਘਟਨਾ ਹੈ।

ਮੇਰਾ ਤੁਹਾਨੂੰ ਸਾਰਿਆਂ ਨੂੰ ਆਵਾਜ਼ ਮਾਰਨ ਦਾ ਇੱਕੋ ਹੀ ਮਕਸਦ ਸੀ, ਕੌਮ ਦੀਆਂ ਸੁਚੀਆਂ ਭਾਵਨਾਵਾਂ ਅਤੇ ਕੁਰਬਾਨੀਆਂ ਜਿਨ੍ਹਾਂ ਨੂੰ ਤੁਸੀਂ ਸਦਾ ਆਪਣੀ ਕੁਰਸੀ ਪ੍ਰਾਪਤੀ ਲਈ ਵਰਤਿਆ, ਦਾ ਕਰਜ਼ਾ ਉਤਾਰਨ ਲਈ ਤੁਸੀਂ ਸੇਵਕਾਂ ਵਾਲੀ ਬਿਰਤੀ ਦੇ ਧਾਰਨੀ ਬਣੋ ਅਤੇ ਕੁਰਸੀਆਂ ਦੀ ਥੋੜ-ਚਿਰੀ ਖ਼ੁਸ਼ੀ ਨੂੰ ਮਾਨਣ ਵਾਸਤੇ ਇਕ ਦੂਜੇ ਨੂੰ ਪਛਾੜਨ ਵਾਲੀ ਮਨਮੁਖੀ ਬਿਰਤੀ ਨੂੰ ਤਿਆਗੋ। ਐਸਾ ਕਰਨ ਵਿਚ ਕਿਸੇ ਪ੍ਰਕਾਰ ਦੀ ਵੀ ਦੇਰੀ ਤੁਹਾਡੇ ਸਾਰਿਆਂ ਲਈ ਆਤਮਘਾਤੀ ਸਿੱਧ ਹੋਵੇਗੀ। ਪਰ ਮੈਨੂੰ ਲੱਗਦਾ ਹੈ ਕਿ ਮੇਰੀ ਪੰਥ ਦੀਆਂ ਭਾਵਨਾਵਾਂ ਦੀ ਕੀਤੀ ਤਰਜਮਾਨੀ ਨੇ ਤੁਹਾਡੀ ਰੂਹ ਨੂੰ ਨਹੀਂ ਝੰਜੋੜਿਆ, ਬਲਕਿ ਇਸ ਨੂੰ ਮੇਰੀ ਸਿਆਸਤ ਵਿਚ ਬੇਲੋੜੀ ਦਖ਼ਲ-ਅੰਦਾਜ਼ੀ ਕਹਿ ਕੇ ਨਕਾਰਿਆ ਜਾ ਰਿਹਾ ਹੈ। ਮੈਂ ਨਹੀਂ ਸਮਝਦਾ ਕਿ ਮੈਨੂੰ ਬਾਰ-ਬਾਰ ਇਹ ਕਹਿਣ ਦੀ ਲੋੜ ਹੈ ਕਿ ਇਸ ਤਖ਼ਤ ਦੇ ਸੇਵਾਦਾਰ ਦੀ ਕਿਸੇ ਵਿਅਕਤੀ, ਧੜੇ ਜਾਂ ਜਮਾਤ ਦੇ ਭੈਅ ਜਾਂ ਲਾਲਚ ਅਧੀਨ ਕੀਤੀ ਕੋਈ ਵੀ ਕਾਰਵਾਈ ਗੁਰੂ ਗ੍ਰੰਥ ਅਤੇ ਗੁਰੂ ਪੰਥ ਤੋਂ ਬੇਮੁਖ ਹੋਣਾ ਹੈ। ਪੰਥ ਦਰਦੀਆਂ ਦੀ ਰਾਏ ਅਨੁਸਾਰ ਅਤੇ ਕੌਮੀ ਚੇਤਨਾ ਵਿਚ ਇਤਨਾ ਨਿਘਾਰ ਨਹੀਂ ਆਇਆ ਕਿ ਤੁਹਾਡੀ ਅਕਾਲੀ ਸਿਆਸਤ ਦੀ ਬਦਦਿਆਨਤੀ ਦੇ ਮੁੱਦੇ ਨਜ਼ਰ ਪੰਥਕ ਰਾਜਨੀਤੀ ਨੂੰ ਅਕਾਲ ਤਖ਼ਤ ਸਾਹਿਬ ਦੀ ਅਧਿਆਤਮਕਤਾ ਨਾਲੋਂ ਨਿਖੇੜ ਕੇ ਦੇਖਿਆ ਜਾ ਸਕੇ, ਬਲਕਿ ਸਿੱਖ ਪੰਥ ਇਸ ਪ੍ਰਤੀ ਹੋਰ ਜਾਗਰੂਕ ਹੋ ਰਿਹਾ ਹੈ।

ਇਹ ਗੱਲ ਸੰਤੁਸ਼ਟੀ ਭਰੀ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਤੁਹਾਡੇ ਚੈਲਿੰਜ ਨੂੰ ਪ੍ਰਵਾਨ ਕਰਨ ਦੇ ਬਾਵਜੂਦ ਆਪਣੇ-ਆਪ ਨੂੰ ਪਿਛਲੀ ਕਤਾਰ ਵਿਚ ਖੜੇ ਕੇ ਸੇਵਾ ਕਰਨ ਲਈ ਪੇਸ਼ ਕੀਤਾ ਹੈ।[8] ਤੁਹਾਡੇ ਕੋਲੋਂ ਅਕਾਲ ਤਖ਼ਤ ਰਾਹੀਂ ਗੁਰੂ ਪੰਥ ਦੇ ਸਨਮੁੱਖ ਹੋਣ ਦੀ ਮੰਗ ਕੀਤੀ ਹੈ। ਕੀ ਤੁਹਾਨੂੰ ਅਜੇ ਵੀ ਇਸ ਪੇਸ਼ਕਸ਼ ਦੀ ਰੌਸ਼ਨੀ ਵਿਚ ਆਪਣਾ ਰਾਜ ਹੱਠ ਛੱਡਣ ਵਿਚ ਝਿਜਕ ਹੈ ? ਯਾਦ ਰੱਖਿਓ! ਹੋਣੀ ਬਾਰ ਬਾਰ ਦਸਤਕ ਨਹੀਂ ਦਿੰਦੀ। ਜਦੋਂ ਇਸ ਦੀ ਆਵਾਜ਼ ਅਣਸੁਣੀ ਕੀਤੀ ਜਾਵੇ ਤਾਂ ਇਹ ਅਣਹੋਣੀ ਬਣ ਕੇ ਭਿਆਨਕ ਨਤੀਜਿਆਂ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਖ਼ੁਸ਼ਫ਼ਹਿਮੀਆਂ ਮਨੁੱਖੀ ਨੂੰ ਆਪਣੀ ਹਉਮੈ ਦੇ ਖੋਲ ਵਿੱਚੋਂ ਬਾਹਰ ਨਹੀਂ ਆਉਣ ਦਿੰਦੀਆਂ ਅਤੇ ਬਾਹਰ ਆਉਣ ਤੋਂ ਬਿਨਾਂ ਸਮੇਂ ਦਾ ਸੱਚ ਪ੍ਰਗਟ ਨਹੀਂ ਹੁੰਦਾ। ਜ਼ਖ਼ਮੀ ਕੌਮੀ ਮਾਨਸਿਕਤਾ ਦੀ ਚੱਕੀ ਵਿਚ ਜਿਹੜਾ ਵੀ ਇਸ ਵੇਲੇ ਨਪੀੜਿਆ ਗਿਆ, ਉਸ ਕੋਲੋਂ ਮੁੜ ਕੇ ਸੰਭਲ ਨਹੀਂ ਹੋਣਾ। **ਜਿਸ ਅਕਾਲ ਤਖ਼ਤ ਤੋਂ ਭਗੌੜੇ ਹੋਣ ਦਾ ਧੱਬਾ ਤੁਹਾਡੇ**

---

8. ਇਹ ਮਨਜੀਤ ਸਿੰਘ ਵੱਲੋਂ ਟੌਹੜਾ ਦੀ ਖ਼ਾਲਸ ਚਾਪਲੂਸੀ ਸੀ।

'ਤੇ ਲੱਗ ਰਿਹਾ ਹੈ, ਉਸ ਤਖ਼ਤ ਦਾ ਮੁਖ ਸੇਵਾਦਾਰ ਤੁਹਾਨੂੰ ਚਿਤਾਵਨੀ ਦੇ ਰੂਪ ਵਿਚ ਕਹਿ ਰਿਹਾ ਹੈ।[9] ਫ਼ੈਸਲਾ ਤੁਹਾਡੇ ਹੱਥ 'ਚ ਹੈ।

ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਜੋਦੜੀ ਸਹਿਤ

ਗ਼ੁਲਾਮ ਗੁਰੂ ਦਾ,
ਮਨਜੀਤ ਸਿੰਘ

ਮਨਜੀਤ ਸਿੰਘ ਦੀ ਚਿੱਠੀ ਦੀ ਬਾਵਜੂਦ 12 ਨਵੰਬਰ ਨੂੰ ਬਾਦਲ ਨੇ ਐਲਾਨ ਕਰ ਦਿੱਤਾ ਕਿ ਉਸ ਦੇ ਧੜੇ ਵੱਲੋਂ ਪ੍ਰੇਮ ਸਿੰਘ ਲਾਲਪੁਰਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਉਮੀਦਵਾਰ ਹੋਵੇਗਾ। 14 ਨਵੰਬਰ ਨੂੰ ਬਾਦਲ ਨੇ ਫੇਰ ਦੁਹਰਾਇਆ ਕਿ "ਏਕਤਾ ਅਸੂਲੀ 'ਤੇ ਆਧਾਰਿਤ ਅਤੇ ਦਿਲਾਂ 'ਚੋਂ ਪੈਦਾ ਹੋਣੀ ਚਾਹੀਦੀ ਹੈ।" 15 ਨਵੰਬਰ ਨੂੰ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੇ ਦੋਹਾਂ ਉਮੀਦਵਾਰ (ਜਥੇਦਾਰ ਟੌਹੜਾ ਅਤੇ ਲਾਲਪੁਰਾ) ਤੋਂ ਮੰਗ ਕੀਤੀ ਕਿ ਉਹ ਆਜ਼ਾਦ ਸਿੱਖ ਰਾਜ ਬਾਰੇ ਆਪਣੇ ਵਿਚਾਰ ਪੇਸ਼ ਕਰਨ। 18 ਨਵੰਬਰ ਨੂੰ ਜਥੇਦਾਰ ਟੌਹੜਾ ਨੇ ਕਿਹਾ ਕਿ ਜੇ ਬਾਦਲ ਅਕਾਲ ਤਖ਼ਤ ਸਾਹਿਬ ਤੋਂ ਕਲੀਨ ਚਿਟ ਲੈ ਲਵੇ ਤਾਂ ਮੈਂ ਪ੍ਰਧਾਨ ਨਹੀਂ ਬਣਾਂਗਾ।

ਮਨਜੀਤ ਸਿੰਘ ਵੱਲੋਂ ਇਕ ਹੋਰ ਚਿੱਠੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ 25 ਨਵੰਬਰ ਨੂੰ ਹੋਣੀ ਸੀ। ਇਸ ਤੋਂ ਦੋ ਦਿਨ ਪਹਿਲਾਂ 23 ਨਵੰਬਰ ਨੂੰ ਮਨਜੀਤ ਸਿੰਘ (ਐਕਟਿੰਗ ਮੁੱਖ ਸੇਵਾਦਾਰ, ਅਕਾਲ ਤਖ਼ਤ ਸਾਹਿਬ) ਨੇ ਅਕਾਲੀਆਂ ਨੂੰ ਇਕ ਹੋਰ ਚਿੱਠੀ ਲਿਖੀ। ਇਸ ਚਿੱਠੀ ਵਿਚ ਮਨਜੀਤ ਸਿੰਘ ਨੇ ਅਕਾਲੀ ਦਲਾਂ ਵਿਚ ਫ਼ੁੱਟ ਪਾਉਣ ਦੇ ਚਾਹਵਾਨਾਂ ਨੂੰ ਵੀ ਵਾਰਨਿੰਗ ਦਿੱਤੀ ਅਤੇ ਨਾਲ ਹੀ ਬਾਦਲ ਨੂੰ ਕੌਮ ਭਾਵਨਾਵਾਂ ਤੋਂ ਪਿੱਠ ਨਾ ਮੋੜਨ ਵਾਸਤੇ ਵੀ ਆਖਿਆ। ਇਸ ਚਿੱਠੀ ਦੇ ਲਫ਼ਜ਼ ਇੰਞ ਸਨ:

ਪਿਆਰੇ ਅਕਾਲੀ ਸਜਣੋਂ,

ਵਾਹਿਗੂਰੂ ਜੀ ਕਾ ਖਾਲਸਾ॥
ਵਾਹਿਗੂਰੂ ਜੀ ਕੀ ਫ਼ਤਹਿ॥

ਪਿਛਲੇ ਕੁਝ ਅਰਸੇ ਤੋਂ ਅਕਾਲੀ ਏਕਤਾ ਦੀ ਚਰਚਾ ਅਤੇ ਸਰਗਰਮੀ ਹੁਣ ਅਤਿ ਨਾਜ਼ੁਕ ਸਥਿਤੀ ਵਿਚ ਨਜ਼ਰ ਆ ਰਹੀ ਹੈ। ਇਸ ਸਬੰਧੀ ਮੇਰੀਆਂ ਅੰਤਰ ਪੀੜਾਂ ਵਿੱਚੋਂ ਨਿਕਲੀਆਂ ਗੱਲਾਂ ਉਨ੍ਹਾਂ ਨੂੰ ਹੀ ਬੇਲੋੜੀਆਂ, ਆਪਾ ਵਿਰੋਧੀ ਜਾਂ ਪੱਖਪਾਤੀ ਲੱਗ ਸਕਦੀਆਂ ਹਨ, ਜਿਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਅਧਿਆਤਮਕ, ਨੈਤਿਕ, ਸਮਾਜਿਕ ਅਤੇ ਰਾਜਨੀਤਕ ਪ੍ਰਸੰਗ ਦਾ ਪਤਾ ਨਹੀਂ ਹੈ। ਗੁਰੂ ਖਾਲਸਾ ਪੰਥ ਨੂੰ ਸਿਆਸੀ ਗ਼ਰਜ਼ਾਂ ਦਾ ਕੋਈ ਬੰਧਨ ਨਹੀਂ ਹੈ। ਇਸੇ ਲਈ ਮੈਂ ਵੀ ਕਿਸੇ ਖ਼ੁਦਗ਼ਰਜ਼ੀ ਭਰੀ ਸਿਆਸੀ ਖੇਡ ਵਿਚ ਹਿੱਸੇਦਾਰ ਨਹੀਂ ਹਾਂ। ਜਦ ਕਿ ਮੈਨੂੰ ਸ਼ਰਾਰਤਪੂਰਨ ਢੰਗ ਨਾਲ ਉੱਥੇ ਖੜ੍ਹਾਉਣ ਦਾ ਕੋਝਾ ਯਤਨ ਨਿਰੰਤਰ ਜਾਰੀ ਹੈ। ਕੁਝ ਕੁ ਅਖੌਤੀ ਵਿਦਵਾਨਾਂ ਅਤੇ ਰਾਜਨੀਤਕਾਂ ਵੱਲੋਂ ਇਸ ਬੇਬੁਨਿਆਦੀ ਅਤੇ ਅਨੈਤਿਕ ਪੇਸ਼ਕਾਰੀ ਕਰ ਕੇ ਤਮਾਸ਼ਬੀਨ ਦੀ ਹੱਦ ਤਕ ਸੁਆਦ ਲਿਆ ਜਾ ਰਿਹਾ ਹੈ। ਕੌਮ ਦੀ ਚੜ੍ਹਦੀ ਕਲਾ ਅਤੇ ਸਿਰ ਜੋੜ ਕੇ ਸਰਬਤ ਦਾ ਭਲਾ ਲੋਚਣ ਵਾਲੀਆਂ ਜ਼ਖ਼ਮੀ ਰੂਹਾਂ ਨਾਲ ਕੀਤਾ ਜਾ ਰਿਹਾ ਇਹ ਕਪਟ,

---

9. ਕੀ 31 ਦਿਸੰਬਰ 1998 ਨੂੰ ਰਣਜੀਤ ਸਿੰਘ ਨੇ ਵੀ ਅਜਿਹਾ ਹੀ ਨਹੀਂ ਸੀ ਕੀਤਾ? ਉਦੋਂ ਮਨਜੀਤ ਸਿੰਘ ਨੇ ਰਣਜੀਤ ਸਿੰਘ ਨੂੰ ਗ਼ਲਤ ਕਿਹਾ ਸੀ।

ਘੋਰ ਅਨਿਆਂ ਅਤੇ ਆਤਮਿਕ ਮਲੀਨਤਾ ਦਾ ਪ੍ਰਤੀਕ ਹੈ। ਗੁਰੂ ਪੰਥ ਨੂੰ ਮੈਂ ਇਸ ਬਾਰੇ ਚੇਤੰਨ ਕਰਨਾ ਚਾਹੁੰਦਾ ਹਾਂ। ਇਸ ਦੇ ਲਈ ਅਗਵਾਈ ਜਾਂ ਸਲਾਹ ਮੈਂ ਉਪਰੋਕਤ ਕਿਸਮ ਦੇ ਬੰਦਿਆਂ ਕੋਲੋਂ ਨਹੀਂ, ਸਗੋਂ ਗੁਰੂ ਪੰਥ ਸਾਹਿਬ ਕੋਲੋਂ ਅਤੇ ਕੌਮੀ ਭਾਵਨਾਵਾਂ ਵਿੱਚੋਂ ਲੈਣੀ ਹੈ। ਸਿੱਖ ਸਿਆਸਤਦਾਨ ਸਿੱਖ ਪੰਥ ਦਾ ਹਿੱਸਾ ਹਨ, ਪਰ ਉਨ੍ਹਾਂ ਵਿੱਚੋਂ ਵੰਡੀਆਂ ਪਾਉਣ ਵਾਲਿਆਂ ਨੂੰ ਖਾਲਸਾ ਪੰਥ ਦਾ ਹਿੱਸਾ ਨਹੀਂ ਗਿਣਿਆ ਜਾ ਸਕਦਾ। ਇਸੇ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਮੈਂ ਤੁਹਾਡੇ ਨਾਂ ਲਿਖੀ ਪਹਿਲੀ ਚਿੱਠੀ ਰਾਹੀਂ ਮੈਂ ਏਕਤਾ ਦੇ ਰਾਹ ਵਿਚ ਰੋੜਾ ਬਣਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਸੀ। ਇਨ੍ਹਾਂ ਚਿੱਠੀਆਂ ਦੇ ਲਿਖਣ ਦਾ ਪਿਛੋਕੜ ਸਮਾਂ ਆਉਣ 'ਤੇ[10] ਸੰਗਤਾਂ ਦੇ ਸਾਹਮਣੇ ਸਪੱਸ਼ਟ ਕਰਾਂਗਾ। ਇਸ ਪੱਤਰ ਰਾਹੀਂ ਮੈਂ ਇਕ ਵਾਰ ਫਿਰ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਨੂੰ ਅਕਾਲੀ ਰਾਜਨੀਤੀ ਦੀ ਅੰਦਰੂਨੀ ਰੂਪ-ਰੇਖਾ ਜਾਂ ਇਸ ਨਾਲ ਸੰਬੰਧਿਤ ਵਿਅਕਤੀਆਂ ਦੇ ਅੱਗੇ ਪਿੱਛੇ ਹੋਣ ਨਾਲ ਕੋਈ ਲਗਾਉ ਨਹੀਂ। ਹਾਂ! 'ਅਕਾਲੀ' ਅਤੇ 'ਪੰਥ' ਸ਼ਬਦ ਵਰਤ ਕੇ ਅਧਰਮੀ ਸਿਆਸਤ ਰਾਹੀਂ ਸੰਗਤਾਂ ਨੂੰ ਦੁਖੀ ਅਤੇ ਅਪਮਾਨਿਤ ਕੀਤੇ ਜਾਣ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਕੀਮਤ ਕੁਝ ਵੀ ਅਦਾ ਕੀਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਅਤੇ ਹੋਰ ਚੋਣਾਂ ਜੰਮ ਜੰਮ ਲੜੋ, ਪਰ ਚੋਣਾਂ ਦੇ ਨਾਮ 'ਤੇ ਲਾਹੀਆਂ ਜਾ ਰਹੀਆਂ ਪੱਗਾਂ ਨੂੰ ਮੈਂ ਮੂਕ ਦਰਸ਼ਕ ਵਜੋਂ ਨਹੀਂ ਵੇਖ ਸਕਦਾ। ਐਸਾ ਤਾਂ ਕੇਵਲ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀਆਂ ਭਾਵਨਾਵਾਂ ਤੋਂ ਬੇਮੁੱਖ ਹੋ ਕੇ ਹੀ ਸੰਭਵ ਹੈ। ਮੈਂ ਇਸ ਪੱਤਰ ਰਾਹੀਂ ਸਮੁੱਚੀ ਕੌਮ ਨੂੰ ਵੀ ਅਤਿ ਅਧੀਨਗੀ ਸਹਿਤ ਇਹ ਸੱਦਾ ਦੇਣਾ ਚਾਹੁੰਦਾ ਹਾਂ ਕਿ ਸੰਗਤਾਂ ਸਿੱਖ ਕਹਾਉਣ ਵਾਲੇ ਸਿਆਸਤਦਾਨਾਂ ਨੂੰ ਐਸੀਆਂ ਬਦਦਿਆਨਤੀਆਂ ਤੋਂ ਹਟਾ ਕੇ ਇਕ ਥਾਂ 'ਤੇ ਇਕੱਠੇ ਹੋਣ ਲਈ ਮਜਬੂਰ ਕਰਨ। ਇਕੱਠੇ ਹੋਣ ਵਾਸਤੇ ਗੁਰੂ ਜੁਗਤ ਵਿਚ ਵਿਧੀ ਕੋਈ ਵੀ ਅਪਨਾਈ ਜਾ ਸਕਦੀ ਹੈ। ਇਸ ਸ਼ੁਭ ਅਮਲ ਨੂੰ ਰੋਕਣ ਵਾਲੇ ਗੁਰੂ ਪੰਥ ਦੀਆਂ ਨਿਗਾਹਾਂ ਵਿਚ ਕਸੂਰਵਾਰ ਹਨ। ਖਾਲਸਾ ਪੰਥ ਦੇ ਮਾਨ ਸਨਮਾਨ ਦੇ ਜ਼ਾਮਨ **ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਦਾ ਮੁੱਖ ਸੇਵਾਦਾਰ**[11] ਹੋਣ ਦੇ ਨਾਤੇ ਮੈਂ ਸਿੱਖ ਸਿਆਸਤਦਾਨਾਂ ਨੂੰ ਉਨ੍ਹਾਂ ਦੀਆਂ ਪੰਥ ਪ੍ਰਤੀ ਨੈਤਿਕ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ, ਜੋ ਕਿ ਮੇਰੇ ਮੁੱਖ ਫ਼ਰਜ਼ਾਂ ਵਿੱਚੋਂ ਇਕ ਹੈ। ਕੌਮ ਦੀ ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਦੀ ਥਾਂ ਭਰਾ-ਮਾਰੂ ਬਿਰਤੀ ਅਕਾਲੀ ਸਿਆਸਤ ਦਾ ਹਿੱਸਾ ਹੋ ਗਈ ਹੈ। ਇਸ ਦੀ ਆਗਿਆ ਸਿੱਖ ਕਹਾਉਣ ਵਾਲਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਅਕਾਲ ਤਖ਼ਤ ਸਾਹਿਬ ਦੇ ਹਾਜ਼ਿਰ ਖੜ੍ਹੇ ਹੋ ਕੇ ਇਸ ਦਾ ਅਤੇ ਇਸ ਦੇ **ਜਥੇਦਾਰ ਦਾ**[12] ਸਤਿਕਾਰ ਕਰਨ, ਪਰ ਨਾਲ ਹੀ ਅਕਾਲ ਤਖ਼ਤ ਅਤੇ ਇਸ ਦੇ ਸੇਵਾਦਾਰਾਂ ਖ਼ਿਲਾਫ਼ ਮੁਹਿੰਮ ਚਲਾਉਣ ਦੇ ਸਿਆਸੀ ਕਪਟ ਨੂੰ ਨੰਗਾ ਕਰਨ ਦਾ ਸਮਾਂ ਵੀ ਆ ਗਿਆ ਹੈ। ਮੈਂ ਕਿਸੇ ਵੀ ਸਿੱਖ ਨੂੰ ਜ਼ਲੀਲ ਹੁੰਦਾ ਨਹੀਂ ਦੇਖਣਾ ਚਾਹੁੰਦਾ, ਨਾ ਹੀ ਮੈਂ ਕਿਸੇ ਨੂੰ ਭੈ ਅਧੀਨ ਕਰ ਕੇ ਆਪਣੀ ਈਨ ਮਨਵਾਉਣੀ ਜਾਂ ਅਪਮਾਨਿਤ ਕਰਨਾ ਚਾਹੁੰਦਾ ਹਾਂ। ਐਸਾ ਕਰਨਾ ਹੁੰਦਾ ਤਾਂ ਛੇ ਕੁ ਮਹੀਨੇ ਪਹਿਲੇ ਅਕਾਲੀ ਏਕਤਾ ਸਬੰਧੀ ਆਰੰਭੇ ਯਤਨਾਂ ਸਮੇਂ ਹੀ ਕਰ ਦਿੰਦਾ। ਹੁਣ ਵੀ ਮੈਂ ਕੇਵਲ ਤੁਹਾਡੀ ਆਪਸੀ ਖਹਿਬਾਜ਼ੀ ਵਿੱਚੋਂ ਨਿਕਲੀ ਨਮੋਸ਼ੀ ਅਤੇ ਅਪਮਾਨ ਤੋਂ ਹੀ ਤੁਹਾਨੂੰ ਉਪਰ ਉਠਾਉਣਾ ਲੋਚਦਾ ਹਾਂ। ਭਾਵੇਂ ਐਸਾ ਕਰਦਿਆਂ ਮੈਨੂੰ ਖ਼ੁਦ ਨੂੰ ਪੰਥ ਦੋਖੀਆਂ, ਕੁਝ ਕਪਟੀ ਅਤੇ ਖ਼ੁਦਗਰਜ਼ ਸਿਆਸੀਆਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਰ ਮੈਂ ਇਸ ਪੱਖੋਂ ਸੁਚੇਤ ਹਾਂ ਕਿ ਐਸੇ ਹਾਲਾਤਾਂ ਵਿਚ ਤਾਂ **ਮਹਾਂਪੁਰਖ** ਕਹੇ ਜਾਣ ਵਾਲਿਆਂ ਨੂੰ ਵੀ ਦੁਨਿਆਵੀ ਨਿੰਦਿਆ, ਬੋਲ-ਕੁਬੋਲਾਂ ਅਤੇ ਹਰ ਤਰ੍ਹਾਂ ਦੀ ਦੁਸ਼ਵਾਰੀ ਦਾ ਸਾਹਮਣਾ ਕਰਨਾ ਪੈਂਦਾ ਰਿਹਾ

10. ਉਹ ਸਮਾਂ ਅੱਜ ਦਸ ਸਾਲ ਮਗਰੋਂ ਵੀ ਨਹੀਂ ਆਇਆ।
11. ਉਹ ਆਪਣੇ ਆਪ ਨੂੰ ਦੋਹਾਂ ਦਾ ਮੁਖ ਸੇਵਾਦਾਰ (ਐਕਟਿੰਗ ਵੀ ਨਹੀਂ) ਲਿਖ ਰਿਹਾ ਹੈ।
12. 'ਅਖੌਤੀ ਜਥੇਦਾਰ ਦਾ ਸਤਿਕਾਰ' ਕਿਹੜੀ ਸਿੱਖ ਮਰਿਆਦਾ ਹੈ ਤੇ ਕੀ ਇਹ ਸਤਿਕਾਰ ਉਸ ਦੀ ਸ਼ਖ਼ਸੀਅਤ ਦਾ ਹੈ ? ਜੇ ਨਹੀਂ ਤਾਂ ਮੁਖ ਸੇਵਾਦਾਰ ਨੂੰ ਅਕਾਲ ਤਖ਼ਤ ਤੋਂ ਵੱਖਰਾ ਦੱਸਣ ਦੀ ਕੀ ਲੋੜ ਸੀ ?

ਹੈ। ਸੰਸਾਰ ਇਵੇਂ ਹੀ ਆਪਣੇ ਚਾਲੇ ਚਲਦਾ ਆਇਆ ਹੈ। ਗੁਰੂ ਦੇ ਤਖ਼ਤ ਦੇ ਸੇਵਾਦਾਰਾਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਸਮੇਂ ਸਮੇਂ 'ਤੇ ਸਿੱਖਾਂ ਨੂੰ ਹਰ ਪੱਖੋਂ ਆਪਣੀਆਂ ਮਨੁੱਖੀ ਬਿਰਤੀਆਂ ਨੂੰ ਬੇਲਗਾਮ ਹੋਣ ਤੋਂ ਬਚਾਉਣ ਦੀ ਸਿੱਖਿਆ ਤੇ ਅਗਵਾਈ ਦਿੱਤੀ ਹੈ। ਨਾਲ ਹੀ ਮਨਮੁੱਖੀ ਖ਼ੁਦਗ਼ਰਜ਼ ਬਿਰਤੀਆਂ ਵਿੱਚੋਂ ਨਿਕਲਣ ਵਾਲੇ ਭਿਆਨਕ ਨਤੀਜਿਆਂ ਪ੍ਰਤੀ ਚਿਤਾਵਨੀ ਵੀ ਦਿੱਤੀ ਹੈ। ਇੱਥੇ ਇਤਿਹਾਸਕ ਪ੍ਰਸੰਗ ਵਿਚ ਇਕ ਵਾਰ ਫਿਰ ਆਪਣੇ ਫ਼ਰਜ਼ ਦੀ ਪੂਰਤ ਕਰਦਾ ਹੋਇਆ ਪੰਥਕ ਸਿਆਸਤ ਤੋਂ ਥਿੜਕੇ ਸਿੱਖ ਸਿਆਸਤਦਾਨਾਂ ਨੂੰ ਕੌਮ ਦੀਆਂ ਭਾਵਨਾਵਾਂ ਅੱਗੇ ਸਿਰ ਝੁਕਾਉਣ ਲਈ ਆਪਸੀ ਸਹਿਮਤੀ ਵਾਸਤੇ ਇਕੱਠੇ ਹੋਣ ਲਈ ਸੁਚੇਤ ਕਰਦਾ ਹਾਂ। ਗੁਰੂ ਦੇ ਤਖ਼ਤ ਦੇ ਸੇਵਾਦਾਰ ਦੀ ਇਸ ਚੇਤਾਵਨੀ ਨੂੰ ਨਜ਼ਰ ਅੰਦਾਜ਼ ਕਰਨ ਦਾ ਮਤਲਬ ਕੌਮ ਦੀਆਂ ਭਾਵਨਾਵਾਂ ਵੱਲੋਂ ਪਿੱਠ ਮੋੜਨਾ ਹੋਵੇਗਾ, ਜਿਸ ਵਿੱਚੋਂ ਪੈਦਾ ਹੋਣ ਵਾਲੀ ਬਦਸੂਰਤੀ ਦੇ ਤੁਸੀਂ ਆਪ ਜ਼ਿੰਮੇਵਾਰ ਹੋਵੋਗੇ। ਗੁਰੂ ਰਾਖਾ।

ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਜੋਦੜੀ ਸਹਿਤ

ਗ਼ੁਲਾਮ ਗੁਰੂ ਦਾ,
ਮਨਜੀਤ ਸਿੰਘ

ਬਾਦਲ ਦੇ ਉਮੀਦਵਾਰ ਦੀ ਨਮੋਸ਼ੀ ਭਰੀ ਹਾਰ

ਮਨਜੀਤ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਨਾਂ ਹੇਠ ਅਕਾਲੀਆਂ ਨੂੰ (ਦਰਅਸਲ ਬਾਦਲ ਨੂੰ) ਲਿਖੀ ਚਿੱਠੀ ਦੇ ਬਾਵਜੂਦ ਬਾਦਲ ਨੇ ਲਾਲਪੁਰਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਾਸਤੇ ਖੜਾ ਕਰ ਦਿੱਤਾ। 25 ਨਵੰਬਰ ਦੇ ਦਿਨ ਚੋਣ ਵਿਚ ਹਿੱਸਾ ਲੈਣ ਵਾਸਤੇ ਜਥੇਦਾਰ ਟੌਹੜਾ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਇਕ ਬੱਸ ਵਿਚ (ਨੰਬਰ ਪੀ.ਬੀ. 02 ਸੀ 1855) ਬੈਠਾ ਕੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਪੁੱਜੇ। ਇਸ ਚੋਣ ਵਿਚ ਲਾਲਪੁਰਾ ਸਿਰਫ਼ 28 ਵੋਟਾਂ ਹੀ ਹਾਸਿਲ ਕਰ ਸਕਿਆ। ਜਥੇਦਾਰ ਟੌਹੜਾ ਨੇ 66 ਵੋਟਾਂ ਲੈ ਕੇ 20ਵੀਂ ਵਾਰੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹਾਸਿਲ ਕਰ ਲਈ। ਬਾਦਲ ਦੀ ਇਸ ਹਾਰ ਨੇ ਇਕ ਵਾਰ ਤਾਂ ਉਸ ਦਾ ਮਾਣ ਤੋੜ ਦਿੱਤਾ।

'ਏਕਤਾ' ਦੀ ਫੇਰ ਕੋਸ਼ਿਸ਼

ਮਨਜੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਚੋਣ ਮਗਰੋਂ ਸਿੱਖ 'ਬੁੱਧੀਜੀਵੀਆਂ' ਦਾ ਇਕ ਇਕੱਠ 10 ਦਿਸੰਬਰ ਨੂੰ ਬੁਲਾ ਲਿਆ। 6 ਘੰਟੇ ਚੱਲੀ ਇਹ ਮੀਟਿੰਗ ਕਿਸੇ ਸਿੱਟੇ 'ਤੇ ਨਾ ਪੁਜ ਸਕੀ। ਅਗਲੇ ਦਿਨ 11 ਦਿਸੰਬਰ ਨੂੰ ਮਨਜੀਤ ਸਿੰਘ ਨੇ ਏਕਤਾ ਕੋਸ਼ਿਸ਼ਾਂ ਵਾਸਤੇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ। ਇਹ ਪੰਜ ਸਨ : ਮੇਜਰ ਜਨਰਲ ਨਰਿੰਦਰ ਸਿੰਘ, ਅਸ਼ੋਕ ਸਿੰਘ ਬਾਗੜੀਆਂ, ਡਾ. ਦਰਸ਼ਨ ਸਿੰਘ ਚੰਡੀਗੜ੍ਹ, ਅਮਰ ਸਿੰਘ ਅੰਬਾਲਵੀ, ਡਾ. ਕੇਹਰ ਸਿੰਘ ਪਟਿਆਲਾ। ਇਸ ਏਕਤਾ ਕਮੇਟੀ ਦੀ ਬਾਦਲ ਨਾਲ 30 ਦਿਸੰਬਰ ਨੂੰ ਮੀਟਿੰਗ ਹੋਈ, ਜਿਸ ਵਿਚ ਬਾਦਲ ਨੇ ਫੇਰ ਆਪਣਾ ਪਹਿਲਾਂ ਸਟੈਂਡ ਦੋਹਰਾਇਆ।

ਇਸ ਪੰਜ ਮੈਂਬਰੀ ਏਕਤਾ ਕਮੇਟੀ ਦੀ 'ਰਿਪੋਰਟ' ਦੇ ਆਧਾਰ ਨੇ ਮਨਜੀਤ ਸਿੰਘ ਨੇ ਬਾਦਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਭ ਆਗੂ 10 ਜਨਵਰੀ 1995 ਨੂੰ ਤਲਬ ਕਰ ਲਏ। ਉਸ ਨੇ 8 ਜਨਵਰੀ ਨੂੰ ਇਕ ਸਾਂਝੀ 11 ਮੈਂਬਰੀ ਕਮੇਟੀ ਬਣਾਉਣ

ਦੀ ਤਜਵੀਜ਼ ਵੀ ਰੱਖੀ। 11 ਜਨਵਰੀ ਨੂੰ ਮਨਜੀਤ ਸਿੰਘ ਵੱਲੋਂ ਬੁਲਾਏ 8 ਵਿੱਚੋਂ 7 ਆਗੂ ਅਤੇ 7 ਹੋਰ ਸੀਨੀਅਰ ਅਕਾਲੀ ਆਗੂ ਅੰਮ੍ਰਿਤਸਰ ਪੁੱਜੇ (ਇਨ੍ਹਾਂ ਵਿੱਚੋਂ 7 ਬਾਦਲ ਧੜੇ ਦੇ ਸਨ) ਤੇ ਉਨ੍ਹਾਂ 14 ਨੇ ਅਕਾਲ ਤਖ਼ਤ ਸਾਹਿਬ 'ਤੇ ਮੀਟਿੰਗ ਕੀਤੀ। ਉਨ੍ਹਾਂ ਇਸ ਮੀਟਿੰਗ ਵਿਚ "ਇਕ ਦੂਜੇ ਦੇ ਖ਼ਿਲਾਫ਼ ਲਫ਼ਜ਼ੀ ਜੰਗ ਬੰਦ ਕਰਨ ਦਾ ਪ੍ਰਣ ਕੀਤਾ।" ਇਹ 14 ਆਗੂ ਇਹ ਸਨ : ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਬਰਨਾਲਾ, ਭਾਈ ਮਨਜੀਤ ਸਿੰਘ, ਜਥੇਦਾਰ ਤਲਵੰਡੀ, ਸੁਖਜਿੰਦਰ ਸਿੰਘ, ਜਸਮੇਰ ਸਿੰਘ ਬਾਲਾ, ਕੁਲਦੀਪ ਸਿੰਘ ਵਡਾਲਾ, ਗੁਰਦੇਵ ਸਿੰਘ ਬਾਦਲ, ਪ੍ਰਕਾਸ਼ ਸਿੰਘ ਮਜੀਠਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਤੇ ਰਣਜੀਤ ਸਿੰਘ ਬ੍ਰਹਮਪੁਰਾ।

ਬਾਦਲ ਵੱਲੋਂ ਫੇਰ ਅੜੀ

ਆਪਸ ਵਿਚ ਲਫ਼ਜ਼ੀ ਜੰਗ ਬੰਦ ਕਰਨ ਦਾ ਪ੍ਰਣ ਕਰਨ ਦੇ ਬਾਵਜੂਦ 20 ਜਨਵਰੀ ਨੂੰ ਬਾਦਲ ਨੇ 'ਅੰਮ੍ਰਿਤਸਰ ਐਲਾਨਨਾਮਾ' ਰੱਦ ਕਰਨ ਬਾਰੇ ਬਿਆਨ ਦਿੱਤਾ ਤੇ ਨਾਲ ਹੀ ਇਕ 6 ਮੈਂਬਰੀ ਕਮੇਟੀ ਵੀ ਬਣਾਈ, ਜੋ ਏਕਤਾ ਦੀਆਂ ਗੱਲਾਂ ਚਲਣ ਦੀ ਸੂਰਤ ਵਿਚ ਵਿਚਾਰਾਂ ਕਰੇਗੀ। ਇਹ 6 ਮੈਂਬਰ ਸਨ : ਪ੍ਰਕਾਸ਼ ਸਿੰਘ ਮਜੀਠਾ, ਕੁਲਦੀਪ ਸਿੰਘ ਵਡਾਲਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਗੁਰਦੇਵ ਸਿੰਘ ਬਾਦਲ, ਰਣਜੀਤ ਬ੍ਰਹਮਪੁਰਾ।

7 ਮੈਂਬਰੀ ਏਕਤਾ ਕਮੇਟੀ

23 ਜਨਵਰੀ 1995 ਨੂੰ ਮਨਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਵੱਲੋਂ 'ਏਕਤਾ' ਵਾਸਤੇ ਇਕ 7 ਮੈਂਬਰੀ ਕਮੇਟੀ ਬਣਾ ਦਿੱਤੀ। ਇਹ ਸਤ ਮੈਂਬਰ ਸਨ : ਅਸ਼ੋਕ ਸਿੰਘ ਬਾਗੜੀਆ, ਕੁਲਦੀਪ ਸਿੰਘ ਵਡਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਸੁਰਜੀਤ ਬਰਨਾਲਾ, ਭਾਈ ਮਨਜੀਤ ਸਿੰਘ। 5 ਫ਼ਰਵਰੀ ਨੂੰ ਇਸ 'ਏਕਤਾ ਕਮੇਟੀ' ਦੀ ਮੀਟਿੰਗ ਹੋਈ, ਪਰ ਇਹ ਕਿਸੇ ਨਤੀਜੇ 'ਤੇ ਨਾ ਪੁੱਜ ਸਕੀ। ਇਨ੍ਹਾਂ ਦਿਨਾਂ ਵਿਚ ਕੁਝ ਵਕੀਲਾਂ ਨੇ ਅਕਾਲੀ ਏਕਤਾ ਦੇ ਰਾਹ ਵਿਚ ਕਾਨੂੰਨੀ ਅੜਿੱਕੇ ਦਾ ਹਊਆ ਦੋਬਾਰਾ ਖੜਾ ਕਰਨ ਦੀ ਕੋਸ਼ਿਸ਼ ਵੀ ਕੀਤੀ (ਇਹ ਸਾਰੇ ਬਾਦਲ ਦੇ ਹਿਮਾਇਤੀ ਵਕੀਲ ਸਨ)। ਉਨ੍ਹਾਂ ਦੀ ਦਲੀਲ ਸੀ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਕਾਇਮ ਕੀਤਾ ਅਕਾਲੀ ਦਲ, ਧਰਮ-ਸਿਆਸਤ ਦੇ ਵਖਰੇਵੇਂ ਦੇ ਕਾਨੂੰਨ ਦੀਆਂ ਦਫ਼ਾਵਾਂ ਦੀ ਵਜਹ ਕਰ ਕੇ, ਚੋਣਾਂ 'ਚ ਮਨਜ਼ੂਰ-ਸ਼ੁਦਾ ਪਾਰਟੀ ਨਹੀਂ ਮੰਨਿਆ ਜਾ ਸਕੇਗਾ। ਪਰ ਅਗਲੇ ਦਿਨ ਹੀ ਕੁਝ ਹੋਰ ਸੀਨੀਅਰ ਵਕੀਲਾਂ ਨੇ ਇਸ ਤੌਖ਼ਲੇ ਨੂੰ ਰੱਦ ਕਰ ਦਿੱਤਾ।

17 ਫ਼ਰਵਰੀ ਨੂੰ ਮਨਜੀਤ ਸਿੰਘ ਨੇ ਸਾਰੇ ਅਕਾਲੀ ਆਗੂਆਂ ਨੂੰ 22 ਫ਼ਰਵਰੀ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੁੱਜਣ ਵਾਸਤੇ ਆਖਿਆ। 21 ਫ਼ਰਵਰੀ ਨੂੰ ਬਾਦਲ ਨੇ ਮਨਜੀਤ ਸਿੰਘ ਨੂੰ ਕਾਹਲੀ ਨਾ ਕਰਨ ਦਾ ਸੁਝਾਅ ਦਿੱਤਾ। 22 ਫ਼ਰਵਰੀ ਨੂੰ ਸੱਤ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ 'ਤੇ ਸੱਤ ਘੰਟੇ ਵਿਚਾਰਾਂ ਕੀਤੀਆਂ, ਪਰ ਕਿਸੇ ਸਿੱਟੇ 'ਤੇ ਨਾ ਪੁੱਜ ਸਕੀ। ਇਸ ਕਰ ਕੇ ਫ਼ੈਸਲਾ ਕੀਤਾ ਗਿਆ ਕਿ ਇਸ ਸੱਤ ਮੈਂਬਰੀ

ਕਮੇਟੀ ਵਿਚ ਜਥੇਦਾਰ ਟੌਹੜਾ ਤੇ ਬਾਦਲ ਨੂੰ ਵੀ ਪਾ ਲਿਆ ਜਾਵੇ। ਹੁਣ ਇਹ ਕਮੇਟੀ 9 ਮੈਂਬਰੀ ਹੋ ਗਈ।

27 ਫ਼ਰਵਰੀ ਨੂੰ ਬਾਦਲ ਨੇ ਇਕ ਬਿਆਨ ਵਿਚ ਆਖਿਆ ਕਿ ਉਨ੍ਹਾਂ ਦੀ ਪਾਰਟੀ ਹੋਰ ਹਮ-ਖ਼ਿਆਲੀ ਪਾਰਟੀਆਂ ਨਾਲ ਮਿਲ ਕੇ ਫ਼ੈਡਰਲ ਢਾਂਚੇ ਵਾਸਤੇ ਜਦੋ-ਜਹਿਦ ਕਰੇਗੀ। ਬਾਦਲ ਦੀ ਇਹ ਪਹੁੰਚ ਅੰਮ੍ਰਿਤਸਰ ਐਲਾਨਨਾਮੇ ਦੇ ਅੱਧ ਵਿਚ ਪੁੱਜ ਜਾਂਦੀ ਸੀ। ਉਧਰ ਜਥੇਦਾਰ ਟੌਹੜਾ ਵੀ ਇਸ ਨੁਕਤੇ ਨੂੰ ਪਾਲਿਸੀ ਮੰਨ ਕੇ ਸਮਝੌਤੇ ਵਾਸਤੇ ਰਾਜ਼ੀ ਹੋ ਚੁੱਕੇ ਸਨ। ਪਰ, ਸਿਮਰਨਜੀਤ ਸਿੰਘ ਮਾਨ ਅੰਮ੍ਰਿਤਸਰ ਐਲਾਨਨਾਮੇ ਤੋਂ ਜ਼ਰਾ-ਮਾਸਾ ਵੀ ਹਿਲਣ ਵਾਸਤੇ ਤਿਆਰ ਨਹੀਂ ਸੀ। ਉਦੋਂ ਅਜਿਹਾ ਜਾਪਣ ਲੱਗ ਪਿਆ ਸੀ ਕਿ ਜਥੇਦਾਰ ਟੌਹੜਾ ਤੇ ਬਦਲ ਇਕੱਠੇ ਹੋ ਜਾਣਗੇ ਤੇ ਮਾਨ ਇਕੱਲਾ ਰਹਿਣ ਜਾਵੇਗਾ।

17 ਮਾਰਚ 1995 ਦੇ ਦਿਨ ਅਨੰਦਪੁਰ ਸਾਹਿਬ ਵਿਚ ਹੋਲਾ ਮਹੱਲਾ ਮਨਾਇਆ ਗਿਆ। ਇਸ ਮੌਕੇ ’ਤੇ ਬਾਦਲ ਅਕਾਲੀ ਦਲ ਨੇ ਵੱਖਰੀ ਸਟੇਜ ਨਾ ਲਾਈ। ਇੰਞ ਹੀ ਇਹ ਖਿਚੜੀ 20 ਦਿਨ ਹੋਰ ਰਿਝਦੀ ਰਹੀ। ਅਖ਼ੀਰ ਬਾਦਲ ਟੌਹੜਾ ਆਪਸ ’ਚ ਇਕੱਠੇ ਹੋ ਗਏ ਅਤੇ 13 ਅਪਰੈਲ ਦੇ ਦਿਨ ਰਸਮੀ ਏਕਤਾ ਦਾ ਐਲਾਨ ਹੋ ਗਿਆ, ਪਰ ਇਹ ਏਕਤਾ ਸਿਰਫ਼ ਦੋਹਾਂ ਬੰਦਿਆਂ ਦੀ ਏਕਤਾ ਸੀ, ਨਾ ਕਿ ਅਕਾਲ ਤਖ਼ਤ ਸਾਹਿਬ ਦੇ ਐਲਾਨਨਾਮੇ ਦੀ।

ਅਮਰਜੀਤ ਸਿੰਘ ਗਰੇਵਾਲ ਅਕਾਲ ਤਖ਼ਤ ਸਾਹਿਬ ’ਤੇ ਤਲਬ

ਇਨ੍ਹਾਂ ਦਿਨਾਂ ਵਿਚ ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ ਦੇ ਅਮਰਜੀਤ ਸਿੰਘ ਗਰੇਵਾਲ ਨੇ (ਬਾਬਾ) ਸੁੱਚਾ ਸਿੰਘ ਜਵੱਦੀ ਕਲਾਂ ਦੇ ਡੇਰੇ ਦੀ ਮੈਗਜ਼ੀਨ *ਵਿਸਮਾਦ ਨਾਦ* ’ਚ ਇਕ ਲੇਖ ਲਿਖਿਆ। ਇਸ ਲੇਖ ਵਿਚ ਕਈ ਨੁਕਤੇ ਅਜਿਹੇ ਸਨ, ਜੋ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਫ਼ਲਸਫ਼ੇ ਨੂੰ ਪਿਛਾਂਹ-ਖਿੱਚੂ ਆਖਦੇ ਸਨ। ਕੁਝ ਸਿੱਖ ਵਿਦਵਾਨਾਂ ਨੇ ਇਸ ਦਾ ਸਖ਼ਤ ਨੋਟਿਸ ਲਿਆ ਅਤੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਉਸ ’ਤੇ ਐਕਸ਼ਨ ਲੈਣ ਵਾਸਤੇ ਆਖਿਆ। 19 ਮਈ 1995 ਨੂੰ (ਪ੍ਰੋ:) ਮਨਜੀਤ ਸਿੰਘ ਨੇ ਇਸ ਬਾਰੇ ਰਿਪੋਰਟ ਦੇਣ ਵਾਸਤੇ ਇਕ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ।

ਇਨ੍ਹਾਂ ਦਿਨਾਂ ਵਿਚ ਹੀ (ਬਾਬਾ) ਸੁੱਚਾ ਸਿੰਘ ਨੇ ਜਵੱਦੀ ਕਲਾਂ ਡੇਰੇ ਵਿਚ ਇਕ ਵਰਲਡ ਸਿੱਖ ਕਨਵੈਨਸ਼ਨ 26 ਤੋਂ 30 ਅਕਤੂਬਰ ਤਕ ਕਰਨ ਦਾ ਐਲਾਨ ਕੀਤਾ ਹੋਇਆ ਸੀ। (ਪ੍ਰੋ:) ਮਨਜੀਤ ਸਿੰਘ ਨੇ ਇਸ ਕਨਵੈਨਸ਼ਨ ਨੂੰ ਵੀ ਉਨ੍ਹਾਂ ਤੋਂ ਲੈ ਕੇ ਇਸ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਕਰਨ ਦਾ ਐਲਾਨ ਕਰ ਦਿੱਤਾ।

ਇਨ੍ਹਾਂ ਦੋਹਾਂ ਐਲਾਨਾਂ ਮਗਰੋਂ ਜਵੱਦੀ ਕਲਾਂ ਡੇਰੇ ਦੇ ਮੈਨੇਜਰ ਨੇ (ਪ੍ਰੋ:) ਮਨਜੀਤ ਸਿੰਘ ਨੂੰ ਇਕ ਛੇ ਸਫ਼ਿਆਂ ਦੀ ਚਿੱਠੀ ਲਿਖੀ, ਜਿਸ ਵਿਚ (ਪ੍ਰੋ:) ਮਨਜੀਤ ਸਿੰਘ ਦੇ ਫ਼ੈਸਲਿਆਂ ’ਤੇ ਇਤਰਾਜ਼ ਜ਼ਾਹਿਰ ਕੀਤਾ ਤੇ ਨਾਲ ਹੀ 26 ਤੋਂ 30 ਅਕਤੂਬਰ ਵਾਲੀ ਕਨਵੈਨਸ਼ਨ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ। ਇਹ ਖ਼ਤ ਉਸ ਡੇਰੇ ਦੀ ਬੀਬੀ ਜਸਬੀਰ ਕੌਰ ਤੇ ਅਮਰਜੀਤ ਸਿੰਘ ਗਰੇਵਾਲ ਵਲੋਂ ਲਿਖਿਆ ਗਿਆ ਸੀ। ਜਸਬੀਰ ਕੌਰ ਦਾ ਕਹਿਣਾ ਸੀ ਕਿ ਉਸ ’ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਬਹਿਸ-ਗੋਚਰਾ ਲੇਖ ਲਿਖਣ ਵਾਲੇ ਅਮਰਜੀਤ ਸਿੰਘ ਨੂੰ *ਵਿਸਮਾਦ ਨਾਦ* ਤੋਂ ਅਲਹਿਦਾ ਕੀਤਾ ਜਾਵੇ।

ਅਮਰਜੀਤ ਸਿੰਘ ਗਰੇਵਾਲ ਦੇ ਮਜ਼ਮੂਨ 'ਤੇ ਵਿਚਾਰ ਕਰਨ ਵਾਸਤੇ ਸਿੱਖ ਵਿਦਵਾਨਾਂ ਦੀ ਇਕ ਬੈਠਕ ਭਾਈ ਗੁਰਦਾਸ ਹਾਲ (ਅਕਾਲ ਤਖ਼ਤ ਸਾਹਿਬ 'ਤੇ ਨਹੀਂ) ਵਿਚ ਹੋਈ। ਇਸ ਮੀਟਿੰਗ ਵਿਚ ਸਿੱਕੇਬੰਦ ਕਮਿਊਨਿਸਟਾਂ ਨੂੰ ਦਾਖ਼ਿਲ ਨਹੀਂ ਸੀ ਹੋਣ ਦਿੱਤਾ ਗਿਆ। ਮਨਜੀਤ ਸਿੰਘ (ਪ੍ਰੋ:) ਦੇ ਉਦੋਂ ਦੇ ਪੀ.ਏ. ਪ੍ਰੋ: ਇੰਦਰ ਸਿੰਘ ਘੱਗਾ ਮੁਤਾਬਿਕ ਇਸ ਮੀਟਿੰਗ ਵਿਚ ਅਮਰਜੀਤ ਗਰੇਵਾਲ ਦੀ ਹਿਮਾਇਤ ਕਰਨ ਵਾਸਤੇ ਹਰਿੰਦਰ ਸਿੰਘ ਮਹਿਬੂਬ ਨੂੰ ਗੜ੍ਹਦੀਵਾਲਾ ਤੋਂ ਲਿਆਉਣ ਵਾਸਤੇ (ਪ੍ਰੋ:) ਮਨਜੀਤ ਸਿੰਘ ਨੇ ਆਪਣੀ ਗੱਡੀ ਤੇ ਡਰਾਈਵਰ ਉਚੇਚੇ ਅੰਮ੍ਰਿਤਸਰ ਤੋਂ ਭੇਜੇ। ਹਰਿੰਦਰ ਸਿੰਘ ਮਹਿਬੂਬ ਸਾਬਕਾ ਕਾਮਰੇਡ ਤਾਂ ਸੀ ਹੀ, ਪਰ ਉਹ ਅਮਰਜੀਤ ਗਰੇਵਾਲ ਅਤੇ (ਪ੍ਰੋ:) ਮਨਜੀਤ ਸਿੰਘ ਦਾ ਯਾਰ ਵੀ ਸੀ। ਪ੍ਰੋ: ਇੰਦਰ ਸਿੰਘ ਮੁਤਾਬਿਕ ਹਰਿੰਦਰ ਸਿੰਘ ਮਹਿਬੂਬ ਨੂੰ 'ਖ਼ਰੀਦਿਆ' ਗਿਆ ਸੀ। ਗਰੇਵਾਲ ਆਪਣੀ 'ਪੇਸ਼ੀ' ਤੋਂ ਪਹਿਲਾਂ ਮਨਜੀਤ ਸਿੰਘ ਨੂੰ ਕਈ ਵਾਰ ਉਸ ਦੇ ਘਰ ਮਿਲ ਚੁੱਕਿਆ ਸੀ। ਸਿੱਖ ਵਿਦਵਾਨਾਂ ਨੇ ਗਰੇਵਾਲ ਤੋਂ ਕਈ ਸਵਾਲ ਪੁੱਛੇ। ਗਰੇਵਾਲ ਨੇ ਉਨ੍ਹਾਂ ਦਾ ਜਵਾਬ ਦੇਣ ਦੀ ਬਜਾਏ ਕਿਹਾ ਕਿ ਮੈਂ ਇਹ ਮਜ਼ਮੂਨ ਛੇ ਮਹੀਨੇ ਪਹਿਲਾਂ ਇਕ ਅਜਿਹੇ ਸਮਾਗਮ ਵਿਚ ਵੀ ਪੜ੍ਹਿਆ ਸੀ, ਜਿੱਥੇ ਉਦੋਂ ਧਰਮ ਪ੍ਰਚਾਰ ਕਮੇਟੀ ਦਾ ਪ੍ਰਧਾਨ ਸਤਿਬੀਰ ਸਿੰਘ ਸਟੇਜ 'ਤੇ ਹਾਜ਼ਿਰ ਸੀ। ਉਦੋਂ ਸਤਿਬੀਰ ਸਿੰਘ ਨੇ ਕੁਝ ਨਹੀਂ ਸੀ ਕਿਹਾ, ਕਿਉਂਕਿ ਉਸ ਦੀ ਜੇਬ ਨੋਟਾਂ ਨਾਲ ਭਰ ਦਿੱਤੀ ਗਈ ਸੀ। (ਉਂਞ ਸਤਿਬੀਰ ਸਿੰਘ ਕੋਲ ਏਨੀ ਸੂਝ ਹੀ ਨਹੀਂ ਸੀ ਕਿ ਉਹ ਗਰੇਵਾਲ ਦਾ ਇਹ ਲੇਖ ਸਮਝ ਵੀ ਸਕਦਾ)। ਜਦੋਂ ਅਮਰਜੀਤ ਸਿੰਘ ਨੂੰ ਸਿੱਖ ਵਿਦਵਾਨਾਂ ਦੇ ਸਵਾਲਾਂ ਦੇ ਜਵਾਬ ਨਾ ਅਹੁੜੇ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ। ਇਸ ਮੌਕੇ 'ਤੇ ਡਾ. ਗੁਰਨਾਮ ਕੌਰ (ਪਟਿਆਲਾ) ਨੇ ਗਰੇਵਾਲ ਦੀ ਹਿਮਾਇਤ ਕਰਨੀ ਚਾਹੀ ਤਾਂ ਹਾਜ਼ਿਰ ਵਿਦਵਾਨਾਂ ਨੇ ਉਸ 'ਤੇ ਇਤਰਾਜ਼ ਕੀਤਾ ਕਿ ਉਸ (ਗੁਰਨਾਮ ਕੌਰ) ਨੇ ਆਪਣੇ ਵਾਲ ਰੰਗੇ ਹੋਏ ਹਨ, ਜੋ ਸਿੱਖ ਮਰਿਆਦਾ ਦੇ ਬਿਲਕੁਲ ਉਲਟ ਹੈ। ਇੰਞ ਹੀ ਡਾ. ਦਰਸ਼ਨ ਸਿੰਘ ਨੇ ਵੀ ਵਿਚਕਾਰਲਾ ਪੱਖ ਪੇਸ਼ ਕਰਨਾ ਚਾਹਿਆ। ਪਰ ਅਖ਼ੀਰ ਅਮਰਜੀਤ ਸਿੰਘ ਨੇ ਆਪਣੀ ਗ਼ਲਤੀ ਮੰਨ ਕੇ ਮੁਆਫ਼ੀ ਮੰਗ ਲਈ। (ਪ੍ਰੋ:) ਮਨਜੀਤ ਸਿੰਘ ਨੇ ਉਸ ਨੂੰ ਆਪਣਾ ਲੇਖ ਦੋਬਾਰਾ ਨਾ ਛਾਪਣ ਦੀ ਹਿਦਾਇਤ ਦਿੱਤੀ। ਅਮਰਜੀਤ ਸਿੰਘ ਨੂੰ, ਡਾ. ਪਿਆਰ ਸਿੰਘ ਦੇ ਉਲਟ, ਕੋਈ ਤਨਖ਼ਾਹ ਨਹੀਂ ਸੀ ਲਾਈ ਗਈ। ਏਥੇ ਪਿਆਰ ਸਿੰਘ ਵਾਸਤੇ ਸਜ਼ਾ ਹੋਰ ਸੀ ਅਤੇ ਅਮਰਜੀਤ ਸਿੰਘ ਗਰੇਵਾਲ ਅਤੇ ਪਿਸ਼ੌਰਾ ਸਿੰਘ ਵਾਸਤੇ ਹੋਰ। ਇਹ ਸੀ (ਪ੍ਰੋ:) ਮਨਜੀਤ ਸਿੰਘ ਦਾ ਘਾਲਾ-ਮਾਲਾ।

ਮਨਜੀਤ ਸਿੰਘ ਤੋਂ ਅਸਤੀਫ਼ੇ ਦੀ ਪਹਿਲੀ ਮੰਗ

ਇਨ੍ਹਾਂ ਦਿਨਾਂ ਵਿਚ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਹਿਤਾ-ਚਾਵਲਾ) ਨੇ (ਪ੍ਰੋ:) ਮਨਜੀਤ ਸਿੰਘ ਤੋਂ ਮੰਗ ਕੀਤੀ ਕਿ ਉਹ ਆਪਣੀ ਸੇਵਾ ਤੋਂ ਅਸਤੀਫ਼ਾ ਦੇ ਦੇਵੇ।

1994 ਵਿਚ ਕਲੇਰਾਂ ਪਿੰਡ ਦੇ ਨਾਨਕਸਰੀ ਡੇਰੇ ਦੇ ਗੁਰਮੁਖ ਸਿੰਘ ਨੇ ਸੁਖਮਨੀ ਸਾਹਿਬ ਦੇ ਗੁਟਕੇ ਛਪਾ ਕੇ ਵੰਡੇ ਤੇ 'ਵੇਚੇ'। ਇਸ ਗੁਟਕੇ ਵਿਚ ਗੁਰਮਤਿ, ਰਹਿਤ ਮਰਿਆਦਾ ਅਤੇ ਗੁਰਬਾਣੀ ਦੀ ਬੇਅਦਬੀ ਕੀਤੀ ਹੋਈ ਸੀ। 9 ਜਨਵਰੀ 1995 ਦੇ

ਦਿਨ ਮਨਜੀਤ ਸਿੰਘ ਨੇ ਗੁਰਮੁਖ ਸਿੰਘ ਨੂੰ ਚਿੱਠੀ ਲਿਖ ਕੇ 'ਸਪੱਸ਼ਟੀਕਰਨ' ਦੇਣ ਵਾਸਤੇ 19 ਜਨਵਰੀ 1995 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਸੱਦ ਲਿਆ। ਉਸ ਨੂੰ ਲਿਖੀ ਚਿੱਠੀ ਇੰਞ ਸੀ :

"ਭਾਈ ਗੁਰਮੁਖ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਡੇ ਲਿਖ ਕੇ ਪ੍ਰਕਾਸ਼ਤ ਕਰਵਾਏ ਗਏ ਸੁਖਮਨੀ ਸਾਹਿਬ ਦੇ ਗੁਟਕੇ ਵਿਚ ਬਹੁਤ ਸਾਰੀਆਂ ਗੱਲਾਂ ਐਸੀਆਂ ਹਨ ਜੋ ਗੁਰੂ ਪੰਥ ਦੀ ਗੁਰਮਤਿ ਮਰਿਆਦਾ ਤੋਂ ਬਿਲਕੁਲ ਉਲਟ ਹਨ। ਮਿਸਾਲ ਵਜੋਂ :

1. ਤੁਸੀਂ ਸੁਖਮਨੀ ਸਾਹਿਬ ਦੇ ਗੁਟਕੇ ਦੇ ਆਰੰਭ ਵਿਚ ਬਾਬਾ ਈਸ਼ਰ ਸਿੰਘ ਦੀ ਤਸਵੀਰ ਛਪਵਾਈ ਹੈ।
2. ਤੁਸੀਂ ਕਾਲਪਨਿਕ ਤੁਕਬੰਦੀ ਵਾਲੀ ਕੱਚੀ ਬਾਣੀ ਨੂੰ ਗੁਰਬਾਣੀ ਦੇ ਬਰਾਬਰ ਲਿਖ ਕੇ ਉਸ ਰਾਹੀਂ ਮੂੰਹ ਮੰਗੀਆਂ ਮੁਰਾਦਾਂ ਮਿਲਣ ਦੀ ਮਨਘੜਤ ਗੱਲ ਪ੍ਰਚਾਰੀ ਹੈ।
3. ਤੁਸੀਂ ਗੁਰੂ ਅਰਜਨ ਸਾਹਿਬ ਜੀ ਰਾਹੀਂ ਉਚਾਰਨ ਕੀਤੀ ਅਤੇ ਉਨ੍ਹਾਂ ਵੱਲੋਂ ਆਪ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਈ ਸੁਖਮਨੀ ਸਾਹਿਬ ਦੀ ਬਾਣੀ ਨੂੰ ਆਪਣੀ ਮਰਜ਼ੀ ਦਾ ਰੂਪ ਦੇ ਕੇ ਰਹਾਉ ਦੀ ਤੁਕ ਨੂੰ ਹਰ ਅਸਟਪਦੀ ਨਾਲ ਦਰਜ ਕੀਤਾ ਹੈ।
4. ਗੁਰੂ ਸਾਹਿਬ ਨੇ ਕਿਤੇ ਵੀ ਅੰਕਾਂ ਨੂੰ ਸ਼ਬਦਾਂ ਦੇ ਰੂਪ ਵਿਚ ਬਾਣੀ ਅੰਦਰ ਨਹੀਂ ਲਿਖਵਾਇਆ। ਪਰ ਤੁਸੀਂ ਆਪਣੀ ਮਰਜ਼ੀ ਅਨੁਸਾਰ ਹੀ ਐਸਾ ਹਰ ਅਸਟਪਦੀ ਦੇ ਅਰੰਭਕ ਸਲੋਕ ਤੋਂ ਪਹਿਲਾਂ ਕੀਤਾ ਹੈ।
5. ਸੁਖਮਨੀ ਸਾਹਿਬ ਵਿਚ ਸਤਿਗੁਰੂ ਜੀ ਨੇ ਕਿਤੇ ਵੀ "ਸਤਿਨਾਮ ਵਾਹਿਗੁਰੂ" ਨਹੀਂ ਲਿਖਿਆ। ਪਰ ਤੁਸੀਂ ਉਹ ਵੀ ਆਪਣੀ ਮੱਤ ਅਨੁਸਾਰ ਦਰਜ ਕਰ ਦਿੱਤਾ ਹੈ।

ਉਪਰੋਕਤ ਮਨਮੱਤੀ ਕਾਰਵਾਈ ਗੁਰੂ ਸਾਹਿਬ ਦੀ ਧੁਰ ਕੀ ਬਾਣੀ ਵਿਚ ਆਪਣੀ ਮਨੁੱਖੀ ਸੋਚ ਅਤੇ ਹੋਛੀ ਸਿਆਣਪ ਦਾ ਪ੍ਰਗਟਾਵਾ ਹੈ, ਜੋ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਉਨ੍ਹਾਂ ਉੱਤੇ ਠੋਸੀ ਗਈ ਹੈ ਜਿਸਨੂੰ ਕਿਸੇ ਤਰ੍ਹਾਂ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੋ ਇਸ ਸਬੰਧੀ ਆਪਣਾ ਸਪੱਸ਼ਟੀਕਰਨ ਦੇਣ ਲਈ ਮਿਤੀ 19 ਜਨਵਰੀ 1995 ਦਿਨ ਵੀਰਵਾਰ ਸਵੇਰੇ ਦਸ ਵਜੇ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਪੇਸ਼ ਹੋਵੋ। ਐਸਾ ਨਾ ਕਰਨ ਦੀ ਸੂਰਤ ਵਿਚ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।"

ਪਹਿਲਾਂ ਤਾਂ ਗੁਰਮੁਖ ਸਿੰਘ ਨੇ ਇਸ 'ਹੁਕਮਨਾਮੇ' ਦੀ ਪਰਵਾਹ ਨਾ ਕੀਤੀ, ਪਰ ਫਿਰ 19 ਜਨਵਰੀ ਦੀ ਥਾਂ 6 ਫ਼ਰਵਰੀ 1995 ਦੇ ਦਿਨ ਪੇਸ਼ ਹੋ ਹੀ ਗਿਆ। ਗੁਰਮੁਖ ਸਿੰਘ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ :

ਮਿਤੀ : 6-2-1995

ਭਾਈ ਗੁਰਮੁਖ ਸਿੰਘ,

ਤੁਹਾਡੇ ਵੱਲੋਂ ਗੁਰਬਾਣੀ ਅਤੇ ਨਿੱਤਨੇਮ, ਸੁਖਮਨੀ ਸਾਹਿਬ ਅਤੇ ਸੁੰਦਰ ਗੁਟਕੇ ਵਿਚ ਕੀਤੀਆਂ ਮਨਮੱਤੀ ਕਾਰਵਾਈਆਂ ਦੀ ਸੂਚਨਾ ਅਕਾਲ ਤਖ਼ਤ ਸਾਹਿਬ ਪਹੁੰਚੀ, ਜਿਸ ਦੇ ਸਬੰਧ ਵਿਚ ਤੁਹਾਨੂੰ ਅਕਾਲ ਤਖ਼ਤ ਸਾਹਿਬ ਵਿਖੇ 3 ਫ਼ਰਵਰੀ ਨੂੰ ਹਾਜ਼ਿਰ ਹੋਣ ਦਾ ਆਦੇਸ਼ ਦਿੱਤਾ ਗਿਆ ਸੀ। ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਉਪਰੰਤ ਤੁਸੀਂ ਆਪਣੀਆਂ ਇਨ੍ਹਾਂ ਭੁੱਲਾਂ ਨੂੰ ਲਿਖਤੀ ਰੂਪ ਵਿਚ ਸਵੀਕਾਰ ਕਰਦਿਆਂ ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੇ ਹਰ ਆਦੇਸ਼ ਦਾ ਪਾਲਣ

ਕਰਨ ਦਾ ਵਚਨ ਦਿੱਤਾ ਸੀ। ਤੁਹਾਡੇ ਸਬੰਧੀ ਸਿੰਘ ਸਾਹਿਬਾਨ ਨੇ ਹੇਠ ਲਿਖੇ ਅਨੁਸਾਰ ਫ਼ੈਸਲਾ ਲਿਆ ਹੈ :

1. ਤੁਸੀਂ ਨਿੱਤਨੇਮ ਦੇ ਗੁਟਕੇ ਦੀ ਭੂਮਿਕਾ ਵਿਚ ਪੰਨਾ 37 ਉੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਖੰਡੇ ਬਾਟੇ ਦੇ ਅੰਮ੍ਰਿਤ ਸੰਚਾਰ ਦੇ ਸਿਧਾਂਤ ਤੇ ਇਤਿਹਾਸ ਨੂੰ ਮੂਲੋਂ ਹੀ ਬਦਲ ਦਿੱਤਾ ਹੈ।
2. ਤੁਸੀਂ ਗੁਰਬਾਣੀ ਦੇ ਸ਼ਬਦਾਂ ਦੇ ਆਰੰਭ ਵਿਚ ਆਪਣੇ ਕੋਲੋਂ ਹੀ 'ਓਅੰ' ਸ਼ਬਦ ਦੀ ਵਰਤੋਂ ਕਰ ਕੇ ਗੁਰਬਾਣੀ ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ।
3. ਤੁਸੀਂ ਗੁਰਬਾਣੀ ਦੇ ਗੁਟਕਿਆਂ ਵਿਚ ਗੁਰਬਾਣੀ ਦੀ ਲਿਖਣ ਵਿਧੀ ਨੂੰ ਗੁਰੂ ਜੁਗਤ ਤੋਂ ਉਲਟ ਜਾ ਕੇ ਆਪਣੀ ਮਰਜ਼ੀ ਅਨੁਸਾਰ ਬਦਲਿਆ ਹੈ।
4. ਤੁਸੀਂ ਗੁਰਬਾਣੀ ਦੇ ਗੁਟਕਿਆਂ ਵਿਚ ਮਨਘੜਤ ਤੁਕਬੰਦੀ ਲਿਖ ਕੇ ਉਸ ਦੀ ਸਿਧੀ ਕਰਨ ਦਾ ਜ਼ਿਕਰ ਕਰ ਕੇ ਗੁਰਬਾਣੀ ਦੀ ਸਰਵ-ਉੱਚਤਾ ਨੂੰ ਅਪਮਾਨਤ ਕੀਤਾ ਹੈ।[13]

ਤੁਹਾਡੇ ਇਨ੍ਹਾਂ ਦੋਸ਼ਾਂ ਨੂੰ ਸਨਮੁਖ ਰੱਖਦਿਆਂ ਤੁਹਾਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਤੁਸੀਂ ਪੰਦਰਾਂ ਦਿਨ ਰੋਜ਼ਾਨਾ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਕੀਰਤਨ ਸਰਵਣ ਕਰਨਾ ਹੋਵੇਗਾ।
2. ਤੁਸੀਂ ਇਸੇ ਹੀ ਸਮੇਂ ਦੌਰਾਨ ਰੋਜ਼ਾਨਾ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਨਿਭਾਉਗੇ।
3. ਤੁਸੀਂ ਇਸ ਸਮੇਂ ਦੌਰਾਨ ਇਕ ਘੰਟਾ ਗੁਰੂ ਰਾਮਦਾਸ ਲੰਗਰ ਵਿਖੇ ਬਰਤਨ ਮਾਂਜਣ ਦੀ ਸੇਵਾ ਕਰੋਗੇ।
4. ਉਪਰੰਤ ਇਕ ਹਫ਼ਤਾ ਇਹੋ ਸੇਵਾ ਕਿਸੇ ਵੀ ਹੋਰ ਗੁਰ ਅਸਥਾਨ 'ਤੇ ਕਰਨੀ ਹੋਵੇਗੀ।

ਇਸ ਸਾਰੀ ਸੇਵਾ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਪਿਛਲੀਆਂ ਭੁੱਲਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਾਉਣੀ ਹੋਵੇਗੀ।

ਤੁਹਾਡੇ ਵੱਲੋਂ ਛਪਾਏ ਸਾਰੇ ਦੋਸ਼-ਪੂਰਨ ਗੁਟਕਿਆਂ ਨੂੰ ਅੱਜ ਤੋਂ ਬਾਅਦ ਛਾਪਣ ਜਾਂ ਛਪਾਉਣ ਜਾਂ ਵੇਚਣ 'ਤੇ ਪੂਰਨ ਪਾਬੰਦੀ ਹੈ। ਅੱਜ ਤੋਂ ਬਾਅਦ ਕਿਸੇ ਵੀ ਗੁਰਬਾਣੀ ਦੇ ਗੁਟਕਿਆਂ ਵਿਚ ਕਿਸੇ ਵੀ ਤਰ੍ਹਾਂ ਦੀ ਭੂਮਿਕਾ ਨਹੀਂ ਲਿਖੀ ਜਾਵੇਗੀ।

ਅੱਜ ਤੋਂ ਬਾਅਦ ਗੁਰਬਾਣੀ ਦੇ ਗੁਟਕਿਆਂ ਵਿਚ ਕਿਸੇ ਵੀ ਗੁਰੂ ਸਾਹਿਬ ਜਾਂ ਕਿਸੇ ਵੀ ਸਾਧੂ ਮਹਾਤਮਾ ਦੀ ਫ਼ੋਟੋ ਨਹੀਂ ਛਾਪੀ ਜਾਵੇਗੀ।

ਉਂਵ ਗੁਰਮੁਖ ਸਿੰਘ ਅਤੇ ਕਲੇਰਾਂ ਦਾ ਨਾਨਕਸਰ ਡੇਰਾ ਫਿਰ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਇਆ ਅਤੇ ਇਹੋ ਜਿਹੀ ਬੇਅਦਬੀ ਵਾਲੀਆਂ ਕਾਰਵਾਈਆਂ ਕਰਦਾ ਰਿਹਾ। ਇਸ ਮਗਰੋਂ ਉਸ ਨੇ ਹੋਰ ਗੁਟਕੇ ਵੀ ਅਜਿਹੇ ਛਾਪੇ। ਇਸ ਵਿੱਚੋਂ ਇਕ ਗੁਟਕੇ ਵਿਚ ਤਾਂ ਉਸ ਨੇ ਨਿਰੰਕਾਰੀਆਂ, ਨਾਮਧਾਰੀਆਂ ਅਤੇ ਰਾਧਾ ਸੁਆਮੀਆਂ ਨੂੰ ਸਿੱਖ ਪੰਥ ਦੀਆਂ 'ਸੰਪ੍ਰਦਾਵਾਂ' ਵੀ ਲਿਖਿਆ, ਜੋ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਸ਼ਰੇਆਮ ਮੁਖ਼ਾਲਫ਼ਤ ਵੀ ਸੀ ਅਤੇ ਗੁਰਮਤਿ ਦਾ ਮਜ਼ਾਕ ਉਡਾਉਣ ਦੀ ਕਾਰਵਾਈ ਵੀ। ਪਰ ਇਸ ਦੇ ਬਾਵਜੂਦ ਕਿਸੇ (ਅਖੌਤੀ) ਜਥੇਬੰਦੀ ਨੇ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ।

---

13. 9 ਜਨਵਰੀ ਨੂੰ ਮਨਜੀਤ ਸਿੰਘ ਵੱਲੋਂ ਲਿਖੀ ਚਿੱਠੀ ਵਿਚ ਪੰਜ ਨੁਕਤੇ ਸਨ, ਜਿਨ੍ਹਾਂ ਵਿੱਚੋਂ ਇਨ੍ਹਾਂ ਚੋਹਾਂ ਵਿਚ ਕੋਈ ਵੀ ਨਹੀਂ ਸੀ। ਇੰਵ ਹੀ ਇਸ 'ਤਨਖ਼ਾਹ' ਵਿਚ ਉਨ੍ਹਾਂ ਪੰਜਾਂ ਵਿੱਚੋਂ ਚਾਰ ਛੱਡੇ ਹੋਏ ਸਨ।

ਮਹੰਤ ਮਨਜੀਤ ਸਿੰਘ ਡਿਗਿਆਣਾ (ਜੰਮੂ-ਕਸ਼ਮੀਰ) ਦਾ ਡਰਾਮਾ

ਜੰਮੂ-ਕਸ਼ਮੀਰ ਵਿਚ ਮਹੰਤ ਮਨਜੀਤ ਸਿੰਘ ਵੀ ਇਕ 'ਤਾਕਤਵਰ' ਡੇਰੇਦਾਰ ਹੈ। ਪੁਣਛ ਦਾ ਨੰਗਾਲੀ ਡੇਰਾ, ਜੰਮੂ ਦਾ ਡਿਗਿਆਣਾ ਆਸ਼ਰਮ ਅਤੇ ਬਾਰਾਮੂਲਾ ਵਿਚ ਉਸ ਦੇ ਡੇਰੇ ਹਨ। ਉਹ ਦੌਲਤ, ਤਾਕਤ ਤੇ ਸਿਆਸੀ ਰਸੂਖ ਦੇ ਪੱਖੋਂ ਇਕ ਵੱਡੇ ਮਾਫ਼ੀਆ ਲੀਡਰ ਤੋਂ ਘੱਟ ਸ਼ਖ਼ਸ ਨਹੀਂ। ਉਸ ਦੀ ਸ਼ਖ਼ਸੀ ਜ਼ਿੰਦਗੀ, ਸੈਕਸ ਹਰਕਤਾਂ, ਕੁਰਪਸ਼ਨ ਅਤੇ ਧੱਕੇਸ਼ਾਹੀ ਬਾਰੇ ਬਹੁਤ ਸਾਰੇ ਲੋਕਾਂ ਨੇ ਵੀ ਕਈ ਵਾਰ ਇਤਰਾਜ਼ ਕੀਤਾ ਸੀ। ਇਕ ਵਾਰ ਤਾਂ ਲੋਕਲ ਅਕਾਲੀ ਦਲ ਨੇ ਵੀ ਉਸ ਦੇ ਖ਼ਿਲਾਫ਼ ਬੜੀ ਜਦੋਜਹਿਦ ਕੀਤੀ ਸੀ। ਸੰਨ 1994 ਦੇ ਅਖ਼ੀਰ ਵਿਚ ਨੰਗਾਲੀ (ਪੁਣਛ) ਦੇ ਕੁਝ ਸੰਜੀਦਾ ਸਿੱਖਾਂ ਨੇ ਇਕ ਇਸ਼ਤਿਹਾਰ ਕੱਢਿਆ, ਜੋ ਇੰਞ ਸੀ:

ਕੀ ਜਵਾਬ ਹੈ?

ਮਹੰਤ ਮਨਜੀਤ ਸਿੰਘ ਅਤੇ ਉਸ ਦੇ ਸਮਰੱਥਕਾਂ ਪਾਸ

1. ਸਤਿਕਾਰਯੋਗ ਮਹੰਤ ਬਚਿੱਤਰ ਸਿੰਘ ਜੀ ਨੂੰ ਹਨੇਰੇ ਵਿਚ ਰੱਖ ਕੇ ਗ਼ੈਰ-ਕਾਨੂੰਨੀ ਧੰਦੇ ਕਰਨਾ; ਜੰਗਲਾਤ ਦੀ ਲੱਕੜੀ ਨਜਾਇਜ਼ ਢੰਗ ਨਾਲ ਕਟਾਉਣੀ; ਸੀਮੇਂਟ ਆਦਿ ਦੀ ਬਲੈਕ ਕਰਨੀ; ਗ਼ੈਰ-ਕਾਨੂੰਨੀ ਹਥਿਆਰਾਂ ਦੀ ਸਮਗਲਿੰਗ ਕਰਨਾ; ਨੌਜਵਾਨ ਬੱਚਿਆਂ ਨੂੰ ਗ਼ਲਤ ਮਾਇਕ ਸਹਾਇਤਾ ਰਾਹੀਂ ਗ਼ੈਰ-ਕਾਨੂੰਨੀ ਕੰਮਾਂ ਵਿਚ ਮਦਦ ਕਰਨੀ ਅਤੇ ਦੁਰਅਚਾਰੀ ਬਨਾਉਣਾ ਆਦਿ। ਇਹ ਸਭ ਕੁਝ ਇਸ ਢੰਗ ਨਾਲ ਚੱਲਦਾ ਸੀ ਕਿ ਉਪਰੋਂ ਮਨਜੀਤ ਸਿੰਘ ਬਿਲਕੁਲ ਭੋਲਾ-ਭਾਲਾ ਅਤੇ ਸਾਫ਼- ਸੁਥਰੇ ਜੀਵਨ ਵਾਲਾ ਹੀ ਦਿਸਦਾ ਰਹੇ।
2. ਮਹੰਤ ਬਣਨ ਤੋਂ ਪਹਿਲਾਂ ਪੁਲਿਸ ਨੇ ਮਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਪਰ ਬਾਬਾ ਬਚਿੱਤਰ ਸਿੰਘ ਜੀ ਅਤੇ ਡਿਗਿਆਣਾ ਆਸ਼ਰਮ ਜਾਂ ਨੰਗਾਲੀ ਸਾਹਿਬ ਦੀ ਇੱਜ਼ਤ ਦਾ ਖ਼ਿਆਲ ਰੱਖ ਕੇ ਸ: ਹਰਬੰਸ ਸਿੰਘ (ਸਾਬਕਾ ਮੰਤਰੀ) ਦੇ ਦਖ਼ਲ-ਅੰਦਾਜ਼ੀ ਕਰ ਕੇ ਇਸ ਨੂੰ ਛੁਡਾ ਲਿਆ। ਇਸ ਸਮੇਂ ਆਮ ਸਿੱਖ ਜਨਤਾ ਨੂੰ ਸਰਕਾਰ ਦੀ ਨੀਅਤ 'ਤੇ ਹੀ ਸ਼ੱਕ ਰਿਹਾ ਅਤੇ ਜੋ ਇਸ ਸਚਾਈ ਨੂੰ ਸਮਝਦੇ ਸਨ, ਉਨ੍ਹਾਂ ਵਿਚ ਏਨਾ ਜ਼ੋਰ ਨਹੀਂ ਸੀ ਕਿ ਉਹ ਲੋਕਾਂ ਸਾਹਮਣੇ ਸੱਚ ਦੱਸ ਸਕਦੇ।
3. ਸਤਿਕਾਰਯੋਗ ਮਹੰਤ ਬਚਿੱਤਰ ਸਿੰਘ ਜੀ ਦੇ ਸਾਹਮਣੇ ਜਦੋਂ ਇਹ ਪੋਲ ਖੁਲ੍ਹਿਆ ਤਾਂ ਉਹ ਇਸ ਦੁਖ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਚੁੱਪਚਾਪ ਨੰਗਾਲੀ ਸਾਹਿਬ (ਪੁਣਛ) ਚਲੇ ਗਏ, ਜਿੱਥੇ ਉਨ੍ਹਾਂ ਆਪਣਾ ਸਰੀਰ ਤਿਆਗ ਆਤਮਾ ਪਰਮਾਤਮਾ ਵਿਚ ਲੀਨ ਕਰ ਲਈ। ਉਨ੍ਹਾਂ ਪਿੱਛੋਂ ਸੰਗਤਾਂ ਨੇ ਸ਼ਰਾਫ਼ਤ ਦੀ ਮੂਰਤ ਦਿਸਣ ਵਾਲੇ ਮਨਜੀਤ ਸਿੰਘ ਨੂੰ ਡੇਰੇ ਦੀ ਵਾਗਡੋਰ ਸੰਭਾਲ ਦਿੱਤੀ। ਇਸ ਤਰ੍ਹਾਂ ਉਹ ਦਿਨ ਰਿਆਸਤ ਦੀਆਂ ਸਿੱਖ ਸੰਗਤਾਂ ਲਈ ਇਕ ਬਦਕਿਸਮਤੀ ਦੀ ਘੜੀ ਸਾਬਤ ਹੋਇਆ, ਜਦੋਂ ਬਾਬਾ ਬਚਿੱਤਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਅਤੇ ਮਨਜੀਤ ਸਿੰਘ ਵਰਗੇ ਨੂੰ ਡੇਰੇ ਦਾ ਆਗੂ ਨਿਯੁਕਤ ਕੀਤਾ ਗਿਆ।

ਮਹੰਤ ਬਣਦੇ ਹੀ ਇਹ ਮਨਜੀਤ ਸਿੰਘ ਗੁਰਸਿੱਖੀ ਕਰਮਾਂ ਨੂੰ ਛੱਡ ਕੇ ਝੂਠੇ ਅਤੇ ਸਰਕਾਰੀ ਢੰਗ ਤਰੀਕਿਆਂ ਨਾਲ ਆਪਣੀ ਸ਼ੋਹਰਤ ਵਧਾਉਣ ਵਿਚ ਰੁਝ ਗਿਆ।

ਡੇਰਾ ਨੰਗਾਲੀ ਸਾਹਿਬ ਦੇ ਤਪੋ ਅਸਥਾਨ, ਜਿੱਥੇ ਪਹਿਲੇ ਮਹਾਂਪੁਰਸ਼ ਤਪ ਕਰਦੇ ਹੁੰਦੇ ਸਨ, ਉਸ ਵਿਚ ਬਿਜਲੀ ਅਤੇ ਟੈਲੀਫ਼ੋਨ ਲਵਾ ਕੇ ਮਨਜੀਤ ਸਿੰਘ 40 ਦਿਨਾਂ ਦੇ ਚਲੀਹੇ ਲਈ ਬੈਠ ਗਿਆ। ਟੈਲੀਫ਼ੋਨ 'ਤੇ ਬਾਹਰ ਦੀ ਦੁਨੀਆ ਨਾਲ ਜੁੜਿਆ ਰਹਿੰਦਾ ਅਤੇ ਆਪਣੀ ਸ਼ੋਹਰਤ ਵਧਾਉਣ ਲਈ ਨਿੱਤ ਨਵਾਂ ਸ਼ੋਸ਼ਾ ਛਡਦਾ ਰਹਿੰਦਾ।

4. ਚਲੀਹੇ ਦੇ ਆਖ਼ਰੀ ਦਿਨ ਉਸ ਨੇ ਆਪਣੇ ਕੁਝ ਸਾਥੀਆਂ ਨੂੰ ਕਿਹਾ ਕਿ ਉਹ ਇਕ ਸੁਨਹਿਰੀ ਪਾਲਕੀ ਵਿਚ ਬੈਠ ਕੇ ਤਪ ਅਸਥਾਨ ਤੋਂ ਨਿੱਜ ਅਸਥਾਨ ਤਕ ਜਾਣਗੇ, ਪਰ ਉਸ ਨੂੰ ਕੁਝ ਸੁਲਝੇ ਹੋਏ ਵਿਅਕਤੀਆਂ ਨੇ ਇਸ ਤਰ੍ਹਾਂ ਕਰਨ ਤੋਂ ਮਨ੍ਹਾਂ ਕੀਤਾ।
5. ਜੰਮੂ ਆ ਕੇ ਮਹੰਤ ਮਨਜੀਤ ਸਿੰਘ ਨੇ ਸਮਾਜ ਸੁਧਾਰ ਲਈ ਕੁਝ ਫ਼ੈਸਲੇ ਲਏ; ਅਰਦਾਸ ਕੀਤੀ ਅਤੇ ਫਿਰ ਪਾਸ ਕੀਤੇ ਅਸੂਲਾਂ ਦੀ ਪ੍ਰਤੱਗਿਆ ਗੁਰੂ ਗ੍ਰੰਥ ਸਾਹਿਬ ਸਾਹਮਣੇ ਕੀਤੀ, ਪਰ ਫਿਰ ਇਸ ਸਭ ਦੇ ਬਾਵਜੂਦ ਆਪੇ ਹੀ ਆਪਣੀ ਅਰਦਾਸ ਅਤੇ ਅਸੂਲਾਂ ਦੀ ਇਕ ਇਕ ਕਰ ਕੇ ਉਲੰਘਣਾ ਕਰੀ ਗਿਆ। ਇਕ ਪਾਸੇ ਲੋਕਾਂ ਨੂੰ ਛਿਮਾਹੀਆਂ, ਬਰਸੀਆਂ ਨਾ ਕਰਨ ਲਈ ਕਹਿੰਦਾ ਅਤੇ ਦੂਜੇ ਪਾਸੇ ਖ਼ੁਦ ਆਸ਼ਰਮ ਵਿਚ ਛਿਮਾਹੀਆਂ, ਬਰਸੀਆਂ ਦੇ ਪਾਠਾਂ ਦੇ ਭੋਗ ਪੁਆਉਂਦਾ। ਇਸ ਤੋਂ ਇਲਾਵਾ ਬਾਕੀ ਅਸੂਲਾਂ 'ਤੇ ਵੀ ਕੋਈ ਪਹਿਰਾ ਨਾ ਦਿੱਤਾ। ਸ: ਮੰਨਾ ਸਿੰਘ ਨੇ 'ਮਹੰਤ ਮਨਜੀਤ ਸਿੰਘ ਦੀ ਅਰਦਾਸ ਉਲੰਘਣਾ' ਦੇ ਸਿਰਲੇਖ ਥੱਲੇ ਇਕ ਇਸ਼ਤਿਹਾਰ ਰਾਹੀਂ ਵੀ ਇਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਵਿਅਰਥ ਗਿਆ। ਇਸ ਤਰ੍ਹਾਂ ਮਨਜੀਤ ਸਿੰਘ ਆਪਣੀ ਅਰਦਾਸ ਦੀਆਂ ਆਪ ਹੀ ਧੱਜੀਆਂ ਉਡਾਉਂਦਾ ਰਿਹਾ। ਮਹੰਤ ਮਨਜੀਤ ਸਿੰਘ ਪਾਸ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਇਹ ਡੇਰੇ ਦੇ ਮੁਖੀ ਵਜੋਂ ਆਪਣੀ ਹੀ ਅਰਦਾਸ ਦੀ ਉਲੰਘਣਾ ਕਿਉਂ ਕਰਦਾ ਸੀ।

ਜੁਰਮ ਦੀ ਦੁਨੀਆ ਦਾ ਇਕ ਮਾਮੂਲ ਕਰਿੰਦਾ ਮਹੰਤ ਬਣਦੇ ਹੀ ਪੈਸੇ ਅਤੇ ਸ਼ੋਹਰਤ ਦੇ ਨਾਲ ਨਾਲ ਜੁਰਮਾਂ ਦੀ ਦੁਨੀਆ ਦਾ ਵੀ ਬਾਦਸ਼ਾਹ ਬਣ ਗਿਆ। ਪਹਿਲਾਂ ਉਹ ਕਿਸੇ ਹੋਰ ਧੜੇ ਦਾ ਹਿਮਾਇਤੀ ਸੀ, ਪਰ ਉਸ ਦੇ ਆਗੂ ਦੀ ਮੌਤ ਪਿੱਛੋਂ ਮਨਜੀਤ ਸਿੰਘ ਉਸ ਧੜੇ ਦੇ ਵਿਰੋਧੀਆਂ 'ਚ ਜਾ ਸ਼ਾਮਿਲ ਹੋਇਆ ਅਤੇ ਡਾਕਾਜ਼ਨੀਆਂ ਕਤਲ ਅਤੇ ਲੁੱਟ-ਖਸੁੱਟ ਕਰਵਾਉਣ ਲੱਗ ਪਿਆ।

ਪਿਛਲੇ ਦਿਨਾਂ ਤੋਂ ਵੀ ਧਮਕੀਆਂ ਭਰੇ ਪੱਤਰ ਜੰਮੂ ਦੇ ਸਰਮਾਏਦਾਰਾਂ (ਸਿੱਖਾਂ ਜਾਂ ਗ਼ੈਰ-ਸਿੱਖਾਂ) ਨੂੰ ਮਿਲੇ, ਉਨ੍ਹਾਂ ਵਿਚ ਲੱਖਾਂ ਰੁਪਏ ਦੀ ਮੰਗ ਹੋਇਆ ਕਰਦੀ ਸੀ ਤੇ ਧਮਕੀ ਦੇਣ ਵਾਲੇ ਇਹ ਪੈਸੇ ਮਹੰਤ ਮਨਜੀਤ ਸਿੰਘ ਪਾਸ ਪੁਚਾਉਣ ਲਈ ਕਿਹਾ ਕਰਦੇ ਸਨ। ਇਸ ਸਬੰਧ ਵਿਚ ਬਹੁਤ ਲੋਕੀ ਜਾਨ ਬਚਾਉਣ ਖ਼ਾਤਰ ਚੁੱਪਚਾਪ ਪੈਸੇ ਪੁਚਾ ਵੀ ਆਉਂਦੇ ਸਨ ਤੇ ਕੁਝ ਨੇ ਪੁਲਿਸ ਪਾਸ ਵੀ ਰਿਪੋਰਟ ਦਰਜ ਕਰਵਾਈ। ਮਹੰਤ ਮਨਜੀਤ ਸਿੰਘ ਆਪਣੇ ਡੇਰੇ ਵਿਚ ਇਸ ਤਰ੍ਹਾਂ ਦੇ ਮਸਲੇ ਨਜਿੱਠਣ ਦੀ ਸਾਲਸੀ ਕਰਦੇ ਸਨ ਤੇ ਵਸੂਲ ਕੀਤੀ ਰਕਮ ਵਿੱਚੋਂ ਹਿੱਸਾ ਲੈਂਦੇ ਸਨ।

6. ਨੇਪਾਲ ਵਿਖੇ ਸ: ਆਸਾ ਸਿੰਘ ਦਾ ਕਤਲ ਇਸੇ ਕਰ ਕੇ ਹੋਇਆ, ਕਿਉਂਕਿ ਉਹ ਮਹੰਤ ਦੀਆਂ ਕਰਤੂਤਾਂ ਤੋਂ ਜਾਣੂ ਸੀ। ਜੰਮੂ ਵਿਖੇ ਮੁਜਰਮਾਨਾ ਵਾਰਦਾਤਾਂ ਕਰ ਕੇ ਜਦੋਂ ਉਹ ਨੇਪਾਲ ਜਾਂਦੇ ਸਨ ਤਾਂ ਉਨ੍ਹਾਂ ਨੂੰ ਸੁਧਾਰਨ ਲਈ ਸ: ਆਸਾ ਸਿੰਘ ਉਨ੍ਹਾਂ ਵਿਰੁੱਧ ਇਸ਼ਤਿਹਾਰ ਲਾਉਂਦੇ ਸਨ, ਇਸ ਲਈ ਮਹੰਤ ਉਨ੍ਹਾਂ ਨੂੰ ਆਪਣਾ ਦੁਸ਼ਮਣ ਸਮਝਦਾ ਸੀ।
7. ਜੰਮੂ ਵਿਖੇ ਸ: ਹਰਨਾਮ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚੀ ਗਈ ਤੇ ਜਥੇਦਾਰ ਹਰਨਾਮ ਸਿੰਘ ਦੇ ਮਿਤੀ 24-6-1994 ਨੂੰ ਅਖ਼ਬਾਰ ਵਿਚ ਦਿੱਤੇ ਬਿਆਨ ਦੇ ਪ੍ਰਤੀਕਰਮ ਵਿਚ ਗੁਰਦੁਆਰਾ ਟਾਹਲੀ ਸਾਹਿਬ ਵਿਚ ਮਹੰਤ ਨੇ ਖੁਲ੍ਹੇਆਮ ਹਰਨਾਮ ਸਿੰਘ ਨੂੰ ਸੋਧਣ ਦੀ ਅਰਦਾਸ ਕੀਤੀ।
8. ਅੰਬਿਕਾ ਅਤੇ ਗੜਵਈ ਬਿੱਲੇ ਨੇ ਪੁਲਿਸ ਪਾਸ ਦਿੱਤੇ ਬਿਆਨਾਂ ਵਿਚ ਮੰਨਿਆ ਹੈ ਕਿ ਇਸ ਕਤਲ ਵਿਚ ਸਾਜ਼ਿਸ਼ ਵਿਚ ਮਹੰਤ ਮਨਜੀਤ ਸਿੰਘ ਦਾ ਸਿੱਧਾ ਹੱਥ ਹੈ।
9. ਮਹੰਤ ਮਨਜੀਤ ਸਿੰਘ ਅਤੇ ਉਸ ਦੇ ਕਿਰਾਏ ਦੇ ਗੁੰਡੇ ਲਗਾਤਾਰ ਜੋ ਵੀ ਮਹੰਤ ਦੇ ਕਾਲੇ ਕਾਰਨਾਮਿਆਂ ਵਿਰੁੱਧ ਆਵਾਜ਼ ਚੁੱਕਦਾ ਹੈ, ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਂਦੇ ਰਹਿੰਦੇ ਹਨ। ਕਿੰਨੇ ਹੀ ਦਾਨਿਸ਼ਵਰ ਅਥਵਾ ਸੱਚ ਤੇ ਹੱਕ 'ਚ ਬੋਲਣ ਵਾਲਿਆਂ

ਨੂੰ ਧਮਕੀ ਭਰੇ ਟੈਲੀਫ਼ੋਨ ਆ ਚੁੱਕੇ ਹਨ ਅਤੇ ਮਹੰਤ ਮਨਜੀਤ ਸਿੰਘ ਆਪ ਖੁੱਲ੍ਹੇਆਮ ਸੋਧਣ ਦੀਆਂ ਧਮਕੀਆਂ ਦੇ ਕੇ ਜਜ਼ਬਾਤ ਭੜਕਾ ਰਿਹਾ ਹੈ।

10. ਮਹੰਤ ਬਣਦੇ ਹੀ ਇੰਜੀਨੀਅਰਿੰਗ ਕਾਲਜ ਦੇ ਨਾਂਅ 'ਤੇ ਜ਼ਬਰਦਸਤੀ ਉਗਰਾਹੀ ਕੀਤੀ ਤੇ ਹਰ ਇਕ ਮੁਲਾਜ਼ਮ ਤੋਂ ਉਸ ਦੀ ਇਕ ਮਹੀਨੇ ਦੀ ਤਨਖ਼ਾਹ ਲਈ ਅਤੇ ਹਰ ਵਪਾਰੀ ਜਾਂ ਟਰਾਂਸਪੋਰਟਰ ਪਾਸੋਂ ਜਬਰਦਸਤੀ ਮੋਟੀਆਂ ਰਕਮਾਂ ਇਕੱਠੀਆਂ ਕੀਤੀਆਂ, ਮਹੰਤ ਮਨਜੀਤ ਸਿੰਘ ਦੇ ਸਰੀਰ ਵਿਚ ਕਿਸੇ ਮਸੰਦ ਦੀ ਰੂਹ ਆ ਗਈ ਲਗਦੀ ਹੈ।

11. ਮਹੰਤ ਸ਼ਰਾਫ਼ਤ ਅਤੇ ਨੇਕੀ ਦੀ ਕਮਾਈ 'ਤੇ ਯਕੀਨ ਰੱਖਣ ਵਾਲਿਆਂ ਨੂੰ ਚੋਰੀ, ਠੱਗੀ ਅਤੇ ਦੋ ਨੰਬਰ ਦੇ ਕੰਮ ਦੀ ਪ੍ਰੇਰਨਾ ਦੇਂਦਾ ਹੈ ਤੇ ਉਸ ਵਿੱਚੋਂ ਆਪਣਾ ਹਿੱਸਾ ਮੰਗਦਾ ਹੈ। ਕੀ ਇਹ ਲੱਛਣ ਕਿਸੇ ਗੁਰਸਿੱਖ ਸੰਤ ਦੇ ਹਨ ?

ਮਹੰਤ ਮਨਜੀਤ ਸਿੰਘ ਪਾਸ ਆਪਣੇ ਆਚਰਣ ਪ੍ਰਤੀ ਹੇਠ ਲਿਖੇ ਪ੍ਰਸ਼ਨਾਂ ਦਾ ਕੀ ਜਵਾਬ ਹੈ ? **ਜੰਮੂ ਵਿਚ ਅੰਬਿਕਾ ਰਖੇਲ, ਬੰਗਲੌਰ ਦੇ ਹੋਟਲ ਵਿਚ ਪਤਨੀ ਤੇ ਅਕਾਲ ਤਖ਼ਤ ਸਾਹਿਬ 'ਤੇ ਧੀ ?**

1. ਕੀ ਉਸ ਦੇ ਮਹੰਤ ਬਣਨ ਤੋਂ ਪਹਿਲਾਂ ਕੁਝ ਔਰਤਾਂ ਨਾਲ ਨਜਾਇਜ਼ ਸਬੰਧ ਨਹੀਂ ਸਨ ?
2. ਕੀ ਮਹੰਤ ਬਣਨ ਤੋਂ ਬਾਅਦ ਵੀ ਉਸਦੇ ਇਹ ਨਜਾਇਜ਼ ਸਬੰਧ ਨਹੀਂ ਰਹੇ ?
3. ਕੀ ਗੁਰਸਿੱਖੀ ਆਚਰਣ ਅਤੇ ਪਵਿੱਤਰ ਡੇਰੇ ਦੀ ਮਰਿਆਦਾ ਅਨੁਸਾਰ ਕਿਸੇ ਔਰਤ ਨੂੰ ਮਹੰਤ ਸਾਹਿਬ ਪਾਸ ਕੰਪਲੈਕਸ ਵਿਚ ਰਹਿਣ ਦੀ ਆਗਿਆ ਹੈ ?
4. ਕੀ ਅੱਜ ਤਕ ਕਿਸੇ ਹੋਰ ਔਰਤ ਨੇ ਮਹੰਤ ਸਾਹਿਬ ਦੇ ਕਮਰੇ ਨਾਲ ਲਗਦੇ ਕਮਰੇ ਵਿਚ ਚਲੀਹਾ ਸਾਧਨਾ ਕੀਤੀ ਹੈ ? ਜੇ ਨਹੀਂ ਤਾਂ ਫਿਰ ਅੰਬਿਕਾ ਲਈ ਡੇਰੇ ਦੀਆਂ ਸਾਰੀਆਂ ਪਰੰਪਰਾਵਾਂ ਕਿਉਂ ਛਿੱਕੇ ਟੰਗੀਆਂ ਗਈਆਂ ?
5. ਕੀ ਮਨਜੀਤ ਸਿੰਘ ਦੇ ਕਮਰੇ 'ਚੋਂ ਅੰਬਿਕਾ ਦੇ ਚਲੀਹੇ ਵਾਲੇ ਕਮਰੇ ਵਿਚ ਟੈਲੀਫ਼ੋਨ ਐਕਸਟੈਨਸ਼ਨ ਨਹੀਂ ਸੀ ?
6. ਕੀ ਅੰਬਿਕਾ ਮਹੰਤ ਮਨਜੀਤ ਸਿੰਘ ਨਾਲ ਉਸ ਦੇ ਕਮਰੇ ਵਿਚ ਹੀ ਨਹੀਂ ਸੀ ਰਹਿੰਦੀ ?
7. ਕੀ ਉਨ੍ਹਾਂ ਦੇ ਨਜਾਇਜ਼ ਸਬੰਧ ਨਹੀਂ ਸਨ ?
8. ਕੀ ਅੰਬਿਕਾ ਦੇ ਬਿਊਟੀ ਪਾਰਲਰ ਦਾ ਉਦਘਾਟਨ ਮਹੰਤ ਮਨਜੀਤ ਸਿੰਘ ਨੇ ਨਹੀਂ ਸੀ ਕੀਤਾ ?
9. ਕੀ ਅੰਬਿਕਾ ਨੇ ਬੰਗਲੌਰ ਵਿਖੇ ਸੈਂਟਰਲ ਬੈਂਕ ਆਫ਼ ਇੰਡੀਆ ਦੇ ਆਪਣੇ ਬੈਂਕ ਖਾਤੇ ਵਿਚ ਮਹੰਤ ਮਨਜੀਤ ਸਿੰਘ ਨੂੰ ਆਪਣਾ ਪਤੀ ਨਹੀਂ ਲਿਖਵਾਇਆ ?
10. ਕੀ ਸਿੱਖ ਪੰਥ ਦੇ ਸਰਬ-ਉੱਚ ਅਸਥਾਨ ਅਕਾਲ ਤਖ਼ਤ ਸਾਹਿਬ 'ਤੇ ਮਹੰਤ ਨੇ ਝੂਠ ਨਹੀਂ ਬੋਲਿਆ ਕਿ ਅੰਬਿਕਾ ਮੇਰੀ ਧੀ ਹੈ... ?
11. ਕੀ ਮਹੰਤ ਮਨਜੀਤ ਸਿੰਘ ਬੰਗਲੌਰ ਦੇ ਆਦਰਸ਼ ਹੋਟਲ ਦੇ ਕਮਰਾ ਨੰ: 303 ਵਿਚ ਅੰਬਿਕਾ ਨਾਲ ਨਹੀਂ ਰਿਹਾ ?
12. ਕੀ ਬੰਗਲੌਰ ਦੇ ਹੋਟਲ ਵਿਚ ਮਹੰਤ ਦੀ ਰੋਟੀ ਪਕਾਉਣ ਵਾਲਾ ਲਾਂਗਰੀ ਉਸ ਨਾਲ ਸੀ ਜਾਂ ਉਹ ਹੋਟਲ ਤੋਂ ਰੋਟੀ ਖਾਂਦਾ ਸੀ ?
13. ਜੇ ਕਰ ਅੰਬਿਕਾ ਨੇ ਪੁਲਿਸ ਪਾਸ ਉਪਰੋਕਤ ਸਾਰੀ ਗ਼ਲਤ-ਬਿਆਨੀ ਕੀਤੀ ਹੈ ਅਤੇ ਮਨਜੀਤ ਸਿੰਘ ਨੂੰ ਆਪਣਾ ਪਤੀ ਦੱਸਿਆ ਹੈ (ਜਦੋਂ ਕਿ ਉਸ ਦੇ ਚੈੱਕਾਂ ਉਪਰ ਮਹੰਤ ਦੇ ਆਪਣੇ ਦਸਖ਼ਤ ਵੀ ਮੌਜੂਦ ਹਨ) ਤਾਂ ਮਹੰਤ ਮਨਜੀਤ ਸਿੰਘ ਨੇ ਇਸ ਦੀ ਤਰਦੀਦ ਜਾਂ ਸੋਧ ਕਿਉਂ ਨਹੀਂ ਕਰਵਾਈ ?
14. ਕੀ ਮਹੰਤ ਮਨਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤਾਂ ਦੀ ਮੌਜੂਦਗੀ ਵਿਚ ਝੂਠ ਨਹੀਂ ਬੋਲਿਆ ਕਿ ਉਹ ਹਜ਼ੂਰ ਸਾਹਿਬ ਗਿਆ ਹੋਇਆ ਸੀ ?

15. ਕੀ ਅੰਬਿਕਾ ਨੇ ਅੰਮ੍ਰਿਤ ਛਕਿਆ ਹੈ ? ਅਗਰ ਐਸਾ ਹੈ ਤਾਂ ਉਹ ਆਪਣਾ ਨਾਮ ਅੰਬਿਕਾ ਕੌਰ ਬਜਾਏ ਅੰਬੀਕਾ ਬੜਗੋਤਰਾ ਕਿਉਂ ਲਿਖਦੀ ਹੈ ?
16. ਜੇ ਕਰ ਮਹੰਤ ਸੱਚਮੁੱਚ ਉਸ ਨੂੰ ਆਪਣੀ ਧੀ ਮੰਨਦਾ ਹੈ ਤਾਂ ਉਹ ਪੁਲਿਸ ਪਾਸੋਂ ਰਿਹਾ ਹੋਣ ਤੋਂ ਬਾਅਦ ਮਨਜੀਤ ਸਿੰਘ ਨੂੰ ਛੁਪ-ਛੁਪ ਕੇ ਕਿਉਂ ਮਿਲਦੀ ਹੈ ?

ਮਹੰਤ ਮਨਜੀਤ ਸਿੰਘ ਡੇਰੇ ਦੇ ਫ਼ੰਡ ਦੀ ਦੁਰਵਰਤੋਂ ਲਈ ਹੇਠ ਲਿਖੇ ਪ੍ਰਸ਼ਨਾਂ ਦੇ ਉਤਰ ਦੇਵੇ :

1. ਕੀ ਮਹੰਤ ਮਨਜੀਤ ਸਿੰਘ ਨੇ 10-8-1994 ਨੂੰ ਆਪਣੀ ਚਿੱਠੀ ਪੰਜਾਬ ਨੈਸ਼ਨਲ ਬੈਂਕ, ਗੰਗਿਆਲ ਜੰਮੂ ਦੇ ਮੈਨੇਜਰ ਨੂੰ ਦੇਸ਼ ਬੰਧੂ ਦੇ ਖਾਤੇ ਵਿਚ 30 ਲੱਖ ਰੁਪਏ ਜਮ੍ਹਾਂ ਕਰਨ ਲਈ ਨਹੀਂ ਲਿਖੀ ?
2. 11-8-1994 ਨੂੰ ਦੇਸ਼ ਬੰਧੂ ਦੇ ਖਾਤਾ ਨੰਬਰ 11231 ਵਿਚ ਜਮ੍ਹਾਂ ਕੀਤੀ ਰਕਮ 11 ਲੱਖ ਰੁਪਏ।
3. 11-8-1994 ਨੂੰ ਹੀ ਤਿੰਨ ਮਿਆਦੀ ਖਾਤਿਆਂ 'ਚ ਪੈਸੇ ਜਮ੍ਹਾਂ ਕਰਵਾਏ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :
   (1) ਦੇਸ਼ ਬੰਧੂ ਦੇ ਖਾਤਾ ਨੰਬਰ 3921 ਵਿਚ 4 ਲੱਖ ਰੁਪਏ।
   (2) ਦੇਸ਼ ਬੰਧੂ ਦੀ ਕੁੜੀ ਪੂਰਨਿਮਾ ਦੇ ਖਾਤਾ ਨੰਬਰ 3919 ਵਿਚ 3 ਲੱਖ ਰੁਪਏ।
   (3) ਦੇਸ਼ ਬੰਧੂ ਦੀ ਦੂਜੀ ਕੁੜੀ ਪਾਇਲ ਦੇ ਖਾਤਾ ਨੰਬਰ 3920 ਵਿਚ 3 ਲੱਖ ਰੁਪਏ।
   (4) 12-8-1994 ਨੂੰ ਫਿਰ ਦੇਸ਼ ਬੰਧੂ ਦੇ ਖਾਤੇ ਵਿਚ ਜਮ੍ਹਾਂ ਹੋਏ 9 ਲੱਖ ਰੁਪਏ।
   (5) 12-8-1994 ਨੂੰ ਫਿਰ ਦੇਸ਼ ਬੰਧੂ ਦੇ ਨਾਂ ਜਮ੍ਹਾਂ ਹੋਏ 50 ਹਜ਼ਾਰ ਰੁਪਏ।
   (6) 16-8-1994 ਨੂੰ ਦੇਸ਼ ਬੰਧੂ ਦੇ ਨਾਂ ਜਮ੍ਹਾਂ ਹੋਏ 4 ਲੱਖ ਰੁਪਏ
   (7) 22-8-1994 ਨੂੰ ਦੇਸ਼ ਬੰਧੂ ਦੇ ਨਾਮ ਜਮ੍ਹਾਂ 1 ਲੱਖ 10 ਹਜ਼ਾਰ ਰੁਪਏ।
   (8) 24-8-1994 ਨੂੰ ਦੇਸ਼ ਬੰਧੂ ਦੇ ਖਾਤਾ ਨੰਬਰ 5057 ਵਿਚ 1 ਲੱਖ ਰੁਪਏ।
   (9) 24-8-1994 ਨੂੰ ਹੀ ਦੇਸ਼ ਬੰਧੂ ਦੀ ਕੁੜੀ ਦੇ ਖਾਤਾ ਨੰਬਰ 4202 ਵਿਚ 1 ਲੱਖ 35 ਹਜ਼ਾਰ ਰੁਪਏ।
   (10) 24-8-1994 ਨੂੰ ਹੀ ਦੇਸ਼ ਬੰਧੂ ਦੀ ਦੂਜੀ ਕੁੜੀ ਦੇ ਖਾਤਾ ਨੰਬਰ 4974 ਵਿਚ 1 ਲੱਖ 35 ਹਜ਼ਾਰ ਰੁਪਏ।

   ਇਸ ਤਰ੍ਹਾਂ ਕੁਲ ਜਮ੍ਹਾਂ ਹੋਏ 39 ਲੱਖ 30 ਹਜ਼ਾਰ ਰੁਪਏ।

ਉਪਰੋਕਤ ਸਾਰੇ ਵੇਰਵੇ ਤੋਂ ਇਲਾਵਾ ਬੰਗਲੌਰ ਵਿਖੇ ਮਹੰਤ ਅਤੇ ਅੰਬਿਕਾ ਨੇ ਜੋ ਡੇਰੇ ਦੇ ਪੈਸੇ ਦੀ ਦੁਰਵਰਤੋਂ ਕੀਤੀ, ਉਸ ਦਾ ਵੇਰਵਾ ਇਸ ਪ੍ਰਕਾਰ ਹੈ :

1. 19-8-1994 ਨੂੰ ਅੰਬਿਕਾ ਨੇ ਬੰਗਲੌਰ ਸੈਂਟਰਲ ਬੈਂਕ ਵਿਚ ਜਮ੍ਹਾਂ ਕਰਵਾਏ 3 ਲੱਖ 50 ਹਜ਼ਾਰ ਰੁਪਏ।
2. 23-8-1994 ਨੂੰ ਜਮ੍ਹਾਂ ਕੀਤੀ ਰਕਮ 4 ਲੱਖ 50 ਹਜ਼ਾਰ ਰੁਪਏ।
3. 25-8-1994 ਨੂੰ ਅੰਬਿਕਾ ਨੇ ਮਹੰਤ ਨੂੰ ਇਕ ਲੱਖ ਰੁਪਏ ਦਾ ਚੈੱਕ ਨੰਬਰ 61062 ਦਿੱਤਾ।
4. 25-8-1994 ਨੂੰ ਅੰਬਿਕਾ ਨੇ ਸੈਲਫ਼ ਚੈੱਕ ਨੰਬਰ 61063 ਦੁਆਰਾ 6 ਲੱਖ 80 ਹਜ਼ਾਰ ਰੁਪਏ ਕਢਵਾਏ।
   (ਉਪਰੋਕਤ ਦੋਵਾਂ ਚੈੱਕਾਂ ਪਿੱਛੇ ਅੰਬਿਕਾ ਅਤੇ ਮਹੰਤ ਦੇ ਇਕੱਠੇ ਦਸਤਖ਼ਤ ਬੈਂਕ ਰਿਕਾਰਡ ਵਿਚ ਮੌਜੂਦ ਹਨ।)
5. 8-9-1994 ਨੂੰ ਫੇਰ ਅੰਬਿਕਾ ਦੇ ਇਸ ਖਾਤੇ ਵਿਚ 15 ਲੱਖ ਰੁਪਏ ਦਾ ਡਰਾਫ਼ਟ ਜਮ੍ਹਾਂ ਕਰਵਾਇਆ ਗਿਆ, ਜੋ ਹਾਲੇ ਵੀ ਪੁਲਿਸ ਵੱਲੋਂ ਸੀਲ ਕੀਤਾ ਹੋਇਆ ਹੈ।

ਮਹੰਤ ਮਨਜੀਤ ਸਿੰਘ ਸੰਗਤਾਂ ਨੂੰ ਜਵਾਬ ਦੇਵੇ ਕਿ ਉਸ ਨੇ ਡੇਰੇ ਦੇ ਇਸ ਸਾਰੇ ਧਨ ਜਾਂ ਸਰਮਾਏ ਨੂੰ ਖੁਰਦ-ਬੁਰਦ ਕਿਉਂ ਕੀਤਾ ?

ਇਸ ਸਾਰੇ ਪੈਸੇ ਤੋਂ ਇਲਾਵਾ ਕੁਝ ਹੀਰੇ ਅਤੇ ਹੋਰ ਕੀਮਤੀ ਜਵਾਹਰਾਤ, ਜੋ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਗੁਲਾਬ ਸਿੰਘ ਵੱਲੋਂ ਇਸ ਡੇਰੇ ਦੇ ਮਹਾਂਪੁਰਖ ਬਾਬਾ ਮੇਲਾ ਸਿੰਘ ਜੀ ਨੂੰ ਭੇਟ ਕੀਤੇ ਗਏ ਸਨ, ਉਹ ਵੀ ਸਾਰੇ ਇਹ ਮਨਜੀਤ ਸਿੰਘ ਖਾ ਕੇ ਡਕਾਰ ਗਿਆ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਜੰਮੂ-ਕਸ਼ਮੀਰ ਦੇ ਸਿੱਖ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ ਅਤੇ ਉਹ ਵੀ ਡੇਰਾ ਨੰਗਾਲੀ ਸਾਹਿਬ ਦੇ ਮੁਖੀ ਨੂੰ। ਜਦੋਂ ਆਪਣੇ ਧਾਰਮਿਕ ਦੋਸ਼ਾਂ ਬਾਰੇ ਸਪੱਸ਼ਟੀਕਰਨ ਦੇਣ ਸਬੰਧੀ ਪਹਿਲੀ ਵਾਰ ਮਹੰਤ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਬੁਲਾਇਆ ਗਿਆ ਤਾਂ ਇਸ ਨੇ ਬਹਾਨੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਕਿ ਮੈਂ ਸੁਰੱਖਿਆ ਕਾਰਨਾਂ ਕਰ ਕੇ ਹਾਜ਼ਿਰ ਨਹੀਂ ਹੋ ਸਕਦਾ।

ਬਾਅਦ ਵਿਚ ਜਦੋਂ ਇਹ ਹਾਜ਼ਿਰ ਵੀ ਹੋਇਆ ਤਾਂ ਇਸ ਨੇ ਆਪਣੇ ਖ਼ਿਲਾਫ਼ ਸਾਰੇ ਦਸਤਾਵੇਜ਼ੀ ਸਬੂਤ ਹੋਣ ਦੇ ਬਾਵਜੂਦ ਵੀ ਅਕਾਲ ਤਖ਼ਤ ਸਾਹਿਬ ਉਪਰ ਝੂਠ ਬੋਲਿਆ ਤੇ ਆਖ਼ਰ ਸਿੰਘ ਸਾਹਿਬ ਨੇ ਇਸ ਨੂੰ ਧਾਰਮਿਕ ਦੋਸ਼ੀ ਠਹਿਰਾਉਂਦੇ ਹੋਏ ਚਾਲ੍ਹੀ ਦਿਨਾਂ ਦੀ ਸਜ਼ਾ ਵੀ ਲਾਈ, ਜੋ ਇਸ ਨੇ ਨਹੀਂ ਨਿਭਾਈ। ਜਿਸ ਕਾਰਨ ਅਕਾਲ ਤਖ਼ਤ ਸਾਹਿਬ ਵੱਲੋਂ ਅਜੇ ਤਕ ਮਹੰਤ ਮਨਜੀਤ ਸਿੰਘ ਨੂੰ ਦੋਸ਼ ਮੁਕਤ ਕਰਕੇ ਪੰਥ ਵਿਚ ਸ਼ਾਮਿਲ ਨਹੀਂ ਕੀਤਾ ਗਿਆ।

1. ਮਹੰਤ ਮਨਜੀਤ ਸਿੰਘ ਕਾਰਨ ਹੀ ਦਿੱਲੀ ਵਿਖੇ ਬਾਬਾ ਮਾਨ ਸਿੰਘ ਜੀ ਦੇ ਡੇਰੇ ਵਿਚ ਪੁਲਿਸ ਗਈ ਅਤੇ ਓਥੋਂ ਮਨਜੀਤ ਸਿੰਘ ਦੇ ਗੜ੍ਹਵਈ ਸੁਰਿੰਦਰ ਸਿੰਘ ਬਿੱਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ।
2. ਮਹੰਤ ਦੂਜੇ ਧਰਮਾਂ ਦੇ ਅਸਥਾਨਾਂ 'ਤੇ ਜਾ ਕੇ ਆਪਣੀ ਹੇਠੀ ਕਰਵਾਉਂਦਾ ਹੈ।
3. ਕਾਂਗਰਸ ਪਾਰਟੀ ਨਾਲ ਮਹੰਤ ਨੇ ਵਾਅਦਾ ਕੀਤਾ ਹੋਇਆ ਹੈ ਕਿ ਉਹ ਉਸ ਨੂੰ ਕਾਨੂੰਨੀ ਕੇਸਾਂ 'ਚੋਂ ਬਚਾਵੇ ਤਾਂ ਉਸ ਦੇ ਬਦਲੇ ਵਿਚ ਮਹੰਤ ਉਸ ਨੂੰ ਵੋਟਾਂ ਦਵਾਏਗਾ।
4. ਡਿਗਿਆਣਾ ਆਸ਼ਰਮ ਜਾਂ ਨੰਗਾਲੀ ਸਾਹਿਬ ਨੂੰ ਸਿੱਖਾਂ ਦੇ ਧਾਰਮਿਕ ਅਸਥਾਨ ਦੀ ਬਜਾਏ ਕਾਂਗਰਸ ਪਾਰਟੀ ਦਾ ਅੱਡਾ ਬਣਾਇਆ ਹੋਇਆ ਹੈ।
5. ਮਹੰਤ ਮਨਜੀਤ ਸਿੰਘ ਦੇ ਉਪਰੋਕਤ ਡੇਰੇ ਦੇ ਪੈਸੇ ਦੀ ਦੁਰਵਰਤੋਂ ਨੂੰ ਝੂਠਾ ਸਾਬਤ ਕਰਨ ਵਾਲੇ ਲਈ ਜੋ 2 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਇਸ਼ਤਿਹਾਰ ਰਾਹੀਂ ਕੀਤਾ ਗਿਆ ਹੈ, ਉਸ ਨੂੰ ਝੂਠਾ ਸਾਬਤ ਕਰ ਕੇ ਮਹੰਤ ਦੇ ਸਮਰੱਥਕ ਉਹ ਦੋ ਲੱਖ ਰੁਪਇਆ ਲੈਂਦੇ ਕਿਉਂ ਨਹੀਂ ?

ਉਪਰੋਕਤ ਸਾਰੇ ਪ੍ਰਸ਼ਨਾਂ ਦੇ ਉਤਰ ਇਸ ਲਈ ਜ਼ਰੂਰੀ ਨਹੀਂ ਕਿ ਅਸੀਂ ਮਹੰਤ ਮਨਜੀਤ ਸਿੰਘ ਦੇ ਵਿਰੋਧੀ ਹਾਂ, ਬਲਕਿ ਅਸੀਂ ਨੰਗਾਲੀ ਸਾਹਿਬ ਦੇ ਹਿਤੈਸ਼ੀ ਹਾਂ, ਇਸ ਲਈ ਕਿਸੇ ਐਸੇ ਉੱਚੇ ਆਚਰਣ ਜਾਂ ਆਦਰਸ਼ ਵਾਲੇ ਪੂਰਨ ਗੁਰਸਿੱਖ ਦੀ ਲੋੜ ਮਹਿਸੂਸ ਕਰਦੇ ਹਾਂ, ਜੋ ਸਿੱਖੀ ਦਾ ਪ੍ਰਭਾਵ ਰੱਖਦਾ ਹੋਵੇ ਅਤੇ ਨਾਲ ਹੀ ਅਸੀਂ ਮਹੰਤ ਮਨਜੀਤ ਸਿੰਘ ਨੂੰ ਵੀ ਬੇਨਤੀ ਕਰਦੇ ਹਾਂ ਕਿ ਇਨਸਾਨ ਭੁੱਲਣਹਾਰ ਹੈ ਅਤੇ ਆਪਣੀ ਭੁੱਲ ਨੂੰ ਸਵੀਕਾਰ ਕਰਨ ਵਿਚ ਵੀ ਉਸ ਦਾ ਵੱਡਪਣ ਹੈ। ਤੁਸੀਂ ਆਪਣੇ ਅੰਦਰ ਆਪ ਝਾਤੀ ਮਾਰ ਕੇ ਵੇਖੋ। ਕੀ ਤੁਸੀਂ ਆਪਣੇ ਆਪ ਨੂੰ ਇਸ ਯੋਗ ਸਮਝਦੇ ਹੋ ਕਿ ਤੁਸੀਂ ਇਸ ਡੇਰੇ ਦੀ ਅਗਵਾਈ ਕਰ ਸਕੋ। ਕੀ ਨੰਗਾਲੀ ਸਾਹਿਬ ਦੇ ਤੁਸੀਂ ਯੋਗ ਹੋ ? ਨਿਸਚੇ ਹੀ ਤੁਹਾਡੀ ਆਤਮਾ ਤੁਹਾਨੂੰ ਕੋਸੇਗੀ। ਡੇਰੇ ਦੇ ਪਿਛਲੇ ਸਾਰੇ ਮਹਾਂਪੁਰਖਾਂ ਦੀ ਘਾਲਣਾ ਅਤੇ ਸੇਵਾ ਨੂੰ ਮੁੱਖ ਰੱਖ ਕੇ ਤੁਸੀਂ ਆਪ ਹੀ ਇਸ ਡੇਰੇ ਦੀ ਜ਼ਿੰਮੇਵਾਰੀ ਕਿਸੇ ਹੋਰ ਯੋਗ ਵਿਅਕਤੀ ਨੂੰ ਸੌਂਪ ਦਿਓ ਨਹੀਂ ਤਾਂ ਇਤਿਹਾਸ ਤੁਹਾਨੂੰ ਕਦੀ ਵੀ ਮੁਆਫ਼ ਨਹੀਂ ਕਰੇਗਾ।

—ਨੰਗਾਲੀ ਸਾਹਿਬ ਦੇ ਹਿਤੈਸ਼ੀ[14]

---

14. ਕੁਲਬੀਰ ਸਿੰਘ ਕੌੜਾ, *ਬੇਈਮਾਨ ਰਾਜਨੀਤੀ ਵਿਚ ਫਸਿਆ ਅਕਾਲ ਤਖ਼ਤ*, ਅਗਸਤ 2003 ਦੀ ਐਡੀਸ਼ਨ, ਸਫ਼ੇ 74-80.

ਇਸ ਇਸ਼ਤਿਹਾਰ ਨੂੰ ਛਾਪਣ ਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਦੇ ਨਾਂ ਚਿੱਠੀ ਲਿਖ ਕੇ, ਇਸ ਦੀ ਇਕ ਕਾਪੀ ਨਾਲ ਨੱਥੀ ਕਰ ਕੇ ਭੇਜ ਦਿੱਤੀ। ਇਸ 'ਤੇ ਮਨਜੀਤ ਸਿੰਘ ਨੇ 9 ਜਨਵਰੀ 1995 ਦੇ ਦਿਨ ਮਹੰਤ ਮਨਜੀਤ ਸਿੰਘ ਨੂੰ ਇਕ ਚਿੱਠੀ ਲਿਖ ਕੇ 18 ਜਨਵਰੀ 1995 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ 'ਤਲਬ' ਕਰ ਲਿਆ। 'ਤਲਬੀ' ਦੀ ਇਹ ਚਿੱਠੀ ਇੰਞ ਸੀ:

ਮਹੰਤ ਮਨਜੀਤ ਸਿੰਘ,

ਤੁਹਾਡੇ ਬਾਰੇ ਜੰਮੂ-ਕਸ਼ਮੀਰ ਦੀਆਂ ਸਿੱਖ ਸੰਗਤਾਂ ਵੱਲੋਂ ਪਿਛਲੇ ਕੁਝ ਅਰਸੇ ਤੋਂ ਜੋ ਜਾਣਕਾਰੀ ਪ੍ਰਾਪਤ ਹੋਈ ਹੈ, ਉਹ ਅਤਿ-ਦੁਖਦਾਈ ਅਤੇ ਘਿਨਾਉਣੀ ਹੈ, ਜਿਸ ਦਾ ਅੰਸ਼ਕ ਵੇਰਵਾ ਇਸ ਪ੍ਰਕਾਰ ਹੈ। ਸਿੱਖ ਪੰਥ ਨਾਲ ਸਬੰਧਿਤ ਇਸ ਪਵਿੱਤਰ ਇਤਿਹਾਸਕ ਅਸਥਾਨ ਦਾ ਮੁਖੀ ਹੋਣ ਦੇ ਰੂਪ ਵਿਚ ਐਸੀਆਂ ਮਨਮਤੀ ਕਾਰਵਾਈਆਂ ਨਾਲ ਸਿੱਖ ਸੰਗਤਾਂ ਦੇ ਹਿਰਦੇ ਬਹੁਤ ਦੁਖੀ ਹੋਏ ਹਨ।

1. ਇਸ ਗੁਰਦੁਆਰੇ ਵਿਚ ਇਕ ਗ਼ੈਰ-ਸਿੱਖ ਇਸਤਰੀ ਨੂੰ ਗ਼ੈਰ-ਮਰਿਆਦਕ ਰੂਪ ਵਿਚ ਪਨਾਹ ਦੇ ਕੇ ਆਪਣੇ ਕੋਲ ਰੱਖਿਆ।
2. ਤੁਸੀਂ ਇਸ ਅਸਥਾਨ ਦੀ ਬਹੁਤ ਸਾਰੀ ਮਾਇਆ ਨਜਾਇਜ਼ ਢੰਗ ਨਾਲ ਬੈਂਕਾਂ ਵਿਚ ਜਮ੍ਹਾਂ ਕਰਵਾਈ ਅਤੇ ਫਿਰ ਉਸ ਨੂੰ ਨਿੱਜੀ ਲਾਭਾਂ ਵਿਚ ਕਢਵਾ ਕੇ ਵਰਤਿਆ।
3. ਤੁਸੀਂ ਪੰਜਾਂ ਪਿਆਰਿਆਂ ਦੀ ਹਾਜ਼ਰੀ ਵਿਚ ਅੰਮ੍ਰਿਤ ਸੰਚਾਰ ਸਮੇਂ ਗ਼ਲਤ ਢੰਗ ਨਾਲ ਸ਼ਾਮਿਲ ਹੋ ਕੇ ਪੰਥਕ ਮਰਿਆਦਾ ਦਾ ਘੋਰ ਉਲੰਘਣ ਕੀਤਾ।

ਇਸ ਹਾਲਤ ਵਿਚ ਤੁਹਾਡੀਆਂ ਇਨ੍ਹਾਂ ਹਰਕਤਾਂ ਨੂੰ ਕਿਸੇ ਤਰ੍ਹਾਂ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਸੋ ਤੁਸੀਂ ਇਸ ਸਬੰਧੀ ਆਪਣਾ ਸਪੱਸ਼ਟੀਕਰਨ ਦੇਣ ਲਈ ਮਿਤੀ 18 ਜਨਵਰੀ 1995 ਦਿਨ ਬੁਧਵਾਰ ਨੂੰ ਦੁਪਹਿਰ ਦੋ ਵਜੇ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਸਨਮੁਖ ਪੇਸ਼ ਹੋਵੋ। ਐਸਾ ਨਾ ਕਰਨ ਦੀ ਸੂਰਤ ਵਿਚ ਪੰਥਕ ਕਾਰਵਾਈ ਕੀਤੀ ਜਾਵੇਗੀ।

ਦਸਤਖ਼ਤ: ਮਨਜੀਤ ਸਿੰਘ, ਮੋਹਨ ਸਿੰਘ,
ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ

ਮਹੰਤ ਮਨਜੀਤ ਸਿੰਘ ਦੇ ਨਾਲ ਹੀ ਜੰਮੂ ਦੀਆਂ ਸੰਗਤਾਂ ਨੂੰ ਵੀ ਇਕ 'ਸੰਦੇਸ਼' ਵੀ ਲਿਖ ਕੇ ਭੇਜਿਆ ਗਿਆ, ਜੋ ਹੇਠ ਲਿਖਿਆ ਸੀ:

9 ਜਨਵਰੀ 1995

ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਦੇ ਨਾਮ ਸੰਦੇਸ਼

ਜੰਮੂ ਨਗਰ ਵਿਖੇ ਸਥਿਤ ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਅਤੇ ਡਿਗਿਆਣਾ ਆਸ਼ਰਮ ਨਾਂਅ ਦੇ ਗੁਰ-ਅਸਥਾਨ ਪੁਰਾਤਨ ਸਮੇਂ ਤੋਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਦੀ ਸੁੱਚੀ ਸ਼ਰਧਾ ਤੇ ਸਤਿਕਾਰ ਦੇ ਕੇਂਦਰ ਚਲੇ ਆਏ ਹਨ, ਜਿੱਥੋਂ ਕਿ ਗੁਰੂ ਸਾਹਿਬਾਨ ਦੀ ਬਖ਼ਸ਼ੀ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਹੁੰਦਾ ਆਇਆ ਹੈ। ਕੁਝ ਸਾਲਾਂ ਤੋਂ ਓਥੇ ਮਨਜੀਤ ਸਿੰਘ ਨਾਂ ਦਾ ਵਿਅਕਤੀ ਇਸ ਅਸਥਾਨ ਦੇ ਮੁਖੀ ਦੇ ਰੂਪ ਵਿਚ ਸਿੱਖ ਸੰਗਤਾਂ ਵਿਚ ਵਿਚਰਦਾ ਆ ਰਿਹਾ ਹੈ। ਗੁਰੂ ਪਿਆਰਿਆਂ ਨੇ ਉਸ ਨੂੰ ਹਰ ਤਰ੍ਹਾਂ ਦਾ ਮਾਣ ਸਤਿਕਾਰ ਦੇ ਕੇ ਨਿਵਾਜਿਆ ਹੈ। ਪਰ ਪਿਛਲੇ ਕੁਝ ਅਰਸੇ ਤੋਂ ਇਸ ਵਿਅਕਤੀ ਦੀਆਂ ਮਨਮਤੀ ਕਾਰਵਾਈਆਂ ਬਾਰੇ ਸਿੱਖ ਸੰਗਤਾਂ ਵਿਚ ਚਰਚਾ ਸ਼ੁਰੂ ਹੋਈ, ਜਿਸ ਦਾ ਵੇਰਵਾ ਅਕਾਲ ਤਖ਼ਤ ਸਾਹਿਬ ਵਿਖੇ ਵੀ ਗੁਰੂ ਕੇ ਸਿੱਖਾਂ ਨੇ ਆ ਕੇ ਦਿੱਤਾ ਹੈ। ਪਿਛਲੇ ਦਿਨੀਂ ਇਸ ਸਬੰਧੀ ਠੋਸ ਸਬੂਤ ਸੰਗਤਾਂ ਦੇ ਸਨਮੁੱਖ ਆਏ, ਜਿਸ ਨੇ ਗੁਰਸਿੱਖ ਹਿਰਦਿਆਂ ਨੂੰ ਬਹੁਤ ਦੁਖੀ ਕੀਤਾ ਹੈ। ਇਸ ਸਬੰਧੀ ਅਕਾਲ ਤਖ਼ਤ ਸਾਹਿਬ

ਵਿਖੇ ਗੁਰੂ ਪਿਆਰਿਆਂ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਨੂੰ ਦੇਖਦਿਆਂ ਮਹੰਤ ਮਨਜੀਤ ਸਿੰਘ ਨਾਮ ਦੇ ਇਸ ਵਿਅਕਤੀ ਸਬੰਧੀ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕਰਨ ਦਾ ਫ਼ੈਸਲਾ ਸਿੰਘ ਸਾਹਿਬਾਨ ਨੇ ਲਿਆ ਹੈ। ਮਿਤੀ 18 ਜਨਵਰੀ 1995 ਨੂੰ ਇਸ ਸਬੰਧੀ ਕਾਰਵਾਈ ਲਈ ਇਸ ਵਿਅਕਤੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ।

ਸੋ, ਸਮੂੰਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਪ੍ਰਤੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਸੰਦੇਸ਼ ਹੈ ਕਿ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਅਤੇ ਮਾਨਤਾ ਨੂੰ ਧਿਆਨ ਵਿਚ ਰੱਖਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਅਤੇ ਐਸੇ ਵਿਅਕਤੀ ਅਤੇ ਉਸ ਦੇ ਸਾਥੀਆਂ ਤੋਂ ਸੁਚੇਤ ਰਹਿਣ। ਨਾਲ ਹੀ ਆਪਣੇ ਆਪ ਨੂੰ ਪੰਥਕ ਜ਼ਾਬਤੇ ਵਿਚ ਰੱਖਣ ਤਾਂ ਕਿ ਗੁਰੂ ਦੋਖੀਆਂ ਨੂੰ ਕਿਸੇ ਢੰਗ ਨਾਲ ਵੀ ਵਾਤਾਵਰਣ ਨੂੰ ਖ਼ਰਾਬ ਕਰਨ ਦਾ ਮੌਕਾ ਨਾ ਮਿਲ ਸਕੇ।

ਮਹੰਤ ਮਨਜੀਤ ਸਿੰਘ ਨੇ ਇਸ ਖ਼ਤ ਦੀ ਕੋਈ ਪਰਵਾਹ ਨਾ ਕੀਤੀ ਤੇ ਆਪਣੀ ਜਾਨ ਨੂੰ 'ਖ਼ਤਰਾ' ਹੋਣ ਦਾ ਬਹਾਨਾ ਲਾ ਕੇ 18 ਜਨਵਰੀ ਨੂੰ ਅੰਮ੍ਰਿਤਸਰ ਨਾ ਪੁੱਜਾ। ਪੰਜਾਂ ਗ੍ਰੰਥੀਆਂ ਨੇ ਉਸ ਦਾ ਬਹਾਨਾ ਰੱਦ ਕਰ ਦਿੱਤਾ ਤੇ ਅਗਲੇ ਦਿਨ 19 ਜਨਵਰੀ ਵਾਸਤੇ 'ਤਲਬ' ਕਰ ਲਿਆ। ਉਹ 19 ਜਨਵਰੀ ਨੂੰ ਵੀ ਨਾ ਆਇਆ, ਤਾਂ ਉਸ ਨੂੰ 'ਤਨਖ਼ਾਹੀਆ' ਕਰਾਰ ਦੇ ਕੇ 24 ਜਨਵਰੀ 1995 ਦੇ ਦਿਨ 'ਹਾਜ਼ਿਰ' ਹੋਣ ਦਾ 'ਹੁਕਮ' ਦਿੱਤਾ ਗਿਆ :

ਮਹੰਤ ਮਨਜੀਤ ਸਿੰਘ,

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਜੰਮੂ-ਕਸ਼ਮੀਰ ਦੀਆਂ ਸਿੱਖ ਸੰਗਤਾਂ ਵੱਲੋਂ ਲਿਖਤੀ ਅਤੇ ਜ਼ਬਾਨੀ ਤੌਰ 'ਤੇ ਤੁਹਾਡੀਆਂ ਸਰਗਰਮੀਆਂ ਦੀ ਜਾਣਕਾਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੀ ਗਈ। ਸੰਗਤਾਂ ਵੱਲੋਂ ਤੁਹਾਡੇ 'ਤੇ ਕਈ ਪ੍ਰਕਾਰ ਦੇ ਗੁਰਮਤਿ ਮਰਿਆਦਾ ਅਨੁਸਾਰ ਕਰਮ ਨਾ ਕਰਨ ਦੇ ਦੋਸ਼ ਲਾਏ ਗਏ। ਉਨ੍ਹਾਂ ਦੋਸ਼ਾਂ ਬਾਰੇ ਸਪਸ਼ਟੀਕਰਨ ਦੇਣ ਲਈ ਤੁਹਾਨੂੰ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ 18-1-95 ਨੂੰ ਹਾਜ਼ਿਰ ਹੋਣ ਦਾ ਆਦੇਸ਼ ਦਿੱਤਾ ਸੀ। ਤੁਸਾਂ ਆਪਣੀ ਅਸੁਰੱਖਿਆ ਨੂੰ ਆਧਾਰ ਬਣਾ ਕੇ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਪੇਸ਼ ਹੋਣਾ ਯੋਗ ਨਾ ਸਮਝਿਆ। ਜਿਸ ਕਰ ਕੇ ਤੁਹਾਨੂੰ ਮਿਤੀ 19-1-95 ਨੂੰ ਦੋਬਾਰਾ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਆਦੇਸ਼ ਪੰਜ ਸਿੰਘ ਸਾਹਿਬਾਨ ਵੱਲੋਂ ਦਿੱਤਾ ਗਿਆ। ਇਸ ਆਦੇਸ਼ ਦਾ ਫਿਰ ਦੋਬਾਰਾ ਤੁਹਾਡੇ ਵੱਲੋਂ ਪਾਲਣ ਨਹੀਂ ਹੋਇਆ। ਇਹ ਇਕ ਸਿੱਖ ਵੱਲੋਂ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੀ ਉਲੰਘਣਾ ਹੈ। ਇਸ ਕਾਰਨ ਤੁਹਾਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਗੁਰੂ ਪੰਥ ਦਾ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਇਸੇ ਐਲਾਨ ਤੋਂ ਬਾਅਦ ਤੁਸੀਂ ਮਿਤੀ 24-1-95 ਨੂੰ ਸਵੇਰੇ 9 ਵਜੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਪਹਿਲਾਂ ਦਿੱਤੇ ਆਦੇਸ਼ਾਂ ਅਨੁਸਾਰ ਪੇਸ਼ ਨਾ ਹੋਣ ਦੇ ਕਾਰਨ ਸਪੱਸ਼ਟ ਕਰੋ। ਆਦੇਸ਼ ਨਾ ਪਾਲਣ ਦੀ ਸੂਰਤ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਪੰਥਕ ਮਰਿਆਦਾ ਅਨੁਸਾਰ ਅਕਾਲ ਤਖ਼ਤ ਸਾਹਿਬ ਤੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

ਹੁਣ ਮਹੰਤ ਮਨਜੀਤ ਸਿੰਘ ਨੇ ਹਥਿਆਰ ਸੁੱਟ ਦਿੱਤੇ ਅਤੇ 3 ਫ਼ਰਵਰੀ ਨੂੰ ਪੇਸ਼ ਹੋ ਗਿਆ। ਉਸ ਨੇ ਇਕ ਲਿਖਤੀ ਚਿੱਠੀ ਮਨਜੀਤ ਸਿੰਘ ਨੂੰ ਦਿੱਤੀ, ਜਿਸ ਵਿਚ ਲਿਖਿਆ ਸੀ :

ਮੈਂ ਮਹੰਤ ਮਨਜੀਤ ਸਿੰਘ ਮੁਖੀ ਪ੍ਰਬੰਧਕ ਗਿਆਨਾ ਆਸ਼ਰਮ, ਗੁਰੂ ਗ੍ਰੰਥ ਸਾਹਿਬ ਦੇ

ਸਨਮੁਖ, ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਅੱਜ 3 ਫ਼ਰਵਰੀ 1995 ਨੂੰ ਇਹ ਸਪੱਸ਼ਟ ਕਰਦਾ ਹਾਂ ਕਿ ਜੋ ਭੁੱਲਾਂ ਮੈਨੂੰ ਸਿੰਘ ਸਾਹਿਬਾਨ ਵੱਲੋਂ ਦੱਸੀਆਂ ਗਈਆਂ ਹਨ, ਉਨ੍ਹਾਂ ਨੂੰ ਕਬੂਲ ਕਰਦਾ ਹਾਂ ਅਤੇ ਨਾਲ ਹੀ ਪ੍ਰਣ ਕਰਦਾ ਹਾਂ ਕਿ ਇਸ ਸਬੰਧੀ ਜੋ ਵੀ ਹੁਕਮ ਸਿੰਘ ਸਾਹਿਬਾਨ ਮੈਨੂੰ ਦੇਣਗੇ, ਮੈਂ ਉਸ ਦਾ ਮਨ, ਬਚਨ, ਕਰਮ ਕਰਕੇ ਪਾਲਣ ਕਰਾਂਗਾ।

—ਮਜਨੀਤ ਸਿੰਘ ਮਹੰਤ, ਡਿਗਿਆਣਾ ਆਸ਼ਰਮ

ਮਹੰਤ ਨੂੰ 3 ਫ਼ਰਵਰੀ 1995 ਦੇ ਦਿਨ ਹੇਠ ਲਿਖੀ 'ਤਨਖ਼ਾਹ' ਲਾਈ ਗਈ:

ਮਹੰਤ ਮਨਜੀਤ ਸਿੰਘ,

ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੀਆਂ ਕੁੱਝ ਸਿੱਖ ਸੰਗਤਾਂ ਵੱਲੋਂ ਤੁਹਾਡੇ ਸਬੰਧੀ ਧਾਰਮਿਕ ਮਰਿਆਦਾ ਦੀ ਉਲੰਘਣਾ ਸਬੰਧੀ ਜਾਣਕਾਰੀ ਪਹੁੰਚੀ ਸੀ। ਜਿਸ ਸਬੰਧੀ ਸਪੱਸ਼ਟੀਕਰਨ ਦੇਣ ਲਈ ਤੁਹਾਨੂੰ ਮਿਤੀ 9 ਜਨਵਰੀ 1995 ਨੂੰ ਪੰਜ ਸਿੰਘ ਸਾਹਿਬਾਨ ਰਾਹੀਂ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ 18 ਜਨਵਰੀ ਨੂੰ ਹਾਜ਼ਿਰ ਹੋਣ ਦਾ ਲਿਖਤੀ ਆਦੇਸ਼ ਦਿੱਤਾ ਸੀ। ਤੁਹਾਡੇ ਨਿਯਤ ਸਮੇਂ 'ਤੇ ਨਾ ਪਹੁੰਚਣ ਕਰ ਕੇ ਤੁਹਾਨੂੰ ਫਿਰ ਦੋਬਾਰਾ ਮਿਤੀ 19 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ ਦਾ ਲਿਖਤੀ ਆਦੇਸ਼ ਭੇਜਿਆ ਗਿਆ। ਪਰ ਤੁਹਾਡੇ ਫਿਰ ਵੀ ਹਾਜ਼ਿਰ ਨਾ ਹੋਣ ਕਰਕੇ ਤੁਹਾਨੂੰ ਹੁਕਮ ਅਦੂਲੀ ਲਈ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਅਤੇ ਮਿਤੀ 3 ਫ਼ਰਵਰੀ ਨੂੰ ਹਾਜ਼ਿਰ ਹੋਣ ਦਾ ਹੁਕਮ ਕੀਤਾ ਗਿਆ ਸੀ। ਅੱਜ ਤੁਹਾਡੇ ਹਾਜ਼ਿਰ ਹੋਣ 'ਤੇ ਤੁਹਾਡੇ ਅਤੇ ਤੁਹਾਡੇ ਨਾਲ ਅੰਮ੍ਰਿਤ-ਸੰਚਾਰ ਵਿਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਇਹ ਸਪੱਸ਼ਟ ਹੋਇਆ ਕਿ ਤੁਸੀਂ ਹੇਠ ਲਿਖੀਆਂ ਗੱਲਾਂ ਕਰ ਕੇ ਗੁਰੂ ਪੰਥ ਦੀ ਮਰਿਆਦਾ ਦੀ ਉਲੰਘਣਾ ਦੇ ਦੋਸ਼ੀ ਹੋ:

1. ਤੁਸੀਂ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦੀ ਹੁਕਮ ਅਦੂਲੀ ਕਰਨ ਦੇ ਦੋਸ਼ੀ ਹੋ।
2. ਤੁਸੀਂ ਗੁਰੂ ਖਾਲਸਾ ਪੰਥ ਵੱਲੋਂ ਨਿਰਧਾਰਤ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਿਆਦਾ ਦੀ ਉਲੰਘਣਾ ਦੇ ਦੋਸ਼ੀ ਹੋ।
3. ਬੀਬੀ ਅੰਬਿਕਾ ਸਿੰਘ, ਜਿਹੜੀ ਕਿ ਤੁਹਾਡੇ ਦੱਸਣ ਅਨੁਸਾਰ ਅੰਮ੍ਰਿਤਧਾਰੀ ਹੈ, ਪਰ ਤੁਹਾਡੇ ਨਾਲ ਹੀ ਡੇਰੇ ਤੁਹਾਡੇ ਬਿਆਨ ਅਨੁਸਾਰ ਤੁਹਾਡੀ ਬੱਚੀ ਦੇ ਰੂਪ ਵਿਚ ਰਹਿੰਦਿਆਂ ਉਹ 'ਬਿਊਟੀ ਪਾਰਲਰ', ਭਾਵ ਨਾਈ ਦੀ ਦੁਕਾਨ, ਚਲਾ ਰਹੀ ਹੈ, ਜੋ ਕਿ ਉਸ ਇਤਿਹਾਸਕ ਧਾਰਮਿਕ ਅਸਥਾਨ ਦੀ ਧਾਰਮਿਕ ਮਾਣ-ਮਰਿਆਦਾ ਦੀ ਉਲੰਘਣਾ ਹੈ ਅਤੇ ਸਿੱਖ ਸੰਗਤਾਂ ਲਈ ਵੀ ਨਮੋਸ਼ੀ ਦਾ ਕਾਰਨ ਹੈ। ਤੁਸੀਂ ਉਸ ਨਾਲ ਹੁਣ ਤਕ ਉਸਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਦੇਣ ਦੇ ਦੋਸ਼ੀ ਹੋ।

ਤੁਹਾਡੇ ਇਨ੍ਹਾਂ ਦੋਸ਼ਾਂ ਵਿਚ ਹੋਰ ਵੀ ਵਾਧਾ ਹੋ ਜਾਂਦਾ ਹੈ, ਜਦੋਂ ਤੁਸੀਂ ਸਿੱਖ ਪੰਥ ਦੇ ਅਸਥਾਨ ਦੇ ਮੁਖੀ ਪ੍ਰਬੰਧਕ ਹੋਣ ਦੇ ਨਾਤੇ ਇਨ੍ਹਾਂ ਦੋਸ਼ਾਂ ਦੇ ਭਾਗੀ ਹੋ। ਤੁਹਾਡੇ ਇਨ੍ਹਾਂ ਦੋਸ਼ਾਂ ਕਾਰਨ ਤੁਹਾਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਗਾਈ ਜਾਂਦੀ ਹੈ:

1. ਤੁਸੀਂ ਇਕ ਹਫ਼ਤੇ ਲਈ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ ਹੋਵੇਗਾ।
2. ਤੁਸੀਂ ਇਸੇ ਹੀ ਸਮੇਂ ਦੌਰਾਨ ਰੋਜ਼ਾਨਾ ਇਕ ਘੰਟੇ ਲਈ ਗੁਰੂ ਰਾਮਦਾਸ ਲੰਗਰ ਵਿਖੇ ਬਰਤਨਾਂ ਦੀ ਸੇਵਾ ਕਰਨੀ ਹੋਵੇਗੀ।
3. ਤੁਸੀਂ ਇਸੇ ਸਮੇਂ ਦੌਰਾਨ ਇਕ ਘੰਟਾ ਜੋੜਿਆਂ ਦੀ ਸੇਵਾ ਕਰਨੀ ਹੋਵੇਗੀ।

4. ਇਸ ਉਪਰੰਤ ਜੰਮੂ-ਕਸ਼ਮੀਰ ਦੇ ਗੁਰ-ਅਸਥਾਨਾਂ 'ਤੇ 33 ਦਿਨ ਇਹੋ ਸੇਵਾ ਨੇਮ ਨਾਲ ਕਰਨੀ ਹੋਵੇਗੀ।

ਇਸ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਖਿਮਾ-ਜਾਚਨਾ ਲਈ ਅਰਦਾਸ ਕਰਵਾਉਣੀ ਹੋਵੇਗੀ।

ਇਨ੍ਹਾਂ 40 ਦਿਨਾਂ ਵਿਚ ਡੇਰੇ ਦੇ ਮੁਖੀ ਪ੍ਰਬੰਧਕ ਜਾਂ ਧਾਰਮਿਕ ਮੁਖੀ ਵਜੋਂ ਕੋਈ ਧਾਰਮਿਕ ਸਰਗਰਮੀ ਕਰਨ ਦੀ ਆਗਿਆ ਨਹੀਂ ਹੋਵੇਗੀ।

ਇਸ ਮਗਰੋਂ ਮਹੰਤ ਮਨਜੀਤ ਸਿੰਘ ਨੇ ਫੇਰ 'ਖਚਰ-ਹਰਕਤ' ਕੀਤੀ। ਉਸ ਨੇ 'ਤਨਖ਼ਾਹ' ਭੁਗਤਣ ਦੀ ਬਜਾਇ ਸਿਰਫ਼ ਅਖੰਡ ਪਾਠ ਰਖਵਾ ਦਿੱਤਾ, ਜਿਸ ਦਾ ਭੋਗ 15 ਮਾਰਚ 1995 ਨੂੰ ਪੈਣਾ ਸੀ। ਕੁਝ ਕਾਰਨਾਂ ਕਰ ਕੇ ਇਹ ਤਾਰੀਖ਼ 18 ਮਾਰਚ ਕਰ ਦਿੱਤੀ ਗਈ। ਪਰ ਫਿਰ ਕੁਝ ਹੋਰ ਰੁਝੇਵਿਆਂ ਕਾਰਨ ਇਸ ਨੂੰ 22 ਮਾਰਚ 'ਤੇ ਮੁਲਤਵੀ ਕਰਨਾ ਪਿਆ। ਮਹੰਤ ਮਨਜੀਤ ਸਿੰਘ ਨੂੰ ਇਸ ਪਾਠ ਦਾ 'ਹੁਕਮਨਾਮਾ' ਡਾਕ ਰਾਹੀਂ ਭੇਜ ਦਿੱਤਾ ਗਿਆ। ਮਹੰਤ ਨੇ ਇਸ ਚਿੱਠੀ ਨੂੰ 'ਤਨਖ਼ਾਹ ਪੂਰੀ ਹੋ ਗਈ' ਆਖ ਕੇ ਲੋਕਾਂ ਨੂੰ ਕਾਫ਼ੀ ਦੇਰ ਬੇਵਕੂਫ਼ ਬਣਾਈ ਰੱਖਿਆ।

(ਨੋਟ: ਪਰ ਜਦੋਂ ਭਾਈ ਰਣਜੀਤ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਆਇਆ ਤਾਂ ਮਹੰਤ ਨੂੰ ਦੋਬਾਰਾ ਬੁਲਾਇਆ ਗਿਆ। ਵੇਖੋ: ਇਸ ਪੇਸ਼ੀ ਦੀ ਕਾਰਵਾਈ ਅਗਲੇ ਸਫ਼ਿਆਂ 'ਤੇ।)

ਮਹੰਤ ਵੱਲੋਂ ਤਨਖ਼ਾਹ ਪੂਰੀ ਨਾ ਕੀਤੇ ਜਾਣ ਦਾ ਰੌਲਾ ਕੁਝ ਚਿਰ ਪੈਂਦਾ ਰਿਹਾ, ਪਰ 1995 ਦੀਆਂ ਗਰਮੀਆਂ ਮਗਰੋਂ ਇਸ ਕਾਰਵਾਈ ਨੂੰ ਚੁੱਪਚਾਪ ਖ਼ਤਮ ਕਰ ਦਿੱਤਾ ਗਿਆ। ਕੁਝ ਲੋਕਾਂ ਦਾ ਇਹ ਵੀ ਵਿਸ਼ਵਾਸ ਸੀ ਕਿ ਮਹੰਤ ਮਨਜੀਤ ਸਿੰਘ ਨੇ ਮਨਜੀਤ ਸਿੰਘ (ਪ੍ਰੋ:) ਦੀ 'ਮੁੱਠੀ ਗਰਮ ਕੀਤੀ ਸੀ' ਤੇ ਇਸ ਕਰ ਕੇ ਉਹ ਅਚਾਨਕ ਚੁੱਪ ਹੋ ਗਿਆ। ਮਗਰੋਂ 5 ਜੂਨ 1997 ਦੇ ਦਿਨ ਉਹ (ਭਾਈ) ਰਣਜੀਤ ਸਿੰਘ ਵੱਲੋਂ 'ਤਲਬ' ਕੀਤੇ ਜਾਣ 'ਤੇ ਅਕਾਲ ਤਖ਼ਤ ਸਾਹਿਬ 'ਤੇ ਪੁੱਜਾ। (ਵੇਖੋ: 5 ਜੂਨ 1997 ਦੀ ਕਾਰਵਾਈ ਅਗਲੇ ਸਫ਼ਿਆਂ 'ਤੇ)

ਇਸ ਦੌਰਾਨ 6 ਫ਼ਰਵਰੀ 1995 ਦੇ ਦਿਨ ਪੰਜ ਸੀਨੀਅਰ ਗ੍ਰੰਥੀਆਂ ਨੇ ਗੁਰਬਾਣੀ ਛਾਪਣ ਸਬੰਧੀ ਇਕ 'ਜ਼ਾਬਤੇ' ਦਾ ਐਲਾਨ ਕੀਤਾ:

ਨੰ: 488/ਅ/95 ਮਿਤੀ: 6-2-1995

ਸਮੁੱਚੇ ਦੇਸ਼ ਵਿਦੇਸ਼ ਦੇ ਛਾਪਕਾਂ-ਪ੍ਰਕਾਸ਼ਕਾਂ ਦੇ ਨਾਮ ਆਦੇਸ਼

ਅਕਾਲ ਤਖ਼ਤ ਸਾਹਿਬ ਵੱਲੋਂ ਸਮੁੱਚੇ ਛਾਪਕਾਂ-ਪ੍ਰਕਾਸ਼ਕਾਂ ਦੇ ਨਾਮ ਇਹ ਹਦਾਇਤ ਜਾਰੀ ਕੀਤੀ ਜਾਂਦੀ ਹੈ ਕਿ ਉਹ ਗੁਰਬਾਣੀ ਦੇ ਗੁਟਕਿਆਂ-ਪੋਥੀਆਂ ਨੂੰ ਛਾਪਣ ਜਾਂ ਪ੍ਰਕਾਸ਼ਤ ਕਰਨ/ਕਰਾਉਣ ਸਮੇਂ ਪੂਰਨ ਸੁਚੇਤਤਾ ਤੋਂ ਕੰਮ ਲੈਣ। ਗੁਰਬਾਣੀ ਦੇ ਕਿਸੇ ਵੀ ਗੁਟਕੇ ਜਾਂ ਪੋਥੀ ਨੂੰ ਛਾਪਣ ਸਮੇਂ ਗੁਰੂ ਸਾਹਿਬ ਜਾਂ ਕਿਸੇ ਸਾਧੂ, ਮਹਾਤਮਾ, ਲੇਖਕ ਆਦਿ ਦੀ ਫ਼ੋਟੋ ਨਾ ਛਾਪੀ ਜਾਵੇ। ਇਸ ਦੇ ਨਾਲ ਹੀ ਗੁਟਕੇ ਜਾਂ ਪੋਥੀ ਦੇ ਆਰੰਭ ਵਿਚ ਤਤਕਰੇ ਤੋਂ ਬਿਨਾਂ, ਕੋਈ ਐਸੀ ਭੂਮਿਕਾ ਨਾ ਲਿਖੀ ਜਾਵੇ ਜੋ ਗੁਰਬਾਣੀ ਜਾਂ ਗੁਰ-ਇਤਿਹਾਸ ਨੂੰ ਗੁਰਮਤਿ ਸਿਧਾਂਤਾਂ ਤੋਂ ਲਾਂਭੇ ਲਿਜਾਣ ਵਾਲੀ ਹੋਵੇ। ਗੁਰੂ ਸੰਗਤਾਂ ਦੀਆਂ ਗੁਰਮਤਿ ਅਨੁਸਾਰੀ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਸ ਆਦੇਸ਼ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਵੇ। ਸਮੂੰਹ ਗੁਰਸਿੱਖ ਸੰਗਤਾਂ ਪ੍ਰਤੀ ਵੀ

ਇਹ ਨਿਮਰਤਾ ਸਹਿਤ ਸੰਦੇਸ਼ ਹੈ ਕਿ ਐਸੀਆਂ ਮਨਮਤਾਂ ਤੋਂ ਸੁਚੇਤ ਰਹਿਣ। ਗੁਰੂ ਘਰ ਦੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਇਸ ਪ੍ਰਤੀ ਸੰਗਤਾਂ ਨੂੰ ਪ੍ਰੇਰਨਾ ਦਿੰਦੇ ਰਹਿਣ।

[ਨੋਟ : ਇਸ 'ਸੰਦੇਸ਼' (ਅਖੌਤੀ 'ਹੁਕਮਨਾਮਾ' ਨਹੀਂ) ਦਾ ਚਿੱਠੀ ਨੰਬਰ (488/ਅ/95) ਵੀ ਲਗਾਇਆ ਗਿਆ ਸੀ। ਸ਼ਾਇਦ ਇਹ ਪਹਿਲਾ ਰਸਮੀ ਨੰਬਰ ਸੀ, ਜੋ ਮੁੜ ਕੇ ਵੀ ਕਦੇ ਕਦੇ ਵਰਤਿਆ ਜਾਂਦਾ ਰਿਹਾ ਸੀ।]

14 ਸਿਤੰਬਰ 1995 ਦੇ ਦਿਨ ਖਡੂਰ ਸਾਹਿਬ ਵਿਚ ਗੁਰੂ ਅੰਗਦ ਸਾਹਿਬ ਦਾ 'ਗੁਰਗੱਦੀ' ਦਿਨ ਮਨਾਇਆ ਗਿਆ ਸੀ, ਜਿਸ ਦੌਰਾਨ ਅਕਾਲੀ ਦਲ (ਬਾਦਲ-ਟੌਹੜਾ) ਦੇ ਧੜੇ ਦੇ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਰਣਜੀਤ ਸਿੰਘ ਛੱਜਲਵੱਡੀ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਦੂਜੇ ਨੂੰ ਗਾਲ੍ਹਾਂ ਕੱਢੀਆਂ, ਹੱਥੋਪਾਈ ਹੋਏ ਅਤੇ ਪੱਗਾਂ ਵੀ ਲਾਹੀਆਂ। ਇਸ 'ਤੇ ਮਨਜੀਤ ਸਿੰਘ ਨੇ ਇਨ੍ਹਾਂ ਦੋਹਾਂ ਨੂੰ 20 ਸਿਤੰਬਰ 1995 ਦੇ ਦਿਨ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। 'ਇਹ 'ਤਲਬੀਨਾਮਾ' ਇੰਞ ਸੀ :

ਮਿਤੀ : 15-9-1995

ਗੁਰਦੁਆਰਾ ਖਡੂਰ ਸਾਹਿਬ ਵਿਖੇ ਮਿਤੀ 14 ਸਿਤੰਬਰ ਨੂੰ ਗੁਰੂ ਅੰਗਦ ਸਾਹਿਬ ਜੀ ਦੇ ਗੁਰਤਾਗੱਦੀ ਪੁਰਬ ਦੇ ਸੁਭਾਗੇ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਮੰਦਭਾਗੀ ਕਾਰਵਾਈ ਕੀਤੀ ਗਈ, ਜਿਸ ਨੇ ਗੁਰੂ ਸੀਆਂ ਸੰਗਤਾਂ ਦੇ ਹਿਰਦਿਆਂ ਨੂੰ ਅਤਿ ਪੀੜਤ ਕੀਤਾ ਹੈ। ਉਨ੍ਹਾਂ ਪੰਥਕ ਕਹਾਉਣ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ ਇਕ ਦੂਜੇ ਨੂੰ ਮੰਦੇ ਬੋਲ ਹੀ ਨਹੀਂ ਬੋਲੇ, ਸਗੋਂ ਘਿਨਾਉਣੇ ਤਰੀਕੇ ਨਾਲ ਹੱਥੋ-ਪਾਈ ਵੀ ਕੀਤੀ ਅਤੇ ਇਕ ਦੂਜੇ ਦੇ ਸਿੱਖੀ ਸਰੂਪ ਦਾ ਅਪਮਾਨ ਵੀ ਕੀਤਾ। ਅਕਾਲੀ ਆਗੂਆਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਹਉਮੈ ਅਤੇ ਧੜੇਬਾਜ਼ੀ ਅਧੀਨ ਕੀਤੀ ਗਈ ਮਨਮਤੀ ਕਾਰਵਾਈ ਜਿਥੇ ਸਿੱਖ ਸ਼ਰਧਾਲੂਆਂ ਦੇ ਮਨਾਂ ਨੂੰ ਦੁਖੀ ਕਰਨ ਵਾਲੀ ਹੈ, ਉਥੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਤਿਕਾਰ ਤੇ ਮਰਿਆਦਾ ਦੀ ਘੋਰ ਉਲੰਘਣਾ ਹੈ। ਸਿੰਘ ਸਾਹਿਬਾਨ ਵੱਲੋਂ ਇਸ ਨਿਖੇਧੀ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਇਹ ਮਹਿਸੂਸ ਕੀਤਾ ਗਿਆ ਕਿ ਸ਼ਹੀਦਾਂ ਦੀ ਜਥੇਬੰਦੀ ਕਹੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਇਹ ਕਾਨਫ਼ਰੰਸ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ ਸੱਦੀ ਗਈ ਸੀ, **ਇਸ ਲਈ ਇਸ ਘਟਨਾ ਦੀ ਸਿੱਧੀ ਜ਼ਿੰਮੇਵਾਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ 'ਤੇ ਆਉਂਦੀ ਹੈ।** ਸਿੰਘ ਸਾਹਿਬਾਨ ਵੱਲੋਂ ਸ੍ਰ: ਪ੍ਰਕਾਸ਼ ਸਿੰਘ ਬਾਦਲ ਲਈ ਇਹ ਚੇਤਾਵਨੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਪੰਥਕ ਮਾਣ-ਮਰਿਆਦਾਵਾਂ ਮਨ, ਬਚਨ, ਕਰਮ ਕਰ ਕੇ ਪੂਰਨ ਰੂਪ ਵਿਚ ਆਪ ਪਹਿਰਾ ਦੇਣ ਅਤੇ ਨਾਲ ਆਪਣੇ ਸਾਥੀਆਂ ਨੂੰ ਐਸਾ ਕਰਨ ਲਈ ਸਖ਼ਤੀ ਨਾਲ ਕਾਰਵਾਈ ਕਰਨ। ਦੂਜੇ ਪਾਸੇ ਸ: ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸ: ਰਣਜੀਤ ਸਿੰਘ ਛੱਜਲਵੱਡੀ ਇਸ ਬੇਅਦਬੀ ਲਈ ਸਿੱਧੇ ਜ਼ਿੰਮੇਵਾਰ ਹੋਣ ਕਰ ਕੇ 20 ਸਿਤੰਬਰ ਦਿਨ ਬੁਧਵਾਰ 12 ਵਜੇ ਦੁਪਹਿਰ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ। ਨਾਲ ਹੀ ਗੁਰੂ ਕੀਆਂ ਸਿੱਖ ਸੰਗਤਾਂ ਲਈ ਨਿਮਰਤਾ ਸਹਿਤ ਇਹ ਸੰਦੇਸ਼ ਹੈ ਕਿ ਪੰਥਕ ਏਕਤਾ ਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕਰਨ ਅਤੇ ਇਕ ਦੂਜੇ ਦੀ ਜ਼ਿੰਦਾਬਾਦ ਮੁਰਦਾਬਾਦ ਕਰਾਉਣ ਵਾਲਿਆਂ ਨਾਲ ਖੜਨ ਤੋਂ ਗੁਰੇਜ਼ ਕਰਨ। ਇਨ੍ਹਾਂ ਪੰਥਕ ਕਹਾਉਣ ਵਾਲਿਆਂ ਨੂੰ ਇਕ ਦੂਜੇ ਦੀ ਬਦਖੋਹੀ ਤੋਂ ਰੋਕਣ ਲਈ ਮਜਬੂਰ ਕਰਨ।

20 ਸਿਤੰਬਰ 1995 ਦੇ ਦਿਨ ਇਹ ਦੋਵੇਂ ਅਕਾਲੀ ਲੀਡਰ ਅਕਾਲ ਤਖ਼ਤ ਸਾਹਿਬ ਪੁੱਜੇ, ਜਿੱਥੇ ਪੰਜਾਂ ਗ੍ਰੰਥੀਆਂ ਨੇ ਇਨ੍ਹਾਂ ਦੋਹਾਂ ਨੂੰ ਹੇਠ ਲਿਖੀ ਤਨਖ਼ਾਹ (ਵੱਖਰਿਆਂ-ਵੱਖਰਿਆਂ ਨੂੰ) ਲਾਈ :

ਗੁਰਦੁਆਰਾ ਖਡੂਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਕਾਲੀ ਕਹਾਉਣ ਵਾਲਿਆਂ ਨੇ ਆਪਸੀ ਮਾਰ-ਕੁਟਾਈ ਅਤੇ ਇਕ ਦੂਜੇ ਦੇ ਸਿੱਖੀ ਸਰੂਪ ਦੀ ਬੇਅਦਬੀ ਕੀਤੀ। ਗੁਰੂ ਗ੍ਰੰਥ ਸਾਹਿਬ ਨੂੰ ਪ੍ਰਕਾਸ਼ਮਾਨ ਕਰ ਕੇ ਉਨ੍ਹਾਂ ਦੇ ਸਨਮੁਖ ਇਸ ਤਰ੍ਹਾਂ ਦੀ ਮਨਮਤ ਲੋਕ-ਪ੍ਰਲੋਕ ਦੇ ਸੁਖਦਾਤੇ ਜਾਗਤ-ਜੋਤ ਗੁਰੂ ਦੀ ਘੋਰ ਬੇਅਦਬੀ ਹੈ, ਜਿਸ ਨੇ ਗੁਰੂ ਦੀ ਸਿਖ-ਸੰਗਤ ਦੇ ਹਿਰਦਿਆਂ ਨੂੰ ਅਤਿ ਪੀੜਤ ਕੀਤਾ ਹੈ। ਇਸ ਤਰ੍ਹਾਂ ਦੀ ਅਧਰਮੀ ਬਿਰਤੀ ਨੂੰ ਸਿੱਖ ਪੰਥ ਵਿਚ ਕੋਈ ਥਾਂ ਨਹੀਂ ਹੈ। ਤੁਸੀਂ ਇਸ ਮੰਦਭਾਗੀ ਘਟਨਾ ਵਿਚ ਮੌਕੇ ਦੇ ਗਵਾਹਾਂ ਅਨੁਸਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋ। ਗੁਰੂ ਪੰਥ ਦੀ ਧਾਰਮਿਕ ਪ੍ਰੰਪਰਾ ਅਨੁਸਾਰ ਸੇਵਾ ਸਤਸੰਗ ਰਾਹੀਂ ਹੀ ਇਸ ਅਪਰਾਧੀ ਬਿਰਤੀ ਨੂੰ ਠੱਲ੍ਹ ਪਾਉਣ ਦਾ ਪੰਥਕ ਵਿਧਾਨ ਹੈ। ਸੋ ਇਸ ਅਨੁਸਾਰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਗਾਈ ਜਾਂਦੀ ਹੈ :

1. ਤੁਸੀਂ ਸੱਤ ਦਿਨ ਗੁਰਦੁਆਰਾ ਗੋਇੰਦਵਾਲ ਸਾਹਿਬ ਵਿਖੇ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਸੇਵਾ ਵਿਚ ਸ਼ਾਮਿਲ ਹੋਵੋਗੇ।
2. ਆਪਣੇ ਨਿੱਤਨੇਮ ਤੋਂ ਇਲਾਵਾ ਅੰਮ੍ਰਿਤ ਵੇਲੇ ਇਕ ਘੰਟਾ ਕੀਰਤਨ ਸ੍ਵਣ ਕਰਨਾ।
3. ਦਿਨ ਸਮੇਂ ਇਕ ਘੰਟਾ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਕਰਨੀ।
4. ਇਕ ਘੰਟਾ ਸੰਗਤਾਂ ਦੇ ਜੋੜਿਆਂ ਦੀ ਸੇਵਾ ਕਰਨੀ।
5. ਇਕ ਪਾਠ ਸੁਖਮਨੀ ਸਾਹਿਬ ਦਾ ਕਰਨਾ।
6. ਇਹੋ ਸੇਵਾ ਅਗਲੇ ਸੱਤ ਦਿਨਾਂ ਵਿਚ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਕਰਨੀ ਹੋਵੇਗੀ।
7. ਇਸ ਉਪਰੰਤ ਇਹੋ ਸੇਵਾ ਅਗਲੇ ਸੱਤ ਦਿਨਾਂ ਵਿਚ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਕਰਨੀ ਹੋਵੇਗੀ।
8. ਇੱਕੀ ਦਿਨਾਂ ਦੀ ਇਹ ਸੇਵਾ ਪੂਰੀ ਹੋਣ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਕਰਵਾਉਣਾ ਅਤੇ ਪਿਛਲੀਆਂ ਭੁੱਲਾਂ ਦੀ ਮੁਆਫ਼ੀ ਦੀ ਅਰਦਾਸ ਕਰਵਾਉਣੀ।
9. ਅਰਦਾਸ ਸਮੇਂ ਇਕ ਸੌ ਇਕ[15] ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਭੇਟ ਕਰਨੀ।

ਰਣਜੀਤ ਸਿੰਘ ਛੱਜਲਵੱਡੀ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਖਡੂਰ ਸਾਹਿਬ ਵਿਚ ਜੂੰਡਿਓ-ਜੂੰਡੀ ਅਤੇ ਪੱਗੋ-ਪੱਗੀ ਹੋਣ ਦੀ ਘਟਨਾ ਅਤੇ ਉਨ੍ਹਾਂ ਨੂੰ 'ਤਨਖ਼ਾਹ' ਲਾਉਣ ਮਗਰੋਂ ਮਨਜੀਤ ਸਿੰਘ ਅਤੇ ਚੌਹਾਂ ਗ੍ਰੰਥੀਆਂ ਨੇ ਬਾਦਲ ਅਕਾਲੀ ਦਲ ਦੇ ਸਾਰੇ ਆਗੂਆਂ ਨੂੰ 'ਵਾਰਨਿੰਗ' ਦਿੱਤੀ ਤੇ ਕਿਹਾ ਕਿ ਉਹ ਆਪਣੇ ਵਰਕਰਾਂ 'ਤੇ ਕੁੰਡਾ ਲਾਉਣ ਅਤੇ ਅਜਿਹੀਆਂ ਹਰਕਤਾਂ ਨੂੰ ਠੱਲ੍ਹ ਪਾਉਣ :

ਮਿਤੀ : 20-9-1995

ਸਿੰਘ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਹ ਮਹਿਸੂਸ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਆਇਆ ਐਸਾ ਅਵੇਸਲਾਪਣ ਪੰਥਕ ਪੱਖ ਤੋਂ ਇਕ ਗੰਭੀਰ ਚੁਣੌਤੀ ਹੈ ਜਿਸ ਨੂੰ ਕਿਸੇ ਤਰ੍ਹਾਂ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਸਮੇਤ ਸਾਰੇ ਹੀ ਅਕਾਲੀ ਮੁਖੀਆਂ ਨੂੰ ਇਸਦੇ ਲਈ ਚੇਤਾਵਨੀ ਹੈ ਕਿ

---

15. ਹਰ ਤਨਖ਼ਾਹ ਵਿਚ ਦੇਗ ਕਰਵਾਉਣ ਦੀ ਰਕਮ ਬਦਲਦੀ ਰਹਿੰਦੀ ਸੀ; ਕਦੇ 101/-, ਕਦੇ 1000/- ਤੇ ਕਦੇ 11000/- ਰੁਪਏ। 100/- ਦੀ ਥਾਂ 101/-, ਪੰਜ ਦੀ ਥਾਂ ਸਵਾਂ ਪੰਜ ਬ੍ਰਾਹਮਣਵਾਦੀ 'ਸਵਾਇਆ' ਕਰਨ ਦੇ ਪਿਛੋਕੜ ਕਰ ਕੇ ਹੈ।

ਉਹ ਬਿਨਾਂ ਦੇਰੀ ਤੋਂ ਐਸੀ ਗ਼ੈਰ-ਪੰਥਕ ਬਿਰਤੀ ਨੂੰ ਠੱਲ੍ਹ ਪਾਉਣ ਲਈ ਸਭ ਤੋਂ ਪਹਿਲਾਂ ਆਪਣੇ ਆਪ 'ਤੇ ਪੰਥਕ ਮਾਣ-ਮਰਿਆਦਾ ਦਾ ਕੁੰਡਾ ਲਾਉਣ, ਫਿਰ ਪਾਰਟੀ ਵਿਚਲੇ ਐਸੀ ਬਿਰਤੀ ਵਾਲੇ ਅਨਸਰ ਵਿਰੁੱਧ ਸਖ਼ਤ ਕਾਰਵਾਈ ਕਰਨ। ਇਕੱਠੇ ਹੋ ਕੇ ਪਾਰਟੀ ਦੇ ਪ੍ਰੰਪਰਕ ਪੰਥਕ ਸਰੂਪ ਨੂੰ ਕਾਇਮ ਰੱਖਣ ਲਈ ਵਚਨਬੱਧ ਹੋਣ ਤਾਂ ਕਿ ਭਵਿੱਖ ਵਿਚ ਪੰਥ ਨੂੰ ਪੀੜਤ ਕਰਨ ਵਾਲੀ ਐਸੀ ਕੋਈ ਵੀ ਘਟਨਾ ਨਾ ਵਾਪਰੇ।

ਪ੍ਰੋ: ਗੁਰਮੁਖ ਸਿੰਘ ਖ਼ਿਲਾਫ਼ 1887 ਦੇ ਹੁਕਮਨਾਮੇ ਬਾਰੇ ਗ਼ਲਤ ਐਲਾਨ

ਬਾਦਲ ਨੂੰ 'ਦਬਕੇ ਮਾਰਨ' ਮਗਰੋਂ ਮਨਜੀਤ ਸਿੰਘ ਆਪਣੇ ਆਪ ਨੂੰ ਪੰਥ ਦਾ ਰਹਿਨੁਮਾ ਅਤੇ ਡਿਕਟੇਟਰ ਸਮਝਣ ਲੱਗ ਪਿਆ ਸੀ ਅਤੇ ਆਪਣੀ ਸਨਕ ਨਾਲ ਕੰਮ ਕਰਨ ਲੱਗ ਪਿਆ ਸੀ। ਉਹ ਤਾਂ ਅਕਾਲੀ ਲੀਡਰਾਂ, ਪੰਥਕ ਸੇਵਾਦਾਰਾਂ ਅਤੇ ਵਿਦਵਾਨਾਂ ਨੂੰ ਵੀ ਟਿੱਚ ਸਮਝਣ ਲੱਗ ਪਿਆ ਸੀ। ਉਸ ਨੇ ਆਪਣੀ ਇਸ ਨਵੀਂ 'ਸੂਝ' ਅਤੇ 'ਤਾਕਤ' ਨੂੰ ਵਰਤਦਿਆਂ 18 ਮਾਰਚ 1887 ਦੇ ਦਿਨ ਅਕਾਲੀ ਤਖ਼ਤ ਸਾਹਿਬ ਦੇ ਸਰਕਾਰੀ ਪੁਜਾਰੀਆਂ ਵੱਲੋਂ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼ ਜਾਰੀ ਹੋਏ ਅਖੌਤੀ 'ਹੁਕਮਨਾਮੇ' ਨੂੰ ਵਾਪਿਸ ਲੈਣ ਵਰਗਾ ਮਤਾ/ਅਖੌਤੀ ਹੁਕਮਨਾਮਾ ਵੀ ਪਾਸ/ਜਾਰੀ ਕੀਤਾ। ਇਹ ਕਾਰਵਾਈ ਬੇਲੋੜੀ ਅਤੇ ਬੇਮਾਅਨਾ ਸੀ, ਕਿਉਂਕਿ ਸਰਕਾਰੀ ਸਰਬਰਾਹ/ਪੁਜਾਰੀਆਂ ਦਾ ਅਖੌਤੀ 'ਹੁਕਮਨਾਮਾ' ਨਾ ਤਾਂ ਕੋਈ ਅਹਿਮੀਅਤ ਰਖਦਾ ਸੀ ਅਤੇ ਨਾ ਹੀ ਪੰਥ ਨੇ ਉਸ ਨੂੰ ਕਬੂਲ ਕੀਤਾ ਸੀ। ਕੋਈ ਸਿੱਖ ਉਨ੍ਹਾਂ ਨੂੰ ਦੋਸ਼ੀ ਨਹੀਂ ਸੀ ਮੰਨਦਾ, ਇਸ ਕਰ ਕੇ ਉਨ੍ਹਾਂ ਨੂੰ ਨਿਰਦੋਸ਼ ਗਰਦਾਨਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਪਰ ਮਜਨੀਤ ਸਿੰਘ, ਜੋ ਨਵਾਂ-ਨਵਾਂ 'ਵਿਦਵਾਨ' ਵੀ ਬਣ ਗਿਆ ਸੀ ਤੇ ਆਪਣੇ ਆਪ ਨੂੰ ਪੰਥ ਦਾ ਬਾਦਸ਼ਾਹ (ਐਕਟਿੰਗ) ਵੀ ਸਮਝਦਾ ਸੀ, ਨੇ ਅਜੀਬੋ-ਗ਼ਰੀਬ ਹਰਕਤ ਕੀਤੀ ਕਿ ਉਸ ਨੇ ਪ੍ਰੋ: ਗੁਰਮੁਖ ਸਿੰਘ ਨੂੰ 'ਹੁਣ' ਨਿਰਦੋਸ਼ ਕਰਾਰ ਦਿੱਤਾ। ਨਿਰਦੋਸ਼ ਕਰਾਰ ਦੇਣ ਦਾ ਮਾਅਨਾ ਸਾਫ਼ ਹੈ ਕਿ ਪ੍ਰੋ: ਗੁਰਮੁਖ ਸਿੰਘ 1887 ਤੋਂ 1995 ਤਕ ਤਾਂ 'ਦੋਸ਼ੀ' ਸੀ ਹੀ (ਭਾਵੇਂ ਗ਼ਲਤ ਤੌਰ 'ਤੇ ਹੀ ਦੋਸ਼ੀ ਸਹੀ)। ਮਨਜੀਤ ਸਿੰਘ ਦੀ ਇਹ ਕਾਰਵਾਈ ਅਹਿਮਕਤਾ ਦਾ ਇਜ਼ਹਾਰ ਸੀ। ਮਨਜੀਤ ਸਿੰਘ ਦੇ ਐਲਾਨ ਦੇ ਲਫ਼ਜ਼ ਇੰਞ ਸਨ:

ਮਿਤੀ : 25-9-1995

ਗੁਰੂ ਸਵਾਰੇ ਪ੍ਰੋ: ਗੁਰਮੁਖ ਸਿੰਘ ਜੀ, ਜਿਨ੍ਹਾਂ ਨੂੰ ਮਿਤੀ 18 ਮਾਰਚ, 1887 ਨੂੰ ਤਤਕਾਲ ਸਮੇਂ ਦੇ ਅਕਾਲ ਤਖ਼ਤ ਬੁੰਗੇ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਮਸੰਦਾਂ ਨੇ ਈਰਖਾ ਵੱਸ ਪੰਥ ਵਿਚੋਂ ਛੇਕ ਦਿੱਤਾ ਸੀ, ਇਕ ਚੜ੍ਹਦੀ ਕਲਾ ਵਾਲੇ ਪੰਥ ਸੇਵਕ ਸਨ। ਉਨ੍ਹਾਂ ਨੇ ਉਸ ਬਿਖੜੇ ਸਮੇਂ ਵਿਚ ਤੱਤ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੀ ਲਹਿਰ ਚਲਾਈ ਜਦੋਂ ਖਾਲਸਾ ਪੰਥ ਦੇ ਗੁਰ-ਅਸਥਾਨ ਬ੍ਰਾਹਮਣ-ਵਾਦੀ ਸੋਚ ਵਿਚ ਬੁਰੀ ਤਰ੍ਹਾਂ ਗ੍ਰਸੇ ਹੋਏ ਸਨ। ਗੁਰੂ ਸਾਹਿਬਾਨ ਦੀ ਬਖ਼ਸ਼ੀ ਗੁਰਮਤਿ ਮਰਿਆਦਾ ਬਹੁਤ ਹੱਦ ਤਕ ਅਲੋਪ ਹੋ ਗਈ ਸੀ। ਸਮੇਂ ਦੀ ਅੰਗਰੇਜ਼ ਹਕੂਮਤ ਨੇ ਦਰਬਾਰ ਸਾਹਿਬ ਅਤੇ ਨਾਨਕਾਣਾ ਸਾਹਿਬ ਇਤਿਆਦਿ ਇਤਿਹਾਸਕ ਗੁਰ-ਅਸਥਾਨਾਂ 'ਤੇ ਕਾਬਜ਼ ਮਸੰਦਾਂ ਪੁਜਾਰੀਆਂ ਦੀ ਪਿਠ ਠੋਕ ਕੇ ਪੰਥਕ ਭਾਵਨਾਵਾਂ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਤੋਂ ਮਨਮਤੀ ਕਾਰਵਾਈਆਂ ਜਾਰੀ ਰਖਵਾਈਆਂ ਹੋਈਆਂ ਸਨ। ਜਿਸ ਕਾਰਨ ਗੁਰੂ ਪੰਥ ਵਿਚ ਰੋਸ ਦੀ ਲਹਿਰ ਵਧਣੀ ਸ਼ੁਰੂ ਹੋਈ। ਇਸ ਦੇ ਨਤੀਜੇ ਵਜੋਂ ਸਮਾਂ ਪਾ ਕੇ ਨਾਨਕਾਣਾ ਸਾਹਿਬ, ਜੈਤੋ, ਗੰਗਸਰ ਇਤਿਆਦਿ ਅਸਥਾਨਾਂ 'ਤੇ ਗੁਰੂ ਕੇ ਸਿੱਖਾਂ ਨੂੰ ਗੁਰਧਾਮਾਂ ਦੀ

ਪਵਿੱਤਰਤਾ ਲਈ ਸ਼ਹੀਦੀਆਂ ਪਾਉਣੀਆਂ ਪਈਆਂ।[16] ਏਸੇ ਤਰ੍ਹਾਂ ਹੀ **ਦਰਬਾਰ ਸਾਹਿਬ ਵਿਖੇ**[17] ਗਿਆਨੀ ਦਿਤ ਸਿੰਘ ਅਤੇ ਪ੍ਰੋ: ਗੁਰਮੁਖ ਸਿੰਘ ਜੀ ਨੂੰ ਮਸੰਦਾਂ ਪੁਜਾਰੀਆਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਸੀ।

ਅੱਜ ਜਦੋਂ ਗੁਰੂ ਖਾਲਸਾ ਪੰਥ ਨੇ ਖਾਲਸਾ ਜੀ ਕੇ ਬੋਲਬਾਲੇ ਲਈ ਗੁਰੂ ਦੀਆਂ ਬਖ਼ਸ਼ੀਆਂ ਆਪਣੀਆਂ ਖਾਲਸਾਈ ਪ੍ਰੰਪਰਾਵਾਂ ਰਾਹੀਂ ਤੱਤ ਗੁਰਮਤਿ ਨੂੰ ਪ੍ਰਚਾਰਨ ਤੇ ਪ੍ਰਸਾਰਣ ਦਾ ਫ਼ੈਸਲਾ ਲਿਆ ਹੈ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਹਰ ਕਾਰਜ ਖੇਤਰ ਵਿਚ ਘਾਲਣਾ ਘਾਲਣ ਵਾਲੇ ਗੁਰਸਿੱਖਾਂ ਨੂੰ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਸੰਗਤ ਦੀਆਂ ਪਿਆਰ ਅਸੀਸਾਂ ਰਾਹੀਂ ਸਨਮਾਨਿਤ ਕਰਨ ਦਾ ਉੱਦਮ ਕੀਤਾ ਹੈ ਤਾਂ ਐਸੇ ਸੁਭਾਗੇ ਸਮੇਂ ਪੰਜ ਸਿੰਘ ਸਾਹਿਬਾਨ ਪ੍ਰੋ: ਗੁਰਮੁਖ ਸਿੰਘ ਜੀ ਨੂੰ ਵੀ ਪੂਰੀ ਤਰ੍ਹਾਂ ਨਿਰਦੋਸ਼ ਅਤੇ ਗੁਰੂ ਪੰਥ ਦਾ ਸੱਚਾ ਸੁੱਚਾ ਸੇਵਕ ਜਾਣਦਿਆਂ ਉਨ੍ਹਾਂ ਨੂੰ ਅਕਾਲ ਚਲਾਣੇ ਉਪਰੰਤ ਸਨਮਾਨਿਤ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਸਿੰਘ ਸਾਹਿਬਾਨ ਤਖ਼ਤ ਅਕਾਲ ਬੁੰਗੇ ਰਾਹੀਂ ਲਏ ਗਏ **ਦੁਖਦਾਈ ਫ਼ੈਸਲੇ**[18] 'ਤੇ ਖੇਦ ਪ੍ਰਗਟ ਕਰਦਿਆਂ ਸਮੁੱਚੀ ਖਾਲਸਾ ਸਾਧ ਸੰਗਤ ਨੂੰ ਐਸੀ ਗੁਰਮੁਖ ਆਤਮਾ ਦੇ ਗੁਰੂ ਚਰਨਾਂ ਵਿਚ ਸਦੀਵ ਨਿਵਾਸ ਲਈ ਜੋਦੜੀ ਦਾ ਸੰਦੇਸ਼ ਦਿੰਦੇ ਹਨ।

ਹਰਿਮੰਦਰ ਸਾਹਿਬ ਵਿਚ ਬੀਬੀਆਂ ਦਾ ਸੇਵਾ ਦਾ ਹੱਕ

(ਪ੍ਰੋ:) ਮਨਜੀਤ ਸਿੰਘ ਦੇ ਅਹਿਦ ਦਾ ਆਖ਼ਰੀ 'ਹੁਕਮਨਾਮਾ' ਜਾਂ 'ਹਿਦਾਇਤਨਾਮਾ' ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦੇ ਫ਼ਰਸ਼ ਧੋਣ (ਜਿਸ ਨੂੰ ਹਿੰਦੂ ਕਲਚਰ ਵਿਚ 'ਇਸ਼ਨਾਨ' ਕਿਹਾ ਜਾਂਦਾ ਹੈ) ਬਾਰੇ ਮਰਦਾਂ ਅਤੇ ਔਰਤਾਂ ਦਾ ਬਰਾਬਰ ਦਾ ਹੱਕ ਕਬੂਲ ਕਰਨਾ ਸੀ। ਇਸ ਸਬੰਧੀ ਜੋ ਸ਼ਰਤਾਂ ਅਤੇ ਹਿਦਾਇਤਾਂ ਜਾਰੀ ਕੀਤੀਆਂ ਗਈਆਂ, ਉਹ ਇੰਞ ਸਨ :

ਮਿਤੀ : 9-2-1996

ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਵਿਚ ਗੁਰੂ ਘਰ ਅੰਦਰ ਇਸਤਰੀ ਪੁਰਸ਼ ਨੂੰ ਬਰਾਬਰ ਦਾ ਮਾਨ ਸਤਿਕਾਰ ਦਿੱਤਾ ਗਿਆ ਹੈ। ਇਸੇ ਲਈ ਗੁਰ-ਅਸਥਾਨਾਂ ਵਿਖੇ ਪੂਜਾ ਪਾਠ ਸੇਵਾ ਸਿਮਰਨ ਦੇ ਅਧਿਕਾਰ ਵੀ ਹਰ ਗੁਰਸਿੱਖ ਪ੍ਰਾਣੀ ਮਾਤਰ ਨੂੰ ਇੱਕੋ ਜਿਹੇ ਹੀ ਹਨ। ਇਸੇ ਗੁਰ-ਸਿਧਾਂਤ ਨੂੰ ਸਨਮੁਖ ਰੱਖਦਿਆਂ ਪੰਜ ਸਿੰਘ ਸਾਹਿਬਾਨ ਵੱਲੋਂ ਸਿੱਖ ਪੰਥ ਦੇ ਸ਼੍ਰੋਮਣੀ ਅਸਥਾਨ ਸਚਖੰਡ ਹਰਿਮੰਦਰ ਸਾਹਿਬ ਵਿਖੇ ਗੁਰਸਿੱਖ ਮਾਈ ਭਾਈ ਨੂੰ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਸੇਵਾ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ। ਮੈਨੇਜਰ ਦਰਬਾਰ ਸਾਹਿਬ ਨੂੰ ਇਸ ਦੇ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਹੇਠ ਲਿਖੀਆਂ ਸ਼ਰਤਾਂ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਬਿਨਾਂ ਦੇਰੀ ਤੋਂ ਲੋੜੀਂਦੇ ਪ੍ਰਬੰਧ ਕੀਤੇ ਜਾਣ।

1. ਸੇਵਾ ਕਰਨ ਵਾਲੇ ਪੁਰਸ਼ ਅਤੇ ਬੀਬੀਆਂ ਸਾਬਤ ਸੂਰਤ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਹੋਣ।
2. ਬੀਬੀਆਂ ਸੇਵਾ ਵੇਲੇ ਸਿਰ ਨੂੰ ਪੱਕੇ ਤੌਰ 'ਤੇ ਢੱਕਣ ਦਾ ਪ੍ਰਬੰਧ ਕਰ ਕੇ ਆਉਣ ਅਤੇ ਸਿਰ 'ਤੇ ਨੀਲੀਆਂ ਚੁੰਨੀਆਂ ਲੈ ਕੇ ਆਉਣ।

---

16. ਇਨ੍ਹਾਂ ਘਟਨਾਵਾਂ ਦਾ ਪ੍ਰੋ: ਗੁਰਮੁਖ ਸਿੰਘ ਨਾਲ ਕੋਈ ਸਬੰਧ ਨਹੀਂ ਸੀ ਅਤੇ ਦੋਹਾਂ ਵਿਚ 33 ਸਾਲ ਤੋਂ ਵੱਧ ਦਾ ਫ਼ਰਕ ਸੀ।
17. ਇਹ ਗ਼ਲਤ ਹੈ। ਗਿਆਨੀ ਦਿੱਤ ਸਿੰਘ ਤੇ ਪ੍ਰੋ: ਗੁਰਮੁਖ ਸਿੰਘ ਨਾਲ ਦਰਬਾਰ ਸਾਹਿਬ ਦੀ ਹਦੂਦ ਵਿਚ ਕੋਈ ਹਰਕਤ ਨਹੀਂ ਹੋਈ ਸੀ। 1877 ਦਾ ਅਖੌਤੀ ਹੁਕਮਨਾਮਾ ਵੀ ਖੇਮ ਸਿੰਘ ਬੇਦੀ ਦੀ ਕੋਠੀ ਵਿਚ ਬੈਠ ਕੇ ਲਿਖਿਆ ਗਿਆ ਸੀ।
18. ਇਸ ਦਾ ਮਤਲਬ ਸਾਫ਼ ਹੈ ਕਿ ਉਹ ਫ਼ੈਸਲਾ ਸਹੀ ਸੀ ਭਾਵੇਂ ਉਹ ਦੁਖਦਾਈ ਸੀ।

3. ਪੁਰਸ਼ ਸਿਰ 'ਤੇ ਨੀਲੇ ਰੰਗ ਦੀਆਂ ਪੂਰੀਆਂ ਦਸਤਾਰਾਂ ਸਜਾ ਕੇ ਆਉਣ।
4. ਸਾਰੇ ਪੁਰਸ਼ ਇਸਤਰੀਆਂ ਸੇਵਾ ਵੇਲੇ ਚਿੱਟੀ ਪੁਸ਼ਾਕ ਪਹਿਨ ਕੇ ਅਤੇ ਕੇਸਰੀ ਕਮਰਕੱਸਾ ਸਜਾ ਕੇ ਆਉਣ।
5. ਸੇਵਾ ਸਮੇਂ ਬੀਬੀਆਂ ਆਪਣੇ ਪਰਿਵਾਰ ਦੇ ਇਕ ਪੁਰਸ਼ ਮੈਂਬਰ ਨੂੰ ਨਾਲ ਲੈ ਕੇ ਆਉਣ।
6. ਸੇਵਾ ਵਾਲੇ ਪ੍ਰੇਮੀਆਂ ਦੀ ਉਮਰ ਤੀਹ ਸਾਲ ਤੋਂ ਉਪਰ ਹੋਵੇ।
7. ਪ੍ਰਬੰਧਕ-ਜਨਾਂ ਵੱਲੋਂ ਸੇਵਾ ਸਬੰਧੀ ਬਣਾਏ ਨਿਯਮਾਂ ਦੀ ਪਾਲਣਾ ਦੀ ਵਚਨਬੱਧਤਾ ਜ਼ਰੂਰੀ ਹੈ।

(ਨੋਟ: ਇਸ ਤੋਂ ਪਹਿਲਾਂ 9 ਮਾਰਚ 1940 ਦੇ ਦਿਨ ਧਾਰਮਿਕ ਸਲਾਹਕਾਰ ਕਮੇਟੀ ਨੇ ਹਰਿਮੰਦਰ ਸਾਹਿਬ ਵਿਚ ਬੀਬੀਆਂ ਦਾ ਕੀਰਤਨ ਕਰਨ ਵਾਸਤੇ ਮਰਦਾਂ ਦੇ ਬਰਾਬਰ ਦਾ ਹੱਕ ਕਬੂਲ ਕੀਤਾ ਸੀ। ਇਸ ਮੀਟਿੰਗ ਵਿਚ ਜਥੇਦਾਰ ਮੋਹਨ ਸਿੰਘ ਨਾਗੋਕੇ, ਪ੍ਰਿੰ: ਗੰਗਾ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਤੇ ਭਾਈ ਲਾਭ ਸਿੰਘ ਵੀ ਹਾਜ਼ਿਰ ਸਨ ਅਤੇ ਮਤੇ ਦੇ ਲਫ਼ਜ਼ ਸਨ:

ਹਰਿਮੰਦਰ ਸਾਹਿਬ ਤੇ ਬੀਬੀਆਂ ਦਾ ਕੀਰਤਨ

ਹਰਿਮੰਦਰ ਸਾਹਿਬ ਵਿਖੇ ਬੀਬੀਆਂ ਦੇ ਕੀਰਤਨ ਬਾਰੇ ਮਾਮਲਾ ਪੇਸ਼ ਹੋ ਕੇ ਵਿਚਾਰ ਉਪਰੰਤ ਪ੍ਰਵਾਨ ਹੋਇਆ ਕਿ, 'ਬੀਬੀਆਂ ਨੂੰ ਕੀਰਤਨ ਦੀ ਉਹੋ ਜਿਹੀ ਖੁੱਲ੍ਹ ਹੋਣੀ ਚਾਹੀਦੀ ਹੈ, ਜਿਹੋ ਜਿਹੀ ਪੁਰਸ਼ਾਂ ਨੂੰ ਹੈ।')

ਉਂਞ ਇਹ ਦੋਵੇਂ ਮਤੇ/ਹਿਦਾਇਤਾਂ/ਗੁਰਮਤੇ ਇਸ ਕਿਤਾਬ ਦੇ ਛਪਣ (ਫ਼ਰਵਰੀ 2005) ਤਕ ਅਮਲ ਵਿਚ ਨਹੀਂ ਸਨ ਲਿਆਂਦੇ ਗਏ। ਕੀਰਤਨ ਵਾਲੀਆਂ ਬੀਬੀਆਂ ਨੇ ਤਾਂ ਇਕ ਵਾਰ ਵੀ ਕੀਰਤਨ ਦੀ ਜੁਰਅਤ ਨਾ ਕੀਤੀ। ਇਕ ਵਾਰ ਬੀਬੀ ਬਲਜੀਤ ਕੌਰ ਤਿਆਰ ਹੋਈ, ਪਰ ਉਹ ਵੀ ਵੇਲੇ ਸਿਰ ਮੌਅਕ ਮਾਰ ਗਈ। ਇੰਞ ਹੀ ਹਰਿਮੰਦਰ ਸਾਹਿਬ ਦਾ ਫ਼ਰਸ਼ ਧੋਣ ਅਤੇ ਹਰਿਮੰਦਰ ਤੋਂ ਪਾਲਕੀ ਅਕਾਲ ਤਖ਼ਤ ਸਾਹਿਬ ਲਿਜਾਉਣ ਦਾ ਹੱਕ ਵਰਤਣ ਦੀ ਕੋਸ਼ਿਸ਼ ਵਿਚ ਇੰਗਲੈਂਡ ਦੀ ਬੀਬੀ ਮਜਿੰਦਰਪਾਲ ਕੌਰ ਨੇ ਕਾਫ਼ੀ ਜਦੋਜਹਿਦ ਕੀਤੀ, ਪਰ ਇਸ 'ਬ੍ਰਾਹਮਣਵਾਦੀ' ਧੱਕੇਸ਼ਾਹੀ ਨੂੰ ਸਿੱਖਾਂ ਵਿੱਚੋਂ ਖ਼ਤਮ ਨਾ ਕਰਵਾਇਆ ਜਾ ਸਕਿਆ। ਹਰ ਬ੍ਰਾਹਮਣਵਾਦੀ ਸਿਖ ਨੇ ਬੀਬੀਆਂ ਦੇ ਹੱਕਾਂ ਵਿਚ ਮੁਖ਼ਾਲਫ਼ਤ ਕੀਤੀ। ਇਨ੍ਹਾਂ ਵਿਚ ਗੁਰਚਰਨ ਸਿੰਘ ਟੌਹੜਾ ਅਤੇ ਕਈ ਹੋਰ ਸੀਨੀਅਰ ਚੌਧਰੀ ਵੀ ਸਨ, ਜੋ ਦਾਅਵਾ ਤਾਂ 'ਦਲੇਰ', 'ਮਰਦ' ਅਤੇ 'ਸੂਝਵਾਨ' ਹੋਣ ਦਾ ਕਰਦੇ ਸਨ, ਪਰ ਵਕਤ ਆਉਣ 'ਤੇ 'ਮਨੂ ਦੇ ਪੁੱਤਰਾਂ' ਵਾਂਗ ਅ-ਸਿਖ ਸੋਚ ਦੇ ਅਲੰਬਰਦਾਰ ਬਣੇ।

ਮਸਤੂਆਣਾ 'ਚ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਸਾਹਿਬ

ਇਨ੍ਹੀਂ ਦਿਨੀਂ ਹੀ ਮਸਤੂਆਣੇ ਵਿਚ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਵਰਗੀਆਂ ਈਮਾਰਤਾਂ ਬਣਾਉਣ ਦੀਆਂ ਖ਼ਬਰਾਂ ਨੇ ਤੂਫ਼ਾਨ ਲੈ ਆਂਦਾ। ਭਾਵੇਂ ਅਸੂਲੀ ਤੌਰ 'ਤੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕਿਸੇ ਗੁਰਦੁਆਰੇ ਵਰਗੀ ਕੋਈ ਈਮਾਰਤ ਬਣਾ ਲਵੇ, ਪਰ ਇਸ ਹਰਕਤ ਦੇ ਪਿਛੋਕੜ ਵਿਚ ਇਹ ਚਰਚਾ ਸੀ ਕਿ ਮਾਲਵੇ ਵਿਚ **ਲੋਕਲ ਅਕਾਲ ਤਖ਼ਤ ਸਾਹਿਬ ਤੇ ਹਰਿਮੰਦਰ ਬਣਾਏ** ਜਾਣਗੇ ਤਾਂ ਜੋ ਲੋਕਾਂ ਨੂੰ ਦੂਰ ਨਾ ਜਾਣਾ ਪਵੇ। ਬੇਸ਼ਕ ਇਸ ਪਲਾਨ ਵਾਲਿਆਂ ਦਾ ਇਰਾਦਾ ਜੋ ਵੀ ਹੋਵੇ, ਉਪਰ ਜ਼ਿਕਰ ਕੀਤਾ ਚਰਚਾ ਆਪਣੇ ਆਪ ਵਿਚ ਫ਼ਿਕਰ ਵਾਲੀ ਗੱਲ ਸੀ। ਇਸ ਕਰ

ਕੇ ਸਾਰੇ ਪਾਸਿਓਂ ਇਸ ਨੂੰ ਰੋਕਣ ਦੀ ਮੰਗ ਕੀਤੀ ਜਾ ਰਹੀ ਸੀ। ਮਨਜੀਤ ਸਿੰਘ ਖ਼ੁਦ ਇਕ ਬਹਿਸ-ਗੋਚਰਾ ਸ਼ਖ਼ਸ ਬਣ ਜਾਣ ਕਾਰਨ ਹੁਣ ਅਦਬ ਗੁਆ ਬੈਠਾ ਸੀ ਤੇ ਉਸ ਦੇ ਮਤੇ/ਅਪੀਲਾਂ/ ਹਿਦਾਇਤਾਂ ਨੂੰ ਸਿੱਖ ਨਜ਼ਰ ਅੰਦਾਜ਼ ਕਰਨ ਲੱਗ ਪਏ ਸਨ। ਇਸ ਦੇ ਬਾਵਜੂਦ ਇਹ ਜ਼ਰੂਰੀ ਹੋ ਗਿਆ ਸੀ ਕਿ ਮਸਤੂਆਣੇ ਵਿਚ ਬਣਾਈਆਂ ਜਾ ਰਹੀਆਂ ਨਕਲੀ ਅਕਾਲ ਤਖ਼ਤ ਸਾਹਿਬ ਅਤੇ ਨਕਲੀ ਹਰਿਮੰਦਰ ਸਾਹਿਬ ਦੀਆਂ ਈਮਾਰਤਾਂ ਨੂੰ ਰੋਕਿਆ ਜਾਵੇ। ਇਸ ਕਰ ਕੇ ਸਿੱਖ ਆਗੂਆਂ ਨੇ ਮਨਜੀਤ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਰਾਹੀਂ ਅਕਾਲ ਤਖ਼ਤ ਸਾਹਿਬ ਤੋਂ ਇਸ ਬਾਰੇ ਐਲਾਨ ਜਾਰੀ ਕਰਵਾਇਆ। ਮਨਜੀਤ ਸਿੰਘ ਦੇ ਅਹਿਦ ਦਾ ਇਹ ਆਖ਼ਰੀ ਐਲਾਨ/ਹੁਕਮ/ਮਤਾ ਇੰਵ ਸੀ :

ਮਿਤੀ : 9-2-1996

ਪਿਛਲੇ ਦਿਨੀਂ ਮਾਲਵੇ ਦਾ ਹਰਿਮੰਦਰ ਸਾਹਿਬ ਬਣਾਉਣ ਅਤੇ ਅਕਾਲ ਤਖ਼ਤ ਸਾਹਿਬ ਸਿਰਜਣ ਦੀਆਂ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਨੇ ਸਿੱਖ ਸੰਗਤਾਂ ਵਿਚ ਬੇਚੈਨੀ ਪੈਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਅਕਾਲ ਤਖ਼ਤ ਸਾਹਿਬ ਵਿਖੇ ਗੁਰਸਿੱਖਾਂ ਨੇ ਇਸ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਨੂੰ ਆਏ ਦਿਨ ਕਿਸੇ ਗੁੱਝੀ ਸਾਜ਼ਿਸ਼ ਅਧੀਨ ਵੱਖ-ਵੱਖ ਢੰਗਾਂ ਨਾਲ ਗੁੰਮਰਾਹ ਅਤੇ ਅਪਮਾਨਿਤ ਕਰਨ ਦਾ ਨਿਰੰਤਰ ਕੁਕਰਮ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਬਾਬਾ ਬਲਵੰਤ ਸਿੰਘ ਸਿਹੋੜੇ ਵਾਲੇ ਸਾਧ ਦੇ ਨਾਮ 'ਤੇ ਛਪੇ ਇਸ ਬਿਆਨ ਪ੍ਰਤੀ ਸਮੂਹ ਗੁਰਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਐਸੇ ਮਨਮਤੀ ਪ੍ਰਚਾਰ ਕਰਨ ਵਾਲਿਆਂ ਨੂੰ ਹਰ ਢੰਗ ਨਾਲ ਪਛਾੜਨ। ਹਰ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਆਪੋ ਆਪਣੇ ਪਰਿਵਾਰਾਂ ਵਿਚ ਰੋਜ਼ਾਨਾ ਕੁੱਝ ਸਮਾਂ ਗੁਰ-ਇਤਿਹਾਸ ਤੇ ਗੁਰਬਾਣੀ ਪੜ੍ਹਨ-ਸੁਣਨ ਵਿਚ ਲਾਉਣ ਤਾਂ ਕਿ ਹਰ ਪਾਸੇ ਗੁਰਮਤਿ ਚੇਤਨਾ ਦੀ ਲਹਿਰ ਪੈਦਾ ਕੀਤੀ ਜਾ ਸਕੇ ਅਤੇ ਇਸ ਤਰ੍ਹਾਂ ਗੁਰੂ ਖਾਲਸਾ ਪੰਥ ਵਿਚ ਵੰਡੀਆਂ ਪਾਉਣ ਵਾਲੇ ਪ੍ਰਚਾਰ ਨੂੰ ਠਲ੍ਹ ਪਾਈ ਜਾ ਸਕੇ।

ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਮੂੰਹ ਸਿੱਖ ਸੰਸਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਇਤਿਹਾਸਿਕ ਗੁਰ-ਅਸਥਾਨਾਂ ਦੀ ਬਰਾਬਰੀ 'ਤੇ ਬਣਾਈਆਂ ਜਾ ਰਹੀਆਂ ਈਮਾਰਤਾਂ ਦੀ ਉਸਾਰੀ ਨੂੰ ਹਰ ਹੀਲਾ ਵਰਤ ਕੇ ਰੋਕਿਆ ਜਾਵੇ। ਇਸ ਦੇ ਲਈ ਜਿਤਨੀ ਵੀ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਪਵੇ, ਉਹ ਕਰਨੀ ਚਾਹੀਦੀ ਹੈ।

(ਪ੍ਰੋ:) ਮਨਜੀਤ ਸਿੰਘ ਦੀ ਵਿਦੇਸ਼ ਫੇਰੀ

ਜੁਲਾਈ 1994 ਵਿਚ (ਪ੍ਰੋ:) ਮਨਜੀਤ ਸਿੰਘ ਲੰਡਨ ਵਿਚ ਇਕ ਹਿੰਦੂ ਸਾਧੂ ਦੇ ਸਮਾਗਮ 'ਚ ਹਿੱਸਾ ਲੈਣ ਵਾਸਤੇ ਗਿਆ (ਇਸ ਸਮਾਗਮ ਵਿਚ ਉਸ ਨੂੰ ਦੂਜੇ ਤੀਜੇ ਦਰਜੇ ਦੇ ਹਿੰਦੂ ਪੁਜਾਰੀਆਂ ਦੇ ਬਰਾਬਰ ਰਖ ਕੇ ਉਸ ਦੀ ਬੇਇਜ਼ਤੀ ਕੀਤੀ ਗਈ। ਇਸ ਦੇ ਬਾਵਜੂਦ ਉਸ ਨੇ "ਹੁਣ ਤੋੜਨ ਦੀਆਂ ਨਹੀਂ ਜੋੜਨ ਦੀਆਂ ਗੱਲਾਂ ਕਰਨ ਦੀ ਲੋੜ ਹੈ" ਆਖ ਕੇ ਖਾੜਕੂਆਂ ਦੇ ਖ਼ਿਲਾਫ਼ ਸਰਕਾਰ ਤੇ ਹਿੰਦੂਆਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ)।[19] ਮਗਰੋਂ ਉਹ ਕੈਨੇਡਾ ਤੇ ਅਮਰੀਕਾ ਵੀ ਗਿਆ। ਇਨ੍ਹਾਂ ਦਿਨਾਂ ਵਿਚ

---

19. (ਪ੍ਰੋ:) ਮਨਜੀਤ ਸਿੰਘ ਦੇ ਸਾਬਕਾ ਪੀ.ਏ. ਪ੍ਰੋ: ਇੰਦਰ ਸਿੰਘ ਘੱਗਾ ਮੁਤਾਬਿਕ ਇਹ ਚਰਚਾ ਸੀ ਕਿ ਇਕ ਹਿੰਦੂ ਸਾਧੂ ਨੇ ਮਨਜੀਤ ਸਿੰਘ ਨੂੰ 10 ਹਜ਼ਾਰ ਪੌਂਡ ਖਾੜਕੂਆਂ ਦੇ ਖ਼ਿਲਾਫ਼ ਬੋਲਣ ਵਾਸਤੇ ਦਿੱਤੇ ਸਨ। ☛

ਇੰਗਲੈਂਡ ਤੋਂ (ਪ੍ਰੋ:) ਮਨਜੀਤ ਸਿੰਘ ਦੇ ਖ਼ਿਲਾਫ਼ ਇਕ 'ਦਸਤਾਵੇਜ਼' ਜਾਰੀ ਕੀਤਾ ਗਿਆ। ਇਸ ਦਸਤਾਵੇਜ਼ ਮੁਤਾਬਿਕ ਭਾਰਤ ਸਰਕਾਰ ਨੇ 21 ਅਗਸਤ 1994 ਨੂੰ ਬਰਤਾਨੀਆਂ 'ਚ ਭਾਰਤੀ ਹਾਈ ਕਮਿਸ਼ਨਰ ਨੂੰ ਇਕ ਚਿੱਠੀ ਲਿਖ ਕੇ ਮਨਜੀਤ ਸਿੰਘ ਦੀ ਮਹਿਮਾਨ-ਨਿਵਾਜ਼ੀ ਕਰਨ ਵਾਸਤੇ ਕਿਹਾ ਸੀ। ਡਾ. ਜਗਜੀਤ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਚਿੱਠੀ ਉਸ ਨੇ ਆਪ 'ਹਾਸਿਲ ਕਰ ਕੇ' ਰਿਲੀਜ਼ ਕੀਤੀ ਹੈ। ਦੂਜੇ ਪਾਸੇ ਭਾਰਤ ਸਰਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਚਿੱਠੀ ਜਾਅਲੀ ਹੈ। ਭਾਵੇਂ ਇਹ ਚਿੱਠੀ ਜਾਅਲੀ ਹੀ ਹੋਵੇ, ਇਸ ਚਿੱਠੀ ਨੇ (ਪ੍ਰੋ:) ਮਨਜੀਤ ਸਿੰਘ ਦਾ ਬਹੁਤ ਨੁਕਸਾਨ ਕੀਤਾ। ਕਈ ਪਾਸਿਓਂ ਉਸ ਤੋਂ ਅਸਤੀਫ਼ੇ ਦੀ ਮੰਗ ਹੋਈ।

ਆਪਣੀ ਇੰਗਲੈਂਡ ਫੇਰੀ ਦੌਰਾਨ (ਪ੍ਰੋ:) ਮਨਜੀਤ ਸਿੰਘ ਨਿਸ਼ਕਾਮ ਸੇਵਕ ਜਥੇ ਦੇ ਇਕ ਮੁਖੀ ਦੀ ਮਿਰਤਕ ਦੇਹ ਦੇ ਜਲੂਸ ਵਿਚ ਅਖੌਤੀ ਪੰਜ ਪਿਆਰਿਆਂ ਵਿਚੋਂ ਇਕ 'ਪਿਆਰੇ' ਵਜੋਂ ਸ਼ਾਮਿਲ ਹੋਇਆ। ਉਸ ਦੀ ਇਸ ਗੱਲ 'ਤੇ ਵੀ ਪੰਥਕ ਸਫ਼ਾਂ ਵਿਚ ਰੋਸ ਜ਼ਾਹਿਰ ਕੀਤਾ ਗਿਆ।

(ਪ੍ਰੋ:) ਮਨਜੀਤ ਸਿੰਘ ਨੇ ਆਪਣੇ ਅਹਿਦ ਵਿਚ ਇਕ ਹੋਰ ਅਜੀਬ ਗੱਲ ਕੀਤੀ। ਉਨ੍ਹੀਂ ਦਿਨੀਂ ਡਬਵਾਲੀ ਵਿਚ ਇਕ ਅੱਗ ਦੇ ਹਾਦਸੇ ਵਿਚ ਬਹੁਤ ਸਾਰੇ ਬੱਚੇ ਮਰ ਗਏ ਸਨ। ਮਨਜੀਤ ਸਿੰਘ ਨੇ ਐਲਾਨ ਕੀਤਾ ਕਿ ਇਨ੍ਹਾਂ ਬੱਚਿਆਂ ਦੀ 'ਯਾਦਗਾਰ' ਬਣਾਈ ਜਾਏਗੀ। ਕੀ ਇਹ ਬੱਚੇ 'ਪੰਥ ਦੇ ਸ਼ਹੀਦ' ਸਨ ? ਉਂਞ ਹੈਰਾਨੀ ਦੀ ਗੱਲ ਇਹ ਹੈ ਕਿ ਮਨਜੀਤ ਸਿੰਘ ਜਾਂ ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਜਾਂ ਅਕਾਲ ਤਖ਼ਤ ਦੇ ਕਿਸੇ ਵੀ ਸੇਵਾਦਾਰ ਨੂੰ ਕਦੇ ਵੀ ਜੂਨ 1984 ਜਾਂ ਨਵੰਬਰ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਖ਼ਿਆਲ ਨਹੀਂ ਆਇਆ।

ਇੰਞ ਹੀ ਮਨਜੀਤ ਸਿੰਘ ਨੇ 'ਵਰਲਡ ਸਿੱਖ ਕੌਂਸਲ' ਬਣਾ ਕੇ ਇਕ ਬਰਾਬਰ ਦੀ 'ਤਾਕਤ' ਕਾਇਮ ਕਰਨ ਦੀ ਕੋਸ਼ਿਸ਼ ਵੀ ਕੀਤੀ। ਉਸ ਨੇ ਇਸ ਨੂੰ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਤੋਂ ਵੀ ਕਿਤੇ ਸੁਪਰੀਮ, ਸਾਰੀ ਦੁਨੀਆਂ ਭਰ ਦੇ ਸਿੱਖਾਂ ਦੀ 'ਤਾਕਤ' ਵਾਲੀ, ਜਮਾਤ ਵਜੋਂ ਖੜ੍ਹਾ ਕੀਤਾ ਤੇ ਇਸ ਦੀ ਸਾਰੀ ਤਾਕਤ ਆਪਣੇ ਵੱਡੇ ਭਰਾ ਓਂਕਾਰ ਸਿੰਘ ਤੇ ਕੁਝ ਸਾਥੀਆਂ ਦੀ ਮਦਦ ਨਾਲ ਆਪਣੀ ਮੁੱਠ ਵਿਚ ਰੱਖਣ ਦੀ ਕੋਸ਼ਿਸ਼ ਕੀਤੀ। (ਮਗਰੋਂ ਇਸੇ ਤਰਜ਼ 'ਤੇ ਰਣਜੀਤ ਸਿੰਘ ਨੇ ਅਤੇ ਫਿਰ ਪੂਰਨ ਸਿੰਘ ਨੇ ਵੀ ਇਸ ਨੂੰ ਆਪਣੀ ਮੁੱਠ ਵਿਚ ਰੱਖਣ ਦੀ ਕੋਸ਼ਿਸ਼ ਕੀਤੀ)। ਨਤੀਜੇ ਵਜੋਂ ਇਹ ਜਮਾਤ ਜੰਮਦਿਆਂ ਹੀ ਬਹਿਸ-ਗੋਚਰੀ ਤੇ ਫਿਰ ਬੇਮਾਅਨਾ ਹੋ ਕੇ ਰਹਿ ਗਈ। ਹੁਣ ਇਹ ਇਕ ਕਾਗਜ਼ੀ ਜਥੇਬੰਦੀ ਹੈ, ਜੋ ਚੰਦ ਇਕ ਬੰਦਿਆਂ ਦੀ ਕਲੱਬ ਤੋਂ ਵੱਧ ਕੁਝ ਵੀ ਨਹੀਂ ਹੈ। ਮਨਜੀਤ ਸਿੰਘ 'ਤੇ ਸਭ ਤੋਂ ਵੱਡਾ ਇਲਜ਼ਾਮ ਉਸ ਵਲੋਂ 'ਆਪਣਿਆਂ' ਦਾ ਇਕ ਟਰੱਸਟ ਬਣਾ ਕੇ ਅਨੰਦਪੁਰ 'ਚ ਇਕ ਕਲੋਨੀ ਬਣਾ ਕੇ ਕਰੋੜਾਂ ਰੁਪਏ ਇਕੱਠੇ ਕਰਨ ਦਾ ਲਾਇਆ ਗਿਆ। (ਰਣਜੀਤ ਸਿੰਘ ਨੇ ਮਨਜੀਤ ਸਿੰਘ ਨੂੰ ਇਸ ਦਾ ਜਵਾਬ ਦੇਣ ਵਾਸਤੇ, ਮਗਰੋਂ, 11 ਫ਼ਰਵਰੀ 1999 ਨੂੰ ਤਲਬ ਵੀ ਕੀਤਾ ਸੀ)। ਖ਼ੈਰ, ਮਨਜੀਤ ਸਿੰਘ ਆਪਣੇ ਅਹਿਦ ਦੌਰਾਨ ਬੁਰੀ ਤਰ੍ਹਾਂ

☛ ਪ੍ਰੋ: ਘੱਗਾ ਮੁਤਾਬਿਕ ਮਨਜੀਤ ਸਿੰਘ ਬਾਰੇ ਇਹ ਚਰਚਾ ਆਮ ਸੀ ਕਿ ਉਸ ਨੇ ਚੋਖੀ ਰਕਮ ਹਾਸਿਲ ਕੀਤੀ ਸੀ, ਪਰ ਜਦੋਂ ਅਖ਼ਬਾਰਾਂ ਵਿਚ ਚਰਚਾ ਚੱਲ ਪਿਆ ਤਾਂ ਉਹ ਇੰਗਲੈਂਡ ਅਤੇ ਕੈਨੇਡਾ ਦੇ ਖਾੜਕੂਆਂ ਤੋਂ ਡਰਦਾ ਆਪਣੀ ਫੇਰੀ ਅਧਵਾਟੇ ਛੱਡ ਕੇ ਵਾਪਿਸ ਆ ਗਿਆ ਸੀ।

ਬਹਿਸ-ਗੋਚਰਾ ਸ਼ਖ਼ਸ ਬਣ ਕੇ ਰਹਿ ਗਿਆ। ਹੌਲੀ-ਹੌਲੀ ਹਰ ਪਾਸਿਓਂ ਉਸ ਤੋਂ ਅਸਤੀਫ਼ੇ ਦੀ ਮੰਗ ਹੋਣ ਲੱਗ ਪਈ। 1996 ਵਿਚ ਘਟੋ-ਘੱਟ ਦੋ ਸੌ ਜਮਾਤਾਂ, ਸੀਨੀਅਰ ਸਿੱਖ ਹਸਤੀਆਂ ਅਤੇ ਵਿਦਵਾਨਾਂ ਨੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ। ਉਧਰ ਸ਼੍ਰੋਮਣੀ ਕਮੇਟੀ ਵੀ (ਪ੍ਰੋ:) ਮਨਜੀਤ ਸਿੰਘ ਤੋਂ ਵੱਖ-ਵੱਖ ਕਾਰਨਾਂ ਕਰ ਕੇ ਔਖੀ ਹੋ ਚੁੱਕੀ ਸੀ ਤੇ ਬਾਦਲ ਵੀ ਨਿਜੀ ਕਾਰਨਾਂ ਕਰ ਕੇ ਮਨਜੀਤ ਸਿੰਘ ਨੂੰ ਕੈਰੀ ਅੱਖ ਨਾਲ ਵੇਖਦਾ ਸੀ।

ਕਿਰਪਾਲ ਸਿੰਘ, (ਪ੍ਰੋ:) ਦਰਸ਼ਨ ਸਿੰਘ, ਜਸਬੀਰ ਸਿੰਘ ਰੋਡੇ ਅਤੇ ਮਨਜੀਤ ਸਿੰਘ ਦਾ ਲੇਖਾ ਜੋਖਾ

ਅਕਤੂਬਰ 1962 ਵਿਚ ਜਥੇਦਾਰ ਅੱਛਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਅਸਤੀਫ਼ਾ ਦੇ ਦਿੱਤਾ। ਇਸ ਵੇਲੇ ਫ਼ਤਹਿ ਸਿੰਘ (ਗੰਗਾ ਨਗਰ) ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਹੋ ਚੁੱਕਾ ਸੀ ਅਤੇ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ, ਗੁਰਦੁਆਰਾ ਇੰਤਜ਼ਾਮ, ਸਿੱਖ ਇੰਸਟੀਚਿਊਸ਼ਨਜ਼ ਦਾ ਨਿਘਾਰ ਸ਼ੁਰੂ ਹੋ ਗਿਆ ਸੀ। ਫ਼ਤਹਿ ਸਿੰਘ ਦੇ ਨਾਮਜ਼ਦ ਕੀਤੇ ਪ੍ਰਧਾਨ ਚੰਨਣ ਸਿੰਘ ਨੇ ਪਹਿਲਾਂ ਤਾਂ ਮੋਹਣ ਸਿੰਘ ਤੁੜ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾਇਆ। ਮੋਹਣ ਸਿੰਘ ਛੇਤੀ ਹੀ ਬਹਿਸ ਗੋਚਰਾ ਬਣ ਗਿਆ। 1965 ਦੀਆਂ ਗੁਰਦੁਆਰਾ ਚੋਣਾਂ ਵਿਚ ਸਾਧੂ ਸਿੰਘ ਭੌਰਾ ਚੋਣ ਹਾਰ ਗਿਆ ਤਾਂ ਉਸ ਨੂੰ ਇਸ ਸੇਵਾ 'ਤੇ ਲਾ ਦਿੱਤਾ ਗਿਆ। ਉਹ ਅਗਲੇ 15 ਸਾਲ ਸੀਨੀਅਰ ਗ੍ਰੰਥੀ ਵਜੋਂ ਨੌਕਰੀ ਕਰਦਾ ਰਿਹਾ। ਪਰ, 1979-80 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਟੌਹੜੇ ਨਾਲ 'ਗ਼ਦਾਰੀ' ਕਰ ਕੇ ਬਾਦਲ ਨਾਲ ਰਲ ਜਾਣ ਬਦਲੇ ਉਸ ਨੂੰ 'ਨੌਕਰੀ' ਤੋਂ ਹਟਾ ਦਿੱਤਾ ਗਿਆ ਤੇ ਉਸ ਦੀ ਥਾਂ ਜਥੇਦਾਰ ਅਜਨੋਹਾ ਤੇ ਫਿਰ ਕਿਰਪਾਲ ਸਿੰਘ ਆ ਗਿਆ। ਇਹ ਜ਼ਮਾਨਾ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸੀ। ਕਿਰਪਾਲ ਸਿੰਘ ਬਾਬਾ ਜਰਨੈਲ ਸਿੰਘ ਦੇ ਮੁਕਾਬਲੇ 'ਤੇ ਭਿੰਡਰਾਂ-ਮਹਿਤਾ ਜਥਾ ਦੇ ਦੂਜੇ ਧੜੇ ਦਾ ਹਿਮਾਇਤੀ ਸੀ। ਸੋ, ਉਨ੍ਹਾਂ ਵਿਚ ਕਾਫ਼ੀ ਦੇਰ ਬੇਸੁਆਦੀ ਚਲਦੀ ਰਹੀ। ਕਿਰਪਾਲ ਸਿੰਘ ਭਾਵੇਂ ਡਰ ਡਰ ਕੇ ਵਿਚਰਦਾ ਰਿਹਾ, ਪਰ ਉਸ ਨੇ ਅਕਾਲੀਆਂ ਦੇ ਕਹਿਣ 'ਤੇ 30 ਅਪਰੈਲ 1984 ਦੇ ਦਿਨ 'ਦਰਬਾਰ ਸਾਹਿਬ ਵਿਚ ਹਥਿਆਰਾਂ ਦੀ ਨੁਮਾਇਸ਼' 'ਤੇ ਪਾਬੰਦੀ ਲਾ ਦਿੱਤੀ। ਇਸ ਮਗਰੋਂ 4 ਜੂਨ 1984 ਨੂੰ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਬਾਬਾ ਜਰਨੈਲ ਸਿੰਘ ਤਾਂ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ, ਪਰ ਕਿਰਪਾਲ ਸਿੰਘ ਮਰਨੋਂ ਡਰਦਾ "ਕੋਠਾ ਸਾਹਿਬ ਠੀਕ ਠਾਕ ਹੈ" ਆਖ ਕੇ (ਟੀ.ਵੀ. 'ਤੇ ਪੇਸ਼ ਹੋ ਕੇ) ਪੰਥ ਨੂੰ ਗੁੰਮਰਾਹ ਕਰਦਾ ਰਿਹਾ। ਉਸ ਨੇ ਤਾਂ 26 ਸਿਤੰਬਰ 1984 ਦੇ ਦਿਨ ਜ਼ੈਲ ਸਿੰਘ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਮਹਾਂ-ਦੋਸ਼ ਤੋਂ ਵੀ 'ਬਰੀ' ਕਰ ਦਿੱਤਾ (ਕਈ ਲੋਕਾਂ ਦਾ ਇਲਜ਼ਾਮ ਹੈ ਕਿ ਉਸ ਨੇ ਇਸ ਵਾਸਤੇ ਲੱਖਾਂ ਰੁਪਏ ਰਿਸ਼ਵਤ ਲਈ ਸੀ)। ਕਿਰਪਾਲ ਸਿੰਘ ਨੇ ਇਸ ਮਗਰੋਂ 17 ਮਈ 1986 ਦੇ ਦਿਨ ਸੁਰਜੀਤ ਬਰਨਾਲਾ (ਜਿਸ ਨੇ 30 ਅਪਰੈਲ 1986 ਦੇ ਦਿਨ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ ਤਾਂ ਜੋ ਭਾਰਤੀ ਫ਼ੌਜ ਦੇ 4 ਜੂਨ 1984 ਦੇ ਹਮਲੇ ਨੂੰ ਸਹੀ ਠਹਿਰਾਇਆ ਜਾ ਸਕੇ) ਨੂੰ ਵੀ 'ਲੱਲੂ-ਪੰਜੂ' ਤਨਖ਼ਾਹ ਲਾ ਕੇ ਮੁਆਫ਼ ਕਰ ਦਿੱਤਾ। ਇਸ ਮਕਸਦ ਵਾਸਤੇ ਵੀ ਕਿਰਪਾਲ ਸਿੰਘ ਵੱਲੋਂ ਮੋਟੀ ਰਕਮ ਲੈਣ ਦਾ ਦੋਸ਼ ਅੱਜ ਵੀ

ਲਾਇਆ ਜਾਂਦਾ ਹੈ। ਜਦ ਟੌਹੜੇ ਨੂੰ ਇਸ ਘਾਲੇ-ਮਾਲੇ ਦਾ ਪਤਾ ਲੱਗਾ ਤਾਂ ਉਸ ਨੇ ਜੇਲ੍ਹ 'ਚੋਂ ਹੁਕਮ ਦੇ ਕੇ 24 ਦਿਸੰਬਰ 1986 ਦੇ ਦਿਨ ਕਿਰਪਾਲ ਸਿੰਘ ਨੂੰ ਹਟਾ ਦਿੱਤਾ। ਕਿਰਪਾਲ ਸਿੰਘ ਨੇ ਚਾਰ ਅਹਿਮ 'ਫ਼ੈਸਲੇ' ਕੀਤੇ ਅਤੇ ਚਾਰੇ ਹੀ ਉਸ ਨੂੰ ਕੁਰਪਟ, ਪੱਖਪਾਤੀ, ਬੁਜ਼ਦਿਲ, ਹੋਛਾ ਸਾਬਿਤ ਕਰਨ ਵਾਲੇ ਸਨ।

ਕਿਰਪਾਲ ਸਿੰਘ ਮਗਰੋਂ (ਪ੍ਰੋ:) ਦਰਸ਼ਨ ਸਿੰਘ ਰਾਗੀ ਆਇਆ। ਰਾਗੀ ਨੇ ਸ਼ੁਰੂ ਸ਼ੁਰੂ ਵਿਚ ਕਿਸੇ ਦੀ ਪਰਵਾਹ ਨਾ ਕੀਤੀ, ਪਰ ਛੇਤੀ ਹੀ ਉਹ ਖਾੜਕੂਆਂ ਵਲੋਂ ਰਾਜੀਵ ਗਾਂਧੀ ਨਾਲ ਮਿਲਵਰਤਣ ਕਰਨ ਦਾ ਦੋਸ਼ੀ ਗਰਦਾਨਿਆ ਜਾਣ ਲੱਗ ਪਿਆ। ਗ਼ੁੱਸੇ ਵਿਚ ਉਸ ਨੇ ਅਸਤੀਫ਼ਾ ਦੇ ਦਿੱਤਾ, ਜਿਸ ਨੂੰ ਕਾਫ਼ੀ ਦੇਰ ਕਬੂਲ ਨਾ ਕੀਤਾ ਗਿਆ। ਮਗਰੋਂ ਉਸ ਦਾ ਅਸਤੀਫ਼ਾ ਮਨਜ਼ੂਰ ਕਰ ਕੇ ਜਸਬੀਰ ਸਿੰਘ ਰੋਡੇ ਨੂੰ ਵਰਤਣ ਵਾਸਤੇ ਟੌਹੜਾ ਨੇ ਉਸ ਨੂੰ 9 ਮਈ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ। ਆਪਣੇ ਛੋਟੇ ਪੰਥਕ ਕਦ, ਸੂਝ-ਬੂਝ ਦੀ ਕਮੀ ਅਤੇ ਰਾਜੀਵ ਗਾਂਧੀ ਨਾਲ ਮੇਲ-ਜੋਲ ਹੋਣ ਕਰ ਕੇ ਉਹ ਵੀ ਬਹੁਤਾ ਚਿਰ ਨਾ ਕੱਢ ਸਕਿਆ ਅਤੇ ਟੌਹੜੇ ਨੇ ਉਸ ਨੂੰ ਵਰਤਣ ਮਗਰੋਂ 28 ਮਈ 1988 ਨੂੰ ਚੂਪੇ ਅੰਬ ਦੀ ਗਿਟਕ ਵਾਂਗ ਵਗਾਹ ਮਾਰਿਆ। ਇਸ ਮਗਰੋਂ 13 ਅਗਸਤ 1988 ਦੇ ਦਿਨ (ਪ੍ਰੋ:) ਦਰਸ਼ਨ ਸਿੰਘ ਨੇ ਫਿਰ ਸੇਵਾ ਸੰਭਾਲ ਲਈ। ਪਰ (ਪ੍ਰੋ:) ਦਰਸ਼ਨ ਸਿੰਘ ਨੇ ਟੌਹੜੇ ਦੇ ਹੱਥਾਂ ਦਾ ਖਿਡਾਉਣਾ ਬਣਨੋਂ ਨਾਂਹ ਕਰ ਦਿੱਤੀ। ਅਖ਼ੀਰ ਇਸ ਕਸ਼ਮਕਸ਼ ਵਿਚ (ਪ੍ਰੋ:) ਦਰਸ਼ਨ ਸਿੰਘ ਨੇ 28 ਮਾਰਚ 1990 ਦੇ ਦਿਨ ਅਸਤੀਫ਼ਾ ਦੇ ਦਿੱਤਾ। ਇਸ 'ਤੇ ਟੌਹੜੇ ਨੇ 9 ਜੂਨ 1990 ਦੇ ਦਿਨ ਜੇਲ੍ਹ ਵਿਚ ਬੈਠੇ (ਭਾਈ) ਰਣਜੀਤ ਸਿੰਘ ਨੂੰ ਇਸ ਅਹੁਦੇ 'ਤੇ ਤਾਈਨਾਤ ਕਰ ਦਿੱਤਾ। ਕਿਉਂਕਿ ਉਹ ਜੇਲ੍ਹ ਵਿਚ ਸੀ, ਇਸ ਕਰ ਕੇ ਐਕਟਿੰਗ ਮੁਖ ਸੇਵਾਦਾਰ ਹੀ ਡੰਗ-ਟਪਾਊ ਸੇਵਾ ਕਰਦੇ ਰਹੇ। ਇਸ ਸਮੇਂ ਦੌਰਾਨ ਜਸਬੀਰ ਸਿੰਘ ਰੋਡੇ ਵੀ ਖ਼ੁਦ ਨੂੰ 'ਮੁਖ ਸੇਵਾਦਾਰ' ਆਖਦਾ ਰਿਹਾ, ਪਰ ਸਿੱਖਾਂ ਵਿਚ ਉਹ 'ਗਈ-ਗੁਜ਼ਰੀ ਚੀਜ਼' ਬਣ ਚੁੱਕਾ ਸੀ।

ਹੁਣ ਟੌਹੜਾ ਨੂੰ ਕਿਸੇ ਹੋਰ ਕਠਪੁਤਲੀ ਦੀ ਤਲਾਸ਼ ਸੀ। 1993 ਵਿਚ ਉਸ ਨੇ (ਪ੍ਰੋ:) ਮਨਜੀਤ ਸਿੰਘ ਦੀ 'ਦਿਸਦੀ ਵਫ਼ਾਦਾਰੀ', ਘਾਗ ਚਾਪਲੂਸੀ ਅਤੇ ਮਿੱਠੀਆਂ ਗੱਲਾਂ ਦਾ ਭੁਲੇਖਾ ਖਾ ਕੇ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਐਕਟਿੰਗ) ਲਾਉਣ ਦਾ ਫ਼ੈਸਲਾ ਕਰ ਲਿਆ। 4 ਫ਼ਰਵਰੀ 1993 ਦੇ ਦਿਨ ਮਨਜੀਤ ਸਿੰਘ ਨੇ ਚਾਰਜ ਲਿਆ। ਮਨਜੀਤ ਸਿੰਘ ਸ਼ੁਰੂ ਸ਼ੁਰੂ ਵਿਚ ਬੜਾ ਸੰਭਲ ਕੇ ਚਲਦਾ ਰਿਹਾ। ਉਹ ਹਰ ਦੂਜੇ-ਤੀਜੇ ਦਿਨ ਵਿਦਵਾਨਾਂ ਕੋਲੋਂ ਸਲਾਹ ਲੈ ਲੈਂਦਾ ਸੀ। ਪਰ ਛੇਤੀ ਹੀ ਉਸ ਨੂੰ ਅਹਿਸਾਸ ਹੋ ਗਿਆ (ਜਾਂ ਕਰਵਾ ਦਿੱਤਾ ਗਿਆ) ਕਿ ਉਹ ਤਾਂ 'ਤਖ਼ਤ' 'ਤੇ ਬੈਠਾ 'ਸੁਲਤਾਨ' ਸੀ। ਬਸ ਇਸ ਨਾਲ ਉਸ ਦੇ ਤੌਰ ਤਰੀਕੇ ਬਦਲ ਗਏ। ਹੁਣ ਉਸ ਨੂੰ ਵਿਦਵਾਨ, ਵੱਡੇ ਆਗੂ, ਪੰਥ ਸੇਵਕ ਸਾਰੇ ਦੇ ਸਾਰੇ ਹੀ ਆਪਣੀ 'ਰਿਆਇਆ' (ਪਰਜਾ), 'ਕਾਕਾ ਜੀ' ਜਾਂ 'ਜੂਨੀਅਰ' ਜਾਂ 'ਅਜੀਜ਼' ਨਜ਼ਰ ਆਉਣ ਲੱਗ ਪਏ। ਬਸ ਇਸ ਆਕੜ ਨਾਲ ਉਸ ਦੀ ਧੌਣ ਉੱਚੀ ਹੋਣ ਲੱਗ ਪਈ, ਉਸ ਦੀ ਬੋਲੀ ਵਿਚ ਆਕੜ, ਹੈਂਕੜ ਤੇ ਹੰਕਾਰ ਆਉਣ ਲੱਗ ਪਿਆ। ਹੌਲੀ ਹੌਲੀ ਉਹ 'ਸੌਦੇਬਾਜ਼' ਵੀ ਹੋ ਗਿਆ। ਉਸ ਦਾ ਪਿਆਰ ਸਿੰਘ ਤੇ ਪਿਸ਼ੌਰਾ ਸਿੰਘ ਬਾਰੇ ਰੋਲ ਉਸ ਨੂੰ ਕੁਰਪਟ ਅਤੇ ਬਹਿਸ ਗੋਚਰਾ ਦਾ ਲੇਬਲ ਦਿਵਾ ਗਿਆ। ਬੂਟਾ ਸਿੰਘ ਤੇ ਰਛਪਾਲ ਸਿੰਘ ਸਬੰਧੀ ਵੀ ਉਸ 'ਤੇ ਸੌਦੇਬਾਜ਼ੀ ਦੇ ਇਲਜ਼ਾਮ ਲਾਏ ਗਏ।

ਮਹੰਤ ਮਨਜੀਤ ਸਿੰਘ ਦੇ ਮਾਮਲੇ ਵਿਚ ਉਹ ਬੁਜ਼ਦਿਲ ਤੇ ਡਰੂ ਵੀ ਸਾਬਿਤ ਹੋਇਆ। ਉਸ 'ਤੇ ਮਹੰਤ ਤੋਂ ਰਿਸ਼ਵਤ ਲੈਣ ਦੇ ਇਲਜ਼ਾਮ ਵੀ ਲਾਏ ਗਏ। ਅਕਾਲੀ ਦਲਾਂ ਦੀ ਏਕਤਾ (1994-95) ਦੇ ਡਰਾਮੇ ਵਿਚ ਬਾਦਲ ਬਾਰੇ ਉਸ ਦਾ ਰੋਲ ਵੀ ਉਸ ਨੂੰ 'ਡਰਾਕਲ' ਸਾਬਿਤ ਕਰਨ ਵਾਲਾ ਸੀ। ਵਰਲਡ ਸਿੱਖ ਕਾਨਫ਼ਰੰਸ ਦੌਰਾਨ ਵੀ ਉਹ ਖ਼ੁਦ ਨੂੰ 'ਬਾਦਸ਼ਾਹ' ਅਤੇ 'ਮਹਾਂ ਵਿਦਵਾਨ' ਸਮਝਦਾ ਰਿਹਾ। 'ਵਰਲਡ ਸਿੱਖ ਪਾਰਲੀਮੈਂਟ' ਦੇ ਸੁਝਾਅ ਨੂੰ ਉਸ ਨੇ 'ਵਰਲਡ ਸਿੱਖ ਕੌਂਸਲ' ਦੇ ਨਾਂ ਹੇਠ ਆਪਣੀ ਘਰ ਦੀ ਪਾਰਟੀ ਬਣਾ ਕੇ ਕਬਜ਼ੇ ਵਿਚ ਰੱਖਣ ਦੀ ਕੋਸ਼ਿਸ਼ ਕੀਤੀ। ਫਿਰ ਦਾਨ ਵਿਚ ਮਿਲੀ ਜਗਹ ਨੂੰ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ 'ਟਰਸਟ' ਬਣਾ ਕੇ ਪੈਸੇ ਜਮ੍ਹਾ ਕਰਨ, ਜੇਬ੍ਹਾਂ ਭਰਨ ਦੇ ਦੋਸ਼ ਨੇ ਉਸ ਨੂੰ ਕੁਰਪਟ, ਠੱਗ, ਬੇਈਮਾਨ ਵੀ ਅਖਵਾਇਆ। ਟੌਹੜਾ-ਬਰਜਿੰਦਰ, ਟੌਹੜਾ-ਬਾਦਲ ਟੱਕਰ ਵਿਚ ਉਹ 'ਧੜੇਬਾਜ਼' ਵੀ ਬਣਿਆ। ਪਰ, ਅਕਾਲੀ ਸਰਕਾਰ ਦੀ ਹਾਰ ਮਗਰੋਂ ਉਸ ਨੇ ਅਮਰਿੰਦਰ ਸਿੰਘ ਦੇ ਨੇੜੇ ਆਉਣ ਦੀ ਕੋਸ਼ਿਸ਼ ਵੀ ਕੀਤੀ। ਅਖ਼ੀਰ 23 ਫ਼ਰਵਰੀ 2003 ਦੇ ਦਿਨ ਬਾਦਲ ਦੇ ਵਫ਼ਾਦਾਰ ਕਿਰਪਾਲ ਸਿੰਘ ਬਡੂੰਗਰ ਨੇ ਉਸ ਨੂੰ ਕੇਸਗੜ੍ਹ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ ਵੀ ਇਹ ਆਖ ਕੇ (ਬੇਇਜ਼ਤ ਕਰ ਕੇ) ਹਟਾ ਦਿੱਤਾ ਕਿ ਉਹ (ਮਨਜੀਤ ਸਿੰਘ) 'ਨਾਲੇ ਦਾ ਕੱਚਾ ਹੈ' (ਯਾਨਿ ਬਦਇਖ਼ਲਾਕ) ਤੇ ਕੁਰਪਟ ਵੀ ਹੈ। ਉਂਞ ਤਾਂ ਬਹੁਤੇ ਅਖੌਤੀ ਜਥੇਦਾਰ 'ਪੱਗਾਂ ਲਾਹ ਕੇ' ਹੀ ਕੱਢੇ ਗਏ ਸਨ, ਪਰ ਮਨਜੀਤ ਸਿੰਘ ਨੂੰ ਤਾਂ ਘਟੀਆ ਦੋਸ਼ ਲਾ ਕੇ, ਬਿਨਾ ਸੁਣਵਾਈ ਤੋਂ ਕੱਢਿਆ ਗਿਆ ਸੀ।

ਮਨਜੀਤ ਸਿੰਘ ਨਾ ਤਾਂ ਪ੍ਰੋਫ਼ੈਸਰ ਸੀ, ਨਾ ਵਿਦਵਾਨ, ਨਾ ਧਾਰਮਿਕ ਤੇ ਨਾ ਹੀ ਸੂਝਵਾਨ। ਹਾਂ, ਉਹ ਚਾਪਲੂਸ ਤੇ ਧੜੇਬਾਜ਼ ਜ਼ਰੂਰ ਸੀ। ਪਰ, ਦੂਜੇ ਪਾਸੇ ਅਕਾਲੀ ਚੌਧਰੀ ਉਸ 'ਤੇ ਇਤਬਾਰ ਨਹੀਂ ਕਰਦੇ ਸਨ, ਕਿਉਂਕਿ ਉਹ 'ਆਇਆ ਰਾਮ ਗਿਆ ਰਾਮ' ਵਾਂਗ ਵਾਰ ਵਾਰ ਕਿਸ਼ਤੀਆਂ ਬਦਲਦਾ ਰਹਿੰਦਾ ਸੀ। ਨਾ ਉਹ ਕਿਸੇ ਦਾ ਬਣਿਆ ਤੇ ਨਾ ਕੋਈ ਉਸ ਦਾ ਬਣਿਆ। ਉਸ ਦਾ ਰੋਲ ਬਹਿਸ ਗੋਚਰਾ ਰਿਹਾ ਤੇ ਉਹ ਜ਼ਲੀਲ ਹੋ ਕੇ ਨਿਕਲਿਆ।

ਭਾਈ ਰਣਜੀਤ ਸਿੰਘ ਅਕਾਲ ਤਖ਼ਤ ਸਾਹਿਬ 'ਤੇ

ਭਾਈ ਰਣਜੀਤ ਸਿੰਘ, ਜਿਸ ਨੂੰ ਨਿਰੰਕਾਰੀ ਗੁਰਬਚਨ ਸਿੰਘ ਦੇ ਕਤਲ (24 ਅਪਰੈਲ 1980) ਦੇ ਸਬੰਧ ਵਿਚ 1983 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਨੂੰ 27 ਮਾਰਚ 1993 ਦੇ ਦਿਨ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸ ਦੀ ਕੈਦ ਗ੍ਰਿਫ਼ਤਾਰੀ ਦੇ ਦਿਨ ਤੋਂ ਚਲਣੀ ਸੀ। ਇੰਞ ਉਸ ਨੂੰ ਛੇਤੀ ਹੀ ਰਿਹਾਅ ਵੀ ਕੀਤਾ ਜਾ ਸਕਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਤਾਂ ਭਾਈ ਜਸਬੀਰ ਸਿੰਘ ਰੋਡੇ ਦੇ ਮੁਕਾਬਲੇ ਵਿਚ ਵਧੇਰੇ ਖਾੜਕੂ ਸ਼ਖ਼ਸ ਅਕਾਲ ਤਖ਼ਤ ਸਾਹਿਬ 'ਤੇ ਲਿਆਉਣ ਖ਼ਾਤਿਰ ਅਤੇ ਦੂਜਾ ਭਾਈ ਰਣਜੀਤ ਸਿੰਘ ਨੂੰ ਛੇਤੀ ਰਿਹਾਅ ਕਰਵਾਣ ਵਾਸਤੇ, ਉਸ ਨੂੰ 9 ਜੂਨ 1990 ਦੇ ਦਿਨ ਹੀ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾ ਦਿੱਤਾ ਸੀ। 12 ਅਕਤੂਬਰ 1996 ਦੇ ਦਿਨ ਉਹ ਆਪਣੀ ਕੈਦ ਭੁਗਤਣ ਮਗਰੋਂ ਜ਼ਮਾਨਤ 'ਤੇ ਰਿਹਾਅ ਹੋਇਆ ਅਤੇ ਉਸ ਨੇ ਜੇਲ੍ਹੋਂ ਬਾਹਰ ਆ ਕੇ 31 ਦਿਸੰਬਰ 1996 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਲੋਂ ਚਾਰਜ ਲੈ ਲਿਆ। ਮਗਰੋਂ ਜਥੇਦਾਰ

ਗੁਰਚਰਨ ਸਿੰਘ ਟੌਹੜਾ ਤੇ ਪਰਕਾਸ਼ ਸਿੰਘ ਬਾਦਲ ਨੇ ਪ੍ਰਾਈਮ ਮਨਿਸਟਰ, ਹੋਮ ਮਨਿਸਟਰ ਤੇ ਪਰੈਜ਼ੀਡੈਂਟ ਨੂੰ ਮਿਲ ਕੇ ਉਸ ਦੀ ਰਹਿੰਦੀ ਸਜ਼ਾ ਮੁਆਫ਼ ਕਰਵਾ ਲਈ। ਕੁਝ ਲੋਕਾਂ ਨੇ ਕਤਲ ਹੋਏ ਨਿਰੰਕਾਰੀ ਦੇ ਪੁੱਤਰ ਹਰਦੇਵ ਭੋਲਾ ਤਕ ਵੀ ਪਹੁੰਚ ਕੀਤੀ ਤਾਂ ਜੋ ਉਹ ਰਣਜੀਤ ਸਿੰਘ ਦੀ ਸਜ਼ਾ ਮੁਆਫ਼ ਕੀਤੇ ਜਾਣ ਦੀ ਮੁਖ਼ਾਲਫ਼ਤ ਨਾ ਕਰੇ। ਇਕ ਸੋਮੇ ਮੁਤਾਬਿਕ ਉਨ੍ਹੀਂ ਦਿਨੀਂ ਬਾਦਲ ਮਨਜੀਤ ਸਿੰਘ ਨੂੰ ਹਟਾਉਣ ਦੇ ਹੱਕ ਵਿਚ ਸੀ[20], ਇਸ ਕਰ ਕੇ ਉਸ ਨੇ ਰਣਜੀਤ ਸਿੰਘ ਦੀ ਰਿਹਾਈ ਵਿਚ ਬੜਾ ਅਹਿਮ ਰੋਲ ਅਦਾ ਕੀਤਾ।

ਅਕਾਲ ਤਖ਼ਤ ਸਾਹਿਬ 'ਤੇ ਹੁਲੜਬਾਜ਼ੀ ਕਰਨ ਦੇ ਦੋਸ਼ ਵਿਚ ਮਹੰਤ ਮਨਜੀਤ ਸਿੰਘ ਅਤੇ ਰੰਗੀਲ ਸਿੰਘ ਨੂੰ ਤਨਖ਼ਾਹ ਲਾਉਣਾ

3 ਫ਼ਰਵਰੀ 1995 ਦੇ ਦਿਨ (ਪ੍ਰੋ:) ਮਨਜੀਤ ਸਿੰਘ ਨੇ ਜੰਮੂ ਦੇ ਮਹੰਤ ਮਨਜੀਤ ਸਿੰਘ ਨੂੰ 'ਤਨਖ਼ਾਹ' ਲਾਈ ਸੀ। ਮਹੰਤ ਨੇ 'ਤਨਖ਼ਾਹ' ਭੁਗਤਣ ਦੀ ਬਜਾਇ 'ਖਚਰ-ਹਰਕਤ' ਕਰ ਕੇ ਸਿਰਫ਼ ਅਖੰਡ ਪਾਠ ਰਖਵਾ ਦਿੱਤਾ। ਮਹੰਤ ਨੂੰ 'ਤਨਖ਼ਾਹ' ਲਾਉਣ ਵਾਲਿਆਂ ਵਿਚ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਗਿਆਨੀ ਭਗਵਾਨ ਸਿੰਘ ਵੀ ਸ਼ਾਮਿਲ ਸੀ। ਪਰ ਜਦੋਂ ਮਹੰਤ ਨੇ ਅਕਾਲ ਤਖ਼ਤ ਸਾਹਿਬ 'ਤੇ ਪਾਠ ਬੁੱਕ ਕਰਵਾਇਆ ਤਾਂ ਇਸ ਹੈੱਡ ਗ੍ਰੰਥੀ ਨੇ, ਇਹ ਜਾਣਦਿਆਂ ਹੋਇਆਂ ਵੀ ਕਿ ਮਹੰਤ ਅਜੇ ਤਨਖ਼ਾਹੀਆ ਹੈ, ਬਿਨਾ ਕਿਸੇ ਹੀਲ-ਹੁਜਤ ਤੋਂ ਪਾਠ ਬੁੱਕ ਕਰ ਲਿਆ। ਫਿਰ ਇਸ ਦੇ ਖ਼ਤਮ ਹੋਣ 'ਤੇ 22 ਮਾਰਚ ਨੂੰ ਪਾਠ ਖ਼ਤਮ ਹੋਣ ਮਗਰੋਂ ਲਿਆ 'ਵਾਕ' ਵੀ 'ਡਾਕ ਰਾਹੀਂ' ਭੇਜ ਦਿੱਤਾ। **(ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਵਿਚ ਵੀ ਪਾਠ ਇੰਞ ਹੀ ਹੁੰਦੇ ਹਨ ਤੇ 'ਡਾਕ ਰਾਹੀਂ' ਉਨ੍ਹਾਂ ਦਾ 'ਫਲ' ਵੀ ਪਾਠ ਕਰਵਾਉਣ ਵਾਲਿਆਂ ਨੂੰ ਭੇਜ ਦਿੱਤਾ ਜਾਂਦਾ ਹੈ। ਧੰਨ ਸਿੱਖੀ ! ਇਹ ਬ੍ਰਾਹਮਣਵਾਦ, ਮਨਮਤਿ, ਸਿੱਖੀ ਦੀ ਤੌਹੀਨ, ਅਕਾਲ ਤਖ਼ਤ ਸਾਹਿਬ ਤੋਂ ਅਜੇ ਵੀ ਹੁੰਦੀ ਹੈ। 2003 ਵਿਚ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਬਹੁਤ ਸਾਰੇ ਕਮਰੇ ਪਾ ਕੇ ਇਹ 'ਪਾਖੰਡ' ਤੇ ਮਨਮਤਿ ਨੂੰ 'ਪੱਕੇ-ਪੈਰੀਂ' ਕਰ ਦਿੱਤਾ ਗਿਆ ਹੈ।)**

1996 ਦੀ 31 ਦਿਸੰਬਰ ਨੂੰ ਭਾਈ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਮੁਖ ਸੇਵਾਦਾਰੀ ਸੰਭਾਲੀ ਤਾਂ ਜੰਮੂ ਦੀਆਂ ਸੰਗਤਾਂ ਨੇ ਉਸ ਤਕ ਪਹੁੰਚ ਕੀਤੀ ਤੇ ਸ਼ੱਕ ਜ਼ਾਹਿਰ ਕੀਤਾ ਕਿ ਮਹੰਤ ਨੇ ਸਾਬਕਾ ਐਕਟਿੰਗ ਮੁਖ ਸੇਵਾਦਾਰ (ਪ੍ਰੋ:) ਮਨਜੀਤ ਸਿੰਘ ਤੇ ਬਾਕੀ ਗ੍ਰੰਥੀਆਂ ਦੀ 'ਮੁੱਠ ਗਰਮ' ਕਰ ਦਿੱਤੀ ਸੀ।[21] ਜਦੋਂ ਰਣਜੀਤ ਸਿੰਘ ਨੇ (ਗਿਆਨੀ) ਭਗਵਾਨ ਸਿੰਘ ਨੂੰ ਮਹੰਤ ਵੱਲੋਂ ਸਜ਼ਾ ਭੁਗਤਣ ਬਾਰੇ ਸਵਾਲ-ਜਵਾਬ ਕੀਤਾ ਗਿਆ ਤਾਂ ਉਸ ਨੇ ਕਿਹਾ ਕਿ "ਛਡੋ ਦਫ਼ਾ ਕਰੋ ਉਹਨੂੰ ਦੋਬਾਰਾ ਅਕਾਲ ਤਖ਼ਤ 'ਤੇ ਕੀ ਬੁਲਾਉਣਾ ਹੈ, ਪਿਛਲੀ ਵਾਰੀ ਵੀ ਮੱਸਾਂ ਪੱਗਾਂ ਬਚਾਈਆਂ ਸੀ, ਲਾਹ ਕੇ ਈ ਲੈ ਚਲਿਆ ਸੀ ਛੋਕਰਵਾਧਾ।... ਪ੍ਰੋ: ਮਨਜੀਤ ਸਿੰਘ ਤੇ ਪਿਛਲੀ ਵਾਰੀ ਜਾ ਕੇ ਆਪਣੀ

---

20. ਬਾਦਲ ਨੂੰ ਮਨਜੀਤ ਸਿੰਘ 'ਤੇ ਗ਼ੁੱਸਾ ਸੀ ਕਿ ਉਸ ਨੇ 10 ਨਵੰਬਰ ਤੇ 23 ਨਵੰਬਰ 1994 ਨੂੰ ਬਾਦਲ ਦੇ ਨਾਂ ਚਿੱਠੀਆਂ ਅਤੇ 15 ਸਿਤੰਬਰ ਤੇ 20 ਸਿਤੰਬਰ 1995 ਨੂੰ ਰਣਜੀਤ ਸਿੰਘ ਬ੍ਰਹਮਪੁਰਾ ਤੇ ਰਣਜੀਤ ਸਿੰਘ ਛੱਜਲਵੱਢੀ ਦੇ ਕੇਸ ਵਿਚ 'ਫ਼ੈਸਲਾ' ਦੇਂਦਿਆਂ ਵੀ ਬਾਦਲ ਦੀ ਬੇਇਜ਼ਤੀ ਕੀਤੀ ਸੀ। ਹੋਰ ਤਾਂ ਹੋਰ ਉਸ ਨੇ ਪਬਲਿਕ ਵਿਚ ਵੀ ਕਈ ਵਾਰ ਬਾਦਲ ਦੇ ਖ਼ਿਲਾਫ਼ ਬੜੇ ਸਖ਼ਤ ਬੋਲ ਬੋਲੇ ਸਨ।
21. ਕੁਲਬੀਰ ਸਿੰਘ ਕੌੜਾ, *ਬੇਈਮਾਨ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ਾ 91-92.

ਭੈਣ ਦੇ ਘਰ ਬਹਿ ਗਿਆ ਸੀ ਤੇ ਮੇਰੀ ਉਹ ਜੰਮੂ ਵਾਲੇ 'ਧੀ ਦੀ ਭੈਣ ਦੀ ਇਕ' ਕਰ ਗਏ ਸਨ।"[22]

ਸਾਰੇ ਮਾਮਲੇ ਦੀ ਪੂਰੀ ਜਾਣਕਾਰੀ ਲੈਣ ਮਗਰੋਂ (ਭਾਈ) ਰਣਜੀਤ ਸਿੰਘ ਨੇ ਮਹੰਤ ਮਨਜੀਤ ਸਿੰਘ ਨੂੰ 5 ਜੂਨ 1997 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਮਹੰਤ 5 ਜੂਨ ਦੇ ਦਿਨ 6 ਫ਼ਰਵਰੀ 1995 ਵਾਂਗ ਤਿਨ ਚਾਰ ਸੌ ਬਸਾਂ ਬੰਦੇ ਜ਼ਨਾਨੀਆਂ ਦੀਆਂ ਭਰ ਕੇ ਲਿਆਇਆ ਤੇ ਉਨ੍ਹਾਂ ਵਿੱਚੋਂ ਕੁਝ ਪਹਿਲਵਾਨ, ਬੁਰਛਾ ਤੇ ਬਦਮਾਸ਼ ਕਿਸਮ ਦੇ ਬੰਦੇ ਲੈ ਕੇ ਅਕਾਲ ਤਖ਼ਤ ਸਾਹਿਬ ਉਪਰ ਆ ਪੁੱਜਾ। ਉਸ ਵੱਲੋਂ ਲਿਆਂਦੇ ਬਾਕੀ ਦੇ ਲੋਕ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਆ ਖੜੇ ਹੋਏ।

ਇਸ ਸਾਰੇ 'ਤਾਕਤ ਤੇ ਮੁਜ਼ਾਹਰੇ' ਦਾ ਮਤਲਬ ਆਪਣੀ ਹੈਂਕੜ, ਦਬਕੇ ਅਤੇ ਡਰਾਵੇ ਦਾ ਇਜ਼ਹਾਰ ਕਰਨਾ ਸੀ। ਇਸ ਮਗਰੋਂ ਮਹੰਤ ਮਨਜੀਤ ਸਿੰਘ ਇਕੱਲਾ ਉਪਰਲੀ ਮੰਜ਼ਿਲ 'ਤੇ ਚੜ੍ਹ ਗਿਆ ਅਤੇ 'ਪੇਸ਼ੀ' ਭੁਗਤਣ ਲੱਗ ਪਿਆ। ਕੁਝ ਚਿਰ ਮਗਰੋਂ ਜੰਮੂ-ਕਸ਼ਮੀਰ ਦੇ ਇਕ ਸਾਬਕ ਵਜ਼ੀਰ ਰੰਗੀਲ ਸਿੰਘ (ਜੋ ਸ਼ਾਇਦ ਮਹੰਤ ਦੀ ਭੂਆ ਦਾ ਪੁੱਤਰ ਹੈ) ਨੇ ਵੀ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ। ਉਸ ਨੇ ਮਹੰਤ ਵੱਲੋਂ ਰਖੇ ਅਖੰਡ ਪਾਠ ਅਤੇ ਭੋਗ ਦੀਆਂ ਰਸੀਦਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਮੋਹਣ ਸਿੰਘ (ਹੈੱਡ ਗ੍ਰੰਥੀ ਦਰਬਾਰ ਸਾਹਿਬ) ਨੇ ਉਸ ਨੂੰ ਦਾੜ੍ਹੀ ਖੋਲ੍ਹ ਕੇ ਆਉਣ ਵਾਸਤੇ ਕਿਹਾ।[23] ਛੇਤੀ ਹੀ ਉਹ ਦਾੜ੍ਹੀ ਖੋਲ੍ਹ ਕੇ ਫੇਰ ਆ ਗਿਆ ਅਤੇ ਉਸ ਨੇ ਫੇਰ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ। ਇਸ 'ਤੇ ਭਾਈ ਰਣਜੀਤ ਸਿੰਘ ਨੇ ਉਸ ਨੂੰ ਟੋਕਿਆ ਅਤੇ ਬਾਹਰ ਜਾਣ ਵਾਸਤੇ ਆਖਿਆ। ਜਦ ਉਸ ਨੇ ਹੀਲ-ਹੁਜਤ ਕੀਤੀ ਤਾਂ ਸੇਵਾਦਾਰਾਂ ਨੇ ਉਸ ਨੂੰ ਬਾਹੋਂ ਫੜ ਕੇ ਬਾਹਰ ਕੱਢ ਦਿੱਤਾ। ਉਸ ਦੇ ਬਾਹਰ ਜਾਣ 'ਤੇ ਮਹੰਤ ਤੇ ਰੰਗੀਲ ਸਿੰਘ ਦੇ ਲਿਆਂਦੇ ਬੁਰਛਾ-ਗਰਦਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਉਪਰਲੀ ਮੰਜ਼ਿਲ ਵੱਲ ਜਾਣ ਦੀ ਕੋਸ਼ਿਸ਼ ਕੀਤੀ।

ਇਸ ਸਭ ਨੂੰ ਵੇਖ ਕੇ (ਪ੍ਰੋ:) ਮਨਜੀਤ ਸਿੰਘ ਨੇ (ਭਾਈ) ਰਣਜੀਤ ਸਿੰਘ ਨੂੰ ਕਿਹਾ, "ਛੇਤੀ ਪੁਲਿਸ ਨੂੰ ਬੁਲਾਓ।" ਰਣਜੀਤ ਸਿੰਘ ਨੇ ਜਵਾਬ ਦਿੱਤਾ, "ਅਕਾਲ ਤਖ਼ਤ 'ਤੇ ਪੁਲਿਸ ਸਦਦਿਆਂ ਸ਼ਰਮ ਨਾ ਆਊ ?" ਇਹ ਕਹਿ ਕੇ ਰਣਜੀਤ ਸਿੰਘ ਨੇ ਇਕ ਸੇਵਾਦਾਰ ਦੇ ਹੱਥੋਂ ਸੋਟੀ ਫੜ ਲਈ ਅਤੇ ਪੌੜੀਆਂ ਕੋਲ ਖੜਾ ਹੋ ਗਿਆ। ਮਹੰਤ ਦੇ ਸਾਥੀਆਂ 'ਚੋਂ ਜਿਸ ਨੇ ਉਪਰ ਚੜ੍ਹਣ ਦੀ ਕੋਸ਼ਿਸ਼ ਕੀਤੀ ਰਣਜੀਤ ਸਿੰਘ ਨੇ ਉਸ ਦੇ 'ਟੋਟਰੂ ਤੱਤੇ ਕੀਤੇ' ਤਾਂ ਛੇਤੀ ਹੀ ਚੁੱਪ ਵਰਤ ਗਈ।[24] ਇਸ ਮਗਰੋਂ ਰਣਜੀਤ ਸਿੰਘ ਨੇ ਮਹੰਤ ਮਨਜੀਤ ਸਿੰਘ ਅਤੇ ਰੰਗੀਲ ਸਿੰਘ ਦੋਹਾਂ ਨੂੰ 'ਤਨਖ਼ਾਹੀਏ' ਕਰਾਰ ਦੇ ਦਿੱਤਾ ਅਤੇ 16 ਜੂਨ 1997 ਦੇ ਦਿਨ 'ਪੇਸ਼ੀ' ਵਾਸਤੇ ਬੁਲਾ ਲਿਆ। ਤਨਖਾਹੀਆ ਕਰਾਰ ਦੇਣ ਵਾਲਾ 'ਹੁਕਮ' ਇੰਞ ਸੀ :

5 ਜੂਨ 1997

ਤਨਖ਼ਾਹੀਆ ਕਰਾਰ

ਮਹੰਤ ਮਨਜੀਤ ਸਿੰਘ ਨੂੰ ਅੱਜ ਮਿਤੀ 5 ਜੂਨ 1977 ਨੂੰ ਪਿਛਲੇ ਸਮੇਂ ਲੱਗੀ ਤਨਖ਼ਾਹ

---

22. ਕੁਲਬੀਰ ਸਿੰਘ ਕੌੜਾ, *ਬੇਈਮਾਨ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ਾ 91-92.
23. *ਉਹੀ*।
24. *ਉਹੀ*, ਸਫ਼ਾ 101.

ਦੇ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਬੁਲਾਇਆ ਗਿਆ ਸੀ। ਮਹੰਤ ਨੂੰ ਤਨਖ਼ਾਹੀਆ ਕਰਾਰ ਦੇਣ ਦਾ ਕਾਰਨ ਜੰਮੂ ਦੇ ਡੇਰੇ ਡਿਗਿਆਣਾ ਆਸ਼ਰਮ ਤੇ ਹੋਰ ਅਸਥਾਨਾਂ 'ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਮੱਥਾ ਟਿਕਾਉਣਾ, ਤਵੀਤ ਦੇਣੇ, ਜੂਠਾ ਲੰਗਰ ਸੰਗਤਾਂ ਵਿਚ ਵਰਤਾਉਣਾ, ਆਪਣੇ ਨਾਲ ਇਕ ਲੜਕੀ ਨੂੰ ਨਜਾਇਜ਼ ਰੂਪ ਵਿਚ ਰੱਖਣਾ, ਡੇਰੇ ਦੀ ਮਾਇਆ ਨੂੰ ਲੜਕੀ ਦੇ ਨਾਂ 'ਤੇ ਲਾਉਣਾ ਆਦਿ ਦੋਸ਼ ਹਨ।

ਮਹੰਤ ਨੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਸਮੇਂ ਆਪਣੇ ਨਾਲ ਲਿਆਂਦੇ ਬੰਦਿਆਂ ਰਾਹੀਂ ਸਿੰਘ ਸਾਹਿਬਾਨ ਅਤੇ ਤਖ਼ਤ ਸਾਹਿਬ ਪ੍ਰਤੀ ਮਨਮਤੀ ਅਤੇ ਅਪਮਾਨ ਜਨਕ ਰਵੱਈਆ ਧਾਰਨ ਕੀਤਾ। ਵਿਸ਼ੇਸ਼ ਤੌਰ 'ਤੇ ਰੰਗੀਲ ਸਿੰਘ ਨਾਂ ਦੇ ਬੰਦੇ ਨੇ ਹਉਮੈ ਭਰੀ ਸ਼ਬਦਾਵਲੀ ਵਰਤੀ। ਇਸ ਕਾਰਨ ਮਹੰਤ ਮਨਜੀਤ ਸਿੰਘ ਅਤੇ ਰੰਗੀਲ ਸਿੰਘ ਨੂੰ ਪੰਥ ਦਾ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ।

ਇਸ ਸਬੰਧੀ ਸਿੰਘ ਸਾਹਿਬਾਨ ਦਾ ਆਦੇਸ਼ ਸੁਣਨ ਲਈ ਇਹ ਦੋਵੇਂ ਵਿਅਕਤੀ 16 ਜੂਨ 1997 ਨੂੰ ਸਵੇਰੇ 11-00 ਵਜੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ। ਇਨ੍ਹਾਂ ਦੋਹਾਂ ਨੂੰ ਇਹ ਵੀ ਆਦੇਸ਼ ਹੈ ਕਿ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ ਸਮੇਂ ਨਿਮਾਣੇ ਗੁਰਸਿੱਖ ਵਜੋਂ ਕੇਵਲ ਆਪ ਹੀ ਹਾਜ਼ਿਰ ਹੋਣ, ਨਾਲ ਬੰਦਿਆਂ ਦੀ ਭੀੜ ਨਾ ਲਿਆਂਦੀ ਜਾਵੇ। ਨਿਸਚਿਤ ਮਿਤੀ 'ਤੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਨਾ ਹੋਣ ਦੀ ਸੂਰਤ ਵਿਚ ਦੋਹਾਂ ਵਿਅਕਤੀਆਂ ਨੂੰ ਪੰਥ ਵਿੱਚੋਂ ਛੇਕ ਦਿੱਤਾ ਜਾਵੇਗਾ।

ਦਸਤਖ਼ਤ : ਰਣਜੀਤ ਸਿੰਘ[25]

ਹੁਣ ਮਹੰਤ ਮਨਜੀਤ ਸਿੰਘ ਹੋਰ 'ਦਲੇਰੀ' ਨਾ ਦਿਖਾ ਸਕਿਆ ਅਤੇ ਉਸ ਨੇ ਹਥਿਆਰ ਸੁਟਣ 'ਚ ਹੀ ਭਲਾ ਸਮਝਿਆ। ਉਹ 16 ਜੂਨ ਨੂੰ ਮਿਥੇ ਸਮੇਂ 'ਤੇ ਅਕਾਲ ਤਖ਼ਤ ਸਾਹਿਬ 'ਤੇ ਪੁੱਜਾ। ਉਸ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ (ਜੋ 3 ਫ਼ਰਵਰੀ 1995 ਤੋਂ ਕਿਤੇ ਵੱਧ ਸੀ):

ਮਹੰਤ ਮਨਜੀਤ ਸਿੰਘ, ਤੁਸੀਂ ਮਿੱਤੀ 5 ਜੂਨ ਨੂੰ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੇ ਖ਼ਿਲਾਫ਼ ਆਪਣੇ ਸਾਥੀਆਂ ਰਾਹੀਂ ਹੁੱਲੜਬਾਜ਼ੀ ਦੀ ਮਨਮਤੀ ਕਾਰਵਾਈ ਕੀਤੀ। ਪਿਛਲੇ ਸਮੇਂ ਦੌਰਾਨ ਵੀ ਤੁਸੀਂ ਪੰਥਕ ਸਰਗਰਮੀਆਂ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਵਿਚ ਅਵੇਸਲਾਪਣ ਦਿਖਾਇਆ। ਜਿਸ ਸਬੰਧੀ ਸਿੰਘ ਸਾਹਿਬਾਨ ਨੇ ਅੱਜ ਮਿਤੀ 16 ਜੂਨ 1997 ਨੂੰ ਪੇਸ਼ ਹੋਣ ਲਈ ਆਦੇਸ਼ ਕੀਤਾ ਸੀ, ਜਿਸ ਨੂੰ ਪ੍ਰਵਾਨ ਕਰਦਿਆਂ ਤੁਸੀਂ ਆਪਣੀ ਭੁੱਲ ਦਾ ਅਹਿਸਾਸ ਕੀਤਾ ਤੇ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਲਈ ਵਚਨਬੱਧਤਾ ਪ੍ਰਗਟਾਈ। ਸਿੰਘ ਸਾਹਿਬਾਨ ਵੱਲੋਂ ਤੁਹਾਨੂੰ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ; ਤੁਸੀਂ ਪੰਜਾਂ ਤਖ਼ਤ ਸਾਹਿਬਾਨ ਵਿਖੇ ਹਾਜ਼ਿਰ ਹੋ ਕੇ ਹਰ ਤਖ਼ਤ ਸਾਹਿਬ 'ਤੇ ਦੋ ਦਿਨ ਲਈ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ। ਇਕ ਘੰਟਾ ਕੀਰਤਨ ਸੁਣਨਾ ਅਤੇ ਇਕ ਘੰਟਾ ਲੰਗਰ ਦੇ ਭਾਂਡੇ-ਮਾਂਜਣ ਦੀ ਸੇਵਾ ਕਰਨੀ। ਉਪਰੰਤ ਹਰ ਤਖ਼ਤ ਸਾਹਿਬ ਵਿਖੇ 5100/- ਰੁਪਏ ਦੇਗ ਦੀ ਮਾਇਆ ਦੇ ਕੇ ਅਰਦਾਸ ਕਰਵਾਉਣੀ। ਇਸੇ ਤਰ੍ਹਾਂ ਹਰਿਮੰਦਰ ਸਾਹਿਬ ਵਿਖੇ 5100/- ਰੁਪਏ ਦੀ ਦੇਗ ਦੀ ਮਾਇਆ ਜਮ੍ਹਾਂ ਕਰਵਾ ਕੇ ਅਰਦਾਸ ਕਰਵਾਉਣੀ। ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਸਮੁੱਚੇ ਰੂਪ ਵਿਚ ਭੁੱਲਾਂ ਬਖ਼ਸ਼ਵਾਉਣ ਲਈ ਅਰਦਾਸ ਕਰਵਾਉਣੀ ਹੈ।

ਇਸੇ ਦਿਨ ਰੰਗੀਲ ਸਿੰਘ ਨੇ ਇਹ ਲਿਖਤੀ 'ਮੁਆਫ਼ੀਨਾਮਾ' ਵੀ (ਭਾਈ) ਰਣਜੀਤ ਸਿੰਘ ਨੂੰ ਪੇਸ਼ ਕੀਤਾ :

---

25. ਇਸ ਹੇਠਾਂ ਸਿਰਫ਼ (ਭਾਈ) ਰਣਜੀਤ ਸਿੰਘ ਦੇ ਦਸਤਖ਼ਤ ਸਨ ਤੇ ਬਾਕੀ ਚਾਰ ਗ੍ਰੰਥੀਆਂ ਦੇ ਨਹੀਂ ਸਨ।

9 ਜੂਨ 1997

ਪਰਮ ਸਤਿਕਾਰਯੋਗ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ

ਸਨਿਮਰ ਬੇਨਤੀ ਹੈ ਕਿ ਦਾਸ ਤੋਂ ਜੋ ਭੁੱਲ 5 ਜੂਨ ਨੂੰ ਆਪ ਦੇ ਸਨਮੁੱਖ ਹੋਈ ਹੈ, ਦਾਸ ਉਸ ਲਈ ਖਿਮਾਂ ਦਾ ਜਾਚਕ ਹੈ। ਦਾਸ ਨੂੰ ਸੱਚੀਂ ਇਹ ਪਤਾ ਨਹੀਂ ਸੀ ਕਿ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦਾਹੜਾ ਪ੍ਰਕਾਸ਼ ਕਰ ਕੇ ਜਾਈਦਾ ਹੈ। ਇਸ ਮਗਰੋਂ ਜੋ ਕੁਝ ਵੀ ਹੋਇਆ ਉਹ ਅਣਗਹਿਲੀ ਤੇ ਗ਼ਲਤ-ਫ਼ਹਿਮੀ ਵਿਚ ਹੋਇਆ। ਅਸੀਂ ਸੱਚੇ ਸਿੱਖ ਵਜੋਂ ਆਪਣਾ ਪੱਖ ਆਪ ਜੀ ਦੇ ਸਾਹਮਣੇ ਰੱਖਣ ਗਏ ਸਾਂ, ਕਿਉਂਕਿ ਬੀਤੇ ਹਾਲਾਤਾਂ ਮੁਤਾਬਿਕ ਸਾਡੇ ਨਾਲ ਅਨਿਆਂ ਹੋਇਆ ਸੀ। ਸਾਡਾ ਪਰਿਵਾਰ ਪੂਰਨ ਗੁਰਸਿੱਖ ਹੈ। ਅਕਾਲ ਤਖ਼ਤ ਉੱਤੇ ਪੂਰਾ ਮਾਨ ਹੈ। ਅਸੀਂ ਸਾਰਾ ਜੀਵਨ ਗੁਰਸਿੱਖੀ ਆਸ਼ੇ ਨਾਲ ਬਿਤਾਇਆ ਹੈ। ਤੁਹਾਡੇ ਕਮਰੇ 'ਚੋਂ ਬਾਹਰ ਨਿਕਲਣ ਉਪਰੰਤ ਬਾਹਰ ਬੈਠੇ ਸੇਵਾਦਾਰਾਂ ਨੇ ਵੀ ਗ਼ਲਤਫ਼ਹਿਮੀ ਵਿਚ ਮੇਰੇ ਨਾਲ ਧੁੱਕਾ-ਮੁੱਕੀ ਕੀਤੀ, ਜਿਸ ਕਰ ਕੇ ਮੈਨੂੰ ਮਾੜੀ ਜੇਹੀ ਚੋਟ ਲੱਗੀ ਤੇ ਪਗੜੀ ਢਿੱਲੀ ਹੋ ਗਈ। ਜਦ ਥੱਲੇ ਆਏ ਤਾਂ ਮੇਰੀ ਵਿਗੜੀ ਸੂਰਤ ਵੇਖ ਕੇ ਨਾਲ ਗਈ ਸੰਗਤ ਘਬਰਾ ਗਈ। ਮਗਰੋਂ ਜੋ ਕੁਝ ਵੀ ਹੋਇਆ, ਉਹ ਵੀ ਗ਼ਲਤਫ਼ਹਿਮੀ ਸੀ। ਜਾਣ-ਬੁੱਝ ਕੇ ਨਹੀਂ।

ਹਰ ਮਨੁੱਖ ਭੁੱਲ ਕਰ ਸਕਦਾ ਹੈ। ਸਾਡੇ ਤੋਂ ਵੀ ਹੋਈ ਹੈ। ਗੁਰਬਾਣੀ ਵਿਚਾਰ ਹੈ, "ਭੁਲਨ ਅੰਦਰ ਸਭ ਕੋ ਅਭੁਲ ਗੁਰ ਕਰਤਾਰ॥" ਅਕਾਲ ਤਖ਼ਤ ਤੋਂ ਖਿਮਾਂ ਦਾ ਜਾਚਕ ਹਾਂ। ਪੂਰਨ ਸ਼ਰਧਾ ਤੇ ਭਰੋਸੇ ਨਾਲ।

—ਦਾਸ, ਰੰਗੀਲ ਸਿੰਘ

ਇਸ ਮਗਰੋਂ ਰੰਗੀਲ ਸਿੰਘ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ :

ਰੰਗੀਲ ਸਿੰਘ! ਤੁਸੀਂ ਮਿਤੀ 5 ਜੂਨ 1997 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਮਹੰਤ ਮਨਜੀਤ ਸਿੰਘ ਦੀ ਪੇਸ਼ੀ ਸਮੇਂ ਆਪ ਅਤੇ ਆਪਣੇ ਸਾਥੀਆਂ ਰਾਹੀਂ ਹੁੱਲੜਬਾਜ਼ੀ ਅਤੇ ਸਿੰਘ ਸਾਹਿਬਾਨ ਪ੍ਰਤੀ ਅਪਮਾਨਜਨਕ ਰਵੱਈਏ ਦੀ ਮਨਮਤੀ ਕਾਰਵਾਈ ਕੀਤੀ, ਜਿਸ ਸਬੰਧੀ ਤੁਹਾਨੂੰ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ 16 ਜੂਨ ਨੂੰ ਪੇਸ਼ ਹੋਣ ਲਈ ਆਦੇਸ਼ ਦਿੱਤਾ ਗਿਆ ਸੀ, ਅੱਜ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ 'ਤੇ ਤੁਹਾਨੂੰ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ। ਤੁਸੀਂ ਦੋ ਦਿਨਾਂ ਲਈ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਕੀਰਤਨ ਸੁਣਨਾ ਹੈ। ਇਕ ਘੰਟਾ ਲੰਗਰ ਵਿਚ ਭਾਂਡੇ ਮਾਂਜਣੇ ਹਨ ਅਤੇ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨੇ ਹਨ।

ਉਪਰੰਤ 11000/- ਰੁਪਏ ਦੀ ਦੇਗ ਦੀ ਮਾਇਆ ਜਮ੍ਹਾ ਕਰਵਾ ਕੇ ਆਪਣੀਆਂ ਭੁੱਲਾਂ ਦੀ ਖਿਮਾ-ਜਾਚਨਾ ਲਈ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣੀ ਹੈ।[26]

(ਭਾਈ) ਰਣਜੀਤ ਸਿੰਘ ਵੱਲੋਂ ਮਹੰਤ ਮਨਜੀਤ ਸਿੰਘ ਅਤੇ ਸਾਬਕਾ ਵਜ਼ੀਰ ਰੰਗੀਲ ਸਿੰਘ ਦੇ ਗੋਡੇ ਲੁਆਉਣ ਦੀ ਕਾਰਵਾਈ ਨੇ ਉਸ ਦਾ ਕੱਦ ਵਧਾ ਦਿੱਤਾ। ਇਸ ਨਾਲ ਰਣਜੀਤ ਸਿੰਘ ਵਿਚ ਆਕੜ ਆ ਜਾਣਾ ਮਾਮੂਲੀ ਗੱਲ ਸੀ, ਪਰ ਇਸ ਦੇ ਬਾਵਜੂਦ ਉਸ ਨੇ ਇਹੋ ਜਿਹਾ ਕੋਈ ਇਜ਼ਹਾਰ ਨਾ ਕੀਤਾ। ਇਸ ਨਾਲ ਸਿੱਖਾਂ ਵਿਚ ਰਣਜੀਤ ਸਿੰਘ ਨੇ ਆਪਣੀ ਥਾਂ ਬਣਾ ਲਈ। ਪਰ ਇਹ 'ਹਲੀਮੀ' ਬਹੁਤੀ ਦੇਰ ਕਾਇਮ ਨਾ ਰਹੀ।

(ਭਾਈ) ਰਣਜੀਤ ਸਿੰਘ ਵੱਲੋਂ ਡਾਕਟਰ ਦਰਸ਼ਨ ਸਿੰਘ 'ਤੇ ਹਮਲਾ ਅਤੇ ਚੰਡੀਗੜ੍ਹ ਵਿਚ ਗੁਰਪੁਰਬਾਂ 'ਤੇ ਨਗਰ ਕੀਰਤਨ ਸਬੰਧੀ ਸਮਝੌਤਾ

1997 ਵਿਚ ਚੰਡੀਗੜ੍ਹ ਵਿਚ ਧੜੇਬੰਦੀ ਅਤੇ ਹਉਮੈ ਕਾਰਨ ਹਰ ਗੁਰਪੁਰਬ ਸਮੇਂ ਇਕ ਤੋਂ ਵੱਧ ਨਗਰ ਕੀਰਤਨ (ਜਲੂਸ) ਨਿਕਲਣ ਲਗ ਪਏ ਸਨ। ਚਾਹੀਦਾ ਤਾਂ ਇਹ

26. ਇਸ ਹੇਠਾਂ ਰਣਜੀਤ ਸਿੰਘ, ਮੋਹਣ ਸਿੰਘ, ਮਨਜੀਤ ਸਿੰਘ, ਕੇਵਲ ਸਿੰਘ ਤੇ ਭਗਵਾਨ ਸਿੰਘ ਦੇ ਦਸਤਖ਼ਤ ਸਨ।

ਸੀ ਕਿ ਸਾਰੇ ਗੁਰਦੁਆਰੇ ਆਪਸ ਵਿਚ ਬੈਠ ਕੇ ਫ਼ੈਸਲਾ ਕਰ ਲੈਂਦੇ, ਪਰ ਉਨ੍ਹਾਂ ਨੇ ਇਸ ਨਿੱਕੀ ਜਿਹੀ ਗੱਲ ਵਾਸਤੇ ਅਕਾਲ ਤਖ਼ਤ ਸਾਹਿਬ ਵੱਲ ਮੂੰਹ ਕਰ ਲਿਆ। ਇਨ੍ਹੀਂ ਦਿਨੀਂ ਹੀ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (*ਪੁਜਾਰਨ ਸਿਓਂ ਵਡੋ ਪੁਜਾਰੀ*—ਰਤਨ ਸਿੰਘ ਭੰਗੂ) ਰਣਜੀਤ ਸਿੰਘ ਸੀ। 5 ਜੂਨ 1997 ਦੇ ਦਿਨ (ਮਹੰਤ) ਰਣਜੀਤ ਸਿੰਘ ਜੰਮੂ ਦੇ ਸਾਥੀਆਂ ਨੂੰ ਡਾਂਗ ਵਾਹੁਣ ਕਰ ਕੇ ਸਿੱਖਾਂ ਵਿਚ ਉਸ ਦਾ 'ਦਬਦਬਾ' ਬਣ ਗਿਆ ਸੀ। ਸ਼ਾਇਦ ਉਸ ਦੀ 'ਹੰਟਰ ਵਾਲੀ ਸੋਚ' ਨੂੰ ਸਾਹਵੇਂ ਰਖਦਿਆਂ ਚੰਡੀਗੜ੍ਹ ਦੇ ਗੁਰਦੁਆਰਿਆਂ ਨੇ ਨਗਰ ਕੀਰਤਨ ਦਾ ਮਸਲਾ ਵੀ 'ਕੌਮੀ' ਬਣਾ ਕੇ ਰਣਜੀਤ ਸਿੰਘ ਕੋਲ ਪੇਸ਼ ਕਰ ਦਿੱਤਾ। ਰਣਜੀਤ ਸਿੰਘ ਨੇ ਚੰਡੀਗੜ੍ਹ ਦੇ ਸਾਰੇ ਗੁਰਦੁਆਰਿਆਂ ਦੇ ਪ੍ਰਧਾਨਾਂ ਦੀ ਮੀਟਿੰਗ 21 ਅਕਤੂਬਰ 1997 ਦੇ ਦਿਨ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਬੁਲਾ ਲਈ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਾ. ਦਰਸ਼ਨ ਸਿੰਘ, ਅਮਰਿੰਦਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸੈਕਟਰ 19, 22 ਅਤੇ 34 ਦੇ ਗੁਰਦੁਆਰਿਆਂ ਦੇ ਪ੍ਰਧਾਨ ਵੀ ਸ਼ਾਮਿਲ ਹੋਏ। ਡਾ. ਦਰਸ਼ਨ ਸਿੰਘ ਸੈਕਟਰ 14 ਦੇ ਗੁਰਦੁਆਰੇ ਦੇ ਪ੍ਰਧਾਨ ਵਜੋਂ ਸ਼ਾਮਿਲ ਹੋਏ ਸਨ। ਇਸ ਮੀਟਿੰਗ ਦੌਰਾਨ ਡਾ. ਦਰਸ਼ਨ ਸਿੰਘ ਨੇ ਭਾਈ ਰਣਜੀਤ ਸਿੰਘ ਨਾਲ ਕਿਸੇ ਨੁਕਤੇ 'ਤੇ ਬਹਿਸ ਕਰਨੀ ਚਾਹੀ ਤਾਂ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਘਟੀਆ ਕਿਸਮ ਦੀਆਂ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦਿੱਤੀਆਂ। ਰਣਜੀਤ ਸਿੰਘ ਨੇ ਤਾਂ ਬੇਵਜ੍ਹਾ ਡਾ. ਦਰਸ਼ਨ ਸਿੰਘ 'ਤੇ ਜਿਸਮਾਨੀ ਹਮਲਾ ਵੀ ਕੀਤਾ। ਇਸ ਹਮਲੇ ਦੀ ਹਕੀਕਤ ਡਾ. ਦਰਸ਼ਨ ਸਿੰਘ ਨੇ ਇੰਞ ਬਿਆਨ ਕੀਤਾ ਸੀ:

ਜਥੇਦਾਰ ਨੇ ਮੇਰੀ ਬਾਂਹ ਮੋਰੜੀ : ਦਰਸ਼ਨ ਸਿੰਘ

ਅਕਾਲ ਤਖ਼ਤ 'ਤੇ ਕੱਲ੍ਹ ਵਾਪਰੀ ਘਟਨਾ ਦੇ ਸਬੰਧ ਵਿਚ ਪ੍ਰੋ: ਦਰਸ਼ਨ ਸਿੰਘ ਨੇ ਅੱਜ ਇੱਥੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਪਵਿੱਤਰ ਅਕਾਲ ਤਖ਼ਤ ਦੀ ਉਪਰਲੀ ਛੱਤ 'ਤੇ ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢੀਆਂ ਅਤੇ ਉਨ੍ਹਾਂ ਦੀ ਖੱਬੀ ਬਾਂਹ ਨੂੰ ਜ਼ੋਰ ਨਾਲ ਮਰੋੜਾ ਚਾੜ੍ਹ ਦਿੱਤਾ। ਉਨ੍ਹਾਂ ਕਿਹਾ ਜੇ ਦੂਜੇ ਸਿੰਘ ਸਾਹਿਬਾਨ ਅਤੇ ਹੋਰ ਸਤਿਕਾਰਿਤ ਸ਼ਖ਼ਸੀਅਤਾਂ ਨੇ ਦਖ਼ਲ ਨਾ ਦਿੱਤਾ ਹੁੰਦਾ ਤਾਂ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਥੱਪੜ ਵੀ ਮਾਰ ਦੇਣਾ ਸੀ।

ਸਿੱਖ ਧਰਮ ਦੇ ਸਭ ਤੋਂ ਉੱਚੇ ਸਥਾਨ ਦੀ ਮਾਣ-ਮਰਿਆਦਾ ਦਾ ਖ਼ਿਆਲ ਕੀਤੇ ਬਿਨਾਂ ਭਾਈ ਰਣਜੀਤ ਸਿੰਘ ਵੱਲੋਂ ਕੀਤੀ ਗਈ ਇਸ ਕਾਰਵਾਈ 'ਤੇ ਅਫ਼ਸੋਸ ਪ੍ਰਗਟਾਉਂਦਿਆਂ ਪ੍ਰੋ: ਦਰਸ਼ਨ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਇਸ ਘਟਨਾ ਨੂੰ ਉਛਾਲਣ ਦਾ ਕੋਈ ਇਰਾਦਾ ਨਹੀਂ ਹੈ, ਪਰ ਇਹ ਘਟਨਾ ਕਿਉਂਕਿ ਅਕਾਲ ਤਖ਼ਤ ਦੀ ਉਪਰਲੀ ਛੱਤ 'ਤੇ ਵਾਪਰੀ ਹੈ, ਜਥੇਦਾਰ ਸਾਹਿਬ ਨੇ ਆਪਣੀ ਅਤੇ ਉਨ੍ਹਾਂ ਦੀ ਪੁਜ਼ੀਸ਼ਨ ਤੇ ਉਮਰ ਦਾ ਖ਼ਿਆਲ ਨਹੀਂ ਰੱਖਿਆ, ਇਸ ਲਈ ਉਹ ਸੰਗਤਾਂ ਸਾਹਮਣੇ ਤੱਥ ਬਿਆਨ ਕਰਨਾ ਚਾਹੁੰਦੇ ਸਨ।

ਉਨ੍ਹਾਂ ਕਿਹਾ ਕਿ ਉਹ ਮੀਟਿੰਗ ਵਿਚ ਬਿਨਾਂ ਸੱਦੇ ਦੇ ਨਹੀਂ ਸਨ ਗਏ, ਸਗੋਂ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਸੈਕਟਰ 14 ਦੇ ਗੁਰਦੁਆਰੇ ਦੇ ਪ੍ਰਧਾਨ, ਤਾਲਮੇਲ ਕਮੇਟੀ ਦੇ ਮੈਂਬਰ ਅਤੇ ਚੰਡੀਗੜ੍ਹ ਦੇ ਵਾਸੀ ਵਜੋਂ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਬੁਲਾਇਆ ਸੀ। ਮੀਟਿੰਗ ਵਿਚ ਜਥੇਦਾਰ ਕੇਵਲ ਸਿੰਘ, ਗਿਆਨੀ ਮੋਹਨ ਸਿੰਘ ਅਤੇ ਦੋ ਜਾਂ ਤਿੰਨ ਹੋਰ ਸਿੰਘ ਸਾਹਿਬਾਨ ਵੀ ਹਾਜ਼ਿਰ ਸਨ।

ਇਹ ਮੀਟਿੰਗ ਚੰਡੀਗੜ੍ਹ ਦੇ ਵੱਖ ਵੱਖ ਗੁਰਦੁਆਰਿਆਂ ਵੱਲੋਂ ਗੁਰਪੁਰਬ ਦੇ ਮੌਕੇ ਵੱਖ ਵੱਖ ਨਗਰ ਕੀਰਤਨ ਕੀਤੇ ਜਾਣ ਦੇ ਸਬੰਧ ਵਿਚ ਬੁਲਾਈ ਗਈ ਸੀ। ਪ੍ਰੋ: ਦਰਸ਼ਨ ਸਿੰਘ

ਨੇ ਕਿਹਾ ਕਿ ਉਨ੍ਹਾਂ ਪਹਿਲਾਂ ਮੀਟਿੰਗ ਵਿਚ ਚੁੱਪ ਰਹਿਣਾ ਹੀ ਬਿਹਤਰ ਸਮਝਿਆ, ਪਰ ਜਦੋਂ ਉਹ ਜਥੇਦਾਰ ਕੇਵਲ ਸਿੰਘ ਦੇ ਹੁਕਮ ਉੱਤੇ ਭਾਈ ਰਣਜੀਤ ਸਿੰਘ ਸਾਹਮਣੇ ਬੋਲਣ ਵਾਸਤੇ ਬੈਠੇ ਤਾਂ ਉਨ੍ਹਾਂ ਮੈਨੂੰ ਪੁੱਛਿਆ ਕਿ ਤੁਸੀਂ ਕਿਸ ਹੈਸੀਅਤ ਵਿਚ ਆਏ ਹੋ ? ਮੇਰੇ ਬੋਲਣ ਤੋਂ ਪਹਿਲਾਂ ਜਥੇਦਾਰ ਗੁਰਪ੍ਰਤਾਪ ਸਿੰਘ ਰਿਆੜ ਅਤੇ ਜਥੇਦਾਰ ਕੇਵਲ ਸਿੰਘ ਬੋਲ ਪਏ। ਜਥੇਦਾਰ ਰਿਆੜ ਨੇ ਦੱਸਿਆ ਕਿ ਇਹ ਸੈਕਟਰ 14 ਦੇ ਗੁਰਦੁਆਰੇ ਦੇ ਪ੍ਰਧਾਨ ਹਨ ਅਤੇ ਸ਼ਹਿਰ ਦੀ ਤਾਲਮੇਲ ਕਮੇਟੀ ਦੇ ਮੈਂਬਰ ਹਨ। ਜਥੇਦਾਰ ਕੇਵਲ ਸਿੰਘ ਨੇ ਵੀ ਮੇਰੇ ਬਾਰੇ ਕੁਝ ਚੰਗੇ ਸ਼ਬਦ ਬੋਲੇ। ਇਸ ਮੌਕੇ ਜਥੇਦਾਰ ਰਣਜੀਤ ਸਿੰਘ ਗ਼ੁੱਸੇ ਵਿਚ ਆ ਗਏ। ਉਨ੍ਹਾਂ ਬੁਰਾ ਭਲਾ ਕਹਿੰਦਿਆਂ ਇੱਥੋਂ ਤਕ ਕਹਿ ਦਿੱਤਾ ਕਿ "ਮੈਂ ਤੇਰੇ ਵਰਗੇ ਵੀਹ ਪ੍ਰੋਫ਼ੈਸਰ ਵੇਖੇ ਹਨ। ਇੱਥੋਂ ਭੱਜ ਜਾਹ...।"

ਉਨ੍ਹਾਂ ਬਿਆਨ ਵਿਚ ਕਿਹਾ ਕਿ "ਮੈਂ ਕਿਹਾ ਕਿ ਸਿੰਘ ਸਾਹਿਬਾਨ, ਮੈਂ ਰੋਸ ਵਜੋਂ ਲੰਗਰ ਨਹੀਂ ਛਕਾਂਗਾ।" ਇਹ ਕਹਿ ਕੇ ਜਦੋਂ ਮੈਂ ਉੱਥੋਂ ਜਾਣ ਲਈ ਤੁਰਿਆ ਤਾਂ ਇਕ ਸੇਵਾਦਾਰ ਨੇ ਦੌੜ ਕੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਜਥੇਦਾਰ ਆਪਣੀ ਸੀਟ ਤੋਂ ਗਾਲ੍ਹਾਂ ਕੱਢਦੇ ਮੇਰੇ ਵੱਲ ਦੌੜੇ। ਜਥੇਦਾਰ ਕੇਵਲ ਸਿੰਘ, ਗਿਆਨੀ ਮੋਹਨ ਸਿੰਘ ਅਤੇ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਧਰੂੰਦਿਆਂ ਤੇ ਮੈਨੂੰ ਗਾਲ੍ਹਾਂ ਕੱਢਦਿਆਂ ਉਹ ਮੇਰੇ ਤਕ ਪਹੁੰਚ ਗਏ। ਉਨ੍ਹਾਂ ਨੇ ਆਉਂਦਿਆਂ ਹੀ ਮੇਰੀ ਬਾਂਹ ਫੜ ਕੇ ਜ਼ੋਰ ਨਾਲ ਮਰੋੜੀ, ਜਿਸ ਕਾਰਨ ਅਜੇ ਤਕ ਬਾਂਹ ਵਿਚ ਪੀੜ ਹੁੰਦੀ ਹੈ। ਜਥੇਦਾਰ ਗੁਰਪ੍ਰਤਾਪ ਸਿੰਘ ਰਿਆੜ,ਮੇਜਰ ਰੰਗੀ ਸਾਹਿਬ ਅਤੇ ਜਥੇਦਾਰ ਕੇਵਲ ਸਿੰਘ ਵਿਚ ਨਾ ਪੈਂਦੇ ਅਤੇ ਉਨ੍ਹਾਂ ਦੀ ਦੂਸਰੀ ਬਾਂਹ ਨਾ ਫੜਦੇ ਤਾਂ ਹੋ ਸਕਦਾ ਸੀ ਕਿ ਉਹ ਥੱਪੜ ਵੀ ਮਾਰ ਦਿੰਦੇ। ਮੇਰੀ ਬਾਂਹ ਟੁੱਟਣ ਤੋਂ ਵੀ ਇਨ੍ਹਾਂ ਸੱਜਣਾਂ ਸਦਕਾ ਹੀ ਬਚੀ ਹੈ। ਇਮਾਨਦਾਰੀ ਅਤੇ ਸੱਚ ਤਾਂ ਇਹ ਹੈ ਕਿ ਇਸ ਦੌਰਾਨ ਮੈਂ ਉਹੀ ਲਫ਼ਜ਼ ਬੋਲੇ ਹਨ, ਜਿਹੜੇ ਉਪਰ ਆਏ ਹਨ। ਇਸ ਤੋਂ ਬਾਅਦ ਅਸੀਂ ਸਾਰੇ 25-30 ਬੰਦੇ ਜਿਹੜੇ ਮੀਟਿੰਗ ਵਿਚ ਸਨ, ਜਥੇਦਾਰ ਸਾਹਿਬ ਦੇ ਦਫ਼ਤਰ ਵਿਚ ਚਲੇ ਗਏ। ਇਸ ਘਟਨਾ 'ਤੇ ਸਾਰੇ ਦੁਖੀ ਸਨ। ਕਿਸੇ ਇਕ ਸੱਜਣ ਨੇ ਤਾਂ ਇਹ ਵੀ ਕਹਿ ਦਿੱਤਾ ਕਿ "ਉਪਰੋਕਤ ਦ੍ਰਿਸ਼ ਇਸ ਤਰ੍ਹਾਂ ਲਗਦਾ ਸੀ ਜਿਵੇਂ ਬਘਿਆੜ ਦੇ ਹੱਥ ਬੱਕਰੀ ਆਈ ਹੁੰਦੀ ਹੈ।"

ਉਨ੍ਹਾਂ ਕਿਹਾ ਕਿ ਕੁਝ ਦੇਰ ਬੈਠਣ ਉਪਰੰਤ ਲੰਗਰ ਲਈ ਸੱਦਾ ਆ ਗਿਆ। ਬਾਕੀ ਸਾਰੇ ਸੱਜਣ ਲੰਗਰ ਛਕਣ ਲਈ ਚਲੇ ਗਏ ਅਤੇ ਉਹ ਦਰਬਾਰ ਸਾਹਿਬ ਕੀਰਤਨ ਸੁਣਨ ਲਈ ਚਲੇ ਗਏ ਅਤੇ ਸ਼ਾਮ ਨੂੰ ਚੰਡੀਗੜ੍ਹ ਆ ਗਏ।

ਉਨ੍ਹਾਂ ਨੇ ਕਿਹਾ ਕਿ ਉਹ ਇਸ ਖ਼ਬਰ ਨੂੰ ਬਿਲਕੁਲ ਨਸ਼ਰ ਨਹੀਂ ਹੋਣ ਦੇਣਾ ਚਾਹੁੰਦੇ ਸੀ, ਪਰ ਜੋ ਖ਼ਬਰ ਛਪੀ ਹੈ, ਇਸ ਵਿਚ ਕੁਝ ਤੱਥ ਠੀਕ ਨਹੀਂ ਹਨ, ਜਿਸ ਕਰ ਕੇ ਉਨ੍ਹਾਂ ਨੂੰ ਇਹ ਸਪੱਸ਼ਟੀਕਰਨ ਦੇਣਾ ਪਿਆ ਹੈ।

ਡਾ. ਦਰਸ਼ਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਇਹ ਘਟਨਾ ਅਕਾਲ ਤਖ਼ਤ ਦੀ ਉਪਰਲੀ ਛੱਤ 'ਤੇ ਵਾਪਰੀ ਤੇ ਜਥੇਦਾਰ ਸਾਹਿਬ ਨੇ ਅਕਾਲ ਤਖ਼ਤ ਦੀ ਮਰਿਆਦਾ ਦਾ ਖ਼ਿਆਲ ਨਹੀਂ ਰੱਖਿਆ। ਜਥੇਦਾਰ ਨੇ ਨਾ ਤਾਂ ਆਪਣੀ ਪੁਜ਼ੀਸ਼ਨ ਦਾ ਖ਼ਿਆਲ ਰੱਖਿਆ ਅਤੇ ਨਾ ਹੀ ਉਨ੍ਹਾਂ ਦੀ ਪੁਜ਼ੀਸ਼ਨ ਤੇ ਉਮਰ ਦਾ ਖ਼ਿਆਲ ਰੱਖਿਆ। ਉਨ੍ਹਾਂ ਇਸ ਗੱਲ 'ਤੇ ਵੀ ਅਫ਼ਸੋਸ ਪ੍ਰਗਟ ਕੀਤਾ ਕਿ ਜਥੇਦਾਰ ਸਾਹਿਬ ਨੇ ਗ਼ਲਤ ਖ਼ਬਰ ਦਿੱਤੀ ਹੈ। ਉਹ ਬਿਨਾਂ ਸੱਦੇ ਦੇ ਨਹੀਂ ਸਨ ਗਏ। ਉਨ੍ਹਾਂ ਨੂੰ ਉੱਥੋਂ ਕਿਸੇ ਨੇ ਕੱਢਿਆ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਬੋਲਣ ਦੀ ਜ਼ਿੱਦ ਕੀਤੀ ਸੀ। ਪ੍ਰੋ: ਦਰਸ਼ਨ ਸਿੰਘ ਨੇ ਕਿਹਾ ਕਿ ਉਹ ਅਜੇ ਤਕ ਇਹ ਅੰਦਾਜ਼ਾ ਨਹੀਂ ਲਾ ਸਕੇ ਕਿ ਜਥੇਦਾਰ ਸਾਹਿਬ ਨੇ ਇਹ ਕਾਰਵਾਈ ਕਿਸੇ ਮਾਨਸਿਕ ਤਣਾਅ ਤਹਿਤ ਕੀਤੀ ਹੈ ਜਾਂ ਉਹ ਕੌਮ ਵੱਲੋਂ ਦਿੱਤੀ ਤਾਕਤ ਦੀ ਦੁਰਵਰਤੋਂ ਕਰ ਰਹੇ ਹਨ।[27]

---

27. *ਪੰਜਾਬੀ ਟ੍ਰਿਬਿਊਨ*, 23 ਅਕਤੂਬਰ, 1997, ਸਫ਼ਾ 1 ਅਤੇ 9.

ਇਸੇ ਦਿਨ ਰਣਜੀਤ ਸਿੰਘ ਨੇ ਚੰਡੀਗੜ੍ਹ ਦੇ ਗੁਰਦੁਆਰਿਆਂ ਦੇ 'ਨਗਰ ਕੀਰਤਨਾਂ' ਸੰਬੰਧੀ ਝਗੜੇ ਦਾ 'ਫ਼ੈਸਲਾ' ਇੰਞ ਕੀਤਾ:

"ਅੱਜ ਮਿਤੀ 21-10-1997 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਚੰਡੀਗੜ੍ਹ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦੇ ਵਿਚਕਾਰ ਗੁਰਪੁਰਬ ਸਬੰਧੀ ਨਗਰ ਕੀਰਤਨ ਦੇ ਵਖਰੇਵੇਂ ਨੂੰ ਲੈ ਕੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਫ਼ੈਸਲਾ ਕੀਤਾ ਗਿਆ ਹੈ:

1. ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ, ਸੈਕਟਰ 19-ਡੀ, ਚੰਡੀਗੜ੍ਹ ਤੋਂ ਪਹਿਲਾਂ ਦੀ ਤਰ੍ਹਾਂ ਹੀ ਕੱਢਿਆ ਜਾਵੇ।
2. ਦਸਵੇਂ ਪਾਤਿਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਆਗਮਨ ਦਿਵਸ ਸਬੰਧੀ ਨਗਰ ਕੀਰਤਨ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34-ਡੀ ਤੋਂ ਕੱਢਿਆ ਜਾਵੇ।
3. ਨੌਂਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਸਮੇਂ ਨਗਰ ਕੀਰਤਨ ਗੁਰਦੁਆਰਾ ਸਾਹਿਬ ਸੈਕਟਰ 22 ਤੋਂ ਕੱਢਿਆ ਜਾਵੇ।

ਇਹ ਫ਼ੈਸਲਾ ਲੈਂਦੇ ਸਮੇਂ ਸਾਰੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਕੀਤੀ ਜਾ ਰਹੀ ਪੰਥ ਪ੍ਰਤੀ ਸੇਵਾ ਤੇ ਸਿੱਖੀ ਦੇ ਪ੍ਰਚਾਰ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਨਗਰ ਕੀਰਤਨ ਦੇ ਆਰੰਭ ਤੋਂ ਬਾਅਦ ਰੂਟ ਅਤੇ ਸਮਾਪਤੀ ਦਾ ਫ਼ੈਸਲਾ ਤਾਲਮੇਲ ਕਮੇਟੀ ਗੁਰਮਤਿ ਜੁਗਤਿ ਵਿਚ ਕਰੇਗੀ।

ਦੂਜੇ ਗੁਰਪੁਰਬਾਂ ਸਬੰਧੀ ਵੀ ਨਗਰ ਕੀਰਤਨ ਇਕ ਸਮੇਂ ਇੱਕੋ ਹੀ ਕੱਢਿਆ ਜਾਵੇ। ਇਨ੍ਹਾਂ ਦੇ ਆਰੰਭ ਅਤੇ ਸਮਾਪਤੀ ਦਾ ਫ਼ੈਸਲਾ ਅਕਾਲ ਤਖ਼ਤ ਸਾਹਿਬ ਵੱਲੋਂ ਨਾਮਜ਼ਦ ਤਾਲਮੇਲ ਕਮੇਟੀ ਕਰਿਆ ਕਰੇਗੀ। ਤਾਲਮੇਲ ਕਮੇਟੀ ਦੇ ਹੇਠ ਲਿਖੇ ਸੱਜਣ ਮੈਂਬਰ ਹੋਣਗੇ:

1. ਸ: ਨੌਰਾਤਾ ਸਿੰਘ ਜ਼ੀ, ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ, 34-ਡੀ, ਚੰਡੀਗੜ੍ਹ।
2. ਸ: ਗੁਰਪ੍ਰਤਾਪ ਸਿੰਘ ਜੀ, ਪ੍ਰਧਾਨ ਗੁਰਦੁਆਰਾ ਗੁਰੂ ਤੇਗ ਬਹਾਦਰ, ਸੈਕਟਰ 15-ਸੀ, ਚੰਡੀਗੜ੍ਹ।
3. ਸ: ਅਮਰਿੰਦਰ ਸਿੰਘ ਜੀ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੰਡੀਗੜ੍ਹ।
4. ਸ: ਸਰਦੂਲ ਸਿੰਘ ਜੀ, ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਸੈਕਟਰ 19-ਡੀ, ਚੰਡੀਗੜ੍ਹ।
5. ਸ: ਮਲਕ ਸਿੰਘ ਜੀ, ਪ੍ਰਧਾਨ ਗੁਰਦੁਆਰਾ ਸਾਹਿਬ, ਸੈਕਟਰ 22, ਚੰਡੀਗੜ੍ਹ।
6. ਬੀਬੀ ਹਰਜਿੰਦਰ ਕੌਰ ਜੀ, ਐਮ.ਸੀ. ਚੰਡੀਗੜ੍ਹ।
7. ਬੀਬੀ ਪ੍ਰਭਜੋਤ ਕੌਰ ਜੀ, ਸੈਕਟਰ 39, ਚੰਡੀਗੜ੍ਹ।

ਸਮੂਹ ਗੁਰੂ ਰੂਪ ਸਾਧ ਸੰਗਤ (ਚੰਡੀਗੜ੍ਹ) ਨੂੰ ਸਿੰਘ ਸਾਹਿਬਾਨ ਵੱਲੋਂ ਬੇਨਤੀ ਹੈ ਕਿ ਇਸ ਫ਼ੈਸਲੇ ਨੂੰ ਸਤਿਕਾਰ ਸਹਿਤ ਲਾਗੂ ਕਰਨ ਵਿਚ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਸਰਬਤ ਖਾਲਸਾ ਨੂੰ ਨਾਮ ਚਿਤ ਆਵੇ, ਸਾਡੀ ਹਾਰਦਿਕ ਅਰਦਾਸ ਹੈ।

—ਰਣਜੀਤ ਸਿੰਘ

ਹੋਟਲਾਂ ਤੇ ਮੈਰਿਜ ਪੈਲਸਾਂ 'ਚ ਗੁਰੂ ਗ੍ਰੰਥ ਸਾਹਿਬ ਲਿਜਾਣ 'ਤੇ ਪਾਬੰਦੀ

ਉਨ੍ਹੀਂ ਦਿਨਾਂ ਵਿਚ ਹੋਟਲਾਂ ਅਤੇ ਮੈਰਿਜ ਪੈਲਿਸਾਂ ਵਿਚ ਵਿਆਹਾਂ ਅਤੇ ਹੋਰ ਸਮਾਗਮਾਂ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾਣ ਅਤੇ ਸਮਾਗਮਾਂ ਦੌਰਾਨ ਬੇਅਦਬੀ

ਦੀਆਂ ਬਹੁਤ ਖ਼ਬਰਾਂ ਛਪੀਆਂ ਸਨ। ਇਸ 'ਤੇ (ਭਾਈ) ਰਣਜੀਤ ਸਿੰਘ ਨੇ ਇਕੱਲਿਆਂ (ਚਾਰ ਹੋਰ ਗ੍ਰੰਥੀਆਂ ਨੂੰ ਨਾਲ ਲੈ ਕੇ ਨਹੀਂ) ਇਕ 'ਹੁਕਮਨਾਮਾ' ਜਾਰੀ ਕਰ ਕੇ ਗ੍ਰੰਥੀਆਂ ਤੇ ਰਾਗੀਆਂ ਨੂੰ ਹੋਟਲਾਂ ਅਤੇ ਮੈਰਿਜ ਪੈਲਿਸਾਂ ਵਿਚ ਅਨੰਦ ਕਾਰਜ ਦੀ ਰਸਮ ਕਰਵਾਉਣ ਤੋਂ ਰੋਕ ਦਿੱਤਾ। ਇਸ 'ਹੁਕਮਨਾਮੇ' ਵਿਚ ਇਹ ਨਹੀਂ ਸੀ ਕਿਹਾ ਗਿਆ ਕਿ ਅਨੰਦ ਕਾਰਜ ਸਿਰਫ਼ ਗੁਰਦੁਆਰੇ ਵਿਚ ਹੀ ਕੀਤਾ ਜਾ ਸਕਦਾ ਹੈ, ਬਲਕਿ ਸਿਰਫ਼ ਰਾਗੀਆਂ, ਗ੍ਰੰਥੀਆਂ ਤੇ ਪ੍ਰਬੰਧਕਾਂ ਨੂੰ 'ਅਨੰਦ ਕਾਰਜ' ਦੀ ਰਸਮ ਤੋਂ ਹੀ ਰੋਕਿਆ ਗਿਆ ਸੀ। ਉਂਞ ਇਸ ਨਾਲ ਵਿਆਹਾਂ ਵਗ਼ੈਰਾ ਦੌਰਾਨ ਹੋਣ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਬੜੀ ਠਲ੍ਹ ਪੈ ਗਈ। (ਭਾਈ) ਰਣਜੀਤ ਸਿੰਘ ਦਾ 'ਹੁਕਮਨਾਮਾ' ਇੰਞ ਸੀ (ਇਸ 'ਹੁਕਮਨਾਮੇ' 'ਤੇ ਰੈਫ਼ਰੈਂਸ ਨੰਬਰ 501/AT/98[28] ਵੀ ਲਿਖਿਆ ਹੋਇਆ ਸੀ):

ਨੰ: 501/AT/98 ਮਿਤੀ: 16-3-1998

ਹੁਕਮਨਾਮਾ

ਅੱਜ ਮਿਤੀ 16-3-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਭਾਈ ਰਜਿੰਦਰ ਸਿੰਘ ਫਗਵਾੜਾ ਅਤੇ ਹੋਰ ਅਨੇਕਾਂ ਪ੍ਰੇਮੀਆਂ ਦੇ ਪੱਤਰਾਂ, ਜਿਹੜੇ ਕਿ ਮੈਰਿਜ ਪੈਲਸ ਅਤੇ ਹੋਟਲਾਂ ਵਿਚ ਆਨੰਦ ਕਾਰਜ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸਬੰਧ ਵਿਚ ਆਏ, 'ਤੇ ਵਿਚਾਰ ਹੋਈ, ਉਪਰੰਤ ਇਹ ਫ਼ੈਸਲਾ ਲਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਮੈਰਿਜ ਪੈਲਸ ਜਾਂ ਹੋਟਲ ਵਿਚ ਸਿੱਖ ਸੰਗਤਾਂ ਆਨੰਦ ਕਾਰਜ ਦੀ ਰਸਮ ਨਾ ਕਰਵਾਉਣ ਅਤੇ ਖ਼ਾਸ ਕਰ ਕੇ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਸਾਰੇ ਪ੍ਰਬੰਧਕਾਂ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਐਸੀ ਰਸਮ ਵਿਚ ਹਿੱਸਾ ਨਾ ਲੈਣ ਜੋ ਮੈਰਿਜ ਪੈਲਸ ਅਤੇ ਹੋਟਲਾਂ ਵਿਚ ਹੋ ਰਹੀ ਹੋਵੇ। ਜੋ ਸੱਜਣ ਇਸ ਆਦੇਸ਼ ਦੀ ਉਲੰਘਣਾ ਕਰੇਗਾ, ਉਸ ਵਿਰੁੱਧ ਪੰਥਕ ਮਰਿਆਦਾ ਅਨੁਸਾਰ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਕੀਤੀ ਜਾਵੇਗੀ।

ਸਮੂੰਹ ਸਿੱਖ ਸੰਗਤਾਂ ਦੇ ਨਾਮ ਨਿਮਰਤਾ ਸਹਿਤ ਸੰਦੇਸ਼ ਹੈ ਕਿ ਆਪਣੇ ਘਰਾਂ ਜਾਂ ਹੋਰ ਅਸਥਾਨਾਂ 'ਤੇ ਕਿਸੇ ਵੀ ਖ਼ੁਸ਼ੀ ਗ਼ਮੀ ਦੇ ਸਮਾਗਮ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਅਤੇ ਪੰਥਕ ਮਰਿਆਦਾ ਪੂਰੀ ਸੁਚੇਤਤਾ ਨਾਲ ਪਾਲਣ ਕੀਤਾ ਜਾਵੇ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਲੰਗਰ ਭੁੰਜੇ ਖਾਣ ਬਾਰੇ ਹੁਕਮਨਾਮਾ

ਉਨ੍ਹਾਂ ਦਿਨਾਂ ਵਿਚ ਗੁਰਦੁਆਰਾ ਗੁਰੂ ਨਾਨਕ ਸਾਹਿਬ, ਸਰੀ, ਕੈਨੇਡਾ ਵਿਚ ਲੰਗਰ ਹਾਲ ਵਿਚ ਮੇਜ਼-ਕੁਰਸੀਆਂ 'ਤੇ ਲੰਗਰ ਛਕਣ ਦੇ ਸਵਾਲ 'ਤੇ ਖ਼ੂਨੀ ਲੜਾਈ ਹੋਣ ਕਰ ਕੇ ਇਹ ਸਵਾਲ ਫੇਰ ਭੱਖ ਪਿਆ ਕਿ ਕੀ ਸਿੱਖਾਂ ਨੂੰ ਲੰਗਰ ਛਕਣ ਵਾਸਤੇ ਸਿਰਫ਼ ਜ਼ਮੀਨ 'ਤੇ ਬੈਠਣ ਦਾ ਹੀ ਹੁਕਮ ਹੈ ਜਾਂ ਉਹ ਕੁਰਸੀਆਂ 'ਤੇ ਬੈਠ ਕੇ ਵੀ ਲੰਗਰ ਛਕ ਸਕਦੇ ਹਨ। ਇਸ ਸਬੰਧੀ ਭਾਈ ਰਣਜੀਤ ਸਿੰਘ ਨੇ ਇਕ 'ਹੁਕਮਨਾਮਾ' 20 ਅਪਰੈਲ 1998 ਨੂੰ ਜਾਰੀ ਕਰ ਦਿੱਤਾ। 'ਹੁਕਮਨਾਮੇ' ਵਿਚ ਕਿਹਾ ਗਿਆ:

---

28. ਇਸ ਰੈਫ਼ਰੈਂਸ ਨੰਬਰ ਵਿਚ ਅੰਗਰੇਜ਼ੀ ਵਿਚ AT ਲਿਖਿਆ ਹੋਇਆ ਸੀ, ਜੋ ਅਕਾਲ ਤਖ਼ਤ ਦਾ ਅੰਗਰੇਜ਼ੀ ਵਿਚ ਛੋਟਾ ਰੂਪ (abbreviations) ਸੀ।

'ਅੱਜ ਮਿਤੀ 20-4-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕਤਰਤਾ ਹੋਈ, ਜਿਸ ਵਿਚ ਪਿਛਲੇ ਲੰਬੇ ਸਮੇਂ ਤੋਂ ਦੇਸ਼-ਵਿਦੇਸ਼ ਵਿਚ ਗੁਰੂ ਘਰ ਦੇ ਲੰਗਰ ਵਿਚ ਕੁਰਸੀਆਂ 'ਤੇ ਬੈਠ ਕੇ ਲੰਗਰ ਛੱਕਣ ਜਾਂ ਜ਼ਮੀਨ 'ਤੇ ਬੈਠ ਕੇ ਲੰਗਰ ਛੱਕਣ ਵਾਸਤੇ ਚਲ ਰਹੇ ਬਹਿਸ ਮੁਬਾਹਿਸੇ 'ਤੇ ਬਹੁਤ ਚਰਚਾ ਹੋਈ। ਇਸ ਮਗਰੋਂ ਫ਼ੈਸਲਾ ਲਿਆ ਗਿਆ ਕਿ ਗੁਰੂ ਸਾਹਿਬਾਨ ਵਲੋਂ ਕਾਇਮ ਕੀਤੀ ਗਈ ਸੰਗਤ ਤੇ ਪੰਗਤ ਦੀ ਮਰਿਆਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰਖਿਆ ਜਾਵੇ। ਸਮੂੰਹ ਧਾਰਮਕ ਸ਼੍ਰੇਣੀ ਵਿਚ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਸਮੂੰਹ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ **ਅਕਾਲ ਤਖ਼ਤ ਸਾਹਿਬ ਵਲੋਂ ਇਹ ਹੁਕਮ ਹੈ ਕਿ ਇਹ ਯਕੀਨੀ ਬਣਾਉਣ ਕਿ ਗੁਰੂ ਦੇ ਲੰਗਰ ਦਾ ਪ੍ਰਸ਼ਾਦਾ ਸਿਰਫ਼ ਪੰਗਤ ਵਿਚ ਜ਼ਮੀਨ 'ਤੇ ਬੈਠ ਕੇ ਹੀ ਛਕਣ ਤੇ ਛਕਾਉਣ ਦੀ ਮਰਿਆਦਾ ਕਾਇਮ ਰੱਖੀ ਜਾਵੇ।**

ਅਕਾਲ ਤਖ਼ਤ ਸਾਹਿਬ ਜੀ ਦੇ ਇਸ ਹੁਕਮ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਤਕ ਲਾਗੂ ਕਰਨ ਦਾ ਮੁਨਾਸਿਬ ਇੰਤਜ਼ਾਮ ਕਰ ਲਿਆ ਜਾਵੇ। ਇਸ ਹੁਕਮ ਦੀ ਉਲੰਘਣਾ ਹੋਣ 'ਤੇ ਸਬੰਧਿਤ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਬਰਾਬਰ ਦੇ ਜ਼ਿੰਮੇਵਾਰ ਹੋਣਗੇ ਤੇ ਉਨ੍ਹਾਂ ਸਬੰਧੀ ਅਕਾਲ ਤਖ਼ਤ ਸਾਹਿਬ ਵਲੋਂ ਪੰਥਕ ਮਰਿਆਦਾ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ। ਅਕਾਲ ਤਖ਼ਤ ਸਾਹਿਬ ਵੱਲੋਂ ਸਮੂੰਹ ਗੁਰਸਿੱਖ ਸੰਗਤਾਂ ਪ੍ਰਤੀ ਨਿਮਰਤਾ ਸਹਿਤ ਸੰਦੇਸ਼ ਹੈ ਕਿ ਇਸ ਮਰਿਆਦਾ ਨੂੰ ਲਾਗੂ ਕਰਨ ਤੇ ਕਰਵਾਉਣ ਲਈ ਹਰ ਤਰ੍ਹਾਂ ਦੀ ਧੜੇਬੰਦੀ ਤੇ ਪੱਖਪਾਤ ਤੋਂ ਉਪਰ ਉਠ ਕੇ ਸਹਿਯੋਗ ਦੇਣ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਨੋਟ : ਲੰਗਰ ਦਾ 'ਹੁਕਮਨਾਮਾ' ਸਿਰਫ਼ ਰਣਜੀਤ ਸਿੰਘ ਦੇ ਦਸਤਖ਼ਤਾਂ ਹੇਠ ਜਾਰੀ ਹੋਇਆ ਸੀ ਤੇ ਇਸ 'ਤੇ ਚਾਰ ਹੋਰ ਗ੍ਰੰਥੀਆਂ ਦੇ ਦਸਤਖ਼ਤ ਨਹੀਂ ਸਨ। ਮਗਰੋਂ ਇਕ ਵਾਰ ਮਨਜੀਤ ਸਿੰਘ ਨੇ ਇਹ ਕਿਹਾ ਸੀ ਕਿ ਉਸ ਨੇ ਇਸ ਲੰਗਰ ਵਾਲੇ 'ਹੁਕਮਨਾਮੇ' 'ਤੇ ਰਣਜੀਤ ਸਿੰਘ ਤੋਂ ਡਰਦਿਆਂ ਦਸਤਖ਼ਤ ਕੀਤੇ ਸਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੀ ਕਾਪੀ ਇਸ ਲੇਖਕ ਨੇ ਵੇਖੀ ਹੈ, ਉਸ 'ਤੇ ਸਿਰਫ਼ ਤੇ ਸਿਰਫ਼ ਰਣਜੀਤ ਸਿੰਘ ਦੇ ਹੀ ਦਸਤਖ਼ਤ ਸਨ।)

ਗੁਰਮੁਖ ਸਿੰਘ ਕਲੇਰਾਂ ਵਾਲਾ ਪੰਥ 'ਚੋਂ ਖ਼ਾਰਿਜ

ਪਿੰਡ ਨਾਨਕਸਰ (ਜਗਰਾਓਂ ਨੇੜੇ) ਦੇ ਈਸ਼ਰ ਠਾਠ (ਗੁਰਦੁਆਰਾ ਨਹੀਂ) ਦੇ ਗੁਰਮੁਖ ਸਿੰਘ ਨੇ ਗੁਰਮਤਿ ਮਰਿਆਦਾ ਦੇ ਉਲਟ ਗੁਟਕੇ ਛਾਪ ਕੇ ਸਿੱਖ ਪੰਥ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਪਹਿਲੋਂ ਵੀ ਅਜਿਹੀਆਂ ਹਰਕਤਾਂ ਕਰ ਚੁੱਕਾ ਸੀ। ਉਸ ਨੇ 6 ਫ਼ਰਵਰੀ 1995 ਦੇ ਦਿਨ (ਪ੍ਰੋ:) ਮਨਜੀਤ ਸਿੰਘ ਅੱਗੇ ਪੇਸ਼ ਹੋ ਕੇ 'ਤਨਖ਼ਾਹ' ਵੀ ਲੁਆ ਲਈ ਸੀ। ਇਸ ਦੇ ਬਾਵਜੂਦ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਾ ਆਇਆ। (ਭਾਈ) ਰਣਜੀਤ ਸਿੰਘ ਨੇ ਉਸ ਨੂੰ ਫਿਰ ਖ਼ਤ ਲਿਖ ਕੇ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕੀਤਾ। ਉਸ ਨੇ (ਭਾਈ) ਰਣਜੀਤ ਸਿੰਘ ਦੀ ਚਿੱਠੀ ਦੀ ਪਰਵਾਹ ਨਾ ਕੀਤੀ। ਉਸ ਨੂੰ ਤਿੰਨ ਵਾਰ ਹਾਜ਼ਿਰ ਹੋਣ ਦਾ ਮੌਕਾ ਦਿੱਤਾ ਗਿਆ, ਪਰ ਉਹ ਫੇਰ ਵੀ ਨਾ ਪੁੱਜਾ। ਅਖ਼ੀਰ 20 ਅਪਰੈਲ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਉਸ ਨੂੰ ਪੰਥ 'ਚੋਂ 'ਖ਼ਾਰਿਜ' ਕਰਨਾ ਦਾ ਐਲਾਨ ਕਰ ਦਿੱਤਾ। ਇਹ ਐਲਾਨ (ਹੁਕਮਨਾਮਾ) ਇੰਵ ਸੀ :

ਨੰ: 244/AT/98 ਮਿਤੀ : 20-4-1998

ਹੁਕਮਨਾਮਾ

ਅੱਜ ਮਿਤੀ 20-4-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਗੁਰਮੁਖ ਸਿੰਘ **ਸਪੁੱਤਰ**[29] ਸ: ਉੱਤਮ ਸਿੰਘ ਵਾਸੀ ਰੇਲਵੇ ਫ਼ਾਟਕ, ਨਾਨਕਸਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਵਿਧੀਆਂ ਵਾਲੇ ਗੁਟਕੇ ਇਤਿਆਦਿ ਦੋਸ਼ਾਂ ਨੂੰ ਵਿਚਾਰਿਆ ਗਿਆ। ਇਨ੍ਹਾਂ ਦੋਸ਼ਾਂ ਸਬੰਧੀ ਗੁਰਮੁਖ ਸਿੰਘ ਨੂੰ ਸਪੱਸ਼ਟੀਕਰਨ ਦੇਣ ਲਈ ਤਿੰਨ ਵਾਰ ਸਿੰਘ ਸਾਹਿਬਾਨ ਵੱਲੋਂ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ। ਇਸ ਨੇ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਜ਼ਰ-ਅੰਦਾਜ਼ ਕੀਤਾ ਅਤੇ ਪੇਸ਼ ਨਹੀਂ ਹੋਇਆ। ਸੋ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਦੋਸ਼ ਅਧੀਨ ਗੁਰਮੁਖ ਸਿੰਘ ਨੂੰ ਖਾਲਸਾ ਪੰਥ ਵਿੱਚੋਂ ਛੇਕਿਆ ਜਾਂਦਾ ਹੈ। ਸਮੂਹ ਸਿੱਖ ਸੰਗਤਾਂ ਪ੍ਰਤੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਸੰਦੇਸ਼ ਹੈ ਕਿ ਜਿਤਨਾ ਚਿਰ ਗੁਰਮੁਖ ਸਿੰਘ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੇ ਦੋਸ਼ਾਂ ਲਈ ਭੁੱਲ ਨਹੀਂ ਬਖ਼ਸ਼ਾਉਂਦਾ, ਉਤਨਾ ਚਿਰ ਤਕ ਇਸ ਨਾਲ ਰੋਟੀ-ਬੇਟੀ ਦੀ ਸਾਂਝ ਅਤੇ ਸਮਾਜਿਕ ਵਰਤੋਂ ਵਿਹਾਰ ਨਾ ਕੀਤਾ ਜਾਵੇ।

ਹਰ ਇਕ ਛਾਪਕ, ਵੰਡਣ ਵਾਲੇ ਤੇ ਵੇਚਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਪ੍ਰਤੀ ਵੀ ਇਹ ਆਦੇਸ਼ ਹੈ ਕਿ ਗੁਰਮੁਖ ਸਿੰਘ ਦੁਆਰਾ ਨਾਨਕਸਰੀ ਵਿਧੀਆਂ ਵਾਲੇ ਤਿਆਰ ਕੀਤੇ ਗਏ ਗੁਟਕੇ ਨਾ ਛਾਪੇ ਜਾਣ, ਨਾ ਵੰਡੇ ਜਾਣ ਤੇ ਨਾ ਵੇਚੇ ਜਾਣ।

ਗੁਰੂ ਪੰਥ ਦਾ ਦਾਸ,

ਰਣਜੀਤ ਸਿੰਘ

(ਨੋਟ: ਇਸ 'ਹੁਕਮਨਾਮੇ' 'ਤੇ ਵੀ ਰੈਫ਼ਰੈਂਸ ਨੰਬਰ 244 ਲਗਾ ਹੋਇਆ ਹੈ। ਅਜੀਬ ਗੱਲ ਹੈ ਕਿ 16 ਮਾਰਚ 1988 ਦੇ 'ਹੁਕਮਨਾਮੇ' 'ਤੇ ਨੰਬਰ 501 ਸੀ, ਪਰ ਇਕ ਮਹੀਨੇ ਚਾਰ ਦਿਨ ਮਗਰੋਂ ਇਹ ਨੰਬਰ 257 ਪਿੱਛੇ ਚਲਾ ਗਿਆ (ਇਹ ਹੋ ਸਕਦਾ ਹੈ ਕਿ ਇਹ ਗ਼ਲਤੀ ਨਾਲ 544 ਦੀ ਥਾਂ 244 ਲਿਖਿਆ ਗਿਆ ਹੋਵੇ)। ਉਂਞ ਇਸ ਮਗਰੋਂ ਚਾਰ ਹੋਰ 'ਹੁਕਮ' ਜਾਰੀ ਹੋਏ, ਇਨ੍ਹਾਂ 'ਤੇ ਕੋਈ ਨੰਬਰ ਨਹੀਂ ਸੀ। ਪਰ, ਫਿਰ 25 ਜੂਨ 1988 ਦੇ ਦਿਨ ਵਾਲੇ 'ਹੁਕਮਨਾਮੇ' 'ਤੇ ਇਹੀ ਨੰਬਰ 671 ਹੋ ਗਿਆ ਸੀ, ਯਾਨਿ ਦੋ ਮਹੀਨੇ ਪੰਜ ਦਿਨ ਮਗਰੋਂ 217 'ਹੁਕਮ' ਜਾਰੀ ਹੋ ਚੁੱਕੇ ਸਨ।)

ਲੰਗਰ ਸਬੰਧੀ ਜਾਰੀ ਹੋਏ ਇਸ ਅਖੌਤੀ ਹੁਕਮਨਾਮੇ ਨੂੰ ਸਰੀ ਤੇ ਵੈਨਕੂਵਰ ਦੇ ਦੋ ਗੁਰਦੁਆਰਿਆਂ ਅਤੇ ਕੁਝ ਹੋਰ ਗੁਰਦੁਆਰਿਆਂ ਨੇ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇੰਗਲੈਂਡ ਅਤੇ ਕਈ ਹੋਰ ਥਾਂਈਂ ਵੀ ਗੁਰਦੁਆਰਾ ਕਮੇਟੀਆਂ ਨੇ ਇਸ ਨੂੰ ਨਾ ਮੰਨਿਆ। ਕਈ ਜਗ੍ਹਾ ਲੜਾਈਆਂ ਵੀ ਹੋਈਆਂ। ਕੁਲ ਮਿਲਾ ਕੇ ਇਸ ਨਾਲ ਸਿੱਖਾਂ ਵਿਚ ਫ਼ੁਟ ਪੈ ਗਈ। ਭਾਵੇਂ ਇਸ ਅਖੌਤੀ ਹੁਕਮਨਾਮੇ ਦੇ ਖ਼ਿਲਾਫ਼ ਸ਼ਰੇਆਮ ਖੜਨ ਵਾਲੇ ਥੋੜ੍ਹੇ ਹੀ ਸਨ, ਪਰ ਬਹੁਤੇ ਸਾਰੇ ਅਕਾਲੀ ਆਗੂ ਅੰਦਰਖਾਤੇ ਇਸ ਨੂੰ ਗ਼ਲਤ ਮੰਨਦੇ ਸਨ। ਜਿਹਾ ਕਿ ਅਕਾਲੀਆਂ ਦਾ ਦਸਤੂਰ ਰਿਹਾ ਹੈ ਕਿ ਉਹ ਕੁਝ ਗੱਲਾਂ ਮੰਨਣਾ ਨਹੀਂ ਵੀ ਚਾਹੁੰਦੇ, ਪਰ ਚੁੱਪ ਵੱਟੀ ਰਖਦੇ ਹਨ। ਇਸ ਕਰ ਕੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਵਲੋਂ ਇਕ ਸਟੈਂਡ ਨਾ ਲਏ ਜਾਣ ਕਰ ਕੇ ਇਹ 'ਹੁਕਮਨਾਮਾ' ਪੂਰੀ ਤਰ੍ਹਾਂ ਅਮਲ ਵਿਚ ਨਾ ਆ ਸਕਿਆ। ਇਸ ਦੇ ਨਤੀਜੇ ਵਜੋਂ ਕੁਝ ਕਾਰਕੁੰਨਾਂ ਨੇ ਇਸ 'ਹੁਕਮਨਾਮੇ' ਦੀ ਡਟਵੀਂ ਮੁਖ਼ਾਲਫ਼ਤ ਵੀ ਕੀਤੀ। ਇਸ ਮੁਖ਼ਾਲਫ਼ਤ ਵਿਚ ਸਭ ਤੋਂ ਅੱਗੇ ਸਨ : ਰੌਸ ਸਟਰੀਟ ਵੈਨਕੂਵਰ ਅਤੇ ਗੁਰੂ ਨਾਨਕ ਗੁਰਦੁਆਰਾ ਸਰੀ ਦੇ ਕੁਝ ਸੀਨੀਅਰ ਅਹੁਦੇਦਾਰ।

---

29. ਕੀ ਉਹ ਅਜੇ ਵੀ '**ਸਪੁੱਤਰ**' ਸੀ ?

ਇਸ 'ਹੁਕਮਨਾਮੇ' ਦੇ ਖ਼ਿਲਾਫ਼ 5 ਮਈ 1998 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ 18 ਗੁਰਦੁਆਰਿਆਂ ਦੇ ਪ੍ਰਧਾਨਾਂ ਵੱਲੋਂ ਬਲਵੰਤ ਸਿੰਘ ਨੇ ਰਣਜੀਤ ਸਿੰਘ ਤੇ ਟੌਹੜਾ ਨੂੰ ਖ਼ਤ ਲਿਖੇ। ਅੰਜਹੇ ਹੀ ਖ਼ਤ 16 ਜੂਨ 1998 ਦੇ ਦਿਨ ਪ੍ਰੀਤਮ ਸਿੰਘ Q.C. ਨੇ ਵੀ ਰਣਜੀਤ ਸਿੰਘ ਤੇ ਟੌਹੜਾ ਨੂੰ ਲਿਖੇ ਸਨ। (ਵੇਖੋ: ਇਸ ਕਿਤਾਬ ਦੇ ਅਖ਼ੀਰ ਵਿਚ ਦਸਤਾਵੇਜ਼ੀ ਸੈਕਸ਼ਨ)

25 ਜੂਨ 1998 ਦੇ ਦਿਨ ਇਸ ਹੁਕਮਨਾਮੇ ਦੀ ਮੁਖ਼ਾਲਫ਼ਤ ਕਰਨ ਦੇ 'ਜੁਰਮ' ਵਿਚ 6 ਕੈਨੇਡਾ ਵਾਸੀਆਂ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ। ਇਹ ਛੇ ਸਨ: ਗਿਆਨੀ ਹਰਕੀਰਤ ਸਿੰਘ (ਹੈੱਡ-ਗ੍ਰੰਥੀ ਰੌਸ ਸਟਰੀਟ, ਵੈਨਕੂਵਰ), ਬਲਵੰਤ ਸਿੰਘ (ਪ੍ਰਧਾਨ ਗੁਰੂ ਨਾਨਕ ਗੁਰਦੁਆਰਾ, ਸਰੀ), ਤਾਰਾ ਸਿੰਘ ਹੇਅਰ, ਜਰਨੈਲ ਸਿੰਘ (ਸੀਨੀਅਰ ਮੀਤ ਪ੍ਰਧਾਨ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ), ਰਤਨ ਸਿੰਘ (ਪ੍ਰਧਾਨ ਅਕਾਲੀ ਸਿੱਖ ਸੋਸਾਇਟੀ, ਵੈਨਕੂਵਰ) ਤੇ ਕਸ਼ਮੀਰ ਸਿੰਘ (ਰੀਕਾਰਡ ਸਕੱਤਰ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ)। ਇਨ੍ਹਾਂ ਛੇਆਂ ਨੂੰ 'ਤਨਖ਼ਾਹੀਆ' ਕਰਾਰ ਦੇਣ ਵਾਲਾ 'ਹੁਕਮਨਾਮਾ' ਇੰਞ ਸੀ:

ਨੰ: 671/AT/98 ਮਿਤੀ: 25-6-1998

ਹੁਕਮਨਾਮਾ

ਅੱਜ ਮਿਤੀ 25-6-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ 20-4-98 ਨੂੰ ਲੰਗਰ ਅਤੇ ਪੰਗਤ ਬਾਰੇ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲੇ ਵੈਨਕੂਵਰ ਦੇ ਹੇਠ ਲਿਖੇ ਵਿਅਕਤੀਆਂ ਬਾਰੇ ਇਹ ਫ਼ੈਸਲਾ ਲਿਆ ਗਿਆ:

1. ਗਿਆਨੀ ਹਰਕੀਰਤ ਸਿੰਘ ਸਾਬਕਾ ਹੈੱਡ ਗ੍ਰੰਥੀ, ਰੌਸ ਸਟਰੀਟ, ਵੈਨਕੂਵਰ;
2. ਬਲਵੰਤ ਸਿੰਘ ਪ੍ਰਧਾਨ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ, ਵੈਨਕੂਵਰ;
3. ਤਾਰਾ ਸਿੰਘ ਐਡੀਟਰ ਇੰਡੋ ਕਨੇਡੀਅਨ ਟਾਈਮਜ਼, ਸਰੀ;
4. ਜਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ, ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ;
5. ਰਤਨ ਸਿੰਘ ਪ੍ਰਧਾਨ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ;
6. ਕਸ਼ਮੀਰ ਸਿੰਘ ਰੀਕਾਰਡ ਸਕੱਤਰ, ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ।

ਉਪਰੋਕਤ ਸਾਰੇ ਵਿਅਕਤੀਆਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਕਰਕੇ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਇਨ੍ਹਾਂ ਸਾਰੇ ਵਿਅਕਤੀਆਂ ਨੂੰ 25 ਜੁਲਾਈ ਸ਼ਨੀਵਾਰ ਸਵੇਰੇ 11 ਵਜੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ ਦਾ ਆਦੇਸ਼ ਹੈ। ਹਾਜ਼ਿਰ ਨਾ ਹੋਣ ਦੀ ਸੂਰਤ ਵਿਚ ਇਨ੍ਹਾਂ ਵਿਰੁੱਧ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।"

(ਨੋਟ: ਇਸ 'ਹੁਕਮਨਾਮੇ' ਹੇਠਾਂ ਸਿਰਫ਼ ਰਣਜੀਤ ਸਿੰਘ ਦੇ ਦਸਤਖ਼ਤ ਸਨ, ਬਾਕੀ ਚਹੁੰਆਂ ਗ੍ਰੰਥੀਆਂ ਦੇ ਨਹੀਂ ਸਨ।)

ਇਨ੍ਹਾਂ ਸਾਰਿਆਂ ਨੂੰ 25 ਜੁਲਾਈ ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਸੰਮਨ ਜਾਰੀ ਕੀਤੇ ਗਏ। ਕੈਨੇਡਾ ਦੇ ਇਨ੍ਹਾਂ ਛੇਆਂ ਸਿੱਖਾਂ ਨੇ ਰਣਜੀਤ ਸਿੰਘ ਦੇ 'ਹੁਕਮਨਾਮੇ' ਦੀ ਪ੍ਰਵਾਹ ਨਾ ਕੀਤੀ। ਰਣਜੀਤ ਸਿੰਘ ਨੇ 25 ਜੁਲਾਈ 1998 ਦੇ ਦਿਨ ਇਨ੍ਹਾਂ ਛੇਆਂ ਨੂੰ 'ਪੰਥ' 'ਚੋਂ ਖ਼ਾਰਿਜ ਕਰਨ ਦਾ 'ਹੁਕਮਨਾਮਾ' ਜਾਰੀ ਕਰ ਦਿੱਤਾ, ਜੋ ਇੰਞ ਸੀ:

ਨੰ: 784/AT/98 ਮਿਤੀ : 25-7-1998

ਹੁਕਮਨਾਮਾ

ਅੱਜ ਮਿਤੀ 25-7-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ 25-6-98 ਨੂੰ ਅਕਾਲ ਤਖ਼ਤ ਸਾਹਿਬ ਤੋਂ 20-4-98 ਨੂੰ ਲੰਗਰ ਤੇ ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲਿਆਂ ਦਾ ਮਸਲਾ ਵਿਚਾਰਿਆ ਗਿਆ। ਜਿਨ੍ਹਾਂ ਨੂੰ 25-6-98 ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ। ਤਨਖ਼ਾਹੀਆ ਕਰਾਰ ਦਿੱਤੇ ਗਏ ਛੇ ਵਿਅਕਤੀਆਂ ਵਿੱਚੋਂ ਕਿਸੇ ਦੇ ਵੀ ਹਾਜ਼ਿਰ ਨਾ ਹੋਣ ਕਾਰਨ ਅਤੇ ਕੈਨੇਡਾ ਦੀ ਸਰੀ ਸਟੇਟ ਵਿਚ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਨਾਮੇ ਦਾ ਹੋਰ ਜ਼ਿਆਦਾ ਵਿਰੋਧ ਕਰਨ ਕਾਰਨ :

1. ਗਿਆਨੀ ਹਰਕੀਰਤ ਸਿੰਘ ਸਾਬਕਾ ਹੈੱਡ ਗ੍ਰੰਥੀ, ਰੌਸ ਸਟਰੀਟ, ਵੈਨਕੂਵਰ;
2. ਬਲਵੰਤ ਸਿੰਘ ਪ੍ਰਧਾਨ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਬੀ.ਸੀ. ਵੈਨਕੂਵਰ;
3. ਤਾਰਾ ਸਿੰਘ (ਹੇਅਰ) ਐਡੀਟਰ ਇੰਡੋ ਕੈਨੇਡੀਅਨ ਟਾਈਮ, ਸਰੀ;
4. ਜਰਨੈਲ ਸਿੰਘ ਸੀਨੀਅਰ ਮੀਤ ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ;
5. ਰਤਨ ਸਿੰਘ ਪ੍ਰਧਾਨ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ;
6. ਕਸ਼ਮੀਰ ਸਿੰਘ ਰੀਕਾਰਡ ਸਕੱਤਰ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ।

ਇਨ੍ਹਾਂ ਨੂੰ ਪੰਥਕ ਮਰਿਆਦਾ ਅਨੁਸਾਰ ਪੰਥ ਵਿੱਚੋਂ ਛੇਕ ਦਿੱਤਾ ਗਿਆ ਹੈ।

ਉਪਰੋਕਤ ਛੇ ਵਿਅਕਤੀਆਂ ਨਾਲ ਗੁਰੂ ਸਰੂਪ ਸਾਧ ਸੰਗਤ ਰੋਟੀ-ਬੇਟੀ ਦੀ ਸਾਂਝ ਨਾ ਕਰੇ ਅਤੇ ਧਾਰਮਿਕ, ਰਾਜਨੀਤਕ, ਆਰਥਿਕ ਤੇ ਸਮਾਜਿਕ ਤੌਰ 'ਤੇ ਬਾਈਕਾਟ ਕੀਤਾ ਜਾਵੇ। ਖ਼ਾਸ ਕਰ ਕੇ ਤਾਰਾ ਸਿੰਘ (ਹੇਅਰ) ਦੀ ਸੰਪਾਦਨਾ ਅਧੀਨ ਕਿਸੇ ਵੀ ਚੱਲਦੇ ਅਖ਼ਬਾਰ ਨੂੰ ਨਾ ਖ਼ਰੀਦਿਆ ਜਾਵੇ, ਨਾ ਪੜ੍ਹਿਆ ਜਾਵੇ। ਅਸੀਂ ਆਸ ਕਰਦੇ ਹਾਂ ਕਿ ਸਮੂੰਹ ਸਾਧ ਸੰਗਤ ਹੁਕਮਨਾਮੇ 'ਤੇ ਅਮਲ ਕਰਾਉਣ ਲਈ ਪੂਰਨ ਸਹਿਯੋਗ ਦੇਵੇਗੀ। ਗੁਰੂ ਸਰੂਪ ਸਾਧ ਸੰਗਤ ਤੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਆਪ ਸਹਾਈ ਹੋਣ, ਇਹ ਸਾਡੀ ਅਰਦਾਸ ਹੈ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਇੰਵ ਹੀ ਇੰਗਲੈਂਡ 'ਚ ਸਾਊਥਾਲ ਦੇ ਗਿਆਨੀ ਅਮੋਲਕ ਸਿੰਘ ਤੇ ਨਿਸ਼ਕਾਮ ਸੇਵਕ ਜਥਾ (ਬਰਮਿੰਘਮ) ਦੇ ਭਾਈ ਮਹਿੰਦਰ ਸਿੰਘ ਤੋਂ ਵੀ ਲੰਗਰ ਬਾਰੇ 'ਹੁਕਮਨਾਮਾ' ਨਾ ਮੰਨਣ ਸਬੰਧੀ 'ਸਪੱਸ਼ਟੀਕਰਨ' ਮੰਗਿਆ ਗਿਆ ਸੀ। ਗਿਆਨੀ ਅਮਲੋਕ ਸਿੰਘ ਅਤੇ ਭਾਈ ਮਹਿੰਦਰ ਸਿੰਘ ਨੂੰ ਪੇਸ਼ ਹੋਣ ਵਾਸਤੇ 'ਗੁਰਮਤਾ' ਪਾਸ ਕੀਤਾ ਗਿਆ ਸੀ, ਜੋ ਇੰਵ ਸੀ :

ਗੁਰਮਤਾ

ਅੱਜ ਮਿਤੀ 20 ਜੂਨ 1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ 20 ਅਪਰੈਲ 1998 ਨੂੰ ਲੰਗਰ ਪੰਗਤ ਦੇ ਸਬੰਧ ਵਿਚ ਜਾਰੀ ਹੋਏ ਹੁਕਮਨਾਮੇ ਨੂੰ ਨਾ ਮੰਨਣ ਕਾਰਨ ਜਥੇਦਾਰ ਗਿਆਨੀ ਅਮੋਲਕ ਸਿੰਘ ਅਤੇ ਮੁਖ ਸੇਵਾਦਾਰ ਭਾਈ ਮਹਿੰਦਰ ਸਿੰਘ ਪਾਸੋਂ ਸਪੱਸ਼ਟੀਕਰਨ ਲੈਣ ਦਾ ਫ਼ੈਸਲਾ ਲਿਆ ਗਿਆ। ਉਪਰੋਕਤ ਸੱਜਣਾਂ ਨੂੰ 20 ਦਿਨ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਜਾਂਦਾ ਹੈ।[30]

ਦਸਤਖ਼ਤ: ਰਣਜੀਤ ਸਿੰਘ, ਮੋਹਣ ਸਿੰਘ
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

---

30. ਪਰ ਭਾਈ ਰਣਜੀਤ ਸਿੰਘ ਨੇ ਗਿਆਨੀ ਅਮਲੋਕ ਸਿੰਘ ਜਾਂ ਭਾਈ ਮਹਿੰਦਰ ਸਿੰਘ 'ਤੇ ਕਦੇ ਵੀ ਕੋਈ ☛

ਇਨ੍ਹੀਂ ਦਿਨੀਂ ਹੀ ਬਲਬੀਰ ਸਿੰਘ ਚੰਗਿਆੜਾ (ਸਾਬਕਾ ਪ੍ਰਚਾਰਕ ਸ਼੍ਰੋਮਣੀ ਕਮੇਟੀ) ਅਤੇ ਕੈਨੇਡਾ ਦੇ ਪ੍ਰੀਤ ਸਿੰਘ ਸੰਧੂ ਨੇ ਰਣਜੀਤ ਸਿੰਘ ਦੇ ਲੰਗਰ ਵਾਲੇ 'ਹੁਕਮਨਾਮੇ' ਦੀ ਭਰਪੂਰ ਮੁਖ਼ਾਲਫ਼ਤ ਕੀਤੀ। ਭਾਈ ਰਣਜੀਤ ਸਿੰਘ ਨੇ ਉਸ ਨੂੰ 17 ਅਗਸਤ ਦੇ ਦਿਨ ਅਕਾਲ ਤਖ਼ਤ ਹਾਜ਼ਿਰ ਹੋਣ ਵਾਸਤੇ 'ਸੰਮਨ' ਜਾਰੀ ਕਰ ਦਿੱਤੇ। ਪ੍ਰੀਤ ਸਿੰਘ ਸੰਧੂ ਇਸ ਦਿਨ ਨਾ ਆਇਆ, ਪਰ ਬਲਬੀਰ ਸਿੰਘ ਚੰਗਿਆੜਾ ਨੇ ਆਪਣਾ 'ਸਪਸ਼ਟੀਕਰਨ' ਭੇਜ ਦਿੱਤਾ। ਇਸ ਕਰ ਕੇ ਰਣਜੀਤ ਸਿੰਘ ਤੇ ਬਾਕੀ ਚਾਰ ਸੀਨੀਅਰ ਗ੍ਰੰਥੀਆਂ ਨੇ ਪ੍ਰੀਤ ਸਿੰਘ ਸੰਧੂ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਤੇ ਬਲਬੀਰ ਸਿੰਘ ਨੂੰ ਦੋਬਾਰਾ ਸਪਸ਼ਟੀਕਰਨ ਦੇਣ ਵਾਸਤੇ ਕਿਹਾ:

17 ਅਗਸਤ 1998

ਹੁਕਮਨਾਮਾ

ਅੱਜ ਮਿਤੀ 17 ਅਗਸਤ 1998 ਨੂੰ ਪਵਿੱਤਰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਲੰਗਰ ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦਾ ਵਿਰੋਧ ਕਰਨ ਵਾਲਿਆਂ ਦੇ ਆਏ ਸਪਸ਼ਟੀਕਰਨ 'ਤੇ ਗ਼ੈਰ-ਹਾਜ਼ਿਰ ਹੋਣ ਵਾਲਿਆਂ 'ਤੇ ਵਿਚਾਰ ਹੋਈ। ਉਪਰੰਤ ਇਹ ਫ਼ੈਸਲਾ ਹੋਇਆ ਕਿ ਪ੍ਰੀਤ ਸਿੰਘ ਸੰਧੂ ਨੂੰ ਸਪੱਸ਼ਟੀਕਰਨ ਨਾ ਦੇਣ ਕਾਰਨ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ ਅਤੇ ਬਲਬੀਰ ਸਿੰਘ ਚੰਗਿਆੜਾ ਸਪੱਸ਼ਟੀਕਰਨ ਤਸੱਲੀਬਖ਼ਸ਼ ਨਾ ਹੋਣ ਕਰ ਕੇ ਉਸ ਦਾ ਦੋਬਾਰਾ ਦਾ ਸਪਸ਼ਟੀਕਰਨ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ।

ਦਸਤਖ਼ਤ: ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

(ਨੋਟ: ਇਸ 'ਹੁਕਮਨਾਮਾ' 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ।)

'ਜਥੇਦਾਰ-ਮਾਫ਼ੀਆ' ਯੂਨੀਅਨ

ਇਨ੍ਹਾਂ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਨੇ ਭਾਈ ਰਣਜੀਤ ਸਿੰਘ, ਮਨਜੀਤ ਸਿੰਘ ਤੇ ਕੇਵਲ ਸਿੰਘ ਵਲੋਂ ਕਾਰਾਂ ਲਈ ਖ਼ਰਚੇ ਪਟਰੌਲ ਦੀ ਵੱਡੀ ਰਕਮ 'ਤੇ ਹੈਰਾਨੀ ਜ਼ਾਹਿਰ ਕਰ ਕੇ ਹਿਸਾਬ ਮੰਗਿਆ ਤਾਂ ਇਹ ਤਿੰਨੇ ਅਖੌਤੀ ਜਥੇਦਾਰ ਇਕੱਠੇ ਹੋ ਗਏ ਤੇ ਹਿਸਾਬ ਦੇਣੋਂ ਨਾਂਹ ਕਰ ਦਿੱਤੀ। ਇਨ੍ਹਾਂ ਤਿੰਨਾਂ ਨੇ ਇਸ ਮਸਲੇ 'ਤੇ ਹੈਂਕੜ ਦਾ ਦਿਖਾਵਾ ਕੀਤਾ। ਰਣਜੀਤ ਸਿੰਘ ਨੂੰ ਉਸ ਵੇਲੇ ਇੰਗਲੈਂਡ ਦੇ ਇਕ ਬਦਨਾਮ ਸਾਧ ਅਮਰ ਸਿੰਘ ਬੜੂੰਦੀ ਤੋਂ ਇਕ ਕੀਮਤੀ ਕਾਰ ਭੇਟ ਹੋ ਚੁੱਕੀ ਸੀ, ਸੋ ਉਸ ਨੇ ਤਾਂ ਆਕੜ ਵਿਚ ਸ਼੍ਰੋਮਣੀ ਕਮੇਟੀ ਦੀ ਕਾਰ ਵੀ ਵਾਪਿਸ ਕਰ ਦਿੱਤੀ।

ਚਤਰ ਸਿੰਘ ਜੀਵਨ ਸਿੰਘ ਦਾ ਕੇਸ

9 ਅਪਰੈਲ 1998 ਦੇ ਦਿਨ ਚਤਰ ਸਿੰਘ ਜੀਵਨ ਸਿੰਘ ਫ਼ਰਮ ਵਲੋਂ ਗੁਰੂ ਗ੍ਰੰਥ

☛ ਐਕਸ਼ਨ ਨਾ ਲਿਆ, ਕਿਉਂਕਿ ਉਹ ਦੋਵੇਂ ਟੌਹੜਾ ਦੇ ਹਿਮਾਇਤੀ ਸਨ। ਦਿਲਚਸਪ ਗੱਲ ਇਹ ਹੈ ਕਿ ਅੱਜ (ਫ਼ਰਵਰੀ 2005 ਵਿਚ) ਵੀ ਭਾਈ ਮਹਿੰਦਰ ਸਿੰਘ ਦੇ ਬ੍ਰਿਮਿੰਘਮ (ਇੰਗਲੈਂਡ) ਵਾਲੇ ਗੁਰਦੁਆਰੇ ਵਿਚ ਲੰਗਰ ਮੇਜ਼ਾਂ-ਕੁਰਸੀਆਂ 'ਤੇ ਬੈਠ ਕੇ ਖਾਧਾ ਜਾਂਦਾ ਹੈ। ਇੰਗਲੈਂਡ ਦੇ ਅੱਧੇ ਤੋਂ ਵੱਧ ਗੁਰਦੁਆਰਿਆਂ ਵਿਚ ਅੱਜ ਵੀ ਮੇਜ਼-ਕੁਰਸੀਆਂ ਲੱਗੇ ਹੋਏ ਹਨ ਤੇ ਵਰਤੇ ਜਾਂਦੇ ਹਨ।

ਸਾਹਿਬ ਦੇ ਸਰੂਪਾਂ ਦੀ ਛਪਾਈ ਬਾਰੇ ਸ਼ਿਕਾਇਤਾਂ ਦੇ ਸਬੰਧ ਵਿਚ ਭਾਈ ਰਣਜੀਤ ਸਿੰਘ ਨੇ ਹੁਕਮਨਾਮਾ ਜਾਰੀ ਕਰ ਕੇ ਪ੍ਰਾਈਵੇਟ ਪਬਲਿਸ਼ਰਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ 'ਤੇ ਪਾਬੰਦੀ ਲਾ ਦਿੱਤੀ। ਇਸ 'ਹੁਕਮਨਾਮੇ' ਮੁਤਾਬਿਕ ਸਿਰਫ਼ ਸ਼੍ਰੋਮਣੀ ਕਮੇਟੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਪੋਥੀਆਂ ਤੇ ਗੁਟਕੇ ਛਾਪਣ ਦੀ ਇਜਾਜ਼ਤ ਦਿੱਤੀ ਗਈ। ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਜੇ ਕਰ ਪੰਜਾਬੋਂ ਬਾਹਰ ਜਾਂ ਪ੍ਰਦੇਸਾਂ ਵਿਚ ਕੋਈ ਵੀ ਗੁਰੂ ਗ੍ਰੰਥ ਸਾਹਿਬ ਜਾਂ ਗੁਟਕੇ ਛਾਪਣਾ ਚਾਹੁੰਦਾ ਹੋਵੇ ਤਾਂ ਉਹ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਲੈ ਕੇ ਸ਼੍ਰੋਮਣੀ ਕਮੇਟੀ ਦੀਆਂ ਆਫ਼ਸੈਟ ਫ਼ਿਲਮਾਂ ਤੋਂ ਛਾਪ ਸਕਦਾ ਹੈ। ਸੰਗਤਾਂ ਨੂੰ ਵੀ ਇਹ ਕਿਹਾ ਗਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਗੁਟਕੇ ਸਿਰਫ਼ ਸ਼੍ਰੋਮਣੀ ਕਮੇਟੀ ਦੇ ਛਪੇ ਹੋਏ ਹੀ ਲੈਣ।

ਮਿਤੀ : 9-4-1998

ਹੁਕਮਨਾਮਾ

ਅੱਜ ਮਿਤੀ 9-4-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸਨਜ਼ ਫ਼ਰਮ ਵਲੋਂ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਛਪਾਈ ਸਬੰਧੀ ਕੀਤੀ ਜਾ ਰਹੀ ਬੇ-ਅਦਬੀ ਬਾਰੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੇ ਮੱਦੇ-ਨਜ਼ਰ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਇਹ ਇਕ ਜਗਤ ਪ੍ਰਸਿੱਧ ਸਚਾਈ ਹੈ ਕਿ ਗੁਰੂ ਗ੍ਰੰਥ ਸਾਹਿਬ ਕੇਵਲ ਧਰਮ ਗ੍ਰੰਥ ਹੀ ਨਹੀਂ ਸਗੋਂ ਸਿੱਖ ਪੰਥ ਦੇ ਜਾਗਤ-ਜੋਤਿ ਸਤਿਗੁਰੂ ਹਨ। ਸਮੂੰਹ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ, ਬਚਨ, ਕਰਮ ਕਰਕੇ ਦਸਾਂ ਪਾਤਸ਼ਾਹੀਆਂ ਦੇ ਪ੍ਰਤੱਖ ਜੋਤਿ ਮੰਨਦਾ ਆ ਰਿਹਾ ਹੈ। ਇਸ ਨਾਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਸ਼ੁਧ ਰੂਪ ਵਿਚ ਲੋੜੀਂਦੇ ਅਦਬ ਸਤਿਕਾਰ ਨਾਲ ਕੀਤੀ ਜਾਣੀ ਅਤਿ ਜ਼ਰੂਰੀ ਹੈ। ਇਸ ਤੱਥ ਨੂੰ ਮੁੱਖ ਰੱਖਦਿਆਂ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਜਾਰੀ ਕੀਤਾ ਜਾਂਦਾ ਹੈ ਕਿ ਭਵਿੱਖ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕੇਵਲ ਅਤੇ ਕੇਵਲ ਪੰਥ ਦੀ ਪ੍ਰਤਿਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹੀ ਕੀਤੀ ਜਾਵੇ। ਬਾਕੀ ਸਭਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ, ਪੋਥੀਆਂ, ਗੁਟਕਿਆਂ ਸਮੇਤ ਛਪਾਈ ਬੰਦ ਕੀਤੀ ਜਾਵੇ।

ਇਹ ਵੀ ਫ਼ੈਸਲਾ ਹੋਇਆ ਕਿ ਦੇਸ-ਪ੍ਰਦੇਸ ਦੀ ਕੋਈ ਸਿੱਖ ਸੰਸਥਾ ਜੇ ਕਰ ਗੁਰੂ ਗ੍ਰੰਥ ਸਾਹਿਬ, ਪੋਥੀਆਂ, ਗੁਟਕਿਆਂ ਦੀ ਛਪਾਈ ਦੀ ਸੇਵਾ ਬਾਹਰਲੇ ਪ੍ਰਾਂਤ ਜਾਂ ਦੇਸ਼ ਵਿਚ ਕਰਵਾਉਣ ਦੀ ਇੱਛੁਕ ਹੋਵੇ ਤਾਂ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ ਅਤੇ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਫ਼ਸੈੱਟ ਫ਼ਿਲਮਾਂ ਤੋਂ ਹੀ ਕਰਵਾਉਣੀ ਹੋਵੇਗੀ।

ਸਮੂੰਹ ਦੇਸ਼-ਵਿਦੇਸ਼ ਦੀਆਂ ਗੁਰੂ ਸੰਗਤਾਂ ਪ੍ਰਤੀ ਪੰਜ ਸਿੰਘ ਸਾਹਿਬਾਨ ਵੱਲੋਂ ਨਿਮਰਤਾ ਸਹਿਤ ਸੰਦੇਸ਼ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਵਾਸਤੇ ਪੂਰਨ ਸਹਿਯੋਗ ਦੇਂਦਿਆਂ ਇਹ ਯਕੀਨੀ ਬਣਾਉਣ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ, ਸੈਂਚੀਆਂ ਤੇ ਗੁਟਕੇ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਤ ਜਾਂ ਪ੍ਰਵਾਨਤ ਹੀ ਪ੍ਰਾਪਤ ਕਰਨ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

28 ਅਪਰੈਲ 1998 ਦੇ ਦਿਨ ਚਤਰ ਸਿੰਘ ਜੀਵਨ ਸਿੰਘ ਫ਼ਰਮ ਵੱਲੋਂ ਬੀੜਾਂ ਬੰਨ੍ਹਣ ਮਗਰੋਂ ਬਚੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਤਰਿਆਂ ਨੂੰ ਸਾੜਿਆ ਜਾ ਰਿਹਾ ਸੀ

ਤਾਂ ਕੁਝ ਅੱਧ-ਸੜੇ ਪਤਰੇ ਉਡ ਕੇ ਗੰਦ ਵਿਚ ਜਾ ਡਿਗੇ। ਕਿਸੇ ਨੇ ਇਸ ਦੀ ਸ਼ਿਕਾਇਤ ਸ਼੍ਰੋਮਣੀ ਕਮੇਟੀ ਨੂੰ ਕਰ ਦਿੱਤੀ। ਸ਼੍ਰੋਮਣੀ ਕਮੇਟੀ ਨੇ ਪੰਜ ਛੇ ਮੁਲਾਜ਼ਮਾਂ ਦੀ ਪੜਤਾਲ ਕਰਨ ਵਾਸਤੇ ਡਿਊਟੀ ਲਾਈ। ਉਨ੍ਹਾਂ ਨੇ ਇਸ ਗੱਲ ਦੀ ਤਾਈਦ ਕੀਤੀ। ਇਸ ਕਮੇਟੀ ਦੀ ਰਿਪੋਰਟ ਨੂੰ ਮੁਖ ਰਖਦਿਆਂ (ਭਾਈ) ਰਣਜੀਤ ਸਿੰਘ ਨੇ ਚਤਰ ਸਿੰਘ ਜੀਵਨ ਸਿੰਘ ਫ਼ਰਮ ਦੇ ਮਾਲਕਾਂ ਨੂੰ 'ਸੰਮਨ' ਭੇਜ ਕੇ 9 ਮਈ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਕਿਹਾ ਗਿਆ। 9 ਮਈ ਨੂੰ ਇਸ ਫ਼ਰਮ ਦੇ ਤਿੰਨੇ ਮਾਲਿਕ (ਹਰਭਜਨ ਸਿੰਘ, ਹਰਿੰਦਰਪਾਲ ਸਿੰਘ, ਮਹਿੰਦਰਪਾਲ ਸਿੰਘ) ਹਾਜ਼ਿਰ ਹੋਏ ਤੇ ਆਪਣੀ ਗ਼ਲਤੀ ਲਿਖਤੀ ਰੂਪ ਵਿਚ ਮੰਨ ਲਈ। ਇਨ੍ਹਾਂ ਤਿੰਨਾਂ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ :

ਹੁਕਮਨਾਮਾ

ਅੱਜ ਮਿਤੀ 9-5-1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼ ਫ਼ਰਮ ਵੱਲੋਂ ਵਾਰ ਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਛਪਾਈ ਸਬੰਧੀ ਕੀਤੀ ਜਾ ਰਹੀ ਬੇਅਦਬੀ ਬਾਰੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੱਦੇ-ਨਜ਼ਰ ਵਿਚਾਰ ਹੋਈ।

ਸਿੱਖ ਸੰਗਤਾਂ ਵੱਲੋਂ ਪਿਛਲੇ ਦਿਨੀਂ ਉਪਰੋਕਤ ਫ਼ਰਮ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪੱਤਰਿਆਂ ਨੂੰ ਰੱਦੀ ਵਿਚ ਵੇਚਣ, ਬੇ-ਥਵੇ ਢੰਗ ਨਾਲ ਉਸ ਨੂੰ ਰੱਦੀ ਸਮਝ ਕੇ ਸਾੜਨ, ਆਮ ਵਿਅਕਤੀ ਦੀਆਂ ਤਸਵੀਰਾਂ ਵਾਲੇ ਗੁਟਕੇ ਛਾਪਣ ਅਤੇ ਬਿਲਟੀ ਰਾਹੀਂ ਬੇਅਦਬੀ ਭਰੇ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਭੇਜਣ ਦੀਆਂ ਦੁਖਦਾਈ ਘਟਨਾਵਾਂ ਸਿੰਘ ਸਾਹਿਬ ਦੇ ਗਿਆਤ ਵਿਚ ਲਿਆਂਦੀਆਂ ਗਈਆਂ।

ਸਿੰਘ ਸਾਹਿਬਾਨ ਨੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਫ਼ਰਮ ਦੇ ਵਾਰਸਾਂ (ਮਾਲਕਾਂ) ਨੂੰ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ। ਸ੍ਰ: ਹਰਭਜਨ ਸਿੰਘ ਪੁੱਤਰ ਸ: ਜਗਜੀਤ ਸਿੰਘ ਨੇ ਆਪਣੀ ਫ਼ਰਮ ਦੇ ਪ੍ਰਤੀਨਿਧ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਲਿਖਤੀ ਰੂਪ ਵਿਚ ਉਪਰੋਕਤ ਘਟਨਾਵਾਂ ਸਬੰਧੀ ਭੁੱਲਾਂ ਨੂੰ ਸਵੀਕਾਰ ਕੀਤਾ।

ਸਿੰਘ ਸਾਹਿਬਾਨ ਦੇ ਧਿਆਨ ਵਿਚ ਇਹ ਗੱਲ ਵੀ ਆਈ ਕਿ ਇਸ ਫ਼ਰਮ ਦੇ ਵਾਰਸ ਪਿਛਲੇ 28 ਸਾਲਾਂ ਤੋਂ ਲਗਾਤਾਰ ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸਬੰਧੀ ਬੇਅਦਬੀ ਭਰੀਆਂ ਕਾਰਵਾਈਆਂ ਕਰਦੇ ਆ ਰਹੇ ਹਨ। ਅਕਾਲ ਤਖ਼ਤ ਸਾਹਿਬ ਵਿਖੇ ਇਨ੍ਹਾਂ ਨੇ ਪਹਿਲਾਂ ਵੀ ਇਨ੍ਹਾਂ ਨੂੰ ਲਿਖਤੀ ਰੂਪ ਵਿਚ ਸਵੀਕਾਰਦਿਆਂ ਮੁਆਫ਼ੀ ਮੰਗ ਕੇ ਅੱਗੇ ਤੋਂ ਐਸਾ ਕੁਝ ਨਾ ਕਰਨ ਦਾ ਲਿਖਤੀ ਤੇ ਜ਼ੁਬਾਨੀ ਵਚਨ ਦਿੱਤਾ ਸੀ।

ਇਸ ਫ਼ਰਮ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਕੀਤੀਆਂ ਜਾ ਰਹੀਆਂ ਲਾਪ੍ਰਵਾਹੀਆਂ ਤੇ ਭੁੱਲਾਂ ਨੂੰ ਵਿਚਾਰਦਿਆਂ ਹੋਇਆਂ ਸਿੰਘ ਸਾਹਿਬ ਨੇ ਉਪਰੋਕਤ ਫ਼ਰਮ ਦੇ ਮਾਲਕਾਂ :

ਸ: ਹਰਵਿੰਦਰਪਾਲ ਸਿੰਘ ਪੁੱਤਰ ਸ: ਜਗਜੀਤ ਸਿੰਘ
ਸ: ਮਹਿੰਦਰਪਾਲ ਸਿੰਘ ਪੁੱਤਰ ਸ: ਜਗਜੀਤ ਸਿੰਘ
ਸ: ਹਰਭਜਨ ਸਿੰਘ ਪੁੱਤਰ ਸ: ਜਗਜੀਤ ਸਿੰਘ

ਨੂੰ ਤਨਖ਼ਾਹੀਆ ਕਰਾਰ ਦੇਣ ਦਾ ਫ਼ੈਸਲਾ ਕੀਤਾ ਹੈ। ਸਬੰਧਤ ਤਿੰਨੇ ਸੱਜਣ ਆਪਣੀਆਂ ਭੁੱਲਾਂ ਸਬੰਧੀ ਤਨਖ਼ਾਹ ਲਵਾਉਣ ਲਈ ਅਕਾਲ ਤਖ਼ਤ ਸਾਹਿਬ ਵਿਖੇ[31] ਹਾਜ਼ਿਰ ਹੋਣ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਨੋਟ: ਇਸ 'ਹੁਕਮਨਾਮੇ' 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ।)

---

31. ਪੇਸ਼ ਹੋਣ ਵਾਸਤੇ ਕੋਈ ਤਾਰੀਖ਼ ਨਹੀਂ ਦਿੱਤੀ ਗਈ ਸੀ।

(ਭਾਈ) ਰਣਜੀਤ ਸਿੰਘ ਵੱਲੋਂ ਜਾਰੀ ਕੀਤੇ ਇਸ 'ਹੁਕਮਨਾਮੇ' ਦੇ ਬਾਵਜੂਦ 'ਚਤਰ ਸਿੰਘ ਜੀਵਨ ਸਿੰਘ' ਫ਼ਰਮ ਮਾਲਕ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਾ ਹੋਏ ਅਤੇ ਨਾ ਹੀ (ਭਾਈ) ਰਣਜੀਤ ਸਿੰਘ ਦੀਆਂ 'ਹਿਦਾਇਤਾਂ' ਦੀ ਪਰਵਾਹ ਕੀਤੀ। ਇਸ 'ਤੇ ਸਾਢੇ ਛੇ ਮਹੀਨੇ ਮਗਰੋਂ 28 ਨਵੰਬਰ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਉਨ੍ਹਾਂ ਨੂੰ ਚਿੱਠੀ ਲਿਖ ਕੇ ਵਾਰਨਿੰਗ ਦਿੱਤੀ ਅਤੇ 17 ਦਿਸੰਬਰ 1998 ਦੇ ਦਿਨ ਪੇਸ਼ ਹੋਣ ਵਾਸਤੇ ਕਿਹਾ:

28 ਨਵੰਬਰ 1998

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸਨਜ਼,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਨੂੰ ਮਿਤੀ 9-5-1998 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ, ਪਰ ਤੁਸੀਂ ਅਜੇ ਤੀਕ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਤਨਖ਼ਾਹ ਨਹੀਂ ਲਵਾਈ ਤੇ ਨਾ ਹੀ ਹੁਕਮਨਾਮੇ ਦਾ ਪਾਲਨ ਕੀਤਾ ਹੈ।

ਜਿਨ੍ਹਾਂ ਗ਼ਲਤੀਆਂ ਨੂੰ ਤੁਸੀਂ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਸੀ, ਉਨ੍ਹਾਂ ਗ਼ਲਤੀਆਂ ਨੂੰ ਤੁਸੀਂ ਫਿਰ ਦੋਹਰਾ ਰਹੇ ਹੋ। ਕੁਝ ਨਵੀਆਂ ਸ਼ਿਕਾਇਤਾਂ ਵੀ ਆਈਆਂ ਹਨ। ਤੁਹਾਡੀ ਫ਼ਰਮ ਵੱਲੋਂ ਕੀਤੀਆਂ ਸੇਵਾਵਾਂ ਕਾਰਨ ਤੁਹਾਡੇ ਨਾਲ ਕਾਫ਼ੀ ਨਰਮੀ ਨਾਲ ਪੇਸ਼ ਆਇਆ ਜਾ ਰਿਹਾ ਹੈ, ਲੇਕਿਨ ਲਗਦਾ ਹੈ ਕਿ ਤੁਸੀਂ ਇਸ ਨਰਮੀ ਦਾ ਨਾਜਾਇਜ਼ ਫ਼ਾਇਦਾ ਉਠਾ ਰਹੇ ਹੋ।

ਤੁਹਾਨੂੰ ਮਿਤੀ 17-12-1998 ਤੀਕ ਸਮਾਂ ਦਿੱਤਾ ਜਾਂਦਾ ਹੈ। ਤੁਸੀਂ ਗੁਰਬਾਣੀ ਦੀ ਬੇਅਦਬੀ ਕਰਨੀ ਬੰਦ ਕਰਕੇ ਅਕਾਲ ਤਖ਼ਤ ਸਾਹਿਬ ਉਕਤ ਮਿਤੀ ਨੂੰ 12-30 ਵਜੇ ਹਾਜ਼ਿਰ ਹੋ ਕੇ ਤਨਖ਼ਾਹ ਲਗਾਓ।"

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਪਰ 'ਚਤਰ ਸਿੰਘ ਜੀਵਨ ਸਿੰਘ' ਫ਼ਰਮ ਨੇ ਇਸ ਚਿੱਠੀ ਦੀ ਵੀ ਪਰਵਾਹ ਨਾ ਕੀਤੀ। ਇਸ 'ਤੇ 25 ਜਨਵਰੀ ਨੂੰ ਪੰਜ ਗ੍ਰੰਥੀਆਂ ਨੇ ਇਕ 'ਗੁਰਮਤੇ' ਰਾਹੀਂ ਇਨ੍ਹਾਂ ਨੂੰ ਵਾਰਨਿੰਗ ਦਿੱਤੀ ਅਤੇ 11 ਫ਼ਰਵਰੀ 1999 ਨੂੰ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕਰ ਲਿਆ:

25 ਜਨਵਰੀ 1999

ਗੁਰਮਤਾ

ਭਾਈ ਚਤਰ ਸਿੰਘ ਜੀਵਨ ਸਿੰਘ ਐਂਡ ਸੰਨਜ਼

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਨੂੰ ਮਿਤੀ 9 ਮਈ 1998 ਨੂੰ ਗੁਰਬਾਣੀ ਦੀ ਬੇਅਦਬੀ ਕਰਨ ਦੇ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ, ਨਾਲ ਹੀ ਇਹ ਹਿਦਾਇਤ ਦਿੱਤੀ ਗਈ ਸੀ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਬੰਦ ਕਰ ਦਿਓਗੇ, ਪਰ ਤੁਸੀਂ ਅੱਠ ਮਹੀਨੇ ਬੀਤ ਜਾਣ ਦੇ ਬਾਅਦ ਵੀ ਗੁਰਬਾਣੀ ਦੀ ਲਗਾਤਾਰ ਬੇਅਦਬੀ ਕਰ ਰਹੇ ਹੋ। ਅਜੇ ਤਕ ਤੁਹਾਡੇ ਬੋਰਡ ਉੱਤੇ ਤਰ੍ਹਾਂ ਲੱਗੇ ਹੋਏ ਹਨ। ਤੁਸੀਂ ਨਵੀਆਂ ਜੰਤਰੀਆਂ 'ਤੇ ਗੁਰੂ ਗ੍ਰੰਥ ਸਾਹਿਬ ਜੀ ਵੇਚਣ ਦਾ ਇਸ਼ਤਿਹਾਰ ਦਿੱਤਾ ਹੋਇਆ ਹੈ। ਇਸ ਸਭ ਕੁਝ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਲਈ ਅਵੱਗਿਆ ਕਰ ਚੁੱਕੇ ਹੋ। ਅਸੀਂ ਤੁਹਾਨੂੰ ਚਿਤਾਵਨੀ

ਦਿੰਦੇ ਹੋਏ 11 ਫ਼ਰਵਰੀ 1999 ਤੀਕ ਦਾ ਸਮਾਂ ਦਿੰਦੇ ਹਾਂ ਕਿ ਤੁਸੀਂ ਗੁਰਬਾਣੀ ਦੀ ਬੇਅਦਬੀ ਬੰਦ ਕਰਕੇ ਆਪਣੀ ਤਨਖ਼ਾਹ ਲੁਆਓ। ਇਹ ਤੁਹਾਡਾ ਆਖ਼ਰੀ ਮੌਕਾ ਹੋਵੇਗਾ।

ਦਸਤਖ਼ਤ: ਰਣਜੀਤ ਸਿੰਘ, ਮੋਹਣ ਸਿੰਘ
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

(*ਨੋਟ:* ਇਸ 'ਗੁਰਮਤਾ'/ਚਿਠੀ 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ)

ਪਰ 10 ਫ਼ਰਵਰੀ 1999 ਦੇ ਦਿਨ ਭਾਈ ਰਣਜੀਤ ਸਿੰਘ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਤੇ 'ਚਤਰ ਸਿੰਘ ਜੀਵਨ ਸਿੰਘ' ਦਾ ਮਾਮਲਾ ਵਿਚੇ ਰਹਿ ਗਿਆ। ਇਸ ਮਗਰੋਂ ਪੂਰਨ ਸਿੰਘ ਨੇ ਵੀ ਕੋਈ ਐਕਸ਼ਨ ਨਾ ਲਿਆ। ਆਖ਼ਰ 15 ਮਈ 2001 ਦੇ ਦਿਨ ਉਹ ਗਿਆਨੀ ਜੋਗਿੰਦਰ ਸਿੰਘ (ਵੇਦਾਂਤੀ) ਅੱਗੇ ਪੇਸ਼ ਜਾ ਹੋਏ।

ਬੀਬੀ ਅਮਰਜੀਤ ਕੌਰ ਨੂੰ ਤਨਖ਼ਾਹ

ਬੀਬੀ ਅਮਰਜੀਤ ਕੌਰ ਸਾਬਕ ਐਮ.ਪੀ., ਜਿਸ ਨੇ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੀ ਭਰਪੂਰ ਹਿਮਾਇਤ ਕੀਤੀ ਸੀ, 9 ਮਈ 1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਈ ਤੇ ਆਪਣਾ ਗੁਨਾਹ ਕਬੂਲ ਕੀਤਾ। ਭਾਈ ਰਣਜੀਤ ਸਿੰਘ ਨੇ ਉਸ ਨੂੰ ਇਕ ਹਫ਼ਤਾ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਇਕ-ਇਕ ਘੰਟਾ ਰੋਜ਼ ਝਾੜੂ ਲਾਉਣ, 11 ਹਜ਼ਾਰ ਰੁਪਏ ਗੁਰੂ ਰਾਮਦਾਸ ਸਾਹਿਬ ਦੇ ਲੰਗਰ 'ਚ ਦੇਣ ਤੇ 101/- ਰੁਪਏ ਦੀ ਦੇਗ ਕਰਵਾਉਣ ਦੀ ਤਨਖ਼ਾਹ ਲਾਈ। ਅਮਰਜੀਤ ਕੌਰ ਨੂੰ ਲਾਈ ਗਈ ਤਨਖ਼ਾਹ ਇੰਵ ਸੀ :

ਮਿਤੀ : 9-5-1998

ਹੁਕਮਨਾਮਾ

ਅੱਜ ਮਿਤੀ 9-5-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਬੀਬੀ ਅਮਰਜੀਤ ਕੌਰ ਸਾਬਕਾ ਐਮ.ਪੀ. ਦੇ ਰਾਜ ਸਭਾ ਵਿਚ ਸਾਕਾ ਨੀਲਾ ਤਾਰਾ ਸਬੰਧੀ ਦਿੱਤੇ ਬਿਆਨ ਬਾਰੇ ਭੁੱਲ ਬਖ਼ਸ਼ਾਉਣ ਬਾਰੇ ਬੇਨਤੀ ਪੱਤਰ 'ਤੇ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਇਕ ਹਫ਼ਤਾ ਇਤਿਹਾਸਕ ਗੁਰਦੁਆਰੇ ਵਿਖੇ ਇਕ-ਇਕ ਘੰਟਾ ਝਾੜੂ ਲਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਨ ਉਪਰੰਤ ਗੁਰੂ ਰਾਮਦਾਸ ਜੀ ਦੇ ਲੰਗਰ ਲਈ 11000/- (ਯਾਰਾਂ ਹਜ਼ਾਰ) ਰੁਪਏ ਜਮ੍ਹਾ ਕਰਵਾਏ ਜਾਣ ਅਤੇ 101/- (ਇਕ ਸੌ ਇਕ) ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਈ ਜਾਵੇ।"

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(*ਨੋਟ:* ਇਸ 'ਹੁਕਮਨਾਮੇ' 'ਤੇ ਵੀ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ।)

ਮਗਰੋਂ 29 ਜੂਨ 1998 ਦੇ ਦਿਨ ਸਿਮਰਨਜੀਤ ਸਿੰਘ ਮਾਨ ਨੇ ਗੁਰਚਰਨ ਸਿੰਘ ਟੌਹੜਾ ਨੂੰ ਪਟਿਆਲਾ ਨਿਰੰਕਾਰੀ ਕਾਂਡ ਵਿਚ 'ਮੁਆਫ਼' ਕਰਨ ਸਬੰਧੀ ਇਕ ਖ਼ਤ (ਭਾਈ) ਰਣਜੀਤ ਸਿੰਘ ਨੂੰ ਲਿਖਿਆ, ਜਿਸ ਵਿਚ ਉਨ੍ਹਾਂ ਨੇ ਹੋਰ ਨੁਕਤਿਆਂ ਦੇ ਨਾਲ ਇਹ ਵੀ ਲਿਖਿਆ :

ਬੀਬੀ ਅਮਰਜੀਤ ਕੌਰ ਨੂੰ ਕੇਵਲ ਇਕ ਹਫ਼ਤੇ ਦੀ ਸੇਵਾ ਬਹੁਤ ਥੋੜ੍ਹੀ ਸੇਵਾ ਹੈ। ਬੀਬੀ ਜੀ ਨੇ ਸਿੱਖ ਕੌਮ ਦੇ ਖ਼ਿਲਾਫ਼ ਜ਼ਹਿਰ ਉਗਲਿਆ ਸੀ ਅਤੇ ਮੌਜੂਦਾ ਸਰਕਾਰ ਦੀ ਸਿੱਖਾਂ ਦੀ ਨਸਲਕੁਸ਼ੀ ਵਿਚ ਸਰਕਾਰ ਦਾ ਸਾਥ ਦਿੱਤਾ ਸੀ।

ਚੇਤੇ ਰਹੇ ਕਿ ਬੀਬੀ ਅਮਰਜੀਤ ਕੌਰ ਨੇ ਤਾਂ ਦਰਬਾਰ ਸਾਹਿਬ 'ਤੇ ਹਮਲੇ ਦੀ ਸਿਰਫ਼ ਹਿਮਾਇਤ ਹੀ ਕੀਤੀ ਸੀ, ਪਰ ਸੁਰਜੀਤ ਬਰਨਾਲਾ ਨੇ ਤਾਂ ਆਪ ਹਮਲਾ ਕੀਤਾ ਸੀ। ਪਰ **ਰਣਜੀਤ ਸਿੰਘ ਦੀ ਬਰਨਾਲੇ ਨਾਲ ਏਨੀ ਦੋਸਤੀ ਸੀ ਕਿ ਉਸ ਨੂੰ ਸਜ਼ਾ ਤਾਂ ਕੀ ਦੇਣੀ, ਉਹ ਤਾਂ ਬਰਨਾਲੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਘੰਟਾ ਘਰ ਦੇ ਬਾਹਰ ਖੜ੍ਹੀ ਉਸ ਦੀ ਕਾਰ ਤਕ ਛੱਡਣ ਆਉਣਾ ਵੀ ਪਸੰਦ ਕਰਦਾ ਸੀ।**

ਹਰਨਾਮ ਸਿੰਘ (ਨੌਸ਼ਹਿਰਾ ਮੱਝਾ ਸਿੰਘ) ਬਾਰੇ 'ਹੁਕਮਨਾਮਾ'

9 ਮਈ ਨੂੰ ਹੀ ਡੇਰਾ ਹਰਨਾਮ ਸਿੰਘ ਨੌਸ਼ਹਿਰਾ ਮੱਝਾ ਸਿੰਘ (ਬਟਾਲਾ) ਵਿਚ ਡੇਰੇਦਾਰ ਹਰਨਾਮ ਸਿੰਘ ਦੀ ਮਿਰਤਕ ਦੇਹ ਦੇ ਨੇੜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਬਾਰੇ ਰਣਜੀਤ ਸਿੰਘ ਨੇ ਹੁਕਮਨਾਮਾ ਜਾਰੀ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮ੍ਰਿਤਕ ਦੇਹ ਵਾਲੀ ਜਗ੍ਹਾ ਤੋਂ ਦੂਰ ਵੱਖਰੀ ਈਮਾਰਤ ਵਿਚ ਕੀਤਾ ਜਾਵੇ।[32] ਇਸ ਤੋਂ ਇਲਾਵਾ ਦੇਹ ਵਾਲੀ ਈਮਾਰਤ ਤੋਂ ਗੁੰਬਦ ਹਟਾ ਦਿੱਤਾ ਜਾਵੇ। ਇਹ ਗੁੰਬਦ ਸਿਰਫ਼ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਾਲੀ ਈਮਾਰਤ ਦੇ ਉੱਪਰ ਹੀ ਹੋਵੇ। (ਭਾਈ) ਰਣਜੀਤ ਸਿੰਘ ਦਾ 'ਹੁਕਮਨਾਮਾ' ਇੰਞ ਸੀ:

ਮਿਤੀ: 9-5-1998

ਹੁਕਮਨਾਮਾ

ਅੱਜ ਮਿਤੀ 9-5-98 ਨੂੰ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਗੁਰਦੁਆਰਾ ਡੇਰਾ ਸੰਤ ਹਰਨਾਮ ਸਿੰਘ ਨੌਸ਼ਹਿਰਾ ਮੱਝਾ ਸਿੰਘ ਤਹਿਸੀਲ ਬਟਾਲਾ ਵਿਖੇ ਸੰਤ ਹਰਨਾਮ ਸਿੰਘ ਦੀ ਮ੍ਰਿਤਕ ਦੇਹ ਦੇ ਨਜ਼ਦੀਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਕ ਹੀ ਛੱਤ ਹੇਠ ਕੀਤੇ ਹੋਣ ਦੇ ਚੱਲ ਰਹੇ ਵਾਦ-ਵਿਵਾਦ 'ਤੇ ਵਿਆਪਕ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤੁਰੰਤ ਇਸ ਈਮਾਰਤ ਤੋਂ ਕੁਝ ਕਦਮ ਦੂਰ ਉਸਾਰੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ਮਾਨ ਕੀਤਾ ਜਾਵੇ।

ਇਕ ਮਹੀਨੇ ਦੇ ਅੰਦਰ-ਅੰਦਰ ਇਸ ਈਮਾਰਤ (ਜਿਸ ਵਿਚ ਸੰਤ ਹਰਨਾਮ ਸਿੰਘ ਦੀ ਮ੍ਰਿਤਕ ਦੇਹ ਹੈ) ਤੋਂ ਮੁੱਖ ਗੁੰਬਦ ਹਟਾ ਦਿੱਤਾ ਜਾਵੇ।

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੀ ਗੁਰਦੁਆਰਾ ਸਾਹਿਬ ਦੀ ਈਮਾਰਤ ਨੂੰ ਛੇਤੀ ਤੋਂ ਛੇਤੀ ਸਿੱਖ ਪ੍ਰੰਪਰਾ ਅਨੁਸਾਰ ਖ਼ੂਬਸੂਰਤ ਸਰੂਪ ਦਿੱਤਾ ਜਾਵੇ। ਜਿਸ ਤੋਂ ਦੇਹਧਾਰੀ ਗੁਰੂ ਡੰਭ ਦੀ ਬਜਾਏ ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਨ ਸਤਿਕਾਰ ਦਾ ਪ੍ਰਭਾਵ ਪ੍ਰਗਟ ਹੋਵੇ।

ਅਕਾਲ ਤਖ਼ਤ ਸਾਹਿਬ ਜੀ ਦੇ ਉਪਰੋਕਤ ਆਦੇਸ਼ ਦੀ ਪਾਲਣਾ ਕਰਨ ਵਾਸਤੇ ਭਗਵਾਨ ਸਿੰਘ ਅਤੇ ਟ੍ਰਸਟੀ, ਮਾਤਾ ਤੇਜ ਕੌਰ ਸਰਾਂ ਨਾਲ ਸਬੰਧਤ ਸਾਰੇ ਟ੍ਰਸਟੀ ਪੂਰਨ ਤੌਰ 'ਤੇ ਜ਼ਿੰਮੇਵਾਰ ਤੇ ਜਵਾਬਦੇਹ ਹੋਣਗੇ।"

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਨੋਟ: ਇਸ 'ਹੁਕਮਨਾਮੇ' 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ।)

---

32. ਕੀ ਸਿੱਖੀ ਵਿਚ ਇਹੋ ਜਿਹੀ 'ਸਮਾਧ' ਬਣਾਉਣ ਦੀ ਇਜਾਜ਼ਤ ਹੈ? ਕੀ ਅਜਿਹੀ ਥਾਂ ਦੇ ਨੇੜੇ ਜਾਂ ਦੁਆਲੇ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾ ਸਕਦਾ ਹੈ? ਇਨ੍ਹਾਂ ਸਵਾਲਾਂ ਦਾ (ਭਾਈ) ਰਣਜੀਤ ਸਿੰਘ ਦੇ 'ਹੁਕਮਨਾਮੇ' ਵਿਚ ਕੋਈ ਜ਼ਿਕਰ ਨਹੀਂ ਸੀ।

9 ਮਈ ਨੂੰ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਕੰਨਾ, ਲਗ, ਬਿੰਦੀ ਵਗ਼ੈਰਾ ਦੀਆਂ 'ਦਰੁਸਤੀਆਂ' ਕਰ ਕੇ ਬੀੜ ਤਿਆਰ ਕਰਨ ਵਾਲੇ ਮੋਤਾ ਸਿੰਘ, ਦਰਸ਼ਨ ਸਿੰਘ, ਸੁਰਜੀਤ ਸਿੰਘ, ਮਹਿੰਦਰ ਸਿੰਘ, ਗੁਰਮੇਲ ਸਿੰਘ ਅਤੇ ਅਮਰ ਸਿੰਘ ਨੂੰ ਇਹ ਤਨਖ਼ਾਹ ਲਾਈ ਗਈ :

ਮਿਤੀ : 9-5-1998

ਹੁਕਮਨਾਮਾ

ਅੱਜ ਮਿਤੀ 9-5-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਭਾਈ ਆਤਮਾ ਸਿੰਘ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਜਥੇਦਾਰ ਮੋਤਾ ਸਿੰਘ, ਭਾਈ ਦਰਸ਼ਨ ਸਿੰਘ, ਜਥੇਦਾਰ ਸੁਰਜੀਤ ਸਿੰਘ, ਭਾਈ ਮਹਿੰਦਰ ਸਿੰਘ, ਸ: ਗੁਰਮੇਲ ਸਿੰਘ, ਸ: ਅਮਰ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਗ, ਕੰਨਾ, ਮਾਤਰਾ, ਬਿੰਦੀ ਲਾਉਣ ਜਾਂ ਹਟਾਉਣ ਸਬੰਧੀ ਅਤੇ ਨਾਲ ਹੀ ਇਸ ਜਥੇ ਵੱਲੋਂ ਆਪਣੇ ਤਰੀਕੇ ਨਾਲ ਬਣਾਈ ਹੋਈ ਅਰਦਾਸ ਜੋ ਕਿ ਗੁਰ-ਮਰਿਆਦਾ ਦੇ ਉਲਟ ਸੀ, ਬਾਰੇ ਵਿਚਾਰ ਹੋਈ। ਉਪਰੋਕਤ ਸਿੰਘਾਂ ਨੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣੀ ਗ਼ਲਤੀ ਨੂੰ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਅਤੇ ਵਚਨ ਦਿੱਤਾ ਕਿ ਅੱਗੇ ਤੋਂ ਇਹ ਜਥਾ ਪੰਥ ਪ੍ਰਵਾਨਤ ਰਹਿਤ ਮਰਿਆਦਾ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਦੀ ਸੇਵਾ ਕਰੇਗਾ। ਪੰਜ ਸਿੰਘ ਸਾਹਿਬਾਨ ਵੱਲੋਂ ਇਹ ਸੇਵਾ ਲਾਈ ਜਾਂਦੀ ਹੈ :

ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਪੰਜ ਦਿਨ ਇਕ ਇਕ ਘੰਟਾ ਸੰਗਤਾਂ ਦੇ ਜੋੜੇ ਸਾਫ਼ ਕਰਨੇ ਅਤੇ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਲਾਈ ਜਾਂਦੀ ਹੈ। ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ 101/- (ਇਕ ਸੌ ਇਕ) ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਅਰਦਾਸ ਕਰਵਾਈ ਜਾਵੇ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਨੋਟ : ਇਸ 'ਹੁਕਮਨਾਮੇ' 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ।)

ਗੁਰਚਰਨ ਸਿੰਘ ਟੌਹੜਾ ਦਾ ਨਿਰੰਕਾਰੀ ਸਮਾਗਮ ਵਿਚ ਜਾਣਾ

ਫ਼ਰਵਰੀ 1998 ਵਿਚ ਭਾਰਤੀ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ। ਇਸ ਚੋਣਾਂ ਵਿਚ ਪਟਿਆਲੇ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਅਕਾਲੀ ਦਲ (ਬਾਦਲ-ਟੌਹੜਾ) ਦਾ ਉਮੀਦਵਾਰ ਸੀ, ਜੋ ਉਨ੍ਹੀਂ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਬਹੁਤ ਨੇੜੇ ਸੀ। ਟੌਹੜਾ ਨੇ ਚੰਦੂਮਾਜਰਾ ਵਾਸਤੇ ਵੋਟਾਂ ਮੰਗਣ ਲਈ ਨਿਰੰਕਾਰੀਆਂ ਦਾ ਬੂਹਾ ਵੀ ਖੜਕਾਇਆ। 10 ਜੂਨ 1978 ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਮੁਤਾਬਿਕ ਇਕ ਸਿੱਖ ਕਿਸੇ ਨਿਰੰਕਾਰੀ ਨਾਲ ਕੋਈ ਸਾਂਝ ਨਹੀਂ ਰੱਖ ਸਕਦਾ ਤੇ ਵੋਟਾਂ ਮੰਗਣ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਪਰ ਗੁਰਚਰਨ ਸਿੰਘ ਟੌਹੜਾ ਨੇ ਇਸ ਹੁਕਮਨਾਮੇ ਦੀ ਪਰਵਾਹ ਨਾ ਕਰਦਿਆਂ ਹੋਇਆਂ, ਪਟਿਆਲੇ ਦੇ ਨਿਰੰਕਾਰੀਆਂ ਨਾਲ ਗਲਬਾਤ ਕਰ ਲਈ। ਉਹ 15 ਫ਼ਰਵਰੀ 1998 ਦੇ ਦਿਨ ਸਵੇਰੇ ਸਾਢੇ ਯਾਰ੍ਹਾਂ ਵਜੇ ਪੁਸ਼ਪਿੰਦਰ ਬਾਂਸਲ ਦੀ ਦੁਕਾਨ 'ਤੇ ਗਿਆ। ਆਪਣੀ ਪੁਲਿਸ ਸਕਿਊਰਿਟੀ ਨੂੰ ਉਸ ਦੀ ਦੁਕਾਨ 'ਤੇ ਛੱਡ ਕੇ ਉਹ ਬਾਂਸਲ ਨਾਲ ਨਿਰੰਕਾਰੀ ਭਵਨ (ਟੀ.ਬੀ. ਹਸਪਤਾਲ ਦੇ ਸਾਹਮਣੇ) ਪੌਣੇ ਬਾਰ੍ਹਾਂ ਵਜੇ ਪੁੱਜ ਗਿਆ। ਉਸ ਵੇਲੇ ਨਿਰੰਕਾਰੀ ਭਵਨ ਵਿਚ ਉਨ੍ਹਾਂ ਦਾ

ਕੋਈ ਸਮਾਗਮ ਹੋ ਰਿਹਾ ਸੀ। ਟੌਹੜੇ ਨੇ ਉੱਥੇ ਜਾ ਕੇ ਹੱਥ ਜੋੜ ਕੇ ਸਿਰ ਨਿਵਾਇਆ ਅਤੇ ਬੈਠ ਗਿਆ। ਪੰਜ ਸੱਤ ਮਿੰਟ ਬੈਠਣ ਮਗਰੋਂ ਉਹ ਉਠਿਆ ਤੇ ਕਿਹਾ, "ਮੇਰੀ ਹਾਜ਼ਰੀ ਪ੍ਰਵਾਨ ਕਰੋ ਮੈਂ ਜਲਦੀ ਵਿਚ ਹਾਂ।" ਇਸ 'ਤੇ ਜੋਗਿੰਦਰ ਥਿੰਦ ਨੇ ਕਿਹਾ ਕਿ "ਪ੍ਰਵਚਨ ਦੋ ਕੁ ਮਿੰਟ ਵਿਚ ਮੁਕ ਜਾਵੇਗਾ। ਅਜੇ ਬੈਠ ਜਾਓ।" ਇਸ 'ਤੇ ਟੌਹੜਾ ਫਿਰ ਬੈਠ ਗਿਆ। 'ਪ੍ਰਵਚਨ' ਮਗਰੋਂ ਥਿੰਦ ਨੇ ਕਿਹਾ, "ਮੈਂ ਨਿਮਾਣਾ ਜਿਹਾ ਮਨੁੱਖ ਅੱਜ ਕੁਝ ਨਹੀਂ ਬੋਲ ਸਕਦਾ, ਕਿਉਂਕਿ ਪੰਥ ਦੀ ਮਹਾਨ ਹਸਤੀ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਸਤਿਸੰਗ ਵਿਚ ਬਿਰਾਜਮਾਨ ਹਨ, ਕੇਵਲ ਸ੍ਰੀ ਰਾਮ ਲਾਲ ਟੌਹੜਾ ਸਾਹਿਬ ਨੂੰ ਸਿਰੋਪਾ ਦੇਣਗੇ।" ਇਸ ਮਗਰੋਂ ਰਾਮ ਲਾਲ ਨੇ ਟੌਹੜਾ ਦੇ ਗਲ ਵਿਚ ਇਕ ਚਿੱਟਾ ਪਰਨਾ ਪਾ ਦਿੱਤਾ। ਇਸ ਪੰਦਰਾਂ ਮਿੰਟ ਦੀ ਮੁਖ਼ਤਸਰ (ਸੰਖੇਪ) ਕਾਰਵਾਈ ਮਗਰੋਂ ਜਥੇਦਾਰ ਟੌਹੜਾ ਫੇਰ ਬਾਂਸਲ ਦੀ ਦੁਕਾਨ 'ਤੇ ਚਲਾ ਗਿਆ ਅਤੇ ਉੱਥੋਂ ਸਕਿਉਰਿਟੀ ਨਾਲ ਗੁਰਦੁਆਰਾ ਦੂਖ ਨਿਵਾਰਨ ਜਾ ਪੁੱਜਾ। ਦੂਖ ਨਿਵਾਰਨ ਜਾ-ਕੇ ਟੌਹੜਾ ਏ.ਸੀ. ਕਮਰੇ ਵਿਚ ਜਾ ਬੈਠਾ। ਇਸ ਤੋਂ ਕੁਝ ਚਿਰ ਮਗਰੋਂ ਡਾ. ਬਲਕਾਰ ਸਿੰਘ ਵੀ ਉੱਥੇ ਆ ਗਿਆ। ਉਸ ਨਾਲ ਟੌਹੜੇ ਦੀ ਗੱਲਬਾਤ ਹੋਈ ਤਾਂ ਉਸ ਨੇ ਟੌਹੜਾ ਨੂੰ ਇਕਦਮ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਭੁੱਲ ਬਖ਼ਸ਼ਾਉਣ ਦੀ ਸਲਾਹ ਦਿੱਤੀ। ਇਸ ਮਗਰੋਂ ਟੌਹੜਾ ਨਿੰਮੂਝਣਾ ਜਿਹਾ ਹੋ ਕੇ ਦੋ ਕੁ ਘੰਟੇ ਇਸ ਕਮਰੇ ਵਿਚ ਬੰਦ ਰਿਹਾ।

ਅਗਲੇ 50 ਦਿਨ ਇਸ ਮਾਮਲੇ ਨੂੰ ਕਿਸੇ ਨੇ ਨਾ ਚੁੱਕਿਆ, ਕਿਉਂਕਿ ਇਸ ਦਾ ਧੂੰ ਤਕ ਨਹੀਂ ਸੀ ਨਿਕਲਿਆ। ਇਨ੍ਹਾਂ ਦਿਨਾਂ ਵਿਚ ਨਿਰੰਕਾਰੀਆਂ ਨੇ ਟੌਹੜੇ ਨੂੰ ਮਿਲ ਕੇ 10 ਜੂਨ 1978 ਦਾ 'ਹੁਕਮਨਾਮਾ' ਵਾਪਿਸ ਕਰਵਾਉਣ ਵਾਸਤੇ ਪਹੁੰਚ ਕੀਤੀ, ਪਰ ਟੌਹੜੇ ਵਿਚ ਏਨੀ ਜੁਰਅਤ ਨਹੀਂ ਸੀ ਕਿ ਉਹ ਉਨ੍ਹਾਂ ਦੀ ਮਦਦ ਕਰ ਸਕਦਾ। ਨਿਰੰਕਾਰੀਆਂ ਨੇ ਦੋ ਤਿੰਨ ਵਾਰ ਟੌਹੜੇ ਤਕ ਪਹੁੰਚ ਕੀਤੀ। ਅਜਿਹਾ ਜਾਪਦਾ ਹੈ ਕਿ ਜਾਂ ਤਾਂ ਟੌਹੜੇ ਨੇ ਨਿਰੰਕਾਰੀਆਂ ਤੋਂ ਵੋਟਾਂ ਮੰਗਣ ਵੇਲੇ ਇਹੋ-ਜਿਹਾ ਕੋਈ ਇਸ਼ਾਰਾ ਜਿਹਾ ਕੀਤਾ ਹੋਵੇਗਾ ਜਾਂ ਕਿਸੇ ਵਿਚੋਲੇ ਨੇ ਵਾਅਦਾ ਕਰ ਦਿੱਤਾ ਹੋਵੇਗਾ ਤੇ ਜਾਂ ਨਿਰੰਕਾਰੀ ਟੌਹੜੇ ਦੇ ਨਿਰੰਕਾਰੀ ਭਵਨ ਜਾਣ ਦਾ ਨਾਜਾਇਜ਼ ਫ਼ਾਇਦਾ ਉਠਾਉਣਾ ਚਾਹੁੰਦੇ ਹੋਣਗੇ। ਸੋ ਜਦ ਟੌਹੜੇ ਨੇ 10 ਜੂਨ 1978 ਦੇ ਹੁਕਮਨਾਮੇ ਬਾਰੇ ਹੱਥ ਖੜੇ ਕਰ ਦਿੱਤੇ ਤਾਂ ਉਨ੍ਹਾਂ ਨੇ ਟੌਹੜੇ ਦੀ ਨਿਰੰਕਾਰੀ ਭਵਨ ਫੇਰੀ ਬਾਰੇ ਤਫ਼ਸੀਲ ਅਤੇ ਤਸਵੀਰਾਂ ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੀਆਂ ਹੋ ਸਕਦੀਆਂ ਹਨ।

10 ਅਪਰੈਲ 1998 ਦੇ ਦਿਨ ਅਮਰਿੰਦਰ ਸਿੰਘ ਨੇ ਸ਼ਰੇਆਮ ਦੋਸ਼ ਲਾਇਆ ਕਿ ਟੌਹੜਾ 15 ਫ਼ਰਵਰੀ 1998 ਦਿਨ ਪਟਿਆਲਾ ਦੇ ਨਿਰੰਕਾਰੀ ਭਵਨ ਗਿਆ ਸੀ। ਅਗਲੇ ਦਿਨ ਟੌਹੜਾ ਨੇ ਇਸ ਦੀ ਤਰਦੀਦ ਨਾ ਕੀਤੀ, ਬਲਕਿ ਨਿਰੰਕਾਰੀਆਂ ਦਾ ਮਸਲਾ ਹੱਲ ਕਰਨ ਬਾਰੇ ਹਿਮਾਇਤ ਦਾ ਇਜ਼ਹਾਰ ਕੀਤਾ। ਟੌਹੜੇ ਨੇ ਇਹ ਵੀ ਕਿਹਾ, "ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ, ਹਰੇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਵੋਟਰਾਂ ਤਕ ਪਹੁੰਚ ਕਰਦੀ ਹੈ, ਕਾਂਗਰਸ ਵਾਲਿਆਂ ਨੇ ਪਹਿਲਾਂ ਹਮੇਸ਼ਾ ਹੀ ਨਿਰੰਕਾਰੀਆਂ ਦੀ ਵੋਟ ਨੂੰ ਆਪਣੀ ਇਜਾਰੇਦਾਰੀ ਬਣਾਈ ਰੱਖਿਆ ਸੀ।"[33]

---

33. *ਅਜੀਤ*, 13 ਅਪਰੈਲ 1978.

ਟੌਹੜੇ ਦੀ ਨਿਰੰਕਾਰੀ ਭਵਨ ਫੇਰੀ ਨੂੰ ਅਮਰਿੰਦਰ ਸਿੰਘ ਨੇ ਸਿਰਫ਼ ਬਿਆਨਾਂ ਤਕ ਹੀ ਮਹਿਦੂਦ ਨਹੀਂ ਰੱਖਿਆ, ਬਲਕਿ ਉਸ ਨੇ 14 ਅਪਰੈਲ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੂੰ ਇਕ ਵੱਡੀ ਚਿੱਠੀ ਲਿਖ ਕੇ ਗੁਰਚਰਨ ਸਿੰਘ ਟੌਹੜਾ ਨੂੰ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕਰਨ ਵਾਸਤੇ ਆਖਿਆ। ਅਮਰਿੰਦਰ ਸਿੰਘ ਵੱਲੋਂ ਲਿਖੀ ਚਿੱਠੀ ਇੰਵ ਸੀ[34] :

ੴ ਵਾਹਿਗੁਰੂ ਜੀ ਕੀ ਫ਼ਤਹਿ

ਪਾਵਨ ਸੇਵਾ ਵਿਖੇ 14 ਅਪਰੈਲ 1998

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਅਕਾਲ ਤਖ਼ਤ ਸਾਹਿਬ,
ਪਰਮ ਕਿਰਪਾਲੂ ਜੀਉ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

'ਮਹਾਂਪੁਰਖ ਸਾਖੀ ਬੋਲਦੇ ਸਾਂਝੀ ਸਰਬ ਜਹਾਨੇ' ਭਾਵ ਮਹਾਂਪੁਰਖਾਂ ਦੀ ਸਿੱਖਿਆ ਸਾਰੇ ਸਮਿਆਂ 'ਤੇ ਲੋਕਾਂ ਲਈ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੇ ਬ੍ਰਹਮਗਿਆਨੀ ਮਹਾਂਪੁਰਖਾਂ, ਸੂਫ਼ੀ ਸੰਤਾਂ, ਹਿੰਦੂ ਭਗਤਾਂ ਤੇ ਹੋਰਨਾਂ ਭਗਤ ਜਨਾਂ ਦੀ ਬਾਣੀ ਦਰਜ ਹੈ। ਇਹ ਸਰਬ ਸਾਂਝੀ ਗੁਰਬਾਣੀ ਮਾਨਵ ਕਲਿਆਣੀ ਚਾਨਣ ਮੁਨਾਰਾ ਹੈ। ਕਾਸ਼ ਸਿੱਖ ਲੀਡਰਸ਼ਿਪ ਮਾਨਵ ਕਲਿਆਣੀ ਮਹਾਂਪੁਰਖਾਂ ਦੇ ਇਸ ਗਿਆਨ ਦੇ ਪ੍ਰਕਾਸ਼ ਨੂੰ ਸਾਰੇ ਜਗਤ ਵਿਚ ਫੈਲਾਉਂਦੀ ਤਾਂ ਜਗਤ ਦਾ ਨਕਸ਼ਾ ਕੁਝ ਹੋਰ ਹੁੰਦਾ ਤੇ ਮਨੁੱਖਤਾ ਦਾ ਮੁਕੱਦਰ ਕੁਝ ਹੋਰ ਹੁੰਦਾ। ਪਰ ਅਫ਼ਸੋਸ ਕਿ ਪਿਛਲੇ 25 ਸਾਲਾਂ ਤੋਂ ਬਾਦਲ, ਟੌਹੜਾ ਦੇ ਆਪਸੀ ਗੱਠਜੋੜ ਤੇ ਦੋਗਲੀ ਨੀਤੀ ਪੰਥ ਤੇ ਪੰਜਾਬ ਲਈ ਘਾਤਕ ਸਿੱਧ ਹੋਈ ਹੈ, ਜਿਵੇਂ ਕਿ :

28-9-1979 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਾਵਨ ਸੇਵਾ ਵਿਖੇ 14 ਪੰਨਿਆਂ 'ਤੇ ਆਧਾਰਿਤ ਇਕ ਬੇਨਤੀ ਪੱਤਰ ਪੇਸ਼ ਕੀਤਾ ਸੀ, ਜਿਸ ਵਿਚ ਉਨ੍ਹਾਂ ਨੇ ਜਨਸੰਘ ਤੇ ਆਰ.ਐਸ.ਐਸ. ਭਾਵ ਭਾਰਤੀ ਜਨਤਾ ਪਾਰਟੀ ਨੂੰ ਪੰਥ ਦੁਸ਼ਮਣ ਜਮਾਤ ਗਰਦਾਨਿਆ ਤੇ ਸ੍ਰੀ ਬਾਦਲ 'ਤੇ ਕੁਨਬਾ-ਪਰਵਰੀ, ਪਰਿਵਾਰਕ ਰਾਜ ਦਾ ਧਾਰਨੀ, ਖਾਲਸਾ ਪੰਥ ਨੂੰ ਫ਼ਿਰਕੂ ਹਿੰਦੂਆਂ ਦੇ ਗ਼ੁਲਾਮ ਬਨਾਉਣ ਲਈ ਪੱਕੇ ਬਾਨਣੂੰ ਬੰਨ੍ਹਣ ਵਾਲਾ, ਵਰਕਰਾਂ, ਧਾਰਮਿਕ ਤੇ ਰਾਜਸੀ ਪ੍ਰਤੀਨਿਧਾਂ ਦੇ ਇਮਾਨ ਨੂੰ ਕੁਰਪਟ ਕਰਨ ਵਾਲਾ, ਮਾਰੂ ਗੁੱਟਬੰਦੀ ਦੇ ਕੋਝੇ ਤੇ ਘਿਨਾਉਣੇ ਯਤਨਾਂ ਵਿਚ ਇਮਾਨ ਰੱਖਣ ਵਾਲਾ, ਪੰਥਕ ਉਮੀਦਵਾਰਾਂ ਨੂੰ ਹਰਾਉਣ ਵਾਲਾ, ਹਰ ਪੱਧਰ ਦੀ ਕੁਰਪੱਸ਼ਨ ਕਰਨ ਵਾਲਾ ਤੇ ਕਾਲੇ ਧਨ ਦਾ ਭੰਡਾਰੀ ਹੋਣ ਦੇ ਗੰਭੀਰ ਦੋਸ਼ ਲਾਏ ਸਨ। ਅੱਜ ਉਹ ਹੀ ਜਥੇਦਾਰ ਟੌਹੜਾ ਆਪਣੀ ਪ੍ਰਧਾਨਗੀ ਨੂੰ ਬਚਾਉਣ ਲਈ ਸ: ਬਾਦਲ ਨੂੰ ਇਮਾਨਦਾਰ ਦਿਆਨਤਦਾਰ ਤੇ ਪੰਥ-ਹਿਤੈਸ਼ੀ ਕਹਿ ਰਹੇ ਹਨ ਅਤੇ ਰਾਜਸੀ ਹਵਸ ਦੀ ਪੂਰਤੀ ਲਈ 'ਪੰਥ ਦੁਸ਼ਮਣ ਜਮਾਤਾਂ' ਭਾਰਤੀ ਜਨਤਾ ਪਾਰਟੀ ਦੇ ਪੰਜਾਬ ਤੇ ਕੇਂਦਰ ਵਿਚ ਭਾਈਵਾਲ ਬਣੇ ਬੈਠੇ ਹਨ (ਜਥੇਦਾਰ ਟੌਹੜਾ ਦੇ ਬੇਨਤੀ ਪੱਤਰ ਦੀ ਕਾਪੀ ਨਾਲ ਨੱਥੀ ਹੈ) ਵੇਖੋ : ਇਸ ਕਿਤਾਬ ਦਾ ਦਸਤਾਵੇਜ਼ੀ ਸੈਕਸ਼ਨ।

ਸਿੱਖ ਇਤਿਹਾਸ ਵਿਚ ਦੋ ਹੀ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ। ਪਹਿਲੀ ਜਦੋਂ ਧੀਰਮੱਲੀਆਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ 'ਤੇ ਮਾਰੂ ਹਮਲਾ ਕੀਤਾ। ਦੂਜਾ ਪੰਥ ਦੀ

---

34. ਕੁਲਬੀਰ ਸਿੰਘ ਕੌੜਾ, *ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਐਡੀਸ਼ਨ ਅਗਸਤ 2003, ਸਫ਼ੇ 154-157.

ਬਣਾਈ ਸਰਕਾਰ ਬਰਨਾਲਾ ਜੁੰਡਲੀ ਨੇ ਗੁਰੂ ਘਰ 'ਤੇ ਪੁਲਿਸ ਧਾਵਾ ਬੋਲਿਆ। ਉਸ ਸਮੇਂ ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਸਿੱਖ ਸੰਗਤਾਂ ਨੂੰ ਵੰਗਾਰ ਦਿੱਤੀ ਕਿ ਜਿਸ ਤਰ੍ਹਾਂ ਸਿੱਖ ਸੰਗਤਾਂ ਨੇ ਗੁਰੂ ਸਾਹਿਬ 'ਤੇ ਕੀਤੇ ਮਾਰੂ ਹਮਲੇ ਦੇ ਦੋਸ਼ ਲਈ ਧੀਰਮੱਲੀਆਂ ਨੂੰ ਸਦਾ ਲਈ ਦੁਰਕਾਰ ਦਿੱਤਾ ਸੀ, ਓਸੇ ਤਰ੍ਹਾਂ ਹੀ **ਸਿੱਖ ਜਗਤ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਦੇ ਬੱਜਰ ਪਾਪ ਲਈ ਬਰਨਾਲਾ ਜੁੰਡਲੀ ਨੂੰ ਸਦਾ ਲਈ ਫਟਕਾਰ ਦੇਵੇ, ਪਰ ਓਸੇ ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਗੁਰੂ ਘਰ 'ਤੇ ਧਾਵਾ ਕਰਨ ਵਾਲੀ ਬਰਨਾਲਾ ਜੁੰਡਲੀ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੇ ਕੇ ਸਨਮਾਨਿਆ।**

ਪੰਜਾਬ ਦੇ ਦਰਿਆਵਾਂ ਦੇ ਪਾਣੀ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਪ੍ਰਾਪਤੀ ਤੇ ਪੰਜਾਬ ਨੂੰ ਸਮਾਨਤਾ ਤੇ ਸੁਤੰਤਰਤਾ ਦਾ ਭਾਈਵਾਲ ਬਨਾਉਣ ਲਈ ਧਰਮਯੁੱਧ ਮੋਰਚਾ ਲਾ ਕੇ, ਖ਼ਾਲਿਸਤਾਨ ਦੇ ਮਤੇ ਪਾਸ ਕਰ ਕੇ, ਭਾਰਤੀ ਵਿਧਾਨ ਨੂੰ ਸਾੜ ਕੇ, ਸਿੱਖ ਜੁਆਨੀ ਨੂੰ ਭੜਕਾਇਆ। ਇਹ ਆਮ ਕਹਾਵਤ ਹੈ ਕਿ ਜਵਾਨੀ ਨੂੰ ਵਿਚਾਰ ਚੁਕਾ ਦਿਓ, ਉਹ ਆਪੇ ਹਥਿਆਰ ਚੁੱਕ ਲੈਣਗੇ। ਬਾਦਲ-ਟੌਹੜਾ ਦੇ ਭੜਕਾਊ ਵਿਚਾਰਾਂ ਨੇ ਸਿੱਖ ਜੁਆਨੀ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰ ਦਿੱਤਾ। ਜਿਸ ਕਾਰਨ ਪੰਥ ਤੇ ਪੰਜਾਬ ਲਹੂ-ਲੁਹਾਨ ਹੋਇਆ। ਅੱਜ ਪੰਜਾਬ ਤੇ ਕੇਂਦਰ ਵਿਚ ਅਕਾਲੀ-ਭਾਜਪਾ ਸਾਂਝੀਆਂ ਸਰਕਾਰਾਂ ਚੱਲ ਰਹੀਆਂ ਹਨ। **ਹਰ ਪ੍ਰਦੇਸ਼ਕ ਪਾਰਟੀ ਆਪਣੇ ਪ੍ਰਦੇਸ਼ ਦੀਆਂ ਮੰਗਾਂ ਪੂਰੀਆਂ ਕਰਾਉਣ ਲਈ ਵਚਨਬੱਧ ਹੈ ਤੇ ਤਤਪਰ ਹੈ। ਕੇਵਲ ਅਕਾਲੀ ਦਲ ਹੀ ਇਕ ਅਜਿਹੀ ਪਾਰਟੀ ਹੈ, ਜਿਸ ਦੇ ਲੀਡਰ ਸ: ਬਾਦਲ ਤੇ ਜਥੇਦਾਰ ਟੌਹੜਾ ਪੰਜਾਬ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਕੇ ਸਿਰਫ਼ ਤੇ ਸਿਰਫ਼ ਵਜ਼ੀਰੀਆਂ ਪ੍ਰਾਪਤ ਕਰਨ ਲਈ ਹੀ ਤੱਤਪਰ ਹਨ।**

ਸ: ਬਾਦਲ ਤੇ ਜਥੇਦਾਰ ਟੌਹੜਾ ਨੇ ਪੁਲਿਸ ਅਤਿਆਚਾਰ ਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਉਠਾ ਕੇ 'ਕਾਂਗਰਸ ਹਰਾਓ, ਪੰਜਾਬ ਬਚਾਓ' ਦੇ ਨਾਅਰੇ 'ਤੇ 1996, 1997 ਤੇ 1998 ਦੀਆਂ ਚੋਣਾਂ ਜਿੱਤੀਆਂ। ਅੱਜ ਇਨ੍ਹਾਂ ਦੇ ਹੀ ਰਾਜ ਭਾਗ ਵਿਚ ਪੰਜਾਬ ਵਿਚ ਹਰ ਰੋਜ਼ ਬਲਾਤਕਾਰ ਹੋ ਰਹੇ ਹਨ, ਧੀਆਂ ਭੈਣਾਂ ਗੁੰਮ ਹੋ ਰਹੀਆਂ ਹਨ, ਪੁਲਿਸ ਥਾਣਿਆਂ ਵਿਚ ਬੀਬੀਆਂ ਨੂੰ ਬੇਪਰਦ ਕੀਤਾ ਜਾ ਰਿਹਾ ਹੈ, ਪੁਲਿਸ ਤਸ਼ੱਦਦ ਜ਼ੋਰਾਂ 'ਤੇ ਹੈ ਤੇ ਭ੍ਰਿਸ਼ਟਾਚਾਰ ਸਿਖਰਾਂ ਨੂੰ ਛੋਹ ਰਿਹਾ ਹੈ। ਅੱਜ ਪੰਜਾਬ ਵਿਚ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਨਹੀਂ। ਕਿਸਾਨਾਂ ਦੇ ਮਸੀਹਾ ਅਖਵਾਉਣ ਵਾਲੇ ਲੀਡਰਾਂ ਦੇ ਰਾਜ ਵਿਚ ਕਿਸਾਨ ਦੀ ਫ਼ਸਲ ਨੂੰ ਲੁੱਟਿਆ ਜਾ ਰਿਹਾ ਹੈ। ਜੁਆਨੀ ਬੇਰੁਜ਼ਗਾਰੀ ਦਾ ਸ਼ਿਕਾਰ ਹੈ, ਜਦੋਂ ਕਿ ਬੁਢਾਪਾ ਪੈਨਸ਼ਨ ਨੂੰ ਤਰਸ ਰਿਹਾ ਹੈ। ਲੋਕਰਾਜ ਦੀ ਥਾਂ ਪਰਿਵਾਰਕ ਰਾਜ ਸਥਾਪਤ ਕਰਨ ਲਈ ਰਸਤਾ ਸਾਫ਼ ਕੀਤਾ ਜਾ ਰਿਹਾ ਹੈ।

ਪਰਮ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ ਜੀਓ, ਆਪ ਭਲੀ-ਭਾਤ ਜਾਣੂ ਹੋ ਕਿ 13 ਅਪਰੈਲ 1978 ਨੂੰ ਵਿਸਾਖੀ ਵਾਲੇ ਦਿਹਾੜੇ ਘਟੀ ਮੰਦਭਾਗੀ ਘਟਨਾ ਕਾਰਨ 10 ਜੂਨ 1978 ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ। 1998 ਦੀਆਂ ਲੋਕ ਸਭਾ ਚੋਣਾ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਰੰਕਾਰੀ ਭਵਨ ਜਾ ਕੇ, ਸਤਿਸੰਗ ਵਿਚ ਹਾਜ਼ਿਰ ਹੋ ਕੇ, ਸਿਰੋਪਾਓ ਪ੍ਰਵਾਨ ਕਰ ਕੇ ਤੇ ਵੋਟਾਂ ਦੀ ਮੰਗ ਕਰ ਕੇ ਸਿੱਖਾਂ ਤੇ ਨਿਰੰਕਾਰੀਆਂ ਦੇ ਰਾਜਸੀ ਸਬੰਧ ਬਹਾਲ ਕਰ ਚੁੱਕੇ ਹਨ। ਹੁਣ ਕੇਵਲ ਉਨ੍ਹਾਂ ਨਾਲ ਸਮਾਜਿਕ ਸਬੰਧ ਬਹਾਲ ਕਰਨੇ ਬਾਕੀ ਹਨ।

ਮੀਰੀ ਪੀਰੀ ਦੇ ਮਾਲਕ ਸੱਚ ਪਾਤਿਸ਼ਾਹ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਾਡੇ ਪਰਿਵਾਰ ਨੂੰ ਪਾਤਿਸ਼ਾਹੀਆਂ ਦਾ ਵਰਦਾਨ ਦਿੱਤਾ। ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਹੁਕਮਨਾਮੇ ਰਾਹੀਂ 'ਤੇਰਾ ਘਰ ਮੇਰਾ ਅਸੈ' ਕਹਿ ਕੇ ਸਾਡੇ ਘਰ ਨੂੰ ਸਨਮਾਨ ਬਖ਼ਸ਼ਿਆ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਸਾਡਾ ਪਰਿਵਾਰ ਸਦਾ ਗੁਰੂ ਘਰ ਨਾਲ ਜੁੜਿਆ ਰਿਹਾ ਹੈ। 1984 ਅਤੇ 1986 ਸਮੇਂ ਹੋਏ ਗੁਰੂ ਘਰ 'ਤੇ ਧਾਵੇ ਵਿਰੁੱਧ ਰਾਜਸੀ ਪਦਵੀ ਅਤੇ

ਵਜ਼ੀਰੀ ਤਿਆਗਣ ਦਾ ਮੇਰੇ ਜਿਹੇ ਨਿਮਾਣੇ ਸਿੱਖ ਨੂੰ ਗੁਰੂ ਸਾਹਿਬ ਨੇ ਬਲ ਬਖ਼ਸ਼ਿਆ। ਗੁਰੂ ਸਾਹਿਬ ਦੇ ਮਹਾਨ ਆਦਰਸ਼ਾਂ ਅਨੁਸਾਰ ਜਗਤ ਪਿਤਾ ਦਾ ਜਗਤ ਪਰਿਵਾਰ ਹੈ। ਜਗਤ ਪਰਿਵਾਰ ਦੀ ਸਦਭਾਵਨਾ ਲਈ ਪਰਮ ਕ੍ਰਿਪਾਲੂ ਜੀਓ, ਮੈਂ ਆਪ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਕਰ ਰਿਹਾ ਹਾਂ ਕਿ 10 ਜੂਨ 1978 ਦੇ ਜਾਰੀ ਕੀਤੇ ਹੁਕਮਨਾਮੇ ਨੂੰ ਵਾਪਸ ਲੈਣ ਲਈ ਵਿਚਾਰ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸਿੱਖਾਂ ਤੇ ਨਿਰੰਕਾਰੀਆਂ ਦੇ ਬਹਾਲ ਹੋਏ ਰਾਜਸੀ ਸਬੰਧਾਂ ਦੇ ਨਾਲ ਨਾਲ ਸਮਾਜਿਕ ਸਬੰਧ ਬਹਾਲ ਹੋ ਸਕਣ ਦਾ ਕਿ ਪੰਜਾਬ ਵਿਚ ਤੇ ਪੰਜਾਬ ਤੋਂ ਬਾਹਰ ਸਹਿਣਸ਼ੀਲਤਾ ਸਦਭਾਵਨਾ ਤੇ ਆਪਸੀ ਭਾਈਚਾਰੇ ਦਾ ਮਾਹੌਲ ਸਥਾਪਤ ਹੋ ਸਕੇ।

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ।'

ਸਰਬਤ ਦੇ ਭਲੇ ਦਾ ਚਾਹਵਾਨ

ਉਤਾਰਾ—ਸਮੂੰਹ ਸਿੱਖ ਸੰਗਤ ਅਮਰਿੰਦਰ ਸਿੰਘ (ਮਹਾਰਾਜਾ ਪਟਿਆਲਾ)

ਕੈਪਟਨ ਅਮਰਿੰਦਰ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਨਾਂ ਲਿਖੀ ਚਿੱਠੀ ਨਾਲ ਹੀ ਪ੍ਰੈਸ ਵਿਚ ਵੀ ਛਪ ਗਈ। ਇਸ ਦੇ ਬਾਵਜੂਦ ਗੁਰਚਰਨ ਸਿੰਘ ਟੌਹੜਾ ਨੇ ਨਿਰੰਕਾਰੀ ਭਵਨ ਜਾਣ ਦੀ ਤਰਦੀਦ ਨਾ ਕੀਤੀ। ਉਂਜ 12 ਅਪਰੈਲ ਨੂੰ ਉਹ ਨਿਰੰਕਾਰੀ ਭਵਨ ਜਾਣਾ ਮੰਨ ਚੁੱਕਾ ਸੀ। ਅਮਰਿੰਦਰ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦਾ ਓਟ ਲੈਣਾ ਟੌਹੜਾ ਵਾਸਤੇ ਇਕ ਖ਼ਤਰਨਾਕ ਮਸਲਾ ਬਣ ਗਿਆ। ਇਸ ਕਰ ਕੇ ਟੌਹੜਾ ਨੇ ਫ਼ੈਸਲਾ ਕੀਤਾ ਕਿ ਉਹ ਨਿਰੰਕਾਰੀ ਭਵਨ ਜਾਣ ਦੀ 'ਤਨਖ਼ਾਹ' ਲੁਆ ਲਵੇਗਾ। ਉਸ ਨੇ 17 ਅਪਰੈਲ ਦੇ ਦਿਨ (ਭਾਈ) ਰਣਜੀਤ ਸਿੰਘ ਨੂੰ ਹੇਠ ਲਿਖੀ ਚਿੱਠੀ ਲਿਖ ਕੇ 'ਮੁਲਾਕਾਤ' ਦਾ ਸਮਾਂ ਮੰਗਿਆ:

17 ਅਪਰੈਲ 1998

ਪਰਮ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੇ ਮਹਾਰਾਜਾ ਪਟਿਆਲਾ ਅਤੇ ਰਜਿੰਦਰ ਕੌਰ ਭੱਠਲ ਪ੍ਰਧਾਨ ਪੰਜਾਬ ਕਾਂਗਰਸ ਵੱਲੋਂ ਲਾਏ ਇਲਜ਼ਾਮ ਦਾ ਇਸ਼ਤਿਹਾਰ ਪੜ੍ਹਿਆ ਹੀ ਹੋਵੇਗਾ, ਉਸ ਸਬੰਧ ਵਿਚ ਮੇਰੀ ਬੇਨਤੀ ਹੈ ਕਿ ਆਪ ਜੀ ਅਤੇ ਬਾਕੀ ਸਿੰਘ ਸਾਹਿਬਾਨ ਸਾਹਮਣੇ ਆਪਣੇ ਸੱਚ ਨੂੰ ਰੱਖਣ ਦੀ ਆਗਿਆ ਚਾਹੁੰਦਾ ਹਾਂ। ਮੈਨੂੰ ਪਤਾ ਲੱਗਾ ਹੈ ਕਿ ਆਪ ਪੰਜੇ ਸਿੰਘ ਸਾਹਿਬਾਨ 20 ਅਪਰੈਲ ਨੂੰ ਅੰਮ੍ਰਿਤਸਰ ਸਾਹਿਬ ਪੰਥਕ ਵਿਚਾਰਾਂ ਵਾਸਤੇ ਮਿਲ ਰਹੇ ਹੋ। ਸੋ ਮੇਰੀ ਸਨਿਮਰ ਬੇਨਤੀ ਹੈ ਕਿ ਉਸ ਦਿਨ ਕੁਝ ਸਮਾਂ ਬਖ਼ਸ਼ਣ ਦੀ ਕ੍ਰਿਪਾ ਕਰੋ ਤਾਂ ਕਿ ਮੈਂ ਆਪਣੇ ਵੱਲੋਂ ਆਪਣਾ ਪੱਖ ਆਪ ਜੀ ਨੂੰ ਪੇਸ਼ ਕਰ ਸਕਾਂ।

ਗੁਰੂ ਪੰਥ ਦਾ ਦਾਸ,
ਗੁਰਚਰਨ ਸਿੰਘ ਟੌਹੜਾ[35]

20 ਅਪਰੈਲ 1998 ਦੇ ਦਿਨ ਗੁਰਚਰਨ ਸਿੰਘ ਟੌਹੜਾ (ਭਾਈ) ਰਣਜੀਤ ਸਿੰਘ ਨੂੰ ਮਿਲਿਆ ਅਤੇ ਨਿਰੰਕਾਰੀ ਭਵਨ ਜਾਣ ਦੀ ਗੱਲ ਮੰਨੀ। ਇਸ ਮੌਕੇ 'ਤੇ ਟੌਹੜਾ ਨੇ ਇਕ ਚਿੱਠੀ ਵੀ ਲਿਖ ਕੇ ਦਿੱਤੀ, ਜਿਸ ਵਿਚ ਤਨਖ਼ਾਹ ਲਾਉਣ ਦੀ ਅਰਜ਼ ਕੀਤੀ ਹੋਈ ਸੀ। 21 ਅਪਰੈਲ ਨੂੰ (ਭਾਈ) ਰਣਜੀਤ ਸਿੰਘ ਨੇ ਅਮਰਿੰਦਰ ਸਿੰਘ ਨੂੰ ਇਕ ਚਿੱਠੀ ਲਿਖ ਕੇ ਉਸ ਤੋਂ 'ਵਧੇਰੇ ਸਬੂਤ' ਹਾਜ਼ਿਰ ਕਰਨ ਵਾਸਤੇ ਕਿਹਾ:

---

35. ਕੁਲਬੀਰ ਸਿੰਘ ਕੌੜਾ, *ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ਾ 157.

21 ਅਪਰੈਲ 1998

ਕੈਪਟਨ ਅਮਰਿੰਦਰ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਡੀ ਚਿੱਠੀ 'ਤੇ 20 ਅਪਰੈਲ 1998 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਵਿਚਾਰ ਹੋਈ। ਚਿੱਠੀ ਵਿਚ ਸਬੂਤਾਂ ਦੀ ਘਾਟ ਮਹਿਸੂਸ ਕੀਤੀ ਗਈ। ਇਸ ਲਈ ਮਿਤੀ 9 ਮਈ 1998 ਤੋਂ ਪਹਿਲਾਂ-ਪਹਿਲਾਂ ਖ਼ਾਸ ਕਰ ਕੇ **ਟੌਹੜਾ ਸਾਹਿਬ** ਦੇ ਸਿਰੋਪਾਓ ਬਾਰੇ, ਭਾਸ਼ਨ ਬਾਰੇ ਜਾਂ ਉਨ੍ਹਾਂ ਨੂੰ ਉੱਥੋਂ ਕੁਝ ਛਕਿਆ ਹੋਵੇ ਤਾਂ ਇਸ ਦੀ ਪੂਰੀ ਜਾਣਕਾਰੀ ਤੇ ਸਬੂਤ ਭੇਜਣ ਦੀ ਖੇਚਲ ਕਰਨੀ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ[36]

(ਨੋਟ : ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ ਵਿਚ ਟੌਹੜਾ ਸਾਹਿਬ ਲ਼ਫ਼ਜ਼ ਵਰਤਿਆ ਗਿਆ ਹੈ।)

ਅਮਰਿੰਦਰ ਸਿੰਘ ਦੀ ਦੂਜੀ ਚਿੱਠੀ

(ਭਾਈ) ਰਣਜੀਤ ਸਿੰਘ ਦੀ ਚਿੱਠੀ ਦੇ ਜਵਾਬ ਵਿਚ ਅਮਰਿੰਦਰ ਸਿੰਘ ਨੇ 8 ਮਈ 1998 ਨੂੰ ਇਕ ਵੇਰਵਿਆਂ ਨਾਲ ਭਰੀ ਚਿੱਠੀ ਲਿਖ ਭੇਜੀ, ਜੋ ਇੰਞ ਸੀ :[37]

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਅਕਾਲ ਤਖ਼ਤ ਸਾਹਿਬ,
ਪਰਮ ਕਿਰਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮੈਂ ਆਪ ਜੀ ਦੀ ਸੇਵਾ ਵਿਖੇ 14 ਅਪਰੈਲ 1998 ਨੂੰ ਇਕ ਬੇਨਤੀ ਪੱਤਰ ਭੇਜਿਆ ਸੀ, ਜਿਸ ਵਿਚ ਸ: ਗੁਰਚਰਨ ਸਿੰਘ ਟੌਹੜਾ 'ਤੇ ਪੰਜ ਗੰਭੀਰ ਦੋਸ਼ ਲਾਏ ਗਏ ਸਨ। ਆਪ ਜੀ ਵੱਲੋਂ ਭੇਜੇ ਆਦੇਸ਼ ਪੱਤਰ ਅਨੁਸਾਰ ਖ਼ਾਸ ਤੌਰ 'ਤੇ ਜਥੇਦਾਰ ਟੌਹੜਾ 'ਤੇ ਲਗਾਏ ਪੰਜਵੇਂ ਦੋਸ਼ ਬਾਰੇ ਜਾਣਕਾਰੀ ਦੇ ਸਬੂਤ ਦੇਣ ਲਈ ਕਿਹਾ ਗਿਆ ਹੈ।

ਪਰਮ ਕਿਰਪਾਲੂ ਜੀ, ਇਸ ਸਬੰਧੀ ਜਥੇਦਾਰ ਟੌਹੜਾ ਦੇ ਪਿਛਲੇ ਕਿਰਦਾਰ 'ਤੇ ਸਰਸਰੀ ਝਾਤੀ ਮਾਰਨੀ ਅਤੀ ਜ਼ਰੂਰੀ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 22 ਸਾਲਾ ਇਤਿਹਾਸ ਇਹ ਪ੍ਰਤੱਖ ਦਸ ਰਿਹਾ ਹੈ ਕਿ ਉਨ੍ਹਾਂ ਨੇ ਆਪਣੇ ਸਵਾਰਥਾਂ ਦੀ ਪੂਰਤੀ ਲਈ ਅਨੇਕਾਂ ਵਾਰ ਆਪਣੀ ਪਦਵੀ ਦੀ ਦੁਰਵਰਤੋਂ ਕੀਤੀ ਹੈ, ਪਾਵਨ ਅਸਥਾਨ ਅਕਾਲ ਤਖ਼ਤ ਸਾਹਿਬ 'ਤੇ ਕਈ ਵਾਰ ਝੂਠ ਬੋਲਿਆ ਹੈ, ਖਾਧੀਆਂ ਕਸਮਾਂ ਨੂੰ ਤੋੜਿਆ ਹੈ ਅਤੇ ਪੰਥਕ ਪਰੰਪਰਾਵਾਂ ਤੇ ਰਵਾਇਤਾਂ ਦਾ ਖ਼ੂਨ ਕੀਤਾ ਹੈ। ਇਸ ਲਈ ਮੈਂ ਆਪ ਜੀ ਦੀ ਸੇਵਾ ਵਿਚ ਚਾਰ ਪੱਖੀ ਬੇਨਤੀ ਪੱਤਰ ਪੇਸ਼ ਕਰ ਰਿਹਾ ਹਾ :

1. ਜਥੇਦਾਰ ਟੌਹੜਾ ਦੇ ਨਾਂਹ-ਪੱਖੀ ਕਿਰਦਾਰ ਦੀ ਮੂੰਹ ਬੋਲਦੀ ਤਸਵੀਰ;
2. ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਵਿਚ ਹਾਜ਼ਰੀ ਲਵਾਉਣ ਅਤੇ ਸਿਰੋਪਾਓ ਲੈਣ ਬਾਰੇ ਜਾਣਕਾਰੀ;

---

36. ਕੁਲਬੀਰ ਸਿੰਘ ਕੌੜਾ, *ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ਾ 158.
37. *ਉਹੀ*, ਸਫ਼ਾ 158-65.

3. ਜਥੇਦਾਰ ਟੌਹੜਾ ਦਾ ਨਿਰੰਕਾਰੀ ਭਵਨ ਜਾ ਕੇ, ਸਿਰੋਪਾਓ ਲੈ ਕੇ, ਵੋਟਾਂ ਮੰਗਣ ਬਾਰੇ ਇਕਬਾਲੇ ਜੁਰਮ;
4. ਸੱਚ ਝੂਠ ਦੇ ਨਿਤਾਰੇ ਲਈ ਜਾਂਚ ਕਮਿਸ਼ਨ ਦੀ ਮੰਗ।

ਸਿੱਖ ਇਤਿਹਾਸ ਇਹ ਸਾਖੀ ਭਰ ਰਿਹਾ ਹੈ ਕਿ ਗੁਰੂ ਘਰ ਦੀ ਸੇਵਾ ਸੰਭਾਲ ਕਰਨ ਵਾਲੇ ਸਦਾ ਗੁਰੂ ਘਰ ਦੀ ਰਾਖੀ ਤੇ ਸਨਮਾਨ ਲਈ ਜਾਨਾਂ ਵਾਰਦੇ ਰਹੇ ਹਨ। ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦਾ ਗੁਰੂ ਘਰ ਦੀ ਰੱਖਿਆ ਕਰਨਾ ਪਰਮ ਧਰਮ ਸੀ, ਜੋ 1984 ਵਿਚ ਦਮਗਜੇ ਮਾਰਦਾ ਸੀ ਕਿ ਟੈਂਕ ਮੇਰੀ ਛਾਤੀ ਤੋਂ ਲੰਘ ਕੇ ਗੁਰੂ ਘਰ ਵਿਚ ਪ੍ਰਵੇਸ਼ ਕਰਨਗੇ, ਉਸ ਦੀਆਂ ਅੱਖਾਂ ਸਾਹਮਣੇ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋਇਆ ਤੇ ਉਹ ਹੱਥ ਖੜ੍ਹੇ ਕਰ ਕੇ, ਬਖ਼ਤਰਬੰਦ ਗੱਡੀ ਵਿਚ ਬੈਠ ਕੇ ਸੁਰੱਖਿਅਤ ਥਾਂ 'ਤੇ ਚਲਾ ਗਿਆ।

ਸਿੱਖ ਇਤਿਹਾਸ ਦੀਆਂ ਦੋ ਬੇਹੱਦ ਦੁਖਦਾਈ ਘਟਨਾਵਾਂ ਦਾ ਜ਼ਿਕਰ ਕਰਾਂਗਾ। ਪਹਿਲੀ ਜਦੋਂ ਧੀਰਮੱਲੀਆਂ ਨੇ ਗੁਰੂ ਤੇਗ ਬਹਾਦਰ ਸਾਹਿਬ 'ਤੇ ਮਾਰੂ ਹਮਲਾ ਕੀਤਾ। ਦੂਸਰਾ ਪੰਥ ਦੀ ਬਣਾਈ ਬਰਨਾਲਾ ਸਰਕਾਰ ਨੇ ਗੁਰੂ ਘਰ 'ਤੇ ਪੁਲਿਸ ਧਾਵਾ ਬੋਲਿਆ। ਕਾਸ਼! **ਜਿਸ ਤਰ੍ਹਾਂ ਸਿੱਖ ਕੌਮ ਨੇ ਗੁਰੂ ਜੀ 'ਤੇ ਮਾਰੂ ਹਮਲਾ ਕਰਨ ਦੇ ਦੋਸ਼ ਕਾਰਨ ਧੀਰਮਲੀਆਂ ਨੂੰ ਸਦਾ ਲਈ ਫਟਕਾਰ ਦਿੱਤਾ ਸੀ, ਉਸੇ ਤਰ੍ਹਾਂ ਖਾਲਸਾ ਪੰਥ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਦੇ ਬੱਜਰ ਪਾਪ ਲਈ ਬਰਨਾਲਾ ਜੁੰਡਲੀ ਨੂੰ ਸਦਾ ਲਈ ਦੁਰਕਾਰ ਦਿੰਦਾ। ਪਰ ਅਫ਼ਸੋਸ! ਕਿ ਸਿੱਖ ਕੌਮ ਦੇ ਪੋਪ ਅਖਵਾਉਣ ਵਾਲੇ ਜਥੇਦਾਰ ਟੌਹੜਾ ਦੀ ਸੱਜੀ ਬਾਂਹ ਪ੍ਰੇਮ ਸਿੰਘ ਚੰਦੂਮਾਜਰਾ, ਜਿਸ ਨੇ ਉਸ ਸਮੇਂ ਗੁਰੂ ਘਰ 'ਤੇ ਪੁਲਿਸ ਧਾਵੇ ਦੀ ਹਿਮਾਇਤ ਕਰ ਕੇ ਬਰਨਾਲਾ ਸਰਕਾਰ ਵਿਚ ਵਜ਼ੀਰੀ ਪ੍ਰਾਪਤ ਕੀਤੀ ਅਤੇ ਸ: ਬਰਨਾਲਾ ਦੇ ਪੁੱਤਰ ਗਗਨਦੀਪ ਸਿੰਘ ਨਾਲ ਜਾ ਕੇ ਹਰਿਮੰਦਰ ਸਾਹਿਬ ਵਿਚ ਗੋਲੀਆਂ ਚਲਾਈਆਂ, ਜਥੇਦਾਰ ਟੌਹੜਾ ਅੱਜ ਵੀ ਉਸੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦਿਵਾਉਣ ਲਈ ਤਤਪਰ ਹੈ। ਅੱਜ-ਕੱਲ੍ਹ ਜਥੇਦਾਰ ਟੌਹੜਾ ਦੀ ਖੱਬੀ ਬਾਂਹ ਬਣੀ ਬੀਬੀ ਅਮਰਜੀਤ ਕੌਰ ਹੈ, ਜੋ ਕਿ ਕਾਂਗਰਸ ਪਾਰਟੀ ਵੱਲੋਂ ਬਾਰ੍ਹਾਂ ਸਾਲ ਰਾਜ ਸਭਾ ਦੀ ਮੈਂਬਰ ਬਣੀ ਰਹੀ। ਪਾਰਲੀਮੈਂਟ ਵਿਚ ਅਤੇ ਟੈਲੀਵਿਜ਼ਨ ਉਪਰ ਸਾਕਾ ਨੀਲਾ ਤਾਰਾ ਦੀ ਹਿਮਾਇਤ ਕਰ ਕੇ ਉਸ ਦੇ ਇਵਜ਼ ਵਿਚ ਉਸ ਨੂੰ ਪੰਜ ਸਾਲ ਲਈ ਹਿੰਦੁਸਤਾਨ ਪੱਧਰ ਦੀ ਚੇਅਰਪਰਸਨ (ਸੈਂਟਰਲ ਸੋਸ਼ਲ ਵੈਲਫ਼ੇਅਰ ਬੋਰਡ) ਬਣਾਇਆ ਗਿਆ ਅਤੇ ਉਸ ਨੇ ਕੇਂਦਰੀ ਰਾਜ ਮੰਤਰੀ ਦਾ ਦਰਜਾ ਪ੍ਰਾਪਤ ਕੀਤਾ। ਅਜ ਓਹੀ ਬੀਬੀ ਅਮਰਜੀਤ ਕੌਰ ਜਥੇਦਾਰ ਟੌਹੜਾ ਦੀ ਗਹਿਰੀ ਸਾਜ਼ਿਸ਼ ਅਧੀਨ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦੀ ਚਾਹਵਾਨ ਹੈ ਤਾਂ ਕਿ ਇਸੇ ਸਾਲ ਜੁਲਾਈ ਵਿਚ ਹੋ ਰਹੀ ਰਾਜ ਸਭਾ ਦੀਆਂ ਚੋਣਾਂ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਦੀ ਤਰਫ਼ੋਂ ਮੈਂਬਰ ਬਣ ਸਕੇ। ਸਿੰਘ ਸਾਹਿਬ ਜੀਓ! ਜੇ ਗੁਰੂ ਘਰ 'ਤੇ ਧਾਵੇ ਦੀ ਹਿਮਾਇਤ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਵਜ਼ੀਰੀਆਂ ਤੇ ਮੈਂਬਰੀਆਂ ਨਾਲ ਸਨਮਾਨਣ ਦਾ ਯਤਨ ਕੀਤਾ ਜਾਂਦਾ ਰਿਹਾ ਤਾਂ ਸਿੱਖ ਕੌਮ ਦਾ ਕੀ ਭਵਿੱਖ ਹੋਵੇਗਾ?**

ਇਹ ਗੱਲ ਵੀ ਹਾਲੇ ਕਿਸੇ ਨੂੰ ਵਿਸਰੀ ਨਹੀਂ, ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਨੂੰ ਰੋਕਣ ਲਈ ਮਿਤੀ 28 ਫ਼ਰਵਰੀ 1979 ਨੂੰ ਜਥੇਦਾਰ ਟੌਹੜਾ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ 14 ਪੰਨਿਆਂ ਦਾ 'ਸਾਡੇ ਅਸਤੀਫ਼ੇ ਕਿਉਂ ?' ਨਾਂਅ ਦਾ ਬੇਨਤੀ ਪੱਤਰ ਪੇਸ਼ ਕੀਤਾ ਸੀ, ਜਿਸ ਵਿਚ ਮੌਜੂਦਾ ਭਾਰਤੀ ਜਨਤਾ ਪਾਰਟੀ ਨੂੰ ਪੰਥ ਦੁਸ਼ਮਣ ਜਮਾਤ ਤੇ ਸ: ਪਰਕਾਸ਼ ਸਿੰਘ ਬਾਦਲ ਨੂੰ ਉਸ ਦਾ ਏਜੰਟ, ਕੁਨਬਾ-ਪਰਿਵਾਰ, ਪਰਿਵਾਰਕ ਰਾਜ ਦਾ ਧਾਰਨੀ, ਭ੍ਰਿਸ਼ਟਾਚਾਰੀ ਤੇ ਕਾਲੇ ਧਨ ਦਾ ਭੰਡਾਰੀ ਗਰਦਾਨਿਆ ਸੀ (ਇਸ ਬੇਨਤੀ ਪੱਤਰ ਦੀ ਫ਼ੋਟੋ ਕਾਪੀ ਨਾਲ ਨੱਥੀ ਹੈ।[38] ਇਹ ਬੇਨਤੀ ਪੱਤਰ ਅੰਤਿਕਾ-1 'ਚ ਪੜ੍ਹੋ)।

---

38. ਵੇਖੋ: ਦਸਤਾਵੇਜ਼ੀ ਸੈਕਸ਼ਨ।

ਮਿਤੀ 5 ਮਾਰਚ 1980 ਨੂੰ ਪੰਜ ਸਿੰਘ ਸਾਹਿਬਾਨ ਦੀ ਨਿਗਰਾਨੀ ਹੇਠ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਹੋ ਰਹੀ ਸੀ। ਜਥੇਦਾਰ ਟੌਹੜਾ ਨੇ ਇਕ ਝੂਠੀ ਤੇ ਜਾਅਲੀ ਡੈਲੀਗੇਟਾਂ ਦੀ ਸੂਚੀ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਕਰਵਾਈ, ਜਿਸ ਨੂੰ ਉਸ ਸਮੇਂ ਸਿੰਘ ਸਾਹਿਬਾਨ ਨੇ ਝੂਠੀ ਤੇ ਜਾਅਲੀ ਕਹਿੰਦਿਆਂ ਰੱਦ ਕਰ ਦਿੱਤਾ ਸੀ ਅਤੇ ਅਸਲੀ ਸੂਚੀ ਜਾਰੀ ਕੀਤੀ ਸੀ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦਾ ਪ੍ਰਧਾਨ ਬਣਨ ਲਈ ਪੰਥਕ ਏਕਤਾ ਦੇ ਨਾਂਅ ਥੱਲੇ ਜਥੇਦਾਰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਤੋਂ 1979, 1987 ਤੇ 1994 ਵਿਚ ਵਾਰ ਵਾਰ ਅਕਾਲੀ ਦਲ ਵਿਚ ਦਖ਼ਲ ਦੁਆਉਣ ਦਾ ਅਸਫਲ ਯਤਨ ਕੀਤਾ, ਪਰ ਉਸ ਸਮੇਂ **ਜਦ ਸਿੰਘ ਸਾਹਿਬ ਨੇ ਹੱਕ ਸੱਚ ਦਾ ਤੱਕੜ ਤੋਲਿਆ ਤੇ ਜਥੇਦਾਰ ਟੌਹੜਾ ਨੂੰ ਪ੍ਰਧਾਨ ਨਾ ਬਣਾਇਆ ਤਾਂ ਜਥੇਦਾਰ ਟੌਹੜਾ ਨੇ ਸਿੱਖ ਪੰਥ ਦੀ ਸੁਪਰੀਮ ਸ਼ਖ਼ਸੀਅਤ ਜਥੇਦਾਰ ਅਕਾਲ ਤਖ਼ਤ ਸਾਹਿਬ ਜੀ ਨੂੰ ਬਿਨਾਂ ਕੋਈ ਨੋਟਿਸ ਦਿੱਤਿਆਂ ਸੇਵਾ ਮੁਕਤ ਕਰ ਦਿੱਤਾ। ਇਸੇ ਤਰ੍ਹਾਂ ਸਿੰਘ ਸਾਹਿਬ ਗਿਆਨੀ ਸਾਧੂ ਸਿੰਘ ਜੀ ਭੌਰਾ ਅਤੇ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਨਾਲ ਵਾਪਰਿਆ।**

ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਰਾਹੀਂ 15 ਨਵੰਬਰ 1920 ਨੂੰ ਸਿੱਖ ਸੰਗਤਾਂ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ ਗਿਆ। ਦਸ ਹਜ਼ਾਰ ਸਿੱਖ ਸੰਗਤ ਇਕੱਤਰ ਹੋਈ। 15-16 ਨਵੰਬਰ ਨੂੰ ਗੰਭੀਰ ਵਿਚਾਰ ਉਪਰੰਤ ਗੁਰਧਾਮਾਂ ਦੀ ਸੇਵਾ ਸੰਭਾਲ ਲਈ 175 ਮੈਂਬਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਮਜ਼ਦ ਕੀਤੀ ਗਈ। 14 ਦਿਸੰਬਰ, 1920 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦਾ ਮੋਰਚਿਆਂ, ਕੁਰਬਾਨੀਆਂ ਤੇ ਜਿੱਤਾਂ ਦਾ ਇਤਿਹਾਸ ਹੈ। ਅਕਾਲੀ ਦਲ ਦਾ ਹਰ ਮੋਰਚਾ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਉਪਰੰਤ ਸ਼ੁਰੂ ਕੀਤਾ ਜਾਂਦਾ ਹੈ। ਜਦੋਂ ਵੀ ਅਕਾਲੀ ਲੀਡਰਾਂ ਨੇ ਕੀਤੀ ਅਰਦਾਸ ਨੂੰ ਤੋੜਿਆ ਤਾਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਰਾਜਸੀ ਨੇਤਾਵਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ। ਜਿਵੇਂ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਬਾਬਾ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਸਨ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਬਾਬਾ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ 1961 ਵਿਚ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਮਰਨ ਵਰਤ ਆਰੰਭਿਆ, ਪਰ ਪ੍ਰਾਪਤੀ ਤੋਂ ਬਿਨਾ ਹੀ ਇਹ ਵਰਤ ਖ਼ਤਮ ਕੀਤੇ ਗਏ। ਜਿਸ ਲਈ 29 ਨਵੰਬਰ 1961 ਨੂੰ ਜਥੇਦਾਰ ਸਾਹਿਬ ਅਕਾਲ ਤਖ਼ਤ ਸਾਹਿਬ ਨੇ ਬਾਬਾ ਫ਼ਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਅਤੇ ਅੱਠ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਦਿੱਤੀ। ਇਸੇ ਹੀ ਤਰ੍ਹਾਂ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ 1982 ਵਿਚ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਅਕਾਲੀ ਦਲ ਨੇ ਧਰਮਯੁੱਧ ਮੋਰਚਾ ਲਾਇਆ, ਜਿਸ ਵਿਚ ਲੱਖਾਂ ਸਿੱਖਾਂ ਨੇ ਸ਼ਾਂਤਮਈ ਗ੍ਰਿਫ਼ਤਾਰੀਆਂ ਦਿੱਤੀਆਂ। ਇਹ ਅਰਦਾਸ ਕਰਨ ਵਾਲਿਆਂ ਵਿਚ ਜਥੇਦਾਰ ਟੌਹੜਾ ਮੋਹਰੀ ਸੀ। ਉਸ ਸਮੇਂ ਇਹ ਮੰਗਾਂ ਨਾ ਮੰਨਵਾਈਆਂ ਜਾ ਸਕੀਆਂ। ਅੱਜ ਜਦੋਂ ਅਕਾਲੀ ਦਲ ਇਹ ਮੰਗਾਂ ਮਨਵਾਉਣ ਦੇ ਸਮਰਥ ਹੈ ਤਾਂ ਜਥੇਦਾਰ ਟੌਹੜਾ ਇਹਨਾਂ ਮੰਗਾਂ ਦੀ ਪੂਰਤੀ ਲਈ ਯਤਨ ਕਰਨ ਦੀ ਬਜਾਏ ਆਪਣੇ ਚੇਲਿਆਂ ਨੂੰ ਵਜ਼ੀਰੀਆਂ ਦਿਵਾਉਣ ਲਈ ਹੀ ਤਤਪਰ ਨਜ਼ਰ ਆ ਰਿਹਾ ਹੈ। ਇਸ ਤਰ੍ਹਾਂ ਜਥੇਦਾਰ ਟੌਹੜਾ ਨੇ ਨਾ ਸਿਰਫ਼ ਪੰਥ ਅਤੇ ਪੰਜਾਬ ਨਾਲ ਹੀ ਵਿਸ਼ਵਾਸਘਾਤ ਕੀਤਾ ਹੈ, ਸਗੋਂ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਤੋੜਨ ਕਰਕੇ ਉਹ ਸਜ਼ਾ ਦਾ ਭਾਗੀ ਵੀ ਹੈ।

1992 ਵਿਚ ਜਥੇਦਾਰ ਟੌਹੜਾ ਨੇ ਤਖ਼ਤ ਕੇਸਗੜ੍ਹ ਸਾਹਿਬ ਦੇ ਪਾਵਨ ਅਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਸ ਸਮੇਂ ਦੇ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਮੌਜੂਦਗੀ ਅਤੇ ਸਿੱਖ ਸੰਗਤ ਦੇ ਭਾਰੀ ਇਕੱਠ ਵਿਚ ਗੁਰੂ ਮਹਾਰਾਜ ਦੀ ਕਸਮ ਖਾ ਕੇ ਕਿਹਾ ਸੀ ਕਿ ਮੈਂ ਅੱਜ ਤੋਂ ਬਾਅਦ ਨਾ ਕੋਈ ਧਾਰਮਿਕ ਅਤੇ ਨਾ ਹੀ ਕੋਈ ਰਾਜਸੀ ਪਦਵੀ ਲਵਾਂਗਾ। ਅੱਜ

ਓਹੀ ਜਥੇਦਾਰ ਟੌਹੜਾ ਨਾ ਕੇਵਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ, ਸਗੋਂ ਰਾਜ ਸਭਾ ਦਾ ਮੈਂਬਰ ਵੀ ਬਣਿਆ ਬੈਠਾ ਹੈ ਅਤੇ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਲਈ ਵੀ ਤੜਫ ਰਿਹਾ ਹੈ।

ਸਾਧਾਰਨ ਤੋਂ ਸਾਧਾਰਨ ਸਿੱਖ ਵੀ ਅਕਾਲ ਤਖ਼ਤ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਹਾਜ਼ਰ ਹੋ ਕੇ, ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ ਝੂਠ ਬੋਲਣ ਦਾ ਹੀਆ ਨਹੀਂ ਕਰ ਸਕਦਾ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੀ ਪਦਵੀ ਦੀ ਦੁਰਵਰਤੋਂ ਕਰਦੇ ਹੋਏ ਅਕਾਲ ਤਖ਼ਤ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ **ਅੱਠਵੀਂ ਵਾਰ** ਝੂਠ ਬੋਲਣ ਦਾ ਹੀਆ ਕੀਤਾ ਹੈ, ਜਿਸ ਲਈ ਦਾਸ ਨੂੰ ਪੂਰੀ ਜਾਣਕਾਰੀ ਤੇ ਸਬੂਤ ਪੇਸ਼ ਕਰਨ ਲਈ ਆਦੇਸ਼ ਮਿਲਿਆ ਹੈ।

ਜਾਣਕਾਰੀ :

ਮੇਰੀ ਜਾਣਕਾਰੀ ਅਨੁਸਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰੇਮ ਸਿੰਘ ਚੰਦੂਮਾਜਰਾ, ਜੋਗਿੰਦਰ ਸਿੰਘ ਖਿੰਦ ਮੁਖੀ ਨਿਰੰਕਾਰੀ ਮਿਸ਼ਨ ਪਟਿਆਲਾ ਵਿਚਕਾਰ ਚੋਣਾਂ ਸਬੰਧੀ ਇਕ ਗੁਪਤ ਸਮਝੌਤਾ ਹੋਇਆ, ਜਿਸ ਦੀ ਪੂਰਤੀ ਲਈ ਮਿਤਲ 15 ਫ਼ਰਵਰੀ 1998 ਨੂੰ ਜਥੇਦਾਰ ਟੌਹੜਾ ਸਵੇਰੇ 11-30 ਵਜੇ ਪੁਸ਼ਪਿੰਦਰ ਬਾਂਸਲ ਦੀ ਦੁਕਾਨ 'ਤੇ ਗਿਆ, ਜਿੱਥੇ ਉਸ ਨੇ ਆਪਣੀ ਸਕਿਉਰਿਟੀ ਉੱਥੇ ਰਹਿਣ ਦਿੱਤੀ ਤੇ ਪੁਸ਼ਪਿੰਦਰ ਬਾਂਸਲ ਨੂੰ ਨਾਲ ਲੈ ਕੇ ਨਿਰੰਕਾਰੀ ਭਵਨ 11-45 'ਤੇ ਪੁੱਜ ਗਿਆ। ਇਹ ਨਿਰੰਕਾਰੀ ਭਵਨ ਪਟਿਆਲੇ ਵਿਖੇ ਟੀ.ਬੀ. ਹਸਪਤਾਲ ਦੇ ਸਾਹਮਣੇ 1966 ਤੋਂ ਸਥਾਪਤ ਹੈ। ਭਵਨ ਦੀ ਦੀਵਾਰ 'ਤੇ ਮੋਟੇ ਅੱਖਰਾਂ ਵਿਚ ਪੰਜਾਬੀ ਅਤੇ ਅੰਗਰੇਜ਼ੀ ਵਿਚ 'ਨਿਰੰਕਾਰੀ ਸਤਿਸੰਗ ਭਵਨ' ਲਿਖਿਆ ਹੋਇਆ ਹੈ। ਇਸ ਵਿਚ ਲਗਾਤਾਰ ਨਿਰੰਕਾਰੀ ਸਤਿਸੰਗ ਹੁੰਦੇ ਰਹਿੰਦੇ ਹਨ। ਪਟਿਆਲੇ ਦਾ ਹਰ ਬਸ਼ਰ ਇਸ ਬਾਰੇ ਪੂਰੀ ਜਾਣਕਾਰੀ ਰਖਦਾ ਹੈ। ਅਕਾਲੀ ਦਲ ਵੱਲੋਂ 1978 ਤੋਂ ਬਾਅਦ ਇਸ ਸਾਹਮਣੇ ਅਨੇਕਾਂ ਵਾਰ ਮੁਜ਼ਾਹਰੇ ਵੀ ਕੀਤੇ ਗਏ ਸਨ।

ਨਿਰੰਕਾਰੀ ਭਵਨ ਅੰਦਰ ਸਤਿਸੰਗ ਵਿਚ ਪ੍ਰਵੇਸ਼ ਕਰ ਕੇ ਜਥੇਦਾਰ ਟੌਹੜਾ ਨੇ ਹੱਥ ਜੋੜ ਕੇ ਸਿਰ ਨਿਵਾ ਕੇ ਹਾਜ਼ਰੀ ਲੁਆਈ ਤੇ ਆਸਣ ਗ੍ਰਹਿਣ ਕੀਤਾ। ਸਤਿਸੰਗ ਵਿਚ ਪ੍ਰਵਚਨ ਚੱਲ ਰਿਹਾ ਸੀ। ਜਥੇਦਾਰ ਟੌਹੜਾ 5-7 ਮਿੰਟ ਬਾਅਦ ਇਹ ਕਹਿ ਕੇ ਉਠ ਖਲੋਤਾ ਕਿ "ਮੇਰੀ ਹਾਜ਼ਰੀ ਪ੍ਰਵਾਨ ਕਰੋ, ਮੈਂ ਜਲਦੀ ਵਿਚ ਹਾਂ।" ਜੋਗਿੰਦਰ ਸਿੰਘ ਖਿੰਦ ਨੇ ਕਿਹਾ ਕਿ ਕੇਵਲ 2 ਮਿੰਟ ਦਾ ਪ੍ਰਵਚਨ ਬਾਕੀ ਹੈ।" ਜਥੇਦਾਰ ਟੌਹੜਾ ਫਿਰ ਬੈਠ ਗਿਆ। ਪ੍ਰਵਚਨ ਸਮਾਪਤੀ ਉਪਰੰਤ ਖਿੰਦ ਨੇ ਉਠ ਕੇ ਕਿਹਾ ਕਿ "ਮੈਂ ਨਿਮਾਣਾ ਜਿਹਾ ਮਨੁੱਖ ਅੱਜ ਕੁਝ ਨਹੀਂ ਬੋਲ ਸਕਦਾ, ਕਿਉਂਕਿ ਪੰਥ ਦੀ ਮਹਾਨ ਹਸਤੀ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਸਤਿਸੰਗ ਵਿਚ ਬਿਰਾਜਮਾਨ ਹਨ, ਕੇਵਲ ਸ੍ਰੀ ਰਾਮ ਲਾਲ ਕੱਦ ਟੌਹੜਾ ਸਾਹਿਬ ਨੂੰ ਸਿਰੋਪਾ ਦੇਣਗੇ।" ਤੇ ਸ੍ਰੀ ਰਾਮ ਲਾਲ ਕੱਦ ਨੇ ਚਿੱਟਾ ਪਰਨਾ ਜਥੇਦਾਰ ਟੌਹੜਾ ਦੇ ਗਲ ਵਿਚ ਪਾ ਦਿੱਤਾ। ਖਿੰਦ ਨੇ ਕਿਹਾ, "ਟੌਹੜਾ ਸਾਹਿਬ ਤੁਹਾਡਾ ਕੰਮ ਖ਼ਤਮ ਹੋਇਆ ਹੁਣ ਸਾਡਾ ਕੰਮ ਬਾਕੀ ਹੈ।" ਇਹ ਸਭ ਕੁਝ 15 ਮਿੰਟਾਂ ਵਿਚ ਵਾਪਰਿਆ ਤੇ ਟੌਹੜਾ ਸਾਹਿਬ ਵਾਪਸ ਪਰਤ ਆਏ। (ਇਸ ਸਬੰਧੀ ਹਲਫ਼ੀਆ ਬਿਆਨ ਨਾਲ ਨੱਥੀ ਹੈ)।

ਜਿਸ ਤਰ੍ਹਾਂ ਕਾਤਲ ਕਤਲ ਕਰਨ ਤੋਂ ਬਾਅਦ ਆਪਣੇ ਗੁਨਾਹਾਂ ਦੇ ਨਿਸ਼ਾਨਾਂ ਨੂੰ ਮਿਟਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ, ਉਸੇ ਤਰ੍ਹਾਂ ਜਥੇਦਾਰ ਟੌਹੜਾ ਨੇ ਇਹ ਸਮਾਗਮ ਹੋਣ ਉਪਰੰਤ ਆਪਣੇ ਨਿੱਜੀ ਸਮਰੱਥਕ ਗੰਨਮੈਨ/ਪੁਲਿਸ ਭੇਜ ਕੇ ਫ਼ੋਟੋਗ੍ਰਾਫ਼ਰ ਅਤੇ ਵੀਡੀਓ ਵਾਲਿਆਂ ਤੋਂ ਉਸ ਸਮੇਂ ਖਿੱਚੀਆਂ ਫ਼ੋਟੋਆਂ ਦੀਆਂ ਰੀਲਾਂ ਹਾਸਿਲ ਕਰ ਲਈਆਂ।

ਨਿਰੰਕਾਰੀ ਸਤਿਸੰਗ ਭਵਨ ਵਿਚ ਉਸ ਸਮੇਂ ਕਰੀਬ ਇਕ ਹਜ਼ਾਰ ਨਿਰੰਕਾਰੀ ਬੈਠੇ ਸਨ, ਪੁਲਿਸ ਦੀ ਚੌਕੀ ਨਿਰੰਕਾਰੀ ਭਵਨ ਦੇ ਗੇਟ 'ਤੇ ਸਥਾਪਤ ਹੈ ਅਤੇ ਬਹੁਤ ਸਾਰੇ ਸ਼ਹਿਰੀਆਂ

ਅਤੇ ਦੁਕਾਨਦਾਰਾਂ ਨੇ ਜੋ ਭਵਨ ਦੇ ਇਰਦ-ਗਿਰਦ ਸਨ, ਜਥੇਦਾਰ ਟੌਹੜਾ ਨੂੰ ਨਿਰੰਕਾਰੀ ਭਵਨ ਜਾਂਦੇ, ਸਤਿਸੰਗ ਵਿਚ ਬੈਠਦੇ, ਸਿਰੋਪਾਓ ਲੈਂਦੇ ਅਤੇ ਵਾਪਸ ਆਉਂਦੇ ਆਪਣੀਆਂ ਅੱਖਾਂ ਨਾਲ ਦੇਖਿਆ, ਜਿਸ ਕਾਰਨ ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਦੀ ਫੇਰੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਪਟਿਆਲੇ ਸ਼ਹਿਰ ਵਿਚ ਫੈਲ ਗਈ। ਮੇਰੇ ਕੁਝ ਸਾਥੀਆਂ ਨੇ 15 ਫ਼ਰਵਰੀ ਦੀ ਰਾਤ ਹੀ ਨੂੰ ਮੈਨੂੰ ਸਲਾਹ ਦਿੱਤੀ ਸੀ ਕਿ ਜਥੇਦਾਰ ਟੌਹੜਾ ਨੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਇਸ ਦੀ ਸ਼ਿਕਾਇਤ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕੀਤੀ ਜਾਵੇ, ਪਰ ਮੈਂ ਆਪਣੇ ਰਾਜਸੀ ਹਿੱਤਾਂ ਨੂੰ ਸਮਾਜ ਦੇ ਹਿੱਤਾਂ ਤੋਂ ਕੁਰਬਾਨ ਕਰ ਦਿੱਤਾ ਕਿ ਜੇ ਜਥੇਦਾਰ ਟੌਹੜਾ ਨਿਰੰਕਾਰੀ ਝਗੜਾ ਮੁਕਾ ਕੇ ਸਦਭਾਵਨਾ ਦਾ ਮਾਹੌਲ ਪੈਦਾ ਕਰਦਾ ਹੈ ਤਾਂ ਇਹ ਇਕ ਚੰਗੀ ਗੱਲ ਹੈ। ਪਰ ਜਦੋਂ ਜਥੇਦਾਰ ਟੌਹੜਾ ਨੇ ਨਿਰੰਕਾਰੀਆਂ ਦੀਆਂ ਵੋਟਾਂ ਲੈ ਕੇ ਆਪਣੀ ਦੋਗਲੀ ਨੀਤੀ 'ਤੇ ਚਲਦਿਆਂ ਚੁੱਪ ਸਾਧ ਲਈ ਤਾਂ ਮੈਂ 10 ਅਪਰੈਲ ਨੂੰ ਪਟਿਆਲਾ ਵਿਖੇ ਪੁਲਿਸ ਤਸ਼ੱਦਦ ਵਿਰੁੱਧ ਧਰਨੇ ਦੌਰਾਨ ਕਿਹਾ ਕਿ ਜਦ ਜਥੇਦਾਰ ਟੌਹੜਾ ਨੇ ਨਿਰੰਕਾਰੀਆਂ ਨਾਲ ਰਾਜਸੀ ਸਬੰਧ ਬਹਾਲ ਕਰ ਹੀ ਲਏ ਹਨ ਤਾਂ ਸਮਾਜਿਕ ਸਬੰਧ ਬਹਾਲ ਕਰਨ ਲਈ ਅਗਰ ਜਥੇਦਾਰ ਟੌਹੜਾ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰਨ ਤਾਂ ਮੈਂ ਵੀ ਉਨ੍ਹਾਂ ਨਾਲ ਜਾ ਕੇ ਬੇਨਤੀ ਕਰਨ ਲਈ ਤਿਆਰ ਹਾਂ।

10 ਅਪਰੈਲ ਦੇ ਪੁਲਿਸ ਤਸ਼ੱਦਦ ਵਿਰੁੱਧ ਧਰਨੇ ਦੌਰਾਨ ਮੇਰੇ ਭਾਸ਼ਨ ਨੂੰ ਸਾਰੀਆਂ ਅਖ਼ਬਾਰਾਂ ਨੇ 11 ਅਪਰੈਲ ਨੂੰ ਪ੍ਰਕਾਸ਼ਤ ਕੀਤਾ, ਜਿਸ ਨੂੰ 'ਅਜੀਤ' ਅਖ਼ਬਾਰ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਕੀਤਾ ਗਿਆ।

ਟੌਹੜਾ ਵਿਰੁੱਧ ਸੰਗੀਨ ਇਲਜ਼ਾਮ :

ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਭਾਸ਼ਨ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਨਾਂਅ ਲੈ ਕੇ ਨਾ ਕੇਵਲ ਆਲੋਚਨਾ ਹੀ ਕੀਤੀ, ਸਗੋਂ ਸੰਗੀਨ ਇਲਜ਼ਾਮ ਵੀ ਲਾਏ। ਉਨ੍ਹਾਂ ਨੇ ਗੰਭੀਰ ਦੋਸ਼ ਲਾਇਆ ਕਿ ਵੋਟਾਂ ਵੇਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਟਿਆਲਾ ਸਥਿਤ ਨਿਰੰਕਾਰੀ ਮਿਸ਼ਨ ਵਿਚ ਗਏ ਸਨ। ਓਥੇ ਉਨ੍ਹਾਂ ਤੋਂ ਵੋਟਾਂ ਦੀ ਮੰਗ ਵੇਲੇ ਸਿਰੋਪਾਓ ਵੀ ਲਿਆ ਸੀ। ਕੈਪਟਨ ਨੇ ਕਿਹਾ ਕਿ ਉਹ ਪਹਿਲਾਂ ਵੀ ਤੇ ਹੁਣ ਵੀ ਇਸ ਹੱਕ ਵਿਚ ਹਨ ਕਿ ਸਮਾਜ ਨੂੰ ਜੋੜਿਆ ਜਾਵੇ, ਇਸ ਲਈ ਜੇ ਜਥੇਦਾਰ ਟੌਹੜਾ ਅਕਾਲ ਤਖ਼ਤ ਸਾਹਿਬ 'ਤੇ ਲਿਜਾ ਕੇ ਇਸ ਮਾਮਲੇ ਨੂੰ ਹੱਲ ਕਰਨਾ ਚਾਹੁੰਦੇ ਹਨ ਤਾਂ ਉਹ ਖ਼ੁਦ ਉਨ੍ਹਾਂ ਨਾਲ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਸਮਾਜ ਨੂੰ ਜੋੜਨ ਦੀ ਅਪੀਲ ਕਰਨਗੇ।

11 ਅਪਰੈਲ ਨੂੰ ਜਥੇਦਾਰ ਟੌਹੜਾ ਨੇ ਪ੍ਰੈਸ ਬਿਆਨ ਦਿੱਤਾ, ਜਿਸ ਨੂੰ ਸਾਰੀਆਂ ਅਖ਼ਬਾਰਾਂ ਨੇ ਛਾਪਿਆ, ਜੋ ਅੰਗਰੇਜ਼ੀ 'ਟ੍ਰਿਬਿਊਨ' ਵਿਚ ਇਸ ਤਰ੍ਹਾਂ ਪ੍ਰਕਾਸ਼ਤ ਹੋਇਆ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਅਮਰਿੰਦਰ ਸਿੰਘ ਆਪਣੇ ਆਪ ਨਿਰੰਕਾਰੀਆਂ ਨੂੰ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਮਸਲੇ ਦਾ ਹੱਲ ਕਰਵਾ ਦੇਵੇ, ਮੈਨੂੰ ਨਾਲ ਲਿਜਾਣ ਦੀ ਕੀ ਲੋੜ ਹੈ। ਜੇ ਕਰ ਅਮਰਿੰਦਰ ਸਿੰਘ ਨਿਰੰਕਾਰੀ ਝਗੜਾ ਮੁਕਾਉਣਾ ਚਾਹੁੰਦਾ ਹੈ ਤਾਂ ਇਹ ਬੜੀ ਚੰਗੀ ਗੱਲ ਹੋਵੇਗੀ। ਜਦੋਂ ਜਥੇਦਾਰ ਟੌਹੜਾ ਤੋਂ ਪਿਛਲੀ ਲੋਕ ਸਭਾ ਚੋਣ ਦੌਰਾਨ ਨਿਰੰਕਾਰੀ ਵੋਟਾਂ ਲੈਣ ਬਾਰੇ ਪੁੱਛਿਆ ਗਿਆ ਤਾਂ ਜਥੇਦਾਰ ਟੌਹੜਾ ਨੇ ਕਿਹਾ ਕਿ ਜਦੋਂ ਚੋਣਾਂ ਹੁੰਦੀਆਂ ਹਨ ਤਾਂ ਸਾਰੀਆਂ ਰਾਜਸੀ ਪਾਰਟੀਆਂ ਆਪਣੇ ਉਮੀਦਵਾਰਾਂ ਲਈ ਵੋਟਾਂ ਪ੍ਰਾਪਤ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਵੋਟਾਂ ਪਾਉਣ ਦੀ ਅਪੀਲ ਕਰਦੀਆਂ ਹਨ। ਜਥੇਦਾਰ ਟੌਹੜਾ ਨੇ ਕਿਹਾ ਕਿ ਮੈਂ ਵੀ ਆਪਣੀ ਪਾਰਟੀ ਦੇ ਉਮੀਦਵਾਰ ਵਾਸਤੇ ਵੋਟਾਂ ਪ੍ਰਾਪਤ ਕਰਨ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਹੈ, ਜਿਸ ਵਿਚ ਨਿਰੰਕਾਰੀ ਵੀ ਸ਼ਾਮਿਲ ਹਨ। ਇਸ ਲਈ ਬੁਰਾਈ ਹੀ ਕੀ ਹੈ।

ਜਥੇਦਾਰ ਟੌਹੜਾ ਦਾ 12 ਅਪਰੈਲ 1998 ਨੂੰ ਦਿੱਤਾ ਬਿਆਨ 13 ਅਪਰੈਲ ਦੀ 'ਅਜੀਤ' ਅਖ਼ਬਾਰ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਹੋਇਆ :

"ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਵਿਚ ਜਥੇਦਾਰ ਟੌਹੜਾ ਨੇ ਲੋਕ ਸਭਾ ਦੀ ਚੋਣ ਵੇਲੇ ਵੋਟਾਂ ਲਈ ਨਿਰੰਕਾਰੀ ਮਿਸ਼ਨ ਦੇ ਸਮਾਗਮ ਵਿਚ ਜਾ ਕੇ ਵੋਟਾਂ ਦੀ ਮੰਗ ਕੀਤੀ," ਉਪਰ ਟਿੱਪਣੀ ਕਰਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਜੇ ਕਰ ਅਮਰਿੰਦਰ ਸਿੰਘ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਪਹਿਲ ਕਰਦੇ ਹਨ ਤਾਂ ਖ਼ੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਮੇਰੇ ਨਾਲ ਨਹੀਂ ਚੱਲ ਸਕਦਾ। ਉਹ ਖ਼ੁਦ ਹੀ ਪਹਿਲ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨਾਲ ਗੱਲਬਾਤ ਕੇ।

ਉਨ੍ਹਾਂ ਨੇ ਕਿਹਾ ਕਿ ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ, ਹਰੇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਵੋਟਰਾਂ ਤਕ ਪਹੁੰਚ ਕਰਦੀ ਹੈ, ਕਾਂਗਰਸ ਵਾਲਿਆਂ ਨੇ ਪਹਿਲਾਂ ਹਮੇਸ਼ਾ ਹੀ ਨਿਰੰਕਾਰੀਆਂ ਦੀ ਵੋਟ ਨੂੰ ਆਪਣੀ ਇਜ਼ਾਰੇਦਾਰੀ ਬਣਾਈ ਰੱਖਿਆ ਸੀ।

ਵਿਸਾਖੀ ਦੇ ਪਾਵਨ ਦਿਹਾੜੇ ਦਮਦਮਾ ਸਾਹਿਬ ਵਿਖੇ ਜਥੇਦਾਰ ਟੌਹੜਾ ਨੇ ਆਪਣੇ 11 ਤੇ 12 ਅਪਰੈਲ ਨੂੰ ਦਿੱਤੇ ਬਿਆਨਾਂ ਨੂੰ ਦੁਹਰਾਇਆ। 14 ਅਪਰੈਲ ਦੀ 'ਅਜੀਤ' ਅਖ਼ਬਾਰ ਵਿਚ ਇਹ ਪ੍ਰਕਾਸ਼ਤ ਹੋਇਆ। "ਜਥੇਦਾਰ ਟੌਹੜਾ ਦੇ ਨਿਰੰਕਾਰੀਆਂ ਤੋਂ ਅਸ਼ੀਰਵਾਦ ਲੈਣ ਨਾਲ ਸਿੱਖ ਹਲਕਿਆਂ ਵਿਚ ਨਵੀਂ ਬਹਿਸ ਛਿੜੀ"—ਮੇਜਰ ਸਿੰਘ।

"ਜਲੰਧਰ 14 ਅਪਰੈਲ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਲੋਕ ਸਭਾ ਚੋਣਾਂ ਮੌਕੇ ਨਿਰੰਕਾਰੀ ਮਿਸ਼ਨ ਵਿਚ ਜਾ ਕੇ ਉਨ੍ਹਾਂ ਵੱਲੋਂ ਅਸ਼ੀਰਵਾਦ ਹਾਸਿਲ ਕਰਨ ਅਤੇ ਸਿਰੋਪਾ ਲੈਣ ਦੇ ਕਾਂਗਰਸੀ ਆਗੂਆਂ ਵੱਲੋਂ ਲਾਏ ਇਲਜ਼ਾਮਾਂ ਅਤੇ ਇਸ ਦੇ ਬਾਅਦ ਜਥੇਦਾਰ ਟੌਹੜਾ ਵੱਲੋਂ ਥੋੜੀ ਝਿਜਕ ਨਾਲ ਇਸ ਗੱਲ ਨੂੰ ਪ੍ਰਵਾਨ ਕਰ ਲੈਣ ਨਾਲ ਸਿੱਖ ਜਗਤ ਵਿਚ ਇਕ ਨਵੀਂ ਬਹਿਸ ਛਿੜ ਗਈ ਹੈ।"

ਇਸ ਤਰ੍ਹਾਂ 11, 12, 13 ਅਪਰੈਲ ਦੇ ਅਖ਼ਬਾਰਾਂ ਰਾਹੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸਾਫ਼ ਤੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ ਅਤੇ ਹਰ ਇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਲੋਕਾਂ ਤਕ ਪਹੁੰਚ ਤੇ ਅਪੀਲ ਕਰਦੀ ਹੈ। ਮੈਂ ਵੀ ਵੋਟਾਂ ਲਈ ਸਮਾਜ ਦੇ ਸਾਰੇ ਵਰਗਾਂ ਤਕ ਪਹੁੰਚ ਕੇ ਅਪੀਲ ਕੀਤੀ ਹੈ, ਜਿਸ ਵਿਚ ਨਿਰੰਕਾਰੀ ਵੀ ਸ਼ਾਮਿਲ ਹਨ, ਇਸ ਲਈ ਬੁਰਾਈ ਹੀ ਕੀ ਹੈ ? ਜਦ ਜਥੇਦਾਰ ਟੌਹੜਾ ਖ਼ੁਦ ਨਿਰੰਕਾਰੀਆਂ ਤਕ ਪਹੁੰਚ ਕਰਨ ਤੇ ਵੋਟਾਂ ਦੀ ਅਪੀਲ ਕਰਨ ਨੂੰ ਕਬੂਲ ਕਰ ਰਿਹਾ ਹੈ ਤਾਂ ਉਸ ਦਾ ਇਹ ਇਕਬਾਲ ਹੀ ਆਪਣੇ ਆਪ ਵਿਚ ਪ੍ਰਤੱਖ ਸਬੂਤ ਹੈ।

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ, ਮੈਂ ਆਪ ਜੀ ਦੀ ਸੇਵਾ ਵਿਚ ਸਚਾਈ 'ਤੇ ਆਧਾਰਿਤ ਤੱਥ ਪੇਸ਼ ਕੀਤੇ ਹਨ, ਜਿਨ੍ਹਾਂ ਵਿਚ ਜਥੇਦਾਰ ਟੌਹੜਾ ਦੇ ਕਿਰਦਾਰ, ਚਾਲ-ਚੱਲਣ ਤੇ ਨਿਰੰਕਾਰੀ ਭਵਨ ਜਾਣ 'ਤੇ ਸਿਰੋਪਾ ਲੈਣ ਤੇ ਵੋਟਾਂ ਮੰਗਣ ਦੀ ਮੂੰਹ ਬੋਲਦੀ ਤਸਵੀਰ ਸਪੱਸ਼ਟ ਦਿਸ ਰਹੀ ਹੈ, ਜਿਸ ਦਾ ਮਹੀਨਾ ਭਰ ਤੋਂ ਅਖ਼ਬਾਰਾਂ ਵਿਚ ਏਨਾ ਚਰਚਾ ਹੋਣ ਦੇ ਬਾਵਜੂਦ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਭਾਵੇਂ ਸੱਤ ਵਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੇ ਰਾਜਸੀ ਸਵਾਰਥਾਂ ਲਈ ਅਕਾਲ ਤਖ਼ਤ ਸਾਹਿਬ 'ਤੇ ਝੂਠ ਬੋਲਿਆ ਅਤੇ ਝੂਠੇ ਦਸਤਾਵੇਜ਼ ਪੇਸ਼ ਕੀਤੇ, ਪਰ ਜੇ ਅੱਜ ਵੀ ਜਥੇਦਾਰ ਟੌਹੜਾ ਅਕਾਲ ਤਖ਼ਤ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਇਸ ਗੱਲ ਤੋਂ ਲਿਖਤੀ ਤੌਰ 'ਤੇ ਮੁਨਕਰ ਹੋਵੇ ਤਾਂ ਮੇਰੀ ਬੇਨਤੀ ਹੈ ਕਿ ਸੱਚ ਝੂਠ ਦੇ ਨਿਤਾਰੇ ਲਈ ਸੁਪਰੀਟ ਕੋਰਟ ਦੇ ਰਿਟਾਇਰਡ ਸਿੱਖ ਜੱਜਾਂ 'ਤੇ ਆਧਾਰਿਤ ਪੜਤਾਲੀਆ ਕਮਿਸ਼ਨ ਨਿਰਧਾਰਿਤ ਕਰਨ ਦੀ ਕ੍ਰਿਪਾਲਤਾ ਕਰੋ, ਜੋ ਨਿਸਚਿਤ ਸਮੇਂ ਵਿਚ ਆਪਣੀ ਰਿਪੋਰਟ ਆਪ ਜੀ ਦੀ ਸੇਵਾ ਵਿਖੇ ਪੇਸ਼ ਕਰੇ। ਜੇ ਮੇਰੇ ਪੇਸ਼ ਕੀਤੇ ਤੱਥਾਂ ਵਿਚ ਇਕ ਵੀ ਤੱਥ ਗ਼ਲਤ ਸਾਬਤ ਹੋਵੇ ਤਾਂ ਆਪ ਜੀ ਜੋ ਵੀ ਸਜ਼ਾ ਦਿਓਗੇ, ਮੈਂ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ। ਜੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਦਾ ਦੋਸ਼ ਸਾਬਤ ਹੁੰਦਾ ਹੈ ਤਾਂ ਅਜਿਹੀ ਸਜ਼ਾ ਦਿੱਤੀ ਜਾਵੇ ਕਿ ਅੱਗੇ ਤੋਂ ਕੋਈ ਵੀ ਸਿੱਖ ਅਕਾਲ ਤਖ਼ਤ ਸਾਹਿਬ 'ਤੇ ਝੂਠ ਬੋਲਣ ਦਾ ਹੀਆ ਨਾ ਕਰ ਸਕੇ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਅਮਰਿੰਦਰ ਸਿੰਘ

(ਨੋਟ : ਹੁਕਮਨਾਮਿਆਂ ਦੀਆਂ ਕਾਪੀਆਂ, 28-9-1979 ਦਾ 14 ਪੰਨਿਆਂ ਦਾ ਬੇਨਤੀ ਪੱਤਰ, ਸਿੰਘ ਸਾਹਿਬਾਨ ਦਾ ਪ੍ਰੈਸ ਬਿਆਨ ਤੇ ਅਖ਼ਬਾਰਾਂ ਦੀਆਂ ਕਤਾਰਾਂ ਅਤੇ ਹਲਫ਼ੀਆ ਬਿਆਨ ਬੇਨਤੀ ਪੱਤਰ ਨਾਲ ਨੱਥੀ ਹੈ।)

ਉਤਾਰਾ : ਸਮੂਹ ਸਿੱਖ ਸੰਗਤ

ਅਮਰਿੰਦਰ ਸਿੰਘ ਦੀ ਤੀਜੀ ਚਿੱਠੀ

ਕੈਪਟਨ ਦੀ ਚਿੱਠੀ ਮਗਰੋਂ (ਭਾਈ) ਰਣਜੀਤ ਸਿੰਘ ਨੇ ਉਸ ਨੂੰ ਕਿਹਾ ਕਿ ਉਹ ਸਿਆਸੀ ਨੁਕਤੇ ਛੱਡ ਕੇ ਸਿਰਫ਼ ਧਾਰਮਿਕ ਦੋਸ਼ਾਂ ਬਾਰੇ ਸਬੂਤ ਪੇਸ਼ ਕਰੇ। ਇਸ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਇਕ ਹੋਰ (ਤੀਜੀ) ਚਿੱਠੀ (ਭਾਈ) ਰਣਜੀਤ ਸਿੰਘ ਨੂੰ ਲਿਖੀ, ਜੋ ਇੰਞ ਸੀ[39] :

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮੈਂ ਆਪ ਜੀ ਦੀ ਪਾਵਨ ਸੇਵਾ ਵਿਖੇ ਜਥੇਦਾਰ ਟੌਹੜਾ ਦੇ ਵਿਰੁੱਧ ਪੰਜ ਗੰਭੀਰ ਦੋਸ਼ਾਂ 'ਤੇ ਆਧਾਰਿਤ ਬੇਨਤੀ ਪੱਤਰ ਮਿਤੀ 14 ਅਪਰੈਲ 1998 ਨੂੰ ਪੇਸ਼ ਕੀਤਾ ਸੀ। ਆਪ ਜੀ ਦੇ ਆਦੇਸ਼ ਅਨੁਸਾਰ ਇਨ੍ਹਾਂ ਦੋਸ਼ਾਂ ਦੇ ਸਬੂਤ ਆਪ ਜੀ ਦੀ ਸੇਵਾ ਵਿਚ 8-5-1998 ਨੂੰ ਪੇਸ਼ ਕੀਤੇ ਸਨ, ਤਾਂ ਆਪ ਜੀ ਨੇ ਫ਼ੁਰਮਾਇਆ ਕਿ ਕੇਵਲ ਧਾਰਮਿਕ ਦੋਸ਼ਾਂ ਬਾਰੇ ਠੋਸ ਸਬੂਤ ਪੇਸ਼ ਕਰੋ। ਇਸ ਲਈ ਮੈਂ ਆਪ ਜੀ ਦੀ ਸੇਵਾ ਵਿਖੇ ਜਥੇਦਾਰ ਟੌਹੜਾ ਵਿਰੁੱਧ ਗੰਭੀਰ ਧਾਰਮਿਕ ਦੋਸ਼ਾਂ ਬਾਰੇ ਠੋਸ ਸਬੂਤ ਪੇਸ਼ ਕਰ ਰਿਹਾ ਹਾਂ;

7 ਜਨਵਰੀ 1924 ਨੂੰ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤਸਰ ਪੁਲਿਸ ਨੇ ਧਾਵਾ ਕੀਤਾ, ਜਿਸ ਨੂੰ ਧਰਮ 'ਤੇ ਕਾਤਲਾਨਾ ਹਮਲਾ ਕਰਾਰ ਦਿੰਦਿਆਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ, ਜਿਸ ਦੀ ਕਿਤਾਬ ਵਿਚ ਪ੍ਰਕਾਸ਼ਤ ਫ਼ੋਟੋ ਕਾਪੀ ਬੇਨਤੀ ਪੱਤਰ ਨਾਲ ਨੱਥੀ ਹੈ।

'ਗੁਰੂ ਪਿਆਰੇ ਅਕਾਲ ਤਖ਼ਤ ਸਾਹਿਬ ਦੀ ਇੱਜ਼ਤ ਨੂੰ ਕਾਇਮ ਰੱਖਣ ਲਈ ਆਪਣੇ ਸਿਰ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਿਣ। ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਨੂੰ ਚੁੱਪ ਕਰ ਕੇ ਸਹਾਰ ਲੈਣਾ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਦੇਣਾ ਹੈ।'

4 ਜੂਨ 1984 ਨੂੰ ਅਕਾਲ ਤਖ਼ਤ ਸਾਹਿਬ 'ਤੇ ਫ਼ੌਜੀ ਧਾਵਾ ਹੋਇਆ, ਅਕਾਲ ਤਖ਼ਤ ਸਾਹਿਬ ਦਾ ਨੁਕਸਾਨ ਵੀ ਹੋਇਆ, ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਸਿਰ ਕਟਾਉਣ ਦੀ ਬਜਾਏ ਸਿਰ ਝੁਕਾ ਕੇ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਨੂੰ ਬੇਦਾਵਾ ਲਿਖ ਕੇ ਬਖ਼ਤਰਬੰਦ ਗੱਡੀ ਵਿਚ ਬੈਠ ਕੇ ਸੁਰੱਖਿਅਤ ਥਾਂ 'ਤੇ ਚਲੇ ਗਏ। ਜਿਸ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗੁਰੂ ਘਰ ਦੀ ਸੇਵਾ ਸੰਭਾਲ ਤੇ ਸੁਰੱਖਿਆ ਕਰਨਾ ਪਰਮ ਧਰਮ ਹੈ, ਜਿਸ ਨੇ ਗੁਰੂ ਘਰ ਦੀ

39. ਕੁਲਬੀਰ ਸਿੰਘ ਕੌੜਾ, *ਬੇਈਮਾਨ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ੇ 165-67.

ਸੁਰੱਖਿਆ ਲਈ ਇਕ ਲੱਖ ਮਰਜੀਵੜੇ ਵੀ ਭਰਤੀ ਕਰਵਾਏ ਤੇ 'ਟੈਂਕ ਮੇਰੀ ਛਾਤੀ ਤੋਂ ਲੰਘ ਕੇ ਹੀ ਗੁਰੂ ਘਰ ਵਿਚ ਪ੍ਰਵੇਸ਼ ਕਰਨਗੇ' ਵਰਗੇ ਬਿਆਨ ਵੀ ਅਖ਼ਬਾਰਾਂ ਵਿਚ ਦਿੱਤੇ, ਉਸੇ ਜਥੇਦਾਰ ਟੌਹੜਾ ਨੇ ਸਿਰ ਕਟਾਉਣ ਦੀ ਬਜਾਏ ਸਿਰ ਝੁਕਾ ਕੇ ਤੇ ਸਤਿਗੁਰੂ ਨੂੰ ਬੇਦਾਵਾ ਲਿਖ ਕੇ ਨਾ ਕੇਵਲ ਸਿੱਖ ਇਤਿਹਾਸ ਕਲੰਕਿਤ ਕੀਤਾ, ਸਗੋਂ 7 ਜਨਵਰੀ 1924 ਦੇ ਹੁਕਮਨਾਮੇ ਦੀ ਉਲੰਘਣਾ ਵੀ ਕੀਤੀ।

1986 ਵਿਚ ਪੰਥ ਦੀ ਬਣਾਈ ਬਰਨਾਲਾ ਸਰਕਾਰ ਨੇ ਅਕਾਲ ਤਖ਼ਤ ਸਾਹਿਬ 'ਤੇ ਪੁਲਿਸ ਧਾਵਾ ਬੋਲਣ ਦਾ ਬੱਜਰ ਪਾਪ ਕੀਤਾ, ਜਿਸ ਨੂੰ ਸਹਿਣ ਨਾ ਕਰਦਿਆਂ ਹੋਇਆਂ 27 ਪੰਥਕ ਐਮ.ਐਲ.ਏ. ਬਰਨਾਲਾ ਸਰਕਾਰ ਤੋਂ ਅਲੱਗ ਹੋ ਗਏ, ਜਦੋਂ ਕਿ ਸ: ਪ੍ਰੇਮ ਸਿੰਘ ਚੰਦੂਮਾਜਰਾ ਆਦਿ ਨੇ ਹੁਕਮਨਾਮੇ ਮੁਤਾਬਿਕ ਸਤਿਗੁਰੂ ਨੂੰ ਲਿਖਤੀ ਬੇਦਾਵਾ ਦੇ ਕੇ ਬਰਨਾਲਾ ਸਰਕਾਰ ਵਿਚ ਵਜ਼ੀਰੀਆਂ ਤੇ ਚੇਅਰਮੈਨੀਆਂ ਸਵੀਕਾਰ ਕਰ ਲਈਆਂ। ਅੱਜ ਤਕ ਸਤਿਗੁਰੂ ਨੂੰ ਬੇਦਾਵਾ ਦੇਣ ਵਾਲਿਆਂ ਨੇ ਨਾ ਕੋਈ ਪਸ਼ਚਾਤਾਪ ਕੀਤਾ, ਨਾ ਹੀ ਅਕਾਲ ਤਖ਼ਤ ਸਾਹਿਬ 'ਤੇ ਮਾਫ਼ੀ ਮੰਗ ਕੇ ਆਪਣੇ ਬੇਦਾਵੇ ਨੂੰ ਪੜਵਾਇਆ, ਪਰ ਜਥੇਦਾਰ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੰਦੂਮਾਜਰਾ ਆਦਿ ਨੂੰ ਰਾਜਸੀ ਪਦਵੀਆਂ ਤੇ ਵਜ਼ੀਰਆਂ ਦੁਆ ਕੇ ਉਨ੍ਹਾਂ ਦੇ ਬੱਜਰ ਪਾਪ ਦਾ ਭਾਗੀਦਾਰ ਬਣ ਚੁੱਕਿਆ ਹੈ। ਇਸ ਤਰ੍ਹਾਂ ਜਥੇਦਾਰ ਟੌਹੜਾ ਨੇ ਨਾ ਸਿਰਫ਼ 7 ਜਨਵਰੀ, 1924 ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਸਗੋਂ ਗੁਰੂ ਘਰ ਨਾਲ ਵਿਸ਼ਵਾਸ-ਘਾਤ ਵੀ ਕੀਤਾ ਹੈ।

15 ਫ਼ਰਵਰੀ 1998 ਨੂੰ ਜਥੇਦਾਰ ਟੌਹੜਾ ਨੇ ਨਿਰੰਕਾਰੀ ਸਤਿਸੰਗ ਭਵਨ ਜਾ ਕੇ, ਸਿਰੋਪਾਓ ਲੈ ਕੇ ਤੇ ਹਾਜ਼ਰੀ ਲੁਆ ਕੇ, ਵੋਟਾਂ ਦੀ ਮੰਗ ਕਰਕੇ 10 ਜੂਨ 1978 ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਜਥੇਦਾਰ ਟੌਹੜਾ 12, 13, 14 ਤੇ 15 ਅਪਰੈਲ ਦੇ ਅਖ਼ਬਾਰਾਂ ਨੂੰ ਦਿੱਤੇ ਆਪਣੇ ਬਿਆਨਾਂ ਰਾਹੀਂ ਨਿਰੰਕਾਰੀਆਂ ਤਕ ਪਹੁੰਚ ਕਰਨ ਤੇ ਵੋਟਾਂ ਮੰਗਣ ਦਾ ਇਕਬਾਲ ਕਰ ਚੁੱਕੇ ਹਨ, ਜੋ ਆਪਣੇ ਆਪ ਵਿਚ ਇਕ ਪ੍ਰਤੱਖ ਸਬੂਤ ਹੈ। ਇਸ ਤੋਂ ਵੀ ਵੱਧ ਠੋਸ ਸਬੂਤ ਇਹ ਹੈ ਕਿ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ 'ਕਿ ਜਥੇਦਾਰ ਟੌਹੜਾ ਨੇ ਨਿਰੰਕਾਰੀ ਸਤਿਸੰਗ ਭਵਨ ਜਾ ਕੇ, ਸਿਰੋਪਾਓ ਲੈ ਕੇ ਵੋਟਾਂ ਦੀ ਮੰਗ ਕੀਤੀ ਹੈ' ਦਾ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਦੀਆਂ ਫ਼ੋਟੋ ਕਾਪੀਆਂ ਤੇ ਹਲਫ਼ੀਆ ਬਿਆਨ ਮੈਂ ਪਹਿਲਾਂ ਹੀ ਆਪ ਜੀ ਦੀ ਸੇਵਾ ਵਿਚ ਪੇਸ਼ ਕਰ ਚੁੱਕਿਆ ਹਾਂ ਤੇ ਠੋਸ ਸਬੂਤ ਵਜੋਂ ਜਥੇਦਾਰ ਟੌਹੜਾ ਦੀ ਨਿਰੰਕਾਰੀ ਸਤਿਸੰਗ ਜਾਣ ਦੀ ਫ਼ੋਟੋ ਵੀ ਪੇਸ਼ ਕਰ ਰਿਹਾ ਹਾਂ।

ਪਰਮ ਕਿਰਪਾਲੂ ਜੀਓ, ਸਿੱਖ ਇਤਿਹਾਸ ਇਹ ਪ੍ਰਤੱਖ ਦੱਸ ਰਿਹਾ ਹੈ ਕਿ ਸਤਿਗੁਰੂ ਨੂੰ ਲਿਖੇ ਬੇਦਾਵੇ ਨੂੰ ਪੜਵਾਉਣ ਲਈ ਕੀ ਕੁਰਬਾਨੀ ਕਰਨੀ ਪੈਂਦੀ ਹੈ। **ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 4 ਜੂਨ 1984 ਨੂੰ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਸਹਾਰ ਕੇ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਵਿਚ ਬੇਦਾਵਾ ਲਿਖਿਆ ਹੈ।** 1986 ਵਿਚ ਗੁਰੂ ਘਰ 'ਤੇ ਪੁਲਿਸ ਧਾਵਾ ਕਰਨ ਵਾਲੇ ਤੇ ਗੁਰੂ ਘਰ ਨੂੰ ਬੇਦਾਵਾ ਲਿਖ ਕੇ ਦੇਣ ਵਾਲਿਆਂ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੁਆ ਕੇ ਉਨ੍ਹਾਂ ਦੇ ਬੱਜਰ ਪਾਪ ਦੇ ਭਾਗੀਦਾਰ ਬਣੇ ਹਨ। ਜਥੇਦਾਰ ਟੌਹੜਾ ਦੋ ਵਾਰ ਅਕਾਲ ਤਖ਼ਤ ਸਾਹਿਬ 'ਤੇ ਝੂਠੇ ਦਸਤਾਵੇਜ਼ ਪੇਸ਼ ਕਰ ਚੁੱਕੇ ਹਨ ਤੇ ਦੋ ਵਾਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਸਮਾਂ ਖਾ ਕੇ ਤੇ ਅਰਦਾਸਾਂ ਕਰ ਕੇ ਭੰਗ ਕਰ ਚੁੱਕੇ ਹਨ, ਤਿੰਨ ਵਾਰ ਹੁਕਮਨਾਮਿਆਂ ਦੀ ਉਲੰਘਣਾ ਕਰ ਚੁੱਕੇ ਹਨ। ਆਪ ਜੀ ਸਿੱਖ ਪੰਥ ਦੀ ਸੁਪਰੀਮ ਅਦਾਲਤ ਹੋ। ਜਥੇਦਾਰ ਟੌਹੜਾ ਦਾ ਇਨ੍ਹਾਂ ਗੰਭੀਰ ਦੋਸ਼ਾਂ ਬਾਰੇ ਆਪ ਜੀ ਵੱਲੋਂ ਦਿੱਤਾ ਇਤਿਹਾਸਕ ਫ਼ੈਸਲਾ ਸਿੱਖ ਇਤਿਹਾਸ ਵਿਚ ਮੀਲ-ਪੱਥਰ ਸਾਬਤ ਹੋਵੇਗਾ।

ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,
ਅਮਰਿੰਦਰ ਸਿੰਘ

ਕੈਪਟਨ ਅਮਰਿੰਦਰ ਸਿੰਘ ਦੀ ਜਥੇਦਾਰ ਟੌਹੜਾ ਬਾਰੇ ਚੌਥੀ ਚਿੱਠੀ[40]

ਸਿੰਘ ਸਾਹਿਬ ਸ੍ਰੀਮਾਨ ਜਥੇਦਾਰ ਅਕਾਲ ਤਖ਼ਤ ਸਾਹਿਬ
ਪਰਮ ਕ੍ਰਿਪਾਲੂ ਜੀਓ,

ਮੈਂ ਆਪ ਜੀ ਦੀ ਪਾਵਨ ਸੇਵਾ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਅੱਠ ਗੰਭੀਰ ਦੋਸ਼ਾਂ 'ਤੇ ਆਧਾਰਿਤ ਬੇਨਤੀ ਪੱਤਰ ਪੇਸ਼ ਕਰ ਚੁੱਕਿਆ ਹਾਂ :

1. 1924 ਦੇ ਹੁਕਮਨਾਮੇ ਅਨੁਸਾਰ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੀਲਾ ਤਾਰਾ ਅਪਰੇਸ਼ਨ ਸਮੇਂ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਸਹਾਰ ਕੇ, ਸਿਰ ਕਟਵਾਉਣ ਦੀ ਜਗ੍ਹਾ ਸਿਰ ਝੁਕਾ ਕੇ ਸਤਿਗੁਰੂ ਤੇ ਅਕਾਲ ਪੁਰਖ ਦੀ ਦਰਗਾਹ ਤੋਂ ਬੇਦਾਵਾ ਲਿਖ ਚੁੱਕੇ ਸਨ।
2. 1986 ਵਿਚ ਬਰਨਾਲਾ ਸਰਕਾਰ ਨੇ ਅਕਾਲ ਤਖ਼ਤ ਸਾਹਿਬ 'ਤੇ ਪੁਲਿਸ ਧਾਵਾ ਬੋਲਿਆ, ਜਿਸ ਦੀ ਹਿਮਾਇਤ ਕਰ ਕੇ ਚੰਦੂਮਾਜਰਾ ਆਦਿ ਨੇ ਵਜ਼ੀਰੀਆਂ ਪ੍ਰਾਪਤ ਕਰ ਕੇ ਸਤਿਗੁਰੂ ਨੂੰ ਬੇਦਾਵਾ ਲਿਖ ਦਿੱਤਾ। ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚੰਦੂਮਾਜਰਾ ਆਦਿ ਨੂੰ ਰਾਜਸੀ ਪਦਵੀਆਂ ਤੇ ਵਜ਼ੀਰੀਆਂ ਦੁਆ ਕੇ ਗੁਰੂ ਘਰ ਨਾਲ ਵਿਸ਼ਵਾਸਘਾਤ ਕੀਤਾ।
3. ਜਥੇਦਾਰ ਟੌਹੜਾ ਨੇ ਆਪਣੇ ਰਾਜਸੀ ਸਵਾਰਥਾਂ ਲਈ 28-9-1979 ਨੂੰ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ 14 ਪੰਨਿਆਂ 'ਤੇ ਆਧਾਰਿਤ **ਝੂਠ ਦਾ ਪੁਲੰਦਾ** ਪੇਸ਼ ਕੀਤਾ।
4. ਜਥੇਦਾਰ ਟੌਹੜਾ ਨੇ ਮਿਤੀ 5-3-1980 ਨੂੰ ਇਕ ਝੂਠੀ ਤੇ ਜਾਅਲੀ ਡੈਲੀਗੇਟਾਂ ਦੀ ਸੂਚੀ ਸਿੰਘ ਸਾਹਿਬਾਨ ਅੱਗੇ ਪੇਸ਼ ਕਰਾਈ।
5. ਜਥੇਦਾਰ ਟੌਹੜਾ ਨੇ 1992 ਵਿੱਚੋਂ ਕੇਸਗੜ੍ਹ ਸਾਹਿਬ ਦੇ ਪਾਵਨ ਸਥਾਨ 'ਤੇ ਧਾਰਮਿਕ ਤੇ ਰਾਜਸੀ ਪਦਵੀ ਨਾ ਲੈਣ ਦੀ ਖਾਧੀ ਕਸਮ ਨੂੰ ਤੋੜਿਆ।
6. ਪੰਥਕ ਤੇ ਜਨਤਕ ਹਿੱਤਾਂ ਲਈ ਜਥੇਦਾਰ ਟੌਹੜਾ ਨੇ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਭੰਗ ਕੀਤਾ।
7. 15 ਫ਼ਰਵਰੀ 1998 ਨੂੰ ਜਥੇਦਾਰ ਟੌਹੜਾ ਨਿਰੰਕਾਰੀ ਸਤਿਸੰਗ ਭਵਨ, ਪਟਿਆਲਾ ਵਿੱਚੋਂ ਜਾ ਕੇ ਸਿਰੋਪਾ ਲੈ ਕੇ ਤੇ ਹਾਜ਼ਰੀ ਲਵਾ ਕੇ 10 ਜੂਨ 1978 ਦੇ ਹੁਕਮਨਾਮੇ ਦੀ ਉਲੰਘਣਾ ਕਰ ਚੁੱਕੇ ਹਨ।
8. ਜਥੇਦਾਰ ਟੌਹੜਾ ਨਿਰੰਕਾਰੀ ਵੋਟਾਂ ਤਕ ਪਹੁੰਚ ਤੇ ਅਪੀਲ ਕਰਨ ਦੀਆਂ ਗੱਲਾਂ 11, 12, 13, 14 ਅਪਰੈਲ ਦੇ ਅਖ਼ਬਾਰਾਂ ਰਾਹੀਂ ਸਮੂਹ ਸਿੱਖ ਜਗਤ ਅੱਗੇ ਸਵੀਕਾਰ ਕਰ ਚੁੱਕੇ ਹਨ, ਸਾਰੇ ਪੰਜਾਬ ਦੇ 11, 12, 13, 14 ਅਪਰੈਲ ਦੀਆਂ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਦਾ ਜਥੇਦਾਰ ਟੌਹੜਾ ਵੱਲੋਂ ਖੰਡਨ ਨਹੀਂ ਕੀਤਾ ਗਿਆ। ਪਰ ਜਥੇਦਾਰ ਟੌਹੜਾ 20 ਅਪਰੈਲ 1998 ਨੂੰ ਅਕਾਲ ਤਖ਼ਤ ਸਾਹਿਬ ਦੀ ਪਾਵਨ ਸੇਵਾ ਵਿਚ ਪੰਜ ਸਿੰਘ ਸਾਹਿਬਾਨ ਸਾਹਮਣੇ ਛਲ, ਕਪਟ ਦੀ ਭਾਸ਼ਾ ਰਾਹੀਂ ਨਿਰੰਕਾਰੀ ਭਵਨ ਜਾਣ, ਸਿਰੋਪਾ ਲੈਣ ਅਤੇ ਵੋਟਾਂ ਲੈਣ ਬਾਰੇ ਝੂਠ ਬੋਲ ਚੁੱਕੇ ਹਨ।

ਜਥੇਦਾਰ ਟੌਹੜਾ ਦੇ ਗੰਭੀਰ ਦੋਸ਼ਾਂ ਬਾਰੇ ਹੇਠ ਲਿਖੇ ਸਬੂਤ ਆਪ ਜੀ ਦੀ ਸੇਵਾ ਵਿਚ ਪੇਸ਼ ਕਰ ਚੁੱਕਿਆ ਹਾਂ :

1. 1924 ਦੇ ਹੁਕਮਨਾਮੇ ਦੀ ਕਾਪੀ।

---

40. ਕੁਲਬੀਰ ਸਿੰਘ ਕੌੜਾ, *ਬੇਈਮਾਨ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਸਫ਼ੇ 167-71.

2. ਪੰਜ ਸਿੰਘ ਸਾਹਿਬਾਨ ਦਾ ਪ੍ਰੈਸ ਬਿਆਨ।
3. ਜਥੇਦਾਰ ਟੌਹੜਾ ਦੀ ਝੂਠ ਦੇ ਪੁਲੰਦੇ ਦੀ ਕਾਪੀ।
4. ਜਥੇਦਾਰ ਟੌਹੜਾ ਦੇ ਨਿਰੰਕਾਰੀ ਭਵਨ ਦੀ ਫੇਰੀ ਬਾਰੇ 20 ਮੂੰਹ ਬੋਲਦੀਆਂ ਤਸਵੀਰਾਂ ਭਾਵ ਪੰਜਾਬ ਦੀਆਂ ਅਖ਼ਬਾਰਾਂ ਵਿੱਚੋਂ ਛਪੇ ਬਿਆਨਾਂ ਦੀਆਂ ਫ਼ੋਟੋ ਕਾਪੀਆਂ।
5. ਨਿਰੰਕਾਰੀ ਭਵਨ ਦਾ ਗੇਟ, ਨਿਰੰਕਾਰੀ ਭਵਨ ਦੀ ਈਮਾਰਤ, ਨਿਰੰਕਾਰੀ ਸਤਿਸੰਗ ਵਿਚ ਜਥੇਦਾਰ ਟੌਹੜਾ ਦੇ ਦ੍ਰਿਸ਼ ਦੀਆਂ ਫ਼ੋਟੋਆਂ ਭੇਜ ਚੁੱਕਾ ਹਾਂ।
6. ਜਥੇਦਾਰ ਟੌਹੜਾ ਦੇ ਨਿਰੰਕਾਰੀ ਭਵਨ ਦੇ ਦ੍ਰਿਸ਼ ਦੀ ਫ਼ੋਟੋ ਦੇ ਨੈਗੇਟਿਵ ਦੇ ਔਥੈਨਟੀਸਿਟੀ ਸਰਟੀਫ਼ਿਕੇਟ ਭੇਜ ਰਿਹਾ ਹਾਂ।

ਪਿਛਲੇ 50 ਦਿਨਾਂ ਤੋਂ ਮੇਰੇ ਵੱਲੋਂ ਜਥੇਦਾਰ ਟੌਹੜਾ ਵਿਰੁੱਧ ਲਾਏ ਗਏ ਗੰਭੀਰ ਦੋਸ਼ 'ਤੇ ਉਸ ਬਾਰੇ ਭੇਜੇ ਸਬੂਤਾਂ ਬਾਰੇ ਜਥੇਦਾਰ ਟੌਹੜਾ ਬੋਲਣ ਦੀ ਜੁਰਅਤ ਨਹੀਂ ਕਰ ਸਕਿਆ। ਜਥੇਦਾਰ ਟੌਹੜਾ ਦਾ ਨਿਰੰਕਾਰੀ ਭਵਨ ਜਾਣ ਬਾਰੇ 20 ਮੂੰਹ ਬੋਲਦੀਆਂ ਤਸਵੀਰਾਂ ਦੇ ਸਬੂਤ ਵਿੱਚੋਂ ਇਕ ਤਸਵੀਰ ਨੂੰ ਲੈ ਕੇ ਜਥੇਦਾਰ ਟੌਹੜਾ ਤੇ ਉਸ ਦੇ ਸਾਥੀ 'ਚੋਰ ਮਚਾਏ ਸ਼ੋਰ' ਦੀ ਕਹਾਵਤ ਨੂੰ ਸਿੱਧ ਕਰ ਰਹੇ ਹਨ। ਜਥੇਦਾਰ ਟੌਹੜਾ ਨੂੰ ਨਿਰੰਕਾਰੀ ਭਵਨ ਵਿਖੇ ਸਿਰੋਪਾ ਦੇਣ ਵਾਲੇ ਸ੍ਰੀ ਰਾਮ ਲਾਲ ਕੱਦ ਦਾ ਮਿੱਤੀ 25-5-1998 ਦੇ 'ਪੰਜਾਬੀ ਟ੍ਰਿਬਿਊਨ' ਤੇ 26-5-1998 ਦੇ 'ਇੰਡੀਅਨ ਐਕਸਪ੍ਰੈਸ' ਵਿਚ ਛਪੇ ਬਿਆਨ ਜਥੇਦਾਰ ਟੌਹੜੇ ਦੇ ਸਾਥੀਆਂ ਦੇ ਮੂੰਹ 'ਤੇ ਕਰਾਰਾ ਤਮਾਚਾ ਹੈ।

ਪਰ ਇਸ ਫ਼ੋਟੋ ਦੇ ਵਾਦ-ਵਿਵਾਦ ਬਾਰੇ ਸਪੱਸ਼ਟ ਕਰਨਾ ਮੈਂ ਆਪਣਾ ਇਖ਼ਲਾਕੀ ਫ਼ਰਜ਼ ਸਮਝਦਾ ਹਾਂ। ਜਥੇਦਾਰ ਟੌਹੜਾ ਦੇ ਨਿਰੰਕਾਰੀ ਸਤਿਸੰਗ ਭਵਨ ਜਾਣ ਬਾਰੇ ਇਕ ਫ਼ੋਟੋ ਮੈਨੂੰ ਗੁਰਸਿੱਖ ਤੋਂ ਪ੍ਰਾਪਤ ਹੋਈ। ਮੈਂ ਜਥੇਦਾਰ ਟੌਹੜਾ ਦੇ ਛਲ ਕਪਟ ਨੂੰ ਧਿਆਨ ਵਿਚ ਰਖਦਿਆਂ ਉਸ ਫ਼ੋਟੋ ਦੀ ਫ਼ੋਟੋਗ੍ਰਾਫ਼ਿਕ ਜਾਂਚ ਕਰਨ ਉਪਰੰਤ ਫ਼ੋਟੋ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਭੇਜ ਦਿੱਤੀ।

ਅੱਜ ਦੇ ਕੰਪਿਊਟਰ ਯੁਗ ਵਿਚ ਕਿਸੇ ਵੀ ਫ਼ੋਟੋ 'ਚ ਕਿੰਤੂ-ਪਰੰਤੂ ਕੀਤਾ ਜਾ ਸਕਦਾ ਹੈ, ਪਰ ਮੂੰਹ ਬੋਲਦੀਆਂ ਤਸਵੀਰਾਂ 'ਤੇ ਦੁਨੀਆ ਦੀ ਕੋਈ ਸ਼ਕਤੀ ਕਿੰਤੂ-ਪਰੰਤੂ ਨਹੀਂ ਕਰ ਸਕਦੀ। ਮਸਲਾ ਇਕ ਫ਼ੋਟੋ ਦੇ ਠੀਕ ਜਾਂ ਗ਼ਲਤ ਹੋਣ ਦਾ ਨਹੀਂ, ਮਸਲਾ ਜਥੇਦਾਰ ਟੌਹੜਾ ਦੇ ਨਿਰੰਕਾਰੀ ਭਵਨ ਜਾਣ ਦਾ ਹੈ, ਜਿਸ ਦੇ ਸਬੂਤ ਵਜੋਂ 20 ਮੂੰਹ ਬੋਲਦੀਆਂ ਤਸਵੀਰਾਂ ਮੈਂ ਆਪ ਜੀ ਦੀ ਸੇਵਾ ਵਿਚ ਭੇਜ ਚੁੱਕਾ ਹਾਂ।

ਮਿਤੀ 25-5-1998 ਦੀ ਅਖ਼ਬਾਰ ਵਿਚ ਖ਼ਬਰ ਪ੍ਰਕਾਸ਼ਤ ਹੋਈ ਹੈ ਕਿ ਜਥੇਦਾਰ ਟੌਹੜਾ ਇਹ ਲਿਖਤੀ ਰੂਪ ਵਿਚ ਮੰਨ ਚੁੱਕਿਆ ਹੈ ਕਿ ਮੈਂ ਨਿਰੰਕਾਰੀ ਭਵਨ ਗ਼ਲਤੀ ਨਾਲ ਗਿਆ, ਜਦੋਂ ਮੈਨੂੰ ਨਿਰੰਕਾਰੀਆਂ ਦੇ ਇਕੱਠ ਦਾ ਪਤਾ ਲੱਗਾ ਤਾਂ ਮੈਂ ਉੱਥੋਂ ਦੌੜ ਪਿਆ। ਮੇਰੇ ਦੌੜੇ-ਦੌੜੇ ਆਉਂਦਿਆਂ ਨਿਰੰਕਾਰੀਆਂ ਨੇ ਸਿਰੋਪਾ ਮੇਰੇ ਗਲ ਵਿਚ ਪਾ ਦਿੱਤਾ। ਮੈਂ ਆਪਣੇ 8-5-1998 ਦੇ ਬੇਨਤੀ ਪੱਤਰ ਵਿਚ ਵਿਸਥਾਰ ਪੂਰਬਕ ਜਾਣਕਾਰੀ ਦੇ ਚੁੱਕਾ ਹਾਂ ਕਿ ਜਥੇਦਾਰ ਟੌਹੜਾ ਆਪਣੀ ਸਿਕਿਓਰਿਟੀ ਪੁਸ਼ਪਿੰਦਰ ਬਾਂਸਲ ਦੀ ਦੁਕਾਨ 'ਤੇ ਛੱਡ ਕੇ ਨਿਰੰਕਾਰੀ ਭਵਨ ਗਿਆ, ਜਿਸ ਤੋਂ ਪ੍ਰਤੱਖ ਜ਼ਾਹਿਰ ਹੈ ਕਿ ਉਹ ਕਿੱਥੇ ਜਾ ਰਿਹਾ ਹੈ। ਨਿਰੰਕਾਰੀ ਭਵਨ 1967 ਤੋਂ ਏਥੇ ਹੀ ਸਥਾਪਤ ਹੈ, ਜਿੱਥੇ ਜਥੇਦਾਰ ਟੌਹੜਾ 1978 ਵਿਚ ਮੁਜ਼ਾਹਰੇ ਵੀ ਕਰਵਾ ਚੁੱਕਿਆ ਹੈ, ਨਿਰੰਕਾਰੀ ਭਵਨ ਦੀ ਬਿਲਡਿੰਗ 'ਤੇ ਵੱਡੇ ਸ਼ਬਦਾਂ ਵਿਚ ਨਿਰੰਕਾਰੀ ਸਤਿਸੰਗ ਭਵਨ ਲਿਖਿਆ ਹੋਇਆ ਹੈ ਤੇ ਨਿਰੰਕਾਰੀ ਭਵਨ ਦੇ ਬਾਹਰ ਨਿਰੰਕਾਰੀ ਸੇਵਾਦਾਰ ਆਪਣੀ ਵਰਦੀ ਪਹਿਨੇ ਸਤਿਸੰਗ ਸਮੇਂ ਖੜ੍ਹੇ ਰਹਿੰਦੇ ਹਨ। ਜਥੇਦਾਰ ਟੌਹੜਾ ਇਕ ਝੂਠ ਛੁਪਾਉਣ ਲਈ 100 ਝੂਠ ਬੋਲ ਰਿਹਾ ਹੈ।

ਮੈਂ ਆਪ ਜੀ ਦੀ ਸੇਵਾ ਵਿਚ ਪਹਿਲਾਂ ਵੀ ਇਹ ਬੇਨਤੀ ਕੀਤੀ ਸੀ ਕਿ ਸੁਪਰੀਮ ਕੋਰਟ ਦੇ ਦੋ ਰਿਟਾਇਰਡ ਸਿੱਖ ਜੱਜਾਂ 'ਤੇ ਆਧਾਰਿਤ ਜਾਂਚ ਕਮੇਟੀ ਨਿਯੁਕਤ ਕੀਤੀ ਜਾਵੇ, ਪਰ

ਆਪ ਜੀ ਨੇ ਫ਼ੁਰਮਾਇਆ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਅਜਿਹੀ ਕੋਈ ਰਵਾਇਤ ਨਹੀਂ, ਪਰ ਹੁਣ ਜਥੇਦਾਰ ਗੁਰਚਰਨ ਸਿੰਘ ਟੌਹੜਾ ਤਕਨੀਕੀ ਜਾਂਚ ਕਮੇਟੀ ਦੀ ਮੰਗ ਕਰ ਰਿਹਾ ਹੈ। ਮੇਰੇ ਲਈ ਤਾਂ ਆਪ ਹੀ ਸੁਪਰੀਮ ਅਦਾਲਤ ਹੋ। ਜੋ ਵੀ ਫ਼ੈਸਲਾ ਕਰੋਗੇ ਮੈਂ ਖਿੜੇ ਮੱਥੇ ਪ੍ਰਵਾਨ ਕਰਾਂਗਾ, ਪਰ ਜੇ ਆਪ ਜੀ ਜਾਂਚ ਕਮੇਟੀ ਨਾਮਜ਼ਦ ਕਰਨਾ ਚਾਹੁੰਦੇ ਹੋ ਤਾਂ ਸੁਪਰੀਮ ਕੋਰਟ ਦੇ ਦੋ ਰਿਟਾਇਰਡ ਸਿੱਖ ਜਜਾਂ 'ਤੇ ਆਧਾਰਿਤ ਕਮੇਟੀ ਬਣਾਉਣ ਦੀ ਕ੍ਰਿਪਾਲਤਾ ਕਰੋ, ਜੋ ਕਿ ਕੇਵਲ ਇਕ ਫ਼ੋਟੋ ਹੀ ਨਹੀਂ, ਸਗੋਂ 20 ਮੂੰਹ ਬੋਲਦੀਆਂ ਤਸਵੀਰਾਂ ਤੇ ਦੂਸਰੇ ਸਾਰੇ ਤੱਥਾਂ ਦੀ ਪੜਤਾਲ ਕਰ ਕੇ ਜਥੇਦਾਰ ਟੌਹੜਾ ਦੇ ਅਠਵੇਂ ਗੰਭੀਰ ਦੋਸ਼ ਦੇ ਝੂਠ ਸੱਚ ਦਾ ਵੀ ਨਿਤਾਰਾ ਹੋ ਸਕੇ।

ਆਪ ਜੀ ਦੇ ਆਦੇਸ਼ ਅਨੁਸਾਰ ਮੈਂ ਬੜੀ ਮੁਸ਼ਕਿਲ ਨਾਲ ਉਸ ਫ਼ੋਟੋ ਦੇ ਅਸਲੀ ਨੈਗੇਟਿਵ ਨੂੰ ਪ੍ਰਾਪਤ ਕਰ ਸਕਿਆ ਹਾਂ। ਮੈਂ ਆਪ ਜੀ ਦੀ ਸੇਵਾ ਵਿਚ ਅਸਲੀ ਨੈਗੇਟਿਵ ਤੇ ਔਥੇਨਟੀਸਿਟੀ ਸਰਟੀਫ਼ਿਕੇਟ ਭੇਜ ਰਿਹਾ ਹਾਂ। ਇਹ ਮੇਰੇ ਵੱਲੋਂ ਆਖ਼ਰੀ ਬੇਨਤੀ ਪੱਤਰ ਤੇ ਆਖ਼ਰੀ ਸਬੂਤ ਆਪ ਜੀ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ।

ਪਰਮ ਕ੍ਰਿਪਾਲੂ ਜੀਓ, ਗੁਰੂ ਘਰ ਨੂੰ ਬੇਦਾਵਾ ਦੇਣ ਵਾਲਾ, ਗੁਰੂ ਘਰ ਦਾ ਵਿਸ਼ਵਾਸਘਾਤੀ, ਅਕਾਲ ਤਖ਼ਤ ਸਾਹਿਬ 'ਤੇ ਝੂਠੇ ਤੇ ਜਾਅਲੀ ਦਸਤਾਵੇਜ਼ ਪੇਸ਼ ਕਰਨ ਵਾਲਾ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਖਾਧੀਆਂ ਕਸਮਾਂ ਤੋੜਨ ਵਾਲਾ, ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਨੂੰ ਭੰਗ ਕਰਨ ਵਾਲਾ, ਹੁਕਮਨਾਮਿਆਂ ਦੀ ਉਲੰਘਣਾ ਕਰਨ ਵਾਲਾ, ਅਕਾਲ ਤਖ਼ਤ ਸਾਹਿਬ 'ਤੇ ਵਾਰ ਵਾਰ ਝੂਠ ਬੋਲਣ ਵਾਲਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 8 ਗੰਭੀਰ ਦੋਸ਼ਾਂ ਦਾ ਕੇਸ ਸਿੱਖ ਪੰਥ ਦੀ ਸੁਪਰੀਮ ਅਦਾਲਤ ਵਿਚ ਪੇਸ਼ ਹੈ। ਆਪ ਜੀ ਜਥੇਦਾਰ ਟੌਹੜਾ ਦੇ ਇਨ੍ਹਾਂ 8 ਗੰਭੀਰ ਦੋਸ਼ਾਂ ਬਾਰੇ ਇਤਿਹਾਸਕ ਫ਼ੈਸਲਾ ਦੇਣ ਦੀ ਕ੍ਰਿਪਾਲਤਾ ਕਰਨੀ ਹੈ।

1. ਕੀ ਗੁਰੂ ਘਰ ਤੋਂ ਬੇਦਾਵਾ ਦੇਣ ਵਾਲੇ ਪੰਥ ਦੀ ਧਾਰਮਿਕ ਜਥੇਬੰਦੀ ਤੇ ਰਾਜਸੀ ਪ੍ਰਤੀਨਿਧਤਾ ਕਰ ਸਕਦੇ ਹਨ ?
2. ਕੀ ਗੁਰੂ ਘਰ ਦਾ ਵਿਸ਼ਵਾਸਘਾਤੀ ਗੁਰੂ-ਘਰ ਦੀ ਸੇਵਾ ਸੰਭਾਲ ਕਰਨ ਵਾਲੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਰਹਿ ਸਕਦਾ ਹੈ ?
3. ਕੀ ਅਕਾਲ ਤਖ਼ਤ ਸਾਹਿਬ 'ਤੇ ਝੂਠੇ ਦਸਤਾਵੇਜ਼ ਪੇਸ਼ ਕਰਨ ਵਾਲਾ ਅਕਾਲ ਤਖ਼ਤ ਸਾਹਿਬ 'ਤੇ ਕੀਤੀ ਅਰਦਾਸ ਭੰਗ ਕਰਨ ਵਾਲਾ ਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਸਮਾਂ ਖਾ ਕੇ ਤੋੜਨ ਵਾਲਾ ਪੰਥਕ ਲੀਡਰ ਅਖਵਾ ਸਕਦਾ ਹੈ।
4. ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੁਕਮਨਾਮਿਆਂ ਦੀ ਉਲੰਘਣਾ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ ਰਹਿ ਸਕਦਾ ਹੈ।

ਮੇਰਾ ਵਿਸ਼ਵਾਸ ਹੈ ਕਿ ਆਪ ਜੀ ਜਥੇਦਾਰ ਟੌਹੜਾ ਦੇ 8 ਗੰਭੀਰ ਦੋਸ਼ਾਂ ਬਾਰੇ ਇਤਿਹਾਸਕ ਫ਼ੈਸਲਾ ਦਿਓਗੇ, ਜੋ ਸਿੱਖ ਇਤਿਹਾਸ ਵਿਚ ਮੀਲ-ਪੱਥਰ ਸਾਬਤ ਹੋਵੇਗਾ।

ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,

ਮਿਤੀ 6 ਜੂਨ 1998 ਅਮਰਿੰਦਰ ਸਿੰਘ

ਉਤਾਰਾ : ਸਮੂਹ ਸਿੱਖ ਸੰਗਤ ਨਿਊ ਮੋਤੀ ਬਾਗ, ਪਟਿਆਲਾ

....

1. 'ਜਥੇਦਾਰ ਟੌਹੜਾ ਦੀ ਨਿਰੰਕਾਰੀ ਭਵਨ ਪਟਿਆਲਾ ਫੇਰੀ' ਬਾਰੇ ਫ਼ੋਟੋ ਅਤੇ ਨੈਗੇਟਿਵ ਦੀ ਸੱਤ ਹੇਠ ਲਿਖੇ ਰਾਸ਼ਟਰੀ ਪੱਧਰ ਦੇ ਮਾਹਿਰ, ਜੋ ਦਿਲੀ ਵਿਚ ਸਥਾਪਿਤ ਹਨ, ਤੋਂ ਜਾਂਚ ਅਤੇ ਪੁਸ਼ਟੀ ਕਰਵਾਈ ਗਈ।
2. ਨੈਗੇਟਿਵ ਅਤੇ ਫ਼ੋਟੋ ਦੀ ਬੜੀ ਡੂੰਘਾਈ ਨਾਲ ਆਧੁਨਿਕ ਤਕਨੀਕੀ ਫ਼ੋਟੋਗ੍ਰਾਫ਼ੀ ਅਤੇ

ਕੰਪਿਊਟਰ ਰਾਹੀਂ ਜਾਂਚ ਕਰਵਾਈ ਗਈ ਅਤੇ ਹੇਠ ਲਿਖੇ ਵੱਖ ਵੱਖ ਸੱਤ ਅਦਾਰਿਆਂ ਨੇ ਫ਼ੋਟੋ ਅਤੇ ਨੈਗੇਟਿਵ ਨੂੰ ਸਹੀ ਅਤੇ ਔਰੀਜਨਲ ਕਰਾਰ ਦਿੱਤਾ ਹੈ।

3. ਇਨ੍ਹਾਂ ਸੱਤਾਂ ਵਿੱਚੋਂ ਇਕ ਵਪਾਰਕ ਕੰਪਨੀ ਅਤੇ ਬਾਕੀ ਦੇ ਛੇ ਫ਼ੋਟੋਗ੍ਰਾਫ਼ਰ ਦਿਲੀ ਦੇ ਰੋਜ਼ਾਨਾ ਅਖ਼ਬਾਰਾਂ ਦੇ ਉੱਘੇ ਫ਼ੋਟੋਗ੍ਰਾਫ਼ਰ ਹਨ।

(ੳ) ਨੈਸ਼ਨਲ ਪ੍ਰੈਸ

1. ਸ੍ਰੀ ਸੰਦੀਪ ਸ਼ੰਕਰ, ਫ਼ੋਟੋਗ੍ਰਾਫ਼ੀ ਐਡੀਟਰ, ਦ ਟਾਈਮਜ਼ ਆਫ਼ ਇੰਡੀਆ, ਨਵੀਂ ਦਿੱਲੀ।
2. ਸ੍ਰੀ ਸੁਰਿੰਦਰ ਕਪੂਰ, ਚੀਫ਼ ਪ੍ਰੋਡਿਊਸਰ, ਦ ਏਸ਼ੀਅਨ ਨਿਊਜ਼ ਇੰਟਰਨੈਸ਼ਨਲ (ਏ.ਐਨ.ਆਈ.) ਟੈਲੀਵਿਜ਼ਨ ਨਿਊਜ਼ ਕੰਪਨੀ, ਜਿਹੜੀ ਕਿ ਬੀ.ਬੀ.ਸੀ., ਰਾਇਟਰ, ਸਟਾਰ, ਜ਼ੀ ਟੈਲੀਵਿਜ਼ਨ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਨਾਲ ਸਬੰਧਿਤ ਹੈ।
3. ਸ੍ਰੀ ਸੰਜੇ ਸ਼ਰਮਾ, ਫ਼ੋਟਗ੍ਰਾਫ਼ੀ ਐਡੀਟਰ, ਦ ਪਾਇਨੀਅਰ, ਨਵੀਂ ਦਿੱਲੀ।
4. ਸ੍ਰੀ ਕਿਸ਼ੋਰ ਚੰਦ, ਚੀਫ਼ ਫ਼ੋਟੋ ਜਨਰਲਿਸਟ, ਦ ਨੈਸ਼ਨਲ ਹੈਰਲਡ, ਨਵੀਂ ਦਿੱਲੀ।
5. ਸ੍ਰੀ ਦਿਨੇਸ਼ ਕ੍ਰਿਸ਼ਨਨ, ਸੀਨੀਅਰ ਫ਼ੋਟੋਗ੍ਰਾਫ਼ਰ, ਦ ਬਿਜ਼ਨੈਸ ਵਰਲਡ, ਨਵੀਂ ਦਿੱਲੀ।
6. ਸ੍ਰੀ ਮਨੀਸ਼ ਸਰੂਪ, ਚਲਦਾ ਫਿਰਦਾ ਫ਼ੋਟੋਗ੍ਰਾਫ਼ਰ (ਫ਼ਰੀਲਾਂਸ), ਨੈਸ਼ਨਲ ਪ੍ਰੈਸ, ਨਵੀਂ ਦਿੱਲੀ।

(ਅ) ਵਪਾਰਕ ਕੰਪਨੀ

1. ਸ੍ਰੀ ਪਵਨ ਮਹੱਟਾ, ਮਹੱਟਾ ਐਂਡ ਕੰਪਨੀ, ਨਵੀਂ ਦਿੱਲੀ, ਉੱਘੇ ਫ਼ੋਟੋਗ੍ਰਾਫ਼ਰ, ਜਿਸ ਕੋਲ ਆਧੁਨਿਕ ਯੁਗ ਦੀ ਕੰਪਿਊਟਰ ਫ਼ੋਟੋਗ੍ਰਾਫ਼ੀ ਦੀਆਂ ਸਹੂਲਤਾਂ ਹਨ ਅਤੇ ਇਸ ਕੰਪਨੀ ਨੂੰ ਕਰੀਬ 100 ਸਾਲਾਂ ਦਾ ਤਜਰਬਾ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਇਸ ਚੌਥੀ ਚਿੱਠੀ ਤੋਂ ਬਾਅਦ (ਜਥੇਦਾਰ) ਗੁਰਚਰਨ ਸਿੰਘ ਟੌਹੜਾ ਦੇ ਖ਼ਿਲਾਫ਼ ਸਾਰੇ ਸਬੂਤ (ਭਾਈ) ਰਣਜੀਤ ਸਿੰਘ ਕੋਲ ਪਹੁੰਚ ਚੁੱਕੇ ਸਨ। ਏਨੇ ਚਿਰ ਵਿਚ ਗੁਰਚਰਨ ਸਿੰਘ ਟੌਹੜਾ ਨੇ ਵੀ ਪੈਂਤੜਾ ਬਦਲ ਲਿਆ ਸੀ। ਹੁਣ ਟੌਹੜਾ ਨਹੀਂ ਸੀ ਚਾਹੁੰਦਾ ਕਿ ਉਸ ਨੂੰ ਤਨਖ਼ਾਹ ਲਗੇ। ਉਧਰ (ਭਾਈ) ਰਣਜੀਤ ਸਿੰਘ ਵੀ ਟੌਹੜੇ ਦੀ ਮਦਦ ਕਰਨਾ ਚਾਹੁੰਦਾ ਸੀ। ਉਸ ਨੇ ਸੋਚਿਆ ਕਿ ਅਮਰਿੰਦਰ ਸਿੰਘ ਨੇ ਜੋ ਫ਼ੋਟੋਆਂ ਨਿਰੰਕਾਰੀ ਭਵਨ 'ਚ ਟੌਹੜੇ ਦੇ ਜਾਣ ਦੀਆਂ ਭੇਜੀਆਂ ਹਨ, ਉਹ ਕਿਹੜਾ ਅਮਰਿੰਦਰ ਸਿੰਘ ਨੇ ਆਪ ਖਿੱਚੀਆਂ ਜਾਂ ਖਿਚਵਾਈਆਂ ਸਨ, ਇਸ ਕਰ ਕੇ ਉਸ ਕੋਲ ਉਨ੍ਹਾਂ ਦੇ ਨੈਗੇਟਿਵ ਨਹੀਂ ਹੋਣੇ। ਇਸ ਖ਼ਿਆਲ ਨਾਲ (ਭਾਈ) ਰਣਜੀਤ ਸਿੰਘ ਨੇ ਅਮਰਿੰਦਰ ਸਿੰਘ ਨੂੰ ਇਹ ਚਿੱਠੀ ਲਿਖੀ :

23 ਮਈ 1998

ਸ: ਅਮਰਿੰਦਰ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਤੁਹਾਡੇ ਵੱਲੋਂ ਭੇਜੀ ਫ਼ਾਈਲ ਪ੍ਰਾਪਤ ਹੋਈ, ਜਿਸ ਵਿਚ ਤਿੰਨ ਤਸਵੀਰਾਂ ਹਨ। ਚੰਗਾ ਹੋਵੇ, ਜੇ ਤੁਸੀਂ ਇਨ੍ਹਾਂ ਤਸਵੀਰਾਂ ਦੇ ਨਾਲ ਹੋਰ ਖਿੱਚੀਆਂ ਤਸਵੀਰਾਂ ਦੇ ਨੈਗੇਟਿਵਾਂ ਦੀ ਪੂਰੀ ਰੀਲ ਮੇਰੇ ਨਿਵਾਸ ਅਸਥਾਨ 'ਤੇ 10 ਦਿਨਾਂ ਦੇ ਅੰਦਰ ਅੰਦਰ ਭੇਜਣ ਦੀ ਖੇਚਲ ਕਰਨੀ। ਇਹ ਅਤੀ ਜ਼ਰੂਰੀ ਹੈ।"

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਅਮਰਿੰਦਰ ਸਿੰਘ ਦੀਆਂ ਇਨ੍ਹਾਂ ਚਿੱਠੀਆਂ ਨਾਲ ਟੌਹੜਾ ਬੁਰੀ ਤਰ੍ਹਾਂ ਫਸ ਗਿਆ। ਜੇ ਉਹ ਸਿਆਣਾ ਹੁੰਦਾ ਤਾਂ ਛੋਟੀ-ਮੋਟੀ ਤਨਖ਼ਾਹ ਲੁਆ ਕੇ 'ਹੀਰੋ' ਬਣ ਕੇ ਨਿਕਲਦਾ। ਪਰ ਉਸ ਦੇ ਅੰਦਰ ਦਾ 'ਪ੍ਰਧਾਨ' ਅੜੀ ਵਿਚ ਆ ਗਿਆ। ਇਸ ਮੌਕੇ 'ਤੇ ਬਾਦਲ ਧੜੇ ਵਿਚ ਐਂਟੀ-ਟੌਹੜਾ ਲਾਬੀ ਬੜੀ ਖ਼ੁਸ਼ ਸੀ। ਬਰਜਿੰਦਰ, ਕੈਪਟਨ ਕੰਵਲਜੀਤ, ਢੀਂਡਸਾ, ਭੂੰਦੜ ਖ਼ੁਸ਼ੀ 'ਚ ਖੁੱਲ੍ਹੇ-ਆਮ ਇਹ ਕਹਿਣ ਲੱਗ ਪਏ ਸਨ, "ਹੁਣ ਟੌਹੜਾ ਫਸਿਆ ਏ।"

ਅਕਾਲ ਤਖ਼ਤ ਸਾਹਿਬ ਦੇ ਨਾਂ ਦਰਜਨਾਂ ਖ਼ਤ

ਹੁਣ ਕਿਉਂਕਿ ਟੌਹੜੇ ਦੀ ਨਿਰੰਕਾਰੀ ਭਵਨ 'ਚ ਫੇਰੀ ਦਾ ਮਸਲਾ ਸਿਖਰ 'ਤੇ ਪਹੁੰਚਿਆ ਹੋਇਆ ਸੀ, ਇਸ ਕਰ ਕੇ ਟੌਹੜੇ ਦੇ ਹਿਮਾਇਤੀਆਂ ਨੇ ਬਹੁਤ ਸਾਰੀਆਂ ਚਿੱਠੀਆਂ (ਭਾਈ) ਰਣਜੀਤ ਸਿੰਘ ਨੂੰ ਲਿਖੀਆਂ (ਜਾਂ ਲਿਖਵਾਈਆਂ), ਜਿਨ੍ਹਾਂ ਵਿਚ ਕਿਹਾ ਗਿਆ ਕਿ ਅਮਰਿੰਦਰ ਸਿੰਘ ਵੱਲੋਂ ਪੇਸ਼ ਫ਼ੋਟੋਆਂ ਨਕਲੀ ਹਨ ਜਾਂ ਟੌਹੜਾ ਵਧੀਆ ਬੰਦਾ ਹੈ, ਉਸ ਨੇ (ਭਾਈ) ਰਣਜੀਤ ਸਿੰਘ ਨੂੰ ਰਿਹਾਅ ਕਰਵਾਇਆ ਸੀ ਵਗ਼ੈਰਾ। ਇਨ੍ਹਾਂ ਚਿੱਠੀਆਂ ਲਿਖਣ ਵਾਲਿਆਂ ਵਿਚ ਸ਼ਾਮਿਲ ਸਨ: ਪ੍ਰੋ: ਚੰਨਣ ਸਿੰਘ ਨਿਰਮਲ ਗੁਰਦਾਸਪੁਰ, ਹਰਦਿਆਲ ਸਿੰਘ ਜਨਕਪੁਰੀ ਦਿੱਲੀ, ਮੇਹਰ ਸਿੰਘ ਚਿੱਤਰਕਾਰ ਚੰਡੀਗੜ੍ਹ, ਡਾ. ਓਮ ਪ੍ਰਕਾਸ਼ ਸਿੰਘ ਕੰਡੇ ਪਟਿਆਲਾ, ਸਤ ਪ੍ਰਕਾਸ਼ ਗੋਇਲ, ਜਾਨ ਵਿਲੀਅਮ ਬਟਾਲਾ, ਹਰਮਿੰਦਰ ਸਿੰਘ ਗਿਲ (ਉਦੋਂ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ), ਏ.ਜੇ. ਇਲੈਕਟਰੋਨਿਕਸ ਪਟਿਆਲਾ, ਕੁਲਤਾਰਨ ਸਿੰਘ ਗੁਜਰਾਲ ਪਟਿਆਲਾ, ਜਸਪਾਲ ਪਟਿਆਲਾ, ਹਰੀ ਸਿੰਘ ਚੰਡੀਗੜ੍ਹ, ਗੁਰਕਿਰਪਾਲ ਸਿੰਘ ਐਡਵੋਕੇਟ ਬਠਿੰਡਾ, ਬਲਦੇਵ ਸਿੰਘ ਬੱਲੂਆਣਾ, ਸੁਖਬੀਰ ਸਿੰਘ ਨਾਗਰਾ, ਅਮਰਜੀਤ ਸਿੰਘ ਅਰਸ਼ੀ, ਦਲਜੀਤ ਸਿੰਘ ਸਿੱਧੂ ਮੋਗਾ (ਇਨ੍ਹਾਂ ਚੌਹਾਂ ਦੀ ਇਕੱਠੀ ਚਿੱਠੀ ਸੀ), ਅਮਰੀਕ ਸਿੰਘ ਬਾਜਵਾ ਅੰਬਾਲਾ, ਭਗਤ ਗੁਰਦਿਆਲ ਸਿੰਘ, ਸੁਲਖਣ ਸਿੰਘ ਐਡਵੋਕੇਟ, ਭੂਪਿੰਦਰ ਸਿੰਘ ਚੱਠਾ, ਨਰਿੰਦਰ ਸਿੰਘ ਐਡਵੋਕੇਟ, ਸਤਨਾਮ ਸਿੰਘ ਸਾਗਰਪੁਰ, ਮਹਿੰਦਰ ਸਿੰਘ ਰੰਧਾਵਾ (ਛੇਆਂ ਦੀ ਇਕੱਠੀ ਚਿੱਠੀ), ਪੂਰਨ ਸਿੰਘ ਚੰਡੀਗੜ੍ਹ, ਅਵਤਾਰ ਸਿੰਘ ਖਟੜ ਬਾਰਾਂ ਟੂਟੀ ਚੌਕ ਦਿੱਲੀ, ਰਜਿੰਦਰ ਸਿੰਘ ਚੰਡੋਕ ਅੰਮ੍ਰਿਤਸਰ, ਬਖ਼ਸ਼ੀਸ਼ ਸਿੰਘ ਨਿੱਝਰ ਜਲੰਧਰ, ਹਰਿੰਦਰਪਾਲ ਸਿੰਘ ਦਿੱਲੀ ਮੈਂਬਰ ਸ਼੍ਰੋਮਣੀ ਕਮੇਟੀ, ਬਾਬੂ ਸਿੰਘ ਚੰਡੀਗੜ੍ਹ (ਕਾਮਰੇਡ), ਸ.ਸ. ਦੁਸਾਂਝ (ਕਾਮਰੇਡ) ਵਗ਼ੈਰਾ।

ਇਂਵ ਹੀ (ਜਥੇਦਾਰ) ਟੌਹੜਾ ਦੇ ਖ਼ਿਲਾਫ਼, ਉਸ ਨੂੰ ਸਖ਼ਤ ਸਜ਼ਾ ਦੇਣ ਜਾਂ ਉਸ ਤੋਂ ਮੁਆਫ਼ੀ ਮੰਗਵਾਉਣ ਵਾਸਤੇ ਚਿੱਠੀਆਂ ਲਿਖਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਵੀ ਸ਼ਾਮਿਲ ਸਨ: ਕਰਨੈਲ ਸਿੰਘ ਚੀਮਾ ਪਿੰਡ ਬਸੀਆਂ ਲੁਧਿਆਣਾ, ਡਾ. ਜੇ.ਐਸ. ਸੇਠੀ ਜਲੰਧਰ, ਹਰਭਜਨ ਸਿੰਘ ਕੰਬੋਜ ਅਬੋਹਰ, ਰਘਬੀਰ ਸਿੰਘ ਐਡਵੋਕੇਟ ਅੰਮ੍ਰਿਤਸਰ, ਸ: ਮੱਘਰ ਸਿੰਘ, ਜਮਾਂਦਾਰ ਜੁਗਿੰਦਰ ਸਿੰਘ, ਲੱਧਾ ਸਿੰਘ, ਨਰਾਇਣ ਸਿੰਘ ਮੋਗਾ ਪੱਤੀ (ਚੌਹਾਂ ਦੀ ਸਾਂਝੀ ਚਿੱਠੀ), ਹੈੱਡਮਾਸਟਰ ਸੰਤੋਖ ਸਿੰਘ (ਸਪੁੱਤਰ ਜਥੇਦਾਰ ਅੱਛਰ ਸਿੰਘ) ਅੰਮ੍ਰਿਤਸਰ, ਗੁਰਭਜਨ ਸਿੰਘ ਗਿੱਲ ਲੁਧਿਆਣਾ, ਵਗ਼ੈਰਾ।

(ਜਥੇਦਾਰ) ਟੌਹੜਾ ਵੱਲੋਂ ਸਟੈਂਡ ਬਦਲੇ ਜਾਣ ਮਗਰੋਂ (ਭਾਈ) ਰਣਜੀਤ ਸਿੰਘ ਨੇ ਇਸ ਕੇਸ ਦਾ ਨਿਪਟਾਰਾ ਛੇਤੀ ਕਰਨ ਦੀ ਸੋਚ ਨਾਲ, ਇਸ ਦਾ ਫ਼ੈਸਲਾ ਦੇਣ ਵਾਸਤੇ 25 ਜੂਨ 1998 ਦੇ ਦਿਨ (ਪ੍ਰੋ:) ਮਨਜੀਤ ਸਿੰਘ (ਕੇਸਗੜ੍ਹ ਸਾਹਿਬ), (ਗਿਆਨੀ) ਮੋਹਣ

ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ), (ਗਿਆਨੀ) ਕੇਵਲ ਸਿੰਘ (ਤਲਵੰਡੀ ਸਾਬੋ) ਅਤੇ (ਗਿਆਨੀ) ਭਗਵਾਨ ਸਿੰਘ (ਹੈੱਡ-ਗ੍ਰੰਥੀ) ਅਕਾਲ ਤਖ਼ਤ ਸਾਹਿਬ ਨੂੰ ਸੱਦ ਲਿਆ। 25 ਜੂਨ ਨੂੰ ਇਹ ਮੀਟਿੰਗ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਹੋ ਰਹੀ ਸੀ ਤਾਂ ਅਚਾਨਕ ਸਾਬਕਾ ਸੀਨੀਅਰ ਗ੍ਰੰਥੀ (ਗਿਆਨੀ) ਜਗਤਾਰ ਸਿੰਘ ਜਾਚਕ (ਜੋ ਉਨ੍ਹੀਂ ਦਿਨੀਂ ਅਮਰੀਕਾ ਤੋਂ ਵਤਨ ਦੇ ਦੌਰ 'ਤੇ ਆਏ ਹੋਏ ਸਨ), ਉੱਥੇ ਪੁੱਜ ਗਏ ਤੇ ਮੀਟਿੰਗ ਵਿਚ ਜਾ ਬੈਠੇ। ਇਸ ਮੀਟਿੰਗ ਵਿਚ (ਭਾਈ) ਰਣਜੀਤ ਸਿੰਘ ਨੇ ਕਿਹਾ ਕਿ "ਟੌਹੜਾ ਸਾਹਿਬ ਬਜ਼ੁਰਗ ਬੰਦੇ ਹਨ ਤੇ ਉਨ੍ਹਾਂ ਦੀ ਮਦਦ ਕਰਨਾ ਸਾਡਾ ਫ਼ਰਜ਼ ਹੈ।" ਜਦੋਂ ਇਕ ਗ੍ਰੰਥੀ ਨੇ ਸਲਾਹ ਦਿੱਤੀ ਕਿ ਥੋੜੀ ਜਿਹੀ ਤਨਖ਼ਾਹ ਲਾ ਦਿਓ ਤਾਂ (ਭਾਈ) ਰਣਜੀਤ ਸਿੰਘ ਨੇ ਕਿਹਾ ਕਿ "ਛਡੋ ਬਜ਼ੁਰਗਾਂ ਨੂੰ ਮੁਆਫ਼ ਕਰ ਦੇਈਏ।" ਪਰ (ਗਿਆਨੀ) ਜਗਤਾਰ ਸਿੰਘ ਜਾਚਕ ਨੇ ਟੋਕ ਕੇ ਕਿਹਾ, "ਅਜਿਹਾ ਗੁਨਾਹ ਨਾ ਕਰਿਓ।"[41] ਇਸ 'ਤੇ ਕੇਵਲ ਸਿੰਘ ਅਤੇ (ਪ੍ਰੋ:) ਮਨਜੀਤ ਸਿੰਘ ਨੇ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ (ਪਰ ਮਗਰੋਂ ਡਰ ਕੇ, ਦਬਾਅ ਹੇਠ ਜਾਂ ਕਿਸੇ ਹੋਰ ਮਜਬੂਰੀ ਜਾਂ ਲਾਲਚ ਵਿਚ ਦਸਤਖ਼ਤ ਕਰ ਦਿੱਤੇ)।

ਇਸ ਮਸਲੇ ਸਬੰਧੀ ਗੁਰਚਰਨ ਸਿੰਘ ਟੌਹੜਾ ਨੇ ਜੋ ਚਿੱਠੀ (ਭਾਈ) ਰਣਜੀਤ ਸਿੰਘ ਨੂੰ ਲਿਖੀ ਸੀ, ਉਸ ਵਿਚ ਨਿਰੰਕਾਰੀ ਭਵਨ (ਗ਼ਲਤੀ ਨਾਲ) ਜਾਣ ਦੀ ਭੁੱਲ ਮੰਨੀ ਹੋਈ ਸੀ। ਪਰ (ਗਿਆਨੀ) ਜਗਤਾਰ ਸਿੰਘ ਜਾਚਕ ਮੁਤਾਬਿਕ ਉਸ ਦੀ ਥਾਂ ਟੌਹੜੇ ਦੀ ਨਵੀਂ ਚਿੱਠੀ ਫ਼ਾਈਲ ਵਿਚ ਪਾ ਦਿੱਤੀ ਗਈ, ਜਿਸ ਵਿਚ ਟੌਹੜਾ ਨਿਰੰਕਾਰੀ ਭਵਨ ਜਾਣ ਬਾਰੇ ਬਿਲਕੁਲ ਹੀ ਮੁਕਰ ਗਿਆ ਸੀ।[42] ਨਵੀਂ ਚਿੱਠੀ ਇੰਞ ਸੀ :

ਸ੍ਰੀਮਾਨ ਜੀਓ,

ਮੈਂ ਆਪ ਜੀ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਪੂਰੀ 'ਦਿਆਨਤਦਾਰੀ' ਇਮਾਨਦਾਰੀ ਦੇ ਨਾਲ ਸੱਚੋਂ ਸੱਚ ਸਪੱਸ਼ਟੀਕਰਨ ਦੇਂਦਾ ਹਾਂ ਕਿ ਮੈਂ ਨਾ ਤਾਂ ਨਿਰੰਕਾਰੀ ਭਵਨ ਵਿਚ ਗਿਆ, ਨਾ ਹੀ ਨਿਰੰਕਾਰੀਆਂ ਤੋਂ ਵੋਟਾਂ ਮੰਗੀਆਂ ਹਨ, ਨਾ ਹੀ ਕਿਸੇ ਨਿਰੰਕਾਰੀ ਤੋਂ ਪਾਣੀ-ਧਾਣੀ ਪੀਤਾ ਹੈ ਅਤੇ ਨਾ ਹੀ ਕਿਸੇ ਨਿਰੰਕਾਰੀ ਤੋਂ ਸਿਰੋਪਾਉ ਲਿਆ ਹੈ।

ਮੇਰੇ ਵਿਰੁੱਧ ਇਹ ਵਾਦ-ਵਿਵਾਦ ਖ਼ਾਸ ਸਾਜ਼ਿਸ਼ ਅਧੀਨ ਹੈ ਅਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਜਿਸ ਬਿਆਨ ਬਾਰੇ ਆਪ ਜੀ ਨੇ ਪੁੱਛਿਆ ਹੈ, ਉਹ ਨਾ ਹੀ ਮੈਂ ਪੜ੍ਹਿਆ ਹੈ ਅਤੇ ਨਾ ਹੀ ਕਿਸੇ ਪ੍ਰੈਸ ਨੁਮਾਇੰਦੇ ਨੂੰ ਮੈਂ ਅਜਿਹਾ ਆਖਿਆ ਹੈ।

ਮੈਂ ਵਿਸਾਖੀ ਦੇ ਜੋੜ ਮੇਲੇ ਸਮੇਂ ਤਖ਼ਤ ਦਮਦਮਾ ਸਾਹਿਬ ਆਪਣੇ ਭਾਸ਼ਨ ਦੌਰਾਨ ਇਹ ਜ਼ਰੂਰ ਆਖਿਆ ਸੀ ਮੇਰੇ ਅਤੇ ਸ: ਸਿਮਰਨਜੀਤ ਸਿੰਘ ਸਮੇਤ ਜਾਂ ਕੋਈ ਰਾਜਨੀਤਕ ਆਗੂ, ਜਦੋਂ ਵੋਟਰਾਂ ਨੂੰ ਅਪੀਲ ਕਰਦਾ ਹੈ, ਉਹ ਸਮੁੱਚੀ ਜਨਤਾ ਨੂੰ ਅਪੀਲ ਕਰਦਾ ਹੈ। ਕੀ ਸ: ਮਾਨ ਵੋਟਰਾਂ ਨੂੰ ਅਪੀਲ ਕਰਨ ਸਮੇਂ ਇਹ ਭਾਸ਼ਨ ਦੇਂਦੇ ਸਨ ਕਿ ਮੈਨੂੰ ਨਿਰੰਕਾਰੀ ਵੋਟਾਂ ਨਾ ਪਾਉਣ, ਉਹ ਭੀ ਸਮੁੱਚੇ ਵੋਟਰਾਂ ਨੂੰ ਹੀ ਅਪੀਲ ਕਰਦੇ ਸਨ। ਅਜਿਹਾ ਹੀ ਹਰ ਸਿਆਸੀ ਆਗੂ ਆਖਦਾ ਹੈ। 'ਭੁੱਲ ਚੁੱਕ ਦੀ ਖਿਮਾ'

ਗੁਰੂ ਪੰਥ ਦਾ ਦਾਸ,
ਗੁਰਚਰਨ ਸਿੰਘ ਟੌਹੜਾ

ਜੁਲਾਈ 1998 ਵਿਚ (ਭਾਈ) ਰਣਜੀਤ ਸਿੰਘ ਨੇ ਵਰਲਡ ਸਿੱਖ ਕੌਂਸਲ ਨੂੰ ਵੀ

---

41. ਇਹ ਸਾਰੀ ਵਾਰਦਾਤ ਗਿਆਨੀ ਜਗਤਾਰ ਸਿੰਘ ਜਾਚਕ ਨੇ ਇਸ ਲੇਖਕ ਨੂੰ 2004 ਦੇ ਸ਼ੁਰੂ ਵਿਚ ਸਮਰਾਲਾ (ਲੁਧਿਆਣਾ ਜ਼ਿਲ੍ਹਾ) ਵਿਚ ਗਿਆਨੀ ਜਗਮੋਹਨ ਸਿੰਘ (ਲੁਧਿਆਣਾ) ਦੀ ਹਾਜ਼ਰੀ ਵਿਚ ਦੱਸੀ ਸੀ।
42. *ਉਹੀ* ।

ਉਵੇਂ ਹੀ ਆਪਣੀ ਮੁੱਠ ਵਿਚ ਬੰਦ ਕਰਨਾ ਚਾਹਿਆ, ਜਿਵੇਂ ਪਹਿਲੋਂ (ਪ੍ਰੋ:) ਮਨਜੀਤ ਸਿੰਘ ਨੇ ਕੀਤਾ ਸੀ। ਉਸ ਨੇ 16 ਜੁਲਾਈ ਤੇ ਫਿਰ 29 ਜੁਲਾਈ ਨੂੰ ਮਨਜੀਤ ਸਿੰਘ ਨੂੰ ਚਿੱਠੀਆਂ ਲਿਖ ਕੇ ਹਿਸਾਬ-ਕਿਤਾਬ ਮੰਗਿਆ ਤਾਂ ਕੇਵਲ ਸਿੰਘ ਨੇ (ਪ੍ਰੋ:) ਮਨਜੀਤ ਸਿੰਘ ਦਾ ਪੱਖ ਪੂਰਨ ਵਾਸਤੇ ਇਕ ਖ਼ਤ (ਭਾਈ) ਰਣਜੀਤ ਸਿੰਘ ਨੂੰ ਲਿਖ ਦਿੱਤਾ। ਇਸ 'ਤੇ (ਭਾਈ) ਰਣਜੀਤ ਸਿੰਘ ਗ਼ੁੱਸੇ ਵਿਚ ਆ ਗਿਆ ਤੇ ਉਸ ਨੇ (ਗਿਆਨੀ) ਕੇਵਲ ਸਿੰਘ ਨੂੰ ਤਿੰਨ ਸਫ਼ੇ ਦੀ ਚਿੱਠੀ ਲਿਖ ਕੇ ਆਪਣੇ ਮਨ ਦੀ ਭੜਾਸ ਕੱਢੀ ਤੇ ਸਾਰੀਆਂ ਅਗਲੀਆਂ-ਪਿਛਲੀਆਂ ਗਿਣ ਦਿੱਤੀਆਂ। ਹੁਣ ਕੇਵਲ ਸਿੰਘ ਵੀ ਮੌਕਾ ਲੱਭ ਰਿਹਾ ਸੀ ਕਿ ਉਹ ਰਣਜੀਤ ਸਿੰਘ ਨਾਲ ਹਿਸਾਬ-ਕਿਤਾਬ ਕਰੇ। ਜਦ ਦਿਸੰਬਰ 1998 ਵਿਚ ਟੌਹੜਾ-ਬਾਦਲ ਟਕਰਾਅ ਸ਼ੁਰੂ ਹੋਇਆ ਤਾਂ ਕੇਵਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਰਣਜੀਤ ਸਿੰਘ ਨੇ ਨਿਰੰਕਾਰੀ ਭਵਨ ਜਾਣ ਬਾਰੇ ਟੌਹੜੇ ਦੀ ਚਿੱਠੀ ਬਦਲ ਦਿੱਤੀ ਸੀ। ਪਰ ਕੇਵਲ ਸਿੰਘ ਨੇ ਇਹ ਨਾ ਦੱਸਿਆ ਕਿ ਉਹ ਖ਼ੁਦ 8 ਮਹੀਨੇ ਚੁੱਪ ਕਿਉਂ ਬੈਠਾ ਰਿਹਾ ਸੀ। ਉਂਞ ਕੇਵਲ ਸਿੰਘ ਨੇ ਟੌਹੜੇ ਨੂੰ ਮੁਆਫ਼ ਕਰਨ ਵਾਲੇ 25 ਜੂਨ 1998 ਦੇ ਫ਼ੈਸਲੇ 'ਤੇ ਦਸਤਖ਼ਤ ਕੀਤੇ ਸਨ। ਕੀ ਕੇਵਲ ਸਿੰਘ ਤਖ਼ਤ ਸਾਹਿਬ 'ਤੇ ਬੈਠ ਕੇ ਪੱਖਪਾਤ ਕਰਨ ਦੋਸ਼ੀ ਨੂੰ ਮਾਫ਼ ਕਰਨ ਦੀ ਸਾਜ਼ਿਸ਼ 'ਚ ਭਾਈਵਾਲ ਬਣਨ ਕਾਰਨ ਗੁਨਾਹਗਾਰ ਨਹੀਂ ਸੀ?

ਖ਼ੈਰ ਟੌਹੜੇ ਤੋਂ ਨਵੀਂ ਚਿੱਠੀ ਲੈ ਕੇ ਪੁਰਾਣੀ ਚਿੱਠੀ ਦੀ ਥਾਂ ਬਦਲ ਦੇਣ ਦੇ ਗੁਨਾਹ ਕਰਨ ਮਗਰੋਂ (ਭਾਈ) ਰਣਜੀਤ ਸਿੰਘ ਅਤੇ ਚਾਰ ਗ੍ਰੰਥੀਆਂ ਨੇ ਉਸ (ਟੌਹੜੇ) ਨੂੰ ਮੁਆਫ਼ ਕਰ ਦਿੱਤਾ। ਇਸ ਨੂੰ 'ਹੁਕਮਨਾਮਾ' ਨਹੀਂ, 'ਫ਼ੈਸਲਾ' ਆਖਿਆ ਗਿਆ। ਇਸ ਦੇ ਲਫ਼ਜ਼ ਇਹ ਸਨ:

ਨੰ: 670/AT/98 25 ਜੂਨ 1998

ਫ਼ੈਸਲਾ

ਅੱਜ ਮਿਤੀ 25 ਜੂਨ 1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੁਣਾਂ ਦੇ ਨਿਰੰਕਾਰੀ ਭਵਨ ਵਿਖੇ ਜਾਣ ਬਾਰੇ ਲਾਏ ਗਏ ਦੋਸ਼ਾਂ ਨੂੰ ਵਿਚਾਰਿਆ ਗਿਆ।

1. ਇਸ ਸਬੰਧੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੇਸ਼ ਕੀਤੀ ਗਈ ਫ਼ੋਟੋ ਤੇ ਨੈਗੇਟਿਵ ਨਕਲੀ ਹੋਣ ਕਾਰਨ;
2. 15 ਫ਼ਰਵਰੀ 1998 ਤੋਂ 19 ਅਪਰੈਲ 1998 ਤਕ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੁੱਪ ਰਹਿਣ ਦਾ ਠੋਸ ਕਾਰਨ ਨਾ ਦੱਸ ਸਕਣ ਕਾਰਨ ਅਤੇ
3. ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਨਿਰੰਕਾਰੀ ਭਵਨ ਵਿਚ ਜਾਣ, ਭਾਸ਼ਨ ਕਰਦਿਆਂ ਵੋਟਾਂ ਮੰਗਣ ਤੇ ਜਲ ਪਾਣੀ ਛਕਣ ਅਤੇ ਸਿਰੋਪਾਓ ਪ੍ਰਾਪਤ ਕਰਨ ਬਾਰੇ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਰੂਪ ਵਿਚ ਸਾਫ਼ ਇਨਕਾਰ ਕਰਨ ਅਤੇ ਇਸ ਸਬੰਧੀ ਉਨ੍ਹਾਂ ਦੇ ਨਾਂ 'ਤੇ ਛਪੇ ਅਖ਼ਬਾਰੀ ਬਿਆਨਾਂ ਤੋਂ ਵੀ ਸਾਫ਼ ਇਨਕਾਰ ਕਰਨ ਕਰ ਕੇ

ਜਥੇਦਾਰ ਗੁਰਚਰਨ ਸਿੰਘ ਟੌਹੜਾ ਹੁਣਾਂ ਦੇ ਨਿਰੰਕਾਰੀ ਭਵਨ ਵਿਚ ਜਾਣ ਸਬੰਧੀ ਚੱਲ ਰਹੇ ਵਾਦ-ਵਿਵਾਦ ਨੂੰ ਨਿਰਾਧਾਰ ਜਾਣਦਿਆਂ ਹੋਇਆਂ ਪੰਜ ਸਿੰਘ ਸਾਹਿਬ ਵੱਲੋਂ ਰੱਦ ਕੀਤਾ ਜਾਂਦਾ ਹੈ।

ਗੁਰੂ ਪੰਥ ਦੇ ਦਾਸ,
ਦਸਤਖ਼ਤ: ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

(ਭਾਈ) ਰਣਜੀਤ ਸਿੰਘ ਵੱਲੋਂ ਟੌਹੜਾ ਦੀ ਮਦਦ ਕਰਨ ਨੂੰ ਸਿੱਖ ਵਿਦਵਾਨਾਂ ਅਤੇ ਸੰਜੀਦਾ ਸਿੱਖ ਆਗੂਆਂ ਨੇ ਨਾ-ਪਸੰਦ ਕੀਤਾ। ਇਸ ਨਾਲ (ਭਾਈ) ਰਣਜੀਤ ਸਿੰਘ ਦੀ ਸ਼ਖ਼ਸੀਅਤ 'ਤੇ ਮਾੜਾ ਅਸਰ ਹੋਇਆ। ਜੇ ਕਰ ਉਹ ਟੌਹੜਾ ਨੂੰ ਜ਼ਰਾ ਮਾਸਾ ਵੀ ਤਨਖ਼ਾਹ ਲਾ ਦੇਂਦਾ ਤਾਂ ਟੌਹੜੇ ਦੀ ਇੱਜ਼ਤ ਘਟਣੀ ਨਹੀਂ ਸੀ, ਸਗੋਂ ਉਸ ਦੀ ਨਿਮਰਤਾ ਦੀ ਸਿਫ਼ਤ ਹੋਣੀ ਸੀ। ਪਰ, ਟੌਹੜੇ ਦੀ ਅੜੀ ਤੇ ਬੇਵਕੂਫ਼ੀ ਨੇ (ਭਾਈ) ਰਣਜੀਤ ਸਿੰਘ ਅਤੇ ਬਾਕੀ ਚੌਹਾਂ ਗ੍ਰੰਥੀਆਂ ਤੋਂ 'ਪਾਪ' ਵੀ ਕਰਵਾਇਆ ਅਤੇ ਲੋਕਾਂ ਵਿਚ ਅਕਾਲ ਤਖ਼ਤ ਸਾਹਿਬ, ਇਸ ਦੇ ਮੁਖ ਸੇਵਾਦਾਰ ਤੇ 'ਹੁਕਮਨਾਮਾ' ਦਾ ਅਦਬ ਵੀ ਘਟਿਆ। ਇਸ ਮਗਰੋਂ ਅਕਾਲ ਤਖ਼ਤ ਸਾਹਿਬ ਨੂੰ ਵਧੇਰੇ ਚੈਲੰਜ ਹੋਣਾ ਸ਼ੁਰੂ ਹੋ ਗਿਆ। ਇਸ ਹਾਲਤ ਵਿਚ ਸਿਮਰਨਜੀਤ ਸਿੰਘ ਮਾਨ ਨੂੰ (ਭਾਈ) ਰਣਜੀਤ ਸਿੰਘ ਨੂੰ ਇਕ ਖ਼ਤ ਲਿਖ ਕੇ ਨਿੰਮ੍ਹਾ ਜਿਹਾ ਪ੍ਰੋਟੈਸਟ ਵੀ ਕੀਤਾ, ਜੋ ਇੰਞ ਸੀ[43] :

29 ਜੂਨ 1998

ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ
ਭਾਈ ਰਣਜੀਤ ਸਿੰਘ ਜੀ

ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ ਦਿਨੀਂ ਟੌਹੜਾ-ਨਿਰੰਕਾਰੀ ਮਾਮਲੇ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਫ਼ੈਸਲੇ ਨਾਲ ਸਿੱਖ ਕੌਮ ਵਿਚ ਕਾਫ਼ੀ ਹਲਚਲ ਪੈਦਾ ਹੋਈ ਹੈ। ਆਮ ਸਿੱਖਾਂ ਦੇ ਮਨਾਂ ਵਿਚ ਕਈ ਤੌਖ਼ਲੇ ਉਭਰ ਰਹੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਇਨ੍ਹਾਂ ਤੌਖ਼ਲਿਆਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਬਹਾਲ ਰਹਿ ਸਕੇ।

ਸੰਨ 1978 ਵਿਚ ਨਿਰੰਕਾਰੀਆਂ ਦੇ ਹੱਥੋਂ ਅੰਮ੍ਰਿਤਸਰ ਸਾਹਿਬ ਵਿਖੇ 13 ਸਿੰਘਾਂ ਦੀ ਸ਼ਹਾਦਤ ਤੋਂ ਲੈ ਕੇ ਅੱਜ ਤਕ ਅਨੇਕਾਂ ਸਿੱਖਾਂ ਨੇ ਕੌਮ ਦੀ ਖ਼ਾਤਰ ਸ਼ਹੀਦੀਆਂ ਦਿੱਤੀਆਂ, ਜੇਲ੍ਹਾਂ ਕੱਟੀਆਂ, ਤੁਸੀਂ ਖ਼ੁਦ 14 ਸਾਲ ਕਾਠ-ਕੋਠੜੀ ਵਿਚ ਗੁਜ਼ਾਰੇ ਅਤੇ ਸਮੁੱਚੀ ਕੌਮ ਖੇਰੂੰ-ਖੇਰੂੰ ਹੋਈ। ਨਿਰੰਕਾਰੀ ਜਿਉਂ ਦੇ ਤਿਉਂ ਹਿੰਦੁਸਤਾਨ ਸਰਕਾਰ ਦੀ ਸ਼ਹਿ 'ਤੇ ਆਪਣਾ ਕੁਫ਼ਰ ਤੋਲ ਰਹੇ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਕਈ ਥਾਵਾਂ 'ਤੇ ਸਿੱਖ ਧਰਮ ਦਾ ਮਜ਼ਾਕ ਉਡਾ ਰਹੇ ਹਨ। ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਕੌਮੀ ਸੋਚ ਦੀ ਆਵਾਜ਼ ਬੁਲੰਦ ਰੱਖਣ ਵਾਲੇ ਸਿੱਖ ਅੱਜ ਬਹੁਤ ਚਿੰਤਾਤੁਰ ਅਤੇ ਦੁਚਿਤੀ ਵਿਚ ਹਨ।

ਪਿਛਲੇ ਸਮੇਂ ਵਿਚ ਸਿੱਖ ਮਰਿਆਦਾ ਨੂੰ ਬਹਾਲ ਕਰਨ ਲਈ ਆਪ ਜੀ ਵੱਲੋਂ ਕੀਤੇ ਫ਼ੈਸਲਿਆਂ ਨਾਲ ਸਿੱਖਾਂ ਦੇ ਮਨਾਂ ਵਿਚ ਬਹੁਤ ਆਸਾਂ ਅਤੇ ਉਮੀਦਾਂ ਹਨ। ਐਸੇ ਫ਼ੈਸਲੇ ਅਜੋਕੇ ਸਮੇਂ ਵਿਚ ਬੜੀ ਦੇਰ ਬਾਅਦ ਹੋਏ ਹਨ। ਸਮੁੱਚੀ ਸਿੱਖ ਕੌਮ ਨੂੰ ਆਪ ਜੀ ਤੋਂ ਬਹੁਤ ਉਮੀਦਾਂ ਹਨ। ਇਸੇ ਲਈ ਸਾਡੀ ਆਪ ਜੀ ਅਤੇ ਪੰਜ ਸਿੰਘ ਸਾਹਿਬਾਨ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ **ਟੌਹੜਾ-ਨਿਰੰਕਾਰੀ ਮਸਲੇ ਵਿਚ ਇਸ ਪੱਤਰ ਨੂੰ ਸ਼ਿਕਾਇਤ ਪੱਤਰ ਸਮਝ ਕੇ ਸਰਦਾਰ ਗੁਰਚਰਨ ਸਿੰਘ ਟੌਹੜਾ 'ਤੇ ਲੱਗੇ ਦੋਸ਼ਾਂ ਨੂੰ ਮੁੜ ਵਿਚਾਰਿਆ ਜਾਵੇ।**

ਦੁਨੀਆ ਦੇ ਧਾਰਮਿਕ ਅਤੇ ਸਿਆਸੀ ਇਤਿਹਾਸ ਵਿਚ ਅਕਾਲ ਤਖ਼ਤ ਸਾਹਿਬ ਦੀ ਵਿਲੱਖਣ ਥਾਂ ਹੈ। ਸਾਡੀ ਸਮਝ ਅਨੁਸਾਰ ਅਕਾਲ ਤਖ਼ਤ ਸਾਹਿਬ ਦੁਨਿਆਵੀ ਕਚਹਿਰੀ ਨਹੀਂ ਹੈ ਅਤੇ ਨਾ ਹੀ ਇਹ ਦੁਨਿਆਵੀ ਕਚਹਿਰੀਆਂ ਵਾਂਗ ਕੰਮ ਕਰ ਸਕਦੀ ਹੈ। ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਦੁਨਿਆਵੀ ਕਚਹਿਰੀਆਂ ਵਾਂਗ ਕੇਵਲ ਸਬੂਤ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ।

ਟੌਹੜਾ-ਨਿਰੰਕਾਰੀ ਮਾਮਲੇ ਬਾਰੇ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ

43. ਕੁਲਬੀਰ ਸਿੰਘ ਕੌੜਾ, ਸਫ਼ੇ 215-17.

ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਸਤੀਫ਼ਾ ਦੇਣ ਲਈ ਕਿਹਾ ਜਾਵੇ। ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਸਿੱਖ ਸੰਗਤਾਂ ਦੀ ਖੁੱਲ੍ਹੀ ਹਾਜ਼ਰੀ ਵਿਚ ਹੇਠ ਲਿਖੇ ਸਵਾਲ ਪੁੱਛਣ ਦੀ ਕ੍ਰਿਪਾਲਤਾ ਕਰੋ :

1. ਕੀ ਸ: ਗੁਰਚਰਨ ਸਿੰਘ ਟੌਹੜਾ ਪਟਿਆਲਾ ਵਿਖੇ ਨਿਰੰਕਾਰੀ ਭਵਨ ਗਏ ਸਨ ?
2. ਉਨ੍ਹਾਂ ਦੇ ਨਾਲ ਹੋਰ ਕੌਣ-ਕੌਣ ਸਨ ?
3. ਕੀ ਉਨ੍ਹਾਂ ਨੇ ਸਿਰੋਪਾ ਜਾਂ ਕੋਈ ਹੋਰ ਤੋਹਫ਼ਾ ਲਿਆ ?
4. ਕੀ ਉਨ੍ਹਾਂ ਨੇ ਉੱਥੇ ਤਕਰੀਰ ਕੀਤੀ ?
5. ਕੀ ਜਥੇਦਾਰ ਟੌਹੜਾ ਇਸ ਤੋਂ ਪਹਿਲਾਂ ਵੀ ਕਦੀ ਨਿਰੰਕਾਰੀ ਆਗੂਆਂ ਨੂੰ ਗੁਪਤ ਜਾਂ ਖੁੱਲ੍ਹੇ ਤੌਰ 'ਤੇ ਮਿਲੇ ਹਨ ?

ਸੱਚ ਨੂੰ ਲੱਭਣ ਲਈ ਉਪਰਲੇ ਸਵਾਲ ਕਾਫ਼ੀ ਹਨ। ਲੋੜ ਪੈਣ 'ਤੇ ਸ: ਗੁਰਚਰਨ ਸਿੰਘ ਟੌਹੜਾ ਦੇ ਨਾਲ ਜੋ ਲੋਕ ਗਏ ਸਨ, ਉਨ੍ਹਾਂ ਨੂੰ ਵੀ ਪੁੱਛਿਆ ਜਾਵੇ। ਅਸੀਂ ਆਸ ਕਰਦੇ ਹਾਂ ਕਿ ਜਥੇਦਾਰ ਟੌਹੜਾ ਨੇ ਅਖ਼ਬਾਰਾਂ ਵਿਚ ਜੋ ਵੀ ਕੁਝ ਕਿਹਾ ਹੋਵੇ, ਵਾਹਿਗੁਰੂ ਦੇ ਡਰ ਤੋਂ ਉਹ ਅਕਾਲ ਤਖ਼ਤ ਸਾਹਿਬ ਤੇ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਸੱਚ ਹੀ ਬੋਲਣਗੇ।

ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਹੋਣੀ ਚਾਹੀਦੀ, ਜਿਸ ਦਾ ਸਾਫ਼ ਮਤਲਬ ਹੈ ਕਿ ਇਸ ਸਮੁਦਾਯ ਨੂੰ ਸਿੱਖੀ ਨੂੰ ਢਾਹ ਲਾਉਣ ਤੋਂ ਰੋਕਿਆ ਜਾਵੇ। ਮੌਜੂਦਾ ਸਰਕਾਰ ਅਕਾਲੀ ਸਰਕਾਰ ਹੈ, ਮੌਜੂਦਾ ਸਰਕਾਰ ਦੇ ਮੁਖੀ ਵੇਲੇ ਹੀ ਨਿਰੰਕਾਰੀਆਂ ਨੇ ਸਾਜ਼ਿਸ਼ ਨਾਲ ਸਿੱਖਾਂ ਦਾ ਘਾਣ ਕੀਤਾ ਸੀ। ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਨਿਰੰਕਾਰੀਆਂ ਦੇ ਝੂਠ ਦੇ ਠੇਕੇ ਅੱਜ ਵੀ ਗੁਰੂਆਂ ਦੀ ਧਰਤੀ ਪੰਜਾਬ ਵਿਚ ਕਈ ਥਾਵਾਂ 'ਤੇ ਨਫ਼ਰਤ ਅਤੇ ਸਿੱਖੀ ਤੋਂ ਉਲਟ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਨੂੰ ਬੰਦ ਕਰਨ ਦਾ ਹੁਕਮ ਵੀ ਮੌਜੂਦਾ ਸਰਕਾਰ ਨੂੰ ਦਿੱਤਾ ਜਾਵੇ।

ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪੰਥ ਦੀ ਸ਼ਾਨ ਖ਼ਾਤਰ ਇਨ੍ਹਾਂ ਮਸਲਿਆਂ 'ਤੇ ਵੀ ਵਿਚਾਰ ਕੀਤਾ ਜਾਵੇ :

1. ਬੀਬੀ ਅਮਰਜੀਤ ਕੌਰ ਨੂੰ ਕੇਵਲ ਇਕ ਹਫ਼ਤੇ ਦੀ ਸੇਵਾ ਬਹੁਤ ਥੋੜ੍ਹੀ ਸੇਵਾ ਹੈ। ਬੀਬੀ ਜੀ ਨੇ ਸਿੱਖ ਕੌਮ ਦੇ ਖ਼ਿਲਾਫ਼ ਜ਼ਹਿਰ ਉਗਲਿਆ ਸੀ ਅਤੇ ਮੌਜੂਦਾ ਸਰਕਾਰ ਦੀ ਸਿੱਖਾਂ ਦੀ ਨਸਲਕੁਸ਼ੀ ਵਿਚ ਸਰਕਾਰ ਦਾ ਸਾਥ ਦਿੱਤਾ ਸੀ।
2. ਸੁਰਜੀਤ ਸਿੰਘ ਬਰਨਾਲਾ ਨੂੰ ਅੱਜ ਤਕ ਦਰਬਾਰ ਸਾਹਿਬ ਵਿਚ ਪੁਲਿਸ ਭੇਜਣ ਦੇ ਮਾਮਲੇ ਵਿਚ ਤਨਖ਼ਾਹ ਨਹੀਂ ਲਾਈ ਗਈ।
3. ਅੰਮ੍ਰਿਤਸਰ ਐਲਾਨਨਾਮਾ ਘੜਨ ਵੇਲੇ ਅਕਾਲੀ ਆਗੂਆਂ ਤੋਂ ਇਲਾਵਾ ਅਰਦਾਸ ਦੌਰਾਨ ਸਿੰਘ ਸਾਹਿਬਾਨ ਵੀ ਮੌਜੂਦ ਸਨ, ਪਰ ਮੁਕਰਣ ਵਾਲਿਆਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਡੇ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਯੋਗ ਫ਼ੈਸਲਾ ਕਰੋਗੇ।

ਪੂਰਨ ਸਤਿਕਾਰ ਅਤੇ ਧੰਨਵਾਦ ਸਹਿਤ

ਗੁਰੂ ਘਰ ਅਤੇ ਪੰਥ ਦਾ ਦਾਸ,
ਸਿਮਰਨਜੀਤ ਸਿੰਘ ਮਾਨ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

(ਪਰ ਭਾਈ ਰਣਜੀਤ ਸਿੰਘ ਨੇ ਟੌਹੜੇ ਨਾਲ ਯਾਰੀ ਕਾਰਨ ਸਿਮਰਨਜੀਤ ਸਿੰਘ ਮਾਨ ਦੀ ਚਿੱਠੀ ਨੂੰ ਗੌਲਿਆ ਵੀ ਨਹੀਂ।)

ਦਿੱਲੀ ਗੁਰਦੁਆਰਾ ਕਮੇਟੀ ਦੇ ਮਸਲੇ

(ਬੀਬੀ ਦਰਸ਼ਨ ਕੌਰ, ਸਤਨਾਮੀ ਬਾਈ, ਆਤਮਾ ਸਿੰਘ ਲੁਬਾਣਾ, ਅਵਤਾਰ ਸਿੰਘ ਹਿਤ ਤੇ ਹਰਮਨਜੀਤ ਸਿੰਘ ਦੇ ਕੇਸ)

ਬੀਬੀ ਦਰਸ਼ਨ ਕੌਰ 'ਤੇ ਹਮਲਾ

ਮਾਰਚ 1997 ਵਿਚ 'ਨਵੰਬਰ 1984 ਦੇ ਕਤਲੇਆਮ' ਦੀਆਂ ਸਿੱਖ ਵਿਧਵਾ ਔਰਤਾਂ ਨੂੰ ਪਤਾ ਲੱਗਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਦਿੱਲੀ ਗੁਰਦੁਆਰਾ ਕਮੇਟੀ ਦੇ ਦਫ਼ਤਰ ਵਿਚ ਹੋ ਰਹੀ ਸੀ। ਇਹ ਬੀਬੀਆਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਦੁਖੀ ਬੀਬੀਆਂ ਵੱਲ ਬੇਰੁਖੀ ਦਿਖਾਉਣ ਕਰ ਕੇ ਔਖੀਆਂ ਸਨ। ਇਨ੍ਹਾਂ ਨੇ ਫ਼ੈਸਲਾ ਕਰ ਲਿਆ ਕਿ ਕਮੇਟੀ ਦੀ ਮੀਟਿੰਗ ਦੇ ਮੌਕੇ 'ਤੇ ਪ੍ਰੋਟੈਸਟ ਕੀਤਾ ਜਾਵੇ। ਜਿਸ ਵੇਲੇ ਮੀਟਿੰਗ ਸ਼ੁਰੂ ਹੋਈ, ਇਨ੍ਹਾਂ ਬੀਬੀਆਂ ਨੇ ਇਕ ਮੈਂਬਰ ਆਤਮਾ ਸਿੰਘ ਲੁਬਾਣਾ ਦੇ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਆਤਮਾ ਸਿੰਘ ਦੇ ਖ਼ਿਲਾਫ਼ ਉਨ੍ਹਾਂ ਦਾ ਵੱਖਰਾ ਗ਼ੁੱਸਾ ਇਹ ਸੀ ਕਿ ਉਹ ਸਿੱਖਾਂ ਦੇ ਕਾਤਲ ਐਚ.ਕੇ.ਐਲ. ਭਗਤ ਦੇ 'ਦਲਾਲ' ਵਾਂਗ ਵਿਚਰ ਰਿਹਾ ਸੀ ਅਤੇ ਉਸ (ਭਗਤ) ਦੇ ਖ਼ਿਲਾਫ਼ ਗਵਾਹੀ ਦੇਣ ਵਾਲੀਆਂ ਬੀਬੀਆਂ ਦੀ ਉਸ (ਭਗਤ) ਨਾਲ ਸੌਦੇਬਾਜ਼ੀ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਆਤਮਾ ਸਿੰਘ ਲੁਬਾਣਾ ਨੇ ਸਤਨਾਮੀ ਬਾਈ ਦਾ ਭਗਤ ਨਾਲ ਸੌਦਾ ਕਰਵਾ ਦਿੱਤਾ ਸੀ ਅਤੇ ਦਰਸ਼ਨ ਕੌਰ ਨੂੰ ਵੀ ਲੁਭਾਉਣ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਬੀਬੀਆਂ ਨੇ ਆਤਮਾ ਸਿੰਘ ਦੇ ਖ਼ਿਲਾਫ਼ ਨਾਅਰੇ ਜਾਰੀ ਰਖੇ ਤਾਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਮਠਾਰੂ ਨੇ ਆਤਮਾ ਸਿੰਘ ਲੁਬਾਣਾ ਨੂੰ ਬਾਹਰ ਜਾ ਕੇ ਬੀਬੀਆਂ ਵਿਚ ਸਫ਼ਾਈ ਪੇਸ਼ ਕਰਨ ਅਤੇ ਉਨ੍ਹਾਂ ਨੂੰ ਚੁੱਪ ਕਰਾਉਣ ਵਾਸਤੇ ਕਿਹਾ। ਇਸ 'ਤੇ ਆਤਮਾ ਸਿੰਘ ਬਾਹਰ ਆ ਗਿਆ। ਇਸ ਦੇ ਕੁਝ ਮਿੰਟਾਂ ਵਿਚ ਹੀ ਹਾਹਾਕਾਰ ਮਚ ਗਈ। ਜਦ ਬਾਕੀ ਮੈਂਬਰ ਬਾਹਰ ਨਿਕਲੇ ਤਾਂ ਬੀਬੀ ਦਰਸ਼ਨ ਕੌਰ ਜ਼ਖ਼ਮੀ ਹੋਈ ਜ਼ਮੀਨ 'ਤੇ ਡਿੱਗੀ ਪਈ ਸੀ। ਉਸ ਨੂੰ ਇਕ ਮੈਂਬਰ ਗੱਡੀ ਵਿਚ ਪਾ ਕੇ ਹਸਪਤਾਲ ਲੈ ਗਿਆ। ਕੁਝ ਦਿਨਾਂ ਮਗਰੋਂ ਬੀਬੀਆਂ ਨੇ ਇਹ ਸਾਰਾ ਕੁਝ ਲਿਖ ਕੇ (ਭਾਈ) ਰਣਜੀਤ ਸਿੰਘ ਨੂੰ ਭੇਜ ਦਿੱਤਾ। ਇਸ 'ਤੇ (ਭਾਈ) ਰਣਜੀਤ ਸਿੰਘ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਮਠਾਰੂ, ਸੀਨੀਅਰ ਤੇ ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ, ਅਵਤਾਰ ਸਿੰਘ ਹਿਤ ਅਤੇ ਇੰਦਰਪਾਲ ਸਿੰਘ ਖਾਲਸਾ ਨੂੰ 7 ਅਪਰੈਲ 1997 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕਰ ਲਿਆ।

ਇਸ ਦਿਨ (ਭਾਈ) ਰਣਜੀਤ ਸਿੰਘ ਨੇ ਦਿੱਲੀ ਦੇ ਪੰਜਾਂ ਸੀਨੀਅਰ ਲੀਡਰਾਂ ਤੋਂ ਸੱਚੋ-ਸੱਚ ਉਗਲਵਾ ਲਿਆ। **ਇਸ ਮੌਕੇ 'ਤੇ ਸਾਰੀ ਪ੍ਰੈੱਸ ਹਾਜ਼ਿਰ ਸੀ। ਇਹ ਪਹਿਲਾ ਮੌਕਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਸਾਰੇ ਲੋਕਾਂ ਦੇ ਸਾਹਮਣੇ ਕੀਤੀ ਗਈ ਸੀ।**

ਇਸ ਮੀਟਿੰਗ ਵਿਚ (ਭਾਈ) ਰਣਜੀਤ ਸਿੰਘ ਨੇ ਇਨ੍ਹਾਂ ਆਗੂਆਂ ਤੋਂ ਜਵਾਬ ਤਲਬੀ ਕੀਤੀ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਚੰਡੀਗੜ੍ਹ ਦੇ ਇਕ ਪੰਜਾਬੀ ਅਖ਼ਬਾਰ ਦੇ ਦਿੱਲੀ ਰਹਿੰਦੇ ਨਾਮਾਨਿਗਾਰ ਨੂੰ ਸਿਰਫ਼ ਤਿੰਨ ਹਜ਼ਾਰ ਰੁਪਏ ਮਹੀਨਾ 'ਤੇ ਵਸੰਤ ਵਿਹਾਰ ਵਿਚ ਇਕ ਕਿਤਾਬਾਂ ਦੀ ਦੁਕਾਨ ਤੇ ਇਕ ਕੰਟੀਨ ਕਿਸ ਹੈਸੀਅਤ ਵਿਚ ਦਿਤੀ ਹੈ?

(ਭਾਈ) ਰਣਜੀਤ ਸਿੰਘ ਨੇ ਇਹ ਵੀ ਸਵਾਲ ਕੀਤਾ ਕਿ ਕਮੇਟੀ ਵੱਲੋਂ ਨਿਰੰਕਾਰੀ ਕਤਲ ਕੇਸ ਵਿਚ ਉਸ (ਰਣਜੀਤ ਸਿੰਘ) ਦੇ ਖ਼ਿਲਾਫ਼ ਗਵਾਹੀ ਦੇਣ ਵਾਲੇ ਇਕ ਬੰਦੇ ਦੇ ਪਰਿਵਾਰ ਨੂੰ ਪੈਨਸ਼ਨ ਤੇ ਰਾਸ਼ਨ ਦਾ ਖ਼ਰਚ ਕਿਸ ਪੰਥਕ ਸੇਵਾ ਵਜੋਂ ਦਿੱਤਾ ਜਾ ਰਿਹਾ ਹੈ?

(ਭਾਈ) ਰਣਜੀਤ ਸਿੰਘ ਦੀਆਂ ਖਰੀਆਂ-ਖਰੀਆਂ ਸੁਣ ਕੇ ਸਾਰੇ ਜਣੇ ਚੁੱਪ ਹੋ ਗਏ ਤੇ ਆਪਣੀ ਗ਼ਲਤੀ ਮੰਨ ਲਈ। ਪਰ, ਅਵਤਾਰ ਸਿੰਘ ਹਿਤ ਨੇ ਮੀਟਿੰਗ ਮਗਰੋਂ ਅਖ਼ਬਾਰ ਨਵੀਸਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ **"ਜਿੰਨੀ ਦਖ਼ਲਅੰਦਾਜ਼ੀ ਦਿੱਲੀ ਦੰਗਿਆਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਅਕਾਲ ਤਖ਼ਤ ਦੀ ਹੁੰਦੀ ਜਾ ਰਹੀ ਹੈ, ਓਨੀ ਹੀ ਦਿੱਲੀ ਦੰਗਿਆਂ[44] ਦੇ ਕਥਿਤ ਦੋਸ਼ੀ ਐਚ.ਕੇ.ਐਲ. ਭਗਤ ਦੀ ਅਚੇਤ ਤੌਰ 'ਤੇ ਮਦਦ ਹੋਵੇਗੀ।"** ਅਵਤਾਰ ਸਿੰਘ ਹਿਤ ਨੇ ਇਸ ਮੌਕੇ 'ਤੇ ਇਕ ਤਸਵੀਰ ਵੀ ਦਿਖਾਈ, ਜਿਸ ਵਿਚ ਰਣਜੀਤ ਸਿੰਘ ਦਾ ਗਤਕੇਬਾਜ਼ੀ ਦਾ ਉਸਤਾਦ ਗੁਰਚਰਨ ਸਿੰਘ ਗਤਕੇਵਾਲਾ ਐਚ.ਕੇ.ਐਲ. ਭਗਤ ਦੇ ਨਾਲ ਬੈਠਾ ਦਿਸ ਰਿਹਾ ਸੀ।

ਇਸ ਪੇਸ਼ੀ ਤੋਂ ਬਾਅਦ (ਭਾਈ) ਰਣਜੀਤ ਸਿੰਘ ਨੇ ਸਾਰਿਆਂ ਨੂੰ ਦੋਬਾਰਾ 22 ਅਪਰੈਲ ਨੂੰ ਪੇਸ਼ ਹੋਣ ਵਾਸਤੇ ਹਿਦਾਇਤ ਕੀਤੀ। ਇਸ ਮੀਟਿੰਗ ਵਾਲੇ ਦਿਨ ਬੀਬੀ ਦਰਸ਼ਨ ਕੌਰ ਨੇ (ਭਾਈ) ਰਣਜੀਤ ਸਿੰਘ ਨੂੰ ਇਕ ਚਿੱਠੀ ਲਿਖ ਕੇ ਆਪਣੇ 'ਤੇ ਹੋਏ ਹਮਲੇ ਦਾ ਪੂਰਾ ਵੇਰਵਾ ਦੱਸਿਆ। ਇਹ ਚਿੱਠੀ ਇੰਞ ਸੀ[45] :

22 ਅਪਰੈਲ 1997

ੴ ਸਤਿਗੁਰ ਪ੍ਰਸਾਦਿ

ਸੇਵਾ ਵਿਖੇ,
ਪਰਮ ਸਤਿਕਾਰਯੋਗ ਸਿੰਘ ਸਾਹਿਬ,
ਜਥੇਦਾਰ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਜਦੋਂ ਤੋਂ ਮੈਂ ਕਾਣੇ ਭਗਤ ਦੇ ਖ਼ਿਲਾਫ਼ ਅਦਾਲਤ ਵਿਚ ਬਿਆਨ ਦਿੱਤਾ, ਉਸ ਦੇ ਦੋ ਦਿਨ ਬਾਅਦ ਤੋਂ ਹੀ ਆਤਮਾ ਸਿੰਘ ਲੁਬਾਣਾ ਮੈਨੂੰ ਬਿਆਨ ਵਾਪਸ ਲੈਣ ਲਈ ਮਜਬੂਰ ਕਰਨ ਲੱਗ ਪਿਆ। **ਆਤਮਾ ਸਿੰਘ ਨੇ ਮੈਨੂੰ 25 ਲੱਖ ਰੁਪਏ ਦਾ ਲਾਲਚ ਵੀ ਦਿੱਤਾ।** ਇਕ ਦਿਨ ਆਤਮਾ ਸਿੰਘ **ਅੱਧੀ ਰਾਤ** ਨੂੰ ਮੇਰੇ ਘਰ ਆਇਆ ਅਤੇ ਮੈਨੂੰ ਬਿਆਨ ਬਦਲਣ ਲਈ ਮਜਬੂਰ ਕਰਨ ਲੱਗ ਪਿਆ। ਜਦ ਮੈਂ ਉਸ ਦੀ ਗੱਲ ਨਾ ਮੰਨੀ ਤਾਂ ਉਹ ਜਬਰਦਸਤੀ ਮੇਰੇ ਘਰ ਪੇਸ਼ਗੀ **ਇਕ ਲੱਖ ਰੁਪਿਆ ਰੱਖ ਕੇ ਚਲਾ ਗਿਆ** ਅਤੇ ਸਵੇਰ ਤਕ ਸੋਚਣ ਵਾਸਤੇ ਕਹਿ ਗਿਆ ਕਿ ਜੇ ਤੂੰ ਹਾਂ ਕਰ ਦੇਂਗੀ ਤਾਂ ਬਾਕੀ ਦੇ 24 ਲੱਖ ਰੁਪਏ ਜਿੱਥੇ ਕਹੇਂਗੀ, ਉੱਥੇ ਦੇ ਦਿਆਂਗੇ। ਉਸ ਵਕਤ ਮੈਂ ਬਹੁਤ ਘਬਰਾ ਗਈ। ਅੱਧੀ ਰਾਤ ਦਾ ਵਕਤ ਸੀ ਅਤੇ ਉਸ ਵਕਤ ਮੇਰੀ ਸਮਝ ਵਿਚ ਕੁਝ ਨਹੀਂ ਆਇਆ। ਅਗਲੇ ਦਿਨ ਸਵੇਰੇ ਸਵੇਰੇ ਪ੍ਰਭਾਤ ਦੇ ਵਕਤ ਮੈਂ ਆਤਮਾ ਸਿੰਘ ਦੇ ਘਰ ਗਈ। ਜਿਹੜੇ ਪੈਸੇ ਉਹ ਮੇਰੇ ਘਰ ਰੱਖ ਗਿਆ ਸੀ, ਉਹ ਮੈਂ ਉਸ ਨੂੰ ਵਾਪਸ ਸੁੱਟ ਆਈ। ਇਸ ਤੋਂ ਬਾਅਦ ਆਤਮਾ ਸਿੰਘ ਨੇ ਮੇਰੇ ਗੁਆਂਢ ਵਿਚ ਫ਼ੋਨ ਕਰ ਕੇ **ਮੈਨੂੰ ਤੇ ਮੇਰੇ ਬੱਚਿਆਂ ਨੂੰ ਮਾਰਨ ਦੀ ਧਮਕੀ ਦਿੱਤੀ, ਜਿਸ ਦੀ ਰਿਪੋਰਟ ਮੈਂ ਥਾਣੇ ਵਿਚ ਕਰ ਦਿੱਤੀ। ਜਿਸ ਹਿੰਦੂ ਗੁਆਂਢੀ ਨੇ ਇਹ ਫ਼ੋਨ ਸੁਣਿਆ ਸੀ, ਉਸ ਨੇ ਵੀ ਪੁਲਿਸ ਨੂੰ ਦੱਸ ਦਿੱਤਾ। ਇਸ ਦੇ ਬਾਅਦ ਪੁਲਿਸ ਨੇ**

44. ਅਵਤਾਰ ਸਿੰਘ ਹਿਤ ਨੇ ਸਿੱਖਾਂ ਦੇ ਕਤਲੇਆਮ ਨੂੰ 'ਦੰਗੇ' ਗਰਦਾਨਿਆ ਸੀ।
45. ਕੁਲਬੀਰ ਸਿੰਘ ਕੌੜਾ, ਸਫ਼ੇ 28-30.

ਮੇਰੀ ਸੁਰੱਖਿਆ ਦਾ ਇੰਤਜ਼ਾਮ ਕਰ ਦਿੱਤਾ। ਇਸ ਦੌਰਾਨ ਪੁਲਿਸ ਦੀ ਮੌਜੂਦਗੀ ਵਿਚ ਮੇਰੇ 'ਤੇ ਤਿੰਨ ਵਾਰ ਹਮਲਾ ਹੋਇਆ, ਜਿਸ ਦੀ ਰਿਪੋਰਟ ਮੈਂ ਥਾਣੇ ਵਿਚ ਵੀ ਕਰਵਾਈ। ਇਹ ਹਮਲਾ ਵੀ ਆਤਮਾ ਸਿੰਘ ਲੁਬਾਣਾ ਦੇ ਇਸ਼ਾਰੇ 'ਤੇ ਹੋਇਆ। ਜਦ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ ਮੈਂ ਆਪਣੀਆਂ ਕੁਝ ਵਿਧਵਾ ਭੈਣਾਂ ਨੂੰ ਨਾਲ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਮਦਦ ਲੈਣ ਗਈ। ਉੱਥੇ ਮੈਨੂੰ **ਅਵਤਾਰ ਸਿੰਘ ਹਿਤ** ਮਿਲਿਆ। ਮੈਂ ਉਸਨੂੰ ਗੁਰਦੁਆਰਾ ਕਮੇਟੀ ਦਾ ਨੇਤਾ ਸਮਝ ਕੇ ਮਦਦ ਲਈ ਕਿਹਾ। **ਉਸਨੇ ਇਕ ਦਮ ਮੈਨੂੰ ਤੇ ਮੇਰੀਆਂ ਵਿਧਵਾਂ ਭੈਣਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਕਿਹਾ, "ਤੁਸੀਂ ਰੰਡੀਆਂ ਨੂੰ ਹਰ ਵਕਤ ਮਦਦ ਹੀ ਚਾਹੀਦੀ ਹੈ, ਦਸ ਦਸ ਖਸਮ ਰੱਖੇ ਨੇ ਭੈਣ-... ਨੇ। ਅਸੀਂ ਆਤਮਾ ਸਿੰਘ ਦਾ ਕੁਝ ਨਹੀਂ ਕਰ ਸਕਦੇ, ਉਹ ਚੁਣਿਆ ਹੋਇਆ ਮੈਂਬਰ ਹੈ ਅਤੇ ਹੁਣ ਅਸੀਂ ਰੰਡੀਆਂ ਨੂੰ ਪੈਨਸ਼ਨ ਵੀ ਨਹੀਂ ਦੇਣੀ।"** ਇਸ ਤੋਂ ਇਲਾਵਾ ਵੀ ਉਸ ਨੇ ਸਾਨੂੰ ਬੜੀਆਂ ਗੰਦੀਆਂ ਗਾਲ੍ਹਾਂ ਕੱਢੀਆਂ, ਅਸੀਂ ਰੋਂਦੇ ਪਿਟਦੇ ਘਰ ਵਾਪਸ ਆ ਗਏ।

ਜਿਸ ਦਿਨ ਗੁਰਦੁਆਰਾ ਵਿਖੇ ਮੇਰੇ ਉੱਤੇ ਹਮਲਾ ਹੋਇਆ, ਉਸ ਦਿਨ ਅਦਾਲਤ ਵਿਚ ਐਚ.ਕੇ.ਐਲ. ਭਗਤ ਦੇ ਖ਼ਿਲਾਫ਼ ਮੇਰੀ ਗਵਾਹੀ ਸੀ। ਜਦ ਮੈਂ ਅਦਾਲਤ 'ਚ ਪਹੁੰਚੀ ਤਾਂ ਉੱਥੇ ਮੈਨੂੰ ਪਤਾ ਚਲਿਆ ਕਿ ਐਚ.ਕੇ.ਐਲ. ਭਗਤ ਨੇ ਹਾਈਕੋਰਟ ਤੋਂ ਸਟੇਅ ਲੈ ਲਿਆ ਹੈ। ਇਹ ਸੁਣ ਕੇ ਮੈਨੂੰ ਬੜਾ ਦੁੱਖ ਲੱਗਿਆ। ਮੈਂ ਉੱਥੋਂ ਸਿੱਧਾ ਗੁਰਦੁਆਰਾ ਕਮੇਟੀ ਦੇ ਦਫ਼ਤਰ ਮਾਤਾ ਸੁੰਦਰੀ ਚਲੀ ਗਈ। ਮੇਰੇ ਨਾਲ ਮੇਰੀਆਂ ਵਿਧਵਾ ਭੈਣਾਂ ਵੀ ਸਨ। ਮੀਟਿੰਗ ਤੋਂ ਬਾਅਦ ਮੈਂ (ਪ੍ਰਧਾਨ) ਦਿੱਲੀ ਗੁਰਦੁਆਰਾ ਕਮੇਟੀ ਸ: ਮਹਿੰਦਰ ਸਿੰਘ ਮਠਾਰੂ ਨੂੰ ਮਿਲੀ ਤੇ ਉਨ੍ਹਾਂ ਤੋਂ ਚੰਗੇ ਵਕੀਲਾਂ ਦੀ ਮੰਗ ਕੀਤੀ। ਮੈਂ ਅਜੇ ਗੱਲ ਕਰ ਰਹੀ ਰਹੀ ਸੀ ਕਿ ਮੇਰੇ ਸਾਹਮਣੇ ਆਤਮਾ ਸਿੰਘ ਲੁਬਾਣਾ ਆ ਗਿਆ। ਉਸ ਨੂੰ ਦੇਖਦਿਆਂ ਹੀ ਮੈਂ ਪ੍ਰਧਾਨ ਨੂੰ ਕਿਹਾ ਕਿ ਤੁਸੀਂ ਇਸ ਨੂੰ ਕਹੋ ਕਿ ਇਹ ਮੇਰਾ ਪਿੱਛਾ ਛਡੇ ਅਤੇ ਗਵਾਹੀ ਬਦਲਣ ਵਾਸਤੇ ਮੈਨੂੰ ਮਜਬੂਰ ਨਾ ਕਰੇ। ਮੇਰੇ ਇਤਨਾ ਕਹਿੰਦਿਆਂ ਹੀ ਆਤਮਾ ਸਿੰਘ ਲੁਬਾਣਾ ਨੇ ਆਪਣੇ ਛੇ ਸਾਥੀਆਂ ਨਾਲ ਮੈਨੂੰ ਪ੍ਰਧਾਨ ਦੇ ਦਫ਼ਤਰ ਦੀ ਚੌਖ਼ਟ 'ਤੇ ਹੀ ਡੰਡਿਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਮੈਂ ਮਦਦ ਲਈ ਪੁਕਾਰਦੀ ਰਹੀ, ਪਰ ਪ੍ਰਧਾਨ ਸਮੇਤ ਕਿਸੇ ਨੇ ਵੀ ਮੈਨੂੰ ਨਹੀਂ ਬਚਾਇਆ। ਫਿਰ ਮੈਂ ਬੇਹੋਸ਼ ਹੋ ਗਈ। ਬਾਅਦ ਵਿਚ ਮੈਨੂੰ ਹਸਪਤਾਲ ਵਿਚ ਹੋਸ਼ ਆਇਆ।

ਇਸ ਦੌਰਾਨ ਗੁਰਦੁਆਰਾ ਕਮੇਟੀ ਦਾ ਕੋਈ ਵੱਡਾ ਮੈਂਬਰ ਮੇਰਾ ਹਾਲ ਪੁੱਛਣ ਨਹੀਂ ਆਇਆ। ਮੇਰੇ ਨਾਲ ਹਸਪਤਾਲ ਵਿਚ ਬੈਠੀਆਂ ਵਿਧਵਾ ਭੈਣਾ ਗੁਰਦੁਆਰਾ ਬੰਗਲਾ ਸਾਹਿਬ ਤੋਂ ਸਵੇਰੇ ਸ਼ਾਮ ਲੰਗਰ ਛੱਕਣ ਵਾਸਤੇ ਜਾਂਦੀਆਂ ਸਨ। ਮੇਰਾ ਇਲਾਜ ਸਰਕਾਰੀ ਹਸਪਤਾਲ ਵਿਚ ਹੋਇਆ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਅਤੇ ਅਕਾਲੀ ਐਮ.ਪੀ. ਵੀ ਦਿੱਲੀ ਵਿਚ ਹੋਣ ਦੇ ਬਾਵਜੂਦ ਮੇਰੀ ਖ਼ਬਰ ਲੈਣ ਨਹੀਂ ਆਏ। ਹਾਰ ਕੇ ਮੇਰੀਆਂ ਵਿਧਵਾ ਭੈਣਾਂ ਨੇ ਆਪ ਜੀ ਨੂੰ ਚਿੱਠੀ ਭੇਜੀ। ਸਾਨੂੰ ਸਾਰੀਆਂ ਵਿਧਾਵਾਵਾਂ ਨੂੰ ਤਸੱਲੀ ਹੋਈ ਹੈ ਕਿ ਤੁਸੀਂ ਸਾਡੀ ਫ਼ਰਿਆਦ ਤਾਂ ਸੁਣੀ। ਅਸੀਂ ਇਸ ਗੱਲ 'ਤੇ ਸਾਰੀਆਂ ਵਿਧਵਾ ਭੈਣਾਂ ਤੁਹਾਡੀਆਂ ਰਿਣੀ ਹਾਂ।

ਧੰਨਵਾਦ ਸਹਿਤ,

ਵਿਧਵਾ ਦਰਸ਼ਨ ਕੌਰ

22 ਅਪਰੈਲ 1997 ਦੇ ਦਿਨ ਮਹਿੰਦਰ ਸਿੰਘ ਮਠਾਰੂ (ਪ੍ਰਧਾਨ), ਗੁਰਬਚਨ ਸਿੰਘ (ਸੀਨੀਅਰ ਮੀਤ ਪ੍ਰਧਾਨ), ਸੰਤੋਖ ਸਿੰਘ (ਜੂਨੀਅਰ ਮੀਤ ਪ੍ਰਧਾਨ), ਇਕਬਾਲ ਸਿੰਘ (ਜਨਰਲ ਸਕੱਤਰ) ਤੋਂ ਇਲਾਵਾ ਛੇ ਮੈਂਬਰ (ਇੰਦਰਪਾਲ ਸਿੰਘ, ਕੁਲਮੋਹਨ ਸਿੰਘ, ਪ੍ਰੀਤਮ ਸਿੰਘ, ਤਨਵੰਤ ਸਿੰਘ, ਸੁੱਚਾ ਸਿੰਘ, ਕੁਲਦੀਪ ਸਿੰਘ), ਬੀਬੀ ਦਰਸ਼ਨ ਕੌਰ 'ਤੇ ਆਤਮਾ

ਸਿੰਘ ਵੱਲੋਂ ਕੀਤੇ ਹਮਲੇ ਸਮੇਂ ਹੋਈ ਲਾਪਰਵਾਹੀ ਦੇ ਜ਼ਿੰਮੇਦਾਰ ਗਰਦਾਨੇ ਗਏ। ਉਨ੍ਹਾਂ ਨੂੰ ਸਜ਼ਾ ਦੇਣ ਵਾਸਤੇ ਹੇਠ ਲਿਖਿਆ 'ਗੁਰਮਤਾ' ਪਾਸ ਕੀਤਾ ਗਿਆ :

ਗੁਰਮਤਾ

ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਖੇ ਬੀਬੀ ਦਰਸ਼ਨ ਕੌਰ ਦੀ ਮਾਰਕੁੱਟ ਦੀ ਦੁਖਦਾਈ ਘਟਨਾ ਨੇ ਸਾਰੇ ਮਨੁੱਖੀ ਹਿਰਦਿਆਂ ਨੂੰ ਭਾਰੀ ਠੇਸ ਪਹੁੰਚਾਈ ਹੈ। ਸਰਬਤ ਦਾ ਭਲਾ ਮੰਗਣ ਵਾਲੇ ਗੁਰੂ ਕਿਆਂ ਲਈ ਇਹ ਘਟਨਾ ਅਤਿਅੰਤ ਘਿਨਾਉਣੀ ਅਤੇ ਸ਼ਰਮਿੰਦਗੀ ਵਾਲੀ ਹੈ। ਇਸ ਤੋਂ ਬੇਚੈਨ ਹੋ ਕੇ ਸਿੱਖ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬ ਕੋਲ ਗੁਰਮਤਿ ਸਿਧਾਂਤਾਂ ਅਨੁਸਾਰ ਲੋੜੀਂਦੀ ਕਾਰਵਾਈ ਲਈ ਕਾਰਵਾਈ ਲਈ ਵੇਦਨਾ ਪ੍ਰਗਟ ਕੀਤੀ। ਸਿੰਘ ਸਾਹਿਬਾਨ ਨੇ ਗੁਰਸਿੱਖਾਂ ਦੀ ਭਾਵਨਾ ਨੂੰ ਧਿਆਨ ਵਿਚ ਰਖਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸਮੇਤ ਸਾਰੀਆਂ ਸਬੰਧਿਤ ਧਿਰਾਂ, ਜੋ ਇਸ ਹਿਰਦੇ-ਵੇਦਕ ਘਟਨਾ ਸਮੇਂ ਹਾਜ਼ਿਰ ਸਨ, ਨੂੰ ਅਕਾਲ ਤਖ਼ਤ ਸਾਹਿਬ ਵਿਖੇ ਬੁਲਾਇਆ। ਇਨ੍ਹਾਂ ਸਾਰਿਆਂ ਵਿਅਕਤੀਆਂ ਕੋਲੋਂ ਵਿਸਥਾਰ ਸਹਿਤ ਸਪੱਸ਼ਟੀਕਰਨ ਲੈਣ ਉਪਰੰਤ ਹੇਠ ਲਿਖਿਆਂ ਨੂੰ ਲਾਹਪਰਵਾਹੀ ਲਈ ਜ਼ਿੰਮੇਵਾਰ ਸਮਝਿਆ ਗਿਆ :

1. ਸ: ਮਹਿੰਦਰ ਸਿੰਘ, ਪ੍ਰਧਾਨ
2. ਸ: ਗੁਰਬਚਨ ਸਿੰਘ, ਸੀਨੀਅਰ ਮੀਤ ਪ੍ਰਧਾਨ
3. ਸ: ਸੰਤੋਖ ਸਿੰਘ, ਜੂਨੀਅਰ ਮੀਤ ਪ੍ਰਧਾਨ
4. ਸ: ਇਕਬਾਲ ਸਿੰਘ, ਜਨਰਲ ਸਕੱਤਰ
5. ਸ: ਇੰਦਰਪਾਲ ਸਿੰਘ, ਮੈਂਬਰ
6. ਸ: ਕੁਲਮੋਹਨ ਸਿੰਘ, ਮੈਂਬਰ
7. ਸ: ਪ੍ਰੀਤਮ ਸਿੰਘ, ਮੈਂਬਰ
8. ਸ: ਤਨਵੰਤ ਸਿੰਘ, ਮੈਂਬਰ
9. ਸ: ਸੁੱਚਾ ਸਿੰਘ, ਮੈਂਬਰ
10. ਸ: ਕੁਲਦੀਪ ਸਿੰਘ, ਮੈਂਬਰ

ਆਤਮਾ ਸਿੰਘ ਅਤੇ ਅਵਤਾਰ ਸਿੰਘ ਹਿਤ ਨੂੰ ਇਸ ਮੰਦਭਾਗੀ ਘਟਨਾ ਅਤੇ ਇਸ ਦੇ ਪਿਛੋਕੜ ਨਾਲ ਜੁੜੀਆਂ ਸਰਗਰਮੀਆਂ ਵਿਚ ਸਿੱਖ ਵਿਧਵਾਵਾਂ ਅਤੇ 1984 ਦੇ ਘਲੂਘਾਰੇ ਦੀਆਂ ਪੀੜਿਤ ਬੀਬੀਆਂ ਦੀ ਤਰਸਯੋਗ ਹਾਲਤ ਲਈ ਸਭ ਤੋਂ ਵਧੇਰੇ ਦੋਸ਼ੀ ਪਾਇਆ ਗਿਆ ਹੈ। ਸੋ ਇਨ੍ਹਾਂ ਵਿਅਕਤੀਆਂ ਲਈ ਅਕਾਲ ਤਖ਼ਤ ਸਾਹਿਬ ਤੋਂ ਹੇਠ ਲਿਖੇ ਅਨੁਸਾਰ ਫ਼ੈਸਲਾ ਸੁਣਾਇਆ ਜਾਂਦਾ ਹੈ। ਆਤਮਾ ਸਿੰਘ ਨੂੰ ਇਸ ਦੋਸ਼ ਕਾਰਨ ਗੁਰੂ ਪੰਥ ਦਾ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਇਹ ਵਿਅਕਤੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਤਨਖ਼ਾਹ ਲੁਆਵੇ।

ਅਵਤਾਰ ਸਿੰਘ ਹਿਤ ਨੂੰ ਹੁਕਮ ਹੈ ਕਿ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰੀ ਤੋਂ ਤੁਰੰਤ ਤਿਆਗ ਪੱਤਰ ਦੇਵੇ। ਨਾਲ ਹੀ ਇਸ ਵਿਅਕਤੀ ਨੂੰ ਕਿਸੇ ਵੀ ਪੰਥਕ ਜਥੇਬੰਦੀ ਵਿਚ ਆਉਂਦੇ ਤਿੰਨ ਸਾਲ ਕੋਈ ਵੀ ਅਹੁਦਾ ਨਾ ਦਿੱਤਾ ਜਾਵੇ।

ਦਿੱਲੀ ਸਰਕਾਰ ਵੱਲੋਂ ਸੰਨ 1984 ਦੇ ਸਿੱਖ ਪੀੜਿਤ ਪਰਿਵਾਰਾਂ ਅਤੇ ਗ਼ਰੀਬ ਬੱਚਿਆਂ ਲਈ ਵਿਸ਼ੇਸ਼ ਸਹੂਲਤਾਂ ਅਧੀਨ ਅਲਾਟ ਕੀਤੀ ਗਈ ਗੁਰੂ ਨਾਨਕ ਖਾਲਸਾ ਸਕੂਲ, ਐਮ.ਐਸ. ਬਲਾਕ ਹਰੀ ਨਗਰ (ਦਿੱਲੀ) ਦੀ ਜ਼ਮੀਨ ਅਤੇ ਮਲਕੀਅਤ ਅਤੇ ਪ੍ਰਬੰਧ ਨਾਲ ਸਬੰਧਿਤ ਸਾਰੇ ਕਾਗਜ਼ਾਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰੇ। ਇਸ ਦੀ ਕਾਨੂੰਨੀ ਕਾਰਵਾਈ ਲਈ ਆਪਣੀ ਹੀ ਚੇਅਰਮੈਨੀ ਹੇਠ ਬਣਾਈ ਗਈ ਸਬੰਧਿਤ ਐਜੂਕੇਸ਼ਨ ਕਮੇਟੀ ਅਵਤਾਰ ਸਿੰਘ ਹਿਤ ਦੇ ਨਾਲ ਇਸ ਕਾਰਵਾਈ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋਵੇ।

ਇਸ ਹੁਕਮ ਦੀ ਪਾਲਣਾ ਉਪਰੰਤ ਹੀ ਅਵਤਾਰ ਸਿੰਘ ਹਿਤ ਨੂੰ ਅਕਾਲ ਤਖ਼ਤ ਸਾਹਿਬ ਤੋਂ ਦੋਸ਼ ਮੁਕਤ ਕਰਾਰ ਦਿੱਤਾ ਜਾਵੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸ: ਮਹਿੰਦਰ ਸਿੰਘ, ਸ: ਗੁਰਬਚਨ ਸਿੰਘ, ਸ: ਸੰਤੋਖ ਸਿੰਘ ਅਤੇ ਸ: ਇਕਬਾਲ ਸਿੰਘ ਨੂੰ ਤੁਰੰਤ ਆਪੋ-ਆਪਣੇ ਅਹੁਦਿਆਂ ਤੋਂ ਆਪਣੀ ਜਥੇਬੰਦੀ ਦੇ ਪ੍ਰਧਾਨ ਨੂੰ ਅਸਤੀਫ਼ੇ ਭੇਜ ਦੇਣ ਦਾ ਆਦੇਸ਼ ਦਿੱਤਾ ਜਾਂਦਾ ਹੈ। ਨਵੀਂ ਪ੍ਰਬੰਧਕ ਕਮੇਟੀ ਦੇ ਗਠਨ ਲਈ ਜਥੇਬੰਦੀ ਦੇ ਜ਼ਿੰਮੇਵਾਰ ਵਿਅਕਤੀਆਂ ਰਾਹੀਂ ਤੁਰਤ ਲੋੜੀਂਦੀ ਕਾਰਵਾਈ ਕੀਤੀ ਜਾਵੇ। ਅਜਿਹਾ ਕਰਨ ਉਪਰੰਤ ਹੀ ਇਹ ਵਿਅਕਤੀ ਅਕਾਲ ਤਖ਼ਤ ਸਾਹਿਬ ਰਾਹੀਂ ਬਖ਼ਸ਼ੇ ਜਾਣਗੇ। ਇਨ੍ਹਾ ਉਪਰੋਕਤ ਵਿਅਕਤੀਆਂ ਸਮੇਤ ਸ: ਇੰਦਰਪਾਲ ਸਿੰਘ, ਸ: ਕੁਲਮੋਹਨ ਸਿੰਘ, ਸ: ਪ੍ਰੀਤਮ ਸਿੰਘ, ਸ: ਤਨਵੰਤ ਸਿੰਘ, ਸ: ਸੁੱਚਾ ਸਿੰਘ ਅਤੇ ਸ: ਕੁਲਦੀਪ ਸਿੰਘ ਨੂੰ ਇਸ ਦੁਖਦਾਈ ਘਟਨਾ ਸਮੇਂ ਹਾਜ਼ਿਰ ਹੋਣ ਦੇ ਬਾਵਜੂਦ ਅਵੇਸਲਾਪਣ ਦਿਖਾਉਣ ਕਾਰਨ ਦੋ ਹਫ਼ਤੇ ਲਈ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ। ਇਹ ਤਨਖ਼ਾਹ ਇਕ ਹਫ਼ਤਾ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਅਤੇ ਇਕ ਹਫ਼ਤਾ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਵਿਖੇ ਇਨ੍ਹਾਂ ਵਿਅਕਤੀਆਂ ਵੱਲੋਂ ਨਿਭਾਈ ਜਾਵੇਗੀ।

ਹਰ ਰੋਜ਼ ਇਕ ਘੰਟਾ ਜੋੜਿਆਂ ਦੀ ਸੇਵਾ ਕਰਨੀ। ਰੋਜ਼ਾਨਾ ਇਕ ਘੰਟਾ ਲੰਗਰ ਦੇ ਭਾਂਡਿਆਂ ਦੀ ਸੇਵਾ ਕਰਨੀ। ਇਕ ਘੰਟਾ ਗੁਰਬਾਣੀ ਪਾਠ ਅਤੇ ਕੀਰਤਨ ਸੁਣਨਾ। ਇਕ ਘੰਟਾ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਦੇ ਇਸ਼ਨਾਨ ਦੀ ਸੇਵਾ ਕਰਨੀ।

ਇਹ ਸਮੁੱਚੀ ਸੇਵਾ ਉਪਰੰਤ ਉਪਰੋਕਤ ਸਾਰੇ ਵਿਅਕਤੀ 1100/- 1100/- ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਆਪਣੀਆਂ ਭੁੱਲਾਂ ਬਖ਼ਸ਼ਵਾਉਣ ਹਿਤ ਅਰਦਾਸ ਕਰਵਾਉਣ ਲਈ ਹਾਜ਼ਿਰ ਹੋਣ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਦਲਜੀਤ ਕੌਰ ਨੂੰ ਵੀ ਭਵਿੱਖ ਵਿਚ ਸੰਗਤਾਂ ਵੱਲੋਂ ਲਾਈ ਗਈ ਪੰਥਕ ਜ਼ਿੰਮੇਵਾਰੀ ਨੂੰ ਪੂਰਨ ਸੁਹਿਰਦਤਾ ਅਤੇ ਗੁਰੂ ਦੀ ਭੈ ਭਾਵਨੀ ਵਿਚ ਨਿਭਾਉਣ ਲਈ ਸੁਚੇਤ ਕੀਤਾ ਜਾਂਦਾ ਹੈ।

ਦਸਤਖ਼ਤ :

ਰਣਜੀਤ ਸਿੰਘ, ਮੋਹਣ ਸਿੰਘ,

ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

ਹਿਤ, ਮਠਾਰੂ ਤੇ ਲੁਬਾਣਾ ਪੰਥ 'ਚੋਂ 'ਖ਼ਾਰਿਜ'

ਪਰ ਇਸ ਦੌਰਾਨ ਕੁਝ ਮੈਂਬਰ ਅਦਾਲਤ ਵਿਚ ਚਲੇ ਗਏ ਤੇ ਉਨ੍ਹਾਂ ਨੇ ਸਟੇਅ ਲੈ ਲਿਆ। 16 ਜੂਨ ਨੂੰ ਤਿੰਨ ਮੈਂਬਰਾਂ (ਗੁਰਬਚਨ ਸਿੰਘ ਸਭਰਵਾਲ, ਜਥੇਦਾਰ ਸੰਤੋਖ ਸਿੰਘ ਤੇ ਇਕਬਾਲ ਸਿੰਘ) ਨੇ (ਭਾਈ) ਰਣਜੀਤ ਸਿੰਘ ਨੂੰ ਖ਼ਤ ਲਿਖ ਕੇ ਅਦਾਲਤ ਜਾਣ ਵਾਲਿਆਂ ਦੀ ਨਿੰਦਾ ਕੀਤੀ। ਇਸ ਦਿਨ (ਭਾਈ) ਰਣਜੀਤ ਸਿੰਘ ਤੇ ਚਾਰ ਹੋਰ ਗ੍ਰੰਥੀਆਂ ਨੇ ਮੀਟਿੰਗ ਕਰ ਕੇ ਖ਼ਤ ਲਿਖਣ ਵਾਲੇ ਇਨ੍ਹਾਂ ਤਿੰਨਾਂ ਮੈਂਬਰਾਂ ਨੂੰ 'ਦੋਸ਼ ਮੁਕਤ' ਕਰਾਰ ਦੇ ਦਿੱਤਾ ਅਤੇ ਅਕਾਲ ਤਖ਼ਤ ਸਾਹਿਬ 'ਤੇ ਇਨ੍ਹਾਂ ਦੀ ਅਰਦਾਸ ਕਰ ਦਿੱਤੀ। ਦੂਜੇ ਪਾਸੇ, ਮਹਿੰਦਰ ਸਿੰਘ ਮਠਾਰੂ, ਅਵਤਾਰ ਸਿੰਘ ਹਿਤ ਨੂੰ ਅਕਾਲ ਤਖ਼ਤ ਸਾਹਿਬ ਦੇ 'ਹੁਕਮ' ਦੀ ਅਦੂਲੀ ਕਰਨ ਦੇ ਗੁਨਾਹਗਾਰ ਗਰਦਾਨਿਆ ਗਿਆ ਅਤੇ ਆਤਮਾ ਸਿੰਘ ਲੁਬਾਣਾ (ਜਿਸ ਨੂੰ ਪੇਸ਼ ਨਾ ਹੋਣ 'ਤੇ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ) ਦਾ ਕੇਸ ਵੀ ਪੰਜਾਂ ਗ੍ਰੰਥੀਆਂ ਨੇ ਵਿਚਾਰਿਆ ਅਤੇ ਇਨ੍ਹਾਂ ਤਿੰਨਾਂ ਨੂੰ ਪੰਥ 'ਚੋਂ 'ਛੇਕ' ਦੇਣ ਦਾ 'ਹੁਕਮਨਾਮਾ' ਜਾਰੀ ਕਰ ਦਿੱਤਾ। ਇਹ ਦੋਵੇਂ, 'ਗੁਰਮਤਾ' ਤੇ 'ਹੁਕਮਨਾਮਾ' ਇੰਞ ਸਨ:

16 ਜੂਨ 1997

ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ॥
ਵਹਿਗੁਰੂ ਜੀ ਕੀ ਫ਼ਤਹਿ॥

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਸ: ਗੁਰਬਚਨ ਸਿੰਘ, ਸ: ਇਕਬਾਲ ਸਿੰਘ ਅਤੇ ਸ: ਸੰਤੋਖ ਸਿੰਘ ਨੂੰ ਕੁਝ ਹੋਰ ਅਹੁਦੇਦਾਰਾਂ ਸਮੇਤ ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 22 ਅਪਰੈਲ 1997 ਨੂੰ ਤਨਖ਼ਾਹ ਲਾਈ ਗਈ ਸੀ, ਜਿਸ ਨੂੰ ਉਪਰੋਕਤ ਵਿਅਕਤੀਆਂ ਨੇ ਆਦੇਸ਼ਾਂ ਅਨੁਸਾਰ ਪੂਰਾ ਕਰ ਲਿਆ ਹੈ। ਨਾਲ ਹੀ ਦਿੱਲੀ ਕਮੇਟੀ ਦੇ ਕੁਝ ਹੋਰ ਅਹੁਦੇਦਾਰਾਂ ਵੱਲੋਂ ਹਾਈਕੋਰਟ ਵਿੱਚੋਂ ਜੋ ਕਮੇਟੀ ਦੀ ਬਹਾਲੀ ਲਈ ਸਟੇਅ ਆਰਡਰ ਲਿਆਂਦਾ ਹੈ, ਉਸ ਨਾਲੋਂ ਇਨ੍ਹਾਂ ਦੇ ਪੂਰਨ ਰੂਪ ਵਿਚ ਨਿਖੇਧੀ ਕਰਦਿਆਂ ਨਿਖੇੜਾ ਕੀਤਾ ਹੈ। ਅਕਾਲ ਤਖ਼ਤ ਸਾਹਿਬ ਵਿਖੇ ਇਨ੍ਹਾਂ ਦੀ ਅਰਦਾਸ ਕਰਦਿਆਂ ਇਨ੍ਹਾਂ ਨੂੰ ਦੋਸ਼ ਮੁਕਤ ਕਰਾਰ ਦਿੱਤਾ ਜਾਂਦਾ ਹੈ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

•

16 ਜੂਨ 1997

ਹੁਕਮਨਾਮਾ

ਮਹਿੰਦਰ ਸਿੰਘ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਵਤਾਰ ਸਿੰਘ ਹਿਤ ਨੂੰ ਮਿਤੀ 22 ਅਪਰੈਲ 1997 ਨੂੰ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਸਤੀਫ਼ੇ ਦੇ ਕੇ ਗੁਰਮਤਿ ਮਰਿਆਦਾ ਅਨੁਸਾਰ ਲੱਗੀ ਤਨਖ਼ਾਹ ਪੂਰੀ ਕਰ ਕੇ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਉਣ ਦਾ ਆਦੇਸ਼ ਦਿੱਤਾ ਗਿਆ ਸੀ, ਪਰ ਇਨ੍ਹਾਂ ਵਿਅਕਤੀਆਂ ਵੱਲੋਂ ਇਨ੍ਹਾਂ ਆਦੇਸ਼ਾਂ ਦੀ ਪੂਰਨ-ਭਾਂਤ ਪਾਲਣਾ ਨਹੀਂ ਕੀਤੀ ਗਈ। ਇਸੇ ਤਰ੍ਹਾਂ ਆਤਮਾ ਸਿੰਘ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਲਈ ਤਨਖ਼ਾਹ ਲੁਆਉਣ ਦਾ ਆਦੇਸ਼ ਦਿੱਤਾ ਗਿਆ ਸੀ, ਜਿਸ ਨੂੰ ਉਸ ਨੇ ਨਹੀਂ ਮੰਨਿਆ। ਜਿਸ ਕਾਰਨ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਗੁਰੂ ਪੰਥ ਵਿੱਚੋਂ ਛੇਕਿਆ ਜਾਂਦਾ ਹੈ। ਸਭ ਗੁਰਸਿੱਖ ਮਾਈ ਭਾਈ ਲਈ ਅਕਾਲ ਤਖ਼ਤ ਸਾਹਿਬ ਤੋਂ ਇਹ ਸੰਦੇਸ਼ ਹੈ ਕਿ ਇਹ ਵਿਅਕਤੀ ਜਦੋਂ ਤਕ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਨਹੀਂ ਬਖ਼ਸ਼ਵਾ ਲੈਂਦੇ, ਉਦੋਂ ਤਕ ਇਨ੍ਹਾਂ ਵਿੱਚੋਂ ਕਿਸੇ ਨਾਲ ਵੀ ਕਿਸੇ ਪ੍ਰਕਾਰ ਦਾ ਮਿਲਵਰਤਣ ਨਾ ਰੱਖਿਆ ਜਾਵੇ ਅਤੇ ਇਨ੍ਹਾਂ ਨੂੰ ਕਿਸੇ ਵੀ ਪੰਥਕ ਸਰਗਰਮੀ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਿਲ ਨਾ ਕੀਤਾ ਜਾਵੇ ਅਤੇ ਨਾ ਹੀ ਇਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਰੋਟੀ ਬੇਟੀ ਦੀ ਸਾਂਝ ਰੱਖੀ ਜਾਵੇ। ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਅਕਾਲ ਤਖ਼ਤ ਸਾਹਿਬ ਦੇ ਇਸ ਆਦੇਸ਼ ਦੀ ਪੂਰਨ ਰੂਪ ਵਿਚ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

(ਭਾਈ) ਰਣਜੀਤ ਸਿੰਘ ਦੇ 'ਹੁਕਮਨਾਮੇ' ਤੋਂ ਗ਼ੁੱਸੇ ਵਿਚ ਆ ਕੇ ਅਵਤਾਰ ਸਿੰਘ ਹਿਤ ਨੇ (ਭਾਈ) ਰਣਜੀਤ ਸਿੰਘ ਦੇ ਖ਼ਿਲਾਫ਼ ਬਿਆਨ ਜਾਰੀ ਕਰ ਦਿੱਤਾ। ਇਸ 'ਤੇ (ਭਾਈ) ਰਣਜੀਤ ਸਿੰਘ ਨੇ ਵੀ ਇਕ ਬਿਆਨ ਵਿਚ ਅਵਤਾਰ ਸਿੰਘ ਹਿਤ ਦੀਆਂ ਪੰਥ ਵਿਰੋਧੀ ਕਾਰਵਾਈ ਦਾ ਵੇਰਵਾ ਦਸਦਿਆਂ ਕਿਹਾ ਕਿ ਹਿਤ ਨੇ ਸੁੱਖੋ ਪ੍ਰਾਈਮਰੀ ਸਕੂਲ ਦੀ ਪ੍ਰਬੰਧਕ ਕਮੇਟੀ ਨਿਜੀ ਬਣਾ ਲਈ ਹੈ ਅਤੇ ਇੰਞ 60 ਕਰੋੜ ਦੀ ਪੰਥਕ ਜਾਇਦਾਦ ਹੜਪ ਲਈ ਹੈ। ਉਸ ਨੇ ਇਸ ਸਕੂਲ ਵਾਸਤੇ ਜ਼ਮੀਨ ਲੈਣ ਲਈ ਦਿੱਲੀ ਗੁਰਦੁਆਰਾ

ਪ੍ਰਬੰਧਕ ਕਮੇਟੀ ਵੱਲੋਂ ਦਰਖ਼ਾਸਤ ਦਿੱਤੀ ਸੀ ਤੇ ਮਗਰੋਂ ਆਪਣੇ ਘਰ ਦਾ ਨਿਜੀ ਟਰਸਟ ਬਣਾ ਕੇ ਕਬਜ਼ਾ ਕਰ ਲਿਆ ਸੀ।

ਅਵਤਾਰ ਸਿੰਘ ਹਿਤ ਦਾ ਮੁਆਫ਼ੀਨਾਮਾ

ਕੁਝ ਚਿਰ ਤਾਂ ਅਵਤਾਰ ਸਿੰਘ ਹਿਤ ਅੜਿਆ ਰਿਹਾ, ਪਰ ਅਖ਼ੀਰ ਉਸ ਨੇ ਹਥਿਆਰ ਸੁੱਟ ਦਿੱਤੇ ਅਤੇ (ਭਾਈ) ਰਣਜੀਤ ਸਿੰਘ ਦੇ ਪਿੱਛੇ 'ਪੂਛ ਹਿਲਾਉਣੀ' ਸ਼ੁਰੂ ਕਰ ਦਿੱਤੀ। ਉਸ ਨੇ (ਭਾਈ) ਰਣਜੀਤ ਸਿੰਘ ਨੂੰ ਪਹਿਲੀ ਚਿੱਠੀ ਇੰਞ ਲਿਖੀ ਸੀ:

ਸਤਿਕਾਰਯੋਗ ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਨਿਮਰ ਬੇਨਤੀ ਹੈ ਕਿ ਪਿੱਛੇ ਜਿਹੇ ਮੇਰੇ ਵੱਲੋਂ ਜਾਣੇ-ਅਣਜਾਣੇ ਕੋਈ ਭੁੱਲ ਹੋ ਗਈ ਸੀ, ਜਿਸ ਕਾਰਨ ਸਿੰਘ ਸਾਹਿਬਾਨ ਨੇ ਅਕਾਲ ਤਖ਼ਤ ਸਾਹਿਬ ਤੋਂ ਮੈਨੂੰ ਪੰਥ ਨਾਲੋਂ ਨਿਖੇੜ ਦੇਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਸੀ।

ਮੇਰੇ ਵੱਲੋਂ ਹੋਈ ਭੁੱਲ 'ਤੇ ਮੈਨੂੰ ਬਹੁਤ ਹੀ ਦੁੱਖ ਤੇ ਪਸ਼ਚਾਤਾਪ ਹੈ। ਅਕਾਲ ਤਖ਼ਤ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਵਿੱਤਰ ਬਖ਼ਸ਼ਿਸ਼ਾਂ ਦਾ ਮਹਾਨ ਤੇ ਸਰਵ-ਉੱਚ ਅਸਥਾਨ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਹਜ਼ੂਰੀ ਵਿਚ ਆਪਣੀ ਭੁੱਲ ਲਈ ਖਿਮਾ ਮੰਗਾਂ ਤਾਂ ਜੋ ਮੈਂ ਕਲਗ਼ੀਧਰ ਪਿਤਾ ਦੇ ਸਾਜੇ ਪੰਥ ਵਿਚ ਮੁੜ ਕੇ ਅੰਗ ਬਣਾਇਆ ਜਾ ਸਕਾਂ।

ਮੈਂ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਇਕ ਨਿਮਾਣੇ ਸਿੱਖ ਵਾਂਗ ਬਿਨਾਂ ਕਿਸੇ ਕਿੰਤੂ-ਪਰੰਤੂ ਦੇ ਸਿੰਘ ਸਾਹਿਬਾਨ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ।

ਗੁਰੂ ਪੰਥ ਬਖ਼ਸ਼ਣਹਾਰ ਹੈ। ਮੈਨੂੰ ਆਸ ਹੈ ਕਿ ਸਿੰਘ ਸਾਹਿਬਾਨ ਮੇਰੀ ਬੇਨਤੀ ਪ੍ਰਵਾਨ ਕਰ ਕੇ ਮੇਰੀ ਭੁੱਲ ਬਖ਼ਸ਼ਵਾਉਣ ਲਈ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਹਜ਼ੂਰੀ ਵਿਚ ਹਾਜ਼ਿਰ ਹੋਣ ਦੀ ਆਗਿਆ ਬਖ਼ਸ਼ਣਗੇ।

ਗੁਰੂ ਪੰਥ ਦਾ ਨਿਮਾਣਾ ਸੇਵਕ,
ਅਵਤਾਰ ਸਿੰਘ ਹਿਤ

ਇਸ ਮਗਰੋਂ ਅਵਤਾਰ ਸਿੰਘ ਹਿਤ ਨੇ 9 ਦਿਸੰਬਰ 1997 ਦੇ ਦਿਨ ਸਕੂਲ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਅਤੇ ਨਾਲ ਹੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੈਂਬਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। ਇਸ ਬਾਰੇ ਉਸ ਦੇ ਲਿਖਤੀ ਹਲਫ਼ਨਾਮੇ ਇੰਞ ਸਨ:

ਸੇਵਾ ਵਿਖੇ
ਸਕੱਤਰ ਸਾਹਿਬ ਜੀ,
ਗੁਰੂ ਨਾਨਕ ਖਾਲਸਾ ਸਕੂਲ,
ਐਮ.ਐਸ. ਬਲਾਕ ਹਰੀ ਨਗਰ, ਨਵੀਂ ਦਿੱਲੀ
ਸ੍ਰੀਮਾਨ ਜੀ,

ਦਾਸ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਅਨੁਸਾਰ ਆਪਣੀ ਸਕੂਲ ਦੀ ਚੇਅਰਮੈਨਸ਼ਿਪ ਤੇ ਮੁੱਢਲੀ ਮੈਂਬਰਸ਼ਿਪ ਤੋਂ ਆਪਣਾ ਅਸਤੀਫ਼ਾ ਆਪ ਜੀ ਨੂੰ ਭੇਜ ਰਿਹਾ ਹੈ। ਇਸ ਨੂੰ ਮਨਜ਼ੂਰ ਕਰਨ ਦੀ ਕ੍ਰਿਪਾਲਤਾ ਕਰਨੀ।

ਦਾਸ ਆਪ ਜੀ ਨੂੰ ਵੀ ਬੇਨਤੀ ਕਰਦਾ ਹੈ ਕਿ ਆਪ ਜੀ ਨੇ ਸਕੂਲ ਤੇ ਸਾਰੀ ਜਾਇਦਾਦ

ਦੇ ਕਾਗ਼ਜ਼ ਕਾਨੂੰਨੀ ਕਾਰਵਾਈ ਕਰ ਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਖੇਚਲ ਕਰਨੀ।

ਗੁਰੂ ਪੰਥ ਦਾ ਨਿਮਾਣਾ ਸੇਵਕ,
ਅਵਤਾਰ ਸਿੰਘ ਹਿਤ

•

ਮੈਨੇਜਰ ਸਾਹਿਬ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਨਵੀਂ ਦਿੱਲੀ।
ਸ੍ਰੀਮਾਨ ਜੀ,

ਦਾਸ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਅਨੁਸਾਰ ਆਪਣੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਆਪ ਜੀ ਨੂੰ ਭੇਜ ਰਿਹਾ ਹੈ। ਕ੍ਰਿਪਾ ਕਰਕੇ ਮੇਰਾ ਅਸਤੀਫ਼ਾ ਮਨਜ਼ੂਰ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਪੰਥ ਦਾ ਦਾਸ,
ਅਵਤਾਰ ਸਿੰਘ ਹਿਤ
ਬੀ 307, ਹਰੀ ਨਗਰ, ਘੰਟਾ ਘਰ, ਨਵੀਂ ਦਿੱਲੀ 64

24 ਜਨਵਰੀ 1998 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋਈ ਮੀਟਿੰਗ ਵਿਚ ਅਵਤਾਰ ਸਿੰਘ ਹਿਤ ਦੀਆਂ ਚਿੱਠੀਆਂ 'ਤੇ ਵਿਚਾਰ ਕੀਤੀ ਗਈ ਤੇ ਉਸ ਨੂੰ ਕਿਹਾ ਗਿਆ ਕਿ ਪਹਿਲਾਂ ਉਹ ਸਕੂਲ ਦੀ ਅਲਾਟ ਹੋਈ ਜ਼ਮੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਤਰੀਕੇ ਨਾਲ ਵਾਪਿਸ ਕਰੇ ਤਾਂ ਹੀ ਉਸ ਦੀ ਦਰਖ਼ਾਸਤ 'ਤੇ ਵਿਚਾਰ ਹੋ ਸਕਦੀ ਹੈ :

ਗੁਰਮਤਾ

ਅੱਜ ਮਿਤੀ 24 ਜਨਵਰੀ 1998 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿਚ ਅਵਤਾਰ ਸਿੰਘ ਹਿਤ ਦੀ ਮਿਤੀ 9 ਦਿਸੰਬਰ 1997 ਦੀ ਆਈ ਚਿੱਠੀ 'ਤੇ ਵਿਚਾਰ ਕੀਤਾ ਗਿਆ। ਸਰਬ-ਸੰਮਤੀ ਨਾਲ ਇਹ ਪ੍ਰਵਾਨ ਹੋਇਆ ਕਿ ਅਵਤਾਰ ਸਿੰਘ ਹਿਤ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਜਾਰੀ ਹੋਏ ਹੁਕਮਨਾਮੇ ਮੁਤਾਬਿਕ ਸੁਖੋ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਪ੍ਰਾਇਮਰੀ ਬਰਾਂਚ, ਐਮ.ਐਸ. ਬਲਾਕ, ਹਰੀ ਨਗਰ, ਨਵੀਂ ਦਿੱਲੀ ਦੇ ਨਾਮ 'ਤੇ ਅਲਾਟ ਹੋਈ ਜ਼ਮੀਨ ਨੂੰ ਲਿਖਤ ਰੂਪ ਵਿਚ ਗੁਰੂ ਘਰ (ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਨੂੰ ਵਾਪਸ ਕਰੇ, ਉਸ ਤੋਂ ਬਾਅਦ ਹੀ ਸ: ਅਵਤਾਰ ਸਿੰਘ ਵੱਲੋਂ ਭੇਜੇ ਗਏ ਬੇਨਤੀ ਪੱਤਰ 'ਤੇ ਵਿਚਾਰ ਹੋ ਸਕਦੀ ਹੈ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ

ਮੰਗਲ ਸਿੰਘ ਨੂੰ ਤਨਖ਼ਾਹ

16 ਮਾਰਚ 1998 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਹੋਰ ਮੈਂਬਰ ਮੰਗਲ ਸਿੰਘ ਨੇ ਅਵਤਾਰ ਸਿੰਘ ਹਿਤ (ਪੰਥ 'ਚੋਂ 'ਛੇਕੇ' ਹੋਏ ਹੋਣ ਦੇ ਦੌਰਾਨ) ਦਾ ਨਾਂ ਨਗਰ ਕੀਰਤਨ ਦੇ ਇਸ਼ਤਿਹਾਰ 'ਚ ਛਾਪਣ ਦੀ ਮੁਆਫ਼ੀ ਮੰਗੀ। ਉਸ ਨੂੰ ਇੰਞ ਤਨਖ਼ਾਹ ਲਾਈ ਗਈ :

ਅੱਜ ਮਿਤੀ 16 ਮਾਰਚ 1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ

ਦੀ ਇਕੱਤਰਤਾ ਹੋਈ, ਜਿਸ ਵਿਚ ਸ: ਮੰਗਲ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੇਨਤੀ ਪੱਤਰ 'ਤੇ ਵਿਚਾਰ ਹੋਈ। ਜਿਸ ਪੱਤਰ ਵਿਚ ਉਨ੍ਹਾਂ ਨੇ ਅਵਤਾਰ ਸਿੰਘ ਹਿਤ (ਜਿਸ ਨੂੰ ਪੰਥ 'ਚੋਂ ਛੇਕਿਆ ਹੋਇਆ ਹੈ) ਦੇ ਨਗਰ ਕੀਰਤਨ ਦੀ ਅਗਵਾਈ ਕਰਨ ਵਾਸਤੇ ਇਸ਼ਤਿਹਾਰ ਛਾਪਣ ਦੀ ਗ਼ਲਤੀ ਸਵੀਕਾਰ ਕੀਤੀ ਹੈ ਤੇ ਭੁੱਲ ਦੀ ਖਿਮਾ ਮੰਗੀ ਹੈ ਅਤੇ ਅੱਗੇ ਤੋਂ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਨੂੰ ਪਾਲਣ ਦਾ ਲਿਖਤੀ ਪ੍ਰਣ ਕੀਤਾ ਹੈ। ਉਪਰੰਤ ਪੰਜ ਸਿੰਘ ਸਾਹਿਬਾਨ ਨੇ ਇਹ ਫ਼ੈਸਲਾ ਲਿਆ ਕਿ ਮੰਗਲ ਸਿੰਘ 11000/- ਰੁਪਿਆ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਸੇਵਾ ਵਾਸਤੇ ਜਮ੍ਹਾਂ ਕਰਵਾਏ ਤੇ ਦੋ ਘੰਟੇ ਭਾਂਡੇ ਮਾਂਜਣ ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾਏ।

ਮਹਿੰਦਰ ਸਿੰਘ ਮਠਾਰੂ ਨੂੰ ਤਨਖ਼ਾਹ

ਇਸ ਤੋਂ ਦੋ ਹਫ਼ਤੇ ਮਗਰੋਂ 30 ਮਾਰਚ 1998 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਮਹਿੰਦਰ ਸਿੰਘ ਮਠਾਰੂ ਵੀ ਫਿਸ ਪਿਆ। ਉਸ ਨੇ ਮੁਆਫ਼ੀ ਮੰਗਣ ਵਾਸਤੇ ਹੇਠ ਲਿਖੀ ਚਿੱਠੀ ਲਿਖੀ :

ਸਤਿਕਾਰਯੋਗ ਸਿੰਘ ਸਾਹਿਬਾਨ ਜੀ,
ਅਕਾਲ ਤਖ਼ਤ ਸਾਹਿਬ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਨਿਮਰ ਬੇਨਤੀ ਹੈ ਕਿ ਦਾਸ ਕੋਲੋਂ ਬਹੁਤ ਭੁੱਲਾਂ ਹੋਈਆਂ ਹਨ। ਉਨ੍ਹਾਂ ਸਾਰੀਆਂ ਭੁੱਲਾਂ ਲਈ ਖਿਮਾ ਦਾ ਜਾਚਕ ਹਾਂ। ਗੁਰੂ ਪੰਥ ਵਿਚ ਦਾਸ ਨੂੰ ਸ਼ਾਮਿਲ ਕਰਨ ਦੀ ਦਾਤ ਦਾ ਅਭਿਲਾਸ਼ੀ ਹਾਂ। ਬਖ਼ਸ਼ਿਸ਼ ਕੀਤੀ ਜਾਵੇ। ਸਦਾ ਰਿਣੀ ਰਹਾਂਗਾ। ਆਪ ਜੀ ਦੇ ਅਤੇ ਗੁਰੂ ਪੰਥ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ।

ਮਹਿੰਦਰ ਸਿੰਘ ਮਠਾਰੂ

ਮਹਿੰਦਰ ਸਿੰਘ ਮਠਾਰੂ ਦਾ ਮੁਆਫ਼ੀਨਾਮਾ 'ਕਬੂਲ' ਕਰਦਿਆਂ, ਉਸ ਨੂੰ ਹੇਠ ਲਿਖੀ 'ਤਨਖ਼ਾਹ' ਲਾਈ ਗਈ :

ਅੱਜ ਮਿਤੀ 30-3-1998 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਮਹਿੰਦਰ ਸਿੰਘ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਆਫ਼ੀਨਾਮੇ 'ਤੇ ਵਿਚਾਰ ਹੋਈ। ਉਪਰੰਤ ਹੇਠ ਲਿਖੇ ਅਨੁਸਾਰ ਤਨਖ਼ਾਹ ਲਾਉਣ ਦਾ ਫ਼ੈਸਲਾ ਹੋਇਆ।

ਮਹਿੰਦਰ ਸਿੰਘ 11 ਦਿਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਕ ਘੰਟਾ ਜੋੜੇ ਸਾਫ਼ ਕਰਨ ਅਤੇ ਇਕ ਘੰਟਾ ਹਰ ਰੋਜ਼ ਲੰਗਰ ਵਿਚ ਜੂਠੇ ਬਰਤਨ ਸਾਫ਼ ਕਰਨ ਅਤੇ ਇਕ ਘੰਟਾ ਗੁਰਬਾਣੀ ਦਾ ਕੀਰਤਨ ਸਰਵਣ ਕਰ। ਉਪਰੰਤ 31 ਹਜ਼ਾਰ ਰੁਪਿਆ ਪਿੰਗਲਵਾੜੇ, 31 ਹਜ਼ਾਰ ਰੁਪਿਆ ਸੈਂਟਰਲ ਯਤੀਮਖ਼ਾਨਾ ਅੰਮ੍ਰਿਤਸਰ, 31 ਹਜ਼ਾਰ ਰੁਪਿਆ ਗੁਰੂ ਰਾਮਦਾਸ ਜੀ ਦੇ ਲੰਗਰ ਲਈ ਪਰਚੀ ਕਟਵਾਏ ਅਤੇ 501/- ਰੁਪਏ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣੀਆਂ ਭੁੱਲਾਂ ਦੀ ਮੁਆਫ਼ੀ ਲਈ ਅਰਦਾਸ ਕਰਵਾਏ।

(ਨੋਟ: ਤਨਖ਼ਾਹ ਭੁਗਤਣ ਉਪਰੰਤ ਹੀ ਮਹਿੰਦਰ ਸਿੰਘ ਪੰਥ ਵਿਚ ਸ਼ਾਮਿਲ ਹੋਣ ਦਾ ਅਧਿਕਾਰੀ ਹੋਵੇਗਾ।)

ਗੁਰੂ ਪੰਥ ਦਾ ਦਾਸ,

ਦਸਤਖ਼ਤ: ਰਣਜੀਤ ਸਿੰਘ, ਮੋਹਣ ਸਿੰਘ,
ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ

ਅਵਤਾਰ ਸਿੰਘ ਹਿਤ ਵੱਲੋਂ ਸਕੂਲ ਵਾਪਸੀ ਦੇ ਕਾਨੂੰਨੀ ਕਾ.ਗਜ਼ਾਤ

(ਭਾਈ) ਰਣਜੀਤ ਸਿੰਘ ਨੇ 24 ਜਨਵਰੀ 1998 ਨੂੰ ਅਵਤਾਰ ਸਿੰਘ ਹਿਤ ਨੂੰ ਸੁਖੋ ਪ੍ਰਾਇਮਰੀ ਸਕੂਲ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੋੜਨ ਬਾਰੇ ਕਾਨੂੰਨੀ ਕਾ.ਗਜ਼ ਲਿਆਉਣ ਵਾਸਤੇ ਹਿਦਾਇਤ ਦਿੱਤੀ ਸੀ। ਉਸ ਨੇ ਜੂਨ 1998 ਵਿਚ ਕਾਨੂੰਨੀ ਤੌਰ 'ਤੇ ਸਕੂਲ ਦਾ ਚਾਰਜ 'ਤੇ ਇਸ ਸਬੰਧੀ ਅਦਾਲਤ ਵਿਚ ਹਲ.ਫੀਆ ਬਿਆਨ ਵੀ ਦੇ ਦਿੱਤਾ। ਇਸ ਦੀ ਰਸੀਦ ਦਿੱਲੀ ਗੁਰਦੁਆਰਾ ਕਮੇਟੀ ਦੇ (ਨਵੇਂ) ਪ੍ਰਧਾਨ ਜਸਵੰਤ ਸਿੰਘ ਸੇਠੀ ਕੋਲੋਂ ਲੈ ਕੇ ਹਿਤ ਨੇ (ਭਾਈ) ਰਣਜੀਤ ਸਿੰਘ ਦੇ ਹਵਾਲੇ ਕੀਤੀ। ਇਹ ਰਸੀਦ ਹੇਠ ਲਿਖੀ ਸੀ :

ਜਥੇਦਾਰ ਅਕਾਲ ਤਖ਼ਤ ਸਾਹਿਬ, ਭਾਈ ਰਣਜੀਤ ਸਿੰਘ ਜੀ

ਆਪ ਜੀ ਦੇ ਆਦੇਸ਼ ਮੁਤਾਬਿਕ ਗੁਰੂ ਨਾਨਕ ਸਕੂਲ ਐਮ.ਐਸ. ਬਲਾਕ, ਹਰੀ ਨਗਰ ਅਤੇ ਸੁਖੋ ਖਾਲਸਾ ਪ੍ਰਾਇਮਰੀ ਐਜੂਕੇਸ਼ਨਲ ਸੁਸਾਇਟੀ ਦਾ ਮੁਕੰਮਲ ਚਾਰਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਲੀ ਤੌਰ 'ਤੇ ਲੈ ਲਿਆ ਹੈ। ਉਸ ਸਬੰਧੀ ਸਾਰੇ ਕਾਗਜ਼ਾਤ ਦੀ ਫ਼ੋਟੋਕਾਪੀ, ਚਿੱਠੀ ਨੰਬਰ 3136/10-2 ਮਿਤੀ 8-5-1998 ਰਾਹੀਂ ਆਪ ਜੀ ਦੀ ਸੇਵਾ ਵਿਚ ਭੇਜ ਦਿੱਤੀ ਗਈ ਹੈ। ਆਪ ਜੀ ਨੇ ਇਸ ਸਬੰਧ ਵਿਚ ਲੋੜੀਂਦੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕਰਨੀ।

ਸਤਿਕਾਰ ਸਹਿਤ,

ਸ਼ੁਭਚਿੰਤਕ
ਜਸਵੰਤ ਸਿੰਘ ਸੇਠੀ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਨਵੀਂ ਦਿੱਲੀ

ਦੂਜੀ ਰਸੀਦ

ਸੇਵਾ ਵਿਖੇ
ਪਵਿੱਤਰ ਅਕਾਲ ਤਖ਼ਤ ਸਾਹਿਬ,
ਅੰਮ੍ਰਿਤਸਰ ਸਾਹਿਬ

ਨਿਮਰਤਾ ਸਹਿਤ ਬੇਨਤੀ ਹੈ ਕਿ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਮੁਤਾਬਿਕ ਸੁੱਖੋ ਖਾਲਸਾ ਪ੍ਰਾਇਮਰੀ ਐਜੂਕੇਸ਼ਨ ਸੋਸਾਇਟੀ ਅਤੇ ਗੁਰੂ ਨਾਨਕ ਖਾਲਸਾ ਸਕੂਲ, ਐਮ.ਐਸ. ਬਲਾਕ ਹਰੀ ਨਗਰ ਅਤੇ ਇਨ੍ਹਾਂ ਦੋਵਾਂ ਸੰਸਥਾਵਾਂ ਨਾਲ ਸਮੁੱਚੀ ਜਾਇਦਾਦ ਅਸੀਂ ਅਮਲੀ ਰੂਪ ਵਿਚ ਹਾਸਿਲ ਕਰ ਲਈ ਹੈ ਅਤੇ ਇਸ ਕਾਰਵਾਈ ਨਾਲ ਸਬੰਧਿਤ ਕਾ.ਗਜ਼ਾਤ ਲਿਖਤੀ ਰੂਪ ਵਿਚ ਅਸੀਂ ਹਾਸਿਲ ਕਰ ਲਏ ਹਨ। ਜਿਨ੍ਹਾਂ ਵਿਚ ਸੁਖੋ ਖਾਲਸਾ ਐਜੂਕੇਸ਼ਨ ਸੁਸਾਇਟੀ ਦੇ ਪੈਂਤੀ ਮੈਂਬਰਾਂ ਦੇ ਅਸਤੀਫ਼ੇ ਅਤੇ ਚੇਅਰਮੈਨ ਅਵਤਾਰ ਸਿੰਘ ਹਿਤ ਦਾ ਅਸਤੀਫ਼ਾ ਤੇ ਅਦਾਲਤ ਵਿਚ ਦਿੱਤਾ ਹਲ.ਫੀਆ ਬਿਆਨ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਅਦਾਲਤ ਵਿਚ ਇਸ ਜਾਇਦਾਦ ਸਬੰਧੀ ਮੁਕੱਦਮੇ ਬਾਰੇ ਵੀ ਅਵਤਾਰ ਸਿੰਘ ਹਿਤ ਕੋਲੋਂ ਲਿਖਤ ਹਲ.ਫੀਆ ਬਿਆਨ ਪ੍ਰਾਪਤ ਕਰ ਲਿਆ ਹੈ।

ਇਹ ਅਦਾਲਤ ਦੀ ਤਰੀਕ 28-8-1998 ਨੂੰ ਪੇਸ਼ ਕਰ ਦਿੱਤਾ ਜਾਵੇਗਾ। ਇਸ ਸਾਰੀ ਕਾਰਵਾਈ ਤੋਂ ਅਸੀਂ ਦੋਵੇਂ (ਪ੍ਰਧਾਨ ਅਤੇ ਜਨਰਲ ਸਕੱਤਰ ਪ੍ਰਬੰਧਕ ਕਮੇਟੀ) ਪੂਰੀ ਤਰ੍ਹਾਂ ਸੰਤੁਸ਼ਟ ਹਾਂ।

ਧੰਨਵਾਦ ਸਹਿਤ,

ਜਸਵੰਤ ਸਿੰਘ ਸੇਠੀ (ਪ੍ਰਧਾਨ)
ਭਜਨ ਸਿੰਘ ਵਾਲੀਆ (ਜਨਰਲ ਸਕੱਤਰ)

ਅਵਤਾਰ ਸਿੰਘ ਹਿਤ ਦਾ ਨਵਾਂ ਮੁਆਫ਼ੀ ਨਾਮਾ

ਮੁਆਫ਼ੀ ਲਈ ਬੇਨਤੀ

ਜੇਤਾ ਸਮੁੰਦੁ ਸਾਗੁਰ ਨੀਰਿ ਭਰਿਆ ਤੇਤੇ ਅਉਗਣ ਹਮਾਰੇ।
ਦਇਆ ਕਰਹੁ ਕਿਛੁ ਮੇਹਰ ਉਪਾਵਹੁ, ਡੁਬਦੇ ਪਥਰ ਤਾਰੇ।

24 ਜੂਨ 1998

ੴ

ਪਰਮ ਸਤਿਕਾਰਯੋਗ ਸਿੰਘ ਸਾਹਿਬ,
ਭਾਈ ਰਣਜੀਤ ਸਿੰਘ ਜੀ
ਜਥੇਦਾਰ, ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਪਰਮ ਕਿਰਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਕਾਲ ਤਖ਼ਤ ਸਾਹਿਬ ਵੱਲੋਂ ਮਿਲੇ ਆਦੇਸ਼ ਮੁਤਾਬਿਕ ਦਾਸ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਦੀ ਕਾਪੀ ਨੱਥੀ ਹੈ। ਗੁਰੂ ਨਾਨਕ ਖਾਲਸਾ ਸਕੂਲ ਐਮ.ਐਸ. ਬਲਾਕ, ਹਰੀ ਨਗਰ, ਦਿੱਲੀ ਦੀ ਜ਼ਮੀਨ ਅਤੇ ਮਲਕੀਅਤ ਨਾਲ ਸੰਬੰਧਿਤ ਸਾਰੇ ਕਾਗ਼ਜ਼ਾਤ ਅਮਲੀ ਰੂਪ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੇ ਹਨ। ਇਸ ਸਬੰਧ ਵਿਚ ਗੁਰਦੁਆਰਾ ਕਮੇਟੀ ਵੱਲੋਂ ਆਪ ਜੀ ਨੂੰ ਭੇਜੀ ਗਈ ਚਿੱਠੀ ਦੀ ਕਾਪੀ ਵੀ ਨਾਲ ਨੱਥੀ ਹੈ।

ਕਿਸੇ ਵੀ ਪੰਥਕ ਜਥੇਬੰਦੀ ਵਿਚ ਆਉਂਦੇ ਤਿੰਨ ਸਾਲ ਲਈ ਕੋਈ ਅਹੁਦਾ ਨਾ ਦਿੱਤੇ ਜਾਣ ਦੀ ਲਾਈ ਹੋਈ ਪਾਬੰਦੀ ਦੇ ਸਬੰਧ ਵਿਚ ਬਿਨੈ ਹੈ ਕਿ ਦਾਸ ਨੇ ਪਿਛਲਾ ਡੇਢ ਸਾਡ ਦਾ ਸਮਾਂ ਬਹੁਤ ਹੀ ਮੁਸ਼ਕਿਲਾਂ ਭਰਿਆ ਬਤੀਤ ਕੀਤਾ ਹੈ। ਇਸ ਲਈ ਨਿਮਰਤਾ ਸਹਿਤ ਬੇਨਤੀ ਹੈ ਕਿ **ਬਾਕੀ ਦਾ ਰਹਿੰਦਾ ਡੇਢ ਸਾਲ ਦਾ ਸਮਾਂ ਮੁਆਫ਼ ਕਰਨ ਅਤੇ ਪੰਥ ਵਿਚ ਮੁੜ ਕੇ ਸ਼ਾਮਿਲ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਦਾਸ ਪਹਿਲਾਂ ਦੀ ਤਰ੍ਹਾਂ ਪੰਥ ਅਤੇ ਕੌਮ ਦੀ ਚੜ੍ਹਦੀ ਕਲਾ ਵਿਚ ਆਪਣਾ ਹਿੱਸਾ ਪਾ ਸਕੇ।**

ਆਸ ਹੈ ਦਾਸ ਦੀ ਬੇਨਤੀ ਪ੍ਰਵਾਨ ਕਰਕੇ ਸਾਰੇ ਮਾਮਲੇ 'ਤੇ ਹਮਦਰਦੀ ਨਾਲ ਵਿਚਾਰ ਕਰਨ ਉਪਰੰਤ ਜਲਦੀ ਤੋਂ ਜਲਦੀ ਦਾਸ ਨੂੰ ਇਸ ਤੋਂ ਮੁਕਤ ਕਰਨ ਦੀ ਕ੍ਰਿਪਾਲਤਾ ਕਰੋਗੇ।

ਦਾਸ,
ਅਵਤਾਰ ਸਿੰਘ ਹਿਤ

24 ਜੂਨ 1998 ਦੀ ਅਵਤਾਰ ਸਿੰਘ ਹਿਤ ਦੀ ਚਿੱਠੀ ਨੂੰ (ਭਾਈ) ਰਣਜੀਤ ਸਿੰਘ ਨੇ ਕਾਫ਼ੀ ਦੇਰ ਤਕ ਅਣਗੌਲਿਆ ਕਰੀ ਰੱਖਿਆ। ਇਸ ਦੌਰਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਨੇ 17 ਅਗਸਤ, 1998 ਦੇ ਦਿਨ ਅੰਮ੍ਰਿਤਸਰ ਆ ਕੇ (ਭਾਈ) ਰਣਜੀਤ ਸਿੰਘ ਨੂੰ ਸੁਖੋ ਪ੍ਰਾਇਮਰੀ ਸਕੂਲ ਦੇ ਕਾਨੂੰਨੀ ਚਾਰਜ ਲੈਣ ਬਾਰੇ ਤਸਦੀਕ ਕਰ ਦਿੱਤੀ। ਜਦ ਦੋ ਮਹੀਨੇ ਤਕ ਵੀ ਅਵਤਾਰ ਸਿੰਘ ਹਿਤ ਨੂੰ ਅਕਾਲ ਤਖ਼ਤ ਸਾਹਿਬ 'ਤੇ ਨਾ ਬੁਲਾਇਆ ਗਿਆ ਤਾਂ ਉਸ ਨੇ (ਭਾਈ) ਰਣਜੀਤ ਸਿੰਘ ਨੂੰ **ਇਕ ਹੋਰ ਤਰਲਾ-ਭਰੀ ਅਪੀਲ** ਭੇਜੀ, ਜੋ ਇੰਞ ਸੀ:

ਸਤਿਕਾਰਯੋਗ ਸਿੰਘ ਸਾਹਿਬ ਜੀ,
ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਨਿਮਰਤਾ ਸਹਿਤ ਬੇਨਤੀ ਹੈ ਕਿ ਦਾਸ ਅਕਾਲ ਤਖ਼ਤ ਸਾਹਿਬ 'ਤੇ ਮਿਤੀ 24-6-1998

ਨੂੰ ਮੁਆਫ਼ੀਨਾਮਾ ਦੇ ਚੁੱਕਾ ਹੈ, ਪਰ ਮੈਨੂੰ ਅਜੇ ਬੁਲਾਇਆ ਨਹੀਂ ਗਿਆ। ਦਾਸ ਫਿਰ ਬੇਨਤੀ ਕਰਦਾ ਹੈ ਕਿ ਮੈਨੂੰ ਮਿਤੀ 16-6-1997 ਨੂੰ ਬੀਬੀ ਦਰਸ਼ਨ ਕੌਰ ਦੇ ਮੁਆਮਲੇ ਨਾਲ ਸੰਬੰਧਿਤ ਹੋਣ ਕਾਰਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁੱਖੋ ਖਾਲਸਾ ਪ੍ਰਾਇਮਰੀ ਸਕੂਲ ਨਾ ਸੌਂਪਣ ਕਾਰਨ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ। ਮੈਂ ਅਗਿਆਨਤਾ ਵੱਸ ਸਕੂਲ ਦੇਣ ਤੋਂ ਇਨਕਾਰੀ ਹੋਇਆ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਵਿਰੁੱਧ ਅਪ-ਸ਼ਬਦ ਵੀ ਕਹੇ। ਅਖ਼ਬਾਰਾਂ ਵਿਚ ਇਸ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਵਿਰੋਧਤਾ ਵੀ ਕੀਤੀ। ਹੁਣ ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਹੈ। ਇਸ ਗ਼ਲਤੀ ਨੂੰ ਅਨੁਭਵ ਕਰਦਿਆਂ ਮੈਂ ਸੁੱਖੋ ਖਾਲਸਾ ਪ੍ਰਾਇਮਰੀ ਸਕੂਲ, ਹਰੀ ਨਗਰ ਅਤੇ ਸਕੂਲ ਨਾਲ ਸਬੰਧਿਤ ਜ਼ਮੀਨ ਜਾਇਦਾਦ ਦਿੱਲੀ ਗੁਰਦੁਆਰਾ ਕਮੇਟੀ ਨੂੰ ਸੌਂਪ ਚੁੱਕਾ ਹਾਂ, ਜਿਸ ਦੀ ਜਾਣਕਾਰੀ ਆਪ ਜੀ ਨੂੰ ਦਿੱਲੀ ਕਮੇਟੀ ਦੇ ਪ੍ਰਧਾਨ ਸਾਹਿਬ ਅਤੇ ਸਕੱਤਰ ਸਾਹਿਬ 17-8-1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਦੇ ਚੁੱਕੇ ਹਨ। ਹੁਕਮਨਾਮੇ ਦੀ ਪਾਲਣਾ ਕਰਦਾ ਹੋਇਆ ਇਹ ਸਕੂਲ ਕਮੇਟੀ ਨੂੰ ਵਾਪਸ ਕਰਨਾ ਸੀ, ਉਹ ਮੈਂ ਵਾਪਸ ਕਰ ਦਿੱਤਾ ਹੈ। ਹੁਕਮਨਾਮੇ ਅਨੁਸਾਰ ਮੈਨੂੰ ਤਿੰਨ ਸਾਲ ਲਈ ਕਿਸੇ ਅਹੁਦੇ 'ਤੇ ਨਾ ਰਹਿਣ ਦੀ ਵੀ ਪਾਬੰਦੀ ਸੀ।

ਮੇਰੀ ਆਪ ਜੀ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਦਾਸ ਨੂੰ **ਰਾਜਨੀਤਕ ਜੀਵਨ ਸ਼ੁਰੂ ਕਰਨ ਦਾ ਮੌਕਾ ਦਿੱਤਾ ਜਾਵੇ**। ਮੈਂ ਹੁਕਮਨਾਮੇ ਵਾਲੇ ਦਿਨ ਤੋਂ ਲੈ ਕੇ ਹੁਣ ਤਕ ਆਪਣੇ ਆਪ ਨੂੰ ਸਿੱਖ ਸੰਗਤਾਂ ਨਾਲੋਂ ਟੁੱਟਾ ਹੋਇਆ ਮਹਿਸੂਸ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਮੇਰੇ ਗੁਨਾਹਾਂ ਦੀ ਸਜ਼ਾ ਮੈਨੂੰ ਮਿਲ ਚੁੱਕੀ ਹੈ। ਇਸ ਨੂੰ ਕਾਫ਼ੀ ਸਮਝਦੇ ਹੋਏ **ਮੈਨੂੰ ਮੁਆਫ਼ ਕਰ ਦਿੱਤਾ ਜਾਵੇ ਤੇ ਰਾਜਨੀਤਕ ਜੀਵਨ ਸ਼ੁਰੂ ਕਰਨ ਦੀ ਆਗਿਆ ਦੇਣ ਦੀ ਕ੍ਰਿਪਾਲਤਾ ਕਰੋ ਤਾਂ ਕ ਮੈਂ ਸਿੱਖ ਸੰਗਤ ਦੀ ਸੇਵਾ ਕਰ ਸਕਾਂ**। ਮੈਨੂੰ ਪੂਰਨ ਆਸ ਹੈ ਕਿ ਮੇਰੀ ਉਪਰੋਕਤ ਬੇਨਤੀ ਪੰਜ ਸਿੰਘ ਸਾਹਿਬਾਨ ਵੱਲੋਂ ਹਮਦਰਦੀ ਨਾਲ ਵਿਚਾਰਦਿਆਂ ਸਿੱਖ ਪੰਥ ਪ੍ਰਤੀ ਸੇਵਾ ਕਰਨ ਦਾ ਮੌਕਾ ਦਿਓਗੇ। **ਪੰਜ ਸਿੰਘ ਸਾਹਿਬਾਨ ਨੂੰ ਮੈਂ ਗੁਰੂ ਰੂਪ ਜਾਣ ਕੇ** ਵਚਨ ਦਿੰਦਾ ਹਾਂ ਕਿ ਅੱਗੇ ਤੋਂ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਮੰਨਾਂਗਾ ਅਤੇ ਕਦੇ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗਾ।

ਆਪ ਜੀ ਦਾ ਦਾਸ,

ਅਵਤਾਰ ਸਿੰਘ ਹਿਤ

ਆਤਮਾ ਸਿੰਘ ਲੁਬਾਣਾ ਵੱਲੋਂ ਵੀ ਮੁਆਫ਼ੀ ਵਾਸਤੇ ਚਿੱਠੀ

ਕਈ ਮਹੀਨੇ ਤਕ (ਭਾਈ) ਰਣਜੀਤ ਸਿੰਘ ਦੇ 'ਹੁਕਮਨਾਮੇ' ਨੂੰ 'ਠੁੱਠ' ਦਿਖਾਉਣ ਮਗਰੋਂ ਅਖ਼ੀਰ (ਐਚ.ਕੇ.ਐਲ. ਭਗਤ ਦੇ 'ਏਜੰਟ' ਅਤੇ ਬੀਬੀ ਦਰਸ਼ਨ ਕੌਰ 'ਤੇ ਹਮਲਾ ਕਰਨ ਵਾਲੇ) ਆਤਮਾ ਸਿੰਘ ਲੁਬਾਣਾ ਨੇ ਵੀ (ਭਾਈ) ਰਣਜੀਤ ਸਿੰਘ ਨੂੰ ਖ਼ਤ ਲਿਖ ਕੇ ਮੁਆਫ਼ੀ ਮੰਗ ਲਈ। ਆਤਮਾ ਸਿੰਘ ਦਾ ਪਹਿਲਾ ਖ਼ਤ ਇੰਞ ਸੀ:

ਸਤਿਕਾਰ ਯੋਗ ਸਿੰਘ ਸਾਹਿਬ ਜਥੇਦਾਰ ਰਣਜੀਤ ਸਿੰਘ ਜੀ
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਪਰਮ ਕਿਰਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਤਿਕਾਰ ਯੋਗ ਸਿੰਘ ਸਾਹਿਬ ਜੀ, ਬੀਤੇ ਸਮੇਂ ਵਿਚ ਬੀਬੀ ਦਰਸ਼ਨ ਕੌਰ ਜੀ ਨਾਲ ਜੋ ਘਟਨਾ ਹੋਈ ਸੀ, ਉਸ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਦਾਸ ਨੂੰ ਪੰਥ ਵਿੱਚੋਂ ਛੇਕਿਆ ਗਿਆ ਸੀ। ਮੈਂ ਆਪ ਜੀ ਅੱਗੇ ਸਨਿਮਰ ਬੇਨਤੀ ਕਰਦਾ ਹਾਂ ਕਿ ਦਾਸ ਨੂੰ ਪੰਥ ਵਿਚ ਸ਼ਾਮਿਲ

ਕੀਤਾ ਜਾਵੇ। ਮੈਂ ਅਕਾਲ ਤਖ਼ਤ ਸਾਹਿਬ ਅਤੇ ਸਮੂਹ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦਾ ਸਤਿਕਾਰ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਹਮੇਸ਼ਾ ਹੀ ਅਕਾਲ ਤਖ਼ਤ ਸਾਹਿਬ ਅੱਗੇ ਝੁਕਿਆ ਰਿਹਾ ਹੈ। ਮੈਂ ਆਪ ਜੀ ਦੇ ਸਨਮੁਖ ਹੋ ਕੇ ਆਪਣੀ ਬੇਨਤੀ ਕਰਨੀ ਚਾਹੁੰਦਾ ਹਾਂ। ਮੇਰੀ ਬੇਨਤੀ ਸੁਣਨ ਤੋਂ ਬਾਅਦ ਜੋ ਵੀ ਅਕਾਲ ਤਖ਼ਤ ਸਾਹਿਬ ਦਾਸ ਨੂੰ ਸੇਵਾ ਲਾਏਗਾ, ਮੈਂ ਸਿਰ ਮੱਥੇ ਉਹ ਸੇਵਾ ਨਿਭਾਵਾਂਗਾ।

ਮੈਂ ਆਪ ਜੀ ਦੇ ਸਨਮੁਖ ਪਹਿਲਾਂ ਹਾਜ਼ਿਰ ਹੋਣਾ ਚਾਹੁੰਦਾ ਸੀ, ਪਰ ਘਰ ਵਿਚ ਪਿਤਾ ਜੀ ਦੇ ਸਵਰਗਵਾਸ ਹੋ ਜਾਣ ਕਰ ਕੇ ਅਤੇ ਹੋਰ ਘਰੇਲੂ ਪਰੇਸ਼ਾਨੀਆਂ ਕਰ ਕੇ ਹਾਜ਼ਿਰ ਨਹੀਂ ਹੋ ਸਕਿਆ।

ਸਤਿਕਾਰ ਯੋਗ ਸਿੰਘ ਸਾਹਿਬ ਜੀ ਮੇਰੀ ਉਹ ਦਸ਼ਾ ਬਣੀ ਹੋਈ ਹੈ ਕਿ

"ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰ ਆਇਆ॥"

ਦਾਸ ਜਿਨ੍ਹਾਂ ਕਾਰਨਾਂ ਵਸ ਅਕਾਲ ਤਖ਼ਤ ਸਾਹਿਬ 'ਤੇ ਆਪਣੇ ਆਪ ਨੂੰ ਪੇਸ਼ ਨਹੀਂ ਕਰ ਸਕਿਆ ਉਸ ਦੀ ਮੈਂ ਖਿਮਾ ਚਾਹੁੰਦਾ ਹਾਂ। ਮੈਂ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਦਾਸ ਤੋਂ ਦਰਸ਼ਨ ਕੌਰ ਦੇ ਨਾਲ ਬਦਸਲੂਕੀ ਦੀ ਭੁੱਲ ਦੀ ਖਿਮਾ ਲਈ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਸਮੇਂ ਦੀ ਬਖ਼ਸ਼ਿਸ਼ ਕੀਤੀ ਜਾਵੇ।

ਗੁਰੂ ਪੰਥ ਦਾ ਦਾਸ,
ਆਤਮਾ ਸਿੰਘ ਲੁਬਾਣਾ
ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸੀ-127 ਏ, ਤਿਲਕ ਵਿਹਾਰ, ਨਵੀਂ ਦਿਲੀ

(ਭਾਈ) ਰਣਜੀਤ ਸਿੰਘ ਨੇ ਆਤਮਾ ਸਿੰਘ ਲੁਬਾਣਾ ਦੀ ਇਸ ਚਿੱਠੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਦਰਅਸਲ ਉਹ 'ਬਾਗ਼ੀਆਂ' ਨੂੰ ਸਬਕ ਦੇਣਾ ਚਾਹੁੰਦਾ ਸੀ। ਖ਼ੈਰ, ਕੁਝ ਦਿਨ ਉਡੀਕ ਕੇ ਆਤਮਾ ਸਿੰਘ ਨੇ ਇਕ ਹੋਰ ਆਜਜ਼ੀ ਭਰਿਆ ਖ਼ਤ ਲਿਖਿਆ:

ਸਤਿਕਾਰਯੋਗ ਸਿੰਘ ਸਾਹਿਬ,
ਭਾਈ ਰਣਜੀਤ ਸਿੰਘ ਜੀ,
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਪਰਮ ਕਿਰਪਾਲੂ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਦਾਸ ਨੂੰ ਪਿਛਲੇ ਕੁਝ ਸਮੇਂ ਤੋਂ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਆਦੇਸ਼ ਮੁਤਾਬਿਕ ਪੰਥ ਵਿੱਚੋਂ ਛੇਕਿਆ ਹੋਇਆ ਹੈ। ਇਸ ਸਬੰਧ ਵਿਚ ਦਾਸ ਵੱਲੋਂ ਪਹਿਲਾਂ ਵੀ ਆਪ ਜੀ ਨੂੰ ਬੇਨਤੀ ਪੱਤਰ ਭੇਜੇ ਗਏ ਹਨ।

ਦਾਸ ਨੂੰ ਅੱਜ ਤਕ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਵੱਲੋਂ ਜੋ ਵੀ ਸੇਵਾ ਸੌਂਪੀ ਗਈ ਹੈ, ਉਸ ਨੂੰ ਪੂਰੀ ਈਮਾਨਦਾਰੀ, ਲਗਨ ਅਤੇ ਤਨਦੇਹੀ ਨਾਲ ਨਿਭਾਇਆ ਹੈ ਅਤੇ ਮੈਂ ਆਪ ਜੀ ਨੂੰ ਯਕੀਨ ਦਿਵਾਉਂਦਾ ਹਾਂ ਕਿ ਭਵਿੱਖ ਵਿਚ ਵੀ ਜੋ ਸੇਵਾ ਦਾਸ ਨੂੰ ਲਾਈ ਜਾਵੇਗੀ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ।

ਮੇਰੀ ਹਾਰਦਿਕ ਇੱਛਾ ਹੈ ਕਿ ਆਪ ਜੀ ਦੇ ਸਨਮੁਖ ਹਾਜ਼ਿਰ ਹੋ ਕੇ ਸਾਰੇ ਹਾਲਾਤ ਬਾਰੇ ਆਪ ਜੀ ਨੂੰ ਜਾਣਕਾਰੀ ਦੇਵਾਂ। ਆਸ ਹੈ ਆਪ ਜੀ ਦਾਸ ਨੂੰ ਸ਼ੀਘਰ ਹੀ ਆਪਣੀ ਸੇਵਾ ਵਿਚ ਹਾਜ਼ਿਰ ਹੋਣ ਦਾ ਮੌਕਾ ਦੇਣ ਦੀ ਕ੍ਰਿਪਾਲਤਾ ਕਰੋਗੇ।

ਸਤਿਕਾਰ ਸਹਿਤ।

ਸ਼ੁਭਚਿੰਤਕ,
ਆਤਮਾ ਸਿੰਘ

ਅਵਤਾਰ ਸਿੰਘ ਹਿਤ ਅਤੇ ਆਤਮਾ ਸਿੰਘ ਦੋਹਾਂ ਦੀਆਂ ਦੋ-ਦੋ ਚਿੱਠੀਆਂ ਨੂੰ (ਭਾਈ) ਰਣਜੀਤ ਸਿੰਘ ਨੇ 14 ਸਿਤੰਬਰ 1998 ਦੀ ਮੀਟਿੰਗ ਵਿਚ ਵਿਚਾਰਿਆ ਤੇ ਉਨ੍ਹਾਂ ਨੂੰ ਹੇਠ ਲਿਖੇ ਮੁਤਾਬਿਕ 'ਤਨਖ਼ਾਹ' ਲਾਈ ਗਈ :

ਹੁਕਮਨਾਮਾ

ਨੰ: 1095/AT/98 — 14 ਸਿਤੰਬਰ 1998

ਅੱਜ ਮਿਤੀ 14 ਸਿਤੰਬਰ 1998 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਮਿਤੀ 16 ਜੂਨ 1997 ਨੂੰ ਬੀਬੀ ਦਰਸ਼ਨ ਕੌਰ ਨੂੰ ਕੁੱਟ-ਮਾਰ ਕਰਨ ਨਾਲ ਸਬੰਧਿਤ ਮਾਮਲੇ 'ਤੇ ਪੰਥ ਵਿੱਚੋਂ ਛੇਕੇ ਗਏ ਅਵਤਾਰ ਸਿੰਘ ਹਿਤ ਅਤੇ ਆਤਮਾ ਸਿੰਘ ਲੁਬਾਣਾ ਵੱਲੋਂ ਦਿੱਤੇ ਗਏ ਮੁਆਫ਼ੀ-ਨਾਮਿਆਂ 'ਤੇ ਵਿਚਾਰ ਹੋਈ। ਉਪਰੋਕਤ ਦੋਨਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਨੂੰ ਵਿਚਾਰਦਿਆਂ ਇਹ ਪ੍ਰਵਾਨ ਹੋਇਆ ਕਿ :

ਅਵਤਾਰ ਸਿੰਘ ਹਿਤ ਨੂੰ ਤਨਖ਼ਾਹ ਲਾ ਕੇ ਪੰਥ ਵਿਚ ਸ਼ਾਮਿਲ ਕਰ ਲਿਆ ਜਾਵੇ, ਕਿਉਂਕਿ ਉਸ ਵੱਲੋਂ ਪ੍ਰਬੰਧਕ ਕਮੇਟੀ ਦਿੱਲੀ ਦੀ ਜਾਇਦਾਦ ਜੋ ਕਿ ਤਕਰੀਬਨ ਬਾਰਾਂ ਤੇਰ੍ਹਾਂ ਸਾਲ ਪਹਿਲਾਂ ਹੜੱਪ ਕੀਤੀ ਗਈ ਸੀ, ਹੁਣ ਵਾਪਸ ਮੋੜ ਦਿੱਤੀ ਗਈ ਹੈ। ਸੁੱਖੋ ਖਾਲਸਾ ਪ੍ਰਾਇਮਰੀ ਸਕੂਲ, ਐਮ.ਐਸ. ਬਲਾਕ, ਹਰੀ ਨਗਰ, ਦਿੱਲੀ ਨਾਲ ਸੰਬੰਧਿਤ ਜਾਇਦਾਦ ਦੀ ਵੇਰਵੇ ਸਹਿਤ ਫ਼ਾਈਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਮਿਤੀ 17 ਅਗਸਤ 1998 ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਪੰਜ ਸਿੰਘ ਸਾਹਿਬਾਨ ਸਾਹਮਣੇ ਸੌਂਪ ਚੁੱਕੇ ਹਨ। ਇਸ ਤੋਂ ਇਲਾਵਾ ਅਵਤਾਰ ਸਿੰਘ ਹਿਤ ਵੱਲੋਂ ਸੁੱਖੋ ਖਾਲਸਾ ਪ੍ਰਾਇਮਰੀ ਸਕੂਲ ਪ੍ਰਬੰਧਕ ਕਮੇਟੀ ਨੂੰ ਸੌਂਪਣ ਬਾਰੇ ਮਿਤੀ 5 ਅਗਸਤ 1998 ਨੂੰ ਦਿੱਤਾ ਗਿਆ ਦਿੱਲੀ ਅਦਾਲਤ ਵਿਚ ਹਲਫ਼ੀਆ ਬਿਆਨ ਅਤੇ ਪ੍ਰਬੰਧਕ ਕਮੇਟੀ ਦਿੱਲੀ ਦੇ ਪ੍ਰਧਾਨ ਤੇ ਸਕੱਤਰ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਫ਼ਾਈਲ ਦੇ ਨਾਲ ਦਿੱਤੇ ਗਏ ਬਿਆਨ ਪੁਰ ਸਿੰਘ ਸਾਹਿਬਾਨ ਨੇ ਪੂਰੀ ਤਰ੍ਹਾਂ ਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਮਿਤੀ 16 ਜੂਨ 1997 ਤੋਂ ਲੈ ਕੇ ਅੱਜ ਤਕ ਅਵਤਾਰ ਸਿੰਘ ਹਿਤ ਨੂੰ ਮਿਲੀ ਸਜ਼ਾ ਕਾਫ਼ੀ ਸਮਝਦੇ ਹੋਏ ਅਵਤਾਰ ਸਿੰਘ ਹਿਤ ਨੂੰ ਯਾਰ੍ਹਾਂ ਦਿਨ ਵਾਸਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਜੂਠੇ ਬਰਤਨ ਸਾਫ਼ ਕਰਨ, ਇਕ ਘੰਟੇ ਜੋੜੇ ਸਾਫ਼ ਕਰਨ ਤੇ ਇਕ ਘੰਟਾ ਕੀਰਤਨ ਸੁਣਨ ਦੀ ਤਨਖ਼ਾਹ ਲਾਈ ਹੈ। ਇਸ ਤੋਂ ਇਲਾਵਾ 31000/- ਰੁਪਏ ਸੈਂਟਰਲ ਖਾਲਸਾ ਯਤੀਮਖ਼ਾਨਾ, 31000/- ਰੁਪਏ ਪਿੰਗਲਵਾੜਾ ਵਿਖੇ ਜਮ੍ਹਾਂ ਕਰਵਾ ਕੇ 101/- ਰੁਪਏ ਅਕਾਲ ਤਖ਼ਤ ਸਾਹਿਬ 'ਤੇ ਕੜਾਹ ਪ੍ਰਸ਼ਾਦਿ ਦੀ ਦੇਗ ਅਰਦਾਸ ਕਰਵਾਏ। ਅਰਦਾਸ ਉਪਰੰਤ ਹੀ ਅਵਤਾਰ ਸਿੰਘ ਹਿਤ ਨੂੰ ਸਿੱਖ ਸੰਗਤਾਂ ਪੰਥ ਵਿਚ ਸ਼ਾਮਿਲ ਸਮਝਣ।

ਇਸੇ ਤਰ੍ਹਾਂ ਆਤਮਾ ਸਿੰਘ ਲੁਬਾਣਾ ਯਾਰ੍ਹਾਂ ਦਿਨ ਰੋਜ਼ਾਨਾ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਕ ਘੰਟਾ ਭਾਂਡੇ ਮਾਂਜਣ, ਇਕ ਘੰਟਾ ਜੋੜੇ ਸਾਫ਼ ਕਰਨ ਤੇ ਇਕ ਘੰਟਾ ਕੀਰਤਨ ਸੁਣਨ ਉਪਰੰਤ 5100/- ਅੱਖਰੀਂ ਇਕਵੰਜਾ ਸੌ ਰੁਪਏ ਕੇਵਲ ਗੁਰੂ ਰਾਮਦਾਸ ਲੰਗਰ ਵਿਚ ਪਾਵੇ ਅਤੇ 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਅਕਾਲ ਤਖ਼ਤ ਸਾਹਿਬ 'ਤੇ ਲੈ ਕੇ ਅਰਦਾਸ ਕਰਵਾਏ। ਅਰਦਾਸ ਉਪਰੰਤ ਹੀ ਆਤਮਾ ਸਿੰਘ ਲੁਬਾਣਾ ਨੂੰ ਸਿੱਖ ਸੰਗਤਾਂ ਪੰਥ ਵਿਚ ਸ਼ਾਮਿਲ ਸਮਝਣ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

ਸਤਨਾਮੀ ਬਾਈ ਦਾ ਕੇਸ

ਬੀਬੀ ਦਰਸ਼ਨ ਕੌਰ ਵਾਂਗ ਦਿੱਲੀ ਕਤਲੇਆਮ ਕੇਸ 'ਚ ਭਗਤ ਦੇ ਖ਼ਿਲਾਫ਼ ਗਵਾਹੀ ਦੇਣ ਵਾਲੀ ਸਤਨਾਮੀ ਬਾਈ ਦਾ ਕੇਸ ਵੀ ਬੜੀ ਚਰਚਾ ਵਿਚ ਆਇਆ। ਸਤਨਾਮੀ

ਬਾਈ 'ਤੇ ਦੋਸ਼ ਸੀ ਕਿ ਉਸ ਨੇ ਲੱਖਾਂ (ਸ਼ਾਇਦ 20 ਤੋਂ 30 ਲੱਖ ਵਿਚਕਾਰ) ਰੁਪਏ ਭਗਤ ਤੋਂ ਲੈ ਕੇ ਉਸ ਦੀ ਸ਼ਨਾਖ਼ਤ ਨਾ ਕੀਤੀ (ਜਿਸ ਨਾਲ ਉਹ ਬਰੀ ਹੋ ਗਿਆ)। ਉਲਟਾ ਸਤਨਾਮੀ ਬਾਈ ਨੇ (ਭਾਈ) ਰਣਜੀਤ ਸਿੰਘ ਦੇ ਭਰਾ ਗੁਰਚਰਨ ਸਿੰਘ 'ਤੇ ਦੋਸ਼ ਲਾਇਆ ਕਿ ਉਸ ਨੇ ਉਸ (ਸਤਨਾਮੀ ਬਾਈ) ਨੂੰ ਭਗਤ ਦੇ ਖ਼ਿਲਾਫ਼ ਗਵਾਹੀ ਦੇਣ ਤੋਂ ਮੁਕਰਨ ਵਾਸਤੇ ਕਿਹਾ ਸੀ। ਬੀਬੀ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ 'ਤੇ ਵੀ ਦੋਸ਼ ਲਾਇਆ ਕਿ ਉਸ ਨੇ ਉਸ (ਬੀਬੀ) ਨੂੰ ਅਦਾਲਤ ਵਿਚ ਪੇਸ਼ੀ 'ਤੇ ਜਾਣ ਵਾਸਤੇ ਆਪਣੀ ਕਾਰ ਨਹੀਂ ਸੀ ਦਿੱਤੀ।

ਗੁਰਚਰਨ ਸਿੰਘ (ਭਾਈ) ਰਣਜੀਤ ਸਿੰਘ ਦਾ ਵੱਡਾ ਭਰਾ ਹੈ। ਇਸ ਕਰ ਕੇ ਰਣਜੀਤ ਸਿੰਘ ਨੇ ਸਤਨਾਮੀ ਬਾਈ ਨੂੰ ਖ਼ਤ ਲਿਖ ਕੇ 13 ਮਈ 1997 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਆਪਣਾ ਪੱਖ ਪੇਸ਼ ਕਰਨ ਵਾਸਤੇ ਕਿਹਾ। (ਭਾਈ) ਰਣਜੀਤ ਸਿੰਘ ਨੇ ਉਸ ਦੇ ਨਾਲ ਨਾਲ ਰਿਪੁਦਮਨ ਸਿੰਘ, ਗੁਰਚਰਨ ਸਿੰਘ ਤੇ ਪਰਮਜੀਤ ਸਿੰਘ ਸਰਨਾ ਨੂੰ ਵੀ ਉਸੇ ਦਿਨ ਪੁੱਜਣ ਵਾਸਤੇ ਕਿਹਾ। ਸਤਨਾਮੀ ਬਾਈ ਨੂੰ ਲਿਖੀ ਚਿੱਠੀ ਇੰਞ ਸੀ:

6 ਮਈ 1997

ਬੀਬੀ ਸਤਨਾਮੀ ਬਾਈ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮੇਰੇ ਨੋਟਿਸ ਵਿਚ ਦੈਨਿਕ 'ਜਾਗਰਣ' ਅਤੇ ਦੈਨਿਕ 'ਪੰਜਾਬ ਕੇਸਰੀ' ਅਖ਼ਬਾਰਾਂ ਦੀਆਂ ਖ਼ਬਰਾਂ ਦੀਆਂ ਕਾਤਰਾਂ, ਰਿਪੁਦਮਨ ਸਿੰਘ ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਨੇ ਫ਼ੈਕਸ ਰਾਹੀਂ ਦਿੱਲੀ ਤੋਂ ਭੇਜੀਆਂ ਹਨ। ਜਿਨ੍ਹਾਂ ਵਿਚ ਤੁਹਾਡੇ ਵੱਲੋਂ ਇਹ ਬਿਆਨ ਦਿੱਤਾ ਗਿਆ ਹੈ ਕਿ "ਮਿਤੀ 13 ਨਵੰਬਰ 1996 ਨੂੰ ਜਦੋਂ ਮੇਰੀ ਅਦਾਲਤ ਵਿਚ ਗਵਾਹੀ ਸੀ, ਪਰਮਜੀਤ ਸਿੰਘ ਸਰਨਾ ਨੇ ਆਪਣੀ ਗੱਡੀ ਨਹੀਂ ਸੀ ਭੇਜੀ ਅਤੇ ਮੈਂ ਆਟੋ ਰਿਕਸ਼ਾ ਲੈ ਕੇ ਅਦਾਲਤ ਵੱਲ ਚੱਲ ਪਈ। 11 ਮੂਰਤੀ ਲੇਨ ਦੇ ਨਜ਼ਦੀਕ ਗੁਰਚਰਨ ਸਿੰਘ ਊਸ਼ਾ ਪਾਰਕ ਮੈਨੂੰ ਮਿਲਿਆ ਤੇ ਉਸ ਨੇ ਮੈਨੂੰ ਆਪਣੀ ਕਾਰ ਵਿਚ ਬਿਠਾ ਲਿਆ। ਇਸ ਪਿੱਛੋਂ ਪੂਰੇ ਰਸਤੇ ਵਿਚ ਉਹ ਮੋਬਾਇਲ ਫ਼ੋਨ 'ਤੇ ਕਿਸੇ ਨਾਲ ਗੱਲ ਕਰਦਾ ਰਿਹਾ ਕਿ ਅਸੀਂ ਕਿੰਨੇ ਵਜੇ ਅਦਾਲਤ ਵਿਚ ਪੁੱਜ ਰਹੇ ਹਾਂ। ਗੁਰਚਰਨ ਸਿੰਘ ਨੇ ਮੈਨੂੰ ਆਖਿਆ ਕਿ ਤੂੰ ਆਪਣੇ ਬਿਆਨ ਤੋਂ ਮੁਕਰ ਜਾਹ ਅਤੇ (ਐਚ.ਕੇ.ਐਲ.) ਭਗਤ ਦੇ ਖ਼ਿਲਾਫ਼ ਬਿਆਨ ਨਾ ਦੇ, ਨਹੀਂ ਤਾਂ ਤੂੰ ਘਰ ਨਹੀਂ ਪੁੱਜੇਂਗੀ ਤੇ ਤੇਰੇ ਬੱਚੇ ਵੀ ਚੁੱਕ ਲਵਾਂਗੇ। ਇਸ ਕਰ ਕੇ ਮਾਰੇ ਡਰ ਦੇ ਮੈਂ ਆਪਣੇ ਬਿਆਨਾਂ ਤੋਂ ਮੁੱਕਰ ਗਈ।"

ਅਗਰ ਤੁਹਾਡਾ ਬਿਆਨ ਸੱਚਾ ਹੈ ਤਾਂ ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਅਤੇ ਗੰਭੀਰ ਮਸਲਾ ਹੈ, ਕਿਉਂਕਿ ਗੁਰਚਰਨ ਸਿੰਘ ਊਸ਼ਾ ਪਾਰਕ ਮੇਰਾ ਵੱਡਾ ਭਰਾ ਹੈ, ਇਸ ਲਈ ਮੇਰੀ ਇਹ ਹੋਰ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸਲੀਅਤ ਸੰਗਤਾਂ ਦੇ ਸਾਹਮਣੇ ਲਿਆਵਾਂ।

ਤੁਸੀਂ 'ਪੰਜਾਬੀ ਟ੍ਰਿਬਿਊਨ' ਵਿਚਲੇ ਬਿਆਨ ਵਿਚ ਇਹ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੋਸ਼ੀਆਂ ਨੂੰ ਜ਼ਰੂਰ ਸਜ਼ਾ ਦੇਣਗੇ। ਸੋ ਮੈਂ ਤੁਹਾਨੂੰ ਮਿਤੀ 13 ਮਈ 1997 ਦਿਨ ਦੇ 1 ਵਜੇ ਆਪਣਾ ਪੱਖ ਪੇਸ਼ ਕਰਨ ਲਈ ਬੁਲਾ ਰਿਹਾ ਹਾਂ ਤੇ ਤੁਸੀਂ ਇਸ ਦਿਨ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਆਪਣਾ ਪੱਖ ਪੇਸ਼ ਕਰੋ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਭਾਈ) ਰਣਜੀਤ ਸਿੰਘ ਦੀ ਲਿਖੀ ਚਿੱਠੀ ਸਬੰਧੀ ਪਰਮਜੀਤ ਸਿੰਘ ਸਰਨਾ ਦੇ ਭਰਾ ਹਰਵਿੰਦਰ ਸਿੰਘ ਨੇ ਉਸ (ਰਣਜੀਤ ਸਿੰਘ) ਨੂੰ ਇਤਲਾਹ ਦਿੱਤੀ ਕਿ ਪਰਮਜੀਤ ਸਿੰਘ ਸਰਨਾ ਵਾਪਾਰ ਦੇ ਸਬੰਧ ਵਿਚ ਵਿਦੇਸ਼ ਗਏ ਹਨ ਤੇ ਜਦੋਂ 20-25 ਦਿਨਾਂ ਤਕ ਮੁੜਨਗੇ ਤਾਂ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਜਾਣਗੇ।

ਸਤਨਾਮੀ ਬਾਈ ਦੇ ਕੇਸ ਸਬੰਧੀ ਪੰਜ ਗ੍ਰੰਥੀਆਂ ਦੀ ਮੀਟਿੰਗ 13 ਮਈ 1997 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਮੀਟਿੰਗ ਵਿਚ ਪਰਮਜੀਤ ਸਿੰਘ ਸਰਨਾ ਅਤੇ ਗੁਰਚਰਨ ਸਿੰਘ ਨੂੰ ਬਰੀ ਕਰ ਦਿੱਤਾ ਗਿਆ ਅਤੇ ਇਸ ਸਬੰਧੀ ਸ਼ਿਕਾਇਤ ਕਰਨ ਵਾਲੇ ਰਿਪੂਦਮਨ ਸਿੰਘ ਦੀ ਮੁਜ਼ੰਮਤ (ਨਿੰਦਾ) ਕੀਤੀ ਗਈ ਤੇ ਲੋਕਾਂ ਨੂੰ ਉਸ ਤੋਂ ਖ਼ਬਰਦਾਰ ਰਹਿਣ ਵਾਸਤੇ ਕਿਹਾ ਗਿਆ। ਇਸ ਸਬੰਧੀ ਪੰਜਾਂ ਗ੍ਰੰਥੀਆਂ ਦਾ 'ਹੁਕਮਨਾਮਾ' (ਜਿਸ ਨੂੰ 'ਗੁਰਮਤਾ' ਦਾ ਨਾਂ ਦਿੱਤਾ ਗਿਆ) ਇੰਞ ਸੀ :

13 ਮਈ 1997

ਗੁਰਮਤਾ

ਅੱਜ ਮਿਤੀ 13 ਮਈ 1997 ਨੂੰ ਬੀਬੀ ਸਤਨਾਮੀ ਬਾਈ, ਜਿਸ ਨੇ ਸ: ਪਰਮਜੀਤ ਸਿੰਘ ਸਰਨਾ ਤੇ ਸ: ਗੁਰਚਰਨ ਸਿੰਘ ਊਸ਼ਾ ਪਾਰਕ ਦੇ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਵਿਖੇ ਪੱਤਰ ਲਿਖਿਆ ਸੀ, ਕੋਲੋਂ ਪੰਜ ਸਿੰਘ ਸਾਹਿਬਾਨ ਨੇ ਲੰਬੀ ਪੁੱਛਗਿੱਛ ਕੀਤੀ। ਉਪਰੰਤ ਸ: ਗੁਰਚਰਨ ਸਿੰਘ ਤੇ ਸ: ਪਰਮਜੀਤ ਸਿੰਘ ਸਰਨਾ ਕੋਲੋਂ ਵੀ ਉਨ੍ਹਾਂ 'ਤੇ ਲਾਏ ਗਏ ਦੋਸ਼ਾਂ ਸਬੰਧੀ ਸਪਸ਼ਟੀਕਰਨ ਲਿਆ। ਸ: ਗੁਰਚਰਨ ਸਿੰਘ ਊਸ਼ਾ ਪਾਰਕ ਨੇ ਆਪਣੇ ਉਪਰ ਲਾਏ ਗਏ ਇਲਜ਼ਾਮਾਂ ਬਾਰੇ ਵੀਡੀਓ ਕੈਸਟ ਅਤੇ ਰੇਲਵੇ ਟਿਕਟ ਅਥਵਾ ਹੋਰ ਸਬੂਤਾਂ 'ਤੇ ਆਧਾਰਿਤ 10 ਨਵੰਬਰ ਤੋਂ ਲੈ ਕੇ 16 ਨਵੰਬਰ ਤਕ ਦਿੱਲੀ ਵਿਚ ਨਾ ਹੋਣ ਦੇ ਅਤੇ ਇਨ੍ਹਾਂ ਦਿਨਾਂ ਵਿਚ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਪੁਰਬ 'ਤੇ ਹਾਜ਼ਰੀ ਭਰਨ ਦੇ ਪ੍ਰਮਾਣ ਦਿੱਤੇ। ਇਸੇ ਤਰ੍ਹਾਂ ਸ: ਪਰਮਜੀਤ ਸਿੰਘ, ਜੋ ਕਿ ਵਪਾਰ ਦੇ ਸਬੰਧ ਵਿਚ ਵਿਦੇਸ਼ ਹੋਣ ਕਾਰਨ, ਉਨ੍ਹਾਂ ਦੇ ਭਰਾ ਸ: ਹਰਵਿੰਦਰ ਸਿੰਘ ਨੇ ਪਾਸਪੋਰਟ ਅਤੇ ਹੋਰ ਕਾਗਜ਼ਾਤ ਅਥਵਾ ਵੀਡੀਓ ਕੈਸਟ ਦੇ ਆਧਾਰ 'ਤੇ ਆਪਣਾ ਪੱਖ ਪੇਸ਼ ਕੀਤਾ। ਇਸ ਸਪਸ਼ਟੀਕਰਨ ਉਪਰੰਤ ਸਿੰਘ ਸਾਹਿਬਾਨ ਨੇ ਇਹ ਫ਼ੈਸਲਾ ਲਿਆ ਹੈ ਕਿ ਉਪਰੋਕਤ ਦੋਹਾਂ ਗੁਰਸਿੱਖਾਂ ਉਪਰ ਲਾਏ ਗਏ ਇਲਜ਼ਾਮ ਪੂਰਨ ਤੌਰ 'ਤੇ ਨਿਰਾਧਾਰ ਤੇ ਝੂਠੇ ਹਨ। ਨਾਲ ਹੀ ਇਨ੍ਹਾਂ ਇਲਜ਼ਾਮਾਂ ਦੇ ਪਿਛੋਕੜ ਨੂੰ ਸਤਨਾਮੀ ਬਾਈ ਦੇ ਬਿਆਨਾਂ ਦੀ ਰੌਸ਼ਨੀ ਵਿਚ ਵਿਚਾਰਦਿਆਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਹ ਇਲਜ਼ਾਮ ਆਪਸੀ ਧੜੇਬਾਜ਼ੀ ਕਾਰਨ, ਸ: ਪਰਮਜੀਤ ਸਿੰਘ ਅਤੇ ਸ: ਗੁਰਚਰਨ ਸਿੰਘ ਨੂੰ ਸਿੱਖ ਸੰਗਤਾਂ ਵਿਚ ਬਦਨਾਮ ਕਰਨ ਲਈ ਹੀ ਲਾਏ ਗਏ ਹਨ। ਇਹ ਬੜੀ ਦੁੱਖਦਾਈ ਗੱਲ ਹੈ ਕਿ 22 ਅਪਰੈਲ 1997 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸ: ਅਵਤਾਰ ਸਿੰਘ ਹਿਤ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਰ ਪ੍ਰਬੰਧਕਾਂ ਸਬੰਧੀ ਸੁਣਾਏ ਗਏ ਫ਼ੈਸਲੇ ਤੋਂ ਬਾਅਦ ਐਸੀਆਂ ਮਨਮਤੀ ਸਰਗਰਮੀਆਂ ਰਾਹੀਂ ਸਿੱਖ ਸੰਗਤਾਂ ਵਿਚ ਦੁਬਿਧਾ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਸਿੰਘ ਸਾਹਿਬਾਨ, ਅੱਜ ਦੋ ਉਪਰੋਕਤ ਵਿਅਕਤੀਆਂ ਅਤੇ ਸਤਨਾਮੀ ਬਾਈ ਕੋਲੋਂ ਕੀਤੀ ਪੁੱਛ-ਪੜਤਾਲ ਉਪਰੰਤ, ਸ: ਪਰਮਜੀਤ ਸਿੰਘ ਅਤੇ ਸ: ਗੁਰਚਰਨ ਸਿੰਘ ਨੂੰ ਪੂਰਨ ਤੌਰ 'ਤੇ ਉਨ੍ਹਾਂ ਉਪਰ ਲਾਏ ਗਏ ਦੋਸ਼ਾਂ ਤੋਂ ਬਰੀ ਕਰਦੇ ਹਨ ਅਤੇ ਨਾਲ ਹੀ ਐਸੀਆਂ ਈਰਖਾਲੂ ਅਤੇ ਮਨਮਤੀ ਸਰਗਰਮੀਆਂ ਵਾਲਿਆਂ ਨੂੰ ਭਵਿੱਖ ਵਿਚ ਐਸੀ ਬਿਰਤੀ ਤਿਆਗਣ ਲਈ ਚਿਤਾਵਨੀ ਵੀ ਦਿੰਦੇ ਹਨ। ਇਸ ਦੇ ਨਾਲ ਹੀ ਸ: ਰਿਪੂਦਮਨ ਸਿੰਘ, ਜੋ ਆਪਣੇ ਆਪ ਨੂੰ ਦਿੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਕਮੇਟੀ ਦਾ ਪ੍ਰਧਾਨ ਸਦਵਾਉਂਦਾ ਹੈ, ਜਿਸ ਨੇ ਬਿਨਾਂ ਸੋਚੇ ਸਮਝੇ ਅਕਾਲ ਤਖ਼ਤ ਸਾਹਿਬ ਨੂੰ ਉਪਰੋਕਤ ਨਿਰਦੋਸ਼ ਵਿਅਕਤੀਆਂ ਦੇ ਖ਼ਿਲਾਫ਼ ਸਖ਼ਤ ਸਜ਼ਾ ਦੇਣ ਲਈ ਪੱਤਰ

ਭੇਜਿਆ ਸੀ, ਬਾਰੇ ਸਮੂਹ ਸਿੱਖ ਸੰਗਤਾਂ ਨੂੰ ਸਿੰਘ ਸਾਹਿਬਾਨ ਵੱਲੋਂ ਸੰਦੇਸ਼ ਹੈ ਕਿ ਐਸੇ ਧੜੇਬਾਜ਼ ਲੋਕਾਂ ਤੋਂ ਸੁਚੇਤ ਰਿਹਾ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਧੜੇਬੰਦੀ ਤੋਂ ਬਚ ਕੇ ਨਿਰੋਲ ਧਾਰਮਿਕ ਤੇ ਪੰਥਕ ਸੋਚ ਦਾ ਧਾਰਨੀ ਬਣਿਆ ਜਾਵੇ।[46]

ਦਸਤਖ਼ਤ : ਰਣਜੀਤ ਸਿੰਘ

ਇਸ 'ਗੁਰਮਤਾ' ਮਗਰੋਂ ਦਿੱਲੀ ਦੇ ਇਕ ਹਰਮਨਜੀਤ ਸਿੰਘ ਨੇ ਸ਼ਿਕਾਇਤ ਕੀਤੀ ਕਿ ਹਰਵਿੰਦਰ ਸਿੰਘ ਸਰਨਾ ਨੇ ਆਪਣੇ ਭਰਾ ਪਰਮਜੀਤ ਸਿੰਘ ਸਰਨਾ ਦੇ ਵਿਦੇਸ਼ ਗਏ ਹੋਣ ਬਾਰੇ ਝੂਠ ਬੋਲਿਆ ਸੀ। ਹਰਮਨਜੀਤ ਸਿੰਘ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਸੀ। ਜਦ ਹਰਮਨਜੀਤ ਸਿੰਘ ਦਾ ਬਿਆਨ ਅਖ਼ਬਾਰਾਂ ਵਿਚ ਛਪਿਆ ਤਾਂ ਹਰਵਿੰਦਰ ਸਿੰਘ ਸਰਨਾ ਨੇ (ਭਾਈ) ਰਣਜੀਤ ਸਿੰਘ ਨੂੰ ਚਿੱਠੀ ਲਿਖ ਕੇ ਹਰਮਨਜੀਤ ਸਿੰਘ ਦੀ ਜਵਾਬ ਤਲਬੀ ਕਰਨ ਵਾਸਤੇ ਅਪੀਲ ਕੀਤੀ। 26 ਮਈ 1997 ਨੂੰ (ਭਾਈ) ਰਣਜੀਤ ਸਿੰਘ ਨੇ ਖ਼ਤ ਲਿਖ ਕੇ ਹਰਮਨਜੀਤ ਸਿੰਘ ਨੂੰ 5 ਜੂਨ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਦੋਸ਼ (ਪਰਮਜੀਤ ਸਿੰਘ ਸਰਨਾ ਬਾਰੇ) ਸਾਬਿਤ ਕਰਨ ਵਾਸਤੇ 'ਸੰਮਨ' ਭੇਜੇ। ਹਰਮਨਜੀਤ ਸਿੰਘ ਨੇ ਚਿੱਠੀ ਲਿਖ ਕੇ ਕਿਹਾ ਕਿ ਉਹ ਹਸਪਤਾਲ ਵਿਚ ਦਾਖ਼ਿਲ ਹੋਣ ਕਰ ਕੇ ਹਾਜ਼ਿਰ ਨਹੀਂ ਹੋ ਸਕਦਾ। ਇਸ 'ਤੇ ਉਸ ਦੀ ਪੇਸ਼ੀ 16 ਜੂਨ 'ਤੇ ਮੁਲਤਵੀ ਕਰ ਦਿੱਤੀ ਗਈ।

ਹੁਣ ਹਰਮਨਜੀਤ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਬੁਰੀ ਤਰ੍ਹਾਂ ਫਸ ਗਿਆ ਹੈ। ਉਸ ਨੂੰ ਪਤਾ ਸੀ ਕਿ ਉਸ ਨੇ ਪਰਮਜੀਤ ਸਿੰਘ ਸਰਨਾ ਬਾਰੇ ਗ਼ਲਤ ਬਿਆਨ ਦਿੱਤਾ ਹੈ। ਇਸ ਕਰ ਕੇ ਉਸ ਨੇ ਵੱਡੀ ਸਜ਼ਾ ਤੋਂ ਬਚਣ ਵਾਸਤੇ ਆਪਣੀ ਗ਼ਲਤੀ ਅੱਧੀ ਕੁ ਮੰਨ ਲਈ ਤੇ ਇਸ ਸਬੰਧ ਵਿਚ ਹੇਠ ਲਿਖੀ ਚਿੱਠੀ ਲਿਖ ਦਿੱਤੀ :

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,

ਦਾਸ ਸਿੱਖ ਪੰਥ ਦੇ ਚਾਨਣ ਮੁਨਾਰੇ, ਏਕਤਾ, ਇਕਸੁਰਤਾ, ਸ਼ਕਤੀ ਦੇ ਸਰੋਤ ਅਕਾਲ ਤਖ਼ਤ ਸਾਹਿਬ ਦੇ ਅੱਗੇ ਸਨਿਮਰ ਸਿਰ ਝੁਕਾਉਂਦਾ ਹੋਇਆ ਅਤਿਅੰਤ ਨਿਮਰਤਾ ਸਹਿਤ ਬੇਨਤੀ ਕਰਦਾ ਹੈ ਕਿ ਇਕ ਅਖ਼ਬਾਰ ਵਿਚਲੀ ਖ਼ਬਰ ਦੀ ਰੌਸ਼ਨੀ ਵਿਚ ਦਾਸ ਨੂੰ ਕਸੂਰਵਾਰ ਠਹਿਰਾਇਆ ਗਿਆ ਹੈ ਕਿ ਦਾਸ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਤੇ ਸਿੰਘ ਸਾਹਿਬਾਨ ਪ੍ਰਤੀ ਇਤਰਾਜ਼ਯੋਗ ਬਿਆਨ ਦਿੱਤਾ ਸੀ, ਜੋ ਕਿ 'ਅਜੀਤ' ਅਖ਼ਬਾਰ ਵਿਚ ਛਪਿਆ ਸੀ। ਦਾਸ ਨਿਮਰਤਾ ਸਹਿਤ ਆਪਣੀ ਗ਼ਲਤੀ ਕਬੂਲ ਕਰਦਾ ਹੈ।

ਮੈਂ ਬੇਹੱਦ ਅਦਬ ਸਤਿਕਾਰ ਸਹਿਤ ਆਪ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਮੈਂ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਧੜੇਬੰਦੀ ਤੋਂ ਉਪਰ ਉਠ ਕੇ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ ਜੀਵਨ ਗੁਜ਼ਾਰਾਂਗਾ। ਦਾਸ ਆਪ ਜੀ ਦੇ ਹਰ ਹੁਕਮ ਜਾਂ ਫ਼ੈਸਲੇ ਨੂੰ ਪ੍ਰਵਾਨ ਕਰੇਗਾ ਅਤੇ ਸਿੱਖ ਧਰਮ ਅਤੇ ਸਿੱਖ ਕੌਮ ਦੀ ਸ਼ਾਨੋ-ਸ਼ੌਕਤ ਲਈ ਕੁਰਬਾਨੀ ਕਰਨ ਲਈ ਹਮੇਸ਼ਾ ਤਿਆਰ ਰਹੇਗਾ। ਮੈਨੂੰ ਪੂਰੀ ਉਮੀਦ ਹੈ ਕਿ ਆਪ ਜੀ ਦਾਸ ਉੱਤੇ ਬਖ਼ਸ਼ਿਸ਼ ਕਰਦਿਆਂ ਹੋਇਆ ਸਿੱਖ ਕੌਮ ਦੀ ਸੇਵਾ ਵਿਚ ਜੁਟਿਆ ਰਹਿਣ ਲਈ ਆਪਣਾ ਪਿਆਰ ਭਰਿਆ ਹੱਥ ਮੇਰੇ ਸਿਰ ਉਪਰ ਰੱਖੋਗੇ।

ਆਪ ਜੀ ਦਾ ਦਾਸ,
ਹਰਮਨਜੀਤ ਸਿੰਘ

ਹਰਮਨਜੀਤ ਸਿੰਘ ਨੇ ਇਹ ਚਿੱਠੀ 'ਸਪੱਸ਼ਟੀਕਰਨ' ਵੱਜੋਂ ਲਿਖ ਤਾਂ ਦਿੱਤੀ, ਪਰ ਉਹ 16 ਜੂਨ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਾ ਹੋਇਆ। ਇਸ 'ਤੇ

46. ਪਰ ਰਣਜੀਤ ਸਿੰਘ ਨੇ 'ਦੋਸ਼ੀ' ਰਿਪੁਦਮਨ ਸਿੰਘ ਨੂੰ ਕੋਈ 'ਤਨਖ਼ਾਹ' ਨਾ ਲਾਈ।

16 ਜੂਨ 1977 ਦੇ ਦਿਨ (ਭਾਈ) ਰਣਜੀਤ ਸਿੰਘ ਅਤੇ ਬਾਕੀ ਗ੍ਰੰਥੀਆਂ ਨੇ ਉਸ ਦਾ 'ਸਪੱਸ਼ਟੀਕਰਨ' ਤਸੱਲੀਬਖ਼ਸ਼ ਨਾ ਮੰਨਦਿਆਂ, ਉਸ ਨੂੰ ਕਿਹਾ ਗਿਆ ਕਿ ਉਹ ਆਪ ਹਾਜ਼ਿਰ ਹੋ ਕੇ ਸਫ਼ਾਈ ਪੇਸ਼ ਕਰੇ ਅਤੇ ਆਪਣਾ ਬਿਆਨ ਗ਼ਲਤ ਛਾਪਣ ਵਾਲੇ ਅਖ਼ਬਾਰੀ ਨਾਮਾ-ਨਿਗਾਰ 'ਤੇ ਮੁਕਦਮਾ ਕਰੇ। 16 ਜੂਨ 1997 ਦਾ 'ਹੁਕਮ' ਇੰਞ ਸੀ :

ਗੁਰਮਤਾ

ਸ: ਹਰਮਜਨਜੀਤ ਸਿੰਘ ਤੁਸੀਂ ਮਿਤੀ 13 ਮਈ 1997 ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਹੁਦੇਦਾਰਾਂ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਪ੍ਰਤੀ ਅਪਮਾਨਜਨਕ ਅਤੇ ਝੂਠੀਆਂ ਅਖ਼ਬਾਰੀ ਟਿੱਪਣੀਆਂ ਕੀਤੀਆਂ ਅਤੇ ਸਿੱਖ ਸੰਗਤਾਂ ਵਿਚ ਭੜਕਾਹਟ ਪੈਦਾ ਕਰਨ ਦਾ ਯਤਨ ਕੀਤਾ, ਜਿਸ ਕਾਰਨ ਤੁਹਾਨੂੰ ਗੁਰੂ ਪੰਥ ਦਾ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ। ਇਸ ਸਬੰਧੀ ਤੁਹਾਨੂੰ ਆਦੇਸ਼ ਹੈ ਕਿ ਤੁਸੀਂ ਆਪਣੀਆਂ ਅਖ਼ਬਾਰੀ ਟਿੱਪਣੀਆਂ ਸਬੰਧੀ ਵਿਸਥਾਰ ਸਹਿਤ ਸਪੱਸ਼ਟੀਕਰਨ ਦਿਉਂ ਕਿ ਤੁਸੀਂ ਇਹ ਕਾਰਵਾਈ ਕਿਉਂ ਕੀਤੀ ਅਤੇ ਇਸ ਦਾ ਕੀ ਪਿਛੋਕੜ ਹੈ। ਜਾਂ ਫਿਰ ਜੇ ਤੁਸੀਂ ਇਸ ਬਿਆਨਬਾਜ਼ੀ ਨਾਲ ਸਬੰਧਿਤ ਨਹੀਂ ਤਾਂ ਤੁਹਾਡੇ ਨਾਮ 'ਤੇ ਬਿਆਨ ਦੇਣ ਵਾਲੇ ਪੱਤਰਕਾਰ ਦੇ ਖ਼ਿਲਾਫ਼ ਤੁਰੰਤ ਕਾਰਵਾਈ ਕਰ ਕੇ ਅਕਾਲ ਤਖ਼ਤ ਸਾਹਿਬ ਵਿਖੇ ਆਪ ਪੇਸ਼ ਹੋ ਕੇ ਸਿੰਘ ਸਾਹਿਬਾਨ ਨੂੰ ਸੂਚਿਤ ਕਰੋ। ਇਸ ਸਬੰਧੀ ਤੁਹਾਨੂੰ ਅੱਜ ਮਿੱਤੀ 16 ਜੂਨ 1997 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਆਦੇਸ਼ ਦਿੱਤਾ ਗਿਆ ਸੀ। ਤੁਸੀਂ ਆਪਣੇ ਪ੍ਰਤੀ ਸਪੱਸ਼ਟੀਕਰਨ ਦਿੱਤਾ, ਪਰ ਇਹ ਸੰਤੁਸ਼ਟੀਜਨਕ ਨਹੀਂ ਹੈ।

ਦਸਤਖ਼ਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ

ਹਰਮਨਜੀਤ ਸਿੰਘ ਪਹਿਲੋਂ ਤਾਂ ਡਰਦਾ ਰਿਹਾ, ਪਰ ਅਖ਼ੀਰ ਉਸ ਨੇ (ਭਾਈ) ਰਣਜੀਤ ਸਿੰਘ ਦੀ ਖ਼ਾਹਿਸ਼ ਮੁਤਾਬਿਕ 29 ਦਿਸੰਬਰ 1997 ਨੂੰ ਇਕ 'ਮੁਆਫ਼ੀਨਾਮਾ' ਲਿਖ ਕੇ ਦੇ ਦਿੱਤਾ। ਇਸ 'ਮੁਆਫ਼ੀਨਾਮੇ' ਨੂੰ ਕਬੂਲ ਕਰਦਿਆਂ (ਭਾਈ) ਰਣਜੀਤ ਸਿੰਘ ਤੇ ਬਾਕੀ ਚੌਹਾਂ ਗ੍ਰੰਥੀਆਂ ਨੇ 25 ਫ਼ਰਵਰੀ 1998 ਦੇ ਦਿਨ ਹਰਮਨਜੀਤ ਸਿੰਘ ਨੂੰ ਇਹ ਤਨਖ਼ਾਹ ਲਾਈ :

ਅੱਜ ਮਿਤੀ 25 ਫ਼ਰਵਰੀ 1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਪੰਥਕ ਮਸਲਿਆਂ ਨੂੰ ਵਿਚਾਰਿਆ ਗਿਆ ਅਤੇ ਨਾਲ ਹੀ ਹਰਮਨਜੀਤ ਸਿੰਘ ਦਿੱਲੀ ਨਿਵਾਸੀ ਵੱਲੋਂ ਮਿਤੀ 29-12-1997 ਨੂੰ ਦਿੱਤੇ ਲਿਖਤੀ ਮੁਆਫ਼ੀਨਾਮੇ 'ਤੇ ਵਿਚਾਰ ਕੀਤੀ ਗਈ। ਸਿੰਘ ਸਾਹਿਬਾਨ ਵੱਲੋਂ ਇਹ ਫ਼ੈਸਲਾ ਲਿਆ ਗਿਆ ਕਿ ਹਰਮਨਜੀਤ ਸਿੰਘ ਇਕ ਘੰਟਾ ਦਰਬਾਰ ਸਾਹਿਬ ਨਾਲ ਸਬੰਧਿਤ ਬਾਹਰ ਬਣੇ ਜੋੜੇ ਘਰ ਵਿਚ ਸੇਵਾ ਕਰੇ। ਉਪਰੰਤ ਗੁਰੂ ਰਾਮਦਾਸ ਸਾਹਿਬ ਦੇ ਲੰਗਰ ਲਈ 31000/- ਅੱਖਰੀਂ ਇਕੱਤੀ ਹਜ਼ਾਰ ਰੁਪਏ ਕੇਵਲ ਦੀ ਰਸੀਦ ਕਟਾਵੇ। ਉਪਰੰਤ ਅਕਾਲ ਤਖ਼ਤ ਸਾਹਿਬ ਵਿਚ ਹਾਜ਼ਿਰ ਹੋ ਕੇ ਆਪਣੀਆਂ ਭੁੱਲਾਂ ਦੀ ਮੁਆਫ਼ੀ ਲਈ ਅਰਦਾਸ ਕਰਵਾਏ।

ਦਸਤਖ਼ਤ : ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ

ਰਛਪਾਲ ਸਿੰਘ ਦੀ ਕਹਾਣੀ

ਰਛਪਾਲ ਸਿੰਘ 1984 ਤੋਂ ਹੀ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਮੁਖ ਸੇਵਾਦਾਰ ਬਾਰੇ ਗਰਮ ਗਰਮ ਬਿਆਨ ਦੇਂਦਾ ਰਹਿੰਦਾ ਸੀ। ਫਿਰ ਉਹ ਕਈ ਵਾਰ 'ਮੁਆਫ਼ੀ' ਮੰਗਣ ਨੂੰ ਵੀ ਰਾਜ਼ੀ ਹੋ ਜਾਂਦਾ ਸੀ। ਉਸ ਨੇ 'ਤਨਖ਼ਾਹ' ਵੀ ਲੁਆਈ, ਪਰ ਕਦੇ ਵੀ ਪੂਰੀ ਤਨਖ਼ਾਹ ਨਾ ਭੁਗਤੀ। ਰਛਪਾਲ ਸਿੰਘ ਨੂੰ ਪਹਿਲੀ ਤਨਖ਼ਾਹ 20 ਸਿਤੰਬਰ 1984 ਦੇ ਦਿਨ ਲੱਗੀ

ਸੀ। 1987 ਵਿਚ ਉਹ ਫੇਰ ਵਿੱਟਰ ਗਿਆ ਤੇ 11 ਫ਼ਰਵਰੀ 1987 ਨੂੰ ਉਸ ਨੂੰ 'ਤਨਖ਼ਾਹੀਆ' ਕਰਾਰ ਦੇ ਦਿੱਤਾ ਗਿਆ ਤੇ 14 ਫ਼ਰਵਰੀ ਨੂੰ 'ਪੰਥ ਚੋਂ ਖ਼ਾਰਿਜ' ਵੀ ਕਰ ਦਿੱਤਾ ਗਿਆ। ਸੱਤ ਸਾਲ ਮਗਰੋਂ 24 ਮਈ 1994 ਨੂੰ ਫੇਰ ਉਹ ਤਖ਼ਤ 'ਤੇ ਪੇਸ਼ ਹੋ ਗਿਆ ਅਤੇ ਮੁਆਫ਼ੀ ਮੰਗ ਕੇ 'ਤਨਖ਼ਾਹ' ਲੁਆ ਲਈ। ਪਰ ਪੰਜ ਦਿਨ 'ਤਨਖ਼ਾਹ' ਭੁਗਤਣ ਮਗਰੋਂ ਉਹ ਫੇਰ ਬਾਗ਼ੀ ਹੋ ਗਿਆ ਤੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀਆਂ ਦੇ ਖ਼ਿਲਾਫ਼, ਅਖ਼ਬਾਰਾਂ ਵਿਚ ਬੜਾ ਜ਼ਹਿਰ ਉਗਲਿਆ। ਇਸ 'ਤੇ 2 ਜੂਨ 1994 ਦੇ ਦਿਨ ਉਸ ਨੂੰ 'ਫੇਰ' ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ ਗਿਆ।

ਇਸ ਮਗਰੋਂ ਉਸ ਨੇ ਮਨਜੀਤ ਸਿੰਘ ਦੇ ਹੁੰਦਿਆਂ ਅੰਮ੍ਰਿਤਸਰ ਵੱਲ ਮੂੰਹ ਨਹੀਂ ਕੀਤਾ। ਅਖ਼ੀਰ, ਜਦ (ਭਾਈ) ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਚਾਰਜ ਲਿਆ ਤਾਂ ਜਨਵਰੀ 1997 ਵਿਚ ਰਛਪਾਲ ਸਿੰਘ ਨੇ (**ਚੌਥੀ ਵਾਰ**) ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋਣ ਦਾਂ ਫ਼ੈਸਲਾ ਕੀਤਾ। ਉਸ ਨੇ 19 ਜਨਵਰੀ 1997 ਦੇ ਦਿਨ ਹੇਠ ਲਿਖੀ ਚਿੱਠੀ ਲਿਖੀ :

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ,
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਸ੍ਰੀਮਾਨ ਜੀ, ਜਥੇਦਾਰ ਰਣਜੀਤ ਸਿੰਘ ਜੀਓ!

ਬੇਨਤੀ ਹੈ ਕਿ ਆਪ ਜੀ ਨੂੰ ਬਹੁਤ ਬਹੁਤ ਵਧਾਈ ਹੋਵੇ, ਜੋ ਆਪ ਜੀ ਅਕਾਲ ਤਖ਼ਤ ਸਾਹਿਬ ਦੀ ਇਸ ਮਹਾਨ ਪਦਵੀ 'ਤੇ ਸੁਸ਼ੋਭਿਤ ਹੋਏ ਹੋ। ਆਪ ਜੀ ਦੇ ਇਸ ਪਦਵੀ 'ਤੇ ਆਉਣ ਨਾਲ **ਇਸ ਪਦਵੀ ਦੀ ਸ਼ਾਨ ਹੋਰ ਉੱਚੀ ਹੋਈ ਹੈ।**[47] ਜਿੱਥੇ ਕਰੋੜਾਂ ਗੁਰੂ ਨਾਨਕ ਨਾਮ ਲੇਵਾ ਨੂੰ ਆਪ ਜੀ ਦੇ ਇਸ ਪਦਵੀ 'ਤੇ ਸੁਸ਼ੋਭਿਤ ਹੋਣ ਨਾਲ ਖ਼ੁਸ਼ੀ ਹੋਈ ਹੈ, ਉੱਥੇ ਮੈਂ ਵੀ ਉਹ ਖ਼ੁਸ਼ੀ ਬਿਆਨ ਨਹੀਂ ਕਰ ਸਕਦਾ, ਜੋ ਮੈਨੂੰ ਹੋਈ ਹੈ।

ਸਿੰਘ ਸਾਹਿਬ ਜੀਓ,

ਮੈਂ ਬੜੀ ਦੇਰ ਤੋਂ ਅਰਦਾਸ ਕੀਤੀ ਹੋਈ ਹੈ ਕਿ ਸਤਿਗੁਰੂ ਸੱਚੇ ਪਾਤਿਸ਼ਾਹ ਕਦੇ ਮੇਰੇ ਪਾਸੋਂ ਪੰਥ ਨਾਲ ਗ਼ਦਾਰੀ ਨਾ ਕਰਾਉਣ, ਜੇ ਕਿਤੇ ਪੁਰਾਣੇ ਕਰਮਾਂ ਕਰ ਕੇ ਗ਼ਦਾਰੀ ਮੇਰੇ ਮੱਥੇ 'ਤੇ ਲਿਖੀ ਹੋਈ ਹੈ ਤਾਂ ਉਹ ਗ਼ਦਾਰੀ ਤੋਂ ਇਕ ਮਿੰਟ ਪਹਿਲੇ ਹੀ ਸੰਸਾਰ ਤੋਂ ਚੁੱਕ ਲੈਣ।

ਮੈਂ ਅਕਾਲ ਤਖ਼ਤ ਸਾਹਿਬ ਜੀ ਦਾ ਪੂਰਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਇਸ ਦੇ ਹਰ ਹੁਕਮ 'ਤੇ ਸਿਰ ਨਿਵਾਉਂਦਾ ਹਾਂ। ਜੇ ਅਕਾਲ ਤਖ਼ਤ ਸਾਹਿਬ ਜੀ ਦੀ ਨਜ਼ਰ ਵਿਚ ਪਿਛਲੇ ਸਮੇਂ ਵਿਚ ਜਾਣੇ ਜਾਂ ਅਣਜਾਣੇ ਵਿਚ ਮੇਰੇ ਪਾਸੋਂ ਭੁੱਲ ਹੋ ਗਈ ਹੈ ਤਾਂ ਮੈਂ ਉਸ ਦੀ ਮੁਆਫ਼ੀ ਮੰਗਦਾ ਹਾਂ।

ਆਸ ਹੈ ਕਿ ਆਪ ਜੀ ਮੁਆਫ਼ ਕਰ ਦਿਓਗੇ। ਮਨੁੱਖ ਭੁੱਲਣਹਾਰ ਹੈ, ਮੇਰੇ ਪਾਸੋਂ ਵੀ ਕਈ ਭੁੱਲਾਂ ਹੋ ਗਈਆਂ ਹਨ, ਆਪ ਬਖ਼ਸ਼ਣਹਾਰ ਹੋ।

ਆਪ ਜੀ 'ਤੇ ਪੂਰਾ ਪੂਰਾ ਮਾਣ ਹੈ ਕਿ ਮੇਰੇ ਨਾਲ ਇਨਸਾਫ਼ ਕਰੋਗੇ। ਮੈਂ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਨੂੰ ਮੰਨਣ ਲਈ ਤਿਆਰ ਹਾਂ ਅਤੇ ਪੰਥ ਦੇ ਹਿੱਤ ਵਿਚ ਹਰ ਕੰਮ ਲਈ ਤਿਆਰ ਹਾਂ।

ਗੁਰੂ ਪੰਥ ਦਾ ਦਾਸ,
ਰਛਪਾਲ ਸਿੰਘ
10 ਜਮਨਾ ਮਾਰਗ, ਸਿਵਲ ਲਾਈਨ, ਦਿੱਲੀ - 110054

---

47. ਕੀ ਇਕ ਬੰਦੇ ਨਾਲ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੀ 'ਪਦਵੀ ਦੀ ਸ਼ਾਨ' ਉੱਚੀ ਹੋ ਜਾਂਦੀ ਹੈ ? ਇਹ ਸਾਰਾ ਪੈਰਾ ਘਟੀਆ ਖ਼ੁਸ਼ਾਮਦ ਨਾਲ ਭਰਿਆ ਹੋਇਆ ਹੈ।

ਕਿਉਂਕਿ ਰਛਪਾਲ ਸਿੰਘ ਪਹਿਲੋਂ ਵੀ ਕਈ ਵਾਰ ਬਾਗ਼ੀ ਹੋ ਚੁੱਕਾ ਸੀ, ਇਸ ਕਰ ਕੇ (ਭਾਈ) ਰਣਜੀਤ ਸਿੰਘ ਨੇ ਉਸ ਦੀ ਚਿੱਠੀ 'ਤੇ ਗ਼ੌਰ ਨਾ ਕੀਤਾ। ਹੁਣ ਉਸ ਨੇ ਵਿਚੋਲਿਆਂ ਰਾਹੀਂ ਵੀ ਤੇ ਆਪ ਵੀ (ਭਾਈ) ਰਣਜੀਤ ਸਿੰਘ ਨੂੰ ਅਪੀਲ ਕੀਤੀ ਕਿ ਉਸ ਦੀ ਦਰਖ਼ਾਸਤ 'ਤੇ ਵਿਚਾਰ ਕੀਤਾ ਜਾਵੇ। ਉਸ ਨੂੰ 22 ਅਪਰੈਲ ਦੇ ਦਿਨ 'ਤਲਬ' ਕਰ ਲਿਆ ਗਿਆ। ਉਸ ਨੇ ਅਕਾਲ ਤਖ਼ਤ ਸਾਹਿਬ 'ਤੇ ਆਪ ਹਾਜ਼ਿਰ ਹੋ ਕੇ 'ਇਕ ਹੋਰ ਮੁਆਫ਼ੀਨਾਮਾ' ਲਿਖ ਕੇ ਪੇਸ਼ ਕੀਤਾ, ਜੋ ਇੰਞ ਸੀ :

ਪਰਮ ਸਤਿਕਾਰਯੋਗ ਪਰਮ ਕਿਰਪਾਲੂ ਸਿੰਘ ਸਾਹਿਬ ਜੀ,
ਜਥੇਦਾਰ ਅਕਾਲ ਤਖ਼ਤ ਸਾਹਿਬ ਜੀ, ਅੰਮ੍ਰਿਤਸਰ,
ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀਓ,

ਬੇਨਤੀ ਹੈ ਕਿ ਆਪ ਜੀ ਦਾ ਹੁਕਮਨਾਮਾ ਮਿਲਿਆ, ਜਿਸ ਵਿਚ ਆਪ ਜੀ ਨੇ ਦਾਸ ਨੂੰ 22 ਅਪਰੈਲ ਨੂੰ 11 ਵਜੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਲਈ ਫ਼ੁਰਮਾਇਆ ਹੈ ਕਿ ਜੋ ਤੁਹਾਨੂੰ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਮਿਲੀ ਉਹ ਅਧੂਰੀ ਕਿਉਂ ਛੱਡੀ।

ਸ੍ਰੀਮਾਨ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਆਪ ਜੀ ਦੇ ਹੁਕਮ ਅਨੁਸਾਰ ਅੱਜ 22-4-1997 ਦਿਨ ਮੰਗਲਵਾਰ ਸਵੇਰੇ 11 ਵਜੇ ਦਾਸ ਸਿੱਖ ਪੰਥ ਦੀ ਸਰਬ-ਉੱਚ ਅਦਾਲਤ ਸਾਹਮਣੇ ਹਾਜ਼ਿਰ ਹੋਇਆ ਹੈ।

ਆਪ ਜੀ ਜੈਸੇ ਸੂਝਵਾਨ, ਬੁੱਧੀਮਾਨ, ਹਰ ਪ੍ਰਕਾਰ ਦਾ ਗਿਆਨ ਤੇ ਸੋਝੀ ਰੱਖਣ ਵਾਲੇ ਅਤੇ ਦਸਮੇਸ਼ ਪਿਤਾ ਜੀ ਦੇ ਗੁਰਸਿੱਖ ਕੁਰਬਾਨੀ ਦੇ ਪੁੰਜ ਨੂੰ ਸੇਵਕ ਕਿਤੇ ਸਪੱਸ਼ਟੀਕਰਨ ਦੇਣ ਦੀ ਜੁਰਅਤ ਕਰ ਸਕਦਾ ਹੈ ? ਮੈਂ ਪਹਿਲਾਂ ਵੀ ਭੁੱਲਣਹਾਰ ਸਾਂ ਤੇ ਹੁਣ ਵੀ ਭੁੱਲਣਹਾਰ ਹਾਂ, ਆਪ ਜੀ ਦੇ ਹੁਕਮ ਦਾ ਸਤਿਕਾਰ ਸਹਿਤ ਆਦਰ ਕਰਦਾ ਹਾਂ।

ਹੁਣ ਮੇਰਾ ਸਪੱਸ਼ਟੀਕਰਨ ਇਹੀ ਹੈ ਕਿ ਮੈਂ ਭੁੱਲਣਹਾਰ ਸਾਂ ਤੇ ਭੁੱਲਣਹਾਰ ਹਾਂ। ਆਪ ਜੀ ਇਨਸਾਫ਼ ਲਈ ਬੈਠੇ ਹੋ ਅਤੇ ਬਖ਼ਸ਼ਣਹਾਰ ਦੀ ਪੋਜ਼ੀਸ਼ਨ ਵਿਚ ਹੋ, ਇਸ ਲਈ ਮੁਆਫ਼ੀ ਦੀ ਬਖ਼ਸ਼ਿਸ਼ ਦਿਓ।

ਗੁਰੂ ਪੰਥ ਦਾ ਦਾਸ,
ਰਛਪਾਲ ਸਿੰਘ

ਰਛਪਾਲ ਸਿੰਘ ਨੂੰ ਅਜੇ ਵੀ (ਭਾਈ) ਰਣਜੀਤ ਸਿੰਘ ਨੇ ਨਜ਼ਰ-ਅੰਦਾਜ਼ ਕਰੀ ਰੱਖਿਆ। ਉਸ ਨੂੰ ਕੋਈ 'ਫ਼ੈਸਲਾ' ਨਾ ਦਿੱਤਾ ਗਿਆ। ਅਖ਼ੀਰ 13 ਮਈ 1997 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਰਛਪਾਲ ਸਿੰਘ ਦੀ 22 ਅਪਰੈਲ ਦੀ ਚਿੱਠੀ ਦਾ ਜਵਾਬ ਦੇ ਕੇ ਪਹਿਲੋਂ ਪਿਛਲੀ ਤਨਖ਼ਾਹ ਪੂਰੀ ਕਰਨ ਤੇ ਫਿਰ ਪੇਸ਼ ਹੋਣ ਵਾਸਤੇ ਹਿਦਾਇਤ ਕੀਤੀ। (ਭਾਈ) ਰਣਜੀਤ ਸਿੰਘ ਵੱਲੋਂ ਲਿਖਿਆ ਜਵਾਬ ਇੰਞ ਸੀ :

13 ਮਈ 1997

ਰਛਪਾਲ ਸਿੰਘ ਤੁਸੀਂ ਮਿਤੀ 22-4-1997 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਪਿਛਲੀਆਂ ਭੁੱਲਾਂ ਦੀ ਮੁਆਫ਼ੀ ਲਈ ਬੇਨਤੀ ਪੱਤਰ ਭੇਜਿਆ ਸੀ।

ਤੁਹਾਨੂੰ ਆਦੇਸ਼ ਹੈ ਕਿ ਇਸ ਤੋਂ ਪਹਿਲਾਂ ਕਿ ਤੁਹਾਡੀ ਇਸ ਪੱਤ੍ਰਿਕਾ ਤੇ ਅਗਲੀ ਵਿਚਾਰ ਕੀਤੀ ਜਾਵੇ, ਪਹਿਲਾਂ ਮਿਤੀ 24-5-1994 ਨੂੰ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸੁਣਾਈ ਗਈ ਤਨਖ਼ਾਹ ਪੂਰੀ ਕੀਤੀ ਜਾਵੇ। ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਦੋਬਾਰਾ ਬੇਨਤੀ ਪੱਤਰ ਲੈ ਕੇ ਹਾਜ਼ਿਰ ਹੋਵੇ।

ਦਸਤਖ਼ਤ : ਰਣਜੀਤ ਸਿੰਘ

ਰਛਪਾਲ ਸਿੰਘ ਨੇ 1994 ਵਾਲੀ ਤਨਖ਼ਾਹ 3 ਜੂਨ 1997 ਤਕ 'ਪੂਰੀ ਕਰ ਲੈਣ' ਦਾ ਦਾਅਵਾ ਕੀਤਾ ਤੇ ਇਸ ਮਗਰੋਂ (ਭਾਈ) ਰਣਜੀਤ ਸਿੰਘ ਨੂੰ ਹੇਠ ਲਿਖੀ ਚਿੱਠੀ ਲਿਖੀ:

ਪਰਮ ਸਤਿਕਾਰਯੋਗ,
ਪਰਮ ਕਿਰਪਾਲੂ ਸਿੰਘ ਸਾਹਿਬਾਨ ਜੀਓ,
ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀਮਾਨ ਜੀਓ,

ਬੇਨਤੀ ਹੈ ਕਿ 13 ਮਈ 1997 ਨੂੰ ਆਪ ਜੀ ਵੱਲੋਂ ਜੋ ਹੁਕਮ ਹੋਇਆ ਸੀ ਕਿ ਮੈਂ 24-5-1994 ਨੂੰ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸੁਣਾਈ ਗਈ ਤਨਖ਼ਾਹ ਪਹਿਲਾਂ ਪੂਰੀ ਕਰਾਂ। ਉਸ ਅਨੁਸਾਰ ਅਕਾਲ ਪੁਰਖ ਦੀ ਮਿਹਰ ਤੇ ਸਤਿਗੁਰਾਂ ਦੀ ਬਖ਼ਸ਼ਿਸ਼ ਸਦਕੇ ਅੱਜ ਮਿਤੀ 3-6-1997 ਨੂੰ ਸੁਣਾਈ ਗਈ ਤਨਖ਼ਾਹ ਮੁਕੰਮਲ ਕਰ ਲਈ ਹੈ।

ਜੇ ਪਿਛਲੇ ਸਮੇਂ ਦੌਰਾਨ ਜਾਣੇ-ਅਣਜਾਣੇ ਵਿਚ ਮੇਰੇ ਪਾਸੋਂ ਭੁੱਲਾਂ ਹੋਈਆਂ ਹਨ ਤਾਂ ਗੁਰੂ ਪੰਥ ਪਾਸੋਂ ਉਸ ਦੀ ਮੁਆਫ਼ੀ ਮੰਗਦਾ ਹਾਂ, ਆਸ ਹੈ ਕਿ ਆਪ ਮੁਆਫ਼ ਕਰੋਗੇ।

ਗੁਰੂ ਪੰਥ ਦਾ ਦਾਸ,
ਰਛਪਾਲ ਸਿੰਘ
ਦਿੱਲੀ (ਹਾਲ 'ਜੰਮੂ ਕਸ਼ਮੀਰ ਹਾਊਸ', ਕੋਰਟ ਰੋਡ, ਅੰਮ੍ਰਿਤਸਰ)

(ਭਾਈ) ਰਣਜੀਤ ਸਿੰਘ ਨੇ ਰਛਪਾਲ ਸਿੰਘ ਦਾ ਮਾਮਲਾ ਅਜੇ ਵੀ ਲਟਕਾਈ ਰੱਖਿਆ। ਜੋ ਸ਼ਖ਼ਸ ਵਾਰ ਵਾਰ ਬਾਗ਼ੀ ਹੋ ਜਾਂਦਾ ਸੀ, ਉਸ ਨੂੰ ਤਕਰੀਬਨ ਦੋ ਹਫ਼ਤੇ ਹੋਰ ਇੰਤਜ਼ਾਰ ਕਰਨੀ ਪਈ। ਅਖ਼ੀਰ 16 ਜੂਨ 1997 ਦੇ ਦਿਨ (ਭਾਈ) ਰਣਜੀਤ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਨੇ ਰਛਪਾਲ ਸਿੰਘ ਨੂੰ (**ਚੌਥੀ ਵਾਰ**) 'ਤਨਖ਼ਾਹ' ਲਾਈ। ਇਹ ਤਨਖ਼ਾਹ ਇੰਞ ਸੀ (ਤੇ ਇਸ ਨੂੰ 'ਗੁਰਮਤਾ' ਕਿਹਾ ਗਿਆ ਸੀ):

16 ਜੂਨ 1997

ਗੁਰਮਤਾ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸ: ਰਛਪਾਲ ਸਿੰਘ ਤੁਸੀਂ ਪਿਛਲੇ ਸਮੇਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਹੁਕਮ-ਅਦੂਲੀ ਦੀ ਮਨਮਤੀ ਕਾਰਵਾਈ ਕੀਤੀ, ਜਿਸ 'ਤੇ ਤੁਹਾਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ। ਫਿਰ ਦੋਬਾਰਾ ਤੁਹਾਡੇ ਵੱਲੋਂ ਅਕਾਲ ਤਖ਼ਤ ਸਾਹਿਬ ਵਿਖੇ ਬੇਨਤੀ ਪੱਤਰ ਦਿੱਤਾ ਗਿਆ ਕਿ ਮੈਨੂੰ ਮੇਰੀਆਂ ਭੁੱਲਾਂ ਲਈ ਖਿਮਾ ਦੇ ਕੇ ਪੰਥ ਵਿਚ ਸ਼ਾਮਿਲ ਕੀਤਾ ਜਾਵੇ। ਤੁਹਾਡੇ ਬੇਨਤੀ ਪੱਤਰ ਅਤੇ ਨਿਮਰਤਾ ਸਹਿਤ ਆਤਮ ਸਮਰਪਣ ਨੂੰ ਧਿਆਨ ਵਿਚ ਰਖਦਿਆਂ ਸਿੰਘ ਸਾਹਿਬ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਗਈ ਹੈ;

ਤੁਸੀਂ ਇਕ ਹਫ਼ਤੇ ਲਈ ਹਰਿਮੰਦਰ ਸਾਹਿਬ ਵਿਖੇ ਇਕ ਘੰਟੇ ਲਈ ਕੀਰਤਨ ਸੁਣਨਾ ਹੈ।

ਇਕ ਘੰਟੇ ਲਈ ਸੰਗਤਾਂ ਦੇ ਜੋੜੇ ਝਾੜਨੇ ਹਨ।

ਇਕ ਘੰਟੇ ਲਈ ਲੰਗਰ ਦੇ ਜੂਠੇ ਭਾਂਡੇ ਮਾਂਜਣੇ ਹਨ।

ਉਪਰੰਤ 31000/- ਰੁਪਏ ਦੀ ਦੇਗ ਦੀ ਮਾਇਆ ਅਕਾਲ ਤਖ਼ਤ ਸਾਹਿਬ ਵਿਖੇ ਜਮ੍ਹਾਂ ਕਰਵਾ ਕੇ ਆਪਣੀਆਂ ਭੁੱਲਾਂ ਦੀ ਖਿਮਾ ਜਾਚਨਾ ਲਈ ਅਰਦਾਸ ਕਰਵਾਉਣੀ ਹੈ।

ਦਸਤਖ਼ਤ: ਰਣਜੀਤ ਸਿੰਘ ਤੇ ਬਾਕੀ ਸਿੰਘ ਸਾਹਿਬਾਨ

ਰਣਜੀਤ ਸਿੰਘ ਦੇ ਅਹਿਦ ਦੇ ਕੁਝ ਹੋਰ ਫ਼ੈਸਲੇ/ਹੁਕਮਨਾਮੇ

ਮੈਰਿਜ ਪੈਲਸ 'ਚ ਗੁਰੂ ਗ੍ਰੰਥ ਸਾਹਿਬ ਲਿਜਾਣ ਦੀ ਕੁਤਾਹੀ ਬਾਰੇ

ਨੰ: 969/AT/98 ਮਿਤੀ : 17-8-1998

ਹੁਕਮਨਾਮਾ

ਅੱਜ ਮਿਤੀ 17-8-98 ਨੂੰ ਪਵਿੱਤਰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਹਰਭਜਨ ਸਿੰਘ ਚੇਅਰਮੈਨ ਵਿਸ਼ਵ ਸਿੱਖ ਕੌਂਸਲ ਦਿੱਲੀ ਖੇਤਰ ਵਲੋਂ ਮੈਰਿਜ ਪੈਲਸਾਂ ਅਤੇ ਹੋਟਲਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਕਰਨ ਸਬੰਧੀ ਜਾਰੀ ਹੋਏ ਹੁਕਮਨਾਮੇ ਦੀ ਉਲੰਘਣਾ ਸਬੰਧੀ ਆਈ ਸ਼ਿਕਾਇਤ 'ਤੇ ਵਿਚਾਰ ਹੋਈ। ਉਪਰੰਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਭੂਪਿੰਦਰ ਸਿੰਘ ਅਸਿਸਟੈਂਟ ਸੁਪ੍ਰਿੰਟੈਂਡੈਂਟ ਨੂੰ ਦੋਸ਼ੀ ਪਾਇਆ ਗਿਆ। ਉਨ੍ਹਾਂ ਨੇ ਆਪ ਵੀ (ਭੂਪਿੰਦਰ ਸਿੰਘ) ਇਹ ਗ਼ਲਤੀ ਸਵੀਕਾਰ ਕੀਤੀ। ਪ੍ਰਵਾਨ ਹੋਇਆ ਕਿ ਭੂਪਿੰਦਰ ਸਿੰਘ ਇਕ ਘੰਟਾ ਗੁਰੂ ਘਰ ਦੇ ਲੰਗਰ ਵਿਚ ਜੂਠੇ ਬਰਤਨ ਸਾਫ਼ ਕਰ ਕੇ 101/- ਰੁਪਏ ਦੀ ਪਵਿੱਤਰ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾਉਣ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਪਿਆਰਾ ਸਿੰਹ ਭਨਿਆਰਾ ਬਾਰੇ 'ਹੁਕਮਨਾਮਾ'

ਮਿਤੀ : 17-8-1998

ਭਨਿਆਰੇ ਵਾਲੇ ਪਿਆਰਾ ਸਿੰਹ ਵਿਰੁੱਧ ਹੁਕਮਨਾਮਾ

ਅੱਜ ਮਿਤੀ 17-8-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪਿਆਰਾ ਸਿੰਘ ਭਨਿਆਰਾ ਵਾਲਾ ਜੋ ਆਪਣੇ ਆਪ ਨੂੰ ਸਰਬ-ਸ਼ਕਤੀਮਾਨ, ਧੰਨ ਧੰਨ ਸਤਿਗੁਰੂ ਪਿਆਰਾ ਸਿੰਘ ਜੀ ਲਿਖਦਾ ਹੈ ਤੇ ਕਲਗੀਆਂ ਵਾਲਾ ਵੀ ਅਖਵਾਉਂਦਾ ਹੈ, ਦੇ ਖ਼ਿਲਾਫ਼ ਆਈ ਸ਼ਿਕਾਇਤ 'ਤੇ ਵਿਚਾਰ ਹੋਈ। ਇਸ ਪਿਆਰਾ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਵੀ ਕਿਹਾ ਗਿਆ ਸੀ ਪਰ ਉਸ ਨੇ ਨਜ਼ਰ-ਅੰਦਾਜ਼ ਕਰ ਦਿੱਤਾ ਹੈ। ਉਪਰੰਤ ਇਹ ਫ਼ੈਸਲਾ ਲਿਆ ਗਿਆ ਹੈ ਕਿ ਇਸ ਪਾਖੰਡੀ ਸਾਧ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ ਜਾਂਦਾ ਹੈ। ਸਿੱਖ ਸੰਗਤਾਂ ਨੂੰ ਇਹ ਅਪੀਲ ਹੈ ਕਿ ਇਸ ਪਾਖੰਡੀ ਸਾਧ ਦੇ ਡੇਰੇ 'ਤੇ ਕੋਈ ਨਾ ਜਾਵੇ। ਇਸ ਨਾਲ ਕਿਸੇ ਕਿਸਮ ਦਾ ਵਰਤੋਂ ਵਿਹਾਰ ਨਾ ਰੱਖਿਆ ਜਾਵੇ ਤੇ ਇਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾਵੇ। ਇਸ ਤੋਂ ਇਲਾਵਾ ਇਲਾਕੇ ਦੀਆਂ ਸਿੱਖ ਸੰਗਤਾਂ ਪੁਲੀਸ ਤੇ ਪ੍ਰਸ਼ਾਸਨ ਨੂੰ ਇਹ ਯਾਦ ਕਰਵਾਉਣ ਕਿ ਤੁਹਾਡੇ ਵੱਲੋਂ ਮਿਲੀ ਸੁਰੱਖਿਆ ਛਤਰੀ ਦਾ ਇਹ ਗ਼ਲਤ ਇਸਤੇਮਾਲ ਕਰ ਰਿਹਾ ਹੈ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

'ਕੱਚੀ ਬਾਣੀ' ਪੜ੍ਹਣ ਬਾਰੇ 'ਹੁਕਮਨਾਮਾ'

ਮਿਤੀ : 27-8-1998

ਹੁਕਮਨਾਮਾ

ਅੱਜ ਮਿਤੀ 27-8-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ

ਦੀ ਇਕੱਤਰਤਾ ਹੋਈ, ਜਿਸ ਵਿਚ ਰਾਗੀ ਸਿੰਘਾਂ ਵੱਲੋਂ ਕੱਚੀ ਬਾਣੀ ਪੜ੍ਹਨ ਅਤੇ ਹੋਰ ਸ਼ਿਕਾਇਤਾਂ 'ਤੇ ਵਿਚਾਰ ਹੋਈ। ਇਸ ਇਕੱਤਰਤਾ ਵਿਚ ਵੱਡੀ ਗਿਣਤੀ ਵਿਚ ਰਾਗੀ ਸਿੰਘਾਂ ਨੇ ਆਪ ਵੀ ਮਹਿਸੂਸ ਕੀਤਾ ਤੇ ਅਕਾਲ ਤਖ਼ਤ ਸਾਹਿਬ ਤੇ ਇਹ ਪ੍ਰਣ ਪੱਤਰ ਲਿਖ ਕੇ ਦਿੱਤਾ ਕਿ ਅੱਗੇ ਵਾਸਤੇ :

1. ਅਸੀਂ ਪਾਵਨ ਅਕਾਲ ਤਖ਼ਤ ਸਾਹਿਬ ਉੱਤੇ ਪ੍ਰਣ ਕਰਦੇ ਹਾਂ ਕਿ ਅਸੀਂ ਪੂਰਨ ਤੌਰ 'ਤੇ ਅੰਮ੍ਰਿਤਧਾਰੀ ਅਤੇ ਬਾਣੀ-ਬਾਣੇ ਵਿਚ ਪ੍ਰਪੱਕ ਹੋਵਾਂਗੇ।
2. ਅਸੀਂ ਗੁਰ-ਮਰਿਆਦਾ ਅਨੁਸਾਰ ਕੀਰਤਨ ਕਰਦਿਆਂ ਕੱਚੀ ਬਾਣੀ ਅਤੇ ਫ਼ਿਲਮੀ ਟਿਊਨਾਂ ਵਿਚ ਕੀਰਤਨ ਨਹੀਂ ਕਰਾਂਗੇ। ਬਾਣੀ ਦੀ ਸ਼ੁਧਤਾ ਦਾ ਪੂਰਾ-ਪੂਰਾ ਧਿਆਨ ਰੱਖਾਂਗੇ।
3. ਸ਼ਬਦ ਦੀ ਵਿਆਖਿਆ (ਕੀਰਤਨ ਕਰਦੇ ਸਮੇਂ) ਸ਼ਬਦ ਤੋਂ ਬਾਹਰ ਜਾ ਕੇ ਨਹੀਂ ਕਰਾਂਗੇ।
4. ਕੀਰਤਨ ਕਰਦੇ ਸਮੇਂ ਪ੍ਰਮਾਣ ਗੁਰ-ਇਤਿਹਾਸ, ਸਿੱਖ ਇਤਿਹਾਸ ਵਿਚ ਹੀ ਦੇਵਾਂਗੇ।
5. ਅਸੀਂ ਪਵਿੱਤਰ ਅਕਾਲ ਤਖ਼ਤ ਸਾਹਿਬ ਉੱਤੇ ਇਹ ਵੀ ਪ੍ਰਣ ਕਰਦੇ ਹਾਂ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਬਿਨਾਂ ਭੇਟਾ ਕੀਰਤਨ ਕਰਨ ਦੀ ਸਾਨੂੰ ਆਗਿਆ ਹੋਵੇਗੀ, ਅਸੀਂ ਉਹ ਵੀ ਕਰਾਂਗੇ।

ਉਪਰੰਤ ਇਹ ਵੀ ਪ੍ਰਵਾਨ ਹੋਇਆ ਕਿ ਅਕਾਲ ਤਖ਼ਤ ਸਾਹਿਬ 'ਤੇ ਆਏ ਸਮੂੰਹ ਰਾਗੀ ਸਿੰਘਾਂ ਨੂੰ ਇਕ ਘੰਟੇ ਵਾਸਤੇ ਗੁਰੂ ਰਾਮਦਾਸ ਸਾਹਿਬ ਜੀ ਦੀ ਪਰਕਰਮਾ ਵਿਚ ਇਸ਼ਨਾਨ ਦੀ ਸੇਵਾ ਅਤੇ 2100/- ਰੁਪਏ ਅਕਾਲ ਤਖ਼ਤ ਸਾਹਿਬ 'ਤੇ, 2100/- ਰੁਪਏ ਹਰਿਮੰਦਰ ਸਾਹਿਬ, 2100-/ ਰੁਪਏ ਗੁਰੂ ਰਾਮਦਾਸ ਲੰਗਰ ਅਤੇ 101-/ ਰੁਪਏ ਦੀ ਅਕਾਲ ਤਖ਼ਤ ਸਾਹਿਬ 'ਤੇ ਦੇਗ ਕਰਵਾ ਕੇ ਅਰਦਾਸ ਕਰਵਾਉਣ ਲਈ ਕਿਹਾ ਜਾਵੇ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਕੈਨੇਡਾ ਦੇ ਪ੍ਰੀਤ ਸਿੰਘ ਸੰਧੂ ਨੂੰ ਪੰਥ 'ਚੋਂ 'ਖ਼ਾਰਿਜ' ਕਰਨਾ

ਨੰ: 1096/AT/98 ਮਿਤੀ : 14-9-1998

ਹੁਕਮਨਾਮਾ

ਅੱਜ ਮਿਤੀ 14-9-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਪ੍ਰੀਤ ਸਿੰਘ ਸੰਧੂ, ਕੈਨੇਡਾ ਨਿਵਾਸੀ (ਜਿਸ ਨੇ ਹੁਕਮਨਾਮੇ ਨੂੰ ਮੰਨਣ ਵਾਲੀ ਸਮੁੱਚੀ ਸਿੱਖ ਸੰਗਤ ਨੂੰ ਪਸ਼ੂ ਬਿਰਤੀ ਵਾਲੀ, ਅਬਦਾਲੀ ਦੀ ਔਲਾਦ, ਕਹਿਣ ਕਾਰਨ) ਮਿਤੀ 17-8-98 ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ, ਦਾ ਮਾਮਲਾ ਵਿਚਾਰਿਆ ਗਿਆ। ਉਪਰੰਤ ਸਿੱਖ ਪੰਥ ਦੋਖੀ ਨੂੰ ਹੁਕਮਨਾਮੇ ਦਾ ਵਿਰੋਧ ਤੇ ਗੁਰੂ ਰੂਪ ਸਿੱਖ ਸੰਗਤ ਨੂੰ ਅਪਸ਼ਬਦ ਬੋਲਣ ਕਰਕੇ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ। ਸਮੂਹ ਗੁਰੂ ਰੂਪ ਸੰਗਤ ਨੂੰ ਪੰਜ ਸਿੱਖ ਸਾਹਿਬਾਨ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਪੰਥ ਦੋਖੀ ਨੂੰ ਕੋਈ ਮੂੰਹ ਨਾ ਲਗਾਵੇ। ਇਸ ਦਾ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਵਿਵਹਾਰਿਕ ਬਾਈਕਾਟ ਕੀਤਾ ਜਾਵੇ। ਇਸ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖੀ ਜਾਵੇ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਸੇਵਾ ਸਿੰਘ ਪਿਹੋਵਾ ਨੂੰ 'ਤਨਖ਼ਾਹੀਆ' ਕਰਾਰ ਦੇਣਾ

ਨੰ: 1572/AT/98 ਮਿਤੀ : 28-11-1998

ਹੁਕਮਨਾਮਾ

ਅੱਜ ਮਿਤੀ 28-11-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਭਾਈ ਸੇਵਾ ਸਿੰਘ ਪਿਹੋਵਾ ਦੀਆਂ ਮਨਮਤੀ ਕਾਰਵਾਈਆਂ 'ਤੇ ਪੰਜ ਸਿੰਘ ਸਾਹਿਬਾਨ ਵਲੋਂ ਵਿਚਾਰ ਕੀਤੀ ਗਈ। (ਜਿਸ ਨੂੰ ਕਿ ਤਿੰਨ ਦਫ਼ਾ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਸਪੱਸ਼ਟੀਕਰਨ ਦੇਣ ਦਾ ਮੌਕਾ ਦਿੱਤਾ ਗਿਆ ਸੀ) ਉਪਰੰਤ ਪ੍ਰਵਾਨ ਹੋਇਆ ਕਿ ਸੇਵਾ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਜਾਵੇ ਤੇ ਫੇਰ ਇਕ ਦਫ਼ਾ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਦਾ ਮੌਕਾ ਦਿੱਤਾ ਜਾਵੇ। ਸੇਵਾ ਸਿੰਘ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਆਪਣਾ ਸਪੱਸ਼ਟੀਕਰਨ ਦੇਣ ਅਤੇ ਤਨਖ਼ਾਹ ਲਵਾਉਣ ਦਾ ਆਦੇਸ਼ ਦਿੱਤਾ ਜਾਂਦਾ ਹੈ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਮਹਿੰਦਰ ਸਿੰਘ ਐਸ.ਡੀ.ਓ. ਨੂੰ ਪੰਥ 'ਚੋਂ 'ਖ਼ਾਰਿਜ' ਕਰਨਾ

ਨੰ: 1573/AT/98 ਮਿਤੀ : 28-11-1998

ਹੁਕਮਨਾਮਾ

ਅੱਜ ਮਿਤੀ 28-11-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਮਹਿੰਦਰ ਸਿੰਘ ਐਸ.ਡੀ.ਓ., ਜਿਸ ਨੂੰ ਕਿ ਮਿਤੀ 24-10-98 ਨੂੰ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਕਾਰਨ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ। ਨਾਲ ਹੀ ਮਹਿੰਦਰ ਸਿੰਘ ਐਸ.ਡੀ.ਓ. ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ ਕਿ ਉਹ ਆਪਣਾ ਸਪੱਸ਼ਟੀਕਰਨ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਦੇਵੇ, ਪਰ :

1. ਮਹਿੰਦਰ ਸਿੰਘ ਐਸ.ਡੀ.ਓ. ਵੱਲੋਂ ਕੋਈ ਸਪੱਸ਼ਟੀਕਰਨ ਨਾ ਦੇਣ ਕਾਰਨ;
2. ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਨੂੰ ਅਣਗੌਲਿਆ ਕਰਨ ਕਾਰਨ;
3. ਅੰਮ੍ਰਿਤ ਸੰਚਾਰ ਦੀ ਵਿਧੀ ਬਦਲ ਦੇਣ ਕਾਰਨ;
4. ਪੰਥ ਵਿਚ ਪ੍ਰਚਲਤ ਸ਼ਬਦਾਂ ਦਾ ਸਰੂਪ ਵਿਗਾੜਨ ਕਾਰਨ;
5. ਗੁਰੂ ਗ੍ਰੰਥ ਸਾਹਿਬ, ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਪ੍ਰਤੀ ਅਪਮਾਨਜਨਕ ਸ਼ਬਦ ਵਰਤਣ ਕਾਰਨ;
6. ਰਹਿਤਵਾਨ ਸਿੱਖ ਅਤੇ ਕਕਾਰਾਂ ਬਾਰੇ ਅਪਮਾਨਜਨਕ ਸ਼ਬਦ ਵਰਤਣ ਕਾਰਨ।

ਮਹਿੰਦਰ ਸਿੰਘ ਐਸ.ਡੀ.ਓ. ਨੂੰ ਪੰਥ ਵਿਚੋਂ ਛੇਕਿਆ ਜਾਂਦਾ ਹੈ।

ਸਮੂੰਹ ਸਾਧ ਸੰਗਤ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼ ਹੈ ਕਿ ਕੋਈ ਸਿੱਖ ਮਹਿੰਦਰ ਸਿੰਘ ਐਸ.ਡੀ.ਓ. ਨਾਲ ਰੋਟੀ-ਬੇਟੀ ਦਾ ਨਾਤਾ ਨਾ ਰੱਖੇ। ਉਸ ਦਾ ਸਮਾਜਿਕ ਬਾਈਕਾਟ ਕਰਨ ਜਦੋਂ ਤਕ ਉਹ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਆਪਣੀ ਭੁੱਲ ਨਹੀਂ ਬਖ਼ਸ਼ਾ ਲੈਂਦਾ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਮੈਰਿਜ ਪੈਲਸਾਂ ਸਬੰਧੀ ਚਾਰ ਹੋਰਾਂ ਨੂੰ 'ਤਨਖ਼ਾਹ' ਲਾਉਣਾ

ਮਿਤੀ : 26-7-1998

1. ਭਾਈ ਜੋਗਿੰਦਰ ਸਿੰਘ
2. ਭਾਈ ਗੁਰਮੇਜ ਸਿੰਘ
3. ਭਾਈ ਦਰਬਾਰਾ ਸਿੰਘ
4. ਭਾਈ ਲਖਵਿੰਦਰ ਸਿੰਘ

ਤੁਸੀਂ ਪਿਛਲੇ ਦਿਨੀਂ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਦਿਆਂ ਪੈਲਸਾਂ ਅਤੇ ਹੋਟਲਾਂ ਵਿਚ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਜਾਂ ਕੀਰਤਨ, ਕਥਾ ਤੇ ਪਾਠ ਕੀਤਾ। ਇਸ ਸਬੰਧੀ ਤੁਹਾਨੂੰ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ।

ਅੱਜ ਮਿਤੀ 26 ਜੁਲਾਈ 1998 ਨੂੰ ਆਪ ਸਾਰਿਆਂ (ਚੌਹਾਂ) ਨੇ ਹੀ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਆਪਣੀ ਭੁੱਲ ਨੂੰ ਸਵੀਕਾਰ ਕੀਤਾ ਹੈ। ਇਸ ਭੁੱਲ ਕਾਰਨ ਤੁਹਾਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਪੰਦਰਾਂ ਦਿਨ ਲਈ ਇਕ ਘੰਟਾ ਸੰਗਤ ਦੇ ਜੋੜਿਆਂ ਦੀ ਸੇਵਾ ਕਰਨੀ ਹੈ।
2. ਪੰਦਰਾਂ ਦਿਨ ਲਈ ਇਕ ਘੰਟਾ ਸੰਗਤ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਨੀ ਹੈ।
3. ਪੰਦਰਾਂ ਦਿਨ ਲਈ ਇਕ ਘੰਟਾ ਗੁਰੂ ਘਰ ਵਿਚ ਝਾੜੂ ਦੇਣ ਲਈ ਸੇਵਾ ਕਰਨੀ ਹੈ।

ਸੇਵਾ ਪੂਰੀ ਕਰਨ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਆਪਣੀ ਖਿਮਾ ਯਾਚਨਾ ਦੀ ਅਰਦਾਸ ਕਰਾਉਣੀ ਹੈ।

(ਨੋਟ: ਇਸ ਪੰਦਰਾਂ ਦਿਨ ਦੇ ਸਮੇਂ ਦੌਰਾਨ ਕਿਸੇ ਵੀ ਧਾਰਮਿਕ ਸੇਵਾ ਜਿਵੇਂ ਕਥਾ, ਕੀਰਤਨ, ਪਾਠ, ਅਰਦਾਸ ਆਦਿ ਨੂੰ ਬਤੌਰ ਧਾਰਮਿਕ ਸੇਵਾਦਾਰ ਸੇਵਾ ਨਹੀਂ ਨਿਭਾਉਣੀ।)

ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰਗਟ ਕਰਨ ਦਾ ਡਰਾਮਾ

16-17 ਫ਼ਰਵਰੀ 1997 ਦੇ ਦਿਨ ਅਨੰਦਪੁਰ ਸਾਹਿਬ ਵਿਚ ਇਕ ਅਪਾਹਜ ਕਿਸਮ ਦੇ ਬਹੁਤ ਬਜ਼ੁਰਗ ਸਾਧ ਕਰਤਾਰ ਸਿੰਘ ਭੈਰੋ ਮਾਜਰਾ ਨੂੰ ਗੁਰੂ ਗੋਬਿੰਦ ਸਿੰਘ ਵਜੋਂ ਪ੍ਰਗਟ ਕਰਨ ਦਾ ਡਰਾਮਾ ਇਕ ਮਾਨਸਿਕ ਰੋਗੀ ਜਸਜੀਤ ਸਿੰਘ (ਪਿੰਡ ਧੀਰੋ ਮਾਜਰਾ, ਸੰਗਰੂਰ) ਨੇ ਕੀਤਾ। ਇਸ ਸਬੰਧੀ ਉਸ ਵੱਲੋਂ ਛਾਪਿਆ ਗਿਆ ਇਸ਼ਤਿਹਾਰ ਇੰਞ ਸੀ :

ਲੱਖ ਖ਼ੁਸ਼ੀਆਂ ਹੋਈਆਂ ਨੇ,
ਪਰਗਟ ਹੋਗੇ, ਪਰਗਟ ਹੋਗੇ ॥
'ਹਰਿ ਜੂ ਹਰਿਮੰਦਰ ਆਵਹਿਗੇ'

ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਸੋਢੀ
290 ਸਾਲ ਅਲੋਪ ਰਹਿਣ ਤੋਂ ਬਾਅਦ
ਸਤਿਗੁਰੂ ਸੰਤ ਕਰਤਾਰ ਸਿੰਘ ਜੀ ਸੋਢੀ ਦੇ ਰੂਪ ਵਿਚ
ਧੀਰਪੁਰ ਸਾਹਿਬ ਵਿਖੇ ਪ੍ਰਗਟ ਹੋਏ

ਰੁਕਨਦੀਨ ਕਰਨੀਨਾਮਾ ਗੁਰੂ ਨਾਨਕ ਦੇਵ ਜੀ ਦੇ ਭਵਿਖਤ ਬਚਨ
'ਦਸਵਾਂ ਜਾਮਾ ਪਹਿਨ ਕਰ ਬੈਠੂ ਪੁਰ ਕਰਤਾਰ"
ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸੋਢੀ ਦੇ ਭਵਿਖਤ ਬਚਨ
"ਉਦੇ ਅਸਤ ਹਮ ਹੈ ਔਰ ਨਾ ਰਹਿਸੀ ਕੋਇ॥"

ਵਿਜੈ ਛੰਦ

ਲੋਕ ਲੂਟ ਲਿਆਉ, ਪਲੰਕ ਪੇਸ ਪਾਨਾ ਚਲਾਉ॥
ਨਰਦ ਗਰਦ ਸੇ ਮਿਲਾਉ, ਜੋ ਮਾਤੇ ਅਭਿਮਾਨ ਕੇ॥
ਰੂਸ ਨੌਬਤ ਬਜਾਉ, ਸਿਆਮ ਮੋਹਰਾਂ ਚਲਾਉ॥
ਪਾਤਸਾਹੀ ਲੇ ਕਰ ਆਉ, ਤਖਤ ਸਾਚੇ ਸਾਹਿਬਾਨ ਕੇ॥
ਨਾ ਆਪ ਲੜੂੰ, ਨਾ ਫੌਜ ਲੜਾਊ, ਪਟ ਬੀਰਨ ਸੇਤੀ ਬਾਂਧ ਮਗਾਉ॥
ਨਾ ਛੋਡੂ ਖਲਕ, ਨਾ ਛੋਡੂ ਬਲਕ, ਪਰਬਤ ਕਾਟੂ ਇਰਾਨ ਕੁਰਾਸਾਨ ਕੇ॥
ਮੇਰਾ ਤਾ ਨਾਮ ਗੁਰੂ ਗੋਬਿੰਦ ਸਿੰਘ ਸੋਢੀ, ਅਸ ਖਿਲੌਨਾ,
ਰਾਜ ਸਾਜ ਸਭ ਬਾਂਧ ਮਗਾਉ ਗੋਸੇ ਕਮਾਨ ਕੇ॥

ਵੱਲੋਂ : ਗੁਰੂ ਪੰਥ ਦੇ ਦਾਸ : ਜਸਜੀਤ ਸਿੰਘ ਸੋਢੀ (ਧੀਰਪੁਰ ਸਾਹਿਬ)
ਧੀਰੋ ਮਾਜਰਾ ਨੇੜੇ ਜੋੜੇ ਪੁਲ (ਸੰਗਰੂਰ)

ਇਸ ਇਸ਼ਤਿਹਾਰ ਦੇ ਨਾਲ ਕਰਤਾਰ ਸਿੰਘ ਨੂੰ ਅਨੰਦਪੁਰ ਸਾਹਿਬ 'ਚ ਲਿਜਾ ਕੇ ਜਲੂਸ ਕਢਣ ਨਾਲ ਸਿੱਖਾਂ ਵਿਚ ਬੜਾ ਰੋਸ ਜਾਗਿਆ। ਇਸ 'ਤੇ (ਭਾਈ) ਰਣਜੀਤ ਸਿੰਘ ਨੇ ਪਿੰਡ ਭੈਰੋ ਮਾਜਰਾ ਦੀ ਪੰਚਾਇਤ ਤੋਂ ਪੁੱਛ ਪੜਤਾਲ ਕੀਤੀ। ਪੰਚਾਇਤ ਦੇ ਮੈਂਬਰਾਂ ਨੇ 8 ਮਾਰਚ 1997 ਦੇ ਦਿਨ ਲਿਖਤੀ ਰੂਪ ਵਿਚ ਦੱਸਿਆ ਕਿ ਬਾਬਾ ਕਰਤਾਰ ਸਿੰਘ, 100 ਸਾਲ ਦੀ ਉਮਰ, 'ਜਿਸਮਾਨੀ ਅਤੇ ਦਿਮਾਗ਼ੀ ਤੌਰ 'ਤੇ ਅਯੋਗ' ਹੈ ਅਤੇ ਉਸ ਦੀ ਅੱਖਾਂ ਦੀ ਜੋਤ ਵੀ ਤਕਰੀਬਨ ਖ਼ਤਮ ਹੈ। 16-17 ਫ਼ਰਵਰੀ ਵਾਲਾ ਡਰਾਮਾ ਸਿਰਫ਼ ਜਸਜੀਤ ਸਿੰਘ ਧੀਰੋ ਮਾਜਰਾ ਵਾਲੇ ਦਾ ਹੈ। ਦੂਜੇ ਪਾਸੇ, ਜਸਜੀਤ ਸਿੰਘ ਸੰਧੂ ਦੀ ਪਤਨੀ ਨੇ ਵੀ ਚਿੱਠੀ ਲਿਖ ਕੇ ਦੱਸਿਆ ਕਿ ਉਸ ਦਾ ਪਤੀ ਦਿਮਾਗ਼ੀ ਤੌਰ 'ਤੇ ਬੀਮਾਰ ਹੈ। ਉਸ ਨੇ ਇਕ ਡਾਕਟਰ ਰੰਜੀਵ ਮਹਾਜਨ ਦਾ ਸਰਟੀਫ਼ਿਕੇਟ ਵੀ ਪੇਸ਼ ਕੀਤਾ। ਇਸ ਮਾਮਲੇ ਨੂੰ 22 ਅਪਰੈਲ 1997 ਦੇ ਦਿਨ ਪੰਜਾਂ ਗ੍ਰੰਥੀਆਂ ਨੇ ਵਿਚਾਰਿਆ ਅਤੇ ਕਰਤਾਰ ਸਿੰਘ ਭੈਰੋ ਮਾਜਰਾ ਅਤੇ ਜਸਜੀਤ ਸਿੰਘ ਸੰਧੂ ਦੀ ਦਿਮਾਗ਼ੀ ਹਾਲਤ ਨੂੰ ਮੁਖ ਰਖਦਿਆਂ ਮੁੜ ਅਜਿਹੀ ਹਰਕਤ ਨਾ ਕਰਨ ਦੀ ਵਾਰਨਿੰਗ ਦੇ ਕੇ ਛੱਡ ਦਿੱਤਾ:

22 ਅਪਰੈਲ 1997

ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮਿਤੀ 16-17 ਫ਼ਰਵਰੀ 1997 ਨੂੰ ਤਖ਼ਤ ਅਨੰਦਪੁਰ ਸਾਹਿਬ ਵਿਖੇ ਵਾਪਰੀ ਮੰਦਭਾਗੀ ਘਟਨਾ ਦੇ ਸਬੰਧ ਵਿਚ ਕਰਤਾਰ ਸਿੰਘ ਪਿੰਡ ਭੈਰੋ ਮਾਜਰਾ ਵੱਲੋਂ ਇਕ ਹਲਫ਼ੀਆ ਬਿਆਨ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਾਪਤ ਹੋਇਆ। ਨਾਲ ਹੀ ਇਕ ਪੱਤਰ ਪ੍ਰਾਪਤ ਹੋਇਆ, ਜਿਸ ਵਿਚ ਪਿੰਡਾਂ ਦੀਆਂ ਦਰਜਨ ਤੋਂ ਵੱਧ ਪੰਚਾਇਤਾਂ ਨੇ ਇਕ ਸਪੱਸ਼ਟੀਕਰਨ ਦਿੱਤਾ ਕਿ ਕਰਤਾਰ ਸਿੰਘ ਭੈਰੋ ਮਾਜਰਾ ਨਿਰਦੋਸ਼ ਹੈ, ਕਿਉਂਕਿ ਉਮਰ ਵਡੇਰੀ ਹੋਣ ਕਾਰਨ ਉਸ ਦੀ ਦਿਮਾਗ਼ੀ ਹਾਲਤ ਉਸ ਦੇ ਕੰਟਰੋਲ ਵਿਚ ਨਹੀਂ ਅਤੇ ਅਕਾਲ ਤਖ਼ਤ ਸਾਹਿਬ ਨੂੰ ਯਕੀਨ ਦਿਵਾਇਆ ਕਿ ਕਰਤਾਰ ਸਿੰਘ ਪਹਿਲਾਂ ਕਦੀ ਵੀ ਇਹੋ ਜਿਹਾ ਪਖੰਡ ਨਹੀਂ ਰਚਿਆ। ਗੁਰੂ ਗ੍ਰੰਥ ਸਾਹਿਬ ਵਿਚ ਉਸ ਦਾ ਪੂਰਨ ਯਕੀਨ ਹੈ। ਇਸ ਮੰਦਭਾਗੀ ਘਟਨਾ ਦੇ ਕਾਰਨ ਸਿੱਖ ਸੰਗਤ ਦੇ ਹਿਰਦਿਆਂ ਨੂੰ ਜੋ ਦੁਖ ਪਹੁੰਚਿਆ ਹੈ, ਸਮੂਹ ਸੰਗਤ ਤੇ ਪੰਥ ਤੋਂ ਉਸ ਦੀ ਮੁਆਫ਼ੀ ਮੰਗਦਾ ਹੈ।

ਇਕ ਪੱਤਰ ਹੋਰ ਬੀਬੀ ਦੀਪਿੰਦਰ ਕੌਰ ਵੱਲੋਂ ਪ੍ਰਾਪਤ ਹੋਇਆ, ਜਿਸ ਵਿਚ ਉਸ ਨੇ 16-17 ਫ਼ਰਵਰੀ 1997 ਨੂੰ ਵਾਪਰੀ ਘਟਨਾ ਲਈ ਆਪਣੇ ਪਤੀ ਜਸਮੀਤ ਸਿੰਘ ਸੰਧੂ ਧੀਰੋ ਮਾਜਰਾ

ਵੱਲੋਂ ਸਿੱਖ ਪੰਥ ਤੋਂ ਮੁਆਫ਼ੀ ਮੰਗਦਿਆਂ ਅਕਾਲ ਤਖ਼ਤ ਸਾਹਿਬ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਮੇਰੇ ਪਤੀ ਦੀ ਮਾਨਸਿਕ ਸਥਿਤੀ ਸਾਧਾਰਨ ਵਿਅਕਤੀ ਵਾਲੀ ਨਹੀਂ ਹੈ ਅਤੇ ਨਾਲ ਹੀ ਉਸ ਨੇ ਡਾ: ਰੰਜੀਵ ਮਹਾਜਨ ਵੱਲੋਂ ਦਿੱਤਾ ਗਿਆ ਇਕ ਡਾਕਟਰੀ ਸਰਟੀਫ਼ਿਕੇਟ ਵੀ ਪੇਸ਼ ਕੀਤਾ। ਇਸ ਸਾਰੇ ਮਾਮਲੇ ਨੂੰ ਵਿਚਾਰ ਕੇ ਪੰਜ ਸਿੰਘ ਸਾਹਿਬਾਨ ਨੇ ਸਰਬਸੰਮਤੀ ਨਾਲ ਇਹ ਫ਼ੈਸਲਾ ਲਿਆ ਹੈ ਕਿ ਕਰਤਾਰ ਸਿੰਘ ਭੈਰੋ ਮਾਜਰਾ ਤੇ ਜਸਜੀਤ ਸਿੰਘ ਸੰਧੂ ਨੂੰ ਚੇਤਾਵਨੀ ਦੇ ਕੇ ਇਸ ਉਮੀਦ 'ਤੇ ਕਿ ਅੱਗੇ ਤੋਂ ਇਹੋ ਜਿਹਾ ਕੋਈ ਪਾਖੰਡ ਨਹੀਂ ਰਚਣਗੇ, ਮੁਆਫ਼ ਕੀਤਾ ਜਾਂਦਾ ਹੈ।

ਦਸਤਖ਼ਤ: ਰਣਜੀਤ ਸਿੰਘ

'ਇੰਡੀਅਨ ਐਕਸਪ੍ਰੈਸ' ਦੀ ਸਿੱਖ ਨਫ਼ਰਤ 'ਤੇ ਕੋਈ ਐਕਸ਼ਨ ਨਹੀਂ

1984 ਵਿਚ 'ਇੰਡੀਅਨ ਐਕਸਪ੍ਰੈਸ' ਨੇ ਇੰਦਰਾ-ਰਾਜੀਵ ਵੱਲੋਂ ਸਿੱਖਾਂ ਦੀ ਨਸਲ-ਕੁਸ਼ੀ ਦੇ ਪਲਾਨ ਨੂੰ ਨਿਰਪੱਖ ਹੋ ਕੇ ਨੰਗਿਆਂ ਕੀਤਾ ਅਤੇ ਉਸ ਦੇ ਉਦੋਂ ਦੇ ਚੀਫ਼ ਐਡੀਟਰ ਨੇ ਹਮੇਸ਼ਾ ਨਿਰਪੱਖ ਪਾਲਸੀ ਰੱਖੀ। ਪਰ 1995 ਵਿਚ ਇਕ ਸਿੱਖ ਦੁਸ਼ਮਣ ਫ਼ਿਰਕੂ ਐਡੀਟਰ ਨੇ 'ਇੰਡੀਅਨ ਐਕਸਪ੍ਰੈਸ' ਦਾ ਚਾਰਜ ਲੈ ਲਿਆ। ਅਪਰੈਲ 1995 ਵਿਚ ਇਸ ਨੇ ਸਿੱਖ ਕਕਾਰਾਂ ਬਾਰੇ ਘਟੀਆ ਫ਼ਿਰਕਾਪ੍ਰਸਤੀ ਵਾਲਾ ਲੇਖ ਛਾਪਿਆ, ਜਿਸ 'ਤੇ ਸ਼੍ਰੋਮਣੀ ਕਮੇਟੀ ਨੇ ਇਸ ਅਖ਼ਬਾਰ ਦੇ ਬਾਈਕਾਟ ਦਾ ਸੱਦਾ ਦਿੱਤਾ। 30 ਜੂਨ 1996 ਦੇ ਦਿਨ ਫਿਰ ਇਸ ਅਖ਼ਬਾਰ ਨੇ ਗੁਰਬਾਣੀ ਦੀ ਬੇਅਦਬੀ ਕੀਤੀ। ਫਿਰ 16 ਅਪਰੈਲ 1997 ਦੇ ਦਿਨ ਫਿਰ ਐਂਟੀ-ਸਿੱਖ ਫ਼ਿਰਕੂ ਲੇਖ ਲਿਖਿਆ। ਕਿਸੇ ਸਿੱਖ ਨੇ ਇਸ ਬਾਰੇ (ਭਾਈ) ਰਣਜੀਤ ਸਿੰਘ ਤਕ ਪਹੁੰਚ ਕੀਤੀ ਅਤੇ ਐਕਸ਼ਨ ਲੈਣ ਵਾਸਤੇ ਲਿਖਿਆ। (ਭਾਈ) ਰਣਜੀਤ ਸਿੰਘ ਨੇ ਐਕਸ਼ਨ ਲੈਣ ਦੀ ਬਜਾਇ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਗਲੇ ਮੜ੍ਹ ਦਿੱਤਾ ਤੇ ਇਸ ਨੂੰ ਕਾਨੂੰਨੀ ਕਾਰਵਾਈ ਕਰਨ ਵਾਸਤੇ ਕਿਹਾ। ਚੇਤੇ ਰਹੇ 1982 ਵਿਚ ਜਥੇਦਾਰ ਅਜਨੋਹਾ ਨੇ ਲਾਲਾ ਜਗਤ ਨਾਰਾਇਣ ਦੀਆਂ ਅਖ਼ਬਾਰਾਂ ਦੇ ਐਂਟੀ-ਸਿੱਖ ਰੋਲ ਖ਼ਿਲਾਫ਼ 'ਐਕਸ਼ਨ' ਕੀਤਾ ਸੀ, ਪਰ (ਭਾਈ) ਰਣਜੀਤ ਸਿੰਘ 'ਇੰਡੀਅਨ ਐਕਸਪ੍ਰੈਸ' ਨੇ ਮਾਮਲੇ ਵਿਚ ਜ਼ਿੰਮੇਵਾਰੀ ਤੋਂ ਪਾਸਾ ਵੱਟ ਲਿਆ। (ਭਾਈ) ਰਣਜੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ 'ਹਿਦਾਇਤ' ਇੰਞ ਸੀ:

22 ਅਪਰੈਲ 1997

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

'ਸਰਬਤ ਦਾ ਭਲਾ' ਚਾਹੁਣ ਵਾਲੇ ਸਿੱਖ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਹਨ। ਪਾਵਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬਾਨ ਤੋਂ ਬਿਨਾਂ ਉਸ ਸਮੇਂ ਦੇ ਪ੍ਰਮੁੱਖ ਭਗਤਾਂ, ਜਿਨ੍ਹਾਂ ਵਿਚ ਹਿੰਦੂ ਅਤੇ ਮੁਸਲਮਾਨ ਧਰਮਾਂ ਨਾਲ ਅਤੇ ਲਗਭਗ ਹਰ ਜਾਤੀ ਨਾਲ ਸੰਬੰਧਿਤ ਭਗਤ ਹਨ, ਦੀ ਬਾਣੀ ਵੀ ਸ਼ਾਮਿਲ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਸ ਅੱਗੇ ਸਾਰੇ ਗੁਰਸਿੱਖ ਸ਼ਰਧਾ ਨਾਲ ਸੀਸ ਝੁਕਾਉਂਦੇ ਹਨ। ਸਿੱਖ ਕਿਸੇ ਹੋਰ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਹੀਂ ਦੇਂਦੇ ਅਤੇ ਨਾ ਹੀ ਦੂਸਰੇ ਧਰਮਾਂ ਦੇ ਪਾਵਨ ਅਸਥਾਨਾਂ, ਧਾਰਮਿਕ ਗ੍ਰੰਥਾਂ, ਧਾਰਮਿਕ ਚਿੰਨ੍ਹਾਂ ਜਾਂ ਧਾਰਮਿਕ ਸ਼ਖ਼ਸੀਅਤਾਂ ਵਿਰੁੱਧ ਕਿਸੇ ਅਪਮਾਨਜਨਕ ਸ਼ਬਦ ਦੀ ਵਰਤੋਂ ਵਰਦੇ ਹਨ। ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦੂਸਰਿਆਂ ਦੇ ਧਰਮ ਅਤੇ ਉਸ ਧਰਮ ਦੇ ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਆਪਣੀ ਜਾਨ ਨਿਛਾਵਰ ਕੀਤੀ।

ਸਿੰਘ ਸਾਹਿਬਾਨ ਨੂੰ ਇਹ ਵੇਖ ਕੇ ਬੜਾ ਹੀ ਦੁੱਖ ਹੋਇਆ ਹੈ ਕਿ ਅੰਗਰਜ਼ੀ ਦੀ ਰੋਜ਼ਾਨਾ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਕੁਝ ਸਾਲਾਂ ਤੋਂ ਕਿਸੇ ਸਾਜ਼ਿਸ਼ ਅਧੀਨ ਸਿੱਖ ਧਰਮ ਦੇ ਪਵਿੱਤਰ ਅਸਥਾਨਾਂ, ਗੁਰਬਾਣੀ, ਧਾਰਮਿਕ ਚਿੰਨ੍ਹਾਂ, ਪਰੰਪਰਾਵਾਂ ਅਤੇ ਧਾਰਮਿਕ ਸ਼ਖ਼ਸੀਅਤਾਂ ਵਿਰੁੱਧ ਅਤਿ ਹੀ ਅਪਮਾਨਜਨਕ ਪ੍ਰਾਪੇਗੰਡਾ ਕਰ ਰਿਹਾ ਹੈ।

'ਇੰਡੀਅਨ ਐਕਸਪ੍ਰੈਸ' ਨੇ ਅਪਰੈਲ 1995 ਵਿਚ ਸਿੱਖਾਂ ਦੀ ਦਾੜ੍ਹੀ ਕੇਸ, ਜੋ ਇਨ੍ਹਾਂ ਦੇ ਧਾਰਮਿਕ ਚਿੰਨ੍ਹ ਹਨ, ਪ੍ਰਤੀ ਅਤਿ ਹੀ ਅਪਮਾਨਜਨਕ ਲੇਖ ਛਾਪਿਆ, ਜਿਸ ਦਾ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਗੰਭੀਰ ਨੋਟਿਸ ਲਿਆ ਅਤੇ ਅਖ਼ਬਾਰ ਦੇ ਬਾਈਕਾਟ ਦਾ ਸੱਦਾ ਦਿੱਤਾ। ਅਖ਼ਬਾਰ ਨੇ ਇਸ ਕਾਰਟੂਨ ਲਈ ਮੁਆਫ਼ੀ ਮੰਗੀ।

ਹਰਿਆਣਾ ਵਿਚ ਪੂਰਨ ਸ਼ਰਾਬਬੰਦੀ ਲਾਗੂ ਹੋਣ ਦੇ ਮੌਕੇ ਇਸੇ ਅਖ਼ਬਾਰ ਨੇ ਆਪਣੇ 30 ਜੂਨ 1996 ਦੇ ਅੰਕ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਰਚਿਤ ਬਾਣੀ ਦੀ ਇਹ ਤੁਕ:

"ਨਾਨਕ ਦੁਖੀਆ ਸਭ ਸੰਸਾਰ"

ਨੂੰ ਵਿਗਾੜ ਕੇ ਇਉਂ ਛਾਪਿਆ:

"ਨਾਨਕ ਦੁਖੀ ਹੋ ਇਹ ਸੰਸਾਰ, ਸੁਖੀ ਉਹ ਜੋ ਪੀਏਗਾ ਸ਼ਰਾਬ"

ਗੁਰਬਾਣੀ ਦੇ ਇਸ ਨਿਰਾਦਰ ਕਾਰਨ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਗਹਿਰੀ ਠੇਸ ਲੱਗੀ। ਸ਼੍ਰੋਮਣੀ ਕਮੇਟੀ ਨੇ ਫੇਰ ਇਸ ਦਾ ਸਖ਼ਤ ਨੋਟਿਸ ਲਿਆ ਤਾਂ ਫੇਰ ਅਖ਼ਬਾਰ ਨੂੰ ਮੁਆਫ਼ੀ ਮੰਗਣੀ ਪਈ।

ਇਸ ਵਿਸਾਖੀ ਸਮੇਂ ਅਕਾਲ ਤਖ਼ਤ ਸਾਹਿਬ ਦੀ ਨਵੀਂ ਈਮਾਰਤ ਵਿਖੇ ਗੁਰਮਤਿ ਮਰਿਆਦਾ ਲਾਗੂ ਹੋਣ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਦਮਦਮੀ ਟਕਸਾਲ ਦੇ ਜਥੇਦਾਰ ਬਾਬਾ ਠਾਕੁਰ ਸਿੰਘ ਨੂੰ ਸਿਰੋਪਾਓ ਬਖ਼ਸ਼ਿਸ਼ ਕਰ ਕੇ ਸਨਮਾਨਿਤ ਕੀਤਾ ਗਿਆ। ਦਮਦਮੀ ਟਕਸਾਲ ਵੱਲੋਂ ਵੀ ਇਸ ਸਮੇਂ ਸਿੰਘ ਸਾਹਿਬਾਨ, ਕਾਰ ਸੇਵਾ ਵਾਲੇ ਕਈ ਸੰਤ ਮਹਾਂਪੁਰਖ ਅਤੇ ਹੋਰ ਗੁਰਸਿੱਖਾਂ ਨੂੰ ਸਿਰੋਪਾਓ ਦਿੱਤੇ ਗਏ।

ਇਸ ਸਾਰੀ ਕਾਰਵਾਈ ਨੂੰ 'ਇੰਡੀਅਨ ਐਕਸਪ੍ਰੈੱਸ' ਨੇ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਲਗਾਤਾਰ ਉਸ ਦਿਨ ਤੋਂ ਕਿਸੇ ਸਾਜ਼ਿਸ਼ ਅਧੀਨ ਅਕਾਲ ਤਖ਼ਤ ਸਾਹਿਬ, ਜਥੇਦਾਰ ਅਕਾਲ ਤਖ਼ਤ ਸਾਹਿਬ, ਸਿੱਖ ਮਰਿਆਦਾ, ਪਰੰਪਰਾਵਾਂ, ਸਿੱਖ ਸ਼ਹੀਦਾਂ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਇਕ ਅਤਿ ਹੀ ਗੁੰਮਰਾਹਕੁੰਨ ਅਤੇ ਜ਼ਹਿਰੀਲਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜਿਸ ਨਾਲ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖ਼ਰਾਬ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਪੱਸ਼ਟੀਕਰਨ ਦੇ ਬਾਵਜੂਦ ਵੀ ਇਹ ਗੁੰਮਰਾਹਕੁੰਨ ਪ੍ਰਾਪੇਗੰਡਾ ਜਾਰੀ ਹੈ।

ਅਖ਼ਬਾਰ ਨੇ ਆਪਣੇ 16 ਅਪਰੈਲ 1997 ਦੇ ਸੰਪਾਦਕੀ ਵਿਚ 'ਇਹ ਮਰਿਆਦਾ ਨਹੀਂ' ਅਤੇ ਕਈ ਹੋਰ ਲਿਖਤਾਂ ਜਾਂ ਮਨਘੜਤ ਖ਼ਬਰਾਂ ਵਿਚ ਸਿੱਖਾਂ ਦੇ ਸਰਬੋਤਮ ਪਾਵਨ ਅਸਥਾਨ ਅਕਾਲ ਤਖ਼ਤ ਸਾਹਿਬ, **ਸਿੰਘ ਸਾਹਿਬ ਭਾਈ ਰਣਜੀਤ ਸਿੰਘ**[48], ਸਿੱਖ ਪਰੰਪਰਾਵਾਂ, ਸਿੱਖ ਸ਼ਹੀਦਾਂ ਅਤੇ ਸ਼੍ਰੋਮਣੀ ਕਮੇਟੀ ਵਿਰੁੱਧ ਬਹੁਤ ਕੁਝ ਅਪਮਾਨਜਨਕ ਸ਼ਬਦ ਲਿਖੇ ਹਨ।

ਅਸੀਂ ਸ਼੍ਰੋਮਣੀ ਕਮੇਟੀ ਨੂੰ ਹਿਦਾਇਤ ਕਰਦੇ ਹਾਂ ਕਿ ਉਹ ਤਜਰਬੇਕਾਰ ਵਕੀਲਾਂ ਦੀ ਸਲਾਹ ਨਾਲ 'ਇੰਡੀਅਨ ਐਕਸਪ੍ਰੈਸ' ਵਿਰੁੱਧ ਯੋਗ ਕਾਰਵਾਈ ਕਰਨ ਅਤੇ ਪ੍ਰੈਸ ਕੌਂਸਲ ਆਫ਼ ਇੰਡੀਆ ਨੂੰ ਇਸ ਬਾਰੇ ਕਾਰਵਾਈ ਕਰਨ ਲਈ ਕਹਿਣ।

ਅਸੀਂ ਸਮੁੱਚੀ ਪ੍ਰੈਸ ਨੂੰ ਇਹ ਕਹਿਣਾ ਚਾਹਾਂਗੇ ਕਿ ਆਪਣੇ ਫ਼ਰਜ਼ ਨੂੰ ਪਛਾਣਦੇ ਹੋਏ ਕੋਈ ਐਸੀ ਲਿਖਤ ਨਾ ਛਾਪਣ, ਜਿਸ ਨਾਲ ਪੰਜਾਬ ਦਾ ਮਾਹੌਲ ਵਿਗੜਦਾ ਹੋਵੇ ਅਤੇ ਪੰਜਾਬੀਆਂ ਦੇ ਆਪਸੀ ਪ੍ਰੇਮ ਭਾਵਨਾਵਾਂ ਨੂੰ ਠੇਸ ਪਹੁੰਚੇ।

ਰਣਜੀਤ ਸਿੰਘ[49]

---

48. ਆਪਣੇ ਆਪ ਨੂੰ **ਸਿੰਘ ਸਾਹਿਬ ਭਾਈ** ਰਣਜੀਤ ਸਿੰਘ ਲਿਖਿਆ ਹੈ।
49. ਕੁਲਬੀਰ ਸਿੰਘ ਕੌੜਾ, ਸਫ਼ੇ 125-26.

ਭਾਈ ਰਣਜੀਤ ਸਿੰਘ ਦੇ ਆਖ਼ਰੀ ਦਿਨ

[(ਪ੍ਰੋ:) ਮਨਜੀਤ ਸਿੰਘ, ਬਰਜਿੰਦਰ ਸਿੰਘ ਹਮਦਰਦ ਅਤੇ ਬਾਦਲ-ਟੌਹੜਾ ਟੱਕਰ]

ਵਰਲੱਡ ਸਿੱਖ ਕੌਂਸਲ ਅਤੇ (ਪ੍ਰੋ:) ਮਨਜੀਤ ਸਿੰਘ ਦਾ ਮਾਮਲਾ

ਕੋਈ ਵੇਲਾ ਸੀ ਜਦੋਂ (ਪ੍ਰੋ:) ਮਨਜੀਤ ਸਿੰਘ ਇਕ ਗ੍ਰੰਥੀ ਲਗਣ ਵਾਸਤੇ ਤਰਲੇ ਲੈਂਦਾ ਹੁੰਦਾ ਸੀ। 1984 ਦੇ ਸ਼ੁਰੂ ਵਿਚ ਇਸ ਦੇ ਭਰਾ ਨੇ ਡੈਨਮਾਰਕ ਵਿਚ ਰਹਿੰਦਿਆਂ ਬੜਾ ਜ਼ੋਰ ਲਾਇਆ ਕਿ ਉਸ ਦੇ ਭਰਾ ਨੂੰ ਵਿਦੇਸ਼ਾਂ ਵਿਚ ਕਿਤੇ 'ਛੋਟਾ-ਮੋਟਾ ਗ੍ਰੰਥੀ' ਹੀ ਲਾ ਦਿੱਤਾ ਜਾਵੇ। ਅਖ਼ੀਰ ਮਨਜੀਤ ਸਿੰਘ ਦੀ ਲਾਟਰੀ ਨਿਕਲੀ ਤੇ ਉਸ ਨੂੰ ਕੇਸਗੜ੍ਹ ਸਾਹਿਬ 'ਚ ਮੁਖ ਸੇਵਾਦਾਰ ਲਾ ਦਿੱਤਾ ਗਿਆ। ਉਪਰ 28 ਮਾਰਚ 1990 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਸਾਬਕ ਮੁਖ ਸੇਵਾਦਾਰ (ਪ੍ਰੋ:) ਦਰਸ਼ਨ ਸਿੰਘ ਰਾਗੀ ਨੇ ਅਕਾਲੀਆਂ ਦੇ ਡਰਾਮੇ ਤੋਂ ਦੁਖੀ ਹੋ ਕੇ ਅਸਤੀਫ਼ਾ ਦੇ ਦਿੱਤਾ ਸੀ, ਜਿਸ ਨੂੰ ਕਮੇਟੀ ਨੇ 9 ਜੂਨ 1990 ਦੇ ਦਿਨ ਮਨਜ਼ੂਰ ਕਰ ਕੇ (ਭਾਈ) ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾ ਦਿੱਤਾ। (ਭਾਈ) ਰਣਜੀਤ ਸਿੰਘ ਉਨ੍ਹੀਂ ਦਿਨੀਂ ਗੁਰਬਚਨ ਨਿਰੰਕਾਰੀ ਨੂੰ ਕਤਲ ਕਰਨ ਦੇ ਦੋਸ਼ ਵਿਚ ਜੇਲ੍ਹ ਵਿਚ ਸੀ, ਇਸ ਕਰ ਕੇ ਉਸ ਦੀ ਥਾਂ 'ਐਕਟਿੰਗ ਮੁਖ ਸੇਵਾਦਾਰ' ਹੀ ਚਲਦੇ ਰਹੇ। ਪਰ ਚਾਰ ਫ਼ਰਵਰੀ 1993 ਦੇ ਦਿਨ (ਪ੍ਰੋ:) ਮਨਜੀਤ ਸਿੰਘ ਦੀ 'ਟੌਹੜਾ ਦੀ ਚਾਪਲੂਸੀ' ਰੰਗ ਲਿਆਈ ਅਤੇ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਪੱਕਾ 'ਐਕਟਿੰਗ ਮੁਖ ਸੇਵਾਦਾਰ' ਲਾ ਦਿੱਤਾ ਗਿਆ। ਮਨਜੀਤ ਸਿੰਘ ਨੇ ਟੌਹੜੇ ਨੂੰ ਖ਼ੁਸ਼ ਕਰਨ ਵਾਸਤੇ ਬਾਦਲ ਨੂੰ ਵਾਹਨਾਂ ਵਿਚ ਪਾਈ ਰੱਖਿਆ, ਪਰ ਜਦ ਉਹ (ਮਨਜੀਤ ਸਿੰਘ) ਕਾਮਯਾਬ ਨਾ ਹੋਇਆ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ। ਬਾਦਲ ਨੂੰ ਮਨਜੀਤ ਸਿੰਘ ਦੇ ਵਤੀਰੇ 'ਤੇ ਬੜਾ ਗ਼ੁੱਸਾ ਸੀ। ਇਸ ਤੋਂ ਕੁਝ ਚਿਰ ਮਗਰੋਂ ਟੌਹੜੇ ਨੇ ਬਾਦਲ ਨਾਲ ਸਮਝੌਤਾ ਕਰ ਲਿਆ। ਭਾਵੇਂ ਹੁਣ ਟੌਹੜਾ-ਬਾਦਲ ਇਕ ਸਨ, ਪਰ ਪਰਕਾਸ਼ ਸਿੰਘ ਬਾਦਲ ਨੇ, ਆਦਤ ਮੂਜਬ, ਮਨਜੀਤ ਸਿੰਘ ਦੇ ਬੋਲਾਂ ਨੂੰ ਭੁਲਾਇਆ ਨਹੀਂ, ਬਲਕਿ ਉਸ ਨੂੰ ਮੌਕਾ ਆਉਣ 'ਤੇ ਸਬਕ ਸਿਖਾਉਣ ਦੀ ਸੋਚ ਰਖੀ। 1996 ਵਿਚ ਸੈਂਟਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਆ ਗਈ। ਪਰਕਾਸ਼ ਸਿੰਘ ਬਾਦਲ ਨੇ ਆਪਣਾ ਰਸੂਖ ਵਰਤ ਕੇ (ਭਾਈ) ਰਣਜੀਤ ਸਿੰਘ ਨੂੰ ਪੈਰੋਲ 'ਤੇ ਰਿਹਾਅ ਕਰਵਾ ਲਿਆ ਤਾਂ ਜੋ ਉਹ ਮਨਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ ਹਟਾ ਸਕੇ। ਰਣਜੀਤ ਸਿੰਘ ਨੇ 31 ਦਿਸੰਬਰ 1996 ਦੇ ਦਿਨ ਚਾਰਜ ਲੈ ਲਿਆ। ਇਹ ਬਾਦਲ ਦੀ ਕਾਮਯਾਬੀ ਸੀ।

ਭਾਵੇਂ (ਭਾਈ) ਰਣਜੀਤ ਸਿੰਘ ਦੀ ਪੈਰੋਲ 'ਤੇ ਰਿਹਾਈ ਹੋ ਗਈ ਸੀ, ਪਰ ਉਸ ਦੀ ਰਹਿੰਦੀ ਸਜ਼ਾ ਮੁਆਫ਼ ਕਰਵਾਉਣ ਵਾਸਤੇ ਬਾਦਲ ਤੇ ਟੌਹੜਾ ਨੇ ਵਾਜਪਾਈ ਅਤੇ ਰਾਸ਼ਟਰਪਤੀ ਤਕ ਪਹੁੰਚ ਕੀਤੀ। ਕੁਝ ਹੀ ਦਿਨਾਂ ਵਿਚ ਉਨ੍ਹਾਂ ਦਾ ਮਿਸ਼ਨ ਕਾਮਯਾਬ ਹੋ ਗਿਆ। (ਭਾਈ) ਰਣਜੀਤ ਸਿੰਘ ਦੀ ਰਿਹਾਈ ਵਿਚ ਬਾਦਲ ਦਾ ਬੜਾ ਅਹਿਮ ਰੋਲ ਸੀ, ਪਰ ਟੌਹੜਾ ਨੇ (ਭਾਈ) ਰਣਜੀਤ ਸਿੰਘ ਨੂੰ ਇਹ ਯਕੀਨ ਦਿਵਾ ਦਿੱਤਾ ਕਿ ਬਾਦਲ ਤਾਂ ਉੱਤੋਂ-ਉੱਤੋਂ ਉਸ (ਟੌਹੜਾ) ਦੇ ਨਾਲ ਤੁਰਦਾ ਰਿਹਾ ਸੀ, ਜਦ ਕਿ ਅਸਲ ਰਿਹਾਈ

ਉਸ (ਟੌਹੜਾ) ਦੀਆਂ ਕੋਸ਼ਿਸ਼ਾਂ ਕਰ ਕੇ ਹੀ ਹੋਈ ਸੀ। ਦੂਜੇ ਪਾਸੇ, ਬਾਦਲ (ਭਾਈ) ਰਣਜੀਤ ਸਿੰਘ ਨੂੰ ਆਪਣੇ 'ਅਹਿਸਾਨ' ਦਾ ਅਹਿਸਾਸ ਵੀ ਨਾ ਕਰਵਾ ਸਕਿਆ। ਦਰਅਸਲ ਇਹ 'ਅਹਿਸਾਨ' ਵੀ ਨਹੀਂ ਸੀ, ਕਿਉਂਕਿ ਬਾਦਲ ਨੇ (ਭਾਈ) ਰਣਜੀਤ ਸਿੰਘ ਨੂੰ 'ਪੰਥਕ ਸੋਚ' ਕਾਰਨ ਰਿਹਾਅ ਨਹੀਂ ਸੀ ਕਰਵਾਇਆ, ਬਲਕਿ ਮਨਜੀਤ ਸਿੰਘ ਨੂੰ 'ਖੁੱਡੇ ਲਾਈਨ ਲਾਉਣ ਵਾਸਤੇ' ਕਰਵਾਇਆ ਸੀ। ਤਿੰਨ ਸਾਲ ਦਸ ਮਹੀਨੇ ਅਤੇ ਸਤਾਈ ਦਿਨ ਮਨਜੀਤ ਸਿੰਘ ਉੱਚੀਆਂ ਹਵਾਵਾਂ ਵਿਚ ਰਿਹਾ ਸੀ ਅਤੇ ਆਪਣੇ ਆਪ ਨੂੰ ਵਿਦਵਾਨ, ਲੀਡਰ, ਪੰਥ ਦਾ ਡਿਕਟੇਟਰ ਤੇ ਨੀਮ-ਬਾਦਸ਼ਾਹ ਤੇ ਪੋਪ ਸਮਝਦਾ ਰਿਹਾ ਸੀ। ਇਕ ਲਾਚਾਰ ਗ੍ਰੰਥੀ 'ਸੱਕਾ ਨਿਜ਼ਾਮ' ਵਾਂਗ ਸਿਰਫ਼ ਚੰਮ ਦੀਆਂ ਚਲਾਉਂਦਾ ਹੀ ਨਹੀਂ ਰਿਹਾ ਸੀ, ਬਲਕਿ ਦੂਜਿਆਂ ਨੂੰ ਟਿੱਚ, ਹੀਣੇ, ਨੀਵੇਂ, ਲੱਲੂ-ਪੰਜੂ, ਬਚਕਾਣੇ, ਅਜੀਜ਼ (ਦਰਅਸਲ ਆਜਿਜ਼) ਸਮਝਦਾ ਸੀ। ਇਸ ਆਕੜ ਵਿਚ ਹੀ ਉਸ ਨੇ (ਅਗਸਤ 1995 ਵਿਚ ਇਸ ਲੇਖਕ ਵੱਲੋਂ ਸੁਝਾਈ) 'ਵਰਲੱਡ ਸਿੱਖ ਪਾਰਲੀਮੈਂਟ' ਵਰਗੀ ਇੰਸਟੀਚਿਊਸ਼ਨ ਨੂੰ 'ਵਰਲੱਡ ਸਿੱਖ ਕੌਂਸਲ' ਦੇ ਨਾਂ ਹੇਠ, ਆਪਣੀ ਹੋਛੀ ਸੋਚ ਕਾਰਨ, ਆਪਣੀ 'ਰਖੇਲ' ਜਾਂ ਜਾਇਦਾਦ ਬਣਾ ਕੇ ਐਲਾਨ ਕਰ ਦਿੱਤਾ। ਭਾਵੇਂ ਇਸ ਦਾ ਰਸਮੀ ਢਾਂਚਾ ਐਲਾਨਿਆ ਤਾਂ ਗਿਆ ਸੀ, ਪਰ ਸੀ ਇਹ ਸਿਰਫ਼ 'ਮਨਜੀਤ ਸਿੰਘ—ਓਂਕਾਰ ਸਿੰਘ ਸ਼ੋਅ ਹੀ'। ਇਹ ਵਿਦੇਸ਼ 'ਚ ਉਸ ਦੇ ਭਰਾ ਓਂਕਾਰ ਸਿੰਘ ਤੇ ਭਾਰਤ ਵਿਚ ਉਸ (ਮਨਜੀਤ ਸਿੰਘ) ਦੇ ਯਾਰਾਂ, ਖ਼ੈਰ-ਖ਼੍ਵਾਹਾਂ ਦੀ ਟੋਲਾ-ਜਮਾਤ ਹੀ ਸੀ। ਦਿਖਾਵੇ ਵਜੋਂ ਇਸ ਵਿਚ ਚੰਦ ਇਕ ਹੋਰ ਚਿਹਰੇ ਵੀ ਸਨ, ਜੋ ਸਿਰਫ਼ ਸ਼ੋਅ-ਪੀਸ ਹੀ ਸਨ। ਉਂਞ ਮਨਜੀਤ ਸਿੰਘ ਕੋਲ ਕੋਈ ਦੂਰ-ਸੋਚ (Vision) ਨਹੀਂ ਸੀ, ਜਿਸ ਕਰ ਕੇ ਇਸ ਜਮਾਤ ਦਾ ਕੋਈ ਰੋਲ ਨਹੀਂ ਸੀ ਹੋਣਾ। ਸਿਰਫ਼ ਅਖ਼ਬਾਰੀ ਮਸ਼ਹੂਰੀ ਤੇ ਕੁਝ ਲੱਖਾਂ (ਸ਼ਾਇਦ ਕਰੋੜਾਂ) ਰੁਪਿਆਂ ਦੀ ਕੁਰਪਸ਼ਨ ਤੋਂ ਸਿਵਾ ਇਸ ਜਮਾਤ 'ਚੋਂ ਕੁਝ ਨਹੀਂ ਸੀ ਨਿਕਲਣਾ।

ਪਰ ਜਦੋਂ (ਭਾਈ) ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਚਾਰਜ ਲਿਆ ਤਾਂ ਉਸ ਨੇ (ਸ਼ਾਇਦ ਕੁਝ ਸਾਥੀਆਂ ਵੱਲੋਂ ਸਮਝਾਏ ਜਾਣ 'ਤੇ ਜਾਂ ਕਿਸੇ ਗੱਲੋਂ ਖਿਝ ਕੇ) ਵਰਲੱਡ ਸਿੱਖ ਕੌਂਸਲ ਵਿੱਚੋਂ ਮਨਜੀਤ ਸਿੰਘ ਦੀ ਇਜਾਰੇਦਾਰੀ ਖ਼ਤਮ ਕਰਨ 'ਤੇ ਲੱਕ ਬੰਨ੍ਹ ਲਿਆ।

20-21 ਸਿਤੰਬਰ 1997 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਵਰਲੱਡ ਸਿੱਖ ਕੌਂਸਲ ਦਾ ਨਵਾਂ ਆਈਨ (Constitution) ਬਣਾਉਣ ਵਾਸਤੇ ਟੌਹੜਾ, ਜਸਟਿਸ ਰਣਜੀਤ ਸਿੰਘ ਨਰੂਲਾ, ਜਸਟਿਸ ਕੁਲਦੀਪ ਸਿੰਘ (ਦੋਵੇਂ ਸਾਬਕਾ ਜਜ) ਤੇ ਐਚ.ਕੇ. ਮਨਮੋਹਣ ਸਿੰਘ ਚਾਰਾਂ ਦੀ ਇਕ ਕਮੇਟੀ ਬਣਾ ਦਿੱਤੀ ਤੇ ਇਸ ਦੀ ਮੀਟਿੰਗ 30 ਸਿਤੰਬਰ 1997 ਦੇ ਦਿਨ ਨਰੂਲਾ ਦੀ ਕੋਠੀ (ਸੀ-215, ਡਿਫ਼ੈਂਸ ਕਾਲੋਨੀ, ਨਵੀਂ ਦਿੱਲੀ) ਵਿਚ ਬੁਲਾ ਲਈ। ਇਸ ਮੀਟਿੰਗ ਨੇ ਇਕ ਆਈਨ ਬਣਾ ਕੇ ਪਾਸ ਕਰ ਦਿੱਤਾ, ਜਿਸ ਨੂੰ 21 ਨਵੰਬਰ 1997 ਦੇ ਦਿਨ (ਭਾਈ) ਰਣਜੀਤ ਸਿੰਘ ਨੇ 'ਮਨਜ਼ੂਰ' ਕਰ ਲਿਆ। ਇਸੇ ਦਿਨ ਰਣਜੀਤ ਸਿੰਘ ਨੇ ਟੌਹੜਾ ਨੂੰ ਇਸ ਵਿਚ ਚਾਰ ਹੋਰ ਮੈਂਬਰ ਨਾਮਜਦ ਕਰਨ ਦਾ (ਲਿਖਤੀ ਤੌਰ 'ਤੇ) ਹੱਕ ਦੇ ਦਿੱਤਾ ਤੇ ਨਾਲ ਹੀ 21 ਦਿਸੰਬਰ ਨੂੰ ਇਸ ਦੇ ਪ੍ਰਧਾਨ ਦੀ ਚੋਣ ਰੱਖ ਦਿੱਤੀ। ਇਸ ਕੌਂਸਲ ਦੇ ਆਈਨ ਵਿਚ ਪ੍ਰਧਾਨ ਸਿਰਫ਼ 'ਡੰਮੀ' ਸੀ ਤੇ ਸਾਰੀ ਤਾਕਤ ਮੀਤ ਪ੍ਰਧਾਨ ਕੋਲ ਹੋਣੀ ਸੀ। ਜਦ 21 ਦਿਸੰਬਰ ਨੂੰ ਚੋਣ ਹੋਣ ਲੱਗੀ ਤਾਂ ਮਨਜੀਤ

ਸਿੰਘ ਕਲਕਤਾ ਦੇ ਸਮਝਾਉਣ 'ਤੇ ਟੌਹੜੇ ਨੇ ਡੰਮੀ ਪ੍ਰਧਾਨ ਬਣਨ ਤੋਂ ਨਾਂਹ ਕਰ ਦਿੱਤੀ, ਇਸ 'ਤੇ (ਭਾਈ) ਰਣਜੀਤ ਸਿੰਘ ਨੇ ਜਸਟਿਸ ਕੁਲਦੀਪ ਸਿੰਘ ਨੂੰ (ਚਾਰ ਸਾਲ ਵਾਸਤੇ) ਪ੍ਰਧਾਨ ਬਣਾਉਣ ਦਾ ਐਲਾਨ ਕਰ ਦਿੱਤਾ। 24 ਜਨਵਰੀ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਹੋਰ ਅਹੁਦੇਦਾਰਾਂ ਦਾ ਵੀ ਐਲਾਨ ਕਰ ਦਿੱਤਾ [ਮੀਤ ਪ੍ਰਧਾਨ ਬਲਦੇਵ ਸਿੰਘ (ਸੀਬੀਆ), ਡਾਇਰੈਕਟਰ ਜਨਰਲ ਰਾਮ ਸਿੰਘ ਕੁਲਾਰ, ਐਗਜ਼ੈਕਟਿਵ ਮੈਂਬਰਜ਼: ਟੌਹੜਾ, ਸੁਖਦੇਵ ਸਿੰਘ ਭੌਰ, ਹੀਰਾ ਸਿੰਘ ਗਾਬੜੀਆ, ਅਮਲੋਕ ਸਿੰਘ (ਇੰਗਲੈਂਡ), ਮੰਗਲ ਸਿੰਘ[50] (ਅੰਮ੍ਰਿਤਸਰ)]।

ਵਰਲੱਡ ਸਿੱਖ ਕੌਂਸਲ ਸਬੰਧੀ ਰਣਜੀਤ ਸਿੰਘ ਤੇ ਮਨਜੀਤ ਸਿੰਘ ਵਿਚਕਾਰ 'ਜੰਗ' 16 ਜੁਲਾਈ 1998 ਦੇ ਦਿਨ ਉਦੋਂ ਭਖਣੀ ਸ਼ੁਰੂ ਹੋ ਗਈ ਸੀ, ਜਦ (ਭਾਈ) ਰਣਜੀਤ ਸਿੰਘ ਨੇ ਮਨਜੀਤ ਸਿੰਘ ਨੂੰ ਇਕ ਖ਼ਤ ਲਿਖ ਕੇ ਕੌਂਸਲ ਦਾ ਚਾਰਜ ਤੇ ਪੈਸੇ ਦਾ ਹਿਸਾਬ-ਕਿਤਾਬ ਜਸਟਿਸ ਕੁਲਦੀਪ ਸਿੰਘ ਦੇ ਹਵਾਲੇ ਕਰਨ ਵਾਸਤੇ ਆਖਿਆ। ਇਹ ਚਿੱਠੀ ਇੰਞ ਸੀ :

16 ਜੁਲਾਈ 1998

ਸਤਿਕਾਰਯੋਗ ਪ੍ਰੋਫ਼ੈਸਰ ਮਨਜੀਤ ਸਿੰਘ ਜੀ,
ਸਾਬਕਾ ਚੇਅਰਮੈਨ, ਵਿਸ਼ਵ ਸਿੱਖ ਕੌਂਸਲ

ਵਾਹਿਗੁਰ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਜਸਟਿਸ ਕੁਲਦੀਪ ਸਿੰਘ ਜੀ ਨੇ ਦਾਸ ਨੂੰ ਜਾਣਕਾਰੀ ਦੇਂਦਿਆਂ ਪੱਤਰ ਲਿਖਿਆ ਹੈ ਕਿ ਮੇਰੀਆਂ ਬਾਰ ਬਾਰ ਕੋਸ਼ਿਸ਼ਾਂ ਅਤੇ ਬੇਨਤੀਆਂ ਦੇ ਬਾਵਜੂਦ ਵੀ ਵਿਸ਼ਵ ਸਿੱਖ ਕੌਂਸਲ ਲਈ ਦੇਸ਼-ਵਿਦੇਸ਼ ਤੋਂ ਪ੍ਰਾਪਤ ਕੀਤਾ ਪੈਸਾ ਅਤੇ ਉਸ ਦਾ ਅਕਾਊਂਟ (ਖਾਤਾ) ਪ੍ਰੋਫ਼ੈਸਰ ਸਾਹਿਬ ਮੈਨੂੰ ਨਹੀਂ ਸੌਂਪ ਰਹੇ।

ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਅਤੇ ਸਾਬਕਾ ਜਨਰਲ ਸਕੱਤਰ (ਸ: ਜਸਵੰਤ ਸਿੰਘ ਮਾਨ) ਮਿਤੀ 5-8-1998 ਤੋਂ ਪਹਿਲਾਂ ਪਹਿਲਾਂ ਇਹ ਪੰਥ ਦੀ ਅਮਾਨਤ ਵਿਸ਼ਵ ਸਿੱਖ ਕੌਂਸਲ ਦੇ ਪ੍ਰਧਾਨ ਨੂੰ ਸੌਂਪ ਦੇਵੇ। ਅਗਰ ਆਪ ਅਜਿਹਾ ਨਹੀਂ ਕਰਦੇ ਤਾਂ ਪੰਥ ਦੀ ਇਹ ਅਮਾਨਤ ਪੰਥਕ ਮਰਿਆਦਾ ਅਨੁਸਾਰ ਵਸੂਲਣੀ ਮੇਰੀ ਮਜਬੂਰੀ ਹੋਵੇਗੀ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਪ੍ਰੋ: ਮਨਜੀਤ ਸਿੰਘ ਜੀ,
ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ,
ਅਨੰਦਪੁਰ ਸਾਹਿਬ
ਉਤਾਰਾ : ਸ: ਜਸਵੰਤ ਸਿੰਘ ਜੀ ਮਾਨ ਸਾਬਕਾ ਸਕੱਤਰ ਵਿਸ਼ਵ ਸਿੱਖ ਕੌਂਸਲ,
243, ਸੈਕਟਰ 9 ਸੀ, ਚੰਡੀਗੜ੍ਹ
ਫ਼ੈਕਸ : ਪ੍ਰੋ: ਮਨਜੀਤ ਸਿੰਘ ਪਟਿਆਲਾ - 0175 282670

(ਪ੍ਰੋ:) ਮਨਜੀਤ ਸਿੰਘ ਨੇ (ਭਾਈ) ਰਣਜੀਤ ਸਿੰਘ ਦੀ ਚਿੱਠੀ ਦਾ ਬੜਾ ਗ਼ੁੱਸਾ

---

50. ਮੰਗਲ ਸਿੰਘ (ਭਾਈ) ਰਣਜੀਤ ਸਿੰਘ ਦਾ ਫ਼ਾਈਨਾਂਸਰ ਸਮਝਿਆ ਜਾਂਦਾ ਸੀ।

ਮਨਾਇਆ ਤੇ ਉਸ ਨੇ ਵੀ ਇਸ ਦੇ ਜਵਾਬ ਵਿਚ ਕੜਕਵੀਂ ਅਤੇ ਗੁਸੈਲ ਬੋਲੀ ਵਿਚ ਇਕ ਚਿੱਠੀ ਲਿਖੀ, ਜੋ ਇੰਞ[51] ਸੀ :

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ, ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਦਾ ਮਿਤੀ 16 ਜੁਲਾਈ 1998 ਦਾ ਲਿਖਿਆ ਪੱਤਰ ਫ਼ੈਕਸ ਰਾਹੀਂ ਪ੍ਰਾਪਤ ਹੋਇਆ। ਇਸ ਵਿਚ ਆਪ ਨੇ ਜਸਟਿਸ ਕੁਲਦੀਪ ਸਿੰਘ ਹੋਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਉਨ੍ਹਾਂ ਦੀਆਂ ਬਾਰ ਬਾਰ ਕੋਸ਼ਿਸ਼ਾਂ ਦੇ ਬਾਵਜੂਦ ਮੈਂ ਉਨ੍ਹਾਂ ਨੂੰ ਦੇਸ਼-ਵਿਦੇਸ਼ ਤੋਂ ਵਿਸ਼ਵ ਸਿੱਖ ਕੌਂਸਲ ਦੇ ਨਾਮ 'ਤੇ ਇਕੱਤਰ ਕੀਤਾ ਧਨ ਵਾਪਸ ਨਹੀਂ ਕਰ ਰਿਹਾ। ਇਸ ਲਈ ਪੰਥਕ ਮਰਿਆਦਾ ਅਨੁਸਾਰ ਮੇਰੇ ਪਾਸੋਂ ਇਹ ਧਨ ਲੈਣਾ ਤੁਹਾਡੀ ਮਜਬੂਰੀ ਹੋਵੇਗੀ।

ਇਸ ਸਬੰਧੀ ਕੁਝ ਗੱਲਾਂ ਮੈਂ ਆਪ ਨੂੰ ਸਪੱਸ਼ਟ ਕਰ ਦੇਣੀਆਂ ਚਾਹੁੰਦਾ ਹਾਂ।

ਮਿਤੀ 4 ਦਿਸੰਬਰ 1997 ਨੂੰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਰਾਹੀਂ ਤੁਹਾਡਾ ਸੰਦੇਸ਼ ਮਿਲਣ 'ਤੇ ਵਿਸ਼ਵ ਸਿੱਖ ਕੌਂਸਲ ਦੇ ਸਾਰੇ ਕਾਇਦੇ ਕਾਨੂੰਨ ਨਜ਼ਰਅੰਦਾਜ਼ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਮਾਣ ਵਜੋਂ ਮੈਂ ਉਸੇ ਸਮੇਂ ਉਨ੍ਹਾਂ ਦੇ ਹੱਥੀਂ ਹੀ ਬਤੌਰ ਚੇਅਰਮੈਨ ਆਪਣੇ ਅਧਿਕਾਰ ਤੇ ਜ਼ਿੰਮੇਵਾਰੀਆਂ ਆਪ ਨੂੰ ਲਿਖਤੀ ਤੌਰ 'ਤੇ ਸੌਂਪ ਦਿੱਤੀਆਂ ਸਨ। ਉਸ ਉਪਰੰਤ ਆਪ ਨੇ ਜਸਟਿਸ ਕੁਲਦੀਪ ਸਿੰਘ ਹੋਰਾਂ ਨੂੰ ਵਿਸ਼ਵ ਸਿੱਖ ਕੌਂਸਲ ਦਾ ਚੇਅਰਮੈਨ ਨਿਯੁਕਤ ਕੀਤਾ ਤਾਂ ਜਸਟਿਸ ਹੋਰਾਂ ਨੇ ਮੈਨੂੰ ਆਪ ਮਿਲ ਕੇ ਸ: ਜਸਵੰਤ ਸਿੰਘ, ਜਨਰਲ ਸਕੱਤਰ ਵਿਸ਼ਵ ਸਿੱਖ ਕੌਂਸਲ ਕੋਲੋਂ ਹਿਸਾਬ-ਕਿਤਾਬ ਦੁਆਉਣ ਲਈ ਆਖਿਆ ਸੀ। ਉਨ੍ਹਾਂ ਦੀ ਹੀ ਭਾਵਨਾ ਅਨੁਸਾਰ ਮੈਂ ਸ: ਜਸਵੰਤ ਸਿੰਘ ਹੋਰਾਂ ਨੂੰ ਕੌਂਸਲ ਦਾ ਸਾਰਾ ਹਿਸਾਬ-ਕਿਤਾਬ ਜਸਟਿਸ ਹੋਰਾਂ ਦੇ ਹਵਾਲੇ ਕਰ ਦੇਣ ਲਈ ਪੱਤਰ ਲਿਖਿਆ ਸੀ, ਜਿਸ ਬਾਰੇ ਜਸਟਿਸ ਹੋਰਾਂ ਨੇ ਪੂਰੀ ਸੰਤੁਸ਼ਟੀ ਪ੍ਰਗਟ ਕੀਤੀ ਸੀ।

ਤੁਹਾਡਾ ਪੱਤਰ ਮਿਲਣ ਉਪਰੰਤ ਮੈਂ ਜਸਟਿਸ ਹੋਰਾਂ ਨੂੰ ਆਪ ਮਿਲ ਕੇ ਇਹ ਪੁੱਛਿਆ ਹੈ ਕਿ ਕੀ ਤੁਸੀਂ ਕੋਈ ਪੱਤਰ ਮੇਰੇ ਕੌਂਸਲ ਦਾ ਹਿਸਾਬ ਨਾ ਦੇਣ ਬਾਰੇ ਜਥੇਦਾਰ ਸਾਹਿਬ ਨੂੰ ਲਿਖਿਆ ਤਾਂ ਉਨ੍ਹਾਂ ਨੇ ਇਸ ਨੂੰ ਬਿਲਕੁਲ ਗ਼ਲਤ ਕਹਿੰਦਿਆਂ ਦੱਸਿਆ ਕਿ ਮੈਂ ਕੋਈ ਪੱਤਰ ਇਸ ਭਾਵਨਾ ਨਾਲ ਨਹੀਂ ਲਿਖਿਆ ਤੇ ਨਾ ਹੀ ਤੁਹਾਡੇ ਕੋਲੋਂ ਹੁਣ ਕਿਸੇ ਹਿਸਾਬ-ਕਿਤਾਬ ਦੇ ਮੰਗਣ ਦੀ ਲੋੜ ਹੈ, ਕਿਉਂਕਿ ਹਿਸਾਬ-ਕਿਤਾਬ ਤਾਂ ਸ: ਜਸਵੰਤ ਸਿੰਘ ਕੋਲ ਹੈ ਤੇ ਉਨ੍ਹਾਂ ਕੋਲੋਂ ਹੀ ਲੈਣਾ ਹੈ।

ਜਥੇਦਾਰ ਸਾਹਿਬ! ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿਚ ਆਪ ਵੱਲੋਂ ਮੈਨੂੰ ਲਿਖੇ ਇਸ ਪੱਤਰ ਨੇ ਇਕ ਦੁਖਦਾਈ ਅਵਸਥਾ ਪੈਦਾ ਕਰ ਦਿੱਤੀ ਹੈ। ਗੁਰੂ ਪੰਥ ਦੇ ਇਕ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦੂਸਰੇ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਇਸ ਤਰ੍ਹਾਂ ਦਾ **ਨਿਰਾਧਾਰ ਅਨੈਤਿਕ ਵਿਹਾਰ** ਕਿਸੇ ਤਰ੍ਹਾਂ ਦੀ ਸ਼ੋਭਨੀਕ ਨਹੀਂ। ਗੁਰੂ ਪੰਥ ਦੇ ਮੁਖ ਸੇਵਾਦਾਰ ਕਹਾਉਣ ਵਾਲੇ ਦਾ ਐਸਾ ਵਤੀਰਾ ਸਮੂਹ ਗੁਰੂ ਕਿਆਂ ਲਈ ਵੀ ਬੇਚੈਨੀ ਦਾ ਕਾਰਨ ਬਣਦਾ ਹੈ। ਇਸ ਲਈ ਆਪ ਵੱਲੋਂ ਇਸ ਪੱਖੋਂ ਸੰਕੋਚ ਕਰਨਾ ਹੀ ਲਾਹੇਵੰਦ ਹੋਵੇਗਾ। ਹਾਂ! ਸੱਚਾਈ ਦੇ ਆਧਾਰ 'ਤੇ ਕਿਸੇ ਵੀ ਗੁਰਮਤਿ ਅਨੁਸਾਰ ਕਾਰਵਾਈ ਦੀ ਮੈਨੂੰ ਖ਼ੁਸ਼ੀ ਹੋਵੇਗੀ। ਗੁਰੂ ਰਾਖਾ!

ਸਤਿਕਾਰ ਸਹਿਤ,

ਗ਼ੁਲਾਮ ਗੁਰੂ ਕਾ,
ਮਨਜੀਤ ਸਿੰਘ

---

51. ਕੁਲਬੀਰ ਸਿੰਘ ਕੌੜਾ, ਸਫ਼ੇ 256-57.

ਮਨਜੀਤ ਸਿੰਘ ਦੀ ਚਿੱਠੀ 'ਤੇ ਲੋਹਾ-ਲਾਖਾ ਹੋ ਕੇ (ਭਾਈ) ਰਣਜੀਤ ਸਿੰਘ ਨੇ ਇਕ 'ਕਰਾਰੀ' ਚਿੱਠੀ ਮਨਜੀਤ ਸਿੰਘ ਨੂੰ ਲਿਖੀ, ਜੋ ਇੰਵ ਸੀ[52] :

29 ਜੁਲਾਈ 1998

ਗੁਰ ਸਵਾਰੇ ਪ੍ਰੋ: ਮਨਜੀਤ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

24 ਜੁਲਾਈ 1998 ਨੂੰ ਲਿਖੀ ਤੁਹਾਡੀ ਚਿੱਠੀ ਮਿਲੀ, ਜਿਸ ਵਿਚ ਤੁਸਾਂ ਆਪਣੇ ਆਪ ਨੂੰ ਗੁਰੂ ਕਿਆਂ ਦਾ ਬਣਾ ਕੇ ਪੇਸ਼ ਕੀਤਾ ਹੈ ਤੇ ਮੈਨੂੰ ਬਾਬਰ ਕਿਆਂ ਦਾ। ਖ਼ੈਰ ਇਨ੍ਹਾਂ ਗੱਲਾਂ ਮੇਰੇ 'ਤੇ ਕੋਈ ਅਸਰ ਨਹੀਂ, ਕਿਉਂਕਿ ਸ਼ੁਭ ਅਮਲ ਦੱਸ ਦੇਂਦੇ ਹਨ ਕਿ ਕਿਹੜਾ ਗੁਰੂ ਕਿਆਂ ਦਾ ਹੈ ਅਤੇ ਕਿਹੜਾ ਬਾਬਰ ਕਿਆਂ ਦਾ।

ਜਸਟਿਸ ਕੁਲਦੀਪ ਸਿੰਘ ਹੋਰਾਂ ਨੇ ਤੁਹਾਨੂੰ ਮਿਲ ਕੇ ਕੀ ਕਿਹਾ ਹੈ ? ਇਸ ਦੀ ਮੈਨੂੰ ਕੋਈ ਜਾਣਕਾਰੀ ਨਹੀਂ, ਪਰ ਜੋ ਜਸਟਿਸ ਸਾਹਿਬ ਨੇ ਮੈਨੂੰ ਫ਼ਾਈਲ ਭੇਜੀ ਹੈ ਮੈਂ ਉਸ ਅਨੁਸਾਰ ਆਪ ਨੂੰ ਪੱਤਰ ਲਿਖਿਆ ਸੀ। ਉਸ ਫ਼ਾਈਲ ਵਿਚ ਜਸਟਿਸ ਕੁਲਦੀਪ ਸਿੰਘ ਦਾ ਤੁਹਾਨੂੰ ਲਿਖਿਆ ਹੋਇਆ ਉਹ ਪੱਤਰ ਵੀ ਮੌਜੂਦਾ ਹੈ, ਜੋ 23 ਅਪਰੈਲ 1998 ਨੂੰ ਹਿਸਾਬ ਪ੍ਰਾਪਤ ਕਰਨ ਲਈ ਲਿਖਿਆ ਗਿਆ।

ਪ੍ਰੋ: ਸਾਹਿਬ ਤੁਸੀਂ ਸਿਰਫ਼ ਵਿਸ਼ਵ ਸਿੱਖ ਕੌਂਸਲ ਦੀ ਚੇਅਰਮੈਨੀ ਤੋਂ ਅਸਤੀਫ਼ਾ ਦੇਣ ਦੇ ਨਾਲ ਸੁਰਖ਼ਰੂ ਨਹੀਂ ਹੋ ਜਾਂਦੇ, ਬਲਕਿ ਵਿਸ਼ਵ ਸਿੱਖ ਕੌਂਸਲ ਦਾ ਸਾਰਾ ਹਿਸਾਬ ਨਵੇਂ ਬਣੇ ਚੇਅਰਮੈਨ ਨੂੰ ਸੌਂਪਣ ਦੇ ਪੂਰੀ ਤਰ੍ਹਾਂ ਪਾਬੰਦ ਹੋ। ਤੁਸੀਂ ਹੁਣ ਮੈਨੂੰ ਚਿੱਠੀ ਵਿਚ ਲਿਖਿਆ ਹੈ ਕਿ ਜਸਟਿਸ ਕੁਲਦੀਪ ਸਿੰਘ ਹੋਣਾ ਨੇ ਮੈਨੂੰ ਕਿਹਾ ਹੈ ਕਿ "ਨਾ ਹੀ ਤੁਹਾਡੇ ਕੋਲੋਂ ਕਿਸੇ ਹਿਸਾਬ-ਕਿਤਾਬ ਮੰਗਣ ਦੀ ਲੋੜ ਹੈ", ਪ੍ਰੋ: ਸਾਹਿਬ ਅਗਰ ਜਸਟਿਸ ਸਾਹਿਬ ਨੂੰ ਤੁਹਾਡੇ ਕੋਲੋਂ ਹਿਸਾਬ-ਕਿਤਾਬ ਮੰਗਣ ਦੀ ਲੋੜ ਨਹੀਂ ਤਾਂ ਫਿਰ ਤੁਸੀਂ ਹੀ ਦੱਸੋ ਕਿ ਜਸਟਿਸ ਸਾਹਿਬ ਨੂੰ ਕਿਸ ਕੋਲੋਂ ਹਿਸਾਬ ਮੰਗਣਾ ਚਾਹੀਦਾ ਹੈ ਤੇ ਕਿਉਂ ਮੰਗਣਾ ਚਾਹੀਦਾ ਹੈ ? ਜੇ ਤੁਸੀਂ ਹੀ ਉਸ ਹਿਸਾਬ ਲਈ ਜਵਾਬਦੇਹ ਨਹੀਂ ਹੋ ਤਾਂ ਹੋਰ ਕੌਣ ਹੋ ਸਕਦਾ ਹੈ।

ਪ੍ਰੋ: ਸਾਹਿਬ ਮੈਂ ਤੁਹਾਡੇ ਕੋਲੋਂ ਪੰਥ ਦੀ ਅਮਾਨਤ ਮੰਗੀ ਹੈ, ਜੋ ਤੁਸੀਂ ਹੀ ਦੇ ਸਕਦੇ ਹੋ ਅਤੇ ਦੇਣ ਦੇ ਪਾਬੰਦ ਵੀ ਹੋ। ਬਜਾਇ ਇਸ ਦੇ ਕਿ ਤੁਸੀਂ ਮੈਨੂੰ ਕੋਈ ਇਸ ਹਿਸਾਬ ਬਾਰੇ ਤਸੱਲੀ-ਬਖ਼ਸ਼ ਉਤਰ ਦਿੰਦੇ, ਸਗੋਂ ਤੁਸੀਂ ਮੇਰੇ 'ਤੇ (ਅਨੈਤਿਕ ਅਤੇ ਨਿਰਾਧਾਰ) ਵਿਹਾਰ ਕਰਨ ਦਾ ਆਰੋਪ ਵੀ ਲਾ ਦਿੱਤਾ ਹੈ। ਅਗਰ ਪੰਥ ਦੀ ਅਮਾਨਤ ਜੋ ਨੰਗੀ ਚਿੱਟੀ ਤੁਹਾਡੇ ਪਾਸ ਹੈ ਤੇ ਤੁਸੀਂ ਹੀ ਦੇਣ ਦੇ ਪਾਬੰਦ ਹੋ, ਉਸ ਨੂੰ ਹਾਸਿਲ ਕਰਨਾ ਨਿਰਾਧਾਰ ਤੇ ਅਨੈਤਿਕ ਵਿਹਾਰ ਹੈ ਤਾਂ ਫਿਰ ਕ੍ਰਿਪਾ ਕਰਕੇ ਦੱਸੋ ਨੈਤਿਕ (ਆਧਾਰ) ਨੈਤਿਕ ਵਿਹਾਰ ਕੀ ਹੈ ?

ਅਗਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦੂਸਰੇ ਤਖ਼ਤ ਦੇ ਜਥੇਦਾਰ (ਜੋ ਕਿ ਆਪਣੇ ਆਪ ਨੂੰ ਗੁਰੂ ਕਿਆਂ ਦੇ ਅਖਵਾਉਂਦੇ ਹੋਣ) ਕੋਲੋਂ ਪੰਥਕ ਹਿਸਾਬ ਮੰਗਣ ਦੇ ਕਾਰਨ ਸਮੂਹ ਗੁਰੂ ਕਿਆਂ ਵਿਚ ਬੇਚੈਨੀ ਫੈਲਦੀ ਹੋਵੇ... ਤਾਂ ਮੈਂ ਸਮਝਦਾ ਹਾਂ ਇਹ ਵੀ ਮੁਬਾਰਕ ਹੈ।

ਹੁਣ ਮੈਂ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਤੁਸੀਂ ਅਤੇ ਸ: ਜਸਵੰਤ ਸਿੰਘ 5 ਅਗਸਤ 1998 ਤੋਂ ਪਹਿਲਾਂ ਪਹਿਲਾਂ ਵਿਸ਼ਵ ਸਿੱਖ ਕੌਂਸਲ ਦੇ ਮੌਜੂਦਾ ਅਹੁਦੇਦਾਰਾਂ ਨੂੰ ਸਾਰਾ ਹਿਸਾਬ-ਕਿਤਾਬ ਸੌਂਪ ਦਿਓ, ਕਿਉਂਕਿ ਇਹ ਹਿਸਾਬ-ਕਿਤਾਬ ਤੁਹਾਡੇ ਤੋਂ ਲੈਣਾ ਮੇਰੀ ਮਜਬੂਰੀ ਹੈ। ਆਸ ਕਰਦਾ ਹਾਂ ਕਿ ਤੁਸੀਂ ਮੇਰੀ ਮਜਬੂਰੀ ਨੂੰ ਜ਼ਰੂਰ ਸਮਝੋਗੇ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ
ਸਰਪ੍ਰਸਤ, ਵਿਸ਼ਵ ਸਿੱਖ ਕੌਂਸਲ

---

52. ਕੁਲਬੀਰ ਸਿੰਘ ਕੌੜਾ, ਸਫ਼ੇ 257-58.

ਇਸ ਚਿੱਠੀ ਨੇ ਮਨਜੀਤ ਸਿੰਘ ਨੂੰ ਚੁੱਪ ਤਾਂ ਕਰਵਾ ਦਿੱਤਾ ਤੇ ਉਸ ਨੇ ਆਪਣੀ ਸਫ਼ਾਈ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ, ਇਸ ਦੇ ਬਾਵਜੂਦ ਉਸ ਨੇ 'ਕੌਂਸਲ' ਦਾ ਹਿਸਾਬ-ਕਿਤਾਬ ਦੇਣ ਤੋਂ ਅਸਿੱਧੇ ਤੌਰ 'ਤੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਕੌਂਸਲ ਦਾ ਰਿਕਾਰਡ ਤੇ ਪੈਸਾ ਜਸਵੰਤ ਸਿੰਘ (ਮਾਨ) ਕੋਲ ਹੈ। 3 ਅਗਸਤ 1998 ਦਾ ਇਹ ਖ਼ਤ ਇੰਞ ਸੀ[53] :

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ,
ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਦਾ ਮਿਤੀ 29 ਜੁਲਾਈ 1998 ਦਾ ਲਿਖਿਆ ਪੱਤਰ ਫੈਕਸ ਰਾਹੀਂ ਪ੍ਰਾਪਤ ਹੋਇਆ। ਮੇਰੇ 24 ਜੁਲਾਈ ਦੇ ਲਿਖੇ ਪੱਤਰ ਵਿੱਚੋਂ ਤੋੜ-ਮਰੋੜ ਕੇ ਬਾਬੇ ਕਿਆਂ ਤੇ ਬਾਬਰ ਕਿਆਂ ਵਰਗੇ ਅਰਥ ਤੁਹਾਡੇ ਵੱਲੋਂ ਲਏ ਜਾਣ ਦਾ ਮੈਨੂੰ ਅਫ਼ਸੋਸ ਹੈ। ਜਦੋਂ ਕਿ ਉਸ ਵਿਚ ਕਿਤੇ ਵੀ ਜਾਂ ਕਿਸੇ ਵੀ ਰੂਪ ਵਿਚ ਇਹ ਭਾਵਨਾ ਅੰਕਤ ਨਹੀਂ।

ਮੇਰੇ ਪਾਸ ਵਿਸ਼ਵ ਸਿੱਖ ਕੌਂਸਲ ਦਾ ਕੋਈ ਵੀ ਸਰਮਾਇਆ ਜਾਂ ਰਿਕਾਰਡ ਨਾ ਪਹਿਲਾਂ ਸੀ, ਨਾ ਹੁਣ ਹੈ।

ਵਿਸ਼ਵ ਸਿੱਖ ਕੌਂਸਲ ਦਾ ਸਾਰਾ ਧਨ ਤੇ ਰਿਕਾਰਡ ਕੌਂਸਲ ਦੇ ਜਨਰਲ ਸਕੱਤਰ ਸ: ਜਸਵੰਤ ਸਿੰਘ ਹੋਰਾਂ ਪਾਸ ਹੈ। ਤੁਹਾਡੇ ਵੱਲੋਂ ਨਿਯੁਕਤ ਕੀਤੇ ਗਏ ਕੌਂਸਲ ਦੇ ਚੇਅਰਮੈਨ ਜਸਟਿਸ ਕੁਲਦੀਪ ਸਿੰਘ ਹੋਰਾਂ ਨੇ ਮਿਤੀ 23 ਅਪਰੈਲ ਨੂੰ ਲਿਖੇ ਪੱਤਰ ਦੀ ਭਾਵਨਾ ਅਤੇ ਫਿਰ ਉਨ੍ਹਾਂ ਵੱਲੋਂ ਮੈਨੂੰ ਮਿਲਣ 'ਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਇਹ ਸਾਰਾ ਧਨ ਅਤੇ ਰਿਕਾਰਡ ਸ: ਜਸਵੰਤ ਸਿੰਘ ਹੋਰਾਂ ਰਾਹੀਂ ਜਸਟਿਸ ਹੋਰਾਂ ਨੂੰ ਸੌਂਪਣ ਵਾਸਤੇ ਮਿਤੀ 4 ਮਈ ਨੂੰ ਮੈਂ ਪੱਤਰ ਲਿਖ ਚੁੱਕਾ ਹਾਂ। ਇਸ ਦੀ ਕਾਪੀ ਜਸਟਿਸ ਹੋਰਾਂ ਦੇ ਕਥਨ ਮੁਤਾਬਿਕ ਉਨ੍ਹਾਂ ਵੱਲੋਂ ਤੁਹਾਨੂੰ ਸੌਂਪ ਦਿੱਤੀ ਗਈ ਹੈ।

ਸੋ ਕੌਂਸਲ ਦਾ ਸਾਰਾ ਰਿਕਾਰਡ ਜਾਂ ਧਨ ਸ: ਜਸਵੰਤ ਸਿੰਘ ਹੋਰਾਂ ਕੋਲੋਂ ਪ੍ਰਾਪਤ ਕਰਨ ਦੀ ਖੇਚਲ ਕਰੋ ਜੀ।

ਸਤਿਕਾਰ ਸਹਿਤ,

ਗੁਲਾਮ ਗੁਰੂ ਕਾ,
ਮਨਜੀਤ ਸਿੰਘ

ਭਾਵੇਂ ਮਨਜੀਤ ਸਿੰਘ ਨੇ ਜਸਵੰਤ ਸਿੰਘ ਮਾਨ ਦਾ ਬਹਾਨਾ ਬਣਾ ਕੇ ਬਚਣ ਦੀ ਕੋਸ਼ਿਸ਼ ਕੀਤੀ, ਪਰ (ਭਾਈ) ਰਣਜੀਤ ਸਿੰਘ ਨੇ ਉਸ ਨੂੰ ਅਸਲੀ ਜਾਂ ਬਰਾਬਰ ਦਾ 'ਮੁਜਰਿਮ' ਤੇ 'ਸਾਜ਼ਿਸ਼ੀ' ਗਰਦਾਨਦਿਆਂ, ਇਹ ਚਿੱਠੀ ਲਿਖੀ[54] :

24 ਅਗਸਤ 1998

ਸਤਿਕਾਰਯੋਗ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰੋ: ਸਾਹਿਬ ਤੁਹਾਡਾ 3 ਅਗਸਤ ਦਾ ਲਿਖਿਆ ਪੱਤਰ ਪ੍ਰਾਪਤ ਹੋਇਆ। ਜਿਸ ਦਾ ਜੁਆਬ

---

53. ਕੁਲਬੀਰ ਸਿੰਘ ਕੌੜਾ, ਸਫ਼ਾ 259.

54. *ਉਹੀ*, ਸਫ਼ੇ 259-61.

ਦੇਣ ਵਿਚ ਕੁਝ ਦੇਰੀ ਹੋ ਗਈ। ਅੱਜ ਅਖ਼ਬਾਰਾਂ ਵਿਚ ਤੁਹਾਡਾ ਬਿਆਨ[55] ਪੜ੍ਹ ਕੇ ਮਹਿਸੂਸ ਕੀਤਾ ਕਿ **ਹੁਣ ਜੁਆਬ ਦੇਣਾ ਬਣਦਾ ਹੈ**।

ਪ੍ਰੋ: ਸਾਹਿਬ ਤੁਸੀਂ ਚਿੱਠੀ ਵਿਚ ਲਿਖਿਆ ਹੈ ਕਿ 'ਮੇਰੇ ਪਾਸ ਵਿਸ਼ਵ ਸਿੱਖ ਕੌਂਸਲ ਦਾ ਕੋਈ ਸਰਮਾਇਆ ਜਾਂ ਰਿਕਾਰਡ ਨਾ ਪਹਿਲਾਂ ਸੀ ਨਾ ਹੁਣ ਹੈ।' ਇਹ ਇਕ ਬਚਕਾਨਾ ਜਿਹਾ ਜੁਆਬ ਹੈ। ਤਖ਼ਤ ਦੇ ਜਥੇਦਾਰ, ਵਿਸ਼ਵ ਸਿੱਖ ਕੌਂਸਲ ਦੇ ਰਹਿ ਚੁੱਕੇ ਸਰਪ੍ਰਸਤ, ਵਿਸ਼ਵ ਸਿੱਖ ਕੌਂਸਲ ਦੇ ਸਾਬਕਾ ਚੇਅਰਮੈਨ ਦੇ ਮੂੰਹੋਂ ਅਜਿਹੇ ਜੁਆਬ ਦੀ ਮੈਨੂੰ ਆਸ ਨਹੀਂ ਸੀ। ਫਿਰ ਵੀ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਹੋਣ ਕਰ ਕੇ ਤੁਹਾਡੇ ਤੋਂ ਹਿਸਾਬ ਲੈਣਾ ਮੇਰੀ ਮਜਬੂਰੀ ਹੈ। ਮੈਨੂੰ ਲਗਦਾ ਹੈ ਕਿ ਤੁਸੀਂ ਇਹ ਸਾਰਾ ਮਾਮਲਾ ਜਸਵੰਤ ਸਿੰਘ ਮਾਨ 'ਤੇ ਸੁੱਟ ਕੇ ਆਪ ਸੁਰਖਰੂ ਹੋਣਾ ਚਾਹੁੰਦੇ ਹੋ। ਪ੍ਰੋ: ਸਾਹਿਬ ਮੈਂ ਸਪੱਸ਼ਟ ਕਰ ਦਿਆਂ ਕਿ ਜਸਵੰਤ ਸਿੰਘ ਮਾਨ ਵਿਸ਼ਵ ਸਿੱਖ ਕੌਂਸਲ ਦਾ ਓਫ਼ੀਸ਼ੀਅਲ ਕੋਈ ਅਹੁਦੇਦਾਰ ਨਹੀਂ। ਪੰਜਾਬ ਸਿੰਧ ਬੈਂਕ ਅਤੇ ਬੈਂਕ ਆਫ਼ ਪੰਜਾਬ ਵਿੱਚੋਂ ਫ਼ਰਾਡ ਕਾਰਨ ਕੱਢਿਆ ਹੋਇਆ ਇਕ ਬਦਨਾਮ ਬੰਦਾ ਹੈ। ਜਿਸ 'ਤੇ 420 ਦੇ ਕੇਸ ਦਰਜ ਹਨ। ਇਹ ਜੋ ਕੁਝ ਵੀ ਹੈ ਤੁਹਾਡੀ ਬਦੌਲਤ ਹੈ, ਸੰਗਤ ਦੀ ਬਦੌਲਤ ਨਹੀਂ। ਸਿੰਘ ਸੰਗਤਾਂ ਨੇ ਵਿਸ਼ਵ ਸਿੱਖ ਕੌਂਸਲ ਲਈ ਸਰਮਾਇਆ ਤੁਹਾਨੂੰ ਬਤੌਰ ਐਕਟਿੰਗ ਜਥੇਦਾਰ ਅਕਾਲ ਤਖ਼ਤ ਸਾਹਿਬ ਸਰਪ੍ਰਸਤ ਅਤੇ ਚੇਅਰਮੈਨ ਦੀ ਹੈਸੀਅਤ 'ਚ ਦਿੱਤਾ। ਅਗਰ ਤੁਸੀਂ ਉਹ ਸਰਮਾਇਆ ਕਿਸੇ ਚੋਰ ਨੂੰ ਸੌਂਪ ਦਿਓ ਤਾਂ ਫਿਰ ਸਿੱਖ ਸੰਗਤਾਂ ਅੱਗੇ ਜੁਆਬਦੇਹ ਤੁਸੀਂ ਹੋ, ਚੋਰ ਨਹੀਂ।

ਮੈਂ ਸਮਝਦਾ ਹਾਂ ਜਸਟਿਸ ਕੁਲਦੀਪ ਸਿੰਘ ਜਾਂ ਮੈਨੂੰ ਹਿਸਾਬ ਲੈਣ ਲਈ ਜਸਵੰਤ ਸਿੰਘ ਮਾਨ ਕੋਲ ਭੇਜ ਕੇ ਤੁਸੀਂ ਆਪਣੇ ਅਹੁਦੇ ਨਾਲ ਇਨਸਾਫ਼ ਨਹੀਂ ਕਰ ਰਹੇ।

—ਪ੍ਰੋ: ਸਾਹਿਬ ਕੀ ਤੁਸੀਂ ਇਨਕਾਰ ਕਰ ਸਕਦੇ ਹੋ ਕਿ ਪੰਜਾਬ ਐਂਡ ਸਿੰਧ ਬੈਂਕ ਫ਼ਾਈਨਾਂਸ ਸੈਕਟਰ 4 ਚੰਡੀਗੜ੍ਹ (House of Inderjeet Singh Chairman) ਦੀ ਬਰਾਂਚ ਵਿਚ ਦਸ ਲੱਖ ਦੀ ਮਿਆਦੀ ਰਕਮ 'ਚ ਤੁਹਾਡੇ ਦਸਤਖ਼ਤ ਨਹੀਂ।

—ਕੀ ਤੁਸੀਂ ਇਨਕਾਰ ਕਰੋਗੇ ਕਿ ਬੈਂਕ ਆਫ਼ ਪੰਜਾਬ, ਸੈਕਟਰ 35 ਵਿਚ ਪੰਜਾਹ ਹਜ਼ਾਰ ਦੀ ਮਿਆਦੀ ਰਕਮ 'ਤੇ ਜਸਵੰਤ ਸਿੰਘ ਮਾਨ ਨਾਲ ਤੁਹਾਡੇ ਦਸਤਖ਼ਤ ਨਹੀਂ?

—ਕੀ ਤੁਸੀਂ ਇਨਕਾਰ ਕਰੋਗੇ ਬੈਂਕ ਆਫ਼ ਪੰਜਾਬ, ਸੈਕਟਰ 9 ਵਿਚ ਵਿਸ਼ਵ ਸਿੱਖ ਕੌਂਸਲ ਦੇ ਖਾਤੇ ਵਿਚ ਤੁਹਾਡੇ ਦਸਤਖ਼ਤ ਨਹੀਂ?

—ਕੀ ਤੁਹਾਡੇ ਦਸਤਖ਼ਤ ਤੋਂ ਬਿਨਾਂ ਬੈਂਕ ਵਿੱਚੋਂ ਜਸਵੰਤ ਸਿੰਘ ਮਾਨ ਪੈਸਾ ਕਢਵਾ ਕੇ ਦੇ ਸਕਦਾ ਹੈ?

ਪ੍ਰੋ: ਸਾਹਿਬ ਅਸਲੀਅਤ ਇਹ ਹੈ ਕਿ ਤੁਹਾਡੀ ਵਿਉਂਤਬੰਦੀ ਅਤੇ ਹਿਦਾਇਤਾਂ ਅਨੁਸਾਰ ਜਸਵੰਤ ਸਿੰਘ ਮਾਨ ਚੱਲ ਰਹੇ ਹਨ। ਤੁਹਾਡੀ ਹਿਦਾਇਤ 'ਤੇ ਹੀ ਵਿਸ਼ਵ ਸਿੱਖ ਕੌਂਸਲ ਨੂੰ ਹਥਿਆਉਣ ਦਾ ਕੇਸ ਚੰਡੀਗੜ੍ਹ ਦੀ ਅਦਾਲਤ ਵਿਚ ਮੇਰੇ 'ਤੇ ਜਸਟਿਸ ਕੁਲਦੀਪ ਸਿੰਘ ਦੇ ਵਿਰੁੱਧ ਕੀਤਾ ਗਿਆ ਹੈ।

ਪ੍ਰੋ: ਸਾਹਿਬ ਅਗਰ ਮੰਨ ਵੀ ਲਿਆ ਜਾਵੇ ਕਿ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਦੇਣ ਲਈ ਜਸਵੰਤ ਸਿੰਘ ਮਾਨ ਹੀ ਜ਼ਿੰਮੇਵਾਰ ਹੈ, ਫਿਰ ਵਿਸ਼ਵ ਸਿੱਖ ਕੌਂਸਲ ਦੇ ਵਿਦੇਸ਼ ਵਿਚਲੇ ਇਕੱਤਰ ਸਰਮਾਏ ਲਈ ਮੈਨੂੰ ਤੇ ਜਸਟਿਸ ਕੁਲਦੀਪ ਸਿੰਘ ਨੂੰ ਤੁਸੀਂ ਕਿਸ ਕੋਲ ਭੇਜੋਗੇ।

ਕਿਉਂਕਿ ਜਸਵੰਤ ਸਿੰਘ ਮਾਨ ਦੇ ਕੋਲ ਤਾਂ ਵਿਸ਼ਵ ਸਿੱਖ ਕੌਂਸਲ ਦਾ ਭਾਰਤ ਵਿਚ ਹੀ ਇਕੱਤਰ ਕੀਤਾ ਗਿਆ ਪੈਸਾ ਹੀ ਹੈ। ਵਿਦੇਸ਼ੀ ਪੈਸੇ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਉਗੇ। ਜਾਂ ਫਿਰ ਸਾਫ਼ ਚਿੱਟੇ ਮੁੱਕਰ ਜਾਉਗੇ ਕਿ ਮੇਰੇ ਕੋਲ ਵਿਸ਼ਵ ਸਿੱਖ ਕੌਂਸਲ ਦਾ ਕੁਝ ਨਹੀਂ ਹੈ।

---

55. 24 ਅਗਸਤ 1998 ਦੀਆਂ ਅਖ਼ਬਾਰਾਂ ਵਿਚ ਮਨਜੀਤ ਸਿੰਘ ਦਾ ਬਿਆਨ ਛਪਿਆ ਸੀ ਕਿ ਉਹ ਅੱਗੇ ਤੋਂ ਅਕਾਲ ਤਖ਼ਤ ਸਾਹਿਬ 'ਤੇ ਹੋਣ ਵਾਲੀਆਂ 'ਪੰਜ ਗ੍ਰੰਥੀਆਂ' ਦੀਆਂ ਮੀਟਿੰਗਾਂ ਵਿਚ ਹਾਜ਼ਿਰ ਨਹੀਂ ਹੋਇਆ ਕਰੇਗਾ। ਦਰਅਸਲ ਇਹ ਪ੍ਰੋਟੈਸਟ ਨਹੀਂ ਸੀ, ਬਲਕਿ ਰਣਜੀਤ ਸਿੰਘ ਹੱਥੋਂ ਹੋਣ ਵਾਲੀ ਬੇਇਜ਼ਤੀ ਦੇ ਡਰੋਂ ਸੀ।

ਅੱਜ ਦੀ ਅਖ਼ਬਾਰ ਦੇ ਬਿਆਨ ਅਨੁਸਾਰ ਅਕਾਲ ਤਖ਼ਤ 'ਤੇ ਮੀਟਿੰਗ ਦਾ ਬਾਈਕਾਟ ਕਰਨ ਦਾ ਜੋ ਤੁਸੀਂ ਫ਼ੈਸਲਾ ਲਿਆ ਹੈ, ਮੈਂ ਸਮਝਦਾ ਹਾਂ ਕਿ ਇਹ ਫ਼ੈਸਲਾ ਸੋਚ ਸਮਝ ਕੇ ਲਿਆ ਹੋਵੇਗਾ, ਮੈਂ ਸਮਝਦਾ ਹਾਂ ਜਿੰਨੀ ਦੇਰ ਤਕ ਤੁਸੀਂ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਉਸ ਦੇ ਚੇਅਰਮੈਨ ਨੂੰ ਨਹੀਂ ਸੌਂਪਦੇ, ਤੁਹਾਨੂੰ ਓਨਾ ਚਿਰ ਅਕਾਲ ਤਖ਼ਤ ਸਾਹਿਬ ਦੀਆਂ ਮੀਟਿੰਗਾਂ ਵਿਚ ਆਉਣਾ ਵੀ ਨਹੀਂ ਚਾਹੀਦਾ।

ਪ੍ਰੋ: ਸਾਹਿਬ ਤੁਸੀਂ ਜਸਵੰਤ ਸਿੰਘ ਮਾਨ ਦੇ ਸਟੈਂਡ ਦੀ ਹਮਦਰਦੀ ਨਾਲ ਹਾਮੀ ਭਰਦਿਆਂ ਅੱਜ ਅਖ਼ਬਾਰਾਂ ਨੂੰ ਬਿਆਨ ਦਿੱਤਾ ਕਿ "ਜਸਵੰਤ ਸਿੰਘ ਮਾਨ ਹੋਰਾਂ ਨੇ ਜਸਟਿਸ ਕੁਲਦੀਪ ਸਿੰਘ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਪਹਿਲਾਂ ਹੀ ਦੱਸਿਆ ਹੋਇਆ ਹੈ ਕਿ ਵਿਸ਼ਵ ਸਿੱਖ ਕੌਂਸਲ ਦਾ ਸਾਰਾ ਲੇਖਾ-ਜੋਖਾ ਅਦਾਲਤ ਵਿਚ ਪੇਸ਼ ਕੀਤਾ ਜਾ ਚੁੱਕਾ ਹੈ। ਇਸ ਲਈ ਹੁਣ ਰਿਕਾਰਡ ਉਨ੍ਹਾਂ ਨੂੰ ਪੇਸ਼ ਨਹੀਂ ਕੀਤਾ ਜਾ ਸਕਦਾ।"

ਪ੍ਰੋ: ਸਾਹਿਬ ਦੁਨਿਆਵੀ ਅਦਾਲਤ ਉੱਤੇ ਤੁਹਾਡਾ ਵਿਸ਼ਵਾਸ ਅਤੇ ਅਦਾਲਤ ਵਿਚ ਕੇਸ ਲੈ ਜਾਣ ਵਾਲਿਆਂ ਦੀ ਵਕਾਲਤ 'ਤੇ ਮੈਨੂੰ ਅਤੇ ਸਮੁੱਚੇ ਪੰਥਕ ਹਲਕਿਆਂ ਨੂੰ ਬੜੀ ਹੈਰਾਨੀ ਹੋਈ ਹੈ। ਮੈਂ ਤੁਹਾਨੂੰ ਇਕ ਸੁਆਲ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਦੇ ਇਸ ਬਿਆਨ ਤੋਂ ਬਾਅਦ ਤੁਹਾਨੂੰ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਹਿਣ ਦਾ ਕੋਈ ਹੱਕ ਹੈ ? ਪ੍ਰੋ: ਸਾਹਿਬ ਮੇਰਾ ਯਕੀਨ ਤਾਂ ਉਸ ਮਰਿਆਦਾ ਵਿਚ ਹੈ, ਜਿਸ ਮਰਿਆਦਾ ਨੂੰ ਤੁਸੀਂ ਖਾਲਸਾ ਪੰਥ ਦੀ ਪੰਚ ਪ੍ਰਧਾਨੀ ਮਰਿਆਦਾ ਦਾ ਨਾਮ ਦੇ ਕੇ ਆਪਣੀ ਚਿੱਠੀ ਵਿਚ ਸਤਿਕਾਰਿਆ ਹੈ। ਅਗਰ ਤੁਹਾਨੂੰ ਵਾਕਿਆ ਹੀ ਇਸ ਮਰਿਆਦਾ ਦਾ ਸਤਿਕਾਰ ਹੈ ਤਾਂ ਮੈਂ ਨਿਮਰਤਾ ਨਾਲ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ ਅਤੇ ਹੈੱਡ ਗ੍ਰੰਥੀ ਦਰਬਾਰ ਸਾਹਿਬ ਅਤੇ ਤਿੰਨ ਹੋਰ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਨ ਸਾਹਮਣੇ ਆਪਣਾ ਪੱਖ ਪੇਸ਼ ਕਰ ਸਕਦੇ ਹੋ। ਮੈਂ ਆਪ ਇਸ ਕਾਰਵਾਈ ਵਿੱਚੋਂ ਬਾਹਰ ਹੋਵਾਂਗਾ, ਜੋ ਵੀ ਫ਼ੈਸਲਾ ਪੰਜ-ਪ੍ਰਧਾਨ ਦੇਣਗੇ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ, ਪਰ ਕੀ ਤੁਸੀਂ ਇਸ ਮਰਿਆਦਾ ਦਾ ਪਾਲਣ ਕਰੋਗੇ ?

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਇਨ੍ਹੀਂ ਦਿਨੀਂ ਹੀ (ਪ੍ਰੋ:) ਮਨਜੀਤ ਸਿੰਘ ਅਤੇ ਜਸਵੰਤ ਸਿੰਘ ਮਾਨ ਦੇ ਸਾਥੀਆਂ ਨੇ ਵਰਲੱਡ ਸਿੱਖ ਕੌਂਸਲ 'ਤੇ ਕਬਜ਼ੇ ਦਾ ਕੇਸ ਅਦਾਲਤ ਵਿਚ ਦਾਇਰ ਕਰ ਦਿੱਤਾ ਹੋਇਆ ਸੀ। ਉਧਰ (ਗਿਆਨੀ) ਕੇਵਲ ਸਿੰਘ, ਮੁੱਖ ਸੇਵਾਦਾਰ ਦਮਦਮਾ ਸਾਹਿਬ, ਤਲਵੰਡੀ ਸਾਬੋ ਨੇ ਮਨਜੀਤ ਸਿੰਘ ਨਾਲ ਯਾਰੀ ਨਿਭਾਉਣ ਵਾਸਤੇ ਇਕ ਚਿੱਠੀ (ਭਾਈ) ਰਣਜੀਤ ਸਿੰਘ ਨੂੰ ਲਿਖੀ, ਜਿਸ ਵਿਚ ਉਸ ਨੇ ਚੋਪੜੇ ਹੋਏ ਲਫ਼ਜ਼ਾਂ ਵਿਚ ਮਨਜੀਤ ਸਿੰਘ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਹ ਚਿੱਠੀ ਇੰਞ ਸੀ[56] :

ਸਤਿਕਾਰਯੋਗ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ,
ਜਥੇਦਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ
ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅੱਜ ਜਦੋਂ ਕੌਮ ਆਪਣੀ ਕੌਮੀ ਪਛਾਣ ਆਪਣੇ 300 ਸਾਲਾ ਸਾਜਨਾ[57] ਦਿਵਸ ਨੂੰ ਆਧਾਰ

---

56. ਕੁਲਬੀਰ ਸਿੰਘ ਕੌੜਾ, ਸਫ਼ੇ 261-63.
57. ਇਹ ਸਾਜਨਾ ਦਿਵਸ ਨਹੀਂ 'ਪ੍ਰਗਟ ਦਿਵਸ' ਸੀ। ਗੁਰੂ ਸਾਹਿਬ ਨੇ ਖਾਲਸਾ 'ਸਾਜਿਆ' ਨਹੀਂ, ਬਲਕਿ 'ਪ੍ਰਗਟ' ਕੀਤਾ ਸੀ : ਪਰਗਟਿਓ ਖਾਲਸਾ ਪਰਮਾਤਮਾ ਕੀ ਮੌਜ।

ਬਣਾ ਕੇ ਸੰਸਾਰ ਵਿਚ ਉਜਾਗਰ ਕਰਨ ਦਾ ਯਤਨ ਕਰ ਰਹੀ ਹੈ, ਅਸੀਂ ਤਖ਼ਤਾਂ ਦੇ ਸੇਵਾਦਾਰ ਕੌਮ ਦੇ ਸਾਹਮਣੇ ਗੁਰਮਤਿ ਦੀ ਸਿਧਾਂਤਵਾਦੀ ਸੋਚ 'ਤੇ ਪਹਿਰਾ ਦੇਣ ਪੱਖੋਂ ਸਪੱਸ਼ਟ ਨਹੀਂ ਹੋ ਰਹੇ। ਅਕਾਲ ਤਖ਼ਤ ਸਾਹਿਬ ਵਿਖੇ ਪਿਛਲੇ ਕੁਝ ਅਰਸੇ ਤੋਂ ਪੰਜ ਪਿਆਰਿਆਂ ਦੇ ਅੰਗ ਵਜੋਂ ਇਕ-ਦੂਜੇ ਪ੍ਰਤੀ ਘਟ ਰਹੀ ਸਤਿਕਾਰ ਭਾਵਨਾ ਤੇ ਆਪਸੀ ਅਵਿਸ਼ਵਾਸ ਵਾਲੀ ਅਵਸਥਾ ਨੇ ਮੇਰੇ ਅੰਦਰ ਅਜੀਬ ਜਿਹੀ ਪੀੜਾ ਨੂੰ ਜਨਮ ਦਿੱਤਾ ਹੈ। ਕਿੱਥੇ ਅਸੀਂ ਕੌਮੀ ਮਸਲਿਆਂ ਦਾ ਹੱਲ ਕਰਨ ਲਈ ਗੁਰੂ ਖਾਲਸਾ ਪੰਥ ਦੀ ਜੁਗਤਿ ਅਨੁਸਾਰ ਜ਼ਿੰਮੇਵਾਰੀ ਨਿਭਾਉਣੀ ਸੀ, ਕਿੱਥੇ ਅਸੀਂ ਉਸ ਦੇ ਉਲਟ ਕਈ ਪੱਖਾਂ ਤੋਂ ਗੁਰੂ-ਸੰਗਤ ਦੀ ਦ੍ਰਿਸ਼ਟੀ ਵਿਚ ਸ਼ੰਕਾ-ਗ੍ਰਸਤ ਹੋ ਰਹੇ ਹਾਂ। ਇਸ ਅਵਸਥਾ ਵਿੱਚੋਂ ਤਖ਼ਤ ਦੇ ਇਸ ਸੇਵਾਦਾਰ ਦੇ ਮਨ ਵਿਚ ਕੁਝ ਸੁਆਲਾਂ ਨੇ ਜਨਮ ਲਿਆ ਹੈ। ਉਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ :

(ੳ) ਪੰਜ ਸਿੰਘ ਸਾਹਿਬ ਦੀ ਇਕ ਕੌਮੀ ਮਾਣ-ਮਰਿਆਦਾ ਹੈ। ਇਸ ਮਾਣ-ਮਰਿਆਦਾ ਨੂੰ ਆਪਣੇ ਵਿਹਾਰ ਵਿੱਚੋਂ ਪ੍ਰਗਟ ਕਰਨਾ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਬਿਰਦ ਹੈ। ਪਿਛਲੇ ਕੁਝ ਸਮੇਂ ਤੋਂ ਇਸ ਮਾਣ-ਮਰਿਆਦਾ ਨੂੰ ਨਿਭਾਉਣ ਵਿਚ ਅਵੇਸਲਾਪਨ ਆ ਰਿਹਾ ਹੈ। ਇਹ ਪਹਿਲੂ ਹੋਰ ਵੀ ਚਿੰਤਾਜਨਕ ਹੈ ਕਿ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਜਾ ਰਿਹਾ। ਇਸ ਤੋਂ ਪਹਿਲਾਂ ਕਿ ਜੋ ਕੁਝ ਸਾਡੇ ਦਰਮਿਆਨ ਵਾਪਰ ਰਿਹਾ ਹੈ, ਉਹ ਆਮ ਸਿੱਖ ਦੀ ਮਾਨਸਿਕਤਾ ਵਿਚ ਸ਼ੰਕੇ ਪੈਦਾ ਕਰੇ, ਇਸ ਬਾਰੇ ਨਿੱਠ ਕੇ ਵਿਚਾਰ ਹੋਣੀ ਚਾਹੀਦੀ ਹੈ।

(ਅ) ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਜੋ ਬੀਤੇ ਕੱਲ੍ਹ ਵਿਚ ਰਹੀ ਹੈ, ਉਸ ਨੂੰ ਅੱਜ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮ ਦੀ ਨੁਮਾਇੰਦਾ ਜਥੇਬੰਦੀ ਹੈ। ਇਸ ਸੰਸਥਾ ਦਾ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਵਿਚ ਮਹੱਤਵਪੂਰਨ ਰੋਲ ਰਿਹਾ ਹੈ। **ਕੌਮ ਨਾਲ ਸੰਬੰਧਿਤ ਸਭ ਪ੍ਰਕਾਰ ਦੇ ਮਸਲੇ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਾਰਮਿਕ ਸਲਾਹਕਾਰ ਕਮੇਟੀ ਨੂੰ ਰਾਇ ਲਈ ਸੌਂਪੇ ਜਾਂਦੇ ਸਨ। ਪ੍ਰਾਪਤ ਹੋਈ ਰਾਇ ਅਨੁਸਾਰ ਜੋ ਮਸਲੇ ਹੋਰ ਵਿਚਾਰ ਗੋਚਰੇ ਹੁੰਦੇ ਸਨ, ਉਹ ਹੀ ਅੰਤਮ ਨਿਰਣੇ ਲਈ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਨੂੰ ਆਉਂਦੇ ਸਨ। ਪਿਛਲੇ ਕੁਝ ਅਰਸੇ ਤੋਂ ਸਾਡੀ ਇਹ ਪਰੰਪਰਾ ਅੱਖੋਂ ਪਰੋਖੇ ਹੋ ਗਈ ਹੈ।**[58] ਅੱਜ ਹਾਲਤ ਇਹ ਹੋ ਗਈ ਹੈ ਕਿ ਸਰਬ ਸੰਮਤੀ ਨਾਲ ਫ਼ੈਸਲੇ ਕਰਨ ਵਾਲਾ ਢੰਗ, ਆਪ ਜੀ ਦੇ ਵਿਚਾਰਾਂ ਵਿੱਚੋਂ ਹੁਣ ਬਹੁ-ਸੰਮਤੀ ਨਾਲ ਫ਼ੈਸਲੇ ਕਰਨ ਵੱਲ ਤੁਰਦਾ ਦਿਖਾਈ ਦੇ ਰਿਹਾ ਹੈ।

(ੲ) ਸਿੰਘ ਸਾਹਿਬ ਜੀ, ਵਿਸ਼ਵ ਸਿੱਖ ਕੌਂਸਲ ਨੂੰ ਆਪ ਜੀ ਵੱਲੋਂ ਨਿਜੀ ਵਕਾਰ ਦਾ ਸਵਾਲ ਬਣਾਉਣਾ ਵੀ ਮੇਰੇ ਲਈ ਦੁਖਦਾਈ ਹੈ। ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੇ ਆਪ ਦੀ ਮਨਸ਼ਾ ਅਨੁਸਾਰ ਚੇਅਰਮੈਨਸ਼ਿਪ ਤੋਂ ਅਸਤੀਫ਼ਾ ਨਿਰਸੰਕੋਚ ਤੇ ਨਿਰਸੰਦੇਹ ਹੋ ਕੇ ਇਸ ਸੇਵਾਦਾਰ ਰਾਹੀਂ ਆਪ ਜੀ ਨੂੰ ਸੌਂਪ ਦਿੱਤਾ ਸੀ। ਹੁਣ ਆਪ ਜੀ ਵੱਲੋਂ ਉਨ੍ਹਾਂ ਪਾਸੋਂ ਹਿਸਾਬ ਮੰਗਣ ਲਈ ਲਿਖੇ ਹੋਏ ਪੱਤਰ ਦੀ ਭਾਸ਼ਾ ਮੈਨੂੰ ਉਨ੍ਹਾਂ ਦੀ ਪਦਵੀ ਤੇ ਮਾਣ-ਸਨਮਾਨ ਦੇ ਅਨੁਕੂਲ ਨਹੀਂ ਜਾਪੀ। ਮੇਰੀ ਸਮਝ ਅਨੁਸਾਰ ਉਨ੍ਹਾਂ ਵੱਲੋਂ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਸਭ ਕੁਝ ਠੀਕ ਠਾਕ ਹੋ ਚੁੱਕਾ ਸੀ। ਹਾਂ, ਜੇ ਕਰ ਆਪ ਜੀ ਕੋਈ ਗੱਲ ਸਪੱਸ਼ਟ ਕਰਨ ਦੀ ਲੋੜ ਮਹਿਸੂਸ ਕਰਦੇ ਸੀ ਤਾਂ ਉਨ੍ਹਾਂ ਨੂੰ ਮਾਣ ਨਾਲ

---

58. ਪਰ ਕੇਵਲ ਸਿੰਘ ਨੇ ਪਹਿਲੋਂ ਇਸ ਗੱਲ ਬਾਰੇ ਕਦੇ ਨਹੀਂ ਸੀ ਕਿਹਾ ਅਤੇ 'ਗ੍ਰੰਥੀਆਂ' ਦੀ ਹਕੂਮਤ ਦੀ ਹਿਮਾਇਤ ਹੀ ਨਹੀਂ ਕੀਤੀ ਸੀ, ਬਲਕਿ ਉਹ ਆਪ ਵੀ ਇਸ 'ਡਿਕਟੇਟਰਸ਼ਿਪ' ਵਿਚ ਬਰਾਬਰ ਦਾ ਹਿੱਸੇਦਾਰ ਸੀ। ਉਸ ਨੇ ਪਹਿਲਾਂ ਕਦੇ ਨਹੀਂ ਸੀ ਕਿਹਾ ਕਿ ਹਰ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਵਿਚਾਰਨ ਤੋਂ ਪਹਿਲਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਅਤੇ 'ਧਾਰਮਿਕ ਸਲਾਹਕਾਰ ਕਮੇਟੀ' ਨੂੰ ਰਾਇ ਲਈ ਸੌਂਪਿਆ ਜਾਏ।

ਆਵਾਜ਼ ਮਾਰ ਕੇ ਜਾਣਕਾਰੀ ਪ੍ਰਾਪਤ ਕਰ ਲੈਂਦੇ ਜਾਂ ਪਹਿਲਾਂ ਵਾਂਗ ਇਸ ਸੇਵਾਦਾਰ ਦੀ ਸੇਵਾ ਵੀ ਹਾਜ਼ਿਰ ਸੀ। ਸਿੰਘ ਸਾਹਿਬ ਜੀ, ਮੈਂ ਮਹਿਸੂਸ ਕਰਦਾ ਹਾਂ ਕਿ ਜੋ ਸਥਿਤੀ ਆਪ ਜੀ ਵੱਲੋਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੂੰ ਪੱਤਰ ਲਿਖਣ ਨਾਲ ਉਤਪੰਨ ਹੋਈ ਹੈ, ਇਸ ਨੂੰ ਹਰ ਹੀਲੇ ਇਕ-ਦੂਜੇ ਨੂੰ ਬਣਦਾ ਮਾਣ-ਸਤਿਕਾਰ ਦਿੰਦਿਆਂ ਇੱਥੇ ਸਮੇਟ ਲੈਣਾ ਪੰਥਕ ਹਿੱਤ ਵਿਚ ਹੈ।

ਮੇਰੀ ਇਹ ਵੇਦਨਾ ਇਸ ਕੌਮੀ ਭਾਵਨਾ ਵਿੱਚੋਂ ਪੈਦਾ ਹੋ ਰਹੀ ਹੈ ਕਿ ਖਾਲਸਾ ਪੰਥ ਦਾ 300 ਸਾਲਾ ਸਾਜਨਾ ਦਿਵਸ ਸਿਰ ਉਪਰ ਹੈ। ਸਾਰੀ ਕੌਮ ਪੱਬਾਂ ਭਾਰ ਹੋ ਕੇ ਆਪਣੀਆਂ ਨਿਗਾਹਾਂ ਅਕਾਲ ਤਖ਼ਤ ਸਾਹਿਬ ਵੱਲ ਲਾਈ ਬੈਠੀ ਹੈ, ਪਰ ਜਿਸ ਸਥਿਤੀ ਵਿੱਚੋਂ ਆਪਾਂ ਗੁਜ਼ਰ ਰਹੇ ਹਾਂ, ਇਸ ਨਾਲ ਕੌਮ ਦੀਆਂ ਰੀਝਾਂ ਪੂਰੀਆਂ ਹੋਣ ਦੀ ਉਮੀਦ ਬਹੁਤ ਘੱਟ ਗਈ ਹੈ। ਕੌਮ ਸਾਡੇ ਪਾਸੇ ਜੋ ਆਸ ਰੱਖਦੀ ਹੈ, ਸਾਨੂੰ ਉਸ ਜ਼ਿੰਮੇਵਾਰੀ ਦੇ ਸਨਮੁੱਖ ਹੋਣਾ ਚਾਹੀਦਾ ਹੈ।

ਸਭ ਨੂੰ ਗੁਰ ਫ਼ਤਹਿ।

ਗੁਰੂ ਪੰਥ ਦਾ ਦਾਸ,
ਕੇਵਲ ਸਿੰਘ
ਤਖ਼ਤ ਦਮਦਮਾ ਸਾਹਿਬ, ਤਲਵੰਡੀ ਸਾਬੋ

(ਭਾਈ) ਰਣਜੀਤ ਸਿੰਘ ਨੇ (ਗਿਆਨੀ) ਕੇਵਲ ਸਿੰਘ ਦੀ ਇਸ ਚਿੱਠੀ ਦਾ ਬੁਰਾ ਮਨਾਇਆ। (ਭਾਈ) ਰਣਜੀਤ ਸਿੰਘ ਨੇ ਇਸ ਚਿੱਠੀ ਦੇ ਜਵਾਬ ਵਿਚ **ਨਿਹੋਰਿਆਂ ਅਤੇ ਟਕੋਰਾਂ ਭਰੀ** ਇਕ ਲੰਬੀ ਚਿੱਠੀ (ਗਿਆਨੀ) ਕੇਵਲ ਸਿੰਘ ਨੂੰ ਲਿਖ ਭੇਜੀ। ਇਹ ਚਿੱਠੀ ਇੰਞ ਸੀ[59]:

10 ਅਗਸਤ 1998

ਸਤਿਕਾਰਯੋਗ ਗਿਆਨੀ ਕੇਵਲ ਸਿੰਘ ਜੀ ਜਥੇਦਾਰ
ਤਖ਼ਤ ਦਮਦਮਾ ਸਾਹਿਬ,
ਤਲਵੰਡੀ ਸਾਬੋ (ਬਠਿੰਡਾ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਗਿਆਨੀ ਜੀ ਤੁਹਾਡੇ ਅੰਦਰ **ਅਜੀਬ ਜਿਹੀ ਪੀੜਾ** ਦਾ ਜਨਮ ਕਿਉਂ ਹੋਇਆ ਇਸ ਦਾ ਮੈਨੂੰ ਗਿਆਨ ਨਹੀਂ, ਪਰ ਮੇਰੀ ਕੋਸ਼ਿਸ਼ ਹੈ ਕਿ ਆਪ ਵੱਲੋਂ ਲਾਏ ਆਰੋਪਾਂ ਦਾ ਤਸੱਲੀ-ਬਖ਼ਸ਼ ਉੱਤਰ ਦੇਵਾਂ।

ਪਹਿਲਾਂ ਮੈਂ ਤੁਹਾਡੇ ਪੀੜਤ ਮਨ ਵਿੱਚੋਂ ਪੈਦਾ ਹੋਏ ਸਵਾਲ ਨੰਬਰ (ੲ) ਦਾ ਜੁਆਬ ਦੇਣਾ ਚਾਹਾਂਗਾ।

ਗਿਆਨੀ ਜੀ, ਮੈਂ ਹੈਰਾਨ ਹਾਂ ਕਿ ਪ੍ਰੋ: ਸਾਹਿਬ ਤੋਂ ਵਿਸ਼ਵ ਸਿੱਖ ਕੌਂਸਲ ਦਾ ਹਿਸਾਬ ਮੰਗ ਲੈਣ 'ਤੇ ਤੁਹਾਨੂੰ ਏਨਾ ਦੁੱਖ ਕਿਉਂ ਹੋਇਆ? ਤੁਹਾਡੇ ਲਿਖਣ ਅਨੁਸਾਰ, ਮੇਰੀ ਸਮਝ ਅਨੁਸਾਰ ਉਨ੍ਹਾਂ ਵੱਲੋਂ (ਪ੍ਰੋ: ਸਾਹਿਬ) ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਡ੍ਹੋਂ ਬਾਅਦ ਸਭ ਕੁਝ ਠੀਕ ਠਾਕ ਹੋ ਚੁੱਕਾ ਹੈ। ਜੇ ਮੈਂ ਅੱਠ ਮਹੀਨੇ (ਪ੍ਰੋ: ਸਾਹਿਬ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ) ਪ੍ਰੋ: ਸਾਹਿਬ ਤੋਂ ਕੌਂਸਲ ਦਾ ਹਿਸਾਬ-ਕਿਤਾਬ ਨਹੀਂ ਮੰਗਿਆ ਤਾਂ ਸਭ ਕੁਝ ਠੀਕ-ਠਾਕ ਸੀ। ਪਰ ਅੱਜ ਮੈਨੂੰ ਉਨ੍ਹਾਂ ਤੋਂ ਵਿਸ਼ਵ ਸਿੱਖ ਕੌਂਸਲ ਦਾ ਚਿੱਠੀ ਲਿਖ ਕੇ ਹਿਸਾਬ ਮੰਗ ਲਿਆ ਹੈ ਤਾਂ ਇਹ ਸਭ ਕੁਝ ਤੁਹਾਡੇ ਲਈ ਏਨਾ ਦੁਖਦਾਇਕ ਕਿਉਂ ਹੋ ਗਿਆ ਹੈ?

ਜੋ ਪੰਥ ਦੇ ਪੈਸੇ ਜ਼ਿੰਮੇਵਾਰ ਸ਼ਖ਼ਸੀਅਤ, ਜਿਹੜੀ ਪੈਸੇ ਦੇਣ ਤੋਂ ਮੁੱਕਰ ਜਾਵੇ, ਉਸ ਤੋਂ ਚਿੱਠੀ

54. ਕੁਲਬੀਰ ਸਿੰਘ ਕੌੜਾ, ਸਫ਼ੇ 263-66.

ਪਾ ਕੇ ਪੰਥ ਦੀ ਅਮਾਨਤ ਵਾਪਸ ਮੰਗਣੀ, ਉਨ੍ਹਾਂ ਦੀ ਪਦਵੀ ਅਤੇ ਮਾਨ-ਸਨਮਾਨ ਦੇ ਅਨੁਕੂਲ ਨਹੀਂ ਜਾਂਦੀ ਤਾਂ ਫਿਰ ਤੁਹਾਡੇ ਖ਼ਿਆਲ ਅਨੁਸਾਰ ਉਨ੍ਹਾਂ ਦਾ ਮਾਨ-ਸਨਮਾਨ ਰੱਖ ਕੇ ਪੰਥ ਦਾ ਪੈਸਾ ਕਿਸ ਵਿਧੀ ਨਾਲ ਵਸੂਲ ਕੀਤਾ ਜਾਵੇ, ਕੀ ਤੁਸੀਂ ਦੱਸਣ ਦੀ ਕ੍ਰਿਪਾ ਕਰੋਗੇ ?

ਗਿਆਨੀ ਜੀ ਬੜੀ ਨਿਮਰਤਾ ਨਾਲ ਅਰਜ਼ ਕਰਾਂ ਕਿ ਪ੍ਰੋ: ਸਾਹਿਬ ਨੂੰ ਬਤੌਰ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਸਿੱਖ ਸੰਗਤਾਂ ਨੇ ਵਿਸ਼ਵਾਸ ਕਰ ਕੇ ਵਿਸ਼ਵ ਸਿੱਖ ਕੌਂਸਲ ਲਈ ਲੱਖਾਂ ਰੁਪਏ ਦਿੱਤੇ (ਜਿਸ ਦੇ ਮੇਰੇ ਪਾਸ ਸਬੂਤ ਹਨ) ਅਤੇ ਪ੍ਰੋ: ਸਾਹਿਬ ਨੇ ਬਤੌਰ ਵਿਸ਼ਵ ਸਿੱਖ ਕੌਂਸਲ ਦੇ ਸਰਪ੍ਰਸਤ ਅਤੇ ਚੇਅਰਮੈਨ ਦੇ ਹਾਸਿਲ ਕੀਤੇ। ਉਹ ਪੈਸੇ ਬਤੌਰ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਸਰਪ੍ਰਸਤ ਵਿਸ਼ਵ ਸਿੱਖ ਕੌਂਸਲ ਦੇ ਮੈਂ ਮੰਗਾਂ ਤਾਂ ਤੁਹਾਡੇ ਅੰਦਰ ਅਜੀਬ ਜਿਹੀ ਪੀੜਾ ਕਿਉਂ ਜਨਮ ਲਵੇ ? ਉਹ ਵੀ ਉਸ ਸਮੇਂ ਜਦੋਂ ਮਾਨ-ਸਨਮਾਨ ਵਾਲੀ ਸ਼ਖ਼ਸੀਅਤ ਪੰਥ ਦੀ ਅਮਾਨਤ ਦੇਣ ਤੋਂ ਮੁੱਕਰ ਜਾਵੇ।

ਤੁਹਾਡੀ ਲਿਖਤ ਅਨੁਸਾਰ ਸਵਾਲ ਨੰਬਰ (ਅ) ਅਨੁਸਾਰ ਮੈਂ ਤੁਹਾਨੂੰ ਹੀ ਸਵਾਲ ਕਰਦਾ ਹਾਂ ਕਿ ਕੌਮ ਨਾਲ ਸੰਬੰਧਿਤ ਸਭ ਪ੍ਰਕਾਰ ਦੇ ਮਸਲੇ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰਨ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਾਰਮਿਕ ਸਲਾਹਕਾਰ ਕਮੇਟੀ ਨੂੰ ਰਾਏ ਲਈ ਸੌਂਪੇ ਜਾਂਦੇ ਹਨ ਤਾਂ ਤੁਸੀਂ ਡਾ: ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਕਿਉਂ ਲੈ ਕੇ ਆਏ ? ਮੇਰੇ ਕਹਿਣ ਦੇ ਬਾਵਜੂਦ ਵੀ ਡਾ: ਦਰਸ਼ਨ ਸਿੰਘ ਨੂੰ ਸੁਣਨ ਲਈ ਤੁਸੀਂ ਮੈਨੂੰ ਕਿਉਂ ਮਜਬੂਰ ਕੀਤਾ ?

ਇਸ ਤੋਂ ਇਲਾਵਾ ਮਿਸ਼ਨਰੀ ਪ੍ਰਚਾਰਕ 'ਲਾਂਵਾਂ' ਨਾਲ ਸੰਬੰਧਿਤ ਮਸਲੇ 'ਤੇ ਅਕਾਲ ਤਖ਼ਤ ਸਾਹਿਬ ਲਿਆ ਕੇ ਮੇਰੇ ਸਾਹਮਣੇ ਕਿਉਂ ਬਿਠਾਏ ਅਤੇ ਉਨ੍ਹਾਂ ਨੂੰ ਸੁਣਨ ਲਈ ਤੁਸਾਂ ਮੈਨੂੰ ਬਾਰ ਬਾਰ ਕਿਉਂ ਮਜਬੂਰ ਕੀਤਾ ? 25 ਜੁਲਾਈ 1998 ਨੂੰ ਵੀ ਕੁਝ ਮਿਸ਼ਨਰੀ ਪ੍ਰਚਾਰਕਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਲਿਆ ਕੇ ਮੇਰੇ ਸਾਹਮਣੇ ਬਿਠਾਉਣ ਦਾ ਕਾਰਨ ਦੱਸਣ ਦੀ ਖੇਚਲ ਕਰੋ, ਜਦੋਂ ਕਿ ਆਪ ਨੂੰ ਮਰਿਆਦਾ ਦਾ ਪਤਾ ਹੈ ਤਾਂ ਤੁਸੀਂ ਇਸ ਦਾ ਬਾਰ ਬਾਰ ਉਲੰਘਣ ਕਿਉਂ ਕੀਤਾ ?

ਤੁਹਾਡੇ ਵੱਲੋਂ ਕੀਤੇ ਸਵਾਲ (ੳ) ਦੇ ਜਵਾਬ ਵਿਚ, ਜਿਸ ਵਿਚ ਤੁਸਾਂ ਮੇਰੇ 'ਤੇ ਆਰੋਪ ਲਾਉਂਦਿਆਂ ਲਿਖਿਆ ਹੈ ਕਿ ਪਿਛਲੇ ਕੁਝ ਸਮੇਂ ਤੋਂ ਅਕਾਲ ਤਖ਼ਤ ਸਾਹਿਬ ਦੀ ਮਾਨ-ਮਰਿਆਦਾ ਵਿਚ ਨਿਭਾਉਣ ਵਿਚ ਅਵੇਸਲਾਪਣ ਆ ਰਿਹਾ ਹੈ, ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਜਦੋਂ ਤੋਂ ਮੈਂ ਇਹ ਸੇਵਾ ਸੰਭਾਲੀ ਹੈ, ਉਦੋਂ ਤੋਂ ਖਾਲਸਾ ਪੰਥ ਦੀ ਪੰਚ- ਪ੍ਰਧਾਨੀ ਮਰਿਆਦਾ ਦਾ ਪਾਲਣ ਨਹੀਂ ਹੋ ਰਿਹਾ, ਪਰ ਕੀ ਇਸ ਤੋਂ ਪਹਿਲਾਂ ਹੋ ਰਿਹਾ ਸੀ ?

ਮਾਨਯੋਗ ਗਿਆਨੀ ਜੀ ਤੁਸੀਂ ਦੱਸਣ ਦੀ ਖੇਚਲ ਕਰੋਗੇ ਕਿ ਮੇਰੇ ਤੋਂ ਪਹਿਲਾਂ ਪ੍ਰੋ: ਸਾਹਿਬ ਦੇ ਨਾਲ ਸੇਵਾ ਕਾਲ ਵਿਚ :

—ਜਦੋਂ ਵਿਸਮਾਦ-ਨਾਦ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਆਇਆ, ਕੀ ਉਸ ਸਮੇਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਪਸ਼ੌਰਾ ਸਿੰਘ, ਪਿਆਰਾ ਸਿੰਘ ਦਾ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ, ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਸੰਤ ਸਿਪਾਹੀ ਦੇ ਐਡੀਟਰ ਦਾ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ; ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਮਹੰਤ ਮਨਜੀਤ ਸਿੰਘ ਜੰਮੂ ਦਾ ਕੇਸ ਅਕਾਲ ਤਖ਼ਤ ਸਾਹਿਬ 'ਤੇ ਆਇਆ, ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਸ: ਰਣਜੀਤ ਸਿੰਘ ਛੱਜਲਵੱਡੀ, ਸ: ਰਣਜੀਤ ਸਿੰਘ ਬ੍ਰਹਮਪੁਰੇ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਆਇਆ, ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਪੰਥਕ ਏਕਤਾ ਲਈ ਬਾਦਲ ਸਾਹਿਬ ਨੂੰ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ; ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਚਤਰ ਸਿੰਘ ਜੀਵਨ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਸਲਾ ਅਕਾਲ ਤਖ਼ਤ ਸਾਹਿਬ 'ਤੇ ਆਇਆ; ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਨ ਹੋਇਆ ?

—ਜਦੋਂ ਸਿੱਖ ਬੀਬੀਆਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਲਈ ਪ੍ਰੋ: ਸਾਹਿਬ ਵੱਲੋਂ ਦਰਬਾਰ ਸਾਹਿਬ ਅੰਦਰ ਲੈ ਜਾਣ ਦੀ ਕੋਸ਼ਿਸ਼ ਹੋਈ; ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

—ਜਦੋਂ ਅੰਮ੍ਰਿਤਸਰ ਐਲਾਨਨਾਮੇ ਦਾ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਹੋਇਆ; ਕੀ ਉਦੋਂ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਹੋਇਆ ?

ਅਗਰ ਕਿਤੇ ਹੋਇਆ ਹੈ ਤਾਂ ਉਨ੍ਹਾਂ ਦਾ ਨਤੀਜਾ ਦੱਸਣ ਦੀ ਖੇਚਲ ਕਰਨੀ।

ਮਾਨਯੋਗ ਗਿਆਨੀ ਜੀ ਸੱਚੀ ਗੱਲ ਤਾਂ ਇਹ ਹੈ ਕਿ ਪ੍ਰੋ: **ਸਾਹਿਬ ਤੇ ਤੁਹਾਡੇ ਸੇਵਾ ਕਾਲ ਤੋਂ ਲੈ ਕੇ ਮੇਰੀ ਸੇਵਾ ਦੇ ਸ਼ੁਰੂ ਹੋਣ ਤਕ ਤੁਹਾਨੂੰ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣਾ ਹੀ ਨਸੀਬ ਨਹੀਂ ਹੋਇਆ। ਤੁਹਾਡੀ ਪੰਚ-ਪ੍ਰਧਾਨੀ ਮਰਿਆਦਾ ਭਾਈ ਗੁਰਦਾਸ ਹਾਲ ਦੇ ਕਮਰਿਆਂ ਤਕ ਹੀ ਸੀਮਤ ਰਹੀ।** ਇਕ ਸਚਾਈ ਹੋਰ ਵੀ ਹੈ ਕਿ ਜੋ ਕੁਝ ਤੁਸੀਂ ਮੈਨੂੰ ਲਿਖ ਕੇ ਭੇਜਿਆ ਹੈ, ਅਸਲ ਵਿਚ ਨਾ ਤਾਂ ਤੁਸਾਂ ਲਿਖਿਆ ਹੈ ਅਤੇ ਨਾ ਹੀ ਪੜ੍ਹਿਆ ਹੈ, ਉਹ ਪਟਿਆਲੇ ਵਿਚ ਹੀ ਲਿਖਿਆ ਗਿਆ ਹੈ ਅਤੇ ਪਟਿਆਲੇ ਵਿੱਚੋਂ ਹੀ ਪੋਸਟ ਹੋ ਕੇ ਮੇਰੇ ਤਕ ਪੁੱਜਾ ਹੈ।

ਅਖ਼ੀਰ 'ਤੇ ਮੇਰੀ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਤਖ਼ਤ ਸਾਹਿਬ ਦੇ ਜਥੇਦਾਰ ਹੋ। ਤੁਹਾਨੂੰ ਅਗਰ ਕੋਈ ਸ਼ੰਕਾ ਹੈ ਤਾਂ ਤੁਸੀਂ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ। ਤੁਸੀਂ ਧਿਰ ਨਾ ਬਣੋ ਅਤੇ ਨਾ ਹੀ ਕੋਈ ਧੜਾ ਬਣਾਓ। ਤੁਹਾਡੀ ਚਿੱਠੀ ਤੋਂ ਸਪਸ਼ਟ ਹੈ ਕਿ ਤੁਸੀਂ ਮੇਰੇ 'ਤੇ ਪ੍ਰਭਾਵ ਪਾਉਣ ਲਈ ਪ੍ਰੋ: ਸਾਹਿਬ ਦੀ ਹਿਮਾਇਤ ਕਰ ਰਹੇ ਹੋ। ਅਗਰ ਤੁਸੀਂ ਵਾਕਿਆ ਹੀ ਸੁਹਿਰਦ ਹੁੰਦੇ ਤਾਂ ਤੁਹਾਡੇ ਅੰਦਰ ਉਸ ਸਮੇਂ ਵੀ ਪੀੜ ਹੁੰਦੀ, ਜਿਸ ਸਮੇਂ ਪ੍ਰੋ: ਸਾਹਿਬ ਨੇ ਆਪਣੇ ਸੱਜੇ ਹੱਥ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਚੰਡੀਗੜ੍ਹ ਅਤੇ ਖੱਬੇ ਹੱਥ ਜਸਵੰਤ ਸਿੰਘ ਮਾਨ ਤੋਂ ਮੇਰੇ (ਜਥੇਦਾਰ ਅਕਾਲ ਤਖ਼ਤ ਸਾਹਿਬ) ਅਤੇ ਜਸਟਿਸ ਕੁਲਦੀਪ ਸਿੰਘ ਵਿਰੁੱਧ ਅਦਾਲਤ ਵਿਚ ਵਿਸ਼ਵ ਸਿੱਖ ਕੌਂਸਲ ਹਥਿਆਉਣ ਲਈ ਕੇਸ ਕਰਵਾਇਆ ਅਤੇ ਮੇਰੇ ਅਦਾਲਤ ਵੱਲੋਂ ਵਾਰੰਟ ਜਾਰੀ ਕਰਵਾਏ। ਮੈਂ ਵੀ ਮਾਨ-ਸਨਮਾਨ ਵਾਲੀ ਪਦਵੀ 'ਤੇ ਹਾਂ। ਪਰ ਉਸ ਸਮੇਂ ਤੁਹਾਨੂੰ ਦੁੱਖ ਨਾ ਹੋਇਆ। ਫਿਰ ਵੀ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਸੁਹਿਰਦ ਹੋ ਕੇ ਖਾਲਸਾ ਪੰਥ ਦੀ ਪੰਚ-ਪ੍ਰਧਾਨੀ ਮਰਿਆਦਾ ਦਾ ਪਾਲਣ ਕਰੋ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਗਿਆਨੀ ਕੇਵਲ ਸਿੰਘ ਦੀ ਨੂੰਹ ਦਾ ਕਤਲ/ਖ਼ੁਦਕੁਸ਼ੀ

ਗਿਆਨੀ ਕੇਵਲ ਸਿੰਘ ਜਿਸ ਵੇਲੇ (ਪ੍ਰੋ:) ਮਨਜੀਤ ਸਿੰਘ ਦੀ ਮਦਦ ਕਾਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਹ ਆਪ ਵੀ ਉਨ੍ਹੀਂ ਦਿਨੀਂ ਇਕ ਵੱਡੀ ਮੁਸੀਬਤ ਵਿਚ ਫਸਿਆ ਹੋਇਆ ਸੀ। ਉਸ ਦੀ ਨੂੰਹ ਸ਼ਰਨਜੀਤ ਕੌਰ (ਉਮਰ 20 ਸਾਲ), ਜਿਸ ਦਾ ਵਿਆਹ ਸਿਰਫ਼ ਇਕ ਸਾਲ ਪਹਿਲਾਂ ਹੋਇਆ ਸੀ, ਦੀ ਲਾਸ਼ 18 ਮਈ 1998 ਦੇ ਦਿਨ ਤਲਵੰਡੀ ਸਾਬੋ ਦੇ ਸਰੋਵਰ ਵਿੱਚੋਂ ਮਿਲੀ। ਸ਼ਰਨਜੀਤ ਕੌਰ ਦੇ ਭਰਾ ਅਮਰਜੀਤ ਸਿੰਘ ਸੰਧੂ ਨੇ ਦੋਸ਼

ਲਾਇਆ ਕਿ ਉਸ ਦੀ ਭੈਣ ਨੂੰ ਗਿਆਨੀ ਕੇਵਲ ਸਿੰਘ, ਉਸ ਦੇ ਪੁੱਤਰ ਬਲਜਿੰਦਰ ਸਿੰਘ ਤੇ ਇਕ ਔਰਤ (ਜਿਸ ਨੂੰ ਉਹ 'ਬੇਜੀ' ਕਹਿੰਦੇ ਸਨ) ਦੇ ਦਾਜ ਖ਼ਾਤਿਰ ਤੰਗ ਕਰ ਕੇ ਜਾਂ ਤਾਂ ਆਪ ਮਾਰਿਆ ਸੀ ਜਾਂ ਉਨ੍ਹਾਂ ਨੇ ਉਸ ਨੂੰ ਖ਼ੁਦਕੁਸ਼ੀ ਵਾਸਤੇ ਮਜਬੂਰ ਕੀਤਾ ਸੀ। ਕੁੜੀ ਦੇ ਭਰਾ ਦਾ ਬਿਆਨ, ਜੋ 'ਅਜੀਤ' ਜਲੰਧਰ ਦੇ 23 ਮਈ 1998 ਦੇ ਪਰਚੇ ਵਿਚ ਛਪਿਆ ਉਹ ਇੰਞ ਸੀ :

ਸਿੰਘ ਸਾਹਿਬ ਦੇ ਪਰਿਵਾਰ ਦੇ ਦਾਜ ਦੇ ਬਦਲੇ ਚਾਰ ਲੱਖ ਰੁਪਏ ਲਏ ?

ਬਠਿੰਡਾ, 22 ਮਈ (ਸਟਾਫ਼ ਰਿਪੋਰਟਰ)—ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਨੂੰਹ ਸ਼ਰਨਜੀਤ ਕੌਰ (20) ਦੀ, 18 ਮਈ ਨੂੰ ਹੋਈ ਭੇਦਭਰੀ ਮੌਤ ਦੀ ਘਟਨਾ ਨੇ ਅੱਜ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਮ੍ਰਿਤਕ ਦੇ ਭਰਾ ਸ: ਅਮਰਜੀਤ ਸਿੰਘ ਸੰਧੂ ਨੇ ਪੁਲਿਸ ਅਧਿਕਾਰੀਆਂ ਨੂੰ ਇਕ ਲਿਖਤੀ ਸ਼ਿਕਾਇਤ ਰਾਹੀਂ ਦੋਸ਼ ਲਾਇਆ ਕਿ ਉਸ ਦੀ ਭੈਣ ਦੀ ਮੌਤ ਲਈ ਗਿਆਨੀ ਕੇਵਲ ਸਿੰਘ, ਉਨ੍ਹਾਂ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਉਨ੍ਹਾਂ ਦਾ ਲੜਕਾ ਬਲਜਿੰਦਰ ਸਿੰਘ ਜ਼ਿੰਮੇਵਾਰ ਹਨ, ਇਸ ਲਈ ਉਨ੍ਹਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਆਪਣੀ ਸ਼ਿਕਾਇਤ ਵਿਚ ਸ: ਅਮਰਜੀਤ ਸਿੰਘ ਨੇ ਤਲਵੰਡੀ ਸਾਬੋ ਦੇ ਪੁਲਿਸ ਅਧਿਕਾਰੀਆਂ 'ਤੇ ਦੋਸ਼ ਲਾਇਆ ਕਿ ਉਹ 19 ਮਈ ਤੋਂ ਲਗਾਤਾਰ ਤਲਵੰਡੀ ਸਾਬੋ ਦੇ ਥਾਣਾ ਪ੍ਰਬੰਧਕ ਅਤੇ ਉਪ-ਪੁਲਿਸ ਕਪਤਾਨ ਤਲਵੰਡੀ ਸਾਬੋ ਪਾਸ ਉਕਤ ਘਟਨਾ ਦੇ ਸਬੰਧ ਵਿਚ ਮੁਕੱਦਮਾ ਦਰਜ ਕਰਨ ਲਈ ਜਾਂਦੇ ਰਹੇ, ਪਰ ਉਨ੍ਹਾਂ ਦੀ ਉੱਥੇ ਪੁਲਿਸ ਅਧਿਕਾਰੀਆਂ ਨੇ ਕੋਈ ਸੁਣਵਾਈ ਨਹੀਂ ਕੀਤੀ।

ਆਪਣੀ ਸ਼ਿਕਾਇਤ ਵਿਚ ਸ: ਅਮਰਜੀਤ ਸਿੰਘ ਨੇ ਦੋਸ਼ ਲਾਇਆ ਕਿ ਦਹੇਜ ਘੱਟ ਲਿਆਉਣ ਦਾ ਬਹਾਨਾ ਬਣਾ ਕੇ ਉਸ ਦੀ ਮ੍ਰਿਤਕ ਭੈਣ ਨੂੰ ਕਥਿਤ ਤੌਰ 'ਤੇ ਤੰਗ ਪਰੇਸ਼ਾਨ ਕਰਨ ਤੋਂ ਇਲਾਵਾ ਤਸ਼ੱਦਦ ਦਾ ਸ਼ਿਕਾਰ ਵੀ ਬਣਾਇਆ ਗਿਆ।

ਸ਼ਿਕਾਇਤ ਅਨੁਸਾਰ ਜਨਵਰੀ 1996 ਦੇ ਪਹਿਲੇ ਹਫ਼ਤੇ ਗਿਆਨੀ ਕੇਵਲ ਸਿੰਘ, ਉਸ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਉਨ੍ਹਾਂ ਦਾ ਲੜਕਾ ਬਲਵਿੰਦਰ ਸਿੰਘ ਉਨ੍ਹਾਂ ਦੇ ਘਰ ਸਿਰਸਾ ਆਏ ਤੇ ਪਰਿਵਾਰ ਦੇ ਮੈਂਬਰਾਂ ਨੂੰ ਕਿਹਾ ਕਿ ਸ਼ਰਨਜੀਤ ਕੌਰ ਅਤੇ ਬਲਜਿੰਦਰ ਸਿੰਘ ਦੀ ਸ਼ਾਦੀ ਸਿਰਸਾ ਦੀ ਥਾਂ ਤਲਵੰਡੀ ਸਾਬੋ ਹੀ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸਿਰਫ਼ ਲੜਕੀ ਦੇ ਗਹਿਣੇ ਅਤੇ ਕੱਪੜੇ ਵਗ਼ੈਰਾ ਹੀ ਬਣਾਉਣੇ, ਬਾਕੀ ਦਾ ਸਾਮਾਨ ਜਿਸ ਵਿਚ ਕਾਰ (ਏ.ਸੀ.), ਫ਼ਰਿੱਜ ਅਤੇ ਹੋਰ ਘਰੇਲੂ ਸਾਮਾਨ ਬਦਲੇ ਉਨ੍ਹਾਂ ਨੂੰ 4 ਲੱਖ ਰੁਪਏ ਨਕਦ ਅੱਜ ਹੀ ਜਾਂ ਸ਼ਾਦੀ ਤੋਂ ਪਹਿਲਾਂ ਹੀ ਦੇ ਦਿੱਤੇ ਜਾਣ। ਜਿਸ 'ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਿਹਾ ਗਿਆ ਕਿ ਪਹਿਲਾਂ ਤਾਂ ਦਹੇਜ ਦੀ ਕੋਈ ਗੱਲ ਨਹੀਂ ਹੋਈ, ਜਿਸ 'ਤੇ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਉਹ ਜਿਸ ਅਹੁਦੇ ਅਤੇ ਹੈਸੀਅਤ ਦੇ ਮਾਲਕ ਹਨ, ਸ਼ਰੇਆਮ ਦਹੇਜ ਨਹੀਂ ਲੈ ਸਕਦੇ। ਇਸ 'ਤੇ ਪਰਿਵਾਰ ਦੇ ਮੈਂਬਰਾਂ ਸਲਾਹ-ਮਸ਼ਵਰਾ ਕਰ ਕੇ ਲੜਕੀ ਦੇ ਭਵਿੱਖ ਨੂੰ ਦੇਖ ਕੇ 4 ਲੱਖ ਰੁਪਏ ਦੇਣੇ ਮੰਨ ਲਏ, ਜੋ ਸ਼ਾਦੀ ਤੋਂ 2-3 ਦਿਨ ਪਹਿਲਾਂ ਦੇ ਦਿੱਤੇ ਗਏ।

ਸ: ਅਮਰਜੀਤ ਸਿੰਘ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਸ਼ਾਦੀ ਤੋਂ 3-4 ਮਹੀਨਿਆਂ ਬਾਅਦ ਉਸ ਦੀ ਭੈਣ ਸ਼ਰਨਜੀਤ ਕੌਰ ਨੂੰ ਗਿਆਨੀ ਕੇਵਲ ਸਿੰਘ, ਉਸ ਦੀ ਮੂੰਹ ਬੋਲੀ ਭੈਣ 'ਬੇਜੀ' ਅਤੇ ਲੜਕੇ ਬਲਜਿੰਦਰ ਸਿੰਘ ਨੇ ਕਥਿਤ ਤੌਰ 'ਤੇ ਤੰਗ ਤੇ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ 2 ਲੱਖ ਰੁਪਏ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਉਸ ਦੀ ਭੈਣ ਨੇ ਇਸ ਬਾਰੇ ਕੁਝ ਨਾ ਦੱਸਿਆ, ਪਰ ਜਦੋਂ ਤਸ਼ੱਦਦ ਕੁੱਟਮਾਰ ਸ਼ੁਰੂ ਹੋ ਗਈ ਤਾਂ ਸਮੇਂ ਸਮੇਂ ਸਿਰਸਾ ਆਉਣ ਸਮੇਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਤਲਵੰਡੀ ਸਾਬੋ ਜਾਂਦੇ, ਉਸ ਨੇ ਇਸ ਬਾਰੇ ਦੱਸਿਆ।

ਸ਼ਿਕਾਇਤ ਅਨੁਸਾਰ 11 ਮਈ ਨੂੰ ਲੜਕੀ ਸ਼ਰਨਜੀਤ ਕੌਰ ਸਿਰਸਾ ਆਈ ਅਤੇ ਰੋ-ਰੋ ਕੇ ਦੱਸਿਆ ਕਿ ਉਸ ਦਾ ਸਹੁਰਾ ਪਰਿਵਾਰ ਉਸ ਨੂੰ ਬਹੁਤ ਜ਼ਿਆਦਾ ਤੰਗ ਪਰੇਸ਼ਾਨ ਕਰਨ ਲੱਗ ਪਏ ਹਨ ਅਤੇ ਕਥਿਤ ਤੌਰ 'ਤੇ ਕਹਿੰਦੇ ਹਨ ਕਿ ਜੇ 2 ਲੱਖ ਰੁਪਏ ਨਾ ਲੈ ਕੇ ਆਈ ਤਾਂ ਤੈਨੂੰ ਘਰ ਵਿਚ ਦਾਖ਼ਿਲ ਨਹੀਂ ਹੋਣ ਦਿਆਂਗੇ। ਇਹ ਵੀ ਦੋਸ਼ ਹੈ ਕਿ 13 ਮਈ ਨੂੰ ਸ਼ਰਨਜੀਤ ਕੌਰ ਦਾ ਪਤੀ ਬਲਜਿੰਦਰ ਸਿੰਘ ਸਿਰਸਾ ਉਨ੍ਹਾਂ ਦੇ ਘਰ ਆਇਆ ਤੇ 2 ਲੱਖ ਰੁਪਏ ਦੀ ਮੰਗ ਕੀਤੀ ਅਤੇ ਧਮਕੀ ਦਿੱਤੀ ਕਿ ਜੇ ਉਨ੍ਹਾਂ ਦੀ ਮੰਗ ਪੂਰੀ ਨਾ ਹੋਈ ਤਾਂ ਉਹ ਲੜਕੀ ਨੂੰ ਆਪਣੇ ਘਰ ਨਹੀਂ ਲੈ ਕੇ ਜਾਵੇਗਾ, ਜਿਸ 'ਤੇ ਉਸ ਨੂੰ 50,000 ਰੁਪਏ ਦੇ ਕੇ ਕਿਹਾ ਗਿਆ ਕਿ ਬਾਕੀ ਦੀ ਰਕਮ 5-7 ਦਿਨਾਂ ਤਕ ਪਹੁੰਚਾ ਦਿੱਤੀ ਜਾਵੇਗੀ, ਜਿਸ 'ਤੇ ਸ਼ਰਨਜੀਤ ਕੌਰ ਤੇ ਉਹ ਸਿਰਸਾ ਤੋਂ ਤਲਵੰਡੀ ਸਾਬੋ ਆ ਗਏ।

ਉਸ ਨੇ ਕਿਹਾ ਕਿ 18 ਮਈ ਨੂੰ ਸਵੇਰੇ ਸ਼ਰਨਜੀਤ ਕੌਰ ਦਾ ਤਲਵੰਡੀ ਸਾਬੋ ਤੋਂ ਸਿਰਸਾ ਫ਼ੋਨ ਆਇਆ, ਜੋ ਉਸ ਦੀ ਪਤਨੀ ਮਨਜੀਤ ਕੌਰ ਨੇ ਸੁਣਿਆ, ਜਿਸ 'ਤੇ ਉਸ ਨੇ ਕਿਹਾ ਕਿ ਬਾਕੀ ਪੈਸੇ ਲੈ ਕੇ ਕਿਉਂ ਨਹੀਂ ਆਏ, ਉਸ ਨੂੰ ਦੱਸਿਆ ਗਿਆ ਕਿ ਉਹ ਜਲਦੀ ਹੀ ਪੈਸੇ ਭੇਜ ਰਹੇ ਹਨ, ਜਿਸ 'ਤੇ ਸ਼ਰਨਜੀਤ ਕੌਰ ਨੇ ਕਿਹਾ ਕਿ ਉਹ ਬਹੁਤ ਪਰੇਸ਼ਾਨ ਹੈ। ਉਸੇ ਦਿਨ ਸ਼ਾਮ ਨੂੰ ਗਿਆਨੀ ਕੇਵਲ ਸਿੰਘ ਦੀ ਮੂੰਹ ਬੋਲੀ ਭੈਣ 'ਬੇਜੀ' ਨੇ ਉਨ੍ਹਾਂ ਨੂੰ ਫ਼ੋਨ ਕੀਤਾ ਕਿ ਸ਼ਰਨਜੀਤ ਕੌਰ ਦੀ ਤਬੀਅਤ ਖ਼ਰਾਬ ਹੈ, ਇਸ 'ਤੇ ਜਦੋਂ ਉਹ ਰਾਤ 9 ਵਜੇ ਤਲਵੰਡੀ ਸਾਬੋ ਪਹੁੰਚੇ ਤਾਂ ਪਤਾ ਲੱਗਿਆ ਕਿ ਸ਼ਰਨਜੀਤ ਕੌਰ ਦੀ ਮੌਤ ਹੋ ਗਈ ਹੈ। ਉਸ ਨੇ ਕਿਹਾ ਕਿ ਗਿਆਨੀ ਕੇਵਲ ਸਿੰਘ ਨੇ ਲੜਕੀ ਦੀ ਮੌਤ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ। ਉਨ੍ਹਾਂ ਦੋਸ਼ ਲਾਇਆ ਕਿ ਲੜਕੀ ਦੀ ਮੌਤ ਸਬੰਧੀ ਗਿਆਨੀ ਕੇਵਲ ਸਿੰਘ ਪੁਲਿਸ ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਆਪਣੀ ਨੂੰਹ ਦੇ ਕਤਲ ਦੇ ਦੋਸ਼ ਦਾ ਚਰਚਾ ਵਧੇਰੇ ਹੋਣ ਕਰ ਕੇ (ਗਿਆਨੀ) ਕੇਵਲ ਸਿੰਘ ਵੀ ਮਨਜੀਤ ਸਿੰਘ ਦੀ ਬਹੁਤੀ ਮਦਦ ਨਾ ਕਰ ਸਕਿਆ। ਇੰਵ ਹੀ ਹੁਣ ਮਨਜੀਤ ਸਿੰਘ ਵੀ 'ਚੁੱਪ' ਕਰ ਕੇ ਬੈਠ ਗਿਆ।

ਗੁਰਮਤਿ ਸਾਗਰ ਟਰਸਟ ਦਾ ਮਸਲਾ

ਕੁਝ ਚਿਰ ਪਹਿਲਾਂ ਅਨੰਦਪੁਰ ਸਾਹਿਬ ਵਿਚ ਇਕ ਸ਼ਰਧਾਲੂ ਸਿੱਖ ਪਰਿਵਾਰ ਨੇ ਸ: ਭਾਗ ਸਿੰਘ ਤੇ ਉਸ ਦੇ ਪੁੱਤਰਾਂ ਸੋਹਨ ਸਿੰਘ, ਮੋਹਨ ਸਿੰਘ ਤੇ ਸੁੱਚਾ ਸਿੰਘ ਨੇ ਆਪਣੀ ਗੜ੍ਹੀ ਭਾਰਟਾ ਪਿੰਡ (ਨਵਾਂ ਸ਼ਹਿਰ ਤਹਿਸੀਲ) ਪਿੰਡ ਦੀ ਕਈ ਕਿੱਲੇ ਜ਼ਮੀਨ ਸਕੂਲ, ਕਾਲਜ, ਡਿਸਪੈਂਸਰੀ ਵਾਸਤੇ ਧਰਮ ਖ਼ਾਤੇ ਦਾਨ ਦੇਣ ਦਾ ਫ਼ੈਸਲਾ ਕੀਤਾ। ਮਨਜੀਤ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਦਾ 'ਟਰਸਟ' ਬਣਾ ਕੇ ਇਹ ਜ਼ਮੀਨ ਲੈ ਲਈ। ਇਹੀ ਹਾਲ ਅਨੰਦਪੁਰ ਸਾਹਿਬ ਦੇ ਨਾਲ ਦੇ ਪਿੰਡਾਂ ਲੌਦੀਪੁਰ ਤੇ ਮਟੌਰ (ਗਰੇਟਰ ਅਨੰਦਪੁਰ ਸਾਹਿਬ ਦਾ ਹਿੱਸਾ) ਦੀ ਜ਼ਮੀਨਾਂ ਦਾ ਸੀ, ਜਿਸ ਵਿਚ ਮਨਜੀਤ ਸਿੰਘ ਨੇ 'ਗੁਰਮਤਿ ਸਾਗਰ ਟਰਸਟ' ਦੇ ਨਾਂ ਹੇਠ ਕਾਲੋਨੀ ਬਣਾਉਣ ਤੇ ਪਲਾਟ ਵੇਚਣ ਦੀ ਪਲਾਨ ਬਣਾਈ। ਕਿਸੇ ਸ਼ਰਧਾਲੂ ਵੱਲੋਂ ਧਰਮਾਰਥ ਦਿੱਤੀ ਇਹ 12 ਕਿੱਲੇ ਜ਼ਮੀਨ, ਇਸ 'ਟਰਸਟ' ਨੇ 'ਅਨੰਦ ਸਾਗਰ ਹਾਊਸਿੰਗ ਸੁਸਾਇਟੀ' ਦੇ ਨਾਂ ਕਰਵਾ ਲਈ ਤੇ ਮਗਰੋਂ ਮਹਿੰਗੇ ਭਾਅ ਪਲਾਟ ਕਟਣੇ ਸ਼ੁਰੂ ਕਰ ਦਿੱਤੇ। ਉਧਰ ਮਨਜੀਤ ਸਿੰਘ ਨੇ ਨਵਾਂ ਸ਼ਹਿਰ ਜ਼ਿਲ੍ਹੇ ਵਾਲੀ ਜ਼ਮੀਨ 63 ਲੱਖ 25 ਹਜ਼ਾਰ ਵਿਚ ਵੇਚ ਕੇ ਇਹ ਰਕਮ ਵੀ ਗੁਰਮਤਿ ਸਾਗਰ ਟਰਸਟ ਦੇ ਖਾਤਾ ਨੰਬਰ 7111 (ਪੰਜਾਬ ਐਂਡ ਸਿੰਧ ਬੈਂਕ) ਵਿਚ ਜਮ੍ਹਾਂ ਕਰ ਲਈ।[60]

---

60. ਕੁਲਬੀਰ ਸਿੰਘ ਕੌੜਾ, ਸਫ਼ੇ 270-78.

(ਭਾਈ) ਰਣਜੀਤ ਸਿੰਘ ਨੇ ਇਸ ਮਸਲਾ ਬਾਰੇ ਵੀ (ਪ੍ਰੋ:) ਮਨਜੀਤ ਸਿੰਘ ਤੋਂ ਸਫ਼ਾਈ ਮੰਗਣ ਦੀ ਸੋਚੀ। ਇੰਞ ਹੀ ਕੈਨੇਡਾ ਫੇਰੀ ਦੌਰਾਨ (ਪ੍ਰੋ:) ਮਨਜੀਤ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ 'ਛੇਕੇ' ਬੰਦਿਆਂ ਨਾਲ ਮਿਲਣ ਦਾ ਚਰਚਾ ਵੀ ਚੱਲ ਪਿਆ ਤੇ (ਭਾਈ) ਰਣਜੀਤ ਸਿੰਘ ਨੇ ਉਸ ਕੇਸ ਨੂੰ ਵੀ ਨਾਲ ਹੀ 'ਟੁੰਗ ਲਿਆ' ਅਤੇ 25 ਜਨਵਰੀ 1999 ਨੂੰ ਇਕ ਖ਼ਤ ਲਿਖ ਕੇ 11 ਫ਼ਰਵਰੀ 1999 ਦੇ ਦਿਨ ਵਾਸਤੇ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ :

ਪ੍ਰੋਫ਼ੈਸਰ ਮਨਜੀਤ ਸਿੰਘ,
ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ,
ਅਨੰਦਪੁਰ ਸਾਹਿਬ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਕਾਲ ਤਖ਼ਤ ਸਾਹਿਬ 'ਤੇ ਸਿੱਖ ਸੁਸਾਇਟੀ ਹੈਮਿਲਟਨ ਵੈਂਟਵਰਥ, ਕੈਨੇਡਾ ਵੱਲੋਂ 21 ਜਨਵਰੀ 1999 ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਅਮਰੀਕਾ ਵੱਲੋਂ 25 ਜਨਵਰੀ ਨੂੰ ਸ਼ਿਕਾਇਤ ਪੁੱਜੀ ਹੈ ਕਿ ਅਮਰੀਕਾ ਸਥਿਤ ਇਕ ਸੈਮੀਨਾਰ ਵਿਚ ਪੰਥ ਵਿੱਚੋਂ ਛੇਕੇ ਗਏ ਵਿਅਕਤੀਆਂ (ਪ੍ਰੀਤ ਸਿੰਘ ਸੰਧੂ ਪ੍ਰਿੰਸ ਜਾਰਜ ਤੇ ਗਿਆਨੀ ਹਰਕੀਰਤ ਸਿੰਘ) ਦੇ ਨਾਲ ਆਪ ਨੇ ਹਿੱਸਾ ਲਿਆ ਹੈ। ਇਸ ਸੈਮੀਨਾਰ ਵਿਚ ਲੰਗਰ, ਪੰਗਤ ਸਬੰਧੀ ਜਾਰੀ ਹੋਏ ਹੁਕਮਨਾਮੇ ਦੀ ਵੀ ਨਿਖੇਧੀ ਕੀਤੀ ਗਈ। ਇਸ ਵਿਚ ਕੀ ਝੂਠ ਹੈ ਕੀ ਸੱਚ ਹੈ ? ਇਸ ਦਾ ਸਪੱਸ਼ਟੀਕਰਨ ਤੁਸੀਂ ਆਪ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਮਿਤੀ 11-2-1999 ਨੂੰ 12 ਵਜੇ ਦਿਓ। ਇਹ ਵੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟ ਕਰੋ ਕਿ ਗੁਰਮਤਿ ਸਾਗਰ ਟਰਸਟ ਪੰਥ ਦੀ ਜਾਇਦਾਦ ਹੈ ਜਾਂ ਤੁਹਾਡੀ ਨਿੱਜੀ ਹੈ ? ਮਿਤੀ 11-2-1999 ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਨਾ ਹੋਣ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਧੰਨਵਾਦ ਸਹਿਤ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(*ਨੋਟ:* ਪਰ ਇਸ ਤੋਂ ਪਹਿਲਾਂ ਕਿ 11 ਫ਼ਰਵਰੀ ਨੂੰ ਮਨਜੀਤ ਸਿੰਘ ਦੀ ਅਕਾਲ ਤਖ਼ਤ ਸਾਹਿਬ 'ਤੇ 'ਪੇਸ਼ੀ' ਹੁੰਦੀ, ਸਿਰਫ਼ ਇਕ ਦਿਨ ਪਹਿਲਾਂ ਬਾਦਲ ਧੜੇ ਨੇ ਰਣਜੀਤ ਸਿੰਘ ਨੂੰ 'ਗੱਦੀ ਤੋਂ ਲਾਹ ਦਿੱਤਾ'।)

ਬਰਜਿੰਦਰ ਸਿੰਘ ਹਮਦਰਦ ਅਤੇ (ਭਾਈ) ਰਣਜੀਤ ਸਿੰਘ ਵਿਚ ਟਕਰਾਅ

ਜੁਲਾਈ 1998 ਵਿਚ ਜਦੋਂ ਖਾਲਸਾ ਪ੍ਰਗਟ ਕਰਨ ਦੀ ਤੀਜੀ ਸ਼ਤਾਬਦੀ ਦੇ ਸਮਾਗਮ ਅਜੇ ਸ਼ੁਰੂ ਹੀ ਹੋਏ ਸਨ ਤਾਂ ਅਨੰਦਪੁਰ ਸਾਹਿਬ ਵਿਚ ਬਣਾਏ ਜਾਣ ਵਾਲੇ 'ਖਾਲਸਾ ਹੈਰੀਟੇਜ ਮਿਊਜ਼ਿਅਮ' ਵਿਚ ਬਣਨ ਵਾਲੇ ਨਿਸ਼ਾਨੇ-ਖਾਲਸਾ ਦੇ ਨਕਸ਼ੇ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਦੇ 'ਚੇਅਰਮੈਨ' ਬਰਜਿੰਦਰ ਸਿੰਘ ਹਮਦਰਦ ਵਿਚਕਾਰ ਫ਼ਰਕ[61] ਆ ਗਏ। ਇਸ ਮੌਕੇ 'ਤੇ

61. ਉਂਞ ਇਹ ਫ਼ਰਕ ਕਾਫ਼ੀ ਚਿਰ ਪਹਿਲਾਂ ਤੋਂ ਚੱਲ ਰਹੇ ਸਨ।

ਗੱਲ ਸਿਰਫ਼ ਏਨੀ ਸੀ ਕਿ ਹਮਦਰਦ ਦੇ ਨਕਸ਼ੇ ਵਿਚ ਦੋ-ਧਾਰੇ ਖੰਡੇ ਵਾਲੇ ਟਾਵਰ ਦੇ ਡਿਜ਼ਾਇਨ ਵਿਚ ਮੁੱਠ ਹੇਠਾਂ ਸੀ ਅਤੇ ਦੋ-ਧਾਰਾ ਸਿਰਾ ਉਪਰ ਵੱਲ ਸੀ; ਦੂਜੇ ਪਾਸੇ ਟੌਹੜਾ ਦੇ ਨਕਸ਼ੇ (ਜਿਹੜਾ ਇੰਗਲੈਂਡ ਦੇ ਸ਼ਹਿਰ ਬ੍ਰਿਮਿੰਘਮ ਦੇ ਨਿਸ਼ਕਾਮ ਸੇਵਕ ਜੱਥਾ ਦੇ ਭਾਈ ਮਹਿੰਦਰ ਸਿੰਘ ਨੇ ਤਿਆਰ ਕਰਵਾ ਕੇ ਭੇਜਿਆ ਸੀ) ਵਿਚ ਦੋ-ਧਾਰਾ ਖੰਡਾ ਬਾਟੇ ਵਿਚ ਇੰਞ ਦਿਖਾਇਆ ਸੀ, ਜਿਵੇਂ 'ਖੰਡੇ ਦੀ ਪਾਹੁਲ' ਤਿਆਰ ਹੋ ਰਹੀ ਹੋਵੇ। ਉਞ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਇਨ੍ਹਾਂ ਵਿੱਚੋਂ ਕੋਈ ਵੀ ਨਕਸ਼ਾ ਬਣ ਜਾਵੇ। ਇਕ ਵਾਰ ਤਾਂ ਟੌਹੜਾ ਨੇ ਸੁਖਦੇਵ ਸਿੰਘ ਭੌਰ ਨੂੰ ਬਰਜਿੰਦਰ ਕੋਲ ਭੇਜ ਕੇ ਆਪਣੀ ਗੱਲ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ। ਦਰਅਸਲ ਸੁਖਦੇਵ ਸਿੰਘ ਭੌਰ ਬਰਜਿੰਦਰ ਸਿੰਘ ਦੀ ਸੈਣੀ ਬਿਰਾਦਰੀ ਨਾਲ ਸਬੰਧ ਰੱਖਦਾ ਸੀ ਅਤੇ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਟਿਕਟ ਵੀ ਬਰਜਿੰਦਰ ਸਿੰਘ ਦੇ ਕਹਿਣ 'ਤੇ ਹੀ ਬਾਦਲ ਨੇ ਦਿੱਤੀ ਸੀ। ਮਗਰੋਂ ਟੌਹੜਾ ਨੇ ਉਸ ਨੂੰ ਸ਼੍ਰੋਮਣੀ ਕਮੇਟੀ ਦਾ ਐਕਟਿੰਗ ਪ੍ਰਧਾਨ ਬਣਾ ਦਿੱਤਾ ਸੀ, ਜਿਸ ਕਾਰਨ ਉਸ ਨੇ ਬਾਦਲ ਖੇਮੇ 'ਚੋਂ ਨਿਕਲ ਕੇ ਟੌਹੜਾ ਖੇਮੇ ਵਿਚ ਸ਼ਮੂਲੀਅਤ ਕਰ ਲਈ ਸੀ।

ਜਦ ਸੁਖਦੇਵ ਸਿੰਘ ਭੌਰ ਬਰਜਿੰਦਰ ਸਿੰਘ ਨੂੰ ਮਨਾ ਨਾ ਸਕਿਆ ਤਾਂ ਇਹ ਨੁਕਤਾ ਬਰਜਿੰਦਰ ਅਤੇ ਟੌਹੜਾ ਵਿਚ 'ਅੜੀ' ਦਾ ਮਸਲਾ ਬਣ ਗਿਆ ਤੇ ਉਨ੍ਹਾਂ ਨੇ ਇਸ ਜ਼ਿਦ ਵਿਚ ਹੀ ਆਪਸੀ ਦੂਰੀ ਹੋਰ ਵੀ ਵਧਾ ਲਈ। ਇਸ ਦੌਰ ਵਿਚ ਰਣਜੀਤ ਸਿੰਘ ਤੇ ਟੌਹੜਾ ਇਕ-ਮਿਕ ਹੋ ਚੁੱਕੇ ਸਨ, ਜਿਸ ਨਾਲ ਬਰਜਿੰਦਰ ਸਿੰਘ ਅਤੇ ਰਣਜੀਤ ਸਿੰਘ ਵੀ ਇਕ ਦੂਜੇ ਦੇ ਮੁਖ਼ਾਲਿਫ਼ਾਂ ਵਾਂਗ ਵਿਚਰਨ ਲੱਗ ਪਏ। ਇਸ ਦਾ 'ਜੰਗੀ ਐਲਾਨ' 26 ਅਗਸਤ 1998 ਦੇ ਦਿਨ ਆਇਆ, ਜਦੋਂ ਬਰਜਿੰਦਰ ਸਿੰਘ ਨੇ 'ਅਜੀਤ' ਅਖ਼ਬਾਰ ਦੇ ਐਡੀਟੋਰੀਅਲ ਵਿਚ (ਭਾਈ) ਰਣਜੀਤ ਸਿੰਘ ਦੀ ਸ਼ਰੇਆਮ ਮੁਖ਼ਾਲਫ਼ਤ ਕੀਤੀ। ਬਰਜਿੰਦਰ ਸਿੰਘ ਦਾ ਇਹ ਐਡੀਟੋਰੀਅਲ (ਪ੍ਰੋ:) ਮਨਜੀਤ ਸਿੰਘ ਨਾਲ ਹਮਦਰਦੀ ਵਜੋਂ ਸੀ (ਇਨ੍ਹਾਂ ਦਿਨਾਂ ਵਿਚ ਮਨਜੀਤ ਸਿੰਘ ਬਰਜਿੰਦਰ ਸਿੰਘ ਅਤੇ ਬਾਦਲ ਦੀ 'ਸਰਪ੍ਰਸਤੀ' ਹੇਠ ਆ ਚੁੱਕਾ ਸੀ)।

25 ਅਗਸਤ 1998 ਦੀ (ਭਾਈ) ਰਣਜੀਤ ਸਿੰਘ ਦੀ (ਪ੍ਰੋ:) ਮਨਜੀਤ ਸਿੰਘ ਨੂੰ ਚਿੱਠੀ ਵਿਚ ਰਣਜੀਤ ਸਿੰਘ ਦੀ ਬੋਲੀ ਬੜੀ ਸਖ਼ਤ ਸੀ। ਮਨਜੀਤ ਸਿੰਘ ਨੇ ਤਾਂ 23 ਅਗਸਤ ਨੂੰ ਹੀ ਬਿਆਨ ਦੇ ਦਿੱਤਾ ਸੀ ਕਿ ਉਹ ਹੁਣ ਪੰਜ ਗ੍ਰੰਥੀਆਂ ਦੀ ਕਿਸੇ ਮੀਟਿੰਗ ਵਿਚ ਸ਼ਾਮਿਲ ਨਹੀਂ ਹੋਵੇਗਾ। ਇਸ ਦੇ ਜਵਾਬੇ-ਅਮਲ ਵਜੋਂ (ਭਾਈ) ਰਣਜੀਤ ਸਿੰਘ ਨੇ ਵੀ ਇਹ ਐਲਾਨ ਕਰ ਦਿੱਤਾ ਕਿ ਉਹ ਅੱਗੇ ਤੋਂ ਮਨਜੀਤ ਸਿੰਘ ਨੂੰ ਕਿਸੇ ਮੀਟਿੰਗ ਵਿਚ ਨਹੀਂ ਬੁਲਾਵੇਗਾ ਤੇ ਨਾ ਹੀ ਸ਼ਾਮਿਲ ਹੋਣ ਦੇਵੇਗਾ। 25 ਅਗਸਤ ਦੀ ਚਿੱਠੀ ਨੂੰ ਵਰਤਦਿਆਂ ਬਰਜਿੰਦਰ ਸਿੰਘ ਨੇ ਹੇਠ ਲਿਖਿਆ ਐਡੀਟੋਰੀਅਲ 26 ਅਗਸਤ 1998 ਦੀ 'ਅਜੀਤ' ਵਿਚ ਲਿਖਿਆ ਸੀ :

ਸਮੁੱਚੀ ਕੌਮ ਨੂੰ ਅਪੀਲ

ਕਿਸੇ ਉੱਚੇ ਅਹੁਦੇ 'ਤੇ ਬਿਰਾਜਮਾਨ ਹੋ ਕੇ ਕੋਈ ਵੀ ਵਿਅਕਤੀ ਉੱਚਾ ਜਾਂ ਵੱਡਾ ਨਹੀਂ ਹੋ ਜਾਂਦਾ। ਇਹ ਠੀਕ ਹੈ ਕਿ ਇਕ ਵਧੀਆ ਸ਼ਖ਼ਸੀਅਤ ਉਸ ਅਹੁਦੇ ਦੇ ਗੌਰਵ ਨੂੰ ਜ਼ਰੂਰ ਬਣਾਈ ਰੱਖ ਸਕਦੀ ਹੈ। ਪਰ ਕਈ ਐਸੇ ਵਿਅਕਤੀ ਹੁੰਦੇ ਹਨ, ਜੋ ਨਾ ਸਿਰਫ਼ ਇਨ੍ਹਾਂ ਅਹੁਦਿਆਂ 'ਤੇ ਬੈਠੇ ਅਨੇਕਾਂ ਤਰ੍ਹਾਂ ਦੇ ਵਿਵਾਦ ਖੜ੍ਹੇ ਕਰ ਦਿੰਦੇ ਹਨ, ਸਗੋਂ ਉਸ ਅਹੁਦੇ ਦੇ ਗੌਰਵ ਨੂੰ

ਘਟਾਉਣ ਦੇ ਭਾਗੀ ਬਣਦੇ ਹਨ। ਹੱਦ ਤੋਂ ਜ਼ਿਆਦਾ ਉੱਠੇ ਕਿੰਤੂ-ਪਰੰਤੂ ਸਮੁੱਚੇ ਤੌਰ 'ਤੇ ਚਿਰਾਂ ਤੋਂ ਬਣੀਆਂ ਸੰਸਥਾਵਾਂ ਨੂੰ ਵੱਡੀ ਸੱਟ ਮਾਰਨ ਵਾਲੇ ਹੁੰਦੇ ਹਨ। ਅੱਜ ਅਜਿਹਾ ਕੁਝ ਹੀ ਸਿੱਖ ਕੌਮ ਦੀ ਮਹਾਨ ਤਖ਼ਤ ਅਕਾਲ ਤਖ਼ਤ ਸਾਹਿਬ 'ਤੇ ਹੋ ਰਿਹਾ ਹੈ। ਭਾਈ ਰਣਜੀਤ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਚੋਣ ਕਿਵੇਂ ਹੋਈ ਅਤੇ ਇਸ ਪਿੱਛੇ ਕੀ ਭਾਵਨਾਵਾਂ ਕੰਮ ਕਰ ਰਹੀਆਂ ਹਨ, ਇਹ ਇਕ ਅਜਿਹਾ ਪੁਰਾਣੀ ਵਾਰਤਾ ਹੈ, ਜਿਸ ਨੂੰ ਹਰ ਕੋਈ ਜਾਣਦਾ ਹੈ। ਇਸ ਲਈ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਦੋਂ ਦੇ ਅਤੇ ਹੁਣ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ 'ਤੇ ਕਈ ਤਰ੍ਹਾਂ ਦੀਆਂ ਉਂਗਲੀਆਂ ਵੀ ਉੱਠੀਆਂ ਸਨ ਅਤੇ ਦੱਬੀ ਸੁਰ ਵਿਚ ਆਲੋਚਨਾ ਵੀ ਹੋਈ ਸੀ। ਅਸੀਂ ਇਸ ਵਿਸਥਾਰ ਨੂੰ ਇੱਥੇ ਦੁਹਰਾਉਣਾ ਨਹੀਂ ਚਾਹੁੰਦੇ।

ਸਾਨੂੰ ਪੂਰੀ ਉਮੀਦ ਸੀ ਕਿ ਭਾਈ ਰਣਜੀਤ ਸਿੰਘ ਲੰਬੀ ਜੇਲ੍ਹ ਯਾਤਰਾ ਤੋਂ ਬਾਅਦ ਇਕ ਖਰੇ ਇਨਸਾਨ ਦੇ ਤੌਰ 'ਤੇ ਲੋਕਾਂ ਦੇ ਸਾਹਮਣੇ ਆਉਣਗੇ। ਪਰ ਹੁਣ ਤਕਰੀਬਨ ਦੋ ਸਾਲ ਦੇ ਅਰਸੇ ਦੌਰਾਨ ਉਨ੍ਹਾਂ ਵੱਲੋਂ ਕੀਤੀਆਂ ਜੋ ਕਾਰਵਾਈਆਂ ਅਤੇ ਕੰਮ ਸਾਡੇ ਸਾਹਮਣੇ ਆਏ ਹਨ, ਉਨ੍ਹਾਂ ਤੋਂ ਘੋਰ ਨਿਰਾਸ਼ਾ ਹੀ ਨਹੀਂ ਉਪਜਦੀ, ਸਗੋਂ ਭਵਿੱਖ ਵਿਚ ਵੀ ਕੌਮ ਸਾਹਮਣੇ ਅਨੇਕਾਂ ਖ਼ਤਰੇ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੈ।

ਅੱਜ ਅਨੇਕਾਂ ਤਰ੍ਹਾਂ ਨਾਲ ਕੌਮ ਨਿਘਾਰ ਵੱਲ ਜਾ ਰਹੀ ਹੈ। ਅਸੀਂ ਖਾਲਸਾ ਪੰਥ ਦੀ ਸਥਾਪਨਾ ਦੀ ਤੀਸਰੀ ਸ਼ਤਾਬਦੀ ਮਨਾ ਰਹੇ ਹਾਂ। ਇਸੇ ਸਮੇਂ ਸਮੁੱਚੀ ਕੌਮ ਦੇ ਸਾਂਝੇ ਰੂਪ ਵਿਚ ਕਈ ਫ਼ੈਸਲੇ ਲੈਣੇ ਅਤੇ ਪੂਰਣ ਕਰਨੇ ਹਨ। ਕੌਮ ਦੇ ਚੰਗੇ ਭਵਿੱਖ ਲਈ ਅਤੇ ਇਸ ਨੂੰ ਸਮਿਆਂ ਦੀ ਹਾਣੀ ਬਣਾਉਣ ਲਈ ਸਪੱਸ਼ਟ ਅਤੇ ਦ੍ਰਿੜ੍ਹ ਨਿਸ਼ਚੇ ਦੁਹਰਾਉਣੇ ਹਨ ਅਤੇ ਉਨ੍ਹਾਂ ਉੱਤੇ ਸਾਬਤ ਕਦਮੀ ਦੇ ਨਾਲ ਤੁਰਨ ਦੀ ਤਰਜੀਹ ਦੇਣੀ ਹੈ। ਇਸ ਲਈ ਹਰ ਪੱਧਰ 'ਤੇ ਸਾਨੂੰ ਉਤਮ ਲੀਡਰਸ਼ਿਪ ਦੀ ਜ਼ਰੂਰਤ ਹੈ। ਪਰ ਅੱਜ ਸਾਡੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਖੇਤਰ ਵਿਚ ਸਾਨੂੰ ਬਹੁਤ ਸਾਰੇ ਅਜਿਹੇ ਆਗੂ ਮਿਲੇ ਹੋਏ ਹਨ, ਜੋ ਬਹੁਤਾ ਉਤਸ਼ਾਹ ਅਤੇ ਸਦਭਾਵਨਾ ਜਗਾਉਣ ਦੀ ਥਾਂ ਸਾਡੇ ਪੱਲੇ ਨਿਰਾਸ਼ਾ ਪਾਉਣ ਵਿਚ ਹੀ ਸਹਾਈ ਹੋ ਰਹੇ ਹਨ। ਜੋ ਸਾਫ਼ ਅਤੇ ਉਤਸ਼ਾਹਿਤ ਕਰਨ ਵਾਲੇ ਰਸਤਿਆਂ 'ਤੇ ਤੁਰਨ ਦੀ ਪ੍ਰੇਰਨਾ ਦੇਣ ਦੀ ਥਾਂ ਸਾਨੂੰ ਕਈ ਤਰ੍ਹਾਂ ਦੇ ਵਿਵਾਦਾਂ ਦੀਆਂ ਘੁੰਮਣ-ਘੇਰੀਆਂ ਵਿਚ ਫਸਾ ਰਹੇ ਹਨ। ਜਿਨ੍ਹਾਂ ਦੀਆਂ ਸ਼ਖ਼ਸੀਅਤਾਂ ਅਤੇ ਅਮਲ ਉਤਸ਼ਾਹ ਪੈਦਾ ਕਰਨ ਵਾਲੇ ਨਹੀਂ, ਸਗੋਂ ਨਿਰਾਸ਼ਾ ਦੀਆਂ ਖਾਈਆਂ ਵਿਚ ਗ਼ਰਕ ਕਰਨ ਵਾਲੇ ਹਨ।

ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਦੇ ਹੁਣ ਤੱਕ ਦੇ ਬਹੁਤੇ ਫ਼ੈਸਲੇ ਇਨ੍ਹਾਂ ਦਿਸ਼ਾਵਾਂ ਵੱਲ ਹੀ ਸੰਕੇਤ ਕਰਦੇ ਹਨ। ਅਕਾਲ ਤਖ਼ਤ ਸਾਹਿਬ ਜਿਹੀ ਮਹਾਨ ਸੰਸਥਾ ਦੇ ਜਥੇਦਾਰ ਤੋਂ ਇਕ ਉੱਚੀ ਤੇ ਸੁੱਚੀ ਸ਼ਖ਼ਸੀਅਤ ਹੋਣ ਦੀ ਆਸ ਕੀਤੀ ਜਾਂਦੀ ਹੈ। ਆਸ ਹੀ ਨਹੀਂ, ਅਜਿਹਾ ਹੋਣਾ ਹਰ ਸੂਰਤ ਵਿਚ ਜ਼ਰੂਰੀ ਹੈ। ਪਰ ਜਥੇਦਾਰ ਭਾਈ ਰਣਜੀਤ ਸਿੰਘ ਇਸ ਉੱਚ ਅਹੁਦੇ 'ਤੇ ਹੁੰਦਿਆਂ ਜਿਸ ਤਰ੍ਹਾਂ ਦੀ ਸ਼ਬਦਾਵਲੀ ਦੀ ਅਕਸਰ ਵਰਤੋਂ ਕਰਦੇ ਹਨ, ਉਹ ਬੇਹੱਦ ਇਤਰਾਜ਼ਯੋਗ ਹੀ ਨਹੀਂ ਹੈ, ਸਗੋਂ ਉਸ ਨੂੰ ਕੋਈ ਵੀ ਸਭਿਆ ਮਨੁੱਖ ਸੁਣਨਾ ਨਹੀਂ ਚਾਹੇਗਾ। ਕਾਰਵਾਈਆਂ ਦੀ ਮਿਸਾਲ ਇਹ ਹੈ ਕਿ ਹੁਣ ਤਕ ਇਸ ਅਹੁਦੇ 'ਤੇ ਹੁੰਦਿਆਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਤੇ ਬਾਹਰ, ਸਾਡੇ ਸਿੰਘ ਸਾਹਿਬ ਅਨੇਕਾਂ ਸਿਆਣੇ-ਬਿਆਣੇ ਬਜ਼ੁਰਗ, ਇੱਜ਼ਤਦਾਰ ਅਤੇ ਪੜ੍ਹੇ-ਲਿਖੇ ਵਿਅਕਤੀਆਂ ਨੂੰ ਆਪਣੇ ਹੱਥਾਂ ਅਤੇ ਆਪਣੀਆਂ ਲੱਤਾਂ ਨਾਲ ਕੁੱਟ ਚੁੱਕੇ ਹਨ ਅਤੇ ਉਨ੍ਹਾਂ ਉਪਰ ਅਨੇਕਾਂ ਤਰ੍ਹਾਂ ਦੀਆਂ ਗਾਹਲਾਂ (?) ਦੀ ਪੁਸ਼ਪ ਵਰਸ਼ਾ ਕਰ ਚੁੱਕੇ ਹਨ।

ਅਕਾਲ ਤਖ਼ਤ ਸਾਹਿਬ ਕੌਮ ਨੂੰ ਜੋੜਨ ਦਾ ਮਨੁੱਖੀ ਭਰਾਤਰੀ ਦਾ, ਬਹਾਦਰੀ ਦਾ, ਬੇਇਨਸਾਫ਼ੀ ਵਿਰੁੱਧ ਡੱਟਣ ਦਾ, ਪਿਆਰ ਤੇ ਸਦਭਾਵਨਾ ਦਾ ਸੰਦੇਸ਼ ਦੇਣ ਵਾਲਾ ਸੋਮਾ ਹੈ, ਪਰ ਜਥੇਦਾਰ ਸਾਹਿਬ ਨੇ ਇਸ ਮਹਾਨ ਪਵਿੱਤਰ ਸਥਾਨ ਨੂੰ ਇਕ 'ਥਾਣਾ' ਬਣਾ ਕੇ ਰੱਖ ਦਿੱਤਾ

ਹੈ। ਜਿਸ ਤੋਂ ਉਹ ਨਿੱਤ ਦਿਨ ਧਮਕੀਆਂ ਦੇਣ, ਅਨੇਕਾਂ ਤਰ੍ਹਾਂ ਦੀਆਂ ਸਜ਼ਾਵਾਂ ਦੇਣ, ਆਪ-ਹੁਦਰੇ ਫ਼ੈਸਲੇ ਕਰਨ ਅਤੇ ਗੁਰੂ ਦੇ ਸਿੱਖਾਂ ਨੂੰ ਸਿੱਖੀ ਤੋਂ ਕੱਢਣ ਦੀਆਂ ਕਾਰਵਾਈਆਂ ਕਰਦੇ ਹਨ, ਚਾਹੇ ਸਬੰਧਿਤ ਵਿਅਕਤੀ ਕਿੰਨੀ ਵੀ ਚੰਗੀ ਸ਼ਖ਼ਸੀਅਤ ਦੇ ਮਾਲਕ ਕਿਉਂ ਨਾ ਹੋਣ। ਹੁਣ ਤਕ ਉਹ ਜਥੇਦਾਰ ਕੁਲਦੀਪ ਸਿੰਘ ਭੋਗਲ, ਸ: ਇੰਦਰਪਾਲ ਸਿੰਘ ਭਾਟੀਆ, ਸ: ਮਹਿੰਦਰ ਸਿੰਘ ਮਠਾੜੂ, ਸ: ਅਵਤਾਰ ਸਿੰਘ ਹਿਤ ਅਤੇ ਕੈਨੇਡਾ ਵਿਚ ਰਹਿੰਦੇ ਸਿੱਖਾਂ ਸ: ਤਾਰਾ ਸਿੰਘ ਹੇਅਰ, ਗਿਆਨੀ ਹਰਕੀਰਤ ਸਿੰਘ, ਸ: ਬਲਵੰਤ ਸਿੰਘ ਗਿੱਲ, ਸ: ਜਰਨੈਲ ਸਿੰਘ, ਸ: ਰਤਨ ਸਿੰਘ ਤੇ ਸ: ਕਸ਼ਮੀਰ ਸਿੰਘ ਆਦਿ ਨੂੰ ਸਮੇਂ ਸਮੇਂ ਪੰਥ ਵਿੱਚੋਂ ਖ਼ਾਰਿਜ ਕਰ ਚੁੱਕੇ ਹਨ ਜਾਂ ਤਨਖ਼ਾਹੀਏ ਕਰਾਰ ਦੇ ਚੁੱਕੇ ਹਨ। ਇੱਥੋਂ ਤਕ ਕਿ ਹੁਣ ਜਥੇਦਾਰ ਸਾਹਿਬ ਨੇ ਆਪਣੇ ਦੂਸਰੇ ਸਾਥੀ ਸਿੰਘ ਸਾਹਿਬਾਨ ਨੂੰ ਵੀ ਆਪਣੇ ਇਨ੍ਹਾਂ ਆਪ-ਹੁਦਰੇ ਅਮਲਾਂ ਦੀ ਜ਼ਦ ਵਿਚ ਲੈ ਆਂਦਾ ਹੈ ਅਤੇ ਉਨ੍ਹਾਂ 'ਤੇ ਕਈ ਤਰ੍ਹਾਂ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ, ਉਹ ਇਨ੍ਹਾਂ ਦੂਸਰੇ ਸਿੰਘ ਸਾਹਿਬਾਨ ਦੇ ਖ਼ਿਲਾਫ਼ ਹੀ ਫ਼ਤਵਾ ਜਾਰੀ ਕਰ ਦੇਣ।

ਇਕ ਲੰਬੀ ਹਿਚਕਚਾਹਟ ਤੋਂ ਬਾਅਦ ਤਖ਼ਤ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਦੇ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਨੇ ਕਿਹਾ ਹੈ ਕਿ ਉਹ ਅੱਗੇ ਤੋਂ ਭਾਈ ਰਣਜੀਤ ਸਿੰਘ ਵੱਲੋਂ ਸੱਦੀ ਕਿਸੇ ਵੀ ਮੀਟਿੰਗ ਵਿਚ ਹਿੱਸਾ ਨਹੀਂ ਲੈਣਗੇ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਲਈ ਅੱਗੇ ਤੋਂ ਉਹ ਇਨ੍ਹਾਂ ਮੀਟਿੰਗਾਂ ਵਿਚ ਨਹੀਂ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇੱਥੇ ਲਏ ਜਾ ਰਹੇ ਫ਼ੈਸਲਿਆਂ ਦੀ ਕੋਈ ਅਹਿਮੀਅਤ ਨਹੀਂ, ਕਿਉਂਕਿ ਇਹ ਸਿੱਖ ਰਿਵਾਇਤਾਂ ਅਨੁਸਾਰ ਨਹੀਂ ਹਨ। ਉਨ੍ਹਾਂ ਇਹ ਵੀ ਮੰਨਿਆ ਕਿ ਉਨ੍ਹਾਂ ਪਿਛਲੀਆਂ ਦੋ ਮੀਟਿੰਗਾਂ ਦਾ ਬਾਈਕਾਟ ਕੀਤਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਜੋ ਕੁਝ ਹੋ ਰਿਹਾ ਹੈ, ਉਸ ਨਾਲ ਤਖ਼ਤ ਸਾਹਿਬ ਦੀ ਮਹਾਨਤਾ 'ਤੇ ਅਸਰ ਪੈ ਰਿਹਾ ਹੈ।

ਅਤੇ ਹੁਣ ਲਈਏ ਲੰਗਰ ਦੀ ਮਰਿਆਦਾ ਦੀ ਗੱਲ ਅਸੀਂ ਸਮਝਦੇ ਹਾਂ ਕਿ ਵਿਦੇਸ਼ਾਂ ਵਿਚ ਬਹੁਤ ਸਾਰੇ ਗੁਰਦੁਆਰਿਆਂ ਵਿਚ ਦਹਾਕਿਆਂ ਤੋਂ ਜੋ ਮਰਿਆਦਾ ਚੱਲ ਰਹੀ ਸੀ, ਉਸ ਵਿਚ ਕੋਈ ਵੀ ਮੁੱਢਲੀ ਤਬਦੀਲੀ ਕਰਨ ਦੇ ਫ਼ੈਸਲੇ ਤੋਂ ਪਹਿਲਾਂ ਸਮੁੱਚੀ ਕੌਮ ਦੇ ਪ੍ਰਤੀਨਿਧਾਂ ਅਤੇ ਵਿਦੇਸ਼ਾਂ ਦੀਆਂ ਸਾਰੀਆਂ ਸਿੱਖ ਧਿਰਾਂ ਨਾਲ ਵਿਸਥਾਰ ਵਿਚ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਸੀ। ਸਭ ਨੂੰ ਹੀ ਇਸ ਸਬੰਧੀ ਵਿਸ਼ਵਾਸ ਵਿਚ ਲਿਆ ਜਾਣਾ ਚਾਹੀਦਾ ਸੀ। ਅਜਿਹੇ ਕੰਮਾਂ ਅਤੇ ਫ਼ੈਸਲਿਆਂ ਵਿਚ ਡੰਡੇ ਅਤੇ ਡਰਾਵਿਆਂ ਦੀ ਲੋੜ ਨਹੀਂ ਹੁੰਦੀ। ਸਾਨੂੰ ਅਫ਼ਸੋਸ ਹੀ ਨਹੀਂ, ਸਗੋਂ ਬੇਹੱਦ ਦੁੱਖ ਹੈ ਕਿ ਜਥੇਦਾਰ ਰਣਜੀਤ ਸਿੰਘ ਵੱਲੋਂ ਅੱਗੇ ਲੱਗ ਕੇ ਕਰਵਾਏ ਗਏ ਇਸ ਫ਼ੈਸਲੇ ਨੇ ਵਿਦੇਸ਼ਾਂ ਵਿਚ ਵੱਸੀ ਸਿੱਖ ਕੌਮ ਵਿਚ ਵੰਡੀਆਂ ਹੀ ਨਹੀਂ ਪਾ ਦਿੱਤੀਆਂ, ਸਗੋਂ ਉਨ੍ਹਾਂ ਵਿਚ ਖ਼ੂਨੀ ਜੰਗ ਸ਼ੁਰੂ ਕਰਵਾ ਦਿੱਤੀ ਹੈ। ਆਪਣੀ ਆਦਤ ਅਨੁਸਾਰ ਜਥੇਦਾਰ ਸਾਹਿਬ ਨੇ ਵਿਦੇਸ਼ਾਂ ਦੇ ਕਈ ਮਹੱਤਵਪੂਰਨ ਸਿੱਖਾਂ ਨੂੰ ਸਿੱਖੀ ਵਿੱਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਸਾਨੂੰ ਬੇਹੱਦ ਦੁੱਖ ਹੈ ਕਿ ਜਥੇਦਾਰ ਸਾਹਿਬ ਦੇ ਅਜਿਹੇ ਫ਼ੈਸਲਿਆਂ ਦਾ ਕੋਈ ਅਸਰ ਨਹੀਂ ਹੋਇਆ।

ਪਿਛਲੇ ਸਮੇਂ ਵਿਚ ਉਨ੍ਹਾਂ ਵੱਲੋਂ ਜਿਨ੍ਹਾਂ ਸਿੱਖਾਂ ਨੂੰ ਵੀ ਸਿੱਖੀ 'ਚੋਂ ਛੇਕਣ ਦਾ ਐਲਾਨ ਕੀਤਾ ਗਿਆ ਸੀ ਅਤੇ ਉਨ੍ਹਾਂ ਨਾਲ ਕੌਮ ਨੂੰ ਕਿਸੇ ਤਰ੍ਹਾਂ ਦਾ ਮੇਲ-ਮਿਲਾਪ ਨਾ ਰੱਖਣ ਦੀ ਹਿਦਾਇਤ ਕੀਤੀ ਗਈ ਸੀ, ਉਨ੍ਹਾਂ ਹੀ ਵਿਅਕਤੀਆਂ ਨੂੰ ਵੱਧ ਤੋਂ ਵੱਧ ਸਿੱਖ ਮਿਲਦੇ ਵੀ ਰਹੇ ਹਨ ਅਤੇ ਉਨ੍ਹਾਂ ਨਾਲ ਵੱਧ ਤੋਂ ਵੱਧ ਹਰ ਤਰ੍ਹਾਂ ਦੀ ਭਾਈਚਾਰਕ ਸਾਂਝ ਵੀ ਬਣਾਈ ਰੱਖੀ ਗਈ ਹੈ। ਸਾਨੂੰ ਦੁੱਖ ਹੈ ਕਿ **ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਆਪਣੇ ਕਿਰਦਾਰ ਵਾਂਗ ਹੀ ਇਸ ਵਾਰ ਵੀ ਕੌਮ ਦੇ ਹੋ ਰਹੇ ਨੁਕਸਾਨ ਨੂੰ ਇਕ ਤਮਾਸ਼ਾ ਸਮਝ ਕੇ ਚੁੱਪ ਚਾਪ ਸਭ ਕੁਝ ਦੇਖ ਰਹੇ ਹਨ। ਆਪਣੇ ਅਹੁਦਿਆਂ ਅਤੇ ਚੌਧਰਾਂ ਨੂੰ ਬਚਾਈ ਰੱਖਣ ਦੀ ਸੂਰਤ ਵਿਚ ਜੇ ਕਰ ਕੌਮ ਦਾ ਥੋੜ੍ਹਾ ਜਾਂ ਬਹੁਤਾ ਨੁਕਸਾਨ ਹੋ ਵੀ ਜਾਂਦਾ ਹੈ ਤਾਂ ਉਨ੍ਹਾਂ ਨੂੰ ਕੀ ਫ਼ਰਕ**

ਪੈਂਦਾ ਹੈ। ਹਮੇਸ਼ਾ ਵਾਂਗ ਉਹ ਆਪਣੀਆਂ ਪ੍ਰਧਾਨਗੀਆਂ ਤਾਂ ਬਚਾਈ ਰੱਖ ਸਕਦੇ ਹਨ।[62]

ਅਸੀਂ ਸਮੁੱਚੀ ਕੌਮ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਸੰਗਠਿਤ ਅਤੇ ਸਾਂਝੇ ਰੂਪ ਵਿਚ ਸਪੱਸ਼ਟ ਫ਼ੈਸਲੇ ਲਵੇ। ਅਜਿਹਾ ਸਮਾਂ ਹੁਣ ਆ ਪੁੱਜਾ ਹੈ। ਜੇਕਰ ਹੁਣ ਅਜਿਹਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਹ ਹੋਰ ਵੀ ਤੀਲਾ ਤੀਲਾ ਹੋ ਕੇ ਬਿਖਰਾਅ ਦੇ ਰਾਹ ਤੁਰ ਪਵੇਗੀ।

ਬਰਜਿੰਦਰ ਸਿੰਘ ਹਮਦਰਦ

(ਭਾਈ) ਰਣਜੀਤ ਸਿੰਘ ਵਾਸਤੇ ਇਹ ਤਾਂ ਮੁਮਕਿਨ ਨਹੀਂ ਸੀ ਕਿ ਉਹ ਚੁੱਪ ਕਰ ਕੇ ਬੈਠ ਜਾਂਦਾ। ਆਪਣੀ ਗ਼ੁਸੈਲ ਅਤੇ ਕਾਹਲੀ ਤਬੀਅਤ (ਸੁਭਾਅ) ਕਾਰਨ ਉਸ ਨੇ ਅਖ਼ਬਾਰ ਪੜ੍ਹਨ ਤੋਂ ਦੋ ਘੰਟੇ ਦੇ ਅੰਦਰ ਅੰਦਰ ਹੀ ਬਰਜਿੰਦਰ ਸਿੰਘ ਦੇ ਐਡੀਟੋਰੀਅਲ ਦੇ ਜਵਾਬ ਵਿਚ 'ਬਰਜਿੰਦਰ ਸਿੰਘ ਦੇ ਨਾਂ ਖੁੱਲ੍ਹੀ ਚਿੱਠੀ' ਲਿਖ ਦਿੱਤੀ, ਜੋ ਇੰਵ ਸੀ :

ਸ: ਬਰਜਿੰਦਰ ਸਿੰਘ ਦੇ ਨਾਂ ਖੁੱਲ੍ਹੀ ਚਿੱਠੀ[63]

ਸ: ਬਰਜਿੰਦਰ ਸਿੰਘ ਜੀ,
ਗੁਰੂ ਫ਼ਤਹਿ।

ਤੁਹਾਡੀ ਸੰਪਾਦਕੀ ਪੜ੍ਹ ਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ, ਸਗੋਂ ਖ਼ੁਸ਼ੀ ਹੋਈ ਹੈ ਕਿ ਬਿੱਲੀ ਥੈਲੇ 'ਚੋਂ ਬਾਹਰ ਆ ਗਈ ਹੈ। ਕਾਮਰੇਡ ਵਿਚਾਰਧਾਰਾ ਦੇ ਮਾਲਕ ਪੱਤਰਕਾਰ ਤੋਂ ਹੋਰ ਉਮੀਦ ਵੀ ਕੀ ਰੱਖੀ ਜਾ ਸਕਦੀ ਹੈ। ਮੈਂ ਇਹ ਕਹਾਂ ਕਿ ਅੱਜ 'ਅਜੀਤ' ਨੂੰ ਤੁਹਾਡੀ ਲਿਖਤ ਨੇ ਕਲੰਕਤ ਕਰ ਦਿੱਤਾ ਹੈ, ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

—ਜੋ ਸੇਵਾ ਕਰ ਕੇ ਤੁਸੀਂ ਅਨੰਦਪੁਰ ਦੇ ਸਰਕਾਰੀ ਟਰਸਟ ਦੀ ਚੇਅਰਮੈਨੀ ਹਾਸਿਲ ਕੀਤੀ ਹੈ;
—ਜਿਸ ਸੇਵਾ ਨਾਲ ਤੁਸੀਂ ਰਾਜ ਸਭਾ ਦੀ ਮੈਂਬਰੀ ਹਾਸਿਲ ਕੀਤੀ ਹੈ, ਉਹ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ।

ਰਾਸ਼ਟਰਪਤੀ ਵੱਲੋਂ ਕਿਸੇ ਚੰਗੇ ਪੱਤਰਕਾਰ ਦੀ ਸੇਵਾ ਵੇਖ ਕੇ ਰਾਜ ਸਭਾ ਲਈ ਨਾਮਜ਼ਦ ਕਰਨ ਦੀਆਂ ਮਿਸਾਲਾਂ ਤਾਂ ਮਿਲਦੀਆਂ ਹਨ, ਪਰ ਕਿਸੇ ਰਾਜਸੀ ਪਾਰਟੀ ਵੱਲੋਂ ਕਿਸੇ ਪੱਤਰਕਾਰ ਨੂੰ ਰਾਜ ਸਭਾ ਦਾ ਮੈਂਬਰ ਤੇ ਟਰਸਟਾਂ ਦਾ ਚੇਅਰਮੈਨ ਬਣਾਇਆ ਜਾਵੇ ਤਾਂ ਉਸ ਪੱਤਰਕਾਰ ਤੋਂ ਇਹੋ ਜਿਹੀਆਂ ਹੀ ਲਿਖਤਾਂ ਪਾਠਕਾਂ ਨੂੰ ਪੜ੍ਹਨ ਨੂੰ ਮਿਲਣਗੀਆਂ।

ਸ: ਬਰਜਿੰਦਰ ਸਿੰਘ, ਪੱਤਰਕਾਰ ਨੂੰ ਕਦੀ ਧਿਰ ਬਣਦਿਆਂ ਨਹੀਂ ਸੀ ਦੇਖਿਆ, ਪਰ ਅੱਜ ਤੁਸੀਂ ਖੁੱਲ੍ਹ ਕੇ ਉਸ ਲੱਬੀ ਦੀ ਲੀਡਰਸ਼ਿਪ ਸੰਭਾਲੀ ਹੈ, ਜਿਹੜੀ ਮੇਰੇ ਵਿਰੁੱਧ ਡੇਢ ਸਾਲ ਤੋਂ ਤਰ੍ਹਾਂ ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ। ਕਿੰਨ ਚੰਗਾ ਹੁੰਦਾ ਜੇ ਤੁਸੀਂ ਕੋਈ ਠੋਸ ਦਲੀਲ ਦੇ ਕੇ ਮੈਨੂੰ ਨਿਰ-ਉਤਰ ਕਰਦੇ, ਪਰ ਮੈਂ ਸਮਝਦਾ ਹਾਂ ਕਿ ਇਸ ਵਿਚ ਤੁਹਾਡਾ ਵੀ ਕੋਈ ਕਸੂਰ ਨਹੀਂ :

ਨਾਨਕ ਅੰਧਾ ਹੋਇ ਕੇ, ਰਤਨਾ ਪਰਖਣ ਜਾਇ॥
ਰਤਨਾ ਸਾਰ ਨਾ ਜਾਣਈ, ਆਵੈ ਆਪ ਲਿਖਾਇ॥

ਦੇ ਮਹਾਂਵਾਕ ਅਨੁਸਾਰ ਮਨੁੱਖ ਆਪਣਾ ਆਪਾ ਆਪ ਹੀ ਪ੍ਰਗਟ ਕਰ ਬੈਠਦਾ ਹੈ।

ਬਰਜਿੰਦਰ ਸਿੰਘ ਜੀ ਮੈਨੂੰ ਮਿਤੀ ਤੇ ਯਾਦ ਨਹੀਂ, ਪਰ ਉਸ ਸਮੇਂ ਮੈਂ ਜੇਲ੍ਹ ਵਿਚ ਸਾਂ, ਜਦੋਂ ਤੁਹਾਡੇ ਸਵਰਗਵਾਸੀ ਪਿਤਾ ਵੱਲੋਂ ਲਿਖਿਆ ਸੰਪਾਦਕੀ ਪੜ੍ਹਿਆ, ਜਿਸ ਵਿਚ ਉਨ੍ਹਾਂ ਨੇ ਹਿੱਕ ਠੋਕਦਿਆਂ ਸਿੰਘਾਪੁਰ 'ਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਫ਼ਿਟਕਾਰਦਿਆਂ ਗੁਰੂ ਕੇ ਲੰਗਰ

62. ਇਨ੍ਹਾਂ ਲਫ਼ਜ਼ਾਂ ਨਾਲ ਬਰਜਿੰਦਰ ਸਿੰਘ ਨੇ ਰਣਜੀਤ ਸਿੰਘ ਹੀ ਨਹੀਂ ਗੁਰਚਰਨ ਸਿੰਘ ਟੌਹੜਾ 'ਤੇ ਵੀ ਭਰਪੂਰ ਵਾਰ ਕੀਤਾ ਸੀ।
63. ਕੁਲਬੀਰ ਸਿੰਘ ਕੌੜਾ, ਸਫ਼ੇ 293-94.

ਵਿਚ ਕੁਰਸੀਆਂ ਰੱਖਣ ਤੋਂ ਵਰਜਿਆ ਸੀ। ਅੱਜ ਮੈਂ ਤੁਹਾਡਾ ਲੇਖ ਪੜ੍ਹ ਕੇ ਇਹ ਹੀ ਕਹਿ ਸਕਦਾ ਹਾਂ ਕਿ ਵਾਹਿਗੁਰੂ ਤੁਹਾਨੂੰ ਸੁਮੱਤ ਬਖ਼ਸ਼ੇ।

ਬਰਜਿੰਦਰ ਸਿੰਘ ਜੀ ਜਦੋਂ ਕੋਈ ਵਿਅਕਤੀ ਹੱਦ ਤੋਂ ਜ਼ਿਆਦਾ ਝੂਠ ਬੋਲਣ ਲੱਗ ਪਵੇ ਤਾਂ ਉਸ ਨੂੰ ਇਹ ਯਾਦ ਨਹੀਂ ਰਹਿੰਦਾ ਕਿ ਉਸ ਨੇ ਕਦੋਂ ਤੇ ਕਿੱਥੇ ਕੀ ਝੂਠ ਬੋਲਿਆ ਸੀ। ਮੈਂ ਤੁਹਾਨੂੰ ਯਾਦ ਕਰਵਾਵਾਂ ਅਨੰਦਪੁਰ ਦੇ ਸਰਕਾਰੀ ਟਰਸਟ ਵਿਚ ਹਮਸਫ਼ਰ ਹੋਣ ਕਰ ਕੇ ਤੁਸੀਂ ਜਿਸ ਪ੍ਰੋ: ਮਨਜੀਤ ਸਿੰਘ ਦੇ ਹਮਦਰਦ ਬਣੇ ਹੋ, ਉਸ ਨੂੰ ਤੁਸੀਂ ਬਾਰ-ਬਾਰ ਆਪਣੇ ਲੇਖਾਂ ਰਾਹੀਂ ਗਾਲ੍ਹਾਂ ਕੱਢੀਆਂ, ਜਿਸ ਤਰ੍ਹਾਂ ਤੁਸੀਂ ਅੱਜ ਮੈਨੂੰ ਨਿਵਾਜਿਆ ਹੈ। ਜਿਸ ਦਿਨ ਮੈਂ ਅਵਤਾਰ ਸਿੰਘ ਹਿਤ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ ਵਾਪਸ ਲੈਣ ਲਈ ਉਸ ਨੂੰ ਪੰਥ ਵਿੱਚੋਂ ਛੇਕਿਆ ਸੀ, ਉਸ ਦਿਨ ਵੀ ਤੁਹਾਨੂੰ ਬਹੁਤ ਪੀੜ ਹੋਈ ਸੀ ਅਤੇ ਆਪਣੇ ਲੇਖ ਵਿਚ ਮੈਨੂੰ ਧਮਕੀ ਦੇਂਦਿਆਂ ਤੁਸੀਂ ਲਿਖਿਆ ਸੀ "ਜਥੇਦਾਰ ਰਣਜੀਤ ਸਿੰਘ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਜ਼ਮਾਨਤ 'ਤੇ ਬਾਹਰ ਆਏ ਹਨ।"

ਤੁਹਾਡੀ ਇਹ ਧਮਕੀ ਉਦੋਂ ਸਚਾਈ ਵਿਚ ਬਦਲੀ, ਜਦੋਂ ਦਿੱਲੀ ਹਾਈਕੋਰਟ ਵੱਲੋਂ ਮੇਰੀ ਜ਼ਮਾਨਤ ਰੱਦ ਹੋ ਗਈ। ਗੁਰੂ ਕਿਰਪਾ ਨਾਲ ਮੇਰਾ ਵਾਲ ਵੀ ਵਿੰਗਾ ਨਹੀਂ ਹੋਇਆ, ਸਗੋਂ ਮੈਂ ਹੋਰ ਮਜ਼ਬੂਤ ਹੋਇਆ।

ਅੱਜ ਗੁਰੂ ਕਿਰਪਾ ਨਾਲ ਅਵਤਾਰ ਸਿੰਘ ਹਿਤ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਇਦਾਦ, ਜੋ ਕਿ ਕਈ ਕਰੋੜਾਂ ਵਿਚ ਹੈ, ਹਾਸਿਲ ਕਰਨ ਵਿਚ ਸਫਲ ਹੋਇਆ ਹਾਂ। ਗੁਰੂ ਕਿਰਪਾ ਨਾਲ ਵਿਸ਼ਵ ਸਿੱਖ ਕੌਂਸਲ ਦਾ ਸਰਮਾਇਆ ਪੰਥ ਨੂੰ ਪ੍ਰੋ: ਮਨਜੀਤ ਸਿੰਘ ਤੋਂ ਵਾਪਸ ਦਿਵਾਉਣ ਵਿਚ ਵੀ ਸਫਲ ਹੋਵਾਂਗਾ।

ਅਖ਼ੀਰ ਵਿਚ ਮੈਂ ਤੁਹਾਨੂੰ ਰਾਇ ਦੇਂਦਾ ਹਾਂ ਕਿ ਤੁਸੀਂ ਅਰਥਹੀਣ, ਰੂੜੀਵਾਦੀ ਲੇਖਾਂ ਰਾਹੀਂ ਗਾਲ੍ਹਾਂ ਨਾ ਕੱਢੋ। ਚੰਗੇ ਪੱਤਰਕਾਰ ਨੂੰ ਸੋਭਦਾ ਨਹੀਂ। ਆਪਣੇ ਸਵਰਗਵਾਸੀ ਪਿਤਾ ਜੀ ਦੀ ਆਤਮਾ ਦੀ ਆਵਾਜ਼ ਨੂੰ ਪਛਾਣੋ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

(ਭਾਈ) ਰਣਜੀਤ ਸਿੰਘ ਦੀ ਚਿੱਠੀ 'ਤੇ ਬਰਜਿੰਦਰ ਸਿੰਘ ਨੇ ਇਕਦਮ ਜਵਾਬ ਨਹੀਂ ਦਿੱਤਾ। ਉਸ ਨੇ ਮਨਜੀਤ ਸਿੰਘ ਤੇ ਕੇਵਲ ਸਿੰਘ ਹੀ ਨਹੀਂ, ਸ਼ਾਇਦ ਬਾਦਲ ਨਾਲ ਵੀ ਸਲਾਹ ਕੀਤੀ ਹੋਵੇਗੀ। ਅਖ਼ੀਰ ਦੋ ਦਿਨ ਦੀਆਂ ਵਿਚਾਰਾਂ ਮਗਰੋਂ ਉਸ ਨੇ ਟਾਈਟਲ ਦੇ ਪਹਿਲੇ ਸਫ਼ੇ 'ਤੇ ਲੰਬਾ ਐਡੀਟੋਰੀਅਲ ਲਿਖਿਆ। ਪਹਿਲੇ ਸਫ਼ੇ 'ਤੇ ਐਡੀਟੋਰੀਅਲ ਕਿਸੇ ਕੌਮੀ ਹਾਦਸੇ, ਆਲਮੀ ਧਮਾਕੇ ਜਾਂ ਅਣਹੋਣੀ ਗੱਲ ਬਾਰੇ ਹੀ ਲਿਖਿਆ ਜਾਂਦਾ ਹੈ। ਪਰ ਬਰਜਿੰਦਰ ਸਿੰਘ ਨੇ (ਭਾਈ) ਰਣਜੀਤ ਸਿੰਘ ਨੂੰ 'ਵੰਗਾਰਨ' ਦੀ ਸੋਚ ਨਾਲ, ਵਧੇਰੇ ਕਰ ਕੇ ਨਿਜੀ ਗ਼ੁੱਸੇ ਹੇਠ 29 ਅਗਸਤ 1998 ਦੀ 'ਅਜੀਤ' ਵਿਚ ਇਹ ਐਡੀਟੋਰੀਅਲ ਲਿਖਿਆ :

ਜਥੇਦਾਰ ਰਣਜੀਤ ਸਿੰਘ ਜੀ ਅਤੇ ਸਿੱਖ ਪੰਥ

ਇਕ ਪਾਸੇ ਸਿੱਖ ਪੰਥ ਆਪਣੀ ਸਥਾਪਨਾ ਦੀ ਤੀਜੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਵਿਚ ਹੈ, ਦੂਸਰੇ ਪਾਸੇ ਅਮਰੀਕਾ ਕੈਨੇਡਾ ਅਤੇ ਹੋਰ ਬਹੁਤ ਦੇਸ਼ਾਂ ਵਿਚ ਲੰਗਰ ਸਬੰਧੀ ਉਠੇ ਵਿਵਾਦ ਨੂੰ ਲੈ ਕੇ ਸਿੱਖ ਧੜਿਆਂ ਵਿਚ ਟਕਰਾਅ ਹੋਰ ਵੀ ਤੇਜ਼ ਹੁੰਦਾ ਜਾ ਰਿਹਾ ਹੈ। ਵਿਦੇਸ਼ਾਂ ਵਿਚ ਗੁਰਦੁਆਰਿਆਂ ਵਿਚ ਥਾਂ ਪੁਰ ਥਾਂ ਸਿੱਖਾਂ ਦੀ ਆਪਸੀ ਲੜਾਈਆਂ ਹੋ ਰਹੀਆਂ ਹਨ। ਜੋ ਅਕਸਰ ਖ਼ੂਨੀ ਝੜਪਾਂ ਵਿਚ ਵੱਟ ਜਾਂਦੀਆਂ ਹਨ। ਅਜਿਹੇ ਸਮੇਂ ਪੁਲਿਸ ਗੁਰਦੁਆਰਿਆਂ ਵਿਚ ਦਾਖ਼ਿਲ ਹੋ ਜਾਂਦੀ ਹੈ ਅਤੇ ਕਈ ਵਾਰ ਵੱਡੇ ਗੁਰਦੁਆਰਿਆਂ ਨੂੰ ਤਾਲੇ ਲਾ ਦਿੱਤੇ ਜਾਂਦੇ

ਹਨ। ਸਿੱਖ ਜਗਤ ਅੰਦਰ ਪੈਦਾ ਹੋਏ ਅਜਿਹੇ ਬੇਹੱਦ ਦੁਖਦਾਈ ਟਕਰਾਅ ਲਈ ਅਸੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੂੰ ਸਭ ਤੋਂ ਵੱਧ ਜ਼ਿੰਮੇਵਾਰ ਸਮਝਦੇ ਹਾਂ, ਜਿਨ੍ਹਾਂ ਨੇ ਕੋਈ ਲੰਬੀ ਅਤੇ ਡੂੰਘੀ ਵਿਚਾਰ ਕਰਨ ਬਿਨਾਂ, ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਦੀਆਂ ਸਮੁੱਚੀਆਂ ਧਿਰਾਂ ਦੇ ਵਿਚਾਰ ਜਾਨਣ ਤੋਂ ਬਗ਼ੈਰ ਅਤੇ ਆਪਣੇ ਸਾਥੀ ਸਿੰਘ ਸਾਹਿਬਾਨ ਨੂੰ ਵੀ ਪੂਰੀ ਤਰ੍ਹਾਂ ਵਿਸ਼ਵਾਸ ਵਿਚ ਨਾ ਲੈ ਕੇ ਕਈ ਮਹੱਤਵਪੂਰਨ ਸ਼ਰਧਾਲੂ ਸਿੱਖਾਂ ਨੂੰ ਜਿਸ ਕਦਰ ਸਿੱਖ ਭਾਈਚਾਰੇ 'ਚੋਂ ਖ਼ਾਰਿਜ ਕਰਨ ਦਾ ਐਲਾਨ ਕੀਤਾ, ਉਸ ਤੋਂ ਪੈ ਰਹੇ ਅਸਰਾਂ ਅਤੇ ਨੇੜੇ ਭਵਿੱਖ ਵਿਚ ਸਿੱਖੀ ਦੇ ਹੋਣ ਵਾਲੇ ਨੁਕਸਾਨ ਦੇ ਸਿੱਟੇ ਸ਼ਾਇਦ ਭਾਈ ਰਣਜੀਤ ਸਿੰਘ ਨੂੰ ਤਾਂ ਨਹੀਂ, ਪਰ ਸਮੁੱਚੀ ਸਿੱਖ ਕੌਮ ਨੂੰ ਕਈ ਢੰਗਾਂ ਨਾਲ ਭੁਗਤਣੇ ਪੈਣਗੇ।

ਇਸੇ ਹੀ ਤਰ੍ਹਾਂ ਜੇ ਕਰ ਤਖ਼ਤਾਂ ਦੇ ਤਿੰਨ ਸਿੰਘ ਸਾਹਿਬਾਨ ਵਿਚਕਾਰ ਇਕ ਮੰਦਭਾਗਾ ਵਿਵਾਦ ਛਿੜਿਆ ਹੈ ਤੇ ਜਿਸ ਨਾਲ ਸਮੁੱਚੀ ਕੌਮ ਨੂੰ ਨਿਰਾਸ਼ਾ ਹੋਈ ਹੈ ਤਾਂ ਉਸ ਲਈ ਵੀ ਅਸੀਂ ਬਹੁਤੀ ਜ਼ਿੰਮੇਵਾਰੀ ਭਾਈ ਰਣਜੀਤ ਸਿੰਘ ਦੀ ਹੀ ਸਮਝਦੇ ਹਾਂ। ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਵੀ ਕਿਹਾ ਹੈ ਕਿ ਭਾਈ ਰਣਜੀਤ ਸਿੰਘ ਦੂਸਰੇ ਤਖ਼ਤ ਸਾਹਿਬਨਾਂ ਦੇ ਜਥੇਦਾਰਾਂ ਦੀ ਹੋਂਦ ਅਤੇ ਬਣਦੇ ਸਤਿਕਾਰ ਨੂੰ ਅੱਖੋਂ ਪਰੋਖੇ ਕਰ ਕੇ ਆਪਣੀ ਸਵੈ-ਇੱਛਾ ਨਾਲ ਬਹੁਤ ਹੀ ਨਾਜ਼ੁਕ ਮਸਲਿਆਂ 'ਤੇ ਆਪਣੀ ਮਨਮਰਜ਼ੀ ਦੇ ਫ਼ੈਸਲੇ ਕਰਨ ਦਾ ਰੁਝਾਨ ਰੱਖਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਜਦੋਂ ਸਿੱਖ ਪੰਥ ਆਪਣਾ 300 ਸਾਲਾ ਸਾਜਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਵਿਚ ਜੁਟਿਆ ਹੋਇਆ ਹੈ, ਉਸ ਸਮੇਂ ਕੌਮ ਦੀ ਏਕਤਾ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਮਰਿਆਦਾ ਜਾਂ ਕਿਸੇ ਹੋਰ ਸਵਾਲ 'ਤੇ ਕਿਸੇ ਨੂੰ ਪੰਥ ਵਿੱਚੋਂ ਛੇਕਣ ਵਾਲੀ ਕਾਰਵਾਈ ਦੀ ਕਾਹਲ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਸਾਡੇ ਵਿਚਾਰਾਂ ਨੂੰ ਧੀਰਜ ਨਾਲ ਸੁਣਨ ਅਤੇ ਸਮਝਣ ਦੀ ਥਾਂ ਸਾਡੇ ਪ੍ਰਤੀ ਰੋਹਬ ਅਤੇ ਦਬਾਓ ਵਾਲੀ ਨੀਤੀ ਧਾਰਨ ਕੀਤੀ ਅਤੇ ਉਨ੍ਹਾਂ ਨੂੰ ਇੱਥੋਂ ਤਕ ਅਪਮਾਨਜਨਕ ਭਾਸ਼ਾ ਵਿਚ ਸੰਬੋਧਨ ਕਰ ਕੇ ਕਿਹਾ ਕਿ 'ਜੇ ਤੁਸੀਂ ਨਹੀਂ ਸਹਿਮਤ, ਮੈਂ ਸਭ ਕੁਝ ਆਪੇ ਕਰ ਲਵਾਂਗਾ।'

ਹਰ ਸਿੱਖ ਦੇ ਮਨ ਅੰਦਰ ਅਕਾਲ ਤਖ਼ਤ ਸਾਹਿਬ ਲਈ ਅਥਾਹ ਸ਼ਰਧਾ ਹੈ, ਹਰ ਸਿੱਖ ਇਸ ਮਹਾਨ ਤਖ਼ਤ ਅੱਗੇ ਸਿਰ ਝੁਕਾਉਂਦਾ ਹੈ। ਹਰ ਸਿੱਖ ਦਾ ਇਹ ਫ਼ਰਜ਼ ਹੈ ਕਿ ਉਹ ਇਸ ਦੀ ਆਨ ਅਤੇ ਸ਼ਾਨ ਨੂੰ ਕਾਇਮ ਰੱਖੇ। ਇਸ ਮਹਾਨ ਤਖ਼ਤ ਦੇ ਜਥੇਦਾਰ ਦਾ ਏਡਾ ਉਚਾ ਤੇ ਸੁੱਚਾ ਰੁਤਬਾ ਪ੍ਰਾਪਤ ਕਰ ਕੇ ਭਾਈ ਰਣਜੀਤ ਸਿੰਘ ਸ਼ਾਇਦ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਗਏ ਹਨ। ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਵਿਸਰ ਗਿਆ ਜਾਪਦਾ ਹੈ ਕਿ ਸੰਸਥਾਵਾਂ ਵਿਅਕਤੀਆਂ ਤੋਂ ਵਡੇਰੀਆਂ ਹੁੰਦੀਆਂ ਹਨ। ਅਜਿਹੇ ਰੁਤਬੇ 'ਤੇ ਪੁੱਜ ਕੇ ਜਿਹੜਾ ਵਿਅਕਤੀ ਲਗਾਤਾਰ ਅਜਿਹੇ ਫ਼ੈਸਲੇ ਲੈਂਦਾ ਹੈ, ਜੋ ਨਾ ਸਿਰਫ਼ ਵੱਡੇ ਵਿਵਾਦਾਂ ਨੂੰ ਜਨਮ ਦੇਣ ਵਾਲੇ ਹੋਣ, ਸਗੋਂ ਭਰਾ-ਮਾਰੂ ਜੰਗ ਛੇੜਨ ਦੀ ਵੀ ਸੰਭਾਵਨਾ ਰਖਦੇ ਹੋਣ ਤਾਂ ਨਿਸ਼ਚੇ ਹੀ ਅਜਿਹਾ ਵਿਅਕਤੀ ਸਹੀ ਢੰਗ-ਤਰੀਕੇ ਨਾਲ ਆਪਣੇ ਅਹੁਦੇ ਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ ਹੁੰਦਾ। ਸਗੋਂ ਉਹ ਮਹਾਨ ਸੰਸਥਾ ਦੀ ਸ਼ਾਨ ਨੂੰ ਵੀ ਘਟਾਉਣ ਦਾ ਭਾਗੀ ਬਣਦਾ ਹੈ। ਜੇ ਕਰ ਕੈਨੇਡਾ ਅਤੇ ਅਮਰੀਕਾ ਦੀਆਂ ਦਰਜਨਾਂ ਹੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਿਨ੍ਹਾਂ ਅਧੀਨ ਲਗਭਗ ਸਾਰੇ ਹੀ ਮਹੱਤਵਪੂਰਨ ਗੁਰਦੁਆਰੇ ਆ ਜਾਂਦੇ ਹਨ, ਅੱਜ ਭਾਈ ਰਣਜੀਤ ਸਿੰਘ ਦੇ ਕੀਤੇ ਫ਼ੈਸਲੇ ਨੂੰ ਮੰਨਣ ਤੋਂ ਇਨਕਾਰੀ ਹਨ, ਜੇ ਕਰ ਉੱਥੇ ਭਾਈਚਾਰੇ ਵਿਚ ਇਕ ਵੱਡਾ ਟਕਰਾਅ ਪੈਦਾ ਹੋਇਆ ਹੈ, ਜੇ ਕਰ ਇਹ ਸਮੂਹ ਜਥੇਬੰਦੀਆਂ ਲਿਖਤੀ ਪੱਤਰਾਂ ਵਿਚ ਇਸ ਸਭ ਕੁਝ ਲਈ ਭਾਈ ਰਣਜੀਤ ਸਿੰਘ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਹਨ ਅਤੇ ਇਹ ਲਿਖਦੀਆਂ ਹਨ ਕਿ ਭਾਈ ਸਾਹਿਬ ਨੇ ਬਹੁਤ ਹੀ ਗ਼ੈਰ-ਜ਼ਿੰਮੇਵਾਰੀ ਵਾਲਾ ਰੋਲ ਨਿਭਾਇਆ ਹੈ ਅਤੇ ਇਸ ਬਿਨਾਅ 'ਤੇ ਜਥੇਦਾਰ ਸਾਹਿਬ ਤੋਂ ਅਸਤੀਫ਼ੇ ਦੀ ਮੰਗ ਕਰਦੀਆਂ ਹਨ ਤਾਂ ਇਸ ਤੋਂ ਕੀ ਨਤੀਜਾ ਨਿਕਲਦਾ ਹੈ, ਇਸ ਨੂੰ ਸਾਰੇ ਸਮਝ ਸਕਦੇ ਹਨ। ਇਹ ਸਾਰੀਆਂ ਗੁਰਦੁਆਰਾ ਸੁਸਾਇਟੀਆਂ

ਪਹਿਲਾਂ ਹਮੇਸ਼ਾ ਹੀ ਅਕਾਲ ਤਖ਼ਤ ਸਾਹਿਬ ਨੂੰ ਸਰਬ-ਉੱਚ ਮੰਨ ਕੇ ਇਸ ਅੱਗੇ ਆਪਣਾ ਸੀਸ ਝੁਕਾਉਂਦੀਆਂ ਰਹੀਆਂ ਹਨ। ਹੁਣ ਪੈਦਾ ਕੀਤੇ ਗਏ ਅਜਿਹੇ ਵਿਵਾਦ ਲਈ ਕੌਣ ਜ਼ਿੰਮੇਵਾਰ ਹੈ ? ਅਤੇ ਸਾਡੇ ਜਥੇਦਾਰ, ਸੰਪਾਦਕ 'ਅਜੀਤ' ਨੂੰ ਲਿਖੇ ਖੁੱਲ੍ਹੇ ਪੱਤਰ ਵਿਚ, ਇਹ ਆਖਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਵੱਲੋਂ ਕੀਤੇ ਕਿਸੇ ਫ਼ੈਸਲੇ ਦੀ ਮਿਸਾਲ ਦਿੱਤੀ ਜਾਵੇ, ਜੋ ਸਿੱਖ ਹਿਤਾਂ ਦੇ ਉਲਟ ਹੋਵੇ। ਇਸ ਸਬੰਧੀ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਦੇ ਨਾਤੇ ਹੁਣ ਤਕ ਜੋ ਫ਼ੈਸਲੇ ਕੀਤੇ ਹਨ ਅਤੇ ਜਿਸ ਢੰਗ ਨਾਲ ਕੀਤੇ ਹਨ, ਉਨ੍ਹਾਂ 'ਚੋਂ ਬਹੁਤਿਆਂ ਨਾਲ ਨਾ ਸਿਰਫ਼ ਵਿਵਾਦ ਹੀ ਵਧੇ ਹਨ, ਸਗੋਂ ਸਿੱਖ ਭਾਈਚਾਰੇ ਵਿਚ ਵੀ ਉਨ੍ਹਾਂ ਦਾ ਵੱਡਾ ਨਾਂਹ-ਪੱਖੀ ਅਸਰ ਹੋਇਆ ਹੈ।

ਅਸੀਂ ਭਾਈ ਰਣਜੀਤ ਸਿੰਘ ਵੱਲੋਂ 'ਅਜੀਤ' ਦੇ ਸੰਪਾਦਕ ਉਪਰ ਲਗਾਏ ਦੋਸ਼ਾਂ ਅਤੇ ਖੁੱਲ੍ਹੀ ਚਿੱਠੀ ਵਿਚ ਵਰਤੀ ਗਈ ਸ਼ਬਦਾਵਲੀ ਦਾ ਬਹੁਤਾ ਨੋਟਿਸ ਨਹੀਂ ਲੈਣਾ ਚਾਹੁੰਦੇ ਸਾਂ, ਪਰ ਕਿਉਂਕਿ ਅਜਿਹਾ ਕੁਝ ਇਕ ਵੱਡੇ ਰੁਤਬੇ 'ਤੇ ਬੈਠੇ ਵਿਅਕਤੀ ਵੱਲੋਂ ਕੀਤਾ ਗਿਆ ਹੈ, ਇਸ ਲਈ ਉਸ ਦਾ ਨੋਟਿਸ ਲੈਣਾ ਜ਼ਰੂਰੀ ਬਣ ਜਾਂਦਾ ਹੈ। ਆਪਣੇ ਵੱਲੋਂ ਗੁਰੂ ਦੇ ਸਿੱਖਾਂ ਨਾਲ ਬੋਲੀ ਜਾਂਦੀ ਮੰਦੀ ਅਤੇ ਅਸੱਭਿਆ ਭਾਸ਼ਾ ਬਾਰੇ ਭਾਈ ਸਾਹਿਬ ਦਾ ਜੁਆਬ ਹੈ ਕਿ ਸੰਗਤ ਇਸੇ ਕਰ ਕੇ ਉਨ੍ਹਾਂ ਦਾ ਸਤਿਕਾਰ ਕਰਦੀ ਹੈ। ਉਹ ਇਸ ਸਬੰਧੀ ਹੋਰ ਆਪਣਾ ਪੱਖ ਬਿਆਨ ਕਰਦੇ ਹੋਏ ਆਖਦੇ ਹਨ ਕਿ "ਜੋ ਗਾਲ੍ਹਾਂ ਦੇ ਲਾਇਕ ਹੈ, ਉਸ ਨੂੰ ਸਲੋਕ ਨਹੀਂ ਸੁਣਾਏ ਜਾਂਦੇ, ਮੂੰਹ ਦੇਖ ਕੇ ਥੱਪੜ ਮਾਰਿਆ ਜਾਂਦਾ ਹੈ ਅਤੇ ਉਹ ਇਹ ਜਾਣਦੇ ਹਨ ਕਿ ਪਸ਼ੂਆਂ ਨਾਲ ਕਿਵੇਂ ਵਰਤਿਆ ਜਾਂਦਾ ਹੈ।" ਇਕ ਮਹਾਨ ਤਖ਼ਤ ਦੇ ਜਥੇਦਾਰ ਵੱਲੋਂ ਅਜਿਹਾ ਕੁਝ ਸੁਣ ਕੇ ਅਤੇ ਸਿੱਖਾਂ ਪ੍ਰਤੀ ਅਜਿਹੇ ਵਿਚਾਰ ਜਾਣ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਜਥੇਦਾਰ ਰਣਜੀਤ ਸਿੰਘ ਲਗਾਤਾਰ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਕਾਇਮ ਰੱਖਣ ਦੀ ਗੱਲ ਕਰਦੇ ਰਹੇ ਹਨ। ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਕਾਇਮ ਰੱਖਣਾ ਹਰ ਸਿੱਖ ਦਾ ਫ਼ਰਜ ਹੈ ਅਤੇ ਅਜਿਹਾ ਕੁਝ ਹੀ ਹਰ ਸਿੱਖ ਅੱਜ ਚਾਹੁੰਦਾ ਹੈ। ਇਸ ਲਈ ਕੁਰਬਾਨੀ ਕੀਤੀ ਜਾਏ, ਨਿਮਰਤਾ ਅਤੇ ਬਹਾਦਰੀ ਨਾਲ ਖੜ੍ਹਾ ਹੋਇਆ ਜਾਵੇ, ਇਸ ਗੱਲ ਦੀ ਸਮਝ ਤਾਂ ਆਉਂਦੀ ਹੈ, ਪਰ ਜੇ ਕਰ ਜਥੇਦਾਰ ਸਾਹਿਬ ਇਹ ਆਖਦੇ ਹਨ ਕਿ ਉਹ ਇਸ ਲਈ ਸਿਰ ਦੇ ਵੀ ਸਕਦੇ ਹਨ, ਦੋਖੀਆਂ ਦਾ ਗਲਾ ਕੱਟ ਵੀ ਸਕਦੇ ਹਨ ਤਾਂ ਅਜਿਹੀ ਸ਼ਬਦਾਵਲੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਕਦਾਚਿਤ ਉਮੀਦ ਨਹੀਂ ਕੀਤੀ ਜਾਂਦੀ।

ਜਥੇਦਾਰ ਸਾਹਿਬ ਸੰਪਾਦਕ 'ਅਜੀਤ' 'ਤੇ ਇਕ ਧਿਰ ਬਣਨ ਦਾ ਦੋਸ਼ ਲਾਉਂਦੇ ਹਨ ਅਤੇ ਨਾਲ ਹੀ ਇਹ ਵੀ ਆਖਦੇ ਹਨ ਕਿ ਉਨ੍ਹਾਂ ਸਮੇਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਨੂੰ ਵਾਰ ਵਾਰ ਆਪਣੇ ਲੇਖਾਂ ਰਾਹੀਂ ਗਾਲ੍ਹਾਂ ਕਢੀਆਂ ਸਨ। 'ਅਜੀਤ' ਨੇ ਹਮੇਸ਼ਾ ਆਪਣੇ ਸਿਧਾਂਤਾਂ 'ਤੇ ਖੜ੍ਹੇ ਹੋਣ ਅਤੇ ਉਨ੍ਹਾਂ 'ਤੇ ਪਹਿਰਾ ਦੇਣ ਦੀ ਗੱਲ ਕੀਤੀ ਹੈ। ਦਲੀਲ ਦੇ ਆਧਾਰ 'ਤੇ ਪਿਛਲੇ ਸਮੇਂ ਵਿਚ ਸੰਪਾਦਕ ਦਾ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨਾਲ ਤਕਰਾਰ ਹੋਇਆ ਹੋ ਸਕਦਾ ਹੈ, ਪਰ ਅਸੀਂ ਕਦੀ ਵੀ ਸਿੰਘ ਸਾਹਿਬ ਪ੍ਰਤੀ ਗਾਲ੍ਹਾਂ ਦੀ ਵਰਤੋਂ ਨਹੀਂ ਕੀਤੀ, ਜਿਸ ਦਾ ਦੋਸ਼ ਜਥੇਦਾਰ ਭਾਈ ਰਣਜੀਤ ਸਿੰਘ ਲਾਉਂਦੇ ਹਨ। ਗਾਲ੍ਹਾਂ ਕੱਢਣੀਆਂ, ਧਮਕੀਆਂ ਦੇਣੀਆਂ ਅਤੇ ਦੂਸਰਿਆਂ ਨੂੰ ਪਸ਼ੂ ਸਮਝਣਾ ਇਹ ਕਿਸੇ ਹੋਰ ਦਾ ਸੁਭਾਅ ਤਾਂ ਹੋ ਸਕਦਾ ਹੈ, ਪਰ ਅਜਿਹੀ 'ਅਜੀਤ' ਦੀ ਪਰੰਪਰਾ ਨਹੀਂ ਹੋ ਸਕਦੀ। ਜਿੱਥੋਂ ਤਕ 'ਅਜੀਤ' ਦੇ ਸੰਪਾਦਕ ਦੇ ਰਾਜ ਸਭਾ ਦੀ ਮੈਂਬਰੀ ਹਾਸਿਲ ਕਰਨ ਦਾ ਸਬੰਧ ਹੈ, ਇਸ ਬਾਰੇ ਅਸੀਂ ਇਕ ਵਾਰ ਫਿਰ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਕਦੀ ਵੀ ਕਿਸੇ ਅਹੁਦੇ ਦੀ ਮੰਗ ਨਹੀਂ ਕੀਤੀ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਥ ਅਤੇ ਪੰਜਾਬ ਲਈ 'ਅਜੀਤ' ਦੀਆਂ ਲੰਬੇ ਸਮੇਂ ਦੀਆਂ ਸੇਵਾਵਾਂ ਨੂੰ ਮੁਖ ਰਖਦਿਆਂ ਸਾਨੂੰ ਵਾਰ ਵਾਰ ਪ੍ਰੇਰਿਆ ਗਿਆ ਅਤੇ ਪੂਰੇ ਜ਼ੋਰ ਨਾਲ ਸਾਨੂੰ ਮਨਾਇਆ ਗਿਆ।

ਜਿੱਥੋਂ ਤਕ ਅਨੰਦਪੁਰ ਸਾਹਿਬ ਦੇ ਟਰਸਟ ਦੀ ਚੇਅਰਮੈਨੀ ਹਾਸਿਲ ਕਰਨ ਦਾ ਸਵਾਲ

ਹੈ, ਇਹ ਜ਼ਿੰਮੇਵਾਰੀ ਵੀ ਸਾਨੂੰ ਬਹੁਤ ਜ਼ੋਰ ਪਾ ਕੇ ਸੌਂਪੀ ਗਈ। ਬੜੀ ਲੰਬੀ ਅਤੇ ਵੱਡੀ ਹਿਚਕਚਾਹਟ ਤੋਂ ਬਾਅਦ ਕਬੂਲ ਕੀਤੇ ਇਨ੍ਹਾਂ ਅਹੁਦਿਆਂ ਰਾਹੀਂ ਜੇ ਕਰ ਅਸੀਂ ਥੋੜ੍ਹੀ ਬਹੁਤ ਆਪਣੀ ਕੌਮ ਦੀ ਸੇਵਾ ਕਰਨ ਦੇ ਸਮਰੱਥ ਹੋ ਸਕੇ ਹਾਂ ਤਾਂ ਸਾਨੂੰ ਇਸ ਨਾਲ ਸੰਤੁਸ਼ਟੀ ਅਤੇ ਖ਼ੁਸ਼ੀ ਹੋਵੇਗੀ। ਅਸੀਂ ਭਾਈ ਰਣਜੀਤ ਸਿੰਘ ਨੂੰ ਇਹ ਜ਼ਰੂਰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਇਹ ਸੇਵਾਵਾਂ ਆਪਣੀ ਸਮਰੱਥਾ ਅਨੁਸਾਰ ਤਿਲ-ਫੁੱਲ ਅਰਪਣ ਕਰ ਸਕਣ ਦੀ ਭਾਵਨਾ ਨਾਲ ਸਵੀਕਾਰ ਕੀਤੀਆਂ ਹਨ। ਇਹ ਅਸੀਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਨਾਂ 'ਤੇ 'ਫ਼ੋਰਡ' ਕਾਰਾਂ ਅਤੇ ਹੋਰ 'ਬਹੁਤ ਕੁਝ' ਪ੍ਰਾਪਤ ਕਰਨ ਦੀ ਨੀਅਤ ਨਾਲ ਨਹੀਂ ਲਈਆਂ। ਸਾਡੀ ਇਹ ਅਰਦਾਸ ਹੈ ਕਿ ਭਵਿੱਖ ਵਿਚ ਵੀ ਸਾਡੀ ਭਾਵਨਾ ਅਤੇ ਨੀਅਤ ਅਜਿਹੀ ਹੀ ਬਣੀ ਰਹੇ। ਭਾਈ ਰਣਜੀਤ ਸਿੰਘ ਨੇ 'ਅਜੀਤ' ਨੂੰ ਪੰਥ ਅਤੇ ਪੰਜਾਬ ਵਿਰੋਧੀ ਅਖ਼ਬਾਰ ਦੱਸਿਆ ਅਤੇ ਕਿਹਾ ਹੈ ਕਿ ਉਹ ਪੈਸੇ ਦੇ ਲਾਲਚ-ਵੱਸ ਆਪਣੀਆਂ ਨੀਤੀਆਂ ਬਣਾਉਂਦਾ ਹੈ। 'ਅਜੀਤ' ਦੀ ਨੀਤੀ ਅਤੇ ਇਸ ਦੇ ਹੁਣ ਤਕ ਦੇ ਅਮਲ ਸਾਰੇ ਸਮਾਜ ਦੇ ਸਾਹਮਣੇ ਖੁੱਲ੍ਹੀ ਕਿਤਾਬ ਵਾਂਗ ਹਨ।

ਸਾਨੂੰ ਖ਼ੁਸ਼ੀ ਹੈ ਕਿ ਪੰਜਾਬ ਦੀ ਜਨਤਾ ਨੇ 'ਅਜੀਤ' ਵੱਲੋਂ ਦਹਾਕਿਆਂ ਤੋਂ ਕਮਾਏ ਵਿਸ਼ਵਾਸ ਕਰ ਕੇ ਨਾ ਸਿਰਫ਼ ਹਰ ਮਰਹਲੇ 'ਤੇ ਇਸ ਦਾ ਭਰਵਾਂ ਸਾਥ ਦਿੱਤਾ ਹੈ, ਸਗੋਂ ਉਹ 'ਅਜੀਤ' ਨੂੰ ਪੰਜਾਬ ਦੀ ਆਵਾਜ਼ ਸਮਝਦੇ ਹੋਏ ਹਰ ਔਖੇ ਵੇਲੇ ਚੱਟਾਨ ਦੀ ਤਰ੍ਹਾਂ ਇਸ ਨਾਲ ਆਣ ਖੜ੍ਹੇ ਹੋਏ ਹਨ। ਇਸ ਨੂੰ ਇੰਨਾ ਵੱਡਾ ਹੁੰਗਾਰਾ ਅਤੇ ਪਿਆਰ ਮਿਲਣ ਦਾ ਕਾਰਨ 'ਅਜੀਤ' ਵੱਲੋਂ ਕੀਤੀ ਗਈ ਲੋਕ ਭਾਵਨਾਵਾਂ ਦੀ ਤਰਜਮਾਨੀ ਤੇ ਨਿਰੰਤਰ ਆਪਣੇ ਲੋਕਾਂ ਦੀ ਸੇਵਾ ਹੀ ਕਿਹਾ ਜਾ ਸਕਦਾ ਹੈ। ਅਸੀਂ ਬੜੀ ਨਿਮਰਤਾ ਨਾਲ ਸਿੰਘ ਸਾਹਿਬ ਨੂੰ ਇਹ ਬੇਨਤੀ ਕਰਾਂਗੇ ਕਿ 'ਅਜੀਤ' ਦੇ ਪੰਥ-ਪ੍ਰਸਤ ਜਾਂ ਪੰਜਾਬ-ਪ੍ਰਸਤ ਹੋਣ ਸਬੰਧੀ ਸਾਨੂੰ ਕਿਸੇ ਸਰਟੀਫ਼ਿਕੇਟ ਲੈਣ ਦੀ ਜ਼ਰੂਰਤ ਨਹੀਂ ਹੈ।

ਭਾਈ ਰਣਜੀਤ ਸਿੰਘ ਨੇ ਕਈ ਵਾਰ ਇਹ ਧਮਕੀ ਦਿੱਤੀ ਹੈ ਕਿ ਵਕਤ ਆਉਣ 'ਤੇ ਉਹ 'ਅਜੀਤ' ਬਾਰੇ ਕਾਰਵਾਈ ਜ਼ਰੂਰ ਕਰਨਗੇ। ਇਸ ਸਬੰਧੀ ਅਸੀਂ ਉਨ੍ਹਾਂ ਨੂੰ ਇਹ ਜ਼ਰੂਰ ਦੱਸ ਦੇਣਾ ਚਾਹੁੰਦੇ ਹਾਂ ਕਿ 'ਅਜੀਤ' ਨੇ ਹਮੇਸ਼ਾ ਆਪਣੇ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਸਚਾਈ 'ਤੇ ਖੜ੍ਹੇ ਹੋਣ ਦਾ ਯਤਨ ਕੀਤਾ ਹੈ। ਉਸ ਨੇ ਕਦੇ ਵੀ ਕਿਸੇ ਤਰ੍ਹਾਂ ਦੀਆਂ ਧਮਕੀਆਂ ਅਤੇ ਉਨ੍ਹਾਂ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਪ੍ਰਵਾਹ ਨਹੀਂ ਕੀਤੀ। ਅਜਿਹਾ ਹੀ ਹੁਣ ਤਕ ਦਾ ਇਸ ਦਾ ਇਤਿਹਾਸ ਰਿਹਾ ਹੈ। ਹੁਣ ਵੀ ਅਸੀਂ ਇਹ ਦਾਅਵਾ ਅਤੇ ਵਾਅਦਾ ਜ਼ਰੂਰ ਕਰਨਾ ਚਾਹਾਂਗੇ ਕਿ 'ਅਜੀਤ' ਭਵਿੱਖ ਵਿਚ ਵੀ ਉਨ੍ਹਾਂ ਨੀਤੀਆਂ ਅਤੇ ਐਲਾਨਾਂ ਦਾ ਡੱਟ ਕੇ ਵਿਰੋਧ ਕਰੇਗਾ, ਜਿਨ੍ਹਾਂ ਦਾ ਕੌਮ ਲਈ ਅਤੇ ਸਮਾਜ ਲਈ ਨੁਕਸਾਨਦੇਹ ਹੋਣ ਦਾ ਖ਼ਦਸ਼ਾ ਹੋਵੇਗਾ। ਇਹੀ ਸਾਡੀ ਆਪਣੇ ਸਮਾਜ ਨਾਲ ਪ੍ਰਤੀਬੱਧਤਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੀ ਇਹੀ ਪ੍ਰਤੀਬਧਤਾ ਬਣੀ ਰਹੇ, ਇਹੀ ਸਾਡੀ ਸਭ ਤੋਂ ਵੱਡੀ ਇੱਛਾ ਹੋਵੇਗੀ।

ਬਰਜਿੰਦਰ ਸਿੰਘ ਹਮਦਰਦ

29 ਅਗਸਤ ਦੇ ਬਰਜਿੰਦਰ ਸਿੰਘ ਦੇ ਲੰਬੇ ਐਡੀਟੋਰੀਅਲ ਮਗਰੋਂ (ਭਾਈ) ਰਣਜੀਤ ਸਿੰਘ ਨੇ ਇਕਦਮ ਜਵਾਬੇ-ਅਮਲ (reaction) ਦੇਣਾ ਚਾਹਿਆ, ਪਰ ਇਕ-ਦੋ ਸਿਆਣਿਆਂ ਦੀ ਮਤ ਕਾਰਨ ਉਹ ਰੁਕ ਗਿਆ। ਅਖ਼ੀਰ ਇਕ ਹਫ਼ਤੇ ਮਗਰੋਂ ਉਸ ਨੇ ਇਕ ਡਿਪਲੋਮੇਟਿਕ ਜਿਹਾ ਬਿਆਨ ਦੇ ਕੇ ਬਰਜਿੰਦਰ ਸਿੰਘ ਨਾਲ ਟਕਰਾਅ ਦਾ, ਵਕਤੀ ਤੌਰ 'ਤੇ, ਡਰਾਪ ਸੀਨ ਲੈ ਆਂਦਾ ਅਤੇ ਕਿਸੇ 'ਮੁਨਸਿਬ' ਮੌਕੇ ਦੀ ਉਡੀਕ ਕਰਨ ਲੱਗ ਪਿਆ। 4 ਸਿਤੰਬਰ 1998 ਦਾ (ਭਾਈ) ਰਣਜੀਤ ਸਿੰਘ ਦਾ ਬਿਆਨ ਇੰਞ ਸੀ:

4 ਸਿਤੰਬਰ 1998

ਪਿਛਲੇ ਕੁਝ ਸਮੇਂ ਤੋਂ ਰੋਜ਼ਾਨਾ 'ਅਜੀਤ' ਦੇ ਸੰਪਾਦਕ ਕਾਮਰੇਡ ਬਰਜਿੰਦਰ ਸਿੰਘ ਹਮਦਰਦ ਵੱਲੋਂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਸਿੱਖ ਪੰਥ ਦੇ ਸਰਵੋਤਮ

ਪਾਵਨ ਅਸਥਾਨ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਜਥੇਦਾਰ ਵਿਰੁੱਧ ਇਕ ਸੋਚੀ ਸਮਝੀ ਤੇ ਡੂੰਘੀ ਸਾਜ਼ਿਸ਼ ਅਧੀਨ, ਕੂੜ ਕੁਫ਼ਰ ਦਾ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਸੰਗਤਾਂ ਨੂੰ ਗੁੰਮਰਾਹ ਕਰਨ ਲਈ ਕਈ ਭੁਲੇਖੇ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਅਖੌਤੀ 'ਪੰਜਾਬ ਦੀ ਆਵਾਜ਼' ਦਾ ਦਾਅਵਾ ਕਰਨ ਵਾਲੇ ਅਖ਼ਬਾਰ ਦੇ ਇਹ ਸੰਪਾਦਕ ਕਾਮਰੇਡ ਬਰਜਿੰਦਰ ਸਿੰਘ "ਅੰਧੇ ਦਾ ਨਾਓ ਪਾਰਖੂ, ਮੂਰਖਿ ਪੰਡਤੁ ਨਾਉ॥" ਦੇ ਮਹਾਂਵਾਕ ਅਨੁਸਾਰ ਆਪਣੇ ਆਪ ਨੂੰ ਉੱਚਕੋਟੀ ਦੇ ਵਿਦਵਾਨ ਹੋਣ ਦੇ ਭਰਮ ਵਿਚ ਇਕ ਧਿਰ ਬਣ ਕੇ ਆਪਣੇ ਪਾਠਕਾਂ ਨੂੰ ਗੁੰਮਰਾਹ ਕਰ ਰਿਹਾ ਹੈ।

ਰੋਜ਼ਾਨਾ 'ਅਜੀਤ' ਨੇ ਜਿੱਥੇ ਪਾਵਨ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਦੀ ਪਦਵੀ ਵਿਰੁੱਧ ਕੂੜ ਅਤੇ ਕੁਫ਼ਰ ਦਾ ਕੋਝਾ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ, ਉੱਥੇ ਸੰਗਤਾਂ ਵਿਚ ਭੁਲੇਖੇ ਪਾਉਣ ਲਈ ਮੇਰੇ ਬਿਆਨ ਤੋੜ-ਮਰੋੜ ਕੇ ਛਾਪੇ ਹਨ। ਮਿਸਾਲ ਵਜੋਂ 30 ਅਗਸਤ (1998) ਦੇ 'ਅਜੀਤ' ਵਿਚ ਮੇਰੇ ਬਿਆਨ ਨੂੰ ਸਿੱਖਾਂ ਅਤੇ ਈਸਾਈ ਭਾਈਚਾਰੇ, ਜੋ ਬੜੀ ਸਦਭਾਵਨਾ ਨਾਲ ਰਹਿ ਰਹੇ ਹਨ, ਵਿਚ ਫੁੱਟ ਪਾਉਣ ਲਈ ਤੋੜ-ਮਰੋੜ ਕੇ ਛਾਪਿਆ ਗਿਆ ਹੈ।

ਮੈਂ ਸਮੂਹ ਪੰਜਾਬੀਆਂ (ਹਿੰਦੂ-ਸਿੱਖ-ਮੁਸਲਮਾਨ-ਈਸਾਈ) ਭਾਈਚਾਰੇ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੀ ਸਦੀਆਂ ਪੁਰਾਣੀ ਏਕਤਾ ਅਤੇ ਪਿਆਰ ਬਣਾਈ ਰੱਖਣ ਅਤੇ 'ਅਜੀਤ' ਅਖ਼ਬਾਰ ਵਿਚ ਮੇਰੇ ਸਬੰਧੀ ਛਪੀ ਕਿਸੇ ਵੀ ਖ਼ਬਰ 'ਤੇ ਵਿਸ਼ਵਾਸ ਨਾ ਕਰਨ, ਕਿਉਂਕਿ ਕਾਮਰੇਡ ਬਰਜਿੰਦਰ ਸਿੰਘ ਪਿਛਲੇ ਡੇਢ ਸਾਲ ਤੋਂ ਮੇਰਾ ਅਕਸ ਵਿਗਾੜਨ ਲਈ ਨੀਵੀਂ ਪੱਧਰ 'ਤੇ ਉਤਰ ਆਇਆ ਹੈ। ਮੈਂ 'ਅਜੀਤ' ਅਖ਼ਬਾਰ ਵਿਚ ਆਪਣੇ ਸਬੰਧੀ ਛਪੀ ਕਿਸੇ ਵੀ ਖ਼ਬਰ ਦੀ ਜੁਆਬਦੇਹ ਨਹੀਂ ਹੋਵਾਂਗਾ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਬਰਜਿੰਦਰ ਨਾਲ ਦੋ-ਹੱਥ ਕਰਨ ਦਾ ਮੌਕਾ ਰਣਜੀਤ ਸਿੰਘ ਕੋਲ ਦਿਸੰਬਰ 1998 ਵਿਚ ਆ ਹੀ ਗਿਆ। ਅਕਤੂਬਰ 1998 ਦੇ ਅਖ਼ੀਰ ਵਿਚ ਬੰਬਈ (ਮੁੰਬਈ) ਦੇ ਇਕ ਹਰਿੰਦਰ ਸਿੰਘ ਨੇ 'ਵੈਨਿਟੀ ਇਨਾਕਾਰਨੇਟ' (ਅਡੰਬਰੀ ਅਵਤਾਰ) ਨਾਂ ਦੀ 104 ਸਫ਼ੇ ਦੀ ਕਿਤਾਬ ਛਾਪੀ। ਇਸ ਕਿਤਾਬ ਵਿਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਹੀ ਨਹੀਂ, ਬਲਕਿ ਗੁਰੂ ਸਾਹਿਬ ਬਾਰੇ ਵੀ ਬੇਹਦ ਘਟੀਆ ਗੱਲਾਂ ਲਿਖੀਆਂ ਹੋਈਆਂ ਸਨ। ਇਸ ਵਿਚ ਸਾਰੇ ਸਿੱਖ ਇਤਿਹਾਸ ਨੂੰ ਇਕ ਅਫ਼ਸਾਨਾ (ਨਾਵਲ, ਮਨਘੜਤ ਕਹਾਣੀਆਂ) ਦਸਣ ਦੀ ਕੋਸ਼ਿਸ਼ ਕੀਤੀ ਹੋਈ ਸੀ। ਮਾਤਾ ਗੁਜਰੀ ਦੇ ਇਖ਼ਲਾਕ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਦੇ 'ਜਨਮ' ਬਾਰੇ ਇਸ ਵਿਚ ਐਨੀਆਂ ਘਟੀਆਂ ਗੱਲਾਂ ਲਿਖੀਆਂ ਹੋਈਆਂ ਸਨ ਕਿ ਇਕ ਸਿੱਖ ਇਨ੍ਹਾਂ ਨੂੰ ਪੜ੍ਹ ਵੀ ਨਹੀਂ ਸਕਦਾ ('ਚਰਿਤਰੋਪਾਖਯਾਨ', ਜਿਸ ਨੂੰ ਕੁਝ ਸਿੱਖਾਂ ਤੋਂ ਅਣਜਾਣ ਲੋਕ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖੀ ਕਹਿਣ ਦਾ ਗੁਨਾਹ ਕਰਦੇ ਹਨ, ਤੋਂ ਵੀ ਇਹ ਵਧੇਰੇ ਫ਼ੁਹਸ਼, ਅਸ਼ਲੀਲ ਤੇ ਘਟੀਆ ਲਿਖਤ ਸੀ)। ਇਸ ਦੇ ਲੇਖਕ ਹਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਇਸ ਦਾ ਪਿਛੋਕੜ ਇਹ ਸੀ ਕਿ ਲੇਖਕ ਹਰਿੰਦਰ ਸਿੰਘ ਚਾਹੁੰਦਾ ਸੀ ਕਿ ਉਹ ਸਲਮਾਨ ਰਸ਼ਦੀ (ਜਿਸ ਨੇ ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਬਾਰੇ ਕੁਫ਼ਰ ਲਿਖਿਆ ਸੀ) ਵਾਂਗ ਇਕ-ਦਮ ਮਸ਼ਹੂਰ ਹੋ ਜਾਵੇ। ਕਿਉਂਕਿ ਇਹ ਕਿਤਾਬ ਖ਼ਾਲਸਾ ਪ੍ਰਗਟ ਕਰਨ ਦੀ ਤੀਜੀ ਸ਼ਤਾਬਦੀ ਦੇ ਸਮਾਗਮ ਦੌਰਾਨ ਆਈ ਸੀ, ਇਸ ਕਰ ਕੇ ਸਿੱਖਾਂ ਨੂੰ ਇਸ 'ਤੇ ਬੜਾ ਰੋਹ ਆਇਆ। 'ਅਜੀਤ' ਅਖ਼ਬਾਰ ਦੇ ਇਕ ਨਾਮਾਨਿਗਾਰ

ਮੇਜਰ ਸਿੰਘ ਨੇ ਇਸ ਕਿਤਾਬ 'ਚੋਂ ਕੁਝ ਟੂਕਾਂ ਲੈ ਕੇ 29 ਦਿਸੰਬਰ 1998 ਦੇ ਪਰਚੇ ਵਿਚ ਇਕ ਰਿਪੋਰਟ ਛਾਪ ਦਿੱਤੀ। ਮੇਜਰ ਸਿੰਘ ਦਾ ਰੋਲ ਕਦਾਚਿਤ ਗ਼ਲਤ ਨਹੀਂ ਸੀ। ਉਹ ਤਾਂ ਸਗੋਂ ਸਿੱਖਾਂ ਨੂੰ ਹਰਿੰਦਰ ਸਿੰਹ ਬਾਰੇ ਵਾਰਨਿੰਗ ਦੇਣਾ ਚਾਹੁੰਦਾ ਸੀ। (ਭਾਈ) ਰਣਜੀਤ ਸਿੰਘ ਨੇ ਇਸ ਮੌਕੇ ਨੂੰ 'ਇਲਾਹੀ-ਦੇਣ' ਸਮਝਿਆ ਅਤੇ ਆਪਣੇ ਆਖ਼ਰੀ ਦਿਨਾਂ ਵਿਚ ('ਅਜੀਤ' ਦੀ ਰਿਪੋਰਟ ਤੋਂ 24 ਦਿਨ ਬਾਅਦ) 25 ਜਨਵਰੀ 1999 ਦੇ ਦਿਨ ਬਰਜਿੰਦਰ ਸਿੰਘ ਅਤੇ ਮੇਜਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਇਹ ਯਕੀਨਨ ਬਦਲਾ-ਲਊ ਕਾਰਵਾਈ ਸੀ ਤੇ (ਭਾਈ) ਰਣਜੀਤ ਸਿੰਘ ਬਰਜਿੰਦਰ ਸਿੰਘ ਨੂੰ ਨੀਵਾਂ ਦਿਖਾਉਣਾ ਚਾਹੁੰਦਾ ਸੀ। ਬਰਜਿੰਦਰ ਸਿੰਘ ਦੀ 'ਤਲਬੀ' ਦੀ ਚਿੱਠੀ ਇੰਞ ਸੀ :

ਗੁਰਮਤਾ

ਸਰਦਾਰ ਬਰਜਿੰਦਰ ਸਿੰਘ ਹਮਦਰਦ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

29 ਦਿਸੰਬਰ 1998 ਦੇ ਰੋਜ਼ਾਨਾ 'ਅਜੀਤ' ਵਿਚ ਛਪੀ ਅਡੰਬਰੀ ਅਵਤਾਰ ਨਾਮੀ ਪੁਸਤਕ ਦੇ ਅੰਸ਼ ਛਾਪਣ ਸਬੰਧੀ ਤੁਹਾਡੇ ਖ਼ਿਲਾਫ਼ ਅਕਾਲ ਤਖ਼ਤ ਸਾਹਿਬ 'ਤੇ ਕਈ ਸ਼ਿਕਾਇਤਾਂ ਪੁੱਜੀਆਂ ਹਨ। ਤੁਸੀਂ ਰਿਪੋਰਟ ਤਿਆਰ ਕਰਨ ਵਾਲੇ ਪੱਤਰਕਾਰ ਮੇਜਰ ਸਿੰਘ ਨੂੰ ਨਾਲ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਮਿਤੀ 11 ਫ਼ਰਵਰੀ 1999 ਨੂੰ 12 ਵਜੇ ਆਪ ਖ਼ੁਦ ਹਾਜ਼ਿਰ ਹੋ ਕੇ ਸਪੱਸ਼ਟ ਕਰੋ ਕਿ ਤੁਹਾਡੀ ਅਖ਼ਬਾਰ ਵਿਚ ਅਡੰਬਰੀ ਅਵਤਾਰ ਨਾਮੀ ਪੁਸਤਕ ਦੇ ਗੁਰੂਵੰਸ਼ ਸਬੰਧੀ ਅੰਸ਼ ਛਪਣ ਤੋਂ ਬਾਅਦ ਇਸ ਕਿਤਾਬ 'ਤੇ ਪਾਬੰਦੀ ਲਾਏ ਜਾਣ ਦਾ ਕੀ ਲਾਭ ਹੈ ? ਕਿਤਾਬ ਦੇ ਅੰਸ਼ ਤੁਸੀਂ ਕਿਸ ਆਧਾਰ 'ਤੇ ਛਾਪੇ, ਇਸ ਦਾ ਸਬੂਤ ਨਾਲ ਲੈ ਕੇ ਹਾਜ਼ਿਰ ਹੋਣਾ। ਮਿਤੀ 11 ਫ਼ਰਵਰੀ 1999 ਨੂੰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਨਾ ਹੋਣ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

(ਨੋਟ : ਪਰ, ਜਿਵੇਂ (ਪ੍ਰੋ:) ਮਨਜੀਤ ਸਿੰਘ (ਜਿਸ ਨੂੰ 11 ਫ਼ਰਵਰੀ 1999 ਦੇ ਦਿਨ 'ਤਲਬ' ਕੀਤੀ ਗਿਆ ਸੀ) ਵਾਂਗ ਬਰਜਿੰਦਰ ਸਿੰਘ ਵੀ ਇਸ ਦਿਨ ਦੇ 'ਸੰਕਟ' ਤੋਂ ਬਚ ਗਿਆ। ਬਾਦਲ ਨੇ ਇਨ੍ਹਾਂ ਨੂੰ ਬਚਾਉਣ ਅਤੇ ਬਾਦਲ-ਟੌਹੜਾ ਟੱਕਰ ਵਿਚ ਟੌਹੜਾ ਦੀ ਤਾਕਤ ਖ਼ਤਮ ਕਰਨ ਦੀ ਸੋਚ ਨਾਲ (ਭਾਈ) ਰਣਜੀਤ ਸਿੰਘ ਨੂੰ, ਇਸ ਤੋਂ ਇਕ ਦਿਨ ਪਹਿਲਾਂ 10 ਫ਼ਰਵਰੀ 1999 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ ਹਟਾ ਦਿੱਤਾ।)

ਬਾਦਲ-ਟੌਹੜਾ ਜੰਗ ਅਤੇ (ਭਾਈ) ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ ਫ਼ਾਰਿਗ ਕਰਨਾ

(ਭਾਈ) ਰਣਜੀਤ ਸਿੰਘ ਤੇ ਬਰਜਿੰਦਰ ਸਿੰਘ ਹਮਦਰਦ ਦਾ ਟਕਰਾਅ ਭਾਵੇਂ 4 ਸਿਤੰਬਰ 1998 ਦੇ ਦਿਨ, (ਭਾਈ) ਰਣਜੀਤ ਸਿੰਘ ਵੱਲੋਂ 'ਅਜੀਤ' ਅਖ਼ਬਾਰ ਦਾ ਇਕ ਤਰੀਕੇ ਨਾਲ ਬਾਈਕਾਟ ਕਰਨ ਦੇ ਐਲਾਨ ਨਾਲ ਵਕਤੀ ਤੌਰ 'ਤੇ ਰੁਕ ਗਿਆ ਸੀ (ਅਤੇ ਇਹ 'ਸਿੱਧੀ ਟੱਕਰ' ਫਿਰ 25 ਜਨਵਰੀ 1999 ਨੂੰ ਦੋਬਾਰਾ ਸ਼ੁਰੂ ਹੋਈ ਤੇ 11 ਫ਼ਰਵਰੀ

1999 ਨੂੰ ਦੂਜੀ ਵਾਰ ਵਕਤੀ ਤੌਰ 'ਤੇ ਮੁੱਕ ਗਈ)। ਪਰ ਦੋਵੇਂ ਅੰਦਰੋਂ-ਅੰਦਰੀਂ ਵਿਸ ਘੋਲਦੇ ਰਹੇ। ਉਧਰ ਟੌਹੜਾ ਰਣਜੀਤ ਸਿੰਘ ਦਾ ਪੂਰਾ ਸਾਥ ਦੇਂਦਾ ਰਿਹਾ।

ਇਨ੍ਹਾਂ ਦਿਨੀਂ ਹੀ ਟੌਹੜਾ ਅਤੇ ਬਰਜਿੰਦਰ ਹਮਦਰਦ ਵਿਚ 'ਨਿਸ਼ਾਨੇ ਖਾਲਸਾ' ਵਿਚ ਖੰਡੇ ਦੇ ਟਾਵਰ ਦੇ ਡਿਜ਼ਾਇਨ ਦਾ ਝਗੜਾ ਚਲਦਾ ਰਿਹਾ ਸੀ। ਨਵੰਬਰ 1998 ਤਕ ਬਰਜਿੰਦਰ ਹਮਦਰਦ ਨੇ ਬਾਦਲ ਧੜੇ ਵਿਚ ਐਂਟੀ-ਟੌਹੜਾ ਲੱਬੀ ਨੂੰ ਆਪਣਾ ਪੂਰਾ ਸਾਥੀ ਬਣਾ ਲਿਆ ਸੀ ਤੇ ਉਹ ਖ਼ੁਫ਼ੀਆ ਤੌਰ 'ਤੇ ਟੌਹੜੇ ਨੂੰ ਠਿੱਬੀ ਲਾਉਣ, ਨੀਂਵਾਂ ਦਿਖਾਉਣ ਤੇ ਹੋ ਸਕੇ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਤੋਂ ਹਟਾਉਣ ਦੀ ਪਲਾਨਿੰਗ ਕਰਦੇ ਰਹਿੰਦੇ ਸਨ। ਇਸ ਦੌਰਾਨ 'ਖਾਲਸਾ ਵਿਰਾਸਤ ਕੰਪਲੈਕਸ' ਦੀ ਨੀਂਹ ਪੱਥਰ ਰਖਣ ਦਾ ਮੌਕਾ ਆ ਗਿਆ। ਇਹ ਸਮਾਗਮ ਬਾਦਲ ਵੱਲੋਂ ਬਣਾਈ 'ਅਨੰਦਪੁਰ ਫ਼ਾਊਂਡੇਸ਼ਨ' ਵੱਲੋਂ ਕੀਤਾ ਜਾ ਰਿਹਾ ਸੀ (ਜਿਸ ਦਾ ਪ੍ਰਧਾਨ ਬਰਜਿੰਦਰ ਹਮਦਰਦ ਸੀ)। ਇਸ ਕਰ ਕੇ ਟੌਹੜਾ ਨੂੰ (ਨਿੱਜ ਨੂੰ) ਛੱਡ ਕੇ ਬਾਕੀ ਸਾਰੇ ਟੌਹੜਾ ਧੜੇ ਨੂੰ ਇਸ ਸਮਾਗਮ 'ਚੋਂ ਬਾਹਰ ਰਖਣ ਦਾ ਫ਼ੈਸਲਾ ਕੀਤਾ ਗਿਆ (ਜਿਸ ਨੂੰ ਅਮਲ ਵਿਚ ਵੀ ਲਿਆਂਦਾ ਗਿਆ)। ਇਸ ਨਾਲ 22 ਨਵੰਬਰ ਦੇ ਸਮਾਗਮ ਵਿਚ ਟੌਹੜਾ ਧੜੇ 'ਚੋਂ (ਟੌਹੜਾ ਨੂੰ ਛੱਡ ਕੇ) ਹੋਰ ਕੋਈ ਵੀ ਸ਼ਾਮਿਲ ਨਾ ਹੋਇਆ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਦਾ ਐਕਟਿੰਗ ਪ੍ਰਧਾਨ ਸੁਖਦੇਵ ਸਿੰਘ ਭੌਰ ਵੀ ਕੇਸਗੜ੍ਹ ਦੇ ਮੈਨੇਜਰ ਦੀ ਰਿਹਾਇਸ਼ 'ਤੇ ਬੈਠਾ ਰਿਹਾ ਤੇ ਉਸ ਨੂੰ ਵੀ ਸੱਦਿਆ ਤਕ ਨਾ ਗਿਆ। ਸਮਾਗਮ ਤੋਂ ਮਗਰੋਂ ਟੌਹੜੇ ਨੇ ਇਸ ਦੀ ਨਿੰਦਾ ਕੀਤੀ ਅਤੇ ਬਾਦਲ ਨੂੰ ਸ਼ਿਕਾਇਤ ਵੀ ਕੀਤੀ। ਅਗਲੇ ਹੀ ਦਿਨ 23 ਨਵੰਬਰ 1998 ਨੂੰ ਬਰਜਿੰਦਰ ਹਮਦਰਦ ਨੇ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਤੋਂ ਅਸਤੀਫ਼ਾ ਦੇ ਦਿੱਤਾ। ਦੋ ਦਿਨ ਮਗਰੋਂ ਮਨਜੀਤ ਸਿੰਘ (ਮੁੱਖ ਸੇਵਾਦਾਰ ਕੇਸਗੜ੍ਹ ਸਾਹਿਬ) ਨੇ ਬਰਜਿੰਦਰ ਦੀ ਹਿਮਾਇਤ ਵਿਚ ਇਕ ਲੰਬਾ ਸਾਰਾ ਬਿਆਨ ਜਾਰੀ ਕਰ ਦਿੱਤਾ। ਇਸ ਵਿਚ ਕਿਹਾ ਗਿਆ ਸੀ ਕਿ ਬਰਜਿੰਦਰ ਸਿੰਘ ਅਤੇ ਜਥੇਦਾਰ ਟੌਹੜਾ ਵਿਚਕਾਰ ਨਿਸ਼ਾਨੇ-ਖਾਲਸਾ (ਖੰਡਾ) ਦੇ ਮਾਡਲ ਸਬੰਧੀ ਵੱਖ ਵੱਖ ਵਿਚਾਰ ਹੋਣ ਕਰ ਕੇ ਤਫ਼ੱਰਕਾਤ ਆਏ ਹਨ। ਮਨਜੀਤ ਸਿੰਘ ਨੇ ਇਹ ਵੀ ਆਖਿਆ ਕਿ **"ਟੌਹੜਾ ਸਾਹਿਬ ਨੂੰ ਬਰਜਿੰਦਰ ਸਿੰਘ ਦੇ ਮਨ ਵਿਚ ਪੈਦਾ ਹੋਈਆਂ ਰੰਜਿਸ਼ਾਂ ਦੂਰ ਕਰਨੀਆਂ ਚਾਹੀਦੀਆਂ ਹਨ।"** ਪਰ ਮਨਜੀਤ ਸਿੰਘ ਦੇ ਇਸ ਬਿਆਨ ਤੋਂ ਇਲਾਵਾ ਕਿਸੇ ਨੇ ਵੀ ਬਰਜਿੰਦਰ ਸਿੰਘ ਨਾਲ ਹਮਦਰਦੀ ਜਾਂ ਉਸਦੀ ਹਿਮਾਇਤ ਵਿਚ ਕੁਝ ਨਾ ਆਖਿਆ। ਇੰਵ ਬਰਜਿੰਦਰ ਸਿੰਘ ਅਲਗ-ਥਲ ਜਿਹਾ ਹੋ ਕੇ ਰਹਿ ਗਿਆ। ਇਸ 'ਤੇ ਬਰਜਿੰਦਰ ਸਿੰਘ ਨੇ ਵੀ ਆਪਣੀ ਅਖ਼ਬਾਰ 'ਅਜੀਤ' ਰਾਹੀਂ ਜਥੇਦਾਰ ਟੌਹੜਾ ਦੇ ਖ਼ਿਲਾਫ਼ ਵੱਡਾ ਮੋਰਚਾ ਲਾਉਣ ਦਾ ਫ਼ੈਸਲਾ ਕਰ ਲਿਆ।

ਇੱਤਫ਼ਾਕਨ ਉਨ੍ਹੀਂ ਦਿਨੀਂ ਆਦਮਪੁਰ ਅਸੈਂਬਲੀ ਹਲਕੇ ਦੀ ਜ਼ਿਮਨੀ ਚੋਣ ਆਈ ਹੋਈ ਸੀ। ਜਿਸ ਦਿਨ ਬਰਜਿੰਦਰ ਸਿੰਘ ਨੇ ਅਸਤੀਫ਼ਾ ਦਿੱਤਾ, ਉਸ ਤੋਂ ਦੋ ਦਿਨ ਬਾਅਦ ਆਦਮਪੁਰ 'ਚ ਵੋਟਾਂ ਪੈਣੀਆਂ ਸਨ। 25 ਨਵੰਬਰ ਨੂੰ ਹੋਈ ਚੋਣ ਵਿਚ ਅਕਾਲੀ ਉਮੀਦਵਾਰ ਸਿਰਫ਼ 6 ਵੋਟਾਂ 'ਤੇ ਹਾਰ ਗਿਆ। ਜਥੇਦਾਰ ਟੌਹੜਾ ਦੇ ਸਾਥੀਆਂ ਨੇ ਇਸ ਹਾਰ ਦੀ ਜ਼ਿੰਮੇਵਾਰੀ ਬਰਜਿੰਦਰ ਸਿੰਘ ਦੇ ਅਸਤੀਫ਼ੇ 'ਤੇ ਪਾਈ। ਦੂਜੇ ਪਾਸੇ ਬਰਜਿੰਦਰ ਸਿੰਘ ਦੇ ਸਾਥੀਆਂ ਨੇ ਜਥੇਦਾਰ ਟੌਹੜਾ ਦੇ ਖ਼ਿਲਾਫ਼ ਬਿਆਨਬਾਜ਼ੀ ਸ਼ੁਰੂ ਕਰਵਾ ਦਿੱਤੀ। 28 ਨਵੰਬਰ ਨੂੰ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਨੇ ਜਥੇਦਾਰ ਟੋਹੜਾ ਨੂੰ ਲਿਖੇ ਇਕ

ਖੁੱਲ੍ਹੇ ਖ਼ਤ ਵਿਚ "**ਟੌਹੜਾ ਜੀ, ਅਜੀਤ ਨੂੰ ਅਕਾਲੀ ਦਲ ਤੋਂ ਦੂਰ ਧੱਕਣ ਦੀ ਕੋਸ਼ਿਸ਼ ਨਾ ਕਰੋ**" ਦਾ ਤਰਲਾ ਲਿਆ। 2 ਦਿਸੰਬਰ ਨੂੰ (ਭਾਈ) ਰਣਜੀਤ ਸਿੰਘ ਨੇ ਬਾਦਲ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ "ਸਰਕਾਰ ਅਜੂਬੇ ਦੇ ਨਾਂ 'ਤੇ ਅਨੰਦਪੁਰ ਦਾ ਚੌਗਿਰਦਾ ਵਿਗਾੜ ਰਹੀ ਹੈ।" ਤਿੰਨ ਦਿਸੰਬਰ ਨੂੰ ਬਾਦਲ ਨੇ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਕੋਲੋਂ ਆਪਣੀ ਅਗਵਾਈ 'ਚ ਭਰੋਸੇ ਦਾ ਮਤਾ ਪਾਸ ਕਰਵਾ ਲਿਆ। ਚਾਰ ਦਿਸੰਬਰ ਨੂੰ ਅਨੰਦਪੁਰ ਫ਼ਾਊਂਡੇਸ਼ਨ ਨੇ ਬਰਜਿੰਦਰ ਦਾ ਅਸਤੀਫ਼ਾ ਰੱਦ ਕਰ ਦਿੱਤਾ, ਪਰ ਬਰਜਿੰਦਰ ਨੇ ਅਸਤੀਫ਼ਾ ਵਾਪਿਸ ਲੈਣੋਂ ਨਾਂਹ ਕਰ ਦਿੱਤੀ। ਉਧਰ 'ਸੰਤ ਸਮਾਜ' ਨਾਂ ਦੀ ਜਥੇਬੰਦੀ ਨੇ, ਜਥੇਦਾਰ ਟੌਹੜਾ ਦੀ ਅਗਵਾਈ ਵਿਚ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਇਸ ਦਾ ਪਹਿਲਾ ਐਕਸ਼ਨ ਸੀ 4-5 ਦਿਸੰਬਰ 1998 ਦੇ ਦਿਨ ਤਲਵੰਡੀ ਸਾਬੋ ਤੋਂ ਅਨੰਦਪੁਰ ਸਾਹਿਬ ਵੱਲ ਖਾਲਸਾ ਮਾਰਚ। ਇਸ ਮਾਰਚ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ।

ਜਥੇਦਾਰ ਟੌਹੜਾ ਦੇ ਖ਼ਿਲਾਫ਼ ਵੱਡਾ ਜਹਾਦ

ਇਨ੍ਹਾਂ ਦਿਨਾਂ ਵਿਚ ਬਰਜਿੰਦਰ ਹਮਦਰਦ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਕੈਪਟਨ ਕੰਵਲਜੀਤ, ਰਣਜੀਤ ਸਿੰਘ ਬ੍ਰਹਮਪੁਰਾ, ਮਨਜੀਤ ਸਿੰਘ (ਮੁਖ ਸੇਵਾਦਾਰ ਕੇਸਗੜ੍ਹ ਸਾਹਿਬ) ਤੇ ਗਿਆਨੀ ਕੇਵਲ ਸਿੰਘ ਇਕ ਗਰੁੱਪ ਵਜੋਂ ਵਿਚਰ ਰਹੇ ਸਨ। ਇਹ ਸਾਰੇ ਜਥੇਦਾਰ ਟੌਹੜਾ ਦੇ ਖ਼ਿਲਾਫ਼ ਜਹਾਦ ਛੇੜਨ ਵਾਸਤੇ ਮੌਕਾ ਢੂੰਡ ਰਹੇ ਸਨ। ਅਖ਼ੀਰ ਜਥੇਦਾਰ ਟੌਹੜਾ ਦੇ ਇਕ ਮਾਮੂਲੀ ਜਿਹੇ ਬਿਆਨ 'ਤੇ ਇਨ੍ਹਾਂ ਨੇ ਇਹ ਜਹਾਦ ਸ਼ੁਰੂ ਕਰ ਦਿੱਤਾ।

10 ਦਿਸੰਬਰ 1998 ਦੇ ਦਿਨ ਜਥੇਦਾਰ ਟੌਹੜਾ ਨੇ ਅਖ਼ਬਾਰੀ ਨੁਮਾਇੰਦੀਆਂ ਨਾਲ ਗੱਲਬਾਤ ਦੌਰਾਨ ਇਹ ਵੀ ਆਖਿਆ ਕਿ ਮੈਂ ਚਾਹੁੰਦਾ ਹਾਂ ਕਿ "**ਬਾਦਲ, ਅਕਾਲੀ ਦਲ ਦੀ ਪ੍ਰਧਾਨਗੀ ਛੱਡ ਕੇ ਸਰਕਾਰੀ ਪ੍ਰਬੰਧਾਂ ਵਿਚ ਪੂਰਾ ਵਕਤ ਦੇਣ।**" ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਇਹ ਵੀ ਆਖਿਆ ਕਿ "**ਮੈਂ ਅਕਾਲੀ ਦਲ ਦੀ ਪ੍ਰਧਾਨਗੀ ਸੰਭਾਲਣ ਵਾਸਤੇ ਤਿਆਰ ਨਹੀਂ, ਕਿਉਂਕਿ ਮੇਰੇ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਹੀ ਬੜਾ ਹੈ।**" ਇਸ ਸਵਾਲ 'ਤੇ ਕਿ ਅਕਾਲੀ ਦਲ ਦੀ ਪ੍ਰਧਾਨਗੀ ਵਾਸਤੇ ਤੁਸੀਂ ਕਿਸ ਦਾ ਨਾਂ ਸੁਝਾਉਣਾ ਚਾਹੋਗੇ, ਤਾਂ ਜਥੇਦਾਰ ਟੌਹੜਾ ਨੇ ਆਖਿਆ ਕਿ "ਇਸ ਦਾ ਫ਼ੈਸਲਾ ਬਾਦਲ ਜੀ ਆਪ ਕਰਨ। ਭਾਵੇਂ ਉਹ ਮੀਤ ਪ੍ਰਧਾਨ ਗੁਰਦੇਵ ਸਿੰਘ ਬਾਦਲ ਨੂੰ ਹੀ ਪ੍ਰਧਾਨ ਬਣਾ ਦੇਣ। ਪ੍ਰਧਾਨ ਵੱਖਰਾ ਹੋਣਾ ਬਾਦਲ ਦੇ ਹਿੱਤਾਂ ਵਿਚ ਹੈ ਤਾਂ ਹੀ ਉਹ ਸਰਕਾਰ ਨੂੰ ਪੂਰਾ ਵਕਤ ਦੇ ਸਕਣਗੇ। *ਬਾਦਲ ਨੂੰ ਅਜਿਹੇ ਢੰਗ ਨਾਲ ਰਾਜ ਪ੍ਰਬੰਧ ਚਲਾਉਣਾ ਚਾਹੀਦਾ ਹੈ, ਜਿਸ ਨਾਲ ਸਰਕਾਰ ਪੰਜ ਸਾਲ ਚਲਦੀ ਰਹੇ ਤੇ ਕੁਲੀਸ਼ਨ ਦੋਹੀਂ ਥਾਈਂ ਚਲਦੀ ਰਹੇ।* ਇਸ ਵੇਲੇ ਸਰਕਾਰ ਦਾ ਪ੍ਰਬੰਧ ਠੀਕ ਨਹੀਂ। ਬਾਦਲ ਨੌਕਰਸ਼ਾਹੀ ਦੀ ਜਕੜ ਨਹੀਂ ਤੋੜ ਸਕਿਆ। ਸਰਕਾਰ ਤੇ ਪਾਰਟੀ ਦੀ ਸਾਰੀ ਤਾਕਤ ਇੱਕੋ ਕੋਲ ਹੋਣਾ ਨੌਕਰਸ਼ਾਹੀ ਨੂੰ ਸੂਟ ਕਰਦਾ ਹੈ। ਜੇ ਭਾਜਪਾ ਵੱਖਰਾ ਪ੍ਰਧਾਨ ਰੱਖ ਸਕਦੀ ਹੈ ਤਾਂ ਅਕਾਲੀ ਦਲ ਕਿਉਂ ਨਹੀਂ। 1969 ਅਤੇ 1978 ਵਿਚ ਬਾਦਲ ਸਿਰਫ਼ ਚੀਫ਼ ਮਨਿਸਟਰ ਸੀ, ਪ੍ਰਧਾਨ ਨਹੀਂ।"

ਜਥੇਦਾਰ ਟੌਹੜਾ ਦੇ ਇਸ ਬਿਆਨ ਵਿਚ ਨਾ ਤਾਂ ਬਾਦਲ ਦੀ ਬੇਮਾਇਨਾ

ਨੁਕਤਾਚੀਨੀ ਸੀ ਤੇ ਨਾ ਹੀ ਕੋਈ ਗੱਲ ਪਾਰਟੀ ਦੇ ਖ਼ਿਲਾਫ਼ ਆਖੀ ਹੋਈ ਸੀ। ਪਰ ਜਥੇਦਾਰ ਟੌਹੜਾ ਦੇ ਮੁਖ਼ਾਲਿਫ਼ਾਂ, ਖ਼ਾਸ ਕਰ ਕੇ ਬਰਜਿੰਦਰ, ਭੂੰਦੜ, ਕੈਪਟਨ ਕੰਵਲਜੀਤ ਤੇ ਢੀਂਡਸਾ ਨੇ ਟੌਹੜਾ ਦੇ ਬਿਆਨ ਨੂੰ ਪਾਰਟੀ ਦੇ ਖ਼ਿਲਾਫ਼ ਬਗ਼ਾਵਤ, ਗੁਨਾਹ ਤੇ ਗ਼ਦਾਰੀ ਆਖ ਕੇ ਫ਼ਤਵਾ ਜਾਰੀ ਕਰ ਦਿੱਤਾ। ਇਹ ਫ਼ਤਵਾ ਜਾਰੀ ਕਰਨ ਦੀ ਕਾਰਵਾਈ ਕੋਈ ਇਕ-ਦਮ ਜਾਂ ਅਚਾਨਕ ਜਾਂ ਕਿਸੇ ਹੰਗਾਮੀ ਹਾਲਤ ਵਿੱਚੋਂ ਪੈਦਾ ਨਹੀਂ ਹੋਈ ਸੀ। ਇਹ ਸਾਰਾ ਕੁਝ ਚਿਰਾਂ ਤੋਂ ਕੀਤੀ ਹੋਈ ਪਲਾਨਿੰਗ ਨੂੰ ਅਮਲ ਵਿਚ ਲਿਆਉਣ ਵਾਸਤੇ 11 ਦਿਸੰਬਰ 1998 ਦੇ ਦਿਨ ਐਂਟੀ-ਟੌਹੜਾ ਸਿੰਡੀਕੇਟ ਨੇ ਕੀਤਾ।

11 ਦਿਸੰਬਰ ਸ਼ਾਮ ਵੇਲੇ ਬਾਦਲ ਦੀ ਕੋਠੀ 'ਤੇ ਸਾਰੇ ਵਜ਼ੀਰ (ਜਥੇਦਾਰ ਟੌਹੜਾ ਦੇ 5 ਸਾਥੀ ਛੱਡ ਕੇ), ਜ਼ਿਲ੍ਹਾ ਜਥੇਦਾਰ (ਜਥੇਦਾਰ ਟੌਹੜਾ ਦੇ ਸਾਥੀ ਛੱਡ ਕੇ) ਅਤੇ ਬਾਦਲ ਦੇ ਵਫ਼ਾਦਾਰ ਹੋਰ ਅਕਾਲੀ ਵਰਕਰ ਇਕੱਠੇ ਹੋਏ। ਇਸ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਜਥੇਦਾਰ ਟੌਹੜਾ 'ਤੇ ਇਕ ਭਰਪੂਰ ਵਾਰ ਕੀਤਾ ਜਾਵੇ ਤੇ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਜਾਵੇ। ਇਸ ਵੇਲੇ ਬਾਦਲ ਚੀਫ਼ ਮਨਿਸਟਰ ਸੀ। ਉਸ ਵਾਸਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਖ਼ਰੀਦਣਾ ਕੋਈ ਔਖਾ ਨਹੀਂ ਸੀ। ਪੈਸਾ ਵੀ ਉਸ ਕੋਲ ਵੱਡੇ ਜਗੀਰਦਾਰਾਂ ਤੋਂ ਵੀ ਵੱਧ ਸੀ। ਫਿਰ, ਕਿਉਂ ਕਿ ਜਥੇਦਾਰ ਟੌਹੜਾ ਨੇ ਨੌਕਰਸ਼ਾਹੀ ਦੇ ਖ਼ਿਲਾਫ਼ ਬਿਆਨ ਵੀ ਦਿੱਤਾ ਸੀ, ਬਿਊਰੋਕਰੇਟ ਵੀ ਸਾਰੇ ਜਥੇਦਾਰ ਟੌਹੜਾ ਦੇ ਖ਼ਿਲਾਫ਼ ਸਨ। ਜਥੇਦਾਰ ਟੌਹੜਾ ਦੇ ਖ਼ਿਲਾਫ਼ ਪਹਿਲਾ ਵਾਰ ਕੁਲਦੀਪ ਕਾਹਲੋਂ ਅਤੇ ਜਸਬੀਰ ਸਿੰਘ ਬੀਰ (ਜਲੰਧਰ) ਵਰਗੇ ਨਿੱਕੇ ਵਰਕਰਾਂ ਨੇ ਇਕ ਬਿਆਨ ਵਿਚ ਕੀਤਾ, ਪਰ ਅਗਲੇ ਦਿਨ ਹੀ ਬਰਜਿੰਦਰ ਸਿੰਘ ਨੇ 'ਅਜੀਤ' ਦੇ ਅਖ਼ਬਾਰ ਦੇ ਐਡੀਟੋਰੀਅਲ ਵਿਚ ਜਥੇਦਾਰ ਟੌਹੜਾ ਦੇ ਖ਼ਿਲਾਫ਼ ਆਪਣੀ ਭੜਾਸ ਕੱਢੀ। ਇੱਥੇ ਇਹ ਦਿਲਚਸਪ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਬਰਜਿੰਦਰ ਭਾਵੇਂ ਸਿਰਫ਼ ਤੇ ਸਿਰਫ਼ ਅਕਾਲੀ ਵੋਟਾਂ ਨਾਲ ਐਮ.ਪੀ. ਬਣਿਆ ਸੀ, ਪਰ ਉਸ ਨੇ ਅਕਾਲੀ ਦਲ ਦਾ ਮੈਂਬਰ ਬਣਨ ਤੋਂ ਵੀ ਨਾਂਹ ਕਰ ਦਿੱਤੀ ਸੀ। ਉਂਞ ਇਕ ਅਖ਼ਬਾਰ ਦਾ ਐਡੀਟਰ ਹੋਣ ਦੇ ਨਾਤੇ, ਤੇ ਬਾਦਲ ਦੇ ਨੇੜੇ ਹੋਣ ਕਰ ਕੇ ਉਹ ਬਾਦਲ ਅਕਾਲੀ ਦਲ ਦੇ 'ਬੌਸ' ਵਜੋਂ ਜਾਣਿਆ ਜਾਂਦਾ ਸੀ।

13 ਦਿਸੰਬਰ ਨੂੰ ਬੀਬੀ ਜਗੀਰ ਕੌਰ ਨੇ ਜਥੇਦਾਰ ਟੌਹੜਾ 'ਤੇ ਡਸਿਪਲਨਰੀ ਐਕਸ਼ਨ ਲੈਣ ਵਾਸਤੇ ਆਖਿਆ। ਇਸੇ ਦਿਨ ਬਾਦਲ ਨੇ ਜਥੇਦਾਰ ਟੌਹੜਾ ਦੇ ਹਿਮਾਇਤੀ ਜਸਮੇਰ ਸਿੰਘ ਬਾਲਾ ਨੂੰ ਆਪਣੀ ਪਾਰਟੀ ਦੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ, ਕਿਉਂਕਿ ਉਸ ਨੇ ਜਥੇਦਾਰ ਟੌਹੜਾ ਦੇ ਬਿਆਨ ਦੀ ਹਿਮਾਇਤ ਕੀਤੀ ਸੀ। ਇਸੇ ਦਿਨ ਵਿਰਸਾ ਸਿੰਘ ਵਲਟੋਹਾ, ਸਰਵਨ ਸਿੰਘ ਫ਼ਿਲੌਰ, ਸਿਕੰਦਰ ਸਿੰਘ ਮਲੂਕਾ, ਅਜੀਤ ਸਿੰਘ ਕੋਹਾੜ, ਜਗਦੀਸ਼ ਸਿੰਘ ਵਾਲੀਆ, ਮੱਲ ਸਿੰਘ ਘੁਮਾਣ, ਅਮਰਜੀਤ ਸਿੰਘ ਭਾਟੀਆ, ਜਗਜੀਤ ਸਿੰਘ ਘੁੰਘਰਾਣਾ, ਸਤਨਾਮ ਸਿੰਘ ਭਾਈ ਰੂਪਾ, ਮਨਜੀਤ ਸਿੰਘ ਭੋਮਾ, ਜਨਮੇਜਾ ਸਿੰਘ ਸੇਖੋਂ, ਗੁਰਭੇਜ ਸਿੰਘ ਬੱਲੂਆਣਾ, ਜੋਗਿੰਦਰ ਸਿੰਘ ਪੰਜਗਰਾਈਂ ਨੇ ਵੀ ਜਥੇਦਾਰ ਟੌਹੜਾ ਦੇ ਖ਼ਿਲਾਫ਼ ਬਿਆਨ ਦਾਗ਼ ਦਿੱਤੇ।

14 ਦਿਸੰਬਰ ਨੂੰ ਨਿਰਮਲ ਸਿੰਘ ਕਾਹਲੋਂ ਦੇ ਨਾਲ ਨਾਲ ਰਤਨ ਸਿੰਘ, ਸੁੱਚਾ ਸਿੰਘ ਲੰਗਾਹ, ਚਿਰੰਜੀ ਲਾਲ ਗਰਗ, ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ (ਦੋਵੇਂ ਫ਼ੈਡਰੇਸ਼ਨ) ਅਤੇ ਕੁਝ ਹੋਰਾਂ ਨੇ ਵੀ ਜਥੇਦਾਰ ਟੌਹੜਾ ਦੇ ਖ਼ਿਲਾਫ਼ ਬਿਆਨ ਜਾਰੀ ਕੀਤੇ।

ਮਨਜੀਤ ਸਿੰਘ ਕਲਕਤਾ ਤੇ 4 ਹੋਰ ਵਜ਼ੀਰਾਂ ਦੇ ਅਸਤੀਫ਼ੇ

ਜਥੇਦਾਰ ਟੌਹੜਾ 'ਤੇ ਲਗਾਤਾਰ ਤਿੰਨ ਦਿਨ ਹਮਲੇ ਕੀਤੇ ਜਾਣ ਕਰ ਕੇ ਉਸ ਦੇ ਸਾਥੀ ਬੜੇ ਦੁਖੀ ਹੋਏ। ਅਖ਼ੀਰ ਉਨ੍ਹਾਂ ਨੇ 14 ਤਾਰੀਖ਼ ਨੂੰ ਇਕ ਮੀਟਿੰਗ ਬੁਲਾਈ। ਤਿੰਨ ਘੰਟੇ ਚਲੀ ਇਸ ਮੀਟਿੰਗ ਵਿਚ ਪੰਜ ਵਜ਼ੀਰ ਤੇ ਕੁਝ ਐਮ.ਐਲ.ਏ. ਵੀ ਹਾਜ਼ਿਰ ਸਨ। ਇਨ੍ਹਾਂ ਸਾਰਿਆਂ ਨੇ ਜਥੇਦਾਰ ਟੌਹੜਾ ਦੇ ਖ਼ਿਲਾਫ਼ ਦਿੱਤੇ ਜਾ ਰਹੇ ਬਿਆਨਾਂ ਦੀ ਭਰਪੂਰ ਨਿੰਦਾ ਕੀਤੀ ਅਤੇ ਇਸ ਪ੍ਰਚਾਰ ਨੂੰ ਨੱਥ ਪਾਉਣ ਲਈ ਬਾਦਲ 'ਤੇ ਜ਼ੋਰ ਦੇਣ ਵਾਸਤੇ ਪੰਜ ਵਜ਼ੀਰਾਂ (ਮਨਜੀਤ ਸਿੰਘ ਕਲਕਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਜ਼ੀਰਾ, ਸੁਰਜੀਤ ਸਿੰਘ ਕੋਹਲੀ ਤੇ ਹਰਮੇਲ ਸਿੰਘ ਟੌਹੜਾ) ਨੇ ਆਪਣੇ ਅਸਤੀਫ਼ੇ ਬਾਦਲ ਨੂੰ ਸੌਂਪ ਦਿੱਤੇ। ਐਂਟੀ-ਟੌਹੜਾ ਸਿੰਡੀਕੇਟ ਨੇ ਬਾਦਲ 'ਤੇ ਜ਼ੋਰ ਪਾ ਕੇ ਇਹ ਅਸਤੀਫ਼ੇ ਇਕ-ਦਮ ਮਨਜ਼ੂਰ ਕਰਵਾ ਲਏ।

16 ਦਿਸੰਬਰ 1998 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਸੀ। ਬਾਦਲ ਨੇ ਆਪਣੇ ਹਿਮਾਇਤੀ ਐਗਜ਼ੈਕਟਿਵ ਮੈਂਬਰਾਂ ਨੂੰ ਹੁਕਮ ਕੀਤਾ ਕਿ ਉਹ ਮੀਟਿੰਗ ਵਿਚ ਸ਼ਾਮਿਲ ਹੋਣ ਦੀ ਬਜਾਇ ਚੰਡੀਗੜ੍ਹ ਆ ਜਾਣ। ਇਸ ਵੇਲੇ ਤਕ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ 15 ਵਿੱਚੋਂ 9 ਮੈਂਬਰ ਬਾਦਲ ਧੜੇ ਨਾਲ ਸਨ ਤੇ 6 ਜਥੇਦਾਰ ਟੌਹੜਾ ਨਾਲ। ਬਾਦਲ ਨੇ ਸੂਬਾ ਸਿੰਘ ਡਬਵਾਲਾ 'ਤੇ ਦਬਾਅ ਪਾ ਕੇ ਉਸ ਨੂੰ ਚੰਡੀਗੜ੍ਹ ਆਉਣ ਵਾਸਤੇ ਕਿਹਾ। ਇਸ 'ਤੇ ਉਹ ਅੰਮ੍ਰਿਤਸਰ ਆਉਣ ਦੀ ਬਜਾਇ ਚੰਡੀਗੜ੍ਹ ਚਲਾ ਗਿਆ। ਚੰਡੀਗੜ੍ਹ ਵਿਚ ਬਾਦਲ ਹਿਮਾਇਤੀ ਇਨ੍ਹਾਂ ਐਗਜ਼ੈਕਟਿਵ ਮੈਂਬਰਾਂ ਨੇ ਜਥੇਦਾਰ ਟੌਹੜਾ ਤੋਂ ਅਸਤੀਫ਼ੇ ਦੀ ਮੰਗ ਕੀਤੀ। ਇਸ ਬਿਆਨ 'ਤੇ ਦਸਤਖ਼ਤ ਕਰਨ ਵਾਲੇ ਸਨ : ਬਲਬੀਰ ਸਿੰਘ ਪੰਨੂੰ, ਹਰਦਲਬੀਰ ਸਿੰਘ ਸ਼ਾਹ, ਮੱਲ ਸਿੰਘ ਘੁਮਾਣ, ਭਗਵੰਤ ਸਿੰਘ, ਜੋਗਾ ਸਿੰਘ, ਗੁਰਪਾਲ ਸਿੰਘ ਗੋਰਾ, ਸਤਨਾਮ ਸਿੰਘ ਭਾਈ ਰੂਪਾ, ਰਘੂਜੀਤ ਸਿੰਘ, ਕੇਵਲ ਸਿੰਘ ਬਾਦਲ ਅਤੇ ਸੂਬਾ ਸਿੰਘ ਡੱਬਵਾਲਾ। ਉਧਰ ਜਥੇਦਾਰ ਟੌਹੜਾ, ਜਥੇਦਾਰ ਸੁਖਦੇਵ ਸਿੰਘ ਭੌਰ, ਸੁਰਜੀਤ ਸਿੰਘ ਚੀਮਾ, ਗੁਰਿੰਦਰ ਸਿੰਘ ਸ਼ਾਮਪੁਰ ਤੇ ਬੀਬੀ ਕੁਲਦੀਪ ਕੌਰ, ਪੰਜਾਂ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਕਰ ਲਈ। ਮੀਟਿੰਗ ਵਾਸਤੇ ਘੱਟ-ਘਟ ਕੋਰਮ ਪੰਜ ਮੈਂਬਰਾਂ ਦਾ ਚਾਹੀਦਾ ਸੀ ਤੇ ਇੰਞ ਇਹ ਮੀਟਿੰਗ ਕਾਨੂੰਨੀ ਸੀ। ਇਸ ਮੀਟਿੰਗ ਵਿਚ ਸ: ਮਨਜੀਤ ਸਿੰਘ ਕਲਕਤਾ ਨੂੰ ਸ਼੍ਰੋਮਣੀ ਕਮੇਟੀ ਦਾ ਸਕੱਤਰ ਬਣਾ ਦਿੱਤਾ ਗਿਆ।

17 ਦਿਸੰਬਰ ਨੂੰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ 'ਜ਼ਾਬਤਾ ਕਮੇਟੀ' ਵੱਲੋਂ ਟੌਹੜਾ ਨੂੰ 'ਕਾਰਨ ਦਸੋ' ਨੋਟਿਸ ਜਾਰੀ ਕਰਵਾ ਦਿੱਤਾ।

ਇਧਰ 16 ਦਿਸੰਬਰ ਨੂੰ (ਭਾਈ) ਰਣਜੀਤ ਸਿੰਘ (ਮੁੱਖ ਸੇਵਾਦਾਰ, ਅਕਾਲ ਤਖ਼ਤ ਸਾਹਿਬ) ਨੇ ਇਕ ਬਿਆਨ ਵਿਚ ਆਖਿਆ ਕਿ ਮੈਂ ਬਾਦਲ-ਟੌਹੜਾ ਮਸਲੇ 'ਚ ਦਖ਼ਲ ਨਹੀਂ ਦਿਆਂਗਾ। 17 ਦਿਸੰਬਰ ਨੂੰ ਬਾਦਲ ਨੇ (ਭਾਈ) ਰਣਜੀਤ ਸਿੰਘ ਨਾਲ ਇਕੱਲਿਆਂ ਗੱਲਬਾਤ ਕੀਤੀ। ਰਣਜੀਤ ਸਿੰਘ ਨੇ ਬਾਦਲ ਨੂੰ ਸਮਝਾਇਆ ਕਿ ਇਸ ਮੌਕੇ 'ਤੇ ਪੰਥ ਵਿਚ ਫ਼ੁਟ ਨਾ ਪਾਈ ਜਾਏ। ਜਦੋਂ ਬਾਦਲ ਨਾ ਮੰਨਿਆ ਤਾਂ (ਭਾਈ) ਰਣਜੀਤ ਸਿੰਘ

ਨੇ ਆਖਿਆ ਕਿ ਮੈਂ ਜਥੇਦਾਰ ਟੌਹੜਾ ਦੇ ਖ਼ਿਲਾਫ਼ 15 ਅਪਰੈਲ ਤਕ ਐਕਸ਼ਨ ਕਰਨ ਦੇ ਖ਼ਿਲਾਫ਼ ਹਾਂ। ਇਸੇ ਰਾਤ ਜਥੇਦਾਰ ਟੌਹੜਾ ਨੇ ਵੀ (ਭਾਈ) ਰਣਜੀਤ ਸਿੰਘ ਨਾਲ ਮੁਲਾਕਾਤ ਕੀਤੀ। ਇਨ੍ਹੀਂ ਦਿਨੀਂ ਹੀ ਅਟਲ ਬਿਹਾਰੀ ਵਾਜਪਾਈ ਨੇ ਵੀ ਇਸ ਮਾਮਲੇ ਵਿਚ ਦਖ਼ਲ ਦਿੱਤਾ ਤੇ ਬਾਦਲ ਤੇ ਟੌਹੜਾ ਦੋਹਾਂ ਨਾਲ ਰਾਬਤਾ ਬਣਾਇਆ। ਇਕ ਰਾਤ ਜਥੇਦਾਰ ਟੌਹੜਾ ਨਾਲ ਵਾਜਪਾਈ ਨੇ ਅੱਧਾ ਘੰਟਾ ਤੋਂ ਵੱਧ ਫ਼ੋਨ 'ਤੇ ਗਲਬਾਤ ਕੀਤੀ।

ਇਨ੍ਹਾਂ ਦਿਨਾਂ ਵਿਚ ਕਈ ਸੰਜੀਦਾ ਸਿੱਖ ਵਿਦਵਾਨਾਂ ਅਤੇ ਹੋਰਨਾਂ ਨੇ ਬਾਦਲ-ਟੌਹੜਾ ਵਿਚ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ। 26 ਦਿਸੰਬਰ ਨੂੰ ਫ਼ਤਹਿਗੜ੍ਹ ਸਾਹਿਬ ਵਿਚ ਹੋਈ ਅਕਾਲੀ ਕਾਨਫ਼ਰੰਸ ਵਿਚ ਟੌਹੜਾ ਤੇ ਬਾਦਲ ਇੱਕੋ ਸਟੇਜ ਤੋਂ ਬੋਲੇ। ਜਥੇਦਾਰ ਟੌਹੜਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਮੈਂ ਅਕਾਲੀ ਦਲ ਦੋਫਾੜ ਹੋਣ ਨਹੀਂ ਦਿਆਂਗਾ। ਜੇ ਬਾਦਲ ਜੀ ਆਖਣ ਤਾਂ ਮੈਂ ਹੁਣ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਵਾਸਤੇ ਤਿਆਰ ਹਾਂ।" ਜਥੇਦਾਰ ਟੌਹੜਾ ਨੇ ਇੱਥੋਂ ਤਕ ਆਖਿਆ ਕਿ ਜੇ ਮੇਰੇ ਆਖੇ ਲਫ਼ਜ਼ਾਂ ਨਾਲ ਕਿਸੇ ਨੂੰ ਕੋਈ ਤਕਲੀਫ਼ ਹੋਈ ਹੈ ਤਾਂ ਮੈਂ ਮੁਆਫ਼ੀ ਮੰਗਦਾ ਹਾਂ (ਜਥੇਦਾਰ ਟੌਹੜਾ ਇਸ ਤੋਂ ਵੱਧ ਹਲੀਮੀ ਦਾ ਇਜ਼ਹਾਰ ਨਹੀਂ ਸੀ ਕਰ ਸਕਦਾ। ਇਸ ਤੋਂ ਵੱਧ 'ਮੁਆਫ਼ੀ' ਨਹੀਂ ਸੀ ਮੰਗੀ ਜਾ ਸਕਦੀ। ਇਸ ਮੌਕੇ 'ਤੇ ਬਾਦਲ ਨੇ ਟੌਹੜਾ ਨੂੰ ਸਿਰੋਪਾਓ ਵੀ ਭੇਂਟ ਕੀਤਾ। ਮਗਰੋਂ ਜਥੇਦਾਰ ਤਲਵੰਡੀ ਨੇ ਅਖ਼ਬਾਰਾਂ ਦੇ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਆਖਿਆ ਕਿ "ਬਾਦਲ-ਟੌਹੜਾ ਵਿਚ ਏਕਤਾ ਛੇਤੀ ਹੀ ਹੋ ਜਾਵੇਗੀ।" ਜਦੋਂ ਉਨ੍ਹਾਂ ਇਹ ਪੁੱਛਿਆ ਕਿ "ਸ਼ੋਅ-ਕਾਜ਼ ਨੋਟਿਸ ਦਾ ਕੀ ਹੋਵੇਗਾ?" ਤਾਂ ਜਥੇਦਾਰ ਤਲਵੰਡੀ ਨੇ ਜਵਾਬ ਦਿੱਤਾ ਕਿ "ਉਹ ਵੀ ਹੱਲ ਹੋ ਜਾਵੇਗਾ।" ਇਸ ਤੋਂ ਅਜਿਹਾ ਜਾਪਿਆ ਕਿ ਮਸਲਾ ਖ਼ਤਮ ਹੋ ਜਾਵੇਗਾ, ਪਰ ਉਸੇ ਸ਼ਾਮ ਐਂਟੀ-ਟੌਹੜਾ ਸਿੰਡੀਕੇਟ ਨੇ ਬਾਦਲ 'ਤੇ ਜ਼ੋਰ ਪਾਇਆ ਕਿ ਉਹ ਜਥੇਦਾਰ ਤਲਵੰਡੀ ਨੂੰ ਅਜਿਹੀ ਹਰਕਤ ਕਰਨ ਤੋਂ ਰੋਕੇ। ਉਸ ਵੇਲੇ ਜਥੇਦਾਰ ਤਲਵੰਡੀ ਦੇ ਮੁੰਡੇ 'ਤੇ ਚੱਲ ਰਹੇ ਕਤਲ ਕੇਸ ਦੇ ਮੁਕਦਮੇ ਦਾ ਫ਼ੈਸਲਾ ਹੋਣ ਵਾਲਾ ਸੀ। ਫਸੇ ਹੋਏ ਜਥੇਦਾਰ ਤਲਵੰਡੀ ਨੇ ਹਥਿਆਰ ਸੁੱਟ ਦਿੱਤੇ। ਇਸ ਮਗਰੋਂ ਜਥੇਦਾਰ ਤਲਵੰਡੀ ਚੁੱਪ ਹੋ ਗਿਆ। 28 ਦਿਸੰਬਰ ਨੂੰ ਬਾਦਲ ਨੇ ਇਕ ਬਿਆਨ ਵਿਚ ਆਖਿਆ ਕਿ ਜਿੰਨ੍ਹਾਂ ਵਜ਼ੀਰਾਂ ਨੇ ਅਸਤੀਫ਼ੇ ਦਿੱਤੇ ਸਨ, ਉਹ ਕੈਬਨਿਟ ਵਿਚ ਵਾਪਿਸ ਨਹੀਂ ਲਏ ਜਾਣਗੇ।

ਅਕਾਲ ਤਖ਼ਤ ਸਾਹਿਬ ਤੋਂ 'ਹੁਕਮਨਾਮਾ'

ਜਦੋਂ (ਭਾਈ) ਰਣਜੀਤ ਸਿੰਘ ਨੇ ਇਹ ਵੇਖਿਆ ਕਿ ਜਥੇਦਾਰ ਟੌਹੜਾ ਵੱਲੋਂ ਸ਼ਰੇਆਮ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਅਤੇ ਫ਼ਤਹਿਗੜ੍ਹ ਸਾਹਿਬ ਕਾਨਫ਼ਰੰਸ ਵਿਚ ਏਕਤਾ ਦੀਆਂ ਗੱਲਾਂ ਕਰਨ ਦੇ ਬਾਵਜੂਦ ਬਾਦਲ ਧੜਾ ਟੌਹੜਾ ਨੂੰ ਹਟਾਉਣ 'ਤੇ ਤੁਲਿਆ ਹੋਇਆ ਹੈ ਤਾਂ ਉਸ ਨੇ 31 ਦਿਸੰਬਰ 1998 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕਰ ਕੇ 15 ਅਪਰੈਲ ਤਕ ਜਥੇਦਾਰ ਟੌਹੜਾ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ। ਇਸ 'ਹੁਕਮਨਾਮੇ' ਵਿਚ ਕਿਹਾ ਗਿਆ ਸੀ:

ਨੰਬਰ 1782/AT/98 31 ਦਿਸੰਬਰ 1998

ਹੁਕਮਨਾਮਾ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਅੱਜ ਮਿਤੀ 31 ਦਿਸੰਬਰ 1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਸ: ਪਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਾਦ-ਵਿਵਾਦ ਨੂੰ ਨਿਪਟਾਉਣ ਸਬੰਧੀ ਦੇਸ਼ ਵਿਦੇਸ਼ ਤੋਂ ਆਈਆਂ ਸੈਂਕੜੇ ਪੱਤਰਕਾਵਾਂ 'ਤੇ ਵਿਚਾਰ ਹੋਈ ਅਤੇ ਵਾਦ-ਵਿਵਾਦ ਦੇ ਸ਼ੁਰੂ ਤੋਂ ਅੱਜ ਤਕ ਦੇ ਹਾਲਾਤ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ। ਉਪਰੰਤ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਲੀਡਰ ਦੇ ਆਪਸੀ ਹਿਤ ਸੁਰੱਖਿਅਤ ਰੱਖਣ ਦੀ ਬਜਾਏ ਕੌਮ ਦੇ ਹਿਤਾਂ ਨੂੰ ਸੁਰੱਖਿਅਤ ਕੀਤਾ ਜਾਵੇ ਤਾਂ ਜੋ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਿੱਖ ਕੌਮ ਚੜ੍ਹਦੀ ਕਲਾ ਅਤੇ ਉਤਸ਼ਾਹ ਨਾਲ ਮਨਾ ਸਕੇ, ਕਿਉਂਕਿ ਗੁਰੂ ਰੂਪ ਸੰਗਤ ਦੀ ਸੋਚ ਵੀ ਕੁਝ ਇਸੇ ਤਰ੍ਹਾਂ ਉਭਰ ਕੇ ਕੁਝ ਦਿਨਾਂ ਵਿਚ ਸਾਹਮਣੇ ਆਈ ਹੈ।

ਖਾਲਸੇ ਦੇ ਤਿੰਨ ਸੌ ਸਾਲਾਂ ਦੇ ਇਸ ਮਹਾਨ ਇਤਿਹਾਸਕ ਦਿਹਾੜੇ ਨੂੰ ਇਸ ਹਾਲਾਤ ਵਿਚ ਮਨਾਉਣ ਲਈ ਪੰਜਾਬ ਦੀ ਰਾਜਨੀਤੀ 'ਤੇ ਛਾਏ ਹੋਏ ਕਾਲੇ ਬੱਦਲ ਹਟਾਏ ਜਾਣ ਤੋਂ ਬਿਨਾਂ ਇਹ 300 ਸਾਲਾ ਸ਼ਤਾਬਦੀ ਮਨਾਉਣੀ ਅਸੰਭਵ ਜਾਪਦੀ ਹੈ।

ਅਸੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅਕਾਲੀ ਹਾਈ ਕਮਾਨ ਨੂੰ ਇਹ ਆਦੇਸ਼ ਦਿੰਦੇ ਹਾਂ ਕਿ ਮਿਤੀ 15 ਅਪਰੈਲ 1999 ਤਕ ਕੋਈ ਵੀ ਧਿਰ ਇਕ ਦੂਜੇ ਦਾ ਕੋਈ ਵੀ ਨੁਕਸਾਨ ਨਾ ਕਰੇ। ਬਲਕਿ ਆਪਣੇ-ਆਪਣੇ ਅਹੁਦਿਆਂ 'ਤੇ ਇਸੇ ਤਰ੍ਹਾਂ ਬਣੇ ਰਹਿ ਕੇ 300 ਸਾਲਾ ਸ਼ਤਾਬਦੀ ਸਬੰਧੀ ਦਿੱਤੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ।

ਜ਼ਾਬਤਾ ਕਮੇਟੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਦਿੱਤੇ ਗਏ ਕਾਰਨ ਦੱਸੋ ਨੋਟਿਸ ਦੇ ਜੁਆਬ ਨੂੰ ਲਿਫ਼ਾਫ਼ੇ ਵਿਚ ਸੀਲਬੰਦ ਕਰ ਕੇ ਰੱਖਿਆ ਜਾਵੇ। ਮਿਤੀ 15 ਅਪਰੈਲ 1999 ਤੋਂ ਬਾਅਦ ਅਕਾਲੀ ਦਲ ਦੇ ਸੰਵਿਧਾਨ ਤੇ ਪੰਥਕ ਰਵਾਇਤਾਂ ਨੂੰ ਧਿਆਨ ਵਿਚ ਰੱਖਦਿਆਂ ਜ਼ਾਬਤਾ ਕਮੇਟੀ ਇਸ ਕਾਰਨ ਦੱਸੋ ਨੋਟਿਸ ਦੇ ਜੁਆਬ 'ਤੇ ਵਿਚਾਰ ਕਰ ਸਕਦੀ ਹੈ। ਅਸੀਂ ਆਸ ਕਰਦੇ ਹਾਂ ਕਿ ਅਕਾਲੀ ਹਾਈਕਮਾਨ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੋਈ, ਇਸ ਆਦੇਸ਼ 'ਤੇ ਅਮਲ ਕਰੇਗੀ।

ਦਸਤਖ਼ਤ : ਰਣਜੀਤ ਸਿੰਘ, ਮੋਹਣ ਸਿੰਘ
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

ਇਸ ਹੁਕਮਨਾਮੇ 'ਤੇ ਭਾਈ ਰਣਜੀਤ ਸਿੰਘ, ਗਿਆਨੀ ਭਗਵਾਨ ਸਿੰਘ (ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ), ਮੋਹਣ ਸਿੰਘ (ਹੈੱਡ ਗ੍ਰੰਥੀ ਦਰਬਾਰ ਸਾਹਿਬ), ਗੁਰਬਚਨ ਸਿੰਘ ਤੇ ਚਰਨ ਸਿੰਘ (ਗ੍ਰੰਥੀ ਦਰਬਾਰ ਸਾਹਿਬ) ਦੇ ਦਸਤਖ਼ਤ ਸਨ।

ਪਹਿਲੀ ਜਨਵਰੀ 1999 ਨੂੰ ਇਕ ਬਿਆਨ ਵਿਚ ਸਿਮਰਨਜੀਤ ਸਿੰਘ ਮਾਨ ਨੇ (ਭਾਈ) ਰਣਜੀਤ ਸਿੰਘ ਤੋਂ ਮੰਗ ਕੀਤੀ ਕਿ ਉਹ ਬਾਦਲ-ਟੌਹੜਾ ਝਗੜੇ ਵਿਚ ਦਖ਼ਲ ਨਾ ਦੇਵੇ। ਤਿੰਨ ਜਨਵਰੀ 1999 ਦੇ ਦਿਨ ਮਨਜੀਤ ਸਿੰਘ (ਮੁੱਖ ਸੇਵਾਦਾਰ ਕੇਸਗੜ੍ਹ ਸਾਹਿਬ) ਅਤੇ ਕੇਵਲ ਸਿੰਘ (ਤਲਵੰਡੀ ਸਾਬੋ) ਨੇ (ਭਾਈ) ਰਣਜੀਤ ਸਿੰਘ ਵੱਲੋਂ ਜਾਰੀ ਕੀਤੇ 'ਹੁਕਮਨਾਮੇ' ਦੀ ਮੁਖ਼ਾਲਫ਼ਤ ਕੀਤੀ। ਇਨ੍ਹਾਂ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। (ਇਹੀ ਮਨਜੀਤ ਸਿੰਘ 'ਅਕਾਲੀ ਦਲ ਅੰਮ੍ਰਿਤਸਰ' ਬਣਾਉਣ, ਅਕਾਲੀਆਂ ਵਿਚ ਏਕਤਾ ਕਰਵਾਉਣ,

ਬਾਦਲ ਨੂੰ ਏਕਤਾ ਨਾ ਕਰਨ 'ਤੇ ਝਿੜਕਾਂ ਮਾਰਨ ਵਾਸਤੇ ਖ਼ਤ ਲਿਖਣ ਵਿਚ, 1995 ਵਿਚ, ਪੇਸ਼-ਪੇਸ਼ ਸੀ)।

(ਭਾਈ) ਰਣਜੀਤ ਸਿੰਘ ਦੇ ਹੁਕਮਨਾਮੇ ਮਗਰੋਂ ਬਾਦਲ ਨੇ ਰਾਗੀ ਦਰਸ਼ਨ ਸਿੰਘ ਨਾਲ ਮੁਲਾਕਾਤ ਕੀਤੀ। ਇਕ ਸੋਮੇ ਮੁਤਾਬਿਕ ਬਾਦਲ ਨੇ (ਭਾਈ) ਰਣਜੀਤ ਸਿੰਘ ਨੂੰ ਹਟਾ ਕੇ ਉਸ ਦੀ ਥਾਂ 'ਤੇ ਰਾਗੀ ਨੂੰ ਲਿਆਉਣ ਦੀ ਪੇਸ਼ਕਸ਼ ਕੀਤੀ, ਪਰ ਸ਼ਰਤ ਇਹ ਰੱਖੀ ਸੀ ਕਿ ਰਾਗੀ (ਭਾਈ) ਰਣਜੀਤ ਸਿੰਘ ਵਾਲਾ 'ਹੁਕਮਨਾਮਾ' ਵਾਪਿਸ ਲੈ ਲਵੇ। ਰਾਗੀ ਨੇ ਇਸ ਨੂੰ ਸ਼ਰਤਾਂ ਨਾਲ ਕਬੂਲ ਕਰਨੋਂ ਨਾਂਹ ਕਰ ਦਿੱਤੀ।

2 ਜਨਵਰੀ 1999 ਦੇ ਦਿਨ (ਪ੍ਰੋ:) ਮਨਜੀਤ ਸਿੰਘ ਅਤੇ (ਗਿਆਨੀ) ਕੇਵਲ ਸਿੰਘ ਨੇ ਇਸ ਹੁਕਮਨਾਮੇ ਦੀ ਕਰੜੀ ਮੁਖ਼ਾਲਫ਼ਤ ਕੀਤੀ ਅਤੇ ਕਿਹਾ ਕਿ "ਇਸ ਸਮੇਂ ਸਾਨੂੰ ਸਿਆਸੀ ਮਾਮਲਿਆਂ ਵਿਚ ਦਖ਼ਲ ਦੇਣ ਦੀ ਬਜਾਇ ਧਾਰਮਿਕ ਆਗੂਆਂ ਦੀ ਏਕਤਾ ਦੀ ਲੋੜ ਹੈ।" (ਇਨ੍ਹਾਂ ਦਾ ਇਸ਼ਾਰਾ (ਭਾਈ) ਰਣਜੀਤ ਸਿੰਘ ਦੀ ਉਨ੍ਹਾਂ ਦੋਹਾਂ ਨਾਲ 'ਏਕਤਾ' ਵੱਲ ਸੀ)। ਉਨ੍ਹਾਂ ਨੇ ਇਸ ਹੁਕਮਨਾਮੇ 'ਤੇ ਮੁੜ ਵਿਚਾਰ ਕਰਨ ਵਾਸਤੇ ਵੀ ਕਿਹਾ। ਇਸੇ ਦਿਨ ਟੌਹੜਾ ਤੇ ਬਾਦਲ ਦੇ 'ਕਾਰਨ ਦਸੋ' ਨੋਟਿਸ ਦਾ ਜਵਾਬ ਵੀ ਦੇ ਦਿੱਤਾ।

3 ਜਨਵਰੀ ਨੂੰ ਰਣਜੀਤ ਸਿੰਘ ਨੇ ਪ੍ਰੈਸ ਕਾਨਫ਼ਰੰਸ ਕਰ ਕੇ ਕਿਹਾ ਕਿ "ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਨਾ ਕਦੀ ਦੋਬਾਰਾ ਵਿਚਾਰਿਆ ਗਿਆ ਹੈ ਅਤੇ ਨਾ ਵਿਚਾਰਿਆ ਜਾਵੇਗਾ।" ਉਸ ਨੇ ਇਹ ਵੀ ਕਿਹਾ ਕਿ "ਬਾਦਲ ਕੋਲ ਸ਼੍ਰੋਮਣੀ ਕਮੇਟੀ ਵਿਚ ਅਕਸਰੀਅਤ (ਬਹੁ-ਗਿਣਤੀ) ਹੈ। ਇਸ ਲਈ ਜੇ ਕਰ ਕਮੇਟੀ ਉਸ ਨੂੰ ਜਥੇਦਾਰ ਦੀ ਪਦਵੀ ਤੋਂ ਹਟਾਏਗੀ ਤਾਂ ਉਹ ਬਿਨਾਂ ਕਿਸੇ ਵਿਰੋਧ ਦੇ ਇਹ ਪਦਵੀ ਛੱਡ ਦੇਵੇਗਾ। ਉਹ ਇਸ ਦੇ ਖ਼ਿਲਾਫ਼ ਕੋਈ ਅਪੀਲ ਨਹੀਂ ਕਰੇਗਾ ਅਤੇ ਨਾ ਹੀ ਇਸ ਅਹੁਦੇ 'ਤੇ ਬਣੇ ਰਹਿਣ ਵਾਸਤੇ ਕਿਸੇ ਅਦਾਲਤ ਵਿਚ ਜਾਵੇਗਾ।" (**ਉਂਞ ਜਦ 10 ਫ਼ਰਵਰੀ 1999 ਨੂੰ ਬਾਦਲ ਧੜੇ ਨੇ ਰਣਜੀਤ ਸਿੰਘ ਨੂੰ ਅਕਾਲ-ਤਖ਼ਤ ਸਾਹਿਬ ਦੀ (ਅਖੌਤੀ) ਜਥੇਦਾਰੀ ਤੋਂ ਹਟਾਇਆ ਤਾਂ ਉਸ ਨੇ ਇਸ ਫ਼ੈਸਲੇ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਆਪ ਨੂੰ 'ਅਸਲੀ' ਜਥੇਦਾਰ ਆਖਣਾ ਜਾਰੀ ਰੱਖਿਆ** ਅਤੇ ਸ਼ਾਇਦ ਅੱਜ 2005 ਵਿਚ ਵੀ ਖ਼ੁਦ ਨੂੰ ਅਖੌਤੀ 'ਜਥੇਦਾਰ' ਹੀ ਆਖਦਾ ਹੈ।

ਇਸੇ ਪ੍ਰੈੱਸ ਕਾਨਫ਼ਰੰਸ ਵਿਚ (ਭਾਈ) ਰਣਜੀਤ ਸਿੰਘ ਨੇ ਇਹ ਵੀ ਕਿਹਾ ਕਿ ਦੋਵੇਂ 'ਸਿੰਘ ਸਾਹਿਬ' (**ਮਨਜੀਤ ਸਿੰਘ ਤੇ ਕੇਵਲ ਸਿੰਘ**) '**ਮੁਰਾਦਾਬਾਦੀ ਲੋਟੇ**' ਹਨ। ਬਾਦਲ ਧੜੇ ਦੇ ਹਿਮਾਇਤੀਆਂ ਵੱਲੋਂ ਕੀਤੀ ਗਈ ਨੁਕਤਾਚੀਨੀ ਸਬੰਧੀ ਵਿਚ ਉਸ ਨੇ ਆਖਿਆ ਕਿ **ਮੈਂ ਝੰਡੂਆਂ ਭੰਗੂਆਂ ਦਾ ਜਵਾਬ ਨਹੀਂ ਦੇਵਾਂਗਾ।**

ਤਿੰਨ ਜਨਵਰੀ ਨੂੰ ਮਨਜੀਤ ਸਿੰਘ (ਕੇਸਗੜ੍ਹ) ਦੇ ਖ਼ਾਸ ਹਿਮਾਇਤੀਆਂ, ਪਟਿਆਲਾ ਦੇ ਡਾਕਟਰ ਕਿਹਰ ਸਿੰਘ, ਡਾ: ਕੁਲਵੰਤ ਸਿੰਘ ਗਰੇਵਾਲ, ਡਾ: ਗੁਰਤਾਰਨ ਸਿੰਘ ਵ਼ਗ਼ੈਰਾ ਨੇ (ਭਾਈ) ਰਣਜੀਤ ਸਿੰਘ ਦੇ 'ਹੁਕਮਨਾਮੇ' ਦੇ ਖ਼ਿਲਾਫ਼ ਬਿਆਨ ਦਿੱਤਾ। ਉਨ੍ਹਾਂ ਤਾਂ ਇਕ ਹੋਰ ਜਗ੍ਹਾ 'ਤੇ ਰਣਜੀਤ ਸਿੰਘ ਨੂੰ '**ਪਾਗ਼ਲ**' ਵੀ ਆਖਿਆ। ਇਸ ਸਬੰਧ ਵਿਚ ਇਕ ਵਿਦਵਾਨ ਨੇ ਆਖਿਆ ਕਿ "ਕਿਹਰ ਸਿੰਘ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਨ ਦੀ ਖ਼ਾਹਿਸ਼ ਵਿਚ ਇਹ ਸਾਰਾ ਕੁਝ ਕਰ ਰਿਹਾ ਹੈ।" ਚਾਰ ਜਨਵਰੀ ਨੂੰ ਕੇਸਗੜ੍ਹ ਵਾਲੇ ਮਨਜੀਤ ਸਿੰਘ ਨੇ ਬਾਦਲ ਦੀ ਹਿਮਾਇਤ ਵਿਚ ਇਕ ਹੋਰ ਬਿਆਨ ਜਾਰੀ ਕਰ ਦਿੱਤਾ।

7 ਜਨਵਰੀ ਨੂੰ ਬਾਦਲ ਨੇ ਅਕਾਲੀ ਦਲ ਨਾਲ ਸੰਬੰਧਿਤ ਐਮ.ਐਲ.ਏਜ਼., ਐਮ.ਪੀਜ਼., ਸ਼੍ਰੋਮਣੀ ਕਮੇਟੀ ਮੈਂਬਰ, ਅਕਾਲੀ ਦਲ ਦੇ ਅਹੁਦੇਦਾਰ ਅਤੇ ਜ਼ਿਲ੍ਹਾਂ ਜਥੇਦਾਰਾਂ ਦੀ ਇਕ ਮੀਟਿੰਗ ਅਨੰਦਪੁਰ ਸਾਹਿਬ ਬੁਲਾ ਲਈ। ਇਸ ਮੀਟਿੰਗ ਵਿਚ ਜਥੇਦਾਰ ਟੌਹੜਾ ਵੀ ਹਾਜ਼ਿਰ ਸੀ। ਇਸ ਮੀਟਿੰਗ ਵਿਚ ਬਾਦਲ ਨੇ ਖਾਲਸਾ ਪ੍ਰਗਟ ਦੇ ਤਿੰਨ ਸੌ ਸਾਲਾ ਸਮਾਗਮਾਂ ਦੇ ਸਾਰੇ ਹਕੂਕ ਆਪਣੇ ਹੱਥ ਵਿਚ ਲੈਣ ਦਾ ਮਤਾ ਪਾਸ ਕਰਵਾ ਲਿਆ।

7 ਜਨਵਰੀ ਨੂੰ ਬਾਦਲ ਨੇ ਜਥੇਦਾਰ ਟੌਹੜਾ 'ਤੇ ਇਕ ਹੋਰ ਵਾਰ ਕੀਤਾ। ਉਸ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੈਂਬਰਾਂ, ਕਸ਼ਮੀਰ ਸਿੰਘ, ਦਾਰਾ ਸਿੰਘ ਤੇ ਰਘਬੀਰ ਸਿੰਘ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਆਪਣੇ ਨਿਜੀ ਵਫ਼ਾਦਾਰ ਮਨਮੋਹਨ ਸਿੰਘ, ਅਮਰੀਕ ਸਿੰਘ ਰੰਧਾਵਾ ਅਤੇ ਅਜਵੰਤ ਸਿੰਘ ਮਾਨ ਲਾ ਦਿੱਤੇ। ਅਗਲੇ ਦਿਨ ਸ਼੍ਰੋਮਣੀ ਕਮੇਟੀ ਦੇ 92 ਮੈਂਬਰਾਂ ਦੇ ਨਾਂ ਹੇਠ ਇਕ ਬਿਆਨ ਜਾਰੀ ਕਰ ਕੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੈਂਬਰ ਬਦਲਣ ਦੀ ਮੁਖ਼ਾਲਫ਼ਤ ਕੀਤੀ ਗਈ। ਇਹ ਬਿਆਨ ਸ਼੍ਰੋਮਣੀ ਕਮੇਟੀ ਦੇ ਦਫ਼ਤਰੋਂ ਜਾਰੀ ਕੀਤਾ ਗਿਆ ਸੀ।

10 ਜਨਵਰੀ ਨੂੰ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ 185 ਵਿੱਚੋਂ 140 ਮੈਂਬਰਾਂ ਦੀ ਹਿਮਾਇਤ ਦਾ ਦਾਅਵਾ ਕੀਤਾ। ਉਸ ਨੇ ਅਖ਼ਬਾਰੀ ਨਾਮਾਨਿਗਾਰਾਂ ਸਾਹਮਣੇ ਸ਼੍ਰੋਮਣੀ ਕਮੇਟੀ ਦੇ 47 ਉਹ ਮੈਂਬਰ ਪੇਸ਼ ਕੀਤੇ, ਜਿਨ੍ਹਾਂ ਦੇ ਨਾਂ ਜਥੇਦਾਰ ਟੌਹੜਾ ਦੇ ਹਿਮਾਇਤੀਆਂ ਨੇ ਬੀਤੇ ਦਿਨ 92 ਦੀ ਲਿਸਟ ਵਿਚ ਸ਼ਾਮਿਲ ਕੀਤੇ ਸਨ। ਇਨ੍ਹਾਂ 47 ਤੋਂ ਇਲਾਵਾ ਬਾਦਲ ਨੇ 68 ਹੋਰ ਮੈਂਬਰਾਂ ਦੀ ਸ਼ਨਾਖ਼ਤ ਵੀ ਨਾਮਾਨਿਗਾਰਾਂ ਨੂੰ ਕਰਵਾਈ। ਇਸ ਮੌਕੇ 'ਤੇ ਬਾਦਲ ਨੇ ਇਹ ਵੀ ਆਖਿਆ ਕਿ ਇਨ੍ਹਾਂ 115 ਤੋਂ ਇਲਾਵਾ 25 ਹੋਰ ਮੈਂਬਰ ਵੀ ਉਸ ਦੇ ਨਾਲ ਹਨ।

ਬਾਦਲ ਨੇ ਅਗਲੇ ਐਕਸ਼ਨ ਵਜੋਂ 11 ਜਨਵਰੀ ਨੂੰ ਜਥੇਦਾਰ ਤਲਵੰਡੀ ਅਤੇ 15 ਜਨਵਰੀ ਨੂੰ ਸੁਰਜੀਤ ਬਰਨਾਲੇ ਨਾਲ ਮੁਲਾਕਾਤਾਂ ਕੀਤੀਆਂ। ਇਨ੍ਹਾਂ ਮੁਲਾਕਾਤਾਂ ਵਿਚ ਬਾਦਲ ਨੇ ਦੋਹਾਂ ਨੂੰ ਟੌਹੜਾ ਜਾਂ ਬਾਦਲ ਵਿੱਚੋਂ ਇਕ ਚੁਣਨ ਵਾਸਤੇ ਆਖਿਆ। ਬਾਦਲ ਨੇ ਦੋਹਾਂ ਨੂੰ ਖ਼ਬਰਦਾਰ ਕੀਤਾ ਕਿ "ਮੈਂ ਜਥੇਦਾਰ ਟੌਹੜਾ ਨੂੰ ਤਾਂ ਹਟਾ ਹੀ ਦੇਣਾ ਹੈ ਤੇ ਜੇ ਤੁਸੀਂ ਮੇਰਾ ਸਾਥ ਨਾ ਦਿੱਤਾ ਤਾਂ ਅਗਲਾ ਵਾਰ ਤੁਹਾਡੇ 'ਤੇ ਵੀ ਹੋ ਜਾਣਾ ਹੈ।" ਦੋਹਾਂ ਨੇ ਡਰਦਿਆਂ ਬਾਦਲ ਦੀ ਧਮਕੀ ਅੱਗੇ ਹਥਿਆਰ ਸੁੱਟ ਦਿੱਤੇ।

ਅਕਾਲ ਤਖ਼ਤ ਸਾਹਿਬ ਹੁਕਮਨਾਮਾ 'ਵਾਪਿਸ' ਲਵੇ

ਹੁਣ ਬਾਦਲ ਵੱਲੋਂ ਜਥੇਦਾਰ ਟੌਹੜਾ ਨੂੰ ਹਟਾਏ ਜਾਣ ਦੇ ਰਸਤੇ ਵਿਚ ਸਿਰਫ਼ ਇੱਕੋ ਰੁਕਾਵਟ ਸੀ। ਉਹ ਸੀ (ਭਾਈ) ਰਣਜੀਤ ਸਿੰਘ ਦਾ ਅਖੌਤੀ 'ਹੁਕਮਨਾਮਾ', ਜਿਸ ਮੁਤਾਬਿਕ ਜਥੇਦਾਰ ਟੌਹੜਾ ਨੂੰ 15 ਅਪਰੈਲ ਤਕ ਹਟਾਇਆ ਨਹੀਂ ਸੀ ਜਾ ਸਕਦਾ। ਇਸ ਕਰ ਕੇ ਬਾਦਲ ਨੇ ਹੁਣ ਇਸ 'ਹੁਕਮਨਾਮੇ' ਨੂੰ ਖ਼ਤਮ ਕਰਨ ਵੱਲ ਕਦਮ ਪੁਟਿਆ। ਬਾਦਲ ਨੇ ਜ਼ਿਲ੍ਹਾ ਹੈੱਡ-ਕੁਆਰਟਰਜ਼ 'ਤੇ ਜਾ ਕੇ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਰਾਹੀਂ, ਸ਼੍ਰੋਮਣੀ ਕਮੇਟੀ ਦੇ ਮੈਂਬਰ ਤਲਬ ਕਰ ਕੇ, ਉਨ੍ਹਾਂ ਤੋਂ ਦੋ ਦੋ ਥਾਵਾਂ 'ਤੇ ਦਸਤਖ਼ਤ ਕਰਵਾਏ ਹੋਏ ਸਨ। ਉਨ੍ਹਾਂ ਵਿੱਚੋਂ ਇਕ ਸੈੱਟ ਦੇ ਉੱਤੇ ਬਾਦਲ ਨੇ ਇਹ ਲਿਖਵਾ ਲਿਆ ਕਿ "ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਜਾਂਦੀ ਹੈ ਕਿ 31 ਦਿਸੰਬਰ

1998 ਨੂੰ ਜਾਰੀ ਕੀਤਾ ਹੁਕਮਨਾਮਾ ਵਾਪਿਸ ਲਿਆ ਜਾਵੇ।" ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਚੋਂ ਇਨ੍ਹਾਂ 131 ਮੈਂਬਰਾਂ ਦੇ ਦਸਤਖ਼ਤਾਂ ਦਾ ਇਕ ਖ਼ਾਲੀ ਸੈੱਟ ਬਾਦਲ ਕੋਲ ਮੌਜੂਦ ਸੀ ਜਿਸ 'ਤੇ ਉਹ (ਬਾਦਲ) ਜੋ ਚਾਹੇ ਲਿਖ ਸਕਦਾ ਸੀ। ਹੁਣ ਬਾਦਲ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਵਾਪਿਸ ਲੈਣ ਵਾਸਤੇ ਇਨ੍ਹਾਂ 131 ਮੈਂਬਰਾਂ ਦਸਤਖ਼ਤਾਂ ਦੀ ਚਿੱਠੀ (ਭਾਈ) ਰਣਜੀਤ ਸਿੰਘ ਨੂੰ ਪਹੁੰਚਾਉਣ ਵਾਸਤੇ ਆਪਣੀ ਕੋਠੀ ਤੋਂ ਸ਼੍ਰੋਮਣੀ ਕਮੇਟੀ ਦੇ ਫ਼ੈਕਸ ਨੰਬਰ 553915 'ਤੇ ਫ਼ੈਕਸ ਕਰ ਦਿੱਤੀ। ਇਹ 131 ਮੈਂਬਰ ਹੇਠ ਲਿਖੇ ਸਨ :

ਹਰਿਆਣਾ : 1. ਅਮਰਜੀਤ ਸਿੰਘ ਜੱਗੀ (ਯਮੁਨਾ ਨਗਰ), 2. ਕਰਤਾਰ ਕੌਰ (ਕੁਰੂਕਸ਼ੇਤਰ), 3. ਬਲਕੌਰ ਸਿੰਘ ਕਾਲਿਆਂਵਾਲੀ (ਡੱਬਵਾਲੀ), 4. ਹਰਦਿਆਲ ਸਿੰਘ ਬਰਾੜ (ਡੱਬਵਾਲੀ), 5. ਹਰਦਮ ਸਿੰਘ ਸ਼ੇਰਗਿੱਲ (ਸਿਰਸਾ), 6. ਸੁਰਜੀਤ ਸਿੰਘ ਨਿਡਰ (ਅੰਬਾਲਾ), 7. ਰਘੂਜੀਤ ਸਿੰਘ ਵਿਰਕ (ਕਰਨਾਲ); **ਹਿਮਾਚਲ ਪ੍ਰਦੇਸ਼** : 8. ਸਤਨਾਮ ਸਿੰਘ (ਸ਼ਿਮਲਾ); **ਪੰਜਾਬ : ਜ਼ਿਲ੍ਹਾ ਮੁਕਤਸਰ** : 9. ਗੁਰਪਾਲ ਸਿੰਘ ਗੋਰਾ (ਗਿੱਦੜਬਾਹਾ), 10. ਦਿਆਲ ਸਿੰਘ ਕਾਲਿਆਂਵਾਲੀ (ਮਲੋਟ), 11. ਸਰੂਪ ਸਿੰਘ ਸੀਬੀਆ (ਮੁਕਤਸਰ), 12. ਮੁਖਤਿਆਰ ਕੌਰ ਕੋਟ ਭਾਈ (ਦੋਦਾ), 13. ਨਵਤੇਜ ਸਿੰਘ ਕਾਉਣੀ (ਦੋਦਾ), 14. ਮਨਜੀਤ ਕੌਰ ਚਿੜੇਵਾਨ (ਮੁਕਤਸਰ); **ਜ਼ਿਲ੍ਹਾ ਫ਼ਿਰੋਜ਼ਪੁਰ** : 15. ਕੁਲਦੀਪ ਸਿੰਘ ਢੋਸ (ਧਰਮਕੋਟ), 16. ਸਤਪਾਲ ਸਿੰਘ ਤਲਵੰਡੀ (ਤਲਵੰਡੀ ਭਾਈ), 17. ਦਾਰਾ ਸਿੰਘ (ਜ਼ੀਰਾ), 18. ਸੂਬੇਦਾਰ ਤਰਲੋਚਨ ਸਿੰਘ ਸੰਧੂ (ਫ਼ਿਰੋਜ਼ਪੁਰ) 19. ਸੂਬਾ ਸਿੰਘ ਡੱਬਵਾਲਾ (ਫ਼ਾਜ਼ਿਲਕਾ), 20. ਇੰਦਰਜੀਤ ਸਿੰਘ ਗਿੱਲ (ਅਬੋਹਰ), 21. ਦਵਿੰਦਰ ਕੌਰ (ਮਮਦੋਟ), 22. ਹਰਜੀਤ ਕੌਰ (ਧਰਮਕੋਟ), 23. ਜ਼ੋਰਾ ਸਿੰਘ ਚੱਕ ਸੁਹੇਲੇਵਾਲਾ (ਜਲਾਲਾਬਾਦ); **ਜ਼ਿਲ੍ਹਾ ਮੋਗਾ** : 24. ਗੁਰਮੇਲ ਸਿੰਘ ਸੰਗਤਪੁਰਾ (ਨਿਹਾਲ ਸਿੰਘ ਵਾਲਾ), 25. ਕੁਲਵਿੰਦਰ ਕੌਰ ਲੰਗੇਆਣਾ (ਬਾਘਾ ਪੁਰਾਣਾ), 27. ਇੰਦਰਜੀਤ ਸਿੰਘ ਡਲਵੰਡੀ ਭੰਮੇਰੀਆਂ (ਮੋਗਾ), 28. ਰਣਧੀਰ ਸਿੰਘ ਰੋਡੇ (ਬਾਘਾ ਪੁਰਾਣਾ), 29. ਜਗੀਰ ਸਿੰਘ ਖੋਸਾ (ਘੱਲ ਕਲਾਂ); **ਜ਼ਿਲ੍ਹਾ ਫ਼ਰੀਦਕੋਟ** : 30. ਮੱਖਣ ਸਿੰਘ ਨੰਗਲ (ਕੋਟਕਪੂਰਾ), 31. ਜਗਜੀਤ ਸਿੰਘ ਬਰਾੜ (ਜੈਤੋ), 32. ਨਾਜ਼ਰ ਸਿੰਘ ਸਰਾਵਾਂ (ਜੈਤੋ), 33. ਗੁਰਦੇਵ ਕੌਰ ਧਾਲੀਵਾਲ (ਕੋਟਕਪੂਰਾ), 34. ਮਹਿੰਦਰ ਸਿੰਘ ਰੋਮਾਣਾ (ਫ਼ਰੀਦਕੋਟ); **ਜ਼ਿਲ੍ਹਾ ਬਠਿੰਡਾ** : 35. ਗੁਰਤੇਜ ਸਿੰਘ ਜੋਧਪੁਰ ਪਾਖਰ (ਮੌੜ), 36. ਹਰਚਰਨ ਸਿੰਘ ਗਿੱਲ (ਬਠਿੰਡਾ), 37. ਕੇਹਰ ਸਿੰਘ ਰਾਠੌਰ (ਤਲਵੰਡੀ ਸਾਬੋ), 38. ਮੁਖਤਿਆਰ ਸਿੰਘ ਨਥਾਣਾ (ਭਗਤਾ), 39. ਦਰਸ਼ਨ ਕੌਰ ਤੂਫ਼ਾਨ (ਬਠਿੰਡਾ), 40. ਬਲਵੰਤ ਸਿੰਘ ਖਾਲਸਾ (ਬਲੂਆਣਾ), 41. ਸਤਿਨਾਮ ਸਿੰਘ ਭਾਈ ਰੂਪਾ (ਰਾਮਪੁਰਾ ਫੂਲ); **ਜ਼ਿਲਾ ਮਾਨਸਾ** : 42. ਜਗਜੀਤ ਸਿੰਘ ਗੁਰਨੇ ਕਲਾਂ (ਬੁਢਲਾਡਾ), 43. ਚਤਿੰਨ ਸਿੰਘ ਸਮਾਓਂ (ਜੋਗਾ), 44. ਕੌਰ ਸਿੰਘ ਖਾਰਾ (ਮਾਨਸਾ), 45. ਕਸ਼ਮੀਰ ਕੌਰ ਝੰਡਾਕਲਾਂ (ਸਰਦੂਲ ਗੜ੍ਹ), 46. ਬਲਦੇਵ ਸਿੰਘ ਮਾਖਾ ਚਹਿਲਾਂ (ਜੋਗਾ), 47. ਮੁਖਤਿਆਰ ਸਿੰਘ ਟਾਂਡੀਆਂ (ਸਰਦੂਲਗੜ੍ਹ); **ਜ਼ਿਲ੍ਹਾ ਸੰਗਰੂਰ** : 48. ਮਹਿੰਦਰ ਸਿੰਘ ਦੀਵਾਨਾ (ਭਦੌੜ), 49. ਸੁਰਿੰਦਰ ਕੌਰ ਸੇਹਕੇ (ਮਲੇਰਕੋਟਲਾ), 50. ਰਘਬੀਰ ਸਿੰਘ ਜਖੇਪਲ (ਸੁਨਾਮ), 51. ਊਦੈ ਸਿੰਘ ਲੌਂਗੋਵਾਲ (ਲੌਂਗੋਵਾਲ), 52. ਸਾਧੂ ਸਿੰਘ ਰਾਗੀ (ਭਦੌੜ), 53. ਮੁਖਤਿਆਰ ਕੌਰ (ਮੂਣਕ), 54. ਜੋਗਾ ਸਿੰਘ ਫੱਗੂਵਾਲਾ (ਸੰਗਰੂਰ), 55. ਸੀਤਾ ਸਿੰਘ ਮੁਨਸ਼ੀਵਾਲਾ (ਸੰਗਰੂਰ), 56. ਕੌਰ ਸਿੰਘ ਮੌੜ (ਦਿੜ੍ਹਬਾ);

ਪਟਿਆਲਾ : 57. ਰਤਨ ਸਿੰਘ ਅਲਹੋਰਾਂ (ਨਾਭਾ), 58. ਕਿਰਪਾਲ ਸਿੰਘ ਬੰਡੂਗਰ (ਕੋਆਪਟਡ), 59. ਤੇਜਿੰਦਰ ਕੌਰ ਸੇਤੀਆ (ਰਾਜਪੁਰਾ), 60. ਕਮਲੇਸ਼ ਕੌਰ ਖਾਲਸਾ (ਪਟਿਆਲਾ ਸ਼ਹਿਰ), 61. ਜੋਗਿੰਦਰ ਸਿੰਘ ਪੰਜਰਥ (ਸਮਾਣਾ), 62. ਧਿਆਨ ਸਿੰਘ ਝਰਮੜੀ (ਡੇਰਾ ਬੱਸੀ), 63. ਬਚਨ ਸਿੰਘ ਸਫੇੜਾ; **ਜ਼ਿਲ੍ਹਾ ਨਵਾਂ ਸ਼ਹਿਰ** : 64. ਤਰਲੋਚਨ ਸਿੰਘ ਦੁਪਾਲਪੁਰ (ਨਵਾਂ ਸ਼ਹਿਰ), 65. ਮਹਿੰਦਰ ਸਿੰਘ ਹੁਸੈਨਪੁਰ (ਬਲਾਚੌਰ); **ਜ਼ਿਲ੍ਹਾ ਜਲੰਧਰ** : 66. ਪ੍ਰਤਾਪ ਸਿੰਘ ਐਡਵੋਕੇਟ (ਜਲੰਧਰ ਸ਼ਹਿਰ), 67. ਗੁਰਦੀਪ ਕੌਰ ਆਨੰਦ (ਜਲੰਧਰ ਸ਼ਹਿਰ), 68. ਸੁਖਬੀਰ ਸਿੰਘ ਅਵਾਦਾਨ (ਕਰਤਾਰਪੁਰ), 69. ਰਣਜੀਤ ਸਿੰਘ ਡਰੋਲੀ ਕਲਾਂ (ਆਦਮਪੁਰ), 70. ਸੁਰਿੰਦਰ ਕੌਰ ਲੱਲੀਆਂ (ਫਿਲੌਰ), 71. ਕੁਲਦੀਪ ਸਿੰਘ ਪਾਸਲਾ (ਨਕੋਦਰ), 72. ਸ਼ਿੰਗਾਰਾ ਸਿੰਘ ਲੋਹੀਆਂ (ਸ਼ਾਹਕੋਟ); **ਜ਼ਿਲ੍ਹਾ ਕਪੂਰਥਲਾ** : 73. ਜੈਮਲ ਸਿੰਘ ਸੁਲਤਾਨਪੁਰ ਲੋਧੀ (ਸੁਲਤਾਨਪੁਰ), 74. ਜੀਵਨ ਸਿੰਘ ਭੰਡਾਲ ਬੇਟ (ਕਪੂਰਥਲਾ), 75. ਭਜਨ ਕੌਰ ਡੋਗਰਾਂਵਾਲਾ (ਕਪੂਰਥਲਾ), 76. ਜਗੀਰ ਕੌਰ ਬੇਗੋਵਾਲ (ਭੁਲੱਥ); **ਜ਼ਿਲ੍ਹਾ ਅੰਮ੍ਰਿਤਸਰ** : 77. ਹਰਭਿੰਦਰ ਦੀਪ ਸਿੰਘ ਲਾਇਲਪੁਰੀ (ਬਾਬਾ ਬਕਾਲਾ), 78. ਜੋਗਿੰਦਰ ਸਿੰਘ ਫੇਰੂਮਾਨ (ਬਾਬਾ ਬਕਾਲਾ), 79. ਕਸ਼ਮੀਰ ਸਿੰਘ ਗੰਡੀਵਿੰਡ (ਝਬਾਲ), 80. ਪ੍ਰੀਤ ਸਿੰਘ ਬਰਸਾਲ (ਅਜਨਾਲਾ), 81. ਜਸਵਿੰਦਰ ਕੌਰ ਕੋਟ (ਮੱਤੇਵਾਲ), 82. ਬਲਬੀਰ ਸਿੰਘ ਸੁਰ ਸਿੰਘ (ਵਲਟੋਹਾ), 83. ਫ਼ੌਜਾ ਸਿੰਘ ਪੱਟੀ (ਪੱਟੀ), 84. ਪੂਰਨ ਸਿੰਘ ਜੋਸ਼ (ਅੰਮ੍ਰਿਤਸਰ ਸ਼ਹਿਰ ਕੇਂਦਰੀ), 85. ਜਗੀਰ ਸਿੰਘ ਕੰਗ (ਮੱਤੇਵਾਲ), 86. ਸੰਤੋਖ ਸਿੰਘ ਕੋਟਲਾ ਸੁਲਤਾਨ ਸਿੰਘ (ਗੁਰੂ ਦਾ ਬਾਗ਼), 87. ਬਲਵੰਤ ਸਿੰਘ ਢਿੱਲੋਂ (ਜੰਡਿਆਲਾ ਗੁਰੂ), 88. ਹਰਦਲਬੀਰ ਸਿੰਘ ਸ਼ਾਹ (ਵੇਰਕਾ), 89. ਰਾਜ ਸਿੰਘ ਗਿੱਲ (ਵਲਟੋਹਾ), 90. ਬਲਵੰਤ ਸਿੰਘ ਨਾਗੋਕੇ (ਖਡੂਰ ਸਾਹਿਬ), 91. ਬਲਬੀਰ ਸਿੰਘ ਨੌਸ਼ਹਿਰਾ ਪੰਨੂਆਂ (ਨੌਸ਼ਹਿਰਾ ਪੰਨੂਆਂ), 92. ਸੁਖਵਿੰਦਰ ਸਿੰਘ ਝਬਾਲ (ਝਬਾਲ), 93. ਹਰਬੰਸ ਕੌਰ ਨੌਸ਼ਹਿਰਾ ਪੰਨੂਆਂ (ਨੌਸ਼ਹਿਰਾ ਪੰਨੂਆਂ), 94. ਅਲਵਿੰਦਰਪਾਲ ਸਿੰਘ ਪੱਖੋਕੇ (ਤਰਨ ਤਾਰਨ), 95. ਮਨਜੀਤ ਕੌਰ ਅਲਾਵਲਪੁਰ (ਤਰਨ ਤਾਰਨ), 96. ਜਸਵਿੰਦਰ ਸਿੰਘ ਐਡਵੋਕੇਟ (ਅੰਮ੍ਰਿਤਸਰ ਸ਼ਹਿਰ ਪੱਛਮੀ), 97. ਕਿਰਨਜੋਤ ਕੌਰ (ਅੰਮ੍ਰਿਤਸਰ ਸ਼ਹਿਰ ਕੇਂਦਰੀ); **ਜ਼ਿਲ੍ਹਾ ਗੁਰਦਾਸਪੁਰ** : 98. ਅਮਰਜੀਤ ਕੌਰ ਸੇਖਵਾਂ (ਗੁਰਦਾਸਪੁਰ), 99. ਸੁਰਜੀਤ ਕੌਰ ਗੁਜਰਪੁਰਾ (ਕਾਲਾ ਅਫ਼ਗਾਨਾ), 100. ਦਰਸ਼ਨ ਸਿੰਘ ਕੌਂਟਾਂ (ਗੁਰਦਾਸਪੁਰ), 101. ਬਖ਼ਸ਼ੀਸ਼ ਸਿੰਘ ਧਾਰੋਵਾਲੀ (ਡੇਰਾ ਬਾਬਾ ਨਾਨਕ), 102. ਜੋਧ ਸਿੰਘ (ਕੋ-ਆਪਟਡ), 103. ਨਰਿੰਦਰ ਸਿੰਘ ਪਾਹੜਾ (ਕੋ-ਆਪਟਡ), 104. ਸੁੱਚਾ ਸਿੰਘ ਲੰਗਾਹ (ਧਾਰੀਵਾਲ), 105. ਪ੍ਰੀਤਮ ਸਿੰਘ ਭਾਟੀਆ (ਬਟਾਲਾ), 106. ਦਿਲਬਾਗ ਸਿੰਘ ਪਠਾਨਕੋਟ (ਪਠਾਨਕੋਟ); **ਜ਼ਿਲ੍ਹਾ ਹੁਸ਼ਿਆਰਪੁਰ** : 107. ਬਲਦੇਵ ਸਿੰਘ ਮਾਹਿਲਪੁਰੀ (ਹੁਸ਼ਿਆਰਪੁਰ), 108. ਭਗਵੰਤ ਸਿੰਘ ਹਰਦੋਬਲਾ (ਦਸੂਹਾ), 109. ਬਲਬੀਰ ਸਿੰਘ ਕੁਰਾਲਾ (ਦਸੂਹਾ), 110. ਜੰਗ ਬਹਾਦਰ ਸਿੰਘ ਰਾਏ (ਗੜ੍ਹਸ਼ੰਕਰ); **ਜ਼ਿਲ੍ਹਾ ਰੋਪੜ** : 111. ਪ੍ਰੀਤ ਸਿੰਘ ਸੱਲੋਮਾਜਰਾ (ਰੂਪਨਗਰ), 112. ਮੋਖਾ ਸਿੰਘ ਘੜੂੰਆਂ (ਖਰੜ), 113. ਦਲਜੀਤ ਕੌਰ ਕੋਟਲਾ ਨਿਹੰਗ (ਰੂਪਨਗਰ), 114. ਜਰਨੈਲ ਸਿੰਘ ਔਲਖ (ਅਨੰਦਪੁਰ ਸਾਹਿਬ); **ਕੋ-ਆਪਟਡ ਮੈਂਬਰ (ਪੰਜਾਬ ਤੋਂ ਬਾਹਰ ਦੇ)** : 115. ਸਤਿਆਇੰਦਰ ਸਿੰਘ ਦਿੱਲੀ, 116. ਜਸਵਿੰਦਰ ਸਿੰਘ ਲਖਨਊ, 117. ਇੰਦਰਪਾਲ ਸਿੰਘ ਖਾਲਸਾ

ਦਿਲੀ, 118. ਅਮਰਜੀਤ ਸਿੰਘ ਚੰਡੋਕ ਮੁਬੰਈ, 119. ਸੁਰਜੀਤ ਸਿੰਘ ਕੰਗ ਗੰਗਾ ਨਗਰ; **ਜ਼ਿਲ੍ਹਾ ਲੁਧਿਆਣਾ** : 120. ਗੁਰਮੇਲ ਸਿੰਘ ਸੰਗੋਵਾਲ (ਦੋਰਾਹਾ), 121. ਹਰਬੰਸ ਕੌਰ ਸੁਖਾਨਾ (ਰਾਏਕੋਟ), 122. ਅਮਰਜੀਤ ਸਿੰਘ ਭਾਟੀਆ (ਲੁਧਿਆਣਾ ਪੱਛਮੀ), 123. ਕੇਵਲ ਸਿੰਘ ਬਾਦਲ (ਸਿਧਵਾਂ ਬੇਟ), 124. ਹਰਸੁਰਿੰਦਰ ਸਿੰਘ ਗਿੱਲ (ਜਗਰਾਉਂ), 125. ਭਗਤ ਸਿੰਘ (ਲੁਧਿਆਣਾ ਸ਼ਹਿਰ ਉੱਤਰੀ), 126. ਜਗਦੇਵ ਸਿੰਘ ਤਲਵੰਡੀ (ਰਾਏਕੋਟ), 127. ਕਿਰਪਾਲ ਸਿੰਘ ਖੀਰਨੀਆਂ (ਸਮਰਾਲਾ), 128. ਦਵਿੰਦਰ ਸਿੰਘ ਚੀਮਾ (ਪਾਇਲ), 129. ਮੱਲ ਸਿੰਘ ਘੁਮਾਣ (ਮੁਲਾਂਪੁਰ ਦਾਖਾ), 130. ਭਗਵਾਨ ਸਿੰਘ ਧਮੋਟ (ਪਾਇਲ), 131. ਸ: ਹਰਜੀਤ ਸਿੰਘ ਮੇਹਲੋਂ (ਲੁਧਿਆਣਾ ਦਿਹਾਤੀ)।

ਬਾਦਲ ਨੇ ਇਸ ਐਕਸ਼ਨ ਮਗਰੋਂ ਜਥੇਦਾਰ ਟੌਹੜਾ ਦੇ ਕੁਝ ਸਾਥੀਆਂ ਨੇ ਇਕ ਬਿਆਨ ਵਿਚ ਆਖਿਆ ਕਿ ਖਾਲਸਾ ਦੇ 300 ਸਾਲਾ ਦਿਨ ਸਬੰਧੀ ਸਾਰੇ ਸਮਾਗਮ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਕੀਤੇ ਜਾਣੇ ਚਾਹੀਦੇ ਹਨ। ਇਸ ਸਬੰਧ ਵਿਚ ਭਾਈ ਰਣਜੀਤ ਸਿੰਘ ਨੇ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸਿਰਕਰਦਾ ਆਗੂਆਂ ਦੀ ਇਕ ਮੀਟਿੰਗ 2 ਫ਼ਰਵਰੀ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਈ।

20 ਜਨਵਰੀ ਨੂੰ ਸੁਖਦੇਵ ਸਿੰਘ ਭੌਰ ਨੇ ਬਾਦਲ ਦੇ ਖ਼ਿਲਾਫ਼ ਇਕ ਸਖ਼ਤ ਬਿਆਨ ਜਾਰੀ ਕਰ ਦਿੱਤਾ, ਜਿਸ ਨਾਲ ਬਾਦਲ ਨੇ ਅਗਲੇ ਦਿਨ ਹੀ ਉਸ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ।

23 ਜਨਵਰੀ ਨੂੰ ਜਥੇਦਾਰ ਤਲਵੰਡੀ (ਜੋ 26 ਦਿਸੰਬਰ 1998 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਏਕਤਾ ਦੀ ਗੱਲ ਕਰਦਾ ਸੀ) ਹੁਣ ਖੁੱਲ੍ਹ ਕੇ ਬਾਦਲ ਦੇ ਹੱਕ ਵਿਚ ਆ ਗਿਆ। ਉਸ ਨੇ ਧਮਕੀ ਦਿੱਤੀ ਕਿ ਰਣਜੀਤ ਸਿੰਘ ਵੱਲੋਂ 2 ਫ਼ਰਵਰੀ ਨੂੰ ਬੁਲਾਏ ਇਕੱਠ ਵਿਚ ਖ਼ੂਨ ਖ਼ਰਾਬਾ ਵੀ ਹੋ ਸਕਦਾ ਹੈ।

25 ਜਨਵਰੀ ਨੂੰ (ਭਾਈ) ਰਣਜੀਤ ਸਿੰਘ ਨੇ 'ਹੁਕਮਨਾਮਾ ਵਾਪਿਸ ਲੈਣ' ਦੀ ਦਰਖ਼ਾਸਤ 'ਤੇ ਦਸਤਖ਼ਤ ਕਰਨ ਵਾਲੇ 131 ਮੈਂਬਰਾਂ ਤੋਂ 'ਸਪੱਸ਼ਟੀਕਰਨ' ਮੰਗ ਲਿਆ ਕਿ ਉਹ ਦਸਣ ਕਿ ਕੀ ਉਸ ਖ਼ਤ 'ਤੇ ਦਸਤਖ਼ਤ ਉਨ੍ਹਾਂ ਦੇ ਹਨ ਅਤੇ ਕੀ ਉਨ੍ਹਾਂ ਨੇ ਆਪਣੀ ਪਾਰਟੀ ਦੇ ਪ੍ਰਧਾਨ ਤੋਂ ਇਹ ਚਿੱਠੀ ਲਿਖਣ ਵਾਸਤੇ ਇਜਾਜ਼ਤ ਲਈ ਸੀ ? ਰਣਜੀਤ ਸਿੰਘ ਨੇ ਮੈਂਬਰਾਂ ਨੂੰ 11 ਫ਼ਰਵਰੀ ਤਕ ਦੀ ਮੁਹਲਤ ਦਿੱਤੀ। ਇਹ ਚਿੱਠੀ ਇੰਞ ਸੀ :

25 ਜਨਵਰੀ 1999

ਗੁਰੂ ਸਵਾਰੇ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕਾ ਫ਼ਤਹਿ॥

ਚੰਡੀਗੜ੍ਹ ਤੋਂ ਸਪੀਡਪੋਸਟ ਰਾਹੀਂ ਅਤੇ ਮੁੱਖ ਮੰਤਰੀ ਹਾਊਸ ਤੋਂ ਆਈ ਫ਼ੈਕਸ ਰਾਹੀਂ ਅਕਾਲ ਤਖ਼ਤ ਸਾਹਿਬ ਤੋਂ ਮਿਤੀ 31 ਦਿਸੰਬਰ 1998 ਨੂੰ ਜਾਰੀ ਹੋਏ 'ਹੁਕਮਨਾਮੇ' ਨੂੰ ਫ਼ੌਰੀ ਤੌਰ 'ਤੇ ਵਾਪਸ ਲੈਣ ਲਈ, ਪ੍ਰਬੰਧਕ ਕਮੇਟੀ ਦੇ 131 ਮੈਂਬਰਾਂ ਵੱਲੋਂ ਇਕ ਪੱਤਰ ਮਿਲਿਆ ਹੈ, ਜਿਸ ਵਿਚ ਆਪ ਜੀ ਦੇ ਦਸਤਖ਼ਤ ਹਨ। ਇਸ ਪੱਤਰ ਨੂੰ ਵਿਚਾਰਨ ਤੋਂ ਪਹਿਲਾਂ ਅਸੀਂ ਇਹ ਜ਼ਰੂਰੀ ਸਮਝਦੇ ਹਾਂ ਕਿ ਕੁਝ ਸਪੱਸ਼ਟੀਕਰਨ ਆਪ ਤੋਂ ਨਿੱਜੀ ਤੌਰ 'ਤੇ ਲਏ ਜਾਣ :

1. ਇਹ ਚਿੱਠੀ ਅਕਾਲ ਤਖ਼ਤ ਸਾਹਿਬ ਵੱਲ ਲਿਖਣ ਤੋਂ ਪਹਿਲਾਂ ਤੁਸਾਂ ਆਪਣੇ ਪਾਰਟੀ ਪ੍ਰਧਾਨ ਤੋਂ ਆਗਿਆ ਪ੍ਰਾਪਤ ਕੀਤੀ ਹੈ ਜਾਂ ਨਹੀਂ ?

2. ਅਕਾਲ ਤਖ਼ਤ ਸਾਹਿਬ ਨੂੰ ਭੇਜੀ ਜਾਣ ਵਾਲੀ ਚਿੱਠੀ 'ਤੇ ਜੋ ਤੁਸਾਂ ਆਪਣੇ ਦਸਖ਼ਤ ਕੀਤੇ ਹਨ, ਕੀ ਤੁਸੀਂ ਕਹਿ ਸਕਦੇ ਹੋ ਕਿ ਇਹ ਚਿੱਠੀ ਤੁਹਾਡੇ ਵੱਲੋਂ ਹੀ ਅਕਾਲ ਤਖ਼ਤ ਸਾਹਿਬ 'ਤੇ ਆਈ ਹੈ?

ਇਹ ਸਪੱਸ਼ਟੀਕਰਨ ਅਕਾਲ ਤਖ਼ਤ ਸਾਹਿਬ 'ਤੇ ਮਿਤੀ 11 ਫ਼ਰਵਰੀ 1999 ਨੂੰ ਤੁਸੀਂ ਡਾਕ ਰਾਹੀਂ, ਫ਼ੈਕਸ ਰਾਹੀਂ ਜਾਂ ਦਸਤੀ ਤੌਰ 'ਤੇ ਭੇਜ ਸਕਦੇ ਹੋ। ਅਜਿਹਾ ਨਾ ਕਰਨ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।

ਦਸਤਖ਼ਤ: ਰਣਜੀਤ ਸਿੰਘ, ਮੋਹਨ ਸਿੰਘ,
ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ

ਇਸੇ ਦਿਨ (ਭਾਈ) ਰਣਜੀਤ ਸਿੰਘ ਨੇ ਮਨਜੀਤ ਸਿੰਘ (ਕੇਸਗੜ੍ਹ ਸਾਹਿਬ) ਨੂੰ 'ਪੰਥ 'ਚੋਂ ਛੇਕਿਆਂ ਨਾਲ ਮਿਲਣ ਅਤੇ ਗੁਰਮਤਿ ਸਾਗਰ ਟਰਸਟ ਦੇ ਨਾਂ ਹੇਠਾਂ ਵੱਡੀ ਦੌਲਤ 'ਤੇ ਕਬਜ਼ਾ ਕਰਨ' ਦੇ ਕਸੂਰ ਕਰ ਕੇ ਅਤੇ ਬਰਜਿੰਦਰ ਹਮਦਰਦ ਨੂੰ ਇਕ ਐਂਟੀ-ਸਿੱਖ ਕਿਤਾਬਾਂ 'ਚੋਂ ਹਵਾਲੇ ਛਾਪਣ ਦੇ ਕਸੂਰ ਕਰ ਕੇ 11 ਫ਼ਰਵਰੀ ਵਾਸਤੇ ਤਲਬ ਕਰ ਲਿਆ ਹੋਇਆ ਸੀ। ਇਸ ਦੇ ਜਵਾਬ ਵਿਚ 29 ਜਨਵਰੀ 1999 ਨੂੰ ਹਜ਼ੂਰ ਸਾਹਿਬ ਦੇ ਮੁਖ ਸੇਵਾਦਾਰ ਨੇ ਮਨਜੀਤ ਸਿੰਘ ਨੂੰ ਤਲਬ ਕਰਨ ਦੇ ਖ਼ਿਲਾਫ਼ 'ਹੁਕਮਨਾਮਾ' ਜਾਰੀ ਕਰ ਦਿੱਤਾ। 31 ਜਨਵਰੀ ਨੂੰ ਕੇਵਲ ਸਿੰਘ ਨੇ ਦੋਸ਼ ਲਾਇਆ ਕਿ ਰਣਜੀਤ ਸਿੰਘ ਨੇ ਪਿਛਲੇ ਸਾਲ 15 ਫ਼ਰਵਰੀ 1998 ਦੇ ਦਿਨ ਨਿਰੰਕਾਰੀ ਭਵਨ ਪਟਿਆਲਾ 'ਚ ਜਾਣ ਬਾਰੇ ਜਥੇਦਾਰ ਟੌਹੜਾ ਦੀ ਚਿੱਠੀ ਬਦਲੀ ਸੀ।

ਆਖ਼ਰੀ ਲੜਾਈ

ਹੁਣ ਬਾਦਲ-ਟੌਹੜਾ ਜੰਗ ਦੀ ਆਖ਼ਰੀ ਲੜਾਈ ਸ਼ੁਰੂ ਹੋ ਗਈ। 27 ਜਨਵਰੀ ਨੂੰ ਜਥੇਦਾਰ ਟੌਹੜਾ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ 15 ਫ਼ਰਵਰੀ ਵਾਸਤੇ ਬੁਲਾ ਲਈ। ਦੂਜੇ ਪਾਸੇ ਬਾਦਲ ਦੇ ਹਿਮਾਇਤੀ 10 ਐਗਜ਼ੈਕਟਿਵ ਮੈਂਬਰਾਂ ਨੇ 10 ਫ਼ਰਵਰੀ ਨੂੰ ਮੀਟਿੰਗ ਬੁਲਾ ਲਈ। ਦਰਅਸਲ ਬਾਦਲ ਧੜਾ ਰਣਜੀਤ ਸਿੰਘ ਪਾਸੋਂ 11 ਫ਼ਰਵਰੀ ਨੂੰ ਤਲਬ ਕੀਤੇ ਬਾਦਲ ਦੇ ਸਾਥੀਆਂ ਨੂੰ ਬਚਾਉਣ ਵਾਸਤੇ ਉਸ ਤਾਰੀਖ਼ ਤੋਂ ਇਕ ਦਿਨ ਪਹਿਲਾਂ ਰਣਜੀਤ ਸਿੰਘ ਨੂੰ ਹਟਾਉਣਾ ਚਾਹੁੰਦਾ ਸੀ। ਬਾਦਲ ਹਿਮਾਇਤੀਆਂ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਤੋਂ ਮੀਟਿੰਗ 10 ਨੂੰ ਕਰਨ ਵਾਸਤੇ 'ਕਾਨੂੰਨੀ ਹਾਂ' ਕਰਵਾ ਲਈ। ਪਹਿਲੀ ਫ਼ਰਵਰੀ ਨੂੰ ਬਾਦਲ ਹਿਮਾਇਤੀ 10 ਐਗਜ਼ੈਕਟਿਵ ਮੈਂਬਰਾਂ ਨੇ ਭਾਈ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਤੋਂ ਅਸਤੀਫ਼ਿਆਂ ਦੀ ਮੰਗ ਕੀਤੀ।

2 ਫ਼ਰਵਰੀ 1999 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ (ਭਾਈ) ਰਣਜੀਤ ਸਿੰਘ ਵੱਲੋਂ ਬੁਲਾਏ ਇਕੱਠ ਵਿਚ ਜਥੇਦਾਰ ਟੌਹੜਾ ਦੇ ਸਾਰੇ ਹਿਮਾਇਤੀ, ਸੰਤ ਸਮਾਜ, ਨਿਹੰਗਾਂ ਅਤੇ ਸਿੰਘ ਸਭਾਵਾਂ ਦੇ ਨੁਮਾਇੰਦੇ ਪੁੱਜੇ (ਇਸ ਮੌਕੇ 'ਤੇ ਰਣਜੀਤ ਸਿੰਘ ਜਿਨ੍ਹਾਂ ਬਾਡੀ ਗਾਰਡਾਂ ਨਾਲ ਆਇਆ, ਉਨ੍ਹਾਂ 'ਚੋਂ ਇਕ ਨੂੰ ਛੱਡ ਕੇ ਸਾਰੇ ਹੀ 'ਪਤਿਤ' ਸਨ) ਅਤੇ ਉਨ੍ਹਾਂ ਨੇ 300 ਸਾਲਾ ਦੇ ਦਿਨ ਦੇ ਸਬੰਧ ਵਿਚ ਸਾਰੇ ਸਮਾਗਮ ਅਕਾਲ ਤਖ਼ਤ ਸਾਹਿਬ ਦੀ (ਦਰਅਸਲ ਆਪਣੀ ਤੇ ਟੌਹੜਾ ਦੀ) ਸਰਪ੍ਰਸਤੀ ਹੇਠ ਕਰਨ ਦਾ ਮਤਾ ਪਾਸ ਕੀਤਾ।

ਇਸ ਦੌਰਾਨ (ਭਾਈ) ਰਣਜੀਤ ਸਿੰਘ **ਨੇ 13 ਅਪਰੈਲ 1978 ਦਾ ਸਾਕਾ ਵਰਤੇ ਜਾਣ ਦਾ ਖ਼ਦਸ਼ਾ ਵੀ ਜ਼ਾਹਿਰ ਕੀਤਾ।** ਚਾਰ ਫ਼ਰਵਰੀ ਨੂੰ ਬਾਦਲ ਨੇ 'ਖ਼ੂਨੀ ਵਿਸਾਖੀ' ਦੋਹਰਾਏ ਜਾਣ ਦੀ ਧਮਕੀ ਦੇ ਜਵਾਬ ਵਿਚ ਆਖਿਆ ਕਿ ਅਸੀਂ ਅਜਿਹਾ ਕਦੇ ਵੀ ਨਹੀਂ ਹੋਣ ਦਿਆਂਗੇ। ਆਪਣੇ ਆਪ ਨੂੰ ਪੁਲਿਸ ਐਕਸ਼ਨ ਤੋਂ ਬਚਾਉਣ ਦੇ ਡਰ ਵਿਚ (ਜਾਂ ਕਿਸੇ ਹੋਰ ਵਜਹ ਕਰ ਕੇ) ਰਣਜੀਤ ਸਿੰਘ ਨੇ ਇਸ ਨੁਕਤੇ ਦੀ ਸਫ਼ਾਈ ਪੇਸ਼ ਕਰਨ ਵਾਸਤੇ ਇਕ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਵਿਚ ਪੂਰੇ ਸਫ਼ੇ ਦੀ ਚਿੱਠੀ ਛਪਵਾਈ (ਵੇਖੋ 'ਦਸਤਾਵੇਜ਼ੀ ਸੈਕਸ਼ਨ', ਇਸ ਕਿਤਾਬ ਦੇ ਅਖ਼ੀਰ 'ਤੇ)।

2 ਫ਼ਰਵਰੀ 1999 ਦੇ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਕੱਠ ਮਗਰੋਂ ਰਣਜੀਤ ਸਿੰਘ ਨੇ ਬਾਦਲ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਇਕ ਪਾਸੇ ਤਾਂ ਬਾਦਲ ਨਾਲ ਸਿੱਧੇ ਟਕਰਾਅ ਟਾਲਣ ਦੀ ਕੋਸ਼ਿਸ਼ ਵੱਲ ਇਸ਼ਾਰਾ ਸੀ ਤੇ ਦੂਜੇ ਪਾਸੇ ਆਪਣੀ ਖ਼ੁਦਦਾਰੀ ਕਾਇਮ ਰੱਖਣ ਦੀ ਕੋਸ਼ਿਸ਼ ਵੀ ਸੀ। ਇਹ ਚਿੱਠੀ ਇੰਞ ਸੀ :

ਗੁਰੂ ਸਵਾਰੇ ਸ: ਪਰਕਾਸ਼ ਸਿੰਘ ਜੀ ਬਾਦਲ
ਮੁਖ ਮੰਤਰੀ, ਪੰਜਾਬ ਸਰਕਾਰ
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਚੰਡੀਗੜ੍ਹ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸਿੱਖ ਪੰਥ ਦੀ ਸਰਵ-ਉੱਚ ਪਾਵਨ ਸੰਸਥਾ ਅਕਾਲ ਤਖ਼ਤ ਸਾਹਿਬ ਵਿਖੇ 2 ਫ਼ਰਵਰੀ 1999 ਨੂੰ ਸਿੱਖ ਸੰਪ੍ਰਦਾਵਾਂ, ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਦੀ ਮੀਟਿੰਗ ਹੋਈ। ਰਿਪੋਰਟ ਆਪ ਨੇ ਅਖ਼ਬਾਰ ਵਿਚ ਪੜ੍ਹ ਹੀ ਲਈ ਹੋਵੇਗੀ।

ਅੱਜ ਮਿਤੀ 4-2-1999 ਦੇ ਅਖ਼ਬਾਰਾਂ ਵਿਚ ਆਪ ਵੱਲੋਂ ਮੇਰਾ ਪੱਤਰ ਨਾ ਮਿਲਣ ਬਾਰੇ ਕਿਹਾ ਗਿਆ ਹੈ। ਮੈਂ ਅਖ਼ਬਾਰਾਂ ਰਾਹੀਂ ਹੇਠ ਲਿਖਿਆ ਬਿਆਨ ਦਿੱਤਾ ਸੀ :

"ਅੱਜ ਤਕ ਸਾਜ਼ਿਸ਼ ਅਧੀਨ ਜਥੇਦਾਰ ਅਕਾਲ ਤਖ਼ਤ ਸਾਹਿਬ ਉੱਤੇ ਇਹ ਸ਼ੰਕਾ ਪਰਚਾਰਿਆ ਜਾ ਰਿਹਾ ਹੈ ਕਿ ਜਦ ਬਾਦਲ ਸਰਕਾਰ ਪੰਥ ਦੀ ਤੀਜੀ ਸ਼ਤਾਬਦੀ ਮਨਾਉਣ ਦੇ ਉਪਰਾਲੇ ਕਰ ਰਹੀ ਹੈ ਤਾਂ ਜਥੇਦਾਰ ਅਕਾਲੀ ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਅੱਜ ਮੈਂ ਸਪੱਸ਼ਟ ਕਰਦਾ ਹਾਂ ਕਿ ਮੇਰਾ ਸਰਕਾਰ ਜਾਂ ਸਰਕਾਰੀ ਕੰਮਾਂ ਨਾਲ ਕੋਈ ਵਿਰੋਧ ਨਹੀਂ ਹੈ। ਪਰ ਜੋ ਸ: ਪਰਕਾਸ਼ ਸਿੰਘ ਬਾਦਲ ਅਕਾਲੀ ਸਰਕਾਰ ਵਜੋਂ ਪੁਰਬ ਮਨਾਉਣ ਦਾ ਉਪਰਾਲਾ ਆਪਣੇ ਹੱਥ ਲੈਣਾ ਚਾਹੁੰਦੇ ਹਨ ਤਾਂ ਦੋ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਭਰੋਸਾ ਦੇਣ ਕਿ ਅੱਜ ਤੋ ਹੀ ਪੁਰਬ ਸਬੰਧੀ ਹਰ ਸਮਾਗਮ ਸਮੇਂ ਹੁਣ ਤਕ ਕੌਮੀ ਸੰਘਰਸ਼ ਵਿਚ ਹੋਈਆਂ ਅਨੇਕਾਂ ਕੁਰਬਾਨੀਆਂ ਦਾ ਮੁਖ ਵਿਸ਼ਾ ਰਹੇ ਕੌਮੀ ਏਜੰਡੇ ਅੱਜ ਵੀ ਸਮਾਗਮਾਂ ਦਾ ਵਿਸ਼ਾ ਬਣੇ ਰਹਿਣਗੇ, ਜਿਨ੍ਹਾਂ ਲਈ ਕਦੀ ਸ: ਬਾਦਲ ਖ਼ੁਦ ਭਾਰਤੀ ਸੰਵਿਧਾਨ ਦੀ ਧਾਰਾ 25 ਦਿੱਲੀ ਵਿਖੇ ਜਾ ਕੇ ਸਾੜਦੇ ਰਹੇ ਹਨ।

ਕੌਮੀ ਏਜੰਡਾ

ਗੁਰੂ ਸਾਹਿਬ ਵੱਲੋਂ ਸਾਜੀ ਹੋਈ

1. ਸਿੱਖ ਅੱਡਰੀ ਕੌਮ;
2. ਸਿੱਖ ਪਰਸਨਲ ਕੋਡ (ਸਿੱਖ ਰਹਿਤ ਮਰਿਆਦਾ);
3. ਵਿਸਾਖੀ ਤੋਂ ਪਹਿਲਾਂ ਟਾਡਾ ਅਧੀਨ ਜੇਲ੍ਹਾਂ ਵਿਚ ਨਜ਼ਰਬੰਦ ਨੌਜਵਾਨਾਂ ਦੀ ਰਿਹਾਈ।

ਅਕਾਲ ਤਖ਼ਤ ਸਾਹਿਬ ਕੌਮੀ ਹਿੱਤਾਂ ਦੇ ਲਿਖਤੀ ਭਰੋਸੇ ਬਿਨਾਂ ਪੰਥਕ ਸਟੇਜ ਅਤੇ ਪੰਥਕ ਸਮਾਗਮ ਕਿਸੇ ਨੂੰ ਨਹੀਂ ਦੇ ਸਕਦਾ। ਮੈਨੂੰ ਦਿੱਸਦਾ ਹੈ ਕਿ ਕਿਸੇ ਪੰਥ ਵਿਰੋਧੀ ਸਾਜ਼ਿਸ਼ ਅਧੀਨ

ਕੁਝ ਖ਼ੁਦਗਰਜ਼ ਧਾਰਮਿਕ ਪਦਵੀਆਂ 'ਤੇ ਬੈਠੇ ਲੋਕਾਂ ਨੂੰ ਖ਼ਰੀਦ ਕੇ ਕੌਮੀ ਦਿਹਾੜੇ 'ਤੇ ਸਰਕਾਰੀ ਕਬਜ਼ੇ ਨਾਲ ਪੰਥਕ ਹਿੱਤਾਂ ਦੇ ਪਹਿਰੇਦਾਰ 'ਅਕਾਲ ਤਖ਼ਤ ਸਾਹਿਬ' ਉੱਤੇ ਹਮਲੇ ਕੀਤੇ ਜਾ ਰਹੇ ਹਨ, ਜੋ ਕਿ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਸਮੁੱਚਾ ਪੰਥ ਕਦੀ ਵੀ ਸਹਿਣ ਨਹੀਂ ਕਰੇਗਾ। ਜੇ ਬਾਦਲ ਸਾਹਿਬ ਕੌਮ ਤੋਂ ਸ਼ਕਤੀ ਲੈ ਕੇ ਕੌਮੀ ਹਿੱਤਾਂ ਦੀ ਰਾਖੀ ਦਾ ਭਰੋਸਾ ਵੀ ਨਹੀਂ ਦੇ ਸਕਦੇ ਤਾਂ '300 ਸਾਲਾਂ ਪੰਥਕ ਸਮਾਗਮ' ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਥ ਮਨਾਵੇਗਾ ਤਾਂ ਕਿ ਸਮੁੱਚਾ ਪੰਥ ਆਪਣੇ ਜਨਮ ਦਿਹਾੜੇ ਤੇ ਭਵਿੱਖ ਪ੍ਰਤੀ ਕੋਈ ਸਮੁੱਚੇ ਫ਼ੈਸਲੇ ਕਰ ਸਕੇ। ਅਕਾਲ ਤਖ਼ਤ ਸਾਹਿਬ ਪੰਥ ਦੇ ਉਜਲੇ ਭਵਿੱਖ ਦਾ ਜ਼ਾਮਨ ਰਿਹਾ ਹੈ ਅਤੇ ਰਹੇਗਾ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

6 ਫ਼ਰਵਰੀ ਨੂੰ ਬਾਦਲ ਨੇ ਰਣਜੀਤ ਸਿੰਘ ਦੀ ਚਿੱਠੀ ਦਾ ਗੋਲ-ਮੋਲ ਜਿਹਾ ਜਵਾਬ ਇੰਞ ਦਿੱਤਾ :

6 ਫ਼ਰਵਰੀ 1999

ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਦਾ ਪੱਤਰ ਕੱਲ ਮਿਤੀ 5-2-1999 ਸ਼ਾਮ ਸੱਤ ਵਜੇ ਪ੍ਰਾਪਤ ਹੋਇਆ ਹੈ। ਜਿਸ ਵਿਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਅਤੇ ਕੁਝ ਹੋਰ ਮੁੱਦਿਆਂ ਸਬੰਧੀ ਲਿਖਿਆ ਗਿਆ ਹੈ।

ਇਸ ਸਬੰਧ ਵਿਚ ਦਾਸ ਦੀ ਸਨਿਮਰ ਬੇਨਤੀ ਹੈ ਕਿ 7 ਜਨਵਰੀ 1999 ਨੂੰ ਖਾਲਸਾ ਪੰਥ ਦੇ ਪਾਵਨ ਜਨਮ ਅਸਥਾਨ ਅਨੰਦਪੁਰ ਸਾਹਿਬ ਵਿਖੇ ਪੰਥ ਦੀ ਸਿਰਮੌਰ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ, ਰਾਜਸੀ ਮਾਮਲਿਆਂ ਬਾਰੇ ਕਮੇਟੀ, ਜ਼ਿਲ੍ਹਾ ਪ੍ਰਧਾਨ, ਵਿਧਾਨਕਾਰ, ਮੈਂਬਰਾਨ ਪਾਰਲੀਮੈਂਟ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਨ ਸਮੇਤ ਪ੍ਰਧਾਨ ਸਾਹਿਬ, ਕਾਰਜਕਾਰੀ ਪ੍ਰਧਾਨ ਸਾਹਿਬ, ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੀ ਇਕ ਵਿਸ਼ਾਲ ਪ੍ਰਤੀਨਿੱਧ ਇਕੱਤਰਤਾ ਹੋਈ ਸੀ, ਜਿਸ ਵਿਚ ਲੰਮੇ ਵਿਚਾਰ ਵਟਾਂਦਰੇ ਉਪਰੰਤ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਖਾਲਸਾ ਪੰਥ ਦੇ 300 ਸਾਲਾ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦੀ ਸੇਵਾ ਦਾਸ ਨੂੰ ਸੌਂਪੀ ਗਈ ਸੀ। ਉਸ ਤੋਂ ਬਾਅਦ ਇਸ ਦਿਸ਼ਾ ਵਿਚ ਕਾਫ਼ੀ ਪ੍ਰਗਤੀ ਹੋ ਚੁੱਕੀ ਹੈ, ਜਿਸ ਦੇ ਵੇਰਵੇ ਅਖ਼ਬਾਰਾਂ ਵਿਚ ਵੀ ਛੱਪ ਚੁੱਕੇ ਹਨ।

ਸ਼੍ਰੋਮਣੀ ਅਕਾਲੀ ਦਲ ਇਕ ਜਮਹੂਰੀ ਪਾਰਟੀ ਹੈ। ਆਪ ਜੀ ਦੇ ਪੱਤਰ ਵਿਚ ਉਠਾਏ ਗਏ ਹੋਰ ਮੁੱਦਿਆਂ ਸਬੰਧੀ ਦਾਸ ਨੂੰ ਇਕੱਲਿਆਂ ਤੌਰ 'ਤੇ ਕੋਈ ਵੀ ਫ਼ੈਸਲਾ ਕਰਨ ਦਾ ਵਿਧਾਨਕ ਅਧਿਕਾਰ ਨਹੀਂ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਮਿਤੀ 11-2-1999 ਨੂੰ ਬੁਲਾ ਲਈ ਗਈ ਹੈ, ਇਸ ਮੀਟਿੰਗ ਵਿਚ ਆਪ ਦਾ ਪੱਤਰ ਰੱਖਿਆ ਜਾਵੇਗਾ।

ਡੂੰਘੇ ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ,
ਪਰਕਾਸ਼ ਸਿੰਘ ਬਾਦਲ

ਦਰਅਸਲ ਰਣਜੀਤ ਸਿੰਘ ਚਾਹੁੰਦਾ ਸੀ ਕਿ ਬਾਦਲ ਨਾਲ ਉਸ ਦੀ ਗੱਲਬਾਤ ਹੋ ਜਾਵੇ, ਪਰ ਬਾਦਲ ਨੇ ਗੋਲ-ਮੋਲ ਜਿਹੀ ਚਿੱਠੀ ਵਿਚ ਨਾ ਤਾਂ ਕੁਝ ਮੰਨਿਆ ਅਤੇ

ਨਾ ਹੀ ਕਿਸੇ ਗੱਲੋਂ ਇਨਕਾਰ ਕੀਤਾ। ਦੂਜੇ ਪਾਸੇ ਬਾਦਲ ਨੇ ਆਪਣੀ ਪਲਾਨਿੰਗ ਜਾਰੀ ਰੱਖੀ। ਹੁਣ ਰਣਜੀਤ ਸਿੰਘ ਕੋਲ ਦੋ ਹੀ ਤਰੀਕੇ ਬਚਦੇ ਸਨ ਕਿ ਜਾਂ ਤਾਂ ਉਹ ਮਨਜੀਤ ਸਿੰਘ ਤੇ ਬਰਜਿੰਦਰ ਹਮਦਰਦ ਦੀ 11 ਫ਼ਰਵਰੀ ਦੀ 'ਤਲਬੀ' ਨੂੰ ਮੁਲਤਵੀ (15 ਅਪਰੈਲ ਤਕ) ਕਰ ਦੇਂਦਾ ਤੇ ਜਾਂ ਉਸ ਨਾਲ ਟੱਕਰ ਲੈ ਲੈਂਦਾ ਅਤੇ 'ਰਾਹੀਂ ਪੈ ਕੇ ਕੌਣ ਕਰੇ ਹੁਣ ਪੈੜਾਂ ਦੀ ਪਰਵਾਹ' ਦਾ ਨਿਸ਼ਾਨ ਰੱਖ ਕੇ ਡਟ ਜਾਂਦਾ ਤੇ ਇਹ ਰਸਤਾ 'ਸ਼ਹੀਦੀ' (ਖ਼ੁਦਕੁਸ਼ੀ/ਕੁਰਬਾਨੀ, ਜੋ ਮਰਜ਼ੀ ਨਾਂ ਰੱਖ ਸਕਦੇ ਹਾਂ) ਵੱਲ ਜਾਂਦਾ ਸੀ। 8 ਫ਼ਰਵਰੀ 1999 ਦੀ ਇਕ ਰਾਤ ਜਥੇਦਾਰ ਟੌਹੜਾ ਅੰਮ੍ਰਿਤਸਰ ਵਿਚ ਸੀ। ਉਸ ਵੇਲੇ ਉਸ ਕੋਲ ਡਾਕਟਰ ਦਿਲਗੀਰ, ਰਣਬੀਰ ਸਿੰਘ (ਪੀ.ਏ.), ਗੁਰਦਰਸ਼ਨ ਸਿੰਘ (ਮੀਤ ਸਕੱਤਰ) ਤੇ ਉਸ (ਟੌਹੜਾ) ਦਾ ਡਰਾਈਵਰ ਸਨ। ਟੌਹੜਾ ਨੇ ਦਸਤਾਰ ਲਾਹ ਕੇ ਇਕ ਆਮ ਕਿਸਾਨ ਵਾਲਾ ਸਾਫ਼ਾ (ਚੈੱਕ ਡੀਜ਼ਾਇਨ ਵਾਲਾ) ਸਿਰ 'ਤੇ ਲਪੇਟਿਆ ਅਤੇ ਇਸ ਹੁਲੀਏ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਾਲੇ, ਪ੍ਰਧਾਨ ਦੇ ਰੈਸਟ ਹਾਊਸ ਤੋਂ, (ਭਾਈ) ਰਣਜੀਤ ਸਿੰਘ ਦੇ ਘਰ (ਹਸਪਤਾਲ ਵਾਲੀ ਕੋਠੀ) ਗਿਆ ਅਤੇ ਉੱਥੇ ਅੱਧਾ ਪੌਣਾ ਘੰਟਾ ਵਿਚਾਰਾਂ ਕੀਤੀਆਂ। ਇਸ ਮਗਰੋਂ ਰਣਜੀਤ ਸਿੰਘ ਨੇ ਟੌਹੜਾ ਦਾ ਪੂਰਾ ਸਾਥ ਨਿਭਾਉਣ 'ਤੇ ਇਸ ਵਾਸਤੇ 'ਕੁਰਬਾਨੀ' ਕਰਨ ਤਕ ਦਾ ਵੀ ਪ੍ਰਣ ਕਰ ਦਿੱਤਾ। ਅਗਲੀ ਸਵੇਰ ਨੂੰ (ਭਾਈ) ਰਣਜੀਤ ਸਿੰਘ) ਨੇ ਬਾਦਲ ਨੂੰ ਇਕ ਲੰਬੀ ਚਿਠੀ ਲਿਖੀ, ਜਿਸ ਵਿਚ ਬੜੇ ਸਖ਼ਤ-ਸਖ਼ਤ ਦਬਕੇ ਜਿਹੇ ਮਾਰੇ ਹੋਏ ਸਨ। ਦਰਅਸਲ, ਇਹ (ਭਾਈ) ਰਣਜੀਤ ਸਿੰਘ ਦਾ ਆਖ਼ਰੀ ਹਥਿਆਰ ਸੀ, ਜਿਸ ਤੋਂ ਉਸ ਨੂੰ ਸ਼ਾਇਦ ਇਹ ਆਸ ਸੀ ਕਿ ਸ਼ਾਇਦ ਬਾਦਲ ਡਰ ਜਾਵੇਗਾ। (ਭਾਈ) ਰਣਜੀਤ ਸਿੰਘ ਦੀ ਚਿੱਠੀ ਇੰਞ ਸੀ:

9 ਫ਼ਰਵਰੀ 1999

ਗੁਰੂ ਸਵਾਰੇ ਸ: ਪਰਕਾਸ਼ ਸਿੰਘ ਬਾਦਲ ਜੀ,
ਮੁੱਖ ਮੰਤਰੀ, ਪੰਜਾਬ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰੈਸ ਦੇ ਇਕ ਖ਼ਾਸ ਹਿੱਸੇ ਵੱਲੋਂ ਮੈਨੂੰ ਖਾਲਿਸਤਾਨੀ, ਅਤਿਵਾਦੀ ਅਤੇ ਵੱਖਵਾਦੀ ਹਊਏ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮੈਂ ਨਾ ਕਦੀ ਖਾਲਿਸਤਾਨੀ ਸੀ ਤੇ ਨਾ ਹੁਣ ਹਾਂ। ਮੈਂ ਕਦੀ ਵੀ ਧਾਰਮਿਕ ਸਟੇਜ ਨੂੰ ਵੱਖਵਾਦ ਦੇ ਨਾਹਰਿਆਂ ਦੇ ਪ੍ਰਚਾਰ ਦਾ ਸਾਧਨ ਨਹੀਂ ਬਣਨ ਦਿੱਤਾ। ਸਿੱਖ ਕੌਮ ਅੱਜ ਪੰਜਾਬ ਤਕ ਹੀ ਸੀਮਤ ਨਹੀਂ ਹੈ। ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ ਵਿਚ ਸਿੱਖਾਂ ਦੀ ਵੱਡੀ ਗਿਣਤੀ ਵਸਦੀ ਹੈ। ਜਿਸ ਦਾ ਕਿਸੇ ਵੀ ਵੱਖਵਾਦੀ ਨਾਹਰੇ ਨਾਲ ਅਕਸ ਵਿਗੜਦਾ ਹੈ। ਅੱਜ ਦੇ ਵਿਸ਼ਵ ਭਾਈਚਾਰੇ ਵਿਚ ਕਿਸੇ ਕੌਮ ਦਾ ਭਵਿੱਖ ਨਿਸ਼ਚਿਤ ਹੱਦਾਂ ਜਾਂ ਵਲਗਣਾਂ ਵਿਚ ਸੀਮਤ ਕਰਨਾ ਮੁਨਾਸਿਬ ਨਹੀਂ ਹੈ, ਪਰ ਮੈਂ ਖ਼ਾਲਿਸਤਾਨ ਦੀ ਮੰਗ ਨਾਲ ਸਹਿਮਤ ਨਾ ਹੁੰਦਾ ਹੋਇਆ ਵੀ ਪੰਥਕ ਜਾਂ ਖਾਲਸਾਈ ਪਛਾਣ ਦਾ ਮੁੱਦਈ ਹਾਂ। ਜਿਵੇਂ ਬਾਕੀ ਕੌਮਾਂ ਦੀ ਵਿਸ਼ੇਸ਼ ਸਭਿਆਚਾਰਕ ਤੇ ਸੰਵਿਧਾਨਕ ਮਾਨਤਾ ਹੈ, ਤਿਵੇਂ ਦੀ ਮਾਨਤਾ ਸਿੱਖਾਂ ਦੀ ਵੀ ਹੋਵੇ। ਅਸਾਂ ਆਪਣੀ ਹੋਂਦ ਦੀ ਲਕੀਰ ਕਿਸੇ ਹੋਰ ਦੀ ਲਕੀਰ ਨੂੰ ਕੱਟ ਕੇ ਨਹੀਂ, ਸਗੋਂ ਬਾਕੀ ਹੋਰ ਲਕੀਰਾਂ ਦੇ ਸਮਾਨੰਤਰ ਅੱਗੇ ਵਧਾਉਣੀ ਹੈ। 'ਜੀਉ ਤੇ ਜੀਉਣ ਦਿਉ' ਦੀ ਦਿਸ਼ਾਂ ਵਿਚ ਆਪਣੀ ਪਛਾਣ ਦਾ ਸਰਬ-ਪੱਖੀ ਵਿਕਾਸ ਕਰਨਾ ਹੈ।

ਮੇਰੇ 1978 ਦੀ ਵਿਸਾਖੀ ਬਾਰੇ ਬਿਆਨ ਨੂੰ ਬਹੁਤ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਮੈਂ ਇਸ ਕਾਂਡ ਦੀ ਅੱਗ ਕਾਰਨ 13 ਸਾਲ ਜੇਲ੍ਹ ਕੱਟੀ ਹੈ। ਇਸ ਸਬੰਧੀ ਆਪਣੇ ਹਿਰਦੇ ਦੀ ਕੜਵੀ ਸਚਾਈ ਬਿਆਨ ਕੀਤੀ ਹੈ। ਮੇਰੇ ਕਹਿਣ ਦਾ ਮਕਸਦ ਸੀ ਕਿ ਸਭ ਸੰਪਰਦਾਵਾਂ ਤੇ ਸੰਤ ਸਮਾਜ ਭੈ-ਮੁਕਤ ਹੋ ਕੇ ਖਾਲਸਾ ਸ਼ਤਾਬਦੀ ਵਿਚ ਸ਼ਾਮਿਲ ਹੋ ਸਕਣ। ਸਾਰੀਆਂ ਸਿੱਖ ਜਥੇਬੰਦੀਆਂ ਆਪਣੇ ਵਿਚਾਰਾਂ ਦੀ ਛੋਟੀ-ਮੋਟੀ ਅਨੇਕਤਾ ਦੇ ਬਾਵਜੂਦ ਪੰਥਕ-ਏਕਤਾ ਦੀ ਭਾਵਨਾ ਤਹਿਤ ਸ਼ਤਾਬਦੀ ਸਮਾਰੋਹਾਂ ਵਿਚ ਸ਼ਾਮਿਲ ਹੋ ਸਕਣ। ਕਿਸੇ ਨੂੰ ਵੀ ਨਜ਼ਰਅੰਦਾਜ਼ ਹੋਣ ਦਾ ਸ਼ੱਕ ਨਾ ਪਵੇ। ਹੋਰ ਦੂਸਰੀਆਂ ਪਾਰਟੀਆਂ ਦੇ ਸਿੱਖ ਵੀ ਖਾਲਸਾ ਸ਼ਤਾਬਦੀ ਦੇ ਸਮਾਰੋਹਾਂ ਵਿਚ ਹਿੱਸਾ ਲੈ ਸਕਣ। ਖ਼ੂਨੀ ਵਿਸਾਖੀ ਬਾਰੇ ਮੇਰਾ ਬਿਆਨ ਕਿਸੇ ਲਈ ਚਿਤਾਵਨੀ ਜਾਂ ਡਰਾਵਾ ਬਿਲਕੁਲ ਨਹੀਂ ਸੀ, ਬਲਕਿ ਇਹ ਇਤਿਹਾਸ ਵਿਚ ਵਾਪਰੇ ਮਾੜੇ ਕਾਂਡ ਤੋਂ ਸਬਕ ਲੈ ਕੇ ਅਤੇ ਹੁਣ ਸਾਵਧਾਨੀ ਵਰਤ ਕੇ ਸੁਖ ਸ਼ਾਂਤੀ ਦੇ ਵਿਸ਼ਵਾਸ ਭਰੇ ਮਾਹੌਲ ਸਿਰਜਣ ਸਬੰਧੀ ਸੀ।

ਖਾਲਸਾ ਸ਼ਤਾਬਦੀ ਖਾਲਸੇ ਦੀ ਮੂਲ ਭਾਵਨਾ ਨੂੰ ਸਮਰਪਤ ਹੋਵੇ। ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਭਾਰਤੀ ਸਭਿਆਚਾਰ ਦਾ ਅਮੁੱਲ ਖ਼ਜ਼ਾਨਾ ਹੈ, ਤਿਵੇਂ ਹੀ ਪੰਜ ਪਿਆਰੇ ਵੀ ਸਮੁੱਚੇ ਰਾਸ਼ਟਰ ਦੇ ਅਨਮੋਲ ਰਤਨ ਹਨ। ਖਾਲਸੇ ਦੀ ਸਿਰਜਣਾ ਵਿਚ ਕਿਰਤੀ ਅਤੇ ਹੇਠਲੀਆਂ ਸ਼੍ਰੇਣੀਆਂ ਨੇ ਸਤਾ ਅਤੇ ਜ਼ੁਲਮ ਖ਼ਿਲਾਫ਼ ਖਲੋਣ ਦਾ ਪ੍ਰਣ ਲਿਆ ਸੀ, ਅੱਜ ਇਨ੍ਹਾਂ ਸ਼੍ਰੇਣੀਆਂ ਨੂੰ ਸਤਾ ਨਜ਼ਰ-ਅੰਦਾਜ਼ ਨਾ ਕਰੇ, ਇਸ ਦਿਹਾੜੇ ਇਨ੍ਹਾਂ ਦੀ ਸ਼ਮੂਲੀਅਤ ਵਿਸ਼ੇਸ਼ ਹੋਵੇ। ਇਹ ਦਿਹਾੜਾ ਸਭ ਲਈ ਖ਼ੁਸ਼ੀ, ਖੇੜੇ ਅਤੇ ਸਮਾਨਤਾ ਦਾ ਕਾਰਨ ਬਣੇ। ਅਕਸਰ ਹੀ ਮਹਾਨ ਵਿਅਕਤੀਆਂ ਦੇ ਜਨਮ ਦਿਹਾੜਿਆਂ ਉੱਤੇ ਕੈਦੀਆਂ ਦੀ ਸਜ਼ਾ ਘੱਟ ਕੀਤੀ ਜਾਂਦੀ ਹੈ ਜਾਂ ਸਰਬਤ ਦੇ ਭਲੇ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਖਾਲਸਈ ਦਿਵਸ ਵੀ ਸਭ ਲਈ ਮਲ੍ਹਮ ਜਾਂ ਰਾਹਤ ਦਾ ਦਿਹਾੜਾ ਬਣੇ। ਕੌਮ ਆਪਸ ਵਿਚ ਨਾ ਉਲਝੇ। ਆਪਣਾ ਆਪਸੀ ਮਨ-ਮੁਟਾਵ ਭੁਲਾ ਕੇ ਸਾਂਝ ਤੇ ਏਕਤਾ ਦੀ ਮਿਸਾਲ ਕਾਇਮ ਕਰੇ (ਮੇਰੇ 15 ਅਪਰੈਲ ਤਕ ਜਾਰੀ ਰਹਿਣ ਵਾਲੇ ਹੁਕਮਨਾਮੇ ਦਾ ਮਕਸਦ ਵੀ ਅਜਿਹੀ ਭਾਵਨਾ ਨੂੰ ਸਮਰਪਿਤ ਸੀ)।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਅਕਾਲ ਤਖ਼ਤ ਸਾਹਿਬ ਉੱਤੇ ਸੰਨ 1920 ਵਿਚ ਹੋਈ ਸੀ। ਦੋਹਾਂ ਜਥੇਬੰਦੀਆਂ ਦਾ ਕੁਰਬਾਨੀਆਂ ਅਤੇ ਪ੍ਰਾਪਤੀਆਂ ਵਾਲਾ ਇਤਿਹਾਸ ਹੈ। ਪਰ ਪਿਛਲੇ ਕੁਝ ਸਮੇਂ ਤੋਂ ਇਹ ਜਥੇਬੰਦੀਆਂ ਆਪਣੇ ਅਸਲੀ ਮਕਸਦ ਤੋਂ ਥਿੜਕ ਗਈਆਂ ਹਨ। ਪਿਛਲੇ ਸਮੇਂ ਵਿਚ ਪੰਜਾਬ ਅਤੇ ਸਿੱਖਾਂ ਨੇ ਜੋ ਸੰਤਾਪ ਹੰਢਾਇਆ ਹੈ, ਉਹ ਕੁਝ ਸਵਾਰਥੀ ਨੇਤਾਵਾਂ ਦੀਆਂ ਚਾਲਾਂ ਦਾ ਸਿੱਟਾ ਸੀ। ਜਦੋਂ ਰਾਜਸੱਤਾ ਹਾਸਿਲ ਕਰਨੀ ਹੋਵੇ ਤਾਂ ਮੋਰਚਾ ਅਕਾਲ ਤਖ਼ਤ ਸਾਹਿਬ ਤੋਂ ਲਗਦਾ ਹੈ ਅਤੇ ਮੋਰਚੇ ਦਾ ਨਾਮ ਧਰਮਯੁੱਧ ਰੱਖਿਆ ਜਾਂਦਾ ਹੈ, ਪਰ ਹੁਣ ਧਰਮਯੁੱਧ ਮੋਰਚੇ ਦੀਆਂ ਮੰਗਾਂ ਕਿੱਥੇ ਗਈਆਂ? ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤੇ ਪਾਣੀਆਂ ਦੇ ਮਸਲੇ ਕਿਧਰ ਗਏ? ਕੀ ਪੰਜਾਬ ਦੇ ਬੈਂਕਾਂ ਵਿਚ ਪੰਜਾਬੀਆਂ ਦੀ ਜਮ੍ਹਾਂ ਪੂੰਜੀ ਪੰਜਾਬ ਵਿਚ ਲੱਗਣੀ ਸ਼ੁਰੂ ਹੋਈ ਹੈ? **ਤੁਸਾਂ ਪੰਜਾਬ ਨੂੰ ਹਰ ਪੱਖ ਤੋਂ ਗੁਰਬਤ ਤੇ ਕੰਗਾਲੀ ਦੇ ਮੋੜ 'ਤੇ ਖੜ੍ਹਾ ਕਰ ਦਿੱਤਾ ਹੈ। ਤੁਹਾਡੀ ਸੱਤਾ ਦੇ ਸੇਹਰੇ ਹੇਠ ਪੰਥ ਅਤੇ ਪੰਜਾਬ ਦੀ ਪੱਗ ਰੁਲ ਰਹੀ ਹੈ।** ਕੀ ਸਵਾ ਲੱਖ ਮਰਜੀਵੜਿਆਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਕਸਮਾਂ ਖਵਾਉਣ ਤੇ ਧਰਮਯੁੱਧ ਮੋਰਚੇ ਦਾ ਮਕਸਦ ਕੇਵਲ ਬਾਦਲ ਸਰਕਾਰ ਬਣਾਉਣ ਤਕ ਹੀ ਸੀਮਤ ਸੀ? ਅਗਰ ਉਸ ਸਮੇਂ ਦੇ ਜਥੇਦਾਰ ਨੇ ਤੁਹਾਡੇ ਤੋਂ ਲਿਖਤੀ ਪ੍ਰਣ ਲੈ ਕੇ ਅਕਾਲ ਤਖ਼ਤ ਸਾਹਿਬ ਤੋਂ ਧਰਮਯੁੱਧ ਮੋਰਚਾ ਲਾਉਣ ਦੀ ਇਜਾਜ਼ਤ ਦਿੱਤੀ ਹੁੰਦੀ ਤਾਂ ਤੁਹਾਡੇ ਲਈ ਅੱਜ ਮੋਰਚੇ ਦੀਆਂ ਮੰਗਾਂ ਤੋਂ ਭੱਜਣਾ ਸੌਖਾ ਨਾ ਹੁੰਦਾ ਅਤੇ ਤੁਹਾਡਾ ਅਕਾਲ ਤਖ਼ਤ ਸਹਿਬ 'ਤੇ ਕੀਤਾ ਪ੍ਰਣ ਤੇ ਕੀਤੀ ਅਰਦਾਸ ਮਹਿਜ਼ ਇਕ ਰਵਾਇਤ-ਮਾਤਰ ਨਾ ਬਣ ਕੇ ਰਹਿ ਜਾਂਦੀ, ਸਗੋਂ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵਰਗੇ ਕਹਿਣੀ ਤੇ ਕਰਨੀ ਦੇ ਪੂਰੇ ਬਣ ਕੇ ਨਿਭ ਜਾਣ ਵਾਲੇ ਦੀ ਮਹਾਨ ਰਵਾਇਤ ਕਾਇਮ ਰਹਿੰਦੀ।

ਤੁਸਾਂ ਕੁਰਬਾਨੀ ਭਾਵਨਾ ਦਾ ਨਾਸ ਮਾਰ ਕੇ ਅਕਾਲੀ ਦਲ ਨੂੰ ਜੀ-ਹਜ਼ੂਰੀਆਂ ਦੀ ਜੱਦੀ ਜਗੀਰ ਬਣਾ ਲਿਆ ਹੈ। ਸੱਤਾ ਦੀ ਪੌੜੀ ਚੜ੍ਹਦਿਆਂ ਹੀ ਤੁਹਾਡੇ ਲਈ ਧਾਰਮਿਕ ਸੰਸਥਾਵਾਂ ਦਾ ਮਹੱਤਵ

ਨਿਗੂਣਾ ਹੋ ਜਾਂਦਾ ਹੈ। **ਕੱਲ੍ਹ ਤੱਕ ਪੁਲਿਸ ਦਾਖ਼ਿਲੇ ਦੀ ਨਿੰਦਾ ਕਰਨ ਵਾਲਾ ਹੁਣ ਖ਼ੁਦ ਹੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ੇ ਲਈ ਅੰਦਰ ਪੁਲਿਸ ਭੇਜ ਰਿਹਾ ਹੈ।** ਤੁਸੀਂ ਧਰਮ ਅਤੇ ਧਾਰਮਿਕ ਸੰਸਥਾਵਾਂ ਨੂੰ ਵਰਤਣਾ ਸਿੱਖ ਗਏ ਹੋ। ਜਦ ਤੁਹਾਡੇ ਹੇਠ ਕੁਰਸੀ ਨਾ ਹੋਵੇ ਤਾਂ ਤੁਸੀਂ ਪੰਥ, ਧਰਮ ਅਤੇ ਕੌਮ ਉੱਤੇ ਖ਼ਤਰੇ ਦੀ ਦੁਹਾਈ ਪਾ ਦਿੰਦੇ ਹੋ, ਪਰ ਸਤਾ ਹਾਸਿਲ ਕਰਦਿਆਂ ਹੀ ਧਾਰਮਿਕ ਮੁਖੀਆਂ ਨੂੰ ਆਪਣੀ ਤਾਕਤ ਦੀ ਡੰਗੋਰੀ ਨਾਲ ਆਪਣੇ ਪੈਰੀਂ ਸੁੱਟਣ ਦੀ ਕੋਸ਼ਿਸ਼ ਕਰਦੇ ਹੋ। ਜੋ ਜਥੇਦਾਰ ਤੁਹਾਡੀ ਕੋਠੀ ਦੇ ਗੇੜੇ ਕੱਢਦੇ ਹਨ, ਉਹ ਤੁਹਾਡੇ ਲਈ ਮਹਾਨ ਹਨ। **ਤੁਹਾਡੇ ਲਈ ਹਰ ਚੀਜ਼ ਵਿਕਾਊ ਮਾਲ ਹੈ, ਕਿਉਂਕਿ ਤੁਹਾਡੇ ਦੁਆਲੇ ਸਸਤੇ ਅਤੇ ਹੁਦਾਰ ਵਿਕਣ ਵਾਲਿਆਂ ਦੀ ਬੇਸ਼ੁਮਾਰ ਭੀੜ ਹੈ।** ਇਸ ਭੀੜ ਦੀ ਕਿਲ੍ਹੇਬੰਦੀ ਹੇਠ ਤੁਸਾਂ ਪਾਪ ਅਤੇ ਪਾਕ ਦਾ ਭੇਤ ਭੁਲਾ ਦਿੱਤਾ ਹੈ। ਜੇ ਕਿਸੇ ਹੋਰ ਰਾਜਨੀਤਕ ਪਾਰਟੀ ਦੇ ਵਿਅਕਤੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਲੱਗੇ ਤਾਂ ਖ਼ੁਸ਼ੀ ਮਨਾਉਂਦੇ ਹੋ, ਪਰ ਜੇ ਤੁਹਾਡੀ ਮੰਡਲੀ ਵਿੱਚੋਂ ਕਿਸੇ ਨਾਲ ਅਜਿਹਾ ਹੋਣ ਲੱਗੇ ਤਾਂ ਤੁਸੀਂ ਲੋਹੇ ਲਾਖੇ ਹੋ ਜਾਂਦੇ ਹੋ ਅਤੇ ਇਸ ਨੂੰ ਆਪਣੀ ਤਾਕਤ ਦੀ ਤੌਹੀਨ ਸਮਝਦੇ ਹੋ। ਮਹਾਰਾਜਾ ਰਣਜੀਤ ਸਿੰਘ ਇਕ ਨਿਮਾਣੇ ਸਿੱਖ ਵਜੋਂ ਸਦਾ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਰਹਿੰਦਾ ਸੀ, ਪਰ ਤੁਸੀਂ ਅਕਾਲ ਤਖ਼ਤ ਸਾਹਿਬ ਨਾਲ ਟਕਰਾਉਣ ਤੇ ਮੱਥਾ ਲਾਉਣ ਦੇ ਲਗਾਤਾਰ ਫੀਲੇ ਛੱਡੀ ਜਾ ਰਹੇ ਹੋ। ਤੁਹਾਡੇ ਕੋਲ ਪੰਥ ਤੇ ਪੰਜਾਬ ਲਈ ਕੋਈ ਪ੍ਰੋਗਰਾਮ ਜਾਂ ਏਜੰਡਾ ਨਹੀਂ ਹੈ। ਅਜੇਹੇ ਪ੍ਰੋਗਰਾਮ ਅਕਸਰ ਲੀਡਰਸ਼ਿਪ ਨੇ ਤੈਅ ਕਰਨੇ ਹੁੰਦੇ ਹਨ। ਜਥੇਦਾਰ ਤਾਂ ਲੀਡਰਸ਼ਿਪ ਅਤੇ ਸਿੱਖ ਸੰਗਤ ਵਿਚਕਾਰ ਇਕ ਜਾਮਨ-ਕੜੀ ਹੈ। ਏਜੰਡਾ ਪੁੱਛਣ ਦਾ ਮਕਸਦ ਤੁਹਾਡੇ ਵੱਲੋਂ ਕੌਮ ਪ੍ਰਤੀ ਲਈ ਜ਼ਿੰਮੇਵਾਰੀ ਅਤੇ ਇਸ ਉੱਤੇ ਕਾਇਮ ਰਹਿਣ ਦੇ ਭਰੋਸੇ ਨਾਲ ਸਬੰਧਿਤ ਸੀ। ਖਾਲਸਾ ਸ਼ਤਾਬਦੀ ਮਹਿਜ ਕੋਈ ਸਰਕਾਰੀ ਕਾਰਜ ਨਹੀਂ ਹੈ, ਸਗੋਂ ਇਹ ਸਮੁੱਚੇ ਪੰਥ ਦਾ ਇਤਿਹਾਸਕ ਦਿਹਾੜਾ ਹੈ। ਇਸ ਸਬੰਧ ਵਿਚ ਮਹਾਨ ਸਿਖ ਰਵਾਇਤਾਂ ਦੀ ਸੇਧ ਲਾਜ਼ਮੀ ਹੈ। ਇਸ ਨੂੰ ਕੇਵਲ ਪੱਛਮੀ-ਤਰਜ਼ ਦੇ ਗਾਇਕਾਂ ਦੀਆਂ ਭੜਕੀਲੀਆਂ ਸੁਰਾਂ ਨਾਲ ਹੀ ਪੂਰਾ ਨਹੀਂ ਕੀਤਾ ਜਾ ਸਕਦਾ।

ਸਾਡੇ ਕੋਲ ਗੁਰੂ ਸਾਹਿਬਾਨ ਦੀਆਂ ਬਖ਼ਸ਼ੀਆਂ ਮਹਾਨ ਸਿੱਖ ਰਵਾਇਤਾਂ ਹਨ, ਜਿਨ੍ਹਾਂ ਨੂੰ ਕੋਈ ਜਥੇਦਾਰ ਜਾਂ ਨੇਤਾ ਨਾ ਤੋੜ ਸਕਦਾ ਹੈ, ਨਾ ਬਦਲ ਸਕਦਾ ਹੈ। ਕਿਸੇ ਸਰਬਤ ਖਾਲਸਾ ਜਾਂ ਸਮੂਹ ਸੰਗਤ ਦੀ ਮਨਜ਼ੂਰੀ ਨਾਲ ਕਿਸੇ ਤਬਦੀਲੀ ਦੀ ਸੰਭਾਵਨਾ ਹੋ ਸਕਦੀ ਹੈ, ਪਰ ਤੁਸੀਂ ਅਕਾਲ ਤਖ਼ਤ ਸਾਹਿਬ ਦੀ ਗ੍ਰਿਫ਼ਤ ਵਿਚ ਆਏ ਆਪਣੇ ਚਹੇਤਿਆਂ ਨੂੰ ਬਚਾਉਣ ਲਈ ਸਰਕਾਰੀ ਤਾਕਤ ਨਾਲ ਮਹਾਨ ਸਿੱਖ ਰਵਾਇਤਾਂ ਉੱਤੇ ਹਮਲਾ ਕਰੀ ਜਾ ਰਹੇ ਹੋ। ਅਕਾਲ ਤਖ਼ਤ ਸਾਹਿਬ ਉੱਤੇ ਧਾਰਮਿਕ ਸੇਵਾ ਰਾਹੀਂ ਕਿਸੇ ਸਿੱਖ ਵਿਚ ਆਏ ਖੋਟ ਨੂੰ ਦੂਰ ਕਰ ਕੇ ਮੁੜ ਕੁੰਦਨ ਬਣਾਇਆ ਜਾਂਦਾ ਹੈ। ਤੁਸੀਂ ਖੋਟ ਜਾਂ ਮੈਲ ਦੂਰ ਕਰਨ ਦੇ ਰਾਹ ਵਿਚ ਲੱਤ ਗੱਡੀ ਖੜ੍ਹੇ ਹੋ। ਪੰਥ ਦੀ ਨੰਗੀ ਅੱਖ ਤੋਂ ਤੁਹਾਡੇ ਗੁਨਾਹ ਹੁਣ ਬੇ-ਪਰਦਾ ਹੋ ਰਹੇ ਹਨ। ਇਕ ਦਿਨ ਪੰਥ ਜ਼ਰੂਰ ਤੁਹਾਡੀਆਂ ਕਾਰਸਤਾਨੀਆਂ ਦਾ ਲੇਖਾ-ਜੋਖਾ ਕਰੇਗਾ।

ਮੀਰੀ ਪੀਰੀ ਦੇ ਮਾਲਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਤੁਹਾਨੂੰ ਅਤੇ ਤੁਹਾਡੇ ਸਲਾਹਕਾਰਾਂ ਨੂੰ ਸੁਮਤ ਬਖ਼ਸ਼ਣ...

ਗੁਰੂ ਖਾਲਸਾ ਪੰਥ ਦੇ ਉਜਲੇ ਭਵਿੱਖ ਦੀ ਆਸ ਵਿਚ,

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਰਣਜੀਤ ਸਿੰਘ ਦੇ ਖ਼ਿਲਾਫ਼ ਐਕਸ਼ਨ ਦਾ ਪਲਾਨ

ਪਰ (ਭਾਈ) ਰਣਜੀਤ ਸਿੰਘ ਦੀ ਬਾਦਲ ਨੂੰ ਧਮਕੀਆਂ ਦੇਣ ਵਾਲੀ ਚਿੱਠੀ ਦਾ ਉਲਟਾ ਅਸਰ ਹੋਇਆ। ਹੁਣ ਉਸ ਨੇ ਪਹਿਲਾਂ (ਭਾਈ) ਰਣਜੀਤ ਸਿੰਘ ਨੂੰ ਰਸਤੇ 'ਚੋਂ

ਹਟਾਉਣ ਦਾ ਫ਼ੈਸਲਾ ਕਰ ਲਿਆ। ਬਾਦਲ ਧੜੇ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਤੋਂ ਤਾਕਤ ਲੈ ਕੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਇਕ ਮੀਟਿੰਗ 10 ਫ਼ਰਵਰੀ 1999 ਨੂੰ ਬੁਲਾ ਲਈ, ਜਿਸ ਦਾ ਏਜੰਡਾ (ਭਾਈ) ਰਣਜੀਤ ਸਿੰਘ ਦੀਆਂ ਕਾਰਵਾਈਆਂ ਤੇ ਵਿਚਾਰ ਕਰਨੀ ਸੀ। ਇਸ ਨੂੰ ਮੱਦੇ-ਨਜ਼ਰ ਰਖਦਿਆਂ, 6 ਫ਼ਰਵਰੀ ਦੇ ਦਿਨ, ਸ਼੍ਰੋਮਣੀ ਕਮੇਟੀ ਨੇ 8 ਫ਼ਰਵਰੀ ਤੋਂ 10 ਫ਼ਰਵਰੀ ਤਕ ਛੁੱਟੀਆਂ ਕਰਨ ਦਾ ਨੋਟਿਸ ਜਾਰੀ ਕਰ ਦਿੱਤਾ। ਇਸੇ ਦਿਨ ਰਾਗੀ ਦਰਸ਼ਨ ਸਿੰਘ ਨੇ ਸਾਰੇ 'ਜਥੇਦਾਰਾਂ' ਤੋਂ ਅਸਤੀਫ਼ਿਆਂ ਦੀ ਮੰਗ ਕੀਤੀ।

ਇਸ ਹਾਲਤ ਵਿੱਚੋਂ ਦਲ ਨੂੰ ਕੱਢਣ ਵਾਸਤੇ ਸਿਮਰਨਜੀਤ ਸਿੰਘ ਮਾਨ, ਜਸਬੀਰ ਸਿੰਘ ਰੋਡੇ, ਸਰਬਜੋਤ ਸਿੰਘ ਬੇਦੀ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤੇ ਪਰਮਜੀਤ ਸਿੰਘ ਮਾਹਿਲਪੁਰ 7 ਫ਼ਰਵਰੀ ਨੂੰ ਬਾਦਲ ਨੂੰ ਮਿਲੇ ਤੇ 15 ਅਪਰੈਲ ਤਕ ਚੁਪ ਰਹਿਣ ਦੀ ਅਪੀਲ ਕੀਤੀ, ਪਰ ਬਾਦਲ ਨੇ ਆਪਣਾ ਐਕਸ਼ਨ ਮੁਲਤਵੀ ਕਰਨ ਤੋਂ ਨਾਂਹ ਕਰ ਦਿੱਤੀ। 8 ਫ਼ਰਵਰੀ ਨੂੰ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਮੋਹਣ ਸਿੰਘ ਨੇ ਰਣਜੀਤ ਸਿੰਘ ਦੇ ਫ਼ੈਸਲਿਆਂ ਦੀ ਮੁਖ਼ਾਲਫ਼ਤ ਕੀਤੀ (ਉਂਞ ਰਣਜੀਤ ਸਿੰਘ ਦੇ ਹਰ ਫ਼ੈਸਲੇ ਵਿਚ ਮੋਹਣ ਸਿੰਘ ਨਾਲ ਹੀ ਰਿਹਾ ਸੀ)।

ਇਨ੍ਹਾਂ ਦਿਨਾਂ ਵਿਚ ਵੱਖ-ਵੱਖ ਵਿਦਵਾਨਾਂ ਅਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਤਿੰਨਾਂ 'ਤਖ਼ਤਾਂ' ਦੇ 'ਜਥੇਦਾਰਾਂ' ਨੂੰ ਫ਼ਾਰਿਗ ਕਰ ਦਿੱਤਾ ਜਾਵੇ। ਇਸ ਮੰਗ ਦੇ ਮੁਖ ਹਿਮਾਇਤੀਆਂ ਵਿਚ ਡਾ. ਦਰਸ਼ਨ ਸਿੰਘ ਵੀ ਸਨ, ਜਿਨ੍ਹਾਂ ਵਲੋਂ ਤਖ਼ਤਾਂ ਬਾਰੇ ਚੰਡੀਗੜ੍ਹ ਦੇ ਐਰੋਮਾ ਹੋਟਲ ਵਿਚ ਬੁਲਾਇਆ ਗਿਆ ਇਕ ਇਕੱਠ ਭਰਪੂਰ ਸਿੰਘ ਤੇ ਜਸਮੇਰ ਸਿੰਘ ਬਾਲਾ ਨੇ ਗੜਬੜ ਕਰ ਕੇ ਖ਼ਤਮ ਕਰਵਾ ਦਿੱਤਾ ਸੀ।

ਇਸ ਦੌਰਾਨ ਭਾਈ ਰਣਜੀਤ ਸਿੰਘ ਨੂੰ ਸਮਝੌਤੇ ਦੀ ਰਾਹ 'ਤੇ ਲਿਆਉਣ ਵਾਸਤੇ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਉਹ ਰਤਾ ਵੀ ਟੱਸ ਤੋਂ ਮੱਸ ਨਾ ਹੋਇਆ। ਹੋਰ ਤਾਂ ਹੋਰ ਪਰਕਾਸ਼ ਸਿੰਘ ਬਾਦਲ ਨਾਲ ਹੋਈ ਖ਼ੁਫ਼ੀਆ ਮੀਟਿੰਗ ਵਿਚ ਵੀ ਰਣਜੀਤ ਸਿੰਘ ਨੇ ਜਥੇਦਾਰ ਟੌਹੜਾ ਨਾਲ ਲੜਾਈ ਦੇ ਰਾਹ 'ਚੋਂ ਹੱਟਣ ਤੋਂ ਨਾਂਹ ਕਰ ਦਿੱਤੀ। ਐਨ ਆਖ਼ਰੀ ਦਿਨ (10 ਫ਼ਰਵਰੀ ਨੂੰ) ਸਵੇਰੇ 10 ਵਜੇ ਤਕ ਪੰਜ ਸਿੰਘ (ਡਾ. ਹਰਜਿੰਦਰ ਸਿੰਘ ਦਿਲਗੀਰ, ਗਿਆਨੀ ਜੋਗਿੰਦਰ ਸਿੰਘ ਤਲਵਾੜਾ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਗੁਰਬਚਨ ਸਿੰਘ ਗ੍ਰੰਥੀ ਹਰਿਮੰਦਰ ਸਾਹਿਬ ਤੇ ਗਿਆਨੀ ਮਨਜੀਤ ਸਿੰਘ) ਭਾਈ ਰਣਜੀਤ ਸਿੰਘ ਨਾਲ ਗੱਲਬਾਤ ਕਰਦੇ ਰਹੇ, ਪਰ ਆਕੜੇ-ਹੋਏ ਭਾਈ ਰਣਜੀਤ ਸਿੰਘ ਨੇ ਤਾਂ (ਪ੍ਰੋ:) ਮਨਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ ਨਾਲ ਬੈਠਣ ਤੋਂ ਵੀ ਨਾਂਹ ਕਰ ਦਿੱਤੀ।

ਰਣਜੀਤ ਸਿੰਘ ਦੀ 'ਮੁਅੱਤਲੀ'

ਬਾਦਲ ਧੜੇ ਦੇ 10 ਮੈਂਬਰਾਂ ਨੇ 10 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਗੁਰੂ ਨਾਨਕ ਨਿਵਾਸ ਦੀ ਪਹਿਲੀ ਮੰਜ਼ਿਲ ਦੇ ਵਰਾਂਡੇ ਵਿਚ ਕੀਤੀ। ਇਸ ਮੀਟਿੰਗ ਵਿਚ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਅਹੁਦੇ ਤੋਂ 'ਮੁਅੱਤਲ' ਕਰ ਦਿੱਤਾ ਗਿਆ ਤੇ ਨਾਲ ਹੀ ਮਨਜੀਤ ਸਿੰਘ ਤੇ ਕੇਵਲ ਸਿੰਘ ਦੀਆਂ

ਕਾਰਵਾਈਆਂ ਬਾਰੇ ਪੜਤਾਲ ਕਰਨ ਵਾਸਤੇ ਇਕ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਗਈ [ਇਸ ਕਮੇਟੀ ਨੇ 2002 ਤਕ, ਤਿੰਨ ਸਾਲ ਬੀਤ ਜਾਣ ਮਗਰੋਂ ਵੀ ਆਪਣੀ ਕੋਈ ਮੀਟਿੰਗ ਤਕ ਨਹੀਂ ਸੀ ਕੀਤੀ। ਅਖ਼ੀਰ 23 ਫ਼ਰਵਰੀ 2003 ਦੇ ਦਿਨ ਮਨਜੀਤ ਸਿੰਘ ਨੂੰ ਇਖ਼ਲਾਕੀ ਦੋਸ਼ ਲਾ ਕੇ ਫ਼ਾਰਗ ਕਰ ਦਿੱਤਾ ਗਿਆ। ਕੇਵਲ ਸਿੰਘ ਰਿਪੋਰਟ ਪੇਸ਼ ਹੋਣ ਤੋਂ ਕਾਫ਼ੀ ਚਿਰ ਪਹਿਲਾਂ ਅਸਤੀਫ਼ਾ ਦੇ ਚੁੱਕਾ ਸੀ (ਤੇ ਨਾਲ ਹੀ ਜੇਲ੍ਹ ਜਾ ਚੁੱਕਾ ਸੀ)]।

ਰਣਜੀਤ ਸਿੰਘ ਨੂੰ 'ਮੁਅੱਤਲ' ਕਰਨ ਵਾਲੇ 10 ਬੰਦੇ ਉਹੀ ਸਨ, ਜਿਹੜੇ ਉਨ੍ਹਾਂ 131 ਵਿਚ ਸ਼ਾਮਿਲ ਸਨ, ਜਿਨ੍ਹਾਂ ਨੂੰ ਰਣਜੀਤ ਸਿੰਘ ਨੇ 11 ਫ਼ਰਵਰੀ ਵਾਸਤੇ ਤਲਬ ਕੀਤਾ ਹੋਇਆ ਸੀ। ਇਹ ਅਜੀਬ ਗੱਲ ਸੀ ਕਿ ਜਿਨ੍ਹਾਂ ਨੂੰ ਇਕ 'ਜੱਜ' ਤਲਬ ਕਰੇ, ਉਹ ਉਸ 'ਜੱਜ' ਨੂੰ ਸਿਰਫ਼ ਇਸੇ ਕਰ ਕੇ ਹਟਾ ਦੇਣ ਕਿ ਉਸ ਨੇ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕਿਉਂ ਕੀਤੀ ਹੈ। ਇਹ ਤਾਂ ਮੁਲਜ਼ਮਾਂ ਵੱਲੋਂ ਜੱਜ ਨੂੰ ਹਟਾਉਣ ਵਾਲੀ ਹਰਕਤ ਸੀ। ਇਹ ਅਸੂਲਨ ਵੀ ਗ਼ਲਤ ਸੀ ਅਤੇ ਦਲੀਲ ਤੇ ਫ਼ਲਸਫ਼ੇ ਦੇ ਪੱਖ ਤੋਂ ਵੀ।

ਇਸੇ ਮੀਟਿੰਗ ਨੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਮੋਹਣ ਸਿੰਘ, ਜੋ ਜਥੇਦਾਰ ਤਲਵੰਡੀ ਦਾ ਬੜਾ ਨਜ਼ਦੀਕੀ ਰਿਸ਼ਤੇਦਾਰ ਹੈ, ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਲਾ ਦਿੱਤਾ। ਪਰ ਉਸ ਨੇ ਆਪਣੇ (ਕੈਨੇਡਾ ਵਾਲੇ) ਪੁੱਤਰ ਦੀ ਹਿਦਾਇਤ 'ਤੇ ਪੰਗਾ ਲੈਣੋਂ ਬਚਣ ਵਾਸਤੇ ਇਹ ਸੇਵਾ ਸੰਭਾਲਣੋਂ ਨਾਂਹ ਕਰ ਦਿੱਤੀ। ਇੱਤਫ਼ਾਕਨ ਬਾਦਲ-ਪੱਖੀ 10 ਐਗਜ਼ੈਕਟਿਵ ਮੈਂਬਰ ਅਜੇ ਅੰਮ੍ਰਿਤਸਰ ਦੇ ਸਰਕਟ ਹਾਊਸ ਵਿਚ ਹੀ ਸਨ। ਜਦੋਂ ਉਨ੍ਹਾਂ ਨੂੰ ਮੋਹਣ ਸਿੰਘ ਵੱਲੋਂ ਨਾਂਹ ਕਰਨ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਪੂਰਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ (ਉਸ ਵੇਲੇ ਪੂਰਨ ਸਿੰਘ ਸ਼੍ਰੋਮਣੀ ਕਮੇਟੀ ਦਾ ਇਕ 'ਮੁਜਰਿਮ' ਸੀ। ਉਸ 'ਤੇ ਝੂਠਾ ਟੀ.ਏ. ਬਿੱਲ ਲੈਣ ਤੇ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਹੜੱਪਣ ਦਾ, ਦੋ ਕੇਸ ਚਲ ਰਹੇ ਸਨ)। 'ਜਥੇਦਾਰੀ' ਦਾ ਚਾਰਜ ਲੈਣ ਦੀ ਕਾਰਵਾਈ ਦੇ ਦੌਰਾਨ ਹੀ ਪੂਰਨ ਸਿੰਘ ਨੂੰ ਦੌਰਾ ਪੈ ਗਿਆ, ਜਿਸ ਨਾਲ ਉਹ ਕਈ ਦਿਨ ਬਿਸਤਰੇ 'ਤੇ ਲੰਮਾ ਪਿਆ ਰਿਹਾ।

ਆਪਣੀ ਮੁਅੱਤਲੀ ਮਗਰੋਂ ਰਣਜੀਤ ਸਿੰਘ ਨੇ ਆਖ਼ਰੀ ਦਬਕਾ ਮਾਰਿਆ ਕਿ "ਮੈਂ ਅਜੇ ਵੀ ਜਥੇਦਾਰ ਹਾਂ", ਪਰ ਉਸ ਨੇ ਇਕ ਬਿਆਨ (ਕੌਮ ਦੇ ਨਾਂ ਸੰਦੇਸ਼) ਰਾਹੀਂ 11 ਫ਼ਰਵਰੀ ਦੀਆਂ ਸਾਰੀਆਂ ਤਲਬੀਆਂ (ਮਨਜੀਤ ਸਿੰਘ, ਬਰਜਿੰਦਰ ਹਮਦਰਦ, ਚਤਰ ਸਿੰਘ ਜੀਵਨ ਸਿੰਘ) 'ਅਣਮਿੱਥੇ ਸਮੇਂ ਵਾਸਤੇ' ਮੁਲਤਵੀ ਕਰ ਦਿੱਤੀਆਂ। ਰਣਜੀਤ ਸਿੰਘ ਦਾ ਆਖ਼ਰੀ 'ਪੈਗ਼ਾਮ' ਇੰਞ ਸੀ :

ਨੰਬਰ 2013/AT/98-99 11 ਫ਼ਰਵਰੀ 1999

ਕੌਮ ਦੇ ਨਾਂ ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅੱਜ ਮਿਤੀ 11 ਫ਼ਰਵਰੀ 1999 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ 10 ਫ਼ਰਵਰੀ 1999 ਨੂੰ ਬਾਦਲ ਦਲ ਵੱਲੋਂ ਕੀਤੀ ਗਈ ਸ਼ਰਮਨਾਕ ਅਤੇ ਘਿਨਾਉਣੀ ਕਾਰਵਾਈ ਨੂੰ ਵਿਚਾਰਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਨੇ **ਬਾਬਰ ਬਣ** ਕੇ ਪਾਵਨ ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਅਤੇ ਮੀਰੀ ਪੀਰੀ ਦੇ ਸਿਧਾਂਤ 'ਤੇ **ਕਬਜ਼ਾ**

ਕਰ ਲਿਆ ਹੈ। ਮੈਂ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਵੱਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਸਿੱਖ ਕੌਮ ਨੂੰ ਬੜੀ ਨਿਮਰਤਾ ਸਹਿਤ ਅਪੀਲ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਅਤੇ ਇਸ ਦੀ ਸਲਾਹਕਾਰ ਜੁੰਡਲੀ ਦਾ ਰਾਜਨੀਤਕ ਅਤੇ ਧਾਰਮਿਕ ਖੇਤਰ ਵਿਚ ਕਦੀ ਵਿਸ਼ਵਾਸ਼ ਨਾ ਕੀਤਾ ਜਾਵੇ। **ਪਰਕਾਸ਼ ਸਿੰਘ ਬਾਦਲ ਸਿੱਖੀ ਦੇ ਰੁੱਖ 'ਤੇ ਅਮਰ ਵੇਲ ਬਣ ਕੇ ਛਾਇਆ ਹੋਇਆ** ਹੈ, ਜਿਸ ਨੇ ਚਾਰ ਦਹਾਕਿਆਂ ਤੋਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਲਾਏ ਇਸ ਸਿੱਖੀ ਦੇ ਰੁੱਖ ਨੂੰ ਵੱਧਣ-ਫੁੱਲਣ ਨਹੀਂ ਦਿੱਤਾ। 'ਪੰਚ ਪ੍ਰਧਾਨੀ' ਮਰਿਆਦਾ ਦੀ ਕਦਰ ਕਰਦਾ ਹੋਇਆ ਅਤੇ ਸਰਬੰਸਦਾਨੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਦੁਆਰਾ ਆ ਰਹੇ 300 ਸਾਲਾ ਖਾਲਸਾ ਸ਼ਤਾਬਦੀ ਦਿਵਸ ਨੂੰ ਧਿਆਨ ਵਿਚ ਰਖਦਿਆਂ ਮੈਂ ਅੱਜ ਮਿਤੀ 11 ਫ਼ਰਵਰੀ 1999 ਦੀ ਮੀਟਿੰਗ ਅਣਮਿਥੇ ਸਮੇਂ ਲਈ ਮੁਲਤਵੀ ਕਰਦਾ ਹਾਂ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਭਾਵੇਂ ਰਣਜੀਤ ਸਿੰਘ ਨੂੰ 11 ਫ਼ਰਵਰੀ 1999 ਦੇ ਦਿਨ ਮੁਅੱਤਲ ਕਰ ਕੇ ਮਗਰੋਂ 28 ਅਪਰੈਲ ਨੂੰ ਰਸਮੀ ਤੌਰ 'ਤੇ 'ਫ਼ਾਰਿਗ' ਕਰ ਦਿੱਤਾ ਗਿਆ ਸੀ, ਪਰ ਉਸ ਨੇ ਗੁਰੂ ਰਾਮਦਾਸ ਹਸਪਤਾਲ ਵਿਚਲੀ ਰਿਹਾਇਸ਼ 'ਤੇ ਕਬਜ਼ਾ ਕਾਇਮ ਰਖਿਆ। 11 ਅਗਸਤ 1999 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਸਕੱਤਰ ਕੁਲਵੰਤ ਸਿੰਘ ਨੇ ਰਣਜੀਤ ਸਿੰਘ ਨੂੰ ਇਕ ਚਿੱਠੀ ਲਿਖ ਕੇ ਇਹ ਰਿਹਾਇਸ਼ ਖ਼ਾਲੀ ਕਰਨ ਵਾਸਤੇ 'ਅਰਜ਼' ਕੀਤੀ, ਜੋ ਇੰਵ ਸੀ :

11 ਅਗਸਤ 1999

ਸਤਿਕਾਰਯੋਗ ਭਾਈ ਰਣਜੀਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਦੋਂ ਆਪ ਜੀ ਨੂੰ ਬਤੌਰ ਜਥੇਦਾਰ ਅਕਾਲ ਤਖ਼ਤ ਸਾਹਿਬ ਸੇਵਾ ਸੌਂਪੀ ਗਈ ਸੀ ਤਾਂ ਹੋਰ ਕੋਈ ਸਥਾਈ ਪ੍ਰਬੰਧ ਏਨੀ ਜਲਦੀ ਨਾ ਹੋ ਸਕਣ ਕਾਰਨ ਅਸਥਾਈ ਰਿਹਾਇਸ਼ ਲਈ ਆਪ ਜੀ ਨੂੰ ਗੁਰੂ ਰਾਮਦਾਸ ਹਸਪਤਾਲ ਸਥਿਤ ਮੈਡੀਕਲ ਸੁਪਰਿਟੈਂਡੈਂਟ ਲਈ ਨੀਯਤ ਕੋਠੀ ਦਿੱਤੀ ਗਈ ਸੀ।

ਹੁਣ ਜਦ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਇਕੱਤਰਤਾ ਮਿਤੀ 28-4-1999 ਦੇ ਮਤਾ ਨੰਬਰ 563 ਰਾਹੀਂ ਆਪ ਜੀ ਨੂੰ ਸੇਵਾ ਮੁਕਤ ਕੀਤਾ ਜਾ ਚੁੱਕਾ ਹੈ, ਪਰ ਹਸਪਤਾਲ ਵਿਚ ਮੈਡੀਕਲ ਸੁਪਰਿਟੈਂਡੈਂਟ ਦੀ ਸਥਾਈ ਰਿਹਾਇਸ਼ ਨਾ ਹੋਣ ਕਾਰਨ ਹਸਪਤਾਲ ਦੇ ਪ੍ਰਬੰਧ ਅਤੇ ਮਰੀਜ਼ਾਂ ਦੀ ਦੇਖਭਾਲ ਵਿਚ ਤਰੁਟੀਆਂ ਰਹਿੰਦੀਆਂ ਹਨ, ਇਸ ਲਈ ਇਸ ਰਿਹਾਇਸ਼ ਦੀ ਹਸਪਤਾਲ ਦੀ ਬੇਹਤਰੀ ਲਈ ਤੁਰੰਤ ਜ਼ਰੂਰਤ ਹੈ।

ਆਪ ਕਿਉਂਕਿ ਸਮੁੱਚੇ ਸਿੱਖ ਜਗਤ ਦੇ ਸਰਵਉੱਚ ਧਾਰਮਿਕ ਅਹੁਦੇ 'ਤੇ ਬਿਰਾਜਮਾਨ ਰਹੇ ਹੋ, ਇਸ ਲਈ ਅੱਜ ਵੀ ਸਤਿਕਾਰਯੋਗ ਹੋ। ਇਸ ਲਈ ਜੇ ਕਰ ਹਸਪਤਾਲ ਵਰਗੀ ਸੰਸਥਾ ਦੇ ਪ੍ਰਬੰਧ ਵਿਚ ਕਿਸੇ ਢਿੱਲਿਆਈ ਦਾ ਕਾਰਨ ਆਪ ਬਣੇ ਤਾਂ ਇਹ ਕਿਸੇ ਵੀ ਤਰ੍ਹਾਂ ਸ਼ੋਭਨੀਕ ਨਹੀਂ ਹੋਵੇਗਾ।

ਇਸ ਲਈ ਅਤੀ ਸਤਿਕਾਰ ਸਹਿਤ ਆਪ ਜੀ ਨੂੰ ਬੇਨਤੀ ਹੈ ਕਿ ਆਪ ਜੀ ਨੇ ਮੈਡੀਕਲ ਸੁਪਰਿਟੈਂਡੈਂਟ ਲਈ ਬਣਾਈ ਗਈ ਰਿਹਾਇਸ਼ ਜੋ ਇਸ ਸਮੇਂ ਆਪ ਪਾਸ ਹੈ, ਸ਼ੀਘਰ ਹੀ ਖ਼ਾਲੀ ਕਰ ਦੇਣ ਦੀ ਕ੍ਰਿਪਾਲਤਾ ਕਰਨਾ। ਧੰਨਵਾਦੀ ਹੋਵਾਂਗਾ।

ਸ਼ੁਭ ਚਿੰਤਕ,
ਕੁਲਵੰਤ ਸਿੰਘ

ਰਣਜੀਤ ਸਿੰਘ ਦਾ ਲੇਖਾ-ਜੋਖਾ

(ਭਾਈ) ਰਣਜੀਤ ਸਿੰਘ ਨੇ 31 ਦਿਸੰਬਰ 1996 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਚਾਰਜ ਲਿਆ। ਉਹ ਸਿਰਫ਼ ਪੰਜ ਕੁ ਮਹੀਨੇ ਹੀ ਸੰਗਤਾਂ ਨੂੰ ਕਬੂਲ ਹੋਇਆ ਤੇ ਇਸ ਮਗਰੋਂ ਉਹ ਹੌਲੀ ਹੌਲੀ ਬਹਿਸ-ਗੋਚਰਾ ਬਣਦਾ ਗਿਆ। ਉਸ ਦਾ 1997 ਦੇ ਦਿਨ ਮਹੰਤ ਮਨਜੀਤ ਸਿੰਘ ਦੀ ਪੇਸ਼ੀ ਵੇਲੇ ਡਾਂਗ ਵਾਹੁਣਾ ਭਾਵੇਂ ਉਸ ਦੀ ਦਲੇਰੀ ਅਤੇ ਜੁਰਅਤ ਦਾ ਇਜ਼ਹਾਰ ਸੀ ਤੇ ਬਹੁਤੇ ਸਿੱਖਾਂ ਨੇ ਇਸ ਦੀ ਤਾਰੀਫ਼ ਵੀ ਕੀਤੀ ਸੀ, ਪਰ ਉਹ ਇਸ ਨੂੰ ਆਪਣੀ 'ਤਾਕਤ' ਸਮਝ ਕੇ ਹੈਂਕੜ ਵਿਚ ਆ ਗਿਆ। ਇਸ ਕਰ ਕੇ ਉਸ ਦਾ 21 ਅਕਤੂਬਰ 1997 ਦੇ ਦਿਨ ਡਾਕਟਰ ਦਰਸ਼ਨ ਸਿੰਘ ਵਰਗੇ ਵਿਦਵਾਨ 'ਤੇ ਜਿਸਮਾਨੀ ਹਮਲਾ ਕਰਨਾ, ਉਸ (ਰਣਜੀਤ ਸਿੰਘ) ਦੇ ਅਦਬ ਨੂੰ ਘਟਾਉਣ ਦੀ ਸ਼ੁਰੂਆਤ ਬਣਿਆ। ਇੰਞ ਹੀ 20 ਅਪਰੈਲ 1998 ਦਾ 'ਲੰਗਰ ਹਾਲ ਵਿਚ ਭੁੰਜੇ ਬੈਠਣ' ਦਾ 'ਹੁਕਮਨਾਮਾ' ਵੀ ਉਸ ਨੂੰ ਬਹਿਸ-ਗੋਚਰਾ ਬਣਾ ਗਿਆ (ਤੇ ਇਹ ਵੀ ਚਰਚਾ ਚਲਿਆ ਕਿ ਉਸ ਨੇ ਚੋਖੀ ਰਕਮ ਲੈਣ ਮਗਰੋਂ ਇਹ ਅਖੌਤੀ ਹੁਕਮਨਾਮਾ ਜਾਰੀ ਕੀਤਾ ਸੀ)। ਪਰ ਇਨ੍ਹੀਂ ਦਿਨੀਂ ਹੀ ਇਹ ਚਰਚਾ ਵੀ ਚਲਿਆ ਕਿ ਉਸ ਨੇ ਇੰਗਲੈਂਡ ਦੇ ਇਕ ਬਦਨਾਮ ਡੇਰੇਦਾਰ ਅਮਰ ਸਿੰਘ ਬੜੂੰਦੀ (ਜਿਸ 'ਤੇ ਰੇਪ ਅਤੇ ਠੱਗੀ ਦੇ ਕੇਸ ਚੱਲ ਰਹੇ ਸਨ) ਤੋਂ ਇਕ ਮਹਿੰਗੀ ਕਾਰ ਲੈ ਕੇ ਉਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦਿੱਤਾ ਸੀ। ਵਰਲੱਡ ਸਿੱਖ ਕੌਂਸਲ ਦੇ ਮਸਲੇ 'ਤੇ ਉਸ ਦੀ ਮਨਜੀਤ ਸਿੰਘ ਅਤੇ ਕੇਵਲ ਸਿੰਘ ਨਾਲ ਖਹਿਬੜ (ਭਾਵੇਂ ਰਣਜੀਤ ਸਿੰਘ ਗ਼ਲਤ ਨਹੀਂ ਸੀ) ਨਾਲ ਵੀ ਉਸ ਦਾ ਅਸਰ ਲੋਕਾਂ ਵਿਚ ਮਾੜਾ ਹੀ ਰਿਹਾ। ਇੰਞ ਹੀ 'ਅਜੀਤ' ਅਖ਼ਬਾਰ ਦੇ ਬਰਜਿੰਦਰ ਸਿੰਘ ਨਾਲ ਪਹਿਲੇ ਚੁੰਝ ਲੜਾਉਣ ਅਤੇ ਫਿਰ ਸ਼ਰੇਆਮ ਟੱਕਰ ਨਾਲ ਨਾਲ ਵੀ ਰਣਜੀਤ ਸਿੰਘ ਦਾ ਕੱਦ ਨੀਵਾਂ ਹੋਇਆ। ਇੱਥੇ ਵੀ ਬਰਜਿੰਦਰ ਸਿੰਘ ਪੂਰੀ ਤਰ੍ਹਾਂ ਨਿਰਪੱਖ ਜਾਂ ਹੱਕ-ਬਜਾਨਬ ਨਹੀਂ ਸੀ, ਪਰ ਰਣਜੀਤ ਸਿੰਘ ਵੀ ਤਾਂ ਸ਼ਰੇਆਮ ਗ਼ੁੱਸੇ ਅਤੇ ਬਦਲੇ ਦੀ ਸੋਚ ਨਾਲ ਚੱਲ ਰਿਹਾ ਸੀ। ਰਣਜੀਤ ਸਿੰਘ ਵੱਲੋਂ ਟੌਹੜਾ ਨੂੰ ਨਿਰੰਕਾਰੀ ਭਵਨ ਪਟਿਆਲਾ ਵਿਖੇ ਜਾਣ ਬਦਲੇ ਸਜ਼ਾ ਦੇਣ ਦੀ ਜਗ੍ਹਾ ਉਸ (ਟੌਹੜਾ) ਦੀ ਇਕਬਾਲੀਆ ਚਿੱਠੀ ਬਦਲਣਾ ਵੀ ਰਣਜੀਤ ਸਿੰਘ ਦੀ ਮਕਬੂਲੀਅਤ, ਇਤਬਾਰ ਅਤੇ ਸ਼ਖ਼ਸੀਅਤ ਨੂੰ ਬੌਣਾ ਕਰ ਗਿਆ। ਸਿੱਖ ਵਿਦਵਾਨ ਹੀ ਨਹੀਂ, ਆਮ ਸਿੱਖ ਵੀ ਮਹਿਸੂਸ ਕਰਦੇ ਸਨ ਕਿ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਨੂੰ ਇਕ 'ਠਾਣੇ' ਵਿਚ ਤਬਦੀਲ ਕਰ ਰਖਿਆ ਸੀ।

ਪਰ, ਰਣਜੀਤ ਸਿੰਘ ਦੇ ਜਮ੍ਹਾਂ ਵਾਲੇ ਨੁਕਤੇ ਵੀ ਸਨ। ਮੈਰਿਜ ਪੈਲਿਸਿਜ਼ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣਾ, ਉਸ ਦਾ ਪਹਿਲਾ ਵਧੀਆ ਕੰਮ ਸੀ। ਮਹੰਤ ਮਨਜੀਤ ਸਿੰਘ ਤੇ ਰੰਗੀਲ ਸਿੰਘ ਦੇ ਮਾਫ਼ੀਆ ਕਲਚਰ ਨੂੰ ਨੱਥ ਪਾਉਣਾ, ਉਸ ਦਾ ਕਾਬਲੇ-ਤਾਰੀਫ਼ ਐਕਸ਼ਨ ਸੀ। ਅਵਤਾਰ ਸਿੰਘ ਹਿਤ ਤੋਂ ਕਰੋੜਾਂ ਰੁਪਏ ਦੀ ਜ਼ਮੀਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਿਸ ਦਿਵਾਉਣਾ, ਉਸ ਦਾ ਵਧੀਆ ਰੋਲ ਸੀ। ਖਾਲਸਾ ਪ੍ਰਗਟ ਕਰਨ ਦੇ 300 ਸਾਲਾ ਸਮਾਗਮਾਂ ਦੌਰਾਨ ਟੌਹੜੇ ਨੂੰ ਸ਼੍ਰੋਮਣੀ ਕਮੇਟੀ ਤੋਂ ਕੱਢਣ ਤੋਂ ਰੋਕਣਾ, ਉਸ ਦਾ ਅਹਿਮ ਕਦਮ ਸੀ। ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਪ੍ਰਾਈਵੇਟ ਪਬਲਿਸ਼ਰਜ਼ ਵੱਲੋਂ ਛਪਾਈ 'ਤੇ ਪਾਬੰਦੀ ਲਾਉਣਾ, ਉਸ ਦਾ ਜਮ੍ਹਾਂ ਪੱਖੀ ਰੋਲ ਸੀ (ਪਰ ਇਸ 'ਤੇ ਅੱਜ ਤਕ ਅਮਲ ਨਹੀਂ ਹੋ ਸਕਿਆ। ਜੇ ਰਣਜੀਤ ਸਿੰਘ ਸੇਵਾ

ਤੋਂ ਨਾ ਹਟਾਇਆ ਜਾਂਦਾ ਤਾਂ ਇਸ ਕਾਰਵਾਈ ਨੂੰ ਕੋਈ ਪਬਲਿਸ਼ਰ ਜਾਰੀ ਨਾ ਰੱਖ ਸਕਦਾ)।

ਰਣਜੀਤ ਸਿੰਘ ਦੇ ਸਾਥੀ ਉਸ ਨੂੰ ਦੁੱਧ-ਧੋਤਾ ਕਹਿੰਦੇ ਸਨ ਤੇ ਹੁਣ ਵੀ ਕਹਿੰਦੇ ਹਨ। ਪਰ ਉਸ ਵੱਲੋਂ ਦਸਵੰਧ ਨੂੰ ਨਿਜ ਵਾਸਤੇ ਵਰਤਣ ਦਾ ਸਬੂਤ, ਉਸ ਵੱਲੋਂ ਦਾੜ੍ਹੀ ਬੰਨ੍ਹ ਕੇ ਫ਼ੋਟੋ ਖਿਚਵਾ ਕੇ, ਰਣਜੀਤ ਸਿੰਘ ਦੀ ਥਾਂ ਆਰ.ਐਸ. ਘਟੌੜਾ ਦੇ ਨਾਂ ਹੇਠ ਮੋਹਾਲੀ ਵਿਚ ਪੰਥਕ ਪੈਸੇ ਨਾਲ ਕੋਠੀ ਖ਼ਰੀਦਣਾ ਤੇ ਮੁਨਾਫ਼ਾ ਕਮਾ ਕੇ ਵੇਚਣਾ ਤੇ ਹੋਰ ਜਾਇਦਾਦ ਖ਼ੁਦ ਵਾਸਤੇ ਖ਼ਰੀਦਣਾ ਰਣਜੀਤ ਸਿੰਘ ਦੀ ਈਮਾਨਦਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਾਉਂਦਾ ਹੈ।

ਰਣਜੀਤ ਸਿੰਘ ਦੀ ਪੰਥਕ ਸੋਚ ਵੀ ਬਹਿਸ-ਗੋਚਰੀ ਸੀ। ਸੁਰਜੀਤ ਬਰਨਾਲਾ ਦਰਬਾਰ ਸਾਹਿਬ 'ਤੇ ਹਮਲੇ ਦਾ ਜ਼ਿੰਮੇਦਾਰ ਸੀ। ਉਸ ਨੇ ਕਦੇ ਇਸ ਪਾਪ ਦਾ ਪਛਤਾਵਾ ਨਹੀਂ ਕੀਤਾ ਸੀ। ਪਰ ਉਹ ਰਣਜੀਤ ਸਿੰਘ ਦਾ ਖ਼ਾਸ 'ਯਾਰ' ਸੀ। ਜਦੋਂ ਵੀ ਉਹ (ਬਰਨਾਲਾ) ਦਰਬਾਰ ਸਾਹਿਬ ਆਉਂਦਾ ਸੀ, ਰਣਜੀਤ ਸਿੰਘ ਉਸ ਨੂੰ ਨੰਗੇ ਪੈਰੀਂ ਟੁਰ ਕੇ ਉਸ ਦੀ (ਬਰਨਾਲੇ ਦੀ) ਕਾਰ ਤਕ ਛੱਡਣ ਜਾਇਆ ਕਰਦਾ ਸੀ।

ਰਣਜੀਤ ਸਿੰਘ ਨੇ ਰਹਿਤ ਮਰਿਆਦਾ ਦੀਆਂ ਵੀ ਧੱਜੀਆਂ ਉਡਾਈਆਂ, ਜਦੋਂ ਉਸ ਨੇ ਅਕਾਲ ਤਖ਼ਤ ਸਾਹਿਬ ਦਾ ਚਾਰਜ ਲਿਆ ਤਾਂ ਉਸ ਨੇ ਐਲਾਨ ਕੀਤਾ ਕਿ "ਮੈਂ ਅਕਾਲ ਤਖ਼ਤ ਸਾਹਿਬ 'ਤੇ ਪੁਰਾਤਨ ਮਰਿਆਦਾ ਮੁੜ ਜਾਰੀ ਕਰਾਂਗਾ।" ਉਸ ਨੇ ਇਹ ਐਲਾਨ 10 ਅਪਰੈਲ 1997 ਦੇ ਦਿਨ ਵੀ ਦੁਹਰਾਇਆ।[64] ਪਰ ਅਗਲੇ ਦਿਨ ਹੀ ਉਸ ਨੇ ਗੁਰਚਰਨ ਸਿੰਘ ਟੌਹੜਾ ਰਾਹੀਂ ਭਿੰਡਰਾਂ-ਮਹਿਤਾ ਜਥਾ ਦੇ ਐਕਟਿੰਗ ਮੁਖ ਸੇਵਾਦਾਰ ਬਾਬਾ ਠਾਕੁਰ ਸਿੰਘ ਨਾਲ 'ਸਮਝੌਤਾ' ਕਰ ਲਿਆ ਅਤੇ 26 ਜਨਵਰੀ 1986 ਦੇ ਦਿਨ (ਅਖੌਤੀ) ਸਰਬਤ ਖ਼ਾਲਸਾ ਕਾਨਫ਼ਰੰਸ ਵੱਲੋਂ ਧੱਕੇ ਨਾਲ ਬਦਲੀ ਮਰਿਆਦਾ (ਜਿਸ ਮੁਤਾਬਿਕ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ ਦੀ ਥਾਂ ਰਾਗ ਮਾਲਾ 'ਤੇ ਪਾਉਣਾ ਸ਼ੁਰੂ ਹੋਇਆ) ਨੂੰ ਹੀ 'ਗੁਰਮਤਿ ਮਰਿਆਦਾ' ਵਜੋਂ ਕਬੂਲ ਕਰ ਲਿਆ। ਭਿੰਡਰਾਂ-ਮਹਿਤਾ ਜਥੇ ਵੱਲੋਂ 26 ਜਨਵਰੀ 1986 ਦੇ ਦਿਨ ਧੱਕੇ ਨਾਲ ਠੋਸੇ ਇਸ ਮਤੇ ਨੂੰ ਤਾਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ 16 ਫ਼ਰਵਰੀ 1986 ਦੇ ਦਿਨ ਕੇਸਗੜ੍ਹ ਸਾਹਿਬ ਅਨੰਦਪੁਰ 'ਚ ਹੋਈ 'ਸਰਬਤ ਖਾਲਸਾ ਕਾਨਫ਼ਰੰਸ' ਵਿਚ ਹੀ ਰੱਦ ਕਰ ਦਿੱਤਾ ਸੀ। 16 ਫ਼ਰਵਰੀ ਦੀ ਇਹ (ਅਖੌਤੀ) ਸਰਬਤ ਖ਼ਾਲਸਾ ਕਾਨਫ਼ਰੰਸ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਗਿਆਨੀ ਕਿਰਪਾਲ ਸਿੰਘ ਨੇ ਬੁਲਾਈ ਸੀ। ਦੂਜੇ ਲਫ਼ਜ਼ਾਂ ਵਿਚ ਇਹ ਇਕੱਠ ਅਕਾਲ ਤਖ਼ਤ ਸਾਹਿਬ ਵੱਲੋਂ ਸੀ ਅਤੇ ਇੰਞ ਅਕਾਲ ਤਖ਼ਤ ਨੇ ਰਾਗਮਾਲਾ 'ਤੇ ਭੋਗ ਪਾਉਣ ਦੇ ਭਿੰਡਰਾਂ-ਮਹਿਤਾ ਜਥੇ ਦੇ ਧੱਕੇ ਨੂੰ ਰੱਦ ਕੀਤਾ ਸੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਕਦੇ ਰਾਗਮਾਲਾ ਨਹੀਂ ਸੀ ਪੜ੍ਹੀ ਗਈ। ਸੋ, ਭਾਈ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਬਦਲਣ ਦੀ ਧੱਕੇ-ਸ਼ਾਹੀ 'ਤੇ ਵੀ ਆਪਣੀ ਚੁੱਪ-ਮੁਹਰ ਲਾ ਦਿੱਤੀ ਸੀ।

ਸੋ, ਕੁਲ ਮਿਲਾ ਕੇ ਚੰਗੀ ਸ਼ੁਰੂਆਤ ਵਾਲਾ ਰਣਜੀਤ ਸਿੰਘ ਇਕ ਪੱਖਪਾਤੀ, ਗ਼ੁਸੈਲ, ਬਦਲਾ-ਖੋਰ, ਡਾਂਗ-ਮਾਰ ਸੋਚ ਵਾਲਾ 'ਠਾਣੇਦਾਰ' ਜਾਣਿਆ ਜਾਣ ਲੱਗ ਪਿਆ ਅਤੇ

---

64. *ਅਜੀਤ*, 11 ਅਪਰੈਲ 1997, ਸਫ਼ਾ 1 ਅਤੇ 9.

ਪਰਕਾਸ਼ ਸਿੰਘ ਬਾਦਲ ਨੇ ਉਸ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਤੋਂ 'ਮੱਖਣ 'ਚੋਂ ਵਾਲ ਕੱਢਣ' ਵਾਂਗ ਕੱਢ ਮਾਰਿਆ। ਹਾਂ, ਰਣਜੀਤ ਸਿੰਘ ਦੀ ਇਕ ਗੱਲ ਅਖ਼ੀਰ ਤਕ ਕਾਬਲੇ-ਤਾਰੀਫ਼ ਰਹੀ ਕਿ ਉਸ ਨੇ ਟੌਹੜੇ ਦਾ ਪੂਰੀ ਯਾਰੀ ਨਿਭਾਈ। ਘੱਟੋ-ਘੱਟ ਦੋ ਮੌਕਿਆਂ 'ਤੇ ਆਪਣੀ ਇਜ਼ਤ ਅਤੇ ਆਪਣੀ ਸਰਬਰਾਹੀ ਦੀ ਪ੍ਰਵਾਹ ਕੀਤੇ ਬਿਨਾ, ਉਸ (ਰਣਜੀਤ ਸਿੰਘ) ਨੇ ਟੌਹੜੇ ਦਾ ਡਟ ਕੇ ਸਾਥ ਦਿੱਤਾ (ਪਰ 2003 ਵਿਚ ਬਾਦਲ ਨਾਲ ਸਮਝੌਤਾ ਕਰਨ ਵੇਲੇ ਟੌਹੜਾ ਬੇਵਫ਼ਾ ਨਿਕਲਿਆ ਅਤੇ ਯਾਰ-ਮਾਰ ਕਰ ਕੇ, ਯਾਰਾਂ ਦੇ ਢਿੱਡਾਂ 'ਤੇ ਪੈਰ ਰੱਖਦਾ, ਪ੍ਰਧਾਨਗੀ ਨੂੰ ਜੱਫ਼ਾ ਮਾਰਨ ਵਾਸਤੇ, ਦੋਸਤੀ ਦੇ ਮੁੱਢਲੇ ਅਸੂਲਾਂ ਨੂੰ ਛਿੱਕੇ ਟੰਗ ਕੇ, ਆਦਤ ਮੁਜਬ, ਮਹਾਨ ਅਹਿਸਾਨ ਫ਼ਰਾਮੋਸ਼ ਸਾਬਿਤ ਹੋਇਆ)।

ਰਣਜੀਤ ਸਿੰਘ ਦੀ ਯੂਰਪ ਫ਼ੇਰੀ

ਜੁਲਾਈ 1999 ਵਿਚ ਭਾਈ ਰਣਜੀਤ ਸਿੰਘ ਯੂਰਪ ਦੇ ਦੌਰੇ 'ਤੇ ਗਿਆ। ਉਸ ਨੇ ਫ਼ਰੈਂਕਫ਼ਰਟ (ਜਰਮਨੀ) ਦੇ ਇਕ ਗੁਰਦੁਆਰੇ ਵਿਚ ਉਸ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਲੌਂਗੋਵਾਲ ਪੰਥ ਦਾ ਸ਼ਹੀਦ ਸੀ ਤੇ ਉਸ ਨੂੰ ਕਤਲ ਕਰਨ ਵਾਲੇ ਪੰਥ ਦੇ ਗ਼ਦਾਰ ਸਨ। ਰਣਜੀਤ ਸਿੰਘ ਨੇ ਇਹ ਬੋਲ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਸੁਰਜੀਤ ਬਰਨਾਲਾ ਨੂੰ ਖ਼ੁਸ਼ ਕਰਨ ਵਾਸਤੇ ਕਹੇ ਸਨ।

ਇਸੇ ਸਮਾਗਮ ਵਿਚ ਰਣਜੀਤ ਸਿੰਘ ਨੇ ਖਾਲਿਸਤਾਨੀ ਸਮਝੇ ਜਾਂਦੇ ਆਗੂ ਗੰਗਾ ਸਿੰਘ ਢਿੱਲੋਂ ਤੋਂ ਸਿਰੋਪਾ ਲੈਣ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ "ਮੈਨੂੰ ਦਿੱਲੀ ਏਅਰਪੋਰਟ 'ਤੇ ਪਰੇਸ਼ਾਨ ਕੀਤਾ ਜਾ ਸਕਦਾ ਹੈ।" ਉਂਞ ਰਣਜੀਤ ਸਿੰਘ ਖਾਲਿਸਤਾਨ ਦੀ ਮੁਖ਼ਾਲਫ਼ਤ ਕਈ ਵਾਰ ਪਹਿਲੋਂ ਵੀ ਸ਼ਰੇਆਮ ਕਰ ਚੁੱਕਾ ਸੀ। (ਵੇਖੋ : ਰਣਜੀਤ ਸਿੰਘ ਵੱਲੋਂ ਬਾਦਲ ਨੂੰ ਲਿਖੀ 9 ਫ਼ਰਵਰੀ 1999 ਦੀ ਚਿੱਠੀ)।

ਗਿਆਨੀ ਪੂਰਨ ਸਿੰਘ ਦਾ ਜ਼ਮਾਨਾ

ਭਾਈ ਰਣਜੀਤ ਸਿੰਘ ਨੂੰ ਰਾਹ ਵਿਚੋਂ ਹਟਾਉਣ ਮਗਰੋਂ ਬਾਦਲ ਧੜੇ ਨੇ ਜਥੇਦਾਰ ਟੌਹੜਾ ਨੂੰ ਹਟਾਉਣ ਵਾਸਤੇ ਬੇਵਿਸਾਹੀ ਦੇ ਮਤੇ ਦਾ ਨੋਟਿਸ ਦੇ ਦਿੱਤਾ। ਜਥੇਦਾਰ ਟੌਹੜਾ ਨੇ ਵੀ ਮੈਂਬਰਾਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ, ਪਰ ਸਰਕਾਰ ਦੀ ਤਾਕਤ ਨੇ ਜਥੇਦਾਰ ਟੌਹੜਾ ਦਾ ਵੱਸ ਨਾ ਚਲਨ ਦਿੱਤਾ। ਜਥੇਦਾਰ ਟੌਹੜਾ ਨਾਲ 50 ਮੈਂਬਰ ਵੀ ਨਾ ਰਹੇ। ਹੋਰ ਤਾਂ ਹੋਰ ਜਿਨ੍ਹਾਂ ਮੈਂਬਰਾਂ 'ਤੇ ਉਨ੍ਹਾਂ ਦੇ ਵੱਡੇ ਤੋਂ ਵੱਡੇ ਅਹਿਸਾਨ ਸਨ, ਵੀ ਉਨ੍ਹਾਂ ਨਾਲ ਬੇਵਫ਼ਾਈ ਕਰ ਕੇ ਅਹਿਸਾਨ-ਫ਼ਰਾਮੋਸ਼ ਹੋ ਗਏ। ਇਸ 'ਤੇ ਜਥੇਦਾਰ ਟੌਹੜਾ ਨੇ 15 ਮਾਰਚ ਨੂੰ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਬਾਦਲ ਧੜੇ ਨੇ ਜਥੇਦਾਰ ਟੌਹੜਾ ਦੀ ਥਾਂ ਬੀਬੀ ਜਗੀਰ ਕੌਰ ਨੂੰ ਪ੍ਰਧਾਨ ਚੁਣ ਲਿਆ।

ਗਿਆਨੀ ਪੂਰਨ ਸਿੰਘ ਨੇ ਅਹਿਦ ਸੰਭਾਲਣ ਮਗਰੋਂ ਲੰਗਰ ਬਾਰੇ ਅਤੇ ਹੋਰ 'ਹੁਕਮਨਾਮਿਆਂ' ਨੂੰ ਵਾਪਿਸ ਲੈਣ ਜਾਂ ਰੱਦ ਕਰਨੋਂ ਉੱਕਾ ਹੀ ਨਾਂਹ ਕਰ ਦਿੱਤੀ, ਜਿਸ ਨਾਲ ਕੈਨੇਡਾ ਦੇ ਕੁਰਸੀਆਂ 'ਤੇ ਲੰਗਰ ਛਕਣ ਦੇ ਹਿਮਾਇਤੀਆਂ ਦੀਆਂ ਖ਼ਾਹਿਸ਼ਾਂ 'ਤੇ ਪਾਣੀ ਫਿਰ ਗਿਆ। ਕੁਝ ਲੋਕਾਂ ਨੂੰ ਅਜਿਹਾ ਲਗਿਆ ਕਿ ਗਿਆਨੀ ਪੂਰਨ ਸਿੰਘ

ਭਿੰਡਰਾਂ-ਮਹਿਤਾ ਜਥੇ ਦੀ ਹਿਦਾਇਤ ਮੁਤਾਬਿਕ ਚਲੇਗਾ। ਪਰ, ਸਾਧੂ ਸਿੰਘ ਭੌਰਾ ਵਾਂਗ ਗਿਆਨੀ ਪੂਰਨ ਸਿੰਘ ਵਿਚ ਵੀ ਦਮ ਨਹੀਂ ਸੀ। ਉਹ ਇਕ ਹੌਲਾ ਆਦਮੀ ਸੀ। ਉਸ ਨੇ ਸਭ ਤੋਂ ਪਹਿਲਾਂ ਤਾਂ ਬੀਬੀ ਜਗੀਰ ਕੌਰ 'ਤੇ ਜ਼ੋਰ ਪਾਇਆ ਕਿ ਉਸ 'ਤੇ ਸ਼੍ਰੋਮਣੀ ਕਮੇਟੀ ਵਲੋਂ ਕਮੇਟੀ ਦੀ ਜਾਇਦਾਦ ਹੜਪਣ ਦਾ ਦਰਜ ਕੀਤਾ ਕੇਸ ਵਾਪਿਸ ਲਿਆ ਜਾਵੇ।

ਗਿਆਨੀ ਪੂਰਨ ਸਿੰਘ ਅਖਵਾਂਦਾ ਤਾਂ ਭਿੰਡਰਾਂ-ਮਹਿਤਾ ਜਥੇ ਦਾ ਬੰਦਾ ਸੀ, ਪਰ 8 ਅਪਰੈਲ ਨੂੰ ਉਸ ਨੇ ਬਜਰੰਗ ਬਰਗੇਡ ਅਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਕੁਝ ਵਰਕਰਾਂ ਨੂੰ, ਜਿਨ੍ਹਾਂ ਅਕਾਲ ਤਖ਼ਤ ਸਾਹਿਬ 'ਤੇ ਆ ਕੇ 'ਹਰ ਹਰ ਮਹਾਂਦੇਵ' ਤੇ 'ਜੈ ਸੀਆ ਰਾਮ' ਦੇ ਨਾਅਰੇ ਲਾ ਕੇ ਤਖ਼ਤ ਸਾਹਿਬ ਦੀ ਤੌਹੀਨ ਕਰਨ ਦੀ ਕੋਸ਼ਿਸ਼ ਕੀਤੀ, ਨੂੰ ਸਿਰੋਪਾਓ ਭੇਟ ਕੀਤੇ। ਹਾਲਾਂਕਿ ਤਖ਼ਤ ਸਾਹਿਬ ਦੀ ਮਰਿਆਦਾ ਮੁਤਾਬਿਕ ਕਿਸੇ ਗ਼ੈਰ-ਅੰਮ੍ਰਿਤਧਾਰੀ ਨੂੰ ਤਖ਼ਤ ਸਾਹਿਬ ਤੋਂ ਸਿਰੋਪਾ ਨਹੀਂ ਦਿੱਤਾ ਜਾ ਸਕਦਾ।

ਇਸ ਤੋਂ ਦੋ ਮਹੀਨੇ ਮਗਰੋਂ, 28 ਅਪਰੈਲ 1999 ਨੂੰ, ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਗਿਆਨੀ ਪੂਰਨ ਸਿੰਘ ਨੂੰ ਪੂਰਾ ਮੁਖ ਸੇਵਾਦਾਰ (ਜਥੇਦਾਰ) ਬਣਾ ਦਿੱਤਾ ਤੇ ਭਾਈ ਰਣਜੀਤ ਸਿੰਘ ਨੂੰ ਬਰਤਰਫ਼ ਕਰ ਦਿੱਤਾ।

ਦੂਜੇ ਪਾਸੇ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਆਖਣਾ ਜਾਰੀ ਰਖਿਆ। ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ (ਜਥੇਦਾਰ ਟੌਹੜਾ), ਸੰਤ ਸਮਾਜ (ਮੁਖੀ ਸਰਬਜੋਤ ਸਿੰਘ ਬੇਦੀ), ਅੰਮ੍ਰਿਤਸਰ ਅਕਾਲੀ ਦਲ (ਮਾਨ), ਰੋਡੇ ਅਤੇ ਕਈ ਹੋਰਾਂ ਨੇ ਵੀ ਐਲਾਨ ਕੀਤਾ ਕਿ ਉਹ ਭਾਈ ਰਣਜੀਤ ਸਿੰਘ ਨੂੰ ਹੀ ਮਾਨਤਾ ਦੇਂਦੇ ਹਨ ਤੇ ਪੂਰਨ ਸਿੰਘ ਨੂੰ ਸਿਰਫ਼ 'ਸਰਕਾਰੀ ਜਥੇਦਾਰ' ਹੀ ਸਮਝਦੇ ਹਨ।

ਇਨ੍ਹਾਂ ਦਿਨਾਂ ਵਿਚ ਹੀ ਰਣਜੀਤ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਜੇ **ਬਾਦਲ ਤੇ ਉਸ ਦੇ ਸਾਥੀ ਅੰਮ੍ਰਿਤ ਛਕ ਲੈਣ ਤਾਂ ਮੈਂ ਅਕਾਲ ਤਖ਼ਤ ਸਾਹਿਬ ਦੇ 'ਮੁਖ ਸੇਵਾਦਾਰ' ਹੋਣ ਦਾ ਦਾਅਵਾ ਛੱਡਣ ਵਾਸਤੇ ਤਿਆਰ ਹਾਂ।** ਇਸ 'ਤੇ ਬਾਦਲ, ਕੈਪਟਨ ਕੰਵਲਜੀਤ, ਢੀਂਡਸਾ, ਭੂੰਦੜਾ, ਬੀਬੀ ਜਗੀਰ ਕੌਰ ਦੀਆਂ ਦੋਹਾਂ ਧੀਆਂ ਅਤੇ ਕਈ ਹੋਰਨਾਂ ਨੇ ਅਨੰਦਪੁਰ ਸਾਹਿਬ 'ਚ 'ਅੰਮ੍ਰਿਤ' ਛਕ ਲਿਆ। ਪਰ, ਬਰਜਿੰਦਰ ਸਿੰਘ ਹਮਦਰਦ, ਮਿਸਜ਼ ਬਾਦਲ, ਸੁਖਬੀਰ ਬਾਦਲ ਨੇ ਅੰਮ੍ਰਿਤ ਨਾ ਛਕਿਆ। ਉੱਧ **ਰਣਜੀਤ ਸਿੰਘ ਇਸ ਮਗਰੋਂ ਆਪਣੇ ਇਸ ਬਿਆਨ ਤੋਂ ਵੀ ਮੁਕਰ ਗਿਆ ਤੇ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕਹਿੰਦਾ ਰਿਹਾ।**

ਇਸ ਦੌਰਾਨ ਅਨੰਦਪੁਰ ਸਾਹਿਬ ਵਿਚ ਦੋਹਾਂ ਧੜਿਆਂ ਵਲੋਂ ਤੀਜੀ ਸ਼ਤਾਬਦੀ ਦੇ ਸਬੰਧ ਵਿਚ ਆਪੋ-ਆਪਣੇ ਸਮਾਗਮ ਕੀਤੇ ਗਏ। ਇਹ ਠੀਕ ਹੈ ਕਿ ਭਾਈ ਰਣਜੀਤ ਸਿੰਘ ਦੇ ਹਿਮਾਇਤੀਆਂ ਵਲੋਂ ਕੀਤੇ ਗਏ ਦੀਵਾਨ ਵਿਚ ਹਾਜ਼ਿਰੀ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਂਝੇ ਪੰਡਾਲ ਤੋਂ ਕਿਤੇ ਵੱਧ ਸੀ। ਪਰ ਸਮੁੱਚੇ ਤੌਰ 'ਤੇ ਦੋਹਾਂ ਸਮਾਗਮਾਂ ਦਾ ਪੰਥ ਨੂੰ ਕੋਈ ਫ਼ਾਇਦਾ ਨਾ ਹੋਇਆ। ਜਥੇਦਾਰ ਟੌਹੜਾ ਦੇ ਵੇਲੇ ਦੇ ਐਲਾਨੇ ਗਏ 300 ਸਾਲਾ ਬਾਰੇ ਸਾਰੇ ਅਹਿਮ ਪ੍ਰਾਜੈਕਟ ਧਰੇ-ਧਰਾਏ ਰਹਿ ਗਏ ਤੇ ਇਨ੍ਹਾਂ ਨੂੰ ਕਦੇ ਵੀ ਅੰਜਾਮ ਨਾ ਦਿੱਤਾ ਜਾ ਸਕਿਆ। ਅਨੰਦਪੁਰ ਸਾਹਿਬ 'ਚ ਗੁਰੂ ਗੋਬਿੰਦ ਸਿੰਘ ਸਾਹਿਬ ਜਾਂ ਖਾਲਸਾ ਜਾਂ ਪੰਥ ਦੀ ਥਾਂ ਧੜਾਬੰਦੀ, ਮੁਖ਼ਾਲਫ਼ਤ,

ਨਫ਼ਰਤ ਦੀ ਸੁਰ ਵਧੇਰੇ ਭਾਰੂ ਰਹੀ। ਖਾਲਸੇ ਦੀ ਤੀਜੀ ਸ਼ਤਾਬਦੀ ਪੰਥ ਨੇ ਐਵੇਂ ਹੀ ਗੁਆ ਲਈ। ਇਸ ਵਿਚੋਂ ਸਿਰਫ਼ ਇਕੋ-ਇਕ ਹਾਸਿਲ 'ਪੰਥ ਵਿਚ ਫ਼ੁਟ' ਸੀ। ਇਸ ਫ਼ੁਟ ਦਾ ਖ਼ਮਿਆਜ਼ਾ ਦਿਸੰਬਰ 1999 ਵਿਚ ਹੋਈਆਂ ਚੋਣਾਂ ਵਿਚ ਅਕਾਲੀ ਦਲ ਦੀ ਭਾਰੀ ਹਾਰ ਵਿਚ ਭੁਗਤਣਾ ਪਿਆ।

ਇਨ੍ਹਾਂ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਹੈੱਡ-ਗ੍ਰੰਥੀ ਗਿਆਨੀ ਭਗਵਾਨ ਸਿੰਘ ਨੇ ਇਕ ਪ੍ਰੈਸ ਕਾਨਫ਼ਰੰਸ ਕਰ ਕੇ (ਪ੍ਰੋ:) ਮਨਜੀਤ ਸਿੰਘ 'ਤੇ ਇਲਜ਼ਾਮ ਲਾਇਆ ਕਿ ਉਸ ਦਾ ਇਖ਼ਲਾਕ ਘਟੀਆ ਹੈ ਅਤੇ ਉਹ ਇਕ ਕੁਰਪਟ ਆਦਮੀ ਹੈ। ਪਰ, ਸ਼੍ਰੋਮਣੀ ਕਮੇਟੀ ਨੇ ਮਨਜੀਤ ਸਿੰਘ ਜਾਂ ਗਿਆਨੀ ਭਗਵਾਨ ਸਿੰਘ 'ਤੇ ਕੋਈ ਐਕਸ਼ਨ ਨਾ ਲਿਆ (ਮਗਰੋਂ ਮਾਰਚ 2003 ਵਿਚ ਉਸ ਨੂੰ ਇਨ੍ਹਾਂ ਦੋਸ਼ਾਂ ਹੇਠ ਹੀ ਕੱਢਿਆ ਗਿਆ)।

ਬੀਬੀ ਜਗੀਰ ਕੌਰ ਦੀ ਪੂਰਨ ਸਿੰਘ ਨਾਲ ਪਹਿਲੀ ਟੱਕਰ ਹਰਿਆਣਾ ਦੇ ਚੀਫ਼ ਮਨਿਸਟਰ ਓਮ ਪ੍ਰਕਾਸ਼ ਚੌਟਾਲਾ ਨੂੰ ਦਰਬਾਰ ਸਾਹਿਬ 'ਚ ਸਿਰੋਪਾ ਦੇਣ 'ਤੇ ਹੋਈ। ਕਾਫ਼ੀ ਚਿਰ ਚਰਚਾ ਚਲਦੀ ਰਹੀ ਕਿ ਪੂਰਨ ਸਿੰਘ ਬੀਬੀ ਜਗੀਰ ਕੌਰ ਦੀ ਤਲਬੀ ਕਰੇਗਾ, ਪਰ ਛੇਤੀ ਹੀ ਬੀਬੀ ਜਗੀਰ ਕੌਰ ਤੇ ਪੂਰਨ ਸਿੰਘ ਵਿਚ ਸਮਝੌਤਾ ਕਰਵਾ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਤੇ ਪਾਲ ਸਿੰਘ ਪੁਰੇਵਾਲ ਦਾ ਕੈਲੰਡਰ

1997 ਵਿਚ ਕੈਨੇਡਾ ਦੇ ਪਾਲ ਸਿੰਘ ਪੁਰੇਵਾਲ ਨੇ ਇਕ ਨਵਾਂ ਦੇਸੀ ਕੈਲੰਡਰ ਤਿਆਰ ਕੀਤਾ। ਉਸ ਮੁਤਾਬਿਕ ਇਹ ਕੈਲੰਡਰ ਗੁਰੂ ਗ੍ਰੰਥ ਸਾਹਿਬ 'ਚ ਦਿਤੇ ਬਾਰਹ ਮਾਹ 'ਤੇ ਆਧਾਰਿਤ ਸੀ। ਇਸ ਕੈਲੰਡਰ ਵਿਚ 1999 ਨੂੰ ਆਧਾਰ ਸਾਲ ਮੰਨ ਕੇ ਬਿਕ੍ਰਮੀ ਅਤੇ ਗਰੈਗੋਰੀਅਨ ਕੈਲੰਡਰ ਨੂੰ ਇਕੱਠਾ ਕੀਤਾ ਹੋਇਆ ਸੀ। ਇਸ ਕੈਲੰਡਰ ਵਿਚ ਗੁਰੂ ਸਾਹਿਬ ਦੇ ਦਿਹਾੜਿਆਂ ਦੀਆਂ ਤਾਰੀਖ਼ਾਂ ਸਹੀ ਕਰਨ ਦਾ ਦਾਅਵਾ ਵੀ ਕੀਤਾ ਹੋਇਆ ਸੀ। ਦਰਅਸਲ ਇਹ ਕੈਲੰਡਰ ਨਾ ਤਾਂ ਸਿੱਖ ਫ਼ਲਸਫ਼ੇ ਅਤੇ ਕਲਚਰ ਦੀ ਨੁਮਾਇੰਦਗੀ ਕਰਦਾ ਸੀ, ਨਾ ਇਹ ਸਾਇੰਟਿਫ਼ਿਕ ਸੀ ਅਤੇ ਨਾ ਹੀ ਇਹ ਗੁਰੂ ਸਾਹਿਬ ਦੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਨੂੰ ਸਹੀ ਕਰਦਾ ਸੀ। ਉਲਟਾ ਇਸ ਦਾ ਵੱਡਾ ਨੁਕਸਾਨ ਇਹ ਸੀ ਕਿ ਸਿੱਖਾਂ ਨੂੰ ਨਵੀਆਂ ਸੰਗਰਾਂਦਾਂ, ਨਵੀਆਂ ਪੂਰਨਮਾਸ਼ੀਆਂ, ਨਵੀਆਂ ਮੱਸਿਆਂ ਤੇ ਨਵੀਆਂ ਪੰਚਮੀਆਂ ਦੇ ਗੇੜ ਵਿਚ ਫਸਾਂਦਾ ਸੀ। ਕੁਲ ਮਿਲਾ ਕੇ ਇਹ ਸਿੱਖਾਂ ਵਾਸਤੇ ਲਾਹੇਵੰਦਾ ਨਹੀਂ ਸੀ। ਪੁਰੇਵਾਲ ਨੇ ਇਹ ਕੈਲੰਡਰ ਚੰਡੀਗੜ੍ਹ 'ਚ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਡਾਕਟਰ ਖੜਕ ਸਿੰਘ ਦੀ ਹਿਮਾਇਤ ਨਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ ਰਾਹੀਂ ਮਨਜ਼ੂਰ ਕਰਵਾ ਲਿਆ ਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਵੀ ਇਸ ਨੂੰ ਮੰਨ ਲਿਆ। ਕਿਸੇ ਸਿੱਖ ਵਿਦਵਾਨ ਨੂੰ ਇਸ ਤੋਂ ਪਹਿਲਾਂ ਇਸ ਬਾਰੇ ਪਤਾ ਵੀ ਨਹੀਂ ਸੀ। ਇੰਞ ਹੀ ਸਿੱਖਾਂ ਦੇ ਕੁਝ ਅਦਾਰਿਆਂ, ਜਮਾਤਾਂ ਅਤੇ ਗਰੁਪਾਂ ਨੇ ਵੀ ਇਸ ਨੂੰ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕਰਨ ਤੋਂ ਮਗਰੋਂ ਹੀ ਵੇਖਿਆ ਸੀ। ਜਦੋਂ ਇਸ ਬਾਰੇ ਵਧੇਰੇ ਚਰਚਾ ਸ਼ੁਰੂ ਹੋ ਗਿਆ ਤਾਂ ਭਾਈ ਰਣਜੀਤ ਸਿੰਘ ਨੇ 25 ਜਨਵਰੀ 1999 ਦੇ ਦਿਨ ਇਸ ਕੈਲੰਡਰ ਨੂੰ ਲਾਗੂ ਕਰਨਾ ਮੁਲਤਵੀ ਕਰਨ ਵਾਸਤੇ ਕਿਹਾ। ਭਾਈ ਰਣਜੀਤ ਸਿੰਘ ਨੂੰ 'ਹਟਾਏ ਜਾਣ' ਮਗਰੋਂ ਗਿਆਨੀ ਪੂਰਨ ਸਿੰਘ ਨੇ ਵੀ ਇਸ ਕੈਲੰਡਰ ਦੀ ਮੁਖ਼ਾਲਫ਼ਤ ਕੀਤੀ ਅਤੇ

ਇਸ 'ਤੇ ਵਕਤੀ ਤੌਰ 'ਤੇ ਪਾਬੰਦੀ ਲਾ ਦਿੱਤੀ। ਪਹਿਲਾਂ ਤਾਂ ਬੀਬੀ ਜਗੀਰ ਕੌਰ (ਪ੍ਰਧਾਨ ਸ਼੍ਰੋਮਣੀ ਕਮੇਟੀ) ਨੇ ਇਸ ਕੈਲੰਡਰ ਨੂੰ ਮੁਲਤਵੀ ਕਰ ਦਿੱਤਾ। ਇਸ ਦੌਰਾਨ 23 ਦਿਸੰਬਰ 1999 ਨੂੰ ਗਿਆਨੀ ਪੂਰਨ ਸਿੰਘ ਨੇ ਇਕ ਸੱਤ ਮੈਂਬਰੀ ਕਮੇਟੀ ਬਣਾ ਦਿੱਤੀ, ਜੋ ਇਸ ਕੈਲੰਡਰ ਬਾਰੇ ਆਪਣੀ ਰਿਪੋਰਟ ਦੇਵੇ। ਇਸ ਸੱਤ ਮੈਂਬਰੀ ਕਮੇਟੀ ਦਾ ਕਨਵੀਨਰ ਸ: ਸੰਤੋਖ ਸਿੰਘ (ਪੁੱਤਰ ਜਥੇਦਾਰ ਅੱਛਰ ਸਿੰਘ) ਸੀ। ਇਸ ਕਮੇਟੀ 'ਚ ਬਹੁਤੇ ਮੈਂਬਰਾਂ ਨੇ ਇਸ ਕੈਲੰਡਰ ਨੂੰ ਲਾਗੂ ਨਾ ਕਰਨ ਦੀ ਹਿਮਾਇਤ ਕੀਤੀ, ਪਰ ਨਾਲ ਹੀ ਸਿੱਖਾਂ ਵਾਸਤੇ ਇਕ ਨਵਾਂ ਕੌਮੀ ਕੈਲੰਡਰ ਤਿਆਰ ਕਰਨ ਦੀ ਵੀ ਸਿਫ਼ਾਰਸ਼ ਕੀਤੀ।

ਜਦੋਂ ਸੱਤ ਮੈਂਬਰੀ ਕਮੇਟੀ ਨੇ ਅਜਿਹਾ ਵਿਚਾਰ ਪੇਸ਼ ਕੀਤਾ ਤਾਂ ਕੈਲੰਡਰ ਲਾਗੂ ਕਰਨ ਦੇ ਹਿਮਾਇਤੀਆਂ ਨੇ ਆਪਣੀ ਮਰਜ਼ੀ ਪੁਗਾਉਣ ਵਾਸਤੇ 16 ਜਨਵਰੀ 2000 ਦੇ ਦਿਨ ਗਿਆਨੀ ਪੂਰਨ ਸਿੰਘ 'ਤੇ ਜ਼ੋਰ ਪਾ ਕੇ ਸੱਤ ਮੈਂਬਰੀ ਨੂੰ ਯਾਰਾਂ ਮੈਂਬਰੀ ਕਰਵਾ ਲਿਆ ਅਤੇ ਇਸ ਵਿਚ ਆਪਣੀ ਮਰਜ਼ੀ ਦੇ ਚਾਰ ਮੈਂਬਰ ਹੋਰ ਪਾ ਲਏ। ਇਹ ਚਾਰੇ ਜਣੇ ਸ਼ਰੇਆਮ ਇਸ ਕੈਲੰਡਰ ਦੇ ਹਿਮਾਇਤੀ ਸਨ। ਇਨ੍ਹਾਂ ਵਿਚੋਂ ਡਾ. ਖੜਕ ਸਿੰਘ ਤੇ ਬੀਬੀ ਕਿਰਨਜੋਤ ਕੌਰ ਨੇ ਡਟ ਕੇ ਪੁਰੇਵਾਲ ਦੇ ਕੈਲੰਡਰ ਦੀ ਹਿਮਾਇਤ ਵੀ ਕੀਤੀ ਹੋਈ ਸੀ। ਇਸ ਤੋਂ ਸਾਫ਼ ਨਜ਼ਰ ਆਉਂਦਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਕਿਸੇ ਨਾ ਕਿਸੇ ਤਰੀਕੇ ਨਾਲ ਪੁਰੇਵਾਲ ਦਾ ਕੈਲੰਡਰ ਲਾਗੂ ਕਰਨਾ ਚਾਹੁੰਦੀ ਸੀ।

ਇਕ ਪਾਸੇ ਸ਼੍ਰੋਮਣੀ ਕਮੇਟੀ ਨੇ ਕੈਲੰਡਰ ਬਾਰੇ ਵਿਚਾਰ ਕਰਨ ਵਾਸਤੇ ਸੱਤ-ਮੈਂਬਰੀ ਕਮੇਟੀ ਬਣਾਈ, ਪਰ ਦੂਜੇ ਪਾਸੇ, ਉਸੇ ਦਿਨ, ਇਸ ਨੂੰ ਲਾਗੂ ਕਰਨ ਦਾ ਮਤਾ ਦੋਬਾਰਾ ਪਾਸ ਕਰ ਦਿੱਤਾ ਤੇ ਪੁਰੇਵਾਲ ਨੂੰ ਸਿਰੋਪਾਓ ਵੀ ਦੇ ਦਿੱਤਾ। ਗਿਆਨੀ ਪੂਰਨ ਸਿੰਘ ਨੇ ਇਸ 'ਤੇ ਸਖ਼ਤ ਇਤਰਾਜ਼ ਕੀਤਾ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਹਾੜਾ ਵੀ 5 ਜਨਵਰੀ 2000 ਦੇ ਦਿਨ ਪੁਰੇਵਾਲ ਦੇ ਕੈਲੰਡਰ ਮੁਤਾਬਿਕ ਮਨਾਉਣ ਦਾ ਮਤਾ ਪਾਸ ਕੀਤਾ ਤੇ ਮਨਾਇਆ ਵੀ। ਗਿਆਨੀ ਪੂਰਨ ਸਿੰਘ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ। (ਗਿਆਨੀ ਪੂਰਨ ਸਿੰਘ ਨੇ ਇਹ ਦਿਨ ਬਿਕਰਮੀ ਕੈਲੰਡਰ ਦੇ ਆਧਾਰ 'ਤੇ 14 ਜਨਵਰੀ ਨੂੰ ਮਨਾਇਆ)।

ਇਨ੍ਹਾਂ ਦਿਨਾਂ ਵਿਚ ਇਹ ਚਰਚਾ ਛਿੜ ਪਈ ਕਿ ਬੀਬੀ ਜਗੀਰ ਕੌਰ ਗਿਆਨੀ ਪੂਰਨ ਸਿੰਘ ਨੂੰ 'ਜਥੇਦਾਰੀ' ਤੋਂ ਹਟਾ ਦੇਵੇਗੀ। ਜਦੋਂ ਗਿਆਨੀ ਪੂਰਨ ਸਿੰਘ ਨੂੰ ਇਹ ਖ਼ਬਰ ਮਿਲੀ, ਉਹ ਹਜ਼ੂਰ ਸਾਹਿਬ (ਨੰਦੇੜ) ਜਾ ਰਿਹਾ ਸੀ। ਉਸ ਦਿਨ 25 ਜਨਵਰੀ ਦੀ ਤਾਰੀਖ਼ ਸੀ। ਉਹ ਨੰਦੇੜ ਜਾਂਦਾ ਰਾਹ ਵਿਚ ਗੁਨਾ ਕਸਬੇ ਵਿਚ ਰੁਕਿਆ ਅਤੇ ਆਪਣੀ 'ਜਥੇਦਾਰੀ' ਖੁਸਣ ਦੇ ਖ਼ਤਰੇ ਦੇ ਜਵਾਬੇ-ਅਮਲ (reaction) ਵਜੋਂ ਇਕ ਚਿੱਠੀ ਲਿਖ ਕੇ, ਇਸ ਨੂੰ ਬੀਬੀ ਜਗੀਰ ਕੌਰ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ 'ਹੁਕਮਨਾਮਾ' ਆਖ ਕੇ, ਜਲੰਧਰ ਦੀ ਇਕ ਅਖ਼ਬਾਰ ਨੂੰ ਫ਼ੈਕਸ ਕਰ ਦਿੱਤਾ। ਪੂਰਨ ਸਿੰਘ ਵੱਲੋਂ ਬੀਬੀ ਜਗੀਰ ਕੌਰ ਨੂੰ ਫ਼ੈਕਸ 'ਤੇ ਭੇਜੇ 'ਹੁਕਮ' ਵਿਚ ਉਸ ਦੇ ਇਕੱਲੇ ਦੇ ਦਸਤਖ਼ਤ ਸਨ (ਵੇਖੋ ਅਸਲ ਦੀ ਫ਼ੋਟੋਕਾਪੀ, ਦਸਤਾਵੇਜ਼ੀ ਸੈਕਸ਼ਨ ਵਿਚ)। ਪਰ ਮਗਰੋਂ ਜਾਰੀ ਕੀਤੇ ਨਵੇਂ 'ਹੁਕਮ' ਹੇਠਾਂ ਰੋਸ਼ਨ ਸਿੰਘ, ਸੂਬਾ ਸਿੰਘ, ਮਿਲਖਾ ਸਿੰਘ ਅਤੇ ਚਰਨ ਸਿੰਘ ਨਾਂ ਦੇ ਬੰਦਿਆਂ ਦੇ ਦਸਤਖ਼ਤ ਸਨ (ਇਹ ਚਾਰੇ ਆਮ ਸਿੱਖ ਸਨ, ਨਾ ਕਿ ਗ੍ਰੰਥੀ ਜਾਂ ਆਗੂ ਜਾਂ ਵਿਦਵਾਨ)। ਪੂਰਨ ਸਿੰਘ ਦਾ ਫ਼ੈਕਸਨਾਮਾ (ਫ਼ੈਕਸ 'ਤੇ ਭੇਜੇ ਜਾਣ ਕਰਕੇ ਇਸ ਨੂੰ ਫ਼ੈਕਸਨਾਮਾ ਕਹਿਣਾ

ਵਧੇਰੇ ਠੀਕ ਜਾਪਦਾ ਹੈ), ਜੋ ਦੋਬਾਰਾ ਪੰਜਾਂ ਦੇ ਦਸਤਖ਼ਤਾਂ ਹੇਠ ਰੀਲੀਜ਼ ਕੀਤਾ ਗਿਆ, ਇੰਞ ਸੀ:

ਮਿਤੀ: 25-1-2000

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ ਵਿਚ ਸਿੱਖੀ ਤੋਂ ਖ਼ਾਰਿਜ ਕੀਤਾ ਜਾਂਦਾ ਹੈ। ਬੀਬੀ ਜਗੀਰ ਕੌਰ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਬਾਰ ਬਾਰ ਉਲੰਘਣਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਕਮਰੇ ਵਿਚ ਨਵੀਂ ਜੰਤਰੀ ਬਾਰੇ ਚੱਲੀ ਮੀਟਿੰਗ ਵਿਚ ਦਾਸ ਨੇ ਵਿਰੋਧ ਕੀਤਾ ਪਰ ਇਸ ਦੇ ਉਲਟ ਬੀਬੀ ਜਗੀਰ ਕੌਰ ਨੇ ਪਾਲ ਸਿੰਘ ਪੁਰੇਵਾਲ ਨੂੰ ਸਿਰਪਾਉ ਦੇ ਕੇ ਜੰਤਰੀ ਚਾਲੂ ਕਰ ਦਿੱਤੀ। ਉਸ ਉਪਰੰਤ ਜੰਤਰੀ ਉਪਰ ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀ ਲਗਾਈ ਗਈ।

4 ਨਵੰਬਰ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਜੰਤਰੀ ਉਪਰ ਫਿਰ ਪਾਬੰਦੀ ਲਗਾਈ ਗਈ ਪਰ ਬੀਬੀ ਜੀ (ਨੇ) ਅਕਾਲ ਤਖ਼ਤ ਸਾਹਿਬ (ਦੇ) ਹੁਕਮਾਂ (ਦੀ) ਪਰਵਾਹ ਨਾ ਕਰਦਿਆਂ ਜੋ 14 ਜਨਵਰੀ ਪੋਹ ਸੁਦੀ ਸਤਵੀਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਵਤਾਰ ਪੂਰਬ ਮਨਾਇਆ ਜਾਣਾ ਸੀ, ਪਰ ਬੀਬੀ ਜਗੀਰ ਕੌਰ (ਨੇ) ਇਹ ਪੁਰਬ 5 ਜਨਵਰੀ (ਨੂੰ) ਸਿੱਖ ਕੌਮ ਨੂੰ ਮਨਾਉਣ ਵਾਸਤੇ ਬਿਆਨ ਦਿੱਤਾ ਅਤੇ ਕਈ ਜਗ੍ਹਾ 'ਤੇ ਜ਼ਬਰਦਸਤੀ ਇਹ ਦਿਨ ਮਨਾਇਆ ਗਿਆ ਪਰ ਸਾਰੀ ਦੁਨੀਆਂ ਵਿਚ ਬਹੁਤ ਸੰਗਤਾਂ ਨੇ ਇਹ ਦਿਨ 14 ਜਨਵਰੀ ਪੋਹ ਸੁਦੀ ਸਤਵੀਂ ਨੂੰ ਹੀ ਮਨਾਇਆ।

ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕਿਆ ਗਿਆ ਹੈ। ਜਿੰਨਾ ਚਿਰ ਇਹ ਅਕਾਲ ਤਖ਼ਤ ਸਾਹਿਬ ਪੇਸ਼ ਨਹੀਂ ਹੁੰਦੀ, ਓਨਾ ਚਿਰ ਗੁਰੂ ਨਾਨਕ ਨਾਮ ਲੇਵਾ ਇਸ ਨੂੰ ਗੁਰਦੁਆਰਾ ਸਾਹਿਬ ਅਤੇ ਕਿਸੇ ਧਾਰਮਿਕ ਸਟੇਜ 'ਤੇ ਬੋਲਣ ਨਾ ਦੇਣ। 27 ਜਨਵਰੀ ਨੂੰ ਹੋਣ ਵਾਲੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ 'ਤੇ ਰੋਕ ਲਗਾਈ ਜਾਂਦੀ ਹੈ ਅਤੇ ਐਗਜ਼ੈਕਟਿਵ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ 2 ਫ਼ਰਵਰੀ ਨੂੰ ਸਵੇਰੇ 10 ਵਜੇ ਤਲਬ ਕੀਤਾ ਜਾਂਦਾ ਹੈ।

ਗੁਰੂ ਪੰਥ ਦਾ ਦਾਸ,

ਪੂਰਨ ਸਿੰਘ

ਜਥੇਦਾਰ ਰੋਸ਼ਨ ਸਿੰਘ
ਜਥੇਦਾਰ ਸੂਬਾ ਸਿੰਘ
ਜਥੇਦਾਰ ਮਿਲਖਾ ਸਿੰਘ
ਜਥੇਦਾਰ ਚਰਨ ਸਿੰਘ

(ਨੋਟ: ਪੂਰਨ ਸਿੰਘ ਦੇ ਇਸ ਦੋਬਾਰਾ ਜਾਰੀ ਕੀਤੇ ਅਖੌਤੀ ਹੁਕਮਨਾਮੇ ਹੇਠਾਂ ਦਸਤਖ਼ਤ ਕਰਨ ਵਾਲੇ ਚੌਹਾਂ ਦੇ ਨਾਂ ਨਾਲ ਜਥੇਦਾਰ ਲਿਖਿਆ ਹੋਇਆ ਸੀ। ਪਰ ਉਹ ਕਿੱਥੋਂ ਦੇ 'ਜਥੇਦਾਰ' ਸਨ ਨਹੀਂ ਸੀ ਲਿਖਿਆ। ਉਂਞ ਉਹ ਬੇਨਾਮ ਆਦਮੀ ਸਨ।)

ਬੀਬੀ ਜਗੀਰ ਕੌਰ ਨੇ ਇਹ ਅਖੌਤੀ-ਹੁਕਮਨਾਮਾ ਮੰਨਣ ਤੋਂ ਨਾਂਹ ਕਰ ਦਿੱਤੀ। ਬਹੁਤੇ ਸਿੱਖ ਵਿਦਵਾਨਾਂ ਨੇ ਵੀ ਇਸ 'ਫ਼ੈਕਸਨਾਮੇ' ਨੂੰ 'ਹੁਕਮਨਾਮਾ' ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਅਖੌਤੀ ਹੁਕਮਨਾਮੇ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਦਸ ਮੈਂਬਰਾਂ ਨੂੰ ਵੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦਾ ਹੁਕਮ ਸੀ। ਪਹਿਲੀ ਫ਼ਰਵਰੀ ਦੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਪਰਕਾਸ਼ ਸਿੰਘ ਬਾਦਲ ਨੂੰ ਫਗਵਾੜੇ ਵਿਚ ਮਿਲੀ। ਇਸ ਮੌਕੇ 'ਤੇ ਬਰਜਿੰਦਰ ਸਿੰਘ ਹਮਦਰਦ ਵੀ ਹਾਜ਼ਿਰ ਸੀ। ਬਾਦਲ ਨੇ ਉਨ੍ਹਾਂ

ਨੂੰ ਗਿਆਨੀ ਪੂਰਨ ਸਿੰਘ ਅੱਗੇ ਪੇਸ਼ ਹੋਣ ਵਾਸਤੇ ਕਿਹਾ। ਇਸ ਮੌਕੇ 'ਤੇ ਬੀਬੀ ਨੇ ਬਾਦਲ ਨੂੰ ਸਵਾਲ ਕੀਤਾ ਕਿ ਜੇ ਪੂਰਨ ਸਿੰਘ ਨੇ ਇਸ ਹੁਕਮਨਾਮੇ ਨੂੰ ਮੰਨਦਿਆਂ ਉਸ ਅੱਗੇ ਪੇਸ਼ ਹੋਣਾ ਠੀਕ ਹੈ ਤਾਂ 11 ਫ਼ਰਵਰੀ 1999 ਦੇ ਦਿਨ ਰਣਜੀਤ ਸਿੰਘ ਅੱਗੇ ਪੇਸ਼ ਹੋਣਾ ਕਿਵੇਂ ਗ਼ਲਤ ਸੀ ? ਅਖ਼ੀਰ ਫ਼ੈਸਲਾ ਹੋਇਆ ਕਿ ਪੂਰਨ ਸਿੰਘ ਕੋਲ ਪੇਸ਼ ਹੋਣ ਦੀ ਬਜਾਇ 2 ਫ਼ਰਵਰੀ ਨੂੰ ਉਸ ਨੂੰ ਮਿਲ ਕੇ ਇਸ ਹੁਕਮਨਾਮੇ ਬਾਰੇ ਸਗੋਂ ਜਵਾਬ-ਤਲਬੀ ਕੀਤੀ ਜਾਵੇ। ਪਰ ਐਨ ਮੌਕੇ 'ਤੇ ਬੀਬੀ ਜਗੀਰ ਦੇ ਮੁਖ਼ਾਲਿਫ਼ ਧੜੇ ਨੇ ਪੈਂਤੜਾ ਬਦਲ ਲਿਆ ਅਤੇ 2 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਬਾਦਲ ਧੜੇ ਦੇ 7 ਮੈਂਬਰ ਅਤੇ ਮਾਨ-ਟੌਹੜਾ ਦੇ ਤਿੰਨ ਮੈਂਬਰ ਗਿਆਨੀ ਪੂਰਨ ਸਿੰਘ ਕੋਲ ਪੇਸ਼ ਹੋਏ ਤੇ ਉਸ ਨੇ ਮਾਮੂਲੀ ਜਿਹੀ ਤਨਖ਼ਾਹ ਲਾ ਕੇ ਟੋਰ ਦਿੱਤੇ। ਪਰ ਬੀਬੀ ਜਗੀਰ ਕੌਰ ਪੇਸ਼ ਨਾ ਹੋਈ। ਐਗਜ਼ੈਕਟਿਵ ਵਲੋਂ ਪੂਰਨ ਸਿੰਘ ਦਾ 'ਹੁਕਮ' ਇੰਞ ਮੰਨਣਾ ਗ਼ਲਤ ਸੀ ਤੇ ਜਾਂ ਫਿਰ ਬੀਬੀ ਜਗੀਰ ਕੌਰ ਨੂੰ ਵੀ 'ਪੇਸ਼' ਹੋਣਾ ਚਾਹੀਦਾ ਸੀ। ਉਨ੍ਹਾਂ ਦਿਨਾਂ ਵਿਚ ਨਵਾਂ ਸ਼ਹਿਰ ਦੀ ਅਸੈਂਬਲੀ ਦੀ ਜ਼ਿਮਨੀ ਚੋਣ ਹੋਣ ਵਾਲੀ ਸੀ। ਅਕਾਲੀ ਦਲ ਦੀ ਚੋਣ ਮੁਹਿੰਮ ਨੂੰ ਅਸਰ-ਅੰਦਾਜ਼ ਹੋਣੋਂ ਰੋਕਣ ਵਾਸਤੇ ਬੀਬੀ ਨੇ 'ਅਗਿਆਤਵਾਸ' 'ਤੇ ਜਾਣ ਦਾ ਐਲਾਨ ਕਰ ਦਿੱਤਾ। ਚੋਣਾਂ ਮਗਰੋਂ 28 ਫਰਵਰੀ ਨੂੰ ਬੀਬੀ ਜਗੀਰ ਕੌਰ ਅਗਿਆਤਵਾਸ ਖ਼ਤਮ ਕਰ ਕੇ ਅੰਮ੍ਰਿਤਸਰ ਆਈ ਅਤੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ। ਅਕਾਲ ਤਖ਼ਤ ਸਾਹਿਬ ਦੇ ਹੈੱਡ-ਗ੍ਰੰਥੀ ਗਿਆਨੀ ਭਗਵਾਨ ਸਿੰਘ ਨੇ ਬੀਬੀ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਵੀ ਕੀਤੀ। ਇਹ ਗਿਆਨੀ ਪੂਰਨ ਸਿੰਘ ਨੂੰ ਸਿੱਧਾ ਚੈਲੰਜ ਸੀ।

ਇਸ ਦੌਰਾਨ ਬਾਦਲ ਦਲ ਦਿੱਲੀ ਦਾ ਆਗੂ ਅਵਤਾਰ ਸਿੰਘ ਹਿਤ ਤੇ ਪੂਰਨ ਸਿੰਘ ਜੱਸੀ ਵਿਚੋਲੇ ਬਣ ਕੇ ਗਿਆਨੀ ਪੂਰਨ ਸਿੰਘ ਅਤੇ ਬੀਬੀ ਜਗੀਰ ਕੌਰ ਨੂੰ ਮਿਲਦੇ ਰਹੇ। ਗਿਆਨੀ ਪੂਰਨ ਸਿੰਘ ਨਾਲ ਹਰ ਵੇਲੇ ਮੰਗਲ ਸਿੰਘ ਸਤਲਾਣੀ ਵੀ ਬੈਠਾ ਹੁੰਦਾ ਸੀ, ਜਿਸ ਕਰ ਕੇ ਕੋਈ ਸਮਝੌਤਾ ਨਾ ਹੋ ਸਕਿਆ। ਉਂਞ ਹਿਤ ਤੇ ਜੱਸੀ ਵੀ ਅੰਦਰੋਂ ਬੀਬੀ ਦੇ ਖ਼ਿਲਾਫ਼ ਸਨ। ਉਹ ਤਾਂ ਕਿਸੇ ਲਾਲਚ ਹੇਠ ਕੋਈ 'ਕਾਰਵਾਈ' ਪਾਉਣਾ ਲੋਚਦੇ ਸਨ। ਅਖ਼ੀਰ ਚੀਫ਼ ਮਨਿਸਟਰ ਦੀ ਸਲਾਹ 'ਤੇ ਬੀਬੀ ਨੇ ਗਿਆਨੀ ਪੂਰਨ ਸਿੰਘ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਪੂਰਨ ਸਿੰਘ ਅੱਗੇ ਪੇਸ਼ ਹੋਣ ਦੀ ਕੋਈ ਗੱਲ ਨਹੀਂ ਸੀ, ਬਲਕਿ ਇਹ ਲਿਖਿਆ ਸੀ ਕਿ **"ਪੰਥ ਦੇ ਮਾਮਲਿਆਂ ਦੇ ਹੱਲ ਵਿਚ ਉਹ ਪੰਜ 'ਸਿੰਘ ਸਾਹਿਬਾਨ' ਵਲੋਂ ਰੱਲ ਕੇ ਕੀਤੀਆਂ ਕੋਸ਼ਿਸ਼ਾਂ ਵਿਚ ਹਿੱਸਾ ਪਾਉਣ ਵਾਸਤੇ ਤਿਆਰ ਹੈ।"** ਇਸ 'ਤੇ ਗਿਆਨੀ ਪੂਰਨ ਸਿੰਘ ਨੇ ਬੀਬੀ ਨੂੰ 12 ਮਾਰਚ ਦੁਪਹਿਰੇ 11 ਵਜੇ ਅਕਾਲ ਤਖ਼ਤ ਸਾਹਿਬ 'ਤੇ ਸੱਦ ਲਿਆ। ਦਰਅਸਲ ਗਿਆਨੀ ਪੂਰਨ ਸਿੰਘ ਨੇ ਇਹ ਮੰਨ ਲਿਆ ਸੀ ਕਿ ਬੀਬੀ ਪੰਜ 'ਸਿੰਘ ਸਾਹਿਬਾਨ' (ਗਿਆਨੀ ਪੂਰਨ ਸਿੰਘ, ਪ੍ਰੋ: ਮਨਜੀਤ ਸਿੰਘ, ਗਿਆਨੀ ਕੇਵਲ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੇ ਕੋਈ ਦੋ ਗ੍ਰੰਥੀ) ਕੋਲ ਪੇਸ਼ ਹੋਵੇਗੀ ਅਤੇ ਐਗਜ਼ੈਕਟਿਵ ਮੈਂਬਰਾਂ ਵਰਗੀ ਤਨਖ਼ਾਹ ਉਸ ਨੂੰ ਵੀ ਲਾ ਦਿੱਤੀ ਜਾਵੇਗੀ। ਪਰ ਮਗਰੋਂ ਗਿਆਨੀ ਪੂਰਨ ਸਿੰਘ, ਮੰਗਲ ਸਿੰਘ ਸਤਲਾਣੀ ਦੇ ਅਸਰ ਹੇਠ, ਇਸ ਤੋਂ ਮੁਕਰ ਗਿਆ ਸੀ। ਉਸ ਨੇ ਬੀਬੀ ਨੂੰ ਪੰਜ ਮਹੀਨੇ ਦੀ ਤਨਖ਼ਾਹ ਲਾਉਣ ਦੀ ਪਲਾਨ ਬਣਾ ਲਈ। ਇਸ ਦੀ ਖ਼ਬਰ ਬੀਬੀ ਤਕ ਵੀ ਪਹੁੰਚ

ਗਈ ਤੇ ਉਸ ਨੇ ਵੀ ਪੇਸ਼ ਨਾ ਹੋਣ ਦਾ ਫ਼ੈਸਲਾ ਕਰ ਲਿਆ। ਉਸ ਦਿਨ ਗਿਆਨੀ ਪੂਰਨ ਸਿੰਘ ਆਪ ਵੀ ਸਾਢੇ ਯਾਰਾਂ ਵਜੇ ਅਕਾਲ ਤਖ਼ਤ ਸਾਹਿਬ 'ਤੇ ਪੁੱਜਾ। ਬੀਬੀ ਜਗੀਰ ਕੌਰ ਉਸ ਦਿਨ ਸਵਾ ਬਾਰਾਂ ਵਜੇ ਆਈ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਚਲੀ ਗਈ। ਇਸ 'ਤੇ ਗ਼ੁੱਸੇ ਅਤੇ ਖਿਝ ਵਿਚ ਆਏ ਪੂਰਨ ਸਿੰਘ ਨੇ (ਪ੍ਰੋ:) ਮਨਜੀਤ ਸਿੰਘ, ਗਿਆਨੀ ਕੇਵਲ ਸਿੰਘ ਤੇ ਗਿਆਨੀ ਭਗਵਾਨ ਸਿੰਘ ਨੂੰ ਵੀ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ (ਕਿਉਂਕਿ ਉਹ, ਪੂਰਨ ਸਿੰਘ ਮੁਤਾਬਿਕ, ਅਕਾਲ ਤਖ਼ਤ ਸਾਹਿਬ ਦੀ 'ਜਥੇਦਾਰੀ' ਦੇ ਉਮੀਦਵਾਰ ਸਨ)। ਗਿਆਨੀ ਪੂਰਨ ਸਿੰਘ ਨੇ ਇਸ ਦੇ ਨਾਲ ਬੀਬੀ ਦੇ ਦੋ ਹਿਮਾਇਤੀਆਂ ਜਸਵਿੰਦਰ ਸਿੰਘ ਤੇ ਪ੍ਰੀਤਮ ਸਿੰਘ ਭਾਟੀਆ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ) ਨੂੰ ਵੀ ਪੰਥ 'ਚੋਂ ਖ਼ਾਰਿਜ ਕਰ ਦਿੱਤਾ। ਇਸ ਅਖੌਤੀ-ਹੁਕਮਨਾਮੇ ਨੂੰ ਉਹ ਘਰੋਂ ਹੀ ਲਿਖ ਕੇ ਲਿਆਇਆ ਹੋਇਆ ਸੀ ਤੇ ਉਸ ਨੇ ਜੇਬ ਵਿਚੋਂ ਕੱਢ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ।

ਪੂਰਨ ਸਿੰਘ ਦਾ ਬੀਬੀ ਜਗੀਰ ਕੌਰ ਖ਼ਿਲਾਫ਼ ਦੂਜਾ 'ਹੁਕਮ' ਅਤੇ ਪ੍ਰੀਤਮ ਸਿੰਘ ਭਾਟੀਆ, ਜਸਵਿੰਦਰ ਸਿੰਘ ਐਡਵੋਕੇਟ, (ਗਿਆਨੀ) ਭਗਵਾਨ ਸਿੰਘ, (ਗਿਆਨੀ) ਕੇਵਲ ਸਿੰਘ ਤੇ (ਪ੍ਰੋ:) ਮਨਜੀਤ ਸਿੰਘ ਨੂੰ ਖ਼ਾਰਿਜ ਕਰਨ ਦਾ 'ਹੁਕਮ' ਸੀ :

ਹੁਕਮਨਾਮਾ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਉਨ੍ਹਾਂ ਵਲੋਂ ਆਈ ਚਿੱਠੀ ਮੁਤਾਬਕ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਚਿੱਠੀ ਭੇਜੀ ਗਈ ਸੀ, ਜਿਸ ਵਿਚ ਉਨ੍ਹਾਂ ਨੂੰ ਮਿਤੀ 12-3-2000 ਨੂੰ ਸਵੇਰੇ 11-00 ਵਜੇ ਪੇਸ਼ ਹੋਣ ਵਾਸਤੇ ਕਿਹਾ ਗਿਆ ਸੀ।

ਅੱਜ ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਸਾਹਿਬ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਸੰਗਤਾਂ ਦਾ ਮਹਾਨ ਇਕੱਠ ਸੀ। ਦਾਸ ਮਿੱਥੇ ਸਮੇਂ ਅਨੁਸਾਰ 11-00 ਵਜੇ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਗਿਆ ਸੀ। 12-30 ਵਜੇ ਤਕ ਬੀਬੀ ਦੀ ਇੰਤਜ਼ਾਰ ਕੀਤੀ ਗਈ। ਲੇਕਿਨ ਹੰਕਾਰ ਦੀ ਭਰੀ ਬੀਬੀ ਆਪਣੇ ਨਾਲ ਲਾਮ ਲਸ਼ਕਰ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਾ ਹੋਈ ਸਗੋਂ ਅਕਾਲ ਤਖ਼ਤ ਸਾਹਿਬ ਦੀ ਮਾਨ-ਮਰਿਆਦਾ ਨੂੰ ਚੈਲਿੰਜ ਕਰ ਕੇ ਚਲੀ ਗਈ ਅਤੇ ਹੁੱਲੜਬਾਜ਼ੀ ਨਾਲ ਅਕਾਲ ਤਖ਼ਤ ਸਾਹਿਬ 'ਤੇ ਜ਼ਬਰਦਸਤੀ ਉਪਰ ਜਾ ਕੇ ਚਲੀ ਗਈ, ਜੋ ਇਸ ਨੇ ਅਕਾਲ ਤਖ਼ਤ ਸਾਹਿਬ ਦੀ ਮਾਨ-ਮਰਿਆਦਾ ਨੂੰ ਵੰਗਾਰਿਆ ਹੈ। ਅਜਿਹਾ ਇਤਿਹਾਸ ਵਿਚ ਕਿਤੇ ਨਹੀਂ ਮਿਲਦਾ।

ਬੀਬੀ ਜਗੀਰ ਕੌਰ ਪੰਥ ਵਿਚੋਂ ਛੇਕੀ ਹੋਈ ਹੈ। ਇਸ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਕੱਠ ਵਿਚ ਬੈਠਣ ਨਾ ਦਿੱਤਾ ਜਾਵੇ। ਇਸ ਦੇ ਨਾਲ ਹੀ ਜਿਨ੍ਹਾਂ ਹੁਕਮਨਾਮਾ ਰੱਦ ਕੀਤਾ ਸੀ, ਉਨ੍ਹਾਂ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਜਾਂਦਾ ਹੈ। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਪ੍ਰੀਤਮ ਸਿੰਘ ਭਾਟੀਆ, ਮੈਂਬਰ ਸ਼੍ਰੋਮਣੀ ਕਮੇਟੀ (ਐਗਜੈਕਟਿਵ), ਜਸਵਿੰਦਰ ਸਿੰਘ ਐਡਵੋਕੇਟ, ਮੈਂਬਰ ਸ਼੍ਰੋਮਣੀ ਕਮੇਟੀ, ਗਿਆਨੀ ਭਗਵਾਨ ਸਿੰਘ ਹੈਡ ਗ੍ਰੰਥੀ, ਅਕਾਲ ਤਖ਼ਤ ਸਾਹਿਬ, ਕੇਵਲ ਸਿੰਘ ਜਥੇਦਾਰ, ਤਖ਼ਤ ਦਮਦਮਾ ਸਾਹਿਬ, ਜਥੇਦਾਰ ਮਨਜੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ।

ਜਿੰਨਾ ਚਿਰ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋ ਕੇ ਮਾਫ਼ੀ ਨਹੀਂ ਮੰਗਦੇ, ਸੇਵਾ ਨਹੀਂ ਲਗਵਾਉਂਦੇ, ਓਨਾ ਚਿਰ ਇਨ੍ਹਾਂ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਤੇ ਰਾਜਨੀਤਕ ਇਕੱਠ ਵਿਚ ਬੈਠਣ ਨਾ ਦਿੱਤਾ ਜਾਵੇ ਅਤੇ ਨਾ ਹੀ ਇਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖੀ ਜਾਵੇ।

ਖਾਲਸਾ ਜੀ! ਮੈਂ ਆਪਣੇ ਨਿੱਜੀ ਸਵਾਰਥਾਂ ਨੂੰ ਛੱਡ ਕੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਕੀਤੇ ਅਕਾਲ ਤਖ਼ਤ ਸਾਹਿਬ ਦੀ ਮਾਨ ਮਰਿਆਦਾ ਕਾਇਮ ਰੱਖਦੇ ਹੋਏ ਹੁਕਮਨਾਮਾ ਜਾਰੀ ਕੀਤਾ ਹੈ।

ਗੁਰੂ ਪੰਥ ਦਾ ਦਾਸ,
ਪੂਰਨ ਸਿੰਘ

(ਨੋਟ: ਇਸ 'ਤੇ ਚਾਰ ਹੋਰ ਗ੍ਰੰਥੀਆਂ ਦੇ ਦਸਤਖ਼ਤ ਨਹੀਂ ਸਨ, ਇਕੱਲੇ ਪੂਰਨ ਸਿੰਘ ਦੇ ਸਨ।)

ਇਸ ਮਗਰੋਂ ਪੂਰਨ ਸਿੰਘ ਨੇ ਪਰਕਾਸ਼ ਸਿੰਘ ਬਾਦਲ ਨੂੰ ਵੀ ਇਕ ਆਦੇਸ਼ (ਹੁਕਮ/ਹਿਦਾਇਤ) ਜਾਰੀ ਕਰ ਕੇ ਬੀਬੀ ਦੀ ਥਾਂ ਨਵਾਂ ਪ੍ਰਧਾਨ ਅਤੇ ਭਗਵਾਨ ਸਿੰਘ, ਮਨਜੀਤ ਸਿੰਘ ਤੇ ਕੇਵਲ ਸਿੰਘ ਦੀ ਥਾਂ ਨਵੇਂ ਗ੍ਰੰਥੀ ਲਾਉਣ ਵਾਸਤੇ ਆਖਿਆ। ਪੂਰਨ ਸਿੰਘ ਵੱਲੋਂ ਬਾਦਲ ਨੂੰ ਦਿੱਤੇ 'ਹੁਕਮ' ਅਤੇ ਇਸ ਦਾ ਉਨਵਾਨ (ਸਿਰਲੇਖ) 'ਆਦੇਸ਼' ਸੀ। ਪੂਰਨ ਸਿੰਘ ਮੁਤਾਬਿਕ ਇਹ 'ਆਦੇਸ਼', ਕਿਉਂਕਿ ਅਕਾਲ ਤਖ਼ਤ ਸਾਹਿਬ ਦਾ ਹੈ, ਇੰਨ-ਬਿੰਨ ਮੰਨਿਆ ਜਾਣਾ ਚਾਹੀਦਾ ਸੀ। ਉਂਞ ਬਾਦਲ ਨੇ ਪੂਰਨ ਸਿੰਘ ਦੇ 'ਹੁਕਮ' ਨੂੰ ਬਿਲਕੁਲ ਨਜ਼ਰ-ਅੰਦਾਜ਼ ਕਰ ਦਿੱਤਾ। ਪੂਰਨ ਸਿੰਘ ਨੇ ਵੀ ਆਪਣੇ 'ਦਬਕੇ' 'ਤੇ ਅਮਲ ਕਰਵਾਉਣ ਵਾਸਤੇ ਕੋਈ ਹਰਕਤ ਨਾ ਕੀਤੀ (ਕਿਉਂਕਿ ਉਸ ਨੂੰ ਪਤਾ ਸੀ ਕਿ ਉਹ ਦੀ ਔਕਾਤ ਕੁਝ ਵੀ ਨਹੀਂ ਸੀ; ਉਸ ਨੂੰ ਮੋਹਣ ਸਿੰਘ ਵੱਲੋਂ ਨਾਂਹ ਕਰਨ 'ਤੇ ਡੰਗ ਟਪਾਉਣ ਵਾਸਤੇ ਅਖੌਤੀ ਜਥੇਦਾਰੀ ਦਿੱਤੀ ਗਈ ਸੀ)। ਪੂਰਨ ਸਿੰਘ ਦਾ 'ਹੁਕਮ' ਇੰਞ ਸੀ:

ਮਿਤੀ 12-3-2000

ਆਦੇਸ਼

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਮੀਰੀ-ਪੀਰੀ ਦੇ ਮਾਲਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਪਾਵਨ ਅਸਥਾਨ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਅਤੇ ਸੰਗਤਾਂ ਦੇ ਮਹਾਨ ਇਕੱਠ ਵਿਚ, ਜਿਨ੍ਹਾਂ ਨੇ ਆਪਣੇ ਨਿੱਜੀ ਲਾਲਚਾਂ ਕਾਰਨ ਹੁਕਮਨਾਮੇ ਨੂੰ ਰੱਦ ਕੀਤਾ, ਉਨ੍ਹਾਂ ਨੂੰ ਮਿਤੀ 12-3-2000 ਨੂੰ ਸਿੱਖੀ ਵਿਚੋਂ ਛੇਕਿਆ ਗਿਆ ਹੈ। ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ: ਭਗਵਾਨ ਸਿੰਘ ਹੈੱਡ ਗ੍ਰੰਥੀ, ਅਕਾਲ ਤਖ਼ਤ ਸਾਹਿਬ, ਕੇਵਲ ਸਿੰਘ ਜਥੇਦਾਰ, ਤਖ਼ਤ ਦਮਦਮਾ ਸਾਹਿਬ, ਮਨਜੀਤ ਸਿੰਘ ਜਥੇਦਾਰ, ਤਖ਼ਤ ਕੇਸਗੜ੍ਹ ਸਾਹਿਬ, ਪ੍ਰੀਤਮ ਸਿੰਘ ਭਾਟੀਆ, ਮੈਂਬਰ ਅੰਤ੍ਰਿੰਗ ਕਮੇਟੀ, ਜਸਵਿੰਦਰ ਸਿੰਘ ਐਡਵੋਕੇਟ, ਮੈਂਬਰ ਸ਼੍ਰੋਮਣੀ ਕਮੇਟੀ।

ਬੀਬੀ ਜਗੀਰ ਕੌਰ ਨੂੰ ਚਿੱਠੀ ਲਿਖ ਕੇ ਦਾਸ ਨੇ ਮਿਤੀ 12-3-2000 ਐਤਵਾਰ ਸਵੇਰੇ 11-00 ਵਜੇ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਸੀ, ਲੇਕਿਨ ਉਸ ਸਮੇਂ ਪਾਵਨ ਅਕਾਲ ਤਖ਼ਤ ਸਾਹਿਬ ਦੇ ਵਕਾਰ ਨੂੰ ਭਾਰੀ ਸੱਟ ਵੱਜੀ, ਜਦੋਂ ਬੀਬੀ ਜਗੀਰ ਕੌਰ ਪਾਵਨ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋਣ ਦੀ ਬਜਾਏ ਹੰਕਾਰ ਅਤੇ ਹੁੱਲੜਬਾਜ਼ੀ ਨਾਲ ਪਾਵਨ ਅਕਾਲ ਤਖ਼ਤ ਸਾਹਿਬ ਉਪਰ 11-00 ਵਜੇ ਦੀ ਬਜਾਏ 12-30 ਵਜੇ ਦਾਖ਼ਿਲ ਹੋਈ ਅਤੇ ਉੱਥੋਂ ਹੀ ਵਾਪਸ ਚਲੀ ਗਈ। ਜਦੋਂ ਕਿ ਸਿੱਖੀ ਵਿਚੋਂ ਛੇਕਿਆ ਹੋਇਆ ਕੋਈ ਵਿਅਕਤੀ ਪਾਵਨ ਅਕਾਲ ਤਖ਼ਤ ਸਾਹਿਬ ਉਪਰ ਨਹੀਂ ਜਾ ਸਕਦਾ।

ਸੋ ਆਪ ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਹੈ ਕਿ ਸ਼੍ਰੋਮਣੀ ਕਮੇਟੀ ਦਾ ਤੁਰੰਤ ਐਕਟਿੰਗ ਪ੍ਰਧਾਨ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਕੰਮ-ਕਾਜ ਕਰਨ ਲਈ ਅਧਿਕਾਰ ਦਿੱਤੇ ਜਾਣ ਤਾਂ ਕਿ ਸ਼੍ਰੋਮਣੀ ਕਮੇਟੀ ਦਾ ਕੰਮ-ਕਾਜ ਚੱਲਦਾ ਰਹੇ। ਜਿਹੜੇ ਜਥੇਦਾਰ ਸਿੱਖੀ ਵਿੱਚੋਂ

ਛੇਕੇ ਗਏ ਹਨ ਉਨ੍ਹਾਂ ਦੀ ਜਗ੍ਹਾ ਐਕਟਿੰਗ ਜਥੇਦਾਰ ਬਣਾਏ ਜਾਣ ਅਤੇ ਉਨ੍ਹਾਂ ਨੂੰ ਤਖ਼ਤ ਸਾਹਿਬਾਨਾਂ ਦੀ ਸੇਵਾ ਸੌਂਪੀ ਜਾਵੇ। ਇਨ੍ਹਾਂ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਕੱਠ ਵਿਚ ਨਾ ਬੈਠਣ ਦਿੱਤਾ ਜਾਵੇ ਅਤੇ ਇਨ੍ਹਾਂ ਵੱਲੋਂ ਸੱਦੀ ਕਿਸੇ ਵੀ ਮੀਟਿੰਗ ਵਿਚ ਹਿੱਸਾ ਨਾ ਲਿਆ ਜਾਵੇ ਅਤੇ ਨਾ ਹੀ ਇਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖੀ ਜਾਵੇ। ਜਦੋਂ ਤਕ ਇਹ ਪਾਵਨ ਅਕਾਲ ਤਖ਼ਤ ਸਾਹਿਬ ਜੀ ਦੇ ਸਨਮੁਖ ਹੋ ਕੇ ਆਪਣੀ ਭੁੱਲ ਨਹੀਂ ਬਖ਼ਸ਼ਵਾ ਲੈਂਦੇ, ਓਨਾ ਚਿਰ ਇਹ ਸਿੱਖੀ ਵਿਚ ਸ਼ਾਮਿਲ ਨਹੀਂ ਹੋ ਸਕਦੇ।

ਗੁਰੂ ਪੰਥ ਦਾ ਦਾਸ,
ਪੂਰਨ ਸਿੰਘ

ਇਸ ਤੋਂ ਬਾਅਦ ਪੂਰਨ ਸਿੰਘ ਨੇ ਜਥੇਦਾਰ ਤਲਵੰਡੀ ਨੂੰ ਵੀ ਅਜਿਹੀ ਹੀ ਇਕ ਚਿੱਠੀ ਲਿਖੀ। ਦਰਅਸਲ, ਇਹ ਸਾਰੀ ਕਾਰਵਾਈ ਪੂਰਨ ਸਿੰਘ ਵਲੋਂ ਆਪਣਾ ਅਖੌਤੀ ਹੁਕਮਨਾਮਾ ਮੰਨਵਾਉਣ ਵਾਸਤੇ ਇਕ 'ਤਰਲਾ' ਹੀ ਸੀ।

ਅਗਲੇ ਦਿਨ ਪੂਰਨ ਸਿੰਘ ਨੇ ਬਾਦਲ ਨੂੰ ਇਕ ਹੋਰ ਚਿੱਠੀ ਵੀ ਲਿਖੀ, ਜਿਸ ਵਿਚ ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ ਦੀ ਥਾਂ ਨਵੇਂ ਗ੍ਰੰਥੀ ਤੇ ਬੀਬੀ ਜਗੀਰ ਕੌਰ ਦੀ ਥਾਂ ਐਕਟਿੰਗ ਪ੍ਰਧਾਨ ਲਾਉਣ ਵਾਸਤੇ ਕਿਹਾ। ਇਹ ਚਿੱਠੀ ਇੰਞ ਸੀ :

ਨੰ: ਸਪੈਸ਼ਲ ਮਿਤੀ : 13-3-2000

ਆਦੇਸ਼

ਗੁਰੂ ਸਵਾਰੇ ਸ: ਪਰਕਾਸ਼ ਸਿੰਘ ਬਾਦਲ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਮੁੱਖ ਮੰਤਰੀ ਪੰਜਾਬ),

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਬਾਰ ਬਾਰ ਉਲੰਘਣਾ ਕਰਨ ਦੇ ਦੋਸ਼ ਕਾਰਣ ਸਿੱਖੀ ਵਿੱਚੋਂ ਖ਼ਾਰਿਜ ਕੀਤਾ ਸੀ ਅਤੇ ਐਗਜ਼ੈਕਟਿਵ ਕਮੇਟੀ ਨੂੰ ਤਲਬ ਕੀਤਾ ਗਿਆ ਸੀ। ਐਗਜ਼ੈਕਟਿਵ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਮੰਨਿਆ ਅਤੇ ਅਕਾਲ ਤਖ਼ਤ ਸਾਹਿਬ ਦੀ ਮਾਨ-ਮਰਿਆਦਾ ਨੂੰ ਕਾਇਮ ਰੱਖਦਿਆਂ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋ ਕੇ ਸੇਵਾ ਲਗਵਾ ਕੇ ਅਤੇ ਸੇਵਾ ਕਰ ਕੇ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾ ਕੇ ਆਪਣੀ ਭੁੱਲ ਬਖ਼ਸ਼ਵਾ ਲਈ। ਪਰ ਬੀਬੀ ਜਗੀਰ ਕੌਰ ਨੇ ਆਪ ਜੀ ਅਤੇ ਆਪ ਜੀ ਦੇ ਸਹਿਯੋਗੀਆਂ ਵੱਲੋਂ ਜੋ ਯਤਨ ਕੀਤੇ ਗਏ ਸਨ, ਉਸ ਅਨੁਸਾਰ ਦਾਸ ਨੇ ਬੀਬੀ ਜਗੀਰ ਕੌਰ ਨੂੰ ਚਿੱਠੀ ਲਿਖੀ। ਬੀਬੀ ਨੂੰ 12-3-2000 ਐਤਵਾਰ ਸਵੇਰੇ 11-00 ਵਜੇ ਅਕਾਲ ਤਖ਼ਤ ਸਾਹਿਬ ਦੇ ਪੇਸ਼ ਹੋਣ ਲਈ ਕਿਹਾ ਗਿਆ, ਲੇਕਿਨ ਉਸ ਨੇ ਆਪ ਜੀ ਵੱਲੋਂ ਅਤੇ ਆਪ ਦੇ ਸਹਿਯੋਗੀਆਂ ਵੱਲੋਂ ਕੀਤੇ ਯਤਨਾਂ 'ਤੇ ਪਾਣੀ ਫੇਰ ਦਿੱਤਾ ਅਤੇ ਅਕਾਲ ਤਖ਼ਤ ਸਾਹਿਬ ਦੇ ਵਕਾਰ ਨੂੰ ਭਾਰੀ ਸੱਟ ਵੱਜੀ। ਜਦੋਂ ਬੀਬੀ ਜਗੀਰ ਕੌਰ 11-00 ਵਜੇ ਦੀ ਬਜਾਏ 12-30 ਵਜੇ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਣ ਦੀ ਬਜਾਏ ਹੰਕਾਰ ਅਤੇ ਹੁੱਲੜਬਾਜ਼ੀ ਨਾਲ ਅਕਾਲ ਤਖ਼ਤ ਸਾਹਿਬ ਉਪਰ ਦਾਖ਼ਿਲ ਹੋ ਗਈ ਅਤੇ ਉੱਥੋਂ ਵਾਪਿਸ ਚਲੀ ਗਈ, ਜਦੋਂ ਕਿ ਸਿੱਖੀ ਵਿੱਚੋਂ ਛੇਕੇ ਹੋਏ ਨੂੰ ਅਕਾਲ ਤਖ਼ਤ ਸਾਹਿਬ ਉਪਰ ਜਾਣ ਦੀ ਮਨਾਹੀ ਹੈ।

ਦਾਸ ਨੇ ਗੁਰੂ ਸਾਹਿਬ ਦੀ ਪਾਵਨ ਪਵਿੱਤਰ ਹਜ਼ੂਰੀ ਅਤੇ ਸੰਗਤਾਂ ਦੇ ਮਹਾਨ ਇਕੱਠ ਵਿਚ ਅਕਾਲ ਤਖ਼ਤ ਸਾਹਿਬ ਤੋਂ, ਜਿਨ੍ਹਾਂ ਨੇ ਆਪਣੇ ਨਿੱਜੀ ਲਾਲਚਾਂ ਕਾਰਣ ਹੁਕਮਨਾਮੇ ਨੂੰ ਰੱਦ ਕੀਤਾ, ਉਨ੍ਹਾਂ ਨੂੰ ਸਿੱਖੀ ਵਿੱਚੋਂ ਛੇਕਿਆ ਗਿਆ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਪ੍ਰੀਤਮ

ਸਿੰਘ ਭਾਟੀਆ, ਮੈਂਬਰ ਐਗਜ਼ੈਕਟਿਵ ਕਮੇਟੀ; ਜਸਵਿੰਦਰ ਸਿੰਘ ਐਡਵੋਕੇਟ, ਮੈਂਬਰ; ਭਗਵਾਨ ਸਿੰਘ ਹੈੱਡ ਗ੍ਰੰਥੀ, ਅਕਾਲ ਤਖ਼ਤ ਸਾਹਿਬ; ਮਨਜੀਤ ਸਿੰਘ ਜਥੇਦਾਰ, ਤਖ਼ਤ ਕੇਸਗੜ੍ਹ ਸਾਹਿਬ; ਕੇਵਲ ਸਿੰਘ ਜਥੇਦਾਰ, ਤਖ਼ਤ ਦਮਦਮਾ ਸਾਹਿਬ।

ਇਸ ਲਈ ਬੀਬੀ ਨੂੰ ਕੋਈ ਮੀਟਿੰਗ ਅਟੈਂਡ ਨਾ ਕਰਨ ਦਿੱਤੀ ਜਾਵੇ। ਉਹ ਛੇਕੀ ਹੋਣ ਕਰ ਕੇ ਕਿਸੇ ਮੀਟਿੰਗ ਵਿਚ ਸ਼ਾਮਿਲ ਨਹੀਂ ਹੋ ਸਕਦੀ। ਇਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤੁਰੰਤ ਐਕਟਿੰਗ ਪ੍ਰਧਾਨ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਕਾਰਜ ਕਰਨ ਲਈ ਅਧਿਕਾਰ ਦਿੱਤੇ ਜਾਣ ਤਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਚੱਲਦਾ ਰਹੇ। ਜਿਹੜੇ ਜਥੇਦਾਰ ਸਿੱਖੀ ਵਿੱਚੋਂ ਛੇਕੇ ਗਏ ਹਨ, ਉਨ੍ਹਾਂ ਦੀ ਜਗ੍ਹਾ ਐਕਟਿੰਗ ਜਥੇਦਾਰ ਬਣਾਏ ਜਾਣ ਅਤੇ ਉਨ੍ਹਾਂ ਨੂੰ ਤਖ਼ਤਾਂ ਦੀ ਸੇਵਾ ਸੌਂਪੀ ਜਾਵੇ। ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ ਦੀ ਜਗ੍ਹਾ ਐਕਟਿੰਗ ਹੈੱਡ ਗ੍ਰੰਥੀ ਨਿਯੁਕਤ ਕਰ ਕੇ ਸੇਵਾ ਸੌਂਪੀ ਜਾਵੇ। ਛੇਕੇ ਗਏ ਜਥੇਦਾਰਾਂ ਨੂੰ ਕਿਸੇ ਵੀ ਤਖ਼ਤ 'ਤੇ ਨਾ ਜਾਣ ਦਿੱਤਾ ਜਾਵੇ। ਜਿਨ੍ਹਾਂ ਨੂੰ ਸਿੱਖੀ ਵਿੱਚੋਂ ਛੇਕਿਆ ਗਿਆ ਹੈ, ਉਨ੍ਹਾਂ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਕੱਠ ਵਿਚ ਬੈਠਣ ਨਾ ਦਿੱਤਾ ਜਾਵੇ ਅਤੇ ਨਾ ਹੀ ਰੋਟੀ-ਬੇਟੀ ਦੀ ਸਾਂਝ ਰੱਖੀ ਜਾਵੇ। ਇਸ ਨਾਲ ਹੀ ਪੰਥ ਦਾ ਭਲਾ ਹੋ ਸਕੇਗਾ।

ਗੁਰੂ ਪੰਥ ਦਾ ਦਾਸ,
ਪੂਰਨ ਸਿੰਘ

ਗਿਆਨੀ ਪੂਰਨ ਸਿੰਘ ਵਲੋਂ 12 ਮਾਰਚ ਦੇ ਦਿਨ 5 ਜਣਿਆਂ ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਐਲਾਨ ਵੀ ਹੁਕਮਨਾਮਾ ਨਹੀਂ ਮੰਨਿਆ ਜਾ ਸਕਦਾ ਸੀ, ਕਿਉਂਕਿ ਇਹ ਮਰਿਆਦਾ ਦੇ ਉਲਟ ਅਤੇ ਗ਼ੁੱਸੇ ਤੇ ਪਾਗਲਪਣ ਦੇ ਨਤੀਜੇ ਵਲੋਂ ਕੀਤਾ ਗਿਆ ਸੀ। ਇਸ ਕਰ ਕੇ ਕਿਸੇ ਨੇ ਵੀ ਇਸ ਦੀ ਪਰਵਾਹ ਨਾ ਕੀਤੀ। 25 ਮਾਰਚ ਨੂੰ ਬਾਦਲ ਅਕਾਲੀ ਦਲ ਦੀ ਸਿਆਸੀ ਸਲਾਹਕਾਰ ਕਮੇਟੀ ਨੇ ਬੀਬੀ ਜਗੀਰ ਕੌਰ ਨੂੰ ਸਲਾਹ (ਹਿਦਾਇਤ ਜਾਂ ਹੁਕਮ) ਦਿੱਤੀ ਕਿ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਜਾਵੇ। ਅਕਾਲੀ ਦਲ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਹਿਦਾਇਤ ਮਗਰੋਂ ਬੀਬੀ ਜਗੀਰ ਕੌਰ ਨੇ ਪੂਰਨ ਸਿੰਘ ਨੂੰ ਇਕ ਦਿਖਾਵੇ ਦੀ ਚਿੱਠੀ ਲਿਖੀ, ਜਿਸ ਵਿਚ ਨਾ ਮੁਆਫ਼ੀ ਮੰਗੀ ਸੀ ਤੇ ਨਾ ਪੇਸ਼ ਹੋਣ ਦੀ ਖ਼ਾਹਿਸ਼ ਜ਼ਾਹਿਰ ਕੀਤੀ ਸੀ। ਇਸ ਦਿਨ ਹੀ ਗਿਆਨੀ ਭਗਵਾਨ ਸਿੰਘ ਨੇ ਐਲਾਨ ਕੀਤਾ ਕਿ ਜੇ ਬੀਬੀ ਪੂਰਨ ਸਿੰਘ ਕੋਲ ਪੇਸ਼ ਹੋਵੇਗੀ ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਉਧਰ ਪੂਰਨ ਸਿੰਘ ਨੇ ਬੀਬੀ ਦੀ ਚਿੱਠੀ ਰੱਦ ਕਰ ਦਿੱਤੀ। ਫਿਰ ਬੀਬੀ ਨੇ ਇਕ ਹੋਰ ਇਹੋ ਜਿਹੀ ਚਿੱਠੀ ਲਿਖ ਭੇਜੀ। ਪੂਰਨ ਸਿੰਘ ਨੇ ਉਹ ਚਿੱਠੀ ਵੀ ਰੱਦ ਕਰ ਦਿੱਤੀ। ਹਾਂ, ਪ੍ਰੀਤਮ ਸਿੰਘ ਭਾਟੀਆ ਜ਼ਰੂਰ ਯਰਕ ਗਿਆ। ਉਹ 28 ਮਾਰਚ ਨੂੰ ਪੂਰਨ ਸਿੰਘ ਕੋਲ ਪੇਸ਼ ਹੋ ਗਿਆ। ਪੂਰਨ ਸਿੰਘ ਨੇ 28 ਤਾਰੀਖ਼ ਦੀ ਸਵੇਰ ਨੂੰ ਉਸ ਨੂੰ ਤਨਖ਼ਾਹ ਲਾ ਦਿੱਤੀ, ਜਿਸ ਨੂੰ ਉਸ ਨੇ ਭੁਗਤਣਾ ਮੰਨ ਲਿਆ। ਪ੍ਰੀਤਮ ਸਿੰਘ ਭਾਟੀਆ ਨੂੰ ਲਾਈ ਗਈ ਤਨਖ਼ਾਹ ਇੰਞ ਸੀ (ਇਸ 'ਤੇ ਚਾਰ ਹੋਰ ਗ੍ਰੰਥੀਆਂ ਦੇ ਦਸਤਖ਼ਤ ਨਹੀਂ ਸਨ):

ਨੰ: ਸਪੈਸ਼ਲ... ਮਿਤੀ : 28-3-2000

ਭਾਈ ਪ੍ਰੀਤਮ ਸਿੰਘ,
ਮੈਂਬਰ ਸ਼੍ਰੋਮਣੀ ਕਮੇਟੀ।

ਤੁਸਾਂ ਨੇ ਪਹਿਲਾਂ ਹੁਕਮਨਾਮਾ ਮੰਨ ਕੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਸੇਵਾ ਲਗਵਾ ਕੇ ਅਤੇ ਸੇਵਾ ਪੂਰੀ ਕਰਨ ਉਪਰੰਤ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਆਪਣੀ ਭੁੱਲ ਬਖ਼ਸ਼ਵਾ ਲਈ।

ਪਰ ਉਸ ਤੋਂ ਉਪਰੰਤ ਤੁਸਾਂ ਅਕਾਲ ਤਖ਼ਤ ਸਾਹਿਬ ਜੀ ਦੀ ਮਾਨ ਮਰਿਆਦਾ ਦੇ ਉਲਟ

ਹੁਕਮਨਾਮਾ ਰੱਦ ਕੀਤਾ ਅਤੇ ਅਖ਼ਬਾਰਾਂ ਵਿਚ ਇਸ ਸਬੰਧੀ ਬਿਆਨਬਾਜ਼ੀ ਕੀਤੀ। ਇਸ ਸਬੰਧ ਵਿਚ ਤੁਸਾਂ ਨੂੰ ਸਿੱਖੀ ਤੋਂ ਖ਼ਾਰਿਜ ਕੀਤਾ ਸੀ।

ਸੋ ਤੁਸਾਂ ਵੱਲੋਂ ਸਿੱਖੀ ਵਿਚ ਸ਼ਾਮਿਲ ਹੋਣ ਸਬੰਧੀ ਜੋ ਪੱਤਰ ਭੇਜਿਆ ਸੀ ਅਕਾਲ ਤਖ਼ਤ ਸਾਹਿਬ ਜੀ 'ਤੇ ਆਉਣ ਲਈ ਅੱਜ ਮਿਤੀ 28-3-2000 ਦਿਨ ਮੰਗਲਵਾਰ ਸਵੇਰੇ 9-00 ਵਜੇ ਦਾ ਸਮਾਂ ਦਿੱਤਾ ਸੀ।

ਤੁਸਾਂ ਨੂੰ ਜੋ ਸੇਵਾ ਪਾਵਨ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਜਾਵੇਗੀ। ਸੇਵਾ ਕਰਨ ਲਈ ਤਿਆਰ ਹੋ ?

1. ਇਕ ਘੰਟਾ ਲੰਗਰ ਵਿਚ ਜੂਠੇ ਬਰਤਨ ਸਾਫ਼ ਕਰਨੇ।
2. ਇਕ ਘੰਟਾ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੁਣਨਾ।
3. ਰੋਜ਼ਾਨਾ ਪੰਜ ਜਪੁਜੀ ਸਾਹਿਬ ਜੀ ਦੇ ਪਾਠ ਕਰਨੇ।

ਇਹ ਸੇਵਾ ਪੰਜ ਦਿਨ ਕਰਨ ਉਪਰੰਤ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਯਥਾਸ਼ਕਤ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਹੋਈ ਭੁੱਲ ਲਈ ਅਰਦਾਸ ਕਰਾਉਣੀ।

ਗੁਰੂ ਪੰਥ ਦਾ ਦਾਸ,
ਪੂਰਨ ਸਿੰਘ

(ਨੋਟ : ਪੂਰਨ ਸਿੰਘ ਅਕਾਲ ਤਖ਼ਤ ਸਾਹਿਬ ਦੇ ਜਿਸ ਪੈਡ 'ਤੇ 'ਹੁਕਮ' ਜਾਰੀ ਕਰਦਾ ਸੀ, ਉਨ੍ਹਾਂ 'ਤੇ ਕੋਈ 'ਰੈਫਰੈਂਸ ਨੰਬਰ' ਨਹੀਂ ਸੀ ਹੁੰਦਾ। ਦਰਅਸਲ 'ਰੈਫਰੈਂਸ ਨੰਬਰ' ਲਾਉਣ ਦੀ ਇਹ ਪਿਰਤ ਮਨਜੀਤ ਸਿੰਘ ਨੇ 6 ਫ਼ਰਵਰੀ 1995 ਦੇ ਹੁਕਮ/ਹਿਦਾਇਤਾਂ ਨਾਲ ਸ਼ੁਰੂ ਕੀਤੀ ਸੀ। ਇਸ ਨੂੰ ਖ਼ੁਦ ਮਨਜੀਤ ਸਿੰਘ ਨੇ ਵੀ ਇਸ ਮਗਰੋਂ ਨਹੀਂ ਸੀ ਅਪਣਾਇਆ। 31 ਦਿਸੰਬਰ 1996 ਦੇ ਦਿਨ ਰਣਜੀਤ ਸਿੰਘ ਨੇ ਚਾਰਜ ਲੈ ਲਿਆ ਤਾਂ ਉਸ ਨੇ ਵੀ ਪਹਿਲੀ ਵਾਰੀ 16 ਮਾਰਚ 1998 ਦੇ ਦਿਨ ਚਿੱਠੀਆਂ/ਹਿਦਾਇਤਾਂ/ 'ਹੁਕਮਾਂ' 'ਤੇ ਰੈਫਰੈਂਸ ਨੰਬਰ ਲਾਉਣੇ ਸ਼ੁਰੂ ਕੀਤੇ। ਪਰ ਇਹ ਵੀ ਕਿਸੇ-ਕਿਸੇ ਚਿੱਠੀ 'ਤੇ ਹੀ ਹੁੰਦੇ ਸਨ। ਸੋ ਇਹ ਪਿਰਤ ਇੰਞ ਹੀ ਬੇਹਿਸਾਬੀ ਚਲਦੀ ਰਹੀ। ਪੂਰਨ ਸਿੰਘ ਨੇ ਜਾਰੀ ਕੀਤੀਆਂ ਸੱਤ ਚਿੱਠੀਆਂ ਵਿੱਚੋਂ ਕਿਸੇ 'ਤੇ ਵੀ ਨੰਬਰ ਨਹੀਂ ਲਾਇਆ ਸੀ। ਹਾਲਾਂਕਿ ਉਪਰ ਦਿੱਤੀ ਚਿੱਠੀ ਵਿਚ 'ਨੰ: ਸਪੈਸ਼ਲ' ਦਾ ਖ਼ਾਨਾ ਛਾਪਿਆ ਹੋਇਆ ਸੀ। ਅਕਾਲ ਤਖ਼ਤ ਸਾਹਿਬ 'ਤੇ ਕਬਜ਼ੇ ਅਤੇ ਇਸ ਦੇ ਸੇਵਾਦਾਰਾਂ ਦੀਆਂ ਕਾਰਵਾਈਆਂ ਵਾਂਗ ਚਿੱਠੀਆਂ, ਹੁਕਮਾਂ, ਹਿਦਾਇਤਾਂ ਦਾ ਵੀ ਸਦਾ ਹੀ ਇਹੀ ਹਾਲ ਰਿਹਾ ਹੈ।)

ਇਸੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਹੋਣੀ ਸੀ। ਇਸ ਮੀਟਿੰਗ ਵਿਚ ਬੀਬੀ ਜਗੀਰ ਕੌਰ ਤੇ ਉਸ ਦੇ ਪੰਜ ਸਾਥੀ ਪੂਰਨ ਸਿੰਘ ਨੂੰ ਹਟਾਉਣ ਦਾ ਤਹਈਆ ਕਰ ਕੇ ਆਏ ਹੋਏ ਸਨ। ਪਹਿਲੋਂ ਤਾਂ ਪਰਕਾਸ਼ ਸਿੰਘ ਬਾਦਲ ਦੀ ਹਿਦਾਇਤ 'ਤੇ ਇਹ ਮੀਟਿੰਗ ਮੁਲਤਵੀ ਹੋਣ ਦਾ ਚਰਚਾ ਚਲਿਆ ਪਰ ਅਖ਼ੀਰ ਇਹ ਮੀਟਿੰਗ ਸ਼ੁਰੂ ਹੋ ਗਈ। ਮੀਟਿੰਗ ਦੇ ਸ਼ੁਰੂ ਹੁੰਦਿਆਂ ਹੀ ਗਿਆਨੀ ਪੂਰਨ ਸਿੰਘ ਨੇ ਇਸ ਵਿਚ ਹਿੱਸਾ ਲੈਣ ਦੇ ਸ਼ੱਕ ਵਿਚ 4 ਮੈਂਬਰਾਂ (ਰਘੂਜੀਤ ਸਿੰਘ ਵਿਰਕ, ਗੁਰਪਾਲ ਸਿੰਘ ਗੋਰਾ, ਸਤਨਾਮ ਸਿੰਘ ਭਾਈ ਰੂਪਾ, ਪ੍ਰੀਤਮ ਸਿੰਘ ਭਾਟੀਆ) ਨੂੰ ਪੰਥ 'ਚੋਂ ਖ਼ਾਰਿਜ ਕਰਨ ਦਾ ਐਲਾਨ ਕਰ ਦਿੱਤਾ। (ਪੂਰਨ ਸਿੰਘ ਨੇ ਪਹਿਲਾਂ 6 ਮੈਂਬਰਾਂ ਨੂੰ ਪੰਥ 'ਚੋਂ ਖ਼ਾਰਿਜ ਕੀਤਾ ਸੀ, ਪਰ ਜਦੋਂ ਉਸ ਨੇ ਕਿਸੇ ਨੇ ਇਹ ਦੱਸਿਆ ਕਿ ਬੀਬੀ ਨਾਲ ਮੀਟਿੰਗ ਵਿਚ ਸਿਰਫ਼ ਚਾਰ ਮੈਂਬਰ ਬੈਠੇ ਹਨ ਤਾਂ ਉਸ ਨੇ ਬਾਕੀ ਦੋ ਨਾਂ ਕੱਟ ਦਿੱਤੇ ਸਨ)। ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ

ਦੇ ਚਾਰ ਮੈਂਬਰਾਂ (ਸਣੇ ਪ੍ਰੀਤਮ ਸਿੰਘ ਭਾਟੀਆ, ਜੋ ਅਜੇ ਅੱਧਾ ਘੰਟੇ ਪਹਿਲਾਂ 'ਤਨਖ਼ਾਹ' ਲੁਆ ਕੇ ਆਇਆ ਸੀ) ਨੂੰ ਪੂਰਨ ਸਿੰਘ ਵੱਲੋਂ ਛੇਕਣ (ਤਨਖ਼ਾਹੀਆ ਕਰਾਰ ਦਿੱਤੇ ਬਗ਼ੈਰ) ਦਾ 'ਹੁਕਮ' ਇੰਞ ਸੀ :

ਨੰ: ਸਪੈਸ਼ਲ... ਮਿਤੀ : 28-3-2000

ਹੁਕਮਨਾਮਾ

ਅੱਜ ਬੀਬੀ ਜਗੀਰ ਕੌਰ ਨੇ ਪਾਵਨ ਅਕਾਲ ਤਖ਼ਤ ਸਾਹਿਬ ਦੀ ਮਾਨ ਮਰਿਆਦਾ ਨੂੰ ਫਿਰ ਵੰਗਾਰਿਆ ਜਦੋਂ ਜ਼ਬਰਦਸਤੀ ਆਪਣੇ ਨਾਲ ਸ਼ਰਾਰਤੀ ਲੋਕਾਂ ਨੂੰ ਨਾਲ ਲੈ ਕੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਕਰਨ ਲਈ ਪਹੁੰਚੀ।

ਬੀਬੀ ਜਗੀਰ ਕੌਰ ਜੋ ਕਿ ਪੰਥ ਵਿਚੋਂ ਛੇਕੀ ਹੋਈ ਹੈ, ਉਸ ਨੂੰ ਕਿਸੇ ਕਿਸਮ ਦੀ ਕੋਈ ਮੀਟਿੰਗ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਪਰ ਉਸ ਨੇ ਮੀਟਿੰਗ ਹਾਲ ਵਿਚ ਮੀਟਿੰਗ ਸ਼ੁਰੂ ਕਰ ਦਿੱਤੀ। ਇਸ ਦੇ ਨਾਲ ਜਿਹੜੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਹਾਜ਼ਿਰ ਸਨ, ਉਨ੍ਹਾਂ ਨੂੰ ਅੱਜ ਮਿਤੀ 28-3-2000 ਦਿਨ ਮੰਗਲਵਾਰ ਦੁਪਹਿਰ 2-00 ਵਜੇ ਪਾਵਨ ਅਕਾਲ ਤਖ਼ਤ ਸਾਹਿਬ ਤੋਂ ਸਿੱਖੀ ਵਿਚੋਂ ਛੇਕਿਆ ਜਾਂਦਾ ਹੈ। ਇਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ : ਰਘੁਜੀਤ ਸਿੰਘ, ਸਤਨਾਮ ਸਿੰਘ, ਗੁਰਪਾਲ ਸਿੰਘ, ਪ੍ਰੀਤਮ ਸਿੰਘ।

ਇਹ ਸਾਰੇ ਹੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਹਨ। ਇਨ੍ਹਾਂ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਮਾਗਮਾਂ ਵਿਚ ਸ਼ਾਮਿਲ ਨਾ ਹੋਣ ਦਿੱਤਾ ਜਾਵੇ ਅਤੇ ਨਾ ਹੀ ਇਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖੀ ਜਾਵੇ, ਜਿੰਨਾ ਚਿਰ ਇਹ ਪਾਵਨ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਭੁੱਲ ਨਹੀਂ ਬਖ਼ਸ਼ਵਾ ਲੈਂਦੇ।

ਗੁਰੂ ਪੰਥ ਦਾ ਦਾਸ,
ਪੂਰਨ ਸਿੰਘ

ਸੂਬਾ ਸਿੰਘ
ਰੇਸ਼ਮ ਸਿੰਘ
ਗੁਰਬਚਨ ਸਿੰਘ
ਮਿਲਖਾ ਸਿੰਘ

(*ਨੋਟ :* ਇਹ ਪੂਰਨ ਸਿੰਘ ਦਾ ਆਖ਼ਰੀ 'ਹੁਕਮ' ਸੀ, ਜਿਸ ਨੇ ਉਸ ਦਾ ਆਪਣਾ ਵੀ 'ਅਖ਼ੀਰ' ਕਰ ਦਿੱਤਾ।)

28 ਮਾਰਚ 2000 ਦੇ ਦਿਨ ਜਿਸ ਵੇਲੇ ਪੂਰਨ ਸਿੰਘ ਇਹ ਹੁਕਮ ਜਾਰੀ ਕਰ ਰਿਹਾ ਸੀ, ਉਸ ਵੇਲੇ ਗੁਰੂ ਨਾਨਕ ਨਿਵਾਸ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਚੱਲ ਰਹੀ ਸੀ। ਇਸ ਮੀਟਿੰਗ ਵਿਚ ਪੰਦਰਾਂ ਵਿੱਚੋਂ ਸਿਰਫ਼ ਪੰਜ ਮੈਂਬਰ ਹਾਜ਼ਿਰ ਸਨ। ਪਰ, ਇਹ ਕਾਨੂੰਨੀ ਤੌਰ 'ਤੇ ਪੂਰਾ ਕੋਰਮ ਬਣਦਾ ਸੀ। ਕਿਉਂਕਿ ਹੁਣ ਇਹ ਪੰਜੇ ਪੂਰਨ ਸਿੰਘ ਵੱਲੋਂ '**ਛੇਕੇ**' ਜਾ ਚੁੱਕੇ ਸਨ, ਇਸ ਕਰ ਕੇ ਇਨ੍ਹਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਉਹ ਪੂਰਨ ਸਿੰਘ ਨੂੰ 'ਫ਼ਾਰਿਗ' ਕਰ ਦੇਂਦੇ। ਪਹਿਲਾਂ ਤਾਂ ਬੀਬੀ ਤੋਂ ਸਿਵਾ ਦੂਜੇ ਚਾਰ ਮੈਂਬਰ ਝਿਜਕ ਰਹੇ ਸਨ ਅਤੇ ਬਾਦਲ ਦੀ 'ਹੁਕਮ' ਦੀ ਉਡੀਕ ਕਰ ਰਹੇ ਸਨ, ਪਰ 'ਛੇਕੇ' ਜਾਣ ਦੀ ਖ਼ਬਰ ਮਿਲਦਿਆਂ ਹੀ ਉਨ੍ਹਾਂ ਨੇ 'ਮਰਦੀ ਕੀ ਨਾ ਕਰਦੀ' ਵਾਲੀ ਹਾਲਤ ਵਿਚ ਹੋਣ ਕਰ ਕੇ 'ਆਖ਼ਰੀ' ਕਦਮ ਚੁੱਕਣ ਦਾ ਫ਼ੈਸਲਾ ਕਰ ਲਿਆ। ਇਸ ਮੀਟਿੰਗ ਨੇ ਗਿਆਨੀ ਪੂਰਨ ਸਿੰਘ ਨੂੰ 'ਜਥੇਦਾਰੀ' ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਗਿਆਨੀ ਜੋਗਿੰਦਰ ਸਿੰਘ (ਵੇਦਾਂਤੀ) ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਲਾ ਦਿੱਤਾ। ਪਹਿਲਾਂ ਜਾਰੀ ਕੀਤੀ ਪ੍ਰੈਸ-ਰਲੀਜ਼ ਵਿਚ ਪੂਰਨ ਸਿੰਘ ਨੂੰ 'ਸੇਵਾ-ਮੁਕਤ'

ਕੀਤਾ ਗਿਆ ਸੀ, ਪਰ ਮਗਰੋਂ ਇਸ ਨੂੰ ਬਦਲ ਕੇ 'ਮੁਅੱਤਲ' ਕਰ ਦਿੱਤਾ ਗਿਆ ਤਾਂ ਜੋ ਪੂਰਨ ਸਿੰਘ 'ਸੇਵਾ-ਮੁਕਤੀ' ਨੂੰ ਅਦਾਲਤ ਵਿਚ ਚੈਲੰਜ ਨਾ ਕਰ ਸਕੇ। ਸੇਵਾ-ਮੁਕਤੀ ਨੂੰ ਮੁਅਤਲੀ 'ਚ ਬਦਲਣ ਦੀ ਕਾਰਵਾਈ ਬੀਬੀ ਜਗੀਰ ਕੌਰ ਦੇ ਪੀ.ਏ. ਨੇ ਕੀਤੀ ਸੀ। 28 ਮਾਰਚ 2000 ਦੀ ਸਵੇਰ ਨੂੰ ਜਦੋਂ ਗਿਆਨੀ ਜੋਗਿੰਦਰ ਸਿੰਘ (ਵੇਦਾਂਤੀ) ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਤਾਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਮੋਹਨ ਸਿੰਘ ਨੇ ਧਮਕੀ ਦਿੱਤੀ ਕਿ **ਜੇ ਪੂਰਨ ਸਿੰਘ ਵਲੋਂ ਛੇਕਿਆ ਕੋਈ ਬੰਦਾ ਇਸ ਰਸਮ ਵੇਲੇ ਹਾਜ਼ਿਰ ਹੋਇਆ ਤਾਂ ਉਹ ਉੱਥੋਂ ਚਲਾ ਜਾਵੇਗਾ।** ਇਸ ਕਰ ਕੇ ਮਨਜੀਤ ਸਿੰਘ ਤੇ ਕੇਵਲ ਸਿੰਘ ਬੀਬੀ ਜਗੀਰ ਕੌਰ ਕੋਲ ਘੰਟਾ ਘਰ ਵਿਚ ਇਨਫ਼ਰਮੇਸ਼ਨ ਸੈਂਟਰ ਦੇ ਤਹਿਖ਼ਾਨੇ ਵਿਚ ਬੈਠੇ ਰਹੇ। ਉੱਥੇ ਹੀ ਗਿਆਨੀ ਭਗਵਾਨ ਸਿੰਘ ਨੂੰ ਬੁਲਾ ਕੇ ਕਿਹਾ ਗਿਆ ਕਿ ਉਹ ਰਸਮ ਵੇਲੇ ਅਕਾਲ ਤਖ਼ਤ ਸਾਹਿਬ 'ਤੇ ਨਾ ਜਾਵੇ। ਇਸ ਸਲਾਹ (ਹਿਦਾਇਤ) 'ਤੇ ਗਿਆਨੀ ਭਗਵਾਨ ਸਿੰਘ ਗ਼ੁੱਸੇ ਵਿਚ ਭਰਿਆ-ਪੀਤਾ ਉੱਥੋਂ ਚਲਾ ਗਿਆ। ਇੰਞ ਮੋਹਨ ਸਿੰਘ ਨੇ ਆਪਣੀ ਧਮਕੀ 'ਤੇ ਅਮਲ ਕਰਵਾਇਆ। ਗਿਆਨੀ ਜੋਗਿੰਦਰ ਸਿੰਘ ਨੇ ਅਗਲੇ ਦਿਨ ਐਲਾਨ ਕੀਤਾ ਕਿ ਗਿਆਨੀ ਪੂਰਨ ਸਿੰਘ ਵਲੋਂ 25 ਜਨਵਰੀ 2000 ਤੋਂ ਜਾਰੀ ਕੀਤੇ ਅਖੌਤੀ-ਹੁਕਮਨਾਮੇ ਉਸ ਦੇ (ਪੂਰਨ ਸਿੰਘ ਦੇ) ਨਿਜੀ ਐਲਾਨ ਸਨ ਨਾ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਸਨ। ਉਹ ਪੰਥਕ ਰਿਵਾਇਤਾਂ ਤੇ ਮਰਿਆਦਾ ਮੁਤਾਬਿਕ ਨਹੀਂ ਸਨ, ਇਸ ਕਰ ਕੇ ਉਹ ਐਲਾਨ (ਹੁਕਮਨਾਮੇ ਨਹੀਂ) ਰੱਦ ਕੀਤੇ ਜਾਂਦੇ ਹਨ। ਮਗਰੋਂ ਗਿਆਨੀ ਜੋਗਿੰਦਰ ਸਿੰਘ (ਵੇਦਾਂਤੀ) ਨੇ ਇਕ ਬਿਆਨ ਵਿਚ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਕੋਈ 'ਹੁਕਮਨਾਮਾ' ਨਾ ਵਾਪਿਸ ਲਿਆ ਸੀ ਤੇ ਨਾ ਰੱਦ ਕੀਤਾ ਸੀ। ਗਿਆਨੀ ਜੋਗਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਮੁਖ ਸੇਵਾਦਾਰ ਵਾਸਤੇ 'ਜ਼ਾਬਤਾ' ਬਣਾਉਣ ਵਾਸਤੇ ਵੀ ਕਿਹਾ।[65]

ਇਸ ਸਾਰੀ ਹੰਗਾਮੀ ਹਾਲਤ ਦੌਰਾਨ ਸਭ ਤੋਂ ਅਜੀਬ ਰੋਲ ਮੋਹਣ ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ) ਦਾ ਸੀ। ਉਹ 'ਰੇਲੂ ਕੱਟੇ' ਵਾਂਗ ਕਦੇ ਪੂਰਨ ਸਿੰਘ ਦੇ ਨਾਲ ਤੇ ਕਦੇ ਉਸ ਦੇ ਖ਼ਿਲਾਫ਼ ਹੋ ਜਾਂਦਾ ਸੀ। ਪੂਰਨ ਸਿੰਘ ਦਾ 'ਐਲਾਨਨਾਮਾ' ਰੱਦ ਕਰਨ ਵੇਲੇ ਵੀ ਉਹ ਹਾਜ਼ਿਰ ਸੀ ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਸੇਵਾਦਾਰਾਂ ਨੂੰ ਕੱਢਣ ਵੇਲੇ ਵੀ ਉਹ ਮੌਜੂਦ ਸੀ। 29 ਮਾਰਚ ਨੂੰ ਬੀਬੀ ਜਗੀਰ ਕੌਰ ਤੇ ਹੋਰਾਂ ਨੂੰ ਸੁਰਖ਼ਰੂ ਕਰਨ ਵੇਲੇ ਵੀ ਉਹ ਹਾਜ਼ਿਰ ਸੀ। ਉਹ ਪੂਰਨ ਸਿੰਘ ਦੇ ਐਲਾਨ ਵੇਲੇ ਵੀ ਉਸ ਦੇ ਨਾਲ ਖੜ੍ਹਾ ਹੋ ਜਾਂਦਾ ਸੀ ਤੇ ਉਸ ਨੂੰ ਰੱਦ ਕਰਨ ਵਾਲਿਆਂ ਦੇ ਨਾਲ ਵੀ।

ਆਪਣੇ ਇਕ ਸਾਲ ਦੇ ਅਹਿਦ ਵਿਚ ਗਿਆਨੀ ਪੂਰਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਇਸ 'ਸੇਵਾ' ਨੂੰ ਨਿਜੀ ਹੈਂਕੜ, ਸਾੜੇ, ਖਿਝ, ਨਫ਼ਰਤ, ਦੁਸ਼ਮਣੀ ਅਤੇ ਕਿੜਾਂ ਕੱਢਣ ਵਾਸਤੇ ਵਰਤਿਆ ਅਤੇ ਇਸ ਦੀ ਤੌਹੀਨ ਕਰਨ ਦੀ ਕੋਸ਼ਿਸ਼ ਕੀਤੀ। ਜੇ ਵੇਖਿਆ ਜਾਏ ਤਾਂ 1982 ਤੋਂ 2000 ਤਕ, ਪਿਛਲੇ 18 ਸਾਲਾਂ ਵਿਚ, ਜਿਨ੍ਹਾਂ ਵੱਖ- ਵੱਖ ਸ਼ਖ਼ਸਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਜਿਸ ਨੂੰ ਉਹ 'ਜਥੇਦਾਰ' ਆਖਦੇ ਹਨ) ਲਾਇਆ ਗਿਆ, ਉਨ੍ਹਾਂ ਨੇ ਇਸ ਨੂੰ ਆਪਣੀ ਬਾਦਸ਼ਾਹੀ ਸਮਝ ਕੇ ਵਰਤਿਆ। ਉਨ੍ਹਾਂ ਦੀਆਂ ਬਹੁਤੀਆਂ ਕਾਰਵਾਈਆਂ ਵਿਚੋਂ ਕੁਝ ਤਾਂ ਬੇਲੋੜੀਆਂ ਸਨ,

---

65. 25 ਜਨਵਰੀ ਦਾ ਇਹ ਪੂਰਾ ਐਲਾਨ (? ਹੁਕਮ) ਵੇਖੋ: ਦਸਤਾਵੇਜ਼ੀ ਸੈਕਸ਼ਨ ਵਿਚ।

ਕੁਝ ਖਿਝ-ਨਫ਼ਰਤ-ਪੱਖਪਾਤ-ਗ਼ੁਸੇ 'ਚ ਕੀਤੀਆਂ ਹੋਈਆਂ ਸਨ ਜਾਂ ਬਿਨਾਂ ਕਾਇਦੇ ਤੋਂ ਸਨ ਅਤੇ ਕੁਝ ਸਿੱਖ ਰਿਵਾਇਤਾਂ ਤੇ ਫ਼ਲਸਫ਼ੇ ਦੇ ਵੀ ਉਲਟ ਸਨ। ਇਹ ਮੁਖ ਸੇਵਾਦਾਰ ਆਪਣੇ ਆਪ ਨੂੰ ਕੌਮ ਦਾ ਸੇਵਾਦਾਰ ਸਮਝਣ ਦੀ ਥਾਂ ਡਿਕਟੇਟਰ ਸਮਝਦੇ ਰਹੇ। ਉਹ ਆਪਣੇ ਆਪ ਨੂੰ ਰੱਬ ਦਾ ਨੁੰਮਾਇਦਾ, ਨੀਮ-ਗੁਰੂ, ਕੌਮ ਦਾ ਮਾਲਿਕ (ਸਿੰਘ ਸਾਹਿਬ) ਵਗ਼ੈਰਾ ਸਮਝਦੇ ਰਹੇ।

ਕੁਲ ਮਿਲਾ ਕੇ ਅਕਾਲ ਤਖ਼ਤ ਸਾਹਿਬ ਦੀ ਨਵੇਂ ਤਰੀਕੇ ਦੀ (ਅ-ਸਿੱਖ) ਵਰਤੋਂ ਨੇ ਕੌਮ ਦਾ ਭਲਾ ਕਰਨ ਦੀ ਬਜਾਏ ਨੁਕਸਾਨ ਹੀ ਕੀਤਾ। ਇਸ ਨਾਲ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਦੀ ਬੇਹੁਰਮਤੀ ਹੋਈ। ਜਿਸ ਜਮਾਤ ਦਾ 'ਨਿਰਮਲ ਭਉ' ਹਰ ਸਿੱਖ ਨੂੰ ਪੰਥ ਤੋਂ ਬਾਗ਼ੀ ਹੋਣ ਤੋਂ ਰੋਕ ਕੇ ਰੱਖ ਰਿਹਾ ਸੀ, ਉਸ ਨੂੰ ਇਸ 18 ਸਾਲ ਦੇ ਸਮੇਂ ਵਿਚ ਅਖੌਤੀ-ਜਥੇਦਾਰਾਂ ਨੇ ਨਾਸਤੋ-ਨਾਬੂਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਆਗ਼ਾਜ਼ ਕਿਰਪਾਲ ਸਿੰਘ, ਜਸਬੀਰ ਸਿੰਘ ਤੇ ਰਣਜੀਤ ਸਿੰਘ ਤੋਂ ਹੁੰਦਾ ਆਪਣੇ ਸਭ ਤੋਂ ਨੀਵੇਂ ਪੱਧਰ 'ਤੇ ਗਿਆਨੀ ਪੂਰਨ ਸਿੰਘ ਵੇਲੇ ਪੁੱਜ ਗਿਆ। ਭਾਈ ਰਣਜੀਤ ਸਿੰਘ, ਜਿਸ ਦੀ ਇਕੋ-ਇਕ ਕਾਬਲੀਅਤ ਨਿਰੰਕਾਰੀ ਗੁਰਬਚਨ ਸਿੰਹ ਦਾ ਕਤਲ ਸੀ, ਨੇ ਆਪਣੇ ਅਹਿਦ ਦੌਰਾਨ ਡਾਂਗ-ਕਲਚਰ ਅਪਣਾਈ ਰੱਖਿਆ। ਡਾ. ਦਰਸ਼ਨ ਸਿੰਘ ਅਤੇ ਜੰਮੂ ਦੇ ਸਿੱਖਾਂ 'ਤੇ ਜਿਸਮਾਨੀ ਹਮਲਾ ਹੀ ਨਹੀਂ, ਬਲਕਿ ਉਸ ਦੀ ਬੋਲੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਾਲੀ ਤਾਂ ਕੀ ਇਕ ਗੁਰਸਿੱਖ ਵਾਲੀ ਵੀ ਨਹੀਂ ਸੀ। ਉਹ ਗਾਲ੍ਹ ਕੱਢੇ ਬਿਨਾਂ ਘੱਟ ਹੀ ਗੱਲ ਕਰਦਾ ਸੀ (ਉਸ ਦੀ ਇਸ ਆਦਤ ਵਿਚ ਫ਼ਰਵਰੀ 1999 ਤੋਂ ਮਗਰੋਂ ਕੁਝ ਸੁਧਾਰ ਹੋ ਗਿਆ ਸੀ)। ਇੰਞ ਹੀ ਉਸ ਵਲੋਂ ਝੂਠ ਬੋਲ ਕੇ, ਦਾੜ੍ਹੀ ਬੰਨ੍ਹ ਕੇ, ਆਰ.ਐਸ. ਘਟੌੜਾ ਦੇ ਨਾਂ ਹੇਠ ਮੋਹਾਲੀ 'ਚ ਲੱਖਾਂ ਦੀ ਜਾਇਦਾਦ ਖ਼ਰੀਦਣਾ ਤੇ ਇਸ ਬਾਰੇ ਝੂਠ ਬੋਲਣਾ ਵੀ ਉਸ ਦੇ ਕਿਰਦਾਰ ਨੂੰ ਹੌਲਾ ਕਰਦੇ ਸਨ। ਉਸ ਨੇ ਇੰਗਲੈਂਡ ਦੇ ਇਕ ਬਦਨਾਮ ਡੇਰੇਦਾਰ ਅਮਰ ਸਿੰਘ ਬੜੂੰਦੀ ਤੋਂ ਇਕ ਪੰਜ ਲੱਖ ਰੁਪਏ ਦੀ ਇਕ ਕਾਰ ਵੀ ਤੋਹਫ਼ੇ ਵਿਚ ਲਈ ਤੇ ਉਸ ਦਾ ਚੋਖਾ ਮਾਣ-ਸਨਮਾਨ ਵੀ ਕੀਤਾ। ਰਣਜੀਤ ਸਿੰਘ ਦੀ ਇਕੋ-ਇਕ ਸਿਫ਼ਤ ਇਹ ਜ਼ਰੂਰ ਸੀ ਕਿ ਉਸ ਨੇ ਜਥੇਦਾਰ ਟੌਹੜਾ ਨਾਲ 'ਦੋਸਤੀ' ਜ਼ਰੂਰ ਨਿਭਾਈ ਸੀ ਤੇ ਇਸ ਵਾਸਤੇ ਆਪਣੀ 'ਜਥੇਦਾਰੀ' ਵੀ ਕੁਰਬਾਨ ਕਰ ਦਿੱਤੀ ਸੀ। ਪੂਰਨ ਸਿੰਘ 'ਤੇ ਤਾਂ ਇਹ ਦੋਸ਼ ਵੀ ਲਗਾ ਕਿ ਉਹ ਬੁਨਿਆਦ ਪ੍ਰਸਤ, ਹਿੰਦੂ ਜਮਾਤ, ਰਾਸ਼ਟਰ ਸੋਇਮ ਸੇਵਕ ਸੰਘ ਦਾ ਪਿਛਲੱਗ ਹੈ। ਉਸ ਦੀ ਰਾਸ਼ਟਰੀ ਸਿੱਖ ਸੰਗਤ ਦੇ ਇਕ ਸਮਾਗਮ ਵਿਚ (12 ਅਪਰੈਲ 1998 ਦੇ ਦਿਨ) ਸ਼ਾਮਿਲ ਹੋਣ, 'ਹਰ ਹਰ ਮਹਾਂਦੇਵ', 'ਜੈ ਸ਼ਿਵ ਸ਼ੰਕਰ', 'ਜੈ ਸੀਆ ਰਾਮ' ਦੇ ਅਕਾਲ ਤਖ਼ਤ ਸਾਹਿਬ 'ਤੇ ਨਾਅਰੇ ਲਾਂਦੇ ਵਿਸ਼ਵ ਹਿੰਦੂ ਪਰੀਸ਼ਦ ਤੇ ਬਜਰੰਗ ਬ੍ਰਗੇਡ ਦੇ ਆਗੂਆਂ ਨੂੰ ਸਿਰੋਪੇ ਦੇਣ (8 ਅਪਰੈਲ 1999) ਅਤੇ ਸਿੱਖਾਂ ਨੂੰ ਲਵ-ਕੁਸ਼ ਦੀ ਔਲਾਦ ਕਹਿਣ ਦੀਆਂ ਹਰਕਤਾਂ 'ਤੇ ਸਿੱਖ ਵਿਦਵਾਨ ਤੇ ਆਗੂ ਪਹਿਲੋਂ ਹੀ ਪਰੇਸ਼ਾਨ ਸਨ। ਪਰ 25 ਜਨਵਰੀ ਤੋਂ 28 ਮਾਰਚ ਤਕ ਤਾਂ ਉਸ ਨੇ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਜਾਇਦਾਦ ਸਮਝ ਕੇ ਪਾਗਲਾਂ ਵਾਂਗ ਵਰਤਾਉ ਕੀਤਾ ਸੀ। **ਸ: ਸਿਮਰਨਜੀਤ ਸਿੰਘ ਮਾਨ ਨੇ ਤਾਂ ਭਾਈ ਰਣਜੀਤ ਸਿੰਘ ਦੇ ਰਾਸ਼ਟਰ ਸੋਇਮ ਸੇਵਕ ਸੰਘ ਨਾਲ ਸਬੰਧ ਰੱਖਣ ਦਾ ਇਲਜ਼ਾਮ ਵੀ ਲਾਇਆ ਸੀ।** ਪਰ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਦਾ ਸਿਖਰ ਅਜੇ ਆਉਣਾ ਸੀ ਤੇ ਇਹ ਕਾਰਨਾਮਾ ਸਰਅੰਜ਼ਾਮ ਕੀਤਾ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ...।

•

ਅਕਾਲ ਤਖ਼ਤ ਸਾਹਿਬ ਦੀ ਬੇਅਦਬੀ
(2001 ਤੋਂ 2005)
(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਅਹਿਦ ਵਿਚ

(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਬੀਬੀ ਜਗੀਰ ਕੌਰ ਨੇ ਬਿਨਾਂ ਡੂੰਘੀ ਸੋਚ ਜਾਂ ਵਿਚਾਰ ਅਚਾਨਕ ਲਿਆਂਦਾ ਸੀ। ਉਸ ਸਬੰਧੀ ਫ਼ੈਸਲਾ 28 ਮਾਰਚ 2000 ਨੂੰ ਮੀਟਿੰਗ ਵਿਚ ਪੈਦਾ ਹੋਈ ਹੰਗਾਮੀ ਹਾਲਤ ਕਾਰਨ ਲੈਣਾ ਪਿਆ ਸੀ। (ਗਿਆਨੀ) ਜੋਗਿੰਦਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਲਾਉਣ ਦੀ ਸਾਲਾਹ ਡਾਕਟਰ ਗੁਰਬਚਨ ਸਿੰਘ ਬਚਨ ਦੀ ਸੀ, ਜੋ ਇਸ ਮੀਟਿੰਗ ਵਿਚ ਬਤੌਰ ਸਕੱਤਰ ਸ਼੍ਰੋਮਣੀ ਕਮੇਟੀ ਹਾਜ਼ਿਰ ਸੀ। ਇਸ ਮੀਟਿੰਗ ਵਿਚ ਫ਼ੈਸਲਾ ਕਰਨ ਵਾਸਤੇ ਵਕਤ ਏਨਾ ਥੋੜਾ ਸੀ ਕਿ ਹੋਰ ਵਧੇਰੇ ਵਿਚਾਰ ਨਹੀਂ ਸੀ ਹੋ ਸਕਦੀ। (ਗਿਆਨੀ) ਜੋਗਿੰਦਰ ਸਿੰਘ ਦੀ ਖ਼ਾਸੀਅਤ ਇਹ ਸੀ ਕਿ ਉਹ ਕਮਜ਼ੋਰ ਪਰਿਵਾਰ 'ਚੋਂ ਸੀ, ਪਰ ਉਹ ਸ਼੍ਰੋਮਣੀ ਕਮੇਟੀ ਦੇ ਹਰ ਇਕ ਪ੍ਰਧਾਨ ਦਾ ਵਫ਼ਾਦਾਰ ਰਿਹਾ ਸੀ ਤੇ ਧੜੇਬਾਜ਼ੀ ਵਿਚ ਨਹੀਂ ਸੀ ਪਿਆ ਕਰਦਾ। ਉਹ ਤਾਂ ਜਿਸ ਸੇਵਾ, ਨੌਕਰੀ, ਅਹੁਦੇ[1] 'ਤੇ ਰਿਹਾ ਸੀ, ਆਪਣੇ 'ਬੌਸ' ਦਾ 'ਜੀ ਹਜ਼ੂਰ' ਤੇ ਖ਼ੈਰ- ਖ਼੍ਵਾਹ ਸੀ। ਸੋ, ਬੀਬੀ ਵਾਸਤੇ ਇਹ ਚੋਣ ਲਾਹੇਵੰਦੀ ਰਹੀ।

(ਗਿਆਨੀ) ਜੋਗਿੰਦਰ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ, ਜਿੱਥੇ ਧਨਵੰਤ ਸਿੰਘ, ਪ੍ਰਕਾਸ਼ ਸਿੰਘ ਬਾਦਲ, ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਜੋਗਿੰਦਰ ਸਿੰਘ 'ਸਪੋਕਸਮੈਨ', ਪ੍ਰਹਿਲਾਦ ਸਿੰਘ ਚੰਡੋਕ, ਅਵਤਾਰ ਸਿੰਘ ਹਿਤ ਅਤੇ ਬਲਦੇਵ ਸਿੰਘ ਐਮ.ਏ. ਸਬੰਧੀ ਬਹਿਸ ਗੋਚਰੇ ਫ਼ੈਸਲੇ ਲਏ, ਉੱਥੇ ਦਰਜਨਾਂ ਨਿੱਕੀ ਕਚਹਿਰੀ ਤੇ ਇੰਡਸਟ੍ਰੀਅਲ ਟ੍ਰਿਬਿਊਨਲ ਵਾਂਗ ਮਾੜੇ-ਮੋਟੇ ਝਗੜਿਆਂ ਦੇ 'ਫ਼ੈਸਲੇ' ਵੀ ਕੀਤੇ। ਅਹਿਮ ਮੁੱਦਿਆਂ ਤੋਂ ਪਹਿਲਾਂ ਉਸ ਦੇ ਨਿੱਕੇ-ਮੋਟੇ 'ਫ਼ੈਸਲੇ', 'ਹੁਕਮ' ਤੇ 'ਹਿਦਾਇਤਾਂ' ਦਾਂ ਜ਼ਿਕਰ ਕਰਾਂਗਾ, ਜੋ ਇਹ ਸਨ :

---

1. (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦਰਬਾਰ ਸਾਹਿਬ ਵਿਚ ਇਕ ਅਰਦਾਸੀਏ ਦੇ ਤੌਰ 'ਤੇ ਭਰਤੀ ਹੋਇਆ ਸੀ। ਫਿਰ ਰੁਟੀਨ ਵਿਚ ਉਹ ਗ੍ਰੰਥੀ ਤੇ ਫਿਰ ਸੀਨੀਅਰ ਗ੍ਰੰਥੀ ਬਣ ਕੇ 1998 ਵਿਚ ਰੀਟਾਇਰ ਹੋ ਗਿਆ। ਇਸ ਮਗਰੋਂ ਉਸ ਦੀ ਅਰਜ਼ 'ਤੇ ਗੁਰਚਰਨ ਸਿੰਘ ਟੌਹੜਾ ਨੇ ਉਸ ਨੂੰ ਸਿੱਖ ਇਤਿਹਾਸ ਰੀਸਰਚ ਬੋਰਡ ਵਿਚ ਗੁਰਬਾਣੀ ਸਕਾਲਰ ਲਾ ਦਿੱਤਾ। ਇਸ ਵੇਲੇ ਇਸ ਬੋਰਡ ਦੇ ਡਾਇਰੈਕਟਰ ਡਾ. ਹਰਜਿੰਦਰ ਸਿੰਘ ਦਿਲਗੀਰ ਸਨ। ਉਹ ਡਾ. ਦਿਲਗੀਰ ਕੋਲ ਕੰਮ ਕਰਦਿਆਂ ਨਾਲ ਨਾਲ ਦਰਬਾਰ ਸਾਹਿਬ ਦੇ ਗ੍ਰੰਥੀ ਵਜੋਂ ਵੀ ਡਿਊਟੀ ਨਿਭਾਉਂਦਾ ਰਿਹਾ। ਭਾਵੇਂ ਉਹ 28 ਮਾਰਚ 2000 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣ ਗਿਆ ਸੀ, ਪਰ ਕੁਝ ਚਿਰ ਉਸ ਨੂੰ ਤਨਖ਼ਾਹ ਸਿੱਖ ਇਤਿਹਾਸ ਰੀਸਰਚ ਬੋਰਡ ਤੋਂ ਹੀ ਮਿਲਦੀ ਰਹੀ ਸੀ।

ਕੁਰਸੀਆਂ 'ਤੇ ਲੰਗਰ ਛਕਣ ਵਾਲੇ ਗੁਰਦੁਆਰੇ ਵਿਚ ਕੀਰਤਨ ਕਰਨ ਵਾਲੇ ਦੀ ਪੇਸ਼ੀ

ਨੰ: ਅ.ਤ./2K/647 ਮਿਤੀ : 24-10-2000

ਅੱਜ ਮਿਤੀ 24-10-2000 ਨੂੰ ਭਾਈ ਨਿਰੰਜਨ ਸਿੰਘ ਰਾਗੀ ਜਵੱਦੀ ਕਲਾਂ ਵਾਲੇ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਪੇਸ਼ ਹੋਏ ਅਤੇ ਉਨ੍ਹਾਂ ਨੇ ਮਲੇਸ਼ੀਆ ਤੇ ਸਿੰਘਾਪੁਰ ਵਿਚ ਕੁਰਸੀਆਂ ਵਾਲੇ ਗੁਰਦੁਆਰਾ ਸਾਹਿਬਾਨ ਵਿਚ ਕੀਰਤਨ ਕਰ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਅਚੇਤਨ ਉਲੰਘਣਾ ਹੋ ਜਾਣ ਲਈ ਖਿਮਾ ਯਾਚਨਾ ਕੀਤੀ ਹੈ। ਉਪਰੰਤ ਦੇਸ਼-ਵਿਦੇਸ਼ ਦੀਆਂ ਸਮੂੰਹ ਸੰਗਤਾਂ ਨੂੰ ਵਿਦਿਤ ਹੋਵੇ ਕਿ ਸੰਗਤਾਂ ਇਸ ਰਾਗੀ ਜਥੇ ਨੂੰ ਪਹਿਲਾਂ ਵਾਂਗ ਹੀ ਮਾਨ-ਸਨਮਾਨ ਅਤੇ ਸਹਿਯੋਗ ਦੇ ਕੇ ਸਤਿਸੰਗ ਦੇ ਲਾਹੇ ਪ੍ਰਾਪਤ ਕਰਨ।

(*ਨੋਟ:* (ਗਿਆਨੀ) ਜੋਗਿੰਦਰ ਸਿੰਘ ਨੇ 'ਰੈਫ਼ਰੈਂਸ ਨੰਬਰ' ਲਾਉਣੇ ਸ਼ੁਰੂ ਕਰ ਦਿੱਤੇ ਸਨ, ਪਰ ਇਸ ਅੰਗਰੇਜ਼ੀ ਦੇ AT ਦੀ ਥਾਂ ਅ.ਤ. ਸ਼ੁਰੂ ਕਰ ਦਿੱਤਾ ਸੀ, ਪਰ 2000 ਦੀ ਥਾਂ ਯੈਂਕੀ ਸਟਾਇਲ ਵਿਚ 2K ਹੀ ਲਿਖਿਆ ਹੋਇਆ ਸੀ।)

ਰਣਜੀਤ ਸਿੰਘ ਦੇ 'ਭੁੰਜੇ' ਬੈਠ ਕੇ ਲੰਗਰ ਛਕਣ ਦੇ 'ਹੁਕਮ' ਦਾ ਸੋਧ

20 ਅਪਰੈਲ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਨੂੰ ਬੈਨ ਕਰਨ ਵਾਸਤੇ 'ਹੁਕਮਨਾਮਾ' ਜਾਰੀ ਕੀਤਾ ਸੀ। ਪਰ (ਗਿਆਨੀ) ਜੋਗਿੰਦਰ ਸਿੰਘ (ਅਤੇ ਮੋਹਣ ਸਿੰਘ, ਭਗਵਾਨ ਸਿੰਘ, ਮਨਜੀਤ ਸਿੰਘ ਤੇ ਕੇਵਲ ਸਿੰਘ) ਨੇ 24 ਅਕਤੂਬਰ 2000 ਦੇ ਦਿਨ ਉਸ 'ਹੁਕਮਨਾਮੇ' ਵਿਚ ਹੇਠ ਲਿਖੇ ਲਫ਼ਜ਼ਾਂ ਨਾਲ 'ਸੋਧ' ਕਰ ਦਿੱਤੀ :

ਨੰ: ਅ.ਤ./2K/648 ਮਿਤੀ : 24-10-2000

ਦੇਸ਼-ਵਿਦੇਸ਼ ਦੀਆਂ ਗੁਰਸਿੱਖ ਸੰਗਤਾਂ ਨੂੰ ਵਿਦਿਤ ਹੋਵੇ ਕਿ ਗੁਰੂ ਖਾਲਸਾ ਪੰਥ ਦੇ ਗੁਰਮਤਿ ਸਿਧਾਂਤ ਅਤੇ ਮਰਿਆਦਾ ਦੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਸੰਗਤ ਵਿਚ ਅਤੇ ਗੁਰੂ ਕੇ ਲੰਗਰ ਅੰਦਰ ਪੰਗਤ ਵਿਚ ਸਤਿਕਾਰ ਨਾਲ ਚੌਂਕੜਾ ਲਾ ਕੇ ਬੈਠਣਾ ਹੀ ਯੋਗ ਹੈ। ਪਰ ਸਰੀਰਕ ਤੌਰ 'ਤੇ ਅਪੰਗ ਜਾਂ ਕਿਸੇ ਹੋਰ ਕਾਰਨ ਸਰੀਰਕ ਤੌਰ 'ਤੇ ਅਸਮਰਥ ਹੋ ਚੁੱਕੇ ਕਿਸੇ ਵੀ ਗੁਰਸਿੱਖ ਸ਼ਰਧਾਲੂ ਲਈ ਸੰਗਤ ਅਤੇ ਪੰਗਤ ਵਿਚ ਸਥਾਨਕ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੀ ਸਰੀਰਕ ਮਜਬੂਰੀ ਨੂੰ ਧਿਆਨ ਵਿਚ ਰੱਖ ਕੇ ਢੁਕਵਾਂ ਯੋਗ ਪ੍ਰਬੰਧ ਕੀਤਾ ਜਾਵੇ। ਅਜਿਹਾ ਕਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਨ-ਸਤਿਕਾਰ ਦਾ ਪੂਰਨ ਤੌਰ 'ਤੇ ਧਿਆਨ ਰੱਖਿਆ ਜਾਵੇ।

ਇਨ੍ਹਾਂ ਪੰਜਾਂ ਗ੍ਰੰਥੀਆਂ ਦੀ ਕੁਰਸੀਆਂ 'ਤੇ ਬੈਠਣ ਦੀ ਇਜਾਜ਼ਤ ਦੇਣ ਦੀ ਸਿਰਫ਼ ਲੰਗਰ ਵਾਸਤੇ ਹੀ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵੀ ਸੀ। ਦੂਜੇ ਲਫ਼ਜ਼ਾਂ ਵਿਚ ਹੁਣ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਹਾਲ ਵਿਚ ਵੀ ਮਜਬੂਰੀ ਵਿਚ ਥੜ੍ਹਾ, ਕੁਰਸੀ, ਪੀੜ੍ਹੀ ਦੀ ਵਰਤੋਂ ਹੋ ਸਕਦੀ ਸੀ। ਇੱਥੇ ਦੋ ਸਵਾਲ ਉਠਦੇ ਹਨ : (1) ਅਕਾਲ ਤਖ਼ਤ ਸਾਹਿਬ ਦੇ 'ਹੁਕਮਨਾਮੇ' ਵਿਚ 'ਸੋਧ' ਹੋ ਸਕਦੀ ਹੈ। ਇਹ 20 ਅਪਰੈਲ 1998 ਦੇ 'ਹੁਕਮਨਾਮੇ' ਦੀ ਸੋਧ ਸੀ; (2) ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 'ਉਚਾ' ਬੈਠਿਆ ਜਾ ਸਕਦਾ ਹੈ, ਕਿਉਂਕਿ ਅਪਾਹਜ, ਬੀਮਾਰ, ਲਾਚਾਰ ਵਾਸਤੇ 'ਢੁਕਵਾਂ ਯੋਗ ਪ੍ਰਬੰਧ' ਤਾਂ ਮੂੜ੍ਹਾ/ਕੁਰਸੀ/ਬੈਂਚ/ਥੜ੍ਹੀ ਹੀ ਹੈ, ਜੋ ਯਕੀਨਨ ਉੱਚੀ ਹੋਵੇਗੀ।

ਰਤਨ ਸਿੰਘ ਨੂੰ ਤਨਖ਼ਾਹ ਲਾਉਣਾ

ਨੰ: ਅ.ਤ./2001/864 ਮਿਤੀ : 27-2-2001

ਹੁਕਮਨਾਮਾ

ਸ: ਰਤਨ ਸਿੰਘ,

ਤੁਸੀਂ ਅੱਜ ਮਿਤੀ 27-2-2001 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਆਪਣੇ-ਆਪ ਨੂੰ ਇਕ ਨਿਮਾਣੇ ਸਿੱਖ ਵਜੋਂ ਪੇਸ਼ ਕੀਤਾ ਹੈ। ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹਰ ਆਦੇਸ਼ ਦੇ ਪਾਲਣਾ ਕਰਨ ਦੀ ਵਚਨ-ਬੱਧਤਾ ਦਿਖਾਈ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਤੁਹਾਡੀ ਲਿਖਤੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ:

ਇਕ ਹਫ਼ਤਾ ਗੁਰਦੁਆਰਾ ਸਾਹਿਬ ਵਿਖੇ ਇਕ ਘੰਟਾ ਗੁਰਬਾਣੀ ਕੀਰਤਨ ਸੁਣਨਾ ਹੈ, ਇਕ ਘੰਟਾ ਜੋੜੇ ਝਾੜਨੇ ਗੁਰੂ ਸੰਗਤ ਦੇ ਅਤੇ ਇਕ ਘੰਟਾ ਲੰਗਰ ਵਿਖੇ ਜਾ ਕੇ ਭਾਂਡੇ ਮਾਂਜਣੇ।

ਤਨਖ਼ਾਹ ਪੂਰੀ ਹੋਣ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ 500 ਦਮੜੇ ਸਚਖੰਡ ਹਰਿਮੰਦਰ ਸਾਹਿਬ ਅਤੇ 500 ਦਮੜੇ ਅਕਾਲ ਤਖ਼ਤ ਸਾਹਿਬ ਦੇ ਖ਼ਜ਼ਾਨੇ ਵਿਖੇ ਪਾਉਣੇ। ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਪਿਛਲੀਆਂ ਭੁੱਲਾਂ ਲਈ ਖਿਮਾ-ਜਾਚਨਾ ਲਈ ਅਰਦਾਸ ਕਰਵਾਉਣੀ।

ਤਨਖ਼ਾਹ ਪੂਰੀ ਹੋਣ ਤੇ ਅਰਦਾਸ ਉਪਰੰਤ ਤੁਹਾਨੂੰ ਗੁਰੂ ਖਾਲਸਾ ਪੰਥ ਵਿਚ ਸ਼ਾਮਿਲ ਸਮਝਿਆ ਜਾਵੇਗਾ।

(ਨੋਟ: ਇਸ 'ਹੁਕਮਨਾਮੇ' ਹੇਠਾਂ ਵੀ ਸਿਰਫ਼ (ਗਿਆਨੀ) ਜੋਗਿਦਰ ਸਿੰਘ ਦੇ ਦਸਤਖ਼ਤ ਹਨ ਤੇ ਚਾਰ ਹੋਰ ਗ੍ਰੰਥੀਆਂ ਦੇ ਨਹੀਂ। **ਦੂਜਾ ਇਸ ਅਖੌਤੀ 'ਹੁਕਮਨਾਮੇ' ਵਿਚ ਇਹ ਨਹੀਂ ਦੱਸਿਆ ਗਿਆ ਕਿ ਇਹ 'ਤਨਖ਼ਾਹ' ਕਿਸ ਕਸੂਰ ਕਾਰਨ ਲਾਈ ਗਈ ਸੀ।**)

ਸੰਤਾ ਸਿੰਘ ਨਿਹੰਗ ਦਾ ਲਿਹਾਜ਼ ਤੇ 'ਮਾਮੂਲੀ' ਤਨਖ਼ਾਹ

ਸੰਤਾ ਸਿੰਘ ਨਿਹੰਗ ਨੇ 1984 ਵਿਚ ਹਰਿਮੰਦਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਮਗਰੋਂ ਪੰਥ ਦੁਸ਼ਮਣਾਂ ਦਾ ਡਟ ਕੇ ਸਾਥ ਦਿੱਤਾ ਸੀ। ਉਸ ਨੇ ਸਰਕਾਰੀ ਮਜ਼ਦੂਰਾਂ ਕੋਲੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਬਣਵਾ ਕੇ ਇਸ ਦੀ ਬੇਅਦਬੀ ਕੀਤੀ ਸੀ। ਉਸ ਨੇ ਦਰਜਨਾਂ ਵਾਰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਅਤੇ ਸਮੁੱਚੇ ਸਿੱਖ ਪੰਥ ਨੂੰ ਘਟੀਆ ਲਫ਼ਜ਼ਾਂ ਵਿਚ ਚੈਲਿੰਜ ਕੀਤਾ ਸੀ। ਉਸ ਨੇ ਤਾਂ ਅਕਾਲ ਤਖ਼ਤ ਸਾਹਿਬ ਦੀ 'ਹਸਤੀ' ਨੂੰ ਮੰਨਣ ਤੋਂ ਵੀ ਨਾਂਹ ਕੀਤੀ ਸੀ। ਉਸ ਦਾ ਜੁਰਮ ਬੜਾ ਵੱਡਾ ਸੀ, ਜੋ ਉਹ ਪਿਛਲੇ ਪੌਣੇ ਸਤਾਰਾਂ ਸਾਲ ਤੋਂ ਦੋਹਰਾਈ ਜਾ ਰਿਹਾ ਸੀ। ਉਹ 'ਅਚਾਨਕ' ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਗਿਆ ਅਤੇ ਉਸ ਨੂੰ ਮਾਮੂਲੀ ਤੋਂ ਵੀ ਮਾਮੂਲੀ ਤਖ਼ਨਾਹ ਲਾ ਕੇ ਮੁਆਫ਼ੀ ਦੇ ਦਿੱਤੀ ਗਈ। ਉਸ ਨੂੰ ਦਿੱਤਾ ਗਿਆ 'ਵੇਦਾਂਤੀ ਹੁਕਮ' ਇੰਞ ਸੀ:

ਨੰ: ਅ.ਤ./2001/942 ਮਿਤੀ : 17-3-2001

ਆਦੇਸ਼

ਬਾਬਾ ਸੰਤਾ ਸਿੰਘ! ਤੁਹਾਨੂੰ ਸੰਨ 1984 ਵਿਚ ਸਮੇਂ ਦੀ ਸਰਕਾਰ ਰਾਹੀਂ ਅਕਾਲ ਤਖ਼ਤ ਸਾਹਿਬ ਉਪਰ ਕੀਤੇ ਗਏ ਹਮਲੇ ਉਪਰੰਤ **ਇਸ ਈਮਾਰਤ ਦੀ ਉਸਾਰੀ ਦੇ ਸਬੰਧ ਵਿਚ**[2] ਗੁਰੂ-ਪੰਥ ਦੀਆਂ ਭਾਵਨਾਵਾਂ ਦੇ ਅਨੁਕੂਲ ਪੰਥ ਵਿਚੋਂ ਛੇਕਿਆ ਗਿਆ ਸੀ। ਇਸ ਸਬੰਧੀ ਤੁਹਾਡੇ

---

2. ਸੰਤਾ ਸਿੰਘ ਨੂੰ ਸਿਰਫ਼ 'ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਉਸਾਰੀ' ਦੇ ਸਬੰਧ ਵਿਚ ਨਹੀਂ ਸੀ ☛

ਵੱਲੋਂ ਅਕਾਲ ਤਖ਼ਤ ਸਾਹਿਬ ਵਿਖੇ ਆਪਣੀਆਂ ਭੁੱਲਾਂ ਬਖ਼ਸ਼ਾਉਣ ਲਈ ਬੇਨਤੀ ਪੱਤਰ ਭੇਜਿਆ ਗਿਆ ਹੈ। ਜਿਸ 'ਤੇ ਵਿਚਾਰ ਕਰਦਿਆਂ ਹੋਇਆਂ ਪੰਜ ਸਿੰਘ ਸਾਹਿਬਾਨ ਵੱਲੋਂ ਤੁਹਾਨੂੰ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣ 'ਤੇ ਹੇਠ ਲਿਖੀ ਸੇਵਾ ਲਾਈ ਜਾਂਦੀ ਹੈ:

1. ਤੁਸੀਂ **ਆਪਣੀ ਰਿਹਾਇਸ਼ 'ਤੇ**[3] ਨਿਤਨੇਮ ਤੋਂ ਇਲਾਵਾ ਹਰ ਰੋਜ਼ ਪੰਜ ਦਿਨ ਪੰਜ-ਪੰਜ ਜਪੁਜੀ ਸਾਹਿਬ ਦੇ ਪਾਠ ਕਰਨੇ ਜਾਂ ਸੁਣਨੇ ਹਨ।
2. ਉਪਰੰਤ ਤਖ਼ਤ ਦਮਦਮਾ ਸਾਹਿਬ ਤੇ ਗੁਰਦੁਆਰਾ ਲਿਖਣਸਰ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਕਰਵਾਉਣਾ। 1100/- ਰੁਪਏ ਗੁਰੂ ਕੀ ਗੋਲਕ ਵਿਚ ਪਾਉਣੇ। ਉਪਰੰਤ ਖਿਮਾ-ਜਾਚਨਾ ਦੀ ਅਰਦਾਸ ਕਰਵਾਉਣੀ।

ਜੋਗਿੰਦਰ ਸਿੰਘ

(ਨੋਟ: ਇਸ 'ਹੁਕਮ' 'ਤੇ ਵੀ ਇਕੱਲੇ (ਗਿਆਨੀ) ਜੋਗਿੰਦਰ ਸਿੰਘ ਦੇ ਦਸਤਖ਼ਤ ਸਨ।)

ਸੰਤਾ ਸਿੰਘ ਨੂੰ 'ਰੀਣ ਕੁ' ਤਨਖ਼ਾਹ ਲਾਉਣ ਨਾਲ ਪੰਥ ਵਿਚ ਚਰਚਾ ਚੱਲ ਪਿਆ ਕਿ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਸੰਤਾ ਸਿੰਘ ਤੋਂ ਮੋਟੀ ਰਕਮ ਲਈ ਸੀ। ਵਰਨਾ ਬੂਟਾ ਸਿੰਘ, ਅਮਰਜੀਤ ਕੌਰ, ਰਛਪਾਲ ਸਿੰਘ, ਜੋ ਸੰਤਾ ਸਿੰਘ ਤੋਂ ਕਈ ਕਈ ਸਾਲ ਪਹਿਲਾਂ 'ਮੁਆਫ਼ੀ' ਮੰਗ ਚੁੱਕੇ ਸਨ, ਨੂੰ ਸੰਤਾ ਸਿੰਘ ਤੋਂ ਸੌ-ਸੌ ਗੁਣਾ ਵੱਧ ਤਨਖ਼ਾਹ ਲੱਗ ਚੁੱਕੀ ਸੀ, ਪਰ ਸੰਤਾ ਸਿੰਘ ਦਾ 'ਜੁਰਮ' ਇਨ੍ਹਾਂ ਸਾਰਿਆਂ ਕਿਤੇ ਵਧੇਰੇ ਸੀ। (ਗਿਆਨੀ) ਜੋਗਿੰਦਰ ਸਿੰਘ ਨੇ ਇਸ ਦੀ ਸਫ਼ਾਈ ਪੇਸ਼ ਕਰਦਿਆਂ ਕਿਹਾ ਕਿ ਸੰਤਾ ਸਿੰਘ ਦੀ ਉਮਰ ਅਤੇ ਸਿਹਤ ਨੂੰ ਵੇਖਦਿਆਂ 'ਏਨੀ ਘੱਟ' ਤਨਖ਼ਾਹ ਲਾਈ ਗਈ ਸੀ। ਪਰ ਇਹ ਗੱਲ ਬੇਅਸੂਲੀ ਸੀ, ਦੂਜਾ ਇਹ ਵੀ ਝੂਠ ਹੈ ਕਿ ਸੰਤਾ ਸਿੰਘ ਦੀ ਸਿਹਤ ਠੀਕ ਨਹੀਂ ਸੀ (ਉਹ ਅੱਜ ਵੀ ਭੱਜਿਆ ਦੌੜਿਆ ਫਿਰਦਾ ਹੈ); ਤੀਜਾ ਕੀ ਰਛਪਾਲ ਸਿੰਘ ਦੀ ਉਮਰ ਸੰਤਾ ਸਿੰਘ ਤੋਂ ਘੱਟ ਸੀ?

ਸੰਤਾ ਸਿੰਘ ਦਾ 'ਖ਼ਾਸ ਲਿਹਾਜ' ਕਰਨ ਤੋਂ ਇਲਾਵਾ (ਗਿਆਨੀ) ਜੋਗਿੰਦਰ ਸਿੰਘ ਨੇ ਇਕ ਬਿਆਨ ਦੇ ਕੇ 'ਹੋਕਾ' ਦਿੱਤਾ ਕਿ ਜਿਹੜੇ ਵੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਯਾਫ਼ਤਾ ਹਨ, ਉਹ ਆ ਕੇ (ਸ਼ਾਇਦ ਮਾਮੂਲੀ) ਤਨਖ਼ਾਹ ਲੁਆ ਲੈਣ। ਇਹ ਤਾਂ ਇੰਵ ਸੀ ਕਿ ਜਿਵੇਂ ਆਮ ਮੁਆਫ਼ੀ (General Amnesty) ਦਾ ਐਲਾਨ ਕਰਨਾ ਹੋਵੇ ਜਾਂ ਜਿਵੇਂ ਕਿਸੇ ਦੁਕਾਨ 'ਤੇ *ਸਸਤੇ ਮੁੱਲ ਦੇ ਮਾਲ ਦੀ 'ਸੇਲ'* ਲਾਉਣੀ ਹੋਵੇ। (ਗਿਆਨੀ) ਜੋਗਿੰਦਰ ਸਿੰਘ ਦੇ ਇਸ 'ਹੋਕੇ' ਦਾ ਸਿੱਖ ਵਿਦਵਾਨਾਂ ਨੇ ਬਹੁਤ ਬੁਰਾ ਮਨਾਇਆ।

ਕੁੜੀ-ਮਾਰਾਂ ਨੂੰ ਹਿਦਾਇਤ

ਇਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਖ਼ਾਸ ਕਰ ਕੇ ਅਤੇ ਹੋਰਨਾਂ ਮੁਲਕਾਂ ਵਿਚ ਵੀ ਔਰਤ ਦੇ ਪੇਟ ਵਿਚਲੇ ਬੱਚੇ ਦਾ ਲਿੰਗ ਟੈਸਟ ਕਰਵਾਉਣ ਬਾਰੇ ਬੜਾ ਚਰਚਾ ਚਲਦਾ ਰਿਹਾ। ਬਹੁਤੇ ਲੋਕ ਪੁੱਤਰ ਦੀ ਖ਼ਾਹਿਸ਼ ਵਿਚ ਗਰਭ ਵਿਚਲੀਆਂ ਧੀਆਂ ਦੀ ਅਬਾਰਸ਼ਨ

☛ ਛੇਕਿਆ ਗਿਆ, ਬਲਕਿ ਉਸ ਨੂੰ ਅਕਾਲ ਤਖ਼ਤ ਸਾਹਿਬ ਦੇ ਵਜੂਦ, ਹਸਤੀ, ਪੰਥ ਤੋਂ ਬਾਗ਼ੀ ਹੋਣ ਅਤੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਹਿਮਾਇਤ ਕਾਰਨ ਛੇਕਿਆ ਗਿਆ ਸੀ।

3. ਸੰਤਾ ਸਿੰਘ ਨੂੰ ਤਨਖ਼ਾਹ ਵੀ ਆਪਣੀ ਰਿਹਾਇਸ਼ 'ਤੇ ਪੂਰੀ ਕਰਨ ਵਾਸਤੇ ਕਿਹਾ ਗਿਆ ਸੀ। ਫਿਰ ਉਸ ਲਈ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਥਾਂ ਪਾਠ ਸੁਣਨਾ ਵੀ ਕਾਫ਼ੀ ਕਿਹਾ ਗਿਆ ਸੀ।

ਕਰਵਾ ਲਿਆ ਕਰਦੇ ਸਨ, ਜਿਸ ਨਾਲ ਪੰਜਾਬ ਵਿਚ ਕੁੜੀਆਂ ਦੀ ਗਿਣਤੀ ਬੜੀ ਘਟਦੀ ਜਾ ਰਹੀ ਸੀ। ਇਸ ਕੁੜੀ-ਮਾਰ ਮੁਹਿੰਮ ਵਿਚ ਸਿੱਖ ਬਾਕੀਆਂ ਤੋਂ ਪਿੱਛੇ ਨਹੀਂ ਸਨ, ਸ਼ਾਇਦ ਸਭ ਤੋਂ ਮੂਹਰੇ ਸਨ। ਇਸ ਹਾਲਤ ਵਿਚ ਸਿੱਖ ਵਿਦਵਾਨਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਿੱਖ ਰਹਿਤ ਮਰਿਆਦਾ ਦੇ ਉਲਟ ਕਾਰਵਾਈ ਨੂੰ ਬੰਦ ਕਰਨ। ਇਹ ਵੇਖ ਕੇ (ਗਿਆਨੀ) ਜੋਗਿੰਦਰ ਸਿੰਘ ਨੇ ਵੀ ਇਹ 'ਅਪੀਲ' ਜਾਰੀ ਕੀਤੀ:

ਨੰ: ਅ.ਤ./01/998 ਮਿਤੀ: 18-4-2001

ਪੰਜ ਸਿੰਘ ਸਾਹਿਬਾਨ ਵੱਲੋਂ ਕੌਮ ਦੇ ਨਾਮ ਸੰਦੇਸ਼

ਸਿੱਖ ਧਰਮ ਇਕ ਵਿਗਿਆਨਕ ਅਤੇ ਸਰਬੱਤ ਦੇ ਭਲੇ ਦੇ ਅਗਾਂਹ-ਵਧੂ ਫ਼ਲਸਫ਼ੇ ਵਾਲਾ ਧਰਮ ਹੋਣ ਕਰ ਕੇ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਮਨੁੱਖੀ ਸਮਾਜ ਵਿਚ ਅਤਿ ਸਤਿਕਾਰ ਭਰਿਆ ਰੁਤਬਾ ਬਖ਼ਸ਼ਿਆ ਹੈ। ਇਸਤਰੀ ਜਾਤੀ ਨਾਲ ਹੁੰਦੇ ਵਿਤਕਰੇ ਤੇ ਨਿਰਾਦਰ ਨੂੰ ਵੇਖ ਕੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਬੁਲੰਦ ਆਵਾਜ਼ ਵਿਚ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਫ਼ੁਰਮਾਨ ਕੀਤਾ ਸੀ। ਸਿੱਖ ਇਤਿਹਾਸ ਵਿਚ ਇਸੇ ਵਿਚਾਰ ਦਾ ਹੀ ਅਸਲੀ ਰੂਪ ਮਾਤਾ ਖੀਵੀ ਜੀ ਵੱਲੋਂ ਲੰਗਰ ਦੀ ਜ਼ਿੰਮੇਵਾਰੀ ਅਤੇ ਖਾਲਸਾ ਸਾਜਨਾ[4] ਸਮੇਂ ਮਾਤਾ ਸਾਹਿਬ ਕੌਰ ਜੀ[5] ਵੱਲੋਂ ਅੰਮ੍ਰਿਤ ਦੇ ਬਾਟੇ ਵਿਚ ਪਤਾਸੇ ਪਾਉਣ ਦੇ ਕੌਤਕ ਰਾਹੀਂ ਨਜ਼ਰ ਆਉਂਦਾ ਹੈ।

ਸਿੱਖ ਰਹਿਤਨਾਮਿਆਂ ਅਤੇ ਸਿੱਖ ਰਹਿਤ ਮਰਿਆਦਾ ਵਿਚ ਕੁੜੀ-ਮਾਰ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦਾ ਆਦੇਸ਼ ਵੀ ਇਸੇ ਵਿਚਾਰਧਾਰਾ ਦਾ ਹੀ ਹਿੱਸਾ ਹੈ। ਅੱਜ ਗਰਭ ਵਿਚ ਪਲ ਰਹੇ ਬੱਚੇ ਦੀ ਤੰਦਰੁਸਤੀ ਜਾਚਣ ਲਈ ਸਿਹਤ ਵਿਗਿਆਨੀਆਂ ਵੱਲੋਂ ਕੀਤੀ ਖੋਜ ਦੀ ਦੁਰਵਰਤੋਂ ਕਰ ਕੇ ਗਰਭ ਟੈਸਟ ਰਾਹੀਂ ਲੜਕੀ ਦਾ ਪਤਾ ਲੱਗਣ 'ਤੇ ਬਹੁਤ ਸਾਰੇ ਨਾ-ਸਮਝ ਲੋਕਾਂ ਵੱਲੋਂ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਇਸ ਰੁਝਾਨ ਦੇ ਦਿਨੋ-ਦਿਨ ਵਧਣ ਕਰ ਕੇ ਜਿੱਥੇ ਮਨੁੱਖੀ ਰੂਹ ਦੇ ਇਸਤਰੀ-ਜਾਮੇ ਦਾ ਅਪਮਾਨ ਕੀਤਾ ਜਾ ਰਿਹਾ ਹੈ ਉੱਥੇ ਨਾਲ ਹੀ ਪੁਰਖਾਂ ਦੇ ਮੁਕਾਬਲੇ ਇਸਤਰੀਆਂ ਦੀ ਨਿਤਾ ਪ੍ਰਤੀ ਘੱਟ ਰਹੀ ਗਿਣਤੀ ਕਾਰਨ ਅਣਸੁਖਾਵੀਂ ਸਮਾਜਿਕ ਸਥਿਤੀ ਬਣਦੀ ਜਾ ਰਹੀ ਹੈ। ਸਿੱਖ ਸੰਗਤਾਂ ਅਤੇ ਵਿਚਾਰਵਾਨਾਂ ਵੱਲੋਂ ਇਸ ਸਬੰਧੀ ਚਿੰਤਾ ਪ੍ਰਗਟ ਕਰਨ ਵਾਲੇ ਪੱਤਰ ਸਿੰਘ ਸਾਹਿਬਾਨ ਪਾਸ ਨਿਰੰਤਰ ਪਹੁੰਚ ਰਹੇ ਹਨ। ਇਸ ਅਣਮਨੁੱਖੀ, ਅਨੈਤਿਕ ਅਤੇ ਅਧਾਰਮਿਕ ਬਿਰਤੀ ਨੂੰ ਠੱਲ੍ਹ ਪਾਉਣ ਲਈ ਪੰਜ ਸਿੰਘ ਸਾਹਿਬਾਨ ਵੱਲੋਂ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿਚ ਅਕਾਲ ਤਖ਼ਤ ਸਾਹਿਬ ਤੋਂ ਸਮੁੱਚੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਇਹ ਆਦੇਸ਼[6] ਦਿੱਤਾ ਜਾਂਦਾ ਹੈ ਕਿ ਕੋਈ ਵੀ ਗੁਰਸਿੱਖ ਮਾਈ ਭਾਈ ਮਾਤਾ ਦੇ ਗਰਭ ਵਿਚ ਲੜਕੀ ਦਾ ਪਤਾ ਲੱਗਣ 'ਤੇ ਭਰੂਣ ਹੱਤਿਆ ਦਾ ਮਨਮੁਖੀ ਕਾਰਾ ਨਾ ਕਰੇ। ਸਿੱਖ ਰਹਿਤ ਮਰਿਆਦਾ ਅਨੁਸਾਰ ਐਸਾ ਕਰਨ ਵਾਲਾ ਵਿਅਕਤੀ ਤਨਖ਼ਾਹੀਆ ਹੈ। ਬਾਕੀ ਮਨੁੱਖੀ ਭਾਈਚਾਰੇ ਨੂੰ ਵੀ ਸਾਡਾ ਇਹੋ ਹੀ ਸੰਦੇਸ਼ ਹੈ ਕਿ ਅਸੀਂ ਸਾਰੇ ਆਪਣੇ ਪ੍ਰਭੂ ਪਿਤਾ ਦੇ ਸਾਜੇ ਹੋਏ ਮਨੁੱਖੀ ਸਰੀਰਕ ਜਾਮਿਆਂ ਦਾ ਇਸਤਰੀ ਪੁਰਸ਼ ਦੇ ਵਖਰੇਵੇਂ ਤੋਂ ਉਪਰ ਉਠ ਕੇ ਇੱਕੋ ਜਿਹਾ ਮਾਨ-ਸਤਿਕਾਰ ਕਰੀਏ।

ਜੋਗਿੰਦਰ ਸਿੰਘ

ਤੇਜਾ ਸਿੰਘ ਭਸੌੜ ਦੇ ਵਾਰਿਸਾਂ ਦੀ ਅਖੌਤੀ ਮੁਆਫ਼ੀ

ਅਪਰੈਲ 2001 ਦੇ ਅਖ਼ੀਰ ਵਿਚ ਪੰਚ ਖਾਲਸਾ ਦੀਵਾਨ ਭਸੌੜ ਦੇ ਆਗੂ ਬਾਬੂ

---

4. ਵੇਦਾਂਤੀ ਜੀ ਨੂੰ 'ਖਾਲਸਾ ਪ੍ਰਗਟ ਕਰਨ' ਦੀ ਥਾਂ 'ਸਾਜਨਾ' ਹੀ ਆਉਂਦਾ ਸੀ।
5. ਖੰਡੇ ਦੀ ਪਾਹੁਲ ਤਿਆਰ ਕਰਨ ਵੇਲੇ ਪਤਾਸੇ ਮਾਤਾ ਜੀਤ ਕੌਰ ਜੀ ਨੇ ਪਾਏ ਸਨ, ਸਾਹਿਬ ਕੌਰ ਜੀ ਨੇ ਨਹੀਂ। ਮਾਤਾ ਸਾਹਿਬ ਕੌਰ ਦਾ ਵਿਆਹ ਖਾਲਸਾ ਪਰਗਟ ਕਰਨ ਤੋਂ ਬਾਅਦ ਹੋਇਆ ਸੀ।
6. ਉਪਰ ਸਿਰਲੇਖ 'ਸੰਦੇਸ਼' ਹੈ, ਪਰ ਇੱਥੇ ਇਹ 'ਆਦੇਸ਼' ਬਣ ਗਿਆ ਹੈ।

ਤੇਜਾ ਸਿੰਘ ਭਸੌੜ ਤੇ ਉਹਨਾਂ ਦੀ ਸਿੰਘਣੀ ਬੀਬੀ ਨਰਿੰਜਣ ਕੌਰ (ਜਿਨ੍ਹਾਂ ਨੂੰ 9 ਅਗਸਤ 1928 ਦੇ ਦਿਨ ਪੰਥ 'ਚੋਂ ਖ਼ਾਰਿਜ ਕਰ ਦਿੱਤਾ ਗਿਆ ਸੀ) ਦੇ ਵਾਰਿਸ ਮਨਮੋਹਣ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਪੁੱਜ ਕੇ ਬਾਬੂ ਤੇਜਾ ਸਿੰਘ ਭਸੌੜ ਦੀਆਂ ਭੁੱਲਾਂ ਦੀ ਮੁਆਫ਼ੀ ਮੰਗੀ। ਬਾਬੂ ਤੇਜਾ ਸਿੰਘ ਨੇ ਆਪਣੇ ਆਖ਼ਰੀ ਸਾਹਾਂ ਤਕ ਮੁਆਫ਼ੀ ਨਹੀਂ ਸੀ ਮੰਗੀ ਤੇ ਉਨ੍ਹਾਂ ਦੇ ਪੋਤੇ ਦੀ ਮੁਆਫ਼ੀ ਕੋਈ ਮਾਅਨਾ ਨਹੀਂ ਸੀ ਰਖਦੀ। ਹਾਂ, ਜਿੱਥੋਂ ਤਕ ਇਸ ਪੋਤੇ ਮਨਮੋਹਣ ਸਿੰਘ ਦਾ ਸਵਾਲ ਹੈ, ਉਹ 'ਤਨਖ਼ਾਹੀਆ' ਨਹੀਂ ਸੀ ਅਤੇ ਪੰਥ ਦਾ ਇਕ ਬਰਾਬਰ ਦਾ ਹਿੱਸਾ ਹੈ। ਸੋ (ਗਿਆਨੀ) ਜੋਗਿੰਦਰ ਸਿੰਘ ਦਾ ਇਹ ਐਕਸ਼ਨ ਬੇਮਾਅਨਾ ਹੀ ਨਹੀਂ, ਬਲਕਿ ਅਸੂਲੀ ਤੌਰ 'ਤੇ ਗ਼ਲਤ ਸੀ। ਮਨਮੋਹਣ ਸਿੰਘ ਨੂੰ ਦਿੱਤਾ ਗਿਆ ਹੁਕਮ ਇੰਞ ਸੀ (ਇਸ 'ਤੇ ਭਗਵਾਨ ਸਿੰਘ, ਗੁਰਬਚਨ ਸਿੰਘ, ਮਨਜੀਤ ਸਿੰਘ ਤੇ ਕੇਵਲ ਸਿੰਘ ਦੇ ਵੀ ਦਸਤਖ਼ਤ ਸਨ):

ਨੰ: ਅ.ਤ./2001/1042 ਮਿਤੀ : 3-5-2001

ਆਦੇਸ਼

ਸ: ਮਨਮੋਹਨ ਸਿੰਘ ਤੇ ਸਮੂੰਹ ਪਰਿਵਾਰ,

ਅੱਜ ਮਿਤੀ 3-5-2001 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਤੁਹਾਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਬਾਬੂ ਤੇਜਾ ਸਿੰਘ ਭਸੌੜ ਅਤੇ ਬੀਬੀ ਨਿਰੰਜਣ ਕੌਰ ਦੀਆਂ ਭੁੱਲਾਂ ਦੀ ਖਿਮਾ-ਜਾਚਨਾ ਦੇ ਸਬੰਧ ਵਿਚ ਆਪ ਸਮੂੰਹ ਪਰਿਵਾਰ ਨੇ ਰਲ ਕੇ ਅਦਬ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪਾਠ ਕਰਨਾ ਹੈ। ਉਪਰੰਤ ਸਮੂੰਹ ਪਰਿਵਾਰ ਨੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ 101 ਦਮੜੇ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਖਿਮਾ-ਜਾਚਨਾ ਦੀ ਅਰਦਾਸ ਕਰਵਾਉਣੀ ਹੈ।

(ਨੋਟ : ਇਸ ਤੋਂ ਪਹਿਲਾਂ 1995 ਵਿਚ ਮਨਜੀਤ ਸਿੰਘ ਨੇ ਪ੍ਰੋ: ਗੁਰਮੁਖ ਸਿੰਘ ਦੇ ਖ਼ਿਲਾਫ਼, 18 ਮਾਰਚ 1887 ਦੇ ਦਿਨ ਜਾਰੀ ਹੋਏ ਅਖੌਤੀ-ਹੁਕਮਨਾਮੇ ਨੂੰ 'ਵਾਪਿਸ' ਲਿਆ ਸੀ। ਨਾ ਤਾਂ ਉਹ 'ਹੁਕਮਨਾਮਾ' ਸੀ ਤੇ ਨਾ ਹੀ ਉਹ ਪੰਥ ਵੱਲੋਂ ਮਨਜ਼ੂਰ ਸੀ, ਸੋ ਉਸ ਨੂੰ 'ਵਾਪਿਸ' ਲੈਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। 'ਵਾਪਿਸ ਲੈਣ' ਦਾ ਮਤਲਬ ਇਹ ਸੀ ਕਿ ਉਹ ਅਖੌਤੀ-ਹੁਕਮਨਾਮਾ 'ਪਹਿਲਾਂ ਸਹੀ ਸੀ'। ਇੰਞ ਹੀ ਤੇਜਾ ਸਿੰਘ ਭਸੌੜ ਬਾਰੇ ਇਹ ਐਕਸ਼ਨ ਵੀ ਗ਼ਲਤ ਸੀ। ਜਿਸ ਬੰਦੇ ਨੇ ਸਾਰੀ ਉਮਰ ਆਪਣੀ ਗ਼ਲਤੀ ਨਹੀਂ ਮੰਨੀ ਸੀ ਅਤੇ ਮੁਆਫ਼ੀ ਨਹੀਂ ਮੰਗੀ ਸੀ, ਉਸ ਦੇ ਪੋਤੇ ਉਸ ਦੀ ਥਾਂ ਮੁਆਫ਼ੀ ਨਹੀਂ ਮੰਗ ਸਕਦਾ। ਜਿੱਥੋਂ ਤਕ ਸ: ਮਨਮੋਹਨ ਸਿੰਘ ਦਾ ਸਵਾਲ ਹੈ, ਉਹ ਕਿਸੇ ਤਰ੍ਹਾਂ ਦਾ ਵੀ ਦੋਸ਼ੀ ਨਹੀਂ ਸੀ। ਉਸ ਨੂੰ ਤਾਂ 'ਤਨਖ਼ਾਹ' ਲਾਉਣਾ ਵੀ ਗ਼ਲਤ ਸੀ।)

ਲੋਕਲ ਪੰਚਾਇਤੀ ਕੇਸ ਦਾ ਫ਼ੈਸਲਾ

ਨੰ: ਅ.ਤ./01/1064 ਮਿਤੀ : 15-5-2001

ਆਦੇਸ਼

ਡਾ: ਰਣਬੀਰ ਸਿੰਘ ਅਤੇ ਸ: ਨਿਰੰਜਨ ਸਿੰਘ ਢਿੱਲੋਂ ਦੇ ਦਰਮਿਆਨ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਖ਼ਾਨਕੋਟ (ਅੰਮ੍ਰਿਤਸਰ) ਦੇ ਵਾਦ-ਵਿਵਾਦ ਦਾ ਮਾਮਲਾ ਪੰਜ ਸਿੰਘ ਸਾਹਿਬਾਨ ਦੇ ਨੋਟਿਸ ਵਿਚ ਲਿਆਂਦਾ ਗਿਆ, ਦੀਰਘ ਵਿਚਾਰ ਕਰਨ ਉਪਰੰਤ ਦੋਹਾਂ ਧਿਰਾਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਤੁਸੀਂ ਆਪਸੀ ਲੜਾਈ ਝਗੜੇ ਵਿਚ ਹੱਥੋ-ਪਾਈ ਕਰਦਿਆਂ ਇਕ ਦੂਜੇ

ਦੇ ਗੁਰਸਿੱਖੀ ਸਰੂਪ ਦੀ ਬੇਅਦਬੀ ਕੀਤੀ ਹੈ। ਇਸ ਸਬੰਧੀ ਪ੍ਰਾਸਚਿਤ ਵਜੋਂ ਡਾ: ਰਨਬੀਰ ਸਿੰਘ ਅਤੇ ਸ: ਨਿਰੰਜਨ ਸਿੰਘ ਢਿੱਲੋਂ ਸਮੇਤ ਪਰਿਵਾਰ ਆਪਣੇ ਨਿੱਤਨੇਮ ਤੋਂ ਇਲਾਵਾ ਪੰਜ-ਪੰਜ ਜਪੁਜੀ ਸਾਹਿਬ ਦੇ ਪਾਠ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ 101/-, 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਖਿਮਾ-ਜਾਚਨਾ ਦੀ ਅਰਦਾਸ ਕਰਾਉਣ।

ਦੋਹਾਂ ਧਿਰਾਂ ਵਲੋਂ ਇਕ ਦੂਜੇ ਵਿਰੁੱਧ ਚੱਲ ਰਹੇ ਫ਼ੌਜਦਾਰੀ ਮੁਕੱਦਮੇ ਵਾਪਸ ਲੈ ਲਏ ਜਾਣ।

ਚਤਰ ਸਿੰਘ ਜੀਵਨ ਸਿੰਘ ਨੂੰ 'ਤਨਖ਼ਾਹ'

ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਤੇ ਜਿਲਦਬੰਦੀ ਦੌਰਾਨ ਚਤਰ ਸਿੰਘ ਜੀਵਨ ਸਿੰਘ ਵੱਲੋਂ ਕੀਤੀ (ਹੋਈ) ਬੇਅਦਬੀ ਕਾਰਨ 9 ਮਈ 1998 ਦੇ ਦਿਨ (ਭਾਈ) ਰਣਜੀਤ ਸਿੰਘ ਨੇ ਇਨ੍ਹਾਂ ਨੂੰ ਤਲਬ ਕੀਤਾ ਸੀ ਤੇ ਤਨਖ਼ਾਹੀਆ ਕਰਾਰ ਦੇ ਦਿੱਤਾ ਸੀ, ਪਰ ਉਹ ਸਜ਼ਾ ਲੁਆਉਣ ਨਹੀਂ ਪੁੱਜੇ। ਫਿਰ ਉਨ੍ਹਾਂ ਨੂੰ 28 ਨਵੰਬਰ 1998 ਦੇ ਦਿਨ ਇਕ ਵਾਰਨਿੰਗ ਵੀ ਜਾਰੀ ਕੀਤੀ ਸੀ ਤੇ 17 ਦਿਸੰਬਰ 1998 ਦੇ ਦਿਨ ਪੇਸ਼ ਹੋਣ ਵਾਸਤੇ 'ਤਲਬ' ਕੀਤਾ ਸੀ। ਉਨ੍ਹਾਂ ਨੂੰ ਤਿੰਨ ਵਾਰ ਪੇਸ਼ ਹੋਣ ਵਾਸਤੇ ਕਿਹਾ ਗਿਆ, ਪਰ ਉਨ੍ਹਾਂ ਫਿਰ ਵੀ ਪਰਵਾਹ ਨਾ ਕੀਤੀ, ਤਾਂ 25 ਜਨਵਰੀ 1999 ਨੂੰ ਰਣਜੀਤ ਸਿੰਘ ਨੇ ਆਖ਼ਰੀ 'ਹੁਕਮ' ਜਾਰੀ ਕਰ ਕੇ 11 ਫ਼ਰਵਰੀ 1999 ਨੂੰ ਪੇਸ਼ ਹੋਣ ਵਾਸਤੇ ਸੱਦ ਲਿਆ ਸੀ। ਪਰ 10 ਫ਼ਰਵਰੀ ਨੂੰ ਰਣਜੀਤ ਸਿੰਘ ਖ਼ੁਦ 'ਫ਼ਾਰਿਗ' ਹੋ ਗਿਆ ਤੇ ਇਹ ਕੇਸ ਵਿੱਚੇ ਰਹਿ ਗਿਆ। ਪੂਰਨ ਸਿੰਘ ਵੇਲੇ ਵੀ ਇਹ ਕੇਸ ਦਬਿਆ ਰਿਹਾ, ਪਰ ਜਦੋਂ ਇਸ ਦਾ ਦੋਬਾਰਾ ਚਰਚਾ ਚਲਿਆ ਤਾਂ ਫ਼ਰਮ ਦੇ ਮਾਲਕਾਂ ਨੇ (ਗਿਆਨੀ) ਜੋਗਿੰਦਰ ਸਿੰਘ ਦੇ ਸਾਲੇ ਤੇ ਪੀ.ਏ. ਪ੍ਰਿਤਪਾਲ ਸਿੰਘ ਰਾਹੀਂ ਪਹੁੰਚ ਕੀਤੀ। ਨਿਹੰਗ ਸੰਤਾ ਸਿੰਘ ਵਾਂਗ ਇਸ ਫ਼ਰਮ ਦੇ ਮਾਲਕ ਵੀ (ਗਿਆਨੀ) ਜੋਗਿੰਦਰ ਸਿੰਘ ਕੋਲ ਅਚਾਨਕ ਆ ਪੇਸ਼ ਹੋਏ, ਜਿਸ ਨੇ ਉਨ੍ਹਾਂ ਹੇਠ ਲਿਖੀ 'ਤਨਖ਼ਾਹ' ਲਾਈ:

ਨੰ: ਅ.ਤ./2001/1066 ਮਿਤੀ: 15-5-2001

ਭਾਈ ਹਰਭਜਨ ਸਿੰਘ, ਭਾਈ ਹਰਿੰਦਰਪਾਲ ਸਿੰਘ,
ਭਾਈ ਮਹਿੰਦਰਪਾਲ ਸਿੰਘ,
ਮੈਸਰਜ਼ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਤੁਹਾਡੇ ਵੱਲੋਂ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਛਪਾਈ ਅਤੇ ਉਨ੍ਹਾਂ ਨੂੰ ਸੰਬੰਧਤ ਧਿਰਾਂ ਤਕ ਪਹੁੰਚਾਉਣ ਵਿਚ ਦਿਖਾਏ ਗਏ ਅਵੇਸਲੇ-ਪਣ ਕਰ ਕੇ ਤੁਹਾਨੂੰ ਪਹਿਲਾਂ ਵੀ ਅਕਾਲ ਤਖ਼ਤ ਸਾਹਿਬ ਤੋਂ ਚਿਤਾਵਨੀ ਦਿੱਤੀ ਗਈ ਸੀ ਅਤੇ ਇਸੇ ਕੁਤਾਹੀ ਕਰ ਕੇ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ, ਪਰ ਇਸ ਦੇ ਬਾਵਜੂਦ ਤੁਸੀਂ ਆਪਣੀ ਇਸ ਭੁੱਲ ਨੂੰ ਨਹੀਂ ਸੁਧਾਰਿਆ। ਸੋ ਇਸ ਸਬੰਧੀ ਦੋਬਾਰਾ ਸਿੱਖ ਸੰਗਤਾਂ ਵਲੋਂ ਪਹੁੰਚੀ ਸ਼ਿਕਾਇਤ ਦੇ ਆਧਾਰ 'ਤੇ ਸਿੰਘ ਸਾਹਿਬਾਨ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਤੁਸੀਂ ਪੰਥਕ ਮਰਿਆਦਾਵਾਂ ਅਤੇ ਗੁਰਸਿਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਨਿਰੰਤਰ ਨਜ਼ਰ-ਅੰਦਾਜ਼ ਕਰਦੇ ਆ ਰਹੇ ਹੋ, ਜੋ ਕਿ ਕਿਸੇ ਵੀ ਗੁਰਸਿੱਖ ਲਈ ਬਹੁਤ ਵੱਡੀ ਭੁੱਲ[7] ਹੈ। ਇਸ ਆਧਾਰ 'ਤੇ ਤੁਹਾਨੂੰ ਭਵਿੱਖ ਵਿਚ ਐਸਾ ਕਰਨ ਤੋਂ ਰੋਕਣ ਦੀ ਚਿਤਾਵਨੀ ਦਿੰਦਿਆਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ:

1. 10 ਦਿਨ ਰੋਜ਼ਾਨਾ ਇਕ ਘੰਟਾ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੁਣਨਾ।

---

7. (ਗਿਆਨੀ) ਜੋਗਿੰਦਰ ਸਿੰਘ ਇਸ ਨੂੰ 'ਭੁਲ' ਲਿਖਦੇ ਹਨ।

2. 10 ਦਿਨ ਰੋਜ਼ਾਨਾ ਇਕ ਘੰਟਾ ਜੋੜੇ ਘਰ ਵਿਚ ਜੋੜੇ ਝਾੜਨੇ।
3. 10 ਦਿਨ ਰੋਜ਼ਾਨਾ ਇਕ ਘੰਟਾ ਲੰਗਰ ਘਰ ਵਿਚ ਭਾਂਡਿਆਂ ਨੂੰ ਮਾਂਜਣ ਦੀ ਸੇਵਾ ਕਰਨੀ।

ਉਪਰੰਤ 1100/- ਰੁਪਏ ਹਰਿਮੰਦਰ ਸਾਹਿਬ ਦੀ ਗੋਲਕ ਵਿਚ ਪਾਉਣੇ ਅਤੇ 2100/- ਰੁਪਏ ਅਕਾਲ ਤਖ਼ਤ ਸਾਹਿਬ ਦੀ ਗੋਲਕ ਵਿਚ ਪਾ ਕੇ 100/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾ ਕੇ ਭੁੱਲਾਂ ਚੁੱਕਾਂ ਦੀ ਖਿਮਾ-ਜਾਚਨਾ ਲਈ ਅਰਦਾਸ ਕਰਾਉਣੀ।

ਇਹ ਵੀ (ਗਿਆਨੀ) ਜੋਗਿੰਦਰ ਸਿੰਘ ਦਾ ਕਮਾਲ ਸੀ ਕਿ ਸਵਾ ਦੋ ਸਾਲ ਤਕ ਤਖ਼ਤ ਸਾਹਿਬ ਦੇ 'ਹੁਕਮ' ਦੀ ਪਰਵਾਹ ਨਾ ਕਰਨ ਮਗਰੋਂ ਵੀ ਏਨੀ ਕੁ ਤਨਖ਼ਾਹ ਲਾਈ ਗਈ ਸੀ। ਦਿਲਚਸਪ ਗੱਲ ਇਹ ਹੈ ਕਿ ਚਤਰ ਸਿੰਘ ਜੀਵਨ ਸਿੰਘ ਵੀ ਇਸ ਮਗਰੋਂ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 'ਛਾਪਦੇ' ਅਤੇ 'ਵੇਚਦੇ' ਰਹੇ ਸਨ, ਜਦ ਕਿ 9 ਮਈ 1998 ਦੇ 'ਹੁਕਮ' ਮੁਤਾਬਿਕ ਇਹ ਬੈਨ ਕੀਤਾ ਹੋਇਆ ਸੀ।

ਇੱਥੇ ਸਵਾਲ ਇਹ ਨਹੀਂ ਕਿ ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ 'ਤੇ 'ਸੇਲ' ਬੈਨ ਕਰਨਾ ਸਹੀ ਸੀ ਜਾਂ ਗ਼ਲਤ। ਸਵਾਲ ਇਹ ਹੈ ਕਿ ਕੀ ਹਰ 'ਹੁਕਮ' ਮੰਨੇ ਜਾਣ ਵਾਸਤੇ ਹੁੰਦਾ ਹੈ ਕਿ ਜਾਂ ਸਿਰਫ਼ ਰਸਮੀ ਤੌਰ 'ਤੇ ਐਲਾਨਣ ਜਾਂ ਕਾਰਵਾਈ ਪਾਉਣ ਵਾਸਤੇ। ਉਂਞ ਬੇਹਤਰ ਇਹ ਸੀ ਕਿ ਜਾਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਹਰ ਸਾਇਜ਼ ਵਿਚ ਅਕਾਲ ਤਖ਼ਤ ਸਾਹਿਬ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਮੁਫ਼ਤ ਮੁਹੱਈਆ ਕਰਵਾਉਣ ਦਾ ਇੰਤਜ਼ਾਮ ਕੀਤਾ ਜਾਂਦਾ ਜਾਂ ਪ੍ਰਾਈਵੇਟ ਪਬਲਿਸ਼ਰਾਂ ਵੱਲੋਂ ਇਸ ਦੀ ਛਪਾਈ ਅਤੇ ਜਿਲਦਬੰਦੀ ਦੀ ਪੂਰੀ ਨਿਗਰਾਨੀ ਕੀਤੀ ਜਾਂਦੀ।

ਭਨਿਆਰੇ ਬਾਰੇ ਨਵਾਂ 'ਹੁਕਮਨਾਮਾ'

ਜੰਗਲਾਤ ਮਹਿਕਮੇ ਦੇ ਇਕ ਸਾਬਕਾ ਕਲਾਸ ਫ਼ੋਰ ਮੁਲਾਜ਼ਮ ਪਿਆਰਾ ਭਨਿਆਰਾ ਨੇ ਬੂਝੜ ਤੇ ਅਕਲ-ਹੀਣ ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਸਾਧ-ਡੰਮ ਦਾ ਢੌਂਗ ਰਚਿਆ ਹੋਇਆ ਸੀ। ਖਰ-ਦਿਮਾਗ਼ ਲੋਕ ਉਸ ਕੋਲ ਜਾ ਕੇ ਮੱਥਾ ਟੇਕਿਆ ਕਰਦੇ ਸਨ। ਇਸ ਦੀਆਂ ਹਰਕਤਾਂ ਕਾਰਨ ਇਸ ਨੂੰ (ਭਾਈ) ਰਣਜੀਤ ਸਿੰਘ ਨੇ 17 ਅਗਸਤ 1998 ਦੇ ਦਿਨ ਪੰਥ 'ਚੋਂ 'ਖ਼ਾਰਿਜ' ਕਰ ਦਿੱਤਾ ਸੀ। ਜੂਨ 2001 ਵਿਚ ਇਸ ਨੇ ਆਪਣੇ ਚੇਲਿਆਂ ਰਾਹੀਂ ਇਕ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਾੜਿਆ ਅਤੇ ਦੂਜੇ ਪਾਸੇ ਇਸ ਦੇ ਚੇਲਿਆਂ ਨੇ ਇਸ ਦੀ 'ਭਵਸਾਗਰ ਗ੍ਰੰਥ' ਨਾਂ ਦੇ ਘਟੀਆ ਜਿਹੇ ਸੁਵੀਨਰ ਨੂੰ ਕਿਤਾਬ ਵਜੋਂ ਇਸ ਦੇ ਡੇਰੇ 'ਤੇ 'ਪੂਜਣਾ' ਸ਼ੁਰੂ ਕਰ ਦਿੱਤਾ। ਛੇਤੀ ਹੀ ਪਿਆਰੇ ਭਨਿਆਰੇ ਦੇ ਰਾਜ਼ ਖੁੱਲ੍ਹਣੇ ਸ਼ੁਰੂ ਹੋ ਗਏ, ਜਿਸ ਵਿਚ ਪਤਾ ਲਗਦਾ ਕਿ ਬਹੁਤ ਸਾਰੇ ਸੀਨੀਅਰ ਤੇ ਜੂਨੀਅਰ ਅਕਾਲੀ ਆਗੂ ਇਸ ਸਾਬਕ ਚਪੜਾਸੀ ਦੀ ਦਹਿਲੀਜ਼ 'ਤੇ ਮਥਾ ਟੇਕਦੇ ਰਹੇ ਸਨ। ਇਨ੍ਹਾਂ ਵਿੱਚੋਂ 95 ਫ਼ੀ ਸਦੀ ਬਾਦਲ ਅਕਾਲੀ ਦਲ ਨਾਲ ਸਬੰਧਿਤ ਸਨ। ਇਸ 'ਤੇ ਬਾਦਲ ਵਿਰੋਧੀਆਂ ਨੇ 'ਭਨਿਆਰੇ ਦੇ ਅਕਾਲੀ ਚੇਲਿਆਂ' ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ। (ਗਿਆਨੀ) ਜੋਗਿੰਦਰ ਸਿੰਘ ਇਸ ਵੇਲੇ ਤਕ 'ਰਹਿਮ-ਦਿਲ', 'ਫ਼ਰਾਖ਼ ਦਿਲ' ਤੇ 'ਮਾਫ਼ੀਆਂ ਦੇਣ ਵਾਲੇ' ਸੇਵਾਦਾਰ ਵਜੋਂ ਮਸ਼ਹੂਰ ਹੋ ਚੁੱਕੇ ਸਨ। ਇਹ ਸੋਚ ਕੇ ਕਈਆਂ ਨੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ)

ਕੋਲ ਹਾਜ਼ਿਰ ਹੋ ਕੇ 'ਮੁਆਫ਼ੀਆਂ' ਹਾਸਿਲ ਕੀਤੀਆਂ। ਪਹਿਲਾਂ 9 ਜੁਲਾਈ 2001 ਦੇ ਦਿਨ (ਗਿਆਨੀ) ਜੋਗਿੰਦਰ ਸਿੰਘ ਨੇ ਭਨਿਆਰਾ ਨਾਲ ਸਬੰਧ ਰੱਖਣ ਵਾਲਿਆਂ ਨੂੰ ਤਾੜਨਾ ਕੀਤੀ ਕਿ, ਜਿਸ ਵਿਚ ਕਿਹਾ ਗਿਆ ਸੀ ਕਿ ਭਨਿਆਰੇ ਨਾਲ ਮਿਲਵਰਤਣ ਕਰਨ ਵਾਲਿਆਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਤਾੜਨਾ ਵਾਲਾ 'ਹੁਕਮ' ਇੰਞ ਸੀ :

ਮਿਤੀ : 9-7-2001

ਪਿਆਰਾ ਸਿੰਘ ਭਨਿਆਰਾ ਵਲੋਂ ਥਾਂ-ਥਾਂ 'ਤੇ ਜਾ ਕੇ ਗੁਰਮਤਿ ਸਮਾਗਮ ਕਰਨ ਦੀ ਆੜ ਹੇਠ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਅਤੇ ਉਸ ਵੱਲੋਂ ਲਿਖੇ ਗਏ ਭਵ-ਸਾਗਰ ਸਮੁੰਦਰ ਗ੍ਰੰਥ ਦੇ ਨਾਂ 'ਤੇ ਲਿਖੀ ਗਈ ਰਚਨਾ ਵਿਚ ਗੁਰੂ ਨਾਨਕ ਨਾਮ ਲੇਵਾ, ਅੰਮ੍ਰਿਤਧਾਰੀ ਸਿੰਘਾਂ, ਗ੍ਰੰਥੀ ਸਿੰਘਾਂ, ਸਿੱਖ ਪ੍ਰਚਾਰਕਾਂ, ਗੁਰਦੁਆਰਾ ਸਾਹਿਬਾਨ ਅਤੇ ਪਾਵਨ ਗੁਰੂ ਗ੍ਰੰਥ ਸਾਹਿਬ ਜੀ ਦੇ ਖ਼ਿਲਾਫ਼ ਇਤਰਾਜ਼-ਯੋਗ ਕੋਝੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ।

ਦੇਸ਼-ਵਿਦੇਸ਼ ਦੇ ਸਮੂਹ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਨਿੱਜੀ ਜਾਂ ਪ੍ਰੀਵਾਰਕ ਤੌਰ 'ਤੇ ਪਿਆਰਾ ਸਿੰਘ ਭਨਿਆਰਾ ਵਾਲੇ ਦੇ ਡੇਰੇ ਜਾਂ ਉਸ ਵੱਲੋਂ ਕੀਤੇ ਜਾ ਰਹੇ ਸਮਾਗਮਾਂ ਵਿਚ ਕਿਸੇ ਕਿਸਮ ਦੀ ਨਾ ਹੀ ਸ਼ਮੂਲੀਅਤ ਕਰਨ ਅਤੇ ਨਾ ਹੀ ਉਸ ਦੇ ਪੈਰੋਕਾਰਾਂ ਜਾਂ ਉਸ ਨੂੰ ਸਹਿਯੋਗ ਦੇਣ। ਉਲੰਘਣਾ ਕਰਨ ਵਾਲਿਆਂ ਵਿਰੁੱਧ ਗੁਰਮਤਿ ਸਿਧਾਂਤਾਂ ਅਤੇ ਪ੍ਰੰਪਰਾਵਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

(ਨੋਟ: ਇਸ 'ਤੇ ਕੋਈ ਰੈਫ਼ਰੈਂਸ ਨੰਬਰ ਨਹੀਂ ਸੀ, ਪਰ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਜ਼ਰੂਰ ਸਨ।)

ਭਨਿਆਰੇ ਨਾਲ ਸਬੰਧ ਰੱਖਣ ਸਬੰਧੀ 'ਤਨਖ਼ਾਹਾਂ' ਵਾਲੇ ਕੁਝ ਕੇਸ ਇਹ ਸਨ :

ਇਕਬਾਲ ਸਿੰਘ ਸੁਰਿੰਦਰ ਸਿੰਘ ਨੂੰ ਤਨਖ਼ਾਹ

ਨੰ: ਅ.ਤ./2001/1312 ਮਿਤੀ : 7-10-2001

ਇਕਬਾਲ ਸਿੰਘ, ਸੁਰਿੰਦਰ ਸਿੰਘ,

ਤੁਸੀਂ ਪਿਛਲੇ ਅਰਸੇ ਵਿਚ ਭਨਿਆਰਾ ਵਾਲੇ ਡੇਰੇ ਨੂੰ ਚਿੱਠੀਆਂ ਭੇਜ ਕੇ ਪਿਆਰਾ ਸਿੰਘ ਨੂੰ ਮਾਨਤਾ ਦੇਣ ਦਾ ਦੋਸ਼ ਪ੍ਰਵਾਨ ਕੀਤਾ ਹੈ। ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਅਕਾਲ ਤਖ਼ਤ ਸਾਹਿਬ ਵਿਖੇ ਆਪਣੀ ਭੁੱਲ ਬਖ਼ਸ਼ਾਣ ਲਈ ਬੇਨਤੀ ਕੀਤੀ ਹੈ। ਇਸ ਸਬੰਧੀ ਅੱਜ ਮਿਤੀ 7-10-2001 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਚਾਰ ਦਿਨ ਹਰਿਮੰਦਰ ਸਾਹਿਬ ਵਿਖੇ ਇਕ ਘੰਟਾ ਕੀਰਤਨ ਸੁਣਨਾ।
2. ਇਕ ਘੰਟਾ ਜੋੜੇ ਝਾੜਨ ਦੀ ਸੇਵਾ ਕਰਨੀ।
3. ਇਕ ਘੰਟਾ ਸੰਗਤਾਂ ਦੇ ਲੰਗਰ ਦੇ ਭਾਂਡੇ ਮਾਂਜਣ ਦੀ ਸੇਵਾ ਕਰਨੀ।
4. ਇਹ ਉਪਰੋਕਤ ਸੇਵਾ ਇਸੇ ਤਰ੍ਹਾਂ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਨਿਭਾਉਣੀ ਅਤੇ ਫਿਰ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ, ਸਰਹਿੰਦ ਵਿਖੇ ਨਿਭਾਉਣੀ।

ਇਸ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਪੰਜ ਸੌ ਇਕ ਰੁਪਏ ਦੀ ਦੇਗ ਲੈ ਕੇ ਭੁੱਲਾਂ ਬਖ਼ਸ਼ਾਣ ਲਈ ਅਰਦਾਸ ਕਰਵਾਣੀ।

(ਨੋਟ: ਇਸ 'ਤੇ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਸਨ।)

ਗੁਰਦੇਵ ਸਿੰਘ ਬਾਦਲ (ਸੀਨੀਅਰ ਮੀਤ ਪ੍ਰਧਾਨ ਬਾਦਲ ਅਕਾਲੀ ਦਲ), ਕੇਵਲ ਸਿੰਘ (ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ), ਅਮਰੀਕ ਸਿੰਘ ਆਲੀਵਾਲ (ਐਮ.ਪੀ. ਬਾਦਲ) ਵਗ਼ੈਰਾ ਨੂੰ ਤਨਖ਼ਾਹ

ਨੰ: ਅ.ਤ./2001/1273 ਮਿਤੀ : 12-10-2001

ਹੁਕਮਨਾਮਾ

ਅੱਜ ਮਿਤੀ 12-10-2001 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਕਰਨ ਵਾਲੇ ਪਿਆਰਾ ਸਿੰਘ ਭਨਿਆਰਾ ਵਾਲੇ ਕੋਲ ਜਾਣ ਕਰ ਕੇ ਗੁਰਦੇਵ ਸਿੰਘ ਬਾਦਲ, ਕੇਵਲ ਸਿੰਘ ਬਾਦਲ, ਅਮਰੀਕ ਸਿੰਘ ਆਲੀਵਾਲ, ਭਾਗ ਸਿੰਘ ਸੁਰਤਾਪੁਰ ਅਤੇ ਸੁਰਜੀਤ ਸਿੰਘ ਨੇ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਕੀਤਾ। ਇਨ੍ਹਾਂ ਸਾਰਿਆਂ ਦਾ ਪੱਖ ਸੁਣਨ ਅਤੇ ਭਨਿਆਰੇ ਵਾਲੇ ਦੀ ਅਖੌਤੀ ਕਿਤਾਬ ਦੀ ਪੜਤਾਲ ਕਰਨ ਉਪਰੰਤ ਇਹ ਸਪੱਸ਼ਟ ਹੋਇਆ ਕਿ ਇਹ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਹੁੰਦੇ ਹੋਏ ਭਨਿਆਰੇ ਵਾਲੇ ਦੀ ਮਾਨਤਾ ਬਣਾਉਣ ਦੇ ਦੋਸ਼ੀ ਹਨ, ਜਿਸ ਕਰ ਕੇ ਇਨ੍ਹਾਂ ਨੂੰ ਪੰਥਕ ਮਰਿਆਦਾ ਅਨੁਸਾਰ ਹੇਠ ਲਿਖੀ ਤਨਖ਼ਾਹ ਲਗਾਈ ਜਾਂਦੀ ਹੈ :

ਪੰਜਾਂ ਹੀ ਤਖ਼ਤਾਂ 'ਤੇ ਤਿੰਨ ਤਿੰਨ ਦਿਨ ਲਈ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨ, ਇਕ ਘੰਟਾ ਜੋੜੇ ਝਾੜਨ ਅਤੇ ਇਕ ਘੰਟਾ ਲੰਗਰ ਦੇ ਬਰਤਨ ਮਾਂਜਣ ਦੀ ਸੇਵਾ ਕਰਨ।

ਇਸ ਸੇਵਾ ਦੇ ਨਾਲ ਨਾਲ ਅੱਧਾ ਘੰਟਾ ਇਹ ਲਿਖਤ "ਮੈਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ, ਬਚਨ ਕਰਮ ਕਰ ਕੇ ਜਾਗਤਿ ਜੋਤਿ ਸਤਿਗੁਰੂ ਮੰਨਦਾ ਹਾਂ ਅਤੇ ਇਸ ਸਬੰਧੀ ਹੋਈ ਭੁੱਲ ਲਈ ਖਿਮਾ ਮੰਗਦਾ ਹਾਂ। ਮੈਂ ਵਿਅਕਤੀਗਤ ਰੂਪ ਵਿਚ ਕਿਸੇ ਨੂੰ ਗੁਰੂ ਤੁੱਲ ਨਹੀਂ ਮੰਨਦਾ ਤੇ ਨਾ ਹੀ ਮੰਨਾਂਗਾ।" ਲੈ ਕੇ ਸੰਗਤਾਂ ਦੇ ਸਨਮੁਖ ਖੜੇ ਹੋਣ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਹਰੇਕ 1100/- 1100/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਭੁੱਲਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਵਾਉਣ।

(*ਨੋਟ:* ਇਸ ਹੇਠ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਸਨ।)

ਭਨਿਆਰਾ ਸਬੰਧੀ ਕੁਝ ਹੋਰਾਂ ਨੂੰ ਤਨਖ਼ਾਹਾਂ

-1-

ਨੰ: ਅ.ਤ./2001/1311 ਮਿਤੀ : 7-11-2001

ਹੁਕਮਨਾਮਾ

ਜਰਨੈਲ ਸਿੰਘ ਠੇਕੇਦਾਰ,
ਜਗਜੀਵਨ ਸਿੰਘ, ਸੁਦਰਸ਼ਨ ਸਿੰਘ, ਰਾਜਿੰਦਰ ਸਿੰਘ,
ਬੀਬੀ ਮਨਜੀਤ ਕੌਰ, ਬੀਬੀ ਸੁਰਿੰਦਰ ਕੌਰ।

ਤੁਸੀਂ ਪਿਛਲੇ ਅਰਸੇ ਵਿਚ ਭਨਿਆਰਾ ਵਾਲੇ ਦੇ ਡੇਰੇ ਨੂੰ ਮਾਨਤਾ ਦੇਣ ਦਾ ਦੋਸ਼ ਪ੍ਰਵਾਨ ਕੀਤਾ ਹੈ। ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਅਕਾਲ ਤਖ਼ਤ ਸਾਹਿਬ ਵਿਖੇ ਆਪਣੀ ਭੁੱਲ ਬਖ਼ਸ਼ਾਉਣ ਲਈ ਬੇਨਤੀ ਕੀਤੀ ਹੈ। ਇਸ ਸਬੰਧੀ ਅੱਜ ਮਿਤੀ 7-11-2001 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਤੁਸੀਂ ਗੁਰਦੁਆਰਾ ਭੱਠਾ ਸਾਹਿਬ ਰੋਪੜ ਵਿਖੇ 10 ਦਿਨ ਹਰ ਰੋਜ਼ ਇਕ-ਇਕ ਘੰਟਾ ਕੀਰਤਨ ਸੁਣਨਾ, 10 ਦਿਨ ਹਰ ਰੋਜ਼ ਇਕ-ਇਕ ਘੰਟਾ ਲੰਗਰ ਦੇ ਬਰਤਨ ਸਾਫ਼ ਕਰਨੇ।
2. 10 ਦਿਨ ਇਕ-ਇਕ ਘੰਟਾ ਹਰ ਰੋਜ਼ ਸੰਗਤਾਂ ਦੇ ਜੋੜੇ ਝਾੜਨੇ।

ਉਪਰੰਤ 251/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾ ਕੇ ਭੁੱਲਾਂ ਚੁੱਕਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਨੀ।

-2-

ਨੰ: ਅ.ਤ./2001/1380 ਮਿਤੀ : 20-11-2001

ਭਾਈ ਬਲਬੀਰ ਸਿੰਘ,
ਬੀਬੀ ਮਨਜੀਤ ਕੌਰ
ਪਿੰਡ ਲੁਹਾਰੀ ਕਲਾਂ

ਤੁਸੀਂ ਪਿਛਲੇ ਅਰਸੇ ਵਿਚ ਭਨਿਆਰਾ ਵਾਲੇ ਦੇ ਡੇਰੇ 'ਤੇ ਜਾਣ ਦਾ ਦੋਸ਼ ਪ੍ਰਵਾਨ ਕੀਤਾ ਹੈ। ਇਸ ਸਬੰਧੀ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਆਪਣੀ ਭੁੱਲ ਬਖ਼ਸ਼ਾਉਣ ਲਈ ਬੇਨਤੀ ਕੀਤੀ ਹੈ। ਇਸ ਸਬੰਧੀ ਅੱਜ ਮਿਤੀ 20-11-2001 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

1. ਤੁਸੀਂ 7 ਦਿਨ ਗੁਰਦੁਆਰਾ ਅੰਬ ਸਾਹਿਬ, ਰੋਪੜ ਵਿਖੇ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ।
2. ਤੁਸੀਂ 7 ਦਿਨ ਗੁਰਦੁਆਰਾ ਅੰਬ ਸਾਹਿਬ, ਰੋਪੜ ਵਿਖੇ ਇਕ ਘੰਟਾ ਰੋਜ਼ਾਨਾ ਬਰਤਨ ਸਾਫ਼ ਕਰਨੇ।

ਉਪਰੰਤ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਕੜਾਹ ਪ੍ਰਸਾਦਿ ਦੀ ਦੇਗ ਕਰ ਕੇ ਭੁੱਲਾਂ ਚੁੱਕਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਨੀ।

-3-

ਨੰ: ਅ.ਤ./01/1381 ਮਿਤੀ : 20-11-2001

ਹੁਕਮਨਾਮਾ

ਭਾਈ ਬਲਬੀਰ ਸਿੰਘ, ਗੁਰਦੁਆਰਾ ਅਕਾਲਗੜ੍ਹ ਸ਼ਹੀਦਾਂ,
ਸੈਕਟਰ 47-ਸੀ, ਚੰਡੀਗੜ੍ਹ
ਭਾਈ ਦਲੇਰ ਸਿੰਘ, ਪਟਿਆਲੇ ਵਾਲੇ, ਬਿੰਦਰਾ ਕਾਲੋਨੀ,
ਨਾਭਾ ਰੋਡ, (ਪਟਿਆਲਾ)

ਤੁਸੀਂ ਭਨਿਆਰੇ ਵਾਲੇ ਪਿਆਰਾ ਸਿੰਘ ਨਾਲ ਸਮਾਗਮ ਵਿਚ ਸ਼ਾਮਿਲ ਹੋਏ ਅਤੇ ਸਿਰੋਪਾ ਲਿਆ। ਇਸ ਸਬੰਧੀ ਤੁਹਾਨੂੰ ਹੇਠ ਲਿਖੀ ਤਨਖ਼ਾਹ ਲਗਾਈ ਜਾਂਦੀ ਹੈ :

1. ਤੁਸੀਂ ਪੰਜ ਦਿਨ ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ।
2. ਰੋਜ਼ਾਨਾ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨੇ।
3. ਇਕ ਘੰਟਾ ਲੰਗਰ ਦੇ ਭਾਂਡੇ ਮਾਂਜਣੇ।
4. ਇਹੋ ਸੇਵਾ ਪੰਜ ਦਿਨਾਂ ਲਈ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਨਿਭਾਉਣੀ।

ਉਪਰੰਤ 1100/- ਅੱਖਰੀ ਯਾਰ੍ਹਾਂ ਸੌ ਰੁਪਏ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਭੁੱਲ ਬਖ਼ਸ਼ਾਉਣ ਦੀ ਅਰਦਾਸ ਕਰਵਾਉਣੀ।

-4-

ਨੰ: ਅ.ਤ./2001/1399 ਮਿਤੀ : 7-12-2001

ਹੁਕਮਨਾਮਾ

ਭਾਈ ਸ਼ਮਸ਼ੇਰ ਸਿੰਘ,

ਤੁਹਾਨੂੰ ਪੰਥ ਵਿਚੋਂ ਛੇਕੇ ਭਨਿਆਰੇ ਵਾਲੇ ਦੇ ਡੇਰੇ ਨਾਲ ਸਬੰਧ ਰੱਖਣ ਅਤੇ ਉਸ ਨੂੰ ਮਾਨਤਾ ਦੇਣ ਦੇ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧ ਵਿਚ ਪੰਜ-ਪੰਜ ਦਿਨ ਤਿੰਨਾਂ ਤਖ਼ਤਾਂ 'ਤੇ ਹੇਠ ਲਿਖੀ ਸੇਵਾ ਨਿਭਾਉਣੀ ਹੈ:

1. ਇਕ ਘੰਟਾ ਕੀਰਤਨ ਸੁਣਨਾ।
2. ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨੇ।
3. ਇਕ ਘੰਟਾ ਲੰਗਰ ਦੇ ਭਾਂਡੇ ਮਾਂਜਣੇ।

ਉਪਰੰਤ 1100/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਭੁੱਲਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਵਾਉਣੀ।

(ਨੋਟ : ਇਨ੍ਹਾਂ ਚੌਹਾਂ ਤਨਖ਼ਾਹਾਂ ਵਿਚ ਵੀ ਫ਼ਰਕ ਸੀ। ਪਹਿਲੇ ਕੇਸ 'ਚ 10-10 ਦਿਨ, ਦੂਜੇ ਕੇਸ ਵਿਚ 7-7 ਦਿਨ, ਤੀਜੇ ਕੇਸ ਵਿਚ 5-5 ਦਿਨ ਤੇ ਚੌਥੇ ਕੇਸ ਵਿਚ ਪੰਦਰਾਂ ਦਿਨ ਸੇਵਾ ਦੀ ਤਨਖ਼ਾਹ ਲਾਈ ਗਈ ਸੀ। ਇੰਞ ਹੀ ਕੜਾਹ ਪ੍ਰਸ਼ਾਦੀ ਰਕਮ ਵੀ 250/- ਰੁਪਏ ਤੋਂ 1100/- ਰੁਪਏ ਤਕ ਦੀ ਵੱਖਰੀ ਵੱਖਰੀ ਸੀ। ਇਨ੍ਹਾਂ ਚੌਹਾਂ 'ਹੁਕਮਾਂ' ਹੇਠ ਪੰਜ ਗ੍ਰੰਥੀਆਂ ਦੇ ਦਸਤਖ਼ਤ ਸਨ।)

ਕਿਰਪਾਲ ਸਿੰਘ ਬਡੂੰਗਰ ਨੂੰ ਬਰੀ ਕਰਨਾ

ਇਨ੍ਹੀਂ ਦਿਨੀਂ ਹੀ ਇਹ ਵੀ ਚਰਚਾ ਚਲਿਆ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੀ ਭਨਿਆਰੇ ਵਾਲੇ ਦੀ ਹਾਜ਼ਰੀ ਲੁਆਉਂਦਾ ਰਿਹਾ ਹੈ। (ਗਿਆਨੀ) ਜੋਗਿੰਦਰ ਸਿੰਘ ਨੇ ਕੁਝ ਚਿਰ ਮਾਮਲਾ ਲਟਕਾਈ ਰੱਖਿਆ, ਪਰ ਫਿਰ 12 ਅਕਤੂਬਰ 2001 ਨੂੰ ਕਿਰਪਾਲ ਸਿੰਘ ਨੂੰ ਇਹ ਆਖ ਕੇ ਬਰੀ ਕਰ ਦਿੱਤਾ ਕਿ "ਭਨਿਆਰੇ ਵਾਲੇ ਦੀ ਅਖੌਤੀ ਕਿਤਾਬ 'ਭਵਸਾਗਰ' ਵਿਚ ਕਿਰਪਾਲ ਸਿੰਘ ਬਡੂੰਗਰ ਦਾ ਕੋਈ ਜ਼ਿਕਰ ਨਹੀਂ।" ਪੰਜਾਂ ਗ੍ਰੰਥੀਆਂ ਦੇ ਦਸਤਖ਼ਤਾਂ ਹੇਠ ਜਾਰੀ ਹੋਇਆ ਇਹ 'ਸੰਦੇਸ਼' (ਹੁਕਮਨਾਮਾ ਜਾਂ ਫ਼ੈਸਲਾ ਨਹੀਂ) ਇੰਞ ਸੀ :

ਨੰ: ਅ.ਤ./2001/1272 ਮਿਤੀ : 12-10-2001

ਸੰਦੇਸ਼

ਸਮੂੰਹ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਸੰਗਤਾਂ ਨੂੰ ਵਿਦਿਤ ਹੋਵੇ ਕਿ ਸ: ਕਿਰਪਾਲ ਸਿੰਘ ਬਡੂੰਗਰ ਦੇ ਬਾਰੇ ਭਨਿਆਰੇ ਵਾਲੇ ਦੇ ਡੇਰੇ 'ਤੇ ਜਾਣ, ਉਸ ਦਾ ਸ਼ਰਧਾਲੂ ਹੋਣ ਜਾਂ ਸਬੰਧ ਰੱਖਣ ਸਬੰਧੀ ਪਿਛਲੇ ਦਿਨੀਂ ਅਖ਼ਬਾਰੀ ਬਿਆਨਬਾਜ਼ੀ ਹੁੰਦੀ ਰਹੀ ਹੈ, ਭਾਵੇਂ ਜਥੇਦਾਰ ਤਲਵੰਡੀ ਹੋਰਾਂ ਵੱਲੋਂ ਆਪਣੇ ਬਿਆਨ ਦੀ ਤਰਦੀਦ ਕਰ ਦਿੱਤੀ ਗਈ ਹੈ ਅਤੇ ਸ: ਕਿਰਪਾਲ ਸਿੰਘ ਹੁਰਾਂ ਨੇ ਇਸ ਸਬੰਧੀ ਆਪਣੀ ਸਥਿਤੀ ਵੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋ ਕੇ ਲਿਖਤੀ ਰੂਪ ਵਿਚ ਸਪੱਸ਼ਟ ਕੀਤੀ ਹੈ, ਪਰ ਇਸ ਸਬੰਧੀ ਧੜੇਬੰਦੀ ਅਤੇ ਮੰਦਭਾਵਨਾ ਤਹਿਤ ਅਖ਼ਬਾਰੀ ਬਿਆਨਬਾਜ਼ੀ ਅਜੇ ਵੀ ਜਾਰੀ ਹੈ। ਸਿੰਘ ਸਾਹਿਬਾਨ ਜੀ ਵੱਲੋਂ ਭਨਿਆਰੇ ਵਾਲੇ ਦੀ ਅਖੌਤੀ ਕਿਤਾਬ ਭਵਸਾਗਰ ਦੀ ਪੜਚੋਲ ਕਰਨ ਉਪਰੰਤ ਵੀ ਇਹ ਤੱਥ ਸਾਹਮਣੇ ਆਇਆ ਹੈ ਕਿ ਸ: ਕਿਰਪਾਲ ਸਿੰਘ ਦਾ ਭਨਿਆਰੇ ਵਾਲੇ ਨਾਲ ਕੋਈ ਸਬੰਧ ਸਾਬਤ ਨਹੀਂ ਹੁੰਦਾ। ਇਸ ਕਰ ਕੇ ਇਨ੍ਹਾਂ ਸਬੰਧੀ ਪਿਛਲੇ ਦਿਨਾਂ ਵਿਚ ਹੋਈ ਬਿਆਨਬਾਜ਼ੀ ਨਿਰਮੂਲ ਹੈ। ਜਿੱਥੇ ਅਸੀਂ ਸਮੂੰਹ ਸਿੱਖ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਐਸੇ ਮੌਕਾਪ੍ਰਸਤੀ ਵਾਲੇ ਬਿਆਨਾਂ ਨੂੰ ਨਜ਼ਰ-ਅੰਦਾਜ਼ ਕਰਿਆ ਕਰਨ, ਉੱਥੇ ਨਾਲ ਹੀ ਕੌਮ ਦੇ ਆਗੂ[8] ਕਹਾਉਣ ਵਾਲਿਆਂ ਨੂੰ ਵੀ ਅਸੀਂ ਸੁਚੇਤ ਕਰਦੇ ਹਾਂ ਕਿ ਭਵਿੱਖ ਵਿਚ ਆਪਣੀ ਸਸਤੀ ਸ਼ੁਹਰਤ ਜਾਂ ਕਿਸੇ ਗੁਰਸਿੱਖ ਨੂੰ ਮੰਦਭਾਵਨਾ ਨਾਲ ਅਪਮਾਨਤ ਕਰਨ ਵਾਲੀ ਝੂਠੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ।

(ਨੋਟ : ਇਸ 'ਸੰਦੇਸ਼' ਥੱਲੇ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਸਨ।)

---

8. ਇਹ ਵਾਰਨਿੰਗ ਜਥੇਦਾਰ ਜਗਦੇਵ ਸਿੰਘ ਤਲਵੰਡੀ ਵਾਸਤੇ ਸੀ।

ਆਸ਼ੂਤੋਸ਼ੀਆਂ (ਨੂਰਮਹਿਲੀਆਂ) ਦੀਆਂ ਹਰਕਤਾਂ ਬਾਰੇ

ਇਨ੍ਹਾਂ ਦਿਨਾਂ ਵਿਚ ਨੂਰਮਹਿਲ ਦੇ ਇਕ ਡੇਰੇਦਾਰ ਆਸ਼ੂਤੋਸ਼ ਨੇ ਸਿੱਖਾਂ ਦੇ ਖ਼ਿਲਾਫ਼ ਖ਼ੁਫ਼ੀਆ ਲਹਿਰ ਚਲਾਈ ਹੋਈ ਸੀ। ਸ਼ਾਇਦ ਤੀਜੀ ਏਜੰਸੀ ਦੇ ਪੈਸੇ ਨਾਲ ਉਹ ਇਕ ਤਕੜਾ ਡੇਰਾ ਚਲਾ ਰਿਹਾ ਸੀ। ਉਸ ਨੇ ਇਕ ਸੌ ਤੋਂ ਵੱਧ ਸਿੱਖਾਂ ਦੀਆਂ ਕੁੜੀਆਂ ਵੀ ਕੋਲ ਰਖੀਆਂ ਹੋਈਆਂ ਸਨ। ਅਪਰੈਲ 2002 ਵਿਚ ਉਸ ਨੇ ਤਰਨ ਤਾਰਨ ਵਿਚ ਸਿੱਖਾਂ ਨਾਲ ਸ਼ਰੇਆਮ ਟੱਕਰ ਲਈ ਸੀ। ਇਸ ਸਬੰਧੀ (ਗਿਆਨੀ) ਜੋਗਿੰਦਰ ਸਿੰਘ ਨੇ ਇਕ 24 ਅਪਰੈਲ 2002 ਨੂੰ ਅਸਪੱਸ਼ਟ ਜਿਹਾ ਐਲਾਨ (ਅਖੌਤੀ ਸੰਦੇਸ਼) ਵੀ ਜਾਰੀ ਕੀਤਾ ਸੀ, ਜੋ ਇੰਞ ਸੀ:

ਨੰ: ਅ.ਤ./02/1635 ਮਿਤੀ : 24-4-2002

ਸਿਖ ਸੰਗਤਾਂ ਦੇ ਨਾਮ ਸੰਦੇਸ਼

ਸਮੂੰਹ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਨੂੰ ਵਿਦਿਤ ਹੋਵੇ ਕਿ ਸਿੱਖ ਧਰਮ ਅਨੁਸਾਰ ਗੁਰੂ ਦਾ ਸਿੱਖ ਕਹਾਉਣ ਦਾ ਉਹੋ ਹੀ ਅਧਿਕਾਰੀ ਹੈ, ਜੋ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਮਨ, ਬਚਨ, ਕਰਮ ਕਰਕੇ ਪੂਰਨ ਵਿਸ਼ਵਾਸ ਰੱਖਦਾ ਹੋਵੇ ਅਤੇ ਇਨ੍ਹਾਂ ਦਾ ਅਨੁਯਾਈ ਹੋਵੇ। ਗੁਰੂ ਖਾਲਸਾ ਪੰਥ ਦੇ ਇਸ ਗੁਰਮਤਿ ਅਨੁਸਾਰੀ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਅਤੇ ਭੋਲੇ ਭਾਲੇ ਨਿਰਛਲੇ ਗੁਰਸਿੱਖਾਂ ਨੂੰ ਗੁੰਮਰਾਹ ਕਰਨ ਲਈ ਕਈ ਤਰ੍ਹਾਂ ਦੇ ਪੰਥ ਦੋਖੀ ਵਿਅਕਤੀ ਸ਼ਰਾਰਤ ਪੂਰਨ ਢੰਗ ਨਾਲ ਸਰਗਰਮ ਹੁੰਦੇ ਆ ਰਹੇ ਹਨ, ਜਿਨ੍ਹਾਂ ਨੂੰ ਪੰਥ ਦਰਦੀਆਂ ਨੇ ਗੁਰੂ ਬਖ਼ਸ਼ਿਸ਼ ਨਾਲ ਸੋਧਣ ਤੇ ਸਿਝਣ ਦੀ ਸੇਵਾ ਨਿਭਾਈ ਹੈ। ਇਨ੍ਹਾਂ ਹੀ ਪੰਥ ਦੋਖੀਆਂ ਵਿੱਚੋਂ ਨੂਰ ਮਹਿਲ ਵਾਲਾ ਆਸ਼ੂਤੋਸ਼ ਦਿਵਯਾ ਜੋਤੀ ਜਾਗਰਣ ਸੰਸਥਾ ਬਣਾ ਕੇ ਆਪ ਅਤੇ ਆਪ ਦੇ ਸ਼ਰਧਾਨੰਦ ਵਰਗੇ ਚੇਲਿਆਂ ਰਾਹੀਂ ਗੁਰੂ ਸਾਹਿਬਾਨ ਅਤੇ ਸਿੱਖੀ ਸਿਧਾਂਤਾਂ ਨੂੰ ਅਪਮਾਨਤ ਕਰਨ ਦਾ ਗੁਨਾਹ ਕਰ ਰਿਹਾ ਹੈ, ਜਿਸ ਕਰ ਕੇ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਨਿਰੰਤਰ ਠੇਸ ਪਹੁੰਚ ਰਹੀ ਹੈ। ਇਸੇ ਕੜੀ ਵਿਚ ਤਰਨ ਤਾਰਨ ਵਿਖੇ ਵਾਪਰੀ ਘਟਨਾ ਨੇ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਹੈ, ਜਿਸ ਕਰ ਕੇ ਆਪਸੀ ਖਿਚੋਤਾਣ ਵਾਲਾ ਵਾਤਾਵਰਣ ਵੀ ਪੈਦਾ ਹੋ ਗਿਆ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਇਸ ਘਟਨਾ ਦੀ ਭਰਪੂਰ ਨਿਖੇਧੀ ਕੀਤੀ ਜਾਂਦੀ ਹੈ।

ਸਮੂੰਹ ਸਿੱਖ ਜਥੇਬੰਦੀ ਅਤੇ ਸਿੱਖ ਸੰਗਤਾਂ ਆਪੋ-ਆਪਣੇ ਇਲਾਕਿਆਂ ਵਿਚ ਐਸੀਆਂ ਗੁੰਮਰਾਹਕੁੰਨ ਪੰਥ ਦੋਖੀ ਸਰਗਰਮੀਆਂ ਤੋਂ ਸੁਚੇਤ ਰਹਿਣ ਅਤੇ ਅਜਿਹੀਆਂ ਅਖੌਤੀ ਧਾਰਮਿਕ ਸੰਸਥਾਵਾਂ ਨੂੰ ਸਿੱਧੇ ਜਾ ਅਸਿੱਧੇ ਤੌਰ 'ਤੇ ਕੋਈ ਸਹਿਯੋਗ ਨਾ ਦੇਣ। ਅਸੀਂ ਸਮੇਂ ਦੀ ਸਰਕਾਰ ਨੂੰ ਵੀ ਸੁਚੇਤ ਕਰਦੇ ਹਾਂ ਕਿ ਐਸੇ ਧਰਮ ਦੋਖੀਆਂ ਦੀਆਂ ਸਰਗਰਮੀਆਂ ਨੂੰ ਬਿਨਾਂ ਦੇਰੀ ਤੋਂ ਠੱਲ੍ਹ ਪਾਈ ਜਾਵੇ ਤਾਂ ਜੋ ਮਨੁੱਖੀ ਸਮਾਜ ਦੇ ਅਮਨ ਚੈਨ ਨੂੰ ਕਾਇਮ ਰੱਖਿਆ ਜਾ ਸਕੇ।

ਇਸੇ ਟੋਲੇ ਨੇ ਜੁਲਾਈ ਦੇ ਅਖ਼ੀਰ ਵਿਚ ਮਲੋਟ ਵਿਚ ਸਿੱਖਾਂ ਨਾਲ ਸ਼ਰੇਆਮ ਹਥਿਆਰਬੰਦ ਟੱਕਰ ਲੈਣ ਦਾ ਐਲਾਨ ਕੀਤਾ ਸੀ। ਇਹ ਟੱਕਰ ਸੱਚਮੁੱਚ ਸਰਅੰਜ਼ਾਮ ਹੋਈ ਤੇ ਇਸ ਵਿਚ ਬਹੁਤ ਲੋਕ ਜ਼ਖ਼ਮੀ ਵੀ ਹੋਏ। ਇਸ 'ਤੇ (ਗਿਆਨੀ) ਜੋਗਿੰਦਰ ਸਿੰਘ ਨੇ 2-8-2002 ਦੇ ਦਿਨ ਇਕ ਬਿਆਨ ਜਾਰੀ ਕਰ ਕੇ ਪੰਥਕ ਜਥੇਬੰਦੀਆਂ ਦਾ ਇਕ ਇਕੱਠ ਵੀ ਬੁਲਾਇਆ (ਪਰ ਇਸ ਮਗਰੋਂ ਉਹ ਚੁੱਪ ਹੋ ਗਿਆ, ਸ਼ਾਇਦ ਕਿਸੇ ਰਿਸ਼ਵਤ ਕਾਰਨ ਜਾਂ ਕਿਸੇ ਦੇ ਦਬਾਅ ਕਾਰਨ ?) ਵੇਦਾਂਤੀ ਦਾ 2 ਅਗਸਤ ਦਾ ਬਿਆਨ ਇੰਞ ਸੀ :

ਨੰ: ਅ.ਤ./02/1815 ਮਿਤੀ : 2-8-2002

ਸੰਦੇਸ਼

ਮਲੋਟ ਵਿਚ ਸਿੱਖ ਸੰਗਤਾਂ ਉੱਤੇ ਪੰਜਾਬ ਪੁਲਿਸ ਵੱਲੋਂ ਚਲਾਈਆਂ ਗਈਆਂ ਗੋਲੀਆਂ ਅਤੇ ਲਾਠੀਚਾਰਜ ਨਾਲ ਬਹੁਤ ਸਾਰੇ ਸਿੱਖਾਂ ਦੇ ਜ਼ਖ਼ਮੀ ਹੋਣ ਦੀ ਘਟਨਾ ਨੇ ਇਕ ਵਾਰੀ ਫੇਰ ਖਾਲਸਾ ਪੰਥ ਨੂੰ ਝਿੰਜੋੜ ਦਿੱਤਾ ਹੈ। ਇਸ ਹਿਰਦੇ-ਵੇਧਕ ਘਟਨਾ ਦਾ ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਸਮੇਂ ਦੀ ਸਰਕਾਰ ਨੂੰ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਵਾਰ ਵਾਰ ਦਿੱਤੀਆਂ ਚੇਤਾਵਨੀਆਂ ਦੇ ਬਾਵਜੂਦ ਅਖੌਤੀ ਬਾਬੇ ਆਸ਼ੂਤੋਸ਼ ਦੀਆਂ ਗੁਰੂ ਸਾਹਿਬਾਨ ਦੇ ਸਤਿਕਾਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਵਿਰੁੱਧ ਕੀਤੀਆਂ ਜਾ ਰਹੀਆਂ ਭੜਕਾਊ ਸਰਗਰਮੀਆਂ ਸਬੰਧੀ ਕੋਈ ਕਦਮ ਨਹੀਂ ਚੁੱਕਿਆ ਗਿਆ। ਬਲਕਿ ਉਸਦੇ ਪ੍ਰੋਗਰਾਮਾਂ ਨੂੰ ਆਪਣੀ ਪੁਲਿਸ ਦੇ ਪਹਿਰੇ ਹੇਠ ਲਗਾਤਾਰ ਹੋਣ ਦਿੱਤਾ ਗਿਆ। ਹੈਰਾਨੀ ਤੇ ਦੁੱਖ ਦੀ ਗੱਲ ਇਹ ਹੈ ਕਿ ਇਕ ਪਾਸੇ ਤਾਂ ਸਰਕਾਰ ਵੱਲੋਂ ਆਸ਼ੂਤੋਸ਼ ਦੇ ਭੜਕਾਊ ਭਾਸ਼ਨਾਂ ਦੀ ਪੜਚੋਲ ਕਰਨ ਲਈ ਕਮੇਟੀ ਬਣਾਈ ਗਈ ਹੈ, ਪਰ ਦੂਜੇ ਪਾਸੇ ਸਿੱਖ ਸੰਗਤਾਂ 'ਤੇ ਗੋਲੀਆਂ ਅਤੇ ਲਾਠੀਆਂ ਚਲਾਉਣ ਵਾਲੇ ਪੁਲਿਸ ਅਫ਼ਸਰਾਂ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਸਰਕਾਰ ਦੀ ਇਸ ਲਾਪਰਵਾਹੀ ਅਤੇ ਪੱਖਪਾਤੀ, ਅਧਾਰਮਿਕ ਸੋਚ ਨੇ ਪੰਜਾਬ ਵਿਚ ਇਕ ਵਾਰ ਫੇਰ ਖ਼ੂਨ-ਖ਼ਰਾਬੇ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਭਵਿੱਖ ਦੇ ਇਸ ਭਿਆਨਕ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਅੱਜ ਮਿਤੀ 2 ਅਗਸਤ 2002 ਨੂੰ ਹੋਈ ਵਿਸ਼ੇਸ਼ ਇਕੱਤਰਤਾ ਵਿਚ ਇਸ ਮੰਦਭਾਗੀ ਘਟਨਾ ਦੀ ਨਿਖੇਧੀ ਕੀਤੀ ਗਈ ਅਤੇ ਨਾਲ ਹੀ ਫ਼ੈਸਲਾ ਲਿਆ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਮੂਹ ਪੰਥਕ ਜਥੇਬੰਦੀਆਂ, ਅਕਾਲੀ ਦਲਾਂ, ਨਿਹੰਗ ਸਿੰਘਾਂ, ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਅਤੇ ਸਿੱਖ ਵਿਦਵਾਨਾਂ ਦਾ ਧਾਰਮਿਕ ਇਕੱਠ ਮਿਤੀ 5 ਅਗਸਤ 2002 ਦਿਨ ਸੋਮਵਾਰ ਨੂੰ ਸਵੇਰੇ 10-00 ਵਜੇ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਬੁਲਾਇਆ ਜਾਵੇ। ਸੋ, ਉਪਰੋਕਤ ਸਮੂੰਹ ਜਥੇਬੰਦੀਆਂ ਨੂੰ ਗੁਰੂ-ਪੰਥ ਦੀ ਚੜ੍ਹਦੀ ਕਲਾ ਅਤੇ ਧਰਮ ਦੋਖੀਆਂ ਨੂੰ ਪਿਛਾੜਨ ਲਈ ਪ੍ਰੋਗਰਾਮ ਉਲੀਕਣ ਵਾਸਤੇ ਸਮੇਂ ਸਿਰ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਉਂਞ ਇਸ ਐਲਾਨ ਨੂੰ ਕਦੇ ਵੀ ਐਕਸ਼ਨ ਵਿਚ ਨਾ ਲਿਆਂਦਾ ਗਿਆ।

ਗੁਰਦੁਆਰਾ ਸਿੰਘ ਸਭਾ ਰੋਪੜ ਵਿਚ ਹੋਈ ਲੜਾਈ ਬਾਰੇ ਪ੍ਰਾਸਚਿਤ ਵਜੋਂ 'ਸੇਵਾ'

ਨੰ: ਅ.ਤ./02/1620 ਮਿਤੀ : 18-4-2002

1. ਸ: ਗੁਰਦੇਵ ਸਿੰਘ
2. ਸ: ਗੁਰਮੁਖ ਸਿੰਘ
3. ਸ: ਭਜਨ ਸਿੰਘ
4. ਸ: ਇਕਬਾਲ ਸਿੰਘ
5. ਸ: ਹਰਜੀਤ ਸਿੰਘ
6. ਸ: ਜਸਪਾਲ ਸਿੰਘ
7. ਸ: ਇੰਦਰਪਾਲ ਸਿੰਘ
8. ਸ: ਅਮਰਜੀਤ ਸਿੰਘ
9. ਸ: ਤੀਰਥ ਸਿੰਘ
10. ਸ: ਪਰਮਿੰਦਰਪਾਲ ਸਿੰਘ
11. ਸ: ਸਰਬਪਾਲ ਸਿੰਘ
12. ਸ: ਕੁਲਦੀਪ ਸਿੰਘ
13. ਸ: ਚਰਨ ਸਿੰਘ
14. ਸ: ਗੁਰਮੀਤ ਸਿੰਘ
15. ਸ: ਰੋਸ਼ਨ ਸਿੰਘ
16. ਸ: ਇੰਦਰਜੀਤ ਸਿੰਘ

ਤੁਸੀਂ ਸਾਰਿਆਂ ਨੇ ਮਿਤੀ 24-3-2002 ਵਾਲੇ ਦਿਨ ਗੁਰਦੁਆਰਾ ਗੁਰੂ ਸਿੰਘ ਸਭਾ ਰੋਪੜ

ਵਿਖੇ ਆਪਸੀ ਲੜਾਈ, ਹੱਥੋਪਾਈ ਅਤੇ ਗਾਲੀ-ਗਲੋਚ ਕਰ ਕੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਹੈ। ਇਸ ਬੇਅਦਬੀ ਦੇ ਦੋਸ਼ ਕਾਰਨ ਤੁਹਾਨੂੰ ਸਾਰਿਆਂ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਅੱਜ ਮਿਤੀ 18-4-2002 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ **ਪ੍ਰਾਸਚਿਤ ਵਜੋਂ** ਹੇਠ ਲਿਖੀ **ਸੇਵਾ**[9] ਲਾਈ ਜਾਂਦੀ ਹੈ। ਤੁਸੀਂ ਸਾਰਿਆਂ ਨੇ ਗੁਰਦੁਆਰਾ ਗੁਰੂ ਸਿੰਘ ਸਭਾ ਰੋਪੜ ਵਿਖੇ ਸੰਗਤਾਂ ਦੀ ਹਾਜ਼ਰੀ ਵਿਚ 10 ਦਿਨ ਸੇਵਾ ਨਿਭਾਉਣੀ :

1. **ਅੱਧਾ ਘੰਟਾ** ਸੰਗਤ ਦੇ ਜੋੜੇ ਝਾੜਨੇ।
2. **ਅੱਧਾ ਘੰਟਾ** ਕੀਰਤਨ ਸੁਣਨਾ।
3. 'ਜਪੁ ਜੀ' ਸਾਹਿਬ ਦਾ ਸੰਗਤੀ ਰੂਪ ਵਿਚ ਪਾਠ ਕਰਨਾ।

ਉਪਰੰਤ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਹਰ ਇਕ ਨੇ 101/-, 101/- ਰੁਪਏ ਦੀ ਨਿੱਜੀ ਤੌਰ 'ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਾਉਣੀ ਅਤੇ 101/-, 101/- ਰੁਪਏ ਪ੍ਰਤੀ ਵਿਅਕਤੀ ਨੇ ਗੋਲਕ ਵਿਚ ਪਾਉਣੇ। ਉਪਰੰਤ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਹਾਜ਼ਿਰ ਹੋ ਕੇ ਖਿਮਾ-ਜਾਚਨਾ ਦੀ ਅਰਦਾਸ ਕਰਾਉਣੀ।

(ਨੋਟ: ਇਸ ਹੇਠਾਂ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਸਨ।)

ਫ਼ਿਲੌਰ 'ਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅੱਗ ਲਗਣ ਦੀ ਅਣਗਹਿਲੀ 'ਤੇ 'ਪ੍ਰਾਸਚਿਤ ਵਜੋਂ ਸੇਵਾ'

ਨੰ: ਅ.ਤ./02/1668 ਮਿਤੀ : 4-5-2002

1. ਭਾਈ ਮਹਿੰਦਰ ਸਿੰਘ ਪ੍ਰਧਾਨ
2. ਭਾਈ ਪਰਮਜੀਤ ਸਿੰਘ ਸਕੱਤਰ
3. ਭਾਈ ਹਰਭਜਨ ਸਿੰਘ ਮੈਂਬਰ
4. ਭਾਈ ਜਰਨੈਲ ਸਿੰਘ ਮੈਂਬਰ

ਮਾਰਫ਼ਤ : ਗੁਰਦੁਆਰਾ ਗੁਰੂ ਸਿੰਘ ਸਭਾ,
ਮੁਹੱਲਾ ਚੌਧਰੀਆਂ, ਫ਼ਿਲੌਰ (ਜਲੰਧਰ)।

ਮਿਤੀ 17-4-2002 ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅਗਨ-ਭੇਟ ਹੋਣ ਦੀ ਮੰਦਭਾਗੀ ਘਟਨਾ ਤੁਹਾਡੀ ਅਣਗਹਿਲੀ ਕਾਰਨ ਹੋਈ ਹੈ, ਇਸ ਲਈ ਇਸ ਦੇ ਪ੍ਰਾਸਚਿਤ ਵਜੋਂ ਤੁਹਾਨੂੰ ਹੇਠ ਲਿਖੀ ਸੇਵਾ ਲਾਈ ਜਾਂਦੀ ਹੈ :

ਗੁਰਦੁਆਰਾ ਗੁਰੂ ਸਿੰਘ ਸਭਾ, ਮੁਹੱਲਾ ਚੌਧਰੀਆਂ, ਫ਼ਿਲੌਰ (ਜਲੰਧਰ) ਵਿਖੇ ਸੱਤ ਦਿਨ ਰੋਜ਼ਾਨਾ ਹੇਠ ਲਿਖੀ ਸੇਵਾ ਨਿਭਾਉ :

1. **ਇਕ ਘੰਟਾ** ਸੰਗਤ ਦੇ ਜੋੜੇ ਝਾੜਨੇ।
2. **ਇਕ ਘੰਟਾ** ਬਰਤਨ ਸਾਫ਼ ਕਰਨੇ।
3. ਨਿੱਤਨੇਮ ਦੇ ਪਾਠ ਤੋਂ ਇਲਾਵਾ ਇਕ ਜਪੁ ਜੀ ਸਾਹਿਬ ਦਾ ਪਾਠ ਕਰਨਾ।

ਉਪਰੰਤ 101/- ਅੱਖਰੀ ਇਕ ਸੌ ਇਕ ਰੁਪਏ ਕੇਵਲ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾਉਣ ਉਪਰੰਤ 101/- ਅੱਖਰੀ ਇਕ ਸੌ ਇਕ ਰੁਪਏ ਕੇਵਲ ਗੋਲਕ ਵਿਚ ਪਾ ਕੇ ਭੁੱਲਾਂ ਚੁੱਕਾਂ ਦੀ ਖਿਮਾ-ਜਾਚਨਾ ਲਈ ਅਰਦਾਸ ਕਰਾਉਣੀ।

ਜੋਗਿੰਦਰ ਸਿੰਘ

(ਨੋਟ: ਇਸ ਹੇਠਾਂ ਸਿਰਫ਼ (ਗਿਆਨੀ) ਜੋਗਿੰਦਰ ਸਿੰਘ ਦੇ ਦਸਤਖ਼ਤ ਸਨ।)

---

9. ਇਸ ਐਲਾਨ/ਗੁਰਮਤਾ/ਫ਼ੈਸਲਾ ਵਿਚ ਤਨਖ਼ਾਹ ਦੀ ਥਾਂ ਲਫ਼ਜ਼ 'ਪ੍ਰਾਸਚਿਤ ਵਜੋਂ ਸੇਵਾ' ਵਰਤੇ ਗਏ ਹਨ।

ਦਿਲਚਸਪ ਹੈ ਕਿ ਰੋਪੜ 'ਚ ਜਾਣ ਬੁਝ ਕੇ ਗੁਰਦੁਆਰੇ ਦੀ 'ਪਵਿੱਤਰਤਾ ਭੰਗ ਕਰਨ' 'ਤੇ ਅੱਧਾ ਘੰਟਾ ਦੀ ਸਜ਼ਾ, ਪਰ ਇਥੇ ਸਿਰਫ਼ 'ਅਣਗਹਿਲੀ' ਦੀ '**ਸਜ਼ਾ**' ਇਕ ਘੰਟਾ ਦਿੱਤੀ ਗਈ ਸੀ।

ਮੈਰਿਜ ਪੈਲਸ 'ਚ ਗੁਰੂ ਗ੍ਰੰਥ ਸਾਹਿਬ ਜੀ ਲਿਜਾਣ 'ਤੇ 'ਪ੍ਰਾਸਚਿਤ ਵਜੋਂ ਸੇਵਾ'

ਨੰ: ਅ.ਤ./2002/1669 ਮਿਤੀ : 4-5-2002

ਭਾਈ ਜਗਜੀਤ ਸਿੰਘ ਖਾਲਸਾ,
ਮੈਂਬਰ ਲੋਕਲ ਕਮੇਟੀ ਗੁਰਦੁਆਰਾ ਚਰਨਕੰਵਲ ਪਾਤਸ਼ਾਹੀ ਛੇਵੀਂ,
ਜੀਦੋਂਵਾਲ, ਗੁਰਪਲਾਹ ਸੋਤਰਾਂ ਸਾਹਿਬ ਬੰਗਾ,
ਦੁਰਗਾਪੁਰ (ਨਵਾਂ ਸ਼ਹਿਰ)।

ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰ ਕੇ ਅਰੋੜਾ ਪਰਿਵਾਰ ਵੱਲੋਂ ਦੁਆਬਾ ਮੈਰਿਜ ਪੈਲਸ ਵਿਚ ਸ਼ਗਨ ਦੀ ਰਸਮ ਅਦਾ ਕਰਨ ਦੇ ਸਮਾਗਮ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਤੁਸੀਂ ਉਸ ਸਮਾਗਮ ਵਿਚ ਸ਼ਮੂਲੀਅਤ ਕੀਤੀ ਹੈ। ਇਸ ਲਈ ਤੁਹਾਨੂੰ ਹੇਠ ਲਿਖੀ ਸੇਵਾ ਲਾਈ ਜਾਂਦੀ ਹੈ :

ਗੁਰਦੁਆਰਾ ਸਾਹਿਬ ਗੁਰਪਲਾਹ ਸੋਤਰਾਂ ਪਾਤਿਸ਼ਾਹੀ ਛੇਵੀਂ ਵਿਖੇ ਪ੍ਰਾਸਚਿਤ ਵਜੋਂ ਸੱਤ ਦਿਨ ਹੇਠ ਲਿਖੀ ਸੇਵਾ ਨਿਭਾਉ :

1. ਇਕ ਘੰਟਾ ਸੰਗਤ ਦੇ ਜੋੜਿਆਂ ਦੀ ਸੇਵਾ ਕਰਨੀ।
2. ਇਕ ਘੰਟਾ ਲੰਗਰ ਘਰ ਵਿਚ ਬਰਤਨ ਸਾਫ਼ ਕਰਨੇ।
3. ਨਿੱਤਨੇਮ ਦੇ ਪਾਠ ਤੋਂ ਇਲਾਵਾ ਇਕ ਹੋਰ ਜਪੁਜੀ ਸਾਹਿਬ ਦਾ ਪਾਠ ਕਰਨਾ।

ਉਪਰੰਤ 101/- ਅੱਖਰੀ ਇਕ ਸੌ ਇਕ ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾਉਣ ਉਪਰੰਤ 101/- ਅੱਖਰੀ ਇਕ ਸੌ ਇਕ ਰੁਪਏ ਕੇਵਲ ਗੋਲਕ ਵਿਚ ਪਾ ਕੇ ਭੁੱਲਾਂ ਚੁੱਕਾਂ ਦੀ ਖਿਮਾ-ਜਾਚਨਾ ਲਈ ਅਰਦਾਸ ਕਰਾਉਣੀ।

ਜੋਗਿੰਦਰ ਸਿੰਘ

[ਨੋਟ: ਇਸ ਹੇਠਾਂ ਸਿਰਫ਼ (ਗਿਆਨੀ) ਜੋਗਿੰਦਰ ਸਿੰਘ ਦੇ ਦਸਤਖ਼ਤ ਸਨ।]

ਸਮਾਧਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾਣ 'ਤੇ ਤਨਖ਼ਾਹ

-1-

ਨੰ: ਅ.ਤ./2002/1806 ਮਿਤੀ : 24-7-2002

1. ਭਾਈ ਬਲਦੇਵ ਸਿੰਘ, ਪਿੰਡ ਖਹਿਰਾ, ਜ਼ਿਲਾ ਗੁਰਦਾਸਪੁਰ
2. ਭਾਈ ਸਰਬਜੋਤ ਸਿੰਘ, ਪਿੰਡ ਭੋਮਾ, ਜ਼ਿਲਾ ਅੰਮ੍ਰਿਤਸਰ
3. ਭਾਈ ਕਸ਼ਮੀਰ ਸਿੰਘ, ਪਿੰਡ ਵੇਰੋਵਾਲ, ਜ਼ਿਲਾ ਅੰਮ੍ਰਿਤਸਰ

ਅੱਜ ਮਿਤੀ 24-7-2002 ਨੂੰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਿਰ ਹੋ ਕੇ ਤੁਸੀਂ, ਬਾਬਾ ਰੋਡਾ ਦੀ ਸਮਾਧ 'ਤੇ "ਗੁਰੂ ਗ੍ਰੰਥ ਸਾਹਿਬ ਜੀ" ਦਾ ਪਾਵਨ ਸਰੂਪ ਲਿਜਾਣ ਸਬੰਧੀ ਹੋਈ ਭੁੱਲ ਦੀ ਖਿਮਾ-ਜਾਚਨਾ ਕੀਤੀ ਹੈ। ਇਸ ਸਬੰਧੀ ਤੁਹਾਨੂੰ ਹੇਠ ਲਿਖੀ ਤਨਖ਼ਾਹ[10] ਲਾਈ ਜਾਂਦੀ ਹੈ :

---

10. 18-4-2002 ਅਤੇ 4-5-2000 ਦੇ ਤਿੰਨ 'ਫ਼ੈਸਲਿਆਂ' ਵਿਚ ਲਫ਼ਜ਼ 'ਪ੍ਰਾਸਚਿਤ ਵਜੋਂ ਸੇਵਾ' ਵਰਤੇ ਗਏ ਹਨ, ਪਰ ਹੁਣ ਫਿਰ ਇਸ ਦੀ ਥਾਂ 'ਤਨਖ਼ਾਹ' ਬਦਲ ਦਿੱਤਾ ਗਿਆ ਹੈ।

ਤੁਸੀਂ ਇਕ ਹਫ਼ਤਾ, ਸਥਾਨਕ ਗੁਰਦੁਆਰਾ ਸਾਹਿਬ ਵਿਖੇ :

1. ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ।
2. ਰੋਜ਼ਾਨਾ ਨਿੱਤਨੇਮ ਦੇ ਪਾਠ ਤੋਂ ਇਲਾਵਾ ਇਕ 'ਜਪੁ ਜੀ' ਸਾਹਿਬ ਦਾ ਪਾਠ ਕਰਨਾ।
3. ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਝਾੜਨੇ।

ਉਪਰੰਤ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਹਾਜ਼ਿਰ ਹੋ ਕੇ 101/- ਰੁਪਏ ਦੀ ਹਰ ਵਿਅਕਤੀ ਨੇ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਭੁੱਲਾਂ ਦੀ ਖਿਮਾ ਲਈ ਅਰਦਾਸ ਕਰਾਉਣੀ।

-2-

ਨੰ: ਅ.ਤ./02/1807 ਮਿਤੀ : 24-7-2002

ਭਾਈ ਗੁਰਦੀਪ ਸਿੰਘ ਗ੍ਰੰਥੀ,
ਪਿੰਡ ਖਹਿਰਾ (ਗੁਰਦਾਸਪੁਰ)

ਅੱਜ ਮਿਤੀ 24-7-2002 ਨੂੰ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਿਰ ਹੋ ਕੇ ਤੁਸੀਂ ਬਾਬਾ ਸਰਵਨ ਦਾਸ ਦੀ ਸਮਾਧ 'ਤੇ "ਗੁਰੂ ਗ੍ਰੰਥ ਸਾਹਿਬ ਜੀ" ਦਾ ਪਾਵਨ ਸਰੂਪ ਲਿਜਾਣ ਸਬੰਧੀ ਹੋਈ ਭੁੱਲ ਦੀ ਖਿਮਾ-ਜਾਚਨਾ ਕੀਤੀ ਹੈ। ਇਸ ਸਬੰਧੀ ਤੁਹਾਨੂੰ ਹੇਠ ਲਿਖੀ ਤਨਖ਼ਾਹ ਲਾਈ ਜਾਂਦੀ ਹੈ :

ਤੁਸੀਂ ਇਕ ਹਫ਼ਤਾ, ਸਥਾਨਕ ਗੁਰਦੁਆਰਾ ਸਾਹਿਬ ਵਿਖੇ :

1. ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨਾ।
2. ਰੋਜ਼ਾਨਾ ਨਿੱਤਨੇਮ ਦੇ ਪਾਠ ਤੋਂ ਇਲਾਵਾ ਇਕ 'ਜਪੁ ਜੀ' ਸਾਹਿਬ ਦਾ ਪਾਠ ਕਰਨਾ।
3. ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਝਾੜਨੇ।

ਉਪਰੰਤ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਹਾਜ਼ਿਰ ਹੋ ਕੇ 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਭੁੱਲਾਂ ਦੀ ਖਿਮਾ ਲਈ ਅਰਦਾਸ ਕਰਾਉਣੀ।

(ਨੋਟ: ਇਨ੍ਹਾਂ ਦੋਹਾਂ ਹੇਠ ਪੰਜਾਂ ਗ੍ਰੰਥੀਆਂ ਦੇ ਦਸਤਖ਼ਤ ਸਨ।)

ਧਨਵੰਤ ਸਿੰਘ ਵੱਲੋਂ ਕੁੜੀ ਦੇ ਰੇਪ ਦਾ ਮਾਮਲਾ

ਨਵਾਂ ਸ਼ਹਿਰ ਦੇ ਨੇੜੇ ਪਿੰਡ ਪੱਲੀ ਝਿੱਕੀ ਵਿਚ ਧਨਵੰਤ ਸਿੰਘ ਨਾਂ ਦੇ ਇਕ 'ਸਾਧ' ਨੇ 'ਨੂਰ ਵਿਸ਼ਵ ਰੂਹਾਨੀ ਚੈਰੀਟੇਬਲ ਸੰਸਥਾ' ਨਾਂ ਦਾ ਅਦਾਰਾ ਬਣਾ ਕੇ ਲੋਕਾਂ ਵਿਚ ਰੂਹਾਨੀਅਤ ਦੇ ਪ੍ਰਚਾਰ ਦੇ ਨਾਂ 'ਤੇ ਕਈ ਸਾਲਾਂ ਤੋਂ ਪਾਖੰਡ ਖੜਾ ਕੀਤਾ ਹੋਇਆ ਸੀ। ਪਰ ਰੂਹਾਨੀਅਤ ਦੇ ਨਕਾਬ ਹੇਠ ਇਸ ਅਦਾਰੇ ਵਿਚ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਨਾਲ-ਨਾਲ ਔਰਤਾਂ ਦਾ ਰੇਪ ਕਰਨ ਦਾ ਚਰਚਾ ਕਾਫ਼ੀ ਦੇਰ ਤੋਂ ਚੱਲ ਰਿਹਾ ਸੀ। ਅਜੀਤ ਸਿੰਹ ਪੂਹਲਾ, ਸੰਤਾ ਸਿੰਘ ਨਿਹੰਗ, ਨਿਰੰਕਾਰੀਆਂ, ਰਾਧਾ ਸੁਆਮੀਆਂ, ਨਾਮਧਾਰੀਆਂ, ਸਰਸਾ ਵਾਲਿਆਂ, ਨੂਰਮਹਿਲੀਆਂ ਅਤੇ ਅਜਿਹੇ ਹੋਰ ਡੇਰਿਆਂ ਵਾਂਗ ਇਸ ਡੇਰੇ ਦੇ ਮੁਖੀ ਧਨਵੰਤ ਸਿੰਘ ਨੇ ਵੀ ਪੁਲਿਸ ਅਤੇ ਹੋਰ ਅਫ਼ਸਰਾਂ ਨਾਲ ਸਬੰਧ ਸਨ। ਧਨਵੰਤ ਸਿੰਘ ਨੇ ਨਵਾਂ ਸ਼ਹਿਰ ਵਿਚ ਵੀ ਇਕ ਪ੍ਰਾਈਵੇਟ ਮਕਾਨ ਖ਼ਰੀਦਿਆ ਹੋਇਆ ਸੀ, ਜਿੱਥੇ ਉਹ ਔਰਤਾਂ ਨੂੰ ਲਿਜਾ ਕੇ ਸ਼ਰਾਬ ਅਤੇ ਸੈਕਸ ਦੇ ਦੌਰ ਚਲਾਇਆ ਕਰਦਾ ਸੀ। ਇਸ ਖ਼ੁਫ਼ੀਆ ਗੁਨਾਹਗਾਰ ਜ਼ਿੰਦਗੀ ਵਿਚ ਧਨਵੰਤ ਸਿੰਘ ਦਾ ਇਕ ਡਰਾਈਵਰ ਗੁਰਦੀਪ ਸਿੰਘ ਵੀ ਮਦਦਗਾਰ ਹੋਇਆ ਕਰਦਾ ਸੀ। ਕਾਮ ਵਿਚ ਅੰਨ੍ਹੇ ਹੋਏ ਧਨਵੰਤ ਸਿੰਘ ਨੇ ਨਵੰਬਰ 2000 ਵਿਚ ਆਪਣੇ ਇਕ ਖ਼ਾਸ ਚੇਲੇ ਦੀ ਧੀ ਨੂੰ ਵੀ ਹੱਥ ਪਾ ਲਿਆ। ਪਹਿਲਾਂ ਤਾਂ ਉਹ ਚੁੱਪ

ਰਿਹਾ, ਪਰ ਅਪਰੈਲ ਦੇ ਆਖ਼ਰੀ ਦਿਨਾਂ ਵਿਚ ਉਸ ਨੇ 'ਖਾਲਸਾ ਪੰਚਾਇਤ' ਦੇ ਆਗੂਆਂ ਨੂੰ ਆਪਣੀ ਦੁਖ ਭਰੀ ਕਹਾਣੀ ਬਿਆਨ ਕੀਤੀ। 3 ਮਈ 2001 ਦੇ ਦਿਨ ਖਾਲਸਾ ਪੰਚਾਇਤ ਵਾਲੇ ਉਸ ਨੂੰ ਲੈ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਕੋਲ ਪੁੱਜੇ ਅਤੇ ਧਨਵੰਤ ਸਿੰਘ ਦੇ ਖ਼ਿਲਾਫ਼ ਦਰਖ਼ਾਸਤ ਦੇ ਦਿੱਤੀ। ਇਸ ਦਰਖ਼ਾਸਤ ਨੂੰ ਲੈਣ ਮਗਰੋਂ (ਗਿਆਨੀ) ਜੋਗਿੰਦਰ ਸਿੰਘ ਨੇ ਇਕ ਬਿਆਨ ਵਿਚ ਸੰਗਤਾਂ ਨੂੰ ਹਿਦਾਇਤ ਦਿੱਤੀ ਕਿ ਜਦੋਂ ਤਕ ਉਹ (ਧਨਵੰਤ ਸਿੰਘ) ਆਪਣੀ ਸਫ਼ਾਈ ਪੇਸ਼ ਨਹੀਂ ਕਰਦਾ ਤੇ ਇਸ ਕੇਸ ਦਾ ਨਿਪਟਾਰਾ ਨਹੀਂ ਹੁੰਦਾ, ਸਿੱਖ ਸੰਗਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਮਿਲਵਰਤਣ ਨਾ ਰੱਖਣ।

13 ਮਈ 2001 ਦੇ ਦਿਨ ਰੇਪ ਹੋਈ ਕੁੜੀ (ਗਿਆਨੀ) ਜੋਗਿੰਦਰ ਸਿੰਘ ਕੋਲ ਆਪ ਵੀ ਪੇਸ਼ ਹੋਈ ਅਤੇ ਆਪਣੇ ਨਾਲ ਹੋਏ ਜਬਰ-ਜ਼ਨਾਹ (ਰੇਪ) ਬਾਰੇ ਦੱਸਿਆ। ਪਹਿਲਾਂ ਤਾਂ (ਗਿਆਨੀ) ਜੋਗਿੰਦਰ ਸਿੰਘ ਨੇ ਧਨਵੰਤ ਸਿੰਘ ਨੂੰ ਸਜ਼ਾ ਦੇਣ ਦਾ ਵਾਅਦਾ ਕੀਤਾ, ਪਰ ਮਗਰੋਂ (ਵਾਹਿਗੁਰੂ ਜਾਣੇ ਕਿਉਂ ?) ਉਸ ਨੇ ਧਰਮ ਪ੍ਰਚਾਰ ਕਮੇਟੀ ਦੇ ਦੋ ਮੈਂਬਰਾਂ 'ਤੇ ਆਧਾਰਿਤ ਇਕ ਪੜਤਾਲੀਆ ਕਮੇਟੀ ਬਣਾ ਦਿੱਤੀ। ਇਸ ਕਮੇਟੀ ਨੇ ਧਨਵੰਤ ਸਿੰਘ ਨੂੰ ਪੂਰੀ ਤਰ੍ਹਾਂ ਦੋਸ਼ੀ ਪਾਇਆ।

ਜੂਨ 2001 ਵਿਚ ਰੇਪ ਹੋਈ ਕੁੜੀ ਦੇ ਬਾਪ ਦੇ ਸਾਥੀਆਂ ਨੇ ਸ਼ਰੇਆਮ ਦੋਸ਼ ਲਾਇਆ ਕਿ (ਗਿਆਨੀ) ਜੋਗਿੰਦਰ ਸਿੰਘ ਦਾ ਸਾਲਾ-ਕਮ-ਪੀ.ਏ. ਪ੍ਰਿਥੀਪਾਲ ਸਿੰਘ (ਜੋ ਕਈ ਸਾਲ ਤੋਂ ਕਮਿਊਨਿਸਟ ਅਖ਼ਬਾਰ 'ਨਵਾ ਜ਼ਮਾਨਾ' ਦਾ 'ਮੈਨੇਜਰ' ਰਿਹਾ ਸੀ) ਧਨਵੰਤ ਸਿੰਘ ਤੋਂ 70 ਹਜ਼ਾਰ ਰੁਪਏ ਰਿਸ਼ਵਤ ਲੈ ਚੁੱਕਾ ਹੈ, ਇਸ ਕਰ ਕੇ (ਗਿਆਨੀ) ਜੋਗਿੰਦਰ ਸਿੰਘ ਤੋਂ ਇਨਸਾਫ਼ ਦੀ ਆਸ ਨਹੀਂ।

ਕੁਝ ਦਿਨ ਮਗਰੋਂ (ਗਿਆਨੀ) ਜੋਗਿੰਦਰ ਸਿੰਘ ਨੇ ਪਹਿਲੀ ਪੜਤਾਲੀਆ ਕਮੇਟੀ ਦੀ ਰਿਪੋਰਟ ਨੂੰ ਅਣਗੌਲਿਆ ਕਰ ਕੇ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਕਮੇਟੀ ਨੇ ਇਸ ਕੇਸ ਵਿਚ ਉੱਚ-ਪੱਧਰੀ ਜਾਂਚ ਕਰਵਾਉਣ ਦੀ ਸਿਫ਼ਾਰਸ਼ ਕੀਤੀ। ਇਸ ਮਗਰੋਂ ਇਕ ਤੀਜੀ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਪ੍ਰਿਥੀਪਾਲ ਸਿੰਘ ('ਜਥੇਦਾਰ' ਦਾ ਕਾਮਰੇਡ ਸਾਲਾ) ਵੀ ਮੈਂਬਰ ਸੀ, ਜਿਸ 'ਤੇ ਕੁੜੀ ਦੇ ਬਾਪ ਨੇ ਧਨਵੰਤ ਸਿੰਘ ਤੋਂ ਰਿਸ਼ਵਤ ਲੈਣ ਦਾ ਦੋਸ਼ ਲਾਇਆ ਸੀ। ਹੁਣ ਸਾਫ਼ ਨਜ਼ਰ ਆ ਰਿਹਾ ਸੀ ਕਿ ਇਹ ਕੇਸ ਕਿਸੇ ਤਰੀਕੇ ਨਾਲ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ।

ਧਨਵੰਤ ਸਿੰਘ ਦੇ ਖ਼ਿਲਾਫ਼ ਆਈ ਦਰਖ਼ਾਸਤ ਨੂੰ 10 ਮਈ ਦੇ ਦਿਨ ਪੰਜ ਗ੍ਰੰਥੀਆਂ ਨੇ 'ਵਿਚਾਰਿਆ' ਅਤੇ 'ਨਸ਼ੇ ਵਰਤਣ ਤੇ ਮਨਮਤੀ ਕਾਰਵਾਈਆਂ ਕਰਨ' ਦੋਸ਼ ਵਿਚ ਧਨਵੰਤ ਸਿੰਘ ਅਤੇ (ਇਸ ਵਿਚ ਮਦਦ ਕਰਨ ਦੇ ਦੋਸ਼ ਵਿਚ) ਅਕਾਲ ਤਖ਼ਤ ਸਾਹਿਬ 'ਤੇ ਪਟੀਸ਼ਨ ਕਰਨ ਵਾਲੇ ਪੰਜਾਂ ਜਣਿਆਂ ਨੂੰ ਵੀ ਮਾਮੂਲੀ ਜਿਹੀ ਤਨਖ਼ਾਹ ਲਾ ਦਿੱਤੀ, ਜੋ ਇੰਞ ਸੀ :

ਨੰ: ਅ.ਤ./2002/1699 ਮਿਤੀ : 10-5-2002

ਹੁਕਮਨਾਮਾ

1. ਭਾਈ ਧਨਵੰਤ ਸਿੰਘ, ਚੇਅਰਮੈਨ ਨੂਰ ਵਿਸ਼ਵ ਰੂਹਾਨੀ ਚੈਰੀਟੇਬਲ ਸੰਸਥਾ, ਕੋਟ ਪੱਲੀ ਝਿੱਕੀ, (ਨਵਾਂ ਸ਼ਹਿਰ), ਅਤੇ
2. ਡਾ: ਸਤਨਾਮ ਸਿੰਘ ਦੀਪ, ਦੀਪ ਹਸਪਤਾਲ, ਕਾਹਮਾ, ਨਵਾਂ ਸ਼ਹਿਰ,

3. ਭਾਈ ਹਰੀ ਸਿੰਘ, ਦੋਆਬਾ ਸਟੀਲ ਫ਼ਰਨੀਚਰ, ਨਵਾਂ ਸ਼ਹਿਰ,
4. ਭਾਈ ਸੁਰਿੰਦਰ ਸਿੰਘ (ਮਾਸਟਰ), ਬੰਗਾ,
5. ਭਾਈ ਸੇਵਾ ਸਿੰਘ, ਜੇ.ਈ. ਬਿਜਲੀ ਬੋਰਡ, ਨਵਾਂ ਸ਼ਹਿਰ,
6. ਭਾਈ ਗੁਰਦੀਪ ਸਿੰਘ, ਪਿੰਡ ਮੱਲ ਪੁਰ ਅੜਕਾਂ (ਨਵਾਂ ਸ਼ਹਿਰ)।

ਪਿਛਲੇ ਕਈ ਸਾਲਾਂ ਤੋਂ ਡੇਰਾ ਕੋਟ ਪੱਲੀ ਝਿੱਕੀ ਵਿਖੇ ਬਾਬਾ ਧਨਵੰਤ ਸਿੰਘ ਸਬੰਧੀ ਨਸ਼ਿਆਂ ਦੇ ਸੇਵਨ ਅਤੇ ਹੋਰ ਮਨਮੱਤੀ ਕਾਰਵਾਈਆਂ ਬਾਰੇ ਉਪਰੋਕਤ ਡੇਰੇ ਦੇ ਕੁਝ ਟਰੱਸਟੀਆਂ ਵੱਲੋਂ ਮਿਲੀ ਲਿਖਤੀ ਸ਼ਕਾਇਤ ਦੇ ਆਧਾਰ 'ਤੇ ਇਸ ਦੀ ਪੜਤਾਲ ਕੀਤੀ ਗਈ। ਸਾਰਿਆਂ ਪੱਖਾਂ ਤੋਂ ਕੀਤੀ ਗਈ ਪੁੱਛਤਾਛ ਤੋਂ ਬਾਅਦ ਇਹ ਸਪੱਸ਼ਟ ਹੋਇਆ ਕਿ ਇਨ੍ਹਾਂ ਮਨਮੱਤੀ ਕਾਰਵਾਈਆਂ ਵਿਚ ਸੰਬੰਧਤ ਦੋਵੇਂ ਧਿਰਾਂ ਹੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਭਾਗੀਦਾਰ ਅਤੇ ਦੋਸ਼ੀ ਹਨ। ਇਸ ਲਈ ਅੱਜ ਮਿਤੀ 10-5-2002 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਵੱਲੋਂ ਉਪਰੋਕਤ ਵਿਅਕਤੀਆਂ ਨੂੰ ਹੇਠ ਲਿਖੀ ਤਨਖ਼ਾਹ ਲਗਾਈ ਜਾਂਦੀ ਹੈ:

1. ਇਕ ਇਕ ਹਫ਼ਤਾ ਪੰਜ ਤਖ਼ਤ ਸਾਹਿਬਾਨ ਵਿਖੇ ਇਕ ਘੰਟਾ ਸੰਗਤਾਂ ਦੇ ਜੋੜੇ ਝਾੜਨੇ।
2. ਇਕ ਘੰਟਾ ਕੀਰਤਨ ਸਰਵਣ ਕਰਨਾ।
3. ਇਕ ਘੰਟਾ ਲੰਗਰ ਦੇ ਜੂਠੇ ਬਰਤਨ ਮਾਂਜਣੇ।

ਉਪਰੰਤ 500/- ਰੁਪਏ ਗੋਲਕ ਵਿਚ ਪਾਉਣੇ ਅਤੇ 500/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਸਮੇਤ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਿਰ ਹੋਣਾ ਅਤੇ ਹੋਈਆਂ ਭੁੱਲਾਂ ਦੀ ਖਿਮਾ-ਜਾਚਨਾ ਦੀ ਅਰਦਾਸ ਕਰਾਉਣੀ।

ਦੋਹਾਂ ਹੀ ਧਿਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਨਾ ਕੀਤੀ ਜਾਵੇ।

ਇਸ 'ਅਜੀਬ' ਫ਼ੈਸਲੇ (ਉਰਫ਼ ਹੁਕਮਨਾਮਾ) ਹੇਠਾਂ (ਗਿਆਨੀ) ਜੋਗਿੰਦਰ ਸਿੰਘ, (ਪ੍ਰੋ:) ਮਨਜੀਤ ਸਿੰਘ, ਜਗਤਾਰ ਸਿੰਘ, ਭਗਵਾਨ ਸਿੰਘ ਅਤੇ ਗੁਰਬਚਨ ਸਿੰਘ ਦੇ ਦਸਤਖ਼ਤ ਸਨ।

ਇਸ ਕਮਾਲ ਦੇ ਫ਼ੈਸਲੇ ਵਿਚ ਪਟੀਸ਼ਨ ਕਰਨ ਵਾਲਿਆਂ ਨੂੰ ਵੀ ਤਨਖ਼ਾਹ ਲਾਈ ਗਈ ਸੀ ਅਤੇ ਦੂਜਾ ਇਸ ਵਿਚ ਕੁੜੀ ਨਾਲ ਰੇਪ ਦਾ ਕੋਈ ਜ਼ਿਕਰ ਨਹੀਂ ਸੀ ਤੇ (ਗਿਆਨੀ) ਜੋਗਿੰਦਰ ਸਿੰਘ ਨੇ ਵੱਖਰੇ ਤੌਰ 'ਤੇ ਇਹ ਕਿਹਾ ਕਿ ਇਹ ਫ਼ੌਜਦਾਰੀ ਮਾਮਲਾ ਹੈ ਤੇ ਪੁਲਿਸ ਕੋਲ ਜਾਣਾ ਚਾਹੀਦਾ ਹੈ। ਮਗਰੋਂ 30 ਅਗਸਤ 2002 ਨੂੰ ਪੁਲਿਸ ਨੇ ਧਨਵੰਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਤੋਂ ਇਕ ਇਹ ਰੇਪ ਹੀ ਨਹੀਂ, 6 ਹੋਰ ਰੇਪ ਵੀ ਮੰਨਵਾ ਲਏ। ਉਸ ਨੂੰ 29 ਜਨਵਰੀ 2005 ਦੇ ਦਿਨ ਅਦਾਲਤ ਨੇ 'ਰੇਪ' ਦੇ ਜੁਰਮ ਵਿਚ 10 ਸਾਲ ਦੀ ਕੈਦ ਕੀਤੀ ਤੇ ਦਸ ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ।

ਇਸ ਮਗਰੋਂ (ਗਿਆਨੀ) ਜੋਗਿੰਦਰ ਸਿੰਘ ਨੇ ਆਪਣੇ ਸਾਲੇ 'ਤੇ ਰਿਸ਼ਵਤ ਲੈਣ ਦੇ ਦੋਸ਼ ਲਾਉਣ ਵਾਲੇ ਖਾਲਸਾ ਪੰਚਾਇਤ ਲੁਧਿਆਣਾ ਦੇ ਪੰਜ ਮੁਖੀਆਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਉਧਰ 19 ਮਈ ਨੂੰ ਖਾਲਸਾ ਪੰਚਾਇਤ ਨੇ (ਗਿਆਨੀ) ਜੋਗਿੰਦਰ ਸਿੰਘ ਨੂੰ ਇਕ ਦਰਖ਼ਾਸਤ ਦੇ ਕੇ ਧਨਵੰਤ ਸਿੰਘ ਦਾ ਕੇਸ ਮੁੜ ਵਿਚਾਰਨ ਵਾਸਤੇ ਕਿਹਾ। ਇਸ ਦਰਖ਼ਾਸਤ ਵਿਚ ਪ੍ਰਿਥੀਪਾਲ ਸਿੰਘ ਵੱਲੋਂ ਰਿਸ਼ਵਤ ਲਏ ਜਾਣ ਦੀ ਸ਼ਿਕਾਇਤ ਵੀ ਕੀਤੀ ਹੋਈ ਸੀ। ਉਨ੍ਹਾਂ ਮੰਗ ਕੀਤੀ ਕਿ ਇਸ ਕੇਸ ਦਾ ਫ਼ੈਸਲਾ ਕਰਨ ਵਿਚ (ਗਿਆਨੀ) ਜੋਗਿੰਦਰ ਸਿੰਘ ਆਪ ਸ਼ਾਮਿਲ ਨਾ ਹੋਵੇ, ਕਿਉਂਕਿ ਸ਼ਿਕਾਇਤ

ਹੇਠ ਉਸ ਦਾ ਆਪਣਾ ਸਾਲਾ-ਕਮ-ਪੀ.ਏ. ਵੀ ਸ਼ਾਮਿਲ ਹੈ। ਖਾਲਸਾ ਪੰਚਾਇਤ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਪ੍ਰਿਥੀਪਾਲ ਸਿੰਘ ਵੱਲੋਂ ਰਿਸ਼ਵਤ ਲਏ ਜਾਣ ਦਾ ਸਬੂਤ ਹੈ। 21 ਜੁਲਾਈ ਨੂੰ ਉਨ੍ਹਾਂ ਨੇ 18 ਵਰਕਿਆਂ ਦਾ ਦਸਤਾਵੇਜ਼ ਤੇ ਪੰਜ ਗਵਾਹਾਂ ਦੀ ਲਿਸਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ (ਦੇ ਪੀ.ਏ. ਰਾਹੀਂ) ਉਸ ਨੂੰ ਸੌਂਪ ਦਿੱਤੀ, ਪਰ ਬਡੂੰਗਰ ਨੇ ਇਹ ਸਾਰੇ ਦਸਤਾਵੇਜ਼ (ਗਿਆਨੀ) ਜੋਗਿੰਦਰ ਸਿੰਘ ਦੇ ਹਵਾਲੇ ਕਰ ਦਿੱਤੇ। (ਗਿਆਨੀ) ਜੋਗਿੰਦਰ ਸਿੰਘ ਨੇ ਕੁਝ ਦਿਨ ਮਗਰੋਂ ਆਪਣੇ ਸਾਲੇ ਨੂੰ 'ਬਰੀ' ਕਰਨ ਦਾ ਐਲਾਨ ਕਰ ਦਿੱਤਾ। ਮਗਰੋਂ (ਪ੍ਰੋ:) ਮਨਜੀਤ ਸਿੰਘ ਨੇ ਖਾਲਸਾ ਪੰਚਾਇਤ ਨੂੰ 'ਠੰਢਾ' ਕਰਨ ਵਾਸਤੇ ਪ੍ਰਿਥੀਪਾਲ ਸਿੰਘ ਨੂੰ 58 ਸਾਲ ਤੋਂ ਵੱਡਾ ਕਹਿ ਕੇ ਨੌਕਰੀ ਤੋਂ 'ਕਢਵਾ' ਦਿੱਤਾ (ਦਰਅਸਲ 58 ਸਾਲ ਉਮਰ ਤਾਂ ਐਵੇਂ ਬਹਾਨਾ ਹੀ ਸੀ, ਪ੍ਰਿਥੀਪਾਲ ਨੇ ਤਾਂ ਨੌਕਰੀ 58 ਸਾਲ ਦੀ ਉਮਰ ਤੋਂ ਮਗਰੋਂ ਹੀ ਹਾਸਿਲ ਕੀਤੀ ਸੀ। ਦੂਜਾ ਹੁਣ ਪ੍ਰਿਥੀਪਾਲ ਨੂੰ ਸ਼੍ਰੋਮਣੀ ਕਮੇਟੀ ਦੀ ਸਿਰਫ਼ ਤਨਖ਼ਾਹ ਮਿਲਣੀ ਹੀ ਬੰਦ ਹੋਈ ਸੀ। ਉਹ ਪੀ.ਏ. ਦਾ ਕੰਮ ਅੱਜ, ਫ਼ਰਵਰੀ 2005 ਤਕ ਕਰ ਰਿਹਾ ਹੈ ਅਤੇ ਹਰ ਦੇਸੀ ਅਤੇ ਵਿਦੇਸ਼ੀ ਟੂਰ 'ਤੇ (ਗਿਆਨੀ) ਜੋਗਿੰਦਰ ਸਿੰਘ ਦੇ ਨਾਲ ਜਾਂਦਾ ਹੈ ਅਤੇ ਲੋਕਾਂ ਦਾ ਦੋਸ਼ ਹੈ ਕਿ ਬਾਹਰੋਂ ਇਕੱਠੇ ਹੋਏ ਮਾਇਆ ਦੇ ਢੇਰ ਉਸ ਰਾਹੀਂ ਹੀ ਸੰਭਾਲੇ ਜਾਂਦੇ ਹਨ)।

ਧਨਵੰਤ ਸਿੰਘ ਦੇ ਮਾਮਲੇ ਵਿਚ ਤੇ ਇਸ ਕੇਸ ਦੀ ਦੂਜੀ ਲੜੀ ਪ੍ਰਿਥੀਪਾਲ ਸਿੰਘ ਪੀ.ਏ. ਦੇ ਸਬੰਧ ਵਿਚ (ਗਿਆਨੀ) ਜੋਗਿੰਦਰ ਸਿੰਘ ਦੇ ਰੋਲ 'ਤੇ ਬੜੀ ਬਿਆਨਬਾਜ਼ੀ ਹੋਈ। ਖਾਲਸਾ ਪੰਚਾਇਤ ਅਤੇ ਕਈ ਹੋਰਾਂ ਨੇ ਸ਼ਰੇਆਮ ਇਹ ਕਿਹਾ ਕਿ 'ਵੇਦਾਂਤੀ' ਨੇ ਆਪਣੇ ਸਾਲੇ ਅਤੇ ਧਨਵੰਤ ਸਿੰਘ ਨਾਲ ਰਿਆਇਤ ਕੀਤੀ ਹੈ। ਹੁਣ ਖਾਲਸਾ ਪੰਚਾਇਤ ਨੇ ਇਹ ਦੋਸ਼ ਵੀ ਲਗਾਇਆ ਕਿ ਇਸ ਸਾਰੇ ਘਾਲੇ-ਮਾਲੇ ਵਿਚ (ਪ੍ਰੋ:) ਮਨਜੀਤ ਸਿੰਘ ਵੀ ਮੁਜਰਿਮ ਹੈ ਤੇ ਉਸ ਦੀ ਇਸ ਵਿਚ ਪੂਰੀ ਸ਼ਮੂਲੀਅਤ ਹੈ। ਇਸ ਮਗਰੋਂ ਖਾਲਸਾ ਪੰਚਾਇਤ ਨੇ ਦੋਵੇਂ 'ਜਥੇਦਾਰ ਹਟਾਓ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਦਿਸੰਬਰ 2002 ਵਿਚ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਜੇ 45 ਦਿਨ ਦੇ ਅੰਦਰ ਅੰਦਰ (ਗਿਆਨੀ) ਜੋਗਿੰਦਰ ਸਿੰਘ ਤੇ (ਪ੍ਰੋ:) ਮਨਜੀਤ ਸਿੰਘ ਨੂੰ ਫ਼ਾਰਿਗ ਨਾ ਕੀਤਾ ਗਿਆ ਤਾਂ ਖਾਲਸਾ ਪੰਚਾਇਤ ਇਨ੍ਹਾਂ ਦੋਹਾਂ ਦੀ ਬਰਖ਼ਾਸਤਗੀ ਵਾਸਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰੇਗੀ। ਜਦ ਸ਼੍ਰੋਮਣੀ ਕਮੇਟੀ ਨੇ ਇਸ ਨੋਟਿਸ ਦੀ ਪਰਵਾਹ ਨਾ ਕੀਤੀ ਤਾਂ 19 ਜਨਵਰੀ 2003 ਨੂੰ ਖਾਲਸਾ ਪੰਚਾਇਤ ਨੇ ਐਲਾਨ ਕਰ ਦਿੱਤਾ ਕਿ ਉਹ 22 ਫ਼ਰਵਰੀ 2003 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰਨਗੇ।

ਦਰਬਾਰ ਸਾਹਿਬ ਕੰਪਲੈਕਸ ਵਿਚ ਅਕਾਲੀਆਂ ਵੱਲੋਂ ਮੁਖ਼ਾਲਫ਼ ਸਿੱਖਾਂ ਦੀਆਂ ਪੱਗਾਂ ਲਾਹੁਣਾ

ਆਪਣੇ ਐਲਾਨੇ ਪ੍ਰੋਗਰਾਮ ਮੁਤਾਬਿਕ ਖਾਲਸਾ ਪੰਚਾਇਤ ਦੇ 600-700 ਵਰਕਰ ਅਤੇ ਹਿਮਾਇਤੀ 22 ਫ਼ਰਵਰੀ 2003 ਦੇ ਦਿਨ ਸਵੇਰੇ 11 ਵਜੇ ਅਕਾਲ ਤਖ਼ਤ ਸਾਹਿਬ ਇਕੱਠੇ ਹੋਏ। 12 ਵਜੇ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਅਤੇ

ਧਰਨਾ ਮਾਰਨ ਵਾਸਤੇ ਤੇਜਾ ਸਿੰਘ ਸਮੁੰਦਰੀ ਹਾਲ (ਦਫ਼ਤਰ ਸ਼੍ਰੋਮਣੀ ਕਮੇਟੀ) ਵੱਲ ਚੱਲ ਪਏ। ਜਦ ਇਹ ਜਥਾ ਤੇਜਾ ਸਿੰਘ ਸਮੁੰਦਰੀ ਹਾਲ ਦੇ ਨੇੜੇ, ਜੋੜਿਆਂ ਵਾਲੀ ਜਗ੍ਹਾ 'ਤੇ, ਪਹੁੰਚਿਆ ਤਾਂ ਸ਼੍ਰੋਮਣੀ ਕਮੇਟੀ ਦੀ ਟਾਸਕ ਫ਼ੋਰਸ, ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਹਿਤਾ) ਦੇ ਵਰਕਰ, ਸ਼੍ਰੋਮਣੀ ਕਮੇਟੀ ਦੇ ਦੂਜੇ ਮੁਲਾਜ਼ਮ ਅਤੇ ਹੋਰ ਬਹੁਤ ਸਾਰੇ ਬਾਦਲ-ਧੜੇ ਦੇ ਅਕਾਲੀ ਵਰਕਰਾਂ ਨੇ ਇਨ੍ਹਾਂ ਉੱਤੇ ਲਾਠੀਆਂ, ਹਾਕੀਆਂ, ਤਲਵਾਰਾਂ, ਬੋਤਲਾਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਪੰਜ-ਪੰਜ ਹਮਲਾਵਰਾਂ ਨੇ ਇਕ ਇਕ ਨੂੰ ਫੜ ਕੇ ਦਸਤਾਰ ਲਾਹ ਕੇ ਦਾੜ੍ਹੀ-ਕੇਸ ਪੁੱਟ ਕੇ ਖ਼ੂਬ ਕੁੱਟਿਆ ਅਤੇ ਕੁੱਟੇ ਜਾਣ ਵਾਲਿਆਂ ਵਿਚ ਇਕ ਬੀਬੀ ਵੀ ਸੀ (ਵੇਖੋ ਤਸਵੀਰਾਂ)। ਖ਼ਾਲਸਾ ਪੰਚਾਇਤ ਦੇ ਵਰਕਰਾਂ 'ਤੇ ਹਮਲੇ ਦੀ ਅਗਵਾਈ ਅਲਵਿੰਦਰ ਪਾਲ ਸਿੰਘ ਪੱਖੋਕੇ (ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ), ਜਸਵਿੰਦਰ ਸਿੰਘ (ਮੈਂਬਰ ਸ਼੍ਰੋਮਣੀ ਕਮੇਟੀ), ਰਜਿੰਦਰ ਸਿੰਘ ਮਹਿਤਾ, (ਪ੍ਰੋ:) ਸਰਚਾਂਦ ਸਿੰਘ, ਗੁਰਚਰਨ ਸਿੰਘ ਗਰੇਵਾਲ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦਾ ਸਕੱਤਰ, ਪ੍ਰਧਾਨ ਦਾ ਪੀ.ਏ., ਦਰਬਾਰ ਸਾਹਿਬ ਦਾ ਮੈਨੇਜਰ ਤੇ ਕਈ ਹੋਰ ਕਰ ਰਹੇ ਸਨ। ਇਸ ਹਮਲੇ ਦੀ ਤਿਆਰੀ ਕਈ ਦਿਨ ਪਹਿਲਾਂ ਦੀ ਸੀ ਅਤੇ ਇਸ ਦੀ ਪਲਾਨ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਘਰ 21 ਫ਼ਰਵਰੀ 2003 ਦੀ ਸ਼ਾਮ ਦੇ 7 ਵਜੇ ਦੇ ਕਰੀਬ ਤਿਆਰ ਹੋਈ ਸੀ।

ਜਿਸ ਵੇਲੇ ਇਹ ਹਮਲਾ ਹੋਇਆ ਪੁਲਿਸ, ਪਹਿਲੋਂ ਪਤਾ ਹੋਣ ਕਰ ਕੇ ਹਾਜ਼ਿਰ ਸੀ, ਪਰ ਉਹ ਤਮਾਸ਼ਾ ਵੇਖਦੀ ਰਹੀ (ਵੇਖੋ ਤਸਵੀਰਾਂ)। ਪੁਲਿਸ ਨੂੰ ਸਾਫ਼ ਦਿਸ ਰਿਹਾ ਸੀ ਕਿ ਹਮਲਾਵਰ ਕੌਣ ਸਨ, ਪਰ ਉਨ੍ਹਾਂ ਨੇ ਉਲਟਾ ਰਜਿੰਦਰ ਸਿੰਘ (ਕਨਵੀਨਰ), ਚਰਨਜੀਤ ਸਿੰਘ, ਜਰਨੈਲ ਸਿੰਘ, ਗੁਰਦੇਵ ਸਿੰਘ ਬਟਾਲਵੀ, ਅਮਨਦੀਪ ਸਿੰਘ, ਤੇਜਿੰਦਰ ਸਿੰਘ ਤੇ ਜਸਵਿੰਦਰ ਸਿੰਘ ਕਾਹਮਾ ਨੂੰ ਦਫ਼ਾ 323, 324, 326, 148, 149 ਤੇ 188 ਹੇਠ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ। ਇਹ ਸਾਰੇ 15 ਦਿਨ ਮਗਰੋਂ 8 ਮਾਰਚ 2003 ਦੇ ਦਿਨ ਜ਼ਮਾਨਤਾਂ 'ਤੇ ਰਿਹਾਅ ਹੋਏ। ਬਾਦਲ ਅਕਾਲੀ ਦਲ ਦੇ ਆਗੂਆਂ ਨੇ ਇਸ ਧਰਨੇ ਬਾਰੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਖ਼ਾਲਸਾ ਪੰਚਾਇਤ ਕਾਂਗਰਸ ਦੀ ਪੈਦਾਵਾਰ ਹੈ। *ਉਂਞ ਦਿਲਚਸਪ ਗੱਲ ਹੈ ਕਿ ਕਾਂਗਰਸ ਦੀ ਹਕੂਮਤ ਹੋਵੇ ਅਤੇ ਮੁਜ਼ਾਹਰਾ ਕਰਨ ਵਾਲਿਆਂ 'ਤੇ ਪੁਲਿਸ ਦੇ ਸਾਹਮਣੇ ਹਮਲਾ ਹੋਇਆ ਹੋਵੇ, ਫਿਰ ਮਜ਼ਲੂਮ ਹੀ 7-8 ਦਫ਼ਾ ਲਾ ਕੇ ਗ੍ਰਿਫ਼ਤਾਰ ਕੀਤੇ ਹੋਣ ਤੇ ਪੰਦਰਾਂ ਦਿਨ ਮਗਰੋਂ ਜ਼ਮਾਨਤਾਂ 'ਤੇ ਰਿਹਾਅ ਹੋਣ ਅਜੇ ਵੀ ਖ਼ਾਲਸਾ ਪੰਚਾਇਤ ਕਾਂਗਰਸੀ ਹੈ।*

ਜਿੱਥੋਂ ਤਕ (ਗਿਆਨੀ) ਜੋਗਿੰਦਰ ਸਿੰਘ ਨੂੰ ਹਟਾਉਣ ਦੀ ਮੰਗ ਦਾ ਸਵਾਲ ਹੈ, ਹਰ ਇਕ ਸਿੱਖ ਦਾ ਹੱਕ ਹੈ ਕਿ ਉਹ ਕਿਸੇ ਨੂੰ ਵੀ ਕਿਸੇ ਵੀ ਅਹੁਦੇ ਤੋਂ ਹਟਾਉਣ ਦੀ ਮੰਗ ਕਰੇ। ਕਿਸੇ ਅਖੌਤੀ-ਜਥੇਦਾਰ ਦੀਆਂ ਗ਼ਲਤੀਆਂ (ਜਾਂ ਕਿਸੇ ਸਾਜ਼ਿਸ਼ ਵਿਚ ਭਾਈਵਾਲੀ) ਸਬੰਧੀ ਵਿਚਾਰ ਪੇਸ਼ ਕਰਨ ਦਾ ਹਰ ਇਕ ਨੂੰ ਹੱਕ ਹੈ [ਮਗਰੋਂ 31 ਜੁਲਾਈ 2004 ਦੇ ਦਿਨ ਸੁਖਦੇਵ ਸਿੰਘ ਢੀਂਡਸਾ ਨੇ ਪ੍ਰਹਿਲਾਦ ਸਿੰਘ ਚੰਡੋਕ (ਪ੍ਰਧਾਨ ਦਿੱਲੀ ਗੁਰਦੁਆਰਾ ਕਮੇਟੀ) ਨੂੰ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵੱਲੋਂ ਬਿਨਾ ਸਜ਼ਾ ਮੁਆਫ਼ੀ ਦੇਣ 'ਤੇ ਸਖ਼ਤ ਲਫ਼ਜ਼ ਆਖੇ ਸਨ। ਇਕ ਦਿਨ ਪਹਿਲਾਂ ਪਰਕਾਸ਼ ਸਿੰਘ ਬਾਦਲ ਵੀ ਅਜਿਹਾ ਕਹਿ ਚੁੱਕਿਆ ਸੀ]। ਸੋ ਖ਼ਾਲਸਾ ਪੰਚਾਇਤ ਇਸ ਪੱਖੋਂ ਗ਼ਲਤ ਨਹੀਂ ਸੀ।

ਇਹ ਗੱਲ ਵੀ ਸਹੀ ਨਹੀਂ ਕਿ ਪਹਿਲਾਂ ਦਰਬਾਰ ਸਾਹਿਬ ਵਿਚ ਅਜਿਹਾ ਕਦੇ ਨਹੀਂ ਸੀ ਹੋਇਆ। 1961 ਵਿਚ ਉਮਰਾਨੰਗਲ ਨੇ ਅਜਿਹਾ ਕੀਤਾ ਸੀ (ਉਸ ਨੇ ਤਾਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਭੁਖ ਹੜਤਾਲ ਵੀ ਰਖੀ ਸੀ)। ਪੂਰਨ ਸਿੰਘ ਜੋਸ਼ ਨੇ ਕਾਲੇ ਕਪੜੇ ਪਾ ਕੇ ਘੱਟੋ-ਘੱਟ ਦੋ ਵਾਰ (ਇਕ ਵਾਰ ਟੌਹੜੇ ਦੇ ਖ਼ਿਲਾਫ਼ ਤੇ ਦੂਜੀ ਵਾਰ ਸਕੱਤਰ ਕੁਲਵੰਤ ਸਿੰਘ ਦੇ ਖ਼ਿਲਾਫ਼) ਮੁਜ਼ਾਹਰਾ ਕੀਤਾ ਸੀ। ਪਰ ਨਾ ਤਾਂ ਖਾਲਸਾ ਪੰਚਾਇਤ ਸਹੀ ਸੀ ਤੇ ਨਾ ਉਮਰਾਨੰਗਲ ਜਾਂ ਪੂਰਨ ਸਿੰਘ ਜੋਸ਼। ਇੰਞ ਹੀ 1999 ਵਿਚ ਬਾਦਲ ਤੇ 2002 ਵਿਚ ਅਮਰਿੰਦਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੇਲੇ ਤੇਜਾ ਸਿੰਘ ਸਮੁੰਦਰੀ ਹਾਲ 'ਚ ਪੁਲਿਸ ਭੇਜਣਾ ਜਾਇਜ਼ ਨਹੀਂ ਸੀ। ਨਾ ਮਹੰਤ ਮਨਜੀਤ ਸਿੰਘ ਜੰਮੂ ਤੇ ਨਾ ਬਾਦਲ ਵੱਲੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਜਾਂ ਅਕਾਲ ਤਖ਼ਤ ਸਾਹਿਬ 'ਤੇ ਹਜੂਮ ਲਿਜਾਣਾ ਜਾਇਜ਼ ਸੀ।

ਖਾਲਸਾ ਪੰਚਾਇਤ ਵਾਸਤੇ ਸਹੀ ਕਦਮ ਇਹ ਸੀ ਕਿ (ਗਿਆਨੀ) ਜੋਗਿੰਦਰ ਸਿੰਘ ਦੇ ਘਰ ਦੇ ਪਿੱਛੇ ਗਲਿਆਰੇ ਵਿਚ ਜਾਂ ਜਲ੍ਹਿਆਂ ਵਾਲਾ ਬਾਗ਼ ਕੋਲ ਧਰਨਾ ਮਾਰ ਸਕਦੇ ਸਨ। ਧਰਨਾ ਕਿਤੇ ਵੀ ਹੁੰਦਾ, ਉਸ ਦੀ ਓਨੀ ਹੀ ਫ਼ੋਰਸ ਸੀ। ਪਰ ਇਸ ਦਾ ਮਤਲਬ ਹਰਗਿਜ਼ ਇਹ ਵੀ ਨਹੀਂ ਕਿ ਧਰਨਾ ਮਾਰਨ ਵਾਲਿਆਂ ਉੱਡੇ ਡਾਂਗਾ, ਤਲਵਾਰਾਂ ਤੇ ਪੱਥਰਾਂ ਦਾ ਮੀਂਹ ਵਰ੍ਹਾਇਆ ਜਾਂਦਾ। ਸਿੱਖਾਂ ਦੀਆਂ ਪੱਗਾਂ ਲਾਹੁਣਾ, ਉਨ੍ਹਾਂ ਦੇ ਦਾੜ੍ਹੀ-ਕੇਸ ਪੁੱਟਣਾ (ਵੇਖੋ ਤਸਵੀਰਾਂ) ਕਿਵੇਂ ਸਿੱਖੀ ਦੀ ਨਿਸ਼ਾਨੀ ਮੰਨੀਆਂ ਜਾ ਸਕਦੀਆਂ ਹਨ।

ਇਸ ਧਰਨੇ ਕਾਰਨ ਇਸ 'ਤੇ ਹੋਏ ਹਮਲੇ ਮਗਰੋਂ ਅਤੇ ਖਾਲਸਾ ਪੰਚਾਇਤ ਨੂੰ ਕਾਂਗਰਸੀ ਲੇਬਲ ਲਾਉਣ ਨਾਲ, ਇਹ ਜਥੇਬੰਦੀ ਹਮੇਸ਼ਾ ਵਾਸਤੇ ਐਂਟੀ-(ਗਿਆਨੀ) ਜੋਗਿੰਦਰ ਸਿੰਘ ਤੇ ਐਂਟੀ-ਬਾਦਲ ਹੋ ਗਈ। ਇਸ ਸਾਰਾ ਕੁਝ ਨਾਲ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੀ ਸ਼ਖ਼ਸੀਅਤ 'ਤੇ ਹੋਰ ਵੀ ਮਾੜਾ ਅਸਰ ਪਿਆ।

(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਅਤੇ ਕਾਲਾ ਅਫ਼ਗਾਨਾ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਇਕ ਸਾਬਕ ਪੁਲਿਸ ਅਫ਼ਸਰ ਸੀ। ਉਹ ਪੰਜ ਕੁ ਸਾਲ ਤੋਂ ਕੈਨੇਡਾ ਵਿਚ ਬੈਠੇ ਕੇ ਕੁਝ ਕਿਤਾਬਾਂ ਲਿਖ ਅਤੇ ਛਾਪ ਰਿਹਾ ਸੀ। ਇਹ ਲੜੀ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦਸ ਜਿਲਦਾਂ ਵਿਚ ਛਪੀ ਸੀ। ਗੁਰਬਖ਼ਸ਼ ਸਿੰਘ, ਦਰਅਸਲ ਕੋਈ ਲੇਖਕ ਜਾਂ ਵਿਦਵਾਨ ਨਹੀਂ ਸੀ। ਉਹ ਇਕ ਆਮ ਪੁਲਸੀਆ ਸੀ, ਜਿਸ 'ਤੇ ਕੁਰਪਸ਼ਨ ਦੇ ਕਈ ਕੇਸ ਚੱਲ ਰਹੇ ਸਨ। 1972 ਤੋਂ 1980 ਤਕ ਉਸ 'ਤੇ ਕੁਰਪਸ਼ਨ ਦੇ ਕਈ ਕੇਸ ਦਰਜ ਹੋਏ ਸਨ, ਇਨ੍ਹਾਂ ਵਿੱਚੋਂ ਇਕ ਵਿਚ ਉਸ ਨੂੰ ਇਕ ਸਾਲ ਦੀ ਕੈਦ ਵੀ ਹੋਈ ਸੀ। ਉਹ ਕੈਦ ਭੁਗਤਣ ਦੀ ਬਜਾਇ ਭਗੌੜਾ ਹੋ ਗਿਆ ਅਤੇ ਕੈਨੇਡਾ ਪੁੱਜ ਗਿਆ। ਉਹ ਕੈਨੇਡਾ ਜਾ ਕੇ ਟੋਪਾਜ਼ ਗੁਰਦੁਆਰੇ ਵਿਚ ਗ੍ਰੰਥੀ ਬਣ ਗਿਆ। ਉੱਥੇ ਉਸ ਨੇ ਇਕ ਔਰਤ ਨਾਲ ਗ਼ਲਤ ਹਰਕਤਾਂ ਕੀਤੀਆਂ, ਜਿਸ ਨਾਲ ਉਸ 'ਤੇ ਮੁਕੱਦਮਾ ਚਲਾਇਆ। ਇਸ ਕੇਸ ਵਿਚ ਉਸ ਨੂੰ 10 ਹਜ਼ਾਰ ਡਾਲਰ ਜੁਰਮਾਨਾ ਹੋਇਆ।

ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਬਾਰੇ ਇਹ ਚਰਚਾ ਵੀ ਚਲਿਆ ਕਿ ਇਹ ਕਿਤਾਬਾਂ ਕਿਸੇ ਸਿੱਖ-ਦੁਸ਼ਮਣ ਏਜੰਸੀ ਵੱਲੋਂ ਲਿਖ ਕੇ ਕਾਲਾ ਅਫ਼ਗਾਨਾ ਦੇ ਨਾਂ ਹੇਠ ਛਪਵਾਈਆਂ ਗਈਆਂ ਸਨ। ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਵਿਚ ਜਿਥੇ ਕਰਮ-ਕਾਂਡ

ਅਤੇ ਪਾਖੰਡ ਦੇ ਖ਼ਿਲਾਫ਼ ਦਲੀਲਾਂ ਦਿੱਤੀਆਂ ਹੋਈਆਂ ਸਨ, ਉੱਥੇ ਇਨ੍ਹਾਂ ਵਿਚ ਸਿੱਖ ਪੰਥ ਦੀਆਂ ਮੁੱਢਲੀਆਂ ਇੰਸਟੀਚਿਊਸ਼ਨਜ਼ 'ਤੇ ਹਮਲੇ ਵੀ ਕੀਤੇ ਹੋਏ ਸਨ। ਇਹ ਸੱਚਮੁੱਚ ਇਤਰਾਜ਼ ਵਾਲੀ ਗੱਲ ਸੀ। ਕਈ ਸਿੱਖ ਵਿਦਵਾਨਾਂ ਤੇ ਲੇਖਕਾਂ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਇਹ ਕੇਸ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਹਵਾਲੇ ਕਰ ਦਿੱਤਾ ਗਿਆ। (ਗਿਆਨੀ) ਜੋਗਿੰਦਰ ਸਿੰਘ ਨੇ ਕਾਲਾ ਅਫ਼ਗਾਨਾ ਨੂੰ ਅਕਾਲ ਤਖ਼ਤ ਸਾਹਿਬ 'ਤੇ 'ਤਲਬ' ਕਰ ਲਿਆ। ਕਾਲਾ ਅਫ਼ਗਾਨਾ ਨੇ ਬਹਾਨਾ ਲਾਇਆ ਕਿ "ਮੈਂ ਬਜ਼ੁਰਗ ਹਾਂ ਤੇ ਦੂਜਾ ਮੇਰੇ 'ਤੇ ਕਈ ਮੁਕਦਮੇ ਦਰਜ ਹਨ ਤੇ ਮੈਨੂੰ ਭਾਰਤ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।" (ਗਿਆਨੀ) ਜੋਗਿੰਦਰ ਸਿੰਘ ਨੇ ਸਿੱਧੀ ਪੇਸ਼ੀ ਦੀ ਬਜਾਇ ਕਾਲਾ ਅਫ਼ਗਾਨਾ ਨੂੰ ਵੀਡੀਓ-ਕਾਨਫ਼ਰੰਸਿੰਗ ਰਾਹੀਂ ਉਸ ਦੀ ਜਵਾਬ ਤਲਬੀ ਕਰਨ ਦੀ ਸਹੂਲਤ ਦੇਣ ਦਾ ਐਲਾਨ ਕਰ ਦਿੱਤਾ। ਪਰ ਇਹ ਵੀਡੀਓ ਕਾਨਫ਼ਰੰਸਿੰਗ 18 ਫ਼ਰਵਰੀ 2003 ਦੇ ਦਿਨ ਹੋਣ ਤੋਂ ਇਕ ਦਿਨ ਪਹਿਲਾਂ ਹੀ ਬਿਨਾਂ ਕਾਰਨ 'ਕੈਂਸਲ' ਕਰ ਦਿੱਤੀ ਗਈ ਅਤੇ ਕਾਲਾ ਅਫ਼ਗਾਨਾ ਨੂੰ ਖ਼ੁਦ ਪੇਸ਼ ਹੋਣ ਵਾਸਤੇ 'ਹੁਕਮ' ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਕਿ ਉਹ ਪੇਸ਼ ਹੁੰਦਾ 5 ਅਪਰੈਲ 2003 ਦੇ ਦਿਨ ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਦੀ ਛਪਾਈ ਅਤੇ ਵੇਚ 'ਤੇ ਪਾਬੰਦੀ ਲਾ ਦਿੱਤੀ ਗਈ। ਇਸ ਮਗਰੋਂ 10 ਜੁਲਾਈ 2003 ਦੇ ਦਿਨ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ 'ਪੰਥ ਚੋਂ ਖ਼ਾਰਿਜ' ਕਰ ਦਿੱਤਾ ਗਿਆ। ਕਾਲਾ ਅਫ਼ਗਾਨਾ ਨੂੰ 'ਖ਼ਾਰਿਜ' ਕਰਨ ਵਾਲਾ ਹੁਕਮ ਇੰਞ ਸੀ :

ਨੰ: ਅ.ਤ./03/3300 ਮਿਤੀ : 10-7-2003

ਹੁਕਮਨਾਮਾ

ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਆਪਣੀਆਂ ਪੁਸਤਕਾਂ ਵਿਚ ਅਨੇਕਾਂ ਥਾਈਂ ਖੰਡੇ ਬਾਟੇ ਦੇ ਅੰਮ੍ਰਿਤ, ਗੁਰੂ ਗ੍ਰੰਥ ਸਾਹਿਬ ਪ੍ਰਤੀ ਗੁਰਤਾ ਦੀ ਸ਼ਰਧਾ-ਭਾਵਨਾ ਅਤੇ ਹੋਰ ਕਈ ਗੁਰਮਤਿ ਸਿਧਾਂਤਾਂ ਵਿਚ ਰੋਲ-ਘਚੋਲਾ ਪਾਉਣ ਦਾ ਕੋਝਾ ਯਤਨ ਕੀਤਾ ਹੈ। ਸਾਧਾਰਨ ਸਿੱਖ ਸ਼ਰਧਾਲੂਆਂ ਨੂੰ ਭਰਮਾਉਣ ਲਈ ਲਿਖਤਾਂ ਵਿਚ ਬੇਸ਼ੱਕ ਗੁਰਬਾਣੀ ਦੀਆਂ ਬੇਅੰਤ ਉਦਾਹਰਣਾਂ ਦਿੱਤੀਆਂ ਹਨ, ਪਰ ਉਸ ਵੱਲੋਂ ਸਿੱਟੇ ਮਨਮੱਤੀ ਹੀ ਕੱਢੇ ਹਨ, ਯਾਨੀ ਦੁੱਧ ਵਿਚ ਕਾਂਜੀ ਮਿਲਾਉਣ ਦੀ ਕੁਟਲ ਚਾਲ ਚੱਲੀ ਹੋਈ ਹੈ।

ਗੁਰਮਤੀ ਵਿਚਾਰਧਾਰਾ ਦੇ ਧਾਰਨੀ ਸਮੁੱਚੇ ਸਿੱਖ-ਜਗਤ ਦੀਆਂ ਧਾਰਮਿਕ ਭਾਵਨਾਵਾਂ ਇਸ ਨਾਲ ਵਲੂੰਧਰੀਆਂ ਗਈਆਂ ਹਨ, ਜਿਸ ਕਰ ਕੇ ਦੇਸ਼-ਵਿਦੇਸ਼ ਵਿਚ ਉਸ ਦੀਆਂ ਲਿਖਤਾਂ ਦਾ ਕਰੜਾ ਵਿਰੋਧ ਹੋ ਰਿਹਾ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 10-5-2003 ਦੇ ਹੁਕਮਨਾਮੇ ਰਾਹੀਂ ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਤਨਖ਼ਾਹੀਆ ਕਰਾਰ ਦਿੰਦਿਆਂ ਹੋਇਆਂ ਮਿਤੀ 10-7-2003 ਤਕ ਅਕਾਲ ਤਖ਼ਤ ਸਾਹਿਬ ਵਿਖੇ ਨਿਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਆਦੇਸ਼ ਦਿੱਤਾ ਗਿਆ ਸੀ।

ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਵੱਲੋਂ ਅਕਾਲ ਤਖ਼ਤ ਸਾਹਿਬ ਨੂੰ ਭੇਜੇ ਗਏ ਪੱਤਰ ਮਿਤੀ 6-5-2003 ਅਤੇ ਮਿਤੀ 21-5-2003 ਵਿਚ ਅਪਮਾਨਜਨਕ ਸ਼ਬਦਾਵਲੀ ਵਰਤਦਿਆਂ ਹੋਇਆਂ ਧੌਂਸ ਦਿੱਤੀ ਗਈ ਸੀ ਕਿ ਉਹ ਇੰਟਰਨੈਸ਼ਨਲ ਮੀਡੀਏ ਅਤੇ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਵੇਗਾ।

ਪੇਸ਼ ਹੋਣ ਲਈ ਦਿੱਤੇ ਗਏ ਨਿਸ਼ਚਿਤ ਸਮੇਂ ਦੀ ਆਖ਼ਰੀ ਤਾਰੀਖ਼ ਮਿਤੀ 10-7-2003 ਨੂੰ ਵੀ ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਨਹੀਂ ਹੋਇਆ ਅਤੇ ਇੰਞ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਵੀ ਦੋਸ਼ੀ ਹੈ।

ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੇ ਪੱਤਰਾਂ ਵਿਚ ਵਿਤੰਡਾਵਾਦੀ[11] ਅਤੇ ਅਪਮਾਨਜਨਕ ਸ਼ਬਦਾਵਲੀ ਅਤੇ ਉਸ ਦੇ ਹੈਂਕੜ ਭਰੇ ਵਤੀਰੇ ਤੋਂ ਉਸ ਦੇ ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਣ ਦਾ ਠੋਸ ਪ੍ਰਮਾਣ ਮਿਲਦਾ ਹੈ।

ਅੱਜ ਮਿਤੀ 10-7-2003 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਇਸ ਮਸਲੇ ਉੱਤੇ ਦੀਰਘ ਵਿਚਾਰ-ਵਟਾਂਦਰੇ ਮਗਰੋਂ ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਉਪਰੋਕਤ ਦੋਸ਼ਾਂ ਵਜੋਂ ਪੰਥ ਵਿੱਚੋਂ ਛੇਕਿਆ ਜਾਂਦਾ ਹੈ।

ਦੇਸ਼-ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਵੱਲੋਂ ਸ: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਉਸ ਦੇ ਹਿਮਾਇਤੀ ਕਿਸੇ ਵੀ ਵਿਅਕਤੀ ਨੂੰ ਕਿਸੇ ਸਿੱਖ-ਸਟੇਜ ਉੱਤੇ ਨਾ ਬੋਲਣ ਦੀ ਆਗਿਆ ਦਿੱਤੀ ਜਾਵੇ ਤੇ ਨਾ ਹੀ ਕਿਸੇ ਕਿਸਮ ਦਾ ਕੋਈ ਸਹਿਯੋਗ ਦਿੱਤਾ ਜਾਵੇ।

ਬਹੁਤ ਸਾਰੇ ਵਿਦਵਾਨਾਂ ਨੂੰ ਕਾਲਾ ਅਫ਼ਗਾਨਾ ਦੀਆਂ ਲਿਖਤਾਂ 'ਤੇ ਇਤਰਾਜ਼ ਹਨ, ਪਰ ਜਿਸ ਤਰੀਕੇ ਨਾਲ ਉਸ ਨੂੰ 'ਖ਼ਾਰਿਜ' ਕੀਤਾ ਗਿਆ, ਉਸ ਨਾਲ ਕੋਈ ਵੀ ਰਾਜ਼ੀ ਨਹੀਂ ਸੀ। ਪਹਿਲਾਂ ਧਰਮ ਪ੍ਰਚਾਰ ਕਮੇਟੀ ਵਿਚ (ਜਥੇਦਾਰ ਤਲਵੰਡੀ ਦੀ ਪ੍ਰਧਾਨਗੀ ਵੇਲੇ) ਵੀ ਕਾਲਾ ਅਫ਼ਗਾਨਾ ਦੇ ਖ਼ਿਲਾਫ਼ ਮਤਾ ਪਾਸ ਹੋਣ ਲੱਗਾ ਸੀ, ਪਰ ਗਿਆਨੀ ਜਗਮੋਹਣ ਸਿੰਘ ਲੁਧਿਆਣਾ ਅਤੇ ਕੁਝ ਹੋਰ ਮਿਸ਼ਨਰੀਆਂ ਨੇ ਇਸ ਐਲਾਨ ਨੂੰ ਰੁਕਵਾ ਲਿਆ ਸੀ। ਦੂਜਾ, 18 ਫ਼ਰਵਰੀ 2003 ਦੇ ਦਿਨ ਵੀਡੀਓ ਕਾਨਫ਼ਰੰਸਿੰਗ ਰੱਖ ਕੇ ਇਸ ਨੂੰ ਮੁਲਤਵੀ ਨਹੀਂ, ਬਲਕਿ ਕੈਂਸਲ ਕਰਨਾ ਗ਼ਲਤ ਸੀ। ਤੀਜਾ, ਗੁਰਤੇਜ ਸਿੰਘ ਬਰਾੜ (ਸਾਬਕਾ ਆਈ.ਏ.ਐਸ.) ਨੇ ਕਾਲਾ ਅਫ਼ਗਾਨਾ ਦੇ ਨੁਮਾਇੰਦੇ ਵਜੋਂ ਪੇਸ਼ ਹੋਣਾ ਚਾਹਿਆ ਤਾਂ ਉਸ ਨੂੰ ਇਜਾਜ਼ਤ ਨਹੀਂ ਦਿੱਤੀ ਗਈ, ਇਹ ਵੀ ਠੀਕ ਨਹੀਂ ਸੀ। ਚੌਥਾ, 2002-03 ਵਿਚ ਕਾਲਾ ਅਫ਼ਗਾਨਾ ਨੇ ਬਹੁਤ ਸਾਰੇ ਲੇਖ ਲਿਖ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵੱਲੋਂ ਐਡਿਟ ਕੀਤੀ ਕਿਤਾਬ "ਗੁਰ ਬਿਲਾਸ ਪਾਤਸ਼ਾਹੀ ਛੇਵੀਂ" ਵਿਚਲੀ ਪੰਥ-ਘਾਤਕ ਸਾਮੱਗਰੀ ਦਾ ਪਾਜ ਉਘੇੜਿਆ ਸੀ।[12] ਸਾਫ਼ ਨਜ਼ਰ ਆ ਰਿਹਾ ਸੀ ਕਿ (ਗਿਆਨੀ) ਜੋਗਿੰਦਰ ਸਿੰਘ ਨਿੱਜੀ ਗ਼ੁੱਸਾ ਕੱਢਣ ਵਾਸਤੇ ਕਾਲਾ ਅਫ਼ਗਾਨਾ ਨੂੰ 'ਪੰਥ 'ਚੋਂ ਖ਼ਾਰਿਜ' ਕਰਨਾ ਚਾਹੁੰਦਾ ਸੀ। ਕਾਲਾ ਅਫ਼ਗਾਨਾ ਦੇ ਮਸਲੇ 'ਤੇ ਵਰਤਿਆ ਗਿਆ ਪੈਂਤੜਾ ਮਨਜੀਤ ਸਿੰਘ ਵੱਲੋਂ ਪਿਸ਼ੌਰਾ ਸਿੰਘ ਅਤੇ ਅਮਰਜੀਤ ਗਰੇਵਾਲ ਦੇ ਮਾਮਲੇ ਨਾਲੋਂ ਬਿਲਕੁਲ ਵੱਖਰਾ ਸੀ। ਇਸ ਕਾਰਨ ਦਾਲ ਵਿਚ ਕੁਝ ਕਾਲਾ-ਕਾਲਾ ਨਜ਼ਰ ਆਉਂਦਾ ਹੈ।

ਕਾਲਾ ਅਫ਼ਗਾਨਾ ਨੇ ਇਸ 'ਖ਼ਾਰਿਜ' ਕਰਨ ਦੇ 'ਹੁਕਮ' ਦੀ ਕੋਈ ਪਰਵਾਹ ਨਾ ਕੀਤੀ। ਉਨ੍ਹੀਂ ਦਿਨੀਂ ਸਿੱਖ ਵਿਦਵਾਨ ਵੀ ਇਸ ਮਸਲੇ 'ਤੇ ਦੋ ਧੜਿਆਂ ਵਿਚ ਵੰਡੇ ਗਏ।

---

11. ਕੀ ਇਸ ਲਫ਼ਜ਼ ਦੀ ਪੰਜਾਬੀ ਨਹੀਂ ਮਿਲਦੀ ? ਅਜਿਹਾ ਜਾਪਦਾ ਹੈ ਕਿ ਇਹ ਡਰਾਫ਼ਟ ਕਿਸੇ ਨੇ ਅੰਗਰੇਜ਼ੀ ਵਿਚ ਲਿਖ ਕੇ ਦਿੱਤਾ ਸੀ ਤੇ ਉਸ ਦਾ ਤਰਜਮਾ ਕਰਨ ਵਾਲੇ ਨੂੰ ਡਿਕਸ਼ਨਰੀ 'ਚੋਂ ਸਿਰਫ਼ ਸੰਸਕ੍ਰਿਤ/ਹਿੰਦੀ ਦਾ ਇਹ ਲਫ਼ਜ਼ ਹੀ ਲੱਭਿਆ।
12. ਦਿਲਚਸਪ ਗੱਲ ਇਹ ਹੈ ਕਿ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੀ ਇਸ ਕਿਤਾਬ ਦੇ ਸ਼ੁਰੂ ਵਿਚ ਦਰਜਨ ਕੁ ਤਾਰੀਫ਼-ਲੇਖ ਅਤੇ ਟਿੱਪਣੀਆਂ ਹਨ। ਮਗਰੋਂ ਇਨ੍ਹਾਂ ਵਿੱਚੋਂ ਕਈਆਂ ਨੇ ਕਿਹਾ ਕਿ **(ਗਿਆਨੀ) ਜੋਗਿੰਦਰ ਸਿੰਘ ਨੇ ਆਪੇ ਲਿਖ ਕੇ ਉਹ ਸਭ ਛਾਪ ਲਏ ਸਨ**। (ਕੀ ਜੋਗਿੰਦਰ ਸਿੰਘ ਵੇਦਾਂਤੀ ਇਹੋ ਜਿਹਾ ਬੰਦਾ ਹੈ ? ਇਹ ਕਿਰਦਾਰ ਅਖੌਤੀ-ਜਥੇਦਾਰ ਦਾ ਹੈ ?) ਇਸ ਕਿਤਾਬ ਨੂੰ (ਭਾਈ) ਰਣਜੀਤ ਸਿੰਘ ਨੇ ਰਲੀਜ਼ ਕੀਤਾ ਸੀ। ਜਦ ਕਾਲਾ ਅਫ਼ਗਾਨਾ ਦੇ ਲੇਖਾਂ ਵਿਚ ਇਸ ਕਿਤਾਬ ਵਿਚਲੀ ਗੁਰੂ-ਨਿੰਦਾ ਦਾ ਪਾਜ ਉਘੜਿਆ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਕਿਤਾਬ ਦੀ ਸੇਲ ਬੰਦ ਕਰ ਦਿੱਤੀ, ਪਰ ਕੁਝ ਚਿਰ ਮਗਰੋਂ ਚੁੱਪਚਾਪ ਦੋਬਾਰਾ ਸੇਲ ਸ਼ੁਰੂ ਕਰ ਦਿੱਤੀ ਗਈ ਸੀ।

ਕਾਲਾ ਅਫ਼ਗਾਨਾ ਦੇ ਹਿਮਾਇਤੀ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਖ਼ਿਲਾਫ਼ ਸ਼ਰੇਆਮ ਉਠ ਪਏ। ਦੂਜੇ ਪਾਸੇ ਚੰਦ ਇਕ ਲੇਖਕ ਕਾਲਾ ਅਫ਼ਗਾਨਾ ਖ਼ਿਲਾਫ਼ 'ਐਕਸ਼ਨ' ਦੀ ਹਿਮਾਇਤ ਵੀ ਕਰਨ ਲੱਗ ਪਏ। ਉਂਞ ਸਾਰੇ ਮਿਸ਼ਨਰੀ ਅਤੇ ਟਕਸਾਲੀ ਲੇਖਕ ਤੇ ਬਹੁਤ ਵਿਦਵਾਨ ਕਾਲਾ ਅਫ਼ਗਾਨਾ ਦੇ ਖ਼ਿਲਾਫ਼ ਲਾਏ ਗਏ ਐਕਸ਼ਨ ਦੇ 'ਤਰੀਕੇ' ਦੇ ਖ਼ਿਲਾਫ਼ ਸਨ।

ਮੋਹਾਲੀ ਕਨਵੈਨਸ਼ਨ 26 ਅਕਤੂਬਰ 2003

ਕਾਲਾ ਅਫ਼ਗਾਨਾ ਨੂੰ 'ਖ਼ਾਰਿਜ' ਕਰਨ ਵੇਲੇ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸੀ, ਫਿਰ ਕੁਝ ਚਿਰ ਅਲਵਿੰਦਰਪਾਲ ਸਿੰਘ ਪੱਖੋਕੇ ਐਕਟਿੰਗ ਪ੍ਰਧਾਨ ਰਿਹਾ। 25 ਜੁਲਾਈ ਨੂੰ ਟੌਹੜਾ ਮੁੜ ਪ੍ਰਧਾਨ ਬਣ ਗਿਆ। ਇਨੀਂ ਦਿਨੀਂ ਕਾਲਾ ਅਫ਼ਗਾਨਾ ਨਾਲ ਹਮਦਰਦੀ ਰੱਖਣ ਵਾਲਿਆਂ ਨੇ ਉਸ ਮਸਲੇ 'ਤੇ 'ਸਰਬਤ ਖਾਲਸਾ ਕਾਨਫ਼ਰੰਸ' ਬੁਲਾਉਣ ਦਾ ਐਲਾਨ ਕਰ ਦਿੱਤਾ। ਦਰਅਸਲ ਸਿੱਖ ਮਿਸ਼ਨਰੀ ਅਜਿਹੀ ਇਕ ਕਨਵੈਨਸ਼ਨ ਕਰਨ ਦਾ ਇਰਾਦਾ ਪਹਿਲੋਂ ਹੀ ਰਖਦੇ ਸਨ, ਪਰ ਹੁਣ ਕਾਲਾ ਅਫ਼ਗਾਨਾ ਦੇ ਮਸਲੇ ਨਾਲ ਇਸ ਕਨਵੈਸ਼ਨ ਕੋਲ ਇਕ ਵਕਤੀ ਮੁੱਦਾਅ ਵੀ ਆ ਗਿਆ। ਇਸ ਕਨਵੈਨਸ਼ਨ ਦੇ ਪਿਛੋਕੜ ਵਿਚ ਦੂਜਾ ਵੱਡਾ ਹੱਥ ਹਰਦੇਵ ਸਿੰਘ ਸ਼ੇਰਗਿੱਲ ਦਾ ਸੀ, ਜੋ ਸਾਧਾਂ ਤੇ ਹੋਰ ਡੇਰੇਦਾਰਾਂ ਦੇ ਖ਼ਿਲਾਫ਼ ਮੋਰਚਾ ਲਾਈ ਬੈਠਾ ਸੀ ਅਤੇ ਜਿਸ ਨੇ 'ਇੰਟਰਨੈਸ਼ਨਲ ਸਿੰਘ ਸਭਾ' ਵੀ ਬਣਾਈ ਹੋਈ ਸੀ। ਕਾਲਾ ਅਫ਼ਗਾਨਾ ਦਾ ਮੁੱਦਾਅ[13] ਰਖਣ ਨਾਲ ਇਸ ਕਨਵੈਨਸ਼ਨ ਦੀ ਮੁਖ਼ਾਲਫ਼ਤ ਸੌਖੀ ਹੋ ਗਈ। ਭਾਵੇਂ ਕਾਲਾ ਅਫ਼ਗਾਨਾ ਨੂੰ ਗ਼ਲਤ ਤਰੀਕੇ ਨਾਲ 'ਖ਼ਾਰਿਜ' ਕੀਤਾ ਗਿਆ ਸੀ, ਪਰ ਉਸ ਨੂੰ ਖ਼ਾਰਿਜ ਕਰਨ ਦਾ ਨੁਕਤਾ ਕਾਨਫ਼ਰੰਸ ਦੇ ਅਜੰਡੇ ਵਿਚ ਸ਼ਾਮਿਲ ਹੋਣ ਕਰ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ), ਗੁਰਚਰਨ ਸਿੰਘ ਟੌਹੜਾ, ਮਨਜੀਤ ਸਿੰਘ ਕਲਕੱਤਾ ਤੇ ਬਾਦਲ ਅਕਾਲੀ ਦਲ ਦੇ ਹੋਰ ਗਰਮ ਵਰਕਰ ਸ਼ਰੇਆਮ ਇਸ ਕਨਵੈਨਸ਼ਨ ਦੇ ਖ਼ਿਲਾਫ਼ ਉਠ ਖੜੇ ਹੋਏ ਤੇ ਉਨ੍ਹਾਂ ਨੇ ਸੈਮੀਨਾਰ, ਇਕੱਠ, ਪ੍ਰੈਸ ਕਾਨਫ਼ਰੰਸਾਂ ਕਰ ਕੇ ਇਸ ਕਾਨਫ਼ਰੰਸ ਦੇ ਖ਼ਿਲਾਫ਼ 'ਜਹਾਦ' ਜਿਹਾ ਖੜ੍ਹਾ ਕਰ ਲਿਆ। ਇਸ ਲੇਖਕ (ਡਾ. ਦਿਲਗੀਰ) ਨੇ ਸ: ਤਰਸੇਮ ਸਿੰਘ ਦਿੱਲੀ ਤੇ ਹੋਰਾਂ ਦੀ ਮਦਦ ਨਾਲ ਇਸ ਦਾ ਸਾਂਝਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਟੌਹੜਾ ਧੜਾ ਨੇ ਤਾਂ ਪਲਾਨਿੰਗ ਹੀ ਕੀਤੀ ਹੋਈ ਸੀ, ਇਸ ਕਰ ਕੇ ਉਹ ਮੰਨ-ਮੰਨ ਕੇ ਵੀ ਮੁਕਰਦੇ ਰਹੇ।

24 ਤਾਰੀਖ਼ ਤਕ ਹਾਲਾਤ ਇਹ ਬਣ ਗਏ ਸਨ ਕਿ ਕਨਵੈਨਸ਼ਨ ਕਰਨ ਵਾਲਿਆਂ ਕੋਲ ਇਕੱਠ ਕਰਨ ਵਾਸਤੇ ਕੋਈ ਥਾਂ ਤਕ ਵੀ ਨਹੀਂ ਸੀ। ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਦੇ ਆਗੂਆਂ ਨੇ ਆਪਣੇ ਅਸਰ ਰਸੂਖ਼, ਧਮਕੀਆਂ ਅਤੇ ਡਰਾਵੇ ਨਾਲ ਦਾਰਾ ਸਟੂਡੀਓ, ਸੁਹਾਣਾ ਗੁਰਦੁਆਰਾ, ਸ਼ਿਵਾਲਿਕ ਸਕੂਲ ਸਾਰੇ ਹੀ ਅਦਾਰਿਆਂ ਦੇ 'ਮਾਲਕਾਂ' ਨੂੰ ਥਾਂ ਦੇਣ ਤੋਂ ਰੋਕ ਲਿਆ। ਅਖ਼ੀਰ ਅਦਾਲਤੀ ਹੁਕਮਾਂ ਨਾਲ ਸਿਰਫ਼ ਕੁਝ ਘੰਟੇ ਪਹਿਲਾਂ ਹਾਈਕੋਰਟ ਤੋਂ ਕਾਨੂੰਨੀ ਇਜਾਜ਼ਤ ਲੈ ਕੇ ਇਹ ਕਨਵੈਨਸ਼ਨ ਮੋਹਾਲੀ ਦੇ ਇਕ ਕਮਿਊਨਿਟੀ ਹਾਲ ਵਿਚ ਕੀਤੀ ਗਈ। ਇਸ ਵਿਚ 7000 ਦੇ ਕਰੀਬ ਸਿੱਖ (ਵਧੇਰੇ ਕਰ ਕੇ ਮਿਸ਼ਨਰੀ,

13. ਇਕ ਸੋਮੇ ਮੁਤਾਬਿਕ ਇਸ ਕਨਵੈਨਸ਼ਨ ਵਾਸਤੇ ਕਾਲਾ ਅਫ਼ਗਾਨਾ ਨੇ ਪੰਜ ਲੱਖ ਰੁਪਏ ਦਿੱਤੇ ਸਨ।

ਵਿਦਵਾਨ, ਪ੍ਰਚਾਰਕ ਤੇ ਲੇਖਕ) ਸ਼ਾਮਿਲ ਹੋਏ। ਏਨੀਆਂ ਪਾਬੰਦੀਆਂ, ਧਮਕੀਆਂ, ਰੁਕਾਵਟਾਂ ਦੇ ਬਾਵਜੂਦ ਏਨੀ ਗਿਣਤੀ ਬੇਹੱਦ ਹੈਰਾਨੀ ਵਾਲੀ ਗੱਲ ਸੀ। ਇਹ (ਗਿਆਨੀ) ਜੋਗਿੰਦਰ ਸਿੰਘ, ਸ਼੍ਰੋਮਣੀ ਕਮੇਟੀ ਅਤੇ ਗੁਰਚਰਨ ਸਿੰਘ ਟੌਹੜਾ ਦੀ ਜ਼ਬਰਦਸਤ ਹਾਰ ਸੀ।

ਇਸ ਕਾਨਫ਼ਰੰਸ ਵਿਚ ਇਕੱਠ ਤਾਂ ਭਾਵੇਂ ਹੋ ਗਿਆ, ਪਰ ਇਹ ਕੋਈ ਮਾਅਰਕਾ ਨਾ ਮਾਰ ਸਕਿਆ। ਕਾਲਾ ਅਫ਼ਗਾਨਾ ਦਾ ਮਸਲਾ ਇਸ ਵਿਚ ਵਧੇਰੇ ਹਾਵੀ ਰਿਹਾ ਤੇ ਦੋ ਮਤੇ ਵੀ ਉਸ ਦੇ ਹੱਕ ਵਿਚ ਪਾਸ ਹੋਏ। ਪਰ, ਅਸਲ ਮਿਸ਼ਨਰੀ ਮਸਲੇ, ਰਹਿਤ ਮਰਿਆਦਾ, ਪਤਿਤਪੁਣਾ ਵਗੈਰਾ ਕਾਲਾ ਅਫ਼ਗਾਨਾ ਦੇ ਮਸਲੇ ਦੀ ਧੂੜ ਵਿਚ ਛੁੱਪ ਗਏ। ਉਂਞ ਇਸ ਕਨਵੈਨਸ਼ਨ ਮਗਰੋਂ ਇਸ ਦੇ ਪ੍ਰਬੰਧਕਾਂ ਵਿਚ ਫ਼ੁੱਟ ਵੀ ਪੈ ਗਈ। ਜੋਗਿੰਦਰ ਸਿੰਘ 'ਸਪੋਕਸਮੈਨ' ਇਕ ਪਾਸੇ ਅਤੇ ਗੁਰਤੇਜ ਸਿੰਘ ਤੇ ਰਜਿੰਦਰ ਸਿੰਘ ਖਾਲਸਾ ਪੰਚਾਇਤ ਦੂਜੇ ਪਾਸੇ, ਇਕ ਦੂਜੇ ਦੇ ਉਲਟ ਵੀ, ਡਟ ਕੇ ਖੜੇ ਹੋ ਗਏ। ਗਿਆਨੀ ਜਗਮੋਹਣ ਸਿੰਘ, ਮਹਿੰਦਰ ਸਿੰਘ ਜੋਸ਼, ਜਨਰਲ ਨਰਿੰਦਰ ਸਿੰਘ, ਲੁਧਿਆਣਾ, ਜੰਮੂ ਤੇ ਫ਼ਰੀਦਾਬਾਦ ਦੇ ਮਿਸ਼ਨਰੀ,ਦੋਹਾਂ ਤੋਂ ਵੱਖਰੇ, ਉਦਾਸ ਜਿਹੇ ਹੋ ਕੇ,ਨਿਰਪੱਖ ਰਹਿਣ ਦੀ ਕੋਸ਼ਿਸ਼ ਕਰਦੇ ਰਹੇ।

ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ 'ਖ਼ਾਰਿਜ' ਕਰਨਾ

ਗੁਰਬਖ਼ਸ ਸਿੰਘ ਕਾਲਾ ਅਫ਼ਗਾਨਾ ਅਤੇ 'ਪੰਥਕ ਕਨਵੈਨਸ਼ਨ ਮੋਹਾਲੀ' ਦੇ ਮਸਲੇ 'ਤੇ ਜੋ ਮੋਹਰੀ ਸ਼ਖ਼ਸ ਸਨ, ਉਨ੍ਹਾਂ ਵਿਚ 'ਸਪੋਕਸਮੈਨ' ਦਾ ਮਾਲਕ ਜੋਗਿੰਦਰ ਸਿੰਘ ਵੀ ਸੀ। ਜੋਗਿੰਦਰ ਸਿੰਘ ਨੇ ਦੋਹਾਂ ਮਸਲਿਆਂ 'ਤੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਲੰਮੇ-ਹੱਥੀਂ ਲਿਆ ਸੀ। ਸਹੀ ਮਾਅਨਿਆਂ ਵਿਚ 'ਸਪੋਕਸਮੈਨ' ਦੇ ਮੀਡੀਆ ਕਾਰਨ ਕਾਲਾ ਅਫ਼ਗਾਨਾ ਅਤੇ ਮੋਹਾਲੀ ਕਨਵੈਨਸ਼ਨ ਨੂੰ ਬਹੁਤ ਤਾਕਤ ਮਿਲੀ ਸੀ (ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਸਿਰਫ਼ ਜੋਗਿੰਦਰ ਸਿੰਘ 'ਸਪੋਕਸਮੈਨ' ਹੀ ਕਨਵੈਸ਼ਨਸ਼ਨ ਦਾ ਸਾਰਾ ਕੁਝ ਹੀ ਸੀ)। ਮੋਹਾਲੀ ਕਨਵੈਨਸ਼ਨ ਦੌਰਾਨ ਜੋਗਿੰਦਰ ਸਿੰਘ ਨੇ 'ਸਪੋਕਸਮੈਨ' ਵਿਚ ਅਤੇ ਪ੍ਰੈਸ ਨੂੰ ਦਿੱਤੇ ਬਿਆਨਾਂ ਵਿਚ ਬੜੀ ਸਖ਼ਤ ਲੱਫ਼ਾਜ਼ੀ ਵਰਤੀ ਸੀ, ਜਿਹੜੀ ਕੁਝ ਹਦ ਤਕ ਕਾਬਲੇ-ਇਤਰਾਜ਼ ਆਖੀ ਜਾ ਸਕਦੀ ਸੀ। ਜਦ ਇਸ ਲੱਫ਼ਾਜ਼ੀ 'ਤੇ ਇਤਰਾਜ਼ ਹੋਏ ਤੇ ਕੁਝ ਵਰਕਰਾਂ ਨੇ ਇਸ ਦੀ ਨਿੰਦਾ ਕੀਤੀ ਤਾਂ ਜੋਗਿੰਦਰ ਸਿੰਘ ਨੇ ਇਸ ਦੀ ਨਿੰਮ੍ਹੀ ਜਹੀ ਸਫ਼ਾਈ ਵੀ ਪੇਸ਼ ਕੀਤੀ, ਜੋ ਇਕ ਤਰ੍ਹਾਂ ਦੀ ਮੁਆਫ਼ੀ ਮੰਗਣਾ ਵੀ ਸੀ।

ਮੋਹਾਲੀ ਕਨਵੈਨਸ਼ਨ (26 ਅਕਤੂਬਰ 2003) ਤੋਂ ਇਕ ਮਹੀਨਾ ਮਗਰੋਂ ਗੁਰਚਰਨ ਸਿੰਘ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਇਨ੍ਹੀਂ ਦਿਨੀਂ 'ਸਪੋਕਸਮੈਨ' ਵਿਚ 'ਜਲੇਬੀ ਵਰਗਾ ਸਿੱਧਾ ਗੁਰਚਰਨ ਸਿੰਘ ਟੌਹੜਾ' ਲੇਖ ਲਿਖ ਕੇ ਟੌਹੜਾ 'ਤੇ ਸਖ਼ਤ ਟੀਕਾ-ਟਿੱਪਣੀ ਕੀਤੀ। ਟੌਹੜਾ ਨੂੰ ਇਸ 'ਤੇ ਬੜੀ ਤਕਲੀਫ਼ ਹੋਈ। ਉਸ ਨੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਆਖ ਕੇ 'ਸਪੋਕਸਮੈਨ' ਦਾ ਕੇਸ ਮੁੜ ਸ਼ੁਰੂ ਕਰਨ ਵਾਸਤੇ ਹਿਦਾਇਤ ਦਿੱਤੀ। ਜਨਵਰੀ 2004 ਵਿਚ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਜੋਗਿੰਦਰ ਸਿੰਘ ('ਸਪੋਕਸਮੈਨ') ਨੂੰ ਅਕਾਲ ਤਖ਼ਤ ਸਾਹਿਬ 'ਤੇ ਪੰਜ ਗ੍ਰੰਥੀਆਂ ਕੋਲ ਪੇਸ਼ ਹੋ ਕੇ ਪੁਰਾਣੀਆਂ ਲਿਖਤਾਂ ਦਾ ਸਪੱਸ਼ਟੀਕਰਨ ਦੇਣ ਵਾਸਤੇ 5 ਫ਼ਰਵਰੀ ਵਾਸਤੇ 'ਤਲਬ' ਕਰ ਲਿਆ। ਵੇਦਾਂਤੀ ਨੂੰ ਪਹਿਲਾਂ ਵੀ ਪਤਾ ਸੀ ਕਿ 'ਸਪੋਕਸਮੈਨ' ਵਾਲੇ ਨੇ ਪੇਸ਼ ਨਹੀਂ ਹੋਣਾ ਤੇ ਇੰਞ ਇਸ 'ਹੁਕਮ' ਦੀ ਬੇਅਦਬੀ ਹੋਣੀ ਹੀ ਹੈ, ਪਰ ਉਹ ਟੌਹੜਾ

ਦਾ 'ਹੁਕਮ' ਕਿਵੇਂ ਨਜ਼ਰ-ਅੰਦਾਜ਼ ਕਰ ਸਕਦਾ ਸੀ। ਵੇਦਾਂਤੀ ਨੇ 'ਸਪੋਕਸਮੈਨ' ਦੇ ਹਾਜ਼ਿਰ ਨਾ ਹੋਣ 'ਤੇ ਉਸ ਨੂੰ 'ਤਨਖ਼ਾਹੀਆ' ਕਰਾਰ ਦੇ ਦਿੱਤਾ। ਇਨ੍ਹੀਂ ਦਿਨੀਂ ਵੇਦਾਂਤੀ ਨੇ ਕੁਝ ਗਿਣੇ-ਚੁਣੇ ਆਪਣੇ ਹਿਮਾਇਤੀ ਸਾਥੀਆਂ ਦੀ ਇਕ ਮੀਟਿੰਗ ਵੀ ਬੁਲਾਈ ਸੀ। ਇਸ ਮੀਟਿੰਗ ਵਿਚ ਨੇ ਵੀ ਕਈਆਂ ਨੇ ਵੇਦਾਂਤੀ ਨੂੰ ਐਕਸ਼ਨ ਲੈਣ ਤੋਂ ਰੋਕਿਆ ਸੀ। ਪਰ ਵੇਦਾਂਤੀ ਨਾ ਰੁਕਿਆ ਤੇ 'ਸਪੋਕਸਮੈਨ' ਨੂੰ 10 ਮਾਰਚ ਵਾਸਤੇ 'ਤਲਬ' ਕਰ ਲਿਆ। ਮਾਰਚ ਦੇ ਪਹਿਲੇ ਹਫ਼ਤੇ ਇਸ ਲੇਖਕ (ਡਾ. ਦਿਲਗੀਰ) ਦੇ ਸਮਝਾਉਣ 'ਤੇ ਵੇਦਾਂਤੀ ਨੇ ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ 'ਪੰਥ 'ਚੋਂ ਖ਼ਾਰਿਜ' ਕਰਨ ਦੀ ਕਾਰਵਾਈ ਨਾ ਕਰਨਾ ਮੰਨ ਲਿਆ। ਪਰ 9 ਮਾਰਚ ਦੀ ਰਾਤ ਨੂੰ ਟੌਹੜੇ ਦੇ ਦਬਕੇ ਨੇ ਵੇਦਾਂਤੀ ਵੱਲੋਂ ਲਏ ਜਾਣ ਵਾਲੇ ਸਹੀ ਕਦਮ ਨੂੰ ਰੋਕ ਦਿੱਤਾ ਤੇ 10 ਮਾਰਚ 2004 ਦੇ ਦਿਨ ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ 'ਪੰਥ 'ਚੋਂ ਖ਼ਾਰਿਜ' ਕਰਵਾ ਦਿੱਤਾ। ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ 'ਖ਼ਾਰਿਜ' ਕਰਨ ਵਾਲਾ ਅਖੌਤੀ 'ਹੁਕਮ' ਇੰਞ ਸੀ :

ਨੰ: ਅ.ਤ./34-3733 ਮਿਤੀ : 10-3-2004

ਹੁਕਮਨਾਮਾ

ਜੋਗਿੰਦਰ ਸਿੰਘ ਮੁੱਖ ਸੰਪਾਦਕ, ਚੰਡੀਗੜ੍ਹ ਸਪੋਕਸਮੈਨ, 3037 ਸੈਕਟਰ-18[14] ਡੀ, ਚੰਡੀਗੜ੍ਹ ਨੂੰ ਸਿੱਖ ਪ੍ਰੈਸ ਤੇ ਪੱਤਰਕਾਰੀ ਦੇ ਨਾਂ ਹੇਠ ਚੰਡੀਗੜ੍ਹ ਸਪੋਕਸਮੈਨ ਪਰਚੇ ਰਾਹੀਂ ਸਿੱਖ ਸਿਧਾਂਤਾਂ, ਸਿੱਖ ਇਤਿਹਾਸ, ਰਹਿਤ ਮਰਿਆਦਾ, ਸਿੱਖ ਪਰੰਪਰਾਵਾਂ ਅਤੇ ਸਿੱਖ ਸੰਸਥਾਵਾਂ ਨਾਲ ਸਬੰਧਿਤ ਮਹੱਤਵਪੂਰਨ ਵਿਸ਼ਿਆਂ ਜਿਵੇਂ ਸਿੱਖੀ ਦੇ ਮੁੱਢਲੇ ਸਿਧਾਂਤ, ਨਿਤਨੇਮ, ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਪੰਚ ਪ੍ਰਧਾਨੀ ਗੁਰਮਤਿ ਸਿਧਾਂਤ, ਅਕਾਲ ਤਖ਼ਤ ਸਾਹਿਬ ਦੇ ਇਤਿਹਾਸ, ਮਰਿਆਦਾ, ਜਾਰੀ ਹੋਏ ਹੁਕਮਨਾਮਿਆਂ, ਹਰਿਮੰਦਰ ਸਾਹਿਬ ਦੀ ਮਰਿਆਦਾ ਅਤੇ 18ਵੀਂ ਸਦੀ ਦੇ ਗੌਰਵਮਈ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਸਬੰਧੀ ਗੁੰਮਰਾਹਕੁੰਨ ਲਿਖਤਾਂ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਨੂੰ ਪੰਥ ਵਿਰੋਧੀ ਲਿਖਤਾਂ ਲਿਖਣ ਅਤੇ ਛਾਪਣ ਕਰ ਕੇ ਸਾਰੀ ਸਥਿਤੀ ਸਪੱਸ਼ਟ ਕਰਨ ਲਈ 25 ਪੋਹ, ਨਾਨਕਸ਼ਾਹੀ ਸੰਮਤ 535 ਮੁਤਾਬਿਕ 7 ਜਨਵਰੀ 2004 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਨਿਜੀ ਤੌਰ 'ਤੇ ਹਾਜ਼ਿਰ ਹੋ ਕੇ ਉਪਰੋਕਤ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਗਿਆ ਸੀ। ਪਰ ਉਸ ਨੇ ਅਕਾਲ ਤਖ਼ਤ ਸਾਹਿਬ ਵਿਖੇ ਇਕ ਨਿਮਾਣੇ ਸਿੱਖ ਵਜੋਂ ਹਾਜ਼ਿਰ ਹੋਣ ਦੀ ਬਜਾਇ ਬੇਅਦਬੀ ਭਰੀ ਸ਼ਬਦਾਵਲੀ ਅਤੇ ਹਉਮੈ ਭਰਪੂਰ ਲਹਿਜੇ ਵਿਚ ਪੱਤਰ ਲਿਖ ਕੇ ਇਹਨਾਂ ਪੱਤਰਾਂ ਨੂੰ ਅਖ਼ਬਾਰਾਂ, ਰਸਾਲਿਆਂ ਵਿਚ ਛਪਵਾ ਕੇ ਅਕਾਲ ਤਖ਼ਤ ਸਾਹਿਬ ਜੀ ਦੀ ਮਾਨ ਮਰਿਆਦਾ ਨੂੰ ਅਪਮਾਨਿਤ ਕਰਨ ਦਾ ਕੋਝਾ ਯਤਨ ਕੀਤਾ ਹੈ।

ਜੋਗਿੰਦਰ ਸਿੰਘ ਨੂੰ ਸਿੱਖ ਹੋਣ ਦੇ ਨਾਤੇ 24 ਮਾਘ ਨਾਨਕਸ਼ਾਹੀ ਸੰਮਤ 535 ਮੁਤਾਬਿਕ 5 ਫ਼ਰਵਰੀ 2004 ਨੂੰ ਪੰਥਕ ਮਰਿਆਦਾ ਅਨੁਸਾਰ ਤਨਖ਼ਾਹੀਆਂ ਕਰਾਰ ਦੇਂਦਿਆਂ ਆਦੇਸ਼ ਦਿੱਤਾ ਗਿਆ ਸੀ ਕਿ ਉਹ 28 ਫੱਗਣ ਨਾਨਕਸ਼ਾਹੀ ਸੰਮਤ 535 ਮੁਤਾਬਿਕ 10 ਮਾਰਚ 2004 ਨੂੰ 11 ਵਜੇ ਅਕਾਲ ਤਖ਼ਤ ਸਾਹਿਬ ਵਿਖੇ ਨਿਜੀ ਤੌਰ 'ਤੇ ਪੇਸ਼ ਹੋ ਕੇ ਉਪਰੋਕਤ ਦੋਸ਼ਾਂ ਲਈ ਪਸ਼ਚਾਤਾਪ ਕਰਦਿਆਂ ਤਨਖ਼ਾਹ ਲਗਵਾ ਲਵੇ। ਪਰ ਉਸ ਨੇ ਉਲਟਾ ਅਦਾਲਤੀ ਕਾਰਵਾਈ ਕਰਨ ਦੇ ਕਾਨੂੰਨੀ ਨੋਟਿਸ ਦੇ ਕੇ ਬੇਅਦਬੀ ਅਤੇ ਹੰਕਾਰ ਭਰੀ ਸ਼ਬਦਾਵਲੀ ਵਿਚ ਲਿਖਤਾਂ ਲਿਖ ਕੇ ਆਪਣੀ ਪੰਥ ਵਿਰੋਧੀ ਸੋਚ ਦੀ ਪ੍ਰੋੜ੍ਹਤਾ ਕੀਤੀ ਹੈ।

---

14. ਸਪੋਕਸਮੈਨ ਦਾ ਐਡਰੈਸ ਹੀ ਗ਼ਲਤ ਹੈ। ਉਹ 19 ਸੈਕਟਰ 'ਚ ਰਹਿੰਦਾ ਹੈ। ਸੋ, ਉਸ ਨੂੰ 'ਤਲਬੀ' ਦਾ ਨੋਟਿਸ ਪੁੱਜਣਾ ਵੀ ਯਕੀਨੀ ਨਹੀਂ।

ਅਕਾਲ ਤਖ਼ਤ ਸਾਹਿਬ ਜੀ ਦੀ ਮੋਹਰ ਅਧਿਕਾਰ ਹੇਠ ਗੁਰਮਤਿ ਜੁਗਤ ਅਨੁਸਾਰ 5 ਸਿੰਘ ਸਾਹਿਬਾਨ ਵੱਲੋਂ ਉਪਰੋਕਤ ਦੋਸ਼ਾਂ ਕਾਰਨ ਜੋਗਿੰਦਰ ਸਿੰਘ ਨੂੰ ਸਿੱਖ ਪੰਥ ਵਿੱਚੋਂ ਖ਼ਾਰਿਜ ਕੀਤਾ ਜਾਂਦਾ ਹੈ। ਸਮੂੰਹ ਸਿੱਖ ਸੰਗਤਾਂ ਨੂੰ ਆਦੇਸ਼ ਹੈ ਕਿ ਉਕਤ ਜੋਗਿੰਦਰ ਸਿੰਘ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖੀ ਜਾਵੇ ਅਤੇ ਉਸ ਵੱਲੋਂ ਸੰਪਾਦਤ ਰਸਾਲੇ 'ਚੰਡੀਗੜ੍ਹ ਸਪੋਕਸਮੈਨ' ਅਤੇ ਉਸ ਦੀਆਂ ਲਿਖਤਾਂ ਅਤੇ ਪ੍ਰਕਾਸ਼ਨਾਵਾਂ ਆਦਿ ਨੂੰ ਕਿਸੇ ਕਿਸਮ ਦਾ ਕੋਈ ਵੀ ਸਹਿਯੋਗ ਨਾ ਦਿੱਤਾ ਜਾਵੇ।

ਇਸ ਕਾਰਵਾਈ ਦੇ ਖ਼ਿਲਾਫ਼ ਕਈ ਪਾਸਿਓਂ ਪ੍ਰੋਟੈਸਟ ਹੋਏ। ਜੋਗਿੰਦਰ ਸਿੰਘ 'ਸਪੋਕਸਮੈਨ' ਨੇ ਇਸ ਐਕਸ਼ਨ ਨੂੰ ਅਦਾਲਤ ਵਿਚ ਚੈਲੰਜ ਕਰ ਦਿੱਤਾ। ਇਹ ਕੇਸ ਇਸ ਕਿਤਾਬ ਦੇ ਪ੍ਰੈਸ ਵਿਚ ਜਾਣ ਵੇਲੇ ਤਕ ਅਦਾਲਤ ਵਿਚ ਹੀ ਸੀ।

ਪ਼ਰਕਾਸ਼ ਸਿੰਘ ਬਾਦਲ ਨੂੰ ਸਿਰੋਪਾਓ

ਪੰਜਾਬ ਵਿਚ 2002 ਵਿਚ ਹੋਈਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਚੀਫ਼ ਕੈਪਟਨ ਅਮਰਿੰਦਰ ਸਿੰਘ ਨੇ ਪਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਇਆ ਸੀ ਕਿ ਬਾਦਲ ਨੇ 3500 ਕਰੋੜ ਰੁਪਏ ਦੀ ਜਾਇਦਾਦ ਬਣਾਈ ਹੋਈ ਹੈ ਅਤੇ ਇਸ ਦਾ ਬਹੁਤਾ ਹਿੱਸਾ ਰਿਸ਼ਵਤ ਤੇ ਕੁਰਪਸ਼ਨ ਦੀ ਰਕਮ ਹੈ। ਅਮਰਿੰਦਰ ਸਿੰਘ ਨੇ ਇਹ ਐਲਾਨ ਵੀ ਕੀਤਾ ਕਿ ਉਸ ਦੀ ਸਰਕਾਰ ਬਣਨ 'ਤੇ ਬਾਦਲ 'ਤੇ ਮੁਕੱਦਮਾ ਚਲਾਇਆ ਜਾਵੇਗਾ। ਪਰ ਚੋਣਾਂ ਜਿੱਤਣ ਮਗਰੋਂ ਅਮਰਿੰਦਰ ਸਿੰਘ ਨੇ ਕੁਝ ਵੀ ਨਾ ਕੀਤਾ। ਸ਼ਾਇਦ ਉਸ ਕੋਲ ਇਸ ਬਾਰੇ ਕੋਈ ਸਬੂਤ ਨਹੀਂ ਸਨ ? ਜਦੋਂ ਡੇਢ ਕੁ ਸਾਲ ਬੀਤਣ 'ਤੇ ਆਇਆ ਅਤੇ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਦਿੱਸੀਆਂ ਤਾਂ ਅਮਰਿੰਦਰ ਸਿੰਘ ਨੇ ਬਾਦਲ ਨੂੰ ਗ੍ਰਿਫ਼ਤਾਰ ਕਰ ਕੇ ਉਸ 'ਤੇ ਮੁਕੱਦਮਾ ਚਲਾਉਣ ਦਾ ਫ਼ੈਸਲਾ ਕਰ ਲਿਆ। ਪੰਜਾਬ ਸਰਕਾਰ ਨੇ ਰੋਪੜ ਵਿਚ ਬਾਦਲ ਤੇ ਉਸ ਦੇ ਮੁੰਡੇ ਸੁਖਬੀਰ ਸਿੰਘ ਦੇ ਖ਼ਿਲਾਫ਼ ਐਫ਼.ਆਈ.ਆਰ. ਦਰਜ ਕੇ ਕੇ ਪਹਿਲੀ ਦਿਸੰਬਰ 2003 ਦੇ ਦਿਨ ਦੋਹਾਂ ਦੀ ਅਦਾਲਤ ਵਿਚ ਪੇਸ਼ ਰੱਖ ਦਿੱਤੀ। ਅਦਾਲਤ ਵਿਚ ਪੇਸ਼ ਹੋਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪਟਿਆਲਾ ਜੇਲ੍ਹ ਵਿਚ ਭੇਜ ਦਿਤਾ ਗਿਆ। ਬਾਦਲ ਅਤੇ ਉਸਦਾ ਪੁੱਤਰ ਸੁਖਬੀਰ ਸਿੰਘ ਸਿਰਫ਼ ਦਸ ਦਿਨ ਜੇਲ੍ਹ ਵਿਚ ਰਹੇ। ਇਸ ਦੌਰਾਨ ਗੁਰਚਰਨ ਸਿੰਘ ਟੌਹੜਾ ਨੇ ਸ਼੍ਰੋਮਣੀ ਕਮੇਟੀ ਨੂੰ 'ਬਾਦਲ ਬਚਾਓ' ਕਮੇਟੀ ਵਾਂਗ ਵਰਤਿਆ। ਇਨ੍ਹਾਂ ਦਿਨਾਂ ਵਿਚ ਬਾਦਲ ਦੇ ਹੱਕ ਵਿਚ ਅਤੇ ਪੰਜਾਬ ਸਰਕਾਰ ਦੇ ਖ਼ਿਲਾਫ਼ 'ਮੁਜ਼ਾਹਰੇ' ਕਰਵਾਏ ਗਏ। ਇਨ੍ਹਾਂ ਮੁਜ਼ਾਹਰੀਨਾਂ ਦੀ ਰੋਟੀ ਤੇ ਚਾਹ ਗੁਰਦੁਆਰਿਆਂ ਦੇ ਲੰਗਰ ਵਿੱਚੋਂ ਜਾਇਆ ਕਰਦੀ ਸੀ। ਹੋਰ ਤਾਂ ਹੋਰ 8 ਦਿਸੰਬਰ ਨੂੰ ਬਾਦਲ ਦਾ 'ਜਨਮ ਦਿਨ' ਗੁਰਦੁਆਰਾ ਦੂਖ ਨਿਵਾਰਨ ਵਿਚ ਗੁਰਦੁਆਰਿਆਂ ਦੇ ਚੜ੍ਹਾਵੇ ਦੀ ਰਕਮ ਨਾਲ ਮਨਾਇਆ। ਗ੍ਰਿਫ਼ਤਾਰੀ ਦਾ ਜੋ ਕੁਝ ਵੀ ਕਾਰਨ ਹੋਵੇ (ਕੁਰਪਸ਼ਨ ਜਾਂ ਸਿਆਸੀ) ਘੱਟੋ-ਘੱਟ ਇਹ ਧਾਰਮਿਕ ਨਹੀਂ ਸੀ। ਉਂਞ ਵੀ ਬਾਦਲ ਦਾ ਰਹਿਣ-ਸਹਿਣ ਕਿਸੇ ਵੀ ਤਰੀਕੇ ਨਾਲ 'ਪੰਥਕ' ਤਾਂ ਕੀ 'ਧਾਰਮਿਕ' ਵੀ ਨਹੀਂ ਸੀ। ਇੰਞ ਹੀ ਇਹ ਮਸਲਾ ਪੰਥ ਜਾਂ ਸਿੱਖੀ ਸਿਧਾਂਤਾਂ ਨਾਲ ਵੀ ਸਬੰਧਿਤ ਨਹੀਂ ਸੀ, ਪਰ ਟੌਹੜਾ ਨੇ ਸ਼੍ਰੋਮਣੀ ਕਮੇਟੀ ਦੇ ਲੱਖਾਂ ਰੁਪਏ 'ਬਾਦਲ ਬਚਾਓ' ਮੋਰਚੇ ਵਾਸਤੇ ਵਰਤੇ ਅਤੇ ਗੁਰਦੁਆਰਿਆਂ ਦੀ ਮਰਿਆਦਾ ਦੀ ਬੇਅਦਬੀ ਵੀ ਕੀਤੀ। ਇਸ ਸਬੰਧ ਵਿਚ ਬਾਦਲ ਨੇ ਟੌਹੜਾ ਨੂੰ ਕਦੇ

ਵੀ ਨਹੀਂ ਸੀ ਕਿਹਾ, ਪਰ ਟੌਹੜਾ ਨੇ ਚਾਪਲੂਸੀ ਕਰਨ ਵਾਸਤੇ ਇਹ ਸਾਰੀ ਕਾਰਵਾਈ ਕੀਤੀ ਸੀ।

10 ਦਿਸੰਬਰ 2003 ਦੇ ਦਿਨ ਅਦਾਲਤ ਨੇ ਬਾਦਲ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਤਾਂ ਉਹ ਅਗਲੇ ਦਿਨ ਅੰਮ੍ਰਿਤਸਰ ਗਿਆ, ਜਿੱਥੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਬਾਦਲ ਤੇ ਉਸ ਦੇ ਪੁੱਤਰ ਸੁਖਬੀਰ ਸਿੰਘ ਨੂੰ 'ਸਿਰੋਪਾਓ' ਭੇਟ ਕੀਤੇ। ਸਿਰੋਪੇ ਦੀ ਇੰਞ ਵਰਤੋਂ ਕੋਈ ਨਵੀਂ ਗੱਲ ਨਹੀਂ ਸੀ। (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਹੀ ਨਹੀਂ, ਹੋਰਨਾਂ ਪੁਜਾਰੀਆਂ, ਗ੍ਰੰਥੀਆਂ ਯਾਨਿ ਅਖੌਤੀ 'ਜਥੇਦਾਰਾਂ' ਦੇ ਅਹਿਦ ਵਿਚ ਵੀ ਇਹ ਕੁਝ ਹੁੰਦਾ ਰਿਹਾ ਸੀ। ਜਦ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ 'ਕੈਦ ਵਿਚ' ਹੋਵੇ ਤਾਂ ਇਸ ਤੋਂ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਹੈ! ਗ਼ੁਲਾਮ ਤਖ਼ਤ ਆਪਣੇ ਆਕਾ ਦੀ ਚਾਪਲੂਸੀ ਤੇ ਜੀ-ਹਜ਼ੂਰੀ ਤੋਂ ਸਿਵਾ ਕਰ ਵੀ ਕੀ ਸਕਦੇ ਹਨ!

ਉਞ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵਾਸਤੇ ਵੀ ਇਹ ਕੋਈ ਨਵੀਂ ਗੱਲ ਨਹੀਂ ਸੀ। ਉਸ ਦੀ ਸਾਰੀ ਤਵਾਰੀਖ਼ ਹੀ ਪ੍ਰਧਾਨ ਸ਼੍ਰੋਮਣੀ ਕਮੇਟੀ ਨਾਲ ਵਫ਼ਾਦਾਰੀ ਵਾਲੀ ਰਹੀ ਸੀ। ਨਵੰਬਰ 2002 ਵਿਚ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਸਮੇਂ ਪੰਜਾਬ ਦੇ ਚੀਫ਼ ਮਨਿਸਟਰ ਦੀ ਹਿਦਾਇਤ 'ਤੇ ਪੰਜਾਬ ਪੁਲਿਸ ਨੇ ਬਾਦਲ ਦੇ ਹਿਮਾਇਤੀ ਮੈਂਬਰਾਂ ਦੀ ਨਿਗਰਾਨੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਬਾਦਲ ਨੇ ਸੋਨੀਆ ਗਾਂਧੀ (ਪ੍ਰਧਾਨ ਕਾਂਗਰਸ) ਤਕ ਪਹੁੰਚ ਕੀਤੀ ਤੇ ਉਸ ਨੂੰ ਆਖ ਕੇ ਅਮਰਿੰਦਰ ਸਿੰਘ ਦੀ ਦਖ਼ਲ-ਅੰਦਾਜ਼ੀ ਬੰਦ ਕਰਵਾਈ ਤਾਂ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ ਉਚੇਚਾ ਸੋਨੀਆ ਗਾਂਧੀ ਦਾ 'ਧੰਨਵਾਦ' ਕੀਤਾ (ਇਕ ਸੋਮੇ ਮੁਤਾਬਿਕ ਉਸ ਨੇ ਸਿਰਫ਼ ਫ਼ੋਨ ਕੀਤਾ, ਜਦ ਕਿ ਇਕ ਹੋਰ ਸੋਮੇ ਮੁਤਾਬਿਕ ਉਹ ਖ਼ੁਦ ਸੋਨੀਆ ਗਾਂਧੀ ਦੀ ਕੋਠੀ 'ਤੇ 'ਧੰਨਵਾਦ' ਕਰਨ ਵਾਸਤੇ ਗਿਆ)।

ਦਿਲਚਸਪ ਗੱਲ ਇਹ ਹੈ ਕਿ ਸੰਨ 2000 ਦੀਆਂ ਗਰਮੀਆਂ ਵਿਚ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਇਕ ਨੇੜਲੇ ਸਾਥੀ ਸ: ਜੋਗਿੰਦਰ ਸਿੰਘ ਤਲਵਾੜਾ ਨੇ ਅਕਾਲ ਤਖ਼ਤ ਸਾਹਿਬ ਦੇ ਨਾਂ ਚਿੱਠੀ ਲਿਖ ਕੇ ਬਾਦਲ ਵੱਲੋਂ ਹਵਨ ਕਰ ਕੇ ਸਿੱਖੀ ਦੀ ਤੌਹੀਨ ਕਰਨ ਸਬੰਧੀ ਪਟੀਸ਼ਨ ਕੀਤੀ ਸੀ ਤਾਂ ਜੋਗਿੰਦਰ ਸਿੰਘ (ਵੇਦਾਂਤੀ) ਨੇ ਬਾਦਲ ਨੂੰ ਫ਼ੋਨ ਕਰ ਕੇ (ਦਿਖਾਵੇ ਵਜੋਂ) 'ਤਲਬ' ਕਰਨਾ ਚਾਹਿਆ ਸੀ। ਉਦੋਂ ਬਾਦਲ ਦੇ ਪੀ.ਏ. ਨੇ ਉਸ ਨੂੰ ਦੱਸਿਆ ਸੀ ਕਿ ਬਾਦਲ ਕੋਲ ਵਕਤ ਨਹੀਂ ਹੈ। ਜੋਗਿੰਦਰ ਸਿੰਘ (ਵੇਦਾਂਤੀ) ਨੇ ਕਦੇ ਵੀ ਰਸਮੀ 'ਸੰਮਨ' ਤਕ ਵੀ ਬਾਦਲ ਨੂੰ ਨਾ ਭੇਜੇ ਤੇ ਸ: ਜੋਗਿੰਦਰ ਸਿੰਘ ਤਲਵਾੜਾ ਨੇ ਵੀ ਬਾਦਲ ਨੂੰ ਤਨਖ਼ਾਹ ਲੁਆਉਣ ਦੀ ਮੰਗ ਹੌਲੀ-ਹੌਲੀ ਛੱਡ ਦਿੱਤੀ।

ਵੇਦਾਂਤੀ ਕੋਲ ਤਾਂ ਸੁੱਚਾ ਸਿੰਘ ਲੰਗਾਹ ਵੱਲੋਂ ਰਾਮਾਇਣ ਦੇ '500 ਪਾਠ' ਕਰਵਾਉਣ ਦੀ ਪੰਥ-ਵਿਰੋਧੀ ਕਾਰਵਾਈ ਦੀ ਸ਼ਿਕਾਇਤ ਵੀ ਪਈ ਸੀ, ਜਿਸ ਨੂੰ ਉਸ ਨੇ ਕਦੇ ਗੌਲਿਆਂ ਤਕ ਵੀ ਨਹੀਂ ਸੀ। ਅਜਿਹੇ 50 ਤੋਂ ਵੱਧ ਕੇਸ ਵੇਦਾਂਤੀ ਨੇ ਕਦੇ ਵੀ ਖੋਲ੍ਹੇ ਤਕ ਨਹੀਂ ਸਨ। ਅਜਿਹੀ ਸੀ ਵੇਦਾਂਤੀ ਦੀ ਵਫ਼ਾਦਾਰੀ ਬਾਦਲ ਅਤੇ ਉਸ ਦੇ ਸਾਥੀਆਂ ਨਾਲ!

(ਪ੍ਰੋ:) ਮਨਜੀਤ ਸਿੰਘ ਨੂੰ ਕੇਸਗੜ੍ਹ ਤੋਂ ਬੇਇੱਜ਼ਤ ਕਰ ਕੇ ਬਰਤਰਫ਼ ਕਰਨਾ

(ਪ੍ਰੋ:) ਮਨਜੀਤ ਸਿੰਘ ਇਕ ਗ਼ਰੀਬ ਘਰ 'ਚੋਂ ਸੀ। ਪਹਿਲੇ ਤਾਂ ਕਈ ਸਾਲ ਉਹ ਗ੍ਰੰਥੀ ਲਗਣ ਵਾਸਤੇ ਵੀ ਤਰਸਦਾ ਰਿਹਾ ਸੀ, ਪਰ ਜਦੋਂ ਟੌਹੜਾ ਨੇ ਉਸ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਲਾ ਦਿੱਤਾ ਤਾਂ ਉਸ ਦੇ ਤੌਰ ਤਰੀਕੇ ਹੀ ਬਦਲ ਗਏ। ਉਸ ਨੇ ਆਪਣੇ ਆਪ ਨੂੰ ਕੈਥੋਲਿਕ ਪੋਪ ਹੀ ਨਹੀਂ, ਇਸਲਾਮ ਦੇ ਖ਼ਲੀਫ਼ੇ ਤੋਂ ਵੀ ਉੱਚਾ ਸਮਝਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਸ ਦੀ ਬੋਲੀ ਵੀ ਬਦਲ ਗਈ। ਹੌਲੀ ਹੌਲੀ ਉਸ ਨੂੰ ਪੈਸੇ ਭੇਟਾ ਹੋਣ ਲੱਗ ਪਏ, ਸਿਰੋਪਾਓ, ਗਾਰਡ ਆਫ਼ ਆਨਰ, ਪ੍ਰਧਾਨਗੀਆਂ, ਜਲੂਸਾਂ ਅਤੇ ਪ੍ਰੈਸ ਵਿਚ ਖ਼ਬਰਾਂ ਨਾਲ ਉਸ ਦੀ ਧੌਣ ਕਿਰਲੇ ਵਾਂਗ ਆਕੜ ਗਈ। (ਜੇ ਉਸ ਨੂੰ ਬਰਖ਼ਾਸਤ ਕਰਨ ਬਾਰੇ ਕਿਰਪਾਲ ਸਿੰਘ ਬਡੂਗਰ ਦਾ ਬਿਆਨ ਸਹੀ ਮੰਨ ਲਈਏ ਤਾਂ) ਮਨਜੀਤ ਸਿੰਘ 'ਨਾਲੇ ਦਾ ਕੱਚਾ ਵੀ' ਸੀ। ਉਸ ਨੇ ਵਰਲੱਡ ਸਿੱਖ ਕੌਂਸਲ ਨੂੰ ਜੇਬ੍ਹ 'ਚ ਪਾਉਣ ਦੀ ਕੋਸ਼ਿਸ਼ ਕੀਤੀ ਤੇ ਦਾਨ ਦੀ ਜ਼ਮੀਨ ਨੂੰ ਅਨੰਦਪੁਰ ਸਾਹਿਬ 'ਚ ਕਮਰਸ਼ਲ ਕਾਲੋਨੀ ਵਿਚ ਬਦਲ ਕੇ 'ਅਮੀਰ' ਬਣਨ ਦੀ ਕੋਸ਼ਿਸ਼ ਵੀ ਕੀਤੀ। ਪਰ...

10 ਫ਼ਰਵਰੀ 1999 ਦੇ ਦਿਨ ਬਾਦਲ ਧੜੇ ਨੇ ਜਦ (ਭਾਈ) ਰਣਜੀਤ ਸਿੰਘ ਨੂੰ 'ਮੁਅੱਤਲ' ਕੀਤਾ ਤਾਂ ਇਸੇ ਵੇਲੇ ਹੀ ਮਨਜੀਤ ਸਿੰਘ ਅਤੇ ਕੇਵਲ ਸਿੰਘ ਖ਼ਿਲਾਫ਼ ਕੁਰਪਸ਼ਨ ਵਗ਼ੈਰਾ ਦੇ ਦੋਸ਼ਾਂ ਦੀ ਪੜਤਾਲ ਕਰਨ ਵਾਸਤੇ ਤਿੰਨ ਮੈਂਬਰੀ ਕਮੇਟੀ[15] ਵੀ ਬਣਾਈ ਸੀ। ਮਨਜੀਤ ਸਿੰਘ ਦੇ ਖ਼ਿਲਾਫ਼ ਬਣੀ ਕਮੇਟੀ ਤਾਂ ਕਾਗ਼ਜ਼ੀ ਕਾਰਵਾਈ ਸੀ, ਇਸ ਕਰ ਕੇ ਇਸ ਦੀ ਕਦੇ ਵੀ ਮੀਟਿੰਗ ਨਾ ਹੋਈ। ਅਗਲੇ ਚਾਰ ਸਾਲ ਤਕ ਮਨਜੀਤ ਸਿੰਘ ਪਰਕਾਸ਼ ਸਿੰਘ ਬਾਦਲ ਦੀ ਚਾਪਲੂਸੀ ਕਰਦਾ ਰਿਹਾ। ਪਰ 2002 ਦੀਆਂ ਚੋਣਾਂ ਵਿਚ ਬਾਦਲ ਅਕਾਲੀ ਦਲ ਚੋਣਾਂ ਹਾਰ ਗਿਆ ਤੇ ਅਮਰਿੰਦਰ ਸਿੰਘ ਚੀਫ਼ ਮਨਿਸਟਰ ਬਣ ਗਿਆ ਤਾਂ ਮਨਜੀਤ ਸਿੰਘ ਕਾਂਗਰਸੀਆਂ ਦੇ ਨੇੜੇ ਆਉਣ ਲੱਗ ਪਿਆ। ਉਸ ਨੇ ਅਮਰਿੰਦਰ ਸਿੰਘ ਨੂੰ ਕੇਸਗੜ੍ਹ ਸਾਹਿਬ ਵਿਚ ਸਿਰੋਪਾ ਵੀ ਭੇਟ ਕੀਤਾ। ਪਰ ਦਰਬਾਰ ਸਾਹਿਬ ਵਿਚ ਬੀਬੀਆਂ ਵੱਲੋਂ ਸੇਵਾ ਦੇ ਹੱਕ ਦੇ ਬਾਰੇ ਵਿਚ ਉਸ ਦਾ ਇਕ ਬਿਆਨ ਉਸ ਦਾ ਆਖ਼ਰੀ 'ਐਕਸ਼ਨ' ਹੋ ਨਿਬੜਿਆ। ਦਰਅਸਲ, ਹੁਣ ਬਾਦਲ ਨੂੰ ਵੀ ਮਨਜੀਤ ਸਿੰਘ ਦੀ ਲੋੜ ਨਹੀਂ ਸੀ ਰਹੀ। ਉਸ ਕੋਲ ਵੇਦਾਂਤੀ ਵਰਗਾ ਜੀ-ਹਜ਼ੂਰ ਮੌਜੂਦ ਸੀ ਤੇ ਉਹ ਬੈਠਾ ਵੀ 'ਉੱਚੀ' ਸੀਟ 'ਤੇ ਸੀ। ਇਹ ਸਾਰਾ ਕੁਝ ਵੇਖ ਕੇ ਬਾਦਲ ਨੇ ਮਨਜੀਤ ਸਿੰਘ ਨੂੰ ਘਰ ਟੋਰਨ ਦਾ ਫ਼ੈਸਲਾ ਕਰ ਲਿਆ, ਪਰ ਇਸ ਦੀ ਭਿਣਕ ਕਿਸੇ ਨੂੰ ਵੀ ਨਾ ਪਈ।

23 ਫ਼ਰਵਰੀ 2003 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਮਨਜੀਤ ਸਿੰਘ ਨੂੰ ਫ਼ਾਰਗ ਕਰਨ ਦਾ ਮਤਾ ਇਕ-ਰਾਏ ਨਾਲ ਪਾਸ ਕਰਵਾ ਦਿੱਤਾ। ਬਡੂੰਗਰ ਨੇ ਦੱਸਿਆ ਕਿ 1999 ਵਿਚ ਮਨਜੀਤ ਸਿੰਘ ਬਾਰੇ ਬਣੀ ਸਬ-ਕਮੇਟੀ ਦੀ ਰਿਪੋਰਟ (ਜੋ ਲਿਖਤੀ

---

15. ਇਸ ਕਮੇਟੀ ਦਾ ਮੁਖੀ ਸ਼੍ਰੋਮਣੀ ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਪੰਨੂੰ ਸੀ, ਜੋ ਮਗਰੋਂ ਸ਼ਰਾਬ ਦੀਆਂ ਬੋਤਲਾਂ ਅਤੇ ਇਕ ਜਵਾਨ ਕੁੜੀ ਸਣੇ ਇਕ ਐਕਸੀਡੈਂਟ ਵਿਚ ਮਾਰਿਆ ਗਿਆ ਸੀ। ਇਸ ਨੂੰ 'ਸ਼ਰਧਾਂਜਲੀ' ਦੇਣ ਵਾਸਤੇ ਸਾਰੇ ਅਖੌਤੀ-ਜਥੇਦਾਰ ਵੀ ਪੁੱਜੇ ਸਨ।

ਤੌਰ 'ਤੇ ਮੌਜੂਦ ਨਹੀਂ ਸੀ ਤੇ ਸ਼ਾਇਦ ਅਜੇ ਵੀ ਮੌਜੂਦ ਨਾ ਹੋਵੇ) ਮੁਤਾਬਿਕ ਮਨਜੀਤ ਸਿੰਘ ਉੱਤੇ ਕੁਰਪਸ਼ਨ ਅਤੇ ਇਖ਼ਲਾਕ (ਸੈਕਸ) ਦੇ ਦੋਸ਼ ਸਹੀ ਸਨ। ਜਦੋਂ ਮੀਟਿੰਗ ਵਿਚ ਰਿਪੋਰਟ ਸੁਣਾਉਣ ਦੀ ਗੱਲ ਚੱਲੀ ਤਾਂ ਉਸ ਨੇ ਇਹ ਕਹਿ ਕੇ ਟਾਲ ਦਿੱਤਾ ਕਿ "ਮੀਟਿੰਗ ਵਿਚ ਬੀਬੀਆਂ ਵੀ ਮੌਜੂਦ ਹਨ।" ਯਾਨਿ ਇਸ ਮੀਟਿੰਗ ਵਿਚ ਇਹ ਨਹੀਂ ਸੀ ਦੱਸਿਆ ਗਿਆ ਕਿ ਕਮੇਟੀ ਨੇ ਕੇਵਲ ਸਿੰਘ ਬਾਰੇ ਕੀ ਲਿਖਿਆ ਸੀ।

ਇਸੇ ਦਿਨ ਟੌਹੜਾ ਅਕਾਲੀ ਦਲ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ ਨੇ ਮੰਗ ਕੀਤੀ ਕਿ "(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵਿਰੁੱਧ ਵੀ ਇਸ ਕਿਸਮ ਦੀ ਕਾਰਵਾਈ ਹੋਣੀ ਚਾਹੀਦੀ ਹੈ, ਕਿਉਂਕਿ ਉਸ 'ਤੇ ਵੀ ਕੁਰਪਸ਼ਨ ਦੇ ਦੋਸ਼ ਹਨ।[16] ਪਰ ਜਦ ਟੌਹੜਾ ਪ੍ਰਧਾਨ ਬਣ ਗਿਆ ਤਾਂ ਇਸੇ ਭੌਰ ਨੇ ਵੇਦਾਂਤੀ ਬਾਰੇ ਕਦੇ ਵੀ ਇਕ ਵੀ ਲਫ਼ਜ਼ ਨਾ ਬੋਲਿਆ, ਕਿਉਂਕਿ ਹੁਣ ਵੇਦਾਂਤੀ ਟੌਹੜਾ ਦਾ ਜੀ-ਹਜ਼ੂਰ ਬਣ ਗਿਆ ਸੀ। ਇਹ ਹੈ ਤੌਰ ਤਰੀਕਾ ਇਸ ਤਖ਼ਤ ਸਾਹਿਬ ਦੇ ਅਖੌਤੀ-ਜਥੇਦਾਰ ਅਤੇ ਉਸ ਦੇ ਬਾੱਸ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਕਾਬਜ਼ ਪਾਰਟੀ ਦੇ ਪ੍ਰਧਾਨ ਦਾ।

ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਬਰਤਰਫ਼ੀ ਤੋਂ ਮਗਰੋਂ ਮਨਜੀਤ ਸਿੰਘ ਪਹਿਲਾਂ ਤਾਂ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਅਰਜ਼ਾਂ ਕਰ ਕੇ ਵਿਚੋਲਗੀ ਜਾਂ ਤਰਸ-ਭਰੀ ਮਦਦ ਵਾਸਤੇ ਕੋਸ਼ਿਸ਼ ਕਰਦਾ ਰਿਹਾ। ਪਰ ਵੇਦਾਂਤੀ ਨਾ ਤਾਂ ਪੰਥਕ ਰਿਹਾ ਸੀ ਅਤੇ ਨਾ ਹੀ ਦੋਸਤ। ਇਹ ਸਹੀ ਹੈ ਕਿ ਮਨਜੀਤ ਸਿੰਘ ਨੇ ਵੇਦਾਂਤੀ ਦੀ ਹਰ ਗੱਲ ਦੀ ਹਿਮਾਇਤ ਕੀਤੀ ਸੀ, ਪਰ ਜਦੋਂ ਮਨਜੀਤ ਸਿੰਘ ਨੂੰ ਮੂੰਹ 'ਤੇ ਚਿੱਕੜ ਮਲ ਕੇ ਕੇਸਗੜ੍ਹ ਸਾਹਿਬ ਤੋਂ ਕੱਢਿਆ ਗਿਆ ਤਾਂ ਵੇਦਾਂਤੀ ਨੇ ਬਿਲਕੁਲ ਚੁੱਪ ਹੀ ਵੱਟ ਲਈ। ਮਨਜੀਤ ਸਿੰਘ ਨੇ ਦੋ ਵਾਰ ਤਰਲਾ ਮਾਰਿਆ, ਪਰ ਵੇਦਾਂਤੀ ਆਪਣੇ 'ਆਕਾ' ਵੱਲ ਅੱਖ ਚੁੱਕ ਕੇ ਵੇਖਣ ਦਾ ਵੀ ਹੀਆ ਨਾ ਕਰ ਸਕਿਆ। ਇਸ ਮਗਰੋਂ ਮਨਜੀਤ ਸਿੰਘ ਨੇ ਬਾਦਲ ਅਤੇ ਬਡੂੰਗਰ ਨੂੰ ਵੀ ਡਰਾਉਣ ਅਤੇ ਬਲੈਕਮੇਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੋਹਾਂ ਨੇ ਹੀ ਇਸ ਦੀਆਂ ਧਮਕੀਆਂ ਦੀ ਪਰਵਾਹ ਨਾ ਕੀਤੀ ਤਾਂ ਇਹ ਝੱਗ ਵਾਂਗ ਬੈਠ ਗਿਆ। ਭਾਵੇਂ ਮਨਜੀਤ ਸਿੰਘ ਨੂੰ 'ਮੂੰਹ ਕਾਲਾ ਕਰ ਕੇ' ਕੱਢਣ ਵਾਂਗ ਦੁਰਕਾਰਿਆ ਗਿਆ ਸੀ, ਪਰ ਫਿਰ ਵੀ ਡਾ. ਕਿਹਰ ਸਿੰਘ (ਚੇਅਰਮੈਨ ਸਕੂਲ ਐਜੂਕੇਸ਼ਨ ਬੋਰਡ) ਅਤੇ ਉਸ ਦੇ ਕੁਝ ਹੋਰ 'ਯਾਰ' ਉਸ ਨੂੰ ਸਿਰ 'ਤੇ ਬਿਠਾਂਦੇ ਰਹੇ। ਦਰਅਸਲ ਪਿਛਲੇ ਚਾਲ੍ਹੀ ਸਾਲ ਵਿਚ ਪੰਥਕ ਸਫ਼ਾਂ ਵਿਚ ਏਨਾ ਨਿਘਾਰ ਆ ਚੁੱਕਾ ਸੀ।

ਟੌਹੜਾ 'ਅਖੌਤੀ ਪੰਥ ਰਤਨ'

ਗੁਰਚਰਨ ਸਿੰਘ ਟੌਹੜਾ ਨੂੰ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕਰਨ ਦਾ ਸਭ ਤੋਂ ਵੱਧ ਜ਼ਿੰਮੇਦਾਰ ਮੰਨਿਆ ਜਾਏਗਾ। ਉਸ ਨੇ 1979 ਵਿਚ ਇਸ ਤਖ਼ਤ ਨੂੰ ਨਿੱਜੀ ਮੁਫ਼ਾਦ ਵਾਸਤੇ ਵਰਤਣ ਦੀ ਸ਼ੁਰੂਆਤ ਕੀਤੀ ਸੀ ਅਤੇ ਫਿਰ ਕਈ ਵਾਰ ਅਜਿਹੀ ਹਰਕਤ ਦੋਹਰਾਈ ਸੀ। ਸਿਰਫ਼ ਅਕਾਲ ਤਖ਼ਤ ਸਾਹਿਬ ਹੀ ਨਹੀਂ, ਸਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸ ਨੇ ਆਪਣੀ ਨਿੱਜੀ ਸ਼ਾਨ ਤੇ ਤਾਕਤ ਕਾਇਮ ਰੱਖਣ

16. *ਪੰਜਾਬੀ ਟ੍ਰਿਬਿਊਨ* ਤੇ *ਅਜੀਤ*, 24 ਫ਼ਰਵਰੀ 2003.

ਵਾਸਤੇ ਕੁਰਪਸ਼ਨ, ਨਾ-ਅਹਲੀਅਤ, ਨਾਲਾਇਕੀ, ਮਨਮਤ, ਜੁਰਮ, ਪਾਪ ਤੇ ਅਧਰਮ ਦਾ ਸੈਂਟਰ ਬਣਨ ਦਿੱਤਾ। ਉਸ ਨੇ ਕਮਿਊਨਿਸਟਾਂ, ਫ਼ਿਰਕੂ ਹਿੰਦੂਆਂ ਅਤੇ ਪਤਿਤ ਸਿੱਖਾਂ ਨੂੰ ਸਕੂਲਾਂ-ਕਾਲਜਾਂ ਤੇ ਹਸਪਤਾਲਾਂ 'ਚ ਵੱਡੀਆਂ ਨੌਕਰੀਆਂ ਦਿੱਤੀਆਂ, ਧਰਮ ਪਰਚਾਰ ਦੇ ਕਰੋੜਾਂ ਰੁਪੈ ਖੂਹ ਖਾਤੇ ਪਾਏ। ਸੱਚ ਪੁੱਛੋਂ ਤਾਂ ਉਸ ਨੇ ਕੌਮ ਦੇ ਕਰੀਬ ਤਿੰਨ ਦਹਾਕੇ ਜ਼ਾਇਆ ਕਰ ਕੇ ਕੌਮ ਨੂੰ ਸੌ ਸਾਲ ਪਿੱਛੇ ਸੁੱਟ ਦਿੱਤਾ। ਮਾਰਚ 2004 ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਤਾਂ ਟੌਹੜਾ ਨੂੰ ਦਿਲ ਦਾ ਦੌਰਾ ਪਿਆ ਤੇ ਉਹ 31 ਮਾਰਚ ਤੇ ਪਹਿਲੀ ਅਪਰੈਲ ਵਿਚਲੀ ਰਾਤ ਨੂੰ ਚੜ੍ਹਾਈ ਕਰ ਗਿਆ। ਉਸ ਦਾ ਭੋਗ 11 ਅਪਰੈਲ ਨੂੰ ਪਾਇਆ ਗਿਆ, ਜਿਥੇ ਉਸ ਨੂੰ ਅਖੌਤੀ 'ਪੰਥ ਰਤਨ' ਦਾ 'ਖ਼ਿਤਾਬ' ਦੇਣ ਦਾ ਐਲਾਨ ਕੀਤਾ ਗਿਆ (ਇਹ 'ਖ਼ਿਤਾਬ' ਰਸਮੀ ਤੌਰ 'ਤੇ 27 ਮਾਰਚ 2005 ਨੂੰ ਅਕਾਲ ਤਖ਼ਤ ਦੀ ਇਮਾਰਤ 'ਤੇ ਦੇਣ ਦਾ ਡਰਾਮਾ ਤੇ ਪਾਪ ਕੀਤਾ ਗਿਆ)। ਇਹ 'ਅਖੌਤੀ ਖ਼ਿਤਾਬ' (ਗਿਆਨੀ) ਜੋਗਿੰਦਰ ਸਿੰਘ ਨੇ ਐਲਾਨਿਆ। ਟੌਹੜਾ ਨੂੰ ਉਸ ਦੇ ਇਕ 'ਮੁਲਾਜ਼ਮ' ਵੱਲੋਂ ਇਹ ਅਖੌਤੀ ਖ਼ਿਤਾਬ ਆਪਣੇ ਆਪ ਵਿਚ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਸੀ, ਕਿਉਂਕਿ ਟੌਹੜਾ ਇਸ ਤਖ਼ਤ ਦੀ ਬੇਅਦਬੀ ਦਾ ਸਭ ਤੋਂ ਵੱਡਾ ਕਾਰਨ ਸੀ। ਉਂਵ ਕੀ ਕਿਸੇ ਅਖੌਤੀ ਖ਼ਿਤਾਬ ਨਾਲ ਵੀ ਕੋਈ ਬੰਦਾ 'ਪੰਥ ਰਤਨ' ਬਣ ਸਕਦਾ ਹੈ ? ਪੰਥ ਰਤਨ ਤਾਂ ਸਿੱਖ ਪੰਥ ਮਾਸਟਰ ਤਾਰਾ ਸਿੰਘ ਨੂੰ ਦਿਲੋਂ ਮੰਨਦਾ ਸੀ। ਫਿਰ ਟੌਹੜਾ ਨੇ ਆਪਣੇ ਫ਼ਾਈਨਾਂਸਰ ਸ: ਇੰਦਰਜੀਤ ਸਿੰਘ, ਚੇਅਰਮੈਨ ਪੰਜਾਬ ਸਿੰਧ ਬੈਂਕ ਨੂੰ ਪੰਥ ਰਤਨ ਦਾ ਖ਼ਿਤਾਬ ਦੇ ਦਿੱਤਾ। ਸ: ਇੰਦਰਜੀਤ ਸਿੰਘ ਨੇ ਸਿੱਖ ਪੰਥ ਦੀ ਵੱਡੀ ਸੇਵਾ ਕੀਤੀ ਸੀ ਤੇ ਉਹ ਸੱਚਮੁੱਚ ਪੰਥ ਰਤਨ ਸੀ, ਕਿਉਂਕਿ ਪੰਥ ਅਜਿਹਾ ਸਮਝਦਾ ਸੀ। ਸ: ਇੰਦਰਜੀਤ ਸਿੰਘ ਨੂੰ ਟੌਹੜਾ ਦੇ ਬਿਆਨ ਜਾਂ ਮਤੇ ਦੀ ਲੋੜ ਨਹੀਂ ਸੀ। ਪਰ ਹੁਣ ਤਾਂ (ਗਿਆਨੀ) ਜੋਗਿੰਦਰ ਸਿੰਘ ਨੇ ਇਹ ਅਖੌਤੀ ਖ਼ਿਤਾਬ ਚਾਪਲੂਸੀ ਕਰ ਕੇ ਦਿੱਤਾ ਸੀ। **ਜੇ ਕਰ ਵੇਦਾਂਤੀ ਇਸ ਅਹੁਦੇ 'ਤੇ ਕਾਬਜ਼ ਰਿਹਾ ਤਾਂ ਬਾਦਲ, ਤਲਵੰਡੀ ਤੇ ਮਰਨ ਵਾਲੇ ਹੋਰ ਅਕਾਲੀ ਵੀ ਅਖੌਤੀ ਪੰਥ ਰਤਨ ਬਣ ਜਾਣਗੇ।** (ਮਾਰਚ 2005 ਵਿਚ ਸਿੱਖ ਫ਼ਲਸਫ਼ਾ ਵਿਗਾੜਨ ਵਾਲੇ ਸੰਤ ਸਿੰਘ ਮਸਕੀਨ ਦੀ ਮੌਤ ਹੋ ਗਈ। ਇਸ ਵੇਦਾਂਤੀ ਨੇ ਉਸ ਨੂੰ ਵੀ 'ਗੁਰਮਤਿ ਮਾਰਤੰਡ' ਦਾ ਅਖੌਤੀ ਖ਼ਿਤਾਬ ਦਿੱਤਾ। ਸ਼੍ਰੋਮਣੀ ਕਮੇਟੀ ਵੱਲੋਂ 'ਭਾਈ ਗੁਰਦਾਸ ਐਵਾਰਡ' ਵੀ ਇਸੇ ਫ਼ਲਸਫ਼ਾ-ਵਿਗਾੜੂ ਨੂੰ 27 ਮਾਰਚ 2005 ਨੂੰ ਦਿੱਤਾ ਗਿਆ। ਆਸ ਹੈ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਅਜਿਹਾ ਪਾਪ ਹੋਰ ਵੀ ਕੀਤਾ ਜਾਂਦਾ ਰਹੇਗਾ।)

ਜੂਨ 2004 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਵੇਦਾਂਤੀ ਤੋਂ ਮੰਗ ਕੀਤੀ ਕਿ ਉਹ ਚੋਣਾਂ ਲੜਨ ਵਾਲੇ ਉਮੀਦਵਾਰਾਂ ਵਾਸਤੇ ਇਕ ਜ਼ਾਬਤੇ ਦਾ ਐਲਾਨ ਕਰੇ। ਪਹਿਲਾਂ ਤਾਂ ਉਹ ਟਾਲਦਾ ਰਿਹਾ, ਪਰ ਅਖ਼ੀਰ ਉਸ ਨੇ ਇਕ 'ਛੇ ਨੁਕਾਤੀ ਜ਼ਾਬਤੇ' ਦਾ ਐਲਾਨ ਕੀਤਾ ਤੇ ਨਾਲ ਹੀ ਵਿਦੇਸ਼ੀ ਦੌਰ 'ਤੇ ਚਲਾ ਗਿਆ। ਇਸ ਜ਼ਾਬਤੇ ਮੁਤਾਬਿਕ, ਜਿਸ ਦੇ ਘਰ ਵਿਚ ਕੋਈ ਵੀ ਪਤਿਤ ਹੈ, ਉਸ ਦੇ ਚੋਣ ਲੜਨ 'ਤੇ ਪਾਬੰਦੀ ਸੀ। ਬਾਦਲ ਦਲ ਦੇ 60 ਤੋਂ 75 ਫ਼ੀਸਦੀ ਅਤੇ ਵਿਰੋਧੀ ਧੜੇ ਦੇ 25-30 ਫ਼ੀਸਦੀ ਉਮੀਦਵਾਰ ਵੇਦਾਂਤੀ ਦੇ ਚੋਣ ਜ਼ਾਬਤੇ ਮੁਤਾਬਿਕ ਚੋਣ ਨਹੀਂ ਸਨ ਲੜ ਸਕਦੇ। ਵੇਦਾਂਤੀ ਇਸੇ ਕਰ ਕੇ ਟਿੱਬ੍ਹ ਗਿਆ

ਸੀ ਤਾਂ ਜੋ ਉਸ ਨੂੰ 'ਮਜਬੂਰਨ' ਕੋਈ ਐਕਸ਼ਨ ਲੈਣ ਦਾ ਦਿਖਾਵਾ ਨਾ ਕਰਨਾ ਪਵੇ। ਉੱਵ ਟੂਰ ਤੋਂ ਆ ਕੇ ਵੀ ਉਸ ਨੇ ਪਤਿਤ ਪਰਿਵਾਰਾਂ ਵਾਲੇ ਉਮੀਦਵਾਰਾਂ 'ਤੇ ਕੋਈ ਵੀ ਐਕਸ਼ਨ ਨਾ ਲਿਆ।

ਪ੍ਰਹਿਲਾਦ ਸਿੰਘ ਚੰਡੋਕ ਅਤੇ ਵੇਦਾਂਤੀ

ਖ਼ੂਨੀ ਨਵੰਬਰ 1984 ਵਿਚ ਦਿੱਲੀ ਅਤੇ ਹੋਰ ਥਾਂਵਾਂ 'ਤੇ ਰਾਜੀਵ ਗਾਂਧੀ ਦੀ ਸ਼ਹਿ 'ਤੇ ਹਜ਼ਾਰਾਂ ਸਿੱਖਾਂ ਨੂੰ ਦੁਨੀਆਂ ਭਰ ਦੇ ਸਭ ਤੋਂ ਘਿਨਾਉਣੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸਿੱਖਾਂ ਦੇ ਕਾਤਲਾਂ ਵਿਚ ਹੋਰਾਂ ਤੋਂ ਇਲਾਵਾ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਅਤੇ ਸੱਜਨ ਕੁਮਾਰ ਵਰਗੇ ਦਿੱਲੀ ਦੇ ਸੀਨੀਅਰ ਕਾਂਗਰਸੀ ਲੀਡਰ ਵੀ ਸਨ।

ਜੂਨ 2004 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ (ਕਾਂਗਰਸੀ) ਪ੍ਰਧਾਨ ਪ੍ਰਹਿਲਾਦ ਸਿੰਘ ਚੰਡੋਕ ਨੇ ਇਕ ਕਲੱਬ ਵਿਚ ਸਿੱਖਾਂ ਦੇ ਇਸ ਵਹਿਸ਼ੀ ਕਾਤਲ ਨੂੰ ਸਿਰੋਪਾਓ ਤੇ ਕਿਰਪਾਨ ਭੇਟ ਕੀਤੀ (ਸ਼ਾਇਦ ਇਕ ਵਾਰ ਹੋਰ ਸਿੱਖਾਂ ਦਾ-ਕਤਲੇਆਮ ਕਰਨ ਵਾਸਤੇ)। ਚੰਡੋਕ ਕਿਰਪਾਨ ਭੇਟ ਕਰਨ ਵੇਲੇ ਰੂਹਾਨੀ ਖ਼ੁਸ਼ੀ 'ਚ ਮੁਸਕਰਾ ਹੀ ਨਹੀਂ ਰਿਹਾ, ਖੁੱਲ੍ਹ ਕੇ ਹੱਸ ਵੀ ਰਿਹਾ ਸੀ (ਤਸਵੀਰ ਵੇਖੋ)। ਸਿੱਖਾਂ ਦੇ ਇਸ ਕਾਤਲ ਨੂੰ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੱਲੋਂ ਸਿਰੋਪਾਓ ਦੇਣਾ ਇਕ ਤਰ੍ਹਾਂ ਨਾਲ ਜ਼ੁਲਮ ਦੀ ਹਿਮਾਇਤ ਕਰਨਾ ਸੀ। ਸਿੱਖ ਹਲਕਿਆਂ ਵਿਚ ਇਸ ਸ਼ਰਮਨਾਕ, ਬੇਗ਼ੈਰਤ ਹਰਕਤ ਦੀ ਬੜੀ ਨਿੰਦਾ ਹੋਈ। ਵੇਦਾਂਤੀ ਨੇ ਚੰਡੋਕ ਨੂੰ ਪਹਿਲਾਂ ਤਾਂ 'ਤਲਬ' ਹੀ ਨਹੀਂ ਕੀਤਾ, ਪਰ ਜਦ ਮਜਬੂਰਨ ਸਿੱਖ ਵਿਦਵਾਨਾਂ ਅਤੇ ਯੂਥ ਆਗੂਆਂ ਦਾ ਦਬਾਅ ਵਧਿਆ ਤਾਂ ਉਸ ਨੇ ਚੰਡੋਕ ਨੂੰ 25 ਜੁਲਾਈ ਵਾਸਤੇ 'ਤਲਬ' ਕਰ ਲਿਆ। ਪਤਾ ਲੱਗਾ ਕਿ ਇਸ ਤੋਂ ਪਹਿਲਾਂ ਚੰਡੋਕ ਤੇ ਵੇਦਾਂਤੀ ਵਿਚਕਾਰ ਦਿੱਲੀ ਦੇ ਇਕ ਜਥੇਦਾਰ ਮਨਜੀਤ ਸਿੰਘ ਰਾਹੀਂ ਸਾਰੀ ਗਲਬਾਤ ਤੈਅ ਹੋ ਗਈ ਸੀ। ਸੋ ਸੰਗਤ ਤੋਂ ਡਰਦਿਆਂ ਮਿੱਥੀ ਪੇਸ਼ੀ ਤੋਂ ਦੋ ਦਿਨ ਪਹਿਲਾਂ ਹੀ, 23 ਜੁਲਾਈ 2004 ਦੇ ਦਿਨ, ਚੰਡੋਕ ਵੇਦਾਂਤੀ ਤੇ ਹੋਰ ਗ੍ਰੰਥੀਆਂ ਕੋਲ 'ਪੇਸ਼ ਹੋ ਗਿਆ' ਤੇ ਲਿਖ ਕੇ ਦਿੱਤਾ ਕਿ "ਮੈਨੂੰ ਪਤਾ ਨਹੀਂ ਸੀ ਕਿ ਉਸ ਸਮਾਗਮ ਵਿਚ ਟਾਈਟਲਰ ਆ ਰਿਹਾ ਹੈ। ਇਸ ਕਰ ਕੇ ਮੈਂ ਗ਼ਲਤੀ ਨਾਲ ਉਸ ਨੂੰ ਸਿਰੋਪਾਓ ਭੇਟ ਕਰ ਬੈਠਾ।" ਹਾਲਾਂਕਿ ਇਹ ਸਰਾਸਰ ਗ਼ਲਤ ਸੀ। ਇਸ ਸਮਾਗਮ ਵਾਸਤੇ 1000 ਕਾਰਡ ਛਾਪੇ ਗਏ ਸਨ, ਜਿਨ੍ਹਾਂ 'ਤੇ ਟਾਈਟਲਰ ਦਾ ਵੀ ਨਾਂ ਛਪਿਆ ਹੋਇਆ ਸੀ। ਚੰਡੋਕ ਕਾਂਗਰਸੀ ਹੈ ਤੇ ਉਸ ਨੂੰ ਪਤਾ ਸੀ ਕਿ ਟਾਈਟਲਰ ਕੌਣ ਹੈ। ਚੰਡੋਕ ਨੂੰ ਪਤਾ ਸੀ ਕਿ ਸਿਰੋਪਾਓ ਕੀ ਹੈ (ਕਿਉਂਕਿ ਉਹ ਪ੍ਰਧਾਨ ਸੀ)। ਉਸ ਨੂੰ ਪਤਾ ਸੀ ਕਿ ਸਿਰੋਪਾਓ ਕਿਸ ਨੂੰ ਦਿੱਤਾ ਜਾ ਸਕਦਾ ਹੈ। ਉਹ ਉਸ ਵੇਲੇ ਨਾਂਹ ਵੀ ਕਰ ਸਕਦਾ ਸੀ। ਪਰ ਉਹ ਤਾਂ 'ਦਿਲੀ ਚਾਅ ਨਾਲ' ਸਿਰੋਪਾਓ ਦੇਂਦਾ ਤਸਵੀਰ 'ਚ ਸਾਫ਼ ਨਜ਼ਰ ਆਉਂਦਾ ਹੈ।

ਵੇਦਾਂਤੀ ਨੇ ਚੰਡੋਕ ਨੂੰ ਜ਼ਰਾ-ਮਾਸਾ, ਗੀਣ ਕੁ, ਤਨਖ਼ਾਹ ਵੀ ਨਾ ਲਾਈ ਤੇ 'ਬਰੀ' ਕਰ ਕੇ ਘਰ ਭੇਜ ਦਿੱਤਾ। ਇਸ ਸਾਰੇ ਘਾਲੇ-ਮਾਲੇ ਬਾਰੇ ਲੋਕਾਂ ਨੇ ਸ਼ਰੇਆਮ ਦੋਸ਼ ਲਾਏ ਕਿ ਵੇਦਾਂਤੀ ਨੇ ਲੱਖਾਂ ਰੁਪਏ ਰਿਸ਼ਵਤ ਲੈ ਕੇ ਚੰਡੋਕ ਨੂੰ ਬਰੀ ਕੀਤਾ ਸੀ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਜਿਵੇਂ 1998 ਵਿਚ ਅਵਤਾਰ ਸਿੰਘ ਹਿਤ ਨੇ ਇਕ ਸਕੂਲ

ਨੂੰ ਨਿੱਜੀ ਬਣਾ ਕੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਧੋਖਾ ਦਿੱਤਾ ਸੀ, ਚੰਡੋਕ ਨੇ ਵੀ ਇਨ੍ਹੀਂ ਦਿਨੀਂ ਅਜਿਹਾ ਹੀ ਕੀਤਾ ਸੀ ਤੇ ਉਸ ਦੇ ਇਸ ਧੋਖੇ ਦੀ ਦਰਖ਼ਾਸਤ 22 ਤਾਰੀਖ਼ ਤਕ ਅਕਾਲ ਤਖ਼ਤ ਸਾਹਿਬ 'ਤੇ ਪੁੱਜ ਚੁੱਕੀ ਸੀ। ਇਸੇ ਕਰ ਕੇ 25 ਦੀ ਥਾਂ 23 ਤਾਰੀਖ਼ ਨੂੰ ਹੀ ਚੰਡੋਕ ਨੂੰ 'ਬਰੀ' ਕਰ ਦਿੱਤਾ ਗਿਆ। ਚੰਡੋਕ ਵੱਲੋਂ ਸਕੂਲ ਦੇ ਮਾਮਲੇ ਵਿਚ ਕੀਤੀ 'ਬੇਈਮਾਨੀ' ਨੂੰ ਤਾਂ ਵੇਦਾਂਤੀ ਨੇ (ਇਸ ਮਗਰੋਂ ਵੀ) ਗੌਲਿਆ ਤਕ ਵੀ ਨਹੀਂ।

ਚੰਡੋਕ ਨੂੰ 'ਬਰੀ' ਕਰਨ ਦੀ ਹਰਕਤ ਦੀ ਪਰਕਾਸ਼ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੇ ਅਸਿੱਧੇ ਤੌਰ 'ਤੇ ਜ਼ਬਰਦਸਤ ਨਿੰਦਾ ਕੀਤੀ। ਢੀਂਡਸਾ ਨੇ ਤਾਂ ਇਹ ਵੀ ਕਿਹਾ ਕਿ ਵੇਦਾਂਤੀ ਨੂੰ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਵਿਦਵਾਨਾਂ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ। ਉਸ ਦੀ ਮਦਦ ਵਾਸਤੇ ਬਣਿਆ ਧਾਰਮਿਕ ਸਲਾਹਕਾਰ ਬੋਰਡ ਸਹੀ ਨਹੀਂ ਹੈ। (ਇਹ ਸਲਾਹਕਾਰ ਬੋਰਡ ਟੌਹੜਾ ਨੇ ਅਕਤੂਬਰ 2003 ਦੀ ਪੰਥਕ ਕਨਵੈਨਸ਼ਨ ਮੋਹਾਲੀ ਦੇ ਆਗੂਆਂ ਦੀ ਮੁਖ਼ਾਲਫ਼ਤ ਕਰਨ ਵਾਸਤੇ ਕਾਹਲੀ ਨਾਲ ਰਾਤੋ-ਰਾਤ ਬਣਾਇਆ ਸੀ)। ਢੀਂਡਸਾ ਨੇ ਨਵਾਂ ਸਲਾਹਕਾਰ ਬੋਰਡ ਬਣਾਉਣ ਦੀ ਗੱਲ ਵੀ ਆਖੀ।[17]

ਵੇਦਾਂਤੀ ਵੱਲੋਂ ਚੰਡੋਕ ਨੂੰ ਮੁਆਫ਼ ਕਰਨਾ ਉਸ ਦੀ ਪਹਿਲੀ ਗ਼ਲਤ ਹਰਕਤ ਨਹੀਂ ਸੀ। ਉਹ ਪਹਿਲਾਂ ਵੀ ਬੜੇ ਗ਼ਲਤ ਅਤੇ ਪੱਖਪਾਤੀ ਫ਼ੈਸਲੇ ਕਰ ਚੁੱਕਿਆ ਸੀ। ਉਸ ਦੇ ਸੰਤਾ ਸਿੰਘ ਨਿਹੰਗ, ਚਤਰ ਸਿੰਘ ਜੀਵਨ ਸਿੰਘ ਫ਼ਰਮ ਅਤੇ ਧਨਵੰਤ ਸਿੰਘ ਬਾਰੇ ਫ਼ੈਸਲਿਆਂ ਬਾਰੇ ਬਹੁਤ ਲੋਕਾਂ ਨੂੰ ਕੁਰਪਸ਼ਨ ਅਤੇ ਪੱਖਪਾਤ ਦਾ ਸ਼ਕ ਸੀ। ਇੰਞ ਹੀ ਉਸ ਦੇ ਕਾਲਾ ਅਫ਼ਗਾਨਾ ਅਤੇ ਜੋਗਿੰਦਰ ਸਿੰਘ 'ਸਪੋਕਸਮੈਨ' ਬਾਰੇ ਫ਼ੈਸਲੇ ਵੀ ਨਿੱਜੀ ਕਿੜ ਵਾਲੇ ਅਤੇ ਪੱਖਪਾਤੀ ਸਨ।

ਅਵਤਾਰ ਸਿੰਘ ਹਿਤ ਨੂੰ ਇਕ ਕਰੋੜ 10 ਲੱਖ ਰੁਪਏ ਦੇਣ ਵਾਸਤੇ ਚਿੱਠੀ

ਇਨ੍ਹੀਂ ਦਿਨੀਂ ਹੀ ਵੇਦਾਂਤੀ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੰਡੋਕ ਨੂੰ ਇਕ ਖ਼ਤ ਲਿਖ ਕੇ ਹਿਦਾਇਤ ਦਿੱਤੀ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਵਤਾਰ ਸਿੰਘ ਹਿਤ ਨੂੰ ਇਕ ਕਰੋੜ ਦਸ ਲੱਖ ਰੁਪਏ ਅਦਾ ਕੀਤੇ ਜਾਣ। ਵੇਦਾਂਤੀ ਮੁਤਾਬਿਕ ਅਵਤਾਰ ਸਿੰਘ ਹਿਤ ਨੇ ਏਨੀ ਰਕਮ ਉਸ ਸਕੂਲ ਵਾਸਤੇ ਆਪਣੇ ਕੋਲੋਂ ਖ਼ਰਚੀ ਸੀ, ਜਿਹੜਾ 1997 ਵਿਚ (ਭਾਈ) ਰਣਜੀਤ ਸਿੰਘ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਵਾਇਆ ਸੀ। ਵੇਦਾਂਤੀ ਨੇ ਇਹ ਰਕਮ ਤਿੰਨ ਹਫ਼ਤੇ ਦੇ ਅੰਦਰ-ਅੰਦਰ ਅਦਾ ਕਰਨ ਦਾ 'ਹੁਕਮ' ਦਿੱਤਾ ਸੀ (ਚਿੱਠੀ ਵੇਖੋ : ਦਸਤਾਵੇਜ਼ੀ ਸੈਕਸ਼ਨ ਵਿਚ)। ਵੇਦਾਂਤੀ ਦੀ ਇਸ ਹਰਕਤ ਦੀ ਨਿੰਦਾ ਸੁਖਦੇਵ ਸਿੰਘ ਢੀਂਡਸਾ ਤੇ ਹਰਿੰਦਰਪਾਲ ਸਿੰਘ ਦਿੱਲੀ (ਮੈਂਬਰ ਸ਼੍ਰੋਮਣੀ ਕਮੇਟੀ) ਤੋਂ ਇਲਾਵਾ ਹੋਰ ਬਹੁਤ ਸਾਰਿਆਂ ਨੇ ਵੀ ਕੀਤੀ (ਚਿੱਠੀ ਵੇਖੋ : ਦਸਤਾਵੇਜ਼ੀ ਸੈਕਸ਼ਨ ਵਿਚ)। (ਭਾਈ) ਰਣਜੀਤ ਸਿੰਘ ਤੇ ਉਸ ਦੇ ਇਕ ਸਾਥੀ ਨੇ ਵੀ ਇਸ ਦੇ ਖ਼ਿਲਾਫ਼ ਬਿਆਨ ਦਿੱਤਾ। ਇਹ ਚਰਚਾ ਵੀ ਚਲਿਆ ਕਿ ਵੇਦਾਂਤੀ (ਭਾਈ) ਰਣਜੀਤ ਸਿੰਘ ਨੂੰ ਵੀ 'ਤਲਬ' ਕਰੇਗਾ। ਇਸ 'ਤੇ (ਭਾਈ) ਰਣਜੀਤ ਸਿੰਘ ਨੇ ਦਬਕਾ

17. *ਪੰਜਾਬੀ ਟ੍ਰਿਬਿਊਨ*, 25 ਅਗਸਤ 2004, ਸਫ਼ਾ 8.

ਮਾਰਿਆ ਕਿ ਜੇ ਮੈਨੂੰ ਵੇਦਾਂਤੀ ਨੇ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਤਾਂ ਮੈਂ ਜ਼ਰੂਰ ਜਾਵਾਂਗਾ ਅਤੇ ਉਲਟਾ ਵੇਦਾਂਤੀ ਦੀ ਜਵਾਬ ਤਲਬੀ ਕਰਾਂਗਾ। ਇਸ 'ਤੇ ਵੇਦਾਂਤੀ ਯਰਕ ਗਿਆ ਤੇ ਰਣਜੀਤ ਸਿੰਘ ਦੀ ਥਾਂ ਉਸ ਦੇ ਸਾਥੀ ਨੂੰ ਤਲਬ ਕਰ ਲਿਆ। ਉਂਞ ਇਸ ਸਬੰਧੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਨੇ 24 ਅਗਸਤ 2004 ਦੀ ਮੀਟਿੰਗ ਵਿਚ ਇਹ ਰਕਮ ਨਾ ਦੇਣ ਦਾ ਫ਼ੈਸਲਾ ਕੀਤਾ ਤੇ ਇਹ ਕੇਸ ਜਨਰਲ ਹਾਊਸ ਵਿਚ ਪੇਸ਼ ਕਰਨ ਦਾ ਮਤਾ ਪਾਸ ਕੀਤਾ।[18] ਪਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵੇਲੇ (ਨਵੰਬਰ 2004 ਵਿਚ) ਚੰਡੋਕ ਨੇ ਹਿਤ ਕੋਲੋਂ ਵੋਟਾਂ ਲੈਣ ਦੀ ਆਸ ਵਿਚ ਉਸ ਨੂੰ 25 ਲੱਖ ਰੁਪੈ ਦੀ ਅਦਾਇਗੀ ਕਰ ਦਿੱਤੀ।

ਇਨ੍ਹਾਂ ਦਿਨਾਂ ਵਿਚ ਵੇਦਾਂਤੀ 'ਤੇ ਵਿਦੇਸ਼ਾਂ 'ਚੋਂ ਲੱਖਾਂ-ਕਰੋੜਾਂ ਰੁਪਏ ਇਕੱਠੇ ਕਰ ਕੇ ਲਿਆਉਣ ਦੇ ਦੋਸ਼ ਵੀ ਲਾਏ ਗਏ। ਇੰਞ ਹੀ ਸੰਤਾ ਸਿੰਘ ਨਿਹੰਗ, ਚਤਰ ਸਿੰਘ ਜੀਵਨ ਸਿੰਘ, ਪ੍ਰਹਿਲਾਦ ਸਿੰਘ ਚੰਡੋਕ ਅਤੇ ਅਵਤਾਰ ਸਿੰਘ ਹਿਤ ਤੋਂ ਮੋਟੀਆਂ ਰਕਮਾਂ ਦੀ ਰਿਸ਼ਵਤ ਲੈਣ ਦੇ ਦੋਸ਼ ਵੀ ਲੱਗੇ। ਇੱਥੋਂ ਤਕ ਚਰਚਾ ਚਲਿਆ ਕਿ ਵੇਦਾਂਤੀ ਨੇ ਆਪਣੇ ਅਹਿਦ ਵਿਚ ਦੋ-ਤਿੰਨ ਕਰੋੜ ਰੁਪਏ ਤੋਂ ਵੱਧ ਰਕਮ ਇਕੱਠੀ ਕਰ ਲਈ ਸੀ।

(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਪੱਖਪਾਤ ਦਾ ਸ਼ਿਕਾਰ ਸ਼ਿਕਾਇਤਾਂ

1. ਸਿੱਖ ਰਹਿਤ ਮਰਿਆਦਾ ਨਾ ਮੰਨਣ ਵਾਲੇ ਡੇਰਿਆਂ 'ਤੇ ਕੋਈ ਐਕਸ਼ਨ ਨਹੀਂ।
2. ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਜਿਊਂਦਾ ਕਹਿਣ ਵਾਲਿਆਂ 'ਤੇ ਕੋਈ ਐਕਸ਼ਨ ਨਹੀਂ।
3. ਹਜ਼ਾਰਾਂ ਸਿੱਖਾਂ ਦੇ ਕਾਤਲ ਕੇ.ਪੀ.ਐਸ. ਗਿੱਲ ਨੂੰ ਪੰਥ 'ਚੋਂ ਖ਼ਾਰਿਜ ਨਹੀਂ ਕੀਤਾ।
4. ਜਦ ਕੁਲਦੀਪ ਸਿੰਘ ਦਾ ਪੀਪਲਜ਼ ਕਮਿਸ਼ਨ ਰੁਕਵਾਇਆ ਤਾਂ ਇਹ 'ਤਖ਼ਤ' ਚੁੱਪ ਰਿਹਾ।
5. ਬਾਦਲ ਵੱਲੋਂ ਹਵਨ ਕਰਵਾਉਣ ਦੀ ਸ਼ਿਕਾਇਤ 'ਤੇ ਕੋਈ ਐਕਸ਼ਨ ਨਹੀਂ।
6. ਸੁਰਿੰਦਰ ਕੌਰ ਬਾਦਲ ਦੇ ਆਸ਼ੂਤੋਸ਼ ਦੇ ਪੈਰਾਂ ਵਿਚ ਪੈਣ 'ਤੇ ਕੋਈ ਐਕਸ਼ਨ ਨਹੀਂ।
7. ਸ਼੍ਰੋਮਣੀ ਕਮੇਟੀ ਦੀ ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਪੰਨੂ ਨਾਲ ਕੁੜੀ ਅਤੇ ਸ਼ਰਾਬ ਫੜੇ ਜਾਣ 'ਤੇ ਕੋਈ ਐਕਸ਼ਨ ਨਹੀਂ, ਉਲਟਾ ਉਸ ਦੇ ਭੋਗ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ।
8. ਰਾਮਾਇਣ ਦੇ 501 ਪਾਠ ਕਰਵਾਉਣ ਤੇ ਸੁੱਚਾ ਸਿੰਘ ਲੰਗਾਹ ਅਤੇ ਸੇਵਾ ਸਿੰਘ ਸੇਖਵਾਂ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ।
9. ਸ਼੍ਰੋਮਣੀ ਕਮੇਟੀ ਨੇ ਤਖ਼ਤ ਦੇ ਸੇਵਾਦਾਰਾਂ ਬਾਰੇ 4 ਸਾਲ ਤੋਂ ਜ਼ਾਬਤਾ ਨਹੀਂ ਬਣਾਇਆ। ਕੋਈ ਐਕਸ਼ਨ ਨਹੀਂ ਤੇ ਨਾ ਹੀ ਆਪ ਜ਼ਾਬਤਾ ਬਣਾਇਆ।
10. ਦਿੱਲੀ ਦੀਆਂ ਵਿਧਵਾਵਾਂ ਨੂੰ ਵੇਦਾਂਤੀ ਨੇ ਮਿਲਣੋਂ ਨਾਂਹ ਕੀਤੀ, ਪਰ ਯੂ.ਕੇ. ਦੀ ਭੰਗੜਾ ਪਾਰਟੀ ਨੂੰ ਸਿਰੋਪੇ ਦਿੱਤੇ।
11. ਪਿਸ਼ੌਰਾ ਸਿੰਘ ਦੀਆਂ ਸਿੱਖੀ ਤੇ ਗੁਰਬਾਣੀ ਖ਼ਿਲਾਫ਼ ਛਪੀਆਂ ਨਵੀਆਂ ਕਿਤਾਬਾਂ 'ਤੇ ਕੋਈ ਐਕਸ਼ਨ ਨਹੀਂ।

---

18. *ਅਜੀਤ*, 25 ਅਗਸਤ 2004, ਸਫ਼ਾ 9.

12. ਚਤਰ ਸਿੰਘ ਜੀਵਨ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਛਾਪਣਾ ਜਾਰੀ ਰਖਣ 'ਤੇ ਕੋਈ ਐਕਸ਼ਨ ਨਹੀਂ।
13. ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਜ਼ਾਬਤਾ ਤੋੜਨ ਵਾਲਿਆਂ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ।
14. ਪਟਨਾ ਸਾਹਿਬ ਦੇ ਇਕਬਾਲ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦਾ ਵਜੂਦ ਮੰਨਣੋਂ ਇਨਕਾਰ ਕਰਨ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ।
15. ਬਲਦੇਵ ਸਿੰਘ ਐਮ.ਏ. ਢਾਡੀ 'ਤੇ ਬਦ-ਇਖ਼ਲਾਕੀ ਦੇ ਦੋਸ਼ਾਂ ਖ਼ਿਲਾਫ਼ ਕੋਈ ਐਕਸ਼ਨ ਨਹੀਂ।
16. ਦਿਸੰਬਰ 2004 ਵਿਚ ਗਿ: ਜੋਗਿੰਦਰ ਸਿੰਘ ਦੇ ਖ਼ਾਸ ਦੋਸਤ, ਸ਼ਿਕਾਗੋ ਦੇ ਬਦਨਾਮ ਸਾਧ, ਦਲਜੀਤ ਸਿੰਘ ਦੀ ਆਪਣੀ ਘਰਵਾਲੀ ਤੋਂ ਤਲਾਕ ਲੈਣ ਦੀ ਦਰਖ਼ਾਸਤ ਅਦਾਲਤ ਵਿਚ ਰੱਦ ਹੋਈ, ਪਰ 'ਵੇਦਾਂਤੀ' ਇਸ 'ਤੇ ਵੀ ਚੁੱਪ ਰਿਹਾ। (ਦਲਜੀਤ ਸਿੰਘ ਦੀ ਪਤਨੀ ਵੇਦਾਂਤੀ ਨੂੰ ਘੱਟੋ ਘੱਟ ਦੋ ਵਾਰ 2002 ਵਿਚ ਮਿਲੀ ਸੀ, ਪਰ ਉਹ ਫੇਰ ਵੀ ਸ਼ਿਕਾਗੋ ਜਾ ਕੇ ਦਲਜੀਤ ਸਿੰਘ ਦੀਆਂ ਸਿਫ਼ਤਾਂ ਕਰਦਾ ਰਿਹਾ। ਵੇਦਾਂਤੀ ਦੀ ਸ਼ਿਕਾਗੋ ਦੀ ਆਖ਼ਰੀ ਫੇਰੀ 21 ਅਪਰੈਲ 2005 ਦੇ ਦਿਨ ਹੋਈ। ਧੰਨ ਸਿੱਖੀ !)

ਕਿਸੇ ਮਸਲੇ 'ਤੇ ਐਕਸ਼ਨ ਨਾ ਲੈਣਾ ਤਾਂ ਵੇਦਾਂਤੀ ਦੀ ਚਾਲਾਕ ਤੇ ਦੰਭੀ ਸ਼ਖ਼ਸੀਅਤ ਦੀ ਇਕ ਖ਼ਾਸ ਖ਼ੂਬੀ ਹੈ। ਉਸ ਨੇ ਦਰਜਨਾਂ ਦਰਖ਼ਾਸਤਾਂ 'ਤੇ ਕਦੇ ਐਕਸ਼ਨ ਨਹੀਂ ਲਿਆ। ਇਕ ਵਾਰ ਉਸ ਨੂੰ ਬ੍ਰਿਮਿੰਘਮ ਦੇ 'ਗੁਰਦੁਆਰਾ ਅਕਾਲ ਦਰਬਾਰ' ਵਿਚ ਉਸ ਦੇ ਜੱਦੀ ਪਿੰਡ ਦੇ ਇਕ ਸੰਤੋਖ ਸਿੰਘ ਸਰਾਂ/ਸਰਨ (ਸ਼ਾਇਦ ਵੇਦਾਂਤੀ ਦੇ ਭਤੀਜੇ) ਦੀ ਧੀ ਦਾ ਇਕ ਈਸਾਈ ਗੋਰੇ ਨਾਲ ਵਿਆਹ[19] ਕਰਵਾਏ ਜਾਣ ਦੀ ਸ਼ਿਕਾਇਤ ਕੀਤੀ ਤਾਂ ਉਹ ਚੁੱਪ ਹੀ ਵੱਟ ਗਿਆ। ਹਾਲਾਂਕਿ ਸਿੱਖ ਰਹਿਤ ਮਰਿਆਦਾ ਮੁਤਾਬਿਕ ਇਕ ਸਿੱਖ ਕੁੜੀ ਦਾ ਕਿਸੇ ਗ਼ੈਰ-ਸਿੱਖ ਨਾਲ ਵਿਆਹ (ਤੇ ਉਹ ਵੀ ਗੁਰਦੁਆਰੇ ਵਿਚ) ਨਹੀਂ ਹੋ ਸਕਦਾ, ਪਰ ਵੇਦਾਂਤੀ ਨੇ ਆਪਣੀ ਰਿਸ਼ਤੇਦਾਰੀ ਕਾਰਨ ਮਰਿਆਦਾ ਦੇ ਕਤਲ ਦੀ ਵੀ ਪਰਵਾਹ ਨਾ ਕੀਤੀ।

2004 ਵਿਚ ਫ਼ਰਾਂਸ ਸਰਕਾਰ ਨੇ ਸਕੂਲਾਂ ਵਿਚ ਦਸਤਾਰ ਬੰਨ੍ਹਣ 'ਤੇ ਪਾਬੰਦੀ ਲਾ ਦਿੱਤੀ ਤਾਂ ਵੇਦਾਂਤੀ ਇਸ ਦੌਰਾਨ ਕਈ ਵਾਰ ਵਿਦੇਸ਼ ਗਿਆ, ਪਰ ਉਸ ਨੇ ਕਦੇ ਵੀ ਕੋਈ ਕੋਸ਼ਿਸ਼ ਨਾ ਕੀਤੀ ਕਿ ਉਹ ਜ਼ਬਾਨੀ ਗੱਲਬਾਤ ਹੀ ਕਰ ਲੈਂਦਾ ਤੇ ਜੇ ਕਾਮਯਾਬੀ ਨਾ ਮਿਲਦੀ ਤਾਂ ਲੰਡਨ 'ਚ ਵੱਡਾ ਜਲੂਸ ਹੀ ਕਢਵਾ ਕੇ ਅਗਵਾਈ ਕਰਦਾ, ਪਰ ਉਸ ਨੂੰ ਸਿੱਖ ਦੀ ਦਸਤਾਰ ਜਾਂ ਸਿੱਖੀ ਨਾਲ ਕੀ ?

ਵੇਦਾਂਤੀ, ਡਾ. ਜਸਦੇਵ ਸਿੰਘ ਰਾਏ ਨਾਲ ਜਾ ਕੇ, ਬ੍ਰਿਟਿਸ਼ ਪ੍ਰਾਈਮ ਮਨਿਸਟਰ ਨਾਲ ਫ਼ੋਟੋ ਖਿਚਵਾਉਣ ਜਾ ਸਕਦਾ ਹੈ; ਉਹ ਪੋਪ ਦੇ ਸਮਾਗਮ ਵਿਚ ਵੈਟੀਕਨ ਜਾ ਕੇ ਉਸ ਤੋਂ ਨੀਵਾਂ ਬੈਠ ਕੇ ਹੇਠੀ ਕਰਵਾ ਸਕਦਾ ਹੈ; ਉਹ ਸ਼ਿਕਾਗੋ ਦੇ ਬਦਨਾਮ ਡੇਰੇਦਾਰ

19. ਇਸ ਵਿਆਹ ਵਿਚ ਇੰਗਲੈਂਡ ਦੇ ਅਕਾਲੀ ਦਲ, ਕਈ ਜਥੇਬੰਦੀਆਂ ਤੇ ਜਥਿਆਂ ਦੇ 'ਚੌਧਰੀ' ਵੀ ਸ਼ਾਮਿਲ ਹੋਏ ਸਨ। ਗੁਰਦੁਆਰੇ ਤੇ ਸਿੱਖੀ ਦੀ ਬੇਅਦਬੀ ਦੇ ਉਹ ਵੀ ਜ਼ਿੰਮੇਦਾਰ ਬਣਦੇ ਹਨ।

(ਆਪਣੀ ਸਿੰਘਣੀ ਤੋਂ ਤਲਾਕ ਮੰਗਣ ਵਾਲੇ) ਦਲਜੀਤ ਸਿੰਘ ਕੋਲ ਪੰਜ ਸੱਤ ਚੱਕਰ ਲਾ ਸਕਦਾ ਹੈ; ਉਹ ਨਾਰਵੇ, ਇੰਗਲੈਂਡ, ਕੈਨੇਡਾ, ਅਮਰੀਕਾ, ਥਾਈਲੈਂਡ ਅਤੇ ਕਈ ਹੋਰ ਥਾਈਂ ਚੱਕਰ ਲਾ ਕੇ ਲੱਖਾਂ ਕਰੋੜਾਂ ਰੁਪਏ ਇਕੱਠੇ ਕਰ ਸਕਦਾ ਹੈ; ਪਰ ਉਸ ਕੋਲ ਪੰਥ ਦੀ ਨਿਘਰਦੀ ਹਾਲਤ ਵਾਸਤੇ ਵਕਤ ਨਹੀਂ। ਵੇਦਾਂਤੀ ਨੇ 2002-04 ਵਿਚ ਸ਼ਾਇਦ 20 ਚੱਕਰ ਵਿਦੇਸ਼ ਦੇ ਲਾਏ। ਉਸ ਨੇ 200-300 ਦਿਨ ਤੋਂ ਵੱਧ ਵਿਦੇਸ਼ਾਂ ਵਿਚ ਬਿਤਾਏ। ਯਾਨਿ ਆਪਣੇ ਅਹਿਦ ਦੇ ਤੀਜਾ ਹਿੱਸੇ ਤੋਂ ਵੱਧ ਉਹ ਵਿਦੇਸ਼ਾਂ ਵਿਚ ਰਿਹਾ। ਪਰ ਉਸ ਨੇ ਪੰਥ ਦੀ ਤਬਾਹੀ ਨੂੰ ਵਿਚਾਰਨ ਵਾਸਤੇ ਕਦੇ ਵੀ ਇਕ ਪਲ ਨਾ ਕੱਢਿਆ।

ਵੇਦਾਂਤੀ ਕੋਲ ਤਾਂ 1984 ਨਵੰਬਰ ਦੇ ਕਤਲੇਆਮ 'ਚ ਹੋਈਆਂ ਵਿਧਵਾਵਾਂ ਨੂੰ ਮਿਲਣ ਦਾ ਵਕਤ ਨਹੀਂ ਸੀ। ਹਾਂ, ਉਹ ਇੰਗਲੈਂਡ ਦੇ ਭੰਗੜਾ ਪਾਉਣ ਵਾਲਿਆਂ ਨੂੰ ਸਿਰੋਪੇ ਜ਼ਰੂਰ ਦੇ ਸਕਦਾ ਸੀ। ਵਿਦੇਸ਼ਾਂ ਵਿਚ ਵੀ ਉਹ ਕਦੇ ਕਿਸੇ ਸਵਾਲ ਦਾ ਜਵਾਬ ਨਹੀਂ ਸੀ ਦਿਆ ਕਰਦਾ। ਉਸ ਦਾ ਸਾਰਾ ਜ਼ੋਰ ਸਿਰੋਪੇ ਦੇਣ-ਲੈਣ, ਫ਼ੋਟੋ ਖਿਚਵਾਉਣ, ਬਿਆਨ ਦੇਣ, ਅਤੇ ਸਭ ਤੋਂ ਜ਼ਰੂਰੀ ਕੰਮ, ਪੈਸੇ ਇਕੱਠੇ ਕਰਨ ਦਾ ਹੁੰਦਾ ਸੀ।

(ਗਿਆਨੀ) ਜੋਗਿੰਦਰ ਸਿੰਘ ਦੇ ਵੇਲੇ ਵਿਚ ਆ ਕੇ ਅਕਾਲ ਤਖ਼ਤ ਸਾਹਿਬ, ਹੁਕਮਨਾਮਾ ਤੇ ਸਿਰੋਪਾ ਹੀ ਨਹੀਂ, ਬਲਕਿ ਪੰਥ ਵੀ ਬੇਅਦਬੀ ਤੇ ਨਿਘਾਰ ਦਾ ਸ਼ਿਕਾਰ ਹੋਏ। ਇਸ ਸ਼ਖ਼ਸ ਨੇ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਨੂੰ ਮਿੱਟੀ ਵਿਚ ਮਿਲਾਉਣ ਵਿਚ ਕੋਈ ਕਸਰ ਨਾ ਛੱਡੀ। ਇਸ ਦੇ ਅਹਿਦ ਦੇ ਸਾਢੇ ਚਾਰ ਸਾਲ ਵਿਚ ਸਿੱਖਾਂ ਅਤੇ ਗ਼ੈਰ-ਸਿੱਖਾਂ, ਸਾਰਿਆਂ ਨੇ, ਇਸ ਦੇ ਫ਼ੈਸਲਿਆਂ ਨੂੰ ਚੈਲੰਜ ਕੀਤਾ ਅਤੇ ਉਨ੍ਹਾਂ ਦੀ ਨਿੰਦਾ ਕੀਤੀ।[20] ਹਰ ਜਥੇਬੰਦੀ ਨੇ ਇਸ ਨੂੰ ਰੱਦ ਕੀਤਾ। ਹੋਰ ਤਾਂ ਹੋਰ ਇਸ ਨੂੰ ਗ੍ਰੰਥੀ ਲਾਉਣ ਵਾਲੀ ਜਥੇਬੰਦੀ ਦੇ ਪ੍ਰਧਾਨ ਪਰਕਾਸ਼ ਸਿੰਘ ਬਾਦਲ ਅਤੇ ਉਸ ਦੀ ਪਾਰਟੀ ਦੇ ਕਈ ਹੋਰ ਆਗੂਆਂ ਨੇ ਇਕ ਤਰ੍ਹਾਂ ਨਾਲ ਨਿੰਦਾ ਕੀਤੀ ਅਤੇ ਝਿੜਕਾਂ ਮਾਰੀਆਂ। ਹੁਣ ਇਹ ਹਾਲਤ ਹੈ ਕਿ ਬਹੁਤੇ ਸਿੱਖ ਉਸ ਨੂੰ 'ਫ਼ਤਹਿ' ਬੁਲਾ ਕੇ ਵੀ ਖ਼ੁਸ਼ ਨਹੀਂ ਹਨ। (ਗਿਆਨੀ) ਜੋਗਿੰਦਰ ਸਿੰਘ ਨੇ ਸਾਬਿਤ ਕਰ ਦਿੱਤਾ ਕਿ ਉਹ ਸਿੱਖ ਤਵਾਰੀਖ਼ ਦਾ ਸਭ ਤੋਂ ਗਿਆ ਗੁਜ਼ਰਿਆ ਗ੍ਰੰਥੀ ਹੈ। ਅਰੂੜ ਸਿੰਘ ਨੇ ਤਾਂ ਬਜਬਜ ਘਾਟ ਦੇ ਸ਼ਹੀਦਾਂ ਦੇ ਖ਼ਿਲਾਫ਼ ਕੁਝ ਬੋਲ ਬੋਲੇ ਸਨ ਜਾਂ ਡਾਇਰ ਦਾ ਸਨਮਾਨ ਕੀਤਾ ਸੀ, ਪਰ ਵੇਦਾਂਤੀ ਦੇ ਤਾਂ ਦਰਜਨਾਂ ਕਾਰਨਾਮੇ ਅਰੂੜ ਸਿੰਘ ਨੂੰ ਵੀ ਮਾਤ ਪਾਉਣ ਵਾਲੇ ਹਨ।

ਵੇਦਾਂਤੀ ਤਾਂ ਏਨਾ ਬਹਿਸ ਗੋਚਰਾ ਹੋ ਚੁੱਕਾ ਸੀ ਕਿ ਇਸ ਨੂੰ ਇਸ ਦੇ ਸਾਥੀ ਗ੍ਰੰਥੀਆਂ (ਇਕਬਾਲ ਸਿੰਘ ਪਟਨਾ ਤੇ ਬਲਵੰਤ ਸਿੰਘ ਨੰਦਗੜ੍ਹ ਤਲਵੰਡੀ ਸਾਬੋ) ਨੇ ਵੀ ਝੂਠਾ, ਧੋਖੇਬਾਜ਼, ਚਾਲਬਾਜ਼, ਪੱਖਪਾਤੀ ਤਕ ਆਖਿਆ (ਵੇਖੋ : ਦਸਤਾਵੇਜ਼ੀ ਸੈਕਸ਼ਨ ਵਿਚ ਇਕਬਾਲ ਸਿੰਘ ਪਟਨਾ ਦਾ 10 ਦਸੰਬਰ 2004 ਦਾ ਹੁਕਮਨਾਮਾ)। ਬਲਵੰਤ ਸਿੰਘ ਨੰਦਗੜ੍ਹ ਨੇ ਭਿੰਡਰਾਂ-ਮਹਿਤਾ ਜਥਾ (ਅਖੌਤੀ ਦਮਦਮੀ ਟਕਸਾਲ) ਦਾ ਮੁਖੀ ਬਣਾਉਣ ਦੇ ਡਰਾਮੇ ਕਾਰਨ ਵੇਦਾਂਤੀ ਨੂੰ 'ਪੱਖਪਾਤੀ' ਤੇ ਚਾਲਬਾਜ਼ ਆਖਿਆ ਸੀ (ਵੇਖੋ : ਅੰਗਰੇਜ਼ੀ ਟ੍ਰਿਬਿਊਨ 11 ਜਨਵਰੀ 2005 ਵਿਚ ਵਰਿੰਦਰ ਸਿੰਘ ਵਾਲੀਆ ਦੀ ਰਿਪੋਰਟ)।

ਵੇਦਾਂਤੀ ਨੇ ਤਾਂ ਦਰਬਾਰ ਸਾਹਿਬ ਦੀ ਬੇਅਦਬੀ ਵੀ ਕੀਤੀ, ਜਦੋਂ ਉਸ ਨੇ ਹਰਿਮੰਦਰ

---

20. ਉਸ ਦੀ ਸਭ ਤੋਂ ਵੱਧ ਹਿਮਾਇਤੀ ਜਥੇਬੰਦੀ 'ਦਲ ਖਾਲਸਾ' ਨੇ ਵੀ ਉਸ ਨੂੰ ਰੱਦ ਕਰਨ ਦਾ ਐਲਾਨ ਕਰ ਦਿੱਤਾ।

ਸਾਹਿਬ (ਦਰਬਾਰ ਸਾਹਿਬ) ਪਹਿਲੀ ਅਪਰੈਲ 2005 ਦੇ ਦਿਨ ਕੈਥੋਲਿਕ ਪੋਪ ਦੀ ਸਿਹਤਯਾਬੀ ਦੀ ਅਰਦਾਸ ਕੀਤੀ।[21] ਸਿੱਖ ਤਵਾਰੀਖ਼ ਵਿਚ ਇਹ ਪਹਿਲੀ ਅਰਦਾਸ ਸੀ ਤੇ ਉਹ ਵੀ ਕਿਸੇ ਗ਼ੈਰ-ਸਿੱਖ ਵਾਸਤੇ। ਉਂਞ ਦਰਬਾਰ ਸਾਹਿਬ 'ਚ ਕਦੇ ਕਿਸੇ ਅਹਿਮ ਸਿੱਖ ਆਗੂ ਵਾਸਤੇ ਵੀ ਅਰਦਾਸ ਨਹੀਂ ਸੀ ਹੋਈ। ਹਾਂ, ਅਕਾਲ ਤਖ਼ਤ ਸਾਹਿਬ 'ਤੇ ਭਾਵੇਂ ਹੋਈ ਹੋਵੇ। ਦੂਜਾ, ਵੇਦਾਂਤੀ ਦੀ ਇਕ 'ਅਰਦਾਸ' ਤੋਂ ਅਗਲੇ ਦਿਨ ਹੀ ਇਹ ਪੋਪ ਚੜ੍ਹਾਈ ਕਰ ਗਿਆ।

ਵੇਦਾਂਤੀ ਨੂੰ ਮਜਬੂਰੀ ਵਿਚ ਅਤੇ ਕਾਹਲੀ ਨਾਲ ਇਸ ਸੇਵਾ 'ਤੇ ਬੈਠਾਇਆ ਗਿਆ ਸੀ, ਉਹ ਉਸ ਦੇ ਕਾਬਿਲ ਨਹੀਂ ਸੀ ਅਤੇ ਉਸ ਨੇ ਇਹ ਸਾਬਿਤ ਵੀ ਕਰ ਦਿੱਤਾ। ਉਸ ਦਾ ਅਹਿਦ ਪੱਖਪਾਤ, ਕੁਰਪਸ਼ਨ, ਨੀਵੇਂ ਪੱਧਰ ਦੀ ਚਾਪਲੂਸੀ, ਨਫ਼ਰਤ, ਈਰਖਾ ਵਗ਼ੈਰਾ ਦਾ ਦੌਰ ਰਿਹਾ। ਅਕਾਲ ਤਖ਼ਤ ਸਾਹਿਬ ਦੀ ਜਿੰਨੀ ਬੇਅਦਬੀ ਵੇਦਾਂਤੀ ਦੇ ਅਹਿਦ ਵਿਚ ਹੋਈ ਓਨੀ ਪਿਛਲੇ 300 ਸਾਲ (1708—2000) ਵਿਚ ਕੁਲ ਮਿਲਾ ਕੇ ਵੀ ਨਹੀਂ ਸੀ ਹੋਈ। ਵੇਦਾਂਤੀ ਨੇ ਤਾਂ ਸਭ ਨੂੰ ਮਾਤ ਹੀ ਪਾ ਦਿੱਤਾ।

ਪਹਿਲੀ ਸਿਤੰਬਰ 2004 ਦੇ ਦਿਨ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ ਦੇ 400 ਸਾਲਾ ਸਮਾਗਮ ਹੋਏ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖ ਦੀਵਾਨ ਅੰਮ੍ਰਿਤਸਰ ਵਿਚ ਹੋਇਆ। ਇਸ ਦੀ ਸਟੇਜ ਸਕੱਤਰ ਬੀਬੀ ਜਾਗੀਰ ਕੌਰ ਸੀ। ਇਸ ਸਮਾਗਮ ਦਾ ਸਾਰਾ ਦਾਰੋ-ਮਦਾਰ ਪਰਕਾਸ਼ ਸਿੰਘ ਬਾਦਲ ਸੀ ਤੇ ਸਾਰੇ ਮਹਿਮਾਨਾਂ ਨੂੰ ਸਿਰੋਪਾਓ ਵੀ ਬਾਦਲ ਨੇ ਦਿੱਤੇ ਨਾ ਕਿ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੇ। ਇਸ ਦਾ ਮਤਲਬ ਸਾਫ਼ ਸੀ ਕਿ ਵੇਦਾਂਤੀ ਨੂੰ ਹੁਣ ਬਾਦਲ ਧੜੇ ਵਿਚ ਵੀ ਉਹ ਅਦਬ ਹਾਸਿਲ ਨਹੀਂ ਸੀ, ਜੋ ਪਹਿਲਾਂ ਹੁੰਦਾ ਸੀ। ਉਹ ਆਪਣੀਆਂ ਗ਼ਲਤ ਹਰਕਤਾਂ ਕਰ ਕੇ ਬਹਿਸ-ਗੋਚਰਾ ਬਣ ਚੁੱਕਿਆ ਸੀ। ਕੋਈ ਵੱਡੀ ਗੱਲ ਨਹੀਂ ਕਿ ਇਸ ਕਿਤਾਬ ਦੇ ਛਪਦਿਆਂ ਜਾਂ ਛੇਤੀ ਮਗਰੋਂ ਹੀ ਉਹ 'ਫ਼ਾਰਿਗ' ਵੀ ਕੀਤਾ ਚੁੱਕਾ ਹੋਵੇ।

ਦਰਅਸਲ ਇਨ੍ਹਾਂ ਮੁਖ ਸੇਵਾਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਤੋਂ ਬੇਸਮਝੀ ਹੋਣਾ, ਸੰਜੀਦਗੀ ਨਾ ਹੋਣਾ, ਅਕਾਲ ਤਖ਼ਤ ਸਾਹਿਬ ਤੇ ਇਸ ਦੇ ਮੁਖ ਸੇਵਾਦਾਰ ਨੂੰ 'ਮੁੱਠੀ' ਵਿਚ ਰੱਖਣ ਦੀ ਕੋਸ਼ਿਸ਼ ਕਰਨਾ ਤੇ ਇਸ ਦੇ ਨਾਲ ਹੀ ਸਿੱਖ ਵਿਦਵਾਨਾਂ ਵਲੋਂ ਕਬੂਤਰਾਂ ਵਾਂਗ ਇਸ ਬਾਰੇ ਅੱਖਾਂ ਮੀਟਣਾ ਇਸ ਜਮਾਤ ਦੀ ਬੇਹੁਰਮਤੀ ਕਰਵਾਉਣ ਵਾਸਤੇ ਜ਼ਿੰਮੇਦਾਰ ਸਨ।

ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਜਾਨ ਹੈ, ਆਨ ਹੈ, ਸ਼ਾਨ, ਮਾਣ ਹੈ। ਸਿੱਖ ਵਾਸਤੇ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਲਾਜ਼ਮੀ ਹੈ, ਅਖ਼ਤਿਆਰੀ ਨਹੀਂ। ਸਿੱਖ ਅਕਾਲ ਤਖ਼ਤ ਸਾਹਿਬ ਵੱਲ ਪਿੱਠ ਨਹੀਂ ਕਰ ਸਕਦਾ। ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਤਾਕਤ ਹੈ। ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਨਿਗਾਹਬਾਨੀ ਕਰਦਾ ਹੈ। ਅਕਾਲ ਤਖ਼ਤ ਸਾਹਿਬ ਦਾ ਵੀ ਬਿਰਦ ਹੈ ਕਿ ਕੌਮ ਦੀ ਦੇਗ਼ ਤੇ ਤੇਗ਼ ਦੀ ਫ਼ਤਹਿ ਯਕੀਨੀ ਬਣਾਵੇ।

ਅਕਾਲ ਤਖ਼ਤ ਸਾਹਿਬ ਇਕ ਈਮਾਰਤ ਨਹੀਂ, ਇਹ ਇਕ ਫ਼ਲਸਫ਼ਾ ਹੈ। ਇਸ ਨੂੰ ਗ਼ਲਤ ਆਗੂਆਂ, ਜਮਾਤਾਂ, ਧੜਿਆਂ, ਚੌਧਰੀਆਂ ਅਤੇ ਪੁਜਾਰੀਆਂ (ਅਖੌਤੀ-ਜਥੇਦਾਰਾਂ)

---

21. *ਟ੍ਰਿਬਿਊਨ*, 2 ਅਪਰੈਲ, 2005.

ਨੇ ਹਉਏ ਵਜੋਂ, ਚੌਧਰ ਵਜੋਂ, ਸ਼ੁਹਰਤ ਵਾਸਤੇ ਅਤੇ ਹੈਂਕੜ, ਕਿੜ, ਨ.ਫਰਤ ਤੇ .ਗੁੱਸੇ ਵਿਚ ਵਰਤਿਆ। ਇਸ ਤ.ਖ਼ਤ ਸਾਹਿਬ ਦਾ ਅਸਲ ਰੋਲ ਕਦੇ ਕਿਸੇ ਨੇ ਸਮਝਣ ਦੀ ਸ਼ਾਇਦ ਕੋਸ਼ਿਸ਼ ਨਹੀਂ ਕੀਤੀ। ਇਸ ਨੂੰ ਕੌਮੀ ਮਸਲਿਆਂ ਦੇ ਹੱਲ ਵਾਸਤੇ ਮਰਕਜ਼ ਸਮਝਣ ਦੀ ਬਜਾਏ ਧੜੇਬੰਦੀ ਤੇ ਨਿਜੀ ਅਦਾਰੇ ਵਜੋਂ ਵਰਤਿਆ ਗਿਆ। ਅਜਿਹਾ ਕਰਨ ਵਾਲੇ ਸਾਰੇ ਸ਼.ਖ਼ਸ (ਗੰਥੀ, ਆਗੂ ਤੇ ਉਨ੍ਹਾਂ ਦੇ ਹਿਮਾਇਤੀ) ਅਕਾਲ ਤ.ਖ਼ਤ ਸਾਹਿਬ ਦੇ ਮੁਜਰਿਮ ਹਨ।

ਅਕਾਲ ਤਖ਼ਤ ਸਾਹਿਬ ਦੀ ਹਸਤੀ ਨੂੰ ਮੁੜ ਕਾਇਮ ਕਰਨ ਵਾਸਤੇ ਜ਼ਰੂਰੀ ਹੈ ਕਿ ਇਸ ਦਾ ਆਈਨ ਬਣਾਇਆ ਜਾਵੇ, ਇਸ ਦਾ ਮੁਖ ਸੇਵਾਦਾਰ ਸਰਬਤ ਖਾਲਸਾ ਵਲੋਂ ਚੁਣਿਆ ਜਾਵੇ ਅਤੇ ਇਸ ਸੇਵਾ 'ਤੇ ਕੋਈ ਅਜਿਹਾ ਸ਼ਖ਼ਸ ਲਿਆਂਦਾ ਜਾਵੇ, ਜੋ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਬਾਰੇ ਸੂਝ ਤੇ ਵਾਕਫ਼ੀ ਰਖਦਾ ਹੋਵੇ ਅਤੇ ਪੰਥਕ ਵਿਦਵਾਨਾਂ ਦੀ ਇਲਮੀ ਅਗਵਾਈ ਵਿਚ ਚਲੇ। ਇਸ ਤੋਂ ਮਗਰੋਂ ਹੀ ਆਸ ਕਰ ਸਕਦੇ ਹਾਂ ਕਿ ਸਿੱਖ ਪੰਥ ਵਿਚ ਅਕਾਲ ਪੁਰਖ ਦੇ ਇਸ ਤਖ਼ਤ ਦਾ ਅਦਬ ਅਤੇ 'ਨਿਰਮਲ ਭਉ' ਮੁੜ ਕਾਇਮ ਹੋਵੇਗਾ ਤੇ ਪੰਥ ਦੋਖੀ ਵੀ ਇਸ ਜਮਾਤ ਬਾਰੇ ਬੋਲਣ ਦਾ ਹੀਆ ਨਹੀਂ ਕਰ ਸਕਣਗੇ ਅਤੇ ਅਕਾਲ ਤਖ਼ਤ ਸਾਹਿਬ ਕੌਮ ਨੂੰ ਹਜ਼ਾਰਾਂ ਸਦੀਆਂ ਦੀ ਖ਼ੁਸ਼ਹਾਲੀ ਵਲ ਲਿਜਾਣ ਵਾਸਤੇ ਅਗਵਾਈ ਦੇ ਸਕੇਗਾ।

ਵਾਹਿਗੁਰੂ ਸਾਨੂੰ ਸੁਮੱਤ ਬਖ਼ਸ਼ਣ ਤਾਂ ਹੀ ਅਸੀਂ ਅਜਿਹਾ ਕਰ ਸਕਾਂਗੇ।

•

ਅਕਾਲ ਤਖ਼ਤ ਸਾਹਿਬ ਦਾ ਨਕਸ਼ਾ

ਅਕਾਲ ਤਖ਼ਤ ਸਾਹਿਬ ਦੀ ਈਮਾਰਤ

ਸ: ਕਰਮ ਸਿੰਘ ਹਿਸਟੋਰੀਅਨ ਮੁਤਾਬਿਕ ਇਸ ਥਾਂ ਪਹਿਲਾਂ ਇਕ ਬੇਰੀ ਹੋਇਆ ਕਰਦੀ ਸੀ। ਕਦੇ ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਇਸ ਥਾਂ ਬੈਠਿਆ ਕਰਦੇ ਸਨ। 1608 ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਥਾਂ 'ਤੇ ਤਖ਼ਤ ਵਰਗਾ ਥੜ੍ਹਾ ਬਣਵਾ ਕੇ ਇਸ ਨੂੰ ਅਕਾਲ ਤਖ਼ਤ ਦਾ ਨਾਂ ਦਿੱਤਾ। ਚੂੰਕਿ ਉਸੇ ਚਬੂਤਰੇ ਉੱਤੇ ਬੈਠ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਲਈ ਸੀ ਇਸ ਕਰ ਕੇ ਇਸ ਦਾ ਨਾਂ ਤਖ਼ਤ ਅਕਾਲ ਬੁੰਗਾ ਜਾਣਿਆ ਜਾਣ ਲੱਗ ਪਿਆ।

ਅਕਾਲ ਤਖ਼ਤ ਸਾਹਿਬ ਦੀ ਪਹਿਲੀ ਈਮਾਰਤ ਗੁਰੂ ਹਰਿਗੋਬਿੰਦ ਸਾਹਿਬ ਵੇਲੇ 1608 ਵਿਚ ਬਣੀ ਸੀ। ਉਹ 1635 ਵਿਚ ਕੀਰਤਪੁਰ ਸਾਹਿਬ ਚਲੇ ਗਏ ਤੇ ਤਖ਼ਤ ਦੀ ਕਾਰਵਾਈ ਉੱਥੋਂ ਚਲਾਂਦੇ ਰਹੇ। ਪਿੱਛੋਂ ਇਸ ਥਾਂ ਦੀ ਸੇਵਾ-ਸੰਭਾਲ ਮਿਹਰਬਾਨ (ਪੁੱਤਰ ਪ੍ਰਿਥੀਚੰਦ) ਕਰਦਾ ਰਿਹਾ। ਉਸ ਤੋਂ ਮਗਰੋਂ ਉਸ ਦੇ ਪੁੱਤਰ ਤੇ ਪੋਤਰੇ 1696 ਤਕ ਸੇਵਾ-ਸੰਭਾਲ ਕਰਦੇ ਰਹੇ। 1698 ਤੋਂ 1734 ਤਕ ਭਾਈ ਮਨੀ ਸਿੰਘ ਨੇ ਸੇਵਾ-ਸੰਭਾਲ ਕੀਤੀ। ਉਦੋਂ ਤਕ ਇੱਥੇ ਸਿਰਫ਼ ਇਕ ਮੰਜ਼ਲੀ ਤਖ਼ਤ-ਨੁਮਾ ਈਮਾਰਤ ਹੋਇਆ ਕਰਦੀ ਸੀ। 1757 ਵਿਚ ਅਹਿਮਦਸ਼ਾਹ ਦੁਰਾਨੀ ਨੇ ਇਸ ਨੂੰ ਢਾਹ ਦਿੱਤਾ ਸੀ। 1759 ਵਿਚ ਸਿੱਖਾਂ ਨੇ ਇਸ ਨੂੰ ਦੋਬਾਰਾ ਉਸਾਰ ਲਿਆ ਸੀ। 1762 ਵਿਚ ਅਹਿਮਦ ਸ਼ਾਹ ਨੇ ਇਸ ਨੂੰ ਬਾਰੂਦ ਨਾਲ ਉਡਾ ਦਿੱਤਾ ਸੀ। 1765 ਵਿਚ ਸਰਬਤ ਖਾਲਸਾ ਨੇ ਇਸ ਨੂੰ ਮੁੜ ਬਣਾਉਣ ਦਾ ਗੁਰਮਤਾ ਕੀਤਾ।

ਉਨੀਂ ਦਿਨੀਂ ਦਲ ਖਾਲਸਾ ਦੇ ਇਕ ਹਿੱਸੇ ਨੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਜੈ ਸਿੰਘ ਕਨਈਆ, ਸ: ਚੜ੍ਹਤ ਸਿੰਘ ਸੁਕਰਚਕੀਆ, ਸ: ਤਾਰਾ ਸਿੰਘ ਗੈਬਾ ਤੇ ਸ: ਲਾਲ ਸਿੰਘ ਦੀ ਅਗਵਾਈ ਵਿਚ ਖੁਰਜਾ ਸ਼ਹਿਰ 'ਤੇ ਹਮਲਾ ਕੀਤਾ। ਇਸ ਹਮਲੇ ਵਿਚ ਖਾਲਸਾ ਫ਼ੌਜਾਂ ਦੇ ਹੱਥ ਚੋਖਾ ਮਾਲ ਆਇਆ। ਉਦੋਂ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਅਸੀਂ ਜਿੰਨਾ ਮਾਲ ਲੁੱਟਾਂਗੇ ਉਸ ਦਾ ਅੱਧ ਗੁਰਦੁਆਰਿਆਂ 'ਤੇ ਖ਼ਰਚ ਕਰਾਂਗੇ। ਇਸ ਫ਼ੈਸਲੇ ਮਗਰੋਂ ਉਨ੍ਹਾਂ ਨੇ ਇਕ ਵੱਡੀ ਚਾਦਰ ਵਿਛਾ ਦਿੱਤੀ ਤੇ ਕਿਹਾ ਕਿ ਇਹ ਗੁਰੂ ਦੀ ਚਾਦਰ ਹੈ, ਜੋ ਸਰੇ ਬਣੇ ਹਰ ਕੋਈ ਦੇਵੇ। ਸਭ ਨੇ ਰਕਮਾਂ ਦਿੱਤੀਆਂ। ਕਰੀਬ ਸਤ ਲੱਖ ਰੁਪੈ ਹੋਏ ਜੋ ਉਨ੍ਹਾਂ ਨੇ ਕਰੋੜੀ ਮੱਲ ਸ਼ਾਹੂਕਾਰ ਕੋਲ ਜਮ੍ਹਾ ਕਰਾ ਦਿੱਤੇ ਅਤੇ ਪਿੰਡ ਸੁਰਸਿੰਘ (ਹੁਣ ਜ਼ਿਲ੍ਹਾ ਅੰਮ੍ਰਿਤਸਰ) ਦੇ ਭਾਈ ਦੇਸ ਰਾਜ ਨੂੰ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ

ਸਾਹਿਬ ਦੀਆਂ ਈਮਾਰਤਾਂ ਦੀ ਉਸਾਰੀ ਦੀ ਸੇਵਾ ਸੌਂਪ ਦਿੱਤੀ। ਭਾਈ ਦੇਸ ਰਾਜ ਨੂੰ ਅਕਾਲ ਤਖ਼ਤ ਸਾਹਿਬ ਦੀ (ਸਰਬਤ ਖਾਲਸਾ ਦੀ) ਇਕ ਮੋਹਰ ਵੀ ਦਿੱਤੀ ਗਈ ਜੋ ਉਹ ਖ਼ਤ 'ਤੇ ਲਾ ਕੇ ਕਿਸੇ ਵੀ ਸਿੱਖ ਨੂੰ ਭੇਜ ਕੇ ਪੈਸੇ ਮੰਗਵਾ ਸਕਦੇ ਸਨ। ਭਾਈ ਦੇਸ ਰਾਜ ਨੇ ਬੜੀ ਮਿਹਨਤ ਅਤੇ ਸ਼ਰਧਾ ਨਾਲ ਹਰਿਮੰਦਰ ਸਾਹਿਬ ਤੇ ਤਖ਼ਤ ਸਾਹਿਬ ਦੀ ਈਮਾਰਤ ਦੀ ਉਸਾਰੀ ਕਰਵਾਈ।

ਮਿਸਲਾਂ ਵੇਲੇ ਵੀ ਤਖ਼ਤ ਸਾਹਿਬ ਦੇ ਥੜ੍ਹੇ ਤੋਂ ਇਲਾਵਾ ਸਿਰਫ਼ ਇਕ ਮੰਜ਼ਿਲ ਹੀ ਬਣੀ ਸੀ। ਇਸ ਦੀ ਉਸਾਰੀ 1774 ਤਕ ਹੋ ਚੁਕੀ ਸੀ। ਬਾਕੀ ਚਾਰ ਮੰਜ਼ਿਲਾਂ ਰਣਜੀਤ ਸਿੰਘ ਨੇ ਬਣਵਾਈਆਂ ਸਨ। ਉਨੀਂ ਦਿਨੀਂ ਹੀ ਗੁਰੂ ਸਾਹਿਬ ਦੀ ਸੈਫ਼ ਤੇ ਤੇਗ਼ ਅਤੇ ਇਕ ਸਿਮਰਨਾ ਵੀ ਲਿਆ ਕੇ ਤਖ਼ਤ ਸਾਹਿਬ 'ਤੇ ਰੱਖੇ ਗਏ।

ਅਕਾਲ ਤਖ਼ਤ ਸਾਹਿਬ ਦੇ ਉਪਰਲੇ ਗੁੰਬਦ 'ਤੇ ਸੋਨਾ ਮੜ੍ਹਨ ਵਾਸਤੇ ਸ: ਹਰੀ ਸਿੰਘ ਨਲਵੇ ਨੇ ਪੁਜਾਰੀ ਗੁਰਮੁਖ ਸਿੰਘ ਨੂੰ ਸਵਾ ਲੱਖ ਰੁਪੈ ਦਿੱਤੇ ਸੀ ਜਿਸ ਨਾਲ ਉਸਨੇ ਸੋਨੇ ਦੇ ਪੱਤਰੇ ਬਣਵਾ ਕੇ ਗੁੰਬਦ 'ਤੇ ਚੜ੍ਹਾਉਣੇ ਸਨ। ਪਰ ਗੁਰਮੁਖ ਸਿੰਘ ਨੇ ਉਹ ਰਕਮ ਡਕਾਰ ਲਈ ਤੇ ਗੁੰਬਦ 'ਤੇ ਸੋਨਾ ਨਾ ਚੜ੍ਹਾਇਆ। ਜਦੋਂ ਇਸ ਦਾ ਪਤਾ ਲਾਹੌਰ ਦਰਬਾਰ ਨੂੰ ਲੱਗਾ ਤਾਂ ਉਹਨਾਂ ਨੇ ਗੁਰਮੁਖ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਰਾਜਾ ਹੀਰਾ ਸਿੰਹ ਨੇ ਗੁਰਮੁਖ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਤੇ ਇਸ 'ਤੇ ਅਮਲ ਕਰਨ ਵਾਸਤੇ ਉਸ ਨੇ ਗੁਰਮੁਖ ਸਿੰਘ ਨੂੰ ਮੁਸਲਮਾਨਾਂ ਦੇ ਹਵਾਲੇ ਕਰ ਦਿੱਤਾ।

ਅਕਾਲ ਤਖ਼ਤ ਸਾਹਿਬ 'ਤੇ ਜਿੰਨਾ ਸੋਨਾ ਲੱਗਾ ਹੋਇਆ ਸੀ (ਮੰਜੀ ਸਾਹਿਬ ਨੂੰ ਛੱਡ ਕੇ) ਉਹ ਸਾਰਾ ਸ: ਹਰੀ ਸਿੰਘ ਨਲਵੇ ਦੀ ਰਕਮ ਨਾਲ ਆਇਆ ਸੀ। ਇਕ ਸੋਮੇ ਮੁਤਾਬਿਕ ਸ: ਹਰੀ ਸਿੰਘ ਦੀ ਰਕਮ ਨਾਲ ਸਵਾ ਮਨ ਸੋਨਾ ਖ਼ਰੀਦਿਆ ਗਿਆ ਸੀ। ਅਕਾਲ ਤਖ਼ਤ ਸਾਹਿਬ ਦੀ ਈਮਾਰਤ 'ਤੇ ਸੰਗਮਰਮਰ ਲਾਉਣ ਦਾ ਖ਼ਰਚ ਕੰਵਰ ਨੌਨਿਹਾਲ ਸਿੰਘ ਨੇ ਕੀਤਾ ਸੀ। ਅਕਾਲ ਤਖ਼ਤ ਸਾਹਿਬ 'ਤੇ ਇਕ ਸੰਗਮਰਮਰ ਦੀ ਚੌਕੀ ਤੇ ਬੰਗਲਾ 1858 ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੂਪਰ ਨੇ ਰਖਵਾਇਆ ਸੀ। ਇਹ ਚੌਕੀ ਪਹਿਲੋਂ ਰਾਮਬਾਗ਼ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਇਕ ਬੈਠਕ ਵਿਚ ਲੱਗੀ ਹੋਈ ਸੀ।

ਮਿਸਟਰ ਕੂਪਰ 1857 ਵਿਚ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ। ਜਦੋਂ 1857 ਦਾ ਗ਼ਦਰ ਸ਼ੁਰੂ ਹੋਇਆ ਤਾਂ ਕੂਪਰ ਨੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਪਰਦੁਮਣ ਸਿੰਘ ਨੂੰ ਆਖਿਆ ਕਿ ਉਹ ਅਕਾਲ ਤਖ਼ਤ ਸਾਹਿਬ ਤੇ ਅੰਗਰੇਜ਼ਾਂ ਦੀ ਜਿੱਤ ਦੀ ਅਰਦਾਸ ਕਰਨ। ਪਰਦੁਮਣ ਸਿੰਘ ਨੇ ਉਸ ਨੂੰ ਦੱਸਿਆ ਕਿ ਅਕਾਲ ਤਖ਼ਤ ਸਾਹਿਬ 'ਤੇ ਸਿਰਫ਼ ਸਿੱਖਾਂ ਦੀ ਫ਼ਤਹਿ ਦੀ ਅਰਦਾਸ ਕੀਤੀ ਜਾ ਸਕਦੀ ਹੈ। ਇਸ 'ਤੇ ਕੂਪਰ ਨੇ ਕਿਹਾ ਕਿ ਮੈਨੂੰ ਸਿੱਖ ਬਣਾ ਲਓ। ਇਸ 'ਤੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ ਕੂਪਰ ਨੂੰ 'ਸਿੰਘ' ਸਜਾ ਲਿਆ। (ਇਹੋ ਜਿਹਾ ਡਰਾਮਾ 1919 ਵਿਚ ਜਨਰਲ ਡਾਇਰ ਦੇ ਸਬੰਧ ਵਿਚ ਵੀ ਕੀਤਾ ਗਿਆ ਸੀ। ਇਹ ਕਾਰਵਾਈ ਤਖ਼ਤ ਸਾਹਿਬ ਅਤੇ ਸਿੱਖ ਮਰਿਆਦਾ ਦੀ ਤੌਹੀਨ ਸੀ)। ਇਸ ਮਗਰੋਂ ਕੂਪਰ ਨੇ ਅਰਦਾਸ ਕਰਵਾਈ। ਇਸ ਦੇ ਨਾਲ ਹੀ ਉਸ ਨੇ ਐਲਾਨ ਕੀਤਾ ਕਿ ਦਿੱਲੀ ਫ਼ਤਹਿ ਹੋ ਜਾਣ ਮਗਰੋਂ ਸਾਰੀ ਈਮਾਰਤ ਸੰਗਮਰਮਰ ਦੀ ਬਣਾ ਦੇਵੇਗਾ। ਪਰ ਜਦੋਂ 1857 ਦਾ ਗ਼ਦਰ ਖ਼ਤਮ ਹੋ ਗਿਆ ਤਾਂ ਕੂਪਰ ਨੇ ਆਪਣੇ

ਪੱਲਿਓਂ ਕਾਣੀ ਕੌਡੀ ਵੀ ਨਾ ਦਿੱਤੀ ਪਰ ਉਸ ਨੇ ਇਕ ਬੰਗਲਾ ਤੇ ਚੌਕੀ ਰਾਮਬਾਗ 'ਚੋਂ ਉਖੜਵਾ ਕੇ ਅਕਾਲ ਤਖ਼ਤ ਸਾਹਿਬ 'ਤੇ ਲਗਵਾ ਦਿੱਤੀ। ਉਸ ਨੇ ਆਪਣੇ ਪੱਲਿਓਂ (ਇਹ ਦੋਵੇਂ ਚੀਜ਼ਾਂ ਉਖਾੜ ਕੇ ਤਖ਼ਤ ਸਾਹਿਬ 'ਤੇ ਲਿਆਉਣ ਦੀ) ਸਿਰਫ਼ ਮਨਜ਼ੂਰੀ ਹੀ ਦਿੱਤੀ।

ਇੱਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਜਿੱਥੇ ਮਹਾਰਾਜਾ ਰਣਜੀਤ ਸਿੰਘ ਵਲੋਂ ਕੀਮਤੀ ਚਾਨਣੀ ਇਕ ਅੱਧ-ਵਾਰ ਵਰਤਣ ਮਗਰੋਂ ਅਕਾਲ ਤਖ਼ਤ ਸਾਹਿਬ 'ਤੇ ਭੇਟ ਕਰਨ 'ਤੇ ਅਕਾਲੀ ਫੂਲਾ ਸਿੰਘ ਨੇ ਉਸ ਨੂੰ ਤਨਖ਼ਾਹ ਲਾਈ ਸੀ। ਪਰ ਹੁਣ ਬੇ-ਸਮਝ ਸਿੱਖਾਂ ਨੇ ਕੂਪਰ ਵਲੋਂ ਰਾਮਬਾਗ ਤੋਂ ਉਖਾੜ ਕੇ ਲਿਆਂਦੀ ਚੌਕੀ ਤੇ ਬੰਗਲਾ ਕਬੂਲ ਕਰ ਲਏ ਅਤੇ ਤਖ਼ਤ ਸਾਹਿਬ 'ਤੇ ਸਜਾ ਲਏ। ਇਹ ਬੰਗਲਾ ਉਹੀ ਹੈ ਜਿਸ ਦੇ ਵਿਚਕਾਰ ਗੁਰੂ ਗ੍ਰੰਥ ਸਾਹਿਬ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਜਨਵਰੀ 1986 ਵਿਚ ਬਿਲਡਿੰਗ ਢੱਠਣ ਮਗਰੋਂ ਹੀ ਇਹ ਉੱਥੋਂ ਹਟਾਇਆ ਗਿਆ ਸੀ।

ਅਕਾਲ ਤਖ਼ਤ ਸਾਹਿਬ ਵਿਚ ਜਿਸ ਜਗ੍ਹਾ 'ਕੋਠਾ ਸਾਹਿਬ' ਹੈ ਇਹ ਉਹੀ ਜਗ੍ਹਾ ਹੈ ਜਿੱਥੇ ਗੁਰੂ ਸਾਹਿਬ ਪਾਠ ਕੀਤਾ ਕਰਦੇ ਸਨ। ਹੁਣ ਇੱਥੇ ਰਾਤ 11 ਵਜੇ ਤੋਂ ਤੜਕੇ 2 ਵਜੇ ਤਕ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਣ ਹੁੰਦਾ ਹੈ। ਪਰ ਇਹ ਸੁਖ-ਆਸਣ, ਗੁਰੂ ਸਾਹਿਬ ਦੇ ਵੇਲੇ, ਗੁਰਦੁਆਰਾ 'ਗੁਰੂ ਦੇ ਮਹਲ' ਵਿਚ ਹੋਇਆ ਕਰਦਾ ਸੀ।

1604 ਤੋਂ 1734 ਤਕ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਗੁਰੂ ਦੇ ਮਹੱਲ ਤੋਂ ਹਰਿਮੰਦਰ ਸਾਹਿਬ ਤਕ ਆਇਆ ਕਰਦੀ ਸੀ। ਫਿਰ ਨਾਦਰ ਸ਼ਾਹ ਅਤੇ ਅਬਦਾਲੀ ਦੇ ਵੇਲੇ ਤਕ (1734 ਤੋਂ 1764 ਤਕ) ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਬਹੁਤ ਘਟ ਸਮਾਂ ਹੋ ਸਕਿਆ ਸੀ। ਇਸ ਮਗਰੋਂ ਗੁਰੂ ਗ੍ਰੰਥ ਸਾਹਿਬ ਫਿਰ ਗੁਰੂ ਕੇ ਮਹਲਾਂ ਤੋਂ ਆਉਂਦਾ ਰਿਹਾ ਸੀ। ਉਨੀਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਅਕਾਲ ਤਖ਼ਤ ਸਾਹਿਬ ਦੀਆਂ ਉਪਰਲੀਆਂ ਚਾਰ ਮੰਜ਼ਿਲਾਂ ਬਣ ਗਈਆਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਰਾਤ ਵੇਲੇ, ਸੁਖ-ਆਸਣ ਵਾਸਤੇ ਅਤੇ ਸਰਘੀ ਵੇਲੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਵਾਸਤੇ ਏਥੋਂ ਹੀ ਆਣ-ਜਾਣ ਲੱਗ ਪਈ। ਅਜ-ਕੱਲ੍ਹ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਣ ਰਾਤ 11 ਵਜੇ ਤੋਂ ਸਵੇਰੇ 2 ਵਜੇ ਤਕ ਏਥੇ ਹੀ ਹੁੰਦਾ ਹੈ।

ਅਕਾਲ ਤਖ਼ਤ ਸਾਹਿਬ ਦਾ ਵਿਹੜਾ

ਜਿਸ ਜਗ੍ਹਾ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਬਣੀ ਹੋਈ ਹੈ ਕਦੇ ਇਸ ਥਾਂ ਇਕ ਬੇਰੀ ਹੋਇਆ ਕਰਦੀ ਸੀ। ਉਸ ਬੇਰੀ ਬਾਰੇ ਤਾਰੀਖ਼ 'ਚੋਂ ਹੋਰ ਕੁਝ ਨਹੀਂ ਮਿਲਦਾ। ਰਣਜੀਤ ਸਿੰਘ ਵੇਲੇ ਤਖ਼ਤ ਸਾਹਿਬ ਦੇ ਥੜ੍ਹੇ ਦੇ ਅੱਗੇ ਇਕ ਇਮਲੀ ਦਾ ਬੂਟਾ ਸੀ। (ਜੋ ਜੂਨ 1984 ਵਿਚ ਭਾਰਤੀ ਫ਼ੌਜ ਦੇ ਹਮਲੇ ਵੇਲੇ ਤਬਾਹ ਹੋ ਗਈ ਸੀ ਤੇ ਮਗਰੋਂ ਦੋਬਾਰਾ ਉਗਾਈ ਗਈ)। ਰਣਜੀਤ ਸਿੰਘ ਵੇਲੇ ਦਰਸ਼ਨੀ ਡਿਉਢੀ ਅਤੇ ਅਕਾਲ ਤਖ਼ਤ ਸਾਹਿਬ ਵਿਚਕਾਰ ਖੁਲ੍ਹਾ ਮੈਦਾਨ ਸੀ। ਮਹਾਰਾਜਾ ਖੜਕ ਸਿੰਘ ਨੇ ਇਸ ਜਗ੍ਹਾ 50 ਹਜ਼ਾਰ ਰੁਪੈ ਦਾ ਸੰਗਮਰਮਰ ਲੁਆਇਆ ਸੀ। ਮਹਾਰਾਜਾ ਨੌਨਿਹਾਲ ਸਿੰਘ ਵੇਲੇ ਏਥੇ ਫੁਹਾਰੇ ਅਤੇ

ਘੜਿਆਲ ਬੁੰਗੇ ਦੇ ਮੁਕਾਬਲੇ ਦਾ ਨਕਸ਼ ਨਗਾਰ ਲੁਆਇਆ ਗਿਆ ਸੀ। ਅਕਾਲੀ ਲਹਿਰ ਦੇ ਵੇਲੇ ਤਕ ਇਹ ਫ਼ੁਹਾਰੇ ਕਾਇਮ ਸਨ। ਕਾਫ਼ੀ ਦੇਰ ਮਗਰੋਂ ਇਹ ਫ਼ੁਹਾਰੇ ਤੋੜ ਕੇ ਫੇਰ ਖੁਲ੍ਹਾ ਚੌਕ (ਮੈਦਾਨ) ਬਣਾ ਦਿੱਤਾ ਗਿਆ।

ਜੂਨ 1984 ਵਿਚ ਜਦੋਂ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਇਸ ਚੌਕ ਵਿਚ ਭਾਰਤੀ ਫ਼ੌਜੀਆਂ ਦੀਆਂ ਲਾਸ਼ਾਂ ਦਾ ਢੇਰ ਲਗ ਗਿਆ ਸੀ। ਇਸ ਜਗ੍ਹਾ ਪਹੁੰਚ ਕੇ ਅਕਾਲ ਤਖ਼ਤ ਸਾਹਿਬ ਦੇ ਅੰਦਰ ਜ਼ਹਿਰੀਲੀ (ਬੇਹੋਸ਼ ਕਰਨ ਵਾਲੀ) ਗੈਸ ਦੇ ਗੋਲੇ ਸੁੱਟਣ ਦੀ ਕੋਸ਼ਿਸ਼ ਵਿਚ ਸੈਂਕੜੇ ਫ਼ੌਜੀ ਮਾਰੇ ਗਏ ਸਨ। ਇਸ ਹਮਲੇ ਦੌਰਾਨ ਭਾਰਤੀ ਫ਼ੌਜਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਤੋਪਾਂ ਦੇ ਗੋਲੇ ਮਾਰ ਮਾਰ ਕੇ ਈਮਾਰਤ ਦਾ ਬੁਰਾ ਹਾਲ ਕਰ ਦਿੱਤਾ। ਅਕਾਲ ਤਖ਼ਤ ਸਾਹਿਬ ਦਾ ਮੱਥਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਤਖ਼ਤ ਸਾਹਿਬ ਦੇ ਸੋਨੇ ਦੇ ਗੁੰਬਦ 'ਚ ਤੋਪ ਦੇ ਗੋਲੇ ਨਾਲ ਇਕ ਵੱਡਾ ਤੇ ਕਈ ਨਿੱਕੇ-ਨਿੱਕੇ ਸੁਰਾਖ਼ ਹੋ ਗਏ। ਅਕਾਲ ਤਖ਼ਤ ਸਾਹਿਬ ਦੇ ਦੋਹਾਂ ਪਾਸਿਆਂ ਦੀਆਂ ਪੌੜੀਆਂ ਬੁਰੀ ਤਰ੍ਹਾਂ ਤਬਾਹ ਹੋ ਗਈਆਂ ਸਨ। ਸਿਤੰਬਰ 1984 ਤਕ ਭਾਰਤ ਸਰਕਾਰ ਨੇ ਸੰਤਾ ਸਿੰਹ ਨੂੰ ਅੱਗੇ ਲਾ ਕੇ ਤਖ਼ਤ ਸਾਹਿਬ ਦੀ ਈਮਾਰਤ ਦੀ ਮੁਰੰਮਤ ਕਰਵਾਈ ਪਰ ਸਿੱਖਾਂ ਨੇ ਇਸ ਨੂੰ ਕਬੂਲ ਨਾ ਕੀਤਾ। 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥਾ ਨੇ ਇਕ ਦੀਵਾਨ ਕਰ ਕੇ ਇਸ ਨੂੰ ਢਾਹੁਣਾ ਸ਼ੁਰੂ ਕੀਤਾ। ਮੌਜੂਦਾ ਈਮਾਰਤ ਉਨ੍ਹਾਂ ਦੀ ਹੀ ਬਣਾਈ ਹੋਈ ਹੈ। ਤਾਰੀਖ਼ ਦਾ ਇਕ ਸ਼ਰਮਨਾਕ ਪਹਿਲੂ ਇਹ ਵੀ ਹੈ ਕਿ 1986 ਤੋਂ 1988 ਤਕ ਜਦੋਂ ਇਸ ਦੀ ਪੁਰਾਣੀ ਨੂੰ ਢਾਹ ਕੇ ਉਸ ਦੇ ਮਲਬੇ ਦਾ ਢੇਰ ਲਾਇਆ ਗਿਆ ਸੀ ਤਾਂ ਉਸ ਹੇਠੋਂ ਲਾਸ਼ਾਂ ਲੱਭੀਆਂ ਸਨ। ਇਹ ਲਾਸ਼ਾਂ ਸ਼ਾਇਦ ਈਮਾਰਤ ਬਣਾਉਣ ਵਾਲਿਆਂ ਵਲੋਂ ਮਾਰੇ ਗਏ ਲੋਕਾਂ ਦੀਆਂ ਸਨ। ਮਾਰੇ ਗਏ ਇਨ੍ਹਾਂ ਲੋਕਾਂ ਵਿਚ ਪੁਲੀਸ ਦੇ ਮੁਖ਼ਬਰ, ਕਾਰ ਸੇਵਾ ਵਾਲਿਆਂ ਜਾਂ ਕਿਸੇ ਖਾੜਕੂ-ਧੜੇ ਦੇ ਮੁਖ਼ਾਲਿਫ਼ ਅਤੇ ਫ਼ਿਰੌਤੀ ਨਾ ਦੇਣ ਵਾਲੇ ਸ਼ਾਮਿਲ ਹੋਣਗੇ।

ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਜਗੀਰ

ਰਣਜੀਤ ਸਿੰਘ ਵੇਲੇ ਵਿਚ ਅਕਾਲ ਤਖ਼ਤ ਸਾਹਿਬ ਬੁੰਗਾ ਦੇ ਨਾਂ 'ਤੇ 8000 ਰੁਪੈ (ਉਦੋਂ ਦੇ) ਦੀ ਜਗੀਰ ਸੀ, ਜਿਸ ਦਾ ਠੇਕਾ 6500 ਰੁਪਏ ਹੋਇਆ ਸੀ। ਬੰਦੋਬਸਤ ਵੇਲੇ ਉਹ ਜਗੀਰ ਤਿੰਨ ਮਹੰਤਾਂ ਦੇ ਨਾਂ ਲੱਗ ਗਈ, ਜਿਹੜੀ 1892 ਵਿਚ ਮਹੰਤ ਗੁਲਾਬ ਸਿੰਘ ਦੇ ਮਰਨ 'ਤੇ ਜ਼ਬਤ ਹੋ ਗਈ ਸੀ। ਇਸ ਮਗਰੋਂ ਸਿਰਫ਼ 2200 ਦੀ ਜਗੀਰ ਹੀ ਰਹਿ ਗਈ ਸੀ। ਇਸ ਵਿਚੋਂ ਪਹਿਲਾਂ ਦੋ ਦੋ ਸੌ ਰੁਪੈ ਤਿੰਨ ਲੰਬੜਦਾਰਾਂ ਨੂੰ ਮਿਲਦੇ ਸੀ ਜੋ ਮਗਰੋਂ ਬੰਦ ਹੋ ਗਏ ਸਨ। ਪਰ ਇਸ ਦੀ ਆਮਦਨੀ ਹਜ਼ਾਰਾਂ ਰੁਪਏ ਮਹੀਨਾ ਰਹੀ ਸੀ। ਅਕਾਲੀ ਲਹਿਰ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਸੇਵਾ ਕਰਨ ਵਾਲਿਆਂ ਦੀ ਤਨਖਾਹ 441 ਰੁਪਏ ਮਹੀਨਾ (5392 ਰੁਪਏ ਸਾਲਾਨਾ) ਸੀ।

ਅਕਾਲ ਤਖ਼ਤ ਸਾਹਿਬ ਦੇ ਅੰਦਰ ਜੋ 'ਕੋਠਾ ਸਾਹਿਬ' ਹੈ ਉਸ ਦੀ ਛੱਤ ਸੁਨਹਿਰੀ ਬਣਾਈ ਗਈ ਸੀ। ਇਸ ਦੇ ਤਿੰਨ ਅਸਵਾਰੇ ਸਨ। ਇਕ ਵੱਡਾ 'ਛਾਬਾ' ਅਤੇ ਅਖਾੜਾ

ਸੰਤੋਖ ਸਿੰਘ ਵਾਲੇ ਬਾਬਾ ਨੱਥਾ ਸਿੰਘ ਸ਼ਹੀਦ ਨੇ ਤਿਆਰ ਕਰਾ ਕੇ ਦਿੱਤੇ ਸਨ। ਦੂਜਾ ਅਸਵਾਰਾ, ਸੋਨੇ ਦਾ ਸੁਨਹਿਰੀ ਜਿਲਦ, ਸੁਨਹਿਰੀ ਗੱਤੇ, ਜਿਸ ਉਤੇ ਕਈ ਹਜ਼ਾਰ ਰੁਪਏ ਲੱਗੇ ਸਨ, ਰਣਜੀਤ ਸਿੰਘ ਨੇ ਦਿੱਤਾ ਸੀ। ਤੀਜਾ, ਰੇਸ਼ਮੀ ਕਾਗ਼ਜ਼ ਦਾ ਤਲਾਈਦਾਰ ਤੇ ਹਰਫ਼ ਨੁਕਰਈ ਗੱਤੇ 'ਤੇ ਜਿਲਦ, ਮੀਹਾਂ ਸਿੰਘ ਕਸ਼ਮੀਰ ਵਾਲੇ ਨੇ ਦਿੱਤਾ ਸੀ। ਸੁਨਹਿਰੀ ਪਲੰਘ ਜਿਸ 'ਤੇ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਦੇ ਹਨ ਉਦੋਂ 15000 ਰੁਪਏ ਵਿਚ ਬਣਿਆ ਸੀ। ਇਸ ਦੇ ਚਾਰੇ ਪਾਵਿਆਂ ਹੇਠਾਂ ਚਾਰ ਮਖਮਲੀ ਤਲਾਈ ਕਾਰ ਮੂੜ੍ਹੇ ਹਨ। ਇਕ ਪਲੰਘ ਗੰਗਾ ਜਮਨੀ ਸਣੇ ਬੰਗਲੇ ਦੇ ਰਾਜੇ ਭੂਪ ਸਿੰਘ ਰੋਪੜੀਏ ਨੇ ਦਿੱਤਾ ਸੀ। ਉਦੋਂ ਇਸ ਦੀ ਕੀਮਤ 18 ਹਜ਼ਾਰ ਰੁਪਏ ਸੀ।

ਅਕਾਲ ਤਖ਼ਤ ਸਾਹਿਬ 'ਤੇ ਪਏ ਤਾਰੀਖ਼ੀ ਸ਼ਸਤਰ

1. ਕਿਰਪਾਨਾਂ ਦੋ (ਮੀਰੀ ਅਤੇ ਪੀਰੀ) ਗੁਰੂ ਹਰਿਗੋਬਿੰਦ ਸਾਹਿਬ ਜੀ।
2. ਕਿਰਪਾਨ ਇਕ, ਗੁਰੂ ਗੋਬਿੰਦ ਸਿੰਘ ਸਾਹਿਬ ਜੀ।
3. ਕਿਰਪਾਨ ਇਕ, ਬਾਬਾ ਬੁੱਢਾ ਜੀ।
4. ਕਿਰਪਾਨ ਇਕ, ਭਾਈ ਜੇਠਾ ਜੀ।
5. ਕਿਰਪਾਨ ਇਕ, ਭਾਈ ਕਰਮ ਸਿੰਘ ਜੀ ਸ਼ਹੀਦ।
6. ਕਿਰਪਾਨ ਇਕ, ਭਾਈ ਉਦੈ ਸਿੰਘ ਜੀ ਪਰਮਾਰ ਸਪੁੱਤਰ ਭਾਈ ਮਨੀ ਸਿੰਘ ਜੀ (ਜੋ ਦਸਮੇਸ਼ ਜੀ ਦੇ ਹਜ਼ੂਰੀ ਸਨ)।
7. ਕਿਰਪਾਨ ਇਕ, ਬਾਬਾ ਦੀਪ ਸਿੰਘ ਜੀ ਸ਼ਹੀਦ।
8. ਖੰਡਾ ਦੁਧਾਰਾ ਇਕ, ਬਾਬਾ ਦੀਪ ਸਿੰਘ ਜੀ ਸ਼ਹੀਦ।
9. ਖੰਡਾ ਦੁਧਾਰਾ ਇਕ, ਬਾਬਾ ਗੁਰਬਖ਼ਸ਼ ਸਿੰਘ ਜੀ।
10. ਖੰਡਾ ਦੁਧਾਰਾ ਇਕ, ਬਾਬਾ ਨੌਧ ਸਿੰਘ ਜੀ।
11. ਤੇਗਾ ਦਸ ਸੇਰ ਪੱਕੇ ਦਾ, ਭਾਈ ਬਚਿੱਤਰ ਸਿੰਘ ਜੀ ਸਪੁੱਤਰ ਭਾਈ ਮਨੀ ਸਿੰਘ ਦਾ।
12. ਗੁਰਜ ਛੇਵੀਂ ਪਾਤਸ਼ਾਹੀ, ਗੁਰੂ ਹਰਿਗੋਬਿੰਦ ਸਾਹਿਬ ਜੀ (16 ਸੇਰ) (ਇਹ ਗੁਰਜ ਮਾਤਾ ਸੁੰਦਰ ਕੌਰ ਜੀ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤਾ ਸੀ)।
13. ਕਿਰਪਾਨ ਵਰਗਾ ਸ਼ਸਤਰ, ਛੇਵੀ ਪਾਤਸ਼ਾਹੀ ਦਾ।
14. ਕਟਾਰ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ।
15. ਕਟਾਰ, ਬਾਬਾ (ਸਾਹਿਬਜ਼ਾਦਾ) ਅਜੀਤ ਸਿੰਘ ਜੀ ਦੀ।
16. ਕਟਾਰ, ਬਾਬਾ ਜੁਝਾਰ ਸਿੰਘ ਜੀ (ਸਾਹਿਬਜ਼ਾਦਾ) ਦੀ।
17. ਕ੍ਰਿਪਾਨ, ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ।
18. ਪੇਚ ਕਬਜ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ।
19. ਪੇਚ ਕਬਜ, ਬਾਬਾ ਦੀਪ ਸਿੰਘ ਜੀ ਦੀ।
20. ਇਕ ਸ਼ਸਤਰ ਕ੍ਰਿਪਾਨ ਵਰਗਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ।

21. ਪਿਸਤੌਲ, ਬਾਬਾ ਦੀਪ ਸਿੰਘ ਜੀ ਦਾ।
22. ਪਿਸਤੌਲ, ਬਾਬਾ ਗੁਰਬਖ਼ਸ਼ ਸਿੰਘ ਜੀ ਦਾ।
23. ਤੀਰ ਗੁਰੂ ਗੋਬਿੰਦ ਸਿੰਘ ਜੀ ਦੇ ਜਿਨ੍ਹਾਂ ਦੀ ਮੁੱਠੀ ਨਾਲ ਇਕ-ਇਕ ਤੋਲਾ ਸੋਨਾ ਲੱਗਾ ਹੈ, ਦੋ ਨਗ।
24. ਖੰਡਾ ਦਰਮਿਆਨਾ, ਬਾਬਾ ਦੀਪ ਸਿੰਘ ਦਾ।
25. ਛੋਟੀਆਂ ਕਿਰਪਾਨਾਂ (ਦੁਸ਼ਾਲੇ 'ਤੇ ਸੁਜਾਉਣ ਵਾਲੀਆਂ), ਬਾਬਾ ਦੀਪ ਸਿੰਘ ਜੀ ਦੀਆਂ, ਦੋ ਨਗ।
26. ਛੋਟੇ ਖੰਡੇ, ਬਾਬਾ ਦੀਪ ਸਿੰਘ ਜੀ ਦੇ, ਦੋ ਨਗ।
27. ਇਕ ਛੋਟਾ ਚੱਕਰ ਅਤੇ ਇਕ ਵੱਡਾ ਚੱਕਰ (ਸੀਸ 'ਤੇ ਸਜਾਉਣ ਵਾਲਾ, ਬਾਬਾ ਦੀਪ ਸਿੰਘ ਜੀ ਦਾ) ਅਤੇ ਗਲੇ 'ਤੇ ਸਜਾਉਣ ਵਾਲਾ ਇਕ ਚੱਕਰ (ਬਾਬਾ ਦੀਪ ਸਿੰਘ ਜੀ ਦਾ)।
28. ਅਕਾਲੀ ਫੂਲਾ ਸਿੰਘ ਦਾ ਇਕ ਤੇਗਾ ਅਤੇ ਇਕ ਖੰਡਾ ਵੀ ਮੌਜੂਦ ਹਨ। ਇਸ ਤੋਂ ਇਲਾਵਾ ਹੋਰ ਕਈ ਸਿੰਘਾਂ ਦੇ ਕੁਲ ਮਿਲਾ ਕੇ ਕੋਈ 10 ਚੱਕਰ ਹਨ।

[ਨੋਟ : ਇਕ ਸੋਮੇ ਮੁਤਾਬਿਕ ਇਨ੍ਹਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਛੋਟੀ ਕਿਰਪਾਨ 1984 ਵਿਚ ਸੰਤਾ ਸਿੰਘ ਨਿਹੰਗ ਚੁਰਾ ਕੇ ਲੈ ਗਿਆ ਸੀ।]

ਅਕਾਲ ਤਖ਼ਤ ਸਾਹਿਬ ਦੀ ਈਮਾਰਤ 'ਚ ਹੋਈਆਂ ਅਜੀਬ ਤਬਦੀਲੀਆਂ

1. ਅਕਾਲ ਤਖ਼ਤ ਸਾਹਿਬ ਦੇ ਹੇਠਾਂ ਇਕ ਪੁਰਾਣਾ ਥੜ੍ਹਾ ਸੰਭਾਲਿਆ ਪਿਆ ਹੈ। ਇਹ ਥੜ੍ਹਾ ਗੁਰੂ ਸਾਹਿਬ ਦੇ ਵੇਲੇ ਦਾ ਨਹੀਂ ਜਾਪਦਾ ਤੇ ਸ਼ਾਇਦ ਮਿਸਲਾਂ ਦੇ ਵੇਲੇ 1765-70 ਵਿਚ ਬਣਿਆ ਹੋਵੇ (ਇਸ ਦੀਆਂ ਇੱਟਾਂ ਦੀ ਪਰਖ ਕਰਵਾਈ ਜਾ ਸਕਦੀ ਹੈ)।
2. ਕਦੇ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਜਥੇਦਾਰ ਗੁਰਬਖ਼ਸ਼ ਸਿੰਘ ਅਤੇ 30 ਸਿੱਖਾਂ (1 ਦਿਸੰਬਰ 1764 ਦੇ ਸ਼ਹੀਦਾਂ) ਦੀ ਯਾਦ ਵਿਚ ਸ਼ਹੀਦ ਗੰਜ ਬਣਿਆ ਹੋਇਆ ਸੀ। ਹੁਣ ਇਸ ਦੇ ਦੁਆਲੇ ਕਮਰੇ ਬਣਾ ਦਿੱਤੇ ਗਏ ਹਨ, ਜਿਥੇ ਅਖੌਤੀ ਅਖੰਡ ਪਾਠ ਹੁੰਦਾ ਹੈ। ਅਖੰਡ ਪਾਠ ਸਿੱਖ ਫ਼ਲਸਫ਼ੇ ਦੇ ਉਲਟ ਹੈ। ਇਸ ਦੇ ਬਾਵਜੂਦ 'ਹੱਟੀਆਂ' ਅਤੇ 'ਵਪਾਰ' ਦੇ ਪੈਟਰਨ 'ਤੇ ਕਮਰੇ ਪਾ ਕੇ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕੀਤੀ ਗਈ ਹੈ।
3. ਗੁਰੂ ਸਾਹਿਬ ਵੇਲੇ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਣ ਦਾ ਰਸਤਾ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਾਹਿਬ ਦੇ ਵਿਚਕਾਰ ਸੀ (ਜਿਥੇ ਹੁਣ ਅਖੌਤੀ ਅਖੰਡ ਪਾਠ ਦੇ ਕਮਰੇ ਬਣਾ ਦਿੱਤੇ ਗਏ ਹਨ)। ਇਧਰੋਂ ਹੀ ਗੁਰੂ ਸਾਹਿਬ ਆਇਆ ਕਰਦੇ ਸੀ ਤੇ ਸੰਗਤਾਂ ਵੀ ਇਧਰੋਂ ਹੀ ਆਉਂਦੀਆਂ ਸਨ (ਘੰਟਾ ਘਰ ਗੇਟ ਅੰਗਰੇਜ਼ਾਂ ਵੇਲੇ

ਬਣਿਆ ਸੀ)। ਇਸੇ ਗੇਟ ਦੇ ਕੋਲ ਗੁਰੂ ਤੇਗ਼ ਬਹਾਦਰ ਸਾਹਿਬ ਰੁਕੇ ਸਨ। ਥੜ੍ਹਾ ਸਾਹਿਬ ਇਕ ਉੱਚੀ ਢੇਰੀ ਸੀ, ਜਿੱਥੇ ਉਨ੍ਹਾਂ ਦੀਵਾਨ ਸਜਾਇਆ ਸੀ। ਜਥੇਦਾਰ ਗੁਰਬਖ਼ਸ਼ ਸਿੰਘ ਦਰਬਾਰ ਸਾਹਿਬ ਦੇ ਗੇਟ 'ਤੇ ਅਹਿਮਦ ਸ਼ਾਹ ਦੁਰਾਨੀ ਨੂੰ ਦਾਖ਼ਿਲ ਹੋਣੋਂ ਰੋਕਣ ਵੇਲੇ ਲੜਾਈ ਵਿਚ ਸ਼ਹੀਦ ਹੋਏ ਸਨ। ਗੁਰੂ ਸਾਹਿਬ ਦੇ ਵੇਲੇ ਦਾ ਗੇਟ ਮੁੜ ਸ਼ੁਰੂ ਕਰਨ ਦੀ ਥਾਂ ਉਥੇ ਅਖੰਡ ਪਾਠ ਕੈਬਿਨਾਂ/ਕਮਰੇ ਪਾ ਕੇ ਤੌਹੀਨ ਕੀਤੀ ਗਈ ਹੈ। ਚਾਹੀਦਾ ਸੀ ਕਿ ਇਥੇ ਇਕ **ਸ਼ਹੀਦੀ ਮੀਨਾਰ** ਉਸਾਰਿਆ ਜਾਂਦਾ, ਜਿਸ 'ਤੇ ਗੁਰੂ ਅਰਜਨ ਸਾਹਿਬ ਤੋਂ ਲੈ ਕੇ, 1984 ਸਣੇ, ਸਾਰੇ ਸ਼ਹੀਦਾਂ ਦੇ ਨਾਂ ਉਕਾਰੇ ਜਾਂਦੇ। ਪਰ ਸ਼ਾਇਦ ਗੁਰੂ ਸਾਹਿਬ ਦੇ ਵੇਲੇ ਦੀਆਂ ਨਿਸ਼ਾਨੀਆਂ ਉੱਕਾ ਹੀ ਭੁਲਾ ਦੇਣ ਵਾਸਤੇ ਸਿੱਖ-ਦੁਸ਼ਮਣਾਂ ਦੇ ਅਸਰ ਹੇਠ ਇਹ ਕਮਰੇ ਪਾਏ ਗਏ ਹਨ।

4. ਜਦੋਂ ਭਾਈ ਰਣਜੀਤ ਸਿੰਘ ਨੇ ਚਾਰਜ ਲਿਆ ਤਾਂ ਉਸ ਨੇ ਇਕ ਵੱਡਾ ਸਾਰਾ ਬੋਰਡ (ਫੱਟਾ) ਅਕਾਲ ਤਖ਼ਤ ਸਾਹਿਬ 'ਤੇ ਲਾ ਦਿੱਤਾ, ਜੋ ਦੂਰੋਂ ਪੜ੍ਹਿਆ ਜਾਂਦਾ ਸੀ। ਸ਼ਾਇਦ ਇਸ ਕਰ ਕੇ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਕਿੱਥੇ ਹੈ। ਇਹ ਬੋਰਡ ਅਕਾਲ ਤਖ਼ਤ ਸਾਹਿਬ ਦੇ ਧੁਰ ਉਪਰ ਲਾਇਆ ਗਿਆ ਸੀ। ਉਸ ਦੇ ਹਟਾਏ ਜਾਣ ਮਗਰੋਂ ਇਹ ਬੋਰਡ ਹੇਠਾਂ ਲਾ ਦਿੱਤਾ ਗਿਆ ਸੀ ਤੇ ਹੌਲੀ ਹੌਲੀ ਪਿੱਛੇ ਕਰ ਦਿੱਤਾ ਗਿਆ। ਅਜਿਹਾ ਹੀ ਬਾਬਾ ਅਟਲ 'ਤੇ ਵੀ ਕੀਤਾ ਗਿਆ ਸੀ। ਅਜਿਹੀ ਹੈ ਸੂਝ ਇਨ੍ਹਾਂ ਅਖੌਤੀ ਜਥੇਦਾਰਾਂ ਦੀ। ਅਕਾਲ ਤਖ਼ਤ ਸਾਹਿਬ ਅਤੇ ਬਾਬਾ ਅਟੱਲ ਦੁਨੀਆਂ ਦੀਆਂ ਪਹਿਲੀਆਂ ਤਵਾਰੀਖ਼ਾਂ ਈਮਾਰਤਾਂ ਹਨ, ਜਿਨ੍ਹਾਂ 'ਤੇ ਅਜਿਹੇ ਫੱਟੇ ਲਾਏ ਗਏ ਸਨ। ਜੇ ਇਹ ਨਾ ਲਾਏ ਜਾਂਦੇ ਤਾਂ ਕੀ ਲੋਕਾਂ ਨੂੰ ਪਤਾ ਨਹੀਂ ਸੀ ਲਗਦਾ ਕਿ ਅਕਾਲ ਤਖ਼ਤ ਸਾਹਿਬ ਕਿਹੜਾ ਹੈ ? ਧੰਨ ਸਿੱਖੀ! ਧੰਨ ਅਕਲ ਇਨ੍ਹਾਂ ਆਗੂਆਂ ਦੀ !!

੧ ਓ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਜੀ ਸਹਾਇ ॥

ਹੁਕਮਨਾਮਾ

ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ਼ ਫ਼ਤਹ ਨੁਸਰਤ ਬੇ ਦਰੰਗ ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਸਰਬੱਤ ਖ਼ਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਤਲਿਆਣ ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਯਾ-ਨਿਧਿ ਹੈ, ਅਤੇ ਉਸ ਦੀ ਰਜ਼ਾ ਵਿਚ ਸਰਬ ਸੁਖ ਦਾਤਾ, ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮਤ ਦਾ ਪਰਕਾਸ਼ ਹੋਇਆ ਹੈ, ਅਤੇ ਖ਼ਾਲਸੇ ਦਾ ਬਿਰਦ ਹੈ :

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਕੁਝ ਸਮੇਂ ਤੋਂ ਸਾਡੇ ਦੇਸ਼ ਵਿਚ ਅਖੌਤੀ 'ਨਿਰੰਕਾਰੀ ਵਿੰਗ' ਦੀ ਸੰਗਿਆ ਹੇਠ ਚਲ ਰਹੀ ਲਹਿਰ ਜਿਸ ਦਾ ਮੁਖੀ ਗੁਰਬਚਨ ਸਿੰਘ ਹੈ, ਉਸਦਾ ਨਿਸ਼ਾਨਾ ਧਰਮ ਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖ਼ਾਲਸੇ ਦੇ ਸਿਧਾਂਤਾਂ, ਰਹੁਰੀਤਾਂ ਤੇ ਗੌਰਵ ਉਤੇ ਵਿਸ਼ੇਸ਼ ਕਰਕੇ ਪਰਚੰਡ ਹਮਲੇ ਕਰ ਰਿਹਾ ਹੈ। ਜਿਸ ਦੇ ਪਰਿਣਾਮ ਕਾਰਨ ਦੇਸ਼ ਵਿਚ ਕਈ ਥਾਵਾਂ ਉਤੇ ਗੰਭੀਰ ਫ਼ਸਾਦ ਹੋ ਚੁੱਕੇ ਹਨ, ਅਤੇ ਪਿਛਲੀ ਵਿਸਾਖੀ ੧੩ ਅਪ੍ਰੈਲ ਸੰਨ ੧੯੭੮ ਨੂੰ ਇਸੇ ਕਾਰਨ ਸ੍ਰੀ ਅੰਮ੍ਰਿਤਸਰ ਵਿਚ ਅਨੇਕ ਸਿੰਘ ਧਰਮ ਹੇਤ ਜ਼ਖ਼ਮੀ ਤੇ ਸ਼ਹੀਦ ਹੋਏ।

ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨ ਸਿੰਘ ਈਸ਼ਵਰ ਦਾ ਅਵਤਾਰ ਹੋਣ ਦਾ ਦਾਅਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਹੀ ਮਨੁੱਖਾ ਜਨਮ ਦਾ ਮੁਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉੱਤਮ ਸਿਧਾਂਤ ਸ਼ਬਦ ਗੁਰੂ ਤੋਂ ਮੁਨਕਰ ਹੋਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ, ਇਹ ਕਹਿ ਕੇ ਕਰਦੇ ਹਨ ਕਿ ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ। ਇਨ੍ਹਾਂ ਦਾ ਇਹ ਪਰਚਾਰ ਸੰਸਾਰ ਭਰ ਦੇ ਧਰਮਾਂ, ਅਤੇ ਸਦਾਚਾਰਕ ਵਿਧਾਨਾਂ ਵਾਸਤੇ ਇਕ ਮਾਰੂ ਹਮਲਾ ਹੈ। ਸਿੱਖ ਪੰਥ ਇਸ ਚੈਲੰਜ ਨੂੰ ਚੁਣੌਤੀ ਦਿਤੇ ਬਿਨਾ ਰਹਿ ਨਹੀਂ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤਰ ਲਈ ਹੈ ਕਿ ਇਸ ਧਰਮ-ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿਚ ਫੈਲਣ ਨਾ ਦਿਤਾ ਜਾਵੇ। ਜੋ ਸਿੱਖ ਇਸ ਟੋਲੀ ਤੇ ਧਰਮੀ ਅਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁਕੇ ਹਨ, ਉਹਨਾਂ ਅਤੇ ਉਹਨਾਂ ਦੇ ਆਗੂ, ਗੁਰਬਚਨ ਸਿੰਘ ਨਾਲ, 'ਖ਼ਾਲਸਾ ਪੰਥ', ਹਰ ਤਰ੍ਹਾਂ ਦਾ ਮੇਲ ਜੋਲ ਤੇ ਸੰਸਾਰਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਖ਼ਤਮ ਕਰੇ।

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ,
ਜੋ ਮੰਨੇਗਾ ਉਸ ਦਾ ਲੋਕ ਪ੍ਰਲੋਕ ਦੋਹਾਂ ਥਾਵੀਂ ਭਲਾ ਹੋਵੇਗਾ।

ਗੁਰੂ ਕੀ ਆਗਿਆ ਹੈ :
ਪੂਜਾ ਅਕਾਲ ਪੁਰਖ ਕੀ ॥
ਪਰਚਾ ਸ਼ਬਦ ਕਾ ॥
ਦਰਸਨ ਖ਼ਾਲਸੇ ਕਾ ॥

ਸ੍ਰੀ ਅਕਾਲ ਜੀ ਸਹਾਇ
ਸ੍ਰੀ ਅਕਾਲ ਤਖ਼ਤ
ਸਾਹਿਬ

ਮਿਤੀ ੨੮ ਜੇਠ, ਸੰ: ਨਾਨਕਸ਼ਾਹੀ ੫੦੯
੧੦ ਜੂਨ, ੧੯੭੮

ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

10 ਜੂਨ 1978 ਦਾ ਹੁਕਮਨਾਮਾ (ਨਿਰੰਕਾਰੀਆਂ ਦੇ ਖ਼ਿਲਾਫ਼)

ੴ ਵਾਹਿਗੁਰੂ ਜੀ ਕੀ ਫਤਹ॥

ਸਚੈ ਤਖਤੁ ਰਚਾਇਆ

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India.
Ph : 553957-58-59 Fax : 553919

ਨੰ: ________

ਹੁਕਮਨਾਮਾ

ਮਿਤੀ ________

ਅੱਜ ਮਿਤੀ 20.4.98 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇੱਕਤਰਤਾ ਹੋਈ ਜਿਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਵਿੱਚ ਗੁਰੂ ਘਰ ਦੇ ਲੰਗਰ ਵਿੱਚ ਕੁਰਸੀਆਂ ਤੇ ਬੈਠ ਕੇ ਲੰਗਰ ਛੱਕਣ ਜਾਂ ਜ਼ਮੀਨ ਤੇ ਬੈਠ ਕੇ ਲੰਗਰ ਛੱਕਣ ਪ੍ਰਤੀ ਚੱਲ ਰਹੇ ਵਾਦ-ਵਿਵਾਦ ਤੇ ਵਿਆਪਕ ਵਿਚਾਰ ਚਰਚਾ ਹੋਈ। ਉਪਰੰਤ ਇਹ ਫ਼ੈਸਲਾ ਲਿਆ ਕਿ ਗੁਰੂ ਸਾਹਿਬਾਨ ਵੱਲੋਂ ਕਾਇਮ ਕੀਤੀ ਗਈ ਸੰਗਤ ਤੇ ਪੰਗਤ ਦੀ ਮਰਯਾਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ। ਸਮੂੰਹ ਧਾਰਮਿਕ ਸ਼੍ਰੇਣੀ ਵਿੱਚ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਸਮੂੰਹ ਸੰਸਥਾਵਾਂ ਦੇ ਪ੍ਰਬੰਧਕਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਆਦੇਸ਼ ਹੈ ਕਿ ਇਹ ਯਕੀਨੀ ਬਣਾਉਣ ਕਿ ਗੁਰੂ ਕੇ ਲੰਗਰ ਦਾ ਪ੍ਰਸ਼ਾਦਾ ਕੇਵਲ ਪੰਗਤ ਵਿੱਚ ਜ਼ਮੀਨ ਤੇ ਬੈਠ ਕੇ ਹੀ ਛੱਕਣ ਤੇ ਛਕਾਉਣ ਦੀ ਮਰਯਾਦਾ ਕਾਇਮ ਰੱਖੀ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਸ ਆਦੇਸ਼ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਤੱਕ ਲਾਗੂ ਕਰਨ ਦਾ ਉਚਿੱਤ ਪ੍ਰਬੰਧ ਕਰ ਲਿਆ ਜਾਵੇ। ਇਸ ਉਦੇਸ਼ ਦੀ ਉਲੰਘਣਾ ਹੋਣ ਤੇ ਸੰਬੰਧਤ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਬਰਾਬਰ ਦੇ ਜ਼ੁੰਮੇਵਾਰ ਹੋਣਗੇ ਅਤੇ ਉਨ੍ਹਾਂ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮੂੰਹ ਗੁਰਸਿੱਖ ਸੰਗਤਾਂ ਪ੍ਰਤੀ ਨਿਮਰਤਾ ਸਹਿਤ ਸੰਦੇਸ਼ ਹੈ ਕਿ ਇਸ ਮਰਯਾਦਾ ਨੂੰ ਲਾਗੂ ਕਰਨ ਤੇ ਕਰਵਾਉਣ ਲਈ ਹਰ ਤਰ੍ਹਾਂ ਦੀ ਧੜੇਬੰਦੀ ਤੇ ਪੱਖ-ਪਾਤ ਤੋਂ ਉੱਪਰ ਉਠ ਕੇ ਸਹਿਯੋਗ ਦੇਣ।

ਦੇਗੋ ਤੇਗੋ ਫ਼ਤਹ ਨੁਸਰਤ ਬੇਦਰੰਗ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ
ਸ੍ਰੀ ਅਕਾਲ ਜੀ ਸਹਾਇ
ਸ੍ਰੀ ਅਕਾਲ ਤਖ਼ਤ ਸਾਹਿਬ

ਗੁਰੂ ਪੰਥ ਦਾ ਦਾਸ

ਰਣਜੀਤ ਸਿੰਘ

(ਰਣਜੀਤ ਸਿੰਘ),
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

20 ਅਪਰੈਲ 1998 ਦਾ ਰਣਜੀਤ ਸਿੰਘ ਦਾ ਲੰਗਰ ਬਾਰੇ 'ਹੁਕਮਨਾਮਾ'

ਭਾਈ ਰਣਜੀਤ ਸਿੰਘ ਨੇ ਲੱਖਾਂ ਦਾ ਪਲਾਟ ਖਰੀਦਣ ਲਈ ਗਲਤ-ਬਿਆਨੀਆਂ ਕੀਤੀਆਂ

ਬਿਊਰੋ

'ਵੇਂ ਸ੍ਰੀ ਅਕਾਲ ਤਖਤ ਣਜੀਤ ਸਿੰਘ ਨੇ ਕੁਝ ਸੀ ਕਿ ਸੰਗਤ ਵੱਲੋਂ ਤੁਨ੍ਹਾਂ ਕੋਲ ਕੋਈ ਚੱਲ- ਨ੍ਹਾਂ ਵੱਲੋਂ ਮੋਹਾਲੀ ਵਿਖੇ ਟ ਖਰੀਦਣ ਅਤੇ ਇਸ ਣ ਦੇਣ ਲਈ ਆਪਣੀ ਕਈ ਹੋਰ ਗਲਤ- ਾ ਮਾਮਲਾਂ ਸਾਹਮਣੇ

। ਅੱਜ ਚੰਡੀਗੜ੍ਹ ਤੋਂ ਨਵੀਂ ਦਿੱਲੀ ਤੋਂ ਛਪਦੇ ਹਿੰਦੁਸਤਾਨ ਟਾਈਮਜ਼' ਠੋਸ ਦਸਤਾਵੇਜ਼ਾਂ 'ਤੇ । ਉਕਤ ਅਖਬਾਰਾਂ ਨੇ ਵੀਰ ਵਾਲੇ ਹਲਫੀਆ ੀਆਂ ਵੀ ਨਾਲ ਹੀ ਜੀਤ ਸਿੰਘ ਦੇ ਕਥਨ ਨ। ੀ ਰਣਜੀਤ ਸਿੰਘ ਨੇ ਜਥੇਦਾਰ ਦਾ ਅਹੁਦਾ ਲਿਆ ਸੀ ਅਤੇ ਜਨੇਸ਼

ਵਸਨੀਕ ਹਨ। ਉਨ੍ਹਾਂ ਵੱਲੋਂ ਇਹ ਪਲਾਟ ਆਰ. ਐਸ. ਘਟੌੜਾ ਪੁੱਤਰ ਸੰਤਾ ਸਿੰਘ ਦੇ ਨਾਂਅ 'ਤੇ ਖਰੀਦਿਆ ਗਿਆ ਹੈ। ਹਾਲਾਂ ਕਿ ਭਾਈ ਰਣਜੀਤ ਸਿੰਘ ਨੇ ਅੱਜ ਤੱਕ ਆਪਣੇ ਨਾਂਅ ਨਾਲ ਕਦੇ ਵੀ ਘਟੌੜਾ ਸ਼ਬਦ ਨਹੀਂ ਵਰਤਿਆ ਅਤੇ ਨਾ ਹੀ ਕਦੇ ਆਰ. ਐਸ. ਨਾਲ ਆਪਣੀ ਪਛਾਣ ਕਰਾਈ ਹੈ। ਇਸ ਸੌਦੇ ਸਬੰਧੀ ਦਸਤਾਵੇਜ਼ਾਂ 'ਤੇ ਜਥੇਦਾਰ ਨੇ ਦਾੜ੍ਹੀ ਬੰਨ੍ਹੀ ਵਾਲੀਆਂ ਫੋਟੋ ਲਾਈਆਂ ਹਨ। ਜਥੇਦਾਰ ਰਣਜੀਤ ਸਿੰਘ ਵੱਲੋਂ

• ਮੁਹਾਲੀ 'ਚ ਲੱਖਾਂ ਰੁਪਏ ਦਾ ਪਲਾਟ ਖਰੀਦਿਆ • ਹਲਫ਼ੀਆ ਬਿਆਨਾਂ ਵਿਚ ਆਪਣਾ ਨਾਂਅ ਆਰ.ਐਸ. ਘਟੌੜਾ ਲਿਖਿਆ • ਪਛਾਣ ਛੁਪਾਉਣ ਲਈ ਫੋਟੋਆਂ ਬੰਨ੍ਹੀ ਦਾੜ੍ਹੀ ਵਾਲੀਆਂ ਲਾਈਆਂ • ਦਸਤਾਵੇਜ਼ਾਂ 'ਚ ਰਿਹਾਇਸ਼ੀ ਪਤਾ ਗਲਤ ਲਿਖਾਇਆ • 30 ਲੱਖ ਦੀ ਕੀਮਤ ਵਾਲੇ ਪਲਾਟ ਦੀ ਰਜਿਸਟਰੀ 9.50 ਲੱਖ ਵਿਚ ਕਰਾਈ।


ਖਰੀਦਿਆ ਗਿਆ ਪਲਾਟ ਮੋਹਾਲੀ ਦੇ ਫੇਜ਼ 3-ਏ ਵਿਚ ਹੈ ਜਿਸ ਦਾ ਨੰਬਰ 579 ਹੈ। ਇਹ ਪਲਾਟ 507 ਵਰਗ ਗਜ਼ ਦਾ ਹੈ। ਭਾਈ ਰਣਜੀਤ ਸਿੰਘ ਵੱਲੋਂ ਇਹ ਪਲਾਟ 9,50,000 (ਸਾਢੇ ਨੌਂ ਲੱਖ ਰੁਪਏ) ਦਾ ਖਰੀਦਿਆ ਦਿਖਾਇਆ ਗਿਆ ਹੈ। ਸੂਤਰਾਂ ਅਨੁਸਾਰ ਦਸੰਬਰ 1997 ਵਿਚ ਇਸ ਪਲਾਟ ਦਾ ਸੌਦਾ ਮੋਹਾਲੀ ਦੇ ਦੋ ਪ੍ਰਾਪਰਟੀ ਡੀਲਰਾਂ ਰਾਹੀਂ ਹੋਇਆ। 15 ਦਸੰਬਰ ਨੂੰ ਇਹ ਰਜਿਸਟਰੀ ਮੋਹਾਲੀ ਦੇ ਸਬ-ਰਜਿਸਟਰਾਰ ਦੇ

ਦਫਤਰ ਵਿਚ ਹੋਈ। ਸਰਕਾਰੀ ਰਿਕਾਰਡ ਵਿਚ ਵੀ ਇਹ ਪਲਾਟ ਸਾਢੇ 9 ਲੱਖ ਦਾ ਹੀ ਖਰੀਦਿਆ ਦਿਖਾਇਆ ਗਿਆ ਹੈ ਜਦੋਂ ਕਿ ਇਸ ਦੀ ਅਸਲ ਬਾਜ਼ਾਰੀ ਕੀਮਤ 25 ਤੋਂ 30 ਲੱਖ ਰੁਪਏ ਵਿਚਕਾਰ ਹੈ। ਜਥੇਦਾਰ ਵੱਲੋਂ ਇਸ ਪਲਾਟ ਲਈ ਇਕ ਲੱਖ ਰੁਪਏ ਦਾ ਬਿਆਨਾ (ਪੇਸ਼ਗੀ) ਦਿੱਤਾ ਗਿਆ ਸੀ ਜਦੋਂ ਕਿ ਬਾਕੀ ਦਾ ਸਾਢੇ 8 ਲੱਖ ਰੁਪਿਆ ਦੋ ਡਰਾਫਟਾਂ ਰਾਹੀਂ ਦਿੱਤਾ ਗਿਆ। ਇਹ ਦੋਵੇਂ ਡਰਾਫਟ ਪੰਜਾਬ ਨੈਸ਼ਨਲ ਬੈਂਕ

ਅੰਮ੍ਰਿਤਸਰ ਤੋਂ 12 ਦਸੰਬਰ, 1997 ਨੂੰ ਬਣਾਏ ਗਏ। ਇਕ ਡਰਾਫਟ 4 ਲੱਖ ਦਾ (ਡਰਾਫਟ ਨੰ: 606641) ਜਦੋਂ ਕਿ ਦੂਜਾ ਡਰਾਫਟ ਸਾਢੇ 4 ਲੱਖ ਦਾ (ਨੰ: 606642) ਦਾ ਸੀ।

ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਭਾਈ ਰਣਜੀਤ ਸਿੰਘ ਨੇ ਪਲਾਟ ਦੀ ਖਰੀਦ ਸਬੰਧੀ ਪੁੱਡਾ ਨੂੰ ਦਿੱਤੇ ਹਲਫੀਆ ਬਿਆਨਾਂ 'ਚ ਆਪਣਾ ਰਿਹਾਇਸ਼ੀ ਪਤਾ 598 ਫੇਜ਼-10 ਮੋਹਾਲੀ ਦਿੱਤਾ ਹੈ ਅਤੇ ਉਸ ਮਕਾਨ ਵਿਚ ਬਲਬੀਰ ਕੌਰ ਆਪਣੀ ਲੜਕੀ ਤੇ ਦੋ ਲੜਕਿਆਂ ਨਾਲ ਰਹਿ ਰਹੀ ਹੈ ਪਰ ਪਰਿਵਾਰ ਦੇ ਰਾਸ਼ਨ ਕਾਰਡ ਵਿਚ ਭਾਈ ਰਣਜੀਤ ਸਿੰਘ ਜਿਸ ਦੀ ਦਸਤਾਵੇਜ਼ਾਂ ਵਿਚ ਸ਼ਨਾਖਤ ਆਰ. ਐਸ. ਘਟੌੜਾ ਵਜੋਂ ਦਰਸਾਈ ਗਈ ਹੈ, ਦਾ ਨਾਂਅ ਦਰਜ ਨਹੀਂ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਰਿਹਾਇਸ਼ ਸਬੰਧੀ ਝੂਠਾ ਹਲਫੀਆ ਬਿਆਨ ਦਿੱਤਾ ਹੈ।

* ਭਾਈ ਰਣਜੀਤ ਸਿੰਘ ਨੇ ਦਿੱਤੇ ਹਲਫੀਆ ਬਿਆਨ ਵਿਚ ਇਹ ਦਾਅਵਾ ਕੀਤਾ ਹੈ ਕਿ ਉਹ 598, ਫੇਜ਼-10 ਮੋਹਾਲੀ ਦੇ ਵਾਸੀ ਹਨ ਤੇ ਇਹ ਮਕਾਨ ਉਨ੍ਹਾਂ ਦੀ ਮਾਸੀ ਬਲਬੀਰ ਕੌਰ ਦਾ ਹੈ ਪਰ 'ਏਸ਼ੀਅਨ ਏਜ' ਦੇ ਪੱਤਰਕਾਰ ਸ੍ਰੀ ਅਸਿਤ ਜੌਲੀ ਨੇ ਜਦੋਂ ਬਲਬੀਰ ਕੌਰ ਨਾਲ ਸੰਪਰਕ ਕੀਤਾ ਤਾਂ ਬਲਬੀਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਰਣਜੀਤ ਸਿੰਘ ਨਾਲ ਖੂਨ ਦਾ ਕੋਈ ਰਿਸ਼ਤਾ ਨਹੀਂ ਤੇ ਇਹ ਪਤਾ ਤਾਂ ਕਿਸੇ 'ਪ੍ਰਾਪਰਟੀ



ਭਾਈ ਰਣਜੀਤ ਸਿੰਘ ਵੱਲੋਂ ਆਪਣੀ ਪਛਾਣ ਛੁਪਾਉਣ ਲਈ ਹਲਫ਼ੀਆ ਬਿਆਨਾਂ 'ਤੇ ਬੰਨ੍ਹੀ ਦਾੜ੍ਹੀ ਵਾਲੀ ਲਾਈਆਂ ਤਸਵੀਰਾਂ

ਰਣਜੀਤ ਸਿੰਘ ਵੱਲੋਂ ਮੋਹਾਲੀ 'ਚ ਪਲਾਟ ਖ਼ਰੀਦਣ ਦੀ ਕਹਾਣੀ (ਅਜੀਤ, 23-9-1998)

13-2-1999 ਦੀ ਇੰਡੀਅਨ ਐਕਸਪ੍ਰੈਸ 'ਚ ਭਾਈ ਰਣਜੀਤ ਸਿੰਘ ਦਾ ਇਸ਼ਤਿਹਾਰ

ੴ ਸਤਿਗੁਰ ਪ੍ਰਸਾਦਿ ॥

THE AKAL TAKHT
Amritsar

Published in the interest of clarifying The Akal Takht's stand in the recent controversy which has created confusion in the public's mind

English text of the letter written by Bhai Ranjit Singh, Jathedar of the Akal Takht, to Sardar Prakash Singh Badal, Chief Minister of Punjab and President Shiromani Akali Dal on February 9, 1999.

Wahe Guruji Ka Khalsa, Wahe Guruji Ki Fateh,

Through a section of the press I am being branded a Khalistani, separatist and terrorist. I never was a Khalistani nor am I now. Nor have I ever permitted our religious platform to be used for separatist activities. The Sikh community (Qaum) is not confined to the Punjab alone. A large number of Sikhs live outside the Punjab in this country and abroad, and their image is adversely affected by any separatist activity or slogan. I believe that in this era of universal brotherhood it is not appropriate to limit the future of the community within any fixed boundaries. Although I do not agree with the demand for Khalistan, I am in favour of maintaining the distinct identity of the Khalsa Panth. Just as other communites' social, religious and constitutional rights are recognised, it is the right of the Sikhs to be given the same recognition. We have no wish to strengthen our existence by cutting across the existence of others. We want to make our existence parallel to theirs, We wish to maintain our identity by following in the principle of "live and let others live".

My recent statement with regard to the Vaisakhi of 1978 was completely distorted. I had to undergo 13 years imprisonment as a result of this incident. I have already expressed my feelings about these happenings. What I meant by my recent statement was that all communities should be able to participate in the Khalsa Tercentenary without any fear, just as all Sikh organisations irrespective of their minor differences should be able to participate in the celebrations in a spirit of Panthic unity. No one should have the feeling of being

ignored and all Sikhs from all other parties must also be able to participate in the celebrations.

So my statement in respect of 'Khooni Vaisakhi' was not a warning or threat to anyone but a cautionary note meant to emphasise the need to learn a lesson from one of the worst incidents in recent history and to create a peaceful and congenial atmosphere by taking due precautions.

The Khalsa Tercentenary must be dedicated to the real spirit of the Khalsa. Just as Sri Guru Granth Sahib Ji is the precious treasure of our culture, similarly the 'Punj Piaras' are our priceless gems. Through the creation of the Khalsa the under privileged and down-trodden took an oath to fight against the atrocities of governments. So our own government today cannot ignore these classes now. They must have a special involvement in this day's celebrations which is a cause of happiness in a spirit of equality for all.

It was customary on the birthdays of great personalities to pardon prisoners or reduce their sentences and to inititate programmes for the good of all. This special day of the Khalsa should also be a day of rejoicing and healing of wounds. The nation (community) must not indulge in factional fights. Let us forget our differences and be united. My edict, which holds good till 15th April was issued in this spirit.

The Shiromani Gurdwara Prabandhak Committee and Shiromani Akali Dal were established in 1929 at Sri Akal Takht Sahib. Both organisations have a history of sacrifices and achievements but for the last few years both have side-tracked themseves from their real objectives. In the recent past, the misery which Punjab and the Sikhs have had to undergo is a direct result of the games played by our selfish leaders.

When power is desired, movements to capture political power are launched from the Sri Akal Takht and are called 'Dharam Yudh'. Where is the 'Dharam Yudh' now ? what is the fate of the demands made for Chandigarh, for Punjabi speaking areas and for river water ? Is Punjab's money, deposited in the banks of Punjab, being utilised for the benefit of Punjab and the Punjabis ?

You have brought Punjab to a state of bankruptcy. Under your leadership, respect for Punjab has gone down. Was the aim of the 'Dharam Yudh' movement and of taking oath at the Akal Takht and of sacrificing countless individuals only to help you form a Government ?

Had the Jathedar of the Sri Akal Takht Sahib at that time allowed you to launch the 'Dharam Yudh' morcha only after getting in writing the oath that you took, it would not have been possible for you to now retract from the demands made by the morcha, the prayers held, and the oaths taken at the Sri Akal Takht Sahib. These should not have been allowed to become mere rituals but should have been upheld in the great tradition set by Sardar Darshan Singh Pheruman.

You have destroyed the spirit of sacrifice of the Akali Dal and made it your personal property and that of your yes-men. After ascending to power, the importance of religious institutions has become meaningless because of you. He, who, till now, was denouncing the entry of police in the Golden Temple complex, is himself sending police inside this sacred place to grab the Harmandir Sahib and the Akal Takht.

You have mastered the art of using religious institutions to your advantage. When not in power, you raise a hue and cry over the danger to the Panth and religion. But after getting power, you try to subjugate religious leaders with the authority of the power you have acquired. Only sycophantic Jathedars are deemed as great and for you everything is regarded as saleable because you are surrounded by an army of sycophants and saleable person. In this milieu, you are no longer able to distinguish between good and bad.

You rejoice if a member of another party is punished by the Akal Takht. But if one of your own is subjected to the same discipline, you lose your balance of mind and consider it an affront to your power. Maharaja Ranjit Singh as a simple Sikh, always accepted the authority of the Akal Takht, but you are continuously confroning and challenging the Akal Takht.

You have no plans or agenda either for the Panth or Punjab. Such goals are usually established by the leadership. The Jathedar is only a link of trust and honour between the community and the leadership. My intent of asking you about an agenda was to seek assurances from you in regard to the responsibilities that were entrusted to you by the community.

The Khalsa Tercentenary is not a mere administrative function of the government. It is a historic day for the entire community. In this regard it is essential to take guidance from great Sikh traditions, for this day cannot be celebrated by mere entertainment which is frivolous and alien.

We have wonderful traditions bestowed upon us by our Gurus, which no Jathedar or politician can change. If at all, this can only be with the approval of a Sarbat Khalsa (a representative gathering of the community). But you, in order to protect your favourites, who have been held accountable by the Akal Takht, are attacking great Sikh traditions backed by the power of the State.

Only by submitting to the penance prescribed by the Akal Takht, can a Sikh be exonerated of his misconduct. And yet you insist on placing hurdles in the observance of our noble traditions.

Ranjit Singh
Jathedar

Advertisement

ੴ ਸਤਿਗੁਰ ਪ੍ਰਸਾਦਿ ॥

ਗਿਆਨੀ ਪੂਰਨ ਸਿੰਘ
ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ (ਪੰਜਾਬ)

ਫ਼ੋਨ 0183-…
0183-54…
ਫੈਕਸ 0183-553957-58-59

ਨੰਬਰ .... ਮਿਤੀ 25-1-2000

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ ਵਿਚ ਸਿੱਖੀ ਤੋਂ ਖਾਰਜ ਕੀਤਾ ਜਾਂਦਾ ਹੈ। ਬੀਬੀ ਜਗੀਰ ਕੌਰ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਬਾਰ ਬਾਰ ਉਲੰਘਣਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਕਮਰੇ ਵਿਚ ਨਵੀਂ ਜੰਤਰੀ ਬਾਰੇ ਬਣੀ ਸੀ ਜਿਸ ਵਿਚ ਬਾਬੇ ਨੇ ਵਿਰੋਧ ਕੀਤਾ ਪਰ ਇਸ ਦੇ ਉਲਟ ਬੀਬੀ ਜਗੀਰ ਕੌਰ ਨੇ ਪਾਸ ਕੀਤਾ ਪੁਰੇ ਬਾਬੇ ਨੂੰ ਸਿਰਪਾਓ ਦੇ ਕੇ ਜੰਤਰੀ ਜਾਰੀ ਕਰ ਦਿੱਤੀ। ਇਸ ਉਪਰੰਤ ਜੰਤਰੀ ਉਪਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪਾਬੰਦੀ ਲਗਾਈ ਗਈ।

5 ਫਰਵਰੀ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਜੰਤਰੀ ਉਪਰ ਰੋਕ ਪਾਬੰਦੀ ਲਗਾਈ ਗਈ ਪਰ ਬੀਬੀ ਜੀ ਸ੍ਰੀ ਅਕਾਲ ਤਖਤ ਸਾਹਿਬ ਹੁਕਮਾਂ ਪਰਵਾਹ ਨਾ ਕਰਦਿਆਂ ਜੋ 14 ਜਨਵਰੀ ਪੋਹ ਸੁਦੀ 7 ਦੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਵਤਾਰ ਪੁਰਬ ਮਨਾਇਆ ਜਾਣਾ ਸੀ ਪਰ ਬੀਬੀ ਜਗੀਰ ਕੌਰ ਵਲੋਂ ਪੁਰਬ 5 ਜਨਵਰੀ ਸਿੱਖ ਕੌਮ ਨੂੰ ਮਨਾਉਣ ਬਾਰੇ ਬਿਆਨ ਦਿੱਤਾ ਅਤੇ ਕਈ ਥਾਵਾਂ ਤੇ ਗੁਰਦੁਆਰਿਆਂ ਵਿਚ ਇਸ ਦਿਨ ਮਨਾਇਆ ਗਿਆ ਪਰ ਸਾਰੀ ਦੁਨੀਆ ਵਿਚ ਬਹੁਤ ਸੰਗਤਾਂ ਨੇ ਇਹ ਦਿਨ 14 ਜਨਵਰੀ ਪੋਹ ਸੁਦੀ 7 ਦੀ ਨੂੰ ਹੀ ਮਨਾਇਆ।

ਬੀਬੀ ਜਗੀਰ ਕੌਰ ਨੂੰ ਪੰਜ ਵਾਰ ਲਿਖਿਆ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਪੇਸ਼ ਹੋਵੇ ਉਨ੍ਹਾਂ ਵਿਚ ਗੁਰੂ ਨਾਨਕ ਨਾਮ ਲੇਵਾ ਇਸ ਨੂੰ ਗੁਰਦੁਆਰਾ ਸਾਹਿਬ ਅਤੇ ਕਿਸੇ ਧਾਰਮਿਕ ਸਟੇਜ ਉਪਰ [illegible] 27 ਜਨਵਰੀ ਨੂੰ ਹੋਣ ਵਾਲੀ ਅੰਤ੍ਰਿੰਗ ਵਿਚ [illegible] ਰੋਕ ਲਗਾਈ ਜਾਂਦੀ ਹੈ ਅਤੇ ਅੰਤ੍ਰਿੰਗ ਕਮੇਟੀ ਸਾਰੇ ਮੈਂਬਰਾਂ ਨੂੰ ਸ੍ਰੀ ਅਕਾਲ [illegible] ਸਵੇਰੇ 10 ਵਜੇ ਤਲਬ ਕੀਤਾ ਜਾਂਦਾ ਹੈ।

ਗੁਰੂ ਪੰਥ ਦਾ ਦਾਸ

ਨੋਟ:- ਉਤਾਰਾ ਬੀਬੀ ਜਗੀਰ ਕੌਰ
ਬੇਗੋਵਾਲ

ਪੂਰਨ ਸਿੰਘ

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜਥੇਦਾਰ ਸ੍ਰੀ
ਸ੍ਰੀ ਅਕਾਲ ਤਖਤ ਸਾਹਿਬ

25 ਜਨਵਰੀ 2000 ਦਾ ਪੂਰਨ ਸਿੰਘ ਦਾ ਫ਼ੈਕਸ 'ਤੇ ਜਾਰੀ ਕੀਤਾ
ਬੀਬੀ ਜਗੀਰ ਕੌਰ ਨੂੰ 'ਛੇਕਣ' ਦਾ 'ਹੁਕਮ'

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India
Ph : 0183-553956 - 57 - 58 - 540820 Fax : 0183-540820

ਆਦੇਸ਼

ਨੰ: ਸਪੈਸ਼ਲ ਮਿਤੀ 13-3-2000

ਗੁਰੂ ਸਵਾਰੇ ਸ੍ਰ:ਪ੍ਰਕਾਸ਼ ਸਿੰਘ ਜੀ 'ਬਾਦਲ'
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਮੁੱਖ ਮੰਤਰੀ ਪੰਜਾਬ)।

ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਆਪ ਜੀ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀ. ਜਗੀਰ ਕੌਰ ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਬਾਰ ਬਾਰ ਉਲੰਘਣਾਂ ਕਰਨ ਦੇ ਦੋਸ਼ ਕਾਰਣ ਸਿੱਖੀ ਵਿਚੋਂ ਖ਼ਾਰਜ ਕੀਤਾ ਸੀ ਅਤੇ ਐਗਜੈਕਟਿਵ ਕਮੇਟੀ ਨੂੰ ਤਲਖ ਕੀਤਾ ਗਿਆ ਸੀ। ਐਗਜੈਕਟਿਵ ਕਮੇਟੀ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਾਰੇ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਮੰਨਿਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨ ਮਰਯਾਦਾ ਨੂੰ ਕਾਇਮ ਰਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋ ਕੇ ਸੇਵਾ ਲਗਵਾਕੇ ਅਤੇ ਸੇਵਾ ਕਰਕੇ ਉਪਰੰਤ ਕੜ੍ਹਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਆਪਣੀ ਭੁੱਲ ਬਖਸ਼ਵਾ ਲਈ। ਪਰ ਬੀਬੀ ਜਗੀਰਕੌਰ ਨੇ ਆਪ ਜੀ ਅਤੇ ਆਪ ਜੀ ਦੇ ਸਹਿਯੋਗੀਆਂ ਵਲੋਂ ਜੋ ਯਤਨ ਕੀਤੇ ਗਏ ਸਨ ਉਸ ਅਨੁਸਾਰ ਦਾਸ ਨੇ ਬੀਬੀ ਜਗੀਰ ਕੌਰ ਨੂੰ ਚਿੱਠੀ ਲਿਖੀ। ਬੀਬੀ ਨੂੰ 12-3-2000 ਐਤਵਾਰ ਸਵੇਰੇ 11-00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੇਸ਼ ਹੋਣ ਲਈ ਕਿਹਾ ਗਿਆ ਲੇਕਿਨ ਉਸ ਨੇ ਆਪ ਜੀ ਵਲੋਂ ਅਤੇ ਆਪ ਦੇ ਸਹਿਯੋਗੀਆਂ ਵਲੋਂ ਕੀਤੇ ਯਤਨਾ ਤੇ ਪਾਣੀ ਫੇਰ ਦਿੱਤਾ। ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਕਾਰ ਨੂੰ ਭਾਰੀ ਸੱਟ ਵੱਜੀ। ਜਦੋਂ ਬੀਬੀ ਜਗੀਰ ਕੌਰ 11-00 ਵਜੇ ਦੀ ਬਜਾਏ 12-30 ਵਜੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਣ ਦੀ ਬਜਾਏ ਹੰਕਾਰ ਅਤੇ ਹੁਲੜਬਾਜੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਦਾਖ਼ਲ ਹੋ ਗਈ। ਅਤੇ ਉਥੋ ਵਾਪਿਸ ਚਲੀ ਗਈ ਜਦੋਂ ਕਿ ਸਿੱਖੀ ਵਿਚੋਂ ਛੇਕੇ ਹੋਏ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਜਾਣ ਦੀ ਮਨਾਹੀ ਹੈ।

ਦਾਸ ਨੇ ਗੁਰੂ ਸਾਹਿਬ ਦੀ ਪਾਵਨ ਪਵਿੱਤਰ ਹਜ਼ੂਰੀ ਅਤੇ ਸੰਗਤਾਂ ਦੇ ਮਹਾਨ ਇਕੱਠ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਿਨ੍ਹਾਂ ਨੇ ਆਪਣੇ ਨਿਜੀ ਲਾਲਚਾਂ ਕਾਰਣ ਹੁਕਮਨਾਮੇ ਨੂੰ ਰੱਦ ਕੀਤਾ ਉਨ੍ਹਾਂ ਨੂੰ ਸਿੱਖੀ ਵਿਚੋਂ ਛੇਕਿਆ ਗਿਆ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:- ਪ੍ਰੀਤਮ ਸਿੰਘ ਭਾਟੀਆ, ਮੈਂਬਰ ਐਗਜੇਕਟਿਵ ਕਮੇਟੀ, ਜਸਵਿੰਦਰ ਸਿੰਘ ਐਡਵੋਕੇਟ ਮੈਂਬਰ, ਭਗਵਾਨ ਸਿੰਘ ਹੈਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਮਨਜੀਤ ਸਿੰਘ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕੇਵਲ ਸਿੰਘ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ।

ਇਸ ਲਈ ਬੀਬੀ ਨੂੰ ਕੋਈ ਮੀਟਿੰਗ ਅਟੈਂਡ ਨਾ ਕਰਨ ਦਿੱਤੀ ਜਾਵੇ। ਉਹ ਛੇਕੀ ਹੋਣ ਕਰਕੇ ਕਿਸੇ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕਦੀ। ਇਸ ਕਰਕੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦਾ ਤੁਰੰਤ ਐਕਟਿੰਗ ਪ੍ਰਧਾਨ ਬਣਾ ਕੇ ਸ਼੍ਰੋਮਣੀ ਕਮੇਟੀ ਦੇ ਕਾਰਜ਼ ਕਰਨ ਲਈ ਅਧਿਕਾਰ ਦਿੱਤੇ ਜਾਣ ਤਾਂ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ ਦਾ ਕੰਮ ਚਲਦਾ ਰਹੇ। ਜਿਹੜੇ ਜਥੇਦਾਰ ਸਿੱਖੀ ਵਿਚੋਂ ਛੇਕੇ ਗਏ ਹਨ ਉਨ੍ਹਾਂ ਦੀ ਜਗ੍ਹਾ ਐਕਟਿੰਗ ਜਥੇਦਾਰ ਬਣਾਏ ਜਾਣ ਅਤੇ ਉਨ੍ਹਾਂ ਨੂੰ ਤਖ਼ਤਾਂ ਦੀ ਸੇਵਾ ਸੌਂਪੀਂ ਜਾਵੇ। ਹੈਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਜਗ੍ਹਾ ਐਕਟਿੰਗ ਹੈਡ ਗ੍ਰੰਥੀ ਨਿਯੁੱਕਤ ਕਰਕੇ ਸੇਵਾ ਸੌਂਪੀ ਜਾਵੇ। ਛੇਕੇ ਗਏ ਜਥੇਦਾਰਾਂ ਨੂੰ ਕਿਸੇ ਵੀ ਤਖ਼ਤ ਤੇ ਨਾ ਜਾਣ ਦਿੱਤਾ ਜਾਵੇ। ਜਿਨ੍ਹਾਂ ਨੂੰ ਸਿੱਖੀ ਵਿਚੋਂ ਛੇਕਿਆ ਗਿਆ ਹੈ ਉਨ੍ਹਾਂ ਨੂੰ ਕਿਸੇ ਵੀ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਕੱਠ ਵਿਚ ਬੈਠਣ ਨਾ ਦਿੱਤਾ ਜਾਵੇ ਅਤੇ ਨਾ ਹੀ ਰੋਟੀ ਬੇਟੀ ਦੀ ਸਾਂਝ ਰੱਖੀ ਜਾਵੇ। ਇਸ ਨਾਲ ਹੀ ਪੰਥ ਦਾ ਭਲਾ ਹੋ ਸਕੇਗਾ।

ਗੁਰੂ ਪੰਥ ਦਾ ਦਾਸ,
(ਪੂਰਨ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਪੂਰਨ ਸਿੰਘ ਵਲੋਂ 13 ਮਾਰਚ 2000 ਨੂੰ ਬਾਦਲ ਨੂੰ ਜਾਰੀ ਕੀਤਾ 'ਹੁਕਮ'

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India
Ph : 0183-553956-57-58-540820 Fax : 540820

ਅ. 319.ਏ.ਟੀ.00..... ਮਿਤੀ..29-3-2000

ਅੱਜ ਮਿਤੀ 29-3-2000 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥ ਪ੍ਰਵਾਣਿਤ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਵੱਲੋਂ ਜਨਵਰੀ, ਫ਼ਰਵਰੀ ਅਤੇ ਮਾਰਚ 2000 ਵਿਚ ਸਮੇਂ ਸਮੇਂ ਕੁਝ ਵਿਅਕਤੀਆਂ ਨੂੰ ਪੰਥ ਵਿਚੋਂ ਛੇਕਣ ਸੰਬੰਧੀ ਕੀਤੇ ਐਲਾਨ-ਨਾਮਿਆਂ ਸੰਬੰਧੀ ਘੋਖਵੀਂ ਵਿਚਾਰ ਕੀਤੀ ਗਈ।

ਸਾਰੇ ਸਿੰਘ ਸਾਹਿਬਾਨ ਦੀ ਪੂਰਨ ਸੰਮਤੀ ਹੈ ਕਿ ਸਾਬਕਾ ਜਥੇਦਾਰ ਜੀ ਵੱਲੋਂ ਮਿਤੀ 25-1-2000 ਤੋਂ ਲੈ ਕੇ ਮਿਤੀ 28-3-2000 ਤੀਕ ਦੇ ਸਮੇਂ ਵਿਚਕਾਰ ਪੰਥ ਵਿਚੋਂ ਛੇਕਣ ਸੰਬੰਧੀ ਕੀਤੀ ਗਈ ਸਮੁੱਚੀ ਕਾਰਵਾਈ ਅਧੀਨ ਜਾਰੀ ਕੀਤੇ ਗਏ ਸਾਰੇ ਐਲਾਨ ਉਨ੍ਹਾਂ ਦੀ ਸੌੜੀ ਸੋਚ ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਤ ਸਨ। ਇਹ ਸਾਰੇ ਐਲਾਨ-ਨਾਮੇ ਪੰਥਕ ਸੋਚ, ਪੰਥਕ ਭਾਵਨਾ ਅਤੇ ਗੁਰਮਤਿ ਜੁਗਤ ਤੋਂ ਮੂਲੋਂ ਹੀ ਵਿਰਵੇ ਸਨ ਅਤੇ ਇਨ੍ਹਾਂ ਰਾਹੀਂ ਗੁਰਮਤਿ ਸਿਧਾਂਤ ਅਤੇ ਪੰਥ ਦੀਆਂ ਪ੍ਰਮਾਣਿਤ ਪੰਥਕ ਪ੍ਰੰਪਰਾਵਾਂ ਦੀ ਖੁੱਲ੍ਹਮ-ਖੁੱਲ੍ਹਾ ਉਲੰਘਣਾ ਕੀਤੀ ਗਈ। ਜਿਸਦੇ ਫਲ-ਸਰੂਪ ਸਮੁੱਚੀ ਕੌਮ ਦੀ ਨਮੋਸ਼ੀ ਹੋਈ ਅਤੇ ਇਸ ਵਜੋਂ ਮਾਨਸਿਕ ਸੰਤਾਪ ਭੋਗਣਾ ਪਿਆ।

ਸੋ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਵੱਲੋਂ ਮਿਤੀ 25-1-2000 ਤੋਂ ਲੈ ਕੇ ਮਿਤੀ 28-3-2000 ਤਕ ਦੇ ਸਮੇਂ ਵਿਚਕਾਰ ਪੰਥ ਵਿਚੋਂ ਛੇਕਣ ਸੰਬੰਧੀ ਕੀਤੀ ਗਈ ਸਮੁੱਚੀ ਕਾਰਵਾਈ ਅਧੀਨ ਵੱਖ-ਵੱਖ ਵਿਅਕਤੀਆਂ ਵਿਰੁੱਧ ਨਿਰਾਧਾਰ ਅਤੇ ਨਿਰਮੂਲ ਦੋਸ਼ ਅਰੋਪ ਕੇ ਪੰਥ ਵਿਚੋਂ ਛੇਕਣ ਸੰਬੰਧੀ ਜਾਰੀ ਕੀਤੇ ਗਏ ਸਾਰੇ ਐਲਾਨ-ਨਾਮੇ ਪੰਜ ਸਿੰਘ ਸਾਹਿਬਾਨ ਦੀ ਸਰਵ ਸੰਮਤੀ ਨਾਲ ਅਨੁਚਿਤ ਅਤੇ ਨਾਜਾਇਜ਼ ਕਰਾਰ ਦੇ ਕੇ ਰੱਦ ਕੀਤੇ ਜਾਂਦੇ ਹਨ। ਇਸ ਦੇ ਫਲਸਰੂਪ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਿੰਘ ਸਾਹਿਬ ਗਿਆਨੀ ਭਗਵਾਨ ਸਿੰਘ ਜੀ, ਮੁੱਖ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਬੀਬੀ ਜਗੀਰ ਕੌਰ ਜੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ, ਸ: ਪ੍ਰੀਤਮ ਸਿੰਘ ਜੀ, ਸ: ਜਸਵਿੰਦਰ ਸਿੰਘ ਜੀ ਐਡਵੋਕੇਟ, ਸ: ਗੁਰਪਾਲ ਸਿੰਘ ਜੀ, ਸ: ਰਘੁਜੀਤ ਸਿੰਘ ਜੀ ਅਤੇ ਸ: ਸਤਨਾਮ ਸਿੰਘ ਜੀ ਭਾਈ ਰੂਪਾ, ਇਨ੍ਹਾਂ ਸਭਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋਸ਼ ਮੁਕਤ ਐਲਾਨਿਆ ਜਾਂਦਾ ਹੈ। ਪੰਥ ਦੇ ਇਹ ਸਾਰੇ ਸੇਵਾਦਾਰ ਗੁਰੂ ਪਿਆਰ ਅਤੇ ਪੰਥਕ ਭਾਵਨਾ ਵਿਚ ਗੁਰੂ ਪੰਥ ਵੱਲੋਂ ਸੌਂਪੀ ਹੋਈ ਸੇਵਾ ਪਹਿਲਾਂ ਵਾਂਗ ਹੀ ਨਿਭਾਉਂਦੇ ਹੋਏ ਸਿੱਖ ਸੰਗਤਾਂ ਦੀਆਂ ਅਸੀਸਾਂ ਦੇ ਪਾਤਰ ਬਣੇ ਰਹਿਣਗੇ।

ਬੀਤੇ ਸਮੇਂ ਦੇ ਸਮੁੱਚੇ ਘਟਨਾਕ੍ਰਮ ਉੱਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਪੰਥ ਦੇ ਨਿਮਾਣੇ ਸੇਵਾਦਾਰਾਂ ਵੱਲੋਂ, ਕੌਮ ਦੀ ਹੋਈ ਨਮੋਸ਼ੀ ਅਤੇ ਹੰਢਾਏ ਮਾਨਸਿਕ ਸੰਤਾਪ ਲਈ ਖਿਮਾ ਦੀ ਯਾਚਨਾ ਕੀਤੀ ਜਾਂਦੀ ਹੈ। ਸਤਿਗੁਰੂ ਪਾਤਿਸ਼ਾਹ ਜੀ ਮੇਹਰ ਕਰਨ।

ਅੱਗੋਂ ਤੋਂ ਇਨ੍ਹਾਂ ਨਿਮਾਣੇ ਸੇਵਾਦਾਰਾਂ ਦੇ ਸਿਰ ਉੱਤੇ ਮੇਹਰ ਭਰਿਆ ਹੱਥ ਰੱਖ ਕੇ ਸੁਚੱਜੇ ਢੰਗ ਨਾਲ ਸੇਵਾ ਨਿਭਾਉਣ ਦਾ ਬਲ ਬਖ਼ਸ਼ਣ। ਇਸ ਸੰਬੰਧੀ ਸਮੂਹਕ ਪ੍ਰਾਸਚਿਤ ਲਈ ਮਿਤੀ 30-3-2000 ਦਿਨ ਵੀਰਵਾਰ ਅਰਦਾਸ ਦਿਵਸ ਮਿਥਿਆ ਗਿਆ ਹੈ। ਇਸ ਦਿਨ ਸਵੇਰੇ 7-30 ਵਜੇ ਅੰਮ੍ਰਿਤ ਵੇਲੇ ਦੇ ਦੀਵਾਨ ਦੀ ਸਮਾਪਤੀ ਦੇ ਨਾਲ ਹੀ ਸਿੰਘ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਸਿੱਖ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸੰਗਤੀ ਰੂਪ ਵਿਚ ਇਕ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਕੇ ਸਤਿਗੁਰੂ ਪਾਤਿਸ਼ਾਹ ਜੀ ਤੋਂ ਬਖ਼ਸ਼ਿਸ਼ ਦੀ ਯਾਚਨਾ ਕਰਨਗੇ।

ਅੰਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ :

(1) ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਿਰਾਂ ਦੀ ਕਮੇਟੀ ਦੀ ਸਥਾਪਨਾ ਕਰ ਕੇ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸੇਵਾ ਨਿਯਮ, ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਆਦਿ ਦੇ ਨਿਯਮ ਨਿਰਧਾਰਤ ਕੀਤੇ ਜਾਣ ਅਤੇ ਇਸ ਦੇ ਨਾਲ ਹੀ ਸਮੇਂ ਸਮੇਂ ਪੇਸ਼ ਆਉਣ ਵਾਲੀਆਂ ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ ਵਿਧਾਨ ਸੁਨਿਸਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਕਿਸੇ ਵੱਲੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿੱਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਖ਼ਾਲਸਾ ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਮੇਂ ਜਾਰੀ ਕੀਤੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਵ੍ਹੇ।

(2) ਗੁਰਦੁਆਰਾ ਐਕਟ ਨੂੰ ਬਣਿਆਂ ਹੋਇਆਂ ਪੌਣੀ ਸਦੀ ਹੋ ਚੁੱਕੀ ਹੈ। ਸਮੇਂ ਦੀ ਪ੍ਰਬਲ ਲੋੜ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਪੰਥਕ ਯੁਕਤ ਦੇ ਅਨੁਸਾਰੀ ਬਣਾਉਣ ਲਈ ਇਸ ਐਕਟ ਅਧੀਨ ਬੀਤੇ ਸਮੇਂ ਵਿਚ ਹੋਈ ਲਾਭ ਹਾਨੀ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਐਕਟ ਵਿਚ ਪੰਥਕ ਹਿੱਤਾਂ ਤੋਂ ਉਲਟ ਜੇ ਕੋਈ ਧਾਰਾ ਹੈ ਤਾਂ ਉਸ ਦੀ ਸੋਧ ਲਈ ਉਪਰਾਲਾ ਕੀਤਾ ਜਾਵੇ।

(3) ਗੁਰਦੁਆਰਾ ਪ੍ਰਬੰਧ ਨੂੰ ਸਿਆਸਤ ਦੀ ਕੂਟਲਤਾ ਦੇ ਪ੍ਰਭਾਵ ਤੋਂ ਪਾਕ ਰੱਖਣ ਨੂੰ ਯਕੀਨੀ ਬਣਾਇਆ ਜਾਵੇ।

(4) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਆਪੋ ਆਪਣੀ ਥਾਵੇਂ ਪੰਥ ਦੀਆਂ ਗੌਰਵਸ਼ੀਲ ਸੰਸਥਾਵਾਂ ਹਨ। ਇਨ੍ਹਾਂ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਗੁਰੂ-ਪੰਥ ਵੱਲੋਂ ਸੌਂਪੀ ਹੋਈ ਜ਼ਿੰਮੇਵਾਰੀ ਪਰਸਪਰ ਪਿਆਰ ਸਤਿਕਾਰ ਅਤੇ ਮਿਲਵਰਤਣ ਦੀ ਭਾਵਨਾ ਅਧੀਨ ਨਿਭਾ ਕੇ ਗੁਰੂ-ਪੰਥ ਵਲੋਂ ਸੁਰਖ਼ਰੂ ਹੋਣਾ ਚਾਹੀਦਾ ਹੈ।

-/*ਸਹੀ* (ਮੋਹਣ ਸਿੰਘ)
ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

-/*ਸਹੀ* (ਜੋਗਿੰਦਰ ਸਿੰਘ)
ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ

-/*ਸਹੀ* (ਚਰਨ ਸਿੰਘ) *ਗ੍ਰੰਥੀ*, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

-/*ਸਹੀ* (ਗੁਰਬਚਨ ਸਿੰਘ) *ਗ੍ਰੰਥੀ*, ਸ੍ਰੀ ਦਰਬਾਰ ਸਾਹਿਬ

-/*ਸਹੀ* (ਰਵੇਲ ਸਿੰਘ) *ਗ੍ਰੰਥੀ*, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵਲੋਂ 29 ਮਾਰਚ 2000 ਨੂੰ ਜਾਰੀ ਕੀਤਾ 'ਐਲਾਨ' ਜਿਸ ਵਿਚ ਪੂਰਨ ਸਿੰਘ ਦੇ 25-1-2000 ਤੋਂ 28-3-2000 ਦੇ 'ਐਲਾਨ' ਰੱਦ ਕੀਤੇ ਗਏ ਸਨ।

ੴ ਵਾਹਿਗੁਰੂ ਜੀ ਕੀ ਫ਼ਤਹਿ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India
Ph : 553957-58-59 Fax : 553919
2540620

ਹਾੜ 26, ਸੰਮਤ ਨਾਨਕਸ਼ਾਹੀ 535

ਨੰ: ਅ:ਤ:/03/3300 ਹੁਕਮਨਾਮਾ ਮਿਤੀ 10-7-2003

ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਆਪਣੀਆਂ ਪੁਸਤਕਾਂ ਵਿੱਚ ਅਨੇਕ ਥਾਈਂ ਖੰਡੇ ਬਾਟੇ ਦੇ ਅੰਮ੍ਰਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਗੁਰਤਾ ਦੀ ਸ਼ਰਧਾ-ਭਾਵਨਾ ਅਤੇ ਹੋਰ ਕਈ ਗੁਰਮਤਿ ਸਿਧਾਂਤਾਂ ਵਿੱਚ ਰੋਲ-ਘਚੋਲਾ ਪਾਉਣ ਦਾ ਕੋਝਾ ਯਤਨ ਕੀਤਾ ਹੈ। ਸਾਧਾਰਨ ਸਿੱਖ ਸ਼ਰਧਾਲੂਆਂ ਨੂੰ ਭਰਮਾਉਣ ਲਈ ਲਿਖਤਾਂ ਵਿੱਚ ਬੇਸ਼ੱਕ ਗੁਰਬਾਣੀ ਦੀਆਂ ਬੇਅੰਤ ਉਦਾਹਰਣਾਂ ਦਿੱਤੀਆਂ ਹਨ ਪਰ ਉਸ ਵੱਲੋਂ ਸਿੱਟੇ ਮਨਮੱਤੀ ਹੀ ਕੱਢੇ ਹਨ ਯਾਨੀ ਦੁੱਧ ਵਿੱਚ ਕਾਂਜੀ ਮਿਲਾਉਣ ਦੀ ਕੁਟਲ ਚਾਲ ਚੱਲੀ ਹੋਈ ਹੈ।

ਗੁਰਮਤੀ ਵਿਚਾਰਧਾਰਾ ਦੇ ਧਾਰਨੀ ਸਮੁੱਚੇ ਸਿੱਖ-ਜਗਤ ਦੀਆਂ ਧਾਰਮਿਕ ਭਾਵਨਾਵਾਂ ਇਸ ਨਾਲ ਵਲੂੰਧਰੀਆਂ ਗਈਆਂ ਹਨ, ਜਿਸ ਕਰਕੇ ਦੇਸ਼-ਵਿਦੇਸ਼ ਵਿੱਚ ਉਸ ਦੀਆਂ ਲਿਖਤਾਂ ਦਾ ਕਰੜਾ ਵਿਰੋਧ ਹੋ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਤੀ 10-05-2003 ਦੇ ਹੁਕਮਨਾਮੇ ਰਾਹੀਂ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਤਨਖਾਹੀਆ ਕਰਾਰ ਦਿੰਦਿਆਂ ਹੋਇਆਂ ਮਿਤੀ 10-07-2003 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਆਦੇਸ਼ ਦਿੱਤਾ ਗਿਆ ਸੀ।

ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੇ ਗਏ ਪੱਤਰ ਮਿਤੀ 06-05-2003 ਅਤੇ ਮਿਤੀ 21-05-2003 ਵਿੱਚ ਅਪਮਾਨਜਨਕ ਸ਼ਬਦਾਵਲੀ ਵਰਤਦਿਆਂ ਹੋਇਆਂ ਧੌਂਸ ਦਿੱਤੀ ਗਈ ਸੀ ਕਿ ਉਹ ਇੰਟਰਨੈਸ਼ਨਲ ਮੀਡੀਏ ਅਤੇ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਵੇਗਾ।

ਪੇਸ਼ ਹੋਣ ਲਈ ਦਿੱਤੇ ਗਏ ਨਿਸ਼ਚਿਤ ਸਮੇਂ ਦੀ ਆਖ਼ਰੀ ਤਾਰੀਖ਼ ਮਿਤੀ 10-07-2003 ਨੂੰ ਵੀ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਨਹੀਂ ਹੋਇਆ ਅਤੇ ਇੰਜ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਵੀ ਦੋਸ਼ੀ ਹੈ।

ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੇ ਪੱਤਰਾਂ ਵਿੱਚ ਵਿਤੰਡਾਵਾਦੀ ਅਤੇ ਅਪਮਾਨਜਨਕ ਸ਼ਬਦਾਵਲੀ ਅਤੇ ਉਸ ਦੇ ਹੈਂਕੜ ਭਰੇ ਵਤੀਰੇ ਤੋਂ ਉਸ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਕੀ ਹੋਣ ਦਾ ਠੋਸ ਪ੍ਰਮਾਣ ਮਿਲਦਾ ਹੈ।

ਅੱਜ ਮਿਤੀ 10-07-2003 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਮਸਲੇ ਉੱਤੇ ਦੀਰਘ ਵਿਚਾਰ-ਵਟਾਂਦਰੇ ਮਗਰੋਂ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਉਪਰੋਕਤ ਦੋਸ਼ਾਂ ਵਜੋਂ ਪੰਥ ਵਿੱਚੋਂ ਛੇਕਿਆ ਜਾਂਦਾ ਹੈ।

ਦੇਸ਼-ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਵੱਲੋਂ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਉਸ ਦੇ ਹਮਾਇਤੀ ਕਿਸੇ ਵੀ ਵਿਅਕਤੀ ਨੂੰ ਕਿਸੇ ਸਿੱਖ-ਸਟੇਜ ਉੱਤੇ ਨਾ ਬੋਲਣ ਦੀ ਆਗਿਆ ਦਿੱਤੀ ਜਾਵੇ ਤੇ ਨਾ ਹੀ ਕਿਸੇ ਕਿਸਮ ਦਾ ਕੋਈ ਸਹਿਯੋਗ ਦਿੱਤਾ ਜਾਵੇ।

(ਤਰਲੋਚਨ ਸਿੰਘ) ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।	(ਬਲਵੰਤ ਸਿੰਘ) ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ)।	(ਜੋਗਿੰਦਰ ਸਿੰਘ) ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ
(ਗੁਰਬਚਨ ਸਿੰਘ) ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।		([illegible] ਸਿੰਘ) ਹੈੱਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਕਾਲਾ ਅਫ਼ਗਾਨਾ ਨੂੰ 'ਖ਼ਾਰਿਜ' ਕਰਨ ਵਾਲਾ 'ਹੁਕਮਨਾਮਾ'

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਅ:ਤ:/...2004-3211 ਮਿਤੀ...26-7-2004

ਸ੍ਰ: ਪ੍ਰਹਿਲਾਦ ਸਿੰਘ,
ਪ੍ਰਧਾਨ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,
ਨਵੀਂ ਦਿੱਲੀ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹ ॥

ਪ੍ਰਯੋਜਨ:- ਬਾਬਤ ਕਲੇਮ ਗੁਰੂ ਨਾਨਕ ਖਾਲਸਾ ਸਕੂਲ ਹਰੀ ਨਗਰ।

ਹਵਾਲਾ:-ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਆਦੇਸ਼ ਨੰ:ਅ.ਤ./04-3740
ਮਿਤੀ 15-3-2004,

ਗੁਰੂ ਸਵਾਰੇ ਪ੍ਰਧਾਨ ਜੀਓ,

ਗੁਰੂ ਨਾਨਕ ਖਾਲਸਾ ਸਕੂਲ ਹਰੀ ਨਗਰ ਨਵੀਂ ਦਿੱਲੀ ਦੇ ਕਲੇਮ ਦਾ ਸ੍ਰ: ਅਵਤਾਰ ਸਿੰਘ ਹਿੱਤ ਨੂੰ ਭੁਗਤਾਨ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਤੀ 28, ਫੱਗਣ, ਨਾਨਕਸ਼ਾਹੀ 535, (10 ਮਾਰਚ, 2004) ਨੂੰ ਕੇਸ ਨਿਬੇੜਨੇ ਨੂੰ ਅੰਤਮ ਰੂਪ ਦੇਣ ਲਈ ਨੰ: ਅ:ਤ. 04-3740 ਆਦੇਸ਼ ਜਾਰੀ ਕੀਤਾ ਗਿਆ ਸੀ। ਉਪਰੰਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਸਿੰਘ ਮਠਾਰੂ ਨੇ ਕਲੇਮ ਦੇ ਵੇਰਵਿਆਂ ਦਾ ਨਕਸ਼ਾ ਉਠਾਇਆ ਸੀ। ਕਲੇਮ ਦਾ ਨਿਬੇੜਾ ਕਰਨ ਵਾਲੀ ਕਮੇਟੀ ਦੇ ਕਨਵੀਨਰ ਸ੍ਰ: ਮਨਜੀਤ ਸਿੰਘ ਤਰਨ ਤਾਰਨੀ ਨੇ ਮੁਆਵਜ਼ਾ ਦੇਣ ਦੇ ਇੱਕ ਕਰੋੜ ਦੱਸ ਲੱਖ ਰੁਪਏ ਦੇ ਕਲੇਮ ਦੀ ਰਾਸ਼ੀ ਦੇ ਵੇਰਵੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਕੀਤੇ ਹਨ। ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਰੀਕਾਰਡ ਵਿੱਚ ਮੌਜੂਦ ਹਨ।

ਆਪ ਜੀ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਸ੍ਰ: ਅਵਤਾਰ ਸਿੰਘ ਹਿੱਤ ਨੂੰ ਤਿੰਨ ਹਫਤੇ ਦੇ ਅੰਦਰ ਅੰਦਰ ਮੁਆਵਜ਼ੇ ਦਾ ਭੁਗਤਾਨ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਰੀਪੋਰਟ ਭੇਜੀ ਜਾਵੇ।

ਗੁਰੂ ਰਾਖਾ।

ਗੁਰੂ ਪੰਥ ਦਾ ਦਾਸ,
ਜੋਗਿੰਦਰ ਸਿੰਘ
(ਜੋਗਿੰਦਰ ਸਿੰਘ)

ਉਤਾਰਾ:- ਸ੍ਰੀ ਅਵਤਾਰ ਸਿੰਘ ਹਿੱਤ ਨਵੀਂ ਦਿੱਲੀ। (ਮੁਆਵਜ਼ੇ ਦਾ ਭੁਗਤਾਨ ਹੋਣ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੂਚਿਤ ਕਰਨ।)

ਫੋਨ/ਫੈਕਸ ਦਫ਼ਤਰ : 91-183-2540820, ਪੀ.ਬੀ.ਐਕਸ. : 91-183-2553957,58,59 …

(ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵੱਲੋਂ ਅਵਤਾਰ ਸਿੰਘ ਹਿਤ ਨੂੰ 1 ਕਰੋੜ 10 ਲੱਖ ਰੁਪਏ ਦੇਣ ਵਾਸਤੇ ਲਿਖੀ ਚਿੱਠੀ

ੴ ਵਾਹਿਗੁਰੂ ਜੀ ਕੀ ਫਤਹ।।

Off. 23234064
23233596
Res. 22540600
2458807
98102 390 84
ਮੈਂਬਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ।

Member :
S.G.P.C.
Sri Amritsar

ਹਰਿੰਦਰਪਾਲ ਸਿੰਘ
HARINDER PAL SINGH

ਮਿਤੀ : 18.08.04

ਪਰਮ ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ।।

ਵਾਹਿਗੁਰੂ ਜੀ ਕੀ ਫ਼ਤਹਿ।।

ਮੈਂ ਅਤਿ ਨਿਮਰਤਾ ਤੇ ਸਤਿਕਾਰ ਸਹਿਤ ਆਪ ਜੀ ਦੇ ਧਿਆਨ ਵਿੱਚ ਇੱਕ ਬਹੁਤ ਹੀ ਜ਼ਰੂਰੀ ਤੇ ਨਾਜ਼ੁਕ ਮਸਲਾ ਲਿਆਉਣਾ ਚਾਹੁੰਦਾ ਹਾਂ। ਪਰ ਇਸ ਮਸਲੇ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਬਾਰੇ ਆਪਣੀ ਤੁੱਛ ਬੁੱਧੀ ਅਨੁਸਾਰ ਕੁਝ ਨੁਕਤੇ ਆਪ ਜੀ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ ਤਾਂ ਕਿ ਉਪਰੋਕਤ ਮਸਲੇ ਬਾਰੇ ਕੀਤੀ ਜਾਣ ਵਾਲੀ ਗੱਲਬਾਤ ਨੂੰ ਠੀਕ ਸੰਦਰਭ ਵਿੱਚ ਰੱਖ ਕੇ ਵਿਚਾਰਿਆ ਜਾ ਸਕੇ।

ਸ੍ਰੀ ਅਕਾਲ ਤਖ਼ਤ ਸਾਹਿਬ ਖ਼ਾਲਸਾ ਪੰਥ ਦੀ ਸਰਬਉੱਚ ਸੰਸਥਾ ਹੈ। ਕੋਈ ਵੀ ਸ਼ਰਧਾਵਾਨ ਸਿੱਖ ਇਸ ਦੇ ਹੁਕਮਨਾਮੇ ਉੱਤੇ ਕਿੰਤੂ-ਪਰੰਤੂ ਨਹੀਂ ਕਰ ਸਕਦਾ। ਇਸ ਸ਼ਾਨਦਾਰ ਇਤਿਹਾਸਕ ਪਰੰਪਰਾ ਨੂੰ ਬਰਕਰਾਰ ਰੱਖਣ ਲਈ ਇਹ ਵੀ ਸੋਚਣ ਦੀ ਲੋੜ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਹੀ ਮਸਲਿਆਂ ਬਾਰੇ ਆਦੇਸ਼ ਜਾਂ ਹੁਕਮਨਾਮੇ ਜਾਰੀ ਕੀਤੇ ਜਾਇਆ ਕਰਨ ਜਿਨ੍ਹਾਂ ਦਾ ਸਬੰਧ ਪੂਰੇ ਖ਼ਾਲਸਾ ਪੰਥ ਨਾਲ ਹੋਵੇ। ਜਿਥੇ ਖ਼ਾਲਸਾ ਪੰਥ ਦਾ ਕੋਈ ਸਿਧਾਂਤ ਜਾਂ ਪਰੰਪਰਾ ਦਾ ਮਸਲਾ ਖੜ੍ਹਾ ਹੋ ਗਿਆ ਹੋਵੇ ਤੇ ਜਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਸਤਿਕਾਰ ਜਾਂ ਸਿੱਖ ਰਹਿਤ ਮਰਿਆਦਾ ਨੂੰ ਕੋਈ ਢਾਹ ਲੱਗ ਰਹੀ ਹੋਵੇ। ਜਦੋਂ ਇਹੋ ਜਿਹੇ ਮਸਲਿਆਂ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਖਲ ਦਿੰਦਾ ਹੈ ਜਾਂ ਆਦੇਸ਼ ਜਾਂ ਫਿਰ ਹੁਕਮਨਾਮਾ ਜਾਰੀ ਕਰਦਾ ਹੈ ਤਾਂ ਸਮੁੱਚੇ ਖ਼ਾਲਸਾ ਪੰਥ ਵੱਲੋਂ ਮੰਨਿਆ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਉਨ੍ਹਾਂ ਹੁਕਮਨਾਮਿਆਂ ਜਾਂ ਆਦੇਸ਼ਾਂ ਉੱਤੇ ਹੀ ਕਿੰਤੂ-ਪਰੰਤੂ ਹੋਇਆ ਹੈ, ਜਦੋਂ ਕਿਸੇ ਨਿੱਜੀ ਵਿਅਕਤੀ, ਨਿੱਜੀ ਮਸਲੇ ਨੂੰ ਲੈ ਕੇ ਆਦੇਸ਼ ਦਿੱਤਾ ਗਿਆ ਹੈ। ਇਸ ਲਈ ਮੇਰੀ ਰਾਇ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿੱਜੀ ਮਸਲਿਆਂ ਖਾਸ ਕਰਕੇ ਜਿੱਥੇ ਪੈਸੇ ਜਾਂ ਇਖਲਾਕੀ ਕਿਰਦਾਰ ਦਾ ਮਸਲਾ ਹੋਵੇ, ਉਥੇ ਦਖਲ ਨਹੀਂ ਦੇਣਾ ਚਾਹੀਦਾ। ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਤੇ ਸਰਬਉੱਚਤਾ ਨੂੰ ਢਾਹ ਲੱਗਣ ਦੀ ਸੰਭਾਵਨਾ ਬਣ ਜਾਂਦੀ ਹੈ।

ਜੱਥੇਦਾਰ ਸਾਹਿਬ ਜੀਓ, ਦਿੱਲੀ ਦੇ ਸਿੱਖ ਹਲਕਿਆਂ ਵਿੱਚ ਅੱਜ-ਕੱਲ੍ਹ ਤੁਹਾਡੇ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਪ੍ਰਹਿਲਾਦ ਸਿੰਘ ਚੰਢੋਕ ਨੂੰ ਇਕ ਕਰੋੜ ਦੱਸ ਲੱਖ ਰੁਪਏ, 20 ਅਗਸਤ ਤੱਕ ਦੇਣ ਦੇ ਦਿੱਤੇ ਗਏ ਆਦੇਸ਼ ਬਾਰੇ ਬਹੁਤ ਜ਼ਿਆਦਾ ਚਰਚਾ ਹੋ ਰਹੀ ਹੈ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਕਈ ਕਿਸਮ ਦੀਆਂ ਗੱਲਾਂ ਤੁਹਾਡੇ ਨਿੱਜੀ ਸਹਾਇਕ ਨਾਲ ਜੋੜ ਕੇ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਮੈਂ ਇਥੇ ਦੁਹਰਾਉਣਾ ਨਹੀਂ ਚਾਹੁੰਦਾ।

ਸਿੰਘ ਸਾਹਿਬ ਜੀਓ, ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਇਸ ਦੇ ਸਤਿਕਾਰ ਯੋਗ ਜੱਥੇਦਾਰ ਸਾਹਿਬ ਬਾਰੇ ਇਹੋ ਜਿਹੀਆਂ ਗੱਲਾਂ ਸੁਣ ਕੇ ਮੇਰੇ ਮਨ ਨੂੰ ਗਹਿਰੀ ਠੇਸ ਪਹੁੰਚੀ ਹੈ। ਇਹ ਐਨ ਸੰਭਵ ਹੈ ਕਿ ਹੋਰ ਵੀ ਬਹੁਤ ਸਾਰੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚੀ ਹੋਵੇਗੀ।

ਇਸ ਲਈ ਮੇਰੀ ਬੇਨਤੀ ਹੈ ਕਿ ਮੇਰੀ ਜਾਚੇ ਇਹ ਨਿਰੋਲ ਇੱਕ ਪ੍ਰਬੰਧਕੀ ਮਸਲਾ ਹੈ। ਇਸ ਨਾਲ ਸਿੱਖ ਸਿਧਾਂਤ, ਪੰਥਕ ਹਿੱਤ ਜਾਂ ਸਿੱਖਾਂ ਦੀਆਂ ਮਹਾਨ ਸੰਸਥਾਵਾਂ ਵਿੱਚੋਂ ਕੋਈ ਵੀ ਵਾ-ਬਾਸਤਾ ਨਹੀਂ ਹੈ। ਅਮਲ ਕਰਾਉਣ ਲਈ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਅੱਗੇ ਤੋਂ ਇਹੋ ਜਿਹੇ ਮਸਲਿਆਂ ਵਿੱਚ ਦਖਲ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇੱਕ ਵਾਰੀ ਫਿਰ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾ ਕਿ ਮੈਂ ਇੱਕ ਸ਼ਰਧਾਲੂ ਸਿੱਖ ਵਜੋਂ ਬੜੀ ਨਿਮਰਤਾ ਸਹਿਤ ਇਹ ਸੁਝਾਅ ਦੇ ਰਿਹਾ ਹਾਂ। ਇਸ ਪਿੱਛੇ ਕਿਸੇ ਕਿਸਮ ਦੀ ਕੋਈ ਮੰਦਭਾਵਨਾ ਜਾਂ ਫਿਰ ਕਿਸੇ ਕਿਸਮ ਦੀ ਰਾਜਨੀਤੀ ਨਹੀਂ ਹੈ। ਜੇ ਆਪ ਜੀ ਨੂੰ ਇਹ ਭਾਅ ਜਾਵੇ ਤਾਂ ਠੀਕ ਹੈ, ਨਹੀਂ ਤਾਂ ਮੁਆਫ਼ ਕਰ ਦੇਣਾ।

ਸਤਿਕਾਰ ਸਹਿਤ,

ਹਰਿੰਦਰ ਪਾਲ ਸਿੰਘ
(ਹਰਿੰਦਰ ਪਾਲ ਸਿੰਘ ਦਿੱਲੀ)
ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ,
ਜੱਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।

Office : 153, KAMLA MARKET NEW DELHI-110002

ਹਰਿੰਦਰ ਪਾਲ ਸਿੰਘ ਵੱਲੋਂ ਅਵਤਾਰ ਸਿੰਘ ਹਿੱਤ ਨੂੰ 1 ਕਰੋੜ 10 ਲੱਖ ਰੁਪਏ ਦੇਣ ਦੇ ਖ਼ਿਲਾਫ਼ ਲਿਖੀ ਚਿੱਠੀ

॥ ੧ਓ ਸਤਿਗੁਰ ਪ੍ਰਸਾਦਿ ॥

॥ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

॥ ਹਰਿ ਸਚੇ ਤਖ਼ਤ ਰਚਾਇਆ ॥

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ: ੯)

ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ

TAKHAT SRI HARIMANDIR JI, PATNA SAHEB

ਪਟਨਾ - ੮੦੦੦੦੮ (ਭਾਰਤ), Patna - 800008 (India)

ਫ਼ੋਨ : 0612-264182, ਮੋਬਾਈਲ : 0612-3317774

ਨੰਬਰ : ਸਪੈਸ਼ਲ ॥ ਹੁਕਮਨਾਮਾ ॥ ਮਿਤੀ : 1-12-04

ਅੱਜ ਮਿਤੀ 17 ਮੱਘਰ, ਨਾਨਕ ਸ਼ਾਹੀ ਸੰਮਤ 536, 1 ਦਸੰਬਰ, 2004 ਦਿਨ ਬੁਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਵਿਖੇ ਗਿ: ਗੁਰਦਿੱਤ ਸਿੰਘ ਜੀ ਦੀ ਲਿਖੀ ਪੁਸਤਕ ਮੁੰਦਾਵਣੀ ਤੇ ਪੂਰਨ ਪਾਬੰਦੀ ਲਾਉਣ ਅਤੇ ਗਿ: ਗੁਰਦਿੱਤ ਸਿੰਘ ਜੀ ਨੂੰ ਪੱਕਾ ਤਨਖ਼ਾਹੀਆ ਘੋਸ਼ਿਤ (ਕਰਾਰ) ਕਰਨ ਲਈ ਪੰਜਾਂ ਪਿਆਰਿਆਂ ਦੀ ਇਕਤੱਰਤਾ ਹੋਈ, ਬੜੀ ਗੰਭੀਰਤਾ ਨਾਲ ਵੀਚਾਰ ਕਰ ਕੇ *ਹੁਕਮਨਾਮਾ* ਜਾਰੀ ਕੀਤਾ ਗਿਆ।

ਗਿ: ਗੁਰਦਿੱਤ ਸਿੰਘ ਜੀ, ਕੋਠੀ ਨੰ: 56, ਸੈਕਟਰ-4, ਚੰਡੀਗੜ੍ਹ। ਫ਼ੋਨ ਨੰ: 0172-2740881 ਤੁਹਾਡੇ ਵਲੋਂ ਲਿਖੀ 14/8/2004 ਦੀ ਬੇਨਤੀ ਪੱਤਰਕਾ ਤੇ ਵੀਚਾਰ ਕਰ ਕੇ ਤੁਹਾਨੂੰ 20 ਅਕਤੂਬਰ, 2004 ਤਕ ਦਾ ਸਮਾਂ ਦਿਤਾ ਗਿਆ ਸੀ। ਫਿਰ ਤੁਹਾਡੀ 18/10/2004 ਦੀ ਲਿਖੀ ਪਤੱਰਕਾ ਵੀ ਮਿਲੀ। ਤੁਸੀ ਕਿਸੇ ਵੀ ਚਿੱਠੀ ਵਿਚ ਕੋਈ ਵੀ ਤਸੱਲੀ ਬਖ਼ਸ਼ ਗੱਲ ਨਹੀਂ ਕੀਤੀ, ਸਗੋਂ ਮਨਮੱਤੀ ਗੱਲਾਂ ਹੀ ਲਿਖੀਆਂ। ਤੁਹਾਡੇ ਪੰਥ ਵਿਰੋਧੀ ਖ਼ਿਆਲਾਂ ਦੀ ਬੋ-ਮਾਰ ਰਹੀ ਹੈ। ਤੁਸੀ ਸਾਰੀਆਂ ਗੱਲਾਂ ਜਾਣਦਿਆਂ ਹੋਇਆਂ ਜਾਣ ਬੁੱਝ ਕੇ ਕਿਸੇ ਸਾਜ਼ਸ਼ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਧਾ ਹਮਲਾ ਕੀਤਾ ਅਤੇ ਬਿਲਕੁਲ ਝੂਠਾ ਬਕਵਾਸ ਅਪਣੀ ਮੁੰਦਵਾਣੀ ਨਾਮ ਦੀ ਪੁਸਤਕ ਵਿਚ ਕੀਤਾ ਹੈ। ਤੁਹਾਡੇ ਵਰਗੇ ਪੰਥ ਦੋਖੀ ਗੁਰੂ ਕੇ ਮਾਰੇ-ਫਿਟਕਾਰੇ ਦੁਸ਼ਟ ਲੋਕ ਕੱਲ ਇਹ ਕਹਿਣਗੇ ਕਿ ਭੱਟ ਬਾਣੀ ਅਤੇ ਭਗਤ ਬਾਣੀ ਵੀ ਗੁਰਬਾਣੀ ਨਹੀਂ ਹੈ। ਇਕ ਵਾਰ ਐਸਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਵੀ ਜਾ ਚੁੱਕੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਪੰਜ ਪਿਆਰਿਆਂ ਵਲੋਂ ਬੜੀ ਗੰਭੀਰਤਾ ਨਾਲ ਵੀਚਾਰ ਕਰ ਕੇ, ਤੁਹਾਨੂੰ ਪੱਕਾ ਤਨਖ਼ਾਹੀਆ ਘੋਸ਼ਿਤ ਕੀਤਾ ਜਾਂਦਾ ਹੈ। ਮੋਹਨ ਸਿੰਘ ਗਾਰਡ ਨੂੰ ਵੀ *ਤਨਖਾਹੀਆ* ਘੋਸ਼ਿਤ ਕੀਤਾ ਜਾਂਦਾ ਹੈ। ਸਿੰਘ ਸਾਹਿਬ ਗਿ: ਜੋਗਿੰਦਰ ਸਿੰਘ ਜੀ ਨੂੰ ਅਪਣਾ ਪੱਖ ਸਪੱਸ਼ਟ ਕਰਨ ਲਈ 10 ਦਸੰਬਰ, 2004 ਤਕ ਦਾ ਸਮਾਂ ਦਿਤਾ ਜਾਂਦਾ ਹੈ। ਇਹ ਇਹਨਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰ ਦੀ ਪਦਵੀ ਦਾ ਪੂਰਨ ਸਤਿਕਾਰ ਕਰਦਿਆਂ ਹੋਇਆਂ ਕੀਤਾ ਜਾਂਦਾ ਹੈ। ਜਦੋਂ ਇਹ ਗੁਪਤ ਤਰੀਕੇ ਨਲ ਗਿ: ਗੁਰਦਿੱਤ ਸਿੰਘ ਸਾਜ਼ਸ਼ ਕਰ ਰਿਹਾ ਸੀ, ਸਿੰਘ ਸਾਹਿਬ ਵੇਦਾਂਤੀ ਜੀ ਉਦੋਂ ਜਥੇਦਾਰ ਨਹੀਂ ਸਨ। ਗਿ: ਗੁਰਦਿਤ ਸਿੰਘ ਜੀ ਨੇ ਇਨ੍ਹਾਂ ਦੇ ਪੂਰਨ ਸਹਿਯੋਗ ਦੀ ਗੱਲ ਕੀਤੀ ਹੈ। ਜਦੋ ਕਿ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਹਿਤ, ਪੰਜ ਤਖ਼ਤਾਂ ਤੇ ਅਤੇ ਸਾਰੇ ਇਤਿਹਾਸਕ ਗੁਰਧਾਮਾਂ, ਸਿੰਘ ਸਭਾ ਗੁਰਦੁਆਰਿਆਂ, ਟਕਸਾਲ, ਸੰਪ੍ਰਦਾਵਾਂ, ਸਾਰੇ ਸੰਸਾਰ ਅੰਦਰ ਰਾਗਮਾਲਾ ਪੜ੍ਹੀ ਜਾਂਦੀ ਹੈ। ਜਿਹੜਾ ਵੀ ਮਨ-ਮਤੀਆ, ਖ਼ਾਲਸਾ ਪੰਥ ਦਾ ਦੋਖੀ ਇਹ ਕਹਿੰਦਾ ਹੈ ਕਿ ਰਾਗਮਾਲਾ ਸਹਿਤ ਅਠਾਰਹ ਦਸ-ਬੀਸ, ਤਕ ਗੁਰਬਾਣੀ ਨਹੀਂ, ਉਹ ਗੁਰੂ ਦਾ ਫਿਟਕਾਰਿਆ ਹੋਇਆ ਹੈ।

ਗਿ: ਗੁਰਦਿੱਤ ਸਿੰਘ ਜੀ ਨਾਲ ਅਤੇ ਇਸ ਦੇ ਸਾਰੇ ਪਰਿਵਾਰ ਨਾਲ ਸਾਰੇ ਸੰਸਾਰ ਦੀਆਂ ਸਿੱਖ ਸੰਗਤਾਂ ਕਿਸੇ ਤਰ੍ਹਾਂ ਦਾ ਮਿਲਵਰਤਨ, ਰੋਟੀ, ਬੇਟੀ, ਬੋਲ ਚਾਲ ਦੀ ਸਾਂਝ ਨਾ ਕਰਨ। ਇਸ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਬਹੁਤ ਭਾਰੀ ਹਮਲਾ ਹੀ ਨਹੀਂ ਕੀਤਾ, ਘੋਰ ਅਪਮਾਨ ਵੀ ਕੀਤਾ ਹੈ। ਇਸ ਦੀ ਲਿਖੀ ਪੁਸਤਕ ਮੁੰਦਾਵਣੀ ਉਪਰ ਪੂਰਨ ਪਾਬੰਦੀ ਲਾਈ ਜਾਂਦੀ ਹੈ।

ਪੰਜ ਸਿੰਘ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ

ਇਕਬਾਲ ਸਿੰਘ (ਜਥੇਦਾਰ)	ਰਾਜਿੰਦਰ ਸਿੰਘ (ਹੈੱਡ ਗ੍ਰੰਥੀ)	ਬਲਦੇਵ ਸਿੰਘ ਸੀ: ਮੀਤ ਗ੍ਰੰਥੀ
ਦਲੀਪ ਸਿੰਘ ਗ੍ਰੰਥੀ		ਨਿਹਾਲ ਸਿੰਘ ਗ੍ਰੰਥੀ

(ਜਥੇਦਾਰ) ਇਕਬਾਲ ਸਿੰਘ ਵੱਲੋਂ ਗਿਆਨੀ ਗੁਰਦਿੱਤ ਸਿੰਘ ਦੇ ਖ਼ਿਲਾਫ਼ ਅਖੌਤੀ ਹੁਕਮਨਾਮਾ

(ਜਥੇਦਾਰ) ਇਕਬਾਲ ਸਿੰਘ ਵੱਲੋਂ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੇ ਖ਼ਿਲਾਫ਼ ਅਖੌਤੀ ਹੁਕਮਨਾਮਾ

॥ ੧ਓ ਸਤਿਗੁਰ ਪ੍ਰਸਾਦਿ॥
॥ ਅਕਾਲ ਸਹਾਇ॥ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ॥
॥ ਹਰਿ ਸਚੇ ਤਖ਼ਤ ਰਚਾਇਆ॥
ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ॥ ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ: ੯)

ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ

TAKHT SRI HARIMANDIR JI, PATNA SAHIB

ਪਟਨਾ - ੮੦੦੦੦੮ (ਭਾਰਤ), Patna - 800008 (India)
ਫ਼ੋਨ : 0612-264182, ਮੋਬਾਇਲ : 0612-3317774

ਨੰਬਰ : ਸਪੈਸ਼ਲ **॥ ਹੁਕਮਨਾਮਾ ॥** ਮਿਤੀ : 10-12-04

ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅੱਜ ਮਿਤੀ 26 ਮੱਘਰ ਸੰਮਤ ਨਾਨਕਸ਼ਾਹੀ 536, 10 ਦਿਸੰਬਰ 2004 ਨੂੰ ਅੰਮ੍ਰਿਤ ਵੇਲੇ ਤਖ਼ਤ ਸ੍ਰੀ ਹਰਿਮੰਦਿਰ ਸਾਹਿਬ ਜੀ ਪਟਨਾ ਸਾਹਿਬ ਜੀ ਵਿਖੇ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਤੁਹਾਡੇ 'ਮੁੰਦਾਵਣੀ' ਪੁਸਤਕ ਅਤੇ ਰਾਗਮਾਲਾ ਬਾਰੇ ਸਪਸ਼ਟੀਕਰਨ ਅਤੇ ਤੁਹਾਡੇ 8 ਦਿਸੰਬਰ 2004 ਦੀ ਮੀਟਿੰਗ ਵਿਚ ਕੀਤੇ ਫ਼ੈਸਲੇ 'ਤੇ ਗੰਭੀਰਤਾ ਨਾਲ ਵਿਚਾਰ ਕੀਤੀ ਗਈ :

1. ਤੁਸੀਂ ਇਹ ਗੱਲ ਸਪੱਸ਼ਟ ਕਹੀ ਹੈ ਕਿ 'ਮੈਂ ਉਥੋਂ ਦੇ ਪੰਜ ਪਿਆਰਿਆਂ ਨੂੰ ਕੋਈ ਸਪੱਸ਼ਟੀਕਰਨ ਨਹੀਂ ਦੇਣਾ।' ਕੀ ਤੁਸੀਂ ਇਹ ਪੰਚ ਪ੍ਰਧਾਨੀ ਦਸਮੇਸ਼ ਪਿਤਾ ਜੀ ਦੀ ਪੰਥਕ ਗੁਰ-ਮਰਿਆਦਾ ਦਾ ਅਪਮਾਨ ਨਹੀਂ ਕੀਤਾ ? ਜਦੋਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਪੰਜਾਂ ਸਿੰਘਾਂ ਦਾ ਗੁਰਮਤਾ ਮੰਨ ਕੇ ਗੜ੍ਹੀ ਛੱਡ ਕਰ ਚਲੇ ਗਏ ਸਨ ?

ਨਾਰਾਇਣੇ ਪਿੰਡ ਦਾਦੂ ਦੀ ਸਮਾਧ 'ਤੇ ਕੇਵਲ ਤੀਰ ਝੁਕਾ ਕੇ ਨਮਸਕਾਰ ਕਰਨ 'ਤੇ ਪੰਜਾਂ ਸਿੰਘਾਂ ਵੱਲੋਂ ਲਾਈ ਤਨਖ਼ਾਹ ਵੀ (ਗੁਰੂ ਜੀ ਨੇ) ਪ੍ਰਵਾਨ ਕੀਤੀ ਸੀ। ਹੋਰ ਵੀ ਇਤਿਹਾਸਕ ਹਵਾਲੇ ਹਨ।

ਤੁਸੀਂ ਕਿਹੜੀ ਅਤੇ ਕਿਸ ਦੀ ਬਣਾਈ ਪੰਥਕ ਮਰਿਆਦਾ ਅਨੁਸਾਰ ਪੰਜਾਂ ਪਿਆਰਿਆਂ ਦਾ ਹੁਕਮ ਰੱਦ ਕਰਨ ਦੀ ਗੱਲ ਕੀਤੀ ਹੈ ? **ਇਹ ਤੁਸੀਂ ਪੰਥਕ ਮਰਿਆਦਾ ਦੀ ਘੋਰ ਉਲੰਘਣਾ ਹੀ ਨਹੀਂ ਕੀਤੀ, ਅਪਮਾਨ ਵੀ ਕੀਤਾ ਹੈ।** ਪਹਿਲਾਂ ਐਸਾ ਕਦੀ ਨਹੀਂ ਹੋਇਆ ਸੀ। ਕਾਨੂੰਨੀ ਤੌਰ 'ਤੇ ਰਾਸ਼ਟਰਪਤੀ ਵੀ ਅਦਾਲਤ ਦਾ ਹੁਕਮ ਰੱਦ ਨਹੀਂ ਕਰ ਸਕਦਾ, ਉਸ ਨੂੰ ਦੁਬਾਰਾ ਵਿਚਾਰ ਵਾਸਤੇ ਤਾਂ ਭੇਜ ਦਿੰਦਾ ਹੈ। **ਕੀ ਤੁਸੀਂ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਉਪਰ ਸੁਪਰੀਮ ਸਮਝਦੇ ਹੋ ?** ਕੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਖਾਲਸਾ ਪੰਥ ਦੇ ਤਖ਼ਤ ਨਹੀਂ ਹਨ ? ਕੀ ਇਨ੍ਹਾਂ ਤਖ਼ਤਾਂ ਤੋਂ ਪੰਥਕ ਫ਼ੈਸਲੇ ਨਹੀਂ ਹੁੰਦੇ ਰਹੇ ਹਨ ? ਇਹ ਪੰਥ ਦੇ ਮਹਾਨ ਤਖ਼ਤ ਹਨ ਤੇ ਪੰਥਕ ਫ਼ੈਸਲੇ ਕਰਨ ਦਾ ਵੀ ਇਥੇ ਪੂਰਾ ਅਧਿਕਾਰ ਹੈ। ਪੰਜਾਂ ਤਖ਼ਤਾਂ ਦੇ ਸੁਪਰੀਮ ਮਾਲਕ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ '੧ਓ' ਤੋਂ 'ਅਠਾਰਹ ਦਸ ਬੀਸ' ਤਕ ਸੰਪੂਰਨ ਗੁਰਬਾਣੀ, ਗੁਰਤਾ ਤਖ਼ਤ 'ਤੇ ਬਿਰਾਜਮਾਨ ਹਨ।

ਨੋਟ : ਇਸ ਅਖੌਤੀ ਹੁਕਮਨਾਮੇ ਵਿਚ ਗੂੜ੍ਹੇ ਲਫ਼ਜ਼ ਮੇਰੇ ਕੀਤੇ ਹਨ, ਇਕਬਾਲ ਸਿੰਘ ਨੇ ਨਹੀਂ।

2. ਤੁਸੀਂ 19 ਨਵੰਬਰ 2003 ਦੇ ਹੁਕਮਨਾਮੇ ਦੀ ਗੱਲ ਕੀਤੀ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਮੀਤ ਜਥੇਦਾਰ ਗਿਆਨੀ ਰਤਨ ਸਿੰਘ ਜੀ ਨੇ ਉਦੋਂ ਹੀ ਪੂਰਾ ਵਿਰੋਧ ਕੀਤਾ ਸੀ ਕਿ 'ਸਾਡੇ ਓਥੇ ਪੰਥਕ ਫ਼ੈਸਲੇ ਹੁੰਦੇ ਰਹੇ ਹਨੇ ਤੇ ਸਦਾ ਹੁੰਦੇ ਰਹਿਣਗੇ। ਅਸੀਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ।' ਫਿਰ **ਉਨ੍ਹਾਂ ਦੇ ਦਸਤਖ਼ਤ 'ਹੁਕਮਨਾਮੇ' ਵਾਲੇ ਰਜਿਸਟਰ 'ਤੇ ਕਿਵੇਂ ਹੋ ਗਏ?** ਇਹ ਕੀ ਕਰਾਮਾਤ ਹੈ? ਜਦੋਂ ਅਗਲੀ ਮੀਟਿੰਗ ਵਿਚ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਸ ਤੋਂ ਬਾਅਦ ਉਨ੍ਹਾਂ ਮੀਟਿੰਗ ਵਿਚ ਆਉਣਾ ਹੀ ਬੰਦ ਕਰ ਦਿੱਤਾ। ਕੀ ਤੁਸੀਂ ਕਦੀ ਉਨ੍ਹਾਂ ਨੂੰ ਪੁੱਛਿਆ ਕਿ ਉਹ ਹੁਣ ਮੀਟਿੰਗ ਵਿਚ ਕਿਉਂ ਨਹੀਂ ਆਉਂਦੇ? ਹੁਣ ਤੁਹਾਨੂੰ (ਉਨ੍ਹਾਂ ਦੀ) ਕੀ ਲੋੜ ਸੀ, ਤੁਸੀਂ ਤਾਂ ਆਪਣਾ ਮੋਰਚਾ ਫ਼ਤਹਿ ਕਰ ਲਿਆ ਸਮਝਿਆ। ਫਿਰ ਤੁਸੀਂ ਹੀ ਉਸ ਹੁਕਮਨਾਮੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ।

ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਨ, ਤੁਸੀਂ ਹੁਕਮਨਾਮਾ ਜਾਰੀ ਕੀਤਾ ਸੀ ਕਿ ਕੋਈ ਵੀ ਮੈਂਬਰ ਚੋਣ ਜਿੱਤਣ ਲਈ ਸ਼ਰਾਬ ਆਦਿ ਨਸ਼ਿਆਂ ਦੀ ਵਰਤੋਂ ਨਾ ਕਰੇ...। ਉਦੋਂ ਤੁਸੀਂ ਸਾਨੂੰ ਪੁੱਛਿਆ ਤਕ ਨਹੀਂ। ਇਕ ਪਾਸੇ ਕਹਿੰਦੇ ਹੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਦੀ ਹੈ, ਤਾਂ ਕੀ ਇਹ ਫ਼ੈਸਲਾ ਪੰਥਕ ਨਹੀਂ ਸੀ? ਜਦੋਂ ਮੈਨੂੰ ਪਤਾ ਲੱਗਿਆ ਤਾਂ ਮਨ ਬੜਾ ਹੀ ਦੁਖੀ ਹੋਇਆ ਕਿ ਕਿਸ ਤਰ੍ਹਾਂ ਤੁਸੀਂ ਪੰਥਕ ਹਿਤਾਂ ਦਾ ਵਾਸਤਾ ਪਾ ਕੇ ਦਸਤਖ਼ਤ ਕਰਵਾ ਲਏ। **ਜਦੋਂ ਇਥੇ ਸਾਜ਼ਿਸ਼, ਚਾਲਬਾਜ਼ੀ ਪੂਰੀ ਤਰ੍ਹਾਂ ਵਰਤੀ ਜਾਂਦੀ ਹੋਵੇ ਅਤੇ ਪੂਰੇ ਪੱਖਪਾਤੀ ਢੰਗ ਨਾਲ ਫ਼ੈਸਲੇ ਕੀਤੇ ਜਾਂਦੇ ਹੋਣ ਤੇ ਤਨਖ਼ਾਹ ਲਾਈ ਜਾਂਦੀ ਹੋਵੇ ਤਾਂ ਤੁਹਾਡੇ ਵਰਗੇ ਸਿੰਘ ਸਾਹਿਬ ਜਥੇਦਾਰਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ?** ਕੀ ਐਸੀਆਂ ਗੱਲਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਵ-ਉੱਚਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ?

ਸਾਡੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਮਨੁੱਖ ਅਪਮਾਨ ਕਰੇ, ਕੋਰਾ ਝੂਠ ਬੋਲ ਲਿਖ ਕੇ ਪੂਰੀ ਤਰ੍ਹਾਂ ਨਾਲ ਝੂਠੇ ਹਵਾਲੇ ਦੇ ਕੇ ਗੁਰਬਾਣੀ ਬਾਰੇ ਸਾਜ਼ਿਸ਼ ਅਧੀਨ ਸ਼ੰਕੇ ਪੈਦਾ ਕਰੇ, ਪੂਰੀ ਕੌਮ ਨੂੰ ਗੁਮਰਾਹ ਕਰੇ, ਤੁਸੀਂ ਉਸ ਬਾਰੇ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ। 6 ਮਹੀਨੇ ਬਾਅਦ ਵੀ ਜਦੋਂ ਕੋਈ ਰਸਤਾ ਨਾ ਦਿਖਾਈ ਦਿੱਤਾ ਤੇ ਇਹ ਝੂਠ ਦਾ ਪ੍ਰਚਾਰ ਪੂਰੇ ਜ਼ੋਰ ਨਾਲ ਵੱਧ ਰਿਹਾ ਸੀ, ਜੋ ਕਿ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਬਰਦਾਸ਼ਤ ਨਹੀਂ ਸੀ ਕਰ ਸਕਦਾ (**ਤੁਸੀਂ ਤਾਂ ਪਤਾ ਨਹੀਂ ਕੀ ਹੋ, ਕਿਸ ਮਿੱਟੀ ਦੇ ਬਣੇ** ਹੋ। ਤੁਹਾਡੇ 'ਤੇ ਕੋਈ ਵੀ ਅਸਰ ਨਹੀਂ ਸੀ ਹੋ ਰਿਹਾ। ਇਸ ਦਾ ਕਾਰਨ ਕੀ ਸੀ, ਇਹ ਤਾਂ ਤੁਸੀਂ ਹੀ ਦਸ ਸਕਦੇ ਹੋ) ਹੁਣ ਜਦੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਗੁਰੂ ਪੰਥ ਦੇ ਦੋਖੀ ਗਿਆਨੀ ਗੁਰਦਿਤ ਸਿੰਘ ਨੂੰ ਪੱਕਾ ਤਨਖ਼ਾਹੀਆ ਘੋਸ਼ਿਤ ਕਰ ਦਿੱਤਾ ਤਾਂ ਤੁਸੀਂ ਫਿਰ ਵੀ ਉਸ ਦੇ ਹੀ ਪੱਖ ਵਿਚ ਖੜੇ ਹੋ ਗਏ ਤੇ ਉਸ ਨੇ ਵੀ ਤੁਹਾਡਾ ਪੱਖ ਪੂਰਦਿਆਂ ਪਤਾ ਨਹੀਂ ਕਿਵੇਂ ਤੇ ਕਿਉਂ ਇਹ ਕਹਿ ਦਿੱਤਾ ਕਿ 'ਤੁਹਾਡਾ ਕੋਈ ਸਹਿਯੋਗ ਨਹੀਂ ਸੀ, ਮੈਂ ਗ਼ਲਤੀ ਨਾਲ ਤੁਹਾਡਾ ਨਾਮ ਲਿਖ ਦਿੱਤਾ।' ਜਿਹੜਾ ਬੰਦਾ ਇਕ ਮੌਜੂਦਾ ਜਥੇਦਾਰ ਦਾ ਨਾਮ ਗ਼ਲਤੀ ਨਾਲ ਦੇ ਸਕਦਾ ਹੈ ਤਾਂ ਫਿਰ ਸੋਚਣ ਵਾਲੀ ਗੱਲ ਹੈ ਕਿ ਇਸ ਦੀ ਕਿਤਾਬ ਕਿਤਨੀ ਗ਼ਲਤ ਹੈ। ਹੁਣ ਤਕ ਇਹ ਕਿਉਂ ਨਹੀਂ ਬੋਲਿਆ?

3. ਜਦੋਂ 8 ਦਿਸੰਬਰ ਦੀ ਮੀਟਿੰਗ ਵਿਚ ਸਾਡੀ ਸਹਿਮਤੀ ਹੀ ਨਹੀਂ ਸੀ ਤਾਂ ਤੁਸੀਂ ਕਿਸ ਮਰਿਆਦਾ ਅਨੁਸਾਰ ਇਹ ਫ਼ੈਸਲਾ ਲਿਆ ਅਤੇ ਬਿਨਾਂ ਸੋਚੇ ਸਮਝੇ ਬਿਆਨਬਾਜ਼ੀ ਕਰ ਦਿੱਤੀ? ਜਦੋਂ ਮੈਂ ਕਿਹਾ ਕਿ ਸਾਨੂੰ ਪੁੱਛ ਕੇ ਵਿਚਾਰ ਕਰ ਕੇ ਮੀਟਿੰਗ ਰਖਣੀ ਸੀ ਤਾਂ ਤੁਸੀਂ ਕਿਹਾ ਕਿਹਾ ਕਿ 'ਸਾਡੀ ਇਸ ਤੋਂ ਬਿਨਾਂ ਹੋਰ ਕੋਈ ਵੀ ਤਾਰੀਖ਼ ਖ਼ਾਲੀ ਨਹੀਂ ਹੈ, ਸਾਡੇ ਪ੍ਰੋਗਰਾਮ ਬੁਕ ਹਨ। ਤੁਹਾਡੇ ਤੋਂ ਬਿਨਾਂ ਵੀ ਮੀਟਿੰਗ ਹੋ ਜਾਵੇਗੀ।' **ਕੀ ਇਹ ਦਸਤਖ਼ਤ ਕਰਾ ਕੇ ਜਾਲਸਾਜ਼ੀ ਕਰਨ ਵਾਲੀ ਗੱਲ ਜ਼ਾਹਿਰ ਨਹੀਂ ਹੋ ਰਹੀ ਹੈ? ਕੀ ਇਹ ਧੱਕੇਸ਼ਾਹੀ, ਮਨਮਾਨੀ ਨਹੀਂ ਹੈ?** ਸਿੱਖ ਸੰਗਤਾਂ ਹੁਣ ਪੂਰੀ ਤਰ੍ਹਾਂ ਨਾਲ ਸੁਚੇਤ ਹਨ ਤੇ ਹਰ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝਦੀਆਂ ਹਨ। ਸਾਡਾ ਕੋਈ ਤੁਹਾਡੇ ਨਾਲ ਜ਼ਾਤੀ ਮਤਭੇਦ ਨਹੀਂ ਹੈ। ਇਹ ਤਾਂ ਸਿੱਖ ਸਿਧਾਂਤਾਂ ਦੀ ਵਿਚਾਰ ਹੈ। ਜਦੋਂ

ਦੋ ਤਖ਼ਤਾਂ ਦੀ ਸਹਿਮਤੀ ਨਹੀਂ ਸੀ ਤਾਂ ਤੁਸੀਂ ਪੰਥਕ ਫ਼ੈਸਲਾ ਕਿਵੇਂ ਕਰ ਸਕਦੇ ਹੋ ? ਸਾਡੇ ਨਾਲ ਵਿਚਾਰ ਕੀਤੇ ਬਿਨਾਂ ਮੀਟਿੰਗ ਰੱਖਣੀ ਹੀ ਗ਼ਲਤ ਹੈ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ('ੴ' ਤੋਂ 'ਅਠਾਰਹ ਦਸ ਬੀਸ' ਤਕ) ਉਪਰ ਕਿਸੇ ਵੀ ਮਨੁੱਖ ਨੂੰ ਕਿਸੇ ਤਰ੍ਹਾਂ ਦਾ ਵੀ ਕਿੰਤੂ ਪਰੰਤੂ ਕਰਨ ਦਾ ਕੋਈ ਵੀ ਅਧਿਕਾਰ ਨਹੀਂ ਹੈ। ਇਸ ਲਈ ਅਸੀਂ ਤਾਂ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਹਰ ਸਮੇਂ ਤਿਆਰ ਬਰ ਤਿਆਰ ਹਾਂ।

4. ਤੁਸੀਂ ਹੁਣ ਇਹ ਕਹਿ ਰਹੇ ਹੋ ਕਿ '10 ਦਿਸੰਬਰ ਦੀ ਤੁਹਾਡੀ ਮੀਟਿੰਗ ਦੀ ਲਿਖਤ ਮੇਰੇ ਕੋਲ ਨਹੀਂ ਆਈ', ਜਦੋਂ ਕਿ 2 ਦਿਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫ਼ੈਕਸ ਕਰ ਦਿੱਤੀ ਸੀ ਤੇ ਹੁਕਮਨਾਮਾ ਵੀ ਕੋਰੀਅਰ ਰਾਹੀਂ ਭੇਜ ਦਿੱਤਾ ਸੀ, ਜਿਸ ਦਾ ਸਬੂਤ ਸਾਡੇ ਕੋਲ ਹੈ। ਅਸੀਂ ਫਿਰ ਵੀ ਤੁਹਾਡੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਦਾ ਸਤਿਕਾਰ ਕਰਦਿਆਂ **ਤੁਹਾਡੇ ਝੂਠ ਨੂੰ ਵੀ ਸੱਚ ਮੰਨ ਕੇ** 1 ਜਨਵਰੀ 2005 ਤਕ 21 ਦਿਨਾਂ ਦਾ ਹੋਰ ਸਮਾਂ ਦੇ ਰਹੇ ਹਾਂ। ਇਸ ਦੌਰਾਨ ਜਦੋਂ ਵੀ ਜਿਸ ਦਿਨ ਵੀ ਤੁਸੀਂ ਚਾਹੋ ਸਾਡੇ ਨਾਲ ਪਹਿਲਾਂ ਸੰਪਰਕ ਕਰ ਕੇ ਇਥੇ ਆ ਕੇ ਆਪਣਾਂ ਸਪੱਸ਼ਟੀਕਰਨ ਦੇ ਸਕਦੇ ਹੋ।

ਇਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਨ ਸਤਿਕਾਰ ਦਾ ਮਾਮਲਾ ਹੈ। ਇਥੇ ਆ ਕੇ ਕਿਸੇ ਵੀ ਮਨੁੱਖ ਜਾਂ ਪਦਵੀ ਦਾ ਲਿਹਾਜ਼ ਨਹੀਂ ਹੋ ਸਕਦਾ। ਤੁਹਾਨੂੰ ਭਲੀ ਪ੍ਰਕਾਰ ਪਤਾ ਵੀ ਹੈ ਕਿ ਸਾਡੇ ਕੋਲ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਸਤਖ਼ਤਾਂ ਹੇਠ ਲਿਖੇ 2 ਹੁਕਮਨਾਮੇ ਹਨ ਅਤੇ ਮਾਤਾ ਸੁੰਦਰੀ ਕੌਰ ਜੀ ਦਾ ਹੁਕਮਨਾਮਾ ਵੀ, ਜਿਸ ਵਿਚ ਉਨ੍ਹਾਂ ਸਾਨੂੰ ਇਹ ਹੁਕਮ ਦਿੱਤਾ ਹੈ ਕਿ ਧਰਮ ਨਿਆਉਂ ਕਰ ਕੇ ਫ਼ੈਸਲਾ ਕਰ ਦੇਣਾ। ਰਿਆਇਤ ਕਿਸੇ ਦੀ ਨਾਹੀ ਕਰਨੀ। ਸਾਡੇ ਕੋਲ ਕੁਲ 30 ਹੁਕਮਨਾਮੇ ਹਨ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ।

(ਇਕਬਾਲ ਸਿੰਘ)
ਜਥੇਦਾਰ

(ਰਾਜਿੰਦਰ ਸਿੰਘ)
ਹੈਡ ਗ੍ਰੰਥੀ

(ਦਲੀਪ ਸਿੰਘ)
ਗ੍ਰੰਥੀ

(ਨਿਹਾਲ ਸਿੰਘ)
ਗ੍ਰੰਥੀ

(ਬਲਦੇਵ ਸਿੰਘ)
ਸੀ: ਮੀਤ ਗ੍ਰੰਥੀ

18 ਗੁਰਦੁਆਰਿਆਂ ਵੱਲੋਂ ਬਲਵੰਤ ਸਿੰਘ ਗਿੱਲ ਦੀ ਲੰਗਰ ਦੇ 'ਹੁਕਮਨਾਮਾ' ਸਬੰਧੀ ਚਿੱਠੀ

5 ਮਈ 1998

ੴ ਸਤਿਗੁਰ ਪ੍ਰਸਾਦਿ॥

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਹੁਕਮਨਾਮਾ, ਜੋ ਕਿ ਲੰਗਰ ਦੀ ਮਰਿਆਦਾ ਸਬੰਧੀ ਹੈ, ਉਸ ਬਾਰੇ ਆਪ ਜੀ ਦੇ ਸਨਮੁਖ ਕੁਝ ਬੇਨਤੀਆਂ ਰੱਖਣੀਆਂ ਚਾਹੁੰਦੇ ਹਾਂ, ਜੋ ਕਿ ਇਸ ਪ੍ਰਕਾਰ ਹਨ :

1. ਜਿਵੇਂ ਕਿ ਆਪ ਜਾਣਦੇ ਹੀ ਹੋ ਕਿ ਵਿਦੇਸ਼ਾਂ ਵਿਚ ਲੰਗਰ ਦੀ ਮਰਿਆਦਾ ਬਾਰੇ ਵਾਦ-ਵਿਵਾਦ ਚੱਲ ਰਿਹਾ ਹੈ ਅਤੇ ਇਹ ਇੱਥੋਂ ਦੀ ਸੰਗਤ ਲਈ ਕਾਫ਼ੀ ਹਾਨੀਕਾਰਕ ਹੈ। ਇਸ ਸਬੰਧੀ ਇੱਥੋਂ ਦੀਆਂ ਅਦਾਲਤਾਂ ਵਿਚ ਕਈ ਕੇਸ ਵੀ ਚੱਲ ਚੁੱਕੇ ਹਨ ਅਤੇ ਚੱਲ ਰਹੇ ਹਨ। ਇੱਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਇੱਥੋਂ ਦੇ ਸੰਵਿਧਾਨ ਵਿਚ ਜੋ ਸੁਸਾਇਟੀ ਐਕਟ ਹੈ, ਉਸ ਅਨੁਸਾਰ ਚਲਦਾ ਹੈ। ਸੰਗਤ ਦੇ ਹਰ ਮੈਂਬਰ ਨੂੰ ਇਹ ਅਧਿਕਾਰ ਹੈ ਕਿ ਉਹ ਕਿਸੇ ਵੀ ਧਾਰਾ ਨੂੰ ਚੈਲੰਜ ਕਰ ਸਕਦਾ ਹੈ, ਜੇ ਕਰ ਉਹ ਐਕਟ ਦੇ ਹਿਸਾਬ ਨਾਲ ਪ੍ਰਬੰਧ ਨਹੀਂ ਚੱਲ ਰਿਹਾ। ਪਿਛਲੇ 90 ਸਾਲਾਂ ਤੋਂ ਇੱਥੋਂ ਦੇ ਗੁਰਦੁਆਰਿਆਂ ਵਿਚ ਲੰਗਰ ਕੁਰਸੀਆਂ ਉਪਰ ਬੈਠ ਕੇ ਛਕਣ ਦੀ ਪ੍ਰਥਾ ਚੱਲ ਰਹੀ ਹੈ। ਇਸ ਪ੍ਰਥਾ ਨਾਲ ਜੋ ਲੰਗਰ ਦਾ ਸਿਧਾਂਤ ਹੈ, ਭਾਵ ਜੋ ਬਰਾਬਰਤਾ ਦਾ ਸਿਧਾਂਤ ਹੈ, ਉਹ ਵੀ ਭੰਗ ਨਹੀਂ ਹੁੰਦਾ, ਕਿਉਂਕਿ ਇਸ ਗੱਲ ਦਾ ਹਰ ਇਕ ਨੂੰ ਅਧਿਕਾਰ ਹੈ ਕਿ ਉਹ ਕੁਰਸੀਆਂ ਉਪਰ ਬੈਠ ਕੇ ਲੰਗਰ ਛਕ ਸਕਦਾ ਹੈ। ਜੇ ਕਰ ਅੱਜ ਅਸੀਂ ਇਸ ਪ੍ਰਥਾ ਨੂੰ ਬਦਲਦੇ ਹਾਂ ਤਾਂ ਇਸ ਨੂੰ ਸੰਗਤ ਵਿੱਚੋਂ ਕੋਈ ਵੀ ਪ੍ਰਾਣੀ ਚੈਲੰਜ ਕਰ ਸਕਦਾ ਹੈ। ਸੁਸਾਇਟੀ ਐਕਟ ਦੇ ਮੁਤਾਬਿਕ ਇਕ ਗੁਰਦੁਆਰੇ ਦੀ ਕਮੇਟੀ ਨੂੰ ਚੈਲੰਜ ਹੋ ਚੁੱਕਾ ਹੈ।
2. ਆਪ ਨੂੰ ਪੜ੍ਹ ਕੇ ਅਤੀ ਖ਼ੁਸ਼ੀ ਹੋਵੇਗੀ ਕਿ ਵਿਦੇਸ਼ਾਂ ਵਿਚ ਜਿੰਨੇ ਵੀ ਵਿਆਹ ਹੁੰਦੇ ਹਨ, ਗੁਰਦੁਆਰਾ ਸਾਹਿਬਾਨ ਦੇ ਵਿਚ ਪੂਰਨ ਗੁਰ-ਮਰਿਆਦਾ ਅਨੁਸਾਰ ਹੁੰਦੇ ਹਨ। ਵਿਆਹ ਦੇ ਸਮੇਂ ਸਾਰੇ ਹੀ ਗੁਰਦੁਆਰੇ ਦੇ ਲੰਗਰ ਹਾਲ ਵਿਚ, ਜੋ ਗੁਰਦੁਆਰੇ ਦੀ ਹੇਠਲੀ ਮੰਜ਼ਿਲ ਵਿਚ ਹੁੰਦਾ ਹੈ, ਬੈਠ ਕੇ ਲੰਗਰ ਛਕਦੇ ਹਨ। ਜਦੋਂ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਦੋਂ ਤੋਂ ਹੀ ਸਾਨੂੰ ਕਮੇਟੀ ਮੈਂਬਰਾਂ ਨੂੰ ਪਹਿਲਾਂ ਸੰਗਤਾਂ ਇਹ ਪੁੱਛਦੀਆਂ ਹਨ ਕਿ ਤੁਸੀਂ ਜੇ ਕਰ ਕੁਰਸੀਆਂ ਉਪਰ ਬੈਠ ਕੇ ਲੰਗਰ ਛਕਣ ਦਿਓਗੇ ਤਾਂ ਅਸੀਂ ਵਿਆਹ ਬੁੱਕ ਕਰਵਾਵਾਂਗੇ। ਸੰਗਤਾਂ ਇਹ ਵੀ ਕਹਿੰਦੀਆਂ ਹਨ ਕਿ ਜੇ ਕਰ ਇਜਾਜ਼ਤ ਨਾ ਦਿੱਤੀ ਤਾਂ ਸਾਨੂੰ ਵਿਆਹ ਕਿਸੇ ਹੋਟਲ ਜਾਂ ਹਾਲ ਵਿਚ ਕਰਨ ਲਈ ਮਜਬੂਰ ਹੋਣਾ ਪਵੇਗਾ। ਸਿੰਘ ਸਾਹਿਬ, ਤੁਸੀਂ ਆਪ ਹੀ ਦੱਸੋ ਕਿ ਫਿਰ ਆਪ ਵੱਲੋਂ ਜਾਰੀ ਕੀਤੇ ਗਏ ਉਸ ਹੁਕਮਨਾਮੇ ਦਾ ਕੀ ਬਣੇਗਾ, ਜਿਸ ਵਿਚ ਆਪ ਨੇ ਹੋਟਲਾਂ ਅਤੇ ਹਾਲਾਂ ਵਿਚ ਵਿਆਹ ਕਰਨ 'ਤੇ ਪਾਬੰਦੀ ਲਾਈ ਹੈ ? ਜੇ ਕਰ ਲੰਗਰ ਦਾ ਪ੍ਰਬੰਧ ਗੁਰਦੁਆਰੇ ਤੋਂ ਬਗ਼ੈਰ ਬਾਹਰ ਹੋਟਲਾਂ ਵਿਚ ਕੀਤਾ ਜਾਵੇ ਤਾਂ ਖ਼ਰਚਾ ਦੁਗਣਾ-ਤਿਗਣਾ ਹੋ ਜਾਂਦਾ ਹੈ ਅਤੇ ਉਸ ਵਿਚ ਸ਼ਰਾਬ ਅਤੇ ਹੋਰ ਕਈ ਪ੍ਰਕਾਰ ਦੀਆਂ ਕੁਰੀਤੀਆਂ ਹੋਣ ਦਾ ਡਰ ਵੀ ਹੈ।
3. ਆਪ ਜੀ ਨੂੰ ਇਸ ਗੱਲ ਦਾ ਪਤਾ ਹੀ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਇਸਾਈਅਤ ਦਾ ਬਹੁਤ ਜ਼ੋਰ ਹੈ। ਜਿਵੇਂ ਜਿਵੇਂ ਬਾਹਰਲੇ ਦੇਸ਼ਾਂ ਵਿਚ ਸਿੱਖਾਂ ਦੀ ਗਿਣਤੀ ਵੱਧ ਰਹੀ ਹੈ, ਇਸਾਈ ਮਿਸ਼ਨਰੀ

ਇਸ ਗੱਲ ਦਾ ਜ਼ੋਰ ਲਾ ਰਹੇ ਹਨ ਕਿ ਇਨ੍ਹਾਂ ਲੋਕਾਂ ਨੂੰ ਆਪਣੇ ਧਰਮ ਵਿਚ ਸ਼ਾਮਿਲ ਕੀਤਾ ਜਾਵੇ। ਆਪ ਇਹ ਗੱਲ ਭਲੀਭਾਂਤ ਜਾਣਦੇ ਹੋ ਕਿ ਇਹ ਇਸਾਈ ਮਿਸ਼ਨਰੀ ਇਸ ਢੰਗ ਨਾਲ ਪ੍ਰਚਾਰ ਕਰਦੇ ਹਨ ਕਿ ਜਿਹੜਾ ਜੀਸਸ ਉਪਰ ਵਿਸ਼ਵਾਸ ਨਹੀਂ ਕਰਦਾ, ਉਹ ਨਰਕਾਂ ਵਿਚ ਜਾਵੇਗਾ। ਆਪ ਨੂੰ ਪੜ੍ਹ ਕੇ ਹੈਰਾਨੀ ਹੋਵੇਗੀ ਕਿ ਵੈਨਕੂਵਰ ਅਤੇ ਸਰੀ ਵਿਚ 8 ਪੰਜਾਬੀ ਚਰਚ ਚੱਲ ਰਹੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਪੰਜਾਬੀ ਬੋਲਦੇ ਮਿਸ਼ਨਰੀ ਰੱਖੇ ਹੋਏ ਹਨ। ਜਦੋਂ ਤੋਂ ਲੰਗਰ ਦੀ ਮਰਿਆਦਾ ਬਾਰੇ ਵਾਦ-ਵਿਵਾਦ ਚੱਲਿਆ ਹੈ, ਉਨ੍ਹਾਂ ਨੇ ਆਪਣੇ ਚਰਚਾਂ ਵਿਚ ਲੰਗਰ ਛਕਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਉੱਥੇ ਲੰਗਰ ਕੁਰਸੀਆਂ 'ਤੇ ਛਕਿਆ ਜਾਂਦਾ ਹੋਣ ਕਰ ਕੇ ਕਾਫ਼ੀ ਸਿੱਖ ਉੱਥੇ ਜਾਣ ਲੱਗ ਪਏ ਹਨ। ਇਸ ਦਾ ਅਸਰ ਸਾਡੀ ਆਉਣ ਵਾਲੀ ਪੀੜ੍ਹੀ ਉਪਰ ਬੁਰੀ ਤਰ੍ਹਾਂ ਪੈਣਾ ਸ਼ੁਰੂ ਹੋ ਗਿਆ ਹੈ। ਜਦੋਂ ਤੋਂ ਸਰੀ ਗੁਰਦੁਆਰੇ ਵਿਚ ਲੜਾਈ ਹੋਈ ਹੈ, ਉਦੋਂ ਤੋਂ ਸਿੱਖ ਨੌਜਵਾਨ ਜੋ ਕਿ ਇੱਥੋਂ ਦੇ ਜੰਮਪਲ ਹਨ, ਉਨ੍ਹਾਂ ਨੇ ਗੁਰਦੁਆਰੇ ਆਉਣ ਤੋਂ ਕੰਨੀ ਕਤਰਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਥੱਲੇ ਆਉਣੇ ਸ਼ੁਰੂ ਹੋ ਗਏ ਹਨ। ਆਉਣ ਵਾਲੇ ਸਮੇਂ ਵਿਚ ਸਿੱਖਾਂ ਲਈ ਆਪਣੇ ਬੱਚਿਆਂ ਨੂੰ ਆਪਣੇ ਧਰਮ ਵਿਚ ਰੱਖਣਾ ਇਕ ਚੈਲਿੰਜ ਬਣਦਾ ਜਾ ਰਿਹਾ ਹੈ।

4. ਇਨ੍ਹਾਂ ਦੇਸ਼ਾਂ ਵਿਚ ਵਿੱਦਿਆ ਦਾ ਜ਼ੋਰ ਹੋਣ ਕਰ ਕੇ ਹਰ ਗੱਲ ਨੂੰ ਬੜੇ ਧਿਆਨ ਨਾਲ ਸਮਝਿਆ ਜਾਂਦਾ ਹੈ। ਜਦੋਂ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਦੋਂ ਤੋਂ ਗ਼ੈਰ-ਸਿੱਖ ਅਤੇ ਖ਼ਾਸ ਕਰ ਕੇ ਸਾਡੇ ਬੱਚੇ ਸਾਨੂੰ ਪੁੱਛਦੇ ਹਨ ਕਿ ਕੀ 'ਸਿੱਖ ਰਹਿਤ ਮਰਿਆਦਾ' ਅਤੇ 'ਗੁਰੂ ਗ੍ਰੰਥ ਸਾਹਿਬ' ਵਿਚ ਇਹ ਲਿਖਿਆ ਹੋਇਆ ਹੈ ਕਿ ਜ਼ਮੀਨ ਉਪਰ ਬੈਠ ਕੇ ਲੰਗਰ ਛਕਣਾ ਚਾਹੀਦਾ ਹੈ ? ਇੱਥੋਂ ਦੀਆਂ ਅੰਗਰੇਜ਼ੀ ਅਖ਼ਬਾਰਾਂ ਅਤੇ ਟੀ.ਵੀ. ਸਟੇਸ਼ਨਾਂ ਵਾਲੇ ਸਾਨੂੰ ਪੁੱਛਦੇ ਹਨ ਕਿ ਦੱਸੋ ਕਿ ਇਹ ਕਿੱਥੇ ਲਿਖਿਆ ਹੋਇਆ ਹੈ ? ਹੁਣ ਤੁਸੀਂ ਆਪ ਹੀ ਦੱਸੋ ਕਿ ਅਸੀਂ ਇਸ ਗੱਲ ਦਾ ਕੀ ਜਵਾਬ ਦੇ ਸਕਦੇ ਹਾਂ ?
5. ਇੱਥੋਂ ਦੇ ਹੋਟਲਾਂ ਜਾਂ ਰੈਸਟੋਰੈਂਟਾਂ ਵਿਚ ਜਦੋਂ ਸਿੱਖ ਖਾਣਾ ਖਾਣ ਜਾਂਦੇ ਹਨ ਤਾਂ ਉੱਥੇ ਪੁੱਛਿਆ ਜਾਂਦਾ ਹੈ ਕਿ ਕੀ ਤੁਸੀਂ ਕੁਰਸੀਆਂ ਉਪਰ ਜਾਂ ਜ਼ਮੀਨ ਉਪਰ ਬੈਠ ਕੇ ਖਾਣਾ ਪਸੰਦ ਕਰੋਗੇ ? ਫ਼ੈਕਟਰੀਆਂ ਜਾਂ ਹੋਰ ਕੰਮਾਂ-ਕਾਰਾਂ ਵਿਚ ਜਦੋਂ ਸਿੱਖ ਲੋਕ ਕੁਰਸੀਆਂ-ਮੇਜ਼ਾਂ ਉਪਰ ਬੈਠ ਕੇ ਖਾਣਾ ਛਕਦੇ ਹਨ ਤਾਂ ਗੋਰੇ ਲੋਕ ਕਹਿੰਦੇ ਹਨ ਕਿ ਤੁਸੀਂ ਥੱਲੇ ਬੈਠ ਕੇ ਕਿਉਂ ਨਹੀਂ ਖਾਂਦੇ, ਕਿਉਂਕਿ ਤੁਹਾਨੂੰ ਇਹ ਹੁਕਮ ਆਇਆ ਹੈ। ਸਿੰਘ ਸਾਹਿਬ ਜੀ, ਇਸ ਢੰਗ ਨਾਲ ਸਿੱਖਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਇਹ ਇੱਥੋਂ ਦੇ ਹਾਲਾਤ ਸਬੰਧੀ ਇਕ ਘਟਨਾ ਹੈ, ਜਿਸ ਬਾਰੇ ਅਸੀਂ ਆਪ ਨੂੰ ਜਾਣੂੰ ਕਰਵਾਉਣਾ ਜ਼ਰੂਰੀ ਸਮਝਦੇ ਹਾਂ।
6. ਵਿਸ਼ਵ ਦੀਆਂ ਸਿੱਖ ਸੰਗਤਾਂ ਵੱਲੋਂ 1999 ਦੀ ਵਿਸਾਖੀ 'ਤੇ ਖ਼ਾਲਸੇ ਦਾ ਸਾਜਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਸਿੱਖ ਸੰਗਤਾਂ ਖ਼ਾਸ ਕਰ ਕੇ ਨੌਜਵਾਨ ਪੀੜ੍ਹੀ ਜੋ ਕਿ ਇਧਰ ਦੇ ਜੰਮਪਲ ਹਨ, ਨੂੰ ਪ੍ਰੇਰਿਆ ਜਾ ਰਿਹਾ ਹੈ ਕਿ ਅੰਮ੍ਰਿਤ ਛਕ ਕੇ ਸਿੰਘ ਸਜੋ। ਪਰ ਇਹ ਹੁਕਮਨਾਮਾ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਦਾ ਉਤਸ਼ਾਹ ਮੱਠਾ ਪੈ ਗਿਆ ਹੈ ਅਤੇ ਸਿੱਖ ਸੰਗਤਾਂ ਵਿਚ ਏਕਤਾ ਦੀ ਘਾਟ ਵੀ ਆ ਰਹੀ ਹੈ।

ਅੰਤ ਵਿਚ ਅਸੀਂ ਆਪ ਜੀ ਨੂੰ ਇਹੋ ਹੀ ਬੇਨਤੀ ਕਰਦੇ ਹਾਂ ਕਿ ਅਸੀਂ ਸ਼ੁਰੂ ਤੋਂ ਹੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਚਲਦੇ ਰਹੇ ਹਾਂ ਅਤੇ ਹਰ ਇਕ ਗੁਰਦੁਆਰੇ ਦੇ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਧਾਰਮਿਕ ਮਰਿਆਦਾਵਾਂ ਨਿਭਾਈਆਂ ਜਾ ਰਹੀਆਂ ਹਨ ਅਤੇ ਰਹਿਣਗੀਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਰਹਿਤ ਮਰਿਆਦਾ ਦੀਆਂ ਕਾਪੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਛਾਪ ਕੇ ਮੁਫ਼ਤ ਘਰ ਘਰ ਪਹੁੰਚਾਈਆਂ ਜਾ ਰਹੀਆਂ ਹਨ। ਸਾਡੀ ਇਹ ਦਿਲੀ ਚਾਹਨਾ ਹੈ ਕਿ ਸਮੁੱਚਾ ਸਿੱਖ ਜਗਤ ਡੇਰਾਵਾਦ, ਟਕਸਾਲਾਂ ਅਤੇ ਵੱਖੋ-ਵੱਖਰੀਆਂ ਸੰਪਰਦਾਵਾਂ ਦੇ ਪ੍ਰਭਾਵਾਂ ਤੋਂ ਮੁਕਤ ਹੋ ਕੇ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ਇਕੱਠਾ ਹੋ ਕੇ ਪੰਥ ਦੀ ਚੜ੍ਹਦੀ ਕਲਾ ਲਈ ਹੰਭਲਾ ਕਰੇ। ਇਸੇ ਵਿਚ ਹੀ

ਅਸੀਂ ਸਮੁੱਚੇ ਸਿੱਖ ਜਗਤ ਦੀ ਭਲਾਈ ਸਮਝਦੇ ਹਾਂ। ਅਫ਼ਸੋਸ ਅਤੇ ਦੁਖੀ ਹਿਰਦੇ ਨਾਲ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਜਿਹੜੇ ਡੇਰੇ, ਟਕਸਾਲਾਂ ਅਤੇ ਸੰਪਰਦਾਵਾਂ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਇਕ ਧਾਰਾ ਵੀ ਨਹੀਂ ਮੰਨਦੇ, ਉਹ ਲੋਕ ਅੱਜ ਸਿਰਫ਼ ਇਸ ਹੁਕਮਨਾਮੇ ਨੂੰ ਲੈ ਕੇ ਸਿੱਖ ਸੰਗਤਾਂ ਵਿਚ ਦੁਬਿਧਾ ਪਾ ਕੇ ਵਾਦ-ਵਿਵਾਦ ਪੈਦਾ ਕਰ ਰਹੇ ਹਨ।

ਅਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਜਦੋਂ ਸਿੱਖ ਰਹਿਤ ਮਰਿਆਦਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਅਧਿਐਨ ਕਰਦੇ ਹਾਂ ਤਾਂ ਇਹ ਗੱਲ ਸਮਝ ਆਉਂਦੀ ਹੈ ਕਿ ਕੁਰਸੀਆਂ ਉਪਰ ਬੈਠ ਕੇ ਲੰਗਰ ਛਕਣ ਨਾਲ ਕਿਸੇ ਵੀ ਧਾਰਮਿਕ ਮਰਿਆਦਾ ਦੀ ਉਲੰਘਣਾ ਨਹੀਂ ਹੁੰਦੀ। ਅਸੀਂ ਆਪ ਜੀ ਨੂੰ ਬੇਨਤੀਆਂ ਹੀ ਕਰ ਰਹੇ ਹਾਂ, ਕਿਉਂਕਿ ਗੁਰੂ ਸਾਹਿਬ ਸਾਨੂੰ ਮਿਲ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਨ ਦਾ ਸਿਧਾਂਤ ਦਰਸਾ ਗਏ ਹਨ। ਅਸੀਂ ਆਸ ਕਰਦੇ ਹਾਂ ਕਿ ਆਪ ਸਾਡੀਆਂ ਬੇਨਤੀਆਂ ਨੂੰ ਬੜੇ ਧਿਆਨ ਨਾਲ ਵਿਚਾਰੋਗੇ ਅਤੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਆਪ ਬੜੇ ਹੀ ਸੁੰਦਰ ਤਰੀਕੇ ਨਾਲ ਕਰ ਕੇ ਸਿੱਖ ਸੰਗਤਾਂ ਨੂੰ ਕ੍ਰਿਤਾਰਥ ਕਰੋਗੇ।

ਅੰਤ ਵਿਚ ਅਸੀਂ ਆਪ ਜੀ ਬੇਨਤੀ ਕਰਦੇ ਹਾਂ ਕਿ ਆਪ ਕ੍ਰਿਪਾ ਕਰ ਕੇ ਇੱਥੇ ਸਿੱਖ ਸੰਗਤਾਂ ਨੂੰ ਦਰਸ਼ਨ ਦਿਉ ਅਤੇ ਨਾਲ ਹੀ ਇੱਥੋਂ ਦੇ ਹਾਲਾਤਾਂ ਦਾ ਜਾਇਜ਼ਾ ਲੈਣ ਦੀ ਕ੍ਰਿਪਾਲਤਾ ਕਰੋ ਜੀ। ਜੇਕਰ ਆਪ ਰੁਝੇਵਿਆਂ ਕਾਰਨ ਇੱਥੇ ਨਹੀਂ ਆ ਸਕਦੇ ਤਾਂ ਆਪ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਨੂੰ ਇੱਥੇ ਭੇਜਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਉਹ ਇੱਥੋਂ ਦੇ ਹਾਲਾਤਾਂ ਨੂੰ ਜਾਣ ਕੇ ਆਪ ਨੂੰ ਜਾਣੂੰ ਕਰਵਾਉਣ।

ਗੁਰੂ ਪੰਥ ਦੇ ਦਾਸ,

1. ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਬੀ.ਸੀ.
2. ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਬੀ.ਸੀ.
3. ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ, ਬਰਨਬੀ ਬੀ.ਸੀ.
4. ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ, ਡੈਲਟਾ-ਸਰੀ ਬੀ.ਸੀ.
5. ਖਾਲਸਾ ਦੀਵਾਨ ਸੁਸਾਇਟੀ, ਐਬਟਸਫ਼ੋਰਡ ਬੀ.ਸੀ.
6. ਮਿਸ਼ਨ ਗੁਰਸਿੱਖ ਸੁਸਾਇਟੀ, ਮਿਸ਼ਨ ਬੀ.ਸੀ.
7. ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਬੀ.ਸੀ.
8. ਗੁਰੂ ਹਰਿਗੋਬਿੰਦ ਸਾਹਿਬ ਸਿੱਖ ਸੁਸਾਇਟੀ, ਸਰੀ ਬੀ.ਸੀ.
9. ਗੁਰਦੁਆਰਾ ਸ਼ੇਰੇ ਪੰਜਾਬ ਕਲਚਰਲ ਸੁਸਾਇਟੀ, ਸਰੀ ਬੀ.ਸੀ.
10. ਸਿੱਖ ਟੈਂਪਲ, ਵਿਲੀਅਮਜ਼ ਲੇਕ ਬੀ.ਸੀ.
11. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਐਸੋਸੀਏਸ਼ਨ, ਪ੍ਰਿੰਸ ਜਾਰਜ ਬੀ.ਸੀ.
12. ਗੁਰਦੁਆਰਾ ਸਾਹਿਬ, ਪੈਨਟਿਕਟਨ ਬੀ.ਸੀ.
13. ਗੁਰੂ ਨਾਨਕ ਸਿੱਖ ਸੁਸਾਇਟੀ, ਕੈਂਬਲਰਿਵਰ ਬੀ.ਸੀ.
14. ਗੁਰੂ ਰਵਿਦਾਸ ਕਮਿਊਨਿਟੀ ਸੈਂਟਰ, ਬਰਨਬੀ ਬੀ.ਸੀ.
15. ਓਕਨਾਗਨ ਸਿੱਖ ਟੈਂਪਲ ਐਂਡ ਕਲਚਰਲ ਸੁਸਇਟੀ, ਕਲੋਨਾ ਬੀ.ਸੀ.
16. ਪਾਲਦੀ ਖਾਲਸਾ ਦੀਵਾਨ ਸੁਸਾਇਟੀ, ਡੰਕਨ ਬੀ.ਸੀ.
17. ਪੰਜਾਬੀ ਅਕਾਲੀ ਸਿੰਘ ਸੁਸਾਇਟੀ, ਵਿਕਟੋਰੀਆ ਬੀ.ਸੀ.
18. ਸੁਕਾਮਿਸ਼ ਸਿੱਖ ਸੁਸਾਇਟੀ, ਸੁਕਾਮਿਸ਼ ਬੀ.ਸੀ.

ਬਲਵੰਤ ਸਿੰਘ ਗਿੱਲ
ਸਪੋਕਸ-ਪਰਸਨ
ਸਿੱਖ ਗੁਰਦੁਆਰਾ ਸੁਸਾਇਟੀਜ਼

ਜਥੇਦਾਰ ਟੌਹੜਾ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਿਖੀ ਚਿੱਠੀ

5 ਮਈ 1998

ੴ ਸਤਿਗੁਰ ਪ੍ਰਸਾਦਿ॥

ਮਸਲਾ : ਲੰਗਰ ਵਿਚ ਮੇਜ਼ ਕੁਰਸੀਆਂ ਦੇ ਹੁਕਮਨਾਮੇ ਸਬੰਧੀ।

ਸਤਿਕਾਰਯੋਗ ਸ: ਗੁਰਚਰਨ ਸਿੰਘ ਟੌਹੜਾ ਅਤੇ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਸਮੂਹ ਮੈਂਬਰ ਸਾਹਿਬਾਨ ਜੀਓ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਅਸੀਂ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੀਆਂ ਸਿੱਖ ਸੁਸਾਇਟੀਆਂ ਅਤੇ ਸਿੱਖ ਸੰਗਤਾਂ, ਸਾਰੇ ਸਿੱਖ ਜਗਤ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਮੰਨਦੇ ਹਾਂ। ਇਹ ਸਮੁੱਚੇ ਸਿੱਖ ਪੰਥ ਦੇ ਸਾਰੇ ਧਾਰਮਿਕ ਫ਼ੈਸਲੇ ਕਰਨ ਦਾ ਹੱਕ ਰੱਖਦੀ ਹੈ। ਇਸ ਸਿਰਮੌਰ ਪੰਥਕ ਜਥੇਬੰਦੀ ਨੂੰ ਹੋਂਦ ਵਿਚ ਲਿਆਉਣ ਖ਼ਾਤਰ ਸਾਡੇ ਸਤਿਕਾਰਯੋਗ ਬਜ਼ੁਰਗਾਂ ਨੇ ਬੜੀ ਭਾਰੀ ਕੀਮਤ ਤਾਰੀ ਸੀ। ਅਨੇਕਾਂ ਸ਼ਹੀਦੀਆਂ ਤੇ ਬੇਅੰਤ ਕੁਰਬਾਨੀਆਂ ਦੀ ਦਾਸਤਾਨ ਨਾਲ ਭਰਿਆ ਹੋਇਆ ਲਹੂ ਭਿੱਜਾ ਇਤਿਹਾਸ ਹੈ, ਸਾਡੀ ਇਸ ਸਿਰਮੌਰ ਪੰਥਕ ਜਥੇਬੰਦੀ ਦਾ। ਹਰ ਸੂਝਵਾਨ ਸਿੱਖ ਜੋ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਪੰਥ ਦੇ ਮਹਾਨ ਪਵਿੱਤਰ ਸਿਧਾਂਤ ਤੋਂ ਵਾਕਿਫ਼ ਹੈ, ਉਹ ਇਹ ਵੀ ਭਲੀਭਾਂਤ ਜਾਣਦਾ ਹੈ ਕਿ ਸਮੁੱਚੇ ਪੰਥ ਦੁਆਰਾ ਚੁਣੀ ਹੋਈ ਇਹ ਜਥੇਬੰਦੀ ਗੁਰੂ ਪੰਥ ਦੇ ਸਾਰੇ ਅਧਿਕਾਰ ਰੱਖਦੀ ਹੈ। ਇਤਿਹਾਸ ਗਵਾਹ ਹੈ ਕਿ ਜਦ ਵੀ ਕਦੇ ਕੋਈ ਮਸਲਾ ਪੰਥ ਦੇ ਸਾਹਮਣੇ ਆਇਆ ਤਾਂ ਉਸ ਨੂੰ ਹੱਲ ਕਰਨ ਦੀ ਸਾਰੀ ਜ਼ਿੰਮੇਵਾਰੀ ਪੰਥ ਦੇ ਸਾਰੇ ਸੁਹਿਰਦ ਵਿਦਵਾਨਾਂ ਦਾ ਇਕੱਠ ਸੱਦ ਕੇ ਮਸਲੇ 'ਤੇ ਡੂੰਘੀਆਂ ਵਿਚਾਰਾਂ ਕਰਨ ਤੋਂ ਬਾਅਦ ਅੰਤਿਮ ਫ਼ੈਸਲਾ ਖਾਲਸਾ ਪੰਥ ਨੂੰ ਇਹੀ ਜਥੇਬੰਦੀ ਦਿੰਦੀ ਰਹੀ ਹੈ। ਇਹੀ ਮਰਿਆਦਾ ਅੱਜ ਵੀ ਕਾਇਮ ਹੈ ਤੇ ਹਮੇਸ਼ਾ ਹੀ ਰਹੇਗੀ। ਅਸੀਂ ਸਮਝਦੇ ਹਾਂ ਕਿ ਇਸੇ ਵਿਚ ਹੀ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਰਾਜ ਹੈ।

ਅਸੀਂ ਆਪ ਸਭ ਦੇ ਹਜ਼ੂਰ ਇਕ ਬੇਨਤੀ ਕਰ ਰਹੇ ਹਾਂ ਕਿ ਵਿਦੇਸ਼ਾਂ ਵਿਚ ਇਕ ਮਸਲਾ ਸਿੱਖਾਂ ਨੂੰ ਦਰਪੇਸ਼ ਹੈ, ਜੋ ਕਿ ਪਹਿਲਾਂ ਨਹੀਂ ਸੀ। ਹੁਕਮਨਾਮਾ ਇਹ ਹੈ ਕਿ ਲੰਗਰ ਹਾਲ ਵਿਚ ਕੁਰਸੀਆਂ ਅਤੇ ਮੇਜ਼ਾਂ ਦੀ ਵਰਤੋਂ 'ਤੇ ਪਾਬੰਦੀ ਲਾਈ ਜਾਵੇ। ਅਸੀਂ ਇੱਥੇ ਇਹ ਸਪੱਸ਼ਟ ਕਰਨਾ ਵੀ ਅਤੀ ਜ਼ਰੂਰੀ ਸਮਝਦੇ ਹਾਂ ਕਿ ਸੰਗਤਾਂ ਦੇ ਮਨਾਂ ਵਿਚ ਅਕਾਲ ਤਖ਼ਤ ਸਾਹਿਬ ਜੀ ਦੀ ਸਰਬ-ਉੱਚਤਾ 'ਤੇ ਕੋਈ ਵੀ ਦੁਬਿਧਾ, ਸ਼ੰਕਾ ਜਾਂ ਕਿੰਤੂ-ਪਰੰਤੂ ਨਹੀਂ ਹੈ, ਕਿਉਂਕਿ ਐਸਾ ਤਾਂ ਸੋਚਣਾ ਹੀ ਸਿੱਖ ਲਈ ਮੌਤ ਦਾ ਘੜਿਆਲ ਹੈ। ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦਾ ਧੁਰਾ ਹੈ। ਆਪਣੇ ਧੁਰੇ ਨਾਲੋਂ ਟੁੱਟ ਕੇ ਕੋਈ ਵੀਂ ਕਾਇਮ ਨਹੀਂ ਰਹਿ ਸਕਦਾ। ਇਸ ਲਈ ਸੰਗਤਾਂ ਦੇ ਮਨਾਂ ਵਿਚ ਦੁਬਿਧਾ ਸਿਰਫ਼ ਮੇਜ਼-ਕੁਰਸੀਆਂ 'ਤੇ ਲਾਈ ਪਾਬੰਦੀ ਬਾਰੇ ਹੈ। ਇਹ ਮੇਜ਼-ਕੁਰਸੀਆਂ ਵਾਲੀ ਮਰਿਆਦਾ ਕੈਨੇਡਾ ਵਿਚ ਤਕਰੀਬਨ 90 ਸਾਲ ਤੋਂ ਚਲਦੀ ਆ ਰਹੀ ਹੈ, ਜਿਸ ਦੀ ਸ਼ੁਰੂਆਤ ਵੇਲੇ ਪੰਥ ਦੇ ਮਹਾਨ ਵਿਦਵਾਨ ਭਾਈ ਤੇਜਾ ਸਿੰਘ ਵੈਨਕੂਵਰ (ਕੈਨੇਡਾ) ਵਿਚ ਸਨ। ਉਨ੍ਹਾਂ ਨੇ ਹੀ ਇਹ ਮਰਿਆਦਾ ਲਾਗੂ ਕਰਵਾਈ ਸੀ। ਸ਼ਾਇਦ ਉਹ ਉਸ ਵੇਲੇ ਹੀ ਇੱਥੋਂ ਦੇ ਹਾਲਾਤ ਅਤੇ ਆਉਣ ਵਾਲੇ ਸਮੇਂ ਤੋਂ ਵਾਕਿਫ਼ ਸਨ ਅਤੇ ਸਮੇਂ ਤੇ ਅਸਥਾਨ ਦੇ ਫ਼ਰਕ ਨੂੰ ਸਮਝਦੇ ਸਨ।

ਇੱਥੇ ਗੁਰੂ ਦੇ ਸਿੱਖਾਂ ਨੇ ਜੋ ਤਰੱਕੀ ਕੀਤੀ ਹੈ, ਉਸ ਨੂੰ ਆਪ ਸਭ ਭਲੀਭਾਂਤ ਜਾਣਦੇ ਹੋ। ਸਿੱਖੀ ਦਿਨੋ-ਦਿਨ ਵੱਧ ਰਹੀ ਹੈ। ਆਪ ਸਭ ਨੂੰ ਇਸ ਦੀ ਤਾਜ਼ਾ ਮਿਸਾਲ ਜਥੇਦਾਰ ਸੁਖਦੇਵ ਸਿੰਘ ਭੌਰ ਦੇ ਸਕਦੇ ਹਨ। ਕਿਉਂਕਿ ਉਹ ਅੱਜ-ਕੱਲ੍ਹ ਇੱਥੋਂ ਹੋ ਕੇ ਵਾਪਿਸ ਦੇਸ ਪਰਤੇ ਹਨ। ਐਸੀ ਚੜ੍ਹਦੀ

ਕਲਾ ਵਾਲੇ ਮਾਹੌਲ ਵਿਚ ਮੇਜ਼-ਕੁਰਸੀਆਂ 'ਤੇ ਪਾਬੰਦੀ ਨਾਲ ਸਿੱਖ ਸੰਗਤਾਂ ਦੇ ਦਿਲ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਸੰਗਤਾਂ ਸੋਚਦੀਆਂ ਹਨ ਕਿ ਇਕਦਮ ਇਹ ਫ਼ੈਸਲਾ ਕਿਵੇਂ ਤੇ ਕਿਉਂ ਹੋਇਆ ? ਜਦ ਕਿ ਸਾਰੇ ਸਿੱਖ ਵਿਦਵਾਨ ਤੇ ਲੀਡਰ ਸਾਹਿਬਾਨ ਇਸ ਮਰਿਆਦਾ ਤੋਂ ਵਾਕਿਫ਼ ਹਨ। ਅਕਾਲ ਤਖ਼ਤ ਸਾਹਿਬ ਜੀ ਦੀ ਰਹਿਤ ਮਰਿਆਦਾ ਵਿਚ ਇਸ ਤਰ੍ਹਾਂ ਦੀ ਕੋਈ ਪਾਬੰਦੀ ਨਹੀਂ ਹੈ। ਭਾਈ ਤੇਜਾ ਸਿੰਘ ਜੀ ਸਿੱਖ ਰਹਿਤ ਮਰਿਆਦਾ ਤਿਆਰ ਕਰਨ ਸਮੇਂ ਮੋਢੀ ਵਿਦਵਾਨਾਂ ਵਿੱਚੋਂ ਇਕ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ, ਜਿਨ੍ਹਾਂ ਦੀ ਵਿਦਵਤਾ ਦਾ ਲੋਹਾ ਸਾਰਾ ਸੰਸਾਰ ਜਾਣਦਾ ਹੈ, ਉਹ ਵੀ 'ਗੁਰਮਤਿ ਮਾਰਤੰਡ' ਗ੍ਰੰਥ ਵਿਚ ਚੌਂਕੀ, ਕੁਰਸੀ, ਤੱਪੜ ਜਾਂ ਦਰੀਆਂ ਵਾਲੇ ਭਰਮ ਨੂੰ ਗੁਰਮਤਿ ਦੀਆਂ ਦਲੀਲਾਂ ਦੇ ਆਧਾਰ ਉਪਰ ਬੜੇ ਵਿਸਥਾਰ ਨਾਲ ਖੰਡਨ ਕਰਦੇ ਹਨ। ਇੱਥੇ ਸਿੱਖ ਸੰਗਤਾਂ ਸੋਚਦੀਆਂ ਹਨ ਕਿ ਫਿਰ ਐਸਾ ਹੁਕਮਨਾਮਾ ਕਿਉਂ ? ਕੀ ਸਾਡੇ ਅਕਾਲ ਤਖ਼ਤ ਸਾਹਿਬ ਜੀ ਦੇ ਮੁਖ ਸੇਵਾਦਾਰ ਇਨ੍ਹਾਂ ਹਵਾਲਿਆਂ ਤੋਂ ਵਾਕਿਫ਼ ਨਹੀਂ ? ਕੀ ਉਨ੍ਹਾਂ ਨੇ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਇਹ ਮੇਜ਼-ਕੁਰਸੀਆਂ ਦੇ ਮਤੇ ਉਪਰ ਡੂੰਘੀ ਵਿਚਾਰ ਕਰਵਾਈ ਸੀ ? ਕੀ ਉਨ੍ਹਾਂ ਨੇ ਪੰਥ ਦੇ ਹੋਰ ਸੁਹਿਰਦ, ਗੁਰਮਤਿ ਰੰਗ ਵਿਚ ਰੰਗੇ ਹੋਏ ਸਿੱਖਾਂ ਨਾਲ ਇਸ ਮਸਲੇ ਬਾਰੇ ਸਲਾਹ- ਮਸ਼ਵਰਾ ਕੀਤਾ ਸੀ ? ਵਿਦੇਸ਼ਾਂ ਵਿਚ ਵਸਦੇ ਸਿੱਖ ਜੋ ਇਸ ਮੇਜ਼-ਕੁਰਸੀਆਂ ਦੀ ਰੀਤੀ ਨਾਲ ਇਕ ਸਦੀ ਤੋਂ ਬਾਵਸਤਾ ਹਨ, ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਕਿਉਂ ਨਹੀਂ ਦਿੱਤਾ ਗਿਆ ? ਇੱਥੋਂ ਦੀ ਸਿੱਖ ਸੰਗਤ ਮਹਿਸੂਸ ਕਰ ਰਹੀ ਹੈ ਕਿ ਇਹ ਫ਼ੈਸਲਾ ਜਥੇਦਾਰ ਸਾਹਿਬ ਜੀ ਨੇ ਸਿਰਫ਼ ਕਿਸੇ ਇਕ ਧਿਰ ਦੀ ਸਾਲਾਹ ਨਾਲ ਹੀ ਜਾਰੀ ਕੀਤਾ ਹੈ, ਜੋ ਕਿ ਸਰਾਸਰ ਸਿੱਖ ਰਵਾਇਤਾਂ ਨੂੰ ਛਿੱਕੇ ਟੰਗਣ ਵਾਲੀ ਗੱਲ ਹੈ। ਇਸ ਨੂੰ ਹੁਕਮਨਾਮਾ ਕਹਿਣ ਦੀ ਬਜਾਏ **ਔਰੰਗਜ਼ੇਬੀ ਐਲਾਨਨਾਮਾ** ਕਹਿਣਾ ਜ਼ਿਆਦਾ ਫੱਬਦਾ ਹੈ।

ਸਿੱਖ ਰਵਾਇਤਾਂ ਬਰਕਰਾਰ ਰੱਖਣ ਖਾਤਰ ਸਿੱਖ ਜਗਤ ਨੇ ਬਹੁਤ ਖ਼ੂਨ ਡੋਲ੍ਹਿਆ ਹੈ। ਸਾਡੀ ਇਹੀ ਬੇਨਤੀ ਹੈ ਕਿ ਪੰਥਕ ਫ਼ੈਸਲੇ ਕਰਨ ਲੱਗਿਆਂ ਸਾਰੇ ਫ਼ੈਸਲੇ ਗੁਰੂ ਪੰਥ ਦੀ ਸਥਾਪਤ ਹੋ ਚੁੱਕੀ ਮਰਿਆਦਾ ਅਨੁਸਾਰ ਹੀ ਕੀਤੇ ਜਾਣ। ਕਿਸੇ ਵੀ ਇਕ ਜਥੇ, ਟਕਸਾਲ, ਸੰਪਰਦਾ ਜਾਂ ਧੜੇ ਨੂੰ ਇਹ ਹੱਕ ਬਿਲਕੁਲ ਨਹੀਂ ਦਿੱਤਾ ਜਾ ਸਕਦਾ ਕਿ ਜਦੋਂ ਜੀ ਚਾਹੇ, ਸਿੱਖ ਧਰਮ ਦੇ ਨਿਰਗੁਣੀ ਅਤੇ ਸਰਗੁਣੀ ਸਿਧਾਂਤਾਂ ਦਾ ਮਖ਼ੌਲ ਉਡਾਉਣ। ਐਸਾ ਹੱਕ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਪਾਸ ਵੀ ਨਹੀਂ ਹੈ। ਗੁਰਤਾ ਪੰਥ ਨੂੰ ਮਿਲੀ ਹੋਈ ਹੈ, ਕਿਸੇ ਇਕ ਸ਼ਖ਼ਸ ਜਾਂ ਡੇਰੇ ਨੂੰ ਨਹੀਂ। ਪੰਥ ਦੀ ਵਾਗਡੋਰ ਸੰਭਾਲਣ ਦਾ ਹੱਕ ਸਿਰਫ਼ ਤੇ ਸਿਰਫ਼ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਹੈ। ਇਸ ਕਰ ਕੇ ਅਸੀਂ ਲੰਗਰ ਦੀ ਮਰਿਆਦਾ ਦਾ ਮਸਲਾ ਪੰਥ ਦੀ ਇਸ ਇੱਕੋ-ਇਕ ਪ੍ਰਤੀਨਿਧ ਸੰਸਥਾ ਕੋਲ ਭੇਜ ਰਹੇ ਹਾ। ਸਾਨੂੰ ਪੂਰੀ ਉਮੀਦ ਤੇ ਯਕੀਨ ਹੈ ਕਿ ਆਪ ਸਭ ਸੁਹਿਰਦ ਸੱਜਣ ਮਿਲ-ਬੈਠ ਕੇ ਸਾਡੀ ਮੁਸ਼ਕਿਲ ਜਲਦੀ ਤੋਂ ਜਲਦੀ ਹੱਲ ਕਰ ਦਿਓਗੇ। ਨਹੀਂ ਤਾਂ ਇਸ ਮਸਲੇ 'ਤੇ ਸਿੱਖ ਕੌਮ ਫਿਰ ਸੰਸਾਰ ਦੇ ਮੰਚ ਉਪਰ ਲੜਦੀ-ਭਿੜਦੀ ਆਪਣੀ ਪੱਤ ਆਪ ਹੀ ਗਵਾ ਲਏਗੀ। ਕੁਝ ਤਾਂ ਪਹਿਲਾਂ ਹੀ ਮੰਦਭਾਗੀਆਂ ਘਟਨਾਵਾਂ ਕਰ ਕੇ ਸਤਿਕਾਰ ਗੁਆ ਬੈਠੇ ਹਾਂ। ਪੰਥ ਦੋਖੀ ਤਾਕਤਾਂ ਹਮੇਸ਼ਾ ਹੀ ਐਸੇ ਹਾਲਤਾਂ ਦੀ ਤਲਾਸ਼ ਵਿਚ ਰਹਿੰਦੀਆਂ ਹਨ। ਇਸ ਲਈ ਆਓ ਗੁਰੂ ਮਿਹਰ ਸਦਕਾ ਹਿੰਮਤ ਕਰ ਕੇ ਮੌਕਾ ਸੰਭਾਲੀਏ।

ਜਿਵੇਂ ਪ੍ਰਹਿਲਾਦ ਨੇ ਆਪਣਾ ਧਰਮ ਨਹੀਂ ਛੱਡਿਆ, ਇਹੀ ਕਿਹਾ ਸੀ ਕਿ ਮੇਰਾ ਬਾਪ, ਜਗਤ-ਪਿਤਾ ਰੱਬ ਨਹੀਂ ਹੈ। ਮਨਸੂਰ ਨੇ ਇਸਲਾਮ ਤੋਂ ਇਨਕਾਰ ਨਹੀਂ ਸੀ ਕੀਤਾ, ਸਿਰਫ਼ ਇਹੀ ਕਿਹਾ ਸੀ ਕਿ ਜ਼ਾਹਿਰ-ਬਾਤਿਨ ਵਿਚ ਸਮਾਅ ਰਿਹਾ ਅੱਲਾ ਹੀ ਮੇਰੇ ਅੰਦਰ ਬੋਲ ਰਿਹਾ ਹੈ। ਠੀਕ ਇਸੇ ਤਰ੍ਹਾਂ ਹੀ ਇੱਥੋਂ ਦੀ ਸਿੱਖ ਸੰਗਤ ਨੂੰ ਅਕਾਲ ਤਖ਼ਤ ਸਾਹਿਬ ਅਤੇ ਇਸ ਦੀ ਸਰਬ-ਉੱਚਤਾ ਤੋਂ ਇਨਕਾਰੀ ਨਹੀਂ ਹੈ, ਸਿਰਫ਼ ਇਹੀ ਕਹਿਣਾ ਹੈ ਕਿ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰਨੀ ਬਹੁਤ ਜ਼ਰੂਰੀ ਹੈ ਤੇ ਇਸ ਦੇ ਪ੍ਰਤੀਕਰਮ ਬਾਰੇ ਵੀ ਸੋਚਣਾ ਚਾਹੀਦਾ ਹੈ। ਪਰਮਾਤਮਾ ਸਾਨੂੰ ਤੌਫ਼ੀਕ ਬਖ਼ਸ਼ੇ ਕਿ ਅਸੀਂ ਸਿੱਖ ਧਰਮ ਨੂੰ ਆਉਣ ਵਾਲੇ ਸਮੇਂ ਦੇ ਵਿਸ਼ਵ ਧਰਮ ਵਜੋਂ ਦੇਖੀਏ ਨਾ ਕਿ ਇਸ ਨੂੰ ਕੁੱਜੇ ਵਿਚ ਬੰਦ ਕਰਨ ਦੀਆਂ ਕੋਸ਼ਿਸ਼ਾਂ ਕਰੀਏ !

ਗੁਰੂ ਪੰਥ ਦੇ ਦਾਸ,

1. ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਬੀ.ਸੀ.
2. ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਬੀ.ਸੀ.
3. ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ, ਬਰਨਬੀ ਬੀ.ਸੀ.
4. ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ, ਡੈਲਟਾ-ਸਰੀ ਬੀ.ਸੀ.
5. ਖਾਲਸਾ ਦੀਵਾਨ ਸੁਸਾਇਟੀ, ਐਬਟਸਫ਼ੋਰਡ ਬੀ.ਸੀ.
6. ਮਿਸ਼ਨ ਗੁਰਸਿੱਖ ਸੁਸਾਇਟੀ, ਮਿਸ਼ਨ ਬੀ.ਸੀ.
7. ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਬੀ.ਸੀ.
8. ਗੁਰੂ ਹਰਿਗੋਬਿੰਦ ਸਾਹਿਬ ਸਿੱਖ ਸੁਸਾਇਟੀ, ਸਰੀ ਬੀ.ਸੀ.
9. ਗੁਰਦੁਆਰਾ ਸ਼ੇਰੇ ਪੰਜਾਬ ਕਲਚਰਲ ਸੁਸਾਇਟੀ, ਸਰੀ ਬੀ.ਸੀ.
10. ਸਿੱਖ ਟੈਂਪਲ, ਵਿਲੀਅਮਜ਼ ਲੇਕ ਬੀ.ਸੀ.
11. ਗੁਰੂ ਗੋਬਿੰਦ ਸਿੰਘ ਸਿੱਖ ਟੈਂਪਲ ਐਸੋਸੀਏਸ਼ਨ, ਪ੍ਰਿੰਸ ਜਾਰਜ ਬੀ.ਸੀ.
12. ਗੁਰਦੁਆਰਾ ਸਾਹਿਬ, ਪੈਨਟਿਕਟਨ ਬੀ.ਸੀ.
13. ਗੁਰੂ ਨਾਨਕ ਸਿੱਖ ਸੁਸਾਇਟੀ, ਕੈਂਬਲਰਿਵਰ ਬੀ.ਸੀ.
14. ਗੁਰੂ ਰਵਿਦਾਸ ਕਮਿਊਨਿਟੀ ਸੈਂਟਰ, ਬਰਨਬੀ ਬੀ.ਸੀ.
15. ਓਕਨਾਗਨ ਸਿੱਖ ਟੈਂਪਲ ਐਂਡ ਕਲਚਰਲ ਸੁਸਇਟੀ, ਕਲੋਨਾ ਬੀ.ਸੀ.
16. ਪਾਲਦੀ ਖਾਲਸਾ ਦੀਵਾਨ ਸੁਸਾਇਟੀ, ਡੰਕਨ ਬੀ.ਸੀ.
17. ਪੰਜਾਬੀ ਅਕਾਲੀ ਸਿੰਘ ਸੁਸਾਇਟੀ, ਵਿਕਟੋਰੀਆ ਬੀ.ਸੀ.
18. ਸੁਕਾਮਿਸ਼ ਸਿੱਖ ਸੁਸਾਇਟੀ, ਸੁਕਾਮਿਸ਼ ਬੀ.ਸੀ.

ਬਲਵੰਤ ਸਿੰਘ ਗਿੱਲ
ਸਪੋਕਸ-ਪਰਸਨ
ਸਿੱਖ ਗੁਰਦੁਆਰਾ ਸੁਸਾਇਟੀਜ਼

ਲੰਗਰ ਦੇ 'ਹੁਕਮਨਾਮਾ' ਸਬੰਧੀ ਪ੍ਰੀਤਮ ਸਿੰਘ ਕਿਊ.ਸੀ. ਦੀ ਚਿੱਠੀ

16 ਜੂਨ 1998

ਸੁਹਿਰਦ ਜਥੇਦਾਰ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਕੈਨੇਡਾ ਦੇ ਬੀ.ਸੀ. ਇਲਾਕੇ ਦੀਆਂ ਸਿੱਖ ਸੰਗਤਾਂ ਵਿਚ ਅੱਜ ਦੇ ਤਾਇਨਾਤ ਹੋਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਹੁਕਮਨਾਮਿਆਂ ਤੋਂ ਪੈਦਾ ਹੋਇਆ ਵਾਦ- ਵਿਵਾਦ ਉਤਰੀ ਅਮਰੀਕਾ ਅਤੇ ਪੰਜਾਬ ਦੀਆਂ ਅਖ਼ਬਾਰਾਂ ਵਿਚ ਖਰੂਦ ਪਾ ਰਿਹਾ ਹੈ। ਆਖਿਆ ਜਾਂਦਾ ਹੈ ਕਿ ਅਕਾਲ ਤਖ਼ਤ ਸਾਹਿਬ ਸਿੱਖੀ ਦਾ ਧੁਰਾ ਹੈ। ਇਹ ਬਿਆਨ ਸਿਰਫ਼ ਇਕ ਅਰਧ-ਸੱਚਾਈ ਹੈ। ਧੁਰਾ ਇਕੱਲਾ ਹੀ ਕੁਝ ਨਹੀਂ ਕਰ ਸਕਦਾ ਹੁੰਦਾ; ਉਸ ਨੂੰ ਪਹੀਏ ਚਾਹੀਦੇ ਹਨ ਅਤੇ ਸ਼ਕਤੀ ਚਾਹੀਦੀ ਹੈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਅੰਮ੍ਰਿਤਸਰ ਹੁੰਦੇ ਸਨ ਤਾਂ ਸੱਤਾ ਉੱਥੇ ਹੁੰਦੀ ਸੀ, ਪਰ ਜਦੋਂ ਹਜ਼ੂਰ ਕੀਰਤਪੁਰ ਸਾਹਿਬ ਹੁੰਦੇ ਸਨ ਤਾਂ ਸੱਤਾ ਉੱਥੇ ਹੁੰਦੀ ਸੀ। ਸ਼ਕਤੀ ਗੁਰਬਾਣੀ ਹੈ, ਸੋ "ਬਾਨੀ ਗੁਰੂ, ਗੁਰੂ ਹੈ ਬਾਂਣੀ" ਅਨੁਸਾਰ ਧੁਰਾ ਵੀ ਅਤੇ ਸ਼ਕਤੀ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਹੀ ਸਨ।

ਜਿਸ ਤਰ੍ਹਾਂ ਸਿੱਖ ਹਰ ਰੋਜ਼ ਅਰਦਾਸ ਵਿਚ ਪੁਕਾਰ ਕੇ ਪੰਜ ਤਖ਼ਤ ਸਾਹਿਬਾਨ ਨੂੰ ਯਾਦ ਕਰਦੇ ਹਨ, ਉਸ ਤੋਂ ਇਹ ਸਪੱਸ਼ਟ ਹੈ ਕਿ ਇਹ ਪੰਜ ਤਖ਼ਤ ਰਵਾਇਤ ਦਾ ਗੂੜ੍ਹਾ ਅਤੇ ਅਨਿੱਖੜਵਾਂ ਅੰਗ ਹਨ। ਜੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਨੰਦਪੁਰ ਸਾਹਿਬ ਹੁੰਦੇ ਸਨ ਤਾਂ ਸੱਤਾ ਕੇਸਗੜ੍ਹ ਸਾਹਿਬ ਹੁੰਦੀ ਸੀ ਅਤੇ ਜਦੋਂ ਸਾਹਿਬ ਦਮਦਮਾ ਸਾਹਿਬ ਹੋਣ ਤਾਂ ਇਹ ਦਮਦਮਾ ਸਾਹਿਬ ਵਿਚ ਹੁੰਦੀ ਸੀ। ਸੱਚਾਈ ਇਹ ਹੈ ਕਿ ਮੀਰੀ ਪੀਰੀ ਦੀ ਮਾਲਕੀ ਸਦਾ ਗੁਰੂ ਸਾਹਿਬਾਨ ਦੀ ਜਾਤਿ ਨਾਲ ਰਹਿੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਕਦੇ ਅੰਮ੍ਰਿਤਸਰ ਤਸ਼ਰੀਫ਼ ਨਹੀਂ ਲਿਆਏ ਸਨ। ਜਦੋਂ ਗੁਰੂ ਜੀ ਦੇ ਮਹਿਲ, ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਥਾਪਿਆ ਤਾਂ ਮਾਤਾ ਜੀ ਨੇ ਆਪ ਭਾਈ ਸਾਹਿਬ ਨੂੰ ਪੂਰੀ ਤਰ੍ਹਾਂ ਹਿਮਾਇਤ ਦਿੱਤੀ।

ਆਪਣੀ ਹਿਆਤ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖ ਪੰਥ ਸਾਜ ਕੇ ਗੁਰਸਿੱਖਾਂ ਨੂੰ ਪੰਜ ਪਿਆਰਿਆਂ ਦੀ ਰਵਾਇਤ ਬਖ਼ਸ਼ੀ। ਪੰਜ ਤਖ਼ਤ ਵੀ ਉਸੇ ਤਰ੍ਹਾਂ ਹੀ ਮੀਰੀ ਦੀ ਸੇਧ ਦੇਣ ਲਈ ਹਨ। ਗੁਰੂ ਸਾਹਿਬ ਨੇ ਕਿਸੇ ਵੀ ਇਕ ਸਿੱਖ ਨੂੰ (ਭਾਵੇਂ ਉਹ ਕਿੰਨਾ ਵੀ ਪ੍ਰਮੁੱਖ ਕਿਉਂ ਨਾ ਹੋਵੇ) ਗੁਰੂ ਕੇ ਸਿੱਖਾਂ ਦੀ ਪਰਖ ਕਰਨ ਦੀ ਤਾਕਤ ਨਹੀਂ ਦਿੱਤੀ। ਸਿੱਖ ਦੀ ਸਿੱਖੀ ਦੀ ਪਰਖ ਤਾਂ ਗੁਰੂ ਨੇ ਆਪ ਹੀ ਕਰਨੀ ਹੈ। ਇਹ ਪੰਜ ਤਖ਼ਤ ਆਪਸ ਵਿਚ ਇੱਕੋ ਜਿਹੀ ਸਮਾਨਤਾ ਰਖਦੇ ਹਨ। ਜਿਹੜਾ ਸਿੱਖ ਧਰਮ ਦਾ ਮੀਰੀ ਦਾ ਮਸਲਾ ਹੋਵੇ, ਉਹ ਇਨ੍ਹਾਂ ਪੰਜਾਂ ਤਖ਼ਤਾਂ ਦੇ ਨੀਯਤ ਕੀਤੇ ਹੋਏ ਜਥੇਦਾਰ ਸਾਹਿਬਾਨ ਉੱਤੇ ਸਿੱਖ ਜਗਤ ਦੀ ਬੇਹਤਰੀ, ਬਹਿਬੂਦੀ ਅਤੇ ਪ੍ਰਫੁੱਲਤਾ ਨੂੰ ਘੋਖ ਵਿਚਾਰ ਕੇ ਸਮੁੱਚੇ ਤੌਰ ਉੱਤੇ ਨਤੀਜਾ ਕੱਢਣ ਦੀ ਜ਼ਿੰਮੇਵਾਰੀ ਲਾਈ ਹੋਈ ਹੈ। ਮਿਸਾਲ ਕਾਇਮ ਹੈ ਕਿ ਦੋ ਸਿੱਖਾਂ ਦੇ ਹੋਏ ਝਗੜੇ ਨੂੰ, ਮਾਤਾ ਸੁੰਦਰੀ ਜੀ ਨੇ ਆਪ ਹੀ ਫ਼ੈਸਲਾ ਦੇ ਦੇਣ ਦੀ ਬਜਾਇ ਸਾਲਸ ਮੁਕੱਰਰ ਕੀਤਾ, ਜਿਹੜਾ ਦੋਹਾਂ ਧਿਰਾਂ ਦੀਆਂ ਗੱਲਾਂ ਸੁਣ ਕੇ ਫੇਰ ਵਾਜਬ ਫ਼ੈਸਲਾ ਦੇਵੇ। ਤਖ਼ਤ ਸਾਹਿਬਾਂ ਦੇ ਜਥੇਦਾਰਾਂ ਉਪਰ ਵੀ ਇਕੱਠੇ ਹੋ ਕੇ ਮਸਲੇ ਦੇ ਦੋਵੇਂ ਪਹਿਲੂਆਂ ਨੂੰ ਸੁਣ ਕੇ ਫਿਰ ਸਾਲਸੀ ਕਰਨੀ ਲਾਜ਼ਮੀ ਹੈ।

ਇਸ ਪਿਛੋਕੜ ਦੀ ਲੋਅ ਵਿਚ ਜ਼ਰਾ ਦੇਖੀਏ ਕਿ ਬੀ.ਸੀ. ਦੀ ਸੰਗਤ ਅਤੇ ਅਜੋਕੇ ਜਥੇਦਾਰ ਸਾਹਿਬ ਵਿਚਲਾ ਵਾਦ-ਵਿਵਾਦ ਕਿਸ ਤਰ੍ਹਾਂ ਨਜਿੱਠ ਹੋ ਰਿਹਾ ਹੈ:

1. ਹੁਕਮਨਾਮਾ, ਮਿਤੀ 20 ਅਪਰੈਲ 1998 (ਐਗਜ਼ੀਬਿਟ ਨੰ: 1)

(ੳ) ਇਸ 'ਹੁਕਮਨਾਮੇ' ਵਿਚ ਕਿਸੇ ਉਸ ਸੰਸਥਾ ਦਾ ਨਾਮ ਨਹੀਂ ਹੈ, ਜਿਸ ਦੀ ਸੰਗਤ ਆਮ ਤੌਰ 'ਤੇ ਕੁਰਸੀਆਂ ਉੱਤੇ ਬੈਠ ਕੇ ਗੁਰੂ ਦਾ ਲੰਗਰ ਮੇਜ਼ਾਂ ਉੱਤੇ ਪਾਨ ਕਰਦੀ ਹੈ।

(ਅ) ਆਪ ਲਿਖਦੇ ਹੋ ਕਿ 'ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ'। ਇੰਡੀਆ ਵਿਚ 'ਸਿੰਘ ਸਾਹਿਬ' ਦਾ ਤਖ਼ੱਲਸ ਸਿਰਫ਼ ਪੰਜ ਤਖ਼ਤ ਸਾਹਿਬਾਨ ਦੇ ਨੀਯਤ ਜਥੇਦਾਰਾਂ 'ਤੇ ਹੀ ਲਾਗੂ ਹੁੰਦਾ ਹੈ। ਉਤਰੀ ਅਮਰੀਕਾ ਦੇ ਅਖ਼ਬਾਰਾਂ ਨੇ ਛਾਪਿਆ ਸੀ ਕਿ ਜਥੇਦਾਰ ਸਾਹਿਬ ਅਕਾਲ ਤਖ਼ਤ ਸਾਹਿਬ ਨੇ ਪੰਜ ਗ੍ਰੰਥੀ ਸਾਹਿਬਾਨ ਨਾਲ ਬੈਠ ਕੇ ਫ਼ੈਸਲਾ ਕੀਤਾ ਸੀ। ਜੇ ਉਹ ਖ਼ਬਰ ਗ਼ਲਤ ਸੀ ਅਤੇ ਤੁਹਾਡੇ ਨਾਲ ਸੱਚਮੁੱਚ ਹੀ ਚਾਰ ਤਖ਼ਤ ਸਾਹਿਬਾਨ ਦੇ ਜਥੇਦਾਰ ਸ਼ਾਮਿਲ ਸਨ ਤਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਹੁੰਦਿਆਂ ਹੋਇਆਂ ਕੀ ਤੁਹਾਨੂੰ ਸੰਗ ਲਗਦੀ ਸੀ ਉਨ੍ਹਾਂ ਉੱਚ ਹਸਤੀਆਂ ਦੇ ਨਾਮ ਲੈਂਦਿਆਂ ਅਤੇ ਲਿਖਦਿਆਂ ? ਨਾਲੇ ਜੇ ਉਹ ਸਾਰੇ ਇਸ ਕਾਰਵਾਈ ਵਿਚ ਤੁਹਾਡੇ ਨਾਲ ਸਹਿਮਤ ਸਨ ਤਾਂ ਉਨ੍ਹਾਂ ਚੌਹਾਂ ਨੇ ਆਪਣੇ ਦਸਤਖ਼ਤ ਕਿਉਂ ਨਾ ਕੀਤੇ ? ਜਿਸ ਮਸਲੇ ਦਾ ਤੁਸੀਂ ਜ਼ਿਕਰ ਕਰਦੇ ਹੋ, ਇਹ ਕੋਈ ਸਾਧਾਰਨ ਜਿਹੀ ਗੱਲ ਨਹੀਂ ਸੀ, ਦੇਸ ਅਤੇ ਪ੍ਰਦੇਸ ਦੀਆਂ ਸੰਗਤਾਂ (ਜਿਨ੍ਹਾਂ ਦੀ ਤਾਦਾਦ ਲੱਖਾਂ ਵਿਚ ਹੈ) ਉਪਰ ਅਸਰਦੇਹ ਹੈ।

(ੲ) ਆਪ ਹੋਰ ਲਿਖਦੇ ਹੋ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਵਿਚ...ਵਿਵਾਦ ਸੀ। ਸਵਾਲ ਉਠਦਾ ਹੈ, ਆਪ ਦੀ ਸੰਸਥਾ ਨੇ ਏਨਾ ਲੰਮਾ ਸਮਾਂ ਚੁੱਪ ਕਿਉਂ ਧਾਰ ਰੱਖੀ ? ਇਸ ਸਮੇਂ ਵਿਚ ਜਥੇਦਾਰ ਸਾਹਿਬਾਨਾਂ ਨੇ ਕੀ ਸਾਮੱਗਰੀ ਇਕੱਤਰ ਕੀਤੀ, ਜਿਸ ਤੋਂ ਇਹ ਪਤਾ ਕੀਤਾ ਗਿਆ ਹੋਵੇ ਕਿ ਸੰਗਤਾਂ ਦੇ ਵਿਚਾਰ ਕੀ ਹਨ ਅਤੇ ਉਨ੍ਹਾਂ ਦਾ ਕੁਰਸੀਆਂ ਉਪਰ ਬੈਠ ਕੇ ਮੇਜ਼ਾਂ ਉਪਰ ਲੰਗਰ ਪਾਨ ਕਰਨਾ ਕਿਵੇਂ ਮਰਿਆਦਾ ਦੀ ਉਲੰਘਣਾ ਕਰਦਾ ਹੈ।

(ਸ) ਆਪ ਲਿਖਦੇ ਹੋ "ਗੁਰੂ ਸਾਹਿਬ ਵੇਲੇ ਦੀ ਕਾਇਮ ਕੀਤੀ ਹੋਈ...ਪੰਗਤ ਦੀ ਮਰਿਆਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ।" ਸਵਾਲ ਪੈਦਾ ਹੁੰਦਾ ਹੈ ਕਿ ਅੰਮ੍ਰਿਤਸਰ ਦੇ ਲੰਗਰਖ਼ਾਨੇ ਸਮੇਤ, ਕਿਹੜਾ ਐਡਾ ਵੱਡਾ ਹਾਲ ਹੈ, ਜਿਸ ਵਿਚ ਸੰਗਤ ਨੂੰ ਇਕ ਕਤਾਰ ਵਿਚ ਬਿਠਾ ਕੇ ਲੰਗਰ ਛਕਾਇਆ ਜਾ ਸਕਦਾ ਹੈ ? ਹਰ ਕਮਰੇ ਦੀ ਚਾਰਦੀਵਾਰੀ ਸੀਮਤ ਹੁੰਦੀ ਹੈ, ਅਵੱਸ਼ ਹੀ ਪੰਗਤ ਨੂੰ ਕਈ ਕਈ ਹਿੱਸਿਆਂ ਵਿਚ ਬਿਠਾਉਣਾ ਪੈਂਦਾ ਹੈ। ਇਕ ਹਿੱਸਾ ਉੱਚਿਆਂ ਦਾ ਬਣ ਸਕਦਾ ਹੈ, ਦੂਜਾ ਨੀਵਿਆਂ ਦਾ। ਪੰਗਤ ਵਿਚ ਬੈਠ ਕੇ ਲੰਗਰ ਪਾਨ ਕਰਨਾ ਸਿੱਖ ਧਰਮ ਦਾ ਮੂਲ ਸਿਧਾਂਤ ਹੈ, ਇਸ ਲਈ ਨਹੀਂ ਕਿ ਇਕ ਕਤਾਰ ਵਿਚ ਬੈਠਣਾ ਧਾਰਮਿਕ ਅਸੂਲ ਹੈ, ਬਲਕਿ ਇਸ ਲਈ ਕਿ ਊਚ-ਨੀਚ ਦਾ ਖੰਡਨ ਹੋਵੇ; ਸੋ ਗੁਰੂ ਦਾ ਲੰਗਰ ਹਰ ਪ੍ਰਾਣੀ ਵਾਸਤੇ ਖੁੱਲ੍ਹਾ ਹੈ। ਹਰ ਕੋਈ ਇੱਕੋ ਭਾਂਤ ਦਾ ਭੋਜਨ, ਬਿਨਾਂ ਕਿਸੇ ਭੇਦ-ਭਾਵ ਦੇ ਇਕੱਠੇ ਬੈਠ ਕੇ ਛਕ ਸਕਦਾ ਹੈ। ਜੇ ਇੱਕੋ ਕਿਸਮ ਦੇ ਮੇਜ਼, ਨਾਲੋ-ਨਾਲ ਲਗਾਏ ਹੋਣ ਅਤੇ ਉਨ੍ਹਾਂ ਉਪਰ ਆਹਮੋ-ਸਾਹਮਣੇ ਕੁਰਸੀਆਂ ਲਗਾ ਕੇ ਸੰਗਤਾਂ ਸਜ ਜਾਣ (ਨੰਗੇ ਪੈਰੀਂ ਹੋ, ਸਿਰ ਢਕਿਆ ਹੋਵੇ) ਤਾਂ ਕੀ ਗੁਰ- ਮਰਿਆਦਾ ਦਾ ਉਲੰਘਣ ਹੋਵੇਗਾ ?

(ਹ) ਜ਼ਮੀਨ ਉਪਰ ਬੈਠਿਆਂ ਅਵੱਸ਼ ਹੀ ਪੈਰ ਥਾਲੀ ਨੂੰ ਲੱਗਣਗੇ। ਇਹ ਲੰਗਰ ਦਾ ਸਤਿਕਾਰ ਹੋਵੇਗਾ ਕਿ ਨਿਰਾਦਰੀ ? ਵਰਤਾਰਿਆਂ ਦੀ ਆਵਾਜਾਈ ਹੁੰਦੀ ਹੈ; ਦਾਲ ਵੀ ਡੁਲ੍ਹਦੀ ਹੈ, ਪਾਣੀ ਵੀ ਡੁਲ੍ਹਦਾ ਹੈ। ਅਗਲੀ ਸੰਗਤ ਦੇ ਬਸਤਰ ਵੀ ਖ਼ਰਾਬ ਹੁੰਦੇ ਹਨ। ਕੁਰਸੀਆਂ ਉਪਰ ਬੈਠਣ ਨਾਲ ਇਹ ਸਾਰੀਆਂ ਗ਼ਲਤ ਗੱਲਾਂ ਨਹੀਂ ਹੁੰਦੀਆਂ।

(ਕ) ਸਿੱਖ ਸੰਗਤ ਬਾਕੀ ਇਨਸਾਨਾਂ ਵਾਂਗ ਹੀ ਹੈ। ਸਮੇਂ ਦੇ ਨਾਲ ਨਾਲ ਇਹ ਵੀ ਉਸੇ ਤਰ੍ਹਾਂ ਹੀ ਵਧਦੀਆਂ ਫੁਲਦੀਆਂ ਹਨ। ਇਹ ਕੌਮ ਚੜ੍ਹਦੀ ਕਲਾ ਦੀ ਧਾਰਨੀ ਹੈ। ਇਨ੍ਹਾਂ ਨੂੰ ਲਕੀਰ ਦਾ ਫ਼ਕੀਰ ਬਣਾਉਣ ਦੀ ਬਜਾਏ ਪ੍ਰਫੁੱਲਤਾ ਵੱਲ ਦੀ ਸੇਧ ਦੇਣੀ ਉਚਿਤ ਹੈ। ਇਕ ਵੇਲਾ ਸੀ, ਡੂਨੇ ਵਿਚ ਦਾਲ ਪਾ ਕੇ ਪਤਲਾਂ ਉਪਰ ਰੋਟੀ ਰੱਖ ਕੇ, ਭੁੰਜੇ ਬੈਠ ਕੇ ਖਾਂਦੇ ਹੁੰਦੇ ਸਨ। ਫੇਰ ਥਾਲੀਆਂ, ਕੌਲੀਆਂ, ਛੰਨੇ ਅਤੇ ਗਲਾਸ ਬਣ ਗਏ। ਅੱਜ ਕੱਲ੍ਹ ਪਲਾਸਟਿਕ ਜਾਂ ਸਟੇਨਲੈਸ ਸਟੀਲ ਦੀਆਂ ਟਰੇਆਂ ਹਨ। ਭੁੰਜੇ ਬੈਠਣ ਤੋਂ ਤੱਪੜ, ਮੂੜ੍ਹੇ, ਪੀੜ੍ਹੀਆਂ, ਤਪਾਈਆਂ ਅਤੇ ਕੁਰਸੀਆਂ ਉਪਰ ਬੈਠਣਾ ਅਤੇ ਖਾਣਾ ਆਮ ਰਿਵਾਜ ਹੋ

ਗਿਆ ਹੋਇਆ ਹੈ। ਕੀ ਤੁਹਾਡੀ 20 ਅਪਰੈਲ 1998 ਦੀ ਬੈਠਕ ਵਿਚ ਇਨ੍ਹਾਂ ਪਹਿਲੂਆਂ ਉੱਤੇ ਵਿਚਾਰ ਹੋਈ ਸੀ ? ਜੇ ਹੋਈ ਸੀ ਤਾਂ ਤੁਹਾਡਾ ਇਹ ਧਰਮ ਫ਼ਰਜ਼ ਬਣਦਾ ਹੈ ਕਿ ਸੰਗਤਾਂ ਨੂੰ ਪੂਰੀ ਤਫ਼ਸੀਲ ਨਾਲ ਸ਼ਮੂਲੀਅਤ ਕਰਦੇ ਹੋਏ ਹਰੇਕ ਜਥੇਦਾਰ ਸਾਹਿਬ ਦੇ ਵਿਚਾਰਾਂ ਤੋਂ ਵਾਕਫ਼ ਕਰਾਓ।

(ਖ) ਆਪ ਦੇ 'ਹੁਕਮਨਾਮੇ' ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਪ ਨੂੰ ਇਸ ਗੱਲ ਦਾ ਇਲਮ ਨਹੀਂ ਹੈ ਕਿ ਦੁਨੀਆਂ ਵਿਚ ਕਿਹੜੇ ਕਿਹੜੇ ਗੁਰਦੁਆਰੇ ਕੁਰਸੀਆਂ ਮੇਜ਼ਾਂ ਦਾ ਇਸਤੇਮਾਲ ਕਰਦੇ ਹਨ। ਜੇ ਇਉਂ ਨਾ ਹੁੰਦਾ ਤਾਂ ਤੁਸੀਂ 'ਹੁਕਮਨਾਮਾ' ਉਨ੍ਹਾਂ ਸੰਸਥਾਵਾਂ ਨੂੰ ਸਪੱਸ਼ਟ ਤੌਰ ਉੱਤੇ ਸਿਧਾ ਹੀ ਆਇਦ ਕਰਦੇ। ਸੁਭਾਵਿਕ ਹੀ, ਇਹ ਐਕਸ਼ਨ ਲੈਣ ਤੋਂ ਪਹਿਲਾਂ ਉਨ੍ਹਾਂ ਤੋਂ ਕਾਰਨ ਪੁੱਛਦੇ ਅਤੇ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਘੋਖਦੇ। ਹੋ ਸਕਦਾ ਹੈ ਕਿ ਆਪਣੇ ਤਜਰਬੇ ਅਤੇ ਰਸੂਖ ਸਦਕਾ ਤੁਸੀਂ ਉਨ੍ਹਾਂ ਦੀ ਸਮੱਸਿਆ ਜੇ ਦੂਰ ਨਹੀਂ ਤਾਂ ਘੱਟ ਜ਼ਰੂਰ ਕਰ ਸਕਦੇ ਸੀ। ਤੁਸੀਂ ਇਸ ਤਰ੍ਹਾਂ ਨਾ ਕਰ ਕੇ ਅਨਿਆਏ ਕੀਤਾ ਹੈ। ਪੰਥ ਨੇ ਆਪ ਨੂੰ ਏਨੀ ਉਚਤਾ ਬਖ਼ਸੀ ਹੈ, ਜਿਸ ਕਾਰਨ ਤੁਸੀਂ ਪੰਥ ਦੇ ਰਿਣੀ ਹੋਵੋ ਅਤੇ ਐਸੇ ਮਾਕੂਲ ਫ਼ੈਸਲੇ ਕਰੋ, ਜਿਨ੍ਹਾਂ ਨਾਲ ਪੰਥ ਦੀ ਪ੍ਰਫੁੱਲਤਾ ਨੂੰ ਸੇਧ ਮਿਲੇ ਅਤੇ ਸੰਗਤਾਂ ਤੁਹਾਡੀ ਗੁਰਮੁਖਤਾ ਉੱਤੇ ਨਾਜ਼ ਕਰਨ।

(ਗ) ਇਸ 'ਹੁਕਮਨਾਮੇ' ਸਦਕੇ, ਇਕ ਘੋਰ ਅਨਿਆਏ ਤੁਸੀਂ ਉਸ ਨਿਰਬਲ ਅਤੇ ਬੇਜ਼ਬਾਨ ਸ਼੍ਰੇਣੀ ਨਾਲ ਕਰ ਦਿੱਤਾ ਹੈ, ਜਿਸ ਦੇ ਮੈਂਬਰ ਜਾਨਾਂ ਹੀਲ ਕੇ ਜਾਂ ਕਹੋ ਪੋਰ੍ਹਿਆ ਪੋਰ੍ਹਿਆ ਕਰ ਕੇ ਪ੍ਰਦੇਸਾਂ ਵਿਚ ਪਹੁੰਚਦੇ ਹਨ ਅਤੇ ਸੰਗਤਾਂ ਨੂੰ ਸ਼ਬਦ ਕੀਰਤਨ ਅਤੇ ਕਥਾ ਰਾਹੀਂ ਗੁਰਬਾਣੀ ਨਾਲ ਜੋੜਦੇ ਹਨ। ਤੁਸੀਂ ਆਪਣੀ ਜ਼ਿੰਮੇਵਾਰੀ ਉਨ੍ਹਾਂ 'ਦੋਸ਼ੀ' ਗੁਰਦੁਆਰਿਆਂ ਨਾਲ ਨਜਿੱਠਣ ਦੀ ਬਜਾਏ ਇਨ੍ਹਾਂ ਕਮਜ਼ੋਰ ਸ਼੍ਰੇਣੀਆਂ ਦੇ ਗਲ ਪਾ ਦਿੱਤੀ ਹੈ। ਜਿਹੜੀ ਤੁਸੀਂ ਉਨ੍ਹਾਂ ਦੇ ਬਰਖ਼ਿਲਾਫ਼ 'ਪੰਥਕ ਕਾਰਵਾਈ' ਕਰਨ ਦੀ ਧਮਕੀ ਦਿੱਤੀ ਹੈ, ਇਹ ਸਰਾਸਰ ਨਾਵਾਜਬ ਹੈ ਅਤੇ ਇਹ ਤੁਹਾਡੇ ਸਤਿਕਾਰਯੋਗ ਆਸਨ ਨੂੰ ਬਿਲਕੁਲ ਸ਼ੋਭਾ ਨਹੀਂ ਦਿੰਦੀ।

(ਘ) ਕਿਊਬੈਕ ਦੇ ਮੌਨਟ੍ਰੀਆਲ ਸ਼ਹਿਰ ਵਿਚ ਦੋ ਗੁਰਦੁਆਰੇ ਸਨ। ਦੋਹਾਂ ਵਿਚ ਹੀ ਸੰਗਤਾਂ ਕੁਰਸੀਆਂ ਉੱਤੇ ਬੈਠ ਕੇ, ਮੇਜ਼ਾਂ ਉਪਰ ਲੰਗਰ ਪਾਨ ਕਰਦੀਆਂ ਸਨ। ਸਮੇਂ ਦੇ ਪਲਟੇ ਨਾਲ, ਇਕ ਗੁਰਦੁਆਰੇ ਉਪਰ ਨਵੀਂ ਪਾਰਟੀ ਦਾ ਕਬਜ਼ਾ ਹੋ ਗਿਆ ਤਾਂ ਉਸ ਨੇ ਕੁਰਸੀਆਂ ਮੇਜ਼ ਚੁੱਕ ਦਿੱਤੇ ਅਤੇ ਭੁੰਜੇ ਬੈਠ ਕੇ ਲੰਗਰ ਛਕਣ ਦੀ ਮਰਿਆਦਾ ਕਰ ਲਈ। ਕੁਝ ਮਹੀਨਿਆਂ ਪਿੱਛੋਂ ਉਨ੍ਹਾਂ ਨੇ ਉਸ ਦੂਸਰੇ ਗੁਰਦੁਆਰਾ ਸਾਹਿਬ ਉੱਤੇ ਧਾਅਵਾ ਬੋਲ ਦਿੱਤਾ ਅਤੇ ਜ਼ਬਰ- ਦਸਤੀ ਕੁਰਸੀਆਂ ਮੇਜ਼ ਚੁੱਕਣੇ ਸ਼ੁਰੂ ਕਰ ਦਿੱਤੇ। ਮਾਮਲਾ ਪੁਲਿਸ ਦੇ ਹੱਥ ਗਿਆ ਤਾਂ ਉਹ ਲੋਕ ਪਿੱਛੇ ਹਟ ਗਏ। ਇਸ ਗੁਰਦੁਆਰਾ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਨੂੰ ਤਿੰਨ ਰਜਿਸਟਰਡ ਖਤ ਲਿਖੇ ਅਤੇ ਆਪਣੀਆਂ ਮਜਬੂਰੀਆਂ ਦਰਸਾਉਂਦਿਆਂ ਹੋਇਆਂ ਬੇਨਤੀ ਕੀਤੀ ਕਿ ਇਨ੍ਹਾਂ ਹਾਲਤਾਂ ਵਿਚ ਮੇਜ਼ਾਂ ਕੁਰਸੀਆਂ ਦੇ ਇਸਤੇਮਾਲ ਨੂੰ ਮਰਿਆਦਾ ਦੀ ਉਲੰਘਣਾ ਨਾ ਮਿਥਿਆ ਜਾਵੇ। ਅਕਾਲ ਤਖ਼ਤ ਸਾਹਿਬ ਦਾ ਜਵਾਬ ਤਾਂ ਕੀ ਆਉਣਾ ਸੀ, ਅਖ਼ਬਾਰਾਂ ਤੋਂ ਸੋਅ ਲੱਗੀ ਕਿ ਇਕ 'ਹੁਕਮਨਾਮਾ' ਜਾਰੀ ਹੋ ਚੁੱਕਾ ਹੈ। ਸੋ ਗੁਰਦੁਆਰਾ ਸਾਹਿਬ ਨੇ ਰਾਗੀਆਂ ਢਾਡੀਆਂ ਦੇ ਰਾਹੀਂ ਇਸ 'ਹੁਕਮਨਾਮੇ' ਦੀ ਨਕਲ ਹਾਸਿਲ ਕਰ ਲਈ। ਸਵਾਲ ਉਠਦਾ ਹੈ, ਐਨੀ ਚੁੱਪ ਪਿੱਛੋਂ ਕਿਸ ਮੂੰਹ ਨਾਲ ਅਕਾਲ ਤਖ਼ਤ ਸਾਹਿਬ ਇਸ ਗੁਰਦੁਆਰਾ ਸਾਹਿਬ ਉਪਰ ਇਹ 'ਹੁਕਮਨਾਮਾ' ਲਾਗੂ ਕਰ ਸਕਦੇ ਹਨ ? ਗ਼ਰੀਬ ਰਾਗੀਆਂ ਅਤੇ ਢਾਡੀਆਂ ਉਪਰ ਕਹਿਰ ਢਾਅ ਕੇ ?

(ਙ) ਇਕ ਪਾਸੇ ਮਰਦਾਂ ਅਤੇ ਇਸਤਰੀਆਂ ਦੇ ਗ਼ੁਸਲਖ਼ਾਨੇ ਅਤੇ ਦੂਸਰੇ ਪਾਸੇ ਬੱਚਿਆਂ ਦੀਆਂ ਕਲਾਸਾਂ ਲਈ ਰਾਹ ਛੱਡ ਕੇ ਸਿਰਫ਼ 20 ਫ਼ੁੱਟ ਜਰਬ 20 ਫ਼ੁੱਟ ਥਾਂ ਬਚਦੀ ਹੈ। ਇਸ ਵਲਗਣ ਵਿਚ ਜੇ 350 ਮੈਂਬਰਾਂ ਵਿੱਚੋਂ ਅੱਧੇ ਵੀ ਲੰਗਰ ਲਈ ਹਾਜ਼ਿਰ ਹੋਣ ਤਾਂ ਕਿੰਨੀ ਮੁਸ਼ਕਿਲ ਬਣ ਜਾਂਦੀ ਹੈ। ਕੁਰਸੀਆਂ ਮੇਜ਼ਾਂ ਦੀ ਵਰਤੋਂ ਨਾਲ ਸਾਰੇ ਆਸਾਨੀ ਨਾਲ ਸਮਾਅ ਸਕਦੇ ਹਨ।

ਆਪਦਾ ਮਿਤੀ 20 ਅਪਰੈਲ 1998 ਦੇ ਅਹਿਦ ਕੀਤੇ ਹੋਏ 'ਹੁਕਮਨਾਮੇ' ਦਾ ਉਪਰ ਦੱਸਿਆ ਵਿਸ਼ਲੇਸ਼ਣ ਕਰਨ ਉਪਰੰਤ ਇਹ ਸਿੱਧ ਹੁੰਦਾ ਹੈ ਕਿ :

1. ਇਹ ਅਨਿਯਮਿਤ ਹੈ;
2. ਜਿਹੜੀਆਂ ਸੰਸਥਾਵਾਂ ਨੂੰ ਤੁਸੀਂ ਕਸੂਰਵਾਰ ਠਹਿਰਾਉਣਾ ਚਾਹੁੰਦੇ ਹੋ, ਉਨ੍ਹਾਂ ਨੂੰ ਤਾਂ ਇਹ 'ਹੁਕਮਨਾਮਾ' ਮੁਖ਼ਤਾਬ ਹੀ ਨਹੀਂ ਕੀਤਾ ਹੋਇਆ;
3. ਇਹ 'ਹੁਕਮਨਾਮਾ' ਆਪ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ;
4. ਆਪ ਦੇ ਉਪਰ ਇਕ ਧਾਰਮਿਕ ਜ਼ਿੰਮੇਵਾਰੀ ਹੈ ਕਿ ਆਪ ਇਹ ਸਾਬਤ ਕਰੋ ਕਿ ਕੁਰਸੀਆਂ ਮੇਜ਼ ਵਰਤਣ ਵਾਲੀਆਂ ਸੰਸਥਾਵਾਂ ਕਿਵੇਂ ਗੁਰੂ ਦੇ ਲੰਗਰ ਨੂੰ ਸ਼ਰਧਾ ਅਤੇ ਸਤਿਕਾਰ ਨਹੀਂ ਦਿੰਦੀਆਂ।
5. ਜਿਹੜੀ ਤੁਸੀਂ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ ਅਤੇ ਪ੍ਰਚਾਰਕ ਸ਼੍ਰੇਣੀਆਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸਜ਼ਾ ਦੇਣ ਦੀ ਧਮਕੀ ਦਿੱਤੀ ਹੈ, ਇਹ ਬਿਲਕੁਲ ਅਯੋਗ ਹੈ।
6. ਇਨ੍ਹਾਂ ਸਭ ਕਾਰਨਾਂ ਕਰ ਕੇ ਆਪ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਕਿ ਫ਼ੌਰਨ ਹੀ ਇਸ 'ਹੁਕਮਨਾਮੇ' ਨੂੰ ਵਾਪਸ ਲੈ ਲਓ ਵਰਨਾ ਜਿਨ੍ਹਾਂ ਨੂੰ ਤੁਸੀਂ 'ਕਸੂਰਵਾਰ' ਠਹਿਰਾਉਂਦੇ ਹੋ, ਉਹ ਸੰਗਤਾਂ ਯੋਗ ਕਾਰਵਾਈ ਆਰੰਭ ਕਰਨਗੀਆਂ ਅਤੇ ਸਾਰੀ ਪ੍ਰਤਿਸ਼ਠਾ ਦੇ ਤੁਸੀਂ ਆਪ ਹੀ ਜ਼ਿੰਮੇਵਾਰ ਹੋਵੋਗੇ।

ਨਿਰਧਾਰਤ ਸੰਗਤਾਂ ਨਿਮਿਤ
ਪ੍ਰੀਤਮ ਸਿੰਘ ਕਿਅਊ.ਸੀ.
ਮੌਂਟ੍ਰੀਆਲ

ਉਤਾਰਾ : 1. ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
2. ਭਾਈ ਮਨਜੀਤ ਸਿੰਘ ਜੀ, ਜਥੇਦਾਰ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ

ਜਥੇਦਾਰ ਟੌਹੜਾ ਨੂੰ ਲਿਖੀ ਚਿੱਠੀ

ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਅੰਮ੍ਰਿਤਸਰ, ਪੰਜਾਬ (ਇੰਡੀਆ)।

ਸੁਹਿਰਦ ਜਥੇਦਾਰ ਜੀ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਇਸ ਪੱਤ੍ਰਿਕਾ ਨਾਲ ਹੀ ਆਪ ਨੂੰ ਇਕ ਚਿਤਾਵਨੀ ਨੋਟਿਸ ਦੀ ਨਕਲ ਭੇਜ ਰਿਹਾ ਹਾਂ, ਜਿਹੜਾ ਉਨ੍ਹਾਂ ਨਿਰਧਾਰਿਤ ਸੰਗਤਾਂ ਦੇ ਨਿਮਿਤ ਮੈਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਨੂੰ ਭੇਜਿਆ ਹੈ। ਅਖ਼ਬਾਰਾਂ ਵਿਚ ਛਪਿਆ ਹੈ ਕਿ ਆਪ ਨੇ ਸਿੰਘ ਸਾਹਿਬ ਦੇ ਇਸ 'ਹੁਕਮਨਾਮੇ' ਦੀ ਪ੍ਰੋੜ੍ਹਤਾ ਕੀਤੀ ਹੈ, ਪਰ ਇਹ ਕੋਈ ਛੋਟਾ ਜਿਹਾ ਮਸਲਾ ਨਹੀਂ ਹੈ, ਜਿਸ ਨੂੰ ਸਿੰਘ ਸਾਹਿਬ ਆਪ ਹੀ ਭੁਗਤਾ ਸਕਣ। 'ਰਹਿਤਨਾਮਾ' ਤਿਆਰ ਕਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਦਹਾਕੇ ਲਾਏ ਸੀ ਅਤੇ ਅਨੇਕਾਂ ਹੀ ਧਾਰਮਿਕ ਆਗੂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ ਸੀ, ਲੰਗਰ ਦੇ ਮਸਲੇ ਵਿਚ ਸਿਰਫ਼ ਇਹ ਹੀ ਕਹਿ ਦੇਣਾ ਕਿ ਪੰਗਤ ਵਿਚ ਭੁੰਜੇ ਬੈਠ ਕੇ ਲੰਗਰ ਛਕਿਆ ਜਾਵੇ, ਤਦ ਹੀ ਉਹ ਗੁਰ-ਮਰਿਆਦਾ ਮਕਬੂਲ ਹੈ, ਇਹ ਗ਼ਲਤ ਬਿਆਨੀ ਹੈ। ਪੰਗਤ ਵਿਚ ਬੈਠਣ ਦਾ ਮਕਸਦ ਊਚ-ਨੀਚ ਨੂੰ ਮਿਟਾਉਣਾ ਹੈ। ਅੱਜ ਦੇ ਜ਼ਮਾਨੇ ਵਿਚ ਕਿੰਨੇ ਕੁ ਗੁਰੂ ਦੇ ਸਿੱਖ ਹਨ, ਜਿਹੜੇ ਭੁੰਜੇ ਬੈਠ ਕੇ ਭੋਜਨ ਛਕਦੇ ਹਨ ? ਹੁਣ ਤਾਂ ਪਿੰਡਾਂ ਵਿਚ ਜੱਟ ਵੀ ਹੱਲ ਛੱਡ ਕੇ ਟਰੈਕਟਰਾਂ ਨਾਲ ਆਪਣੀ ਖੇਤੀ ਕਰਦੇ ਹਨ। ਕੁਰਸੀਆਂ ਉੱਤੇ ਬੈਠ ਕੇ ਮੇਜ਼ ਉਪਰ ਗੁਰੂ ਦਾ ਲੰਗਰ ਛਕਣਾ ਉਸ ਲੰਗਰ ਦੀ ਮਹਾਨਤਾ ਨੂੰ ਬਰਕਰਾਰ ਰਖਦਾ ਹੈ ਅਤੇ ਇੱਕੋ ਜਿਹੀਆਂ ਤਰਤੀਬ ਨਾਲ ਲੱਗੀਆਂ ਮੇਜ਼ਾਂ ਉਪਰ ਇੱਕੋ ਜਿਹਾ ਭੋਜਨ ਛਕਿਆ ਜਾਣਾ ਊਚ-ਨੀਚ ਨੂੰ ਦੂਰ ਕਰਦਾ ਹੈ।

ਹੁਣ ਅਸੀਂ ਇੱਕੀਵੀ ਸਦੀ ਦੇ ਨੱਕੇ ਉੱਤੇ ਪਹੁੰਚ ਗਏ ਹਾਂ। ਆਪਣਾ ਲੰਬਾ ਤਜਰਬਾ ਅਤੇ ਰਸੂਖ ਵਰਤੋ ! ਤੁਹਾਨੂੰ ਕਿਸੇ ਦੀ ਝੋਲੀ ਚੁੱਕਣ ਦੀ ਲੋੜ ਨਹੀਂ ਹੈ ਅਤੇ ਕਿਸੇ ਤੋਂ ਭੈਅ ਖਾਣ ਦਾ ਸਮਾਂ ਵੀ ਬੀਤ ਚੁੱਕਾ ਹੈ। ਸੱਚਤਾ ਦੇ ਹਾਮੀ ਹੋਣਾ ਤੁਹਾਡਾ ਉੱਚਾ ਕਿਰਦਾਰ ਹੈ। ਇਹ 'ਹੁਕਮਨਾਮਾ' ਕਾਹਲੀ ਵਿਚ ਆਇਦ ਕੀਤਾ ਹੋਇਆ ਹੈ। ਇਕ ਕਮਿਸ਼ਨ ਬਣਾ ਦਿਓ, ਜਿਸ ਵਿਚ ਬਾਹਰਲੇ ਗੁਰਦੁਆਰਿਆਂ ਦੇ ਉਹ ਸਿੱਖ ਵੀ ਹੋਣ ਜਿਹੜੇ ਆਪਣਾ ਪੱਖ ਪੇਸ਼ ਕਰ ਸਕਣ। ਬੜੀ ਭਰੱਪਣ ਨਾਲ ਇਸ ਮਸਲੇ ਦਾ ਹੱਲ ਗੁਰ-ਰੀਤੀ ਅਨੁਸਾਰ ਹੋ ਸਕਦਾ ਹੈ। ਇੱਥੇ ਸਿੰਘ ਸਾਹਿਬ ਦੀ ਜਾਤ ਦਾ ਜਾਂ ਤੁਹਾਡਾ ਜਾਤੀ ਮਸਲਾ ਨਹੀਂ। ਸੰਗਤਾਂ ਤੁਹਾਡੇ ਵਿੱਚੋਂ ਕਿਸੇ ਦੀ ਵੀ ਹੇਠੀ ਕਰਨ ਦੀਆਂ ਬਿਲਕੁਲ ਚਾਹਵਾਨ ਨਹੀਂ ਹਨ।

ਪਿਆਰ ਨਾਲ ਗੁਰ ਫ਼ਤਹਿ !

ਨਿਰਧਾਰਤ ਸੰਗਤਾਂ ਨਿਮਿਤ
ਪ੍ਰੀਤਮ ਸਿੰਘ ਕਿਅਊ.ਸੀ.

ਤਖ਼ਤ ਪਟਨਾ ਸਾਹਿਬ ਬਨਾਮ ਅਕਾਲ ਤਖ਼ਤ ਸਾਹਿਬ

ਜੂਨ 2004 ਵਿਚ ਹਰਿਮੰਦਰ ਸਾਹਿਬ, ਪਟਨਾ ਸਾਹਿਬ ਦੇ ਮੁਖ ਸੇਵਾਦਾਰ ਇਕਬਾਲ ਸਿੰਘ ਨੇ ਗਿਆਨੀ ਗੁਰਦਿਤ ਸਿੰਘ ਦੀ ਕਿਤਾਬ 'ਮੁੰਦਾਵਣੀ' ਨੂੰ ਆਧਾਰ ਬਣਾ ਕੇ ਇਸ ਦੇ ਲੇਖਕ, ਉਨ੍ਹਾਂ ਦੇ ਇਕ ਸਾਥੀ ਭਾਈ ਮੋਹਣ ਸਿੰਘ ਅਤੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਨੂੰ ਪਟਨਾ ਸਾਹਿਬ 'ਤਲਬ' ਕਰ ਲਿਆ ਸੀ। ਪਰ, ਇਸ ਮਗਰੋਂ ਇਕਬਾਲ ਸਿੰਘ ਨੇ 3 ਜੁਲਾਈ 2004 ਨੂੰ ਇਕ ਹੋਰ 'ਹੁਕਮਨਾਮਾ' ਵੀ ਜਾਰੀ ਕੀਤਾ।

24 ਅਪਰੈਲ ਤੇ 2 ਮਈ 2004 ਦੇ ਦਿਨ ਕਲਕੱਤਾ ਵਿਚ ਦੋ ਗੁਰਪੁਰਬਾਂ ਦੇ ਮੌਕੇ 'ਤੇ ਹਰਿਮੰਦਰ ਸਾਹਿਬ ਪਟਨਾ ਸਾਹਿਬ ਦੇ ਮੁਖ ਸੇਵਾਦਾਰ/ਪੁਜਾਰੀ ਗਿਆਨੀ ਇਕਬਾਲ ਸਿੰਘ ਨੇ ਵੱਖ ਵੱਖ ਗੁਰਦੁਆਰਿਆਂ ਵਿਚ ਲੈਕਚਰ ਕਰਦਿਆਂ ਕਿਹਾ ਕਿ 'ਪਟਨਾ ਸਾਹਿਬ ਤਖ਼ਤ' ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਬਣਾਇਆ ਗਿਆ ਸੀ (ਤੇ ਇਸ ਕਰ ਕੇ ਇਹ ਅਕਾਲ ਤਖ਼ਤ ਤੋਂ ਸੁਪਰੀਮ ਹੈ)। ਇਕਬਾਲ ਸਿੰਘ ਹੋਰਾਂ ਨੇ ਇਨ੍ਹਾਂ ਲੈਕਚਰਾਂ ਦੌਰਾਨ 'ਸਿੱਖ ਰਹਿਤ ਮਰਿਆਦਾ' ਅਤੇ ਗੁਰਮਤਿ ਦੇ ਖ਼ਿਲਾਫ਼ ਕਈ ਗੱਲਾਂ ਵੀ ਕਹੀਆਂ। ਇਸ ਸਬੰਧੀ 'ਸਿੱਖ ਫ਼ੋਰਮ ਕਲਕੱਤਾ' ਦੇ ਸੇਵਾਦਾਰਾਂ ਨੇ ਇਕ ਮਜ਼ਮੂਨ 'ਮੱਧ ਪ੍ਰਦੇਸ਼ ਸਿੰਘ ਸਭਾ ਨਿਊਜ਼ ਲੈਟਰ' ਦੇ ਜੂਨ ਅੰਕ (ਸਫ਼ਾ 69, 70 ਤੇ 78) ਵਿਚ ਛਪਵਾਇਆ, ਜਿਸ ਵਿਚ ਉਨ੍ਹਾਂ ਨੇ ਇਕਬਾਲ ਸਿੰਘ ਦੇ ਲੈਕਚਰਾਂ ਵਿਚਲੀਆਂ, ਸਿੱਖੀ ਦੇ ਉਲਟ ਤੇ ਮਨਮਤਿ ਵਾਲੀਆਂ, ਗੱਲਾਂ ਦਾ ਜ਼ਿਕਰ ਕੀਤਾ। ਇਕਬਾਲ ਸਿੰਘ ਨੇ 3 ਜੁਲਾਈ 2004 ਦੇ ਦਿਨ ਆਪਣੇ ਨੁਕਸ ਕੱਢਣ ਵਾਲਿਆਂ ਨੂੰ ਇਕ 'ਹੁਕਮਨਾਮਾ' ਜਾਰੀ ਕਰ ਕੇ, ਤਨਖ਼ਾਹੀਏ ਕਰਾਰ ਦੇ ਦਿੱਤਾ। *(ਇਸ ਅਖੌਤੀ 'ਹੁਕਮਨਾਮੇ' ਵਿਚ ਜਿਸ ਸਿੱਖ ਨੂੰ ਤਨਖ਼ਾਹੀਆ ਕਰਾਰ ਦਿੱਤਾ ਹੈ, ਉਹ ਦਾ ਨਾਂ ਹੀ ਨਹੀਂ, ਇਸ ਦਾ ਮਤਲਬ ਇਹ ਹੈ ਕਿ ਸਾਰਾ 'ਸਿੱਖ ਫ਼ੌਰਮ', ਸ਼ਾਇਦ ਸਾਰਾ ਸਿੱਖ ਪੰਥ, ਹੀ ਤਨਖ਼ਾਹੀਆ ਹੈ।)* ਇਕਬਾਲ ਸਿੰਘ ਦੇ ਅਖੌਤੀ ਹੁਕਮਨਾਮੇ ਵਿਚ ਮੁਖ ਦੋਸ਼ ਇਹ ਲਾਇਆ ਕਿ 'ਸਿੱਖ ਫ਼ੌਰਮ' ਵਾਲਿਆਂ ਨੇ 'ਮੱਧ ਪ੍ਰਦੇਸ਼ ਸਿੰਘ ਸਭਾ ਨਿਊਜ਼ ਸੈਂਟਰ' ਵਿਚਲੇ ਲੇਖ ਵਿਚ 'ਸਪੋਕਸਮੈਨ' ਨੂੰ 'ਪੰਥਕ ਪਰਚਾ' ਕਿਹਾ ਹੈ। ਹਾਲਾਂਕਿ 'ਸਿੱਖ ਫ਼ੌਰਮ' ਨੇ ਇਸ ਮਜ਼ਮੂਨ ਵਿਚ 'ਸਪੋਕਸਮੈਨ' ਦਾ ਨਾਂ ਤਕ ਵੀ ਨਹੀਂ ਲਿਆ। ਖ਼ੈਰ, ਇਕਬਾਲ ਸਿੰਘ ਦੇ ਇਸ ਅਖੌਤੀ ਹੁਕਮਨਾਮੇ ਨੂੰ ਕਿਸੇ ਨੇ ਮੰਨਣਾ ਤਾਂ ਕੀ, ਗੌਲਿਆ ਤਕ ਵੀ ਨਹੀਂ। ਪਰ, ਇਸ ਅਖੌਤੀ ਹੁਕਮਨਾਮੇ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਦੇ ਨਾਲ 'ਤਖ਼ਤ ਪਟਨਾ' ਵੱਲੋਂ ਛਾਪਿਆ ਇਕ ਟ੍ਰੈਕਟ ਵੀ ਹੈ, ਜਿਸ ਨੂੰ ਖ਼ੁਦ ਇਕਬਾਲ ਸਿੰਘ ਅਤੇ ਪਟਨਾ ਕਮੇਟੀ ਦੇ ਜਨਰਲ ਸਕੱਤਰ ਮਹਿੰਦਰਪਾਲ ਸਿੰਘ ਢਿਲਣ (ਢਿੱਲੋਂ ਦਾ ਵਿਗੜਿਆ ਰੂਪ) ਨੇ ਲਿਖਿਆ ਹੈ। ਇਸ 14 ਸਫ਼ੇ ਦੇ 'ਲੇਖ' ਵਿਚ ਸਾਬਿਤ ਕੀਤਾ ਗਿਆ ਹੈ ਕਿ 'ਤਖ਼ਤ ਪਟਨਾ' ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਬਣਿਆ ਸੀ ਤੇ ਇਸ ਕਰ ਕੇ ਇਹ ਸਭ ਤੋਂ ਸੁਪਰੀਮ ਹੈ। ਇਕਬਾਲ ਸਿੰਘ ਵੱਲੋਂ ਤਾਂ ਇਸ ਲੇਖ ਵਿਚ ਅਕਾਲ ਤਖ਼ਤ ਨੂੰ 'ਗੁਰੂ ਦਾ ਥਾਪਿਆ' ਤਖ਼ਤ ਹੀ ਨਹੀਂ ਮੰਨਿਆ ਗਿਆ।

ਇਕਬਾਲ ਸਿੰਘ ਸਫ਼ਾ 2 'ਤੇ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਜਦ 1563 ਬਿਕ੍ਰਮੀ (1506 ਸੰਨ) ਵਿਚ ਪਟਨਾ ਸਾਹਿਬ ਗਏ ਸਨ ਤਾਂ ਉਨ੍ਹਾਂ ਨੇ ਆਪਣੇ ਸਿਰ 'ਤੇ ਬੰਨ੍ਹੀ, ਡੇਢ ਗਜ਼ ਦੀ ਦਸਤਾਰ ਲਾਹ ਕੇ ਸਾਲਸ ਰਾਏ ਜੌਹਰੀ ਨੂੰ ਸਜਾਈ ਸੀ, ਇਸ ਕਰ ਕੇ ਪਟਨਾ ਗੁਰੂ ਨਾਨਕ ਸਾਹਿਬ ਦਾ ਤਖ਼ਤ ਬਣ ਗਿਆ। ਪਹਿਲੀ ਗੱਲ, ਸੰਮਤ 1563 ਦੀ ਤਾਰੀਖ਼ ਵੀ ਗ਼ਲਤ ਹੈ, ਕਿਉਂਕਿ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ 1564 ਵਿਚ ਸ਼ੁਰੂ ਹੋਈ ਸੀ।

ਦੂਜਾ, ਜਦ ਗੁਰੂ ਨਾਨਕ ਸਾਹਿਬ ਬਿਹਾਰ ਗੱਲ ਗਏ ਤਾਂ ਅਜੇ ਪਟਨਾ ਨਗਰ ਵਸਿਆ ਹੀ ਨਹੀਂ ਸੀ, ਇਸ ਨੂੰ 1541 (ਸੰਮਤ 1598) ਵਿਚ ਸ਼ੇਰਸ਼ਾਹ ਸੂਰ (ਸੂਰੀ) ਨੇ ਆਬਾਦ ਕੀਤਾ ਸੀ। ਗੁਰੂ ਨਾਨਕ ਸਾਹਿਬ 1565-66 ਬਿਕ੍ਰਮੀ (1508-09) ਵਿਚ ਬਿਹਾਰ ਦੇ ਨਗਰਾਂ ਬਿਸ਼ੰਭਰਪੁਰ ਅਤੇ ਹਾਜੀਪੁਰ ਗਏ ਸਨ। ਸਾਲਸ ਰਾਏ ਜੌਹਰੀ ਬਿਸ਼ੰਭਰਪੁਰ ਵਿਚ ਰਹਿੰਦਾ ਸੀ, ਪਟਨਾ ਜਾਂ ਹਾਜੀਪੁਰ ਵਿਚ ਨਹੀਂ (ਵੇਖੋ 'ਜਨਮਸਾਖੀ ਭਾਈ ਬਾਲਾ' ਅਤੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ')। ਇੰਵ

ਹੀ ਗੁਰੂ ਨਾਨਕ ਸਾਹਿਬ ਹਾਜੀਪੁਰ ਵਿਚ ਜਿਸ ਜਗਹ ਗਏ ਸਨ, ਉੱਥੇ 'ਗੁਰਦੁਆਰਾ ਗਾਏ ਘਾਟ' ਬਣਿਆ ਹੋਇਆ ਹੈ। ਜਿਸ ਗੁਰਦੁਆਰੇ ਨੂੰ ਇਕਬਾਲ ਸਿੰਘ 'ਤਖ਼ਤ' ਕਹਿੰਦਾ ਹੈ, ਗੁਰੂ ਨਾਨਕ ਸਾਹਿਬ ਤਾਂ ਉੱਥੇ ਗਏ ਹੀ ਨਹੀਂ ਸਨ। ਉਹ ਹਰਿਮੰਦਰ ਸਾਹਿਬ ਤਾਂ ਸਿਰਫ਼ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਬਾਰ ਦੀ ਥਾਂ ਸੀ। ਪਟਨਾ ਗੁਰੂ ਤੇਗ਼ ਸਾਹਿਬ ਦਾ ਦਰਬਾਰ ਹੋਣ ਕਰ ਕੇ ਤਖ਼ਤ ਸੀ ਨਾ ਕਿ ਗੁਰੂ ਨਾਨਕ ਸਾਹਿਬ ਜਾਂ ਗੁਰੂ ਗੋਬਿੰਦ ਸਿੰਘ ਸਾਹਿਬ ਕਰ ਕੇ। ਜਿੱਥੇ, ਜਿਸ ਵੇਲੇ, ਗੁਰੂ ਸਾਹਿਬ ਹੁੰਦੇ ਸਨ, **ਸਿਰਫ਼ ਉਸ ਵੇਲੇ ਦੌਰਾਨ ਹੀ**, ਉਹ ਤਖ਼ਤ ਹੁੰਦਾ ਸੀ, ਨਾ ਕਿ ਸਦਾ ਵਾਸਤੇ (ਵੇਖੋ ਚੈਪਟਰ 'ਸਿੱਖਾਂ ਦੇ ਤਖ਼ਤ ਕਿੰਨੇ ਹਨ')।

ਤੀਜਾ, ਕੀ ਗੁਰੂ ਸਾਹਿਬ ਵੱਲੋਂ ਸਾਲਸ ਰਾਏ ਜੌਹਰੀ ਦੇ ਸਿਰ ਡੇਢ ਗਜ਼ ਦਾ ਦਸਤਾਰਾ ਬੰਨ੍ਹਣ ਨਾਲ ਉਹ ਬਾਦਸ਼ਾਹ ਬਣ ਗਿਆ ਤੇ ਪਟਨੇ ਵਿਚ ਤਖ਼ਤ ਕਾਇਮ ਹੋ ਗਿਆ ? ਤੀਜਾ, ਕੀ ਗੁਰੂ ਨਾਨਕ ਸਾਹਿਬ ਖ਼ੁਦ ਤਖ਼ਤ 'ਤੇ ਨਹੀਂ ਸਨ ਬੈਠੇ ਅਤੇ ਆਪਣੇ ਹੁੰਦਿਆਂ ਸਾਲਸ ਰਾਏ ਨੂੰ ਬਿਠਾ ਦਿੱਤਾ ਸੀ ? ਗੁਰੂ ਨਾਨਕ ਸਾਹਿਬ ਇਸ ਮਗਰੋਂ ਦੋਬਾਰਾ ਹਾਜੀਪੁਰ ਨਹੀਂ ਗਏ, ਕੀ ਉਹ ਆਪਣੇ ਹੁੰਦਿਆਂ ਤਖ਼ਤ ਨੂੰ ਕਿਸੇ ਹੋਰ ਦੇ ਹਵਾਲੇ ਕਰ ਗਏ ਸਨ ? ਕੀ ਉਨ੍ਹਾਂ ਨੂੰ ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਵੀ ਤਖ਼ਤ ਦੇ ਕਾਬਿਲ ਨਹੀਂ ਸਨ ਜਾਪੇ ? ਇਕਬਾਲ ਸਿੰਘ ਮੁਤਾਬਿਕ ਸਾਲਸ ਰਾਏ ਸਿਰਫ਼ 1508 ਤਕ ਹੀ ਜਿਉਂਦਾ ਰਿਹਾ ਸੀ। ਤਾਂ ਤੇ 1508 ਤੋਂ ਮਗਰੋਂ 15 ਅਗਸਤ 2000 ਤਕ 'ਤਖ਼ਤ' ਸੁੰਞਾ ਰਿਹਾ ਸੀ।

ਚੌਥਾ, ਜਦ ਗੁਰੂ ਨਾਨਕ ਸਾਹਿਬ ਨੇ ਆਪਣੀ ਦਸਤਾਰ ਸਾਲਸ ਰਾਏ ਨੂੰ ਬੰਨ੍ਹ ਦਿੱਤੀ ਤਾਂ ਕੀ ਗੁਰੂ ਸਾਹਿਬ ਉਸ ਮਗਰੋਂ ਨੰਗੇ ਸਿਰ ਰਹੇ ਸਨ ? ਇਹ ਵੀ ਦਿਲਚਸਪ ਗੱਲ ਹੈ ਕਿ ਉਹ ਸਾਲਸ ਰਾਏ ਨੂੰ ਪੱਗ ਬੰਨ੍ਹਾਉਣ ਦੀ ਘਟਨਾ ਬਾਰੇ ਸਿਰਫ਼ ਭਾਈ ਸੰਤੋਖ ਸਿੰਘ ਦਾ ਹਵਾਲਾ ਲੱਭ ਸਕੇ ਹਨ। ਚਲੋ ਜੇ ਇਹ ਮੰਨ ਵੀ ਲਈਏ, ਤਾਂ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਕਾਲ ਤਖ਼ਤ ਸਾਹਿਬ ਦਾ ਪ੍ਰਗਟ ਕਰਨਾ ਵੀ ਤਾਂ ਭਾਈ ਸੰਤੋਖ ਸਿੰਘ ਨੇ ਹੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਿਆ ਹੈ, ਜਿਸ ਦੀ ਨਕਲ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦੇ ਲਿਖਾਰੀ ਨੇ ਵੀ ਕੀਤੀ ਸੀ। ਇੰਞ ਹੀ ਭਾਈ ਸੰਤੋਖ ਸਿੰਘ ਆਪਣੀ ਲਿਖਤ ਵਿਚ ਤਾਂ 'ਰਾਗ ਮਾਲਾ' ਨੂੰ ਵੀ ਗੁਰੂ ਸਾਹਿਬ ਦੀ ਲਿਖਤ ਨਹੀਂ ਮੰਨਦੇ (ਜਦ ਕਿ ਇਕਬਾਲ ਸਿੰਘ ਮੁਤਾਬਿਕ 'ਰਾਗ ਮਾਲਾ' ਗੁਰਬਾਣੀ ਹੈ)। ਕੀ ਇਕਬਾਲ ਸਿੰਘ 'ਗੁਰ ਪ੍ਰਤਾਪ ਸੂਰਜ ਗ੍ਰੰਥ' ਨੂੰ ਮੂਲੋਂ ਹੀ ਰੱਦ ਕਰਦਾ ਹੈ ? ਜੇ ਇਕਬਾਲ ਸਿੰਘ ਸੰਤੋਖ ਸਿੰਘ ਦੀਆਂ ਲਿਖਤਾਂ ਨੂੰ ਮੰਨਦਾ ਹੈ ਤਾਂ (ੳ) 'ਰਾਗ ਮਾਲਾ' ਗੁਰਬਾਣੀ ਨਹੀਂ; (ਅ) ਅਕਾਲ ਤਖ਼ਤ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ ਤੇ (ੲ) ਤਖ਼ਤ ਪਟਨਾ ਸਾਹਿਬ ਦਾ ਕੋਈ ਵਜੂਦ ਨਹੀਂ। ਪਰ ਜੇ ਇਕਬਾਲ ਸਿੰਘ ਭਾਈ ਸੰਤੋਖ ਸਿੰਘ ਨੂੰ ਗ਼ਲਤ ਮੰਨਦਾ ਹੈ ਤਾਂ ਸਾਲਸ ਰਾਏ ਜੌਹਰੀ ਵਾਲੇ ਸਾਖੀ ਵੀ ਸੱਚੀ ਨਹੀਂ।

ਇਕਬਾਲ ਸਿੰਘ ਮੁਤਾਬਿਕ (ਉਸਦੇ ਆਪਣੇ ਕਿਤਾਬਚੇ ਦਾ ਸਫ਼ਾ 3) **'ਦਸਮ ਗ੍ਰੰਥ' ਤੇ 'ਸਰਬ ਲੋਹ ਗ੍ਰੰਥ' ਦੋਹਾਂ ਦੀ ਰਚਨਾ ਪਟਨਾ ਸਾਹਿਬ ਦੇ ਗ੍ਰੰਥੀ ਸੁੱਖਾ ਸਿੰਘ ਨੇ ਕੀਤੀ ਸੀ।** ਚਲੋਂ ਉਹ ਇਹ ਤਾਂ ਮੰਨਦਾ ਹੈ ਕਿ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਸਾਹਿਬ ਦਾ ਲਿਖਿਆ ਨਹੀਂ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਵੀ ਉਹ ਪਟਨਾ ਸਾਹਿਬ ਦੇ ਗੁਰਦੁਆਰੇ ਵਿਚ 'ਸੁੱਖਾ ਸਿੰਘ ਦੇ ਲਿਖੇ' ਹੋਏ 'ਦਸਮ ਗ੍ਰੰਥ' ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਰਦਾ ਹੈ।

ਇਕਬਾਲ ਸਿੰਘ ਸਫ਼ਾ 5 'ਤੇ ਇਕ ਹੋਰ ਯਭਲੀ ਮਾਰਦਾ ਹੈ ਕਿ "ਜੇ ਕਰ ਪਰਮ ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ-ਪ੍ਰਕਾਸ਼ ਪਟਨਾ ਨਾ ਹੁੰਦਾ ਤਾਂ ਖਾਲਸਾ ਪੰਥ ਕਿਵੇਂ ਪੈਦਾ ਹੁੰਦਾ ?" ਇਸੇ ਹੀ ਸਫ਼ੇ ਦੇ ਅਖ਼ੀਰ 'ਤੇ ਇਸ ਤੋਂ ਵੀ ਵਧ 'ਕਮਾਲ' ਦੀ ਗੱਲ ਕਹਿੰਦਾ ਹੈ ਕਿ "ਜਿਸ ਸਿੱਖ ਨੇ ਤਖ਼ਤ ਹਰਿਮੰਦਰ ਪਟਨਾ ਜੀ ਦੇ ਦਰਸ਼ਨ ਨਹੀਂ ਕੀਤੇ, ਉਹ ਦਾ ਸਿੱਖ ਹੋਣਾ, ਸਿੱਖ ਕਹਾਉਣਾ ਸਫਲ ਨਹੀਂ ਹੋ ਸਕਦਾ।" ਸੋ ਇਕਬਾਲ ਸਿੰਘ ਮੁਤਾਬਿਕ ਮਾਤਾ ਸਾਹਿਬ ਕੌਰ, ਮਾਤਾ ਸੁੰਦਰ ਕੌਰ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ, ਬਾਬਾ ਦੀਪ ਸਿੰਘ, ਹਜ਼ਾਰਾਂ ਸ਼ਹੀਦ ਹੋ ਚੁੱਕੇ ਸਿੱਖ ਅਤੇ ਲੱਖਾਂ (ਸ਼ਾਇਦ ਕਰੋੜਾਂ) ਸਿੱਖ, ਜੋ ਚੜ੍ਹਾਈ ਕਰ ਚੁੱਕੇ ਹਨ, ਸੱਚੀ-ਮੁੱਚੀ ਦੇ ਜਾਂ ਪੂਰੇ ਸਿੱਖ ਨਹੀਂ ਸਨ, ਕਿਉਂਕਿ ਉਹ ਕਦੇ ਵੀ ਪਟਨੇ ਨਹੀਂ ਸਨ ਜਾ ਸਕੇ।

ਇਕਬਾਲ ਸਿੰਘ ਸਫ਼ਾ 9 'ਤੇ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਲੰਗਰ ਦੀ ਬੁਨਿਆਦ ਪਟਨਾ ਸਾਹਿਬ ਵਿਖੇ ਹੀ ਰਖੀ ਸੀ। ਉਹ ਇਸ ਦੀ ਹਿਮਾਇਤ ਵਿਚ ਸੋਹਣ ਸਿੰਘ ਸੀਤਲ ਤੇ ਸਤਿਬੀਰ ਸਿੰਘ ਦੇ ਹਵਾਲੇ ਵੀ ਦੇਂਦਾ ਹੈ। ਸਤਿਬੀਰ ਸਿੰਘ, ਸੀਤਲ ਤੇ (ਅਖੌਤੀ ਜਥੇਦਾਰ) ਇਕਬਾਲ ਸਿੰਘ ਤਿੰਨੇ ਹੀ ਕਮਾਲ ਦੇ 'ਖੋਜੀ' ਹਨ, ਜਿਨ੍ਹਾਂ ਨੇ ਪਟਨਾ ਤੋਂ ਲੰਗਰ ਦੀ ਸ਼ੁਰੂਆਤ ਮੰਨੀ ਹੈ। ਇਕਬਾਲ ਸਿੰਘ ਨੂੰ ਇਹ ਦੋਵੇਂ (ਜੋ ਲਿਖਾਰੀ ਤਾਂ ਸਨ, ਪਰ ਇਤਿਹਾਸਕਾਰ ਨਹੀਂ ਸਨ) ਵਧੇਰੇ ਕਾਬਲੇ-ਇਤਬਾਰ ਜਾਪਦੇ ਹਨ; ਪਰ ਸੰਤੋਖ ਸਿੰਘ, ਰਤਨ ਸਿੰਘ ਭੰਗੂ, ਕਰਮ ਸਿੰਘ ਹਿਸਟੋਰੀਅਨ, ਡਾ. ਗੰਡਾ ਸਿੰਘ, ਡਾ. ਦਿਲਗੀਰ ਤੇ ਹੋਰ ਇਤਿਹਾਸਕਾਰ (ਜਿਨ੍ਹਾਂ ਨੂੰ ਦੁਨੀਆ ਭਰ ਦੇ ਵਿਦਵਾਨ ਸਿੱਕੇਬੰਦ ਇਤਿਹਾਸਕਾਰ ਮੰਨਦੇ ਹਨ) ਸਹੀ ਨਹੀਂ ਜਾਪਦੇ, ਕਿਉਂਕਿ ਇਨ੍ਹਾਂ ਦੀਆਂ ਲਿਖਤਾਂ ਇਕਬਾਲ ਸਿੰਘ ਨੂੰ ਰਾਸ ਨਹੀਂ ਆਉਂਦੀਆਂ।

ਇਹ ਵੀ ਕਮਾਲ ਦੇਖੋ ਕਿ ਇਕਬਾਲ ਸਿੰਘ ਖ਼ੁਦ ਇਹ ਵੀ ਮੰਨਦਾ ਹੈ ਕਿ ਉਹ ਇਸ ਤਖ਼ਤ ਦਾ **'ਪਹਿਲਾ ਜਥੇਦਾਰ'** ਹੈ (ਸਫ਼ਾ 12-13)। ਉਹ ਲਿਖਦਾ ਹੈ ਕਿ ਉਸ ਨੂੰ ਸੁਰਿੰਦਰ ਸਿੰਘ ਆਹਲੂਵਾਲੀਆ, ਸਾਬਕ ਪ੍ਰਧਾਨ ਪਟਨਾ ਸਾਹਿਬ ਨੇ 15 ਅਗਸਤ 2000 ਦੇ ਦਿਨ 'ਪਹਿਲਾ ਜਥੇਦਾਰ' ਨਿਯੁਕਤ ਕੀਤਾ ਸੀ (ਜਿਵੇਂ ਮੁਲਾਜ਼ਮ ਨਿਯੁਕਤ ਕੀਤੇ ਜਾਂਦੇ ਹਨ)। ਸੋ, ਇਕ ਪਾਸੇ ਉਹ ਪਟਨਾ ਸਾਹਿਬ ਨੂੰ 'ਪਹਿਲਾ ਤਖ਼ਤ' ਮੰਨਦਾ ਹੈ ਤੇ ਦੂਜੇ ਪਾਸੇ ਇਸ ਦਾ 'ਪਹਿਲਾ' ਅਖੌਤੀ ਜਥੇਦਾਰ, 2000 ਵਿਚ (ਸੁਰਿੰਦਰ ਜੀਤ ਸਿੰਘ ਆਹਲੂਵਾਲੀਆ ਵੱਲੋਂ, ਪੰਥ ਵੱਲੋਂ ਨਹੀਂ) ਨਾਮਜ਼ਦ ਕੀਤਾ ਜਾਣਾ ਵੀ ਮੰਨਦਾ ਹੈ। *ਇਕਬਾਲ ਸਿੰਘ ਦੀ ਲਿਖਤ ਇਹ ਲੇਖ ਇਹੋ ਜਿਹੀਆਂ ਬੇਥਵ੍ਹੀਆਂ ਨਾਲ ਭਰਿਆ ਹੋਇਆ ਹੈ।*

ਇਸ ਤੋਂ ਪਹਿਲਾਂ ਵੀ ਜੂਨ 2003 ਵਿਚ ਜਦ ਇਸ ਨੇ ਮਹਿੰਦਰ ਸਿੰਘ ਰੁਮਾਣਾ ਦੇ ਖ਼ਿਲਾਫ਼ 'ਅਖੌਤੀ ਤਨਖ਼ਾਹ' ਐਲਾਨ ਕੀਤੀ ਤਾਂ ਵੀ ਇਸ ਨੇ ਇਕ 8 ਸਫ਼ੇ ਦਾ ਐਲਾਨ 'ਤਖ਼ਤ ਪਟਨਾ' ਦੇ ਪੈਡ 'ਤੇ ਕੱਢਿਆ ਸੀ। ਇਸ ਦੇ ਸਫ਼ਾ ਪੰਜ 'ਤੇ ਉਸ ਨੇ ਲਿਖਿਆ ਸੀ *"ਅਕਾਲ ਤਖ਼ਤ ਤੋਂ ਕੇਵਲ ਪੰਜਾਬ ਦੇ ਧਾਰਮਿਕ ਫ਼ੈਸਲੇ ਹੀ ਹੁੰਦੇ ਸਨ। ਬਾਕੀ ਸਾਰੇ ਹਿੰਦੁਸਤਾਨ ਤੇ ਬਦੇਸ਼ਾਂ ਦੇ ਫ਼ੈਸਲੇ ਕਰਨ ਦਾ ਅਧਿਕਾਰ ਕੇਵਲ ਤਖ਼ਤ ਹਰਿਮੰਦਰ ਸਾਹਿਬ ਪਟਨਾ ਸਾਹਿਬ ਨੂੰ ਹੀ ਹੈ... ਹੁਣ ਤਕ ਜੋ ਵੀ ਤਖ਼ਤ ਪਟਨਾ ਜਾਂ ਹਜ਼ੂਰ ਸਾਹਿਬ ਜੀ ਦੀ ਪ੍ਰਵਾਨਗੀ ਤੋਂ ਬਿਨਾ ਹੋਇਆ ਜਾਂ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ 'ਤੇ ਜੋ ਹੋ ਰਿਹਾ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਹੁਕਮ ਦੇ ਉਲਟ 'ਧੱਕੇਸ਼ਾਹੀ' ਚੱਲ ਰਹੀ ਹੈ..."* ਇੰਞ ਹੀ ਇਸੇ ਚਿੱਠੀ ਦੇ ਸਫ਼ਾ 7 'ਤੇ ਲਿਖਦਾ ਹੈ ਕਿ ਜੋ ਲੋਕ ਕਹਿੰਦੇ ਹਨ ਕਿ ਪਟਨਾ ਜਾਂ ਹਜ਼ੂਰ ਸਾਹਿਬ ਨੂੰ ਹੁਕਮਨਾਮੇ ਜਾਰੀ ਕਰਨ ਦਾ ਹੱਕ ਨਹੀਂ ਹੈ ਤੇ ਨਾ ਕਿਸੇ ਨੂੰ ਤਨਖ਼ਾਹੀਆਂ ਕਰਾਰ ਦੇ ਸਕਦੇ ਹਨ ਤੇ ਨਾ ਕਿਸੇ ਨੂੰ ਪੰਥ 'ਚੋਂ ਛੇਕ ਸਕਦੇ ਹਨ। ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਵਾਲੇ ਲੋਕਾਂ ਨੂੰ ਤਾਂ **"ਸਿੱਧਾ ਹੀ ਖਾਲਸਾ ਪੰਥ ਵਿੱਚੋਂ ਛੇਕ ਦੇਣਾ ਚਾਹੀਦਾ ਹੈ।"**

ਇੱਥੇ ਦੋ ਲਫ਼ਜ਼ ਇਕਬਾਲ ਸਿੰਘ ਦੀ ਸ਼ਖ਼ਸੀਅਤ ਬਾਰੇ ਕਹਿਣੇ ਵੀ ਕੁ-ਥਾਂ ਨਹੀਂ ਹੋਣਗੇ। ਇਕਬਾਲ ਸਿੰਘ ਪਹਿਲਾਂ ਕਈ ਹੋਰ ਗੁਰਦੁਆਰਿਆਂ ਵਿਚ ਗ੍ਰੰਥੀ ਰਿਹਾ ਸੀ। ਉਸ ਨੇ 26 ਅਕਤੂਬਰ 1985 ਦੇ ਦਿਨ ਦਰਖ਼ਾਸਤ ਦੇ ਕੇ ਪਟਨਾ ਸਾਹਿਬ ਵਿਚ ਸੀਨੀਅਰ ਗ੍ਰੰਥੀ ਦੀ ਨੌਕਰੀ ਮੰਗੀ ਸੀ, ਜਿਹੜੀ ਕਿ ਉਸ ਨੂੰ ਇਸ ਕਰ ਕੇ ਮਿਲ ਗਈ ਸੀ, ਕਿਉਂਕਿ ਉਸ ਵੇਲੇ ਕੋਈ ਗ੍ਰੰਥੀ ਪਟਨਾ ਸਾਹਿਬ ਜਾਣ ਨੂੰ ਤਿਆਰ ਨਹੀਂ ਸੀ। ਪਰ, ਇਸ ਪਿੱਛੋਂ ਇਸ ਵਿਚਾਰੇ ਨੂੰ ਬਹੁਤ ਸਾਰੇ ਹਾਦਸੇ ਪੇਸ਼ ਆਏ, ਜਿਨ੍ਹਾਂ ਨੇ ਸ਼ਾਇਦ ਉਸ ਦੀ ਮਾਨਸਿਕ ਹਾਲਤ ਖ਼ਰਾਬ ਕਰ ਦਿੱਤੀ। 17 ਮਈ 1993 ਦੇ ਦਿਨ ਕੁਝ ਗੁੰਡੇ ਉਸ ਦੀ ਮਾਂ ਨੂੰ ਬੇਹੋਸ਼ ਕਰ ਕੇ, ਉਸ ਦੀ ਸੱਕੀ ਭੈਣ ਨੂੰ ਉਸ ਦੇ ਘਰੋਂ ਚੁੱਕ ਕੇ ਲੈ ਗਏ (ਜੋ ਅਜੇ ਤਕ ਉਸ ਵਿਚਾਰੇ ਨੂੰ ਵਾਪਿਸ ਨਹੀਂ ਮਿਲ ਸਕੀ)। ਸ਼ਾਇਦ ਇਸ ਹਾਦਸੇ ਨੇ ਉਸ ਦੀ ਮਾਨਸਿਕ ਹਾਲਤ 'ਤੇ ਬੜਾ ਅਸਰ ਕੀਤਾ। 2000 ਵਿਚ ਆਹਲੂਵਾਲੀਆ ਨੇ ਉਸ ਨੂੰ 'ਤਖ਼ਤ ਪਟਨਾ' ਦਾ 'ਪਹਿਲਾ ਜਥੇਦਾਰ' ਨਾਮਜ਼ਦ ਕਰ ਦਿੱਤਾ। ਪਰ ਅਜੇ ਇਹ 'ਅਖੌਤੀ ਜਥੇਦਾਰੀ' ਸਿਰਫ਼ ਸਵਾ ਸਾਲ ਹੀ ਚਲੀ ਸੀ ਕਿ 29 ਨਵੰਬਰ 2001 ਦੇ ਦਿਨ, ਪਟਨਾ ਗੁਰਦੁਆਰੇ ਦੇ ਮੈਨੇਜਰ ਬਲਜੀਤ ਸਿੰਘ ਕੰਗ ਦਾ 27 ਸਾਲਾ ਪੁੱਤਰ, ਗੁਰਦੀਪ ਸਿੰਘ ਉਰਫ਼ 'ਗੋਲਡੀ' ਇਸ ਦੀ ਪਤਨੀ ਨੂੰ ਕੱਢ

(ਉਧਾਲ) ਕੇ ਲੈ ਗਿਆ ਤੇ ਨੇਪਾਲ ਜਾ ਕੇ ਰਹਿਣ ਲੱਗ ਪਿਆ। ਇਸ ਨੇ ਜਥੇਦਾਰ ਵਜੋਂ ਪਟਨਾ ਥਾਣਾ ਵਿਚ ਦਰਖ਼ਾਸਤ ਦੇ ਕੇ ਦੁਹਾਈ ਪਾਈ ਕਿ "ਮੈਨੂੰ ਮੇਰੀ ਪਤਨੀ ਵਾਪਿਸ ਦਿਵਾਈ ਜਾਵੇ।" ਇਕਬਾਲ ਸਿੰਘ ਦੀ ਇਹ ਦਰਖ਼ਾਸਤ ਪਟਨਾ ਥਾਣੇ ਵਿਚ ਦਰਜ ਕੇਸ 201/2001 ਨਾਲ ਨੱਥੀ ਹੈ। ਦੂਜੇ ਪਾਸੇ ਬਲਜੀਤ ਸਿੰਘ ਕੰਗ ਨੇ ਵੀ ਕੇਸ ਦਰਜ ਕਰਵਾ ਦਿੱਤਾ ਕਿ "ਤਖ਼ਤ ਦੇ ਜਥੇਦਾਰ" ਦੀ ਪਤਨੀ ਉਸ ਦੇ ਮੁੰਡੇ ਨੂੰ ਉਧਾਲ ਕੇ ਲੈ ਗਈ ਹੈ। ਇਸ ਕੇਸ ਨੇ ਵੀ ਇਕਬਾਲ ਸਿੰਘ ਦੀ ਮਾਨਸਿਕਤਾ 'ਤੇ ਬੜਾ ਅਸਰ ਪਾਇਆ ਅਤੇ ਜਾਪਦਾ ਹੈ ਕਿ ਉਹ ਦਿਮਾਗ਼ੀ ਤਵਾਜ਼ੁਨ ਖੋ ਬੈਠਾ।

ਇਕਬਾਲ ਸਿੰਘ 'ਮਾਨਸਿਕ ਤੌਰ 'ਤੇ ਬੀਮਾਰ' ਤਾਂ ਹੈ ਈ, ਉਹ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਦਾ ਪੂਰਾ ਹੱਥ-ਠੋਕਾ ਹੈ। ਅਪਰੈਲ 2003 ਵਿਚ ਮਹਿੰਦਰ ਸਿੰਘ ਰੁਮਾਣਾ (ਪ੍ਰਧਾਨ, ਪਟਨਾ ਸਾਹਿਬ ਕਮੇਟੀ), ਸ਼ਿਕਾਗੋ (ਅਮਰੀਕਾ) ਦੇ ਬਦਨਾਮ ਡੇਰੇਦਾਰ ਦਲਜੀਤ ਸਿੰਘ (ਪਹਿਲੋਂ ਗਿਆਨੀ, ਪਰ ਹੁਣ 'ਸੰਤ ਬਾਬਾ') ਕੋਲ ਗਿਆ। ਉੱਥੇ ਰੁਮਾਣਾ ਵੱਲੋਂ ਕਹੇ ਕੁਝ ਮਾਮੂਲੀ ਲਫ਼ਜ਼ਾਂ ਨੂੰ ਬਹਾਨਾ ਬਣਾ ਕੇ ਇਸ ਨੇ 20 ਮਈ 2003 ਦੇ ਦਿਨ ਰੁਮਾਣਾ ਨੂੰ 'ਤਨਖ਼ਾਹੀਆ' ਕਰਾਰ ਦੇ ਦਿੱਤਾ ਅਤੇ 30 ਜੂਨ ਨੂੰ ਉਸ ਨੂੰ 'ਪ੍ਰਧਾਨਗੀ ਤੋਂ ਹਟਾ' ਵੀ ਦਿੱਤਾ। ਇਕਬਾਲ ਸਿੰਘ ਨੇ ਇਹ ਡਰਾਮਾ ਰੁਮਾਣਾ ਦੀ ਥਾਂ ਆਹਲੂਵਾਲੀਆ ਨੂੰ ਪ੍ਰਧਾਨ ਬਣਾਉਣ ਵਾਸਤੇ ਕੀਤਾ ਸੀ। ਪਰ, ਇਸ ਗ਼ੈਰ-ਕਾਨੂੰਨੀ ਕਾਰਵਾਈ ਨੂੰ, ਨਾ ਤਾਂ ਪੰਥ ਅਤੇ ਨਾ ਹੀ ਸਰਕਾਰ, ਕਿਸੇ ਨੇ ਵੀ ਕਬੂਲ ਨਾ ਕੀਤਾ। ਪਰ ਜੋਗਿੰਦਰ ਸਿੰਘ (ਵੇਦਾਂਤੀ) ਕੋਲ ਵੀ ਜੁਰਅਤ ਨਹੀਂ ਸੀ ਕਿ ਉਸ ਇਸ ਸ਼ਖ਼ਸ 'ਤੇ ਕੋਈ ਐਕਸ਼ਨ ਲੈਂਦਾ।

2004 ਦੇ ਅਖ਼ੀਰ ਵਿਚ ਤਾਂ ਇਕਬਾਲ ਸਿੰਘ ਨੇ ਹੋਰ ਵੀ ਕਈ ਤਮਾਸ਼ੇ ਕੀਤੇ। ਉਸ ਨੇ ਗਿਆਨੀ ਗੁਰਦਿਤ ਸਿੰਘ ਨੂੰ ਉਸ ਦੀ ਕਿਤਾਬ 'ਮੁੰਦਾਵਣੀ' ਸਬੰਧੀ ਪਟਨਾ ਸਾਹਿਬ ਤਲਬ ਕਰ ਲਿਆ। ਉਸ ਨੇ ਗਿਆਨੀ ਗੁਰਦਿਤ ਸਿੰਘ ਦੇ ਨਾਲ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਤੇ ਸ: ਮੋਹਣ ਸਿੰਘ (ਗਾਰਡ) ਨੂੰ ਵੀ ਤਲਬ ਕੀਤਾ। ਇਨ੍ਹਾਂ ਤਿੰਨਾਂ ਵਿੱਚੋਂ ਕੋਈ ਵੀ ਪਟਨਾ ਨਾ ਗਿਆ। ਇਕਬਾਲ ਸਿੰਘ ਨੇ ਗਿਆਨੀ ਗੁਰਦਿਤ ਸਿੰਘ ਤੇ ਮੋਹਣ ਸਿੰਘ ਗਾਰਡ ਨੂੰ 'ਤਨਖ਼ਾਹੀਆ' ਕਰਾਰ ਦੇ ਦਿੱਤਾ ਤੇ ਵੇਦਾਂਤੀ ਨੂੰ ਇਕ ਹੋਰ ਮੌਕਾ ਦੇ ਕੇ ਪੇਸ਼ੀ ਵਾਸਤੇ ਨੋਟਿਸ ਦੇ ਦਿੱਤਾ। ਇਕਬਾਲ ਸਿੰਘ ਨੇ ਇਕ 'ਹੁਕਮ' ਜਾਰੀ ਕਰ ਕੇ ਗਿਆਨੀ ਗੁਰਦਿਤ ਸਿੰਘ ਅਤੇ 'ਵੇਦਾਂਤੀ' ਦੇ ਖ਼ਿਲਾਫ਼ ਬੜੇ ਸਖ਼ਤ ਲਫ਼ਜ਼ ਵਰਤੇ। (ਵੇਖੋ : ਇਸੇ ਸੈਕਸ਼ਨ 'ਚ 10 ਦਸੰਬਰ 2004 ਦੀ ਚਿੱਠੀ ਦੀ ਨਕਲ)। ਇਕਬਾਲ ਸਿੰਘ ਨੇ ਇਕ ਬਿਆਨ 'ਚ ਏਥੋਂ ਤਕ ਕਿਹਾ ਕਿ ਵੇਦਾਂਤੀ ਪੱਖਪਾਤੀ ਹੈ। ਉਸ ਨੇ ਬਾਦਲ ਦੀ ਘਰਵਾਲੀ ਦੇ ਖ਼ਿਲਾਫ਼ ਦਰਖ਼ਾਸਤ ਦੱਬੀ ਹੋਈ ਹੈ। ਉਸ ਨੇ ਹੋਰ ਧਮਕੀਆਂ ਵੀ ਦਿੱਤੀਆਂ।

12 ਦਿਸੰਬਰ ਦੇ ਦਿਨ ਇਕ ਅਕਾਲੀ ਆਗੂ ਦੇ ਪੁੱਤਰ ਦੇ ਵਿਆਹ ਦੌਰਾਨ ਬੀਬੀ ਜਗੀਰ ਕੌਰ ਨੇ ਵੇਦਾਂਤੀ ਤੇ ਇਕਬਾਲ ਸਿੰਘ ਦਾ 'ਸਮਝੌਤਾ' ਕਰਵਾ ਦਿੱਤਾ। ਚਰਚਾ ਸੀ ਕਿ ਇਕਬਾਲ ਸਿੰਘ ਨੂੰ ਕੁਝ ਲੱਖ ਰੁਪੈ ਦੇ ਕੇ ਚੁੱਪ ਕਰਵਾ ਦਿੱਤਾ ਗਿਆ ਹੈ। ਮਗਰੋਂ ਗਿਆਨੀ ਗੁਰਦਿਤ ਸਿੰਘ ਨਾਲ ਵੀ 'ਸਮਝੌਤਾ' ਕਰ ਲਿਆ ਗਿਆ ਤੇ ਉਹ ਵੀ ਅਕਾਲ ਤਖ਼ਤ ਸਾਹਿਬ 'ਤੇ ਗ੍ਰੰਥੀਆਂ ਕੋਲ ਪੇਸ਼ ਹੋਣਾ ਮੰਨ ਗਿਆ। ਉਸ ਤੋਂ ਲਿਖਵਾ ਲਿਆ ਗਿਆ ਕਿ ਮੈਂ ਫ਼ੋਟੋਆਂ ਦੀਆਂ ਕੈਪਸ਼ਨਜ਼ ਗ਼ਲਤ ਦਿੱਤੀਆਂ ਸਨ। ਪਰ ਉਸ ਨੇ ਰਾਗਮਾਲਾ ਨੂੰ ਬਾਣੀ ਮੰਨਣੋਂ ਨਾਂਹ ਕਰ ਦਿੱਤੀ।

ਇਸੇ ਤਮਾਸ਼ੇ ਦਾ ਡਰਾਪਸੀਨ 27 ਜਨਵਰੀ 2005 ਦੇ ਦਿਨ ਆਇਆ, ਜਦੋਂ ਗਿਆਨੀ ਜੋਗਿੰਦਰ ਸਿੰਘ, ਬਲਵੰਤ ਸਿੰਘ ਨੰਦਗੜ੍ਹ, ਤਰਲੋਚਨ ਸਿੰਘ, ਇਕਬਾਲ ਸਿੰਘ ਪਟਨਾ ਤੇ ਰਤਨ ਸਿੰਘ ਨੰਦੇੜ ਨੇ ਗਿਆਨੀ ਗੁਰਦਿਤ ਸਿੰਘ ਨੂੰ 'ਮੁੰਦਾਵਣੀ' 'ਚ (ਰਾਗਮਾਲਾ ਨਹੀਂ) ਸਿਰਫ਼ ਫ਼ੋਟੋਆਂ ਦੀਆਂ ਕੈਪਸ਼ਨਾਂ ਗ਼ਲਤ ਲਿਖਣ (ਪ੍ਰਿੰਟਿੰਗ ਦੀਆਂ ਗ਼ਲਤੀਆਂ) ਦੀ 'ਸੇਵਾ' (ਤਨਖ਼ਾਹ ਜਾਂ ਸਜ਼ਾ ਨਹੀਂ) ਵਜੋਂ 501/- ਰੁਪੈ ਅਕਾਲ ਤਖ਼ਤ ਸਾਹਿਬ ਅਤੇ 101/- ਰੁਪੈ ਦਾ ਕੜਾਹ ਪ੍ਰਸ਼ਾਦ ਹਾਜ਼ਿਰ ਕਰਨ ਦਾ 'ਫ਼ੈਸਲਾ' ਦਿੱਤਾ। ਇਹ ਹੈ ਹਸਤੀ ਇਕਬਾਲ ਸਿੰਘ ਅਤੇ ਜੋਗਿੰਦਰ ਸਿੰਘ (ਵੇਦਾਂਤੀ) ਦੀ। ਮੈਂ ਇਨ੍ਹਾਂ ਨੂੰ ਅਜੇ 'ਧਾਰਮਿਕ ਵੇਸਵਾਵਾਂ' ਨਹੀਂ ਲਿਖ ਰਿਹਾ।

ਸਿੱਖ ਤਵਾਰੀਖ਼ 'ਚ

ਅਕਾਲ ਤਖ਼ਤ ਸਾਹਿਬ

ਦਾ ਰੋਲ



ਹਵਾਲੇ ਦੀਆਂ ਕਿਤਾਬਾਂ

(ਨੋਟ : ਕਿਤਾਬਾਂ ਦੇ ਨਾਲ ਸਾਲ ਉਨ੍ਹਾਂ ਦੇ ਛਪਣ ਦੇ ਸਾਲ ਹਨ। ਜਿਥੇ ਪਹਿਲੇ ਐਡੀਸ਼ਨ ਦੀ ਥਾਂ ਹੋਰ ਐਡੀਸ਼ਨ ਵਰਤਿਆ ਗਿਆ ਹੈ ਤਾਂ ਉਸ ਦਾ ਸਾਲ ਨਾਲ ਹੀ ਦਿੱਤਾ ਹੈ)

ਪੰਜਾਬੀ ਕਿਤਾਬਾਂ

ਅਸ਼ੋਕ, ਸ਼ਮਸ਼ੇਰ ਸਿੰਘ, *ਸਿੱਖੀ ਤੇ ਸਿੱਖ*, ਲੁਧਿਆਣਾ, 1951.
ਅਸ਼ੋਕ, ਸ਼ਮਸ਼ੇਰ ਸਿੰਘ, *ਨੀਸਾਣੁ ਤੇ ਹੁਕਮਨਾਮੇ*, ਅੰਮ੍ਰਿਤਸਰ, 1967.
ਅਸ਼ੋਕ, ਸ਼ਮਸ਼ੇਰ ਸਿੰਘ, *ਪੰਜਾਬ ਦੀਆਂ ਲਹਿਰਾਂ*, ਪਟਿਆਲਾ, 1974.
ਅਸ਼ੋਕ, ਸ਼ਮਸ਼ੇਰ ਸਿੰਘ, *ਸ਼੍ਰੋਮਣੀ ਕਮੇਟੀ ਦਾ 50 ਸਾਲਾ ਇਤਿਹਾਸ*, ਅੰਮ੍ਰਿਤਸਰ, 1983.
ਸਾਹਿਬ ਸਿੰਘ (ਪ੍ਰੋ.), *ਜੀਵਨ ਗੁਰੂ ਹਰਿਗੋਬਿੰਦ ਜੀ*, ਅੰਮ੍ਰਿਤਸਰ, 1975.
ਸਹਿੰਸਰਾ, ਗੁਰਚਰਨ ਸਿੰਘ, *ਗ਼ਦਰ ਪਾਰਟੀ ਦਾ ਇਤਿਹਾਸ*, ਜਲੰਧਰ, 1961.
ਸਰਬਜੀਤ ਸਿੰਘ, *ਅਪਰੇਸ਼ਨ ਬਲੈਕ ਥੰਡਰ*, ਅੰਮ੍ਰਿਤਸਰ, 2004.
ਸੁਖਪ੍ਰੀਤ ਸਿੰਘ ਊਦੋਕੇ, *ਗੰਜਿ-ਸ਼ਹੀਦਾਂ*, ਅੰਮ੍ਰਿਤਸਰ, 2002.
ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ (1767)*, ਲਾਹੌਰ, 1912.
ਸੇਖੋਂ, ਜੋਗਿੰਦਰ ਸਿੰਘ, *ਸਿੱਖ ਦੀ ਅਰਦਾਸ*, ਜਲੰਧਰ, 1970.
ਸੇਵਾ ਸਿੰਘ, *ਸ਼ਹੀਦ ਬਿਲਾਸ*, ਲੁਧਿਆਣਾ, 1961.
ਸੇਵਾ ਦਾਸ, *ਪਰਚੀਆਂ* (1708-09), ਪਟਿਆਲਾ, 1978.
ਸੈਨਾਪਤ, *ਗੁਰ ਸੋਭਾ* (1711), ਪਟਿਆਲਾ, 1967.
ਸੰਤੋਖ ਸਿੰਘ, *ਗੁਰਪਰਤਾਪ ਸੂਰਜ ਪਰਕਾਸ਼* (1843), ਅੰਮ੍ਰਿਤਸਰ, 1963.
ਸੋਹਣ ਕਵੀ (ਅਸਲ ਲੇਖਕ ਨਹੀਂ), *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਅੰਮ੍ਰਿਤਸਰ, 1998. (ਸੰਪਾਦਕ : ਗਿ: ਜੋਗਿੰਦਰ ਸਿੰਘ ਵੇਦਾਂਤੀ ਤੇ ਡਾ. ਅਮਰਜੀਤ ਸਿੰਘ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਕੁਲਰ (1931-54)
ਹਰਗੁਰਅਨਾਦ ਸਿੰਘ, *ਪੰਥ ਦੀ ਅਜੋਕੀ ਦਸ਼ਾ ਤੇ ਉਸ ਦਾ ਇਲਾਜ*, ਬੰਗਾ, 1975.
ਹੋਤੀ, ਪ੍ਰੇਮ ਸਿੰਘ, *ਅਕਾਲੀ ਫੂਲਾ ਸਿੰਘ* (1941 ਲਾਹੌਰ), ਲੁਧਿਆਣਾ, 1958.
ਹੋਤੀ, ਪ੍ਰੇਮ ਸਿੰਘ, *ਨਵਾਬ ਕਪੂਰ ਸਿੰਘ*, ਲੁਧਿਆਣਾ, 1952, 1954.
ਹੋਤੀ, ਪ੍ਰੇਮ ਸਿੰਘ, *ਪੰਜਾਬ ਦਾ ਸਮਾਜਿਕ ਇਤਿਹਾਸ*, ਪਟਿਆਲਾ, 1979.
ਕਰਮ ਸਿੰਘ ਹਿਸਟੋਰੀਅਨ, *ਕਤਕ ਕਿ ਵਿਸਾਖ*, ਅੰਮ੍ਰਿਤਸਰ, 1912.
ਕਰਮ ਸਿੰਘ ਹਿਸਟੋਰੀਅਨ, *ਬੰਦਾ ਸਿੰਘ ਬਹਾਦਰ*, ਅੰਮ੍ਰਿਤਸਰ, 1920.
ਕਰਮ ਸਿੰਘ ਹਿਸਟੋਰੀਅਨ, *ਇਤਿਹਾਸਕ ਖੋਜ*, ਲਾਹੌਰ, 1938, ਅੰਮ੍ਰਿਤਸਰ 1998.
ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ਼*, ਅੰਮ੍ਰਿਤਸਰ, 1998.
ਕਪੂਰ ਸਿੰਘ ਸਿਰਦਾਰ, *ਚਹੁੰ ਯੁਗਾਂ ਦਾ ਨਿਬੇੜਾ*, ਚੰਡੀਗੜ੍ਹ, 1968.
ਕਪੂਰ ਸਿੰਘ ਸਿਰਦਾਰ, *ਸਾਚੀ ਸਾਖੀ*, ਦਿੱਲੀ, 1979.
ਕਵੀਸ਼ਰ, ਸਰਦੂਲ ਸਿੰਘ, *ਸਾਕਾ ਨਾਨਕਾਣਾ ਸਾਹਿਬ*, ਲਾਹੌਰ, 1921.

ਕਾਹਨ ਸਿੰਘ ਨਾਭਾ, *ਹਮ ਹਿੰਦੂ ਨਹੀਂ*, ਨਾਭਾ, 1899.
ਕਾਹਨ ਸਿੰਘ ਨਾਭਾ, *ਮਹਾਨ ਕੋਸ਼*, ਪਟਿਆਲਾ, 1930.
ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ*, ਪਟਿਆਲਾ, 1969.
ਕਿਰਪਾਲ ਸਿੰਘ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਪਟਿਆਲਾ, 1974.
ਕਿਰਪਾਲ ਸਿੰਘ, *ਪੰਥਕ ਮਤੇ*, ਚੰਡੀਗੜ੍ਹ, 2000.
ਕੁਲਬੀਰ ਸਿੰਘ ਕੌੜਾ, *ਬੇਈਮਾਨ ਸਿੱਖ ਰਾਜਨੀਤੀ 'ਚ ਫਸਿਆ ਅਕਾਲ ਤਖ਼ਤ*, ਜਲੰਧਰ, 2003.
ਕੁਲਬੀਰ ਸਿੰਘ ਕੌੜਾ, *ਤੇ ਸਿੱਖ ਵੀ ਨਿਗਲਿਆ ਗਿਆ*, ਦਸੰਬਰ, 2001.
ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ* (1780), ਚੰਡੀਗੜ੍ਹ, 1972.
ਖ਼ਜ਼ਾਨ ਸਿੰਘ, *ਇਤਿਹਾਸ ਗੁਰਦੁਆਰਾ ਸ਼ਹੀਦ ਗੰਜ*, ਲਾਹੌਰ, 1937.
ਗਰਜਾ ਸਿੰਘ ਤੇ ਪਿਆਰਾ ਸਿੰਘ ਪਦਮ, *ਗੁਰੂ ਕੀਆਂ ਸਾਖੀਆਂ*, ਪਟਿਆਲਾ, 1986.
ਗਿਆਨ ਸਿੰਘ, ਗਿਆਨੀ, *ਪੰਥ ਪਰਕਾਸ਼* (1880), ਅੰਮ੍ਰਿਤਸਰ, 1970.
ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖਾਲਸਾ* (1885), ਦਿੱਲੀ, 1971.
ਗਿਆਨ ਸਿੰਘ, ਗਿਆਨੀ, *ਤਵਾਰੀਖ਼ ਸ੍ਰੀ ਅੰਮ੍ਰਿਤਸਰ* (1891), ਅੰਮ੍ਰਿਤਸਰ, 1978.
ਗੁਰਸ਼ਰਨਜੀਤ ਸਿੰਘ, *ਗੁਰਮਤਿ ਨਿਰਣੈ ਕੋਸ਼*, ਅੰਮ੍ਰਿਤਸਰ, 2004.
ਗੁਰਦਾਸ, ਭਾਈ, *ਵਾਰਾਂ*
ਗੰਡਾ ਸਿੰਘ, ਡਾਕਟਰ, *ਸਿੱਖ ਇਤਿਹਾਸ ਬਾਰੇ*, ਅੰਮ੍ਰਿਤਸਰ, 1942.
ਗੰਡਾ ਸਿੰਘ, ਡਾਕਟਰ, *ਕੂਕਿਆਂ ਦੀ ਵਿਥਿਆ*, ਅੰਮ੍ਰਿਤਸਰ, 1944.
ਗੰਡਾ ਸਿੰਘ, ਡਾਕਟਰ, *ਸਿੱਖ ਇਤਿਹਾਸ ਵੱਲ*, ਲਾਹੌਰ, 1945.
ਗੰਡਾ ਸਿੰਘ, ਡਾਕਟਰ, *ਅਮਰ ਨਾਮਾ*, ਅੰਮ੍ਰਿਤਸਰ, 1953.
ਗੰਡਾ ਸਿੰਘ, ਡਾਕਟਰ, *ਅਭਿਨੰਦਨ ਗ੍ਰੰਥ ਭਾਈ ਜੋਧ ਸਿੰਘ*, ਪਟਿਆਲਾ, 1965.
ਗੰਡਾ ਸਿੰਘ, ਡਾਕਟਰ, *ਹੁਕਮਨਾਮੇ*, ਪਟਿਆਲਾ, 1967.
ਗੰਡਾ ਸਿੰਘ, ਡਾਕਟਰ, *ਜੱਸਾ ਸਿੰਘ ਆਹਲੂਵਾਲੀਆ*, ਪਟਿਆਲਾ, 1969.
ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਤਰਨ ਤਾਰਨ, 1941.
ਜਗਜੀਤ ਸਿੰਘ, *ਗ਼ਦਰ ਪਾਰਟੀ ਲਹਿਰ*, ਤਰਨ ਤਾਰਨ, 1955.
ਜਗਜੀਤ ਸਿੰਘ, *ਸਿੱਖ ਇਨਕਲਾਬ*, ਤਰਨ ਤਾਰਨ, 1978.
ਤਰਲੋਕ ਸਿੰਘ, *ਵਰਤਮਾਨ ਸਿੱਖ ਇਤਿਹਾਸ* (ਜਿਲਦ ਛੇਵੀਂ), ਅੰਮ੍ਰਿਤਸਰ, 1962.
ਤਾਰਾ ਸਿੰਘ, ਮਾਸਟਰ, *ਮੇਰੀ ਯਾਦ*, ਅੰਮ੍ਰਿਤਸਰ, 1946, 1999.
ਦਤ ਵੀ. ਕੇ., *ਜਲ੍ਹਿਆਂ ਵਾਲਾ ਬਾਗ਼*, ਪਟਿਆਲਾ, 1972.
ਦਰਦ, ਹੀਰਾ ਸਿੰਘ, *ਮੇਰੀਆਂ ਕੁਝ ਇਤਿਹਾਸਕ ਯਾਦਾਂ*, ਜਲੰਧਰ, 1960.
ਦਲ ਖਾਲਸਾ ਦੀ ਤਵਾਰੀਖ਼, ਚੰਡੀਗੜ੍ਹ, 1991.
ਦਲਬੀਰ ਸਿੰਘ, *ਸੰਤ ਭਿੰਡਰਾਂਵਾਲਿਆਂ ਪਿੱਛੋਂ ਧੁੰਧੂਕਾਰੇ 'ਚੋਂ ਚਾਨਣ ਦੀ ਖੋਜ*, ਜਲੰਧਰ, 2004.
ਦਿਓਲ, ਗੁਰਦੇਵ ਸਿੰਘ, *ਬੰਦਾ ਬਹਾਦਰ*, ਜਲੰਧਰ, 1972.
ਦਿਓਲ, ਗੁਰਦੇਵ ਸਿੰਘ, *ਗ਼ਦਰ ਪਾਰਟੀ ਲਹਿਰ*, ਅੰਮ੍ਰਿਤਸਰ.
ਦਿਲਗੀਰ, ਹਰਜਿੰਦਰ ਸਿੰਘ, *ਸ਼੍ਰੋਮਣੀ ਅਕਾਲੀ ਦਲ*, ਜਲੰਧਰ, 1978, 2000.
ਦਿਲਗੀਰ, ਹਰਜਿੰਦਰ ਸਿੰਘ, *ਕੇਸਰੀ ਕਿਤਾਬ*, ਲੰਡਨ, 1984.
ਦਿਲਗੀਰ, ਹਰਜਿੰਦਰ ਸਿੰਘ, *ਅਕਾਲ ਤਖ਼ਤ ਸਾਹਿਬ*, ਓਸਲੋ, 1986.
ਦਿਲਗੀਰ, ਹਰਜਿੰਦਰ ਸਿੰਘ, *ਖਾਲਿਸਤਾਨ ਦੀ ਤਵਾਰੀਖ਼*, ਓਸਲੋ, 1988.
ਦਿਲਗੀਰ, ਹਰਜਿੰਦਰ ਸਿੰਘ, *ਸਿੱਖ ਹਾਈਜੈਕਰ*, ਓਸਲੋ, 1989.
ਦਿਲਗੀਰ, ਹਰਜਿੰਦਰ ਸਿੰਘ, *ਖਾੜਕੂ ਲੇਖ*, ਓਸਲੋ, 1991.
ਦਿਲਗੀਰ, ਹਰਜਿੰਦਰ ਸਿੰਘ, *ਸਿੱਖ ਜੁਝਾਰਵਾਦ*, ਓਸਲੋ, 1992.
ਦਿਲਗੀਰ, ਹਰਜਿੰਦਰ ਸਿੰਘ, *ਸਿੱਖ ਕਲਚਰ*, ਓਸਲੋ, 1992, 1994, 1996.
ਦਿਲਗੀਰ, ਹਰਜਿੰਦਰ ਸਿੰਘ, *ਅਕਾਲੀ ਲਹਿਰ ਦਾ ਕਲਾਮ*, ਅੰਮ੍ਰਿਤਸਰ, 1998.

ਦਿਲਗੀਰ, ਹਰਜਿੰਦਰ ਸਿੰਘ, *ਸਿਖ ਮਸਲੇ*, ਅੰਮ੍ਰਿਤਸਰ, 1998.
ਦਿਲਗੀਰ, ਹਰਜਿੰਦਰ ਸਿੰਘ, *ਅਨੰਦਪੁਰ ਸਾਹਿਬ*, ਅੰਮ੍ਰਿਤਸਰ, 1998, 2003.
ਦਿਲਗੀਰ, ਹਰਜਿੰਦਰ ਸਿੰਘ, *1955 ਦਾ ਪੰਜਾਬੀ ਸੂਬਾ ਮੋਰਚਾ*, ਅੰਮ੍ਰਿਤਸਰ, 1999.
ਦਿਲਗੀਰ, ਹਰਜਿੰਦਰ ਸਿੰਘ, *ਸਿਖ ਕੌਣ ਹਨ*, ਅੰਮ੍ਰਿਤਸਰ, 1999.
ਦਿਲਗੀਰ, ਹਰਜਿੰਦਰ ਸਿੰਘ, *ਸ਼੍ਰੋ: ਗੁ: ਪ੍ਰ: ਕਮੇਟੀ ਕਿਵੇਂ ਬਣੀ*, ਅੰਮ੍ਰਿਤਸਰ, 2000.
ਦਿਲਗੀਰ, ਹਰਜਿੰਦਰ ਸਿੰਘ, *ਗੁਰੂ ਦੇ ਸ਼ੇਰ*, ਅੰਮ੍ਰਿਤਸਰ, 2001.
ਦਿਲਗੀਰ, ਹਰਜਿੰਦਰ ਸਿੰਘ, *ਕੀਰਤਪੁਰ ਸਾਹਿਬ*, ਅੰਮ੍ਰਿਤਸਰ, 2002.
ਦਿਲਗੀਰ, ਹਰਜਿੰਦਰ ਸਿੰਘ, *ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ*, ਅੰਮ੍ਰਿਤਸਰ, 2005.
ਦੁਖੀ, ਮੁਨਸ਼ਾ ਸਿੰਘ, *ਜੀਵਨ ਭਾਈ ਮੋਹਣ ਸਿੰਘ ਵੈਦ*, ਤਰਨ ਤਾਰਨ, 1939.
ਨਰੈਣ ਸਿੰਘ, *ਅਕਾਲੀ ਮੋਰਚੇ ਤੇ ਝੱਬਰ*, ਦਿਲੀ, 1967.
ਨਰੈਣ ਸਿੰਘ, *ਕਿਓਂ ਕੀਤੋ ਵੇਸਾਹੁ*, ਪਟਿਆਲਾ, 1984.
ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ*, ਲੁਧਿਆਣਾ, 1959.
ਨਾਗੋਕੇ, ਊਧਮ ਸਿੰਘ, *ਸਿੱਖ ਧਰਮ ਤੇ ਮੌਜੂਦਾ ਰਾਜਨੀਤੀ*, ਅੰਮ੍ਰਿਤਸਰ, 1956.
ਨਿੱਝਰ, ਮਿਲਖਾ ਸਿੰਘ, *ਬਬਰ ਅਕਾਲੀ ਲਹਿਰ ਦਾ ਇਤਿਹਾਸ*, ਦਿਲੀ, 1986.
ਨਿਰੰਜਨ ਸਿੰਘ, *ਜੀਵਨ ਮਾਸਟਰ ਤਾਰਾ ਸਿੰਘ*, ਅੰਮ੍ਰਿਤਸਰ, 1968.
ਪਦਮ, ਪਿਆਰਾ ਸਿੰਘ, *ਰਹਿਤਨਾਮੇ*, ਪਟਿਆਲਾ, 1974.
ਪਦਮ, ਪਿਆਰਾ ਸਿੰਘ, *ਪ੍ਰਾਚੀਨ ਸੌ ਸਾਖੀ*, ਪਟਿਆਲਾ, 1983; ਅੰਮ੍ਰਿਤਸਰ, 1995.
ਪਦਮ, ਪਿਆਰਾ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ*, ਪਟਿਆਲਾ, 1999.
ਪਰਤਾਪ ਸਿੰਘ, *ਅਕਾਲੀ ਲਹਿਰ*, ਅੰਮ੍ਰਿਤਸਰ, 1951.
ਪਿਆਰ ਸਿੰਘ, *ਤੇਜਾ ਸਿੰਘ ਸਮੁੰਦਰੀ*, ਅੰਮ੍ਰਿਤਸਰ, 1975.
ਬਟਾਵਲੀ, ਅਹਿਮਦਸ਼ਾਹ, *ਤਾਰੀਖ਼ੇ-ਏ-ਪੰਜਾਬ*, ਪਟਿਆਲਾ, 1969.
ਬਰਾੜ, ਕੇ. ਐਸ., *ਬਲੂ ਸਟਾਰ*, ਦਿਲੀ, 1993.
ਬੀਰਇੰਦਰ ਸਿੰਘ, *ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ*, ਅੰਮ੍ਰਿਤਸਰ, 1967.
ਬੁਧੀਰਾਜਾ, ਅਰਜਨ ਸਿੰਘ, *ਪੰਜਾਬੀ ਸੂਬੇ ਬਾਰੇ ਸਾਡਾ ਸਟੈਂਡ*, ਅੰਮ੍ਰਿਤਸਰ, 1963.
ਭੱਲਾ, ਸਰੂਪ ਦਾਸ, *ਮਹਿਮਾ ਪਰਕਾਸ਼* (1773), ਪਟਿਆਲਾ, 1972.
ਭੰਗੂ, ਰਤਨ ਸਿੰਘ, *ਪ੍ਰਾਚੀਨ ਪੰਥ ਪਰਕਾਸ਼* (1841), ਅੰਮ੍ਰਿਤਸਰ, 1914.
ਭੰਡਾਰੀ, ਸੁਜਾਨ ਰਾਏ, *ਖੁਲਾਸਤੁਤ ਤਵਾਰੀਖ਼*, ਲਾਹੌਰ, 1931.
ਭੰਵਰ, ਹਰਬੀਰ ਸਿੰਘ, *ਡਾਇਰੀ ਦੇ ਪੰਨੇ* (1985), ਅੰਮ੍ਰਿਤਸਰ, 1999.
ਮਹਿੰਦਰ ਸਿੰਘ, *64 ਰੋਜ਼ਾ ਅਕਾਲੀ ਮੋਰਚੇ ਦਾ ਇਤਿਹਾਸ*, ਅੰਮ੍ਰਿਤਸਰ, 1955.
ਮਨੀ ਸਿੰਘ (ਦੇ ਨਾਂ ਨਾਲ ਜੋੜੀ ਜਾਂਦੀ), *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ, 1955.
ਮਹਿਤਾਬ ਸਿੰਘ, *ਨਾਂਵਾਂ ਤੇ ਥਾਂਵਾਂ ਦਾ ਕੋਸ਼*, ਅੰਮ੍ਰਿਤਸਰ, 1928, 1959.
ਮਹਿੰਦਰ ਸਿੰਘ ਜੋਸ਼, *ਜੀਵਨ ਗੁਰੂ ਤੇਗ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਅੰਮ੍ਰਿਤਸਰ, 2003.
ਮਹਿੰਦਰ ਸਿੰਘ ਜੋਸ਼, *ਖਸ਼ਟ ਰਾਗ ਕਿਨ ਗਾਏ*, ਲੁਧਿਆਣਾ, 2005.
ਮੋਹਨ ਸਿੰਘ ਵੈਦ, *ਭਿਆਨਕ ਸਾਕਾ ਨਾਨਕਾਣਾ ਸਾਹਿਬ*, ਤਰਨ ਤਾਰਨ, 1921.
ਮਿਹਰ ਸਿੰਘ, *ਗੁਰਪੁਰਬ ਦਰਸ਼ਨ*, ਅੰਮ੍ਰਿਤਸਰ, 1945.
ਰਣਧੀਰ ਸਿੰਘ, ਭਾਈ, *ਜੇਲ੍ਹ ਚਿਠੀਆਂ*,
ਰਾਮ ਸਿੰਘ ਮਜੀਠੀਆ, *ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ*, ਅੰਮ੍ਰਿਤਸਰ, 1988.
ਰਹਿਤਨਾਮੇ (ਚੌਪਾ ਸਿੰਘ, ਦੇਸਾ ਸਿੰਘ, ਭਾਈ ਨੰਦ ਲਾਲ, ਪ੍ਰਹਿਲਾਦ ਸਿੰਘ).
ਲਾਭ ਸਿੰਘ ਫੱਖਰ, *1955 ਦੇ ਨਜ਼ਰਬੰਦ ਪੰਥਕ ਹੀਰੇ*, ਗੁਰਦਾਸਪੁਰ, 1955.
ਲਾਲ ਸਿੰਘ, *ਗੁਰੂ ਖਾਲਸਾ ਤਵਾਰੀਖ਼*, 1940, ਲੁਧਿਆਣਾ, 1955.
ਲਾਲ ਸਿੰਘ, *ਪੰਜਾਬ ਦੀ ਸੈਰ*, ਪਟਿਆਲਾ, 1971.
ਵਿਸਾਖਾ ਸਿੰਘ, *ਮਾਲਵਾ ਇਤਿਹਾਸ*, (ਤਿੰਨ ਜਿਲਦਾਂ), ਕਿਸ਼ਨਪੁਰਾ, 1954.

ENGLISH BOOKS

Archer, J.C.,*The Sikhs in Relation to Hindus, Muslims and Christians : A Study in Comparative Religion,* Princeton, 1946.

Ashok Singh Bagarian (ed), *Thoughts of Bhai Ardaman Singh Bagarian,* Chandigarh, 1999.

Azad, Maulana, *India Wins Freedom*, Calcutta, 1959.

Bains, Ajit Singh, *Siege of the Sikhs*, Toronto, 1988.

Bachitar Singh, Giani (ed), *Planned Attack on Aad Sri Guru Granth Sahib : Academics of Blasphemy*, Chandigarh, 1994.

Bajwa, Harcharan Singh, *Fifty Years of Punjab Politics*, Chandigarh, 1979.

Bali A.N., *It Can Be Told*, Jullundur, 1949.

Bannerjee, A.C., *Guru Nanak To Guru Gobind Singh*, Allahabad, 1978.

Bannerjee, Indu Bhushan, *The Evolution of Khalsa*, Calcutta, 1947.

Bingley, *A.H., Sikhs*, Calcutta, 1892, Patiala, 1970.

Birdwood, C.,A *Continent Experiments*, London, 1947.

Brecher, Michael, *Nehru—A. Political Biography*, London, 1959.

Browne, Major James, *History of Origin & Progress of the Sikhs*, London, 1788.

Campbell, Johnson, *Mission With Mountbatten*, London, 1951.

Chopra, Gulshan Rai, *Punjab As A Sovereign State.* Hoshiarpur, 1928, 1960.

Collins, Larry, *Mountbatten and Partition of India*, Colombo, 1982.

Cook, Hugh, *The Sikh Wars*, Lahore, 1928.

Colvin, Henry, *The Life of General Dyer*, Edinburg, 1929.

Court, Henry, *History of the Sikhs*, Lahore, 1888.

Cunningham, J.D., *History of the Sikhs*, London, 1849.

Dalip Singh, *Dynamics of Punjab Politics*, Delhi, 1981.

Daljeet Singh, *Sikhism*, New Delhi, 1975.

Daljeet Singh, *The Sikh Ideology*, Amritsar.

Daljeet Singh, *Essays on Authenticity of Kartarpuri Bir*, Patiala.

Dardi, Gopal Singh, *History of the Sikh People*, New Delhi, 1979.

Darshan Singh, *Indian Bhakti Tradition and the Sikh Gurus*, Chandigarh, 1968.

Dhillon Gurdarshan Singh, *India Commits Suicide*, Chandigarh, 1993.

Dilgeer, Harjinder Singh, Akal Takht Sahib, Jullundur, 1980; Delhi, 1995.

Dilgeer, Harjinder Singh, *Constitution of Khalistan*, London, 1983.

Dilgeer, Harjinder Singh, *India Kills the Sikhs,* 1992, 1994, 1996.

Dilgeer, Harjinder Singh, *Encyclopaedia of Jalandhar,* Waremme, 2004.

Dilgeer, Harjinder Singh, *Who Are the Sikhs ?,* Oslo, 1991, Amritsar 1999.

Dilgeer, Harjinder Singh, *The Sikh Culture,* Amritsar, 2002.

Dilgeer, Harjinder Singh, *Dictionary of Sikh Philosohy,* Waremme, 2005.

Dilgeer, Harjinder Singh and Sekhon, Awatar Singh, *The Sikhs' Struggle for Sovereignty : An Historical Perspective,* Edmonton, 1992.

Durlabh Singh, *The Valiant Fighter,* Lahore, 1942.

Durga Dass, *From Curzon To Nehru and After,* London, 1970.

Edwarde Herbert, *A Year On Punjab Frontiers,* London, 1851.

Elliot, H.M. & Dowson, J., *History of India as told by its own Historians,* Allahabad, 1964.
Fane, H.E., *Five Years in India,* London, 1942.
Fauja Singh, *Military System of the Sikhs,* Delhi, 1964.
Fauja Singh, *Kuka Movement,* Delhi, 1965.
Fauja Singh, *City of Amritsar,* Patiala, 1977.
Fauja Singh, *Historians and Historiography of the Sikhs,* Delhi, 1978.
Field Dorothy, *Religion of the Sikhs,* London, 1914.
Forster, G.A., *Travels (Journey From Bengal To England Through North India, Kashmir, Afghanistan & Persia Into Russia),* London, 1798, Oxford, 1921.
Ganda Singh, *Life of Banda Singh Bahadur,* Amritsar, 1935.
Ganda Singh, *A History of the Khalsa College,* Amritsar, 1949.
Ganda Singh, *Ahmed Shah Durrani,* Bombay, 1959.
Ganda Singh, *Early European Account of the Sikhs,* Calcutta, 1961, Delhi, 1974.
Gandhi, Indira, *My Truth,* New York, 1978.
Gandhi, Surjit Singh, *History of the Sikh Gurus,* Delhi, 1978.
Gandhi, Surjit Singh, *Struggle of the Sikhs for Sovereignty,* Delhi, 1980.
Garret, HLO & Chopra, G.L., *Events at the Court of Ranjit SIngh,* London, 1935.
Gauba, Anand, *Amritsar : A Study in Urban History,* Jalandhar, 1988.
Gazetteers of different districts of Punjab (Pakistan and India).
Gill, Pritam Singh, *Heritage of Sikh Culture,* Jullundur, 1978.
Gill, Pritam Singh, *History of Sikh Nation,* Jullundur, 1978.
Gordon, J.H., *The Sikhs,* London, 1883, Patiala, 1970.
Greenless, Duncan, *Gospel of Guru Granth Sahib,* Madras, 1952.
Grewal, J.S., *Sikh History from Persian Sources,* Delhi, 2001.
Grey, C., *European Adventures of Northern India (1785-1849),* Lahore, 1929.
Griffin, Lepel H., *Rajas of the Punjab,* Lahore, 1870.
Griffin, Lepal H., *Ranjit Singh,* Oxford, 1905.
Gulati, K.C., *The Akalis : Past and Present,* Delhi, 1974.
Gupta, Hari Ram, *History of the Sikhs,* Lahore, 1944, Simla, 1952.
Gupta, Hari Ram, *History of the Sikh Gurus,* Delhi, 1973.
Gurdev Singh, *Sikh Tradition,* Patiala.
Gurdip Kaur Brar, *Guru Nanak's Philosophy of Politics,* Bathinda, 1994.
Gurdwara Sis Ganj Firing Enquiry Committee Report, Delhi, 1930.
Gurmit Singh, *Islam and Sikhism,* Sirsa, 1966.
Gurmit Singh, *Gandhi and Sikhs,* Sirsa, 1970.
Gurmit Singh, *Failures of the Akali Leadership,* Sirsa, 1981.
Gurrattan Pal Singh, *Illustrated History of the Sikhs 1947-78,* Chandigarh, 1979.
Harbans Singh, *Sikh Political Parties,* Delhi, 1948.
Harbans Singh, *Heritage of the Sikhs,* Bombay, 1964, Delhi, 1983.
Harbans Singh, *Guru Nanak and Origin of Sikh Faith,* Delhi, 1969.
Harbans Singh, *Perspectives on Guru Nanak,* Patiala, 1975.
Harbans Singh, *Essays in Honour of Dr. Ganda Singh,* Patiala, 1976.
Harbans Singh (editor), *Encyclopaedia of Sikhism,* Patiala, 1992.

Hasrat, Bikramjit, *Anglo-Sikh Relations,* Hoshiarpur, 1968.
Hasrat, Bikramjit, *The Punjab Papers,* Hoshiarpur, 1970.
Home (Political), (Judicial), and other confidential files, available at Commonwealth Records, British Library, Black Friars, London and National Archieves, New Delhi.
Ibbetson, D.C., *Punjab Castes,* Simla, 1883.
Iqbal Singh, *Punjab Under Seige,* New York, 1986.
Irvine,W., *Later Moguls,* London, 1922.
Ismonger and Slattery, *An Account of Ghadr Conspiracy,* Shimla, 1922.
Jagjit Singh, *The Sikh Revolution,* Delhi, 1981.
Jagjit Singh, *Perspectives on Sikh Studies.*
Jaijee, Inderjit Singh, *Politics of Genocide,* Chandigarh, 1995.
Josh, Sohan Singh, *Tragedy of Kamagata Maru,* Delhi, 1975.
Kapoor, S.S., *The Invasion of Golden Temple,* London, 1984.
Kapur Singh, Sirdar, *Prasharprashana,* Jullundur, 1959. (An edition was published by G.N. University, Amritsar. It includes some additions).
Kapur Singh, Sirdar, *Sikhism : An Oecumental Religion,* Chandigarh, 1993.
Karnail Singh, *Anglo-Sikh Wars,* Amritsar, 1968.
Kartar Singh, *Life of Guru Nanak,* Amritsar, 1937.
Kartar Singh, *Rekindling of Sikh Heart,* Lahore, 1945.
Kartar Singh, *Guru Gobind Singh and the Moguls,* Chandigarh, 1967.
Keay, John, *A History of India,* London, 2000.
Kesar Singh, Giani, *Indian Independence Movement in East Asia,* Delhi, 1950.
Kesar Singh, Giani, *Canadian Sikhs,* Surrey, 1989.
Kharak Singh, Mansukhani, G.S.; Mann, J. Singh, *Fundamental Issues in Sikh Studies,* Chandigarh, 1992.
Khazan Singh, *History and Philosophy of Sikh Religion,* Lahore, 1914.
Kirpal Singh, *Maharaja Ala Singh,* Amritsar, 1954.
Kirpal Singh, *Partition of Punjab,* Patiala, 1972.
Kirpal Singh, *Select Documents on Partition of Punjab 1947,* Delhi, 1991.
K. Jagjit Singh, *Guru Gobind Singh—A Study,* Bombay, 1967.
Lajpat Rai, *Autobiographical Writings,* Jullundur, 1915.
Lakhshman Singh, Bhagat, *Guru Gobind Singh,* Lahore, 1909.
Lakhshman Singh, Bhagat, *Sikh Martyrs,* Madras, 1928.
Lakhshman Singh, Bhagat, *Autobiography,* Madras, 1965.
Latif, Syed Mohammed, *History of Punjab,* Calcutta, 1891.
Lawrence, H.M., *History of Punjab,* 1846, Patiala, 1970.
Loehlin, C.H., *The Sikhs and Their Scriptures,* Lucknow, 1958, 1974.
Lumby, E.W.R., *The Transfer of Power in India,* London, 1956.
Macauliffe, Max Arthur, *The Sikh Religion,* Oxford, 1909.
Madanjit Kaur, *The Golden Temple : Past and Present,* Amritsar, 1983.
Malcolm, Sir John, *A Sketch of the Sikhs,* London, 1812.
McGregor, W.L., *History of the Sikhs,* London, 1846.
Mirza, S.H. Hasrat, S.F. & Sohail Mohammed, *The Sikh Question,* Lahore, 1985.

Moon, Penderal, *Divide and Quit,* London, 1961.
Mujeeb, M., *The Indian Muslims,* London, 1967.
Narang, Gokul Chand, *Transformation of Sikhism,* New Delhi, 1956.
Nayyar, Baldev Raj, *Minority Politics in Punjab,* Princeton, 1966.
Nayyar, Gurbachan Singh, *Sikh Polity and Political Institutions,* Delhi, 1979.
Oppression in Punjab, Delhi, 1986.
Osborne, W.G., *Court and Camp of Ranjit Singh,* London, 1840.
Parry, R.E., *The Sikhs of the Punjab,* London, 1921, Patiala, 1970.
Payne, C.H., *A Short History of the Sikhs,* London. Reprint Patiala, 1970.
Prinsep, H.T., *The Origin of the Sikh Power in Punjab,* Calcutta, 1834.
Proceedings of the Punjab History Conference(s), Punjabi University, Patiala.
Punjab : Past & Present, Journal of, Punjabi University, Patiala.
Rai, Satya M., *Punjab Heroic Tradition,* Patiala, 1979.
Ray, Niharranjan, *The Sikh Gurus and the Sikh Society,* Patiala, 1970.
Rose, H.A., *A Glossary of the Tribes and Castes of Punjab & N.W.F.P.,* Lahore, 1911-19.
Ross, David, *Land of Five Rivers,* London, 1893.
Sahni, Ruchi Ram, *Struggle For Reform in Sikh Shrines,* Amritsar, 1965.
Sahota, Sohan Singh, *Destiny of the Sikhs,* Chandigarh, 1980.
Sapru, Tej Bahadur, *Constitutional Proposals of Sapru Committee,* Bombay, 1946.
Sarasfield, Landen, *Betrayal of the Sikhs,* Lahore, 1946.
Sarhadi, Ajit SIngh, *Punjabi Suba,* Delhi, 1970.
Scott, G.B., *Religion and Short History of the Sikhs,* Lahore, 1930.
Sher Singh, *Philosophy of Sikhism,* Lahore, 1944.
Sinha, N.K., *Ranjit Singh,* Calcutta, 1933.
Sinha, N.K., *Rise of Sikh Power,* Calcutta, 1946.
Sohan Singh, *Banda The Brave,* Lahore, 1918.
Smythe, M.C., *History of Reigning Family of Lahore,* Calcutta, 1847.
Steinbach, *The Punjab : Being A Brief Account of the Country of the Sikhs,* London, 1845.
Steinbach, *Sikh Empire (Culture and Thought),* 1846, Ambala, 1978.
Stephen, Ian, *Pakistan,* London, 1963.
Suri, V.S., *Umdatut Twarikh, Dafter III,* 1961, *Daftar IV,* 1972.
Swarup Singh, Sadhu, *The Sikhs Demand Their Homeland,* Lahore, 1946.
Talib, Gurbachan Singh and Lal Singh, Giani, *The Idea of a Sikh State,* Lahore, 1946.
Teja Singh, *Gurdwara Reform Movement and the Sikh Awakening,* Jullundur, 1922.
Teja Singh, *Sikhism : Its Ideals and Institutions,* Bombay, 1937.
Teja Singh, *Essays in Sikhism,* Lahore, 1944.
Teja Singh, *Religion of the Sikh Gurus,* Amritsar, 1957.
Teja Singh & Ganda Singh, *A Short History of the Sikhs,* Delhi, 1950.
The Betrayal of the Sikhs, Chandigarh, 1983.
Thorburton, T.H., *History of the Punjab,* London, 1846.
Trilochan Singh, *Guru Tegh Bahadur,* Delhi, 1967.
Waheed-ud-Din, *The Real Ranjit Singh,* Lahore, 1965.

Who Are Gulity ?, Delhi, 1984.
Zimmand, Savel, *Living India,* New York, 1928.

ਅਖ਼ਬਾਰਾਂ ਤੇ ਰਿਸਾਲੇ

ਪੰਜਾਬੀ

ਅਕਾਲੀ, ਲਾਹੌਰ, ਜਲੰਧਰ।
ਅਕਾਲੀ ਟਾਈਮਜ਼, ਜਲੰਧਰ।
ਅਕਾਲੀ ਤੇ ਪਰਦੇਸੀ, ਲਾਹੌਰ।
ਅਕਾਲੀ ਪਤਰਕਾ, ਲਾਹੌਰ, ਜਲੰਧਰ।
ਅਕਾਲੀ ਰਿਪੋਰਟਰ, ਜਲੰਧਰ।
ਅਜੀਤ, ਜਲੰਧਰ।
ਸਪੋਕਸਮੈਨ, ਚੰਡੀਗੜ੍ਹ।
ਸੰਤ ਸਿਪਾਹੀ, ਅੰਮ੍ਰਿਤਸਰ।
ਸਿੰਘ ਸਭਾ ਪਤਰਕਾ, ਅੰਮ੍ਰਿਤਸਰ, ਦਿੱਲੀ, ਚੰਡੀਗੜ੍ਹ।
ਕੌਮੀ ਏਕਤਾ, ਦਿੱਲੀ।
ਕੌਮੀ ਦਰਦ, ਜਲੰਧਰ।
ਗੁਰਦੁਆਰਾ ਗਜ਼ਟ, ਅੰਮ੍ਰਿਤਸਰ।
ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ।
ਜਥੇਦਾਰ, ਜਲੰਧਰ।
ਪੰਜਾਬ ਟਾਈਮਜ਼, ਸਾਊਥਾਲ, ਡਰਬੀ।
ਪੰਜਾਬ ਦਰਪਣ, ਲਾਹੌਰ।
ਪਰਖ, ਚੰਡੀਗੜ੍ਹ।
ਵਰਲਡ ਸਿੱਖ ਨਿਊਜ਼, ਸਟਾਕਟਨ (ਅਮਰੀਕਾ)।

ENGLISH (Newspapers & Journals)

Indian Express, Chandigarh.
Punjab : Past & Present, Patiala.
Sikh Review, Calcutta.
Sikhs : Past & Present, Oslo (Norway), Edmonton (Canada).
Spokesman, Delhi.
Tribune, Lahore, Ambala, Chandigarh.

ਹੁਕਮਨਾਮਿਆਂ ਦਾ ਇੰਡੈਕਸ

(ਹੁਣ ਤਕ ਦੇ ਸਾਰੇ ਹੁਕਮਨਾਮੇ, ਅਖੌਤੀ ਹੁਕਮਨਾਮੇ, ਹੁਕਮ, ਗੁਰਮਤੇ, ਅਪੀਲਾਂ, ਫ਼ੈਸਲੇ, ਫ਼ਤਵੇ, ਤਨਖ਼ਾਹਾਂ, ਹਿਦਾਇਤਾਂ, ਐਲਾਨ, ਚਿੱਠੀਆਂ)

ਟੌਹੜਾ ਵੱਲੋਂ ਤਖ਼ਤ ਦੀ ਵਰਤੋਂ

1984 ਦੇ ਹਮਲੇ ਸਬੰਧੀ

ਅਕਾਲੀ ਦਲਾਂ ਦੀ ਏਕਤਾ ਬਾਰੇ ਤੇ ਹੋਰ

ਪਿਆਰ ਸਿੰਘ ਤੇ ਪਿਸ਼ੌਰਾ ਸਿਹ ਬਾਰੇ ਤੇ ਹੋਰ

ਅਕਾਲੀ ਦਲਾਂ ਦੇ ਨਵੇਂ ਏਕੇ (1994) ਬਾਰੇ ਤੇ ਹੋਰ

ਮਹੰਤ ਮਨਜੀਤ ਸਿੰਘ ਸਬੰਧੀ (ਮਨਜੀਤ ਸਿੰਘ ਕਾਲ)

ਫ਼ੁਟਕਲ (ਮਨਜੀਤ ਸਿੰਘ ਕਾਲ)

ਮਨਜੀਤ ਸਿੰਘ ਬਾਰੇ ਤੇ ਹੋਰ (ਭਾਈ ਰਣਜੀਤ ਸਿੰਘ ਕਾਲ)

ਲੰਗਰ ਭੁੰਜੇ ਖਾਣ, ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸਬੰਧੀ

ਅਮਰਿੰਦਰ ਸਿੰਘ ਬਨਾਮ ਟੌਹੜਾ

ਦਿੱਲੀ ਦੇ ਮਸਲੇ

ਰਣਜੀਤ ਸਿੰਘ ਦੇ ਫੁਟਕਲ ਫ਼ੈਸਲੇ

(ਪ੍ਰੋ:) ਮਨਜੀਤ ਸਿੰਘ ਨਾਲ ਟੱਕਰ

ਬਰਜਿੰਦਰ ਸਿੰਘ ਹਮਦਰਦ ਨਾਲ ਟਕਰਾਅ

ਟੌਹੜਾ-ਬਾਦਲ ਟਕਰਾਅ ਬਾਰੇ

ਪੂਰਨ ਸਿੰਘ ਤੇ ਬੀਬੀ ਜਗੀਰ ਕੌਰ ਦੀ ਟੱਕਰ

ਜੋਗਿੰਦਰ ਸਿੰਘ (ਵੇਦਾਂਤੀ) ਦੇ ਐਲਾਨ

ਦਸਤਾਵੇਜ਼ੀ ਸੈਕਸ਼ਨ

ਸਿੱਖ ਤਵਾਰੀਖ਼ 'ਚ
ਅਕਾਲ ਤਖ਼ਤ ਸਾਹਿਬ
ਦਾ ਰੋਲ



ਜਨਰਲ ਇੰਡੈਕਸ

Books by

Dr. HARJINDER SINGH DILGEER

Books with mark # are out of print

English :

- Akal Takht Sahib (1980, 1995) (New edition in progress)
- Who Are the Sikhs ? Mini (1991) #
- The Sikhs' Struggle for Sovereignty (1992)
- India Kills the Sikhs (1992, 1994, 2003) #
- The Sikh Reference Book (1997)
- Who Are the Sikhs ? Enlarged Edition (2000)
- The Sikh Culture (2002)
- Anandpur Sahib (2003)
- Encyclopaedia of Jalandhar (2004)
- Guru Granth Sahib (2004)
- Dictionary of Sikh Philosophy (2005)
- Sikhism : Made Easy (2005)
- Encyclopaedia of Kapurthala, Hoshiarpur & Nawanshahr (Forthcoming)
- Ancient Punjab (Forthcoming)
- Prominent Sikhs of the time of Guru Sahib (Forthcoming)
- Japji Sahib (Forthcoming)

Punjabi :

- History of Shiromani Akali Dal (1978, 2000)
- Kesari Kitaab (1984) #
- Akal Takht Sahib (1986, 2000, 2005)
- Khalistan Di Twarikh (1988) #
- Sikh Hijackers (1989) #
- Kharku Lekh (19[illegible]) #
- Sikh Jujharvaad Te Hor Lekh (1991) #
- Sikh Culture (1991, 1994, 1996) # [*Published as :* Sikh Philosophy Ki Hai Te Hor Lekh]
- Akali Lahir Da Kalam (1998)
- Sikh Masley (1998)
- Sikh Kaun Han ? (1999) (New edition in progress)
- 1955 Da Punjabi Suba Morcha (1999)
- Jaito Morchey De Akhin Ditthe Hal (ed. 1999)
- Anandpur Sahib (1998, Enlarged edition 2003)
- Shiromani Committee Kiven Bani (2000)
- Guru De Sher (2001)
- Sikh Philosophy Ki Hai Te Hor Lekh (2001)
- Keeratpur Sahib (2002)
- Panthik Masley (Forthcoming)
- Nanakshahi Calender Te Hor Lekh (Forthcoming)
- Sikh Jathebandian (Forthcoming)
- Dunia Nikki Jehi, a travelogue (Forthcoming)

Hindi :

- Emergency Ke Atiyachar (1977) #
- Anandpur Sahib (2000)
- Sikh Sabhyachar (2003)
- Sikh Kaun Hain ? (Forthcoming)

Danish :

- Hvem Er Sikherne ? (1994) #

Dutch :

- Wie Zinj De Sikh ? (1994) #

French :


- Qui Sont Les Sikhs ? (2001)

Spanish :

- ¿Quiénes Son Los Sikhs ? (2005)

CD ROM (English)

- Sikh Encyclopaedia (2003)




ਅਕਾਲ ਤਖ਼ਤ ਸਾਹਿਬ ਦੀ ਇਕ ਬ੍ਰਿਟਿਸ਼ ਪੇਂਟਰ ਵੱਲੋਂ 1860 ਦੀ ਪੇਂਟਿੰਗ



ਅਕਾਲ ਤਖ਼ਤ ਸਾਹਿਬ ਦੀ 1880 ਦੀ ਕੈਮਰਾ ਤਸਵੀਰ




ਜੂਨ 1984 ਵਿਚ ਭਾਰਤੀ ਫ਼ੌਜਾਂ ਦੇ ਹਮਲੇ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ




ਜੂਨ 1984 ਵਿਚ ਹਰਿਮੰਦਰ ਸਾਹਿਬ ਵਿਚ ਪਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ 'ਤੇ ਗੋਲੀ




ਗੁਰੂ ਗ੍ਰੰਥ ਸਾਹਿਬ ਨੂੰ ਮਾਰੀ ਗਈ ਗੋਲੀ (ਲੇਖਕ ਦੀ ਤਲੀ 'ਤੇ)




ਇੰਗਲੈਂਡ ਦੀਆਂ ਦੋ ਜੁੜਵਾਂ ਭੈਣਾਂ ਵੱਲੋਂ 1984 ਵਿਚ
ਦਰਬਾਰ ਸਾਹਿਬ 'ਤੇ ਹਮਲੇ ਬਾਰੇ ਪੇਂਟਿੰਗ




ਅਕਾਲੀ ਫੂਲਾ ਸਿੰਘ




'ਸਿੰਘ ਸਾਹਿਬ' ਅਖਵਾਉਣ ਵਾਲਾ ਮਹਾਰਾਜਾ ਰਣਜੀਤ ਸਿੰਘ
ਦੇਵੀ ਦੀ ਪੂਜਾ ਕਰਦਾ ਹੋਇਆ




ਮਾਸਟਰ ਤਾਰਾ ਸਿੰਘ ਸੰਗਤਾਂ ਦੇ ਬੂਟ ਸਾਫ਼ ਕਰਦੇ ਹੋਏ (1961)




ਮਾਸਟਰ ਤਾਰਾ ਸਿੰਘ ਸੰਗਤਾਂ ਦੇ ਜੂਠੇ ਭਾਂਡੇ ਮਾਂਜਦੇ ਹੋਏ (1961)



'ਅਕਾਲੀ ਦਲ' ਦਾ ਪ੍ਰਧਾਨ ਹੁੰਦਿਆਂ ਹੋਇਆਂ ਪ੍ਰਕਾਸ਼ ਸਿੰਘ ਬਾਦਲ ਗੁਰੂ ਸਾਹਿਬ ਦੇ ਹੁਕਮਾਂ ਨੂੰ ਛਿੱਕੇ ਟੰਗ ਕੇ ਹਵਨ ਕਰਦਾ ਹੋਇਆ। ਤਸਵੀਰ 'ਚ ਬਰਜਿੰਦਰ ਸਿੰਘ ਹਮਦਰਦ, ਭੂੰਦੜ, ਸੁਰਜੀਤ ਸਿੰਘ ਬਰਨਾਲਾ ਤੇ ਉਮਰਾਓ ਸਿੰਘ ਦਿਸ ਰਹੇ ਹਨ



ਪ੍ਰਕਾਸ਼ ਸਿੰਘ ਬਾਦਲ ਦੀ ਘਰਵਾਲੀ ਸੁਰਿੰਦਰ ਬਾਦਲ ਸਿੱਖ ਦੁਸ਼ਮਣ ਆਸ਼ੂਤੋਸ਼ ਨੂਰਮਹਿਲੀਏ ਦੇ ਚਰਨਾਂ ਵਿਚ




ਹਿੰਦੂ ਮੁਕਟ ਨਾਲ ਪ੍ਰਕਾਸ਼ ਸਿੰਘ ਬਾਦਲ



ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੀ ਫ਼ੌਜ ਦਾ ਮੁਖ ਜ਼ੈਲ ਸਿੰਘ ਅਕਾਲ ਤਖ਼ਤ ਸਾਹਿਬ ’ਤੇ
ਸਪੈਸ਼ਲ ਮੰਗਵਾਏ ਮਾਈਕ ’ਤੇ ਬੋਲਦਾ ਹੋਇਆ (27-9-1984)



ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲਾ ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ
ਦੇ ਪੁਜਾਰੀਆਂ ਤੋਂ ‘ਸਜ਼ਾ’ ਲੁਆਉਣ ਦਾ ਨਾਟਕ ਕਰਦਾ ਹੋਇਆ



ਬੂਟਾ ਸਿੰਘ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਲੈਣ ਦਾ ਡਰਾਮਾ ਕਰਦਾ ਹੋਇਆ



ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਨਵਾਂ ਅਕਾਲੀ ਦਲ ਬਣਾਉਣ ਮਗਰੋਂ 'ਸੇਵਾ' ਦੀ ਨੁਮਾਇਸ਼ ਕਰਦੇ ਹੋਏ ਨਵੇਂ ਦਲ ਦੇ ਆਗੂ (1995)




ਪਟਿਆਲੇ ਦੇ ਨਿਰੰਕਾਰੀ ਭਵਨ ਵਿਚ ਲੋਕ ਸਭਾ ਚੋਣਾਂ ਵਿਚ ਚੰਦੂਮਾਜਰਾ ਵਾਸਤੇ
ਵੋਟਾਂ ਮੰਗਣ ਵਾਸਤੇ ਹਾਜ਼ਿਰ ਹੋਇਆ ਗੁਰਚਰਨ ਸਿੰਘ ਟੌਹੜਾ



ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਕਰਨ ਵਾਲੇ ਭਨਿਆਰੇ ਦੇ
ਕਦਮਾਂ ਵਿਚ ਗੁਰਦੇਵ ਸਿੰਘ ਬਾਦਲ

ਸ਼੍ਰੋ.ਗੁ.ਪ੍ਰ. ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰਨ ਗਏ ਸਿੱਖਾਂ 'ਤੇ ਬਾਦਲ ਅਕਾਲੀ ਦਲ ਦੇ ਵਰਕਰਾਂ ਵੱਲੋਂ ਹਮਲਾ (22-2-2003)




ਇਕ ਬੀਬੀ 'ਤੇ ਹਮਲਾ ਕਰਦੇ ਕਈ ਬਾਦਲ ਅਕਾਲੀ ਵਰਕਰ




ਸਿੱਖਾਂ ਦੀਆਂ ਪੱਗਾਂ ਲਾਹੁਣ ਦਾ ਮਾਣ ਹਾਸਲ ਕਰਨ ਵਾਲੇ
ਬਾਦਲ ਦਲ ਦੇ ਵਰਕਰ (22-2-2003)


ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਮੁਆਫ਼ ਕੀਤਾ ਰੇਪ ਦਾ ਮੁਲਜ਼ਮ ਸਾਧ ਧਨਵੰਤ ਸਿੰਘ ਪੁਲੀਸ ਵੱਲੋਂ ਗ੍ਰਿਫ਼ਤਾਰ








ਗੁਰੂ ਦੇ ਹੁਕਮ ਨੂੰ ਲੱਤ ਮਾਰ ਕੇ ਰਾਮਾਇਣ ਦਾ ਪਾਠ ਸੁਣਦੇ ਹੋਏ ਬਾਦਲ ਦਲ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਅਤੇ ਸੇਵਾ ਸਿੰਘ ਸੇਖਵਾਂ



ਅਕਾਲ ਤਖ਼ਤ ਸਾਹਿਬ 'ਤੇ 'ਅਕਾਲ ਤਖ਼ਤ ਸਾਹਿਬ' ਕਿਤਾਬ ਦੀ ਚੌਥੀ ਐਡੀਸ਼ਨ ਰਿਲੀਜ਼ ਕਰਦੇ ਹੋਏ ਲੇਖਕ ਨਾਲ ਨਜ਼ਰ ਆ ਰਹੇ ਜੋਗਿੰਦਰ ਸਿੰਘ ਵੇਦਾਂਤੀ, ਗਿ: ਭਗਵਾਨ ਸਿੰਘ ਤੇ ਬੀਬੀ ਕਿਰਨਜੀਤ ਕੌਰ।



ਲੇਖਕ ਦਾ ਸਨਮਾਨ ਕਰਦੇ ਹੋਏ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ



ਲੇਖਕ ਦਾ ਸਨਮਾਨ ਕਰਦੇ ਹੋਏ ਭਾਈ ਜਸਬੀਰ ਸਿੰਘ ਖੰਨਾ

